# ਮੇਰੀਆਂ ਸਾਰੀਆਂ ਕਹਾਣੀਆਂ




ਰਵਿੰਦਰ ਰਵੀ

## ਰਵਿੰਦਰ ਰਵੀ ਰਚਿਤ ਪੁਸਤਕਾਂ

**ਕਵਿਤਾ** : ਦਿਲ ਦਰਿਆ ਸਮੁੰਦਰੋਂ ਡੂੰਘੇ, ਬੁੱਕਲ ਦੇ ਵਿਚ ਚੋਰ, ਬਿੰਦੂ, ਮੌਨ ਹਾਦਸੇ, ਦਿਲ-ਟ੍ਰਾਂਸਪਲਾਟ ਤੋਂ ਬਾਅਦ, ਸ਼ਹਿਰ ਜੰਗਲੀ ਹੈ, ਮੇਰੇ ਮੌਸਮ ਦੀ ਵਾਰੀ, ਜਲ ਭਰਮ-ਜਲ, ਚਿੱਟੇ ਕਾਲੇ ਧੱਬੇ, ਸੀਮਾਂ ਆਕਾਸ਼, ਸ਼ੀਸ਼ੇ ’ਤੇ ਦਸਤਕ, ਆਪਣੇ ਖ਼ਿਲਾਫ਼, ਸੂਰਜ ਤੇਰਾ ਮੇਰਾ, ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਛਾਵਾਂ ਤੇ ਪਰਛਾਵੇਂ, ਬਾਜ਼ ਦੀ ਨਜ਼ਰ, ਨਵੀਂ ਸਦੀ ਦੀ ਨਵੀਂ ਨਸਲ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ

**ਸਮੁੱਚੀ ਕਵਿਤਾ** : ਅਕੱਥ-ਕਥਾ, ਸੈਂਚੀ ਪਹਿਲੀ, 1955-66 (ਭਾਰਤ), ਵਣ-ਵਾਣੀ, ਸੈਂਚੀ ਦੂਜੀ, 1967-74 (ਕੀਨੀਆ), ਪਿਆਸਾ ਬੱਦਲ, ਸੈਂਚੀ ਤੀਜੀ 1975-86 (ਕੈਨੇਡਾ), ਸ਼ਬਦ ਸਾਗਰ, ਸੈਂਚੀ ਚੌਥੀ, 1986-2003 (ਕੈਨੇਡਾ), ਪਿੰਡ ਬ੍ਰਹਮੰਡ, ਸੈਂਚੀ ਪੰਜਵੀਂ, 2003-2014 (ਕੈਨੇਡਾ)

**ਕਾਵਿ-ਨਾਟਕ** : ਬੀਮਾਰ ਸਦੀ, ਦਰ ਦੀਵਾਰਾਂ, ਅੱਧੀ ਰਾਤ ਦੁਪਹਿਰ, ਚੌਕ ਨਾਟਕ, ਰੂਹ ਪੰਜਾਬ ਦੀ, ਸਿਫ਼ਰ ਨਾਟਕ, ਤਿੰਨ ਨਾਟਕ (‘ਮੱਕੜੀ ਨਾਟਕ’, ‘ਰੁਕੇ ਹੋਏ ਯਥਾਰਥ’ ਤੇ ‘ਪਛਾਣ ਨਾਟਕ’), ਮਨ ਦੇ ਹਾਣੀ, ਮਖੌਟੇ ਤੇ ਹਾਦਸੇ, ਚੱਕ੍ਰਵਯੂਹ ਤੇ ਪਿਰਾਮਿਡ, ਆਪੋ ਆਪਣੇ ਦਰਿਆ, ਹੋਂਦ ਨਿਹੋਂਦ, ਪਰਤੱਖ ਤੋਂ ਅਗਾਂਹ (ਦੋ ਕਾਵਿ ਨਾਟਕ : ‘ਭਰਮ-ਜਲ’ ਅਤੇ ‘ਸਿਆਸੀ ਦੰਦ-ਕਥਾ’)

**ਸਮੁੱਚਾ ਨਾਟਕ** : ਮੰਚ ਨਾਟਕ (1974-1990), ਮੇਰੇ ਕਾਵਿ-ਨਾਟਕ-1 (1974-1983), ਮੇਰੇ ਕਾਵਿ-ਨਾਟਕ-2 (1984-1987), ਮੇਰੇ ਕਾਵਿ-ਨਾਟਕ-3 (1990- 2005), ਮੇਰੇ ਕਾਵਿ-ਨਾਟਕ-4 (2008-2010)

**ਟ੍ਰੈਲਜ਼ੀ ਨਾਟਕ** : ਸੂਰਜ ਨਾਟਕ (1974-1983),

**ਨਾਟਕ ਤੇ ਰੰਗਮੰਚ** : ਦੋ ਨਾਟਕ ਤੇ ਰੰਗਮੰਚ

**ਕਹਾਣੀ** : ਚਰਾਵੀ, ਜੁਰਮ ਦੇ ਪਾਤਰ, ਸ਼ਹਿਰ ਵਿਚ ਜੰਗਲ, ਕੋਨ ਪ੍ਰਤੀਕੋਨ, ਮੈਲੀ ਪੁਸਤਕ, ਜਿੱਥੇ ਦੀਵਾਰਾਂ ਨਹੀਂ, ਕੰਪਿਊਟਰ ਕਲਚਰ, ਆਪਣੇ ਆਪਣੇ ਟਾਪੂ, ਗੋਰੀਆਂ ਸ਼ਹੀਦੀਆਂ

**ਸਮੁੱਚੀ ਕਹਾਣੀ** : ਅਘਰਵਾਸੀ (1955-1984), ਮੇਰੀ ਕਹਾਣੀ (1955-2005), ਮੇਰੀਆਂ ਸਾਰੀਆਂ ਕਹਾਣੀਆਂ (1955-2010)

**ਚਰਚਤ ਕਹਾਣੀ** : ਸਮੇਂ ਦੇ ਨਾਲ ਨਾਲ (1955-1989)

**ਪ੍ਰਤਿਨਿਧ ਕਹਾਣੀ** : ਖੰਭਾਂ ਵਾਲੇ ਪਿੰਜਰੇ (1955-2000), ਚੋਣਵੀਆਂ ਕਹਾਣੀਆਂ (ਇਸਤਰੀ ਮਰਦ ਪ੍ਰਸੰਗ), ਚੋਣਵੀਆਂ ਕਹਾਣੀਆਂ-2 (ਬ੍ਰਹਮੰਡਕ ਸਰੋਕਾਰ)

**ਸਫ਼ਰਨਾਮਾ** : ਸਿਮਰਤੀਆਂ ਦੇ ਦੇਸ਼

**ਵਾਰਤਕ** : ਮੇਰੀ ਸਾਹਿਤਕ ਸਵੈ-ਜੀਵਨੀ, ਐਟਸੈਟਰਾ-2, ਐਟਸੈਟਰਾ-3, ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸ੍ਵੈ ਜੀਵਨੀ), ਐਟਸੈਟਰਾ-4

**ਸਮੀਖਿਆ** : ਪ੍ਰਯੋਗਸ਼ੀਲ ਕਾਵਿ-ਦਰਪਨ, ਮੇਰਾ ਕਾਵਿ-ਨਾਟ-ਲੋਕ, ਐਟਸੈਟਰਾ-1, ਮੇਰਾ ਥੀਏਟਰ ਤੇ ਇੱਕੀਵੀਂ ਸਦੀ

**ਸੰਪਾਦਨ** : ਵਿਸ਼ਵ ਪੰਜਾਬੀ ਸਾਹਿਤ, ਕਵਿਤਾ ਸਨਮੁਖ, ਕਥਾ ਸਨਮੁਖ, ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ), ਕਥਾ ਸਨਮੁਖ-2

Wind Song (Poetry), Wind Song-2 (Poetry)

**ਅੰਗਰੇਜ਼ੀ** : Restless Soul (Poetry), Cosmic Symphony (Short Stories)

**ਹੋਰਨਾਂ ਨਾਲ** : The Rebel Sound (Poetry)

**ਸਾਂਝੀਆਂ** The Voices of Dissent (Poetry), Green Snow (Poetry)

**ਹਿੰਦੀ** : ਅੰਧੇਰਾ ਯੁਕਲਿਪਟਸ ਔਰ ਆਗ (ਕਹਾਣੀਆਂ), ਸੂਰਜ ਕਾ ਤਕੀਆ (ਕਵਿਤਾ)।

## ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)

**ਕਾਵਿ-ਸੰਗ੍ਰਹਿ** : ਗੰਢਾਂ, ਸ਼ਬਦੋਂ ਪਾਰ, ਪੱਤਰ ਤੇ ਦਰਿਆ, ਸ਼ਬਦਾਂ ਦੇ ਚਿਹਰੇ, ਨਿਹੋਂਦ ਦਾ ਗੀਤ, ਨਵੀਂ ਸਦੀ ਦੀ ਨਵੀਂ ਨਸਲ

**ਚੋਣਵੀਂ ਕਵਿਤਾ** : ਹੀਰਿਆਂ ਦਾ ਚੋਗ (1974-89)

**ਚੋਣਵੀਂ ਕਹਾਣੀ** : ਖੰਭਾਂ ਵਾਲੇ ਪਿੰਜਰੇ (1955-2000)

**ਸਮੁੱਚਾ ਨਾਟਕ** : ਮੰਚ ਨਾਟਕ (1974-1990), ਕਾਵਿ-ਨਾਟਕ : ਮਨ ਦੇ ਹਾਣੀ

# ਮੇਰੀਆਂ ਸਾਰੀਆਂ ਕਹਾਣੀਆਂ

ਰਵਿੰਦਰ ਰਵੀ

ਨੈ.ਬੁ.ਸ਼.

**ਨੈਸ਼ਨਲ ਬੁਕ ਸ਼ਾਪ**

ਪਲੱਈਅਰ ਗਾਰਡਨ ਮਾਰਕਿਟ,
ਚਾਂਦਨੀ ਚੌਕ, ਦਿੱਲੀ-110 006

# MERIAN SARIAN KAHANIAN

(A collection of my short stories)

© Ravinder Ravi (R. S. GILL)
116 - 3530 Kalum Street
Terrace, B.C., Canada V8G 2P2
Telephone : (250) 635 4455
E-mail: **ravi37@telus.net** and **r.ravi@live.ca**
My Website/blog : **www.ravinder-ravi.com**

Art : K.S. Manupuria, (India), Donna Caplette (Canada)
Photographs : Priya Shergill, Saagar Shergill, Kurbaan Shergill, Palbinder Shergill, Raj Shergill, Bikram Sandhu, Jang Bahadru Gill, Avtar Jaura & Manjit Meet
Typesetting : Kuldeep Singh (India) (M. 9811544085)

ਰੂਪਕਾਰ : ਕੇ. ਐੱਸ. ਮਾਨੂੰਪੁਰੀਆ (ਭਾਰਤ), ਡੌਨਾ ਕੈਪਲੈਟ (ਕੈਨੇਡਾ)
ਫ਼ੋਟੋ : ਪ੍ਰੀਯਾ ਸ਼ੇਰਗਿੱਲ, ਸਾਗਰ ਸ਼ੇਰਗਿੱਲ, ਕੁਰਬਾਨ ਸ਼ੇਰਗਿੱਲ, ਪਲਬਿੰਦਰ ਸ਼ੇਰਗਿੱਲ, ਰਾਜ ਸ਼ੇਰਗਿੱਲ, ਬਿਕਰਮ ਸੰਧੂ, ਜੰਗ ਬਹਾਦਰ ਗਿੱਲ, ਅਵਤਾਰ ਜੌੜਾ ਅਤੇ ਮਨਜੀਤ ਮੀਤ
ਟਾਈਪਸੈਟਿੰਗ : ਕੁਲਦੀਪ ਸਿੰਘ (ਭਾਰਤ) (ਮੋ. 9811544085)

First Edition : 2017

ISBN 978-81-7116-688-5

**PRICE : Rs. 950.00**

Published by :
**NATIONAL BOOK SHOP**
Pleasure Garden Market, Near Gauri Shankar Mandir,
Chandni Chowk, Delhi-110006
Ph. : 011-23264342, 9891996919, 9811337763
Email:nbs.bookstore@gmail.com

*ਪ੍ਰਿੰਟਰ*
**ਬੀ. ਕੇ. ਆਫਸੈੱਟ** ਦਿੱਲੀ-110032

Dedicated to my family :

**Kashmir, Amritpal, Saihajpal, Palbinder, Manveen, Priya, Mohnaam, Kurbaan, Eimaan and Saagar**

ਮੇਰੇ ਪਰਵਾਰ :

**ਕਸ਼ਮੀਰ, ਅੰਮ੍ਰਿਤਪਾਲ, ਸਹਿਜਪਾਲ, ਪਲਬਿੰਦਰ, ਮਨਵੀਨ, ਪ੍ਰੀਯਾ, ਮੋਹਨਾਮ, ਕੁਰਬਾਨ, ਈਮਾਨ ਅਤੇ ਸਾਗਰ**

ਦੇ ਨਾਂ

# ਤਰਤੀਬ


ਰਵਿੰਦਰ ਰਵੀ ਦਾ ਜੀਵਨ-ਬਿਓਰਾ 11

ਮੇਰੀਆਂ ਸਾਰੀਆਂ ਕਹਾਣੀਆਂ : ਆਰੰਭਕ ਸ਼ਬਦ -ਰਵਿੰਦਰ ਰਵੀ 17

ਰਵਿੰਦਰ ਰਵੀ ਦੀ ਕਹਾਣੀ-ਕਲਾ : ਕਰਤਾਰ ਸਿੰਘ ਦੁੱਗਲ, ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ, ਡਾ. ਹਰਿਭਜਨ ਸਿੰਘ, ਅੰਮ੍ਰਿਤਾ ਪ੍ਰੀਤਮ ਤੇ ਡਾ. ਰਘਬੀਰ ਸਿੰਘ (ਸਿਰਜਣਾ) 20

**ਭਾਗ ਪਹਿਲਾ : 96 ਕਹਾਣੀਆਂ**

**ਗੋਰੀਆਂ ਸ਼ਹੀਦੀਆਂ (1992-2010 — ਛਪਣ ਸਾਲ : 2010)**

ਗੋਰੀਆਂ ਸ਼ਹੀਦੀਆਂ 35
ਦੋਗਲੇ 40
ਖੁੱਲ੍ਹੀ ਕਿਤਾਬ 46
ਸਪੈਮ 51
ਟਿਊਸ਼ਨ 56
ਭੂਤ ਨਗਰ 61
ਚੱਕ੍ਰਵਯੂਹ ਦੇ ਅੰਦਰ, ਚੱਕ੍ਰਵਯੂਹ ਤੋਂ ਬਾਹਰ 67
ਉਹਲਿਆਂ ਦੇ ਆਰ ਪਾਰ 72
ਆਪਣਾ ਆਪਣਾ ਦੇਸ਼ 77

**ਆਪਣੇ ਆਪਣੇ ਟਾਪੂ (1985-1992 — ਛਪਣ ਸਾਲ : 1992)**

ਆਦਮ ਹੱਵਾ ਦੀ ਮਾਂ 83
ਸੁਤੰਤਰਤਾ ਦੇ ਸਮਾਨ-ਅੰਤਰ ਸਿਰੇ 88
ਮਾਨਸਕ ਹਾਣ ਦਾ ਸਾਥ 96
ਰਿਸ਼ਤਿਆਂ ਦੇ ਆਰ ਪਾਰ 104
ਮਰਦ ਬਨਾਮ ਮਸ਼ੀਨ 109
ਪੁਸ਼ਪ-ਜਨਣੀ 113
ਅਰਥ ਢੂੰਡਦੇ ਸ਼ਬਦ 118
ਸ਼ਾਦੀ ਵਲ ਜਾਂਦੀ ਸੜਕ 125
ਤੈਂ ਕੀ ਦਰਦ ਨਾ ਆਇਆ 132

**ਕੰਪਿਊਟਰ ਕਲਚਰ (1978-1985 — ਛਪਣ ਸਾਲ : 1985)**

ਕੰਪਿਊਟਰ ਕਲਚਰ 136
ਪੌਟ ਲੱਕ 141
ਸ਼ਹੀਦ ਦੀ ਮਾਂ 149
ਪੈਂਟ ਕਲਚਰ 152
ਈਸ਼ਵਰੀ ਰਿਸ਼ਤੇ 159
ਤਾਰਿਆਂ ਵਾਲਾ ਦੇਸ਼ 164
ਭਟਕਦੇ ਦਾਇਰੇ 170
ਇਕ ਹੋਰ ਹੈਮਿੰਗਵੇ 173
ਕਿੰਨੇ ਜਵਾਲਾਮੁਖੀ ਹੋਰ 178
ਸ਼ਰਨਾਰਥੀ 182
ਤੇਰ੍ਹਾਂ ਸਾਲ ਦੀ ਕੰਜਰੀ 189
ਮਰਿਆ ਹੋਇਆ ਆਦਮੀ 193

## ਜਿੱਥੇ ਦੀਵਾਰਾਂ ਨਹੀਂ (1973-1978 — ਛਪਣ ਸਾਲ : 1978)


ਜਿੱਥੇ ਦੀਵਾਰਾਂ ਨਹੀਂ 198
ਕੈਨਸਰ 205
ਆਪਣੇ ਆਪਣੇ ਉਹਲੇ 208
ਦਲਦਲ 215
ਇਕਾਈ ਤੋਂ ਲੋਕਾਈ ਵਲ 218
ਮੋਹ ਦੇ ਹੋਠ, ਰੇਤ ਦੀ ਝੀਲ 224
ਘਟਦੇ ਵਧਦੇ ਫਾਸਲੇ 229
ਰੋਹ ਦੀ ਸ਼ੈਲੀ 236
ਦਸ ਵਰ੍ਹੇ ਲੰਮੀਂ ਨੀਂਦ 243


## ਮੈਲੀ ਪੁਸਤਕ (1971-1973 — ਛਪਣ ਸਾਲ : 1973)


ਕਿੱਲਾਂ 245
ਜਿਊ ਰਹੇ ਮਰੇ ਹੋਏ ਪਲ 248
ਬੋਰਡਮ 252
ਮੈਲੀ ਪੁਸਤਕ 254
ਪਸ਼ੂ ਹੋਣ ਤਕ 261
ਪਾਗ਼ਲ ਕੌਣ ? 266
ਰੱਸੇ ਚੱਬਣ ਵਾਲਾ ਪਸ਼ੂ 271
ਸਮੁੰਦਰ ਤੇ ਰੇਤ 274
ਬਟਵਾਰਾ 278
ਚੱਕ੍ਰਵਿਊਹ 284
ਹਾਥੀ ਦੇ ਦੰਦ 290


## ਕੋਨ ਪ੍ਰਤੀਕੋਨ (1969-1971 — ਛਪਣ ਸਾਲ : 1971)


ਅਨ੍ਹੇਰਾ ਯੂਕਲਿਪਟਸ ਤੇ ਅੱਗ 295
ਹਮ-ਛਿਣ 299
ਕੋਨ ਪ੍ਰਤੀਕੋਨ 303
ਨਯਾਕੇਰੈਂਗਾ 308
ਮਾਤਮ 315
ਇਡੀਪਸ ਦਾ ਪਿਓ 321
ਵਿਅਕਤੀ ਬਨਾਮ ਕੌਮ 327
ਆਦਿ ਸੱਚ, ਜੁਗਾਦਿ ਸੱਚ 333
ਕੁਰਬਾਨੀ ਦਾ ਬੱਕਰਾ 338
ਇਕ ਸੁਤੰਤਰ ਛਿਣ 343
ਬਦਲਾ 347


## ਸ਼ਹਿਰ ਵਿਚ ਜੰਗਲ (1967-1969 — ਛਪਣ ਸਾਲ : 1969)


ਐਵਰੀ ਮੈਨਜ਼ ਵਾਟਰ 350
ਅੰਦਰ ਵਲ ਖੁੱਲ੍ਹਦਾ ਬੂਹਾ 356
ਸ਼ਹਿਰ ਵਿਚ ਜੰਗਲ 362
ਅਪਰਾਧ-ਮੁਕਤ 367
ਪਿੱਠ ਦੀ ਸਾਂਝ 373
ਪੈਰਸ ਦੀ ਕੁੜੀ 379
ਮਾਣਸ ਜਨਮ 387
ਤਰਸ ਦੇ ਪਾਤਰ 391
ਸੁਪਨਾ ਜਿਉਂ ਸੰਸਾਰ 396
ਮਸ਼ੀਨਾਂ ਤੇ ਆਤਮ-ਹੀਣ ਹੁੰਦੇ ਵਿਅਕਤੀ 400
ਜਲ ਮਹਿ ਕਮਲ ਅਲੇਪ 407


## ਜੁਰਮ ਦੇ ਪਾਤਰ (1963-1966 — ਛਪਣ ਸਾਲ : 1968)


ਵਿਕੱਥਾ 411
ਜਦੋਂ ਸੁਤੰਤਰਤਾ ਦਰਸ਼ਨ ਦੇਵੇ 415
ਜੁਰਮ ਦੇ ਪਾਤਰ 420
ਹੋਸ਼ਿਆਰ ਹੋ ਜਾਓ 427
ਸ਼ੀਸ਼ੇ ਵਾਲੀ ਚਿੜੀ 431
ਮੈਂ ਕਿੰਨਾਂ ਖੁਸ਼ ਹਾਂ 435
ਦੂਜਾ ਜਨਮ 439
ਜੱਦੋ ਜਹਿਦ 443
ਨੱਤੀ 448

## ਚਰਾਵੀ (1955-1963 — ਛਪਣ ਸਾਲ : 1963)


| | | | |
|---|---|---|---|
| ਹਉਮੈਂ | 454 | ਬੂਹਣੀ | 475 |
| ਫਰੰਟ ਸੀਟ | 457 | ਨਾਲ ਸਮੇਂ ਦੇ ਜ਼ਿੰਦਗੀ | 479 |
| ਖੁੱਲ੍ਹੀ ਬੋਤਲ | 460 | ਸਾਂਝੀ ਖੇਤੀ | 484 |
| ਨਜ਼ਰੀਆ | 463 | ਚਰਾਵੀ | 488 |
| ਯੱਕਾ | 466 | ਲਾਲ ਮੌਜੇ | 492 |
| ਦਾਲ ਉਬਲ ਗਈ | 469 | ਤਬੇਲਾ | 496 |
| ਪਾਸਪੋਰਟ | 471 | ਮਹੰਤ ਧਰਮ ਦਾਸ | 501 |
| | | ਕਹਾਣੀ ਚੋਰ | 504 |


## ਭਾਗ ਦੂਜਾ : 30 ਕਾਵਿ-ਕਹਾਣੀਆਂ ਤੇ ਗੱਦ-ਕਾਵਿ-ਕਥਾਵਾਂ (1965-2010)


ਕਾਵਿ-ਕਥਾ ਤੇ ਗੱਦ-ਕਾਵਿ-ਕਥਾ : ਤਿੰਨ ਟਿੱਪਣੀਆਂ :
ਕਰਤਾਰ ਸਿੰਘ ਦੁੱਗਲ, ਡਾ. ਸੁਤਿੰਦਰ ਸਿੰਘ ਨੂਰ, ਡਾ. ਧਰਮਪਾਲ ਸਿੰਗਲ 511
ਨਿੱਕੀਆਂ ਨਿੱਕੀਆਂ ਗੱਲਾਂ ਦਾ ਗਹਿਨ ਅਧਿਅਨ ਡਾ. ਤੇਜਵੰਤ ਗਿੱਲ 512
ਸਿਫ਼ਰ-ਸਥਿਤੀ ਵਿਚ ਵਿਚਰਦੀ ਪੀੜ੍ਹੀ ਡਾ. ਵਨੀਤਾ 519
ਘਰ ਦੀ ਤਲਾਸ਼ 524
ਇਕ ਹਾਦਸਾ 527
ਬਾਪ : ਇਕ ਆਦਿ-ਕਥਾ 528
ਖਿਡੌਣੇ ਬਿਖਰ ਗਏ 530
ਪੰਛੀ, ਮੱਛੀਆਂ ਤੇ ਮੈਂ : 2006 ਦੀ ਹਿੰਦ ਪਾਕ ਫੇਰੀ ਤੋਂ ਬਾਅਦ 532
ਪਿੰਡ ਤੇ ਬ੍ਰਹਮੰਡ ਵਿਚਕਾਰ ਲਟਕਦੇ ਪਰਵਾਸੀ 534
ਲਾਵਾਰਸ ਲਾਸ਼ ਵਾਰਸਾਂ ਦੇ ਨਾਂ ਦਾ ਗਹਿਨ ਅਧਿਅਨ : ਪ੍ਰੋ. ਬ੍ਰਹਮਜਗਦੀਸ਼ ਸਿੰਘ 536

| | | | |
|---|---|---|---|
| ਮਿੱਧੇ ਹੋਏ ਫੁੱਲ | 541 | ਦੂਜਾ ਪੱਖ | 568 |
| ਕਲਮੀਂ ਮਿੱਤਰਾਂ ਵਲਾਂ ਇਕ ਪੱਤਰ | 543 | ਜੰਗਲ ਦਾ ਸਵੱਰ | 569 |
| ਪੀੜ੍ਹੀ-ਪਾੜਾ | 545 | ਰਾਹ, ਰਾਹੀ ਤੇ ਏਅਰ ਹੋਸਟੈੱਸ | 573 |
| ਸੁਪਨ ਕਲਾ | 546 | ਖਲਾਈ ਦੌੜ | 574 |
| ਧਰਤੀ ਤੇ ਧੌਲ | 548 | ਮੌਤ ਦੀ ਉਡੀਕ ਵਿਚ | 576 |
| ਪਾਣੀ ਦੀ ਪਿਆਸ | 549 | ਸੇਨ ਨਦੀ ਦੇ ਕੰਢੇ | 578 |
| ਖੰਭਾਂ ਤੇ ਦਰਵਾਜ਼ਿਆਂ ਵਾਲੀ ਕੁੜੀ | 552 | ਸੂਰਜ ਦਾ ਕੀ ਬਣੇਗਾ ? | 580 |
| ਅਘਰਵਾਸੀ | 554 | ਅੱਜ ਦੀ ਰਾਮਾਇਣ | 581 |
| ਹੱਵਾ ਦੀ ਡਾਇਰੀ ਚੋਂ ਇਕ ਪੰਨਾ | 556 | ਦਿਸ਼ਾ ਤੇ ਨਿਗਾਹ | 584 |
| ਤਾਜਦਾਰ ਤੁੰਮੇਂ ਸ਼ਾਹ | 559 | ਗੁੱਸੇ ਦੀ ਉਮਰ | 587 |
| ਅਭਿਮਨਯੂ ਦੀ ਤਲਾਸ਼ ਵਿਚ : ਲਘੂ ਮਾਨਵ | 563 | | |

## ਇਸ ਕਹਾਣੀ-ਸੰਗ੍ਰਹਿ ਵਿਚ ਸ਼ਾਮਿਲ ਪੁਸਤਕਾਂ/ਕਹਾਣੀਆਂ : ਆਲੋਚਕਾਂ ਦੀ ਨਜ਼ਰ ਵਿਚ

ਡਾ. ਗੁਰਜੰਟ ਸਿੰਘ, ਡਾ. ਅਰਵਿੰਦਰ ਕੌਰ, ਇਲਿਆਸ ਘੁੰਮਣ, ਡਾ. ਵਨੀਤਾ,
ਡਾ. ਪੁਸ਼ਵਿੰਦਰ ਕੌਰ (ਖੋਖਰ), ਮਨਜੀਤ ਮੀਤ (ਕੈਨੇਡਾ), ਡਾ. ਸੁਤਿੰਦਰ ਸਿੰਘ ਨੂਰ,
ਡਾ. ਰੌਸ਼ਨ ਲਾਲ ਆਹੂਜਾ, ਓਮ ਪ੍ਰਕਾਸ਼ ਗਾਸੋ, ਕੁਲਵੰਤ ਸਿੰਘ ਵਿਰਕ,
ਦੇਵਿੰਦਰ ਸਤਿਆਰਥੀ, ਡਾ. ਕੁਲਬੀਰ ਸਿੰਘ ਕਾਂਗ, ਈਸ਼ਰ ਸਿੰਘ ਅਟਾਰੀ,
ਡਾ. ਰਜਨੀ ਰਾਣੀ, ਡਾ. ਅਕਾਲ ਅੰਮ੍ਰਿਤ ਕੌਰ 593-638

## ਰਵਿੰਦਰ ਰਵੀ ਵਲੋਂ ਲਿਖੀਆਂ ਆਪਣੇ ਕੁਝ ਕਹਾਣੀ-ਸੰਗ੍ਰਹਿਆਂ ਦੀਆਂ ਭੂਮਿਕਾਵਾਂ

ਗੋਰੀਆਂ ਸ਼ਹੀਦੀਆਂ, ਆਪਣੇ ਆਪਣੇ ਟਾਪੂ, ਜਿੱਥੇ ਦੀਵਾਰਾਂ ਨਹੀਂ, ਮੈਲੀ ਪੁਸਤਕ,
ਕ੍ਰੋਨ ਪ੍ਰਤੀਕਨ, ਸ਼ਹਿਰ ਵਿਚ ਜੰਗਲ, ਜੁਰਮ ਦੇ ਪਾਤਰ 641-666

## ਅੰਤਿਕਾ

ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ 669
ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ 671
ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ 673
ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ 675
ਰਵਿੰਦਰ ਰਵੀ ਦੀ ਸਵੈ-ਜੀਵਨੀ 7 ਵੀਡੀਓ-ਭਾਗਾਂ ਵਿਚ 676
ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ 677
ਰਵਿੰਦਰ ਰਵੀ ਦੇ ਸਾਹਿਤ ਉੱਤੇ ਪੀ.ਐਚ.ਡੀ. ਪੱਧਰ ਦਾ ਖੋਜ-ਕਾਰਜ 679
ਰਵਿੰਦਰ ਰਵੀ ਦੇ ਸਾਹਿਤ ਉੱਤੇ ਐੱਮ.ਫਿਲ. ਪੱਧਰ ਦਾ ਤੇ ਐੱਮ.ਏ. ਦਾ ਖੋਜ-ਕਾਰਜ 681
ਰਵਿੰਦਰ ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ 683
ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ 686
ਇਆਪਾ (I.A.P.A.A.) ਵਲੋਂ ਦਿੱਤੇ ਗਏ ਪੁਰਸਕਾਰ 687

# ਰਵਿੰਦਰ ਰਵੀ ਦਾ ਜੀਵਨ ਬਿਓਰਾ

| | | |
|---|---|---|
| ਜਨਮ | : | ਮਾਰਚ 8, 1937, ਸਿਆਲਕੋਟ (ਪਾਕਿਸਤਾਨ) |
| ਜਨਮ-ਮਿਤੀ | : | ਸਰਕਾਰੀ ਰੀਕਾਰਡ ਵਿਚ ਮਾਰਚ 8, 1938 ਦਰਜ ਹੈ |
| ਪਿਤਾ | : | ਪ੍ਰੋ. ਪਿਆਰਾ ਸਿੰਘ ਗਿੱਲ |
| ਮਾਤਾ | : | ਚਰਨਜੀਤ ਕੌਰ |
| ਪਤਨੀ | : | ਕਸ਼ਮੀਰ ਕੌਰ |
| ਪੁੱਤਰ | : | ਅੰਮ੍ਰਿਤਪਾਲ ਅਤੇ ਸਹਿਜਪਾਲ |
| ਨੂੰਹਾਂ | : | ਪਲਬਿੰਦਰ ਤੇ ਮਨਵੀਨ |
| ਪੋਤਰੀਆਂ | : | ਮਨਪ੍ਰੀਯਾ ਤੇ ਮੋਹਨਾਮ |
| ਪੋਤਰੇ | : | ਈਮਾਨ, ਕੁਰਬਾਨ ਤੇ ਸਾਗਰ |
| ਵਿੱਦਿਆ | : | ਐਮ. ਏ., ਬੀ. ਏ. (ਆਨਰਜ਼), ਬੀ. ਟੀ. |
| ਜੱਦੀ ਪਿੰਡ | : | ਜਗਤਪੁਰ (ਨਵਾਂ ਸ਼ਹਿਰ) |

ਰਵੀ ਨੇ ਮੁੱਢਲੀ ਵਿੱਦਿਆ ਸਿਆਲਕੋਟ ਦੇ ਖਾਲਸਾ ਸਕੂਲ ਵਿਚ ਪ੍ਰਾਪਤ ਕੀਤੀ ਅਤੇ ਚੌਥੀ ਸ਼੍ਰੇਣੀ ਵਿਚ ਡਿਸਟ੍ਰਿਕਟ ਬੋਰਡ ਦਾ ਵਜ਼ੀਫ਼ਾ ਵੀ ਹਾਸਿਲ ਕੀਤਾ। ਉਸ ਦੇ ਪਿਤਾ ਉਸ ਸਮੇਂ ਮਰੇ ਕਾਲਜ ਸਿਆਲਕੋਟ ਵਿਚ ਪੰਜਾਬੀ ਦੇ ਅਧਿਆਪਕ ਸਨ। 1947 ਦੇ ਬਟਵਾਰੇ ਉਪਰੰਤ ਰਵਿੰਦਰ ਰਵੀ ਸਿਆਲਕੋਟ ਨੂੰ ਛੱਡ ਕੇ ਆਪਣੇ ਪਰਵਾਰ ਸਮੇਤ, ਆਪਣੇ ਜੱਦੀ ਪਿੰਡ ਜਗਤਪੁਰ, ਜ਼ਿਲ੍ਹਾ ਨਵਾਂ ਸ਼ਹਿਰ ਵਿਚ ਆ ਵੱਸਿਆ। ਏਥੋਂ ਡੇਢ ਕੁ ਮੀਲ ’ਤੇ ਸਥਿਤ ਸਰਹਾਲ ਕਾਜ਼ੀਆਂ ਦੇ ਖਾਲਸਾ ਹਾਈ ਸਕੂਲ ਤੋਂ ਉਸ ਨੇ, 1952 ਵਿਚ, ਮੈਟ੍ਰਿਕੁਲੇਸ਼ਨ ਦਾ ਇਮਤਿਹਾਨ ਪਾਸ ਕੀਤਾ ਅਤੇ ਲਾਇਲਪੁਰ ਖਾਲਸਾ ਕਾਲਜ, ਜਲੰਧਰ ਵਿਚ ਐਫ. ਐਸ. ਸੀ. (ਮੈਡੀਕਲ) ਵਿਚ ਦਾਖ਼ਲਾ ਲੈ ਲਿਆ। ਉਨ੍ਹਾਂ ਦਿਨਾਂ ਵਿਚ ਉਸ ਦੇ ਪਿਤਾ ਪ੍ਰੋਫ਼ੈਸਰ ਪਿਆਰਾ ਸਿੰਘ ਗਿੱਲ, ਇਸ ਕਾਲਜ ਵਿਚ ਪੰਜਾਬੀ ਦੇ ਅਧਿਆਪਕ ਸਨ। ਉਨ੍ਹਾਂ ਦੀ ਇੱਛਾ ਸੀ ਕਿ ਰਵੀ ਐਮ. ਬੀ. ਬੀ. ਐਸ. ਕਰਕੇ ਡਾਕਟਰ ਬਣੇ। ਪਰ ਰਵੀ ਨੂੰ ਮੈਡੀਕਲ ਸਾਇੰਸ ਦੇ ਇਨ੍ਹਾਂ ਵਿਸ਼ਿਆਂ ਵਿਚ ਕੋਈ ਦਿਲਚਸਪੀ ਨਹੀਂ ਸੀ। ਐਫ. ਐਸ. ਸੀ. ’ਚੋਂ ਦੋ ਕੁ ਵਾਰ ਫੇਲ੍ਹ ਹੋ ਕੇ, 1955 ਵਿਚ ਉਸ ਨੇ ਜਲੰਧਰ ਦੇ ਦੋਆਬਾ ਖਾਲਸਾ ਹਾਈ ਸਕੂਲ ਵਿਚ ਜੇ. ਬੀ. ਟੀ. (ਜੂਨੀਅਰ ਬੇਸਿਕ ਟੀਚਰਜ਼ ਟ੍ਰੇਨਿੰਗ) ਵਿਚ ਦਾਖ਼ਲਾ ਲੈ ਲਿਆ। 14 ਮਈ, 1956 ਨੂੰ, ਜੇ. ਬੀ. ਟੀ. ਪਾਸ ਕਰਨ ਉਪਰੰਤ, ਉਹ ਆਪਣੇ ਜੱਦੀ ਪਿੰਡ ਜਗਤਪੁਰ ਦੇ ਸਕੂਲ ਵਿਚ ਅਧਿਆਪਕ ਲੱਗ ਗਿਆ। ਅਗਲੇ 8 ਕੁ ਸਾਲਾਂ ਵਿਚ ਏਥੇ ਪੜ੍ਹਾਉਂਦਿਆਂ ਹੀ ਉਸ ਨੇ ਗਿਆਨੀ, ਬੀ.

ਏ., ਐਮ. ਏ. ਅਤੇ ਬੀ. ਟੀ. ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਇਸ ਉਪਰੰਤ 6 ਕੁ ਮਹੀਨੇ ਜਲੰਧਰ ਦੇ ਗੌਰਮੈਂਟ ਮਾਡਲ ਹਾਇਰ ਸੈਕੰਡਰੀ ਸਕੂਲ ਵਿਚ ਅਤੇ ਦੋ ਕੁ ਸਾਲ ਤਲਵਣ, ਜ਼ਿਲ੍ਹਾ ਜਲੰਧਰ ਦੇ ਗੌਰਮੈਂਟ ਹਾਇਰ ਸੈਕੰਡਰੀ ਸਕੂਲ ਵਿਚ ਉਸ ਨੇ ਅੰਗਰੇਜ਼ੀ ਅਤੇ ਪੰਜਾਬੀ ਦਾ ਅਧਿਆਪਨ ਕੀਤਾ।

ਇਸ ਤਰ੍ਹਾਂ ਰਵਿੰਦਰ ਰਵੀ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਲਗਭਗ ਦਸ ਸਾਲ ਅਧਿਆਪਨ ਉਪਰੰਤ ਜਨਵਰੀ 1967 ਵਿਚ ਕੀਨੀਆਂ ਚਲਾ ਗਿਆ। ਅਗਲੇ ਅੱਠ ਸਾਲ ਕੀਨੀਆਂ ਵਿਚ ਅਧਿਆਪਨ ਦੇ ਦੌਰਾਨ ਉਸ ਨੇ ਯੂਰਪ, ਉੱਤਰੀ ਅਮਰੀਕਾ, ਅਫ਼ਰੀਕਾ ਤੇ ਏਸ਼ੀਆ ਦੇ ਕਈ ਦੇਸ਼ਾਂ ਦਾ ਵਿਸ਼ਾਲ ਦੇਸ਼ਾਟਨ ਕੀਤਾ।

1974 ਦੇ ਅੰਤ ਵਿਚ ਉਹ ਮੱਧ ਪੂਰਬ, ਯੂਰਪ ਤੇ ਇੰਗਲੈਂਡ ਦੀ ਗਰਦੌਰੀ ਕਰਦਾ, ਪੱਕੇ ਤੌਰ ’ਤੇ ਕੈਨੇਡਾ ਆ ਗਿਆ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ (ਬੀ. ਸੀ.) ਪ੍ਰਾਂਤ ਦੇ ਵਿੱਦਿਅਕ ਮੰਤਰਾਲੇ ਤੋਂ ਉਸ ਨੇ 1975 ਵਿਚ ਪ੍ਰੋਫੈਸ਼ਨਲ ਟੀਚਿੰਗ ਸਰਟੀਫਿਕੇਟ ਪ੍ਰਾਪਤ ਕੀਤਾ ਤੇ ਬੀ. ਸੀ. ਕਾਲਜ ਆਫ ਟੀਚਰਜ਼ ਦਾ ਮੈਂਬਰ ਬਣ ਗਿਆ। ਬਾਅਦ ਵਿਚ ਉਸ ਨੇ ਸ਼ਿਕਾਰ ਖੇਡਣ (Hunting) ਦਾ ਡਿਪਲੋਮਾ ਵੀ ਪ੍ਰਾਪਤ ਕੀਤਾ।

ਏਥੇ ਸੈਕੰਡਰੀ ਸਕੂਲ ਵਿਚ ਅੰਗਰੇਜ਼ੀ ਤੇ ਸਮਾਜ-ਸ਼ਾਸਤਰ ਵਿਭਾਗ ਦੇ ਮੁਖੀ ਦੇ ਤੌਰ ’ਤੇ ਗਿਆਰਾਂ ਕੁ ਸਾਲ ਅੰਗਰੇਜ਼ੀ ਭਾਸ਼ਾ, ਅੰਗਰੇਜ਼ੀ ਸਾਹਿਤ, ਪੱਤਰਕਾਰੀ ਤੇ ਸਾਹਿਤ-ਰਚਨਾ ਪੜ੍ਹਾਉਣ ਉਪਰੰਤ ਡਿਸਟ੍ਰਿਕਟ ਰੀਸੋਰਸ ਸੈਂਟਰ ਦਾ ਕੋਆਰਡੀਨੇਟਰ ਬਣ ਕੇ ਉਹ ਖੋਜ-ਵਿੱਦਿਆ ਪੜ੍ਹਾਉਂਦਾ ਰਿਹਾ। ਸਤੰਬਰ, 1991 ਤੋਂ 30 ਜੂਨ, 2003 ਤਕ, ਉਸ ਨੇ ਨਿਸਗਾ ਟੀਚਰਜ਼ ਯੂਨੀਅਨ ਦੇ ਕੁਲਵਕਤੀ ਪ੍ਰਧਾਨ ਦੇ ਤੌਰ ’ਤੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਵਿਚ ਅਧਿਆਪਕ ਰਾਜਨੀਤੀ ਅਤੇ ਟ੍ਰੇਡ ਯੂਨੀਅਨ ਮੂਵਮੈਂਟ ਵਿਚ ਸਰਗਰਮ ਹਿੱਸਾ ਲਿਆ ਤੇ ਆਪਣਾ ਯੋਗਦਾਨ ਪਾਇਆ। 1 ਜਲਾਈ, 2003 ਤੋਂ ਉਹ ਅਧਿਆਪਨ ਦੇ ਇਸ ਕਿੱਤੇ ਤੋਂ ਪੂਰਨ ਤੌਰ ’ਤੇ ਸੇਵਾ-ਮੁਕਤ ਹੋ ਕੇ ਕੁਲਵਕਤੀ ਲੇਖਕ ਬਣ ਗਿਆ।

ਰਵੀ ਸਭ ਤੋਂ ਪਹਿਲਾ ਪਰਵਾਸੀ ਲੇਖਕ ਹੈ, ਜਿਸ ਨੂੰ ਭਾਸ਼ਾ ਵਿਭਾਗ ਪੰਜਾਬ ਤੇ ਪੰਜਾਬ ਆਰਟਸ ਕੌਂਸਲ ਨੇ, 1980 ਵਿਚ ਸ਼੍ਰੋਮਣੀ ਸਾਹਿਤਕਾਰ ਦੇ ਪੁਰਸਕਾਰਾਂ ਨਾਲ ਸਨਮਾਨਿਆ। ਉਸਦੇ ਨਾਟਕ “ਅੱਧੀ ਰਾਤ ਦੁਪਹਿਰ” (1983) ਨੂੰ ਭਾਸ਼ਾ ਵਿਭਾਗ ਪੰਜਾਬ ਨੇ ‘ਈਸ਼ਵਰ ਚੰਦਰ ਨੰਦਾ ਪੁਰਸਕਾਰ’ ਨਾਲ ਸਨਮਾਨਤ ਕੀਤਾ। 1992 ਵਿਚ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਨੇ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਨਾਲ, 1993 ਵਿਚ ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ (ਡੈਨਮਾਰਕ) ਨੇ ਬਾਬਾ ਬੁੱਲ੍ਹੇ ਸ਼ਾਹ ਪੁਰਸਕਾਰ ਨਾਲ ਤੇ 1994 ਵਿਚ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਅਮਰੀਕਾ) ਨੇ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਸਨਮਾਨਿਆ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 2000 ਵਿਚ ਪ੍ਰੋ. ਪੂਰਨ ਸਿੰਘ ਦਹਿਸਦੀ (ਮਿਲੇਨੀਅਮ) ਪੁਰਸਕਾਰ ਨਾਲ ਅਤੇ 2001 ਵਿਚ ਮਹਾਰਾਜਾ ਰਣਜੀਤ ਸਿੰਘ ਪੁਰਸਕਾਰ ਨਾਲ ਸਨਮਾਨਤ ਕੀਤਾ। ਜੂਨ, 2003 ਵਿਚ ਨਿਸਗਾ ਸਕੂਲ-ਜ਼ਿਲ੍ਹੇ ਦੇ ਸਕੂਲ ਬੋਰਡ ਨੇ ਅਤੇ ਜਨਵਰੀ, 2004 ਵਿਚ ਨਿਸਗਾ ਟੀਚਰਜ਼ ਯੂਨੀਅਨ ਨੇ ਉਸ ਦਾ ਵਿਸ਼ੇਸ਼ ਅਭਿਨੰਦਨ ਕੀਤਾ। 22 ਅਗਸਤ, 2004 ਨੂੰ ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਕੈਲੇਫੋਰਨੀਆਂ ਯੂ. ਐਸ. ਏ. ਨੇ ਤੇ 2005 ਵਿਚ ਇੰਡੋ ਕਨੇਡੀਅਨ ਕਲਚਰਲ ਐਸੋਸੀਏਸ਼ਨ (ਕੈਨੇਡਾ) ਨੇ ਰਵੀ ਨੂੰ ਸਮੁੱਚੀ ਸਾਹਿਤਿਕ ਦੇਣ ਲਈ ਸਨਮਾਨਿਆ।

22 ਜਨਵਰੀ, 2006 ਨੂੰ ਲਾਹੌਰ ਪਾਕਿਸਤਾਨ ਵਿਚ, ਰਵਿੰਦਰ ਰਵੀ ਨੂੰ “ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ” ਨੇ “ਜੀਵਨ-ਕਾਲ-ਪ੍ਰਾਪਤੀ-ਪੁਰਸਕਾਰ” ਨਾਲ, “ਵਰਲਡ ਇਨਸਟੀਚਿਊਟ ਆਫ਼ ਪੰਜਾਬੀ ਲਿਟਰੇਚਰ ਐਂਡ ਹੈਰੀਟੇਜ” ਨੇ “ਤਮਗ਼ਾ-ਏ-ਹੁਸਨ-ਏ-ਕਾਰਕਰਦਗੀ” ਨਾਲ, “ਐਸੋਸੀਏਸ਼ਨ ਆਫ਼ ਰਾਈਟਰਜ਼ ਐਂਡ ਆਰਟਿਸਟਸ” ਨੇ “ਗੋਲਡ ਮੈਡਲ” ਨਾਲ ਅਤੇ ਲਾਹੌਰ ਦੇ ਪੰਜਾਬੀ ਪੱਤਰਕਾਰਾਂ ਦੀ ਸੰਸਥਾ ਨੇ “ਸ਼ਾਲ” ਨਾਲ ਅਭਿਨੰਦਤ ਕੀਤਾ। ਇਸੇ ਸਾਲ ਭਾਰਤ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਤੇ ਪੰਜਾਬੀ ਲੇਖਕ ਸਭਾ, ਜਗਤਪੁਰ (ਰਜਿ:) ਨੇ ਵੀ ਉਸ ਦਾ ਉਚੇਚਾ ਸਨਮਾਨ ਕੀਤਾ। ਸਾਲ 2006 ਵਿਚ ਹੀ ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ (ਕੈਨੇਡਾ) ਨੇ ਆਪਣੇ ਸੌ ਸਾਲਾ ਯਾਦਗਾਰੀ ਦਿਵਸ ਦੇ ਸਮਾਗਮ

ਸਮੇਂ ਰਵੀ ਨੂੰ ਉਸਦੀਆਂ ਸਮੁੱਚੀਆਂ ਸਾਹਿਤਿਕ ਪ੍ਰਾਪਤੀਆਂ ਲਈ "ਵਿਲੱਖਣ-ਪ੍ਰਾਪਤੀ-ਪੁਰਸਕਾਰ" ਨਾਲ ਸਨਮਾਨਤ ਕੀਤਾ। 2007 ਵਿਚ ਵੀ ਉਸਨੂੰ ਪੰਜਾਬੀ ਅਕਾਦਮੀ, ਲਿਸਟਰ (ਇੰਗਲੈਂਡ), ਸਿਪਸਾ ਤੇ ਅਦਾਰਾ ਵੀਯਨਜ਼ ਆਫ਼ ਪੰਜਾਬ ਟੀ.ਵੀ., ਟਰਾਂਟੋ, ਕੈਨੇਡਾ ਨੇ ਸਨਮਾਨਤ ਕੀਤਾ। 2008 ਵਿਚ ਕੈਨੇਡਾ ਦੇ 'ਪਰਵਾਸੀ ਮੀਡੀਆ ਗਰੁੱਪ' ਨੇ ਉਸ ਨੂੰ "ਸਰਬ-ਸ੍ਰੇਸ਼ਟ ਸਾਹਿਤਕਾਰ ਪੁਰਸਕਾਰ" ਭੇਟ ਕੀਤਾ। 2011 ਵਿਚ ਜੇ ਪੰਜਾਬੀ ਨਾਟਕ ਅਕਾਦਮੀ (ਲੁਧਿਆਣਾ, ਭਾਰਤ) ਨੇ ਰਵਿੰਦਰ ਰਵੀ ਨੂੰ "ਨਾਟ ਸ਼੍ਰੋਮਣੀ" ਪੁਰਸਕਾਰ ਨਾਲ ਸਨਮਾਨਣ ਦੀ ਘੋਸ਼ਣਾ ਕੀਤੀ ਤਾਂ "ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ (UBC)", ਵੈਨਕੂਵਰ, ਕੈਨੇਡਾ ਅਤੇ "ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਸਰੀ, ਕੈਨੇਡਾ" ਨੇ ਉਸ ਨੂੰ "ਜੀਵਨ-ਕਾਲ ਪ੍ਰਾਪਤੀ" ਪੁਰਸਕਾਰਾਂ ਨਾਲ ਸਨਮਾਨਿਆ। ਸਾਲ 2012 ਵਿਚ "ਅਰਪਨ ਲਿਖਾਰੀ ਸਭਾ", ਕੈਲਗਰੀ (ਅਲਬਰਟਾ, ਕੈਨੇਡਾ) ਨੇ ਰਵੀ ਨੂੰ "ਇਕਬਾਲ ਅਰਪਨ ਯਾਦਗਾਰੀ ਜੀਵਨ-ਕਾਲ ਪ੍ਰਾਪਤੀ ਪੁਰਸਕਾਰ" ਨਾਲ ਅਭਿਨੰਦਤ ਕੀਤਾ। 2013 ਵਿਚ "ਪੰਜਾਬੀ ਆਰਸੀ ਰਾਈਟਰਜ਼ ਕਲੱਬ (ਕੈਨੇਡਾ)" ਨੇ ਉਸ ਨੂੰ 'ਜੀਵਨ-ਕਾਲ ਪ੍ਰਾਪਤੀ ਪੁਰਸਕਾਰ' ਦਿੱਤਾ।

ਉਹ ਇਆਪਾ ਦਾ ਮੋਢੀ ਪ੍ਰਧਾਨ ਤੇ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਦਾ ਸੰਚਾਲਕ ਹੈ। ਰਵਿੰਦਰ ਰਵੀ ਪਾਕਿਸਤਾਨ ਤੋਂ ਬਾਹਰ ਵੱਸਦਾ ਪਹਿਲਾ ਗ਼ੈਰ-ਪਾਕਿਤਸਾਨੀ ਲੇਖਕ ਹੈ—ਜਿਸਦੀਆਂ ਪੁਸਤਕਾਂ ਕਾਇਦੇ ਆਜ਼ਮ ਯੂਨੀਵਰਸਿਟੀ, ਇਸਲਾਮਾਬਾਦ ਵਿਚ ਐਮ. ਏ. (ਪੰਜਾਬੀ) ਦੇ ਕੋਰਸ ਵਿਚ ਲੱਗੀਆਂ ਰਹੀਆਂ ਹਨ। ਪਾਕਿਸਤਾਨ ਵਿਚ ਉਸ ਦੇ ਕਾਵਿ-ਨਾਟਕਾਂ ਉੱਤੇ ਪੀ.ਐੱਚ.ਡੀ. ਪੱਧਰ ਦਾ ਖੋਜ-ਕਾਰਜ ਵੀ ਹੋ ਚੁੱਕਾ ਹੈ। ਪੰਜਾਬੀ ਡਰਾਮੇ ਉੱਤੇ ਆਪਣਾ ਇਹ ਖੋਜ-ਕਾਰਜ, ਡਾ. ਨਿਗਹਤ ਖ਼ੁਰਸ਼ੀਦ ਨਾਰੂ ਨੇ, 2009 ਵਿਚ, ਪੰਜਾਬ ਯੂਨੀਵਰਸਿਟੀ, ਲਾਹੌਰ, ਨੂੰ ਪ੍ਰਸਤੁਤ ਕੀਤਾ।

ਡਾ. ਰਵਿੰਦਰ ਕੌਰ ਬੇਦੀ ਨੇ "ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ- ਵਿਗਿਆਨਕ ਅਧਿਐਨ", ਵਿਸ਼ੇ ਉੱਤੇ, ਆਪਣਾ ਖੋਜ-ਕਾਰਜ, 2008 ਵਿਚ, ਦਿੱਲੀ ਯੂਨੀਵਰਸਿਟੀ (ਭਾਰਤ) ਨੂੰ ਪ੍ਰਸਤੁਤ ਕਰਕੇ, ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ, ਜੋ ਪੁਸਤਕ ਰੂਪ ਵਿਚ 2014 ਵਿਚ ਛਪੀ। ਡਾ. ਕਿਰਨਦੀਪ ਕੌਰ ਨੇ "ਰਵਿੰਦਰ ਰਵੀ ਦਾ ਰਚਨਾ-ਸੰਸਾਰ : ਸੰਵੇਦਨਾ ਤੇ ਸੁਹਜ-ਸੰਸਾਰ", ਵਿਸ਼ੇ ਉੱਤੇ ਆਪਣਾ ਖੋਜ-ਕਾਰਜ, 2013 ਵਿਚ ਸੰਪੂਰਨ ਕਰਕੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ, ਭਾਰਤ ਤੋਂ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਉਸ ਦਾ ਇਹ ਖੋਜ-ਕਾਰਜ ਪੁਸਤਕ-ਰੂਪ ਵਿਚ ਵੀ ਛਪ ਚੁੱਕਾ ਹੈ।

ਪੰਜਾਬੀ ਕਾਵਿ-ਨਾਟਕ ਦੇ ਖੇਤਰ ਵਿਚ ਰਵਿੰਦਰ ਰਵੀ ਨੇ ਇਕ ਨਵਾਂ ਤੇ ਵਿਲੱਖਣ ਇਤਿਹਾਸ ਸਿਰਜਿਆ ਹੈ। ਉਸ ਨੇ ਹੁਣ ਤਕ, 16 ਕਾਵਿ-ਨਾਟਕ ਲਿਖੇ ਹਨ ਅਤੇ ਉਨ੍ਹਾਂ ਵਿੱਚੋਂ ਹੁਣ ਤਕ 12, ਭਾਰਤ ਦੇ ਨਾਮਵਰ ਰੰਗਕਰਮੀਆਂ ਵਲੋਂ ਖੇਡੇ ਜਾ ਚੁੱਕੇ ਹਨ।

2015 ਵਿਚ CIPSA (Canadian International Punjabi Sahit Academy - Brampton, ONT, Canada) ਨੇ ਰਵਿੰਦਰ ਰਵੀ ਨੂੰ "ਬਲਵੰਤ ਗਾਰਗੀ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ਼ ਡਿਸਟਿੰਕਸ਼ਨ" ਨਾਲ ਸਨਮਾਨਤ ਕੀਤਾ। ਇਹ ਪੁਰਸਕਾਰ ਉਸ ਨੂੰ ਕਾਵਿ-ਨਾਟਕ ਅਤੇ ਥੀਏਟਰ ਦੇ ਖੇਤਰ ਵਿਚ ਪਾਏ ਇਤਿਹਾਸਕ ਯੋਗਦਾਨ ਲਈ ਦਿੱਤਾ ਗਿਆ।

ਨਿੱਕੀ ਕਹਾਣੀ ਦੇ ਖੇਤਰ ਵਿਚ ਮੁੱਢ ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ ਆਦਿ ਨੇ ਤੋਰਿਆ, ਸੰਤੋਖ ਸਿੰਘ ਧੀਰ ਅਤੇ ਕੁਲਵੰਤ ਸਿੰਘ ਵਿਰਕ ਦੀ ਰਚਨਾ ਇਸ ਖੇਤਰ ਵਿਚ ਬਹੁਤ ਉੱਚ ਪਾਏ ਦੀ ਹੈ। ਹੋਰ ਕਹਾਣੀਕਾਰਾਂ ਵਿਚ ਮੁੱਖ ਪਦਵੀ ਅਜੀਤ ਕੌਰ, ਗੁਲਜ਼ਾਰ ਸਿੰਘ ਸੰਧੂ, ਰਵਿੰਦਰ ਰਵੀ ਆਦਿ ਨੂੰ ਯੋਗ ਹੈ। ਇਹ ਪਿਛਲਾ ਗੁੱਟ ਬੜੇ ਸਾਹਸੀ ਪ੍ਰਯੋਗ ਵੀ ਕਰ ਰਿਹਾ ਹੈ।

**–ਸੰਤ ਸਿੰਘ ਸੇਖੋਂ**

(**'ਪੰਜਾਬੀ ਸਾਹਿਤ ਦਾ ਇਤਿਹਾਸ'** (ਕਾਲ ਵੰਡ)–ਪੰਨਾ 13
ਭਾਸ਼ਾ ਵਿਭਾਗ ਵਲੋਂ 10 ਜੂਨ, 1976 ਵਿਚ ਛਾਪੇ ਪਰਚੇ ਵਿੱਚੋਂ)

# “ਮੇਰੀਆਂ ਸਾਰੀਆਂ ਕਹਾਣੀਆਂ” : ਆਰੰਭਕ ਸ਼ਬਦ



“Ravinder Ravi is best at arresting the mood of the vital movement in life. A shrewed artist, he uses a few flourishes of his brush and presents a picture that catches like a cobweb the iridisence of emotion the cannot be easily captured by narrating a story.”

**Kartar Singh Duggal**

Excerts from: "New Signatures in Punjabi Short Story II"
"The Tribune", Chandigarh, India-August 27, 1978

# ਮੇਰੀਆਂ ਸਾਰੀਆਂ ਕਹਾਣੀਆਂ : ਆਰੰਭਕ ਸ਼ਬਦ



"ਮੇਰੀਆਂ ਸਾਰੀਆਂ ਕਹਾਣੀਆਂ (1955-2010)", 55 ਸਾਲਾਂ ਵਿਚ ਲਿਖੀਆਂ ਤੇ ਪ੍ਰਕਾਸ਼ਤ ਕੀਤੀਆਂ, ਮੇਰੀਆਂ 96 ਕਹਾਣੀਆਂ ਅਤੇ 20 ਕਾਵਿ-ਕਹਾਣੀਆਂ ਤੇ ਗੱਦ-ਕਾਵਿ-ਕਥਾਵਾਂ ਦਾ ਸਮੁੱਚਾ ਸੰਗ੍ਰਹਿ ਹੈ।

ਇਹ ਕਹਾਣੀਆਂ ਤਿੰਨ ਦੇਸ਼ਾਂ, ਭਾਵ : ਭਾਰਤ, ਕੀਨੀਆਂ (ਪੂਰਬੀ ਅਫ਼ਰੀਕਾ) ਅਤੇ ਕੈਨੇਡਾ ਵਿਚ ਰਹਿੰਦਿਆਂ ਤੇ ਵਿਸ਼ਵ ਦੇ ਅਨੇਕਾਂ ਦੇਸ਼ਾਂ ਦੀ ਯਾਤਰਾ ਕਰਦਿਆਂ ਲਿਖੀਆਂ ਹਨ। ਇਨ੍ਹਾਂ ਦੀ ਪ੍ਰਕਿਰਤੀ ਅਤੇ ਸੁਭਾ ਗਲੋਬਲ ਤੇ ਬ੍ਰਹਮੰਡਕ ਹੈ।

ਭਾਰਤ ਤੇ ਵਿਦੇਸ਼ ਵਿਚ ਲਿਖੀ ਵਧੇਰੇ ਪੰਜਾਬੀ ਕਹਾਣੀ ਖੇਤਰੀਵਾਦੀ ਹੋ ਨਿਬੜਦੀ ਹੈ, ਪਰ ਮੇਰੀਆਂ ਕਹਾਣੀਆਂ ਕਿਸੇ ਵੀ ਇਕ ਖੇਤਰ ਨਾਲ ਜੁੜਨ ਨਾਲੋਂ, ਸਮੁੱਚੀ ਮਾਨਵਤਾ ਦੇ ਗਲੋਬਲ ਪਾਸਾਰਾਂ ਨੂੰ ਪ੍ਰਸਤੁਤ ਕਰਨ ਨੂੰ ਤਰਜੀਹ ਦਿੰਦੀਆਂ ਹਨ।

ਇਨ੍ਹਾਂ ਕਹਾਣੀਆਂ ਦੇ ਪਾਤਰਾਂ, ਪ੍ਰਸਥਿਤੀਆਂ ਤੇ ਦ੍ਰਿਸ਼ਟੀਕੋਨਾਂ ਵਿਚ ਵਿਵਿਧਤਾ ਹੈ। ਵੱਖ, ਵੱਖ ਦੇਸ਼ਾਂ, ਬੋਲੀਆਂ, ਸੱਭਿਆਚਾਰਾਂ, ਕੌਮਾਂ, ਧਰਮਾਂ ਅਤੇ ਫਲਸਫਿਆਂ ਨਾਲ ਜੁੜੇ ਇਨ੍ਹਾਂ ਕਹਾਣੀਆਂ ਦੇ ਪਾਤਰ ਵਿਵਿਧਤਾ ਜਾਂ ਅਨੇਕਤਾ ਵਿਚ ਏਕਤਾ ਦੀ ਬਾਤ ਪਾਉਂਦੇ ਹਨ।

ਇਨ੍ਹਾਂ ਕਹਾਣੀਆਂ ਵਿਚ ਮੈਂ ਅਨੇਕਾਂ ਹੀ ਥੀਮਕ, ਤਕਨੀਕੀ ਰੂਪਕ ਤੇ ਸ਼ੈਲੀਗਤ ਪ੍ਰਯੋਗ ਕੀਤੇ ਹਨ। ਇਨ੍ਹਾਂ ਕਹਾਣੀਆਂ ਦੀ ਸੰਰਚਨਾ ਵਿਚ ਕਾਵਿ, ਨਾਟਕ, ਦਰਸ਼ਨ, ਸ੍ਵੈ-ਜੀਵਨੀ ਅੰਸ਼ ਅਤੇ ਮਨੋਵਿਗਿਆਨਕ ਵਿਸ਼ਲੇਸ਼ਣ ਸਹਿਜ ਰੂਪ ਵਿਚ ਵਿਚਰਦੇ ਹਨ। ਮੇਰੀਆਂ ਵਧੇਰੇ ਕਹਾਣੀਆਂ ਪਰੰਪਰਾਗਤ ਬਿਰਤਾਂਤਕ ਸ਼ੈਲੀ ਤੋਂ ਲਗਭਗ ਮੁਕਤ ਹੀ ਹਨ। ਇਨ੍ਹਾਂ ਦੇ ਪਾਤਰ ਇਕ ਦੂਜੇ ਨਾਲ ਨਾਟਕੀ ਸੰਵਾਦ ਰਚਾਉਂਦੇ ਹੋਏ, ਭਾਸ਼ਾ ਨੂੰ ਰਚਨਾਤਮਕ ਰੂਪ ਵਿਚ ਵਰਤਦੇ ਹਨ।

ਕਰਤਾਰ ਸਿੰਘ ਦੁੱਗਲ ਦੇ ਸ਼ਬਦਾਂ ਵਿਚ :

> "Ravinder Ravi is best at arresting the mood of the vital movement in life. A shrewed artist, he uses a few flourishes of his brush and presents a picture that catches like a cobweb the iridisence of emotion the cannot be easily captured by narrating a story."

**Kartar Singh Duggal**

Excerts from: "New Signatures in Punjabi Short Story II"
"The Tribune", Chandigarh, India-August 27, 1978

ਕਹਾਣੀ ਦੇ ਗੰਭੀਰ ਪਾਠਕਾਂ, ਖੋਜਾਰਥੀਆਂ, ਵਿੱਦਿਆਰਥੀਆਂ ਅਤੇ ਅਧਿਆਪਕਾਂ ਦੀ ਸਹੂਲਤ ਲਈ, ਇਸ ਪੁਸਤਕ ਨੂੰ ਹੇਠ ਲਿਖੇ ਭਾਗਾਂ ਵਿਚ ਵੰਡ ਦਿੱਤਾ ਗਿਆ ਹੈ :

ਮੁੱਢ ਵਿਚ ਮੇਰਾ 'ਜੀਵਨ ਬਿਓਰਾ' ਦਿੱਤਾ ਗਿਆ ਹੈ। ਉਸ ਤੋਂ ਬਾਅਦ ਮੇਰੀ ਕਹਾਣੀ-ਕਲਾ ਸੰਬੰਧੀ ਕਰਤਾਰ ਸਿੰਘ ਦੁੱਗਲ, ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ, ਡਾ. ਹਰਿਭਜਨ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਡਾ. ਰਘਬੀਰ ਸਿੰਘ ਸਿਰਜਣਾ ਦੀਆਂ ਟਿਪਣੀਆਂ ਦਿੱਤੀਆਂ ਗਈਆਂ ਹਨ।

## ਭਾਗ ਪਹਿਲਾ : 96 ਕਹਾਣੀਆਂ

ਇਸ ਭਾਗ ਵਿਚ, ਤਿੰਨ ਦੇਸ਼ਾਂ ਵਿਚ ਰਹਿੰਦਿਆਂ, ਪ੍ਰਕਾਸ਼ਤ ਕੀਤੇ, ਮੇਰੇ 9 ਕਹਾਣੀ-ਸੰਗ੍ਰਹਿਆਂ ਵਿਚ ਸ਼ਾਮਿਲ, 96 ਕਹਾਣੀਆਂ ਦਿੱਤੀਆਂ ਗਈਆਂ ਹਨ। ਇਨ੍ਹਾਂ ਕਹਾਣੀ-ਸੰਗ੍ਰਹਿਆਂ ਦੇ ਰਚਨਾ-ਕਾਲ ਤੇ ਪ੍ਰਕਾਸ਼ਨ-ਸਾਲ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ। ਇਨ੍ਹਾਂ ਦੇ ਪ੍ਰਕਾਸ਼ਕਾਂ ਬਾਰੇ ਜਾਣਕਾਰੀ ਇਸ ਪੁਸਤਕ ਦੀ ਅੰਤਿਕਾ ਵਿਚ ਦਿੱਤੀ ਗਈ ਹੈ।

### I. ਭਾਰਤ ਵਿਚ ਰਹਿੰਦਿਆਂ 1955 ਤੋਂ 1968 ਤਕ ਪ੍ਰਕਾਸ਼ਤ ਕਹਾਣੀ-ਸੰਗ੍ਰਹਿ

1. ਚਰਾਵੀ (1955-1969), 2. ਜੁਰਮ ਦੇ ਪਾਤਰ (1963-1966) "ਜੁਰਮ ਦੇ ਪਾਤਰ" ਦੀਆਂ ਕਹਾਣੀਆਂ ਮੈਂ ਭਾਰਤ ਵਿਚ ਰਹਿੰਦਿਆਂ ਲਿਖੀਆਂ ਸਨ, ਪਰ ਇਨ੍ਹਾਂ ਨੂੰ ਪੁਸਤਕ ਰੂਪ ਵਿਚ, ਕੀਨੀਆਂ ਪਹੁੰਚ ਕੇ, 1968 ਵਿਚ ਪ੍ਰਕਾਸ਼ਤ ਕੀਤਾ ਸੀ। ਜਨਵਰੀ, 1967 ਵਿਚ ਮੈਂ ਭਾਰਤ ਛੱਡਕੇ, ਕੀਨੀਆਂ ਜਾ ਵੱਸਿਆ ਸਾਂ।

### II. ਕੀਨੀਆਂ ਵਿਚ ਰਹਿੰਦਿਆਂ, 1967 ਤੋਂ 1974 ਤਕ, ਪ੍ਰਕਾਸ਼ਤ ਕਹਾਣੀ-ਸੰਗ੍ਰਹਿ

1. ਸ਼ਹਿਰ ਵਿਚ ਜੰਗਲ (1967-1969) 2. ਕੌਨ ਪ੍ਰਤੀਕੌਨ (1969-1971), 3. ਮੈਲੀ ਪੁਸਤਕ (1971-1973)

### III. ਕੈਨੇਡਾ ਵਿਚ ਰਹਿੰਦਿਆਂ, 1978 ਤੋਂ 2010 ਤਕ ਪ੍ਰਕਾਸ਼ਤ ਕਹਾਣੀ-ਸੰਗ੍ਰਹਿ

ਕੈਨੇਡਾ, ਭਾਵੇਂ ਕਿ ਮੈਂ 14 ਦਸੰਬਰ, 1974 ਨੂੰ ਪਹੁੰਚ ਗਿਆ ਸਾਂ ਪਰ ਮੇਰਾ ਪਹਿਲਾ ਕਹਾਣੀ-ਸੰਗ੍ਰਹਿ 1978 ਵਿਚ ਛਪਿਆ।

1. ਜਿੱਥੇ ਦੀਵਾਰਾਂ ਨਹੀਂ (1973-1978), 2. ਕੰਪਿਊਟਰ ਕਲਚਰ (1978-1985), 3. ਆਪਣੇ ਆਪਣੇ ਟਾਪੂ (1985-1992), 4. ਗੋਰੀਆਂ ਸ਼ਹੀਦੀਆਂ (1992-2010)

## ਭਾਗ ਦੂਜਾ : 30 ਕਾਵਿ-ਕਹਾਣੀਆਂ ਤੇ ਗੱਦ-ਕਾਵਿ-ਕਥਾਵਾਂ (1965-2010)

ਇਹ ਕਾਵਿ-ਕਹਾਣੀਆਂ ਤੇ ਗੱਦ-ਕਾਵਿ-ਕਥਾਵਾਂ ਸਮੇਂ ਸਮੇਂ, ਮੇਰੇ ਕਹਾਣੀ-ਸੰਗ੍ਰਹਿਆਂ ਅਤੇ ਕਾਵਿ-ਸੰਗ੍ਰਹਿਆਂ ਵਿਚ ਛਪਦੀਆਂ ਰਹੀਆਂ ਹਨ। ਇਨ੍ਹਾਂ ਦੇ ਨਾਲ, ਇਨ੍ਹਾਂ ਦੇ ਵੇਰਵੇ ਦੇ ਦਿੱਤੇ ਗਏ ਹਨ।

## ਇਸ ਕਹਾਣੀ-ਸੰਗ੍ਰਹਿ ਵਿਚ ਸ਼ਾਮਿਲ ਪੁਸਤਕਾਂ/ਕਹਾਣੀਆਂ : ਆਲੋਚਕਾਂ ਦੀ ਨਜ਼ਰ ਵਿਚ

ਇਸ ਭਾਗ ਵਿਚ ਮੇਰੇ ਕਹਾਣੀ-ਸੰਗ੍ਰਹਿਆਂ ਤੇ ਕਹਾਣੀਆਂ ਬਾਰੇ ਪ੍ਰਾਪਤ ਕੁਝ ਚੋਣਵੇਂ ਰੀਵੀਊ, ਟਿਪਣੀਆਂ ਤੇ ਨਿਬੰਧ ਆਦਿ ਇਕੱਠੇ ਕਰ ਦਿੱਤੇ ਗਏ ਹਨ।

## ਰਵਿੰਦਰ ਰਵੀ ਵਲੋਂ ਲਿਖੀਆਂ ਆਪਣੇ ਕੁਝ ਕਹਾਣੀ-ਸੰਗ੍ਰਹਿਆਂ ਦੀਆਂ ਭੂਮਿਕਾਵਾਂ

ਇਸ ਭਾਗ ਵਿਚ ਮੇਰੇ 7 ਕਹਾਣੀ-ਸੰਗ੍ਰਹਿਆਂ ਦੀਆਂ, ਮੇਰੀਆਂ ਆਪਣੀਆਂ ਲਿਖੀਆਂ ਭੂਮਿਕਾਵਾਂ ਸ਼ਾਮਿਲ ਹਨ। ਇਨ੍ਹਾਂ ਤੋਂ ਜਿੱਥੇ ਪਾਠਕਾਂ ਨੂੰ ਪਾਤਰਾਂ ਅਤੇ ਪ੍ਰਸਥਿਤੀਆਂ ਬਾਰੇ ਪ੍ਰਸੰਗਕ ਜਾਣਕਾਰੀ ਮਿਲੇਗੀ, ਉੱਥੇ ਉਹ ਇਨ੍ਹਾਂ ਪ੍ਰਤੀ ਮੇਰੇ ਨਜ਼ਰੀਏ ਤੋਂ ਵੀ ਜਾਣੂੰ ਹੋ ਸਕਣਗੇ।

## ਅੰਤਿਕਾ

ਇਸ ਭਾਗ ਵਿਚ ਮੇਰੀਆਂ ਹੁਣ ਤਕ ਛਪੀਆਂ ਪੁਸਤਕਾਂ ਦੇ ਵੇਰਵੇ, ਮੇਰੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ ਦੀ ਸੂਚੀ, ਮੇਰੇ ਸਾਹਿਤ ਉੱਤੇ ਪੀ.ਐਚ.ਡੀ. ਤੇ ਐਮ.ਫਿਲ. ਡਿਗਰੀਆਂ ਲਈ ਹੋ ਚੁੱਕੇ ਜਾਂ ਹੋ ਰਹੇ ਖੋਜ-ਕਾਰਜਾਂ ਦੇ ਵੇਰਵੇ, ਪ੍ਰਾਪਤ ਪੁਰਸਕਾਰ ਤੇ ਮਾਨ ਸਨਮਾਨ ਬਾਰੇ ਜਾਣਕਾਰੀ ਸ਼ਾਮਿਲ ਹੈ।

ਮੈਂ ਸਦਾ ਹੀ ਲੀਹ ਤੋਂ ਹਟਕੇ ਲਿਖਿਆ ਅਤੇ ਕਹਾਣੀ ਵਿਚ ਥੀਮ, ਤਕਨੀਕ, ਸ਼ੈਲੀ ਅਤੇ ਸੰਰਚਨਾ ਦੇ ਖੇਤਰ ਵਿਚ ਅਨੇਕਾਂ ਪ੍ਰਯੋਗ ਕੀਤੇ ਹਨ, ਜਿਨ੍ਹਾਂ ਨੂੰ ਕਰਤਾਰ ਸਿੰਘ ਦੁੱਗਲ, ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ, ਡਾ. ਹਰਿਭਜਨ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਡਾ. ਰਘਬੀਰ ਸਿੰਘ ਸਿਰਜਣਾ ਆਦਿ ਵਰਗੇ ਉੱਚ ਕੋਟੀ ਦੇ ਲੇਖਕਾਂ ਤੇ ਆਲੋਚਕਾਂ ਤੋਂ ਬਿਨਾਂ, ਹੁਣ-ਕਾਲ ਵਿਚ ਵਿਚਰਦੀ, ਨੌਜਵਾਨ ਪੀੜ੍ਹੀ ਦੇ ਨਵੇਂ ਸਮੀਖਿਆਕਾਰਾਂ ਨੇ ਵੀ ਪਹਿਚਾਣਿਆ ਹੈ।

**ਰਵਿੰਦਰ ਰਵੀ**

# ਰਵਿੰਦਰ ਰਵੀ ਦੀ ਕਹਾਣੀ-ਕਲਾ

## ਕਰਤਾਰ ਸਿੰਘ ਦੁੱਗਲ

*Ravinder Ravi was in Kenya for quite some time before he moved to Canada recently. His collection of short stories "Kaun Pratikaun" ("ਕੌਨ ਪ੍ਰਤੀਕੌਨ") presents the East African scene as convincingly as Raghbir Dhand portrays the life in the U.K., Particularly of the people of Indian origin. This is Ravi's fourth collection of short stories. His earlier works being "Charavi", "Juram de Patar" and "Shehr Vich Jungle" ("ਚਰਾਵੀ", "ਜੁਰਮ ਦੇ ਪਾਤਰ" ਅਤੇ "ਸ਼ਹਿਰ ਵਿਚ ਜੰਗਲ")

Better known as and experimentalist poet, Ravi is also a short story writer of considerable accomplishment. His stories depicting the life of the East African tribals add another dimension to the new Punjabi writing. He glorifies the human animal in the African tribal, contrasting it with the scheming white man and the unscrupulous Asian. His stories have bone and muscle and finish.

Here is a new voice without amateurishness about him. He makes the facts and incidents of the fascinating African life vitally compelling. Like a clever cameraman he focuses his lens from various angles so that the picture that emerges is complete in all respects.

He shows his conutrymen clamouring to go to the under developed Africa with a view to making money, how they amass wealth by fair means and foul, and then siphon it to their people back home through equally improper channels. As against this the native Africans are simple and unsophisticated. Their sex life is uninhibited.

Nyakrenga fell in love with her class mate when studying in the fifth class. By the time she was in the seventh class her boy friend had run away, not being able to match her wild passion. Nyakrenga now takes to other men. Since her people would not have it, she leaves her village and comes to the town. She runs a bar and has all sorts of men chasing her.

Yes the eternal woman in her waits for the man of her heart. When he arrives, she shuts herself to everyone else, the crowd of her lovers knocking at her door in vain.

As against this, Sham Lal, an Indian trader in "Ik Sautantar Chhin" ("ਇਕ ਸੁਤੰਤਰ ਛਿਣ") has no scruples in sleeping with the local maid-servant the first time he is left alone by his wife, despite the fact that the native maid servant has thick lips, a flat nose and ebony dark colour.

To my mind, Ravinder Ravi is best at arresting the mood of the vital movement in life (Hanera, Eucalyptus te Agg — "ਅਨ੍ਹੇਰਾ ਯੂਕਲਿਪਟਸ ਤੇ ਅੱਗ") A shrewed artist, he uses a few flourishers of his brush and presents a picture that catches like a cobweb the iridiscence of emotion that cannot be easily captured by narrating a story.

In spite of his years, Ravinder Ravi has maturity of outlook on life and unlike many other young writers he is versatile and prolific.

* (ਕਹਾਣੀ-ਸੰਗ੍ਰਹਿ : "ਕੋਨ ਪ੍ਰਤੀਕੋਨ")

**–ਕਰਤਾਰ ਸਿੰਘ ਦੁੱਗਲ**

New Signature in Punjabi Short Story-II

"The Tribune", August 27, 1978

* I have since received your collection of short stories "ਜੁਰਮ ਦੇ ਪਾਤਰ" and I have found time to read the first three stories ('ਜੁਰਮ ਦੇ ਪਾਤਰ', 'ਵਿਕੱਥਾ', 'ਜਦੋਂ ਸੁੰਦਰਤਾ ਦਰਸ਼ਨ ਦੇਵੇ') last weekend. We need more writers of your calibre to pull Punjabi readers out of their silly inhibition. (ਪੱਤਰ)

(ਪੁਸਤਕ : "ਸ਼ਹਿਰ ਵਿਚ ਜੰਗਲ", ਪੰਨਾ 120)

* I enjoy reading Ravinder Ravi whether he writes poetry, drama or fiction because he invariably carried his reader with him to the distant climes and provides in the familiar Punjabi idiom a milieu which one comes across only in writings in foreign languages.

Not only this, he lends to his portraiture of places and personalities a presepective that is particularly meaningful for the Punjabi reader. The agony and the ecstacy of the immigrants, a familiar theme with Punjabi writers settled abroad, have a ring of authenticity in Ravi's writing. Not many of his compartriots can claim this distinction.

A shrewed craftsman, Ravi paints his pen pictures with consummate skill and then starts analysing it with the story evolving in the process (as in "Pot Luck" — "ਪੌਟ ਲੱਕ")

The nostalgic fondness for his own conutry becomes vastly meaningful in the hand of this sensitive artist. He weaves a fine fabric with varied threads. It is as tender as it is soulful. He would any day barter the skyscrapers and the affluence of the West for the starlit blue sky of his motherland ("Tarian wala Des" — "ਤਾਰਿਆਂ ਵਾਲਾ ਦੇਸ਼")

Ravi spares no effort in bringing home to his readers the harsh truth that the so-called developed societies suffer from all ailments plaguing the less-developed people. They too have inflation and un-employment. They too have to put up with the un-scrupulousness of vested interests and the misery of the underprivileged. There is no dearth of meanness and pettiness in western society and their values, which our people aspire to emulate blindly at times, are utterly hollow ("Kinne Jawala Mukhi Hore" — "ਕਿੰਨੇ ਜਵਾਲਾਮੁਖੀ ਹੋਰ")

Ravi is at his best when he talks about the so-called freedom of sex in Westren society. He ridicules their premissiveness as vehemently as Ajit Kaur takes her father to task for shouting at her when she happened to talk to a stranger casually ("Pet Culture" and "Ishwari Rishte" — "ਪੈਟ ਕਲਚਰ" ਤੇ "ਈਸ਼ਵਰੀ ਰਿਸ਼ਤੇ")

What I admire most in Ravi is the daredevil manner in which he plunges himself into exprementing with form and content. The collection has as many as four short stories unfolded in verse. I have always believed that a successful short story reads like a piece of poetry.

* (ਕਹਾਣੀ-ਸੰਗ੍ਰਹਿ : "ਕੰਪਿਊਟਰ ਕਲਚਰ")

**–ਕਰਤਾਰ ਸਿੰਘ ਦੁੱਗਲ**

-Success of Punjabi Short Story

"The Tribune", November 16, 1985

* Ravinder Ravi, who has carved for himself a niche in Punjabi writing as a poet of dissent and a fiction writer imbued with fury, is blazing a trail in the world of drama as well.

Another significant new arrival in Punjabi is again Ravi's collection of short stories entitled ("Agharwasi" — "ਅਘਰਵਾਸੀ") (Navyug, Rs. 80). These were written during the past 28 years. The expatriate in Ravi brings home to the Punjabi reader vivid pictures of life in Kenya and Canada and in the various other countries of Europe that he has visited or lived in. He is uninhibited, and invariably narrates his story with telling effect. The collection contains stories and anti-stories, poetic narratives and dramatic monologues.

Among the leading Punjabi writers domiciled abroad Ravinder Ravi and Ajaib Kamal are, prehaps, the most prolific. They acquit themselevs creditably whatever genre they handle—whether it is poetry, fiction or drama. Says Ravi : "Writing for me is neither a hobby nor a pastime. It is a hunger, a necessity of life like the yearning to live, a habit, the physical need to breathe. My belief is that writing is the author's creative personification and his preceptive expreience its spinal chord."

Ravi has been dicussed in this column as a short story writer earlier with reference to a number of short stories included in this omnibus volume. Sufficent it to say that the two new stories, ("Bhatakde Daire" and "Ik Hore Hemingway"— "ਇਕ ਹੋਰ ਹੈਮਿੰਗਵੇ"), confirm my faith in him as a short story writer of great promise.

With the dust-cover designed by the famed Punjabi artist Sohan Qadri, domiciled in Denmark, it is a tastefully produced volume of 435 pages. Indeed a gift of the year for any book lover.

**–ਕਰਤਾਰ ਸਿੰਘ ਦੁੱਗਲ**

"The Tribune" (28 ਜੁਲਾਈ, 1984)

## ਸੰਤ ਸਿੰਘ ਸੇਖੋਂ

1960 ਤੋਂ ਪਿੱਛੋਂ ਸਾਰੀ ਦੌੜ ਧੂਪ ਦਾ ਜਾਇਜ਼ਾ ਲਿਆ ਜਾਣ ਲੱਗਾ, ਤਾਂ ਸਾਨੂੰ ਵੀ ਤੇ ਸਾਥੋਂ ਪਿਛਲਿਆਂ ਨੂੰ ਵੀ ਇਹ ਜਾਣ ਕੇ ਹੌਂਸਲਾ ਹੋਇਆ ਕਿ ਭਾਵੇਂ ਅਸੀਂ ਯੂਰਪ ਤੋਂ ਪਿੱਛੇ ਹੀ ਸਾਂ, ਸਾਡੀ ਯੂਰਪ ਨੂੰ ਪਕੜਨ ਦੀ ਨੀਤੀ ਗ਼ਲਤ ਨਹੀਂ ਸੀ ਤੇ ਉਹ ਹੀ ਨੀਤੀ ਸਾਥੋਂ ਪਿਛਲਿਆਂ ਨੇ, ਜਿਨ੍ਹਾਂ ਵਿਚ ਜਸਬੀਰ ਸਿੰਘ ਆਹਲੂਵਾਲੀਆ ਤੋਂ ਛੁੱਟ ਮੈਂ ਰਵਿੰਦਰ ਰਵੀ ਨੂੰ ਇਕ ਮੋਢੀ ਗਿਣਦਾ ਹਾਂ, ਅਪਣਾਈ ਹੋਈ ਹੈ।

ਰਵੀ ਦੀ ਕਹਾਣੀ ਪ੍ਰਗਤੀਵਾਦ ਦੀ ਆਤਮਾ ਤੋਂ ਦੂਰ ਨਹੀਂ ਜਾਂਦੀ। ਉਹ ਇਸ ਵਿਚ ਕੁਝ ਨਵੇਂ ਅੰਸ਼ ਵਧਾਂਦਾ ਹੈ, ਜਿਨ੍ਹਾਂ ਉੱਤੇ ਆਧੁਨਿਕ ਅਸਤਿੱਤਵਾਦੀ ਚੇਤਨਾ ਦਾ ਪ੍ਰਭਾਵ ਹੈ। ਮੁੱਖ ਰੂਪ ਵਿਚ ਰਵੀ ਦੀ ਕਹਾਣੀ ਵਿਚ ਹਾਲੀਂ ਵੀ ਨਾਇਕ ਦਾ ਸਥਾਨ ਸਾਧਾਰਣ ਮਨੁੱਖ ਨੂੰ ਹੀ ਦਿੱਤਾ ਜਾਂਦਾ ਹੈ, ਜੋ ਆਪਣੇ ਜੀਵਨ ਵਿਚ ਸਮਾਜ ਦੇ ਆਰਥਿਕ ਅਨਿਆਇ ਦਾ ਸ਼ਿਕਾਰ ਹੈ। ਉਹ ਹੁਣ ਵੀ ਆਪਣੇ ਆਪ ਨੂੰ ਇਸ ਸ਼ੋਸ਼ਿਤ ਵਰਗ ਨਾਲ ਇਕ ਆਤਮਾ ਬਣਾ ਸਕਦਾ ਹੈ। ਪਰ ਹੁਣ ਉਸ ਦਾ ਧਿਆਨ ਬਹੁਤ ਵਾਰੀ ਮਾਨਵ ਦੀ ਸਮਾਜਕ ਤੇ ਆਰਥਿਕ ਦਸ਼ਾ ਵਲੋਂ ਹਟ ਕੇ ਉਸ ਦੇ ਅੰਦਰਲੇ ਪਾਪ ਤੇ ਰੋਗ ਵਲ ਜਾਂਦਾ ਹੈ। ਇਹ ਪ੍ਰਕਿਰਤੀਵਾਦ ਉਸ ਦੇ ਅਸਤਿੱਤਵਾਦ ਵਲ ਝੁਕਾਅ ਦਾ ਫਲ- ਸਰੂਪ ਹੈ।

ਬਹੁਤੀਆਂ ਸਫਲ ਕਹਾਣੀਆਂ ਮੇਰੀ ਜਾਚ ਵਿਚ 'ਦੂਸਰਾ ਜਨਮ' ਤੇ 'ਹੁਸ਼ਿਆਰ ਹੋ ਜਾਓ' ਹਨ। ਇਹ ਦੋਵੇਂ ਕਹਾਣੀਆਂ ਜਿੱਥੇ ਪਾਤਰਾਂ ਦੀ ਨਿੱਜੀ ਸਥਿਤੀ ਦੇ ਭਰਪੂਰ ਤੇ ਪ੍ਰਭਾਵਕ ਚਿਤਰ ਦੇਂਦੀਆਂ ਹਨ, ਜਿਸ ਕਾਰਜ ਵਿਚ ਰਵੀ ਦਾ ਅਸਤਿੱਤ੍ਵਵਾਦ ਤੇ ਪ੍ਰਕਿਰਤੀ-ਵਾਦ ਇਕ ਬੋਝਲ ਪੰਡ ਨਹੀਂ ਪ੍ਰਤੀਤ ਹੁੰਦਾ, ਉੱਥੇ ਉਸ ਸਮਾਜਕ ਸਥਿਤੀ ਨੂੰ ਪ੍ਰਭਾਵਕ ਰੂਪ ਵਿਚ ਦਰਸਾਂਦੀਆਂ ਹਨ, ਜਿਸ ਨਾਲ ਸਿੱਝਣਾ ਸਾਹਿਤ ਦਾ ਮੁੱਖ ਕਰਤਵ ਹੈ। 'ਦੂਸਰਾ ਜਨਮ' ਵਿਚ ਰਵੀ ਨੇ ਸਾਡੇ ਦੇਸ਼ ਵਿਚ ਮਨੁੱਖੀ ਬੀਜ ਦੀ ਬਹੁਤਾਤ ਤੇ ਅੰਨ ਦੇ ਬੀਜ ਦੀ ਥੁੜ੍ਹ ਉੱਤੇ ਇਕ ਚਤੁਰ ਵਿਅੰਗ ਕੀਤਾ ਹੈ, ਤੇ ਇਸ ਨੂੰ ਬਸੰਤ ਕੌਰ ਤੇ ਮੁਣਸ਼ਾ ਸਿੰਘ ਦੀ ਨਿੱਜੀ ਸਥਿਤੀ ਵਿਚੋਂ ਬੜੇ ਕਲਾਮਈ ਢੰਗ ਨਾਲ ਉਭਾਰਿਆ ਹੈ। 'ਹੁਸ਼ਿਆਰ ਹੋ ਜਾਓ' ਵਿਚ ਵੀ ਸਾਡੇ ਰਾਜ ਅਧਿਕਾਰ ਤੇ ਦੇਸ਼ ਪਿਆਰ ਤੇ ਜਨਤਾ ਵਲ ਲਾਪਰਵਾਹੀ ਨੂੰ ਬਰਾਬਰ ਖੜ੍ਹੇ ਕਰ ਕੇ ਇਕ ਅਤਿਅੰਤ ਕਲਾਮਈ ਪ੍ਰਭਾਵ ਉਤਪੰਨ ਕੀਤਾ ਗਿਆ ਹੈ। ਜੈਲੇ ਦਾ ਪਾਤਰ ਇਸ ਕਹਾਣੀ ਵਿਚ ਇਕ ਬੜਾ ਪਿਆਰਾ ਪਾਤਰ ਹੈ। 'ਜੱਦੋ ਜਹਿਦ' ਤੇ 'ਨੱਤੀ' ਵੀ ਸਫਲ ਤੇ ਉਪ੍ਰੋਕਤ ਦੋਹਾਂ ਹੀ ਪੱਖਾਂ ਤੋਂ ਭਰਪੂਰ ਪ੍ਰਭਾਵ ਪਾਣ ਵਾਲੀਆਂ ਕਹਾਣੀਆਂ ਹਨ। ਇਨ੍ਹਾਂ ਦੇ ਪਾਤਰ ਵੀ ਜੈਲੇ ਵਾਕਰ ਸਮਾਜਕ ਅਨਿਆਇ, ਵਿਖਮਤਾ ਤੇ ਅਯੋਗਤਾ ਦੇ ਸ਼ਿਕਾਰ ਹਨ ਤੇ ਬੜੀ ਹਿੰਮਤ ਨਾਲ ਇਸ ਅਨਿਆਇ ਦੇ ਵਿਰੁੱਧ ਖੜ੍ਹੇ ਹੋਏ ਹਨ।

ਵਸਤੂ ਪੱਖ ਤੋਂ ਰਵੀ ਚੋਖੇ ਪਰਿਸ਼ਰਮ ਤੇ ਡੂੰਘੀ ਸੋਚ ਦਾ ਸਬੂਤ ਦਿੰਦਾ ਹੈ। ਇਸ ਪੱਖ ਤੋਂ ਮੈਂ ਉਸ ਨੂੰ ਕੁਲਵੰਤ ਸਿੰਘ ਵਿਰਕ ਦੀਆਂ ਕਹਾਣੀਆਂ ਦੇ ਸਾਵਾਂ ਉਤਰਨ ਦੀ ਇੱਛਾ ਕਰਦਾ ਹਾਂ।

**"ਅਜੀਤ",** 22 ਜੁਲਾਈ, 1969
(ਜੁਰਮ ਦੇ ਪਾਤਰ ਦੇ ਆਲੋਚਨਾਤਮਕ ਅਧਿਅਨ ਵਿਚੋਂ)

ਨਿੱਕੀ ਕਹਾਣੀ ਦੇ ਖੇਤਰ ਵਿਚ ਮੁੱਢ ਕਰਤਾਰ ਸਿੰਘ ਦੁੱਗਲ, ਸੁਜਾਨ ਸਿੰਘ ਆਦਿ ਨੇ ਤੋਰਿਆ, ਸੰਤੋਖ ਸਿੰਘ ਧੀਰ ਅਤੇ ਕੁਲਵੰਤ ਸਿੰਘ ਵਿਰਕ ਦੀ ਰਚਨਾ ਇਸ ਖੇਤਰ ਵਿਚ ਬਹੁਤ ਉੱਚ ਪਾਏ ਦੀ ਹੈ। ਹੋਰ ਕਹਾਣੀਕਾਰਾਂ ਵਿਚ ਮੁੱਖ ਪਦਵੀ ਅਜੀਤ ਕੌਰ, ਗੁਲਜ਼ਾਰ ਸਿੰਘ ਸੰਧੂ, ਰਵਿੰਦਰ ਰਵੀ ਆਦਿ ਨੂੰ ਯੋਗ ਹੈ। ਇਹ ਪਿਛਲਾ ਗੁੱਟ ਬੜੇ ਸਾਹਸੀ ਪ੍ਰਯੋਗ ਵੀ ਕਰ ਰਿਹਾ ਹੈ।

**-ਸੰਤ ਸਿੰਘ ਸੇਖੋਂ**
(**'ਪੰਜਾਬੀ ਸਾਹਿਤ ਦਾ ਇਤਿਹਾਸ'** (ਕਾਲ ਵੰਡ)-ਪੰਨਾ 13
ਭਾਸ਼ਾ ਵਿਭਾਗ ਵਲੋਂ 10 ਜੂਨ, 1976 ਵਿਚ ਛਾਪੇ ਪਰਚੇ ਵਿੱਚੋਂ)

## ਕੁਲਵੰਤ ਸਿੰਘ ਵਿਰਕ

ਪੰਜਾਬ ਤੋਂ ਬਾਹਰ ਵਸਦੇ ਪੰਜਾਬੀ ਲੇਖਕਾਂ ਨੇ ਬਹੁਤ ਸਾਰਾ ਕਹਾਣੀ ਸਾਹਿਤ ਰਚਿਆ ਹੈ। ਇਹ ਸਾਹਿਤ ਬੜਾ ਵਡਮੁੱਲਾ ਹੈ, ਕਿਉਂਕਿ ਇਹ ਉਨ੍ਹਾਂ ਦਾ ਇਕ ਓਪਰੀ ਸਭਿਅਤਾ ਸਾਹਮਣੇ ਦਹਿਲ ਤੇ ਦੁਖ, ਮਾਤਭੂਮੀ ਨਾਲ ਉਨ੍ਹਾਂ ਦਾ ਮੋਹ ਤੇ ਮੁੜ ਘਰ ਨਾ ਆ ਸਕਣ ਦੀ ਮਜਬੂਰੀ ਪ੍ਰਗਟ ਕਰਦਾ ਹੈ।

ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਮੁਹਾਂਦਰਾ ਇਨ੍ਹਾਂ ਤੋਂ ਬਿਲੁਕਲ ਵੱਖਰਾ ਹੈ। ਇਨ੍ਹਾਂ ਵਿਚ ਪੰਜਾਬ ਦਾ ਓਦਰੇਵਾਂ ਨਹੀਂ ਹੈ (ਵਿਦਵਾਨ ਇਸ ਨੂੰ ਭੂ-ਹੇਰਵਾ ਵੀ ਆਖਦੇ ਹਨ)। ਰਵੀ ਜਿੱਥੇ ਵੀ ਗਿਆ ਹੈ ਓਥੋਂ ਦੇ ਲੋਕਾਂ ਵਿਚ ਰਚ ਮਿਚ ਕੇ ਵਿਚਰਿਆ ਹੈ। ਵੱਡੇ ਛੇੜ ਵਿਚ ਆਈ ਨਵੀਂ ਗਾਂ ਮੱਝ ਵਾਂਗ ਉਹ ਕੰਧ ਨਾਲ ਲੱਗ ਕੇ ਨਹੀਂ ਖਲੋਤਾ ਰਿਹਾ। ਇਸ ਲਈ ਉਦਰੇਵੇਂ ਦੀ ਥਾਂ ਇਨ੍ਹਾਂ ਕਹਾਣੀਆਂ ਵਿਚ ਬਾਹਰਲੇ ਦੇਸ਼ਾਂ ਦੇ ਇਸਤਰੀ ਮਰਦ ਜਿਊਂਦੇ ਵਸਦੇ ਨਜ਼ਰ ਆਉਂਦੇ ਹਨ। ਉਨ੍ਹਾਂ ਦੇ ਇਸ ਵਸਣ ਵਿਚ ਪੰਜਾਬੀ ਪਾਤਰਾਂ ਨਾਲ ਪਰਸਪਰ ਮੇਲ ਜੋਲ ਤੇ ਰਗੜ ਟੱਕਰ ਵੀ ਸ਼ਾਮਲ ਹੈ। ਰਵੀ ਦਾ ਇਹ ਸਾਹਸ ਉਸ ਦੀਆਂ ਕਹਾਣੀਆਂ ਵਿਚ ਇਕ ਉਚੇਚੀ ਰੋਚਕਤਾ ਭਰ ਦੇਂਦਾ ਹੈ। ਕਈ ਕਹਾਣੀਆਂ ਦਾ ਅੰਤ ਇਨ੍ਹਾਂ ਬਾਹਰਲੇ ਲੋਕਾਂ ਜਾਂ ਬਾਹਰਲੀ ਜੀਵਨ ਜਾਂਚ ਨੂੰ ਅਪਣਾ ਬੈਠੇ ਪੰਜਾਬੀ ਲੋਕਾਂ ਦੇ ਕਿਸੇ ਤਿੱਖੇ ਪ੍ਰਤੀਕਰਮ ਨਾਲ ਹੁੰਦਾ ਹੈ। "ਯੂ ਸਨ ਆਫ ਏ ਬਿੱਚ, ਅੱਜ ਇਹ ਸੋਚ ਕੇ ਆਈ ਸੀ ਕਿ ਜੇ ਤੂੰ ਕੋਈ ਹੋਰ ਕੁੜੀ ਨਾਲ ਲੈ ਕੇ ਆਇਆ, ਤਾਂ ਉਸ ਨੂੰ ਚੀਰ ਕੇ ਰੱਖ ਦਿਆਂਗੀ, ਘਰ ਨੂੰ ਅੱਗ ਲਾ ਦਿਆਂਗੀ।"

(ਕਹਾਣੀ: 'ਪਸ਼ੂ ਹੋਣ ਤੱਕ')।

"ਤੂੰ ਆਪਣੇ ਕਿਰਾਏ ਨਾਲ ਗ਼ਰਜ਼ ਰੱਖਿਆ ਕਰ। ਭਟਕਣ ਦੀ ਕੋਈ ਕੌਮੀਅਤ ਨਹੀਂ ਹੁੰਦੀ। ਇਸ ਦੀ ਆਪਣੀ ਵੱਖਰੀ ਸਭਿਅਤਾ ਹੁੰਦੀ ਹੈ।" ('ਭਟਕਦੇ ਦਾਇਰੇ')

"ਜਿਸ ਦੀਵਾਰ ਦੇ ਆਰ ਪਾਰ ਅਸੀਂ ਲੇਟੇ ਹੋਏ ਹਾਂ, ਉਸ ਵਿਚੋਂ ਇਕ ਬੂਹਾ ਅੰਦਰ ਵਲ ਵੀ ਖੁੱਲ੍ਹਦਾ

ਹੈ। ਉਸ ਬੂਹੇ ਦੀ ਸਾਂਝ ਮੈਂ ਤੈਥੋਂ ਮੰਗਦੀ ਹਾਂ। ਫਿਰ ਵੱਖੋ ਵੱਖਰੇ ਕਮਰਿਆਂ ਵਿਚ ਸੁੱਤਿਆਂ ਵੀ ਮੈਨੂੰ ਇਹ ਅਹਿਸਾਸ ਰਹੇਗਾ ਕਿ ਹਰ ਦੀਵਾਰ ਵਿਚੋਂ ਇਕ ਬੂਹਾ ਅੰਦਰ ਵਲ ਵੀ ਖੁੱਲ੍ਹਦਾ ਹੈ।"

('ਅੰਦਰ ਵਲ ਖੁਲ੍ਹਦਾ ਬੂਹਾ')

ਵੱਖ ਵੱਖ ਦੇਸ਼ਾਂ ਵਿਚ ਆਪਣੇ ਹੁਣ ਤਕ ਦੇ ਬਿਤਾਏ ਜੀਵਨ ਵਿਚ ਜਿਨ੍ਹਾਂ ਰੌਚਕ ਵਿਅਕਤੀਆਂ ਨਾਲ ਉਸ ਦਾ ਮੇਲ ਹੋਇਆ ਹੈ, ਉਨ੍ਹਾਂ ਨੂੰ ਉਹ, 1955 ਤੋਂ 1973 ਤਕ ਲਿਖੀਆਂ ਇਨ੍ਹਾਂ 76 ਕਹਾਣੀਆਂ ਵਿਚ, ਪਾਠਕਾਂ ਨੂੰ ਮਿਲਾਂਦਾ ਹੈ ਅਤੇ ਜੋ ਪ੍ਰਭਾਵ ਉਨ੍ਹਾਂ ਉਸ ਦੇ ਮਨ ਉਤੇ ਛੱਡੇ ਹਨ, ਉਨ੍ਹਾਂ ਨੂੰ ਘੋਖ ਸਮਝ ਕੇ ਉਹ ਪਾਠਕਾਂ ਤੀਕ ਪੁਚਾਂਦਾ ਹੈ। ਇਸ ਤਰ੍ਹਾਂ ਪੱਛਮੀ ਅਤੇ ਅਫਰੀਕੀ ਦੇਸ਼ਾਂ ਦੇ ਜਵਾਨ ਇਸਤਰੀ-ਪੁਰਸ਼ ਪੰਜਾਬੀ ਕਹਾਣੀ ਵਿਚ ਪਹਿਲੀ ਵਾਰ ਖੁੱਲ੍ਹ ਕੇ ਵਿਚਰੇ ਹਨ। ਪੂਰਬ ਵਲੋਂ ਗਏ ਕਿਸੇ ਜਵਾਨ ਆਦਮੀ ਲਈ ਕੁਦਰਤੀ ਤੌਰ 'ਤੇ ਮੁੱਢਲੀ ਖਿੱਚ ਇਸਤਰੀ ਲਈ ਹੀ ਹੋਵੇਗੀ। ਬਹੁਤੀਆਂ ਕਹਾਣੀਆਂ ਦੀਆਂ ਪਾਤਰ ਇਸਤ੍ਰੀਆਂ ਹੀ ਹਨ। 'ਰੋਹ ਦੀ ਸ਼ੈਲੀ' ਵਿਚ ਇਕ ਰੈੱਡ ਇੰਡੀਅਨ ਕੁੜੀ ਆਪਣੀ ਸਭਿਅਤਾ ਵਿਚ ਕੁਝ ਖੁੱਲ੍ਹ ਲਿਆ ਕੇ ਉਸ ਨੂੰ ਅੱਗੇ ਟੋਰਨ ਲਈ ਆਪਣੇ ਜੀਵਨ ਦੀ ਬਲੀ ਦੇਂਦੀ ਹੈ। ਇਹੋ ਜਿਹੀਆਂ ਸ਼ਹੀਦੀਆਂ ਹਰ ਦੇਸ਼ ਵਿਚ ਹਰ ਸਮੇਂ ਦਿੱਤੀਆਂ ਜਾਂਦੀਆਂ ਰਹੀਆਂ ਹਨ, ਪਰ ਸਮਾਜ ਦੇ ਪਰਬਲ ਤੇ ਪਰਧਾਨ ਅੰਸ਼, ਜਿਵੇਂ ਮਾਪੇ ਜਾਂ ਵਿਸ਼ੇਸ਼ ਅਧਿਕਾਰਾਂ ਵਾਲੀਆਂ ਜਾਤੀਆਂ, ਹੋਰ ਕੁਰਬਾਨੀਆਂ ਦੀ ਲੋੜ ਬਣਾਈ ਰੱਖਦੇ ਹਨ। 'ਜਿੱਥੇ ਦੀਵਾਰਾਂ ਨਹੀਂ' ਵਿਚ ਇਕ ਯੂਰਪੀਨ ਲੜਕੀ ਜਿਹੜੀ ਨਿਯਮਾਂ ਅਨੁਸਰ ਯਾਤਰਾ ਕਰਨ ਦੀ ਪਰਪਾਟੀ ਵਿਚ ਖੁੱਭੀ ਹੋਈ, ਇਕ ਹੋਰ ਦੇਸ਼ੋਂ ਆਈ ਹੈ, ਇਕ ਨਵੀਂ ਤੇ ਵੱਖਰੀ ਸੋਚ ਵਾਲੇ ਆਦਮੀ ਨਾਲ ਮੇਲ ਪਿੱਛੋਂ ਆਪਣਾ ਦ੍ਰਿਸ਼ਟੀਕੋਣ ਬਦਲ ਲੈਂਦੀ ਹੈ। ਇਸ ਦਾ ਇਕ ਚਿੰਨ੍ਹ ਇਹ ਹੈ ਕਿ ਉਹ ਬਾਕੀ ਸਾਥੀਆਂ ਨੂੰ ਛੱਡ ਕੇ ਉਸ ਨਵੇਂ ਦੇਸ਼ ਨੂੰ ਇਕੱਲੀ ਹੀ ਵੇਖਣ ਘੋਖਣ ਲਈ ਟੁਰ ਪੈਂਦੀ ਹੈ। ਇਨ੍ਹਾਂ ਕਹਾਣੀਆਂ ਦੇ ਵਧੇਰੇ ਪਾਤਰ ਬੜੀ ਖਿੱਚ ਪਾਣ ਵਾਲੇ ਹਨ। ਜਦੋਂ ਤੁਸੀਂ ਕਿਤਾਬ ਪੜ੍ਹ ਕੇ ਰੱਖ ਦੇਂਦੇ ਹੋ ਤਾਂ ਵੀ ਇਹ ਪਾਤਰ ਤੁਹਾਡਾ ਪਿੱਛਾ ਨਹੀਂ ਛੱਡਦੇ, ਤੁਹਾਡਾ ਚੇਤਾ ਮੱਲੀ ਰਖਦੇ ਹਨ।

ਰਵੀ ਦੀਆਂ ਕਹਾਣੀਆਂ ਦੀ ਭਾਸ਼ਾ ਸੁਚੇਤਨ ਤੇ ਚੁਸਤ ਹੈ। "ਇਸ ਦੌੜ ਭੱਜ ਵਿਚ ਅਚਾਨਕ ਚੂਹੇ ਦੀ ਪੂੰਛ ਮੇਰੇ ਪੈਰ ਹੇਠਾਂ ਆ ਕੇ ਕੱਟੀ ਗਈ। ਮੇਰਾ ਧਿਆਨ ਹੁਣ ਤੜਪਦੀ ਭੁੜਕਦੀ ਪੂੰਛ ਵਲ ਹੋ ਗਿਆ। ਬੇ-ਜ਼ਹਿਨਾ ਦਰਦ।" ('ਜਿਉਂ ਰਹੇ ਮਰੇ ਹੋਏ ਪਲ')

ਜਾਂ

"ਢਲਦੀ ਉਮਰ ਵਿਚ ਔਰਤ ਨਾਲ ਖਰੂਦ ਪਾਟੇ ਹੋਏ ਭੁਕਾਨੇ ਵਿਚ ਹਵਾ ਭਰਨ ਦੀ ਕੋਸ਼ਿਸ਼ ਹੈ।"

ਰਵੀ ਦੀਆਂ ਕਹਾਣੀਆਂ ਦੀ ਬੋਲੀ, ਇੱਥੋਂ ਤਕ ਕਿ ਆਪੋ ਵਿਚ ਗੱਲਬਾਤ ਦੀ ਬੋਲੀ, ਵੀ ਵਿਦਵਾਨਾਂ ਵਾਲੀ ਹੈ। ਇਹ ਨਵੀਂ ਪਿਰਤ ਹੈ।

ਸੰਸਾਰ ਪ੍ਰਸਿੱਧ ਪੁਸਤਕ 'ਰੋਮ ਦੀ ਇਸਤ੍ਰੀ' ਦੇ ਲੇਖਕ ਐਲਬਰਟੋ ਮੋਰੇਵੀਆ ਨੂੰ ਕਿਸੇ ਨੇ ਪੁੱਛਿਆ ਕਿ ਇਸਤ੍ਰੀ ਤਾਂ ਇਕ ਅਨਪੜ੍ਹ ਵੇਸਵਾ ਹੈ। ਪੜ੍ਹਿਆਂ ਲਿਖਿਆਂ ਵਾਲੀ ਬੋਲੀ ਕਿਉਂ ਬੋਲਦੀ ਹੈ ? ਮੋਰੇਵੀਆ ਨੇ ਜਵਾਬ ਦਿੱਤਾ ਕਿ ਸਾਹਿਤ ਦੀ ਭਾਸ਼ਾ ਸਦਾ ਸ਼ਕਤੀਸ਼ਾਲੀ ਹੋਣੀ ਚਾਹੀਦੀ ਹੈ। ਨਾਲੇ ਇਕ ਅਨਪੜ੍ਹ ਪਾਤਰ ਬਾਰੇ ਲਿਖਣ ਲੱਗਿਆਂ ਮੈਂ ਆਪਣਾ ਲਿਖਣ ਢੰਗ ਨਹੀਂ ਬਦਲ ਸਕਦਾ।

ਇਕ ਹੋਰ ਨਵੀਂ ਪਿਰਤ, ਜਿਹੜੀ ਮੈਂ ਇਸ ਵੱਡੇ ਸੰਗ੍ਰਹਿ ਵਿਚ ਵੇਖੀ ਹੈ, ਇਹ ਹੈ ਕਿ ਸਭ ਤੋਂ ਪਿੱਛੋਂ ਲਿਖੀਆਂ ਕਹਾਣੀਆਂ ਸਭ ਤੋਂ ਪਹਿਲਾਂ ਪਾਈਆਂ ਹਨ ਤੇ ਪਹਿਲਾਂ ਲਿਖੀਆਂ ਹੋਈਆਂ ਸਭ ਤੋਂ ਪਿੱਛੋਂ। ਇਸ ਤਰ੍ਹਾਂ ਹੋਇਆ ਮੈਂ ਪਹਿਲੇ ਕਿਧਰੇ ਵੇਖਿਆ ਤੇ ਨਹੀਂ, ਪਰ ਇਕ ਉੱਘੇ ਕਹਾਣੀਕਾਰ ਨੇ ਇਸ ਤਾਂਘ ਦਾ ਪ੍ਰਗਟਾਵਾ ਜ਼ਰੂਰ ਕੀਤਾ ਹੈ, ਭਾਵੇਂ ਉਹ ਪੂਰੀ ਨਹੀਂ ਹੋਈ।

ਪ੍ਰਸਿੱਧ ਅਮਰੀਕਨ ਕਹਾਣੀਕਾਰ ਚੀਵਰ ਨੇ ਆਪਣੇ ਪਿਛੇ ਜਿਹੇ ਛਪੇ ਵੱਡੇ ਸੰਗ੍ਰਹਿ ਦੇ ਮੁੱਖਬੰਧ ਵਿਚ ਲਿਖਿਆ ਹੈ, "ਮੈਨੂੰ ਖ਼ੁਸ਼ੀ ਹੁੰਦੀ ਜੇ ਇਨ੍ਹਾਂ ਕਹਾਣੀਆਂ ਦੇ ਛਪਣ ਦੀ ਤਰਤੀਬ (ਕ੍ਰਮ) ਉਲਟ ਦਿੱਤੀ ਜਾਂਦੀ।

ਇਸ ਤਰ੍ਹਾਂ ਪਹਿਲਾਂ ਮੈਂ ਪਾਠਕਾਂ ਸਾਹਮਣੇ ਸਿੱਧਾ ਇਕ ਵਡੇਰੇ ਆਦਮੀ ਦੇ ਰੂਪ ਵਿਚ ਪੇਸ਼ ਹੁੰਦਾ ਨਾ ਕਿ ਇਕ ਜਵਾਨ ਅਨਾੜੀ ਦੇ ਰੂਪ ਵਿਚ।" ਉਸ ਦੇ ਕਹਿਣ ਅਨੁਸਾਰ ਇਕ ਲੇਖਕ ਦੀ ਉਤਪਤੀ ਉਸ ਦੇ ਆਪਣੇ ਹੱਥੋਂ ਹੀ ਹੁੰਦੀ ਹੈ, ਜਿਵੇਂ ਕਿ ਸ਼ਾਇਦ ਚਿਤ੍ਰਕਾਰਾਂ ਦੀ ਨਹੀਂ ਹੁੰਦੀ, ਜਿਹੜੇ ਆਪਣੇ ਉਸਤਾਦਾਂ ਤੋਂ ਬਹੁਤ ਸਾਰੀ ਸਹਾਇਤਾ ਪ੍ਰਾਪਤ ਕਰ ਲੈਂਦੇ ਹਨ। ਲੇਖਕ ਨੂੰ ਸਭ ਕੁਝ ਇਕੱਲੇ ਹੀ ਸਿਖਣਾ ਪੈਂਦਾ ਹੈ। ਇਸ ਲਈ ਇਹ ਉਸ ਦੇ ਹੱਕ ਵਿਚ ਜਾਂਦਾ ਹੈ ਕਿ ਉਸ ਦੇ ਮੁੱਢਲੇ ਕਦਮ ਪਾਠਕ ਦੀ ਨਜ਼ਰ ਵਿਚ ਪਿੱਛੋਂ ਆਉਣ। ਚੀਵਰ ਦੇ ਆਪਣੇ ਸੰਗ੍ਰਹਿ ਵਿਚ ਇਸ ਤਰ੍ਹਾਂ ਨਹੀਂ ਹੋਇਆ, ਪਰ ਰਵੀ ਨੇ ਕਰ ਲਿਆ ਹੈ, ਜਿਹੜੀ ਕਿ ਉਸ ਦੀ ਖ਼ੁਸ਼ਕਿਸਮਤੀ ਹੈ।

ਰਵਿੰਦਰ ਰਵੀ ਕੀਨੀਆ ਵਿਚ ਤੇ ਫਿਰ ਕੈਨੇਡਾ ਵਿਚ ਵੀ ਮਜਬੂਰੀ ਹੇਠ ਹੀ ਗਿਆ। ਪਰ ਇਸ ਕਾਰਨ ਦੁਨੀਆ ਨਾਲ ਰੁਸ ਕੇ ਬਹਿਣ ਦੀ ਥਾਂ ਉਸ ਨੇ ਇਸ ਮਜਬੂਰੀ ਨੂੰ ਖਿੜੇ ਮੱਥੇ ਸਵੀਕਾਰਿਆ ਤੇ ਇਸ ਦਾ ਲਾਭਜਨਕ ਤੇ ਕਲਿਆਣਕਾਰੀ ਪੱਖ ਲੱਭਣ ਵਿਚ ਜੁਟ ਗਿਆ। ਅੰਗਰੇਜ਼ ਲੇਖਕ ਸਮਰਸੈਟ ਮਾਅਮ ਵਾਂਗ ਉਹ ਜਿੱਥੇ ਵੀ ਗਿਆ ਹੈ ਉਸੇ ਥਾਂ ਦੇ ਪਿਛੋਕੜ ਵਿਚ ਉਸ ਨੇ ਸਾਹਿਤ ਰਚਿਆ ਹੈ। ਪੜ੍ਹਿਆ ਲਿਖਿਆ ਤੇ ਘੋਖੀ ਹੋਣ ਕਰ ਕੇ ਉਸ ਨੇ ਹਰ ਥਾਂ ਤੋਂ ਲੱਭਿਆ ਹੈ ਤੇ ਆਪਣੇ ਸਾਹਿਤ ਰਾਹੀਂ ਸਾਡੇ ਤੀਕ ਪਹੁੰਚਾਇਆ ਹੈ। ਉਸ ਦਾ ਸਾਹਸ ਤੇ ਲਗਨ ਸਲਾਹੁਣਯੋਗ ਹੈ। ਉਸ ਦੀ ਰਚਨਾ ਦਾ ਆਕਾਰ ਹੀ ਸਾਨੂੰ ਉਸ ਦਾ ਸ਼ਰਧਾਲੂ ਬਣਾ ਲੈਂਦਾ ਹੈ। ਇਸ ਤਰ੍ਹਾਂ ਲਗਦਾ ਹੈ ਜਿਵੇਂ ਉਸ ਦਾ ਸਾਰਾ ਰਟਨ ਸਾਹਿਤ-ਰਚਨਾ ਦੀ ਖ਼ਾਤਰ ਹੀ ਹੋਵੇ। ਰਵੀ ਦਾ ਇਹ ਵਿਚਾਰ ਕਿ ਇਹ ਕਹਾਣੀਆਂ ਸਮੁੱਚੀ ਮਨੁੱਖਤਾ ਨਾਲ ਸੰਬੰਧ ਰੱਖਦੀਆਂ ਹਨ, ਬਿਲਕੁਲ ਠੀਕ ਹੈ। ਇਨ੍ਹਾਂ ਕਹਾਣੀਆਂ ਵਿਚ ਸਮੇਂ ਦੇ ਪ੍ਰਮੁਖ ਸੰਕਟ ਜਿਵੇਂ ਵੀਅਤਨਾਮ ਦੀ ਜੰਗ, ਐਟਮ ਬੰਬ ਦਾ ਭੈ ਆਦਿ ਤੁਹਾਡੇ ਮੇਜ਼ ਉਤੇ ਆ ਬੈਠਦੇ ਹਨ। 'ਅਘਰਵਾਸੀ' ਕਹਾਣੀ ਸੰਗ੍ਰਹਿ ਦਾ ਛਪਣਾ ਸੱਚਮੁਚ ਹੀ ਇਕ ਵਿਸ਼ੇਸ਼ ਘਟਨਾ ਹੈ।

**"ਅਕਸ"**, ਜੂਨ 1984

## ਡਾ. ਹਰਿਭਜਨ ਸਿੰਘ

ਕੈਨੇਡਾ ਪੰਜਾਬੀਆਂ ਲਈ ਸੁਫ਼ਨੇ ਦਾ ਦੇਸ਼ ਹੈ। ਰੋਜ਼ੀ ਰੋਟੀ ਦੀ ਤਲਾਸ਼ ਵਿਚ ਬਹੁਤ ਸਾਰੇ ਪੰਜਾਬੀ ਉਥੇ ਗਏ ਤੇ ਓਥੋਂ ਦੇ ਹੀ ਹੋ ਕੇ ਰਹਿ ਗਏ। ਓਥੇ ਜਾ ਵੱਸੇ ਪੰਜਾਬੀਆਂ ਦੀ ਦੂਜੀ ਤੀਜੀ ਪੀੜ੍ਹੀ ਤਾਂ ਉਸ ਦੇਸ਼ ਦੀ ਰਹਿਣੀ ਬਹਿਣੀ ਵਿਚ ਰਚ-ਮਿਚ ਗਈ ਹੈ। ਪੰਜਾਬ ਨਾਲ ਉਹਨਾਂ ਦਾ ਰਿਸ਼ਤਾ ਹੋਇਆ ਨਾ ਹੋਇਆ ਇਕ ਬਰਾਬਰ ਹੈ। ਪਰ ਪਹਿਲੀ ਪੀੜ੍ਹੀ ਦੇ ਅਵਾਸੀਆਂ ਨੂੰ ਪੰਜਾਬ ਬਰਾਬਰ ਸੈਣਤਾਂ ਕਰਦਾ ਰਹਿੰਦਾ ਹੈ। ਪੰਜਾਬ ਦੀ ਬੋਲੀ, ਰੀਤ-ਰਿਵਾਜ 'ਚ ਪਲੇ ਹੋਣ ਕਰਕੇ ਉਹ ਪੰਜਾਬ ਮੁੜਨ ਦੀ ਆਸ ਬਣਾਈ ਰੱਖਦੇ ਹਨ। ਉਹ ਮੁੜ ਤਾਂ ਨਹੀਂ ਸਕਦੇ ਪਰ ਪੰਜਾਬੀ ਬੋਲੀ, ਧਰਮ, ਲੋਕ-ਸਾਹਿਤ ਆਦਿ ਰਾਹੀਂ ਉਹ ਪੰਜਾਬ ਨਾਲ ਜੁੜੇ ਰਹਿਣ ਦਾ ਭਰਮ ਪਾਲਦੇ ਰਹਿੰਦੇ ਹਨ।

ਅਜਿਹੇ ਭਰਮ-ਪਾਲਕਾਂ ਵਿਚ ਕੁਝ ਪੰਜਾਬੀ ਸਾਹਿਤਕਾਰ ਹਨ। ਇਹਨਾਂ ਵਿਚੋਂ ਕੁਝ ਤਾਂ ਕੈਨੇਡਾ ਪਹੁੰਚਣ ਤੋਂ ਪਹਿਲਾਂ ਹੀ ਸਾਹਿਤਕਾਰੀ ਦੀ ਰਾਹੇ ਪਏ ਹੋਏ ਸਨ ਤੇ ਕੁਝ ਨੇ ਦੂਜਿਆਂ ਦੀ ਵੇਖਾ-ਵੇਖੀ ਹੇਰਵੇ ਦੇ ਦਬਾਅ ਹੇਠ, ਜਾਂ ਪ੍ਰਦੇਸੀ ਇਕੱਲਤਾ ਦਾ ਮੁਕਾਬਲਾ ਕਰਨ ਲਈ ਸਾਹਿਤਕਾਰੀ ਦਾ ਰਾਹ ਅਪਣਾਇਆ। ਕੈਨੇਡੀਅਨ ਪੰਜਾਬੀ ਸਾਹਿਤਕਾਰਾਂ ਵਿਚ ਸਿਰਕੱਢ ਹੋਂਦ ਰਵਿੰਦਰ ਰਵੀ ਦੀ ਹੈ। ਉਹਨੇ ਏਨੀਆਂ ਕਿਤਾਬਾਂ ਲਿਖੀਆਂ ਹਨ ਕਿ ਉਨ੍ਹਾਂ ਦੇ ਨਾਂ ਗਿਣਵਾਉਣ ਲਈ ਵੀ ਵੱਡਾ ਹਾਫਜ਼ਾ ਤੇ ਲੰਮਾ ਸਾਹ ਦਰਕਾਰ ਹੈ। ਉਹਨੇ ਕਵਿਤਾ, ਕਹਾਣੀ, ਨਾਟਕ, ਸਮੀਖਿਆ, ਸਫ਼ਰਨਾਮਾ ਆਦਿ ਕਈ ਸਿਨਫ਼ਾਂ ਨੂੰ ਹੱਥ ਪਾਇਆ ਹੈ।

ਹੁਣੇ ਹੁਣੇ ਉਹਨੇ 'ਕੰਪਿਊਟਰ ਕਲਚਰ' ਨਾਂ ਦੀ ਰਚਨਾ ਪੇਸ਼ ਕੀਤੀ ਹੈ ਜਿਸ 'ਚ ਕਹਾਣੀਆਂ ਵੀ ਹਨ ਤੇ ਕਵਿਤਾਵਾਂ ਵੀ। ਆਪਣੀ ਰਚਨਾ ਬਾਰੇ ਕੁਝ ਸਵੈ-ਕਥਨ ਹਨ ਤੇ ਇਕ-ਅੱਧ ਰੇਖਾ ਚਿੱਤਰ ਵਰਗੀ ਸ਼ੈ ਵੀ। ਆਪਣੇ ਸੰਬੰਧੀ ਦੂਜਿਆਂ ਦੇ ਕਥਨ ਵੀ ਉਹਨੇ ਖ਼ਾਸੀ ਫ਼ਰਾਖ਼ਦਿਲੀ ਨਾਲ ਸ਼ਾਮਲ ਕੀਤੇ ਹਨ। ਇਸ ਕਿਤਾਬ ਉਪਰ ਤਰਦੀ ਜਿਹੀ ਨਜ਼ਰ ਮਾਰਨ ਨਾਲ ਹੀ ਪਤਾ ਲਗ ਜਾਂਦਾ ਹੈ ਕਿ ਲੇਖਕ ਨੇ ਪੰਜਾਬੀ ਸਾਹਿਤਕਾਰਾਂ ਨਾਲ ਬੜਾ ਨਿੱਘਾ ਰਿਸ਼ਤਾ ਪਾ ਰੱਖਿਆ ਹੈ। ਨਿਵੇਕਲੇ ਮੁਹਾਂਦਰੇ ਦੇ ਬਾਵਜੂਦ ਉਹ ਆਪਣੀ ਲਿਖਤ ਨੂੰ ਪ੍ਰਵਾਨ ਪੰਜਾਬੀ ਪਰੰਪਰਾ ਵਿਚ ਟਿਕਾਈ ਰੱਖਣਾ ਚਾਹੁੰਦਾ ਹੈ। ਪੱਛਮੀ ਇਸ਼ਤਿਹਾਰੀ ਕਲਚਰ ਨੇ ਉਹਨੂੰ ਬਹੁਤ ਦੂਰ ਤਕ ਪ੍ਰਭਾਵਿਤ ਕੀਤਾ ਹੈ। ਉਹ ਆਪਣੇ ਜਨਮ, ਪਰਿਵਾਰ, ਵਿੱਦਿਆ, ਪਿੰਡ, ਇਨਾਮ, ਕੰਮ ਕਿੱਤੇ, ਸੈਰ ਸਪਾਟੇ, ਮੁਆਸ਼ਕੇ ਆਦਿ ਬਾਰੇ ਨਿਰੰਸਕੋਚ ਸੂਚਨਾ ਦੇਂਦਾ ਹੈ। ਇਸ ਪੁਸਤਕ ਨੂੰ ਪੜ੍ਹ ਕੇ ਜਿੰਨਾ ਆਨੰਦ ਰਵਿੰਦਰ ਦੀ ਸਾਹਿਤਕਾਰੀ ਸਬੰਧੀ ਮਿਲਦਾ ਹੈ, ਓਨਾ ਹੀ ਉਸ ਦੀ ਆਪਾ-ਵਿਖਾਊ ਸ਼ਖ਼ਸੀਅਤ ਬਾਰੇ। ਉਹ ਪ੍ਰਮਾਣਿਕ ਪੰਜਾਬੀ ਹੈ ਜੋ ਲੀਕ ਤੋਂ ਹਟਵੀਂ ਕੋਈ ਸ਼ੈ ਰਚਦਾ ਹੈ ਅਤੇ ਨਿਸ਼ੰਗ ਹੋ ਕੇ ਉਸ ਦਾ ਵਿਖਾਲਾ ਕਰਦਾ ਹੈ।

ਰਵਿੰਦਰ ਆਪਣੇ ਅਤੇ ਆਪਣੇ ਪਿਤਾ ਵਿਚਕਾਰ ਸਮਝੌਤੇ ਦੀ ਇਤਲਾਹ ਦਿੰਦੇ ਕਹਿੰਦਾ ਹੈ-ਉਹ ਕਹਿਣ ਲੱਗੇ, "ਤੂੰ ਸਾਡੇ ਪਾਸੋਂ ਕਹਿਣ ਟੋਕਣ ਦਾ ਅਧਿਕਾਰ ਨਾ ਖੋਹ, ਪਰ ਕਰ ਜੋ ਮਰਜ਼ੀ।" ਇਹ ਸਮਝੌਤਾ ਸੀ ਪਰੰਪਰਕ ਪਿਤਾ ਅਤੇ ਪ੍ਰਯੋਗਸ਼ੀਲ ਪੁੱਤਰ ਵਿਚਕਾਰ। ਇਸੇ ਤਰ੍ਹਾਂ ਦਾ ਸਮਝੌਤਾ ਇਸ ਰਚਨਾ ਦੇ ਆਰ ਪਾਰ ਫੈਲਿਆ ਹੋਇਆ ਹੈ। ਪਿਉ-ਪੁੱਤਰ ਦੀ ਜੈਨਰੇਸ਼ਨ ਗੈਪ ਵਰਗਾ ਹੀ ਫਾਸਲਾ ਹੈ ਪੰਜਾਬ ਤੇ ਕੈਨੇਡਾ ਵਿਚਕਾਰ। ਕੁਝ ਗੱਲਾਂ ਰਵਿੰਦਰ ਰਵੀ ਪਰੰਪਰਕ ਪੰਜਾਬ ਦੀਆਂ ਸੁਣਦਾ ਹੈ ਪਰ ਕਰਦਾ ਉਹ ਕੰਪਿਊਟਰ ਕਲਚਰ ਵਰਗੀਆਂ ਹੈ। ਕੈਨੇਡਾ ਤੇ ਪੰਜਾਬ ਦੀ ਦੋ ਪਾਸੀ ਤੱਕ ਨੇ ਰਵਿੰਦਰ ਦੀ ਸੋਚ ਨੂੰ ਅੱਧ ਵਿਚਕਾਰੋਂ ਚੀਰਿਆ ਹੋਇਆ ਹੈ। ਉਹਦੇ ਵਿਚ ਪਰੰਪਰਕ ਪਿਤਾ ਤੇ ਪ੍ਰਯੋਗੀ ਪੁੱਤਰ ਦੋਵੇਂ ਅੱਡੋ-ਅੱਡਰੇ ਪਛਾਣੇ ਜਾ ਸਕਦੇ ਹਨ। 'ਤਾਰਿਆਂ ਵਾਲਾ ਦੇਸ਼' ਤੇ 'ਕੰਪਿਊਟਰ ਕਲਚਰ' ਵਾਲੇ ਦੇਸ ਦੋਹਾਂ ਦੀਆਂ ਆਪੋ ਆਪਣੀਆਂ ਖਿੱਚਾਂ ਹਨ, ਜਿਨ੍ਹਾਂ ਵਿਚੋਂ ਕਿਸੇ ਤੋਂ ਵੀ ਉਹ ਆਪਣਾ ਪਿੱਛਾ ਨਹੀਂ ਛੁਡਾ ਸਕਿਆ।

ਸੁਪਨੇ ਦੇ ਦੇਸ਼ ਕੈਨੇਡਾ ਵਿਚ ਪਹੁੰਚ ਕੇ ਉਹਦੇ ਪਾਤਰ ਪੰਜਾਬ ਵਲ ਮੁੜਨਾ ਚਾਹੁੰਦੇ ਹਨ। ਕੈਨੇਡਾ ਪਹੁੰਚਿਆ ਕੋਈ ਗੁਰਦੀਪ ਹੈ ਜਿਸ ਦਾ ਪੰਜਾਬ ਦੀ ਕਿਸੇ ਕੁੜੀ ਨਾਲ ਇਸ਼ਕ ਸੀ। ਰੋਜ਼ਗਾਰ ਦੀ ਖ਼ਾਤਰ ਉਹ ਕੈਨੇਡਾ ਗਿਆ ਸੀ। ਪਰ ਇਸ਼ਕ ਦੀ ਖ਼ਾਤਰ ਉਹ ਮੁੜ ਪੰਜਾਬ ਆਉਂਦਾ ਹੈ। ਆਸ਼ਿਕੀ ਤੋਂ ਰੋਜ਼ਗਾਰ ਵਲ ਤੇ ਰੋਜ਼ਗਾਰ ਤੋਂ ਮੁੜ ਆਸ਼ਕੀ ਵਲ, ਇਹ ਹੈ ਗੁਰਦੀਪ ਦੀ ਦੇਸ-ਪਰਦੇਸ ਯਾਤਰਾ। "ਕਹੀਂ ਭੀ ਅਪਨਾ ਠਿਕਾਣਾ ਨਹੀਂ ਜ਼ਮਾਨੇ ਮੇਂ। ਨਾ ਆਸ਼ੀਆਨੇ ਕੇ ਬਾਹਰ ਨਾ ਆਸ਼ੀਆਨੇ ਮੇਂ।"

ਕੁਝ ਦੁਖ ਇਸ ਤੋਂ ਵਧੇਰੇ ਗੁੰਝਲਦਾਰ ਹਨ। ਕੈਨੇਡਾ ਪਹੁੰਚ ਕੇ ਮੱਖਣ ਸਿੰਘ ਕਰੜੀ ਮਿਹਨਤ ਬਾਅਦ ਆਪਣਾ ਘਰ-ਪਰਿਵਾਰ ਕੈਨੇਡੇ ਬੁਲਾ ਲੈਂਦਾ ਹੈ। ਰਤਾ ਕੁ ਸੁਖਾਲਾ ਹੋਣ ਲੱਗਾ ਤਾਂ ਬੇਕਾਰੀ ਵਸ ਮੁੜ ਪਰਿਵਾਰ ਦੇ ਜੀਆਂ ਨੂੰ ਭਾਰਤ ਭੇਜਣ ਤੇ ਮਜਬੂਰ ਹੋ ਗਿਆ। ਕੀ ਉਹ ਮੁੜ ਪਰਿਵਾਰ ਨੂੰ ਬੁਲਾ ਸਕੇਗਾ ? ਕੀ ਮੁੜ ਕੈਨੇਡਾ ਆਏ ਪਰਿਵਾਰ ਨੂੰ ਦੁਬਾਰਾ ਭਾਰਤ ਜਾਣਾ ਪਵੇਗਾ ? ਮੱਖਣ ਸਿੰਘ ਦਾ ਤ੍ਰੇੜਿਆ ਹੋਇਆ ਪਰਿਵਾਰ ਕੈਨੇਡੀਅਨ ਪੰਜਾਬੀਆਂ ਦੀ ਤ੍ਰੇੜੀ ਹੋਈ ਵਾਸਤਵਿਕਤਾ ਅਤੇ ਮਾਨਸਿਕਤਾ ਦੀ ਗਵਾਹੀ ਦਿੰਦਾ ਹੈ।

ਇਸ ਤ੍ਰੇੜ ਨੂੰ ਪੂਰਨ ਦੇ ਵੀ ਰਾਹ ਹਨ। ਕੈਨੇਡਾ ਵਿਚ ਸਿਰਫ ਪੰਜਾਬੀ ਮਿਲਖਾ ਸਿੰਘ ਹੀ ਨਹੀਂ ਰਹਿੰਦਾ, ਯੂਰਪੀ ਮੂਲ ਵਾਲਾ ਜਾਨ ਬਿਕਸੋ ਵੀ ਹੈ। ਬੇਕਾਰ ਸਿਰਫ ਪੰਜਾਬੀ ਹੀ ਨਹੀਂ ਗੈਰ- ਪੰਜਾਬੀ ਵੀ ਹਨ। ਮਿਲਖਾ ਸਿੰਘ ਤੇ ਜਾਨ ਬਿਕਸੋ ਦੀ ਕਹਾਣੀ ਵਾਪਰੀ ਭਾਵੇਂ ਕੈਨੇਡਾ ਵਿਚ ਹੈ, ਪਰ ਉਹਦੀ ਸੋਚ ਤੇ ਅਹਿਸਾਸ ਭਾਰਤ ਵਰਗੇ ਹਨ। ਦੋ ਯਾਰ ਇਕੋ ਲੱਕੜ-ਮਿਲ ਵਿਚ ਇਕੋ ਜਿਹੇ ਮਜ਼ਦੂਰ ਪੇਸ਼ਾ ਹਨ। ਇਕ ਨੂੰ ਮਾੜੀ ਜਿਹੀ ਤਰੱਕੀ ਮਿਲ ਗਈ ਤਾਂ ਦੂਜਾ ਤੜਿੰਗ ਹੋ ਗਿਆ। ਦੋਹਾਂ ਵਿਚਕਾਰ ਵੈਰ-ਵਿਰੋਧ ਦੀ ਦੀਵਾਰ ਉੱਸਰ ਗਈ।

ਖ਼ੁਸ਼ੀਆਂ ਵਿਚ ਚਹਿਕਦੇ ਦੋਸਤਾਂ ਨੂੰ ਖ਼ਾਮੋਸ਼ੀ ਦਾ ਸੋਕਾ ਮਾਰ ਗਿਆ। ਪਰ ਬੇਕਾਰੀ ਨੇ ਦੋਹਾਂ ਦੇ ਵਲ ਕੱਢ ਦਿੱਤੇ। ਕ੍ਰਿਸ਼ਚੀਅਨ ਚਰਚ ਨੇ ਬੇਕਾਰੀ ਦੇ ਮਾਰੇ ਲੋਕਾਂ ਲਈ ਫ਼ੂਡ ਬੈਂਕ ਤੇ ਸੂਪ-ਕਿਚਨ ਖੋਲ੍ਹ ਦਿੱਤੇ। ਕ੍ਰਿਸ਼ਚਿਅਨ ਜਾਨ, ਸਿੱਖ ਮਿਲਖੇ ਨੂੰ ਉਥੇ ਆਪਣੇ ਨਾਲ ਲੈ ਗਿਆ। ਬੇਕਾਰੀ ਵਿਚ ਧਰਮਾਂ ਦੀ ਵਿੱਥ ਮਿਟ ਗਈ। ਪਰੰਪਰਕ ਅੰਦਾਜ਼ ਵਿਚ ਲਿਖੀ ਇਹ ਪਰੰਪਰਕ ਭਾਰਤੀ ਪੰਜਾਬੀ ਰਹਿਣੀ-ਬਹਿਣੀ ਦੀ ਹੀ ਇਕ ਤਸਵੀਰ ਹੈ।

'ਸ਼ਹੀਦ ਦੀ ਮਾਂ' ਤਾਂ ਹੈ ਹੀ ਪੰਜਾਬੀ ਭੋਇੰ ਦੀ ਕਹਾਣੀ। ਪੁੱਤਰ ਦੇ ਸ਼ਹੀਦ ਹੋ ਜਾਣ ਬਾਅਦ ਵਿਧਵਾ ਮਾਂ ਆਪ ਆਪਣੇ ਰੰਡੂਏ ਜੇਠ ਦਾ ਗਰਭ ਧਾਰਨ ਕਰਦੀ ਹੈ ਅਤੇ ਉਹਨੂੰ ਸ਼ਹੀਦੀ ਦੇ ਰਾਹੇ ਤੁਰਨ ਲਈ ਪ੍ਰੇਰਦੀ ਹੈ। ਮਾਹੌਲ, ਮੁਆਸ਼ਰੇ, ਸੋਚ, ਭਾਵ-ਬੁਣਤੀ, ਇਤਿਹਾਸ ਆਦਿ ਦੀ ਦ੍ਰਿਸ਼ਟੀ ਤੋਂ ਇਹ ਪੰਜਾਬੀ ਪਰੰਪਰਾ ਦਾ ਪ੍ਰਮਾਣੀਕ ਟੁਕੜਾ ਹੈ। ਹਜ਼ਾਰਾਂ ਮੀਲ ਤੇ ਬੈਠਾ ਅਘਰਵਾਸੀ ਰਵਿੰਦਰ ਆਪਣੇ ਜੱਦੀ ਘਰ ਲਈ ਮੋਹ ਪਾਲ ਰਿਹਾ ਹੈ। ਇਹੋ ਇਸ ਕਹਾਣੀ ਦਾ ਅਣਕਿਹਾ ਪਰ ਸਪਸ਼ਟ ਸੁਨੇਹਾ ਹੈ।

ਯਕੀਨਨ ਇਸ ਵਿਚ ਪੰਜਾਬੀ ਆਦਿਮਤਾ ਤੋਂ ਦੂਰ ਪੱਛਮੀ ਆਧੁਨਿਕਤਾ ਦੀਆਂ ਵੀ ਕਹਾਣੀਆਂ ਹਨ। ਇਹੋ ਜਿਹੀ ਹੀ ਕਹਾਣੀ ਹੈ 'ਕੰਪਿਊਟਰ ਕਲਚਰ', ਜਿਸ ਨੇ ਪੰਜਾਬੀ ਕੈਨੇਡੀਅਨ ਦੇ ਪਰਿਵਾਰ ਨੂੰ ਅੱਡਰੇ ਅਤੇ ਆਜ਼ਾਦ ਵਿਅਕਤੀਆਂ ਵਿਚ ਵੰਡ ਦਿੱਤਾ ਹੈ। ਪਰਿਵਾਰ ਦੀਆਂ ਇਕਾਈਆਂ ਹਨ, ਪਰਿਵਾਰ ਕੋਈ ਨਹੀਂ। ਪੁੱਤਰ ਮਾਂ ਨੂੰ ਸਮਝਾਉਂਦਾ ਹੈ ਕਿ ਪਿਉ ਦੀ ਆਪਣੀ ਆਜ਼ਾਦ ਹਸਤੀ ਹੈ ਤੇ ਇਹੋ ਆਜ਼ਾਦ ਹਸਤੀ ਦੀ ਸੋਚ ਕਾਰਨ ਪਿਉ ਦਾ ਪੁੱਤਰਾਂ ਉਪਰ ਪ੍ਰਭਾਵ ਖੀਣ ਹੋ ਜਾਂਦਾ ਹੈ। ਕੰਪਿਊਟਰ ਕਲਚਰ ਦੇ ਪ੍ਰਭਾਵ ਹੇਠ ਉਹਨੂੰ ਹਿੰਦੁਸਤਾਨ ਮਰਦਾ ਜਾਪਦਾ ਹੈ। ਏਥੇ ਵੀ ਰਵਿੰਦਰ ਰਵੀ ਆਧੁਨਿਕ ਕੰਪਿਊਟਰ ਦੀ 'ਟਿਕ ਟਿਕ ਟੂੰ ਟੂੰ' ਨੂੰ ਪੇਂਡੂ ਪੰਜਾਬੀ ਵਾਂਗ ਮਹਿਸੂਸ ਕਰਦਾ ਹੈ। ਉਹਨੂੰ ਜਾਪਦਾ ਹੈ ਜਿਵੇਂ ਬਰਸਾਤੀ ਮੱਛਰਾਂ ਨੇ ਉਹਦਾ ਬੁਰਾ ਹਾਲ ਕੀਤਾ ਹੋਵੇ। ਉਹਦੇ ਦਿਲ ਦਿਮਾਗ ਤੇ ਧੱਫੜ ਉੱਭਰ ਆਏ ਹਨ। ਉਹਨੂੰ ਜਾਪਦਾ ਹੈ ਜਿਵੇਂ ਸੀਰੇ ਤੇ ਗੁੜ ਨਾਲ ਲਿੱਬੜੀ ਕੋਈ ਹੋਂਦ ਕੀੜਿਆਂ ਦੇ ਭੌਣ ਤੇ ਸੁੱਟ ਦਿੱਤੀ ਗਈ ਹੋਵੇ। ਸੰਖੇਪ ਵਿਚ ਰਵਿੰਦਰ ਰਵੀ ਦਾ ਅਨੁਭਵ-ਖੇਤਰ 'ਮਾਡਰਨ' ਹੈ, ਪਰ ਉਸ ਵਿਚਲਾ ਅਨੁਭਵ-ਕਰਤਾ 'ਪ੍ਰਿਮੀਟਿਵ' ਹੈ।

ਬਾਕੀ ਦੀਆਂ ਕਹਾਣੀਆਂ ਵਿਚ ਵੀ ਦ੍ਰਿਸ਼ਟੀ ਵਿਚਕਾਰ ਇਸ ਤਰ੍ਹਾਂ ਦਾ ਮਾਡਰਨ ਪ੍ਰਿਮੀਟਿਵ ਤਣਾਅ ਹੈ। ਇਨ੍ਹਾਂ ਕਹਾਣੀਆਂ ਦੇ ਹਿੱਸੇ ਦਾ ਅਨੁਭਵ ਨਾ ਨਿਰੋਲ ਆਧੁਨਿਕ ਹੈ, ਨਾ ਨਿਰੋਲ ਆਦਿਮ। ਦੋਹਾਂ ਵਿਚਕਾਰ ਪਾੜਾ ਬਣਿਆ ਰਹਿੰਦਾ ਹੈ। ਨਾ ਆਦਮੀ ਨਵੇਂ ਜੀਵਨ ਨੂੰ ਤਿਆਗ ਸਕਦਾ ਹੈ, ਨਾ ਪੁਰਾਣੀ ਜਾਚ ਨੂੰ ਕੈਨੇਡਾ ਪਹੁੰਚਿਆ ਹੋਇਆ ਭਾਰਤੀ ਉੱਥੋਂ ਦੇ ਖੁੱਲ੍ਹੇ-ਖੁਲਾਸੇ ਮਾਹੌਲ ਦੇ ਸੁੱਖ-ਸਾਧਨਾਂ ਦਾ ਆਨੰਦ ਮਾਣਦਾ ਹੋਇਆ ਨਜ਼ਰ-ਅੰਦਾਜ਼ ਕਰ ਸਕਦਾ ਹੈ, ਪਰ ਅਖ਼ੀਰ ਤੇ ਉਹਦੇ ਆਨੰਦ ਤੇ ਪੁਰਾਣੀਆਂ ਕਦਰਾਂ-ਕੀਮਤਾਂ ਭਾਰੂ ਹੋ ਜਾਂਦੀਆਂ ਹਨ। 'ਪੈੱਟ ਕਲਚਰ' ਕਹਾਣੀ ਵਿਚਲੀ ਔਰਤ ਉਸ ਆਦਮੀ ਨੂੰ ਤਿਆਗ ਦਿੰਦੀ ਹੈ ਜੋ ਪਾਲਤੂ ਬਿੱਲੀ ਤੇ ਹੱਥ ਚੁਕਦਾ ਹੈ। ਧਰਮ-ਵਿਹੂਣੀ ਔਰਤ ਕਿਸੇ ਪਰਦੇਸੀ ਨਾਲ ਸੇਜ ਸਾਂਝੀ ਕਰਨ ਮਗਰੋਂ ਆਪਣੇ ਪੁਰਾਣੇ ਪ੍ਰੇਮੀ ਨਾਲ 'ਈਸ਼ਵਰੀ ਰਿਸ਼ਤਾ' ਥਾਪ ਕੇ ਹੀ ਆਪਣੇ ਆਪ ਨੂੰ ਸਫਲ ਸਮਝਦੀ ਹੈ।

ਨਾ ਵਿਗਿਆਨਕ ਆਲੇ-ਦੁਆਲੇ ਵਿਚਕਾਰ ਰੱਬ ਵਾਫ਼ਰ ਹੈ। ਨਾ ਕੈਨੇਡੀਅਨ ਸ਼ਰਾਬ ਵਿਚ ਡੁੱਬ ਰਹੇ ਪੰਜਾਬੀ ਲਈ ਅਧਿਆਤਮਕ ਅੰਮ੍ਰਿਤ ਅਪ੍ਰਸੰਗਿਕ ਹੈ। 'ਕੰਪਿਊਟਰ ਕਲਚਰ' ਵਿਚ ਈਸ਼ਵਰੀ ਰਿਸ਼ਤੇ ਮੁੱਲਵਾਨ ਹਕੀਕਤ ਵਾਂਗ ਟਿਕੇ ਹੋਏ ਹਨ। ਅਘਰਵਾਸੀ ਪੁੱਤਰ ਵਿਚ ਵੀ ਘਰ ਤੇ ਪਿਉ ਦੋਵੇਂ ਜਿਉਂਦੇ ਰਹਿੰਦੇ ਹਨ।

**"ਪੰਜਾਬੀ ਟ੍ਰਿਬਿਊਨ"**, 6 ਅਕਤੂਬਰ, 1985

## ਅੰਮ੍ਰਿਤਾ ਪ੍ਰੀਤਮ

'ਅੰਦਰ ਵਲ ਖੁੱਲ੍ਹਦਾ ਬੂਹਾ' ਰਵਿੰਦਰ ਰਵੀ ਦੀ ਕਹਾਣੀ ਇਕ ਪਛਾਣ ਦੀ ਤਲਾਸ਼ ਵਿਚ ਤੁਰਦੇ ਮਨੁੱਖ ਦੀ ਕਹਾਣੀ ਹੈ। ਰਵੀ ਦੀ ਕਹਾਣੀ ਵਿਚ ਉਸ ਦੀ ਨਾਇਕਾ ਇਕ ਔਰਤ ਹੈ। ਔਰਤ ਇਕ ਪਰਾਏ ਮਰਦ ਕੋਲ ਜਦੋਂ ਇਕ ਪਛਾਣ ਦੇ ਨਾਤੇ ਜਾਂਦੀ ਹੈ, ਤਾਂ ਥਾਂ ਹੋਰ ਵੀ ਨਾਜ਼ਕ ਹੋ ਜਾਂਦੀ ਹੈ। ਪਰ ਰਵੀ ਨੇ ਬੜੀ ਜਾਚ ਨਾਲ ਇਸ ਨੂੰ ਸੰਭਾਲਿਆ ਹੈ।

(ਪੁਸਤਕ **'ਅੱਜ ਦੀ ਪੰਜਾਬੀ ਕਹਾਣੀ'**, ਪੰਨਾ 8)

# ਆਪਣੇ ਆਪਣੇ ਟਾਪੂ (ਰਵਿੰਦਰ ਰਵੀ)

**ਡਾ. ਰਘਬੀਰ ਸਿੰਘ**

ਆਪਣੇ, ਸੁਡੌਲ ਤੇ ਸ਼ਕਤੀਸ਼ਾਲੀ ਜੁੱਸੇ ਵਾਂਗ ਰਵਿੰਦਰ ਰਵੀ ਦੀ ਸਿਰਜਣਾਤਮਕ ਸ਼ਕਤੀ ਵੀ ਅਸੀਮ ਹੈ। ਆਪਣੀ ਇਸ ਸ਼ਕਤੀ ਦੇ ਨਿਕਾਸ ਲਈ ਉਹ ਇਕ ਸਮੇਂ ਕਿੰਨੇ ਹੀ ਰੂਪਾਂ ਵਿਚ ਵਿਚਰਦਾ ਹੈ। ਆਕਾਰ ਅਤੇ ਵੰਨਗੀ ਪੱਖੋਂ ਉਸ ਦੀ ਰਚਨਾਤਮਕ ਪ੍ਰਾਪਤੀ ਏਨੀ ਵਿਸ਼ਾਲ ਹੈ ਕਿ ਉਸ ਨਾਲ ਮੋਹ ਜਾਂ ਦਵੈਖ-ਭਾਵ ਰੱਖਣ ਵਾਲਾ ਕੋਈ ਵਿਅਕਤੀ ਵੀ ਇਸ ਤੋਂ ਇਨਕਾਰੀ ਨਹੀਂ ਹੋ ਸਕਦਾ। ਕਵਿਤਾ, ਨਾਟਕ, ਕਾਵਿ-ਨਾਟ, ਕਹਾਣੀ, ਕਾਵਿ-ਕਥਾ, ਲਘੂ-ਕਥਾ ਤੇ ਸਾਹਿਤ-ਸਮੀਖਿਆ ਦੇ ਕਿੰਨੇ ਹੀ ਪਾਸਾਰ ਰਵਿੰਦਰ ਰਵੀ ਦੀ ਕਲਮ ਨੇ ਗ੍ਰਹਿਣ ਕੀਤੇ ਹਨ। ਕੈਨੇਡਾ ਵਿਚਲੇ ਦੂਰ-ਦੁਰਾਡੇ ਦੇਸ਼ ਦੇ ਇਕ ਪਿੰਡ ਵਿਚ ਰਹਿ ਰਿਹਾ ਰਵੀ ਪੰਜਾਬ ਦੀ ਮੂਲ ਧਰਤੀ ਸਮੇਤ ਦੇਸ਼ ਵਿਦੇਸ਼ ਦੇ ਪੰਜਾਬੀ ਸਾਹਿਤਕ ਤੇ ਸਭਿਆਚਾਰਕ ਜਗਤ ਨਾਲ ਜਿਸ ਤਰ੍ਹਾਂ ਦਾ ਸਜੀਵ ਰਿਸ਼ਤਾ ਬਣਾਈ ਰੱਖਦਾ ਹੈ, ਉਹ ਹਾਰੀ-ਸਾਰੀ ਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। ਉਸ ਦੇ ਵਿਸ਼ਵ ਦ੍ਰਿਸ਼ਟੀਕੋਣ ਬਾਰੇ ਕਈ ਪ੍ਰਕਾਰ ਦੇ ਕਿੰਤੂਆਂ ਤੇ ਮੱਤਭੇਦਾਂ ਦੀ ਗੁੰਜਾਇਸ਼ ਬਣੀ ਰਹਿੰਦੀ ਹੈ, ਪਰ ਉਸ ਦੀ ਰਚਨਾਤਮਕ ਪ੍ਰਤਿਭਾ ਬਾਰੇ ਕੋਈ ਸੰਦੇਹ ਨਹੀਂ। ਰਵਿੰਦਰ ਰਵੀ ਦੀ ਕਥਾ-ਰਚਨਾ ਨੂੰ ਗਹੁ ਨਾਲ ਵਾਚਿਆਂ ਵਿਸ਼ਵਾਸ ਬੱਝਦਾ ਹੈ ਕਿ ਪੰਜਾਬੀ ਕਥਾ-ਸਾਹਿਤ ਵਿਚ ਆਧੁਨਿਕ ਵਿਕਸਿਤ ਪੂੰਜੀਵਾਦੀ ਵਿਵਸਥਾ ਦੇ ਪਰਿਵੇਸ਼ ਵਿਚ ਵਿਚਰਨ ਵਾਲੇ ਮਨੁੱਖ ਦੀ ਬਾਤ ਜਿਸ ਸਹਿਜਤਾ ਤੇ ਯਥਾਰਥ-ਸੋਝੀ ਨਾਲ ਉਸ ਨੇ ਪਾਈ ਹੈ, ਉਹ ਕਿਸੇ ਹੋਰ ਕਲਾਕਾਰ ਦਾ ਨਸੀਬ ਨਹੀਂ ਬਣਿਆ, ਕਰਤਾਰ ਸਿੰਘ ਦੁੱਗਲ ਤੇ ਕੁਲਵੰਤ ਸਿੰਘ ਵਿਰਕ ਵਰਗੇ ਪੰਜਾਬੀ ਦੇ ਸਮਰੱਥ ਕਲਾਕਾਰ ਵੀ ਪੂੰਜੀਵਾਦੀ ਮਨੁੱਖ ਦੀ ਆਦਰਸ਼-ਵਿਹੂਣੀ, ਸੁਤੰਤਰ ਸਵੈ-ਹੋਂਦ ਦੀ ਬਾਤ ਉਸ ਤਰ੍ਹਾਂ ਨਹੀਂ ਪਾ ਸਕੇ, ਜਿਵੇਂ ਰਵਿੰਦਰ ਰਵੀ ਨੇ ਪਾਈ ਹੈ।

ਆਪਣੇ ਨਵੇਂ ਕਹਾਣੀ ਸੰਗ੍ਰਹਿ 'ਆਪਣੇ ਆਪਣੇ ਟਾਪੂ' (ਪੰਨਾ 140, ਮੁੱਲ 60 ਰੁਪਏ, ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਂਕ, ਦਿੱਲੀ) ਨਾਲ ਰਵਿੰਦਰ ਰਵੀ ਆਪਣੇ ਇਸ ਬਿੰਬ ਨੂੰ ਹੋਰ ਪੁਸ਼ਟ ਕਰਦਾ ਹੈ ਕਿ ਇਕ ਸਿਰਜਕ ਵਜੋਂ ਉਸ ਦਾ ਮੁਖ ਸਰੋਕਾਰ ਮਨੁੱਖ ਦੇ ਨਿੱਜ ਦੀ ਸੁਤੰਤਰ ਹੋਂਦ ਨਾਲ ਹੈ। ਇਹ ਸੁਤੰਤਰ ਹੋਂਦ ਕਿਸੇ ਪ੍ਰਕਾਰ ਦੇ ਪਰੰਪਰਾਗਤ ਸਮਾਜਕ, ਨੈਤਿਕ ਜਾਂ ਸਾਂਸਕ੍ਰਿਤਕ ਬੰਧਨ ਤੋਂ ਪਾਰ ਜਾਣ ਜਾਂ ਉਸ ਦਾ ਉਲੰਘਣ ਕਰਨ ਵਿਚੋਂ ਹੀ ਆਪਣੀ ਸਾਰਥਕਤਾ ਪ੍ਰਾਪਤ ਕਰਦੀ ਹੈ। ਅੱਜ ਦੇ ਸੰਸਾਰ ਵਿਚ, ਜਦੋਂ ਸੋਵੀਅਤ ਯੂਨੀਅਨ ਢਹਿ ਢੇਰੀ ਹੋ ਗਿਆ ਹੈ ਤੇ ਸਮਾਜਵਾਦੀ ਚਿੰਤਨ ਉੱਤੇ ਕਈ ਤਰ੍ਹਾਂ ਦੇ ਪ੍ਰਸ਼ਨ-ਚਿੰਨ੍ਹ ਲੱਗ ਗਏ ਹਨ, ਮਹਿਜ਼

ਤਙ਼ਾਗੀਵਾਦੀ ਫ਼ਿਕਰਿਆਂ ਦਾ ਜਾਪ ਕਰਕੇ ਕੁਝ ਨਹੀਂ ਸੌਰਨ ਲੱਗਾ। ਮਾਰਕਸਵਾਦ ਦੀ ਚੇਤਨਾ ਹਾਲੇ ਵੀ ਸਭ ਤੋਂ ਸੰਤੁਲਤ ਵਿਗਿਆਨਕ ਵਿਸ਼ਵ ਦ੍ਰਿਸ਼ਟੀਕੋਣ ਪ੍ਰਦਾਨ ਕਰਦੀ ਹੈ। ਐਪਰ ਰਾਜਨੀਤਕ ਤੇ ਸਮਾਜਕ ਕ੍ਰਾਂਤੀ ਦੇ ਸੰਦਰਭ ਵਿਚ ਕੁਝ ਕੁ ਸਮਾਂ-ਵਿਹਾ-ਚੁੱਕੀਆਂ ਧਾਰਨਾਵਾਂ ਉੱਤੇ ਪੁਨਰ ਵਿਚਾਰ ਤੋਂ ਬਿਨਾਂ ਸਾਹਿਤ ਅਤੇ ਕਲਾ ਵੱਲ ਵੀ ਆਪਣੇ ਵਤੀਰੇ ਨੂੰ ਬਦਲਵੇਂ ਪਰਿਪੇਖ ਵਿਚ ਨਵੇਂ ਸਿਰਿਓਂ ਵੇਖਣ ਸਮਝਣ ਦੀ ਲੋੜ ਹੈ। ਰਵਿੰਦਰ ਰਵੀ ਦੀ ਕਥਾ-ਰਚਨਾ ਦੇ ਵਿਸ਼ੇ-ਵਸਤੂ ਦੀ ਚੋਣ ਤੇ ਉਸ ਦੇ ਨਿਭਾਅ ਨੂੰ ਵੀ ਏਸ ਨਵੀਂ ਸੇਧ ਦੀ ਰੋਸ਼ਨੀ ਵਿਚ ਦੇਖਣਾ ਹੋਵੇਗਾ। ਕਿਸੇ ਉੱਤੇ ਨਿਪਟ ਪ੍ਰਤਿਗਾਮੀ ਜਾਂ ਪ੍ਰਗਤੀਵਾਦੀ ਹੋਣ ਦੇ ਲੇਬਲ ਲਾ ਦੇਣੇ ਹੁਣ ਕਾਫ਼ੀ ਨਹੀਂ। ਵੇਖਣ ਵਾਲੀ ਵੱਡੀ ਗੱਲ ਇਹ ਹੈ ਕਿ ਕੋਈ ਵੀ ਸਿਰਜਕ ਪ੍ਰਮਾਣਿਕ ਅਨੁਭਵ ਨੂੰ ਆਪਣੀ ਸ਼੍ਰੇਣੀਗਤ ਜਾਂ ਵਿਚਾਰਧਾਰਕ ਸੀਮਾ ਦੇ ਬਾਵਜੂਦ, ਸਹਿਜ ਕਲਾਤਮਕ ਪ੍ਰਗਟਾ ਦੇ ਸਕਿਆ ਹੈ ? ਉਸ ਦੀ ਰਚਨਾ ਨੇ ਮਨੁੱਖੀ ਚਰਿੱਤਰ ਦੇ ਵਿਅਕਤੀਗਤ ਜਾਂ ਸਮੂਹਕ ਪਹਿਲੂ ਦੀ ਕੋਈ ਨਵੀਂ ਪਰਤ ਖੋਲ੍ਹੀ ਹੈ ? ਜੇ ਉਹ ਇਹ ਕੁਝ ਕਰ ਸਕਿਆ ਹੈ ਤਾਂ ਸਾਹਿਤਕ ਮੁੱਲਾਂਕਣ ਦੀ ਮਾਰਕਸਵਾਦੀ ਦ੍ਰਿਸ਼ਟੀ ਦੇ ਪੱਖੋਂ ਇਹ ਕਾਫ਼ੀ ਵੱਡੀ ਗੱਲ ਹੈ।

ਇਸ ਸਾਰੇ ਪਿਛੋਕੜ ਵਿਚ ਸੁਭਾਵਕ ਹੀ ਰਵਿੰਦਰ ਰਵੀ ਦੀਆਂ ਕਥਾ-ਰਚਨਾਵਾਂ ਨੂੰ ਹਾਂ-ਵਾਚੀ ਦ੍ਰਿਸ਼ਟੀ ਤੋਂ ਵੇਖਣਾ ਬਣਦਾ ਹੈ। ਭਾਵੇਂ ਇਸ ਬਾਰੇ ਕੋਈ ਭੁਲੇਖਾ ਨਹੀਂ ਕਿ ਰਵਿੰਦਰ ਰਵੀ ਕਿਸੇ ਵਡੇਰੇ ਆਦਰਸ਼ ਤੋਂ ਵਿਰਵੇ ਆਪਣੇ ਨਿੱਜੀ ਵਿਅਕਤਿਤਵ ਤਕ ਸੀਮਤ ਪੂੰਜੀਵਾਦੀ ਪਰਿਵੇਸ਼ ਦੇ ਇਕੱਲੇ-ਕਹਿਰੇ ਮਨੁੱਖ ਦੀ ਹੀ ਗੱਲ ਕਰਦਾ ਹੈ। ਪਰ ਜੇ ਵਿਕਸਿਤ ਪੂੰਜੀਵਾਦੀ ਵਿਵਸਥਾ ਵਿਚਲੇ ਵਿਅਕਤੀ ਦਾ ਸੱਚ ਇਹੀ ਹੈ ਤਾਂ ਲੇਖਕ ਨੂੰ ਇਸ ਦੀ ਪੇਸ਼ਕਾਰੀ ਲਈ ਬਹੁਤਾ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਇਸੇ ਸੱਚ ਦੇ ਨਾਂਹ-ਮੁਖੀ ਪਹਿਲੂਆਂ ਪ੍ਰਤੀ ਪਾਠਕ ਦੇ ਮਨ ਵਿਚ ਲੇਖਕ ਕੋਈ ਪ੍ਰਸ਼ਨ ਜਗਾ ਸਕੇ, ਜਾਂ ਇਸ ਪ੍ਰਤੀ ਤ੍ਰਿਸਕਾਰ-ਭਾਵ ਪੈਦਾ ਕਰ ਸਕੇ ਤਾਂ ਨਿਸ਼ਚੇ ਹੀ ਹੋਰ ਵਧੇਰੇ ਚੰਗੀ ਗੱਲ ਹੋਵੇਗੀ। ਪਰ ਨਿਰੋਲ ਯਥਾਰਥ ਦੀ ਕਲਾਤਮਕ ਪੇਸ਼ਕਾਰੀ ਵੀ ਕੋਈ ਘੱਟ ਮੁੱਲਵਾਨ ਨਹੀਂ, ਤੇ ਰਵਿੰਦਰ ਰਵੀ ਇਹੀ ਕੁਝ ਕਰਦਾ ਹੈ।

ਹੱਥਲੇ ਸੰਗ੍ਰਹਿ ਵਿਚ ਨੌਂ ਕਹਾਣੀਆਂ ਅਤੇ ਏਨੀਆਂ ਹੀ ਕਾਵਿ ਤੇ ਲਘੂ-ਕਥਾਵਾਂ ਸ਼ਾਮਲ ਹਨ। ਦੋ ਕਹਾਣੀਆਂ 'ਆਦਮ ਹੱਵਾ ਦੀ ਮਾਂ' ਅਤੇ 'ਮਰਦ ਬਨਾਮ ਮਸ਼ੀਨ' ਪਹਿਲਾਂ ਵੀ ਛਪ ਚੁੱਕੀਆਂ ਹਨ—ਇਹਨਾਂ ਦੋਹਾਂ ਕਹਾਣੀਆਂ ਸਮੇਤ 'ਤੈਂ ਕੀ ਦਰਦ ਨਾ ਆਇਆ' ਨਾਉਂ ਦੀ ਕੇਵਲ ਇਕ ਕਹਾਣੀ ਨੂੰ ਛੱਡ ਕੇ ਬਾਕੀ ਸਭ ਕਹਾਣੀਆਂ ਔਰਤ ਮਰਦ ਦੇ ਸੰਬੰਧਾਂ ਨਾਲ ਜੁੜੀਆਂ ਹੋਈਆਂ ਹਨ। ਇਹਨਾਂ ਕਹਾਣੀਆਂ ਵਿਚਲੇ ਇਸਤਰੀ ਪਾਤਰ ਮਰਦ ਦੇ ਸੰਗ ਦੀ ਲੋਚ ਦੇ ਨਾਲ ਨਾਲ ਆਪਣੀ ਨਿਵੇਕਲੀ ਮਾਨਵੀ ਹੋਂਦ ਦਾ ਪਰਿਚੈ ਦਿੰਦੇ ਹਨ। ਉਹ ਔਰਤਾਂ ਮਰਦ ਉਤੇ ਆਸਰਿਤ ਨਹੀਂ। ਔਰਤ ਦੀ ਸੁਤੰਤਰਤਾ ਦਾ ਕਹਾਣੀਆਂ ਵਿਚ ਪੇਸ਼ ਹੁੰਦਾ ਤਰਕ ਮਰਦ ਦੀ ਸਰਦਾਰੀ ਦੇ ਸੰਕਲਪ ਵਿਚ ਢਲੀ ਸਾਡੀ ਪਰੰਪਰਾਗਤ ਸੋਚ ਨੂੰ ਝੂਣਦਾ ਹੈ। ਪਰ ਇਹ ਤਰਕ ਅਸਲੋਂ ਹੀ ਅਣਸਮਾਜਕ ਜਾਂ ਨਿੰਦਣਯੋਗ ਹੈ। ਵਿਗਿਆਨਕ ਦ੍ਰਿਸ਼ਟੀ ਤੋਂ ਅਜਿਹਾ ਫਤਵਾ ਦੇਣਾ ਦਰੁਸਤ ਨਹੀਂ। ਉੱਤਮ ਪੁਰਖ ਵਿਚ ਲਿਖੀਆਂ ਗਈਆਂ ਚਾਰ ਕਹਾਣੀਆਂ 'ਆਦਮ ਹੱਵਾ ਦੀ ਮਾਂ', 'ਮਰਦ ਬਨਾਮ ਮਸ਼ੀਨ', 'ਪੁਸ਼ਪ ਜਣਨੀ' ਤੇ 'ਅਰਥ ਢੂੰਡਦੇ ਸ਼ਬਦ' ਵਿਚਲੀਆਂ ਐਲਨ, ਏਂਜਲਾ ਰਾਬਿਨਸਨ, ਕੈਥੀ ਤੇ ਕੀਸ਼ਾ ਨਾਉਂ ਦੀਆਂ ਔਰਤਾਂ ਮਰਦ ਦੀਆਂ ਗੁਲਾਮ ਨਹੀਂ। ਮਰਦ ਦੀ ਸੁਤੰਤਰਤਾ ਨਾਲ ਆਪਣੀ ਸੁਤੰਤਰਤਾ ਦੇ ਟਕਰਾ ਜਾਣ ਕਰਕੇ ਉਹ ਮਰਦ ਦੇ ਸਾਥ ਤੋਂ ਬਿਨਾਂ (ਐਂਜਲਾ ਰਾਬਿਨਸਨ) ਜਾਂ ਮਰਦ ਦੇ ਕੁਝ ਪਲਾਂ ਦੇ ਸਾਥ ਉੱਤੇ ਹੀ ਸੰਤੁਸ਼ਟ ਹਨ। ਉਹ ਕਿਸੇ ਸਦੀਵੀ ਰਿਸ਼ਤੇ ਵਿਚ ਬੱਝਣ ਲਈ ਤਿਆਰ ਨਹੀਂ। ਮਰਦ ਤੋਂ ਫੁੱਲਾਂ ਵਰਗੇ ਬੱਚੇ ਪ੍ਰਾਪਤ ਕਰਨ ਲਈ ਉਸ ਦੇ ਕਹਿਰ ਨੂੰ ਵੀ ਝੱਲੀ ਜਾਂਦੀਆਂ ਔਰਤਾਂ ਦੀ ਮਨੋਬਿਰਤੀ ਦੇ ਵਿਸ਼ਲੇਸ਼ਣ ਦੀ ਗੁੰਜਾਇਸ਼ ਹੈ, ਪਰ ਵਿਆਹ ਸੰਸਥਾ ਦੇ ਰਵਾਇਤੀ ਸੰਸਕਾਰਾਂ ਤੋਂ ਮੁਕਤ ਇਹ ਔਰਤਾਂ ਅਕਸਰ ਆਪਣੀ ਹੋਂਦ ਨੂੰ ਕਾਇਮ ਰੱਖਣ ਦੇ ਆਹਰ ਵਿਚ ਲੀਨ ਚੰਗੀਆਂ ਲਗਦੀਆਂ ਹਨ, ਜਿਵੇਂ 'ਪੁਸ਼ਪ ਜਣਨੀ' ਵਿਚਲੀ ਕੈਥੀ।

'ਮਾਨਸਕ ਹਾਣ ਦਾ ਸਾਥ' ਤੇ 'ਰਿਸ਼ਤਿਆਂ ਦੇ ਆਰ ਪਾਰ' ਨਾਉਂ ਦੀਆਂ ਕਹਾਣੀਆਂ ਵੀ ਵਿਆਹ-ਪ੍ਰਥਾ ਦੇ ਅੰਤਰਗਤ ਸਦੀਵੀ ਤੌਰ 'ਤੇ ਅਤ੍ਰਿਪਤ ਰਹਿੰਦੀਆਂ ਔਰਤਾਂ ਦੀ ਬਾਤ ਪਾਉਂਦੀਆਂ ਹਨ। ਉਹਨਾਂ ਲਈ ਪੈਸੇ ਦੀ ਦੌੜ ਵਿਚ ਲੱਗੇ ਜਾਂ ਉਮਰ ਵਿਹਾ-ਚੁੱਕੇ ਮਰਦਾਂ ਤੋਂ ਉਕਤਾ ਕੇ ਵਿਆਹ-ਬਾਹਰੇ ਸੰਬੰਧ ਸਿਰਜਣਾ ਕੋਈ ਅਨਾਚਾਰ ਨਹੀਂ। ਮਰਦ ਦੀ ਸੰਪੂਰਨਤਾ ਨੂੰ ਆਪਣੇ ਵਿਚ ਸਮੋ ਲੈਣ ਦੀਆਂ ਇੱਛਕ, ਇਹ ਔਰਤਾਂ ਸਮਾਜ ਵਲੋਂ ਤੇ ਪਤੀ ਵਜੋਂ ਥਾਪੇ ਗਏ ਆਪਣੇ ਮਰਦਾਂ ਲਈ ਚੁਣੌਤੀ ਬਣ ਖਲੋਂਦੀਆਂ ਹਨ ਤੇ ਖੁਲ੍ਹੇ ਆਮ ਹੋਰ ਮਰਦਾਂ ਦੇ ਸੰਗ ਵਿਚ ਵਿਚਰਦੀਆਂ ਹਨ। ਕੁਝ ਹੈਰਾਨੀ ਵਾਲਾ ਤੱਥ ਇਹ ਹੈ ਕਿ 'ਰਿਸ਼ਤਿਆਂ ਦੇ ਆਰ ਪਾਰ' ਵਿਚਲਾ ਬੁੱਢਾ ਜੌਨ ਆਪਣੀ ਜਵਾਨ ਪਤਨੀ ਜੈਕੀ ਦੀ ਖ਼ੁਸ਼ੀ ਲਈ ਖ਼ੁਦ ਉਸ ਵਾਸਤੇ ਨੌਜਵਾਨ ਲੱਭਦਾ ਹੈ, ਤੇ ਤ੍ਰਾਸਦੀ ਇਹ ਹੈ ਕਿ ਇਉਂ ਕਰਦਾ ਹੋਇਆ ਉਹ ਵੇਸਵਾ-ਬਿਰਤੀ ਨੂੰ ਵਧਾਉਣ ਦਾ ਦੋਸ਼ੀ ਗਰਦਾਨਿਆ ਜਾਂਦਾ ਹੈ। 'ਮਾਨਸਕ ਹਾਣ ਦਾ ਸਾਥ' ਅਤੇ 'ਅਰਥ ਢੂੰਡਦੇ ਸ਼ਬਦ' ਵਿਚ ਰਵੀ ਨੇ ਸਰੀਰ ਤੋਂ ਅਗਾਂਹ ਇਸਤਰੀ ਪੁਰਸ਼ ਦੀ ਪਰਸਪਰ ਮਾਨਸਿਕ ਤ੍ਰਿਪਤੀ ਦੇ ਹੱਕ ਵਿਚ ਗੱਲ ਕੀਤੀ ਹੈ। 'ਅਰਥ ਢੂੰਡਦੇ ਸ਼ਬਦ' ਵਿਚਲੀ ਕੀਸ਼ਾ ਜੋ ਕਿਸੇ ਮਰਦ ਤੋਂ ਏਡਜ਼ ਦੀ ਬਿਮਾਰੀ ਲੈ ਬੈਠੀ ਹੈ, ਖ਼ੁਸ਼ਕਿਸਮਤੀ ਨੂੰ ਇਕ ਅਜਿਹੇ ਮਨੁੱਖ ਨੂੰ ਮਿਲਦੀ ਹੈ ਜੋ ਸਮਾਜ ਵਿਚ ਨਵੀਂ ਪੀੜ੍ਹੀ ਦੀ ਸਿਹਤ ਨੂੰ ਸਵਸਥ ਰੱਖਣ ਲਈ ਉਸ ਦੇ ਨਾਲ ਤੁਰਨ ਦਾ ਸੰਕਲਪ ਕਰਦਾ ਹੈ।

'ਸੁਤੰਤਰਤਾ ਦੇ ਸਮਾਨ-ਅੰਤਰ ਸਿਰੇ' ਵਿਚ ਰਵੀ ਇਕ ਅਜਿਹੇ ਪਾਤਰ ਦੀ ਅਸਲੀਅਤ ਨੂੰ ਉਭਾਰਦਾ ਹੈ ਜੋ ਪ੍ਰਗਤੀਵਾਦੀ ਹੋਣ ਦੇ ਦਾਅਵੇ ਦੇ ਬਾਵਜੂਦ ਤੀਵੀਂ ਨੂੰ ਆਪਣੀ ਨਿੱਜੀ ਮਲਕੀਅਤ ਸਮਝਦਾ ਹੋਇਆ ਆਪਣੇ ਲਈ ਤੇ ਔਰਤ ਲਈ ਦੂਹਰੇ ਮਾਪ ਅਪਣਾਉਂਦਾ ਹੈ। ਰਵੀ ਏਥੇ ਪਾਤਰਾਂ ਨਾਲ ਲੋੜੀਂਦੀ ਕਲਾਤਮਕ ਵਿਥ ਨਹੀਂ ਸਿਰਜ ਸਕਿਆ, ਜਿਸ ਕਰਕੇ ਕਹਾਣੀ ਵਿਚਲੀ ਕਹਿਣ ਵਾਲੀ ਗੱਲ ਦਰੁਸਤ ਹੋਣ ਦੇ ਬਾਵਜੂਦ ਕਿੰਤੂਜਨਕ ਜਾਪਦੀ ਹੈ। ਪਹਿਲੀ ਪਤਨੀ 'ਚੋਂ ਤਿੰਨ ਬੱਚਿਆਂ ਦੇ ਬਾਪ ਆਪਣੇ ਪਤੀ ਕੁੰਦਨ ਸਿੰਘ ਕਾਂਗ ਨੂੰ ਵਰਸ਼ਾ ਇੰਦਰਾਨੀ ਆਖਦੀ ਹੈ ਕਿ ਉਹ ਉਸ ਨੂੰ ਆਪਣੀ ਮਰਜ਼ੀ ਨਾਲ ਕਿਸੇ ਹੋਰ ਮਰਦ ਤੋਂ ਇਕ ਬੱਚਾ ਲੈਣ ਦੇਵੇ ਤਾਂ ਉਹ ਹਮੇਸ਼ਾ ਲਈ ਸਗਵੀਂ ਦੀ ਸਗਵੀਂ ਉਸ ਦੀ ਹੋ ਜਾਵੇਗੀ। ਤੇ ਇਹ ਪ੍ਰਸਤਾਵ ਪ੍ਰਗਤੀਵਾਦ ਦਾ ਚੋਗਾ ਪਹਿਨੀ ਬੈਠੇ ਭੂਪਵਾਦੀ ਮਰਦ ਲਈ ਪ੍ਰਵਾਨ ਕਰਨਾ ਕਿਵੇਂ ਵੀ ਸੰਭਵ ਨਹੀਂ। 'ਸ਼ਾਦੀ ਵੱਲ ਜਾਂਦੀ ਸੜਕ' ਵਿਚ ਭਾਵੇਂ ਪਰਵਾਸੀ ਮਾਪਿਆਂ ਵੱਲੋਂ ਦੇਸ਼ 'ਚੋਂ ਮਰਦ ਮੰਗੇਤਰ ਮੰਗਾ ਕੇ ਆਪਣੀ ਲੜਕੀ ਦੇ ਗਲ ਮੜ੍ਹਨ ਦਾ ਕਾਫੀ ਪੁਰਾਣਾ ਵਿਸ਼ਾ ਲਿਆ ਗਿਆ ਹੈ, ਪਰ ਇਸ ਦੇ ਨਿਭਾਅ ਵਿਚ ਰਵਿੰਦਰ ਰਵੀ ਦੀ ਵਿਸ਼ੇਸ਼ਤਾ ਉੱਥੇ ਉਜਾਗਰ ਹੁੰਦੀ ਹੈ, ਜਿੱਥੇ ਲੜਕੀ ਆਪਣੇ ਪ੍ਰੇਮੀ ਤੋਂ ਆਪਣੇ ਗਰਭ ਵਿਚ ਬੱਚਾ ਸਾਂਭ ਲੈਣ ਨੂੰ ਉਸ ਵੱਲੋਂ, ਅਫ਼ਰੀਕੀ ਸਭਿਆਚਾਰਕ ਮਰਯਾਦਾ ਅਨੁਸਾਰ, ਜਣਨ ਪਰੀਖਿਆ ਚੋਂ ਪਾਸ ਹੋਣ ਦਾ ਪ੍ਰਮਾਣ ਆਖ ਕੇ ਪ੍ਰੇਮੀ ਨਾਲ ਵਿਆਹ ਨੂੰ ਸਿਰੇ ਚੜ੍ਹਾਉਂਦੀ ਨਜ਼ਰ ਆਉਂਦੀ ਹੈ।

ਕੁਲ੍ਹ ਮਿਲਾ ਕੇ ਰਵੀ ਇਹਨਾਂ ਕਹਾਣੀਆਂ ਵਿੱਚੋਂ ਇਕ ਅਜਿਹੇ ਮਰਦ ਲੇਖਕ ਵਜੋਂ ਉਭਰਦਾ ਹੈ ਜੋ ਪੱਛਮੀ ਪਰਿਵੇਸ਼ ਵਿਚ ਔਰਤ ਦੀ ਸੁਤੰਤਰਤਾ ਦੀ ਧਾਰਨਾ ਨੂੰ ਪੁਸ਼ਟ ਕਰਦਾ ਹੈ। ਇਹ ਧਾਰਨਾ ਅੰਤਿਮ ਰੂਪ ਵਿਚ ਸਮਾਜ ਲਈ ਕਿੰਨੀ ਕੁ ਸਾਰਥਕ ਹੈ, ਇਸ ਪ੍ਰਸ਼ਨ ਦੇ ਉੱਤਰ ਵੱਲ ਰਵੀ ਨਹੀਂ ਅਹੁਲਦਾ। ਇਸ ਪ੍ਰਸ਼ਨ ਦਾ ਉੱਤਰ ਉਹ ਪਾਠਕ ਉੱਤੇ ਛੱਡ ਦਿੰਦਾ ਹੈ।

ਪਰ, ਪੁਸਤਕ ਵਿਚਲੀਆਂ ਨੌਂ ਕਾਵਿ-ਕਥਾਵਾਂ ਤੇ ਲਘੂ ਕਥਾਵਾਂ ਵਿੱਚੋਂ ਔਰਤ ਦੀ ਵਿਰੋਧਾਭਾਸ ਵਾਲੀ ਸਥਿਤੀ ਉਭਰਦੀ ਹੈ ਜਿਥੇ ਆਪਣੇ ਪ੍ਰੀਤਮ ਨੂੰ ਸਗਵੇਂ ਦਾ ਸਗਵਾਂ ਬਰਸ ਪੈਣ ਲਈ ਆਖਦੀ ਬਿਹਬਲ ਹੋਈ ਪ੍ਰੀਤਮਾ ਜੂਠੀ ਹੋਣ ਤੋਂ ਪਹਿਲਾਂ ਸੁੱਚੀ ਕੀਤੇ ਜਾਣ ਦੀ ਮੰਗ ਕਰਦੀ ਹੈ। 'ਸੁਪਨ ਕਲਾ', 'ਧਰਤੀ ਤੇ ਧੌਲ' ਵਿਚ ਔਰਤ ਇਕ ਬੰਨੇ ਵਿਅਕਤੀਗਤ ਸੁਤੰਤਰਤਾ ਚਾਹੁੰਦੀ ਹੈ ਤੇ ਦੂਜੇ ਬੰਨੇ ਪਲ ਛਿਣ ਦੇ ਪਿਆਰ ਬਦਲੇ ਮਰਦ ਅਗੇ ਸਗਲੀ ਸਬੂਤੀ ਦੇਹ ਹਾਜ਼ਰ ਕਰਨ ਲਈ ਤਿਆਰ ਹੈ। ਇਹਨਾਂ ਕਾਵਿ ਤੇ ਲਘੂ ਕਥਾਵਾਂ ਵਿਚ ਸੁਭਾਵਕ ਹੀ ਬਿੰਬਾਂ ਪ੍ਰਤੀਕਾਂ ਦੀ ਭਰਮਾਰ ਹੈ। ਇਹਨਾਂ ਕਿਰਤਾਂ ਦਾ ਕਹਾਣੀ ਦੀ ਵਿਧਾ ਦੇ ਘੇਰੇ ਵਿਚ ਮੁੱਲਾਂਕਣ

ਕਰ ਸਕਣਾ ਸੰਭਵ ਨਹੀਂ। ਇਹ ਨਿਰਸੰਦੇਹ ਇਕ ਨਵੇਂ ਰੂਪਕਾਰ ਵਜੋਂ ਆਪਣੇ ਅਨੁਸਾਰੀ ਮੁੱਲ-ਚੌਖਟੇ ਵਿਚ ਵਿਚਾਰੀਆਂ ਜਾਣ ਦੇ ਯੋਗ ਹਨ।

ਰਵਿੰਦਰ ਰਵੀ ਜਦੋਂ ਆਪਣੇ ਕਲਾਕਾਰ ਆਪੇ ਉਤੇ ਆਪਣੇ ਨਿੱਜ ਨੂੰ ਭਾਰੂ ਹੋਣ ਦੀ ਖੁੱਲ੍ਹ ਦਿੰਦਾ ਹੈ ਉਦੋਂ ਉਹ ਬਹੁਤਾ ਸਫਲ ਨਹੀਂ ਰਹਿੰਦਾ। 'ਤਾਜਦਾਰ ਤੁੰਮੇਸ਼ਾਹ' ਨਾਉਂ ਦੀ ਕਾਵਿ-ਕਥਾ ਅਤੇ 'ਸੁਤੰਤਰਤਾ ਦੇ ਸਮਾਨ-ਅੰਤਰ ਸਿਰੇ' ਨਾਉਂ ਦੀ ਕਹਾਣੀ ਵਿਚ ਉਹਦੀ ਕਿਸੇ ਲੇਖਕ ਪ੍ਰਤੀ ਖਿਝ ਜਾਂ ਕਿਸੇ ਧਾਰਾ ਪ੍ਰਤੀ ਉਦਾਸੀਨਤਾ ਜਾਂ ਨਿਕਾਰਨ ਦੀ ਸੁਰ ਦਾ ਉੱਭਰਨਾ ਇਸ ਸੀਮਾ ਨੂੰ ਦਰਸਾਉਂਦਾ ਹੈ। ਪਰ ਇਹ ਤੱਥ ਕਿ ਰਵਿੰਦਰ ਰਵੀ ਇਕ ਉਘਾ ਕਵੀ ਹੋਣ ਤੋਂ ਬਿਨਾਂ ਕੁਸ਼ਲ ਕਥਾਕਾਰ ਵੀ ਹੈ, ਜਿਸ ਨੂੰ ਪਾਤਰ ਚਿਤਰਨ, ਕਹਾਣੀ ਗੁੰਦਣ ਤੇ ਪ੍ਰਭਾਵ ਸਿਰਜਣ ਦੀ ਮੁਹਾਰਤ ਹੈ, ਹੁਣ ਸਵੈ-ਸਿੱਧ ਹੈ।

**"ਸਿਰਜਣਾ"**, ਜਨਵਰੀ-ਮਾਰਚ, 1992

# ਭਾਗ ਪਹਿਲਾ : 96 ਕਹਾਣੀਆਂ



ਰਵੀ ਦੀਆਂ ਕਹਾਣੀਆਂ ਦੀ ਬੋਲੀ, ਇੱਥੋਂ ਤਕ ਕਿ ਆਪੋ ਵਿਚ ਗੱਲਬਾਤ ਦੀ ਬੋਲੀ, ਵੀ ਵਿਦਵਾਨਾਂ ਵਾਲੀ ਹੈ। ਇਹ ਨਵੀਂ ਪਿਰਤ ਹੈ।

ਸੰਸਾਰ ਪ੍ਰਸਿੱਧ ਪੁਸਤਕ 'ਰੋਮ ਦੀ ਇਸਤ੍ਰੀ' ਦੇ ਲੇਖਕ ਐਲਬਰਟੋ ਮੋਰੇਵੀਆ ਨੂੰ ਕਿਸੇ ਨੇ ਪੁੱਛਿਆ ਕਿ ਇਸਤ੍ਰੀ ਤਾਂ ਇਕ ਅਨਪੜ੍ਹ ਵੇਸਵਾ ਹੈ। ਪੜ੍ਹਿਆਂ ਲਿਖਿਆਂ ਵਾਲੀ ਬੋਲੀ ਕਿਉਂ ਬੋਲਦੀ ਹੈ ? ਮੋਰੇਵੀਆ ਨੇ ਜਵਾਬ ਦਿੱਤਾ ਕਿ ਸਾਹਿਤ ਦੀ ਭਾਸ਼ਾ ਸਦਾ ਸ਼ਕਤੀਸ਼ਾਲੀ ਹੋਣੀ ਚਾਹੀਦੀ ਹੈ। ਨਾਲੇ ਇਕ ਅਨਪੜ੍ਹ ਪਾਤਰ ਬਾਰੇ ਲਿਖਣ ਲੱਗਿਆਂ ਮੈਂ ਆਪਣਾ ਲਿਖਣ ਢੰਗ ਨਹੀਂ ਬਦਲ ਸਕਦਾ।

ਇਕ ਹੋਰ ਨਵੀਂ ਪਿਰਤ, ਜਿਹੜੀ ਮੈਂ ਇਸ ਵੱਡੇ ਸੰਗ੍ਰਹਿ ਵਿਚ ਵੇਖੀ ਹੈ, ਇਹ ਹੈ ਕਿ ਸਭ ਤੋਂ ਪਿੱਛੋਂ ਲਿਖੀਆਂ ਕਹਾਣੀਆਂ ਸਭ ਤੋਂ ਪਹਿਲਾਂ ਪਾਈਆਂ ਹਨ ਤੇ ਪਹਿਲਾਂ ਲਿਖੀਆਂ ਹੋਈਆਂ ਸਭ ਤੋਂ ਪਿੱਛੋਂ। ਇਸ ਤਰ੍ਹਾਂ ਹੋਇਆ ਮੈਂ ਪਹਿਲੇ ਕਿਧਰੇ ਵੇਖਿਆ ਤੇ ਨਹੀਂ, ਪਰ ਇਕ ਉੱਘੇ ਕਹਾਣੀਕਾਰ ਨੇ ਇਸ ਤਾਂਘ ਦਾ ਪ੍ਰਗਟਾਵਾ ਜ਼ਰੂਰ ਕੀਤਾ ਹੈ, ਭਾਵੇਂ ਉਹ ਪੂਰੀ ਨਹੀਂ ਹੋਈ।

**"ਅਕਸ"**, ਜੂਨ 1984

# ਗੋਰੀਆਂ ਸ਼ਹੀਦੀਆਂ

ਅੱਜ ਵੀ ਉਹ ਉਸੇ ਥਾਂ ਬੈਠੀ ਸੀ। ਬਿਜਲਈ ਮੋਮਬੱਤੀਆਂ ਦੀ ਮੱਧਮ ਰੌਸ਼ਨੀ ਅਤੇ ਅਨ੍ਹੇਰੇ ਦੀ ਲੁਕਣ ਮੀਟੀ ਵਿਚ ਡੁੱਬੇ ਇਸ ਸ਼ਰਾਬਖ਼ਾਨੇ ਦੇ ਇਕੱਲਵਾਂਜੇ ਖੂੰਜੇ ਵਿਚ। ਉਸ ਦੇ ਸਾਹਮਣੇ ਰਾਖ਼ਦਾਨੀ ਵਿਚ ਅੱਧ-ਜਗੀਆਂ ਤੇ ਅੱਧ-ਬੁਝੀਆਂ ਸਿਗਰਟਾਂ ਦਾ ਢੇਰ ਜਿਹਾ ਉੱਸਰ ਆਇਆ ਸੀ। ਅਗਲੀ ਸਿਗਰਟ ਜਲਾਉਣ ਲਈ ਮਾਚਸ ਦੀ ਤੀਲੀ ਬਦਲਦੀ, ਤਾਂ ਉਸ ਦੇ ਚਿਹਰੇ ਉੱਤੇ ਛਿਣ ਦੀ ਛਿਣ ਗੰਭੀਰਤਾ ਫੈਲਦੀ ਹੋਈ ਦਿਖਾਈ ਦਿੰਦੀ।

ਮੱਥੇ ਉੱਤੇ ਸੁਰਖ਼ ਬਿੰਦੀ, ਕੰਨਾਂ ਵਿਚ ਪਲਾਸਟਕ ਦੇ ਸੁਰਖ਼ ਬੁੰਦੇ, ਬੁੱਲ੍ਹਾਂ ਉੱਤੇ ਸੁਰਖ਼ ਲਿਪਸਟਿੱਕ, ਸੁਰਖ਼ ਹਾਫ਼ ਕੋਟ ਹੇਠਾਂ ਸਫ਼ੈਦ ਕਮੀਜ਼ ਤੇ ਸੁਰਖ਼ ਸਕਰਟ, ਗਲ ਵਿਚ ਸੁਰਖ਼ ਸਕਾਰਫ਼ ਅਤੇ ਪੈਰਾਂ ਵਿਚ ਸੁਰਖ਼ ਗੁਰਗਾਬੀ ਪਾਈ ਬੈਠੀ, ਉਹ ਆਪਣੇ ਮਧਰੇ ਤੋਂ ਕੁਝ ਸਿਰਕੱਢਵੇਂ ਕੱਦ ਵਿਚ ਬੜੀ ਆਕਰਸ਼ਕ ਤੇ ਸੁੰਦਰ ਲੱਗ ਰਹੀ ਸੀ। ਭਰਵੀਆਂ ਛਾਤੀਆਂ ਤੇ ਗੁੰਦੇ ਹੋਏ ਜਿਸਮ ਵਾਲੀ ਏਸ ਔਰਤ ਨੂੰ ਵਾਲ ਬਨਾਉਣ ਅਤੇ ਮਿਲਵੇਂ ਰੰਗਾਂ ਵਾਲੀਆਂ ਨਿੱਤ ਨਵੀਆਂ ਪੋਸ਼ਾਕਾਂ ਪਹਿਨਣ, ਸਾਜ-ਸੱਜਾ ਅਤੇ ਸ਼ਿੰਗਾਰ ਦਾ ਬੜਾ ਸੁਹਜਮਈ ਸਲੀਕਾ ਸੀ।

ਬੀਅਰ ਦਾ ਗਲਾਸ ਚੁੱਕਦਿਆਂ ਉਸ ਨੇ ਇਕ ਨਜ਼ਰ ਮੇਰੇ, ਜਾਂ ਮੇਰੇ ਮੇਜ਼ ਵਲਾਂ ਅਤੇ ਜਾਂ ਸਾਡੇ ਦੋਹਾਂ ਤੋਂ ਪਾਰ ਵੇਖਿਆ ! ਮੈਂ ਕੋਲ ਹੀ ਉਸ ਦੇ ਨਾਲ ਦੀ ਮੇਜ਼ ਉੱਤੇ ਬੈਠਾ ਸਾਂ। ਉਸਦੀਆਂ ਹਲਕੀਆਂ ਨੀਲੀਆਂ ਅੱਖਾਂ ਕਿਸੇ ਵੀ ਕਿਸਮ ਦੇ ਪ੍ਰਭਾਵ ਤੋਂ ਮੁਕਤ ਸਨ।

"ਖਿਮਾਂ ਕਰਨਾ, ਕੀ ਮੈਂ ਤੁਹਾਡੀ ਸੰਗਤ ਵਿਚ ਸ਼ਾਮਿਲ ਹੋ ਸਕਦਾ ਹਾਂ ?"

ਆਖ ਕੇ ਮੈਂ ਉਸ ਦੇ ਸਾਮ੍ਹਣੀ ਕੁਰਸੀ ਉੱਤੇ ਬੈਠ ਗਿਆ।

"ਜੋ ਤੂੰ ਢੂੰਡ ਰਿਹਾ ਹੈਂ, ਉਹ ਸ਼ਾਇਦ ਮੈਂ ਤੈਨੂੰ ਨਾ ਦੇ ਸਕਾਂ।"

ਉਸ ਨੇ ਹਲਕੇ ਪਰ ਸੰਗੀਤ ਮਈ ਸੁਰਾਂ ਵਿਚ ਆਖਿਆ।

"ਮੈਂ ਤਾਂ ਸਿਰਫ਼ ਦੋ ਮੇਜ਼ਾਂ ਉੱਤੇ ਫੈਲੀਆਂ ਦੋ ਇਕੱਲਾਂ ਨੂੰ ਇਕ ਮੇਜ਼ ਉੱਤੇ ਇਕੱਠਿਆਂ ਕਰਨ ਬਾਰੇ ਹੀ ਸੋਚਿਆ ਸੀ।"

"ਮੇਜ਼ ਬਦਲਿਆਂ ਇਕੱਲ ਦੇ ਮਿਜਾਜ਼ ਵਿਚ ਕੋਈ ਫ਼ਰਕ ਨਹੀਂ ਪੈਣਾ। ਜੋ ਇਕੱਲ ਧੁਰ ਅੰਦਰ, ਵਜੂਦ ਦਾ ਇਕ ਹਿੱਸਾ ਬਣ ਕੇ ਖ਼ਲਾਅ ਵਾਂਗ ਪੱਸਰ ਜਾਏ, ਉਸ ਦੇ ਚੱਕ੍ਰਵਯੂਹ ਤੋਂ ਮੁਕਤੀ ਸੰਭਵ ਨਹੀਂ। ਕੀ ਤੂੰ ਕਦੇ ਦੋ ਇਕੱਲਾਂ ਦੀ ਸੰਗਤ ਬਾਰੇ ਵੀ ਸੋਚਿਆ ਹੈ ?"

ਇਕੱਲ ਹੁੰਦਿਆਂ ਵੀ ਕੋਲ ਬੈਠੀ ਦੂਸਰੀ ਇਕੱਲ ਦੇ ਸੰਗ ਸਾਥ ਦਾ ਮੱਠਾ ਮੱਠਾ ਅਹਿਸਾਸ ਕੀ ਇਕੱਲ ਨੂੰ ਮਾਰ ਨਹੀਂ ਸਕਦਾ ?"

"ਗੱਲਾਂ ਤੁਰ ਪੈਂਦੀਆਂ ਹਨ ਬੇਸਿਰ ਪੈਰ ਦੀਆਂ। ਸ਼ੋਰ ਉੱਠ ਖੜਾ ਹੁੰਦਾ ਹੈ ਮੇਰੇ ਅੰਦਰ। ਗੱਲਾਂ ਦੇ

ਸਿਰੇ ਗੁੰਮ ਗੁਆਚ ਜਾਂਦੇ ਹਨ। ਇਸ ਸ਼ੋਰ ਤੋਂ ਛਿਣ ਛਿਣ ਸੰਘਣੇ ਹੋ ਰਹੇ ਅਨ੍ਹੇਰੇ ਵਿਚ ਤੇ ਮੈਂ ਹੋਰ ਵੀ ਵਧੇਰੇ ਇਕੱਲੀ ਤੇ ਸੱਖਣੀ ਹੋ ਜਾਂਦੀ ਹਾਂ।"

"ਆਪਣਾ, ਆਪਣਾ ਏਕਾ ਕੀਕੂੰ, ਚੁਕੀ ਫਿਰਦੇ ਲੋਕ !"

"ਕੀ ਕਿਹਾ ਤੂੰ ?"

"ਕੁਝ ਨਹੀਂ, ਐਵੇਂ ਇਕ ਕਵਿਤਾ ਦੇ ਬੋਲ ਯਾਦ ਆ ਗਏ।"

"ਤੂੰ ਕਵਿਤਾ ਵੀ ...।"

"ਲਿਖਦਾ ਹਾਂ। ਆਪਣੇ ਆਪ ਨਾਲ ਸੰਬਾਦ ਰਚਾਉਣਾ, ਆਪਣੇ ਆਪ ਨੂੰ, ਵਸਤੂ ਪੱਧਰ ਉੱਤੇ, ਇਕ ਦੂਰੀ ਤੋਂ ਵੇਖਣਾ ਸਮਝਣਾ...ਕਵਿਤਾ ਹੀ ਤਾਂ ਹੈ...ਆਪਣੀ ਇਕੱਲ ਦਾ ਸ਼ਬਦਾਂ ਭਾਵਾਂ ਤੇ ਅਰਥਾਂ ਵਿਚ ਕਾਇਆ-ਕਲਪ ਹੋ ਜਾਣਾ। ਆਪਣੇ ਪੱਤੇ ਆਪਣੀ ਖੇਡ...ਸੌਲੀਟੇਅਰ...ਇਕੱਲ ਖੇਡ।"

"ਹਾਂ ਸੌਲੀਟੇਅਰ। ਆਪੇ ਤਾਸ਼ ਆਪ ਖਿਡਾਰੀ, ਆਪੇ ਖੇਡ, ਆਪੇ ਜਿੱਤ ਤੇ ਆਪੇ ਹਾਰ ... ਆਪੇ ਸ਼ੂਨਯ, ਅੱਧ ਵਿਚਕਾਰ।"

"ਤੂੰ ਤਾਂ ਭਾਸ਼ਾ ਸਿਰਜ ਰਹੀ, ਫ਼ਲਸਫ਼ਾ ਜੀ ਰਹੀ ਤੇ ਕਵਿਤਾ ਬਣ ਰਹੀ ਹੈਂ।"

"ਇਕਲਾਪਾ ਜਦੋਂ ਮਜਬੂਰੀ ਵੱਸ ਜੀਵਨ-ਸ਼ੈਲੀ ਬਣ ਜਾਏ, ਤਾਂ ਚੁੱਪ ਹੀ ਨਹੀਂ, ਬੋਲ ਵੀ ਬੜੇ ਤਿੱਖੇ ਹੋ ਜਾਂਦੇ ਹਨ। ਤਿੱਖੇ ਅਨੁਭਵ, ਤਿੱਖੇ ਸ਼ਬਦ, ਤਿੱਖੇ ਅਰਥ ਅਤੇ ਘੋੜੇ ਵਾਂਗ ਇਕ ਲੰਮੇਂ ਸਮੇਂ ਤੋਂ ਆਪਣੇ ਅੰਦਰ, ਲਗਾਤਾਰ ਸੀਖ-ਭਾਰ ਖੜ੍ਹੀ ਥਿਰ ਹੋਈ ਜ਼ਿੰਦਗੀ ... ਠੰਡਾ, ਸਾਹ-ਹੀਣ, ਸਖ਼ਤ ਪੱਥਰ ਦਾ ਬੁੱਤ ... ਬੇਜਾਨ ... ਬੇਹਿਸ...।"

"ਪੱਥਰ ਹੀ ਤਾਂ ਬਣ ਗਏ ਹਾਂ ਅਸੀਂ ਸਭ। ਮੀਂਹ ਵੱਸਦਾ ਹੈ। ਆਬਸ਼ਾਰਾਂ ਦਾ ਰਸੀਲਾ ਸੰਗੀਤ ਸਾਡੇ ਉੱਤੋਂ ਦੀ ਲੰਘਦਾ ਹੈ। ਫੁੱਲ ਉੱਗਦੇ ਹਨ। ਸੁਗੰਧਾਂ ਫੈਲਦੀਆਂ ਹਨ। ਫਲ, ਫਲਦੇ ਹਨ। ਵਣ ਮੌਲਦੇ ਹਨ। ਫਸਲਾਂ ਜੰਮਦੀਆਂ, ਵਧਦੀਆਂ, ਪੱਕਦੀਆਂ ਹਨ। ਕੁਝ ਵੀ ਤਾਂ ਨਹੀਂ ਬਦਲਦਾ ... ਆਦਿ-ਕਾਲ ਤੋਂ ਪ੍ਰਕਿਰਤੀ ਦਾ ਸਿਰਜਣ-ਸੰਸਾਰ, ਪੀੜ੍ਹੀ-ਦਰ-ਪੀੜ੍ਹੀ, ਜ਼ਿੰਦਗੀ ਦਾ ਗੀਤ ਗਾਈ ਜਾ ਰਿਹਾ ਹੈ ... ਤੇ ਅਸੀਂ ਤਾਂ ਪੱਥਰ ਬਣੇ ਬੈਠੇ ਹਾਂ ... ਅੱਖਾਂ, ਕੰਨ ਤੇ ਮੂੰਹ ਉੱਤੇ ਹੱਥ ਰਖੀ ਆਪਣੇ ਅੰਦਰ ਲਗਾਤਾਰ ਵਿਅਰਥ ਹੋ ਰਹੇ ਹਾਂ।"

"ਹਾਂ, ਲਗਾਤਾਰ ਵਿਅਰਥ ਹੋ ਰਹੇ ਹਾਂ।"

ਆਖ ਕੇ ਉਹ ਦੂਰ ਖ਼ਲਾਅ ਨੂੰ ਘੂਰਦੀ ਹੋਈ ਇਕ ਲੰਮੀਂ ਚੁੱਪ ਵਿਚ ਡੁੱਬ ਗਈ। ਹੌਲੀ ਹੌਲੀ ਜਲ ਕੇ ਉਂਗਲਾਂ ਤਕ ਪਹੁੰਚੀ ਸਿਗਰਟ ਦਾ ਸੇਕ ਮਹਿਸੂਸ ਹੋਇਆ, ਤਾਂ ਉਹ ਚੌਂਕੀ !

"ਪੱਥਰ ਵਿਚ ਅਜੇ ਅਹਿਸਾਸ ਬਾਕੀ ਹੈ।" ਮੈਂ ਕਿਹਾ !

"ਹਾਂ, ਅਹਿਸਾਸ ਹੀ ਤਾਂ ਹੈ ਜੁ ਹੁਣ ਤਕ ਜਿਊਂਦੀ ਹਾਂ। ਅੱਛਾ, ਖਿਮਾਂ ਕਰਨਾ, ਬੱਚਿਆਂ ਨੂੰ ਬੇਬੀ-ਸਿਟਰ ਦਿਓਂ ਚੁੱਕਣ ਦਾ ਸਮਾਂ ਹੋ ਗਿਆ ਹੈ।" ਆਖ ਕੇ ਉਹ ਚਲੀ ਗਈ ਤੇ ਮੈਂ ਆਪਣੀ ਇਕੱਲ ਵਿਚ ਡੁੱਬਾ, ਉਸ ਦੀ ਇਕੱਲ ਬਾਰੇ ਸੋਚਣ ਲੱਗ ਪਿਆ। ਉਸ ਦਾ ਨਾਮ ਜੀਨ ਜਾਨਸਟਨ ਸੀ। ਇਕ, ਦੋ ਹੋਰ ਮੁਲਾਕਾਤਾਂ ਤੋਂ ਬਾਅਦ ਉਹ ਮੈਨੂੰ ਗੁਰਿੰਦਰ ਤੋਂ ਗੈਰੀ ਤੇ ਮੈਂ ਉਸ ਨੂੰ ਜੀਨ ਕਹਿਣ ਲੱਗ ਪਿਆ ਸਾਂ।

ਜੀਨ ਦੇ ਬਾਪ ਨੇ ਉਸ ਨੂੰ ਇਕ ਖ਼ੂਬਸੂਰਤ ਘਰ, ਕਾਰ ਅਤੇ ਜ਼ਰੂਰਤ ਦਾ ਹੋਰ ਸਭ ਸਾਮਾਨ ਲੈ ਕੇ ਦਿੱਤਾ ਹੋਇਆ ਸੀ। ਖ਼ਰਚ ਲਈ ਢੇਰ ਸਾਰੇ ਪੈਸੇ ਉਹ ਉਸ ਨੂੰ ਹਰ ਮਹੀਨੇ ਦਿੰਦਾ ਸੀ। ਉਸ ਦੇ ਬੈਂਕ ਅਕਾਊਂਟ ਵਿਚ ਵੀ ਉਸ ਨੇ ਚੋਖੀ ਰਕਮ ਜਮ੍ਹਾਂ ਕਰਵਾ ਰੱਖੀ ਸੀ। ਉਸਦੀਆਂ ਦੋ ਧੀਆਂ ਦੇ ਨਾਮ ਵੀ ਜੁਦੇ ਜੁਦੇ ਬੈਂਕ ਦੇ ਖਾਤੇ ਖੋਲ੍ਹ ਰੱਖੇ ਸਨ, ਉਸ ਦੇ ਬਾਪੂ ਨੇ। ਪਹਿਲਾਂ ਉਸ ਦਾ ਬਾਪ ਉਨ੍ਹਾਂ ਦੇ ਨਾਲ ਹੀ ਰਹਿੰਦਾ ਸੀ। ਪਰ ਕੁਝ ਸਮੇਂ ਤੋਂ ਜੀਨ ਉਸ ਨਾਲ ਲਗਾਤਾਰ ਝਗੜਾ ਕਰਨ ਲਗ ਪਈ ਸੀ। ਨੌਬਤ ਮਾਰ ਕੁਟਾਈ, ਗਾਲ੍ਹੀ ਗਲੋਚ ਤੇ ਪੁਲਿਸ ਤਕ ਵੀ ਪਹੁੰਚ ਚੁੱਕੀ ਸੀ। ਇਸ ਲਈ ਉਸ ਦਾ ਬਾਪ ਕੁਝ ਸਮੇਂ ਤੋਂ ਕਿਰਾਏ ਦੇ ਮਕਾਨ ਵਿਚ ਇਕੱਲਾ ਹੀ ਰਹਿੰਦਾ ਸੀ। ਘਰ ਦੇ ਖ਼ਰਚ ਦੇ ਪੈਸੇ ਉਹ ਹਰ ਮਹੀਨੇ ਲਗਾਤਾਰ ਜੀਨ ਦੇ

ਬੈਂਕ-ਖਾਤੇ ਵਿਚ ਜਮ੍ਹਾਂ ਕਰਵਾ ਦਿੰਦਾ। ਆਨੀ ਬਹਾਨੀਂ ਜੀਨ ਦੀਆਂ ਬੱਚੀਆਂ ਨੂੰ ਮਿਲਣ ਆ ਜਾਂਦਾ। ਜਦੋਂ ਜੀਨ ਘਰ ਨਾ ਹੁੰਦੀ ਤਾਂ ਉਨ੍ਹਾਂ ਨਾਲ ਖੇਡਣ ਲੱਗ ਪੈਂਦਾ। ਉਨ੍ਹਾਂ ਨੂੰ ਇਸ਼ਨਾਨ ਕਰਵਾਉਂਦਾ। ਉਨ੍ਹਾਂ ਦੇ ਕੱਪੜੇ ਬਦਲਦਾ। ਉਨ੍ਹਾਂ ਨੂੰ ਭੋਜਨ ਕਰਵਾਉਂਦਾ। ਉਨ੍ਹਾਂ ਦਾ ਗੂੰਹ ਮੂਤ ਚੁੱਕਦਾ। ਘਰ ਦੀ ਸਫ਼ਾਈ ਕਰਦਾ। ਲਾਨ ਦਾ ਘਾਹ ਕੱਟਦਾ। ਫੁੱਲਾਂ ਦੇ ਬੂਟੇ ਲਾਉਂਦਾ। ਦੋਹਾਂ ਬੱਚੀਆਂ ਨੂੰ ਪਿਆਰ ਕਰਦਾ। ਉਨ੍ਹਾਂ ਦੇ ਮੂੰਹ ਚੁੰਮਦਾ। ਉਨ੍ਹਾਂ ਦੇ ਅੰਗ ਸਹਿਲਾਉਂਦਾ। ਅੰਗ, ਅੰਗ ਨਾਲ ਗੱਲਾਂ ਕਰਦਾ।

ਅਜਿਹਾ ਹੀ ਸਮਾਂ ਸੀ, ਜਦੋਂ ਜੀਨ ਘਰ ਪਰਤੀ ਸੀ ਆਪਣੇ ਪਿਤਾ ਨੂੰ ਆਪਣੀਆਂ ਧੀਆਂ ਨਾਲ ਇਹ ਕੁਝ ਕਰਦਿਆਂ ਵੇਖ ਕੇ ਉਸ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ ਸੀ। ਉਹ ਭੜਕ ਉੱਠੀ ਸੀ। ਜੋ ਮੂੰਹ ਆਇਆ ਬੋਲੀ ਜਾ ਰਹੀ ਸੀ।

"ਇਹ ਕੁਝ ਹੀ ਛੋਟੇ ਹੁੰਦਿਆਂ ਤੂੰ ਮੇਰੇ ਨਾਲ ਕਰਦਾ ਰਿਹਾ ਹੈਂ। ਜਾਨਵਰਾ ! ਤੈਨੂੰ ਸ਼ਰਮ ਨਹੀਂ ਆਉਂਦੀ। ਤੂੰ ਡੁੱਬ ਕਿਉਂ ਨਹੀਂ ਮਰਦਾ ? ਮੇਰੀ ਮਾਂ ਸੱਚ ਹੀ ਕਹਿੰਦੀ ਸੀ ਕਿ ਤੈਨੂੰ ਤੇ ਮੈਨੂੰ ਤਾਂ ਏਸ ਕੰਜਰ ਨੇ ਉਜਾੜ ਦਿੱਤਾ ਹੈ। ਵੇਖੀਂ ਕਿਤੇ ਤੇਰੀਆਂ ਧੀਆਂ ਵੀ ਏਸ ਜੰਗਲੀ ਜਾਨਵਰ ਦਾ ਸ਼ਿਕਾਰ ਨਾ ਬਣ ਜਾਣ। ਇਨ੍ਹਾਂ ਨੂੰ ਬਚਾਵੀਂ। ਇਨ੍ਹਾਂ ਦੀ ਰੱਖਿਆ ਕਰੀਂ। ਇਹ ਹੀ ਤੇਰਾ ਧਰਮ ਹੈ। ਤੇ ਫਿਰ ਇਹ ਸਭ ਕੁਝ ਕਰਨ ਦਾ ਮੇਰੇ ਕੋਲੋਂ ਵਚਨ ਲੈ ਕੇ, ਉਹ ਕਮਲੀ ਹੋਈ ਪਤਾ ਨਹੀਂ ਕਿਧਰ ਨਿਕਲ ਗਈ। ਗੁੰਮ ਗੁਆਚ ਗਈ, ਜਾਂ ਮਰ, ਖਪ ਗਈ।"

ਸਾਹ ਲੈਣ ਲਈ ਜੀਨ ਰੁਕੀ ਤੇ ਫਿਰ ਆਪਣੇ ਆਪ ਵਲਾਂ ਇਸ਼ਾਰਾ ਕਰਦੀ ਹੋਈ ਬੋਲੀ।

"ਤੇ ਏਸ ਜੰਗਲੀ ਜਾਨਵਰ ਨੂੰ ਮੇਰੇ ਅਤੇ ਮੇਰੀਆਂ ਧੀਆਂ ਦੇ ਉਜਾੜੇ ਲਈ ਪਿੱਛੇ ਛੱਡ ਗਈ। ਮੇਰੇ ਨਾਲ ਤਾਂ ਜੋ ਹੋਣਾ ਸੀ ਹੋ ਚੁੱਕਾ ਹੈ। ਪਰ ਮੈਂ ਆਪਣੀਆਂ ਧੀਆਂ ਨਾਲ ਇਹ ਕੁਝ ਨਹੀਂ ਹੋਣ ਦੇਣਾ। ਤੂੰ ਪਾਪੀ, ਕਾਮੀਂ, ਹਿਰਸੀ ਜਾਨਵਰ ਹੈਂ। ਮੈਂ ਤੈਨੂੰ ਨਫ਼ਰਤ ਕਰਦੀ ਹਾਂ। ਨਿਕਲ ਜਾਂ ਏਥੋਂ।"

ਜੀਨ ਦੇ ਜੋ ਕੁਝ ਹੱਥ ਆਇਆ ਉਸ ਨੇ ਆਪਣੇ ਬਾਪ ਦੇ ਮਾਰਨਾ ਸ਼ੁਰੂ ਕਰ ਦਿੱਤਾ। ਘਰ ਵਿਚ ਚੀਕ ਚਿਹਾੜਾ ਮਚ ਗਿਆ। ਘਬਰਾਹਟ ਵਿਚ ਉਸ ਦਾ ਪਿਤਾ ਉੱਥੋਂ ਚਲਾ ਗਿਆ।

ਜੀਨ ਦਾ ਵਿਚਾਰ ਸੀ ਕਿ ਉਸ ਦੇ ਬਾਪ ਨੇ ਘਰ, ਕਾਰ ਤੇ ਹੋਰ ਆਰਥਕ ਸਹਾਇਤਾ ਆਪਣੇ ਅੰਦਰਲੀ ਅਪਰਾਧ-ਭਾਵ ਤੋਂ ਮੁਕਤੀ ਪਾਉਣ ਲਈ ਹੀ ਉਸ ਨੂੰ ਦਿੱਤੀ ਸੀ। ਉਹ ਘਾਤੀ ਸੀ। ਸ਼ਿਕਾਰ ਫੜਨ ਲਈ ਉਸ ਨੂੰ ਚਾਰਾ ਪਾਉਣਾ ਆਉਂਦਾ ਸੀ। ਉਸ ਨੂੰ ਕਿਸੇ ਨਾਲ ਕੋਈ ਪਿਆਰ ਨਹੀਂ ਸੀ।

ਇਕ ਦਿਨ ਮੈਂ ਉਸ ਨੂੰ ਪੁੱਛ ਹੀ ਲਿਆ, "ਕਿਸ ਕਿਸ ਤੋਂ ਭੱਜੇਂਗੀ ? ਬੱਚਿਆਂ ਤੋਂ ? ਬਾਪ ਤੋਂ ਜਾਂ ਆਪਣੇ ਆਪ ਤੋਂ ? ਬੰਦਾ ਹਰ ਕਿਸੇ ਕੋਲੋਂ ਭੱਜ ਸਕਦਾ ਹੈ, ਪਰ ਆਪਣੇ ਆਪ ਤੋਂ ਨਹੀਂ।"

ਜੀਨ ਡੂੰਘੀ ਸੋਚ ਵਿਚ ਡੁੱਬ ਗਈ ਤੇ ਫਿਰ ਜਿਵੇਂ ਕੋਈ ਮਨਬਚਨੀ ਵਿਚ ਪੈ ਜਾਂਦਾ ਹੈ, ਉੱਚੀ, ਉੱਚੀ ਬੋਲ, ਬੋਲ, ਸੋਚਣ ਲੱਗ ਪੈਂਦਾ ਹੈ ... ਜੀਨ ਆਪ-ਮੁਹਾਰਾ ਇਕ ਸ੍ਵੈ-ਸੰਬਾਦ ਵਿਚ ਵਹਿ ਤੁਰੀ।

"ਚੇਤਨਾ ਜਦ ਸੂਰਜ ਵਾਂਗ ਚੜ੍ਹਦੀ ਹੈ ਨੌਂ ਨੇਜ਼ੇ ਦੀ ਵਿੱਥ 'ਤੇ ... ਤਾਂ ਰੋਮ, ਰੋਮ ਸੂਲਾਂ ਵਿਚ ਵਿੱਝ ਜਾਂਦਾ ਹੈ, ਸੂਈਆਂ ਚੁੱਭਦੀਆਂ ਹਨ—ਦਿਲ, ਦਿਮਾਗ਼ ਅਤੇ ਸਗਲੇ ਵਜੂਦ ਵਿਚ। ਵਿੱਥ 'ਤੇ ਖੜੋ ਕੇ ਵੇਖਦੀ ਹਾਂ, ਆਪਣੇ ਆਪ ਨੂੰ ... ਆਪਣੀ ਦੇਹ, ਆਤਮਾ ਉੱਤੇ ਲਿੰਗ-ਭੁੱਖ ਬਣ ਝੁਕੇ ਆਪਣੇ ਹੀ ਬਾਪ ਨੂੰ। ਉਸ ਨੇ ਮੇਰੇ ਨਾਲ ਆਪਣੀ ਵਾਸਨਾ ਦੀ ਤ੍ਰਿਪਤੀ ਦਾ ਇਹ ਸਿਲਸਿਲਾ ਕਦੋਂ ਸ਼ੁਰੂ ਕੀਤਾ ਸੀ। ਮੇਰੇ ਜਨਮ-ਸਮੇਂ ਤੋਂ ਹੀ ਸ਼ਾਇਦ ! ਮੇਰੀ ਮਾਂ ਦਸਦੀ ਹੁੰਦੀ ਸੀ ਕਿ ਮੇਰੇ ਜਨਮ-ਸਮੇਂ ਮੇਰਾ ਪਿਤਾ ਹਸਪਤਾਲ ਵਿਚ ਹਾਜ਼ਰ ਸੀ। ਮੇਰੀ ਜੰਮਣ-ਘੜੀ ਦਾ ਹਰ ਛਿਣ ਉਸ ਨੇ ਅੱਖੀਂ ਵੇਖਿਆ ਸੀ। ਮੇਰੇ ਜਨਮ-ਸਮੇਂ ਤੋਂ ਹੀ ਸ਼ੁਰੂ ਕਰ ਲਈ ਹੋਵੇਗੀ, ਉਸ ਨੇ ਇਹ ਆਪਣੀ ਕਾਮ-ਖੇਡ। ਨੇਤਰ-ਭੋਗ ਕਰਦਾ ਹੋਵੇਗਾ। ਉਹ ਮੇਰੀ ਨਗਨ ਬਾਲੜੀ ਦੇਹ ਨਾਲ। ਟਟੋਲਦਾ, ਫਰੋਲਦਾ ਹੋਵੇਗਾ ਉਹ ਮੇਰਾ ਅੰਦਰ ਬਾਹਰ, ਆਪਣੀਆਂ ਹਿਰਸੀ ਨਜ਼ਰਾਂ ਨਾਲ। ਪਾਲਿਆ ਹੋਵੇਗਾ ਉਸ ਨੇ ਮੈਨੂੰ ਮੁੱਠ, ਮੁੱਠ, ਗਿੱਠ, ਗਿੱਠ ਕਰਕੇ ਫ਼ਸਲ ਵਾਂਗ। ਖ਼ੂਨ ਦੇ ਰਿਸ਼ਤੇ ਵਿੱਚੋਂ ਸਾਰਾ

ਖ਼ੂਨ ਵਗ ਤੁਰਿਆ ਹੋਵੇਗਾ ਉਸ ਦਿਨ, ਜਿਸ ਦਿਨ ਉਸ ਨੇ ਆਪਣੀ ਭੁੱਖ ਦੀ ਤ੍ਰਿਪਤੀ ਲਈ, ਮੈਨੂੰ ਫਸਲ ਵਾਂਗ ਪਰਵਾਨ ਚੜ੍ਹੀ ਵੇਖ ਕੇ, ਝਾੜ ਲਿਆ ਹੋਵੇਗਾ, ਕੇਵਲ ਆਪਣੇ ਆਪ ਲਈ। ... ਬਚਪਨ ਤੋਂ ਹੀ ਮੈਨੂੰ ਸਭ ਡੈਡੀ ਦੀ ਬੇਟੀ ਕਹਿੰਦੇ ਸਨ। ਡੈਡੀ ਨਾਲ ਬਹਿਣਾ, ਡੈਡੀ ਨਾਲ ਉੱਠਣਾ। ਡੈਡੀ ਨਾਲ ਨ੍ਹਾਉਣਾ, ਡੈਡੀ ਨਾਲ ਸੌਣਾ। ਡੈਡੀ ਨਾਲ ਖਾਣਾ, ਡੈਡੀ ਨਾਲ ਪੀਣਾ ... ਸੈਰ ਕਰਨੀ, ਖੇਡਣਾ ... ਡੈਡੀ ਹੀ ਡੈਡੀ ਸੀ ਮੇਰੇ ਚਾਰ ਚੁਫ਼ੇਰੇ, ਅੰਦਰ ਬਾਹਰ ! ਅੱਖਾਂ ਖੁੱਲ੍ਹੀਆਂ ਤਾਂ ਪਤਾ ਲੱਗਾ ਕਿ ਇਹ ਉਸ ਦੀ ਹਿਰਸ ਤੇ ਕਾਮ-ਤ੍ਰਿਪਤੀ ਦੇ ਵੱਖ-ਵੱਖ ਪੜਾ ਸਨ, ਢੰਗ ਸਨ। ਪਹਿਲਾਂ ਅਨਜਾਣ-ਪੁਣੇ ਵਿਚ ਉਸ ਨਾਲ ਹਮਬਿਸਤਰੀ ਕੀਤੀ ਹੋਵੇਗੀ। ਫਿਰ ਇਸ ਭੁੱਖ ਦੀ ਤ੍ਰਿਪਤੀ ਇਕ ਲੋੜ ਬਣੀ ਹੋਵੇਗੀ। ਘਰ ਦੀ ਸੌਖ ਵਿਚ ਇਸ ਲੋੜ ਦੀ ਪੂਰਤੀ ਹੌਲੀ ਹੌਲੀ ਆਦਤ ਬਣ ਗਈ ਹੋਵੇਗੀ। ਇਸ ਨੀਂਦ ਜਿਹੀ ਵਿਚ ਪਤਾ ਨਹੀਂ ਕਿੰਨੇਂ ਵਰ੍ਹੇ ਬੀਤ ਗਏ। ਜਦੋਂ ਜਾਗ ਆਈ ਤਾਂ ਬਹੁਤ ਦੇਰ ਹੋ ਚੁੱਕੀ ਸੀ। ਮੈਂ ਮਾਂ ਬਣਨ ਵਾਲੀ ਸਾਂ। ਇਕ ਤੋਂ ਬਾਅਦ ਇਕ, ਦੋ ਬੱਚੀਆਂ ਦੀ ਮਾਂ ਬਣੀ। ਹੁਣ ਜਿਵੇਂ ਜਿਵੇਂ ਇਹ ਬੱਚੀਆਂ ਵੱਡੀਆਂ ਹੁੰਦੀਆਂ ਜਾ ਰਹੀਆਂ ਹਨ, ਤਿਵੇਂ ਤਿਵੇਂ ਮੇਰੀ ਚਿੰਤਾ ਵਧ ਰਹੀ ਹੈ। ਮਾਂ ਨੂੰ ਦਿੱਤਾ ਵਚਨ ਯਾਦ ਆ ਰਿਹਾ ਹੈ। ਬਾਪ ਦਾ ਕਤਲ ਕਰਾਂ ਕਿ ਆਪਣੀਆਂ ਧੀਆਂ ਦਾ ਜਾਂ ਆਪ ਆਤਮ-ਹੱਤਿਆ ਕਰਨ ਤੋਂ ਪਹਿਲਾਂ ਇਨ੍ਹਾਂ ਸਭ ਦਾ ਫਾਹਾ ਵੱਢ ਦਿਆਂ। ਮੇਰੇ ਅੰਦਰ ਇਕ ਕਮਲੀ ਆ ਵੱਸਦੀ ਹੈ। ਉਹ ਸਭ ਕੁਝ ਕਰਨਾ ਲੋਚਦੀ ਹੈ ਤਾਂ ਕਿ ਉਹ ਆਪਣੇ ਆਪ ਅਤੇ ਆਪਣੇ ਬਾਪ ਤੋਂ ਬਦਲਾ ਲੈ ਸਕੇ...ਇਸ ਨਿੱਤ ਨਿੱਘਰ ਰਹੇ ਪੱਛਮੀ ਜੰਗਲ ਲਈ ਇਕ ਚਿਤਾਵਨੀ ਬਣ ਸਕੇ ...।"

ਮੈਂ ਉਸ ਦਾ ਹੱਥ ਪੋਲੇ ਜਿਹੇ ਪਲੋਸਿਆ ! ਉਸ ਦੇ ਚਿਹਰੇ ਨੂੰ ਭੁਆ ਕੇ ਆਪਣੇ ਵਲਾਂ ਕੀਤਾ। ਸਿਗਰਟ ਬਾਲ ਕੇ ਉਸਦੀਆਂ ਉਂਗਲਾਂ ਵਿਚ ਦਿੱਤੀ। ਸਿਗਰਟ ਨਾਲ ਤੇ ਆਪਣੇ ਨਾਲ ਉਸ ਦੀ ਸੁਰਤੀ ਨੂੰ ਜੋੜਿਆ।

"ਚਿਤਾਵਨੀ ਮਰ ਤੇ ਮਾਰ ਕੇ ਨਹੀਂ ਜਿਊਂ ਕੇ ਬਣ।"

"ਕਹਿਣਾ ਸੌਖਾ ਗੈਰੀ, ਪਰ ਕਰਨਾ ਔਖਾ। ਹਾਂ, ਹੁਣ ਤੂੰ ਜੋ ਮਿਲ ਗਿਆ ਹੈਂ, ਤਾਂ ਕੋਸ਼ਿਸ਼ ਜ਼ਰੂਰ ਕਰਾਂਗੀ।"

"ਵਾਅਦਾ, ਜੀਨ।"

"ਹਾਂ ਗੈਰੀ, ਵਾਅਦਾ।"

ਉਸ ਕੋਲੋਂ ਵਾਅਦਾ ਲੈ ਕੇ ਮੈਂ ਕੁਝ ਨਿਸ਼ਚਿੰਤ ਹੋ ਗਿਆ ਸਾਂ। ਜੀਨ ਦੇ ਜਿਊਣ ਦਾ ਵਾਅਦਾ ਉਸ ਦੇ ਆਪਣੇ ਆਪ ਤੇ ਆਪਣੀ ਮਾਂ ਨਾਲ ਕੀਤੇ ਮਰਨ ਮਾਰਨ ਦੇ ਵਾਅਦੇ ਉੱਤੇ ਹਾਵੀ ਹੋ ਕੇ ਜ਼ਿੰਦਗੀ ਦਾ ਗੀਤ ਬਣੇ, ਇਕ ਨਵਾਂ ਮੋੜ ਲਵੇ, ਇਹ ਮੇਰੀ ਇੱਛਾ ਸੀ। ਇਨ੍ਹਾਂ ਦਿਨਾਂ 'ਚ ਹੀ ਜੀਨ ਨੇ ਆਪਣਾ ਤੇ ਬੱਚਿਆਂ ਦਾ ਮਨ ਹੋਰ ਪਾਸੇ ਪਾਉਣ ਲਈ ਕਾਰ ਰਾਹੀਂ ਹਫ਼ਤੇ ਦਸ ਦਿਨ ਲਈ ਅਮਰੀਕਾ ਦੀ ਸੈਰ ਕਰਨ ਦਾ ਪ੍ਰੋਗਰਾਮ ਬਣਾ ਲਿਆ ਅਤੇ ਮੈਂ ਆਪਣੇ ਕੰਮ ਕਾਰ ਵਿਚ ਰੁੱਝ ਗਿਆ। ਕਾਫ਼ੀ ਦੇਰ ਮੁਲਾਕਾਤ ਨਾ ਹੋ ਸਕੀ।

... ਤੇ ਅੱਜ ਉਸ ਦਾ ਸੁਨੇਹਾ ਆਇਆ ਸੀ ਤੇ ਉਹ ਵੀ ਕਿਸੇ ਹੋਰ ਦੇ ਮੂੰਹੋਂ ਟੈਲੀਫ਼ੋਨ ਉੱਤੇ ਕਿ ਜੀਨ ਹਸਪਤਾਲ ਵਿਚ ਹੈ। ਉਸ ਦੀ ਹਾਲਤ ਬਹੁਤ ਗੰਭੀਰ ਹੈ।

ਰਸਤੇ ਵਿਚ ਮੈਂ ਸੋਚਦਾ ਜਾ ਰਿਹਾ ਸਾਂ ਕਿ ਕੋਈ ਮਾਂ ਵੀ ਏਸ ਤਰ੍ਹਾਂ ਕਰ ਜਾਂ ਕਰਨ ਉੱਤੇ ਮਜਬੂਰ ਹੋ ਸਕਦੀ ਹੈ ? ਜੀਨ ਨੇ ਆਪਣੀਆਂ ਬੱਚੀਆਂ ਦੇ ਹੱਥ ਪੈਰ ਬੰਨ੍ਹ ਕੇ ਉਨ੍ਹਾਂ ਨੂੰ ਚਾਕੂ ਨਾਲ ਕਤਲ ਕਰ ਦਿੱਤਾ ਸੀ। ਘਰ ਨੂੰ ਅੱਗ ਲਾ ਕੇ ਉਹ ਆਪ ਆਪਣੀਆਂ ਬੱਚੀਆਂ ਦੀਆਂ ਲਾਸ਼ਾਂ ਦੇ ਨਾਲ ਲੰਮੀਂ ਪੈ ਗਈ ਸੀ। ਜੇ ਗਵਾਂਢੀ, ਤੇ ਫ਼ਾਇਰ-ਬਰਗੇਡ ਵਾਲੇ ਸਮੇਂ ਸਿਰ ਨਾ ਪਹੁੰਚਦੇ ਤਾਂ ਉਸ ਨੇ ਵੀ ਸੜ ਮਰਨਾ ਸੀ। ਉਸ ਦੀ ਦੇਹ ਬੁਰੀ ਤਰ੍ਹਾਂ ਝੁਲਸੀ ਗਈ ਸੀ ਤੇ ਮੈਨੂੰ ਵੇਖ ਕੇ ਜਿਵੇਂ ਉਸ ਨੂੰ ਸੁੱਖ ਦਾ ਸਾਹ ਆਇਆ, ਉਹ ਬੋਲੀ, "ਵੇਖ, ਤੂੰ ਮੈਨੂੰ ਗਲਤ ਨਾ ਸਮਝੀਂ। ਮੇਰੇ ਕੋਲ ਕੋਈ ਹੋਰ ਚਾਰਾ ਨਹੀਂ ਸੀ। ਇਹ ਨਾ ਕਹੀਂ ਕਿ ਤੇਰੇ ਨਾਲ

ਮੋਹ ਨਹੀਂ ਹੈ। ਬਹੁਤ ਮੋਹ ਹੈ, ਤਾਂ ਹੀ ਤਾਂ ਬਚ ਗਈ ਹਾਂ। ਮੌਤ ਤੋਂ ਮੋਹਲਤ ਲੈਣੀ ਪਈ ਹੈ ਮੈਨੂੰ, ਤੈਨੂੰ ਅੰਤਿਮ ਵਿਦਾ ਕਹਿਣ ਲਈ ! ਆਪਣੇ ਹੀ ਬਾਪ ਦੇ ਹੱਥੋਂ ਉੱਜੜੀ ਇਸ ਦੇਹ ਤੇ ਆਤਮਾ ਦੀ ਜੂਠ ਨੂੰ ਤੇਰੇ ਅਰਪਣ ਕਿਵੇਂ ਕਰਦੀ ? ਕਿਵੇਂ ਰੋਕਦੀ ਮੈਂ ਆਪਣੇ ਬਾਪ ਨੂੰ ਆਪਣੀਆਂ ਹੀ ਬੱਚੀਆਂ ਦਾ ਬਾਪ ਬਣਨ ਤੋਂ ? ਜਿਊਂਦੀ ਵੀ ਤਾਂ ਇਕ ਨਿਰੰਤਰ ਭੈ ਜਿਹੇ ਵਿਚ ਜਿਊਣਾ ਸੀ ਮੈਂ। ਨਾ ਤੇਰੀ ਹੋ ਸਕਣਾ ਸੀ, ਨਾ ਬੱਚਿਆਂ ਦੀ ਤੇ ਨਾ ਹੀ ਆਪਣੇ ਆਪ ਦੀ। ਆਪਣੇ ਬਾਪ ਨੂੰ ਸਜ਼ਾ ਵੀ, ਉਸ ਨੂੰ ਮਾਰ ਕੇ ਨਹੀਂ, ਸਗੋਂ ਉਸ ਨੂੰ ਜਿਊਂਦਿਆਂ ਰੱਖ ਕੇ ਹੀ ਦਿੱਤੀ ਜਾ ਸਕਦੀ ਸੀ ... ਛਿਣ ਛਿਣ ਪਸ਼ਚਾਤਾਪ ਦੀ ਅੱਗ ਵਿਚ ਸੜਦਾ, ਉਹ ਜਿਊਂਦੀ ਮੌਤ ਬਣ ਜਾਵੇਗਾ। ਪਤਨੀ, ਧੀ ਤੇ ਦੋਹਤਰੀਆਂ ਦੀ ਤਿੱਖੀ ਚੇਤਨਾ ਦਾ ਚੱਕ੍ਰਵਯੂਹ, ਉਸ ਦੀ ਕਾਮ-ਵਾਸਨਾ ਵਿਚ ਤੇਜ਼ਾਬ ਵਿਚ ਭਿੱਜ, ਭਿੱਜ, ਬਾਰ ਬਾਰ ਪੁੜਦੀਆਂ ਸੂਈਆਂ ਦਾ ਰੂਪ ਧਾਰ ਲਵੇਗਾ ... ਇਹ ਹੀ ਮੇਰਾ ਵਰ ਸੀ, ਇਹ ਹੀ ਉਸ ਨੂੰ ਸਰਾਪ ਹੈ। ...”

ਉਸ ਦੇ ਡੁੱਬ ਰਹੇ ਬੋਲਾਂ ਵਿਚ ਇਕ ਐਸੀ ਅਮਰ ਨਾਇਕਾ ਦੀ ਅਦਾ ਸੀ ਜਿਸ ਲਈ ਆਪਣੀ ਤੇ ਆਪਣੇ ਬੱਚਿਆਂ ਦੀ ਮੌਤ, ਸ਼ਹੀਦੀ ਦੀ ਸਮਅਰਥਕ ਬਣ ਗਈ ਹੋਵੇ।

# ਦੋਗਲੇ

ਗੱਜਣ ਸਿੰਘ ਸਾਰੇ ਸ਼ਹਿਰ ਦੀ ਚਰਚਾ ਦਾ ਵਿਸ਼ਾ ਸੀ ! ਸਾਰੇ ਹੈਰਾਨ ਸਨ ਕਿ ਉਸ ਨੇ ਇਹ ਕੀ ਕਰ ਲਿਆ ਹੈ ? ਉਸ ਨੂੰ ਕੀ ਹੋ ਗਿਆ ਹੈ ?

ਗੱਜਣ ਸਿੰਘ ਆਪਣੇ ਸੱਠਵਿਆਂ ਵਿਚ ਵੀ ਬੜੇ ਖੁੱਲ੍ਹੇ ਖੁਲਾਸੇ, ਹਸਮੁਖ ਅਤੇ ਮਖ਼ੌਲੀਆ ਸੁਭਾ ਵਾਲਾ ਇਕ ਹਰਮਨ ਪਿਆਰਾ ਵਿਅਕਤੀ ਸੀ। ਛੇ ਫ਼ੁੱਟ ਕੱਦ। ਕਸਰਤੀ ਜਿਸਮ। ਹੱਡਾਂ ਪੈਰਾਂ ਦਾ ਖੁੱਲ੍ਹਾ। ਲਾਲੀ ਦੀ ਭਾ ਮਾਰਦਾ ਦਗ-ਦਗ ਕਰਦਾ ਚਿਹਰਾ। ਦਾੜ੍ਹੀ ਵਿਚ ਕਾਲੇ ਘੱਟ ਤੇ ਧੌਲੇ ਕੁਝ ਵਧੇਰੇ ਸਨ। ਉਸ ਦੇ ਸਾਥੀ, ਮਿੱਤਰ ਉਸ ਨੂੰ ਜਦੋਂ ਛੇੜਦੇ ਕਿ ਦਾਹੜੀ ਤਾਂ ਤੇਰੇ ਜਵਾਨ ਜਹਾਨ ਚਿਹਰੇ ਉੱਤੇ ਬੁਢਾਪੇ ਦਾ ਨਕਾਬ ਜਾਪਦੀ ਹੈ, ਤਾਂ ਉਹ ਵੀ ਰੌਂ ਵਿਚ ਆ ਜਾਂਦਾ ਤੇ ਫਿਰ ਗੱਲਾਂ ਤੁਰ ਪੈਂਦੀਆਂ।

"ਕੀ ਹੋਇਆ ਜੇ ਮੇਰੇ ਵਾਲ ਮੇਰੇ ਜਿਸਮ ਤੋਂ ਜ਼ਰਾ ਪਹਿਲਾਂ ਪੱਕ ਗਏ। ਦਿਲ ਤਾਂ ਅਜੇ ਜਵਾਨ ਹੈ। ਪੁੱਛ ਲਿਓ ਆਪਣੀ ਭਾਬੀ ਨੂੰ ...।"

"ਓਏ ਭਾਬੀ ਦੀਆਂ ਗੱਲਾਂ ਈ ਕਰੀ ਜਾਵੇਂਗਾ। ਗੱਲ ਕਰ ਕੋਈ ਇਨ੍ਹਾਂ ਕੋਹ ਕਾਫ਼ ਦੀਆਂ ਪਰੀਆਂ ਦੀ। ਦੁੱਧ-ਚਿੱਟੀ ਦੇਹ ਜਿਵੇਂ ਸੰਗ-ਮਰਮਰ ਦੀਆਂ ਮੂਰਤੀਆਂ ਹੋਣ ! ਨੰਗੀਆਂ ਵਧੇਰੇ ਤੇ ਢਕੀਆਂ ਘੱਟ। ਲੈ ਲੈ ਨਜ਼ਾਰੇ ਤੇ ਵੱਢ ਲੈ ਬੁੱਲ੍ਹੇ। ਅਜੇ ਤਾਂ ਤੇਰੇ ਦਿਨ ਐਂ।"

"ਨਹੀਂ ਕਰਤਾਰ ਸਿਆਂ। ਅਸੀਂ ਭੱਪੀਆਂ ਤੇ ਬੁੱਗੀਆਂ (ਚੁੰਮੀਆਂ) ਲੈਣ ਵਾਲੇ, ਚੰਮ ਚੱਟਣ ਤੇ ਚੁੰਮਣ ਵਾਲੀ ਜਾਤ, ਕਿੱਥੇ ਆ ਗਏ, ਕਨੇਡਾ ਵਿਚ ! ਤੁਹਾਡੀ ਭਰਜਾਈ ਦੀ ਜਦ ਕਦੇ ਭੱਪੀ ਲੈਣੀ, ਉਹਨੇ ਕਹਿਣਾ, ਜੀ, ਦੰਦੀ ਨਾ ਵੱਢਿਆ ਜੇ। ਮੇਰੀ ਗੱਲ੍ਹ ਉੱਤੇ ਨੀਲ, ਪੈ ਜਾਵੇਗਾ। ਘਰ ਵਾਲੇ ਵੇਖਣਗੇ, ਹੱਸਣਗੇ। ਮਖ਼ੌਲ ਕਰਨਗੇ। ਪਰ ਜਦੋਂ ਨਸ਼ੇ ਦਾ ਘੁੱਟ ਲੱਗਾ ਹੋਵੇ ਮੂੰਹ ਨੂੰ ਤੇ ਕਾਮ ਚੜ੍ਹਿਆ ਹੋਵੇ ਜੱਟ ਦੇ ਸਿਰ ਨੂੰ, ਫੇਰ ਉਹ ਭੂੰਡ-ਭੱਪੀ ਮਾਰਨੋਂ ਰਹਿ ਸਕਦਾ ਹੈ ਭਲਾ।"

ਸਾਰਿਆਂ ਨੂੰ ਹੱਸਦੇ ਵੇਖ ਕੇ ਉਹ ਬਿੰਦ ਕੁ ਰੁਕਦਾ ਤੇ ਫਿਰ ਸ਼ੁਰੂ ਹੋ ਜਾਂਦਾ :

"ਏਥੇ ਸੌਹਰੀਆਂ ਗੋਰੀਆਂ ਸਾਡੇ ਮੁੰਡਿਆਂ ਦੇ ਮੂੰਹ ਵਿਚ ਮੂੰਹ ਪਾਈ ਫਿਰਦੀਆਂ। ਸਿਗਰਟ, ਗਾਂਜਾ, ਬੀਫ਼, ਡਰੱਗਜ਼ ਤੇ ਪਤਾ ਨਹੀਂ ਹੋਰ ਕੀ ਕੀ ਗੰਦ ਮੰਦ ਖਾਂਦੀਆਂ ਤੇ ਪੀਂਦੀਆਂ ਇਹ। ਕੁੱਤਿਆਂ ਤੇ ਬਿੱਲਿਆਂ ਨੂੰ ਵੀ ਉਸੇ ਹੀ ਮੂੰਹ ਨਾਲ ਚੁੰਮਦੀਆਂ ਤੇ ਚੱਟਦੀਆਂ। ਇੱਕੋ ਸੈਂਡਵਿਚ ਨੂੰ ਵਾਰੋ ਵਾਰੀ ਦੰਦੀਆਂ ਵੱਢ, ਖਾਈ ਜਾਂਦੀਆਂ। ਯੂ. ਪੀ. ਦੇ ਭਈਆਂ ਦੇ ਹੁੱਕੇ ਦੀ ਨੜੀ ਵਾਂਗ ... ਕੋਕ ਦੀ ਇਕੋ ਬੋਤਲ ਸਭ ਵਿਚ ਘੁੰਮੀ ਜਾਂਦੀ ਆ ਤੇ ਇਹ ਸੌਹਰੀਆਂ ਵਾਰੋ ਵਾਰੀ ਸਿੱਪ ਕਰੀ ਜਾਂਦੀਆਂ। ਜੂਠਾਂ ਨਾ ਹੋਣ ਕਿਸੇ ਥਾਂ ਦੀਆਂ।"

ਅਗੋਂ ਸ਼ਾਮ ਸਿੰਘ ਨੇ ਗੱਲ ਨੂੰ ਹੋਰ ਲੁਕਮਾਂ ਦਿੰਦਿਆਂ ਆਖਿਆ, "ਓਏ ! ਇਹ ਤਾਂ ਬੰਦਿਆਂ ਨੂੰ ਵੀ ਇਵੇਂ ਹੀ ਵਾਰੋ, ਵਾਰੀ ਸਿੱਪ ਕਰਦੀਆਂ ਹੋਣਗੀਆਂ ਫੇਰ ...।"

ਕੇ. ਮਾਰਟ ਦੇ ਮੂਹਰੇ, ਸਕੀਨਾ ਮਾਲ ਵਿਚ ਬਣੇ ਬੈਂਚਾਂ ਉੱਤੇ ਬੈਠੇ ਇਸ ਪੰਜਾਬੀ ਬਜ਼ੁਰਗਾਂ ਦੇ ਟੋਲੇ

ਵਿਚ ਉੱਚੇ ਹਾਸੇ ਦੀ ਇਕ ਲਹਿਰ ਦੌੜ ਗਈ। ਕੰਮਾਂ ਕਾਰਾਂ ਤੋਂ ਵਿਹਲੇ ਹੋਏ ਇਹ ਪੰਜਾਬੀ ਬਜ਼ੁਰਗ ਮੀਂਹ ਕਿਣੀ ਤੇ ਸਿਆਲ ਦੇ ਦਿਨਾਂ ਵਿਚ ਏਸ ਸ਼ਾਪਿੰਗ ਸੈਂਟਰ ਵਿਚ ਆ ਬੈਠਦੇ। ਗੱਲਾਂ ਵੀ ਕਰੀ ਜਾਂਦੇ ਤੇ ਮਾਲ ਵਿਚ ਮੇਮਾਂ ਦੇ ਭਰਪੂਰ ਦਰਸ਼ਨ ਵੀ ਕਰੀ ਜਾਂਦੇ। ਗੱਜਣ ਸਿੰਘ ਵੀ ਸਪਤਾਹ ਅੰਤ ਉੱਤੇ ਤੇ ਜਾਂ ਜਦੋਂ ਵੀ ਕੰਮ ਕਾਰ ਤੋਂ ਵਿਹਲਾ ਹੁੰਦਾ, ਏਥੇ ਹੀ ਇਨ੍ਹਾਂ ਬਜ਼ੁਰਗਾਂ ਵਿਚ ਆ ਬੈਠਦਾ ! ਉਹ ਅਜੇ ਰੀਟਾਇਰ ਨਹੀਂ ਸੀ ਹੋਇਆ। ਪਰ ਦਾਹੜੀ ਦੇ ਵਧੇਰੇ ਧੌਲਿਆਂ ਕਾਰਨ ਇਨ੍ਹਾਂ ਵਿਚ ਰਚ ਮਿਚ ਜਾਂਦਾ ਸੀ। ਏਥੇ ਆ ਕੇ ਵਕਤ ਵੀ ਕਟ ਜਾਂਦਾ ਸੀ ਤੇ ਸਾਰੇ ਸ਼ਹਿਰ ਦੀ ਖ਼ਬਰ ਸਾਰ ਵੀ ਮਿਲ ਜਾਂਦੀ ਸੀ।

ਮਾਲ ਵਿਚ ਗੋਰੇ ਮੁੰਡੇ, ਕੁੜੀਆਂ ਨੂੰ ਸਭ ਦੇ ਸਾਮ੍ਹਣੇ ਹੀ ਇਕ ਦੂਜੇ ਨੂੰ ਚੁੰਮ ਰਹੇ ਵੇਖਕੇ, ਇਨ੍ਹਾਂ ਬਜ਼ੁਰਗਾਂ ਵਿੱਚੋਂ ਕੋਈ ਕਹਿੰਦਾ ਕਿ, “ਵੇਖ ਇਨ੍ਹਾਂ ਸੌਹਰਿਆਂ ਨੂੰ ਕੀ ਅੱਗ ਲੱਗੀ ਹੋਈ ਹੈ !” ਤਾਂ ਅਗੋਂ ਗੱਜਣ ਸਿੰਘ ਦੀ ਲੰਮੀ ਵਾਰਤਾ ਦੀ ਲੜੀ ਸ਼ੁਰੂ ਹੋ ਜਾਂਦੀ :

“ਓਏ ਰਹਿਣ ਦੇ ! ਹੁਣ ਤਾਂ ਸਾਡੇ ਮੁੰਡਿਆਂ ਨੂੰ ਵੀ ਇਹ ਹੀ ਅੱਗ ਲੱਗੀ ਹੋਈ ਆ ! ਕੈ ਆਉਂਦੀ ਐ ਮੈਨੂੰ, ਜਦੋਂ ਮੈਂ ਇਨ੍ਹਾਂ ਨੂੰ ਮੂੰਹ ਵਿਚ ਮੂੰਹ ਪਾਈ ਵੇਖਦਾਂ ! ਸ਼ਰਮ, ਹਯਾ ਨਹੀਂ ਇਨ੍ਹਾਂ ਨੂੰ ! ਕਾਗ਼ਜਾਂ ਨਾਲ ਈ ਇਹ ਗੰਦਾ ਪੂੰਝਦੇ ਐ, ਕਾਗ਼ਜ਼ਾਂ ਨਾਲ ਈ ਨੱਕ, ਮੂੰਹ ਤੇ ਹੱਥ। ਸਭ ਕੁਝ ਏਥੇ ਕਾਗ਼ਜ਼ ਦਾ ਈ ਐ ... ਕਾਗ਼ਜ਼ੀ। ਨਕਲੀ, ਵਿਖਾਵਾ। ਝੁਰੜੀਆਂ ਨੂੰ ਮੇਕਅੱਪ ਥੱਪ ਕੇ ਲੁਕੋ ਲੈਂਦੀਆਂ ਇਹ ਮੇਮਾਂ। ਮਹੀਨਾ ਮਹੀਨਾ ਨ੍ਹਾਉਂਦੀਆਂ ਨਹੀਂ। ਬਸ ਚੰਮ ਹੀ ਚਿੱਟਾ ਐ। ਤੁਰਦੇ ਫਿਰਦੇ ਗੰਦ ਦੇ ਗੁਥਲੇ ...।”

ਗੱਜਣ ਸਿੰਘ ਸਾਹ ਲੈਣ ਲਈ ਜ਼ਰਾ ਕੁ ਰੁਕਦਾ ਤੇ ਫਿਰ ਸ਼ੁਰੂ ਹੋ ਜਾਂਦਾ :

“ਇਨ੍ਹਾਂ ਸੌਹਰੀਆਂ ਦੀਆਂ ਛਾਤੀਆਂ ਵੀ ਨਕਲੀ ਹਨ। ਗਿਟਕਾਂ ਵਰਗੀਆਂ ਛਾਤੀਆਂ ਉੱਤੇ ਨਕਲੀ ਉਛਾੜ ਚਾਹੜ ਲੈਂਦੀਆਂ ਸੌਹਰੀਆਂ ਭਰਵੀਆਂ ਛਾਤੀਆਂ ਦਾ ਭੁਲੇਖਾ ਪਾਉਣ ਲਈ। ... ਇਹ ਕੀ ਜਾਨਣ ਕਿ ਧੜੀ ਧੜੀ ਦੇ ਮੰਮੇਂ ਹੁੰਦੇ ਹਨ, ਪੰਜਾਬੀ ਮਾਵਾਂ ਦੇ ! ਸੂਟਾ ਮਾਰਿਆਂ ਨੱਕ ’ਚੋਂ ਦੁੱਧ ਨਿਕਲ ਆਉਂਦਾ ਸੀ। ਲੱਠਾਂ ਵਰਗੇ ਸ਼ੇਰ ਪੁੱਤ ਜੰਮਦੀਆਂ ਤੇ ਪਾਲਦੀਆਂ ਸਨ ਉਹ ! ਤੇ ਇਹ ਸੌਹਰੀਆਂ ਗੋਰੀਆਂ ਬਿਨ ਪਾਣੀ ਦੇ ਮਸ਼ਕਾਂ ਵਰਗੀਆਂ ਪਿਚਕੀਆਂ ਛਾਤੀਆਂ ਉੱਤੇ ਨਕਲੀ ਛਾਤੀਆਂ ਦੇ ਉਛਾੜ ਚਾੜ੍ਹ ਕੇ ਸਾਡੇ ਮੁੰਡਿਆਂ ਨੂੰ ਭਰਮਾਉਂਦੀਆਂ। ਘਰ ਉਜਾੜਦੀਆਂ ਸਾਡੇ। ਇਨ੍ਹਾਂ ਸੌਹਰੀਆਂ ਨੇ ਜੁਆਕ ਜੰਮਿਆ ਨਹੀਂ ਤਾਂ ਉਸ ਨੂੰ ਚੁੱਕ ਕੇ ਕਰਿੱਬ ਵਿਚ ਪਾ ਦਿੱਤਾ। ਸ਼ੀਸ਼ੀ ਵਿਚ ਪਾ ਕੇ ਦੁੱਧ ਚੁੰਘਣ ਲਾ ਦਿੱਤਾ। ਮਾਂ ਦਾ ਅਸਲੀ ਦੁੱਧ ਪੀਤਾ ਹੋਵੇ, ਤਾਂ ਧੀਆਂ, ਪੁੱਤਾਂ ਵਿਚ ਟੱਬਰ ਦਾ ਤੇ ਅਪਣੱਤ ਦਾ ਮੋਹ ਵਧਦਾ। ਰਿਸ਼ਤਿਆਂ ਦੀ ਪਹਿਚਾਣ ਹੁੰਦੀ ਆ ! ਇਨ੍ਹਾਂ ਮੇਮਾਂ ਦੀਆਂ ਮੰਮੀਆਂ ਨੂੰ ਨਚੋੜੋ ਤਾਂ ਵਿੱਚੋਂ ਤੁਪਕਾ ਦੁੱਧ ਨਾ ਨਿਕਲੇ। ਔਲਾਦ ਨੇ ਕੀ ਤਕੜਿਆਂ ਹੋਣਾ।”

ਅੱਗੋਂ ਕਰਤਾਰ ਸਿੰਘ ਕਹਿੰਦਾ, “ਓਏ, ਇਨ੍ਹਾਂ ਵਿਚ ਵੀ ਕਈ ਬਹੁਤ ਤਕੜੀਆਂ ਤੇ ਸੁਹਣੀਆਂ ਸੁਨੱਖੀਆਂ ਹੈਗੀਆਂ। ਐਵੇਂ ਨਾ ਸਭ ਨੂੰ ਇਕੋ ਭਾ ਤੋਲੀ ਜਾ ! ਗੁੱਸਾ ਤੈਨੂੰ ਆਵਦੇ ਮੁੰਡੇ, ਕੁੜੀਆਂ ਦੇ ਇਨ੍ਹਾਂ ਵਲ ਝੁਕਾ ਕਰਕੇ ਆ, ਤੇ ਤੌਣੀ ਤੂੰ ਸਾਰਿਆਂ ਦੇ ਈ ਫੇਰੀ ਜਾਨਾਂ ਐਂ।”

“ਨਹੀਂ ਸ਼ਾਮ ਸਿਆਂ ਇਹ ਗੱਲ ਨਹੀਂ। ਮੈਨੂੰ ਦੇਸ਼ੋਂ ਆਇਆ 15-16 ਸਾਲ ਹੋ ਗਏ ਆ। ਮੈਂ ਵਾਸ਼ਰੂਮ (ਟਾਇਲੈਟ ਤੇ ਗੁਸਲਖ਼ਾਨਾ) ਵਿਚ ਪਾਣੀ ਲਈ ਗਲਾਸ ਰਖਿਆ ਹੋਇਆ। ਮੈਨੂੰ ਘਿਨ ਆਉਂਦੀ ਆ ਇਨ੍ਹਾਂ ਵਲ ਵੇਖ ਕੇ। ਗੰਦ ਇਨ੍ਹਾਂ ਦੇ ਅੱਗੇ। ਗੰਦ ਇਨ੍ਹਾਂ ਦੇ ਪਿੱਛੇ। ਪਤਾ ਨਹੀਂ ਸਾਡੇ ਮੁੰਡਿਆਂ ਨੂੰ ਇਨ੍ਹਾਂ ਦੇ ਚੱਡਿਆਂ ’ਚੋਂ ਗੰਦੇ ਦੀ ਬੋ ਕਿਉਂ ਨਹੀਂ ਆਉਂਦੀ ?”

ਗੱਜਣ ਸਿੰਘ ਨੂੰ ਗੰਭੀਰ ਹੋਇਆ ਵੇਖ ਕੇ ਕੋਈ ਹੋਰ ਬਜ਼ੁਰਗ ਗੱਲ ਚੁੱਕਦਾ, “ਗਧੀ ਸੇ ਲਗਾ ਇਸ਼ਕ, ਤੋ ਪਰੀ ਕਯਾ ਚੀਜ਼ ਹੈ !”

ਅੱਗੋਂ ਗੱਜਣ ਸਿੰਘ ਹੋਰ ਵੀ ਗੰਭੀਰ ਹੋ ਜਾਂਦਾ, “ਹੁਣ ਤਾਂ ਏਥੇ ਦੋਗਲੀਆਂ ਔਲਾਦਾਂ ਵੀ ਪੈਦਾ ਹੋਣ ਲੱਗ ਪਈਆਂ !”

ਸ਼ਾਮ ਸਿੰਘ ਕਿਸੇ ਹੋਰ ਸਮੇਂ ਗੱਜਣ ਸਿੰਘ ਦੀ ਆਖੀ ਹੋਈ ਗੱਲ ਨੂੰ ਹੀ ਹੌਲੇ ਰੌਂ ਵਿਚ ਆ ਕੇ ਆਪਣੇ ਸ਼ਬਦਾਂ ਵਿਚ ਕਹਿੰਦਾ, "ਪੰਜਾਬੀ ਸਤ ਤੇ ਗੋਰਾ ਰਸ। ਦੋ ਨਸਲਾਂ ਦੀਆਂ ਖ਼ੂਬੀਆਂ ਦਾ ਨਚੋੜ ਹੁੰਦੇ ਆ ਇਹ ਦੋਗਲੇ ! ਤਦੇ ਸੁਹਣੇ ਲੱਗਦੇ ਆ ! ਇਨ੍ਹਾਂ ਦੋਗਲਿਆਂ ਦੇ ਗਹਾਂ ਹੋਰ ਤਿੰਨ-ਗੁਲੇ, ਚਾਰ-ਗੁਲੇ 'ਤੇ ਪਤਾ ਨਹੀਂ ਹੋਰ ਕਿੰਨੇ-ਗੁਲੇ ਬੱਚੇ ਜਦੋਂ ਪੈਦਾ ਹੁੰਦੇ ਆ, ਤਾਂ ਹੋਰ ਵਧੇਰੇ ਹੁਸੀਨ ਲਗਦੇ ਆ !"

ਪਰ ਗੱਜਣ ਸਿੰਘ ਦੀ ਗੰਭੀਰਤਾ ਦੀ ਲੜੀ ਨਾ ਟੁੱਟਦੀ ਤੇ ਉਹ ਉਦਾਸ ਜਿਹਾ ਹੋ ਕੇ ਕਹਿੰਦਾ, "ਦੋਗਲਾਪਨ, ਆਪਣੇ ਦੇਸ਼ ਵਿਚ ਗਾਹਲ ਹੁੰਦਾ ਸੀ। ਪਰ ਏਥੇ ਸ਼ਾਖ਼ਸਾਤ ਵੇਖਣਾ ਤੇ ਜੀਣਾ ਪੈ ਰਿਹਾ ਹੈ ਹਰ ਘੜੀ, ਹਰ ਦਿਨ ! ਤੁਸੀਂ ਸਭ ਗੁਰਪੁਰਬ ਤੇ ਸੰਗਰਾਂਦ ਵਾਲੇ ਦਿਨ ਬੀਬੀਆਂ ਸੂਰਤਾਂ ਬਣਾ ਕੇ, ਮਖੌਟੇ ਲਗਾ ਕੇ ਬਜ਼ੁਰਗੀ ਤੇ ਸਿਆਣਪ ਦੇ, ਗੁਰਦੁਆਰੇ ਜਾਂਦੇ ਓ ! ਪਰ ਏਥੇ ਮਾਲ ਵਿਚ ਆ ਕੇ ਆਪਣੀਆਂ ਧੀਆਂ ਤੇ ਆਪਣੀਆਂ ਪੋਤੀਆਂ ਦੀ ਉਮਰ ਤੋਂ ਵੀ ਛੋਟੀਆਂ ਗੋਰੀਆਂ ਦੇ ਚਿੱਟੇ ਚੰਮ ਨੂੰ ਹਿਰਸੀ ਨਜ਼ਰਾਂ ਨਾਲ ਖ਼ਿਆਲਾਂ ਹੀ ਖ਼ਿਆਲਾਂ ਵਿਚ, ਚੁੰਮਦੇ, ਚੱਟਦੇ ਤੇ ਭੋਗਦੇ ਹੋ। ਇਹ ਦੋਗਲਾਪਨ ਨਹੀਂ, ਤਾਂ ਹੋਰ ਕੀ ਹੈ ? ਉੱਪਰੋਂ, ਉੱਪਰੋਂ ਵਾਖਰੂ, ਵਾਖਰੂ ਕਰੀ ਜਾਣਾ ਤੇ ਅੰਦਰੇ ਅੰਦਰ ਹਿਰਸ ਪਾਲੀ ਜਾਣਾ ... ਧੀਆਂ, ਪੁੱਤਾਂ ਨੇ ਵੀ ਤੁਹਾਡੇ ਕੋਲੋਂ ਇਹ ਕੁਝ ਹੀ ਸਿੱਖਣਾ ਹੈ ..."

... ਤੇ ਇੰਜ ਗੱਜਣ ਸਿੰਘ ਦੀ ਗੰਭੀਰਤਾ ਹਾਸੇ ਖੇਡ ਦੀ ਇਸ ਮਹਿਫ਼ਲ ਨੂੰ ਉਜਾੜ ਦਿੰਦੀ। ਪ੍ਰਸ਼ਨ-ਚਿੰਨ੍ਹ ਬਣੇ ਇਹ ਬਜ਼ੁਰਗ ਕਦੇ ਆਪਣੇ ਪਿੱਛੇ ਵਲਾਂ ਵੇਖਦੇ, ਜਿਸ ਨੂੰ ਇਹ ਛੱਡ ਚੁੱਕੇ ਸਨ ਅਤੇ ਕਦੇ ਅੱਗੇ ਵਲਾਂ, ਜੋ ਬਾਵਜੂਦ ਇੱਛਾ ਦੇ ਵੀ ਪਕੜ ਵਿਚ ਨਹੀਂ ਸੀ ਆ ਰਿਹਾ। ਬੁਢਾਪੇ ਵਾਂਗ ਇਸ ਦੇ ਬੀਤਣ ਦਾ ਅਹਿਸਾਸ ਤਾਂ ਹੁੰਦਾ ਹੈ, ਪਰ ਬੰਦਾ ਇਸ ਨੂੰ ਆਪਣੇ ਰੰਗ ਵਿਚ ਜੀ ਨਹੀਂ ਸਕਦਾ ! ਇਕ ਸੁਫ਼ਨੇ ਵਾਂਗ ਦਿਸਦਾ ਹੈ ਇਹ ਸਭ ਕੁਝ ... ਦਿਨ ਦੇ ਸੁਫ਼ਨੇ ਵਾਂਗ !

ਇਨ੍ਹਾਂ ਨੂੰ ਸੋਚਾਂ ਵਿਚ ਡੁੱਬਿਆ ਵੇਖ ਕੇ ਗੱਜਣ ਸਿੰਘ ਕਹਿੰਦਾ, "ਪਿੱਛਾ ਆਪਣਾ ਰਿਹਾ ਨਾ ! ਅੱਗਾ ਦਿਨੋ ਦਿਨ ਤੇ ਪੀੜ੍ਹੀ-ਦਰ-ਪੀੜ੍ਹੀ ਸਾਥੋਂ ਖੁੱਸਦਾ ਜਾ ਰਿਹਾ ਹੈ ! ਨਾ ਖ਼ੁਦਾ ਹੀ ਮਿਲਾ, ਨਾ ਵਸਾਲੇ ਸਨਮ।"

ਅੱਜ ਤੋਂ 15-16 ਸਾਲ ਪਹਿਲਾਂ ਗੱਜਣ ਸਿੰਘ ਜਦੋਂ ਕੈਨੇਡਾ ਵਿਚ ਆਇਆ ਸੀ, ਤਾਂ ਉਸ ਨੂੰ ਆਪਣੇ ਮੁੱਢਲੇ ਦਿਨਾਂ ਵਿਚ ਬੜੀ ਸਖ਼ਤ ਜੱਦੋ-ਜਹਿਦ ਕਰਨੀ ਪਈ ਸੀ। ਖੇਤ-ਕਾਮਿਆਂ ਦੇ ਹੱਡ-ਤੋੜਵੇਂ ਤੇ ਘੱਟ ਆਮਦਨ ਵਾਲੇ ਕੰਮ ਤੋਂ ਲੈ ਕੇ ਵਾਸ਼ਰੂਮ ਸਾਫ਼ ਕਰਨ, ਘਰਾਂ ਵਿਚ ਅਖ਼ਬਾਰਾਂ ਸੁੱਟਣ ਤੇ ਇਸੇ ਤਰ੍ਹਾਂ ਦੇ ਹੋਰ ਫੁਟਕਲ ਕੰਮ ਕਰਨੇ ਪਏ ਸਨ। ਪਿਛਲੇ 10-12 ਸਾਲ ਤੋਂ ਉਹ ਲੱਕੜ ਦੀ ਮਿੱਲ ਦੀ ਮਜ਼ਦੂਰੀ ਕਰ ਰਿਹਾ ਸੀ। ਮਜ਼ਦੂਰੀ ਵੀ ਚੰਗੀ ਮਿਲਦੀ ਸੀ ਤੇ ਓਵਰ ਟਾਈਮ ਵੀ ਲੱਗ ਜਾਂਦਾ ਸੀ। ਵੱਡਾ ਸਾਰਾ ਘਰ ਸੀ ਉਸ ਕੋਲ, ਕਾਰ ਅਤੇ ਸੁੱਖ ਆਰਾਮ ਦਾ ਹਰ ਸਾਮਾਨ। ਇਹੋ ਜਿਹਾ ਐਸ਼ ਆਰਾਮ ਦਾ ਸਾਮਾਨ ਤਾਂ ਇੱਥੋਂ ਦੇ ਬਹੁ-ਗਿਣਤੀ ਗੋਰਿਆਂ ਕੋਲ ਵੀ ਨਹੀਂ ਸੀ !

ਮੁੱਢਲੇ ਸੰਘਰਸ਼ ਦੇ ਦਿਨਾਂ ਵਿਚ ਉਸ ਦੀ ਪਤਨੀ ਦੇਬੋ ਨੇ ਵੀ ਉਸ ਨਾਲ ਬਰਾਬਰ ਮੋਢੇ ਨਾਲ ਮੋਢਾ ਡਾਹ ਕੇ ਕੰਮ ਕੀਤਾ ਸੀ। ਉਸ ਉਪਰੰਤ ਉਸ ਦਾ ਮੁੱਖ ਕੰਮ ਘਰ ਅਤੇ ਬੱਚਿਆਂ ਦੀ ਸੰਭਾਲ ਹੀ ਰਹਿ ਗਿਆ ਸੀ।

ਦੋ ਬੱਚੇ ਸਨ ਉਨ੍ਹਾਂ ਦੇ। ਇਕ ਮੁੰਡਾ ਜਿਸ ਨੂੰ ਉਹ ਚਾਅ ਨਾਲ 'ਵੱਡਾ' ਕਹਿੰਦੇ ਸਨ ਤੇ ਇਕ ਕੁੜੀ ਜਿਸ ਨੂੰ ਉਹ 'ਨਿੱਕੀ' ਕਹਿ ਕੇ ਬੁਲਾਉਂਦੇ ਸਨ। ਅੱਗੜ ਪਿੱਛੜ ਪੈਦਾ ਹੋਏ ਸਨ ਇਹ ਦੋਵੇਂ ਬੱਚੇ।

ਗੱਜਣ ਸਿੰਘ ਦੀ ਸਾਰੀ ਦੁਨੀਆਂ ਅਤੇ ਧਿਆਨ ਦਾ ਕੇਂਦਰ ਇਹ ਦੋਵੇਂ ਬੱਚੇ ਹੀ ਸਨ। ਉਹ ਇਨ੍ਹਾਂ ਨੂੰ ਦੱਬ ਕੇ ਪੜ੍ਹਾਉਣਾ ਚਾਹੁੰਦਾ ਸੀ। ਜੋ ਕੁਝ ਜ਼ਿੰਦਗੀ ਵਿਚ ਉਹ ਆਪ ਨਹੀਂ ਸੀ ਲੈ ਸਕਿਆ, ਇਨ੍ਹਾਂ ਨੂੰ ਲੈ ਕੇ ਦੇਣਾ ਚਾਹੁੰਦਾ ਸੀ। ਇਨ੍ਹਾਂ ਵਿਚ ਉਹ ਆਪਣੇ ਅਧੂਰੇ ਸੁਫ਼ਨੇ ਸਾਕਾਰ ਹੋਏ ਵੇਖਣਾ ਚਾਹੁੰਦਾ ਸੀ।

ਉਹ ਚਾਹੁੰਦਾ ਸੀ ਕਿ ਉਸ ਵਾਂਗ ਇਹ ਫ਼ਾਰਮਾਂ ਅਤੇ ਹੋਰ ਨਿੱਕੇ ਮੋਟੇ ਕੰਮਾਂ ਵਿਚ ਨਾ ਰੁਲਣ। ਗੋਰਿਆਂ ਤੇ ਆਪਣਿਆਂ ਦੀ ਨਫ਼ਰਤ ਅਤੇ ਵਿਤਕਰੇ ਦਾ ਸ਼ਿਕਾਰ ਨਾ ਬਣਨ। ਸਗੋਂ ਗੋਰਿਆਂ ਵਾਂਗ ਹੀ ਪੜ੍ਹ ਲਿਖ

ਕੇ ਚੰਗੀਆਂ ਨੌਕਰੀਆਂ 'ਤੇ ਲੱਗਣ। ਆਪਣੀ ਤੇ ਆਪਣੇ ਪਿਛੋਕੜ ਦੀ ਪਹਿਚਾਣ ਕਾਇਮ ਰੱਖਣ। ਏਧਰਲੀ ਸੱਭਿਅਤਾ ਵਿਚ ਆਪਣੀ ਪਹਿਚਾਣ ਦੇ ਵਿਲੱਖਣ ਮੁੱਲ ਸਥਾਪਤ ਕਰਨ। ਮਿਸਾਲੀ ਬੱਚੇ ਬਣਨ।

ਆਪਣੇ ਏਸ ਸੁਫ਼ਨੇ ਦੀ ਪੂਰਤੀ ਲਈ ਗੱਜਣ ਸਿੰਘ ਨੇ ਹਰ ਕੁਰਬਾਨੀ ਦਿੱਤੀ ਸੀ। ਆਪਣੇ ਆਪ ਨੂੰ ਏਸ ਪੱਛਮੀ ਜੰਗਲ ਵਿਚ ਭਟਕਣ ਨਹੀਂ ਸੀ ਦਿੱਤਾ। ਆਪਣੀ ਹਰ ਇੱਛਾ ਦੀ ਅਹੂਤੀ ਦੇ ਕੇ ਆਪਣੇ ਬੱਚਿਆਂ ਦੇ ਚਾ ਪੂਰੇ ਕੀਤੇ ਸਨ।

ਬੰਦਾ ਚਾਹੁੰਦਾ ਕੁਝ ਤੇ ਹੋ ਕੁਝ ਹੋਰ ਜਾਂਦਾ ਹੈ। ਭੈੜੀ ਸੰਗਤ ਵਿਚ ਪੈ ਕੇ ਉਸ ਦਾ ਪੁੱਤਰ ਨਸ਼ਿਆਂ ਦਾ ਸ਼ਿਕਾਰ ਹੋ ਗਿਆ। ਡਰੱਗਜ਼ ਵੀ ਵੇਚਣ ਲੱਗ ਪਿਆ। ਗੱਜਣ ਸਿੰਘ ਨੂੰ ਤਾਂ ਉਦੋਂ ਹੀ ਪਤਾ ਲੱਗਾ, ਜਦੋਂ ਪੁਲਿਸ ਉਸ ਨੂੰ ਫੜ ਕੇ ਲੈ ਗਈ। ਕਦੇ ਅੰਦਰ ਤੇ ਕਦੇ ਬਾਹਰ, ਉਸ ਦੇ ਲਾਡਲੇ ਵੱਡੇ ਪੁੱਤਰ ਦੀ, ਜ਼ਿੰਦਗੀ ਨਰਕ ਬਣ ਕੇ ਰਹਿ ਗਈ। ਘਰ ਘੱਟ ਤੇ ਬਾਹਰ ਵਧੇਰੇ ਵਿਚਰਦਾ ਵੱਡਾ, ਏਸ ਪੱਛਮੀ ਜੰਗਲ ਵਿਚ ਅਸਲੋਂ ਹੀ ਗੁੰਮ ਗੁਆਚ ਗਿਆ। ਨਿਕਲ ਗਿਆ ਕਿਧਰੇ।

ਉਸ ਦੀ ਧੀ ਨਿੱਕੀ ਬੜੀ ਸਾਊ ਤੇ ਸੁਸ਼ੀਲ ਸੁਭਾ ਦੀ ਸੀ। ਕੰਨ ਵਿਚ ਪਾਈ ਨਹੀਂ ਸੀ ਰੜਕਦੀ। ਆਪਣੀ ਪੜ੍ਹਾਈ ਵਿਚ ਮਗਨ ਰਹਿੰਦੀ ਤੇ ਜਾਂ ਘਰ ਦੇ ਕੰਮ ਕਾਰ ਵਿਚ। ਹਫ਼ਤੇ ਬਾਅਦ ਕੋਈ ਹਿੰਦੀ ਜਾਂ ਪੰਜਾਬੀ ਫ਼ਿਲਮ ਵੇਖ ਲੈਂਦੀ, ਦੇਬੋ ਤੇ ਉਸ ਦੀ ਸੰਗਤ ਵਿਚ ਬੈਠ ਕੇ। ਸਕੂਲ ਦਾ ਕੰਮ ਮੁਕਾ ਕੇ, ਕਦੇ ਪੰਜਾਬੀ ਤੇ ਹਿੰਦੀ ਦੇ ਗਾਣੇ ਲਾ ਲੈਂਦੀ ਤੇ ਕਦੇ ਮਨ ਚਾਹਿਆ ਦੂਰਦਰਸ਼ਨ (ਟੀ. ਵੀ.) ਦਾ ਕੋਈ ਪ੍ਰੋਗਰਾਮ। ਪੜ੍ਹਨ ਵਿਚ ਵੀ ਬਹੁਤ ਹੁਸ਼ਿਆਰ ਸੀ। ਇਨਾਮ ਵੀ ਮਿਲੇ ਸਨ ਉਸ ਨੂੰ, ਗੱਜਣ ਸਿੰਘ ਨੂੰ ਉਸ ਉੱਤੇ ਬੜਾ ਮਾਣ ਸੀ।

ਇਨ੍ਹਾਂ ਦਿਨਾਂ ਵਿਚ ਹੀ ਗੱਜਣ ਸਿੰਘ ਦੀ ਪਤਨੀ ਭਾਰਤ ਚਲੇ ਗਈ ਕਿਸੇ ਰਿਸ਼ਤੇਦਾਰ ਦੇ ਵਿਆਹ ਵਿਚ ਸ਼ਾਮਿਲ ਹੋਣ ਤੇ ਆਪਣੇ ਪੇਕਿਆਂ ਨੂੰ ਮਿਲਣ। ਰੇਲ-ਗੱਡੀ ਉੱਤੇ ਹੋਏ ਅਤਿਵਾਦੀਆਂ ਦੇ ਹਮਲੇ ਕਾਰਨ ਦੇਬੋ ਅਚਾਨਕ ਮਾਰੀ ਗਈ, ਤਾਂ ਗੱਜਣ ਸਿੰਘ ਅਸਲੋਂ ਹੀ ਕੱਲਾ ਹੋ ਕੇ ਰਹਿ ਗਿਆ। ਬੜਾ ਉਦਾਸ ਸੀ ਉਹ ! ਪਰ ਆਪਣੀ ਧੀ ਨੂੰ ਉਹ ਕਦੇ ਵੀ ਆਪਣੀ ਇਕੱਲ ਤੇ ਉਦਾਸੀ ਦਾ ਅਹਿਸਾਸ ਨਾ ਹੋਣ ਦਿੰਦਾ ! ਘਰ ਵੀ, ਬਾਹਰ ਵੀ ਅਤੇ ਹਮ-ਉਮਰ ਦੋਸਤਾਂ ਵਿਚ ਵੀ ਮਖ਼ੌਲ ਕਰਦਾ ਤੇ ਹੱਸਦਾ ਰਹਿੰਦਾ। ਆਪਣੇ ਆਪ ਨੂੰ ਭੁਲਾ ਕੇ ਸਭ ਦਾ ਦਿਲ ਪਰਚਾਈ ਰਖਦਾ।

ਇਨ੍ਹਾਂ ਦਿਨਾਂ ਵਿਚ ਹੀ ਨਿੱਕੀ ਹੌਲੀ ਹੌਲੀ ਆਪਣੇ ਸਹਿ-ਪਾਠੀ ਗੋਰਿਆਂ ਦੇ ਮੁੰਡੇ ਜੌਰਜ ਵਲਾਂ ਖਿੱਚੀ ਗਈ। ਸਾਂਝੀਆਂ ਦਿਲਚਸਪੀਆਂ ਵਿਚ, ਉਨ੍ਹਾਂ ਦੀਆਂ ਮੇਲ ਮੁਲਾਕਾਤਾਂ ਵਿਚ, ਚੋਰੀ ਛਿਪੇ ਵਾਧਾ ਹੁੰਦਾ ਗਿਆ। ਗਵਾਂਢ ਵਿਚ ਹੀ ਜੌਰਜ ਦਾ ਘਰ ਸੀ। ਫੈਨਸ (Fence) ਉਨ੍ਹਾਂ ਦੀ ਸਾਂਝੀ ਸੀ। ਜੌਰਜ ਦੇ ਘਰ ਵਾਲੇ ਘਰ ਨਾ ਹੁੰਦੇ ਤਾਂ ਨਿੱਕੀ ਉੱਧਰ ਚਲੇ ਜਾਂਦੀ। ਗੱਜਣ ਸਿੰਘ ਕੰਮ ਉੱਤੇ ਹੁੰਦਾ, ਤਾਂ ਜੌਰਜ ਏਧਰ ਆ ਜਾਂਦਾ।

ਗੱਜਣ ਸਿੰਘ ਨੂੰ ਤਾਂ ਉਦੋਂ ਹੀ ਪਤਾ ਲੱਗਿਆ ਜਦੋਂ ਸਾਰੇ ਸ਼ਹਿਰ ਵਿਚ ਦੁਹਾਈ ਪੈ ਗਈ ਕਿ ਨਿੱਕੀ ਗਰਭਵਤੀ ਹੈ। ਇਹ ਤਾਂ ਭਲਾ ਹੋਵੇ ਉਸ ਦੇ ਮਿੱਤਰ ਕਿਸ਼ਨ ਸਿੰਘ ਦਾ ਜਿਸ ਨੇ ਉਸ ਨੂੰ ਇਸ ਪੱਖੋਂ ਸੁਚੇਤ ਕੀਤਾ ਤੇ ਕਿਹਾ ਕਿ, "ਵੇਖ ਨਿੱਕੀ ਉੱਤੇ ਹੱਥ ਨਾ ਚੁੱਕੀਂ। ਏਸ ਮੁਲਕ ਦਾ ਕਾਨੂੰਨ ਏਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ! ਨਾਲੇ ਏਧਰ ਜਵਾਨ ਜਹਾਨ ਧੀਅ-ਪੁੱਤ ਮਾਪਿਆਂ ਦੀ ਨਹੀਂ ਸੁਣਦੇ। ਆਪਣੀ ਮਰਜ਼ੀ ਕਰਦੇ ਹਨ। ਅਸੀਂ ਚਾਹੀਏ ਵੀ ਤਾਂ ਉਨ੍ਹਾਂ ਦੀ ਸ਼ਾਦੀ ਕਰਨੋ ਜਾਂ ਮਨ-ਆਈ ਕਰਨੋਂ ਰੋਕ ਨਹੀਂ ਸਕਦੇ। ਇਹ ਹੀ ਏਧਰਲਾ ਦਸਤੂਰ ਹੈ।"

ਪਰ ਗੱਜਣ ਸਿੰਘ ਦੇ ਤਾਂ ਸੱਤੀਂ ਕੱਪੜੀਂ ਅੱਗ ਲੱਗੀ ਹੋਈ ਸੀ। ਉਹ ਨਿੱਕੀ ਵਲਾਂ ਝਈਆਂ ਲੈ ਲੈ ਕੇ ਪੈਂਦਾ। ਪਰ ਪੁਲਿਸ ਤੇ ਕਾਨੂੰਨ ਦੇ ਡਰ ਤੋਂ ਆਪਣੇ ਹੱਥ ਰੋਕ ਲੈਂਦਾ। ਬੇਬਸ ਹੋ ਕੇ ਰਹਿ ਜਾਂਦਾ।

ਪਰ ਜ਼ਬਾਨ ਸੀ ਕਿ ਗੱਜਣ ਸਿੰਘ ਦੇ ਕਾਬੂ ਵਿਚ ਨਹੀਂ ਸੀ ਰਹਿੰਦੀ। ਉਹ ਨਿੱਕੀ ਨੂੰ ਗੰਦੀਆਂ ਗੰਦੀਆਂ ਗਾਲ੍ਹਾਂ ਕੱਢਦਾ। ਦੇਬੋ ਨੂੰ ਯਾਦ ਕਰਦਾ ਤੇ ਨਸ਼ੇ ਵਿਚ ਧੁੱਤ ਹੋ ਕੇ ਸੌਂ ਜਾਂਦਾ !

ਨਿੱਕੀ ਸਭ ਦੁੱਖ ਸਮਝਦੀ ਸੀ ਆਪਣੇ ਪਿਤਾ ਦਾ ! ਜੌਰਜ ਨੂੰ ਵੀ ਗੱਜਣ ਸਿੰਘ ਦੇ ਵਿਚਾਰਾਂ ਤੇ ਸੰਸਕਾਰਾਂ ਦੀ ਕੌੜੀ ਹਕੀਕਤ ਦਾ ਗਿਆਨ ਸੀ।

ਕਿਸ਼ਨ ਸਿੰਘ ਤੇ ਗੱਜਣ ਸਿੰਘ ਨੇ ਇਕ ਦਿਨ ਨਿੱਕੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਜੇ ਤੂੰ ਹਮਲ ਗਿਰਾ ਦੇਵੇਂ, ਤਾਂ ਸਾਰੀ ਗੱਲ ਰਫ਼ਾ-ਦਫ਼ਾ ਹੋ ਸਕਦੀ ਹੈ। ਅੱਗੋਂ ਨਿੱਕੀ ਕੁਝ ਨਾ ਬੋਲੀ। ਜ਼ਾਰੋ ਜ਼ਾਰ ਰੋਂਦੀ ਚਲੀ ਗਈ। ਜੌਰਜ ਨੂੰ ਏਸ ਗੱਲ ਦਾ ਪਤਾ ਲੱਗਾ, ਤਾਂ ਉਹ ਬਹੁਤ ਦੁਖੀ ਹੋਇਆ।

ਹੌਂਸਲਾ ਕਰਕੇ ਜੌਰਜ ਇਕ ਦਿਨ ਗੱਜਣ ਸਿੰਘ ਨੂੰ ਕਹਿਣ ਲੱਗਾ, "ਡੈਡੀ, ਜੋ ਤੁਸੀਂ ਸਮਝਦੇ ਹੋ, ਉਹ ਗੱਲ ਨਹੀਂ ਹੈ। ਅਸੀਂ ਇਕ ਦੂਜੇ ਨੂੰ ਸੱਚਾ ਪਿਆਰ ਕਰਦੇ ਹਾਂ। ਸਾਥੋਂ ਭੁੱਲ ਜ਼ਰੂਰ ਹੋ ਗਈ ਹੈ। ਪਰ ਅਸੀਂ ਇਕ ਦੂਜੇ ਨਾਲ ਸ਼ਾਦੀ ਕਰਨ ਲਈ ਤਿਆਰ ਹਾਂ।"

ਅੱਗੋਂ ਗੱਜਣ ਸਿੰਘ ਭੜਕ ਉੱਠਿਆ, "ਸ਼ਾਦੀ, ਤੇ ਉਹ ਵੀ ਤੇਰੇ ਨਾਲ। ਤੁਹਾਡੇ ਜਿਹੇ ਕਾਗ਼ਜ਼ੀ ਲੋਕਾਂ ਨਾਲ ਸਾਡਾ ਕੀ ਰਿਸ਼ਤਾ ? ਤੁਸੀਂ ਦੋਗਲੇ, ਤੁਹਾਡੀ ਸੱਭਿਅਤਾ ਦੋਗਲੀ ... ਹਰਾਮਜ਼ਾਦੇ (Bastards) ਹੋ ਤੁਸੀਂ, ਹਰਾਮਜ਼ਾਦਿਆਂ ਦੀ ਨਸਲ !"

ਏਸ ਤੋਂ ਪਹਿਲਾਂ ਕਿ ਗੱਜਣ ਸਿੰਘ ਜੌਰਜ ਉੱਤੇ ਹੱਥ ਚੁੱਕਦਾ। ਨਿੱਕੀ ਉਸ ਨੂੰ ਫੜ ਕੇ ਦੂਜੇ ਪਾਸੇ ਲੈ ਗਈ।

ਸਮਾਂ ਜਿਵੇਂ, ਜਿਵੇਂ ਬੀਤਦਾ ਜਾਂਦਾ ਹੈ, ਇਹ ਹਕੀਮ ਵੀ ਬਣੀ ਜਾਂਦਾ ਹੈ, ਤੇ ਮੱਲ੍ਹਮ ਵੀ। ਜੋ ਚੀਜ਼, ਜੋ ਗੱਲ ਪਹਿਲਾਂ ਇਕ ਨਜ਼ਰ ਨਹੀਂ ਭਾਉਂਦੀ, ਉਹ ਹੌਲੀ ਹੌਲੀ ਸਹਿ ਹੋਣ ਲੱਗ ਪੈਂਦੀ ਹੈ। ਜੀ ਹੋਣ ਲੱਗ ਪੈਂਦੀ ਹੈ। ਜ਼ਿੰਦਗੀ ਦਾ ਅੰਗ ਬਣਨ ਲੱਗ ਪੈਂਦੀ ਹੈ।

ਕਿਸ਼ਨ ਸਿੰਘ ਨੇ ਵਿਚ ਪੈ ਕੇ ਨਿੱਕੀ ਤੇ ਜੌਰਜ ਦਾ ਵਿਆਹ, ਘਰ ਵਿਚ ਹੀ ਪਾਦਰੀ ਨੂੰ ਬੁਲਾ ਕੇ, ਕਰਵਾ ਦਿੱਤਾ। ਜੌਰਜ ਦੇ ਮਾਪੇ ਵੀ ਇਸ ਵਿਆਹ ਵਿਚ ਸ਼ਾਮਿਲ ਹੋਏ। ਜੌਰਜ ਦੇ ਪਿਤਾ ਦਾ ਟੱਬਰ ਵੱਡਾ ਤੇ ਘਰ ਛੋਟਾ ਸੀ। ਕਿਸ਼ਨ ਸਿੰਘ ਦੇ ਕਹਿਣ ਉੱਤੇ ਗੱਜਣ ਸਿੰਘ ਨੇ ਉਨ੍ਹਾਂ ਦੋਹਾਂ ਨੂੰ ਆਪਣੇ ਘਰ ਦੀ ਬੇਸਮੈਂਟ ਵਿਚ ਰਹਿਣ ਦੀ ਆਗਿਆ ਦੇ ਦਿੱਤੀ।

ਹਾਲਾਤ ਦੇ ਏਸ ਪਲਟੇ ਨੇ ਗੱਜਣ ਸਿੰਘ ਦੀ ਜ਼ਿੰਦਗੀ ਹੀ ਬਦਲ ਕੇ ਰੱਖ ਦਿੱਤੀ। ਹੁਣ ਨਾ ਉਹ ਗੁਰਦੁਆਰੇ ਜਾਂਦਾ ਤੇ ਨਾ ਹੀ ਸਕੀਨਾ ਮਾਲ ਦੇ ਬਜ਼ੁਰਗਾਂ ਦੀ ਸੰਗਤ ਵਿਚ ਬੈਠਦਾ।

ਕਦੇ ਕਿਸੇ ਬੀਚ ਵਲਾਂ ਨਿਕਲ ਜਾਂਦਾ ਤੇ ਕਦੇ ਸ਼ਰਾਬ ਖ਼ਾਨਿਆਂ ਦੇ ਉੱਚੇ ਸ਼ੋਰ ਵਿਚ ਆਪਣੇ ਅੰਦਰਲੇ ਦਰਦ ਦੀ ਆਵਾਜ਼ ਨੂੰ ਦਬਾਉਣ ਦਾ ਯਤਨ ਕਰਦਾ ਰਹਿੰਦਾ। ਕੰਮ 'ਤੇ ਵੀ ਕਿਸੇ ਨਾਲ ਅੱਖ ਨਾ ਮਿਲਾਉਂਦਾ।

ਜਿਵੇਂ, ਜਿਵੇਂ ਨਿੱਕੀ ਦੇ ਦਿਨ ਪੂਰੇ ਹੋਣ ਲੱਗੇ, ਜਣੇਪੇ ਤੇ ਦੋਗਲੀ ਔਲਾਦ ਦੇ ਖ਼ਿਆਲ ਨਾਲ ਉਸ ਨੂੰ ਰੋਹ ਚੜ੍ਹ ਜਾਂਦਾ ! ਕਿਸ਼ਨ ਸਿੰਘ ਉਸ ਨੂੰ ਬਥੇਰਾ ਸਮਝਾਉਂਦਾ, ਪਰ ਗੱਜਣ ਸਿੰਘ ਅੱਗੋਂ ਕਹਿੰਦਾ, "ਇਸ ਔਲਾਦ ਦੀ ਖ਼ਾਤਰ ਮੈਂ ਕੀ ਨਹੀਂ ਕੀਤਾ ? ਆਪਣੀਆਂ ਇੱਛਾਵਾਂ ਦਾ ਗਲਾ ਘੁੱਟਿਆ। ਆਪਣੀ ਜ਼ਿੰਦਗੀ ਨੂੰ ਇਨ੍ਹਾਂ ਦੇ ਭਵਿੱਖ ਦੀ ਖ਼ਾਤਰ ਹਰ ਰੋਜ਼ ਮੁਲਤਵੀ (Postpone) ਕੀਤਾ। ਕਾਰਨ ਅਕਾਰਨ ਕਦੇ ਮਾਪਿਆਂ ਲਈ, ਕਦੇ ਭੈਣਾਂ ਭਰਾਵਾਂ ਲਈ ਤੇ ਫਿਰ ਅੰਤ ਵਿਚ ਆਪਣੀ ਔਲਾਦ ਲਈ ਅਸੀਂ ਜਿਊਣ ਦਾ ਭਰਮ ਪਾਲਦੇ ਰਹੇ ! ਜਿਨ੍ਹਾਂ ਦੀ ਖ਼ਾਤਰ ਜੀਣ ਦਾ ਦੰਭ ਭੋਗਿਆ, ਸਮਾਂ ਆਇਆ ਤਾਂ ਉਹ ਵੀ ਪਰਦੇਸੀ ਪੰਛੀਆਂ ਵਾਂਗ ਉੱਡ ਕੇ ਹੋਰ ਟਹਿਣੀਆਂ ਦੇ ਬਾਸ਼ਿੰਦੇ ਬਣ ਗਏ। ਕੀ ਜ਼ਿੰਦਗੀ ਹੈ ਸਾਡੀ ? ਨਾ ਬਚਪਨ, ਨਾ ਜਵਾਨੀ ਤੇ ਨਾ ਹੀ ਬੁਢਾਪਾ—ਕੁਝ ਵੀ ਨਹੀਂ ਆਪਣਾ। ਬੇਗਾਨਗੀ ਦੀ ਬੋ ਆਉਂਦੀ ਹੈ, ਇਸ ਸਭ ਕੁਝ ਵਿੱਚੋਂ। ਨਾ ਖ਼ੁਦ ਆਪਣਾ ਆਪ ਬਣ ਕੇ ਜੀਵੇ ਅਤੇ ਨਾ ਹੀ ਆਪਣੀ ਔਲਾਦ ਨੂੰ ਆਪਣਾ ਆਪ ਬਣ ਕੇ ਜਿਊਣ ਦਾ ਅਧਿਕਾਰ ਦਿੱਤਾ।" ਇਕ ਦਿਨ ਗੁੱਸੇ ਵਿਚ ਆ ਕੇ ਗੱਜਣ ਸਿੰਘ ਨੇ ਪੂਰੇ ਦਿਨਾਂ 'ਤੇ ਆਈ ਆਪਣੀ ਧੀ ਅਤੇ ਜੌਰਜ ਨੂੰ ਘਰੋਂ ਬਾਹਰ ਕੱਢ ਦਿੱਤਾ। ਸਾਰੇ ਸ਼ਹਿਰ ਵਿਚ ਹੋਏ, ਹੋਏ, ਹੋ ਗਈ !

ਸਭ ਹੈਰਾਨ ਸਨ ਕਿ ਖ਼ੁਸ਼ ਰਹਿਣ ਤੇ ਖ਼ੁਸ਼ੀਆਂ ਵੰਡਣ ਵਾਲੇ ਏਸ ਹੱਸਮੁਖ ਇਨਸਾਨ ਨੂੰ ਹੋ ਕੀ ਗਿਆ ਹੈ ?

ਗੱਜਣ ਸਿੰਘ ਨੇ ਆਪਣੀ ਬੱਗੀ ਦਾੜ੍ਹੀ ਮੁੰਨ ਕੇ ਰੋਜ਼ ਸ਼ੇਵ ਕਰਨੀ ਸ਼ੁਰੂ ਕਰ ਦਿੱਤੀ। ਸਿਰ ਦੇ ਵਾਲਾਂ ਨੂੰ ਸੁਨਹਿਰੀ ਰੰਗ ਕਰਵਾ ਲਿਆ ਤੇ ਇਹ ਹੀ ਰੰਗ ਲਾਉਣਾ ਸ਼ੁਰੂ ਕਰ ਦਿੱਤਾ ! ਗੋਰਿਆਂ ਵਿਚ ਬੈਠਾ ਉਹ ਬਿਲਕੁਲ ਗੋਰਾ ਜਾਪਦਾ ਸੀ।

'ਹੈਂਕੀ ਪੈਂਕੀ' ਸ਼ਰਾਬਖ਼ਾਨੇ ਵਿਚ ਬੈਠਿਆਂ ਉਸ ਨੂੰ ਕਿਸ਼ਨ ਸਿੰਘ ਨੇ ਵੇਖਿਆ, ਤਾਂ ਉਹ ਵੀ ਉਸ ਦੇ ਮੇਜ਼ ਵਲਾਂ ਹੋ ਤੁਰਿਆ। ਗੱਜਣ ਸਿੰਘ ਨੇ ਬਿਨਾਂ ਤਕੱਲਫ਼ ਕਿਸ਼ਨ ਸਿੰਘ ਨੂੰ ਜੀ ਆਇਆਂ ਆਖਿਆ ਤੇ ਆਪਣੇ ਨਾਲ ਬੈਠੀ ਜੈਕੀ ਨਾਲ ਉਸ ਦੀ ਜਾਣ ਪਛਾਣ ਕਰਵਾਈ, "ਕਿਸ਼ਨ ਸਿਆਂ ! ਮਿਲ ਇਸ ਨੂੰ ! ਇਹ ਹੈ ਤੇਰੀ ਹੋਣ ਵਾਲੀ ਭਰਜਾਈ ਜੈਕੀ !"

ਇਹ ਆਖ ਕੇ ਗੱਜਣ ਸਿੰਘ ਠਹਾਕਾ ਮਾਰ ਕੇ ਹੱਸਿਆ, ਤਾਂ ਕਿਸ਼ਨ ਸਿੰਘ ਨੂੰ ਜਾਪਿਆ ਜਿਵੇਂ ਗੱਜਣ ਸਿੰਘ ਦਾ ਮਖ਼ੌਲੀਆ ਸੁਭਾ ਮੁੜ ਪਰਤ ਆਇਆ ਹੋਵੇ ! ਉਸ ਦੇ ਚਿਹਰੇ ਉੱਤੇ ਅੰਤਾਂ ਦੀ ਖ਼ੁਸ਼ੀ ਅਤੇ ਉਹ ਹੀ ਖਿਲੰਦੜਾਪਨ ਸੀ, ਜੋ ਸਦਾ ਬਜ਼ੁਰਗਾਂ ਦੀ ਮਹਿਫ਼ਲ ਦੀ ਜਿੰਦ ਜਾਨ ਹੁੰਦਾ ਸੀ !

ਜੈਕੀ ਪੱਕੀ ਉਮਰ ਦੀ, ਪਰ ਭਰਵੇਂ ਤੇ ਗੁੰਦਵੇਂ ਜਿਸਮ ਵਾਲੀ ਇਕ ਸੁੰਦਰ ਗੋਰੀ ਸੀ ! ਗੱਜਣ ਸਿੰਘ ਵਾਂਗ ਹੀ ਹੱਡਾਂ, ਪੈਰਾਂ ਦੀ ਖੁੱਲ੍ਹੀ। ਦਗ-ਦਗ ਕਰਦਾ ਸੀ ਚਿਹਰਾ ਉਸ ਦਾ ! ਗੱਜਣ ਸਿੰਘ ਨੇ ਕਿਸ਼ਨ ਸਿੰਘ ਨੂੰ ਸੰਬੋਧਨ ਕਰਦਿਆਂ ਗੱਲ ਛੇੜੀ, "ਕਿਸ਼ਨ ਸਿਆਂ, ਦੋਗਲੇ ਹਨ ਉਹ ਸਭ ਜੋ ਦਾਹੜੀਆਂ ਤੇ ਪੱਗਾਂ ਦੇ ਓਹਲੇ ਹੇਠਾਂ ਗੁਰਦੁਆਰਿਆਂ ਵਿਚ ਜਾ ਕੇ ਵਾਖਰੂ, ਵਾਖਰੂ ਕਰਦੇ, ਪਰ ਸਕੀਨਾ ਮਾਲ ਤੇ ਹਰ ਸੜਕ ਬਜ਼ਾਰ ਵਿਚ ਹਿਰਸੀ ਨਜ਼ਰ ਨਾਲ ਚਿੱਟੇ ਚੰਮ ਲਈ ਲਾਲਾਂ ਸੁੱਟਦੇ ਹਨ। ਬਰਸਾਤੀ ਮੱਖੀਆਂ ਵਾਂਗ ਚੁੰਮੜੇ ਰਹਿੰਦੇ ਹਨ, ਉਹ ਆਪਣੇ ਸੁਫ਼ਨਿਆਂ ਵਿਚ ਵੀ ਗੋਰੀਆਂ ਦੇ ਨੰਗੇ ਜਿਸਮ ਨੂੰ। ਆਪਣੇ ਬੇਅਰਥ ਸੰਸਕਾਰਾਂ ਤੇ ਰਿਵਾਜ਼ਾਂ ਦੇ ਮੁਲੰਮਿਆਂ ਪਿੱਛੇ ਲੱਗ ਕੇ ਆਪਾਂ ਬੁਢੇਪੇ ਵਿਚ ਵੀ ਇਕੱਲ ਦਾ ਨਰਕ ਭੋਗ ਰਹੇ ਹਾਂ। ਕੀ ਪਿਆ ਹੈ ਦੇਸੀ ਰਹੁ-ਰੀਤਾਂ ਦੇ ਛਲਾਵਿਆਂ ਵਿਚ। ਜੋ ਆਪਣਾ ਬਣ ਸਕਦਾ ਹੈ, ਉਸ ਨੂੰ ਪ੍ਰਾਪਤ ਕਰਨ ਦਾ ਹੌਂਸਲਾ ਨਹੀਂ। ਸਾਡੇ ਵਿਚ। ਜੋ ਆਪਣਾ ਹੈ ਈ ਨਹੀਂ, ਉਸ ਨੂੰ ਖੋ ਦੇਣ ਦੇ ਭੈ ਵਿਚ ਹਰ ਰੋਜ਼ ਬੇਅਰਥ ਹੋ ਰਹੇ ਹਾਂ ਅਸੀਂ !"

ਜੈਕੀ ਨੂੰ ਕੁਰਸੀ ਤੋਂ ਉਠਦਿਆਂ ਵੇਖ ਕੇ ਗੱਜਣ ਸਿੰਘ ਬਿੰਦ ਕੁ ਰੁਕਿਆ ਤੇ ਫਿਰ ਜੈਕੀ ਦਾ ਹੱਥ ਫੜਦਾ ਹੋਇਆ ਕਿਸ਼ਨ ਸਿੰਘ ਨੂੰ ਸੰਬੋਧਨ ਹੋਇਆ, "ਕਿਸ਼ਨ ਸਿਆਂ ! ਪੰਛੀ ਵੀ ਚੁੰਜ ਵਿਚ ਚੁੰਜ ਪਾ ਕੇ ਇਕ ਦੂਜੇ ਨਾਲ ਪਿਆਰ ਤੇ ਕਲੋਲ ਕਰਦੇ ਆ ! ਅਸੀਂ ਤਾਂ ਫੇਰ ਵੀ ਇਨਸਾਨ ਹਾਂ !"

ਆਖ ਕੇ ਨਾਈਟ ਸ਼ਿਫ਼ਟ ਉੱਤੇ ਜਾਣ ਲਈ ਕਾਹਲੀ ਪਈ ਜੈਕੀ ਦੇ ਸੁਰਖ਼ ਹੋਠਾਂ ਉੱਤੇ ਗੱਜਣ ਸਿੰਘ ਨੇ ਆਪਣੇ ਹੋਂਠ ਰੱਖ ਦਿੱਤੇ।

# ਖੁੱਲ੍ਹੀ ਕਿਤਾਬ

ਮੈਂ ਅੱਜ ਫੇਰ ਟੈਰਸ ਸ਼ਹਿਰ ਦੇ ਐਕੁਐਟਿਕ ਸੈਂਟਰ (Aquatic centre) ਦੇ ਆਰਾਮ-ਤਲਾ (Leisure Pool) ਦੇ ਨਿੱਘੇ, ਕੋਸੇ ਪਾਣੀ ਵਿਚ ਬੈਠਾ ਬੱਖੀਂ ਲੱਗੇ ਫੁਹਾਰਿਆਂ 'ਚੋਂ ਤੇਜ਼ੀ ਨਾਲ ਆ ਰਹੇ ਪਾਣੀ ਨਾਲ ਖੇਡ ਰਿਹਾ ਸਾਂ। ਇਕ ਫ਼ੁਹਾਰੇ ਦਾ ਪਾਣੀ ਲਗਾਤਾਰ ਮੇਰੀ ਧੌਣ ਉੱਤੇ ਪੈ ਰਿਹਾ ਸੀ। ਕੋਸੇ ਪਾਣੀ ਦੀ ਟਕੋਰ ਤੇ ਮਾਲਸ਼ ਨਾਲ ਦੇਹ ਨਿੱਸਲ ਪਈ ਆਰਾਮ ਦੀ ਅਵਸਥਾ ਵਿਚ ਵਿਚਰ ਰਹੀ ਸੀ। ਮਨ ਸੀ, ਕਿ ਤੇਜ਼ੀ ਨਾਲ ਬੀਤ ਗਏ ਦੀਆਂ ਘਟਨਾਵਾਂ 'ਚੋਂ ਗੁਜ਼ਰ ਰਿਹਾ ਸੀ।

ਕੈਥੀ ਲੈਂਬਰਾਈਟ ਕੁਝ ਸਮਾਂ ਪਹਿਲਾਂ ਮੈਨੂੰ ਇਸੇ ਆਰਾਮ-ਤਲਾ ਵਿਚ ਮਿਲੀ ਸੀ। ਉਸ ਦੇ ਚਿਹਰੇ ਉੱਤੇ ਬਚਕਾਨਾ ਮੁਸਕਰਾਹਟ ਸੀ ਅਤੇ ਉਸ ਦੇ ਹੱਥਾਂ ਵਿਚ ਪੰਜ-ਛੇ ਮਹੀਨੇ ਦਾ ਇਕ ਸੁੰਦਰ ਬੱਚਾ। ਬੱਚਾ ਉਸ ਦੇ ਹੱਥਾਂ ਵਿਚੋਂ ਉੱਲਰ, ਉੱਲਰ ਪੈਂਦਾ ਵਾਰ-ਵਾਰ ਮੇਰਾ ਧਿਆਨ ਆਪਣੇ ਵਲਾਂ ਖਿੱਚ ਰਿਹਾ ਸੀ। ਆਪਣੇ ਹੱਥਾਂ ਵਿੱਚੋਂ ਉੱਲਰ ਕੇ ਅਛੋਪਲੇ ਹੀ ਤਲਾ ਦੇ ਪਾਣੀ ਵਿਚ ਠਿੱਲ੍ਹ ਪਿਆ। ਏਸ ਤੋਂ ਪਹਿਲਾਂ ਕਿ ਉਸ ਦੀ ਡੁਬਕੀ ਲੱਗਦੀ, ਮੈਂ ਬੱਚੇ ਨੂੰ ਆਪਣੇ ਹੱਥਾਂ ਵਿਚ ਚੁੱਕ ਲਿਆ। ਕੈਥੀ ਦੇ ਚਿਹਰੇ ਉੱਤੇ ਘਬਰਾਹਟ ਸੀ, ਪਰ ਬੱਚਾ ਬਾਹਾਂ, ਲੱਤਾਂ ਮਾਰਦਾ, ਖੇਡਦਾ ਹੋਇਆ ਮੁਸਕਰਾ ਰਿਹਾ ਸੀ।

ਘਬਰਾਹਟ ਵਿਚ ਕੈਥੀ ਦੇ ਹੱਥ ਮੇਰੇ ਹੱਥਾਂ ਨੂੰ ਛੂਹ ਗਏ ਤੇ ਛਿਣ ਦੀ ਛਿਣ ਜਿਵੇਂ ਉਹ ਮੇਰੇ ਹੱਥਾਂ ਨਾਲ ਮਿਲ ਕੇ ਬੱਚੇ ਨੂੰ ਇਕੱਠਿਆਂ ਹੀ ਸੰਭਾਲ, ਖਿਡਾ ਰਹੇ ਹੋਣ। ਬੱਚੇ ਦੀ ਨਿਰਛਲ ਮੁਸਕਾਨ ਸਾਡੇ ਦੋਹਾਂ ਦੇ ਧਿਆਨ ਦਾ ਕੇਂਦਰ ਸੀ।

"ਮੈਂ ਤਾਂ ਘਬਰਾ ਹੀ ਗਈ ਸਾਂ।" ਇਹ ਕੈਥੀ ਦੇ ਬੋਲ ਸਨ।

"ਘਬਰਾਹਟ ਵਾਜਬ ਹੀ ਸੀ। ਕੌਣ ਮਾਂ ਆਪਣੇ ਬੱਚੇ ਨੂੰ ਆਪਣੀਆਂ ਅੱਖਾਂ ਸੌਂਹੇਂ ਤਲਾ ਵਿਚ ਡਿੱਗਦਿਆਂ, ਡੁੱਬਦਿਆਂ ਵੇਖ ਸਕਦੀ ਹੈ।"

"ਮੇਰਾ ਪੁੱਤਰ ਹੀ ਮੇਰਾ ਸੁਫ਼ਨਾ, ਮੇਰੀ ਜਿੰਦ ਜਾਨ ਹੈ। ਸੁਫ਼ਨੇ ਬਿਨ ਜੀਵਨ ਕੇਹਾ ?"

"ਇਹ ਸੁਫ਼ਨਾ ਨਹੀਂ, ਇਹ ਤਾਂ ਸੱਚ ਹੈ ! ਜਿਊਂਦਾ ਜਾਗਦਾ, ਧੜਕਦਾ, ਖੇਲ੍ਹਦਾ ਮੁਸਕਰਾਉਂਦਾ ਹੋਇਆ ਸੱਚ !"

"ਮੈਂ ਇਸ ਪਰਤੱਖ ਸੱਚ ਪਿਛਲੇ ਆਪਣੇ ਉਸ ਸੁਫ਼ਨੇ ਦੀ ਗੱਲ ਕਰ ਰਹੀ ਹਾਂ, ਜੋ ਇਸ ਦੇ ਭਵਿੱਖ ਨਾਲ ਸਬੰਧਤ ਹੈ। ਮੈਂ ਇਸ ਦੇ ਮਾਸੂਮ ਚਿਹਰੇ 'ਚੋਂ ਇਕ ਐਸੇ ਭਰਵੇਂ ਤੇ ਸੰਪੂਰਨ ਮਨੁੱਖ ਦੀ ਕਲਪਨਾ ਕਰਦੀ ਹਾਂ, ਜਿਸ ਦੀ ਸਮੁੱਚੀ ਸ਼ਖ਼ਸੀਅਤ 'ਚੋਂ ਰੱਬੀ ਕਿਰਨਾਂ ਦਾ ਨੂਰ ਬਰਸ ਰਿਹਾ ਹੋਵੇ। ਜੋ ਸੱਚ, ਸੁੱਚ ਤੇ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹੋਵੇ। ਜਿਸ ਦਾ ਕਰਮ ਤੇ ਧਰਮ ਦੁਫਾੜ ਨਾ ਹੋਵੇ। ਜਿਸ ਦੇ ਕਹਿਣ ਤੇ ਕਰਨ ਵਿਚ ਵਿਰੋਧ ਨਾ ਹੋਵੇ।"

ਕੈਥੀ ਨਾਲ ਇਸ ਤਰ੍ਹਾਂ ਦੀਆਂ ਗੱਲਾਂ ਪਹਿਲੀ ਮੁਲਾਕਾਤ ਵਾਲੇ ਦਿਨ ਤੇ ਉਸ ਤੋਂ ਬਾਅਦ ਅਕਸਰ

ਹੁੰਦੀਆਂ ਰਹੀਆਂ। ਉਹ ਵੀਹ ਕੁ ਸਾਲ ਦੀ ਮਧਰੇ ਪਰ ਗੱਠੇ ਹੋਏ ਜਿਸਮ ਵਾਲੀ ਇਕ ਬਹੁਤ ਹੀ ਖ਼ੂਬਸੂਰਤ ਅਤੇ ਆਕਰਸ਼ਕ ਔਰਤ ਸੀ। ਉਸਦੀਆਂ ਵੱਡੀਆਂ ਵੱਡੀਆਂ ਮਧੂ-ਮੱਤੀਆਂ ਅੱਖਾਂ ਵਿਚ ਸਮੁੰਦਰ ਦੀ ਗਹਿਰਾਈ ਸੀ। ਇਕ ਐਸਾ ਸਮੁੰਦਰ ਜਿਸ ਵਿੱਚੋਂ ਸਦਾ ਹੀ ਆਕਾਸ਼-ਛੂੰਹਦੀਆਂ ਛੱਲਾਂ ਉੱਠਦੀਆਂ ਤੇ ਤੁਹਾਨੂੰ ਆਪਣੇ ਆਪ ਵਿਚ ਸਮਾ ਲੈਣਾ ਲੋਚਦੀਆਂ ਹੋਣ। ਉਸ ਦੀ ਸੰਗੀਤਕ ਆਵਾਜ਼ 'ਚੋਂ ਕਿਰਦੇ ਬੋਲਾਂ ਵਿਚ ਵੀ ਮਿਕਨਾਤੀਸੀ ਖਿੱਚ ਸੀ।

"ਕਈ ਬੱਚੇ ਨੂੰ ਚੁੰਮਦੇ ਹਨ, ਮਾਂ ਤਕ ਪਹੁੰਚਣ ਲਈ। ਪਰ ਅਸੀਂ ਤਾਂ ਸਗਲੇ ਸਬੂਤੇ ਤੁਹਾਡੇ ਦੁਆਰ, ਆਪ ਸਵਾਲੀ ਬਣੇ ਖੜ੍ਹੇ ਹਾਂ।"

ਕੈਥੀ ਮੈਨੂੰ ਅਤੇ ਆਪਣੇ ਪੁੱਤਰ ਨੂੰ ਖੇਡਦਿਆਂ ਵੇਖ ਕੇ, ਮੇਰੇ ਚੁੰਮਣ ਨੂੰ ਪਛਾਣ ਦਿੰਦੀ ਹੋਈ ਬੋਲੀ, "ਮਾਂ, ਬਾਪ ਬਣ ਬੱਚੇ ਨੂੰ ਚੁੰਮਦੇ ਹੋਏ ਬਹੁਤ ਵੇਖੇ ਹਨ। ਪਰ ... ਇਕ ਜਵਾਨ ਜਹਾਨ ਮਰਦ ਵਿੱਚੋਂ ਨਿਕਲੇ ਬੱਚੇ ਦਾ ਬੱਚੇ ਲਈ ਚੁੰਮਣ, ਅੱਜ ਪਹਿਲੀ ਵਾਰ ਤੱਕਿਆ ਹੈ।"

ਕੈਥੀ ਨੂੰ ਹੁੰਗਾਰਾ ਭਰਦਾ ਹੋਇਆ ਮੈਂ ਬੋਲਦਾ ਹਾਂ, "ਕਾਸ਼, ਇਨਸਾਨ ਸਾਰੀ ਉਮਰ ਇਕ ਬੱਚੇ ਵਾਂਗ ਨਿਰਛਲ, ਨਿਸ਼ਕਪਟ ਤੇ ਨਿਸ਼ਕਾਮ ਰਹਿ ਸਕਦਾ। ਤਨ ਦੀ ਗੰਦਗੀ ਤੋਂ ਮੁਕਤ ਹੋਣ ਦੇ ਲੱਖ ਸਾਧਨ, ਪਰ ਮਨ ਦੀ ਗੰਦਗੀ ਤੋਂ ਮੁਕਤ ਹੋਣ ਦਾ ਕੋਈ ਵੀ ਨਾਂ।"

"ਇਹ ਆਰਾਮ-ਤਲਾ, ਗਰਮ-ਤਲਾ (Whirlpool), ਭਾਫ਼ ਵਾਲਾ ਸਾਓਨਾ (Steam Sauna) ਤੇ ਖ਼ੁਸ਼ਕ ਸਾਓਨਾ ਮੁੜ੍ਹਕੇ ਰਾਹੀਂ ਤਨ ਦੀ ਗੰਦਗੀ ਤਾਂ ਕੱਢ ਸਕਦੇ ਹਨ, ਪਰ ਮਨ ਨੂੰ ਸਾਫ਼ ਨਹੀਂ ਕਰ ਸਕਦੇ।"

"ਬਾਡੀ ਸ਼ਾਪ (Body Shop) ਵਿਚ ਪਿਆ ਕਸਰਤ ਕਰਨ ਦਾ ਸਭ ਸਾਮਾਨ ਜਿਸਮ ਨੂੰ ਤੰਦਰੁਸਤ ਅਤੇ ਸ਼ਕਤੀਸ਼ਾਲੀ ਤਾਂ ਰੱਖ ਸਕਦਾ ਹੈ ਪਰ ਮਨ ਨੂੰ ਤੱਕੜਿਆਂ ਨਹੀਂ ਕਰ ਸਕਦਾ। ਤਲਾ ਵਿਚ ਤਰਦਾ ਜਿਸਮ ਇਕ ਕੰਢੇ ਤੋਂ ਦੂਜੇ ਕੰਢੇ ਪਹੁੰਚ ਜਾਂਦਾ ਹੈ ...। ਫਿਰ ਉਸ ਕੰਢਿਓਂ ਇਸ ਕੰਢੇ ... ਤੇ ਤਰਨ ਦੀ ਇਹ ਕਸਰਤ ਜਾਰੀ ਰਹਿੰਦੀ ਹੈ ਲਗਾਤਾਰ, ਇਸ ਕੰਢਿਓਂ ਉਸ ਕੰਢੇ ਤੇ ਉਸ ਕੰਢਿਓਂ, ਇਸ ਕੰਢੇ। ਇਸ ਦੌਰਾਨ ਮਨ ਇਕ ਕਦਮ ਨਹੀਂ ਪੁੱਟਦਾ ... ਨਾ ਇਸ ਤਰਫ਼, ਨਾ ਉਸ ਤਰਫ਼। ਇਹ ਜੀਵਨ- ਸਫ਼ਰ ਮਨ ਦਾ ਹੈ ਜਾਂ ਤਨ ਦਾ ? ਜਾਂ ਦੋਹਾਂ ਦਾ ? ਕੁਝ ਸਮਝ ਨਹੀਂ ਪੈਂਦੀ।"

ਅੰਤਰ ਧਿਆਨ ਮੇਰੀਆਂ ਗੱਲਾਂ ਸੁਣ ਰਹੀ ਕੈਥੀ ਅੱਖਾਂ ਨਾਲ ਮੂਕ ਹੁੰਗਾਰਾ ਭਰਦੀ ਹੋਈ ਐਕੁਏਟਿਕ ਸੈਂਟਰ ਵਿਚ ਬਣੀਆਂ ਸਭ ਸਹੂਲਤਾਂ ਤੇ ਉਨ੍ਹਾਂ ਨੂੰ ਵਰਤ ਰਹੇ ਇਸਤਰੀ, ਪੁਰਖਾਂ ਵਲ ਵੇਖਦੀ ਹੈ। ਇਕ ਹਉਕਾ ਭਰਦੀ ਤੇ ਫਿਰ ਅਵਾਕ, ਪਹਿਲਾਂ ਮੇਰੇ ਵਲਾਂ ਤੇ ਫੇਰ ਆਪਣੇ ਪੁੱਤਰ ਵਲਾਂ ਵੇਖਦੀ ਹੈ। ਫਿਰ ਜਿਵੇਂ ਉਸ ਦੇ ਅੰਦਰੋਂ ਗੱਲਾਂ ਇਕ ਚਸ਼ਮੇ ਵਾਂਗ ਫੁੱਟ ਪਈਆਂ ਹੋਣ, "ਮੈਂ ਤਾਂ ਸੋਚਿਆ ਸੀ ਕਿ ਇਕ ਮਰਦ ਦੀ ਮੁਹੱਬਤ ਵਿਚੋਂ ਇਕ ਬੱਚੇ ਦਾ ਜਨਮ, ਮੇਰੇ ਲਈ ਇਕ ਨਵੀਂ ਦੁਨੀਆਂ ਦਾ ਆਰੰਭ ਸਾਬਤ ਹੋਵੇਗਾ। ਨਵੀਂ ਦੁਨੀਆਂ ਦੇ ਇਸ ਸੁਫ਼ਨੇ ਸੌਂਹੇਂ ਮੈਂ ਅਤੇ ਮਰਦ ਬਹੁਤ ਛੋਟੇ, ਛੋਟੇ, ਨਿਗੂਣੇ, ਨਿਗੂਣੇ ਜਾਪਦੇ ਹਾਂ। ਭੂਤ ਦੇ ਦਾਗ਼ ਅਤੇ ਮੈਲ ਯਤਨ ਕੀਤਿਆਂ ਵੀ ਸਾਡੇ ਮਨਾਂ ਉੱਤੋਂ ਨਹੀਂ ਧੁਪਦੇ। ਆਪਣੇ ਇਸ ਸੁਫ਼ਨੇ, ਇਸ ਪੁੱਤਰ ਦੀ ਖ਼ਾਤਿਰ ਉਸ ਮਰਦ ਨਾਲੋਂ ਤੋੜਿਆ ਨਾਤਾ ਵੀ ਜਿਵੇਂ ਅੱਜ ਤਕ ਨਾ ਟੁੱਟਿਆ ਹੋਵੇ। ਭੂਤ ਦੇ ਸੰਘਣੇ ਪਰਛਾਵੇਂ ਜਿਵੇਂ ਮੇਰੇ ਅੰਦਰਲੇ ਚਾਨਣ ਨੂੰ ਨਿਗਲ ਜਾਣਾ ਚਾਹੁੰਦੇ ਹੋਣ। ਹੜੱਪ ਕਰ ਜਾਣਾ ਚਾਹੁਣ ਮੇਰੇ ਸੁਫ਼ਨੇ ਨੂੰ। ..."

ਇਸੇ ਤਰ੍ਹਾਂ ਗੱਲਾਂ ਕਰਦੀ, ਕਰਦੀ ਕੈਥੀ ਅਚਾਨਕ ਚੁੱਪ ਕਰ ਜਾਂਦੀ ਅਤੇ ਡੂੰਘੀਆਂ ਸੋਚਾਂ ਉਸ ਨੂੰ ਘੇਰ ਲੈਂਦੀਆਂ।

ਕੈਥੀ ਨੇ ਆਪਣੇ ਜੀਵਨ ਦੇ ਵੀਹ ਸੰਖੇਪ ਜਿਹੇ ਸਾਲਾਂ ਵਿਚ ਹੀ ਬਹੁਤ ਉਤਾਰ ਚੜ੍ਹਾ ਵੇਖੇ ਸਨ। ਉਸ ਦੀ ਮਾਂ ਨੇ ਉਸ ਨੂੰ ਜੰਮਿਆ ਅਤੇ ਲੈ-ਪਾਲਕ ਮਾਪਿਆਂ ਦੇ ਹਵਾਲੇ ਕਰ ਦਿੱਤਾ। ਉਸ ਤੋਂ ਬਾਅਦ ਪਤਾ ਨਹੀਂ ਉਹ ਕਿੱਥੇ ਗੁੰਮ ਗੁਆਚ ਗਈ ਸੀ। ਲੈ-ਪਾਲਕ ਮਾਪੇ ਵੀ, ਉਸ ਦੇ ਸੁਰਤ ਸੰਭਾਲਦਿਆਂ, ਇਕ ਦੂਜੇ ਨਾਲੋਂ

ਟੁੱਟ ਕੇ, ਜੁਦਾ, ਜੁਦਾ ਹੋ ਗਏ। ਫਿਰ ਕੈਥੀ ਸੀ ਤੇ ਸ਼ਹਿਰ ਦੀਆਂ ਸੜਕਾਂ ਉੱਤੇ ਅਵਾਰਾ ਫਿਰਦੇ ਹੋਰ ਅਨਾਥ ਅਤੇ ਘਰਾਂ ਤੋਂ ਭੱਜੇ ਹੋਏ ਬੱਚੇ ! ਜਿੱਥੇ ਥਾਂ ਮਿਲਦੀ, ਉੱਥੇ ਸੌਂ ਜਾਂਦੇ। ਜੋ ਮਿਲਦਾ, ਉਹ ਖਾ ਲੈਂਦੇ। ਨਾ ਮਿਲਦਾ, ਤਾਂ ਚੋਰੀਆਂ ਕਰਦੇ, ਜਿਸਮ ਵੇਚਦੇ, ਨਸ਼ੇ ਵਰਤਦੇ ਅਤੇ ਨਸ਼ਿਆਂ (Drugs) ਦਾ ਧੰਦਾ ਕਰਦੇ। ਨਸ਼ਿਆਂ ਦੇ ਵੱਡੇ ਵਪਾਰੀ ਆਪਣੇ ਵੱਡੇ ਲਾਭਾਂ ਲਈ ਇਨ੍ਹਾਂ ਬੱਚਿਆਂ ਦੀਆਂ ਕਮਜ਼ੋਰੀਆਂ ਨੂੰ ਬੇਰਹਿਮੀ ਨਾਲ ਵਰਤਦੇ ! ਬਾਲ-ਵੇਸ਼ਵਾਈ ਤੇ ਬੱਚਿਆਂ ਦੀਆਂ ਨੰਗੀਆਂ ਅਸ਼ਲੀਲ ਫ਼ਿਲਮਾਂ ਵੀ ਨਸ਼ਿਆਂ ਦੇ ਧੰਦੇ ਵਾਂਗ ਇਨ੍ਹਾਂ ਵਪਾਰੀਆਂ ਲਈ ਇਕ ਲਾਭਦਾਇਕ ਪੇਸ਼ਾ ਸਨ। ਇਹ ਬੱਚੇ ਜੁਰਮ ਦੀ ਦੁਨੀਆਂ ਵਿਚ ਵਿਚਰਦੇ ਪੁਲਿਸ ਦੇ ਕਾਬੂ ਆ ਜਾਂਦੇ। ਸੋਧ-ਕੇਂਦਰਾਂ ਵਿਚ ਸੁਧਾਰ ਲਈ ਭੇਜੇ ਜਾਦੇ। ਸਜ਼ਾ ਭੁਗਤਦੇ ਤੇ ਮੁੜ ਗਲੀਆਂ ਬਾਜ਼ਾਰਾਂ ਵਿਚ ਵਿਚਰਦੇ ਜੁਰਮ ਵਿਚ ਸ਼ਾਮਿਲ ਹੋ ਜਾਂਦੇ।

ਜੇਮਜ਼ ਲੈਂਬਰਾਈਟ, ਕੈਥੀ ਨੂੰ ਇਕ ਸੋਧ-ਕੇਂਦਰ ਵਿਚ ਹੀ ਮਿਲਿਆ ਸੀ। ਉਹ 30 ਕੁ ਸਾਲ ਦਾ ਇਕ ਈਸਾਈ ਪਾਦਰੀ ਸੀ। ਆਪਣੇ ਗਿਰਜਾ-ਘਰ ਵਿਚ ਹੀ ਉਸ ਨੇ ਗਲੀਆਂ ਵਿਚ ਰੁਲਦੇ ਅਜਿਹੇ ਬੱਚਿਆਂ ਲਈ ਇਕ ਆਸ਼ਰਮ (Shelter) ਕਾਇਮ ਕਰ ਰਖਿਆ ਸੀ ਜੋ ਚਰਚ ਦੇ ਸ਼ਰਧਾਲੂਆਂ ਵਲੋਂ ਦਿੱਤੇ ਹੋਏ ਦਾਨ ਦੇ ਆਸਰੇ ਚਲਦਾ ਸੀ। ਏਥੇ ਇਨ੍ਹਾਂ ਬੱਚਿਆਂ ਲਈ ਭੋਜਨ ਅਤੇ ਰਿਹਾਇਸ਼ ਦਾ ਪ੍ਰਬੰਧ ਸੀ। ਈਸਾਈ ਧਰਮ ਦੇ ਪਰਚਾਰ ਦੁਆਰਾ ਜੇਮਜ਼ ਇਨ੍ਹਾਂ ਨੂੰ ਜੁਰਮ ਅਤੇ ਨਸ਼ਿਆਂ ਦੀ ਦੁਨੀਆਂ ਛੱਡ ਕੇ ਆਪਣੇ ਜੀਵਨ ਨੂੰ ਸੁਧਾਰਨ ਦੀ ਸਿੱਖਿਆ ਦਿੰਦਾ ਸੀ। ਕੁਝ ਬੱਚੇ ਸੁਧਰਦੇ, ਕੁਝ ਫੇਰ ਜੁਰਮ ਦੀ ਦੁਨੀਆਂ ਵਿਚ ਗੁਆਚ ਜਾਂਦੇ।

ਕੈਥੀ ਉਦੋਂ 17 ਕੁ ਸਾਲ ਦੀ ਸੀ ਜਦੋਂ ਜੇਮਜ਼ ਨਾਲ ਉਸ ਦਾ ਪਹਿਲਾ ਸੰਪਰਕ ਹੋਇਆ। ਸੜਕਾਂ, ਨਸ਼ਿਆਂ, ਜੁਰਮਾਂ ਤੇ ਸੋਧ-ਕੇਂਦਰਾਂ ਦੀ ਬੇਰਹਿਮ ਜ਼ਿੰਦਗੀ ਨੇ ਉਸ ਦਾ ਤਨ, ਮਨ ਝੰਬ ਸੁੱਟਿਆ ਸੀ। ਉਹ ਜੀਵਨ ਤੋਂ ਅੱਕ ਚੁੱਕੀ ਸੀ। ਇਕ ਦੋ ਵਾਰ ਉਸ ਨੇ ਨਸ਼ੇ ਦੇ ਵਧੇਰੇ ਸੇਵਨ (Drug overdose) ਨਾਲ ਆਤਮ-ਹੱਤਿਆ ਦੀ ਕੋਸ਼ਿਸ਼ ਵੀ ਕੀਤੀ ਸੀ, ਪਰ ਸਮੇਂ ਸਿਰ ਡਾਕਟਰੀ ਸਹਾਇਤਾ ਦੇ ਮਿਲਣ ਨਾਲ ਉਸ ਦੀ ਜ਼ਿੰਦਗੀ ਬਚ ਗਈ ਸੀ। ਉਹ ਅੰਦਰੋਂ ਪੂਰੀ ਤਰ੍ਹਾਂ ਟੁੱਟ ਚੁੱਕੀ ਸੀ।

ਜੇਮਜ਼ ਦੀਆਂ ਗੱਲਾਂ ਨਾਲ ਉਸ ਦੀ ਕੁਝ ਢਾਰਸ ਬੱਝਦੀ। ਗਿਰਜੇ ਨਾਲ ਬਣੇ ਆਸ਼ਰਮ ਵਿਚ ਆ ਕੇ ਉਸ ਨੇ ਹੋਰ ਅਨਾਥ ਬੱਚਿਆਂ ਦੀ ਸਾਂਭ, ਸੰਭਾਲ ਅਤੇ ਜੇਮਜ਼ ਦਾ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ। ਈਸਾ ਤੇ ਈਸਾਈ ਮੱਤ ਦੇ ਦਰਸ਼ਨ ਨਾਲ ਉਸ ਦਾ ਲਗਾਅ ਵਧਣ ਲੱਗਾ।

ਇਕ ਪਾਦਰੀ ਦੇ ਰੂਪ ਵਿਚ ਹੀ ਸਹੀ, ਇਕ ਮਰਦ ਦਾ ਏਨਾ ਧਿਆਨ ਉਸ ਨੂੰ ਜ਼ਿੰਦਗੀ ਵਿਚ ਪਹਿਲੀ ਵਾਰ ਮਿਲਿਆ ਸੀ, ਮਰਦ ਉਸ ਦੀ ਜ਼ਿੰਦਗੀ ਵਿਚ ਬੜੇ ਆਏ ਸਨ। ਵਰਤਣ ਵਾਲੀ ਚੀਜ਼ ਵਾਂਗ ਉਸ ਨੂੰ ਵਰਤਿਆ ਤੇ ਛੱਡ ਕੇ ਤੁਰ ਗਏ। ਜੇਮਜ਼ ਉਨ੍ਹਾਂ ਤੋਂ ਵੱਖਰਾ ਸੀ। ਈਸਾ ਤੇ ਈਸਾਈ ਧਰਮ ਦੇ ਲੜ ਲੱਗਾ ਉਹ ਅਜੇ ਤਕ ਅਣ-ਵਿਆਹਿਆ ਹੀ ਸੀ।

ਕੈਥੀ ਨੇ ਮਹਿਸੂਸ ਕੀਤਾ ਕਿ ਜੇਮਜ਼ ਦੀ ਉਸ ਵਿਚ ਦਿਲਚਸਪੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ, ਏਸ ਦਿਲਚਸਪੀ ਨੇ ਪਹਿਲਾਂ ਨੇੜਤਾ ਦਾ ਰੂਪ ਧਾਰਨ ਕੀਤਾ, ਫਿਰ ਮੋਹ ਮੁਹੱਬਤ ਅਤੇ ਜ਼ਾਤੀ ਸੰਬੰਧਾਂ ਦਾ ! ਕੈਥੀ ਲਈ ਜੇਮਜ਼ ਇਕ ਤੁਰਦਾ ਫਿਰਦਾ ਸੁਫ਼ਨਾ ਸੀ, ਜੋ ਉਸ ਨੂੰ ਵਰਤਮਾਨ ਅਤੇ ਭੂਤ ਦੀ ਜ਼ਿੰਦਗੀ ਵਿੱਚੋਂ ਕੱਢ ਕੇ ਇਕ ਨਵੇਂ ਸੰਸਾਰ ਵਿਚ ਲੈ ਆਇਆ ਸੀ। ਇਕ ਐਸਾ ਨਵਾਂ ਸੰਸਾਰ ਜਿੱਥੇ ਅਜੇ ਵੀ ਮੋਹ ਮੁਹੱਬਤ ਅਤੇ ਇਨਸਾਨੀ ਰਿਸ਼ਤੇ ਜਿਉਂਦੇ ਸਨ।

ਕੈਥੀ ਅਤੇ ਜੇਮਜ਼ ਦੀ ਨੇੜਤਾ ਨੇ ਹੌਲੀ ਹੌਲੀ ਮੁਹੱਬਤ ਅਤੇ ਫਿਰ ਸ਼ਾਦੀ ਦਾ ਰੂਪ ਧਾਰਨ ਕੀਤਾ। ਜੇਮਜ਼ ਨੇ ਕੈਥੀ ਦੇ ਮਨ ਵਿਚ ਇਕ ਸੁਫ਼ਨਾ ਲਟਕਾ ਦਿੱਤਾ ਸੀ। ਈਸਾ ਵਰਗਾ, ਰੱਬ ਵਰਗਾ ਇਕ ਸੁੰਦਰ ਪਿਆਰਾ ਅਤੇ ਪਿਆਰ ਵੰਡਣ ਵਾਲਾ ਪੁੱਤਰ ਪੈਦਾ ਕਰਨ ਦਾ ਸੁਫ਼ਨਾ।

ਬਸ ਇਹ ਸੁਫ਼ਨਾ ਹੀ ਸੀ ਜਿਸ ਵਿਚ ਮਗਨ ਹੋਈ ਕੈਥੀ ਨੇ ਜੇਮਜ਼ ਦੀਆਂ ਸਭ ਜਾਇਜ਼ ਨਾ-ਜਾਇਜ਼

ਮੰਗਾਂ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ। ਕੈਥੀ ਨੂੰ ਤਾਂ ਸਿਰਫ਼ ਇਕ ਰੱਬ ਵਰਗਾ ਪੁੱਤਰ ਚਾਹੀਦਾ ਸੀ। ਉਸ ਦੇ ਬਦਲੇ ਵਿਚ ਜੇ ਜੇਮਜ਼ ਉਸ ਦੀ ਜਾਨ ਵੀ ਮੰਗ ਲੈਂਦਾ, ਤਾਂ ਸ਼ਾਇਦ ਉਹ ਨਾਂਹ ਨਾ ਕਰਦੀ।

ਪੁੱਤਰ ਦੇ ਜਨਮ ਉਪਰੰਤ ਕੈਥੀ ਜਿਵੇਂ ਜੇਮਜ਼ ਨੂੰ ਵਿੱਸਰ ਹੀ ਗਈ ਸੀ। ਜੇਮਜ਼ ਦੀਆਂ ਸਭ ਫਰਮਾਇਸ਼ਾਂ ਉਹ ਇਕ ਮਸ਼ੀਨ ਵਾਂਗ ਪੂਰੀਆਂ ਕਰਦੀ, ਪਰ ਜਾਨ ਉਸ ਦੀ ਹੁਣ ਆਪਣੇ ਪੁੱਤਰ ਵਿਚ ਹੀ ਸੀ। ਉਸ ਨੂੰ ਖਿਡਾਉਂਦੀ। ਉਸ ਦੇ ਨਿੱਕੇ ਨਿੱਕੇ ਚਾਅ ਪੂਰੇ ਕਰਦੀ। ਖਿਡਾਉਣੇ, ਸੁੰਦਰ ਕਪੜੇ ਤੇ ਹੋਰ ਲੋੜਾਂ ਨੂੰ ਪੂਰਿਆਂ ਕਰਨ ਲਈ ਉਹ ਨਾ ਚਾਹੁੰਦੀ ਹੋਈ ਵੀ ਜੇਮਜ਼ ਨਾਲ ਹਮ-ਬਿਸਤਰੀ ਕਰਦੀ। ਉਸਦੀਆਂ ਜ਼ਿਆਦਤੀਆਂ ਤੇ ਕੁੱਟ ਮਾਰ ਸਹਿੰਦੀ। ਕਬਜ਼ੇ ਦੀ ਭਾਵਨਾ, ਵਾਸਨਾ ਤੇ ਮਾਨਸਕ ਰੋਗ ਵਿਚ ਗ੍ਰੱਸੀ ਦਰਿੰਦਗੀ ਵਾਲਾ ਮਰਦ ਦਾ ਇਹ ਰੂਪ ਵੀ ਕੈਥੀ ਨੇ, ਜੇਮਜ਼ ਵਿਚ ਹੀ, ਪਹਿਲੀ ਵਾਰ ਵੇਖਿਆ ਸੀ। ਉਹ ਆਪਣੇ ਪੁੱਤਰ ਨੂੰ ਇਸ ਘਿਨਾਉਣੇ ਮਾਹੌਲ ਤੋਂ ਦੂਰ ਲੈ ਜਾਣਾ ਚਾਹੁੰਦੀ ਸੀ। ਉਸ ਨੂੰ ਰੱਬ ਵਰਗਾ ਸੱਚਾ, ਸੁੱਚਾ ਤੇ ਮੋਹ ਵੰਡਣ ਵਾਲਾ ਸੰਪੂਰਨ ਇਨਸਾਨ ਬਣਾਉਣਾ ਚਾਹੁੰਦੀ ਸੀ।

ਜੇਮਜ਼ ਦੇ ਧਾਰਮਕ ਬਾਹਰੀ ਸਰੂਪ ਪਿੱਛੇ ਛੁਪੀ ਗੰਦਗੀ ਉਸ ਨੂੰ ਹੁਣ ਚੰਗੀ ਨਹੀਂ ਸੀ ਲਗਦੀ।

... ਤੇ ਫਿਰ ਉਹ ਆਪਣੇ ਪੁੱਤਰ ਨੂੰ ਨਾਲ ਲੈ ਕੇ ਜੇਮਜ਼ ਤੋਂ ਅਲੱਗ ਹੋ ਗਈ।

ਜੇਮਜ਼ ਉਸ ਦਿਨ ਸ਼ਾਇਦ ਮੈਨੂੰ ਕੈਥੀ ਨਾਲ ਗੱਲਾਂ ਕਰਦਿਆਂ, ਛੁਪ ਕੇ, ਵੇਖ ਰਿਹਾ ਸੀ।

ਇਕ, ਦੋ ਦਿਨ ਬਾਅਦ ਜੇਮਜ਼ ਮੈਨੂੰ ਮਿਲਿਆ। ਉਸ ਦੇ ਬੋਲਾਂ ਵਿਚ ਤਰਲਾ ਸੀ ਤੇ ਅੱਖਾਂ ਵਿਚ ਤੌਬਾ। ਉਹ ਕੈਥੀ ਅਤੇ ਆਪਣੇ ਪੁੱਤਰ ਲਈ ਬਿਹਬਲ ਸੀ। ਉਹ ਚਾਹੁੰਦਾ ਸੀ ਕਿ ਮੈਂ ਵਿਚ ਪੈ ਕੇ, ਵਿਚੋਲਾ ਬਣ ਕੇ, ਉਨ੍ਹਾਂ ਦਾ ਸਮਝੌਤਾ ਕਰਵਾ ਦਿਆਂ। ਉਹ ਕੈਥੀ ਦੀਆਂ ਸਭ ਸ਼ਰਤਾਂ ਮੰਨਣ ਨੂੰ ਤਿਆਰ ਸੀ।

ਕੈਥੀ ਦਾ ਵਿਚਾਰ ਸੀ ਕਿ ਕੁੱਤੇ ਦੀ ਪੂਛ, ਜੇ ਬਾਰ੍ਹਾਂ ਸਾਲ ਤਕ ਵੀ ਨਲੀ ਵਿਚ ਪਾਈ ਰਖੀਏ, ਉਹ ਤਾਂ ਵੀ ਸਿੱਧੀ ਨਹੀਂ ਹੁੰਦੀ। ਮੈਂ ਉਸ ਨੂੰ ਸਮਝਾ ਰਿਹਾ ਸਾਂ ਕਿ ਜਦੋਂ ਮਰਦ ਨੂੰ ਮੁਹੱਬਤ ਦੀ ਪਛਾਣ ਹੋ ਜਾਏ ਤਾਂ ਉਹ ਹਰ ਕੁਰਬਾਨੀ ਕਰਨ ਦੇ ਕਾਬਲ ਹੋ ਜਾਂਦਾ ਹੈ। ਜਾਨ ਵੀ ਦੇ ਸਕਦਾ ਹੈ। ਕੈਥੀ ਕਹਿ ਰਹੀ ਸੀ ਕਿ ਇਹ ਮਗਰਮੱਛ ਦੇ ਅੱਥਰੂ ਹਨ। ਹਾਥੀ ਦੇ ਦੰਦ ਹਨ, ਖਾਣ ਦੇ ਹੋਰ ਤੇ ਵਿਖਾਉਣ ਦੇ ਹੋਰ।

ਜੇਮਜ਼ ਇਕ ਸਾਧਨਾ ਵਾਂਗ ਚਲ ਕੇ ਕੈਥੀ ਅਤੇ ਆਪਣੇ ਪੁੱਤਰ ਕੋਲ ਆਉਂਦਾ। ਆਪਣੀ ਮੁਹੱਬਤ ਦੇ ਵਾਸਤੇ ਪਾਉਂਦਾ। ਕੈਥੀ ਅਤੇ ਆਪਣੇ ਪੁੱਤਰ ਦੀ ਮੁਹੱਬਤ ਦੇ ਰਸਤੇ ਵਿਚ ਜੇ ਉਸ ਦਾ ਧਰਮ ਅਤੇ ਗਿਰਜਾ ਵੀ ਆ ਜਾਣ, ਤਾਂ ਉਹ ਪਹਿਲ ਕੈਥੀ ਨੂੰ ਹੀ ਦੇਵੇਗਾ ... ਆਪਣੇ ਪੁੱਤਰ ਨੂੰ ਹੀ ਦੇਵੇਗਾ। ਮੈਂ ਕੈਥੀ ਨੂੰ ਜ਼ੋਰ ਪਾ ਕੇ ਕਿਹਾ ਕਿ ਤੂੰ ਉਸ ਨੂੰ ਇਕ ਮੌਕਾ ਤਾਂ ਦੇ ਕੇ ਵੇਖ, ਕੈਥੀ ਨੇ ਕਿਹਾ ਕਿ ਮੈਂ ਇਸ ਸੰਬੰਧ ਵਿਚ ਗੰਭੀਰਤਾ ਨਾਲ ਸੋਚਾਂਗੀ। ਆਸ ਦੀ ਮੂਰਤ ਬਣਿਆ ਜੇਮਜ਼ ਖ਼ੁਸ਼ੀ, ਖ਼ੁਸ਼ੀ ਕੈਥੀ ਦੀ ਉਡੀਕ ਕਰਨ ਆਪਣੇ ਗਿਰਜੇ-ਘਰ ਮੁੜ ਗਿਆ ਸੀ।

ਫਿਰ ਕੈਥੀ ਮੈਨੂੰ ਇਕ ਲੰਮੇ ਸਮੇਂ ਤਕ ਨਾ ਮਿਲੀ। ਮੈਂ ਬਿਨਾ-ਨਾਗਾ ਐਕੁਐਟਿਕ ਸੈਂਟਰ ਵਿਚ ਉਸ ਦੀ ਉਡੀਕ ਕਰਦਾ ਰਹਿੰਦਾ, ਇਹ ਜਾਨਣ ਲਈ ਕਿ ਉਸ ਦੀ ਤੇ ਜੇਮਜ਼ ਦੀ ਕਿਵੇਂ ਨਿਭ ਰਹੀ ਹੈ। ਪਰ ਕੈਥੀ ਸੀ ਕਿ ਕਿਧਰੇ ਨਜ਼ਰ ਹੀ ਨਹੀਂ ਸੀ ਆ ਰਹੀ।

ਆਰਾਮ-ਤਲਾ ਵਿਚ ਬੈਠਿਆਂ ਮੈਂ ਆਪਣੀ ਪਿੱਠ ਉੱਤੇ ਨਰਮ ਤੇ ਨਿੱਕੇ ਨਿੱਕੇ ਹੱਥਾਂ ਦਾ ਸਪਰਸ਼ ਮਹਿਸੂਸ ਕੀਤਾ। ਕੈਥੀ ਕਹਿ ਰਹੀ ਸੀ, "ਵੇਖ ਇਹ ਮੇਰਾ ਪੁੱਤਰ, ਮੇਰਾ ਸੁਫ਼ਨਾ ਤੈਨੂੰ ਅਜੇ ਤਕ ਵੀ ਨਹੀਂ ਭੁੱਲਾ। ਤੇਰੇ ਚਿਹਰੇ ਦੀ ਪਛਾਣ ਤਾਂ ਸੀ ਹੀ ਇਸ ਨੂੰ, ਹੁਣ ਇਹ ਤੇਰੀ ਪਿੱਠ ਦੀ ਪਛਾਣ ਵੀ ਪਾ ਬੈਠਾ ਹੈ। ਤੇਰੇ ਚਿਹਰੇ ਤੇ ਤੇਰੀ ਪਿੱਠ ਵਿਚ ਕੋਈ ਅੰਤਰ ਨਹੀਂ। ਮੇਰੇ ਪੁੱਤਰ ਦੀ ਨਿਰਛਲ ਮੁਸਕਾਨ ਵਾਂਗ ਹੈ ਤੇਰਾ ਵਜੂਦ ... ਨਿਸ਼ਕਾਮ ਤੇ ਨਿਰ-ਸੁਆਰਥ ਇਨਸਾਨੀ ਮੋਹ ਦਾ ਸੋਮਾਂ।"

ਮੈਂ ਬੱਚੇ ਨੂੰ ਆਪਣੇ ਹੱਥਾਂ ਵਿਚ ਲਿਆ। ਹਿੱਕ ਨਾਲ ਲਾਇਆ ਤੇ ਉਸ ਦਾ ਮੱਥਾ ਚੁੰਮਿਆ। ਬੱਚਾ ਮੁਸਕਰਾਇਆ ਤੇ ਕੈਥੀ ਬਾਗ਼ ਬਾਗ਼ ਹੋ ਗਈ।

"ਕੈਥੀ ! ਜੇਮਜ਼ ਨਾਲ ਕਿਵੇਂ ਨਿਭ ਰਹੀ ਹੈ ?"

"ਮੈਂ ਤਾਂ ਬਹੁਤ ਦੂਰ ਚਲੀ ਗਈ ਸਾਂ। ਕਿਸੇ ਹੋਰ ਸ਼ਹਿਰ।"

"ਜੇਮਜ਼ ਕੋਲ ਕਿਉਂ ਨਹੀਂ ਗਈ ?"

"ਗਈ ਸਾਂ ਇਕ ਦਿਨ, ਅਛੋਪਲੇ ਹੀ, ਬਿਨਾ ਉਸ ਨੂੰ ਦੱਸਿਆਂ ...।"

ਆਖ ਕੇ ਉਹ ਚੁੱਪ ਕਰ ਗਈ ਤੇ ਡੂੰਘੀਆਂ ਸੋਚਾਂ ਵਿਚ ਡੁੱਬ ਗਈ। ਫਿਰ ਜਿਵੇਂ ਉਹ ਨੀਂਦਰ ਵਿੱਚੋਂ ਬੋਲ ਰਹੀ ਹੋਵੇ, "ਆਪਣੀ ਮਰਜ਼ੀ ਤੋਂ ਬਿਨਾ ਆਪਣੇ ਪਤੀ ਨਾਲ ਪੁੱਠੇ ਸਿੱਧੇ ਕੰਮਾਂ ਵਿਚ ਹਮ- ਬਿਸਤਰੀ ਵੀ ਬਲਾਤਕਾਰ ਹੈ, ਵੇਸਵਾਈ ਹੈ, ਮਨ ਨਾ ਚਾਹੇ ਤਾਂ ਮਜਬੂਰ ਹੋ ਕੇ ਗਿਰਜੇ ਵਿਚ ਜਾਣਾ ਵੀ ਆਤਮਕ ਬਲਾਤਕਾਰ ਹੈ। ਜ਼ਿਹਨੀ ਵੇਸਵਾਈ ਹੈ !"

"ਪਰ ਦਸ ਤਾਂ ਸਹੀ ਕਿ ਹੋਇਆ ਕੀ ?" ਮੈਂ ਉਸ ਨੂੰ ਝੂਣ ਕੇ ਜਗਾਇਆ।

"ਉਹ, ਹਾਂ ਮੈਂ ਉਸ ਦੇ ਘਰ ਗਈ ਸਾਂ। ਉਸ ਨੂੰ ਬਿਨਾ ਦੱਸਿਆਂ। ਉਸ ਦੇ ਸੌਣ-ਕਮਰੇ ਵਲੋਂ, ਹੱਥ ਵਿਚ ਡਾਲਰਾਂ ਦੇ ਨੋਟਾਂ ਦਾ ਥੱਬਾ ਫੜੀ, ਇਕ ਛੋਟੀ ਉਮਰ ਦਾ ਮੁੰਡਾ ਬਾਹਰ ਨਿਕਲ ਰਿਹਾ ਸੀ। ਤੇ ... ਜੇਮਜ਼ ਆਪਣੇ ਪ੍ਰਗਟ ਹੋਏ ਨੰਗੇਜ ਨੂੰ ਆਪਣੇ ਈਸਾਈ ਪਹਿਰਾਵੇ ਵਿਚ ਸਮੇਟਣ ਦੇ ਯਤਨ ਵਿਚ ਸੀ।"

ਕੈਥੀ ਇਕ ਕਿਤਾਬ ਵਾਂਗ, ਖੁੱਲ੍ਹ ਰਹੀ ਸੀ, ਜਿਸ ਵਿੱਚੋਂ ਜੇਮਜ਼ ਦੇ ਚਿੱਟੇ ਚੋਲੇ ਦੇ ਧੱਬੇ, ਵਰਕਾ ਵਰਕਾ ਕਰਕੇ ਪ੍ਰਗਟ ਹੋ ਰਹੇ ਸਨ।

# ਸਪੈਮ

ਕੱਦ ਦਾ ਉਹ ਮਧਰਾ ਸੀ ਅਤੇ ਆਪ ਹੀ ਅਕਸਰ ਆਖਦਾ ਸੀ ਕਿ ਹਿਟਲਰ ਅਤੇ ਨੈਪੋਲੀਅਨ ਵੀ ਛੋਟੇ ਕੱਦ ਦੇ ਸਨ। ਖਿਚੜੀ ਵਾਲ, ਵਿਰਲੇ ਪਰ ਕੁੰਡਲਾਂ ਵਾਲੇ, ਧੌਣ ਦੇ ਹੇਠ ਤੱਕ ਲਮਕਦੇ ਸਨ। ਕਣਕਵੰਨਾਂ ਰੰਗ ਸੀ ਉਸ ਦਾ। ਤੇਜ਼ ਤੁਰਦਾ ਤੇ ਹੌਲੀ ਬੋਲਦਾ ਸੀ, ਅਟਕ-ਅਟਕ ਕੇ। ਉਹਦੇ ਮੂੰਹ ’ਚੋਂ ਜਿਵੇਂ ਕਿਸੇ ਜਨਾਰੜੇ ਦੀ ਆਵਾਜ਼ ਨਿਕਲ ਰਹੀ ਹੋਵੇ। ਕੰਨਾਂ ਵਿਚ ਮੁੰਦਰਾਂ ਤੇ ਗਲ ਵਿਚ ਰੰਗ-ਬਿਰੰਗੇ ਮਣਕਿਆਂ ਦਾ ਹਾਰ, ਉਹ ਬੜੇ ਸ਼ੌਕ ਨਾਲ ਪਹਿਨਦਾ ਸੀ। ਕੱਪੜੇ ਵੀ ਚੰਗੇ ਢੰਗ ਦੇ ਖ਼ਰੀਦਦਾ ਸੀ, ਸਭ ਤੋਂ ਵੱਖਰੇ ਅਤੇ ਕਿਸੇ ਕਲਰ-ਸਕੀਮ ਵਿਚ ਵਿਉਂਤੇ ਹੋਏ। ਪੈਰਾਂ ਵਿਚ ਜੁੱਤੇ ਵੀ ਕੱਪੜਿਆਂ ਦੇ ਰੰਗਾਂ ਵਿਚ ਘੁਲ-ਮਿਲ ਜਾਂਦੇ ਸਨ। ਉਸ ਦੇ ਅੰਗੂਠੇ ਦੇ ਨਾਲ ਦੀ ਸੱਜੇ ਹੱਥ ਦੀ ਉਂਗਲੀ ਸਦਾ ਹੀ ਹਵਾ ਵਿਚ ਉੱਠਣ ਲਈ ਤਿਆਰ-ਬਰ-ਤਿਆਰ ਰਹਿੰਦੀ।

ਕਨੇਡਾ ਵਿਚ ਆਇਆਂ ਉਹਨੂੰ ਤੀਹ-ਬੱਤੀ ਵਰ੍ਹੇ ਹੋ ਗਏ ਸਨ। ਭਾਰਤ ਤੋਂ ਇਥੇ ਆਣ ਕੇ ਉਸ ਨੇ ਕੰਪਿਊਟਰ ਪ੍ਰੋਗਰਾਮਿੰਗ ਦਾ ਕੋਰਸ ਕੀਤਾ ਤੇ ਚੰਗੀ ਨੌਕਰੀ ਉੱਤੇ ਲੱਗ ਗਿਆ ਸੀ। ਕੰਪਿਊਟਰ ਨਾਲ ਸਬੰਧਤ ਉਹ ਕੋਈ ਨਾ ਕੋਈ ਕੋਰਸ ਜਾਂ ਖੋਜ ਕਰਦਾ ਹੀ ਰਹਿੰਦਾ ਸੀ। ਕੰਪਿਊਟਰ ਉਸ ਦਾ ਵਿਹਲੇ ਵੇਲੇ ਦਾ ਸ਼ੁਗਲ ਵੀ ਸੀ ਤੇ ਸਾਥੀ ਵੀ। ਕਦੇ-ਕਦੇ ਇੰਝ ਜਾਪਦਾ ਸੀ ਕਿ ਉਹ ਆਪ ਵੀ ਕੰਪਿਊਟਰ ਵਾਂਗ ਹੀ ਖੁੱਲ੍ਹਦਾ ਤੇ ਬੰਦ ਹੁੰਦਾ ਸੀ। ਦੋਸਤ ਉਸ ਨੂੰ ਤੁਰਦਾ ਫਿਰਦਾ ਕੰਪਿਊਟਰ ਆਖ ਕੇ ਛੇੜਦੇ ਸਨ।

ਕਵਿਤਾ ਲਿਖਣ ਤੇ ਮਹਿਫ਼ਲਾਂ ਜਾਂ ਸਭਾਵਾਂ ਦੀਆਂ ਇਕੱਤਰਤਾਵਾਂ ਵਿਚ ਪੜ੍ਹਨ ਦਾ ਸ਼ੌਕ ਵੀ ਉਸ ਨੂੰ ਕਨੇਡਾ ਆਣ ਕੇ ਹੀ ਜਾਗਿਆ ਸੀ। ਕਵਿਤਾ ਵੀ ਉਹ ਸਭ ਤੋਂ ਵੱਖਰੀ ਲਿਖਦਾ। ਕੰਪਿਊਟਰ ਕਵਿਤਾ, ਕਨਕਰੀਟ ਕਵਿਤਾ ਅਤੇ ਭਾਵ-ਸਕੇਪ ਆਦਿ ਉਸ ਨੇ ਕਈ ਰੰਗਾਂ ਵਿਚ ਲਿਖਿਆ। ਇੰਝ ਜਾਪਦਾ ਸੀ ਜਿਵੇਂ ਉਹ ਸਿਖਰ ਤੱਕ ਪਹੁੰਚਦਾ-ਪਹੁੰਚਦਾ ਅਚਾਨਕ ਰੁਕ, ਥੰਮ੍ਹ ਗਿਆ ਹੋਵੇ। ਉਸ ਦੇ ਸ਼ਬਦ ਇਕ ਅਜੀਬ ਜਿਹੀ ਊਲ-ਜਲੂਲੀਅਤ ਵਿਚ ਗੁਆਚ ਗਏ ਹੋਣ। ਪਰ ਉਸ ਨੂੰ ਮਾਣ ਸੀ ਕਿ ਕਵਿਤਾ ਵਿਚ ਵੀ ਉਹ ਸਭ ਤੋਂ ਵਿਲੱਖਣ, ਵੱਖਰਾ ਸੀ। ਆਪਣੇ ਪਹਿਰਾਵੇ ਤੇ ਆਪਣੀ ਸਮੁੱਚੀ ਦਿੱਖ ਵਾਂਗ। ਮਧਰਾ ਸੀ ਤਾਂ ਕੀ ਹੋਇਆ ?

ਇਨ੍ਹਾਂ ਦਿਨਾਂ ’ਚ ਹੀ ਕੁਝ ਘਰ ਦਿਆਂ ਦੇ ਕਹਿਣ ਅਤੇ ਕੁਝ ਦੋਸਤਾਂ ਦੇ ਜ਼ੋਰ ਦੇਣ ’ਤੇ ਉਸ ਨੇ ਵਿਆਹ ਕਰਵਾਉਣ ਦਾ ਮਨ ਬਣਾਇਆ। ਇਸ ਕਾਰਜ ਲਈ ਉਹ ਉਚੇਚੇ ਤੌਰ ’ਤੇ ਭਾਰਤ ਗਿਆ। ਘਰ ਦਿਆਂ ਨੇ ਇਕ ਤੋਂ ਵਧ ਇਕ ਕੁੜੀਆਂ ਉਹਦੇ ਲਈ ਢੂੰਡ ਰੱਖੀਆਂ ਸਨ। ਸੋਹਣੀਆਂ, ਪੜ੍ਹੀਆਂ-ਲਿਖੀਆਂ ਤੇ ਨਟ-ਖਟ। ਜੋ ਕੁੜੀ ਉਸ ਨੇ ਚੁਣੀ, ਉਹ ਰੰਗ ਦੀ ਸਾਂਵਲੀ ਸੀ। ਮੋਟੀਆਂ-ਮੋਟੀਆਂ ਖ਼ੂਬਸੂਰਤ ਅੱਖਾਂ, ਉਸ ਦੇ ਲੰਮੇ ਪਤਲੇ ਚਿਹਰੇ ਉੱਤੇ ਖ਼ੂਬ ਜਚਦੀਆਂ ਸਨ। ਕਾਲੇ ਸਿਆਹ ਲੰਮੇ ਵਾਲ ਉਹ ਸਦਾ ਖੁੱਲ੍ਹੇ ਹੀ ਰਖਦੀ ਪਰ ਬੜੇ ਤਰੀਕੇ ਨਾਲ ਸਾਂਭ ਕੇ। ਉਸ ਨੂੰ ਵੀ ਸਾਹਿਤ ਨਾਲ ਸ਼ੌਕ ਸੀ। ਉਹ ਸਿਤਾਰ ਵੀ ਵਜਾ ਲੈਂਦੀ ਸੀ। ਉਸ ਦੇ ਗੀਤਾਂ ਵਿਚ ਅਜਬ ਜਿਹੀ ਉਦਾਸੀ ਤੇ ਸੋਜ਼ ਸੀ।

ਇਨ੍ਹਾਂ ਦਿਨਾਂ ਵਿਚ ਹੀ ਮੇਰਾ ਉਨ੍ਹਾਂ ਨਾਲ ਮੇਲ ਹੋਇਆ ਸੀ। ਉਸ ਦੀ ਪਤਨੀ ਨੇ ਆਪਣੀ ਪੜ੍ਹਾਈ ਨੂੰ ਅੱਗੇ ਤੋਰਨ ਲਈ ਯੂਨੀਵਰਸਿਟੀ ਵਿਚ ਦਾਖ਼ਲਾ ਲੈ ਲਿਆ ਸੀ। ਕਿਸੇ ਦੋਸਤ ਦੇ ਘਰ ਮਿਲੇ ਸਨ ਉਹ ਮੈਨੂੰ। ਮੈਂ ਵੀ ਉਨ੍ਹਾਂ ਦਿਨਾਂ 'ਚ ਨਵਾਂ-ਨਵਾਂ ਜ਼ਿੰਬਾਬਵੇ ਤੋਂ ਕਨੇਡਾ ਆਇਆ ਸਾਂ। ਵਿਹਲਾ ਸਾਂ। ਇਸ ਦੋਸਤ ਕੋਲ ਹੀ ਰਹਿੰਦਾ ਸਾਂ। ਨੌਕਰੀ ਦੀ ਤਲਾਸ਼ ਵਿਚ ਸਾਂ।

ਉਸ ਦੀ ਪਤਨੀ ਨੇ ਮੇਰੀਆਂ ਲਿਖੀਆਂ ਕੁਝ ਕਹਾਣੀਆਂ ਅੰਗਰੇਜ਼ੀ ਤਰਜਮਾ ਕਰਕੇ ਇਧਰਲੇ ਰਸਾਲਿਆਂ ਨੂੰ ਭੇਜਣ ਦੀ ਪੇਸ਼ਕਸ਼ ਕੀਤੀ। ਤਰਜਮੇ ਦੇ ਕੰਮ ਵਿਚ ਸਹਾਇਤਾ ਲੈਣ ਜਾਂ ਮੇਰੀ ਸੰਤੁਸ਼ਟੀ ਦਾ ਅਨੁਮਾਨ ਲਾਉਣ ਉਹ ਅਕਸਰ ਮੈਨੂੰ ਮੇਰੇ ਦੋਸਤ ਦੇ ਘਰ ਮਿਲਣ ਆ ਜਾਂਦੀ। ਕਦੇ 'ਕੱਲੀ ਤੇ ਕਦੇ ਆਪਣੇ ਪਤੀ ਦੇ ਨਾਲ। ਮੇਰੇ ਦੋਸਤ ਦਾ ਘਰ ਉਨ੍ਹਾਂ ਦੇ ਘਰ ਅਤੇ ਯੂਨੀਵਰਸਿਟੀ ਦੇ ਰਾਹ ਵਿਚ ਹੀ ਪੈਂਦਾ ਸੀ।

ਇਕ ਦਿਨ ਮੈਨੂੰ ਅਤੇ ਮੇਰੇ ਦੋਸਤ ਨੂੰ ਉਨ੍ਹਾਂ ਨੇ ਆਪਣੇ ਘਰ ਖਾਣੇ ਉੱਤੇ ਬੁਲਾਇਆ। ਸ਼ਰਾਬ ਦੇ ਦੌਰ ਦੇ ਦੌਰਾਨ ਹੀ ਉਹ ਮੇਰੇ ਕੋਲ ਆ ਕੇ ਮੈਨੂੰ ਸੰਬੋਧਨ ਹੋਇਆ, "ਸੁਰਿੰਦਰ ਤੂੰ ਵੀ ਨਵਾਂ-ਨਵਾਂ ਇੱਥੇ ਆਇਆਂ ਹੈਂ। ਸਤਨਾਮ ਤੇ ਕਲਪਨਾ ਇੱਥੇ ਬੈਠ ਕੇ ਗੱਪਾਂ ਮਾਰਨਗੇ। ਚੱਲ ਮੈਂ ਤੈਨੂੰ ਸ਼ਹਿਰ ਦੀ ਖ਼ੂਬਸੂਰਤੀ ਵੱਲ ਲੈ ਚਲਾਂ।"

ਉਸ ਦੀ ਪਤਨੀ ਕਲਪਨਾ ਤੇ ਮੇਰੇ ਮਿੱਤਰ ਸਤਨਾਮ ਨੇ ਇਕ ਨਜ਼ਰ ਸਾਡੇ ਦੋਹਾਂ ਵੱਲ ਵੇਖਿਆ ਤੇ ਮੁਸਕਰਾ ਕੇ ਗੱਲਾਂ ਵਿਚ ਲੀਨ ਹੋ ਗਏ। ਉਹ ਮੈਨੂੰ ਵੈਨਕੂਵਰ ਸ਼ਹਿਰ ਦੇ ਕੁਈਨ ਅਲਿਜ਼ਬੈਥ ਪਾਰਕ ਦੇ ਖ਼ੂਬਸੂਰਤ ਅਤੇ ਰੰਗਾ ਰੰਗ ਫੁੱਲਾਂ ਵਿਚਕਾਰ ਲੈ ਆਇਆ। ਇੱਥੇ ਫੁੱਲਾਂ ਦੇ ਰੰਗਾਰੰਗ ਤੇ ਖ਼ੂਬਸੂਰਤ ਬਾਗ਼ ਸਨ। ਘਣਛਾਵੇਂ ਰੁੱਖ ਸਨ।

"ਮੈਂ ਸੋਚਿਆ ਤੂੰ ਨਵਾਂ-ਨਵਾਂ ਇੱਥੇ ਆਇਆ ਹੈਂ ਤੈਨੂੰ ਥੋੜ੍ਹੀ ਸੈਰ ਕਰਵਾ ਦਿਆਂ। ਸ਼ਰਾਬ ਤਾਂ ਤੂੰ ਅਫ਼ਰੀਕਾ ਵਿਚ ਬਥੇਰੀ ਪੀਤੀ ਹੋਣੀ ਹੈ। ਤੇਰੀਆਂ ਕਹਾਣੀਆਂ ਇਸ ਗੱਲ ਦੀ ਗਵਾਹੀ ਦਿੰਦੀਆਂ ਹਨ।"

"ਇਹ ਫੁੱਲ ਬੜੇ ਖ਼ੂਬਸੂਰਤ ਨੇ। ਸਾਰੇ ਪਾਰਕ ਦੀ ਲੈਂਡਸਕੇਪਿੰਗ ਵੀ ਕਮਾਲ ਦੀ ਹੈ। ਜਿਵੇਂ ਰੰਗਾਰੰਗ ਫੁੱਲਾਂ ਦੀਆਂ ਘਾਟੀਆਂ ਚੜ੍ਹ ਉੱਤਰ ਰਹੇ ਹੋਈਏ। ਮਹਿਕ ਵਿਚ ਤੈਰਦੇ ਹੋਏ ਲੰਘ ਰਹੇ ਹੋਈਏ।"

"ਰੁਮਾਂਸ ਤੇਰੀਆਂ ਕਹਾਣੀਆਂ ਵਿਚ ਹੀ ਨਹੀਂ ਤੇਰੀ ਗੱਲਬਾਤ ਵਿਚ ਵੀ ਪੇਸ਼, ਪੇਸ਼ ਹੈ, ਸੁਰਿੰਦਰ।"

"ਹਾਂ, ਸੁਮੇਰ ! ਰੁਮਾਂਸ ਬਿਨਾਂ ਜ਼ਿੰਦਗੀ ਇਕ ਖ਼ਾਲੀ ਪਿਆਲਾ ਹੈ। ਬੇਰੰਗ ! ਜਿਵੇਂ ਫੁੱਲਾਂ, ਫਲਾਂ, ਵਣ, ਬਨਸਪਤੀ ਤੋਂ ਸੱਖਣੀ ਧਰਤੀ। ਸੁਫ਼ਨੇ ਹੀ ਤਾਂ ਹਾਂ ਅਸੀਂ। ਕਲਪਨਾ ਹੀ ਸਾਡੀ ਸ਼ਕਤੀ ਹੈ।"

"ਸੁਰਿੰਦਰ ਤੈਨੂੰ ਪਤੈ ਕਲਪਨਾ ਨਾਲ ਮੈਂ ਪ੍ਰੀਤ ਵਿਆਹ ਕੀਤੈ। ਭਾਰਤ ਜਾ ਕੇ ਇਹ ਨੂੰ ਡੇਟ ਕੀਤਾ। ਇਸ ਦੇ ਸੁਫ਼ਨਿਆਂ ਤੇ ਇਸ ਦੀਆਂ ਇਛਾਵਾਂ ਨੂੰ ਜਾਣਿਆ। ਇਸ ਦੇ ਹਿਰਦੇ ਨੂੰ ਪਹਿਚਾਣਿਆ। ਫਿਰ ਜਦੋਂ ਲੱਗਾ ਕਿ ਅਸੀਂ ਇਸ ਰਿਸ਼ਤੇ ਵਿਚ ਇਕ ਜੋਤ ਦੋਇ ਮੂਰਤੀ ਵਾਂਗ ਬੱਝ ਸਕਦੇ ਹਾਂ, ਤਾਂ ਮੈਂ ਵਿਆਹ ਲਈ ਹਾਂ ਕੀਤੀ। ਇਹ ਇਕ ਅਟੁੱਟ ਰਿਸ਼ਤਾ ਹੈ ਸੁਰਿੰਦਰ।"

ਉਹ ਆਪਣੀ ਅੰਗੂਠੇ ਦੇ ਨਾਲ ਦੀ ਉਂਗਲੀ ਬੜੇ ਭੇਦ ਭਰੇ ਢੰਗ ਨਾਲ ਹਵਾ ਵਿਚ ਲਹਿਰਾ ਕੇ ਮੇਰੀਆਂ ਅੱਖਾਂ ਵਿਚ ਸਿੱਧਾ ਵੇਖਦਾ ਹੋਇਆ, ਮੈਨੂੰ ਸੰਬੋਧਨ ਕਰ ਰਿਹਾ ਸੀ।

ਉਸ ਨੂੰ ਸ਼ਾਇਦ ਕਲਪਨਾ ਦਾ ਮੇਰੇ ਨਾਲ ਇਸ ਤਰ੍ਹਾਂ ਮਿਲਣਾ ਅਤੇ ਮੇਰੀਆਂ ਕਹਾਣੀਆਂ ਦੇ ਇਸਤਰੀ ਮਰਦ ਪਾਤਰਾਂ ਦੇ ਰੁਮਾਂਚਕ ਤੇ ਲੈਂਗਿਕ ਵਤੀਰੇ ਬਾਰੇ ਖੁੱਲ੍ਹ ਕੇ ਗੱਲਾਂ ਕਰਨਾ ਪਸੰਦ ਨਹੀਂ ਸੀ। ਕੱਦ ਕਾਠ ਵਿਚ ਵੀ ਮੈਂ ਸੁਮੇਰ ਨਾਲੋਂ ਆਕਰਾ ਅਤੇ ਸ਼ਕਤੀਵਰ ਸਾਂ। ਮੈਂ ਸੋਚ ਰਿਹਾ ਸਾਂ ਕਿ ਆਪਣੇ ਪ੍ਰੀਤ-ਵਿਆਹ ਦਾ ਕਿੱਸਾ ਮੇਰੇ ਅੱਗੇ ਖੋਲ੍ਹ ਕੇ ਉਸ ਨੇ ਆਪਣੇ ਮਨ ਅੰਦਰਲੀ ਗੁੰਥੀ ਤੇ ਸ਼ੰਕੇ ਨੂੰ ਮੇਰੇ ਸਨਮੁਖ ਕਰ ਦਿੱਤਾ ਹੈ। ਉਸ ਦੀ ਗੱਲ ਨੂੰ ਨਜ਼ਰ ਅੰਦਾਜ਼ ਕਰਦਿਆਂ ਮੈਂ ਆਖਿਆ, "ਸੁਮੇਰ ! ਅਗਲੇ ਹਫ਼ਤੇ ਮੈਂ ਤੇਰੇ ਇਸ ਪ੍ਰਾਂਤ ਦੇ ਧੁਰ ਉੱਤਰ ਪੱਛਮ ਵਿਚ ਵਸਦੇ ਸ਼ਹਿਰ ਪ੍ਰਿੰਸ ਰੂਪਰਟ ਚਲੇ ਜਾਣਾ ਹੈ, ਜੋ ਇੱਥੋਂ ਗਿਆਰਾਂ ਬਾਰਾਂ ਸੌ ਮੀਲ ਦੂਰ ਹੈ। ਤੇਰਾ ਸ਼ਹਿਰ ਮੈਨੂੰ ਨਹੀਂ ਸੁਖਾਇਆ। ਨੌਕਰੀ ਦੀ ਭਟਕਣ ਪਤਾ ਨਹੀਂ ਅਜੇ ਕਿਹੜੇ-ਕਿਹੜੇ ਘਾਟਾਂ ਦਾ ਪਾਣੀ ਪਿਆਏਗੀ ?"

"ਏਨੀ ਛੇਤੀ !"

ਆਖ ਕੇ ਉਸ ਨੇ ਸੁਖ ਦਾ ਸਾਹ ਲਿਆ ਤੇ ਮੈਨੂੰ ਆਪਣੇ ਘਰ ਵੱਲ ਲੈ ਮੁੜਿਆ।

ਸਤਨਾਮ ਮੈਨੂੰ ਸੁਮੇਰ ਤੇ ਕਲਪਨਾ ਦੇ ਕਿੱਸੇ ਅਕਸਰ ਮਸਾਲਾ ਲਾ-ਲਾ ਕੇ ਫ਼ੋਨ ਉੱਤੇ ਦਸਦਾ ਰਹਿੰਦਾ।

ਇਨ੍ਹਾਂ ਦਿਨਾਂ ਵਿਚ ਹੀ ਸੁਮੇਰ ਦਾ ਇਕ ਪੁਰਾਣਾ ਮਿੱਤਰ ਭਾਰਤ ਤੋਂ ਆਇਆ ਅਤੇ ਨੌਕਰੀ ਦੀ ਤਲਾਸ਼ ਲਈ ਉਸ ਦੇ ਘਰ ਠਹਿਰਿਆ। ਉਸ ਨੂੰ ਵੀ ਕਵਿਤਾ ਲਿਖਣ ਦਾ ਸ਼ੌਕ ਸੀ। ਜਦੋਂ ਕਦੇ ਵੀ ਘਰ ਵਿਚ ਦੋਵੇਂ ਮਿੱਤਰ ਕਵਿਤਾ-ਪਾਠ ਕਰਦੇ ਤਾਂ ਕਲਪਨਾ ਸੁਮੇਰ ਦੇ ਮਿੱਤਰ ਦੀ ਕਵਿਤਾ ਨੂੰ ਖੁੱਲ੍ਹ ਕੇ ਦਾਦ ਦਿੰਦੀ। ਉਸ ਦੀ ਕਵਿਤਾ ਨੂੰ ਗੁਣਗੁਣਾਉਂਦੀ। ਉਸ ਦੇ ਬਿੰਬਾਂ, ਚਿੰਨ੍ਹਾਂ ਦੀ ਤਾਰੀਫ਼ ਕਰਦੀ। ਸੁਮੇਰ ਨੂੰ ਨਜ਼ਰ ਅੰਦਾਜ਼ ਕਰਕੇ ਦਿਨ ਦੀਵੀਂ ਸੁਫ਼ਨਿਆਂ ਵਿਚ ਗੁੰਮ ਗੁਆਚ ਜਾਂਦੀ।

ਸੁਮੇਰ ਇਹ ਸਭ ਕੁਝ ਸਹਿਨ ਨਾ ਕਰ ਸਕਦਾ। ਅੰਦਰੇ-ਅੰਦਰ ਕ੍ਰਿੜਦਾ, ਰਿਝਦਾ। ਕਈ ਵਾਰ ਆਪੇ ਤੋਂ ਬਾਹਰ ਹੋ ਕੇ ਆਪਣੇ ਮਿੱਤਰ ਨਾਲ, ਕਲਪਨਾ ਨਾਲ ਉਲਝ ਪੈਂਦਾ।

ਮੇਰੇ ਮਿੱਤਰ ਸਤਨਾਮ ਨੇ ਦੱਸਿਆ ਕਿ ਫਿਰ ਇਕ ਦਿਨ ਸੁਮੇਰ ਨੇ ਆਪਣੇ ਮਿੱਤਰ ਦਾ ਸਮਾਨ ਘਰੋਂ ਬਾਹਰ ਸੁੱਟ ਦਿੱਤਾ ਤੇ ਉਸ ਨੂੰ ਘਰੋਂ ਬਾਹਰ ਕੱਢ ਦਿੱਤਾ।

ਸੁਮੇਰ ਵਲੋਂ ਕਲਪਨਾ ਨਾਲ ਕਈ ਮਰਦਾਂ ਦੇ ਨਾਮ ਜੋੜੇ ਗਏ। ਇਹ ਕਿੱਸੇ ਉਸ ਦੇ ਹਲਕੇ ਦੇ ਲੋਕ ਮਜ਼ੇ ਲੈ-ਲੈ ਕੇ ਦੁਹਰਾਉਂਦੇ।

ਇਨ੍ਹਾਂ ਦਿਨਾਂ 'ਚ ਹੀ ਕਲਪਨਾ ਦੇ ਗਰਭਵਤੀ ਹੋਣ ਦੀ ਗੱਲ ਉੱਡੀ ਤੇ ਫਿਰ ਉਸ ਨੇ ਇਕ ਪੁੱਤਰ ਨੂੰ ਜਨਮ ਦਿੱਤਾ।

ਕੋਈ ਆਖੇ ਕਿ ਇਹ ਮੁੰਡਾ ਤਾਂ ਸੁਮੇਰ ਦਾ ਹੈ ਹੀ ਨਹੀਂ। ਉਹ ਤਾਂ ਔਲਾਦ ਪੈਦਾ ਕਰਨ ਦੇ ਕਾਬਲ ਹੀ ਨਹੀਂ। ਉਸ ਦੇ ਕੱਦ ਵਾਂਗ ਉਸ ਦੀ ਇੰਦਰੀ ਦਾ ਕੱਦ ਵੀ ਬੌਣਾ ਹੀ ਹੈ। ਕੋਈ ਆਖੇ ਉਸ ਨੇ ਇਨਵੀਟੋਰ ਫਰਟੇਲਾਈਜ਼ੇਸ਼ਨ ਤਕਨੀਕ ਦੀ ਸਹਾਇਤਾ ਨਾਲ ਬੱਚਾ ਪੈਦਾ ਕਰਵਾਇਆ ਹੈ। ਟੈਸਟ-ਟਿਊਬ ਦੀ ਤਕਨੀਕ ਦੀ ਵਰਤੋਂ ਕੀਤੀ ਹੈ। ਸੁਮੇਰ ਦੇ ਵੀਰਜ ਨਾਲ ਕਲਪਨਾ ਦੇ ਅੰਡੇ ਨੂੰ ਮਸਨੂਈ ਢੰਗ ਨਾਲ ਗਰਭਤ ਕਰਕੇ ਕਲਪਨਾ ਦੇ ਪੇਟ ਵਿਚ ਟਰਾਂਸ-ਪਲਾਂਟ ਕਰ ਦਿੱਤਾ ਗਿਆ ਸੀ। ਕੋਈ ਮੁੰਡੇ ਦੇ ਨੈਣ ਨਕਸ਼ਾਂ ਨੂੰ ਕਲਪਨਾ ਦੇ ਸੰਪਰਕ ਵਿਚ ਆਏ ਕਿਸੇ ਮਰਦ ਨਾਲ ਜੋੜਦਾ।

ਗੱਲ ਕੀ, ਜਿੰਨੇ ਮੂੰਹ, ਉੰਨੀਆਂ ਗੱਲਾਂ।

ਸੁਮੇਰ ਨੂੰ ਖ਼ੁਸ਼ੀ ਸੀ ਕਿ ਕਲਪਨਾ ਹੁਣ ਸਥਾਈ ਰੂਪ ਵਿਚ ਘਰ ਟਿਕ ਕੇ ਬੈਠੇਗੀ। ਬੱਚਾ ਹੋਣ ਕਾਰਨ ਉਸ ਵਿਚ ਹੋਰ ਮਰਦਾਂ ਦੀ ਦਿਲਚਸਪੀ ਵੀ ਘਟ ਜਾਵੇਗੀ। ਇਸ ਤਰ੍ਹਾਂ ਕਲਪਨਾ ਹੁਣ ਉਸ ਦੀ ਹੋ ਕੇ ਰਹਿ ਜਾਵੇਗੀ।

ਪੁੱਤਰ ਜਵਾਨ ਹੁੰਦਾ ਗਿਆ ਤੇ ਫਿਰ ਅਮਰੀਕਾ ਦੀ ਕਿਸੇ ਯੂਨੀਵਰਸਿਟੀ ਵਿਚ ਜਾ ਦਾਖ਼ਲ ਹੋਇਆ। ਉੱਥੇ ਹੀ ਕਿਤੇ ਗੁੰਮ-ਗੁਆਚ ਗਿਆ।

ਇਨ੍ਹਾਂ ਦਿਨਾਂ ਵਿਚ ਵੀ ਕਲਪਨਾ ਦੇ ਨਾਮ ਨਾਲ ਕਈ ਮਰਦਾਂ ਦੇ ਨਾਮ ਜੁੜਦੇ ਰਹੇ। ਹੁਣ ਤਾਂ ਉਹ ਕਈ-ਕਈ ਦਿਨ ਘਰੋਂ ਬਾਹਰ ਰਹਿਣ ਲੱਗ ਪਈ ਸੀ। ਕਦੇ ਕਿਧਰੇ ਟੁਰ ਜਾਂਦੀ। ਕਦੇ ਕਿਧਰੇ।

ਸੁਮੇਰ ਨੂੰ ਹੌਲੀ-ਹੌਲੀ ਇਸ ਸਭ ਕੁਝ ਦੀ ਆਦਤ ਹੁੰਦੀ ਗਈ। ਉਸ ਨੇ ਅਰਲੀ ਰਿਟਾਇਰਮੈਂਟ ਲੈ ਲਈ ਸੀ ਤੇ ਆਪਣਾ ਵਧੇਰੇ ਸਮਾਂ ਹੁਣ ਉਹ ਕੰਪਿਊਟਰ ਉੱਤੇ ਹੀ ਗੁਜ਼ਾਰਦਾ ਸੀ। ਇੰਟਰਨੈੱਟ 'ਤੇ ਖੋਜ ਕਰਦਾ। ਨਿੱਤ ਨਵੇਂ ਵਿਸ਼ਿਆਂ ਬਾਰੇ ਗਿਆਨ ਪ੍ਰਾਪਤ ਕਰਦਾ। ਕੰਪਿਊਟਰ ਗੇਮਜ਼, ਖੇਡਾਂ ਖੇਡਦਾ। ਆਪਣੀਆਂ ਕਵਿਤਾਵਾਂ ਨੂੰ ਕੰਪਿਊਟਰ ਉੱਤੇ ਟਾਈਪ ਕਰਦਾ। ਉਨ੍ਹਾਂ ਦਾ ਅੰਗਰੇਜ਼ੀ ਵਿਚ ਤਰਜਮਾ ਕਰਦਾ। ਦੂਰ-ਦੁਰਾਡੇ ਬੈਠੇ ਜਾਣੇ-ਅਣਜਾਨੇ ਲੋਕਾਂ ਨਾਲ ਈਮੇਲ 'ਤੇ ਰਾਬਤਾ ਕਾਇਮ ਕਰਦਾ। ਫ਼ਰਜ਼ੀ ਰੁਮਾਂਸ ਕਰਦਾ। ਆਪਣੇ ਸ਼ੀਸ਼ੇ ਵਿਚ ਅੰਦਰ ਹੀ ਅੰਦਰ ਹੋਰ ਵੱਡਾ ਹੁੰਦਾ। ਸ਼ਾਸਤਰੀ, ਲੋਕਯਾਨਕ ਅਤੇ ਪੱਛਮੀ ਸੰਗੀਤ ਦੇ ਨਾਲ-ਨਾਲ ਫ਼ਿਲਮਾਂ ਦਾ ਕੰਪਿਊਟਰ ਇਕ ਬਹੁਤ ਵੱਡਾ ਭੰਡਾਰ ਸੀ।

ਫਿਰ ਵੀ ਪਤਾ ਨਹੀਂ ਕਿਉਂ ਕਲਪਨਾ ਦੀ ਗ਼ੈਰ-ਹਾਜ਼ਰੀ ਉਸ ਨੂੰ ਖਟਕਦੀ ਸੀ। ਕੱਲ੍ਹ ਸ਼ਾਮੀਂ ਵੀ ਉਹ ਕਲਪਨਾ ਨਾਲ ਉਲਝ ਪਿਆ ਸੀ।

"ਤੂੰ ਕਿੰਨਾ ਚਿਰ ਹੋਰ ਭਟਕੇਂਗੀ ? ਤੈਨੂੰ ਟਿਕਾ ਕਿਉਂ ਨਹੀਂ ਆਉਂਦਾ ? ਬੁੱਢੀ ਹੋ ਚਲੀ ਹੈਂ, ਤੈਨੂੰ ਕੋਈ ਸ਼ਰਮ ਹਯਾ ਨਹੀਂ।"

ਅੱਗੋਂ ਕਲਪਨਾ ਬੋਲੀ, "ਬੁੱਢੀ ਮੈਂ ਨਹੀਂ, ਤੂੰ ਹੈਂ। ਤੇਰੇ ਨਾਲੋਂ 10 ਸਾਲ ਛੋਟੀ ਹਾਂ ਉਮਰ ਵਿਚ।"

"ਵਾਲ ਰੰਗ ਕੇ ਕੋਈ ਜਵਾਨ ਤਾਂ ਨਹੀਂ ਹੋ ਸਕਦਾ।"

"ਤਾਂ ਹੁਣ ਤੈਨੂੰ ਮੇਰੇ ਵਾਲਾਂ ਦਾ ਰੰਗ ਖਟਕਦਾ ਹੈ ? ਖ਼ੁਦਾ ਗੰਜੇ ਨੂੰ ਨਾਖ਼ੁਨ (ਨਹੁੰ) ਨਹੀਂ ਦਿੰਦਾ", ਅੱਗੋਂ ਕਲਪਨਾ ਤਮਕ ਕੇ ਬੋਲੀ।

"ਤੂੰ ਮੈਨੂੰ ਗੰਜਾ ਕਿਹਾ ? ਬੇਸ਼ਰਮ ! ਕੰਜਰੀ ਆਪੇ ਤਾਂ ਪ੍ਰੀਤ-ਵਿਆਹ ਕਰਵਾਇਆ ਸੀ।"

"ਪ੍ਰੀਤ ਵਿਆਹ ! ਮਾਈ ਫੁੱਟ।" ਆਖ ਕੇ ਕਲਪਨਾ ਦਰੋਂ ਬਾਹਰ ਹੋ ਗਈ। ਖੁੱਲ੍ਹੇ ਦਰਾਂ ਵਿਚ ਗੁੰਮ-ਸੁੰਮ ਖੜੋਤਾ ਸੁਮੇਰ ਖ਼ਲਾਅ ਵੱਲ ਘੂਰ ਰਿਹਾ ਸੀ। ਹੁਣ ਜਿਵੇਂ ਠਠੰਬਰ ਗਿਆ ਸੀ। ਆਪਣੇ ਅੰਦਰ ਹੋਰ ਸੁਕੜ ਗਿਆ ਸੀ।

ਉਸ ਦਾ ਧਿਆਨ ਲੈਟਰ ਬਾਕਸ ਵੱਲ ਗਿਆ। ਉੱਥੇ ਫਲਾਇਰਜ਼ (ਇਸ਼ਤਿਹਾਰੀ ਅਖ਼ਬਾਰਾਂ) ਦਾ ਬੱਥਾ ਪਿਆ ਸੀ।

'ਫਲਾਇਰਜ਼ ! ਫਲਾਇਰਜ਼ ! ਫਲਾਇਰਜ਼ ! ਹਰ ਪਾਸੇ ਅਣਚਾਹੇ ਫਲਾਇਰਜ਼! ਮੱਲੋ-ਮੱਲੀ ਘਰਾਂ ਵਿਚ ਸੁਟਵਾ ਦਿੰਦੇ ਹਨ ਇਹ ਵੱਡੇ-ਵੱਡੇ ਸਟੋਰਾਂ ਵਾਲੇ। ਅਣਚਾਹੇ ਫਲਾਇਰ। ਇਸ਼ਤਿਹਾਰਬਾਜ਼ੀ ਵੀ ਹੁਣ ਰੰਡੀਪੁਣਾ ਹੀ ਬਣ ਗਿਆ ਹੈ, ਕੰਜਰਖ਼ਾਨਾ!' ਆਖ ਕੇ ਉਸ ਨੇ ਫਲਾਇਰਾਂ ਨੂੰ ਪੁਰਜ਼ਾ-ਪੁਰਜ਼ਾ ਕਰਕੇ ਹਵਾ ਵਿਚ ਬਿਖਰਾ ਦਿੱਤਾ।

'ਅਣਚਾਹੇ ਮਹਿਮਾਨ ! ਅਣਇੱਛਤ ਪਹਿਚਾਣ।'

ਬੁੜਬੁੜ ਕਰਦਾ ਉਹ ਕੰਪਿਊਟਰ ਅੱਗੇ ਆ ਬੈਠਾ। ਕੰਪਿਊਟਰ 'ਤੇ ਇੰਟਰਨੈੱਟ ਉੱਤੇ ਕੋਈ ਵੈੱਬਸਾਈਟ ਖੋਲ੍ਹਦਿਆਂ ਹੀ ਉਸ ਵਿਚੋਂ ਭੁੜਕ ਕੇ ਕੋਈ ਪੌਪ-ਅਪ-ਐਡ ਉਸਦੀਆਂ ਨਜ਼ਰਾਂ ਦੇ ਸਾਹਮਣੇ ਆ ਜਾਂਦੀ ਹੈ। ਸੂਲਾਂ ਵਾਂਗ ਚੁੱਭਦੀ ਹੈ। ਉਹ ਅਜਿਹੇ ਇਸ਼ਤਿਹਾਰ ਦੇਣ ਵਾਲਿਆਂ, ਇਸ਼ਤਿਹਾਰਬਾਜ਼ੀ ਕਰਨ ਵਾਲਿਆਂ ਨੂੰ ਗਾਲ੍ਹਾਂ ਕੱਢਦਾ, ਵੈੱਬਸਾਈਟ ਬੰਦ ਕਰ ਦਿੰਦਾ ਹੈ।

ਆਪਣੀ ਈਮੇਲ ਖੋਲ੍ਹਦਾ ਹੈ। ਉਸ ਦਾ ਇਨ-ਬਾਕਸ ਸਪੈਮ (ਅਣਇੱਛਤ ਜੰਕ ਡਾਕ) ਨਾਲ ਭਰਿਆ ਹੋਇਆ ਹੈ।

'ਸਪੈਮ, ਸਪੈਮ, ਸਪੈਮ। ਇਹ ਵੀ ਕੋਈ ਤਰੀਕਾ ਹੈ ਕਿਸੇ ਨਾਲ ਰਾਬਤਾ ਕਾਇਮ ਕਰਨ ਦਾ। ਇਸ਼ਤਿਹਾਰਬਾਜ਼ੀ ਦਾ। ਅਸ਼ਲੀਲਤਾ, ਨਿਰੀ ਅਸ਼ਲੀਲਤਾ। ਵਲਗੈਰੇਟੀ ...

ਅੱਜ ਕੰਪਿਊਟਰ ਨੂੰ ਕੀ ਹੋ ਗਿਆ ਹੈ ? ਕੀ-ਕੀ ਅਣਸੱਦਿਆ, ਮੱਲੋ-ਮੱਲੀ ਆ ਵੜਦਾ ਹੈ ਇਸ ਕੰਪਿਊਟਰ ਵਿਚ। ਵਾਇਰਸ ਤੇ ਹੋਰ ਕਈ ਕੁਝ।'

ਫ਼ੋਨ ਦੀ ਘੰਟੀ ਵੱਜਦੀ ਹੈ। ਸੁਮੇਰ ਅਚੇਤ ਹੀ ਫ਼ੋਨ ਚੁੱਕ ਲੈਂਦਾ ਹੈ।

"ਕਲਪਨਾ ਇਕ ਮਰਦ ਨਾਲ ਬੇਅ ਸਟੋਰ 'ਤੇ ਖੜ੍ਹੀ ਹੈ।"

ਪ੍ਰਾਈਵੇਟ ਜਾਸੂਸੀ ਏਜੰਸੀ ਦਾ ਜਾਸੂਸ ਉਸ ਨੂੰ ਸੂਚਿਤ ਕਰਦਾ ਹੈ। ਇਸ 'ਜਾਸੂਸੀ' ਏਜੰਸੀ ਤੋਂ ਸੁਮੇਰ ਨੂੰ ਕਲਪਨਾ ਦੀ ਨਕਲੋ ਹਰਕਤ ਦਾ ਪਤਾ ਚਲਦਾ ਰਹਿੰਦਾ ਸੀ। ਅਚੇਤ ਹੀ ਸੁਮੇਰ ਬੇਅ ਸਟੋਰ ਵੱਲ ਨਿਕਲ ਤੁਰਦਾ ਹੈ। ਕਲਪਨਾ ਤੇ ਉਸ ਦੇ ਨਾਲ ਖੜੋਤਾ ਮਰਦ ਸੁਮੇਰ ਵੱਲ ਵੇਖਦੇ ਹਨ। ਸੁਮੇਰ ਕਲਪਨਾ ਨੂੰ ਬੜੀ ਹਲਕੀ ਜਿਹੀ ਖ਼ਲਾਈ ਆਵਾਜ਼ ਵਿਚ ਕਹਿੰਦਾ ਹੈ, "ਚੱਲ ਕਲਪਨਾ, ਘਰ ਚੱਲ। ਇਹ ਫਲਾਇਰ, ਇਹ ਸਪੈਮ ਤੇ ਇਹ ਪੌਪ ਅੱਪ ਐਡਜ਼ ਹਨ ਸਭ ... ਇਹ ਸਭ ਜੋ ਤੈਨੂੰ ਮਿਲਦੇ ਹਨ। ਵਾਇਰਸ ਹਨ।

ਫਲਾਇਰਜ਼ ਤੇ ਸਪੈਮਜ਼ ਦੇ ਹੀ ਤਾਂ ਨਹੀਂ ਹੋ ਕੇ ਰਹਿ ਜਾਈਦਾ। ਇਹ ਤਾਂ ਨਿੱਤ ਬਦਲਦੇ ਰਹਿੰਦੇ ਹਨ। ਇਨ੍ਹਾਂ ਦਾ ਕੀ ਹੈ ? ਵਾਇਰਸ ਦਾ ਵੀ ਤਾਂ ਕੁਝ ਦਿਨਾਂ ਦਾ ਸਾਈਕਲ ਹੁੰਦਾ ਹੈ। ਮੈਂ ਇਨ੍ਹਾਂ ਨੂੰ ਸਪੈਮ ਵਾਂਗ ਵਾਇਰਸ ਵਾਂਗ, ਬਰਦਾਸ਼ਤ ਕਰਦਾ ਰਹਾਂਗਾ। ਤੂੰ ਇਸੇ ਤਰ੍ਹਾਂ ਘਰ ਮੁੜਦੀ ਰਹੀ।"

ਆਖ ਕੇ ਸੁਮੇਰ ਨੇ ਕਲਪਨਾ ਦਾ ਹੱਥ ਫੜਿਆ ਤੇ ਉਸ ਨੂੰ ਘਰ ਵੱਲ ਲੈ ਤੁਰਿਆ।

---

1. "ਇੰਡੋਕਨੇਡੀਅਨ ਟਾਈਮਜ਼" (ਕੈਨੇਡਾ) 19-25 ਮਈ, 2005
2. "ਨਵਾਂ ਜ਼ਮਾਨਾ" (ਭਾਰਤ) 8 ਮਈ, 2005
3. "ਪ੍ਰਤੀਮਾਨ" (ਭਾਰਤ) ਜੁਲਾਈ-ਸਤੰਬਰ, 2005
4. "ਦੇਸ ਪ੍ਰਦੇਸ" (ਇੰਗਲੈਂਡ) 4 ਨਵੰਬਰ, 2005

**1. ਸਪੈਮ (Spam)**—ਅਣਇੱਛਤ ਤੇ ਅਣਸੱਦੀ ਕੰਪਿਊਟਰ ਵਿਚ ਮੱਲੋ-ਮੱਲੀ ਆਈ ਜੰਕ ਜਾਂ ਇਸ਼ਤਿਹਾਰੀ ਈ-ਮੇਲ (E-mail)

**2. ਇਨਵੀਟਰੋ ਫਰਟੇਲਾਈਜੇਸ਼ਨ (Invitrofertilization)**—ਪ੍ਰਯੋਗਸ਼ਾਲਾ ਵਿਚ ਇਸ ਤਕਨੀਕ ਨਾਲ ਇਸਤਰੀ ਦੇ ਅੰਡੇ ਨੂੰ ਮਰਦ ਦੇ ਵੀਰਜ ਨਾਲ ਫਰਟੇਲਾਈਜ਼ ਕਰਕੇ Embryo ਇਸਤਰੀ ਦੀ ਬੱਚੇਦਾਨੀ ਵਿਚ ਟਰਾਂਸਫਰ ਜਾਂ ਟ੍ਰਾਂਸਪਲਾਂਟ ਕਰ ਦਿੱਤਾ ਜਾਂਦਾ ਹੈ।

**3. ਫਲਾਇਰਜ਼ (Flyers)**—ਵੱਖ ਵੱਖ ਡੀਪਾਰਟਮੈਂਟ ਤੇ ਹੋਰ ਵੱਡੇ ਸਟੋਰਾਂ ਵਲੋਂ ਘਰਾਂ ਦੇ ਲੈਟਰ ਬਾਕਸਾਂ ਵਿਚ ਸੁਟਵਾਏ ਫਰੀ (Free) ਇਸ਼ਤਿਹਾਰੀ ਅਖ਼ਬਾਰ।

# ਟਿਊਸ਼ਨ

ਇਸ ਵਾਰੀ ਭਾਰਤ ਮੈਂ ਕਾਫ਼ੀ ਸਾਲਾਂ ਤੋਂ ਬਾਅਦ ਪਰਤਿਆ ਸਾਂ। ਦਿੱਲੀ ਦੀ ਬਹੁਤ ਹੀ ਵਧੀਆ 'ਮੈਟਰੋ' ਨੇ ਲੰਡਨ ਪੈਰਸ ਤੇ ਸਟਾਕਹੋਮ ਦੀਆਂ 'ਮੈਟਰੋ' ਜਾਂ 'ਟਿਊਬ ਟ੍ਰੇਨਾਂ' (ਭੂ-ਨਿਮਨ) ਨੂੰ ਮਾਤ ਦੇ ਦਿੱਤੀ ਸੀ। ਸੜਕਾਂ ਚੌੜੀਆਂ ਹੋ ਕੇ ਸ਼ਾਹ ਰਾਹ (Highway) ਬਣ ਗਈਆਂ ਸਨ। ਟ੍ਰੈਫ਼ਿਕ ਨੂੰ ਸੌਖਿਆਂ ਕਰਨ ਲਈ ਇਨ੍ਹਾਂ ਉੱਤੇ ਵੱਡੇ ਵੱਡੇ ਫਲਾਈ-ਓਵਰ ਉੱਸਰ ਆਏ ਸਨ। ਦਿੱਲੀ ਤੋਂ ਜਲੰਧਰ ਨੂੰ ਜਾਂਦੀ ਜੀ.ਟੀ. ਰੋਡ ਦੀ ਕਾਇਆ ਹੀ ਪਲਟ ਗਈ ਸੀ। ਜਲੰਧਰ ਵਿਚ ਪੰਜ-ਤਾਰਾ ਤੇ ਤਿੰਨ-ਤਾਰਾ ਹੋਟਲਾਂ ਦੇ ਨਾਲ ਮਲਟੀਪਲੈਕਸ, ਵਿਓਪਾਰਕ ਕੇਂਦਰ (Shopping Center ਜਾਂ Mall), ਮੈਕਡੋਨਲਡ, ਪੀਜ਼ਾ ਹੱਟ, ਚੀਨੀ ਰੈਸਤੋਰਾਂ ਤੇ ਹੋਰ ਪਤਾ ਨਹੀਂ ਕੀ ਕੀ ਬਣ ਗਿਆ ਸੀ। ਵੱਡੇ, ਵੱਡੇ ਮੈਡੀਕਲ ਕਲੀਨਿਕ, ਮਨੋਰੰਜਨ-ਕੇਂਦਰ ਅਤੇ ਪਾਰਕ ਉੱਸਰ ਗਏ ਸਨ।

ਜਿਸ ਘਰ ਵਿਚ ਮੈਂ ਪਰਤਿਆ ਸਾਂ, ਉੱਥੇ ਹੋਰ ਘਰਾਂ, ਦੁਕਾਨਾਂ, ਵਿਓਪਾਰਕ ਅਦਾਰਿਆਂ ਤੇ ਸਕੂਲਾਂ, ਕਾਲਜਾਂ ਦਾ ਇਕ ਘਣਾਂ ਜੰਗਲ ਉੱਗ ਪਿਆ ਸੀ। ਟ੍ਰੈਫ਼ਿਕ ਦੀ ਗਹਿਗੱਚ ਤੇ ਸ਼ੋਰ ਵਿੱਚੋਂ ਆਪਣਾ ਰਸਤਾ ਬਨਾਉਣਾ ਮੁਸ਼ਕਿਲ ਹੋ ਗਿਆ ਸੀ। ਘਰੋਂ ਸੈਰ ਕਰਨ ਜਾਂ ਅਖ਼ਬਾਰ ਲੈਣ ਨਿਕਲਿਆ, ਮੈਂ ਵਾਪਸੀ ਉੱਤੇ ਅਪਣੇ ਹੀ ਘਰ ਦਾ ਰਸਤਾ ਭੁੱਲ ਜਾਂਦਾ ਸਾਂ।

ਅਮੀਰ ਹੋਰ ਅਮੀਰ ਹੋ ਗਏ ਸਨ ਤੇ ਗਰੀਬ ਹੋਰ ਗਰੀਬ। ਜ਼ਿੰਦਗੀ ਦੀ ਤੋਰ ਇਸ ਭੀੜ ਭੜੱਕੇ ਅਤੇ ਇਨ੍ਹਾਂ ਖੁੱਲ੍ਹਾਂ ਤੇ ਤੰਗੀਆਂ, ਤੁਰਸ਼ੀਆਂ ਵਿਚ ਬਦਸਤੂਰ ਕਾਇਮ ਸੀ। ਦਰਜ਼ੀ ਕਪੜੇ ਸਿਊਂ ਰਹੇ ਸਨ। ਨਾਈ ਹਜ਼ਾਮਤਾਂ ਬਣਾ ਰਹੇ ਸਨ। ਰੇੜ੍ਹੀਆਂ ਵਾਲਿਆਂ ਕੋਲ ਖਾਣਾ, ਖਾਣ ਆਉਣ ਵਾਲਿਆਂ ਦੀ ਇਕ ਨਵੀਂ ਸ਼੍ਰੇਣੀ, ਵੱਡੀ ਗਿਣਤੀ ਵਿਚ ਪੈਦਾ ਹੋ ਗਈ ਸੀ। ਸਬਜ਼ੀਆਂ ਤੇ ਹੋਰ ਦੁਕਾਨਾਂ ਵਾਲੇ ਟਾਹਰਾਂ ਮਾਰ ਮਾਰ ਕੇ ਆਪੋ ਆਪਣਾ ਸੌਦਾ ਵੇਚਣ ਦੇ ਆਹਰ ਵਿਚ ਸਨ। ਟੈਕਸੀਆਂ, ਤਿੰਨ-ਪਹੀਆਂ ਟੈਕਸੀਆਂ (Three Wheelers), ਕਾਰਾਂ ਅਤੇ ਹੋਰ ਵਾਹਨਾਂ ਦੀ ਗਹਿਮਾ ਗਹਿਮੀ ਸੀ। ਮੋਢਾ-ਖਹਿਣੀਂ ਸੰਘਣੀ ਭੀੜ ਸੀ।

ਸਵੇਰੇ ਉੱਠ ਕੇ ਮੈਨੂੰ ਘੰਟਾ ਕੁ ਭਰ ਲਈ ਸੈਰ ਕਰਨ ਦੀ ਆਦਤ ਪੈ ਚੁੱਕੀ ਸੀ। ਸੜਕਾਂ ਦੁਆਲੇ ਤੁਰਨ ਲਈ ਅਲਹਿਦਾ ਪੱਕੀਆਂ ਡੰਡੀਆਂ (Side Walks) ਅਜੇ ਤਕ ਵੀ ਨਹੀਂ ਸਨ ਬਣੀਆਂ। ਪੈਦਲ ਤੁਰਨ ਵਾਲਿਆਂ ਲਈ ਸੜਕ ਪਾਰ ਕਰਨ ਲਈ ਕੋਈ ਜ਼ੈਬਰਾਂ ਕਰਾਸਿੰਗ ਵੀ ਨਹੀਂ ਸੀ ਬਣਿਆ। ਟ੍ਰੈਫ਼ਿਕ ਵਿਚ ਬੜੀ ਬੇਨਿਯਮੀ ਤੇ ਅਰਾਜਕਤਾ ਸੀ। ਇੰਜ ਲੱਗਦਾ ਸੀ ਕਿ ਹੁਣੇ ਕਿਸੇ ਵਾਹਨ ਹੇਠ ਆਏ, ਤੇ ਕੁਚਲੇ ਗਏ।

ਨੌਕਰ ਨੇ ਘਰ ਦੇ ਨਾਲ ਹੀ 5-10 ਮਿੰਟ ਦੇ ਤੁਰਨ-ਸਮੇਂ ਦੇ ਫ਼ਾਸਲੇ ਉੱਤੇ ਬਣੇ ਇਕ ਪਾਰਕ ਦੀ ਦੱਸ ਪਾਈ। ਜਿੱਥੇ ਮੈਂ ਸੁਰੱਖਿਆ ਸਹਿਤ ਸੈਰ ਕਰ ਸਕਦਾ ਸਾਂ। ਇਹ ਕਾਫ਼ੀ ਵੱਡਾ ਤੇ ਖੁੱਲ੍ਹਾ ਪਾਰਕ ਸੀ। ਹਰਾ ਘਾਹ, ਛਾਂ ਵਾਲੇ ਛੋਟੇ, ਮਧਰੇ ਰੁੱਖ, ਫੁੱਲਾਂ ਦੇ ਬੂਟੇ, ਆਸੇ ਪਾਸੇ ਬੈਠਣ ਲਈ ਬਣੇ ਬੈਂਚ ਤੇ ਇਸ ਦੀ ਦੇਖ ਭਾਲ ਲਈ ਰੱਖੇ ਮਾਲੀ ਵਲਾਂ ਵੇਖ ਕੇ ਮੈਂ ਹੈਰਾਨ ਰਹਿ ਗਿਆ ਸਾਂ। ਕੇਂਦਰ ਵਿਚ ਵਿਛੇ ਘਾਹ ਦੇ ਮੈਦਾਨ ਦੇ ਦੁਆਲੇ ਸੈਰ ਕਰਨ ਵਾਲਿਆਂ ਲਈ ਪੱਕੀ ਡੰਡੀ ਬਣੀ ਹੋਈ ਸੀ। ਮੇਰੇ ਕੋਲੋਂ ਇਸ ਸੈਰ-ਰਸਤੇ ਦਾ 6

ਮਿੰਟ ਵਿਚ ਇਕ ਗੇੜਾ ਲੱਗਦਾ ਸੀ ਤੇ ਇੰਜ 10 ਗੇੜਿਆਂ ਨਾਲ ਮੇਰੀ ਘੰਟੇ ਦੀ ਸੈਰ ਪੂਰੀ ਹੋ ਜਾਂਦੀ ਸੀ।

ਇਸ 'ਸੈਰ-ਪੱਥ' ਉੱਤੇ ਤੁਰਦੇ ਅਤੇ ਇਸ ਪਾਰਕ ਦੇ ਆਲੇ ਦੁਆਲੇ ਬਣੇ, ਕੰਧ ਨਾਲ ਕੰਧ ਜੋੜਵੇਂ ਸੰਘਣੀ ਵੱਸੋਂ ਵਾਲੇ ਮਕਾਨਾਂ ਵਲ ਵੇਖਦਾ ਹੋਇਆ ਮੈਂ ਆਪਣੀ ਤੋਰੇ ਜਾ ਰਿਹਾ ਸਾਂ ਕਿ ਅਚਾਨਕ ਮੇਰੀ ਨਜ਼ਰ ਬੈਂਚ ਉੱਤੇ ਬੈਠੀ ਇਕ ਖ਼ੂਬਸੂਰਤ ਔਰਤ ਉੱਤੇ ਪਈ। ਉਹ ਖ਼ੂਬ ਸਜੀ ਧਜੀ ਬੈਠੀ ਸੀ। ਬਿੱਲੀਆਂ ਅੱਖਾਂ, ਗ਼ੁਲਾਬ ਦੀ ਭਾ ਮਾਰਦਾ ਹੋਇਆ ਹਲਕਾ ਕਣਕ-ਵੰਨਾਂ ਰੰਗ, ਦਰਮਿਆਨਾ ਕੱਦ, ਖੁੱਲ੍ਹੇ ਪਰ ਸਲੀਕੇ ਨਾਲ ਕੰਟਰੋਲ ਕੀਤੇ ਹੋਏ ਕੱਕੇ ਵਾਲ, ਸਾਦਾ ਪਰ ਪ੍ਰਭਾਵਸ਼ਾਲੀ ਮੇਕ-ਅੱਪ ਤੇ ਤਿੱਖੀਆਂ, ਮਰਮਰੀ ਛਾਤੀਆਂ ... ਹਾਂ, ਇਹ ਛਾਤੀਆਂ ਹੀ ਸਨ, ਜਿਨ੍ਹਾਂ ਉੱਤੇ ਛਿਣ ਦੀ ਛਿਣ ਮੇਰੀ ਨਜ਼ਰ ਟਿਕ ਗਈ ਸੀ। ਉਹ ਉਸ ਦੇ ਲਗਭਗ 'ਸੀ-ਥਰੂ' (ਪਾਰਦਰਸ਼ੀ) ਖੁੱਲ੍ਹੇ ਜੰਪਰ ਹੇਠ, ਅੰਗੀ ਤੋਂ ਬਿਨਾਂ ਹੀ ਅਵਾਰਾ ਛੱਡੀਆਂ ਹੋਈਆਂ ਸਨ। ਮੈਂ, ਉਨ੍ਹਾਂ ਵਲ ਵੇਖਦਾ ਹੋਇਆ ਉਸ ਦੇ ਕੋਲੋਂ ਗੁਜ਼ਰ ਰਿਹਾ ਸਾਂ ਕਿ ਉਸ ਨੇ ਕੁਝ ਕਿਹਾ, ਜੁ ਮੈਨੂੰ ਸੁਣਾਈ ਨਾ ਦਿੱਤਾ। ਉਸ ਦੇ ਕੋਲੋਂ ਦੀ ਲੰਘ ਅਜੇ ਮੈਂ ਮਸਾਂ 4-5 ਕਦਮ ਅੱਗੇ ਗਿਆ ਹੋਵਾਂਗਾ ਕਿ ਉਸ ਦੀ ਆਵਾਜ਼ ਫੇਰ ਸੁਣਾਈ ਦਿੱਤੀ :

"ਇਨ੍ਹਾਂ ਅੱਖਾਂ ਨੂੰ ਤਾਂ ਲੈ ਜਾ, ਜੁ ਕਿੱਲਾਂ ਵਾਂਗ ਮੇਰੀਆਂ ਛਾਤੀਆਂ ਵਿਚ ਗੱਡ ਗਿਆ ਹੈਂ। ਬੜਾ ਖੋਚਰੀ ਤੇ ਹਿਰਸੀ ਬੁੱਢਾ ਹੈਂ ਤੂੰ ... ਅਜੇ ਤ੍ਰਿਸ਼ਨਾਂ ਮਰੀ ਨਹੀਂ ਜਾਪਦੀ ...।"

ਮੈਂ ਝਿਜਕਦੇ ਹੋਇਆਂ ਰੁਕਿਆ ਤੇ ਉਸ ਵਲ ਵੇਖਦੇ ਹੋਇਆਂ ਉਸ ਨੂੰ ਪੁੱਛਿਆ,

"ਮੈਨੂੰ ਕਿਹਾ ਕੁਝ ?"

"ਹੋਰ ਹਵਾਵਾਂ ਨੂੰ ਕਿਹਾ ?"

ਉਸ ਨੇ ਪ੍ਰਸ਼ਨ ਵਿਚ ਹੀ ਉੱਤਰ ਦਿੱਤਾ। ਮੈਂ ਅੱਗੇ ਤੁਰ ਪਿਆ। ਗੇੜਾ ਪੂਰਾ ਕਰਕੇ ਆਇਆ, ਤਾਂ ਉਹ ਉੱਥੇ ਹੀ ਬੈਠੀ ਸੀ। ਉਸ ਨੇ ਬੜੀ ਬੇਤਕੱਲਫ਼ੀ ਨਾਲ ਮੇਰਾ ਹੱਥ ਫੜਦਿਆਂ ਮੈਨੂੰ ਕਿਹਾ,

"ਬੈਠ ਜਾ, ਅਜੇ ਮੇਰੇ ਕੋਲ ਕੁਝ ਸਮਾਂ ਹੈ। ਕੁਝ ਗੱਲਾਂ ਕਰੀਏ।"

ਮੈਂ ਉਸ ਦੇ ਕੋਲ ਬੈਂਚ ਉੱਤੇ ਬੈਠ ਗਿਆ। ਉਸ ਦਾ ਨਾਮ ਕਿਰਨ ਸੀ। ਉਹ ਅਜੇ ਸਕੂਲ ਵਿਚ ਹੀ ਪੜ੍ਹਦੀ ਸੀ ਕਿ ਉਸ ਨੂੰ, ਉਸ ਦੇ ਨਾਲ ਹੀ ਰੋਜ਼ ਆਪਣੇ ਵੱਖਰੇ ਸਕੂਲ ਵਿਚ ਪੜ੍ਹਨ ਜਾਂਦਾ, ਇਕ ਮੁੰਡਾ ਸੁਹਣਾ ਲੱਗਣ ਲੱਗ ਪਿਆ। ਉਹ ਰਸਤੇ ਵਿਚ ਹੀ ਉਸ ਨਾਲ ਗੱਲੀਂ ਪੈ ਜਾਂਦੀ ਤੇ ਆਪਣੇ ਮਨ, ਆਪਣੀ ਕਲਪਨਾ ਵਿਚ ਉਸ ਬਾਰੇ ਅਜੀਬ ਅਜੀਬ ਸੁਫ਼ਨੇ ਲੈਣ ਤੇ ਉਣਨ ਲੱਗ ਪਈ। ਮਾਪਿਆਂ ਦੀ ਚੋਰ ਅਤੇ ਜਾਸੂਸ-ਨਜ਼ਰ ਤੋਂ ਉਹ ਅਗਿਆਤ ਸੀ। ਇਸ ਤੋਂ ਪਹਿਲਾਂ ਕਿ ਉਸ ਨੂੰ ਸੋਚਣ ਜਾਂ ਕੁਝ ਕਰਨ ਦਾ ਮੌਕਾ ਮਿਲਦਾ, ਝੱਟ ਮੰਗਣੀ, ਪੱਟ ਵਿਆਹ ਵਾਂਗ ਮਾਪਿਆਂ ਨੇ ਉਸ ਤੋਂ ਉਮਰ ਵਿਚ 10-15 ਸਾਲ ਵੱਡੇ ਇਕ ਦੁਹਾਜੂ ਤੇ ਵੈਲੀ ਮਰਦ ਕੋਲੋਂ ਪੈਸੇ ਲੈ ਕੇ, ਉਸ ਦਾ ਵਿਆਹ ਕਰ ਦਿੱਤਾ।

"ਉਮਰ ਵਿਚ ਵੱਡੇ ਤੇ ਵੈਲੀ ਮਰਦ ਤੋਂ ਮੈਨੂੰ ਅਤਿ ਦੀ ਸਰੀਰਕ ਸੰਤੁਸ਼ਟੀ ਮਿਲੀ। ਉਹ ਹੰਢਿਆ ਹੋਇਆ ਸੀ ਤੇ ਮੈਂ ਅਨਜਾਣ ਅਤੇ ਸਿਖਾਂਦਰੂ। ਕਾਮ-ਕਲਾ ਤੇ ਸੰਭੋਗ ਦੇ ਉਸ ਨੇ ਮੈਨੂੰ ਕਈ ਸਬਕ ਪੜ੍ਹਾਏ। ਕਈ ਗੁਰ ਸਿਖਾਏ। ਇਸ ਦੀਆਂ ਉਚਾਣਾਂ, ਨੀਵਾਣਾਂ ਤੇ ਗਹਿਰਾਈਆਂ ਦੇ ਮੈਂ ਕਈ ਰੰਗ ਮਾਣੇ।"

"ਤਾਂ, ਕੀ ਤੂੰ ਉਸ ਨੂੰ ਪਿਆਰ ਕਰਨ ਲੱਗ ਪਈ ਸੈਂ ?"

"ਨਹੀਂ ...।"

ਆਖ ਕੇ, ਜਿਵੇਂ ਉਹ ਕਿਸੇ ਸੋਚ ਵਿਚ ਡੁੱਬ ਗਈ। ਮੈਂ ਗੱਲ ਅੱਗੇ ਤੋਰੀ।

"ਪਰ ਸਾਡੇ ਲੋਕ ਤਾਂ ਇਹ ਹੀ ਕਹਿੰਦੇ ਹਨ ਕਿ ਅਸੀਂ ਭਾਰਤੀ ਲੋਕ ਵਿਆਹ ਪਹਿਲਾਂ ਕਰਦੇ ਹਾਂ, ਤੇ ਪਿਆਰ ਉਸ ਤੋਂ ਬਾਦ ਵਿਚ।"

"ਬਕਵਾਸ ਕਰਦੇ ਹਨ। ਮਨਪਸੰਦ ਤੇ ਚਾਹ ਤੋਂ ਬਿਨਾਂ ਸੱਚਾ ਪਿਆਰ ਹੋ ਹੀ ਨਹੀਂ ਸਕਦਾ। ਵਿਆਹ ਤੋਂ ਬਾਦ ਅਸੀਂ ਇਕ ਕਿਸਮ ਦੇ ਜਿਸਮਾਨੀ ਰਿਸ਼ਤੇ ਵਿਚ ਬੱਝ ਜਾਂਦੇ ਹਾਂ। ਸਿਖਰ-ਸੰਤੋਖ ਦੇ ਆਨੰਦ ਦੇ

ਰਿਸ਼ਤੇ ਵਿਚ। ਸਾਡੀ ਸੋਚ, ਸਾਡੇ ਜਜ਼ਬਾਤ, ਸਾਡੇ ਹਾਵ, ਭਾਵ ਤੇ ਇੱਛਾਵਾਂ ਅਤੇ ਆਸ਼ਾਵਾਂ ... ਇਹ ਸਭ ਕੁਝ ਸਿਰਫ਼ ਇਕ ਨੁਕਤੇ ਵਿਚ ਸੁਕੜ ਜਾਂਦਾ ਹੈ। ਦੇਹੀ ਆਨੰਦ ਦਾ ਰਿਸ਼ਤਾ। ਅਸੀਂ ਇਸ ਨੂੰ ਹੀ 'ਪਿਆਰ' ਸਮਝਣ ਦੀ ਭੁੱਲ ਕਰ ਬਹਿੰਦੇ ਹਾਂ।" ਉਹ ਫੇਰ ਕੁਝ ਸੋਚਣ ਲੱਗ ਪੈਂਦੀ ਹੈ।"

ਮੈਂ ਗੱਲ ਅੱਗੇ ਤੋਰਦਾ ਹਾਂ,

"ਤਾਂ ਕੀ ਇਹ ਪਿਆਰ ਨਹੀਂ ਹੁੰਦਾ ?"

"ਇਹ ਸੰਭੋਗ ਹੁੰਦਾ ਹੈ। ਇਕ ਕਿਸਮ ਦਾ ਸ਼ੁਗਲ। ਇਕ ਕਿਸਮ ਦਾ ਮਨੋਰੰਜਨ ਤੇ ਇਕ ਕਿਸਮ ਦੀ ਤ੍ਰਿਪਤੀ। ਔਰਤ ਦੇ ਅੰਦਰ ਜੁ ਹੋਰ ਜੋੜਿਆਂ ਅਤੇ ਬਣ ਰਹੇ ਨਵੇਂ ਜੋੜਿਆਂ ਜਾਂ ਇਸ਼ਕ ਵਿਚ ਮੁਬਤਲਾ ਮੁੰਡੇ ਕੁੜੀਆਂ ਵਲ ਵੇਖ, ਵੇਖ ਕੇ ਲਗਾਤਾਰ ਜਮ੍ਹਾਂ ਹੁੰਦਾ ਰਹਿੰਦਾ ਹੈ ... ਇਹ ਸੰਭੋਗ ਉਸੇ ਨੂੰ ਨਿਕਾਸ (Release) ਦਿੰਦਾ ਹੈ ... ਸੰਤੁਸ਼ਟੀ ਜਾਂ ਤ੍ਰਿਪਤੀ ਦਿੰਦਾ ਹੈ ... ਤੇ ਅਸੀਂ ਇਸੇ ਨੂੰ ਪਿਆਰ ਦੇ ਅਰਥਾਂ ਨਾਲ ਜੋੜ ਲੈਂਦੇ ਹਾਂ। ..."

ਬੋਲਦੀ, ਬੋਲਦੀ ਉਹ ਡੂੰਘੀ ਸੋਚ ਵਿਚ ਡੁੱਬ ਗਈ। ਫਿਰ ਜਿਵੇਂ ਕੋਈ ਅੱਭੜਵਾਹੇ ਨੀਂਦ ਵਿਚੋਂ ਜਾਗਦਾ ਹੈ, ਸੁੱਤ-ਉਣੀਂਦੇ ਜਿਹੇ ਵਿਚ ਸੱਚ ਤੇ ਸੁਫ਼ਨ/ਕਲਪਨਾ ਨੂੰ ਭੋਗਦਾ ਹੈ ... ਕੁਝ ਅਰਥ, ਕੁਝ ਸ਼ਬਦ, ਕੁਝ ਸਿਮਰਤੀਆਂ ਇਸ ਲੜੀ ਵਿਚ ਜੋੜਨ ਦਾ ਯਤਨ ਕਰਦਾ ਹੈ ... ਉਹ ਫਿਰ ਬੋਲੀ ...

"ਖਜੁਰਾਓ ਦੀਆਂ ਮੂਰਤੀਆਂ ਜਿਵੇਂ ਸੰਭੋਗ ਵਿਚ ਯੋਗ ਕਮਾਉਣ ਵਾਲੀ ਹਾਲਤ ... ਮੁਦ੍ਰਾ ... 'ਕਾਮਾਸੂਤਰਾ' ਦੇ ਆਸਣ ਜਿਵੇਂ ਸੰਭੋਗ ਨੂੰ ਵੀ ਕਲਾ ਬਣਾ ਦਿੰਦੇ ਹਨ ... ਦੋ ਕਲਾਕਾਰਾਂ ਨੂੰ ... ਕਾਲਪਨਿਕ ਰੂਪ ਵਿਚ ਹੀ ਸਹੀ ... ਤਨ, ਮਨ ਤੇ ਆਤਮਾ ਦੇ ਸੁਮੇਲ 'ਚੋਂ ਸਹਿਜ-ਅਨੰਦ ਦੀ ਅਵਸਥਾ ਵਿਚ ਪੁਚਾ ਦਿੰਦੇ ਹਨ। ..."

ਇਸ ਸਮੇਂ ਹੀ ਉਸ ਦੇ 'ਮੋਬਾਇਲ' ਫ਼ੋਨ ਦੀ ਸੰਗੀਤ ਦੀ ਮਧੁਰ ਧੁਨ ਦੇ ਰੂਪ ਵਿਚ ਰਿੰਗ ਹੋਈ। ਸੰਕੇਤਕ ਭਾਸ਼ਾ ਵਿਚ ਉਸ ਨੇ ਫ਼ੋਨ ਕਰਨ ਵਾਲੇ ਨੂੰ ਹੁੰਗਾਰਾ ਭਰਿਆ। ਫ਼ੋਨ ਬੰਦ ਕਰਕੇ ਉਹ ਮੇਰੇ ਵਲਾਂ ਵੇਖਦੀ ਹੋਈ ਬੋਲੀ,

"ਵੇਖ, ਮੇਰੀ ਟਿਊਸ਼ਨ ਦਾ ਸਮਾਂ ਹੋ ਗਿਆ ਹੈ।"

"ਤੂੰ ਟਿਊਸ਼ਨ ਕਰਦੀ ਹੈਂ ? ਕਾਹਦੀ ?"

"ਮੈਂ ਕੁਝ ਨੌਜਵਾਨਾਂ ਨੂੰ ਟਿਊਸ਼ਨ ਦਿੰਦੀ ਹਾਂ। ਜਿਨ੍ਹਾਂ ਸਰੀਰਕ ਅਤੇ ਮਾਨਸਕ ਹਾਲਾਤ ਤੇ ਗ੍ਰੰਥੀਆਂ ਵਿੱਚੋਂ ਉਹ ਗੁਜ਼ਰ ਰਹੇ ਹਨ ਅਤੇ ਜਾਂ ਵਿਆਹ-ਉਪਰੰਤ ਜਿਨ੍ਹਾਂ ਹਾਲਾਤ ਦੇ ਉਨ੍ਹਾਂ ਨੇ ਸਨਮੁਖ ਹੋਣਾ ਹੈ, ਮੈਂ ਉਨ੍ਹਾਂ ਸੰਬੰਧੀ ਹੀ ਉਨ੍ਹਾਂ ਨੂੰ ਟਿਊਸ਼ਨ, ਗਿਆਨ ਤੇ ਸਿਖਲਾਈ ਦਿੰਦੀ ਹਾਂ।"

"ਕੀ ਤੂੰ 'ਸੋਸ਼ਲ ਵਰਕਰ' ਹੈਂ ?"

"ਜੇ ਤੇਰੀ ਜਗਿਆਸਾ ਮੈਨੂੰ ਇਸ ਸ਼ਬਦ ਜਾਂ ਕਿੱਤੇ ਨਾਲ ਜੋੜ ਕੇ ਹੀ ਸ਼ਾਂਤ ਹੁੰਦੀ ਹੈ, ਤਾਂ ਤੂੰ ਮੈਨੂੰ 'ਸੋਸ਼ਲ ਵਰਕਰ' ਵੀ ਆਖ ਸਕਦਾ ਹੈਂ।"

ਆਖ ਕੇ ਉਹ ਇਕ ਦਮ ਉੱਠੀ ਅਤੇ ਪਾਰਕ ਦੇ ਵਿੱਚੋਂ ਲੰਘ ਕੇ, ਪਰਲੇ ਕੰਢੇ ਤੋਂ ਹੁੰਦੀ ਹੋਈ, ਸਾਮ੍ਹਣੇ ਬਣੇ ਘਰਾਂ ਵਿੱਚੋਂ, ਕਿਸੇ ਇਕ ਵਿਚ ਗੁੰਮ ਹੋ ਗਈ।

ਇਸ ਪਾਰਕ ਵਿਚ ਸੈਰ ਕਰਦਿਆਂ ਕਿਰਨ ਮੈਨੂੰ ਗਾਹੇ ਬਗਾਹੇ ਮਿਲਦੀ ਰਹੀ ਤੇ ਇਸ ਦੇ ਦੁਆਲੇ ਵੱਸ ਰਹੀ ਨਵੀਂ ਜ਼ਿੰਦਗੀ ਬਾਰੇ ਮੈਨੂੰ ਦੱਸਦੀ ਰਹੀ। ਪਾਰਕ ਵਿਚ ਹੀ ਅਲਗਾਵ ਜਿਹੇ ਵਿਚ ਵੱਖ, ਵੱਖ ਦ੍ਰਿਸ਼ ਬਣੀ ਜ਼ਿੰਦਗੀ ਬਾਰੇ ਆਪਣੀਆਂ ਟਿਪਣੀਆਂ ਕਰਦੀ ਰਹੀ।

ਕਿਰਨ ਨੇ ਹੀ ਇਕ ਦਿਨ ਮੈਨੂੰ 14-15 ਸਾਲ ਦੀ ਉਸ ਕੁੜੀ ਬਾਰੇ ਦੱਸਿਆ, ਜੁ ਇੱਥੇ ਕਿਸੇ ਘਰ ਵਿਚ, ਕਿਸ ਦੇ ਦੋ ਬੱਚਿਆਂ ਦੀ ਖਿਡਾਵੀ ਸੀ ਅਤੇ ਉਨ੍ਹਾਂ ਨੂੰ ਖਿਡਾਉਣ ਇਸ ਪਾਰਕ ਵਿਚ ਲੈ ਆਉਂਦੀ ਸੀ। ਕਿਰਨ ਨੂੰ ਕੁਝ ਦੇਰ ਲਈ ਬੱਚੇ ਸੰਭਾਲ ਕੇ, ਉਹ ਇਨ੍ਹਾਂ ਘਰਾਂ ਵਿੱਚੋਂ ਹੀ ਕਿਸੇ ਇਕ ਘਰ ਵਿਚ ਰਹਿ ਰਹੇ, ਇਕ 50

ਕੁ ਸਾਲ ਦੇ ਮਰਦ ਦੀ ਅਤੇ ਆਪਣੀ 'ਫੈਂਟਸੀ', 'ਸੁਫਨਾ' ਜਾਂ 'ਕਲਪਨਾ' ਸ਼ਾਂਤ ਕਰਨ ਲਈ ਚਲੇ ਜਾਂਦੀ ਸੀ। ਵਾਪਸੀ ਉੱਤੇ ਉਹ ਬੜੀ ਸੰਤੁਸ਼ਟ ਹੁੰਦੀ ਅਤੇ ਉਸ ਮਰਦ ਕੋਲੋਂ ਮਿਲੇ ਪੈਸਿਆਂ ਵਿੱਚੋਂ ਕੁਝ ਪੈਸੇ ਕਿਰਨ ਨੂੰ ਦਿੰਦੀ ਅਤੇ ਉਸ ਦਾ ਧੰਨਵਾਦ ਅਦਾ ਕਰਦੀ।"

"ਪਰ, ਕਿਰਨ ਏਥੇ ਏਨੇ ਲੋਕ ਵੱਸਦੇ ਹਨ। ਉਹ ਵੇਖਦੇ ਨਹੀਂ ? ਰੌਲਾ ਨਹੀਂ ਪਾਉਂਦੇ ? ਸ਼ਿਕਾਇਤ ਨਹੀਂ ਕਰਦੇ ?"

ਮੈਂ ਇੱਕੋ ਸਾਹੇ ਏਨੇ ਸਾਰੇ ਪ੍ਰਸ਼ਨ ਕਰ ਗਿਆ—ਪਰ ਉਹ ਬੜੇ ਠਰ੍ਹੰਮੇਂ ਨਾਲ ਬੋਲੀ,

"ਹਾਂ, ਏਥੇ ਅਸੀਂ ਸਭ ਕੁਝ ਵੇਖ ਕੇ ਵੀ 'ਨਾ ਵੇਖਣ' ਤੇ 'ਹਊ ਪਰ੍ਹੇ' ਕਰਨ ਦੀ ਸਥਿਤੀ ਵਿਚ ਵਿਚਰਦੇ ਹਾਂ। ਇਹ ਸ਼ਹਿਰ ਦਾ ਜੰਗਲ ਹੈ। ਏਥੇ ਕੋਈ ਕਿਸੇ ਦਾ ਕੁਝ ਨਹੀਂ ਲੱਗਦਾ। ਸਭ ਅਜਨਬੀ ਹਨ, ਇਕ ਦੂਜੇ ਲਈ। ਕੋਈ ਰਿਸ਼ਤੇਦਾਰੀ ਨਹੀਂ। ਸਭ, ਸਭ ਕੁਝ ਵੇਖਦੇ ਹੋਏ ਵੀ ਅਲਗਾਵ ਜਿਹੇ ਦੀ ਹਾਲਤ ਵਿਚ ਜਿਊਣ ਦੇ ਆਦੀ ਹੋ ਚੁੱਕੇ ਹਨ। ..."

ਛਿਣ ਦੀ ਛਿਣ ਉਹ ਰੁਕੀ ਤੇ ਫਿਰ ਬੋਲੀ :

"ਔਹ ਕੁੜੀ ਵੇਖ ਰਿਹਾ ਹੈਂ ?"

"ਹਾਂ !"

"ਉਹ ਰੋਜ਼ ਏਥੇ ਆਉਂਦੀ ਤੇ ਪਾਰਕ ਦੇ ਇਕ ਖੂੰਜੇ ਵਿਚ ਬਣੇ ਹੋਏ ਇਸੇ ਬੈਂਚ ਉੱਤੇ ਬੈਠਦੀ ਹੈ ਚੌਕੜੀ ਮਾਰ ਕੇ ... ਅੱਖਾਂ ਬੰਦ ਕਰ ਲੈਂਦੀ ਹੈ। ਅੰਗੂਠੇ ਤੇ ਨਾਲ ਦੀ ਉਂਗਲੀ ਨੂੰ ਜੋੜ ਕੇ, ਗੋਡਿਆਂ ਉੱਤੇ ਤਣੀਆਂ ਹੋਈਆਂ ਬਾਹਾਂ ਟਿਕਾ ਲੈਂਦੀ ਹੈ। ਧਿਆਨ, ਸਮਾਧੀ ਤੇ ਯੋਗਾ (Meditation) ਦੀ ਅਵਸਥਾ ਵਿਚ ਚਲੇ ਜਾਂਦੀ ਹੈ ... 20 ਮਿੰਟ ... ਅੱਧਾ ਘੰਟਾ ... ਹੋਰ ਵਧੇਰੇ ... ਤੇ ਫਿਰ ਬਿਨਾਂ ਕਿਸੇ ਨਾਲ ਗੱਲ ਕੀਤਿਆਂ ... ਕਿਸੇ ਨੂੰ ਧਿਆਨ ਜਾਂ ਪਛਾਣ ਦੇ ਨਾਲ ਵੇਖਿਆਂ, ਉਹ ਵੀ ਪੋਲੇ, ਪੋਲੇ ਪੈਰ ਤੁਰਦੀ ਹੋਈ ਇਨ੍ਹਾਂ ਘਰਾਂ ਦੇ ਜੰਗਲ ਵਿਚ ਗਵਾਚ ਜਾਂਦੀ ਹੈ।"

ਇਸੇ ਸਮੇਂ ਹੀ ਪਾਰਕ ਦੇ ਦੂਜੇ ਪਾਸੇ ਸਾਨੂੰ ਕੁਝ ਬੰਦਿਆਂ ਦੇ ਉੱਚੀ, ਉੱਚੀ ਹੱਸਣ ਤੇ ਹੱਸੀ ਜਾਣ ਦੀ ਆਵਾਜ਼ ਸੁਣਾਈ ਦਿੱਤੀ। ਕਿਰਨ ਫਿਰ ਬੋਲੀ,

"ਇਹ ਅੱਧਖੜ ਤੇ ਬੁੱਢੜੇ ਹੱਟਵਾਣੀਏ ਤੇ ਵਿਓਪਾਰੀ ਏਥੇ ਕੇਵਲ ਹੱਸਣ ਆਉਂਦੇ ਹਨ। ਸਭ ਇਕੱਠੇ ਤੇ ਉੱਚੀ, ਉੱਚੀ ਹੱਸਦੇ ਹਨ, ਹੱਸੀ ਜਾਂਦੇ ਹਨ, ਸ਼ਾਇਦ ਆਪਣੇ ਆਪ ਉੱਤੇ, ਸਭ ਉੱਤੇ ... ਇਹ ਏਥੇ ਹਾਸੇ ਦੀ ਐਕਸਰਸਾਈਜ਼ (Exercise) ਕਰਨ ਆਉਂਦੇ ਹਨ, ਹਰ ਰੋਜ਼। ਜੋ ਕੁਝ ਇਨ੍ਹਾਂ ਦੇ ਘਰਾਂ ਅਤੇ ਕਾਰੋਬਾਰ ਦੀ ਦੁਨੀਆਂ ਵਿੱਚੋਂ ਗ਼ਾਇਬ ਹੈ, ਉਸ ਨੂੰ ਕੁਝ ਮਿੰਟਾਂ ਲਈ ਹੀ ਸਹੀ, ਏਥੇ ਆ ਕੇ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ... ਮੂਰਖ ਹਨ ... ਜੋ ਹਾਸਾ ਅੰਤਰ-ਆਤਮਾ 'ਚੋਂ ਸਹਿਜ ਰੂਪ ਵਿਚ ਨਾ ਨਿਕਲੇ, ਚਿਹਰੇ ਦੀ ਮੁਸਕਾਨ ਨਾ ਬਣੇ ... ਉਹ ਖ਼ੁਸ਼ੀ ਦਾ ਦੰਭ ਜਾਂ ਭਰਮ ਤਾਂ ਹੋ ਸਕਦਾ ਹੈ, ਪਰ ਅਸਲੀ ਖ਼ੁਸ਼ੀ ਨਹੀਂ। ਇਹ ਕੇਵਲ ਹਾਸੇ ਦੀ ਜਿਸਮਾਨੀ ਕਸਰਤ ਹੈ। ਮਾਨਸਕ ਖ਼ੁਸ਼ੀ ਨਹੀਂ।"

ਕਿਰਨ ਦੇ ਬੋਲ ਮੇਰੇ ਕੰਨਾਂ ਵਿਚ ਗੂੰਜ ਰਹੇ ਸਨ। ਪਾਰਕ ਵਿਚ ਸੈਰ ਕਰਦਿਆਂ ਮੈਂ ਵੇਖਿਆ ਕਿ ਉੱਥੇ ਗੁੱਟੇ ਉੱਤੇ ਰੁਮਾਲ ਬੰਨ੍ਹੀਂ, ਨਿੱਕਰ ਤੇ ਟੀ-ਸ਼ਰਟ ਪਾਈ ਇਕ ਮਧਰਾ ਜਿਹਾ ਡਾਕਟਰ-ਨੁਮਾ ਅੱਧਖੜ ਸਰਦਾਰ ਕੁਝ ਕਮਜ਼ੋਰ ਦਿਸਦੇ ਬੁੱਢੇ ਤੇ ਬੀਮਾਰ ਜਿਹੇ ਪੁਰਖ ਮਰੀਜ਼ਾਂ ਨੂੰ ਹਲਕੀ ਵਰਜ਼ਸ਼ ਕਰਵਾ ਰਿਹਾ ਸੀ।

ਉਨ੍ਹਾਂ ਤੋਂ ਥੋੜ੍ਹਾ ਅੱਗੇ ਡੱਠੇ ਹੋਏ ਬੈਂਚ ਉੱਤੇ ਦੋ ਗਿਆਰਾਂ, ਬਾਰਾਂ ਸਾਲ ਦੀਆਂ ਕੁੜੀਆਂ ਇਕ ਦੂਜੇ ਨੂੰ ਸਕੂਲੋਂ ਮਿਲੇ ਸਵਾਲ ਹੱਲ ਕਰਵਾ ਰਹੀਆਂ ਸਨ। ਕੁਝ ਲੋਕ ਸੈਰ-ਪੱਥ ਉੱਤੇ ਸੈਰ ਕਰ ਰਹੇ ਸਨ।

ਜਲੰਧਰ ਦੇ ਇਸ ਪਾਰਕ ਦੁਆਲੇ ਇਕ ਨਵੀਂ ਦੁਨੀਆਂ ਉੱਸਰ ਆਈ ਸੀ ... ਦੁਨੀਆਂ ਦੇ ਕਿਸੇ ਵੀ ਮਹਾਂਨਗਰ ਦੀ ਦੁਨੀਆਂ ਵਰਗੀ। ਜਲੰਧਰ ਦਾ ਗਲੋਬਲੀਕਰਨ ਹੋ ਗਿਆ ਸੀ।

ਇਨ੍ਹਾਂ ਸੋਚਾਂ ਵਿਚ ਪਿਆਂ ਮੈਨੂੰ ਕਿਰਨ ਦੀ ਆਵਾਜ਼ ਸੁਣਾਈ ਦਿੱਤੀ,

"ਕਿੱਥੇ ਖੋ ਗਿਆ ਹੈਂ ? ਜਾਗ !"

ਉਸ ਨੇ ਮੈਨੂੰ ਪਕੜ ਕੇ ਆਪਣੇ ਨਾਲ ਬੈਂਚ ਉੱਤੇ ਬਿਠਾ ਲਿਆ। ਅੱਜ ਉਹ ਉਚੇਚੇ ਤੌਰ ਉੱਤੇ ਸੱਜ ਧੱਜ ਕੇ ਆਈ ਸੀ। ਉਸ ਦੇ ਪਰਫਿਊਮ ਦੀ ਸੁਗੰਧ ਮਨ-ਲੁਭਾਉਣੀ ਸੀ। ਮੇਕ-ਅੱਪ ਨੇ ਉਸ ਦੇ ਚਿਹਰੇ ਉੱਤੇ ਜਵਾਨੀ ਤੇ ਦਿਲਕਸ਼ੀ ਪੈਦਾ ਕਰ ਦਿੱਤੀ ਸੀ। ਉਸ ਨੇ ਹੱਥ ਵਿਚ ਫੜੇ ਬੈਗ ਵਿੱਚੋਂ 'ਕੋਕਾ ਕੋਲਾ' ਦੀ ਬੋਤਲ ਕੱਢੀ। ਦੋ, ਤਿੰਨ ਘੁੱਟ ਭਰੇ ਤੇ ਮੈਨੂੰ ਫੜਾ ਦਿੱਤੀ। ਮੈਂ ਘੁੱਟ ਭਰਦਿਆਂ ਕਿਹਾ,

"ਇਸ ਵਿਚ ਤਾਂ ਸ਼ਰਾਬ ਮਿਕਸ ਕੀਤੀ ਹੋਈ ਐ। ਅੱਜ ਸਵੇਰੇ ਈ ਸ਼ੁਰੂ ਕਰ ਲਈ ? ਖ਼ੈਰ ਤਾਂ ਹੈ ?"

"ਸ਼ਰਾਬ, ਸ਼ਬਾਬ ਤੇ ਪਿਆਰ ਦਾ ਕੋਈ ਸਮਾਂ ਨਹੀਂ ਹੁੰਦਾ। ਜਦੋਂ ਮਿਲੇ, ਇਸੇ ਦੀ ਰੁੱਤ ਵਿਚ ਰੰਗੇ ਜਾਈਦਾ ਹੈ। ਸਵਾਲ ਨਹੀਂ ਕਰੀਦੇ।"

ਕਿਰਨ ਹਮੇਸ਼ਾ ਦੀ ਤਰ੍ਹਾਂ ਮੇਰੇ ਨਾਲ ਗੱਲਾਂ ਵਿਚ ਉਲਝ ਗਈ। ਸਾਡੇ ਦੋਹਾਂ ਵਿਚ ਇਕ ਅਗਿਆਤ ਜਿਹੀ ਪਛਾਣ ਦੇ ਨਾਲ, ਨਾਲ ਇਕ ਸਾਂਝਾ ਸਮਝ-ਆਧਾਰ (Under- standing) ਉਤਪੰਨ ਹੋ ਰਿਹਾ ਸੀ, ਜੁ ਮੈਨੂੰ ਬੜਾ ਸੁਖਾਵਾਂ, ਸੁਖਾਵਾਂ ਲੱਗਦਾ ਸੀ।

ਕਿਰਨ ਨੇ ਮੈਨੂੰ ਦੱਸਿਆ ਸੀ ਕਿ ਉਸ ਦਾ ਵੈਲੀ ਪਤੀ ਕੰਗਾਲ ਹੋ ਕੇ ਚੋਰੀਆਂ ਕਰਨ ਲੱਗ ਪਿਆ ਸੀ। ਕਦੇ ਪੁਲੀਸ ਉਸ ਨੂੰ ਫੜ ਕੇ ਲੈ ਜਾਂਦੀ ਤੇ ਕਦੇ ਉਹ ਰੰਗੇ ਹੱਥੀਂ ਪਕੜਿਆ ਜਾਂਦਾ। ਆਪਣੀ ਨਸ਼ੇ ਦੀ ਲੱਤ ਨੂੰ ਸੰਤੁਸ਼ਟ ਕਰਨ ਲਈ ਉਹ ਇਸ ਸ਼ਹਿਰ ਦੀ ਜੁਰਮ ਦੀ ਦੁਨੀਆਂ ਵਿਚ ਗੁੰਮ ਗੁਆਚ ਚੁੱਕਾ ਸੀ। ਕਿਰਨ ਅੱਜ ਕੱਲ੍ਹ ਇਕੱਲੀ ਹੀ ਰਹਿ ਰਹੀ ਸੀ। ਮੈਂ ਭੂਤ ਵਿਚ ਉਸ ਨਾਲ ਕੀਤੀਆਂ ਗੱਲਾਂ ਦੇ ਸਿਮਰਨ ਵਿਚ ਉੱਤਰ ਗਿਆ ਸਾਂ। ਕਿਰਨ ਫੇਰ ਬੋਲੀ,

"ਆਹ ਲੈ ! ਦੋ ਘੁੱਟ ਹੋਰ ਭਰ ਲੈ। ਤਬੀਅਤ ਨਿੱਖਰ ਆਵੇਗੀ।"

ਮੈਂ ਇਕ ਦੋ ਘੁੱਟ ਭਰ ਕੇ ਕਿਰਨ ਵਲ ਵੇਖਿਆ। ਉਹ ਥੋੜ੍ਹੀ ਦੂਰੀ ਉੱਤੇ ਖੜੋਤੇ 16-17 ਸਾਲ ਦੇ ਇਕ ਮੁੰਡੇ ਵਲਾਂ ਵੇਖ ਰਹੀ ਸੀ ਜੁ ਸ਼ਾਇਦ ਉਸ ਨੂੰ ਆਪਣੇ ਕੋਲ ਸੱਦਣ ਦਾ ਇਸ਼ਾਰਾ ਕਰ ਰਿਹਾ ਸੀ। ਮੈਂ ਪੁੱਛਿਆ,

"ਇਹ ਕੌਣ ... ਤੇਰਾ ਪੁੱਤਰ ?"

"ਪੁੱਤਰ", ਕਹਿ ਕੇ ਉਹ ਜ਼ੋਰ ਨਾਲ ਹੱਸੀ ਤੇ ਫਿਰ ਬੋਲੀ,

"ਨਹੀਂ, ਇਹ ਮੁੰਡਾ ਉਨ੍ਹਾਂ ਸਾਮ੍ਹਣੇ ਵਾਲੇ ਘਰਾਂ ਵਿੱਚੋਂ ਇਕ ਘਰ ਵਿਚ ਰਹਿੰਦਾ ਹੈ। ਜਾਪਦਾ ਹੈ ਕਿ ਇਸ ਦੇ ਮਾਂ ਬਾਪ ਕੰਮ ਉੱਤੇ ਜਾ ਚੁੱਕੇ ਹਨ ਤੇ ਇਸ ਦਾ ਘਰ ਹੁਣ ਵਿਹਲਾ ਹੈ।"

"ਪਰ ਇਹ ਮੁੰਡਾ ਹੈ ਕੌਣ ?"

"ਮੇਰੀ 'ਫੈਂਟਸੀ' ... ਮੇਰਾ ਕਲਾਇੰਟ (Client—ਗਾਹਕ) ... ਮੈਂ ਇਸ ਨੂੰ ਟਿਊਸ਼ਨ ਦੇ ਆਵਾਂ ... ਫੇਰ ਮਿਲਾਂਗੇ ...।"

ਕਹਿੰਦੀ ਹੋਈ ਕਿਰਨ ਹੱਸੀ ਤੇ ਉਸ ਮੁੰਡੇ ਦੇ ਨਾਲ ਸਾਮ੍ਹਣੇ ਬਣੇ ਘਰਾਂ ਵਿੱਚ ਗੁੰਮ ਹੋ ਗਈ। ਮੇਰੇ ਕੰਨਾਂ ਵਿਚ ਉਸ ਦਾ ਕਿਹਾ ਸ਼ਬਦ 'ਟਿਊਸ਼ਨ' ਅਜੇ ਵੀ ਗੂੰਜ ਰਿਹਾ ਸੀ। ਮੈਂ ਹੱਸਿਆ ਤੇ ਮੇਰੇ ਮੂੰਹੋਂ ਆਪ ਮੁਹਾਰਾ ਹੀ ਨਿਕਲਿਆ,

"ਸੋਸ਼ਲ ਵਰਕਰ ???"

-ਲਿਖਣ ਮਿਤੀ : 19, ਜੁਲਾਈ 2009

('ਇੰਡੋ-ਕਨੇਡੀਅਨ ਟਾਈਮਜ਼', ਸਰੀ, ਬੀ.ਸੀ., ਕੈਨੇਡਾ ਦੇ<br>ਜੁਲਾਈ 30-5 ਅਗਸਤ, 2009 ਅਤੇ<br>'ਪ੍ਰਤੀਮਾਨ', ਪਟਿਆਲਾ, ਭਾਰਤ ਦੇ<br>ਅਕਤੂਬਰ-ਦਸੰਬਰ 2009 ਦੇ ਅੰਕ ਵਿਚ ਪ੍ਰਕਾਸ਼ਤ)

# * ਭੂਤ ਨਗਰ

ਜੀਨ ਕਨਿਸਕੀ ਮੈਨੂੰ ਪਹਿਲੀ ਵਾਰ “ਨੈਸ ਕੈਂਪ” ਵਿਚ ਹੀ ਮਿਲਿਆ ਸੀ। ਇਮਾਰਤੀ ਲੱਕੜੀ ਬਨਾਉਣ ਵਾਲੇ ਕਾਰਖ਼ਾਨੇ ਦਾ ਇਹ ਇਕ ਆਰਜ਼ੀ ਕੈਂਪ ਸੀ, ਜਿਸ ਵਿਚ ਏਸੇ ਆਰਾ ਮਿੱਲ (Saw Mill) ਲਈ ਜੰਗਲ ਵਿਚੋਂ ਰੁੱਖ ਕੱਟ ਕੇ ਲਿਆਉਣ ਵਾਲੇ ਲੌਗਰਜ਼ (Loggers) ਦਾ ਵਾਸ ਸੀ। ਟਰੱਕਾਂ ਤੇ ਹੋਰ ਮਸ਼ੀਨਰੀ ਦੀ ਮੁਰੰਮਤ ਕਰਨ ਵਾਲੀ ਏਥੇ ਇਕ ਵੱਡੀ ਤੇ ਫਿਰਤੂ (Mobile) ਵਰਕਸ਼ਾਪ ਵੀ ਸੀ। ਇਹਨੂੰ “ਕੰਪਨੀ ਨਗਰ” ਵੀ ਕਹਿੰਦੇ ਸਨ ਕਿਉਂਕਿ ਇਸ ਨੂੰ ਵਸਾਇਆ ਹੀ ਇਸ ਆਰਾ ਮਿੱਲ ਵਾਲੀ ਕੰਪਨੀ ਨੇ ਸੀ।

ਪਹੀਆਂ ਉੱਤੇ ਰੋੜ੍ਹਕੇ ਲਿਆਂਦੇ ਚੁੱਕਵੇਂ ਘਰ (Portable Houses), ਅਪਾਰਟਮੈਂਟਾਂ, ਹੋਰ ਲੋੜੀਂਦੀਆਂ ਇਮਾਰਤਾਂ ਖੜ੍ਹੀਆਂ ਕਰਕੇ, ਏਥੇ ਇਹ ਕੈਂਪ ਇਕ ਨਗਰ ਦੇ ਰੂਪ ਵਿਚ ਵਸਾ ਦਿੱਤਾ ਗਿਆ ਸੀ, ਜਿਸ ਵਿਚ ਬਿਜਲੀ, ਪਾਣੀ, ਟੈਲੀਫ਼ੋਨ ਤੋਂ ਲੈ ਕੇ ਸਟੋਰ, ਬਾਰ ਜਾਂ ਸ਼ਰਾਬਖਾਨਾ ਆਦਿ ਦੀਆਂ ਸਭ ਸਹੂਲਤਾਂ ਪ੍ਰਾਪਤ ਸਨ।

ਏਥੋਂ ਦੀ “ਪੈਰਾਡਾਈਜ਼ ਬਾਰ” ਵਿਚ ਹੀ ‘ਜੀਨ’ ਮੈਨੂੰ ਪਹਿਲੀ ਵਾਰੀ ਮਿਲਿਆ ਸੀ। ਮੈਂ ਉਸ ਨੂੰ ‘ਜੀਨ’ ਹੀ ਕਹਿਣ ਲੱਗ ਪਿਆ ਸਾਂ ਤੇ ਉਹ ਮੈਨੂੰ ਮੁਹਿੰਦਰ ਸੰਧੂ ਜਾਂ ਮਿਸਟਰ ਸੰਧੂ ਦੀ ਥਾਂ ਮੇਰੇ ਛੋਟੇ ਕੀਤੇ ਪਹਿਲੇ ਨਾਮ “ਮੋ” ਨਾਲ ਹੀ ਬੁਲਾਉਂਦਾ ਸੀ। ਇਸ ਤਰ੍ਹਾਂ ਅਸੀਂ ਰਸਮੀਂ ਤੁਆਰਫ਼ ਤੋਂ ਬਾਦ ਇਕ ਦੂਜੇ ਨੂੰ ਛੋਟੇ ਤੇ ਪਹਿਲੇ ਨਾਮ ਨਾਲ ਬੁਲਾਉਣ ਵਾਲੇ ਬੇਤਕੱਲਫ਼ ਸਾਥੀ ਬਣ ਗਏ ਸਾਂ।

ਜੀਨ ਨੂੰ ਏਸ ਕੈਂਪ ਨਾਲ ਜੁੜੇ ਹੋਏ ਸਾਰੇ ਕੰਮ ਹੀ ਆਉਂਦੇ ਸਨ। ਉਹ ‘ਹਰਫ਼ਨ ਮੌਲਾ’ ਸੀ। ਇਮਾਰਤਾਂ ਤੇ ਟਰੱਕਾਂ ਜਾਂ ਮਸ਼ੀਨਰੀ ਦੀ ਮੁਰੰਮਤ ਤੋਂ ਲੈ ਕੇ ਜੰਗਲ ਦੇ ਰੁੱਖ ਵੱਢਣ, ਟਰੱਕ ਚਲਾਉਣ ਅਤੇ ਹੋਰ ਪ੍ਰਬੰਧਕੀ ਕਾਰਜ ਤਕ ਉਹ ਸਭ ਕੁਝ ਕਰ ਲੈਂਦਾ ਸੀ। ਏਥੇ ਉਸ ਦੀ ਬੜੀ ਮੰਗ ਸੀ। ਕੋਈ ਬੀਮਾਰ ਹੁੰਦਾ, ਜਾਂ ਛੁੱਟੀ ਉੱਤੇ ਜਾਂਦਾ ਤਾਂ ਜੀਨ ਉਸਦੀਆਂ ਸਾਰੀਆਂ ਜ਼ਿੰਮੇਂਵਾਰੀਆਂ ਸੰਭਾਲ ਲੈਂਦਾ।

ਜਿਸ ਸਕੂਲ ਵਿਚ ਮੈਂ ਅਧਿਆਪਕ ਸਾਂ, ਉਹ ਏਥੋਂ 10 ਕਿਲੋਮੀਟਰ ਦੀ ਦੂਰੀ ਉੱਤੇ ਸੀ। ਅਸੀਂ ਅਧਿਆਪਕ ਲੋਕ ਵੀ ਹਵਾ ਬਦਲੀ ਲਈ ਅਕਸਰ ਨੈਸ ਕੈਂਪ ਦੀ ਬਾਰ ਵਿਚ ਸ਼ਰਾਬ ਪੀਣ, ਸੰਗੀਤ ਸੁਨਣ, ਨ੍ਰਿਤ ਵੇਖਣ ਤੇ ਕਰਨ ਆ ਜਾਂਦੇ ਸਾਂ। ਹਫ਼ਤੇ ਵਿਚ ਇਕ, ਦੋ ਜਾਂ ਤਿੰਨ ਗੇੜੇ ਤਾਂ ਲੱਗ ਹੀ ਜਾਂਦੇ ਸਨ। ਏਥੋਂ ਦੇ ਰੈਸਟੋਰੈਂਟ ਵਿਚ ਰਾਤ ਦਾ ਖਾਣਾ ਖਾਂਦੇ ਤੇ ਵਾਪਸ ਪਰਤ ਆਉਂਦੇ।

ਏਥੋਂ ਦੀਆਂ ਬਾਰ ਬਾਲਾਵਾਂ ਬੜੀਆਂ ਹੀ ਚੁਸਤ, ਸੁੰਦਰ ਅਤੇ ਮਿਲਾਪੜੀਆਂ ਸਨ। ਸੂਜ਼ਨ ਜਾਂ ਸੂਜ਼ੀ ਲਈ ਤਾਂ ਹਰ ਕੋਈ ਦਿਲ ਵਿਛਾਈ ਫਿਰਦਾ ਸੀ। ਜੀਨ ਵੀ ਉਨ੍ਹਾਂ ਵਿੱਚੋਂ ਇਕ ਸੀ। ਉਸ ਅੰਦਰ ਸੂਜ਼ੀ ਲਈ ਕਬਜ਼ੇ ਦੀ ਭਾਵਨਾ ਹਾਵੀ ਰਹਿੰਦੀ ਸੀ, ਪਰ ਸੂਜ਼ੀ ਸੀ ਕਿ ਇਸ ਮੇਜ਼ ਤੋਂ ਉਸ ਮੇਜ਼ ਤਕ ਅਤੇ ਇਸ

---

* ਭੂਤ ਨਗਰ – Ghost Town

ਗਾਹਕ ਤੋਂ ਉਸ ਗਾਹਕ ਕੋਲ, ਤਿਤਲੀ ਵਾਂਗ ਉੱਡਦੀ ਫਿਰਦੀ, ਖ਼ੁਸ਼ੀਆਂ ਬਿਖੇਰੀ ਜਾਂਦੀ। ਜੀਨ ਉਸ ਦੇ ਪਿੱਛੇ, ਪਿੱਛੇ ਜਾਂਦਾ ਪਰ ਉਹ ਉਸ ਨੂੰ ਫੜ ਕੇ ਉਸ ਦੇ ਮੇਜ਼ ਦੁਆਲੇ ਲੱਗੀ ਕੁਰਸੀ ਉੱਤੇ ਬਿਠਾ ਦਿੰਦੀ ਤੇ ਤਾੜਨਾ ਕਰਦੀ ਕਿ ਤੇਰਾ ਅਧਿਕਾਰ-ਖੇਤਰ ਕੇਵਲ ਇਸ ਮੇਜ਼ ਤਕ ਸੀਮਤ ਹੈ।

ਸਨਿੱਚਰਵਾਰ ਦੀ ਸ਼ਾਮ ਸੀ ਸ਼ਾਇਦ, ਮੈਂ ਇਕੱਲ ਦੇ ਪ੍ਰਭਾਵ ਨੂੰ ਮਾਰਨ ਲਈ ਨੈਸ ਕੈਂਪ ਦੀ ਬਾਰ ਵਿਚ ਜਾ ਬੈਠਾ। ਸੂਜ਼ੀ ਨੇ ਬਿਨਾਂ ਪੁੱਛੇ ਹੀ ਮੇਰੇ ਪਸੰਦ ਦੀ ਠੰਡੀ ਬੀਅਰ ਮੇਰੇ ਸੌਂਹੇਂ ਲਿਆ ਰੱਖੀ ਤੇ ਮੇਰੇ ਨਾਲ ਹੀ ਬੈਠ ਕੇ ਬੀਤੇ ਸਮੇਂ ਦੀਆਂ ਸੁਖਾਵੀਆਂ ਯਾਦਾਂ, ਹੱਸ, ਹੱਸ ਕੇ ਸਾਂਝੀਆਂ ਕਰਨ ਲੱਗ ਪਈ। ਮੈਂ ਪੁੱਛਿਆ,

"ਅੱਜ ਜੀਨ ਨਹੀਂ ਆਇਆ ?"

"ਅਜੇ ਨਹੀਂ ! ਅੱਜ ਉਹ ਲੌਗਿੰਗ ਟਰੱਕ ਲੈ ਕੇ ਗਿਆ ਹੋਇਆ ਹੈ। ਦੇਰ ਨਾਲ ਪਰਤੇਗਾ ?"

ਸੰਗੀਤ ਦੀ ਧੁਨ ਉੱਤੇ ਮੈਂ ਸੂਜ਼ੀ ਨਾਲ ਇਕ ਦੋ ਨ੍ਰਿਤ ਕੀਤੇ ਤੇ ਫਿਰ ਖ਼ੁਸ਼ੀ ਵਿਚ ਦੂਹਰੀ ਹੁੰਦੀ ਸੂਜ਼ੀ ਨੂੰ ਲੱਕ ਤੋਂ ਫੜੀ ਆਪਣੇ ਟੇਬਲ 'ਤੇ ਲੈ ਆਇਆ। ਇਸੇ ਸਮੇਂ ਜੀਨ ਵੀ ਸ਼ਾਇਦ ਦਰਵਾਜ਼ੇ ਵਿੱਚੋਂ ਬਾਰ ਦੇ ਅੰਦਰ ਦਾਖ਼ਲ ਹੋਇਆ ਸੀ।

ਉਸ ਦੇ ਚਿਹਰੇ ਉੱਤੇ ਅਜੀਬ ਕਿਸਮ ਦੇ ਪ੍ਰਭਾਵ ਸਨ ਜਿਵੇਂ ਉਹ ਆਪਣੇ ਹਾਵਾਂ, ਭਾਵਾਂ ਤੇ ਆਪਣੇ ਸ਼ਬਦਾਂ ਨੂੰ ਕੰਟਰੋਲ ਕਰਨ ਦਾ ਯਤਨ ਕਰ ਰਿਹਾ ਹੋਵੇ। ਮੇਰੇ ਵਲਾਂ ਉਸ ਨੇ ਬੜੀ ਹੀ ਅਜੀਬ ਤੇ ਕ੍ਰੋਧਮਈ ਦ੍ਰਿਸ਼ਟੀ ਨਾਲ ਵੇਖਦੇ ਹੋਇਆਂ ਕੁਝ ਤਲਖ਼ ਸ਼ਬਦ ਬੋਲ, ਨਸਲਵਾਦੀ ਅੱਧ-ਗਾਲ ਜਿਹੀ ਕੱਢੀ, ਜਿਸ ਦਾ ਆਖਿਰੀ ਸ਼ਬਦ "ਹਿੰਦੂ" ਹੀ ਮੈਨੂੰ ਸੁਣਿਆ। ਏਸ ਤੋਂ ਪਹਿਲਾਂ ਕਿ ਸਥਿਤੀ ਵਿਗੜਦੀ, ਬਾਰ ਦਾ ਮਾਲਕ ਤੇ ਮੈਨੇਜਰ ਮੈਨੂੰ ਬੈਠਣ ਦੀ ਬੇਨਤੀ ਕਰਦਾ ਹੋਇਆ ਜੀਨ ਨੂੰ ਪਕੜ ਕੇ ਬਾਹਰ ਲੈ ਗਿਆ। ਸੂਜ਼ੀ ਮੇਰੇ ਕੋਲ ਆ ਬੈਠੀ ਤੇ ਬੋਲੀ,

"ਜੀਨ ਦਿਲ ਦਾ ਬੜਾ ਚੰਗਾ ਹੈ। ਪਤਾ ਨਹੀਂ ਕਿਸ ਗੱਲੋਂ ਅਪਸੈਟ (upset) ਹੈ ਅੱਜ ?"

ਜੀਨ ਮੁੜ ਕੇ ਨਾ ਆਇਆ ਤੇ ਗੱਲ ਆਈ ਗਈ ਹੋ ਗਈ। ਬਾਅਦ ਵਿਚ ਪਤਾ ਲੱਗਾ ਕਿ ਜੀਨ ਨੂੰ ਪਤਾ ਲੱਗ ਚੁੱਕਾ ਸੀ ਕਿ ਸੂਜ਼ੀ ਦੋ, ਚਾਰ ਵਾਰ ਮੇਰੇ ਨਾਲ ਵੀ ਰਾਤਾਂ ਕੱਟ ਗਈ ਸੀ। ਏਥੇ ਮਨ ਮਿਲੇ ਦਾ ਮੇਲਾ ਵਾਲੀ ਗੱਲ ਸੀ। ਕਿਸੇ 'ਤੇ ਮਨ ਆਇਆ, ਤਾਂ ਉਸ ਦੇ ਨਾਲ ਤੁਰ ਪਏ। ਸਭ ਕੁਝ ਬੜੇ ਕੁਦਰਤੀ ਤੇ ਸੁਭਾਵਕ ਰੂਪ ਵਿਚ ਹੀ ਵਾਪਰ ਜਾਂਦਾ ਸੀ। ਅਪਰਾਧ ਦਾ ਅਹਿਸਾਸ ਤਕ ਨਹੀਂ ਸੀ ਹੁੰਦਾ।

ਦੋ ਮਹੀਨੇ ਦੀਆਂ ਗਰਮੀਆਂ ਦੀਆਂ ਛੁੱਟੀਆਂ ਹੋਈਆਂ, ਤਾਂ ਮੈਂ ਯੂਰਪ ਦੀ ਸੈਰ ਕਰਨ ਤੁਰ ਪਿਆ। ਸਕੂਲ ਖੁੱਲ੍ਹੇ ਤਾਂ ਜੀਨ ਨੂੰ ਆਪਣੇ ਸਕੂਲ ਵਿਚ ਸਫ਼ਾਈ ਅਤੇ ਮੁਰੰਮਤ ਦਾ ਕੰਮ ਕਰਦਿਆਂ ਵੇਖ ਕੇ ਮੈਨੂੰ ਹੈਰਾਨੀ ਹੋਈ। ਉਹ ਮੇਰੇ ਤੋਂ ਨਜ਼ਰਾਂ ਚੁਰਾ ਰਿਹਾ ਸੀ। ਮੈਂ ਹੌਂਸਲਾ ਕਰਕੇ ਉਸ ਨੂੰ ਬੜੇ ਖਲੂਸ ਨਾਲ ਬੁਲਾਇਆ ਅਤੇ ਛੁੱਟੀ ਤੋਂ ਬਾਦ ਘਰ ਆਉਣ ਲਈ ਕਿਹਾ।

ਸਕਾਚ ਵਿਸਕੀ ਦੇ ਦੋ-ਚਾਰ ਪੈੱਗ ਲੈਣ ਤੋਂ ਬਾਦ ਜੀਨ ਕੁਝ ਖੁੱਲ੍ਹਿਆ ਤੇ ਬੋਲਿਆ,

"ਸਭ ਤੋਂ ਪਹਿਲਾਂ ਤਾਂ ਮੋ ਮੈਂ ਤੈਥੋਂ ਆਪਣੀ ਗੁਸਤਾਖ਼ੀ ਦੀ ਖਿਮਾਂ ਮੰਗਦਾ ਹਾਂ। ਤੇਰੇ ਵਰਗੇ ਵਧੀਆ ਇਨਸਾਨ ਨਾਲ ਇਹ ਵਿਹਾਰ ਠੀਕ ਨਹੀਂ ਸੀ।"

"ਰਾਤ ਗਈ, ਬਾਤ ਗਈ ਜੀਨ ! ਏਥੇ ਕਿਵੇਂ ਆ ਗਿਆ ਹੈਂ ?"

"ਤੈਨੂੰ ਪਤਾ ਹੀ ਹੈ, ਮੋ, ਨੈਸ ਕੈਂਪ ਬੰਦ ਹੋ ਗਿਆ ਸੀ। ਅਮਰੀਕਾ ਨੇ ਆਪਣੇ ਦੇਸ ਦੀ ਇਮਾਰਤੀ ਲੱਕੜੀ ਵੇਚਣ ਲਈ ਕੈਨੇਡਾ ਦੀ ਆਯਾਤ ਉੱਤੇ ਸੁਰੱਖਿਆ ਕਰ (Tax) ਲਾ ਦਿੱਤਾ। ਸਾਡੀ ਨਿਰਯਾਤ ਬੰਦ ਹੋ ਗਈ ਤੇ ਨਾਲ ਹੀ ਸਾਡੀ ਮਿੱਲ ਤੇ ਕੈਂਪ ਦਾ ਕੰਮ ਵੀ ਠੱਪਿਆ ਗਿਆ।"

"ਨੈਸ ਕੈਂਪ ਦਾ ਕੀ ਬਣਿਆਂ ? ਉੱਥੇ ਅਜੇ ਵੀ ਕੋਈ ਰਹਿੰਦਾ ਹੈ ?"

"ਨਹੀਂ, ਉਹ ਹੁਣ *'ਭੂਤ ਕੈਂਪ' ਜਾਂ *'ਭੂਤ ਨਗਰ' ਬਣ ਚੁੱਕਾ ਹੈ।"

"ਤੇ ਸੂਜ਼ੀ ?"

"ਉਹ ਵੀ ਕਿਧਰੇ ਗੁੰਮ ਗੁਆਚ ਗਈ ਹੈ। ਸੋਚਿਆ ਸੀ ਕਿ ਉਸ ਨਾਲ ਕੋਈ ਪੱਕਾ ਰਿਸ਼ਤਾ ਜੁੜ ਜਾਏਗਾ ਪਰ ਸੂਜ਼ੀ ਅਜੇ ਵੱਖ, ਵੱਖ ਫੁੱਲਾਂ ਦੇ ਰੰਗ ਤੇ ਰਸ ਵਲਾਂ ਰੁਚਿਤ ਸੀ।"

ਫੇਰ ਜਿਵੇਂ ਉਸ ਨੇ ਹੌਕਾ ਜਿਹਾ ਲਿਆ ਤੇ ਬੋਲਿਆ, "ਚੰਗਾ ਹੀ ਹੋਇਆ ਕਿ ਕੈਂਪ ਬੰਦ ਹੋਇਆ ਤੇ ਮੇਰੀਆਂ ਅੱਖਾਂ ਖੁੱਲ੍ਹੀਆਂ। ਕੈਂਪ ਤਾਂ ਆਰਜ਼ੀ ਟਿਕਾਣੇ ਹੁੰਦੇ ਹਨ। ਇਨ੍ਹਾਂ ਨਾਲ ਪੱਕੇ ਰਿਸ਼ਤੇ ਜੁੜ ਹੀ ਨਹੀਂ ਸਕਦੇ ... ਤੇ ਇਹ ਕੁੜੀਆਂ...ਬਾਰ ਬਾਲਾਵਾਂ...ਮੁਸਕਰਾਣਾ ਤਾਂ ਇਨ੍ਹਾਂ ਦਾ ਪੇਸ਼ਾ ਹੈ ...।"

ਸਹਿਜ ਭਾ ਹੀ ਜੀਨ ਏਸ ਉਦਾਸੀ ਤੇ "ਭੂਤ ਨਗਰ ਜਾਂ ਕੈਂਪ" ਦੀ ਸਥਿਤੀ ਨੂੰ ਦਾਰਸ਼ਨਕ ਰੂਪ ਦੇ ਰਿਹਾ ਸੀ।

ਸਾਡੇ ਸਕੂਲ ਵਿਚ ਜੀਨ ਨੂੰ ਮਹੀਨੇ ਕੁ ਲਈ ਆਰਜ਼ੀ ਨੌਕਰੀ ਮਿਲ ਗਈ ਸੀ। ਹਾਸੇ ਮਖ਼ੌਲ ਵਿਚ ਮੈਂ ਉਸ ਨੂੰ "ਤੁਰਦਾ ਫਿਰਦਾ ਭੂਤ ਨਗਰ" ਹੀ ਕਹਿਣ ਲੱਗ ਪਿਆ ਸੀ। ਉਹ ਵੀ ਅੱਗੋਂ ਹੱਸ ਪੈਂਦਾ ਤੇ ਕਹਿੰਦਾ ਕਿ, "ਬੰਦਾ ਤਾਂ ਜਮਾਂਦਰੂ ਹੀ ਰਫ਼ਿਊਜ਼ੀ ਹੈ। ਅੱਜ ਏਥੇ, ਕੱਲ੍ਹ ਉੱਥੇ।"

... ਤੇ ਫਿਰ ਜੀਨ ਜਿਵੇਂ ਅਚਾਨਕ ਮਿਲਿਆ ਸੀ, ਉਵੇਂ ਹੀ, ਆਪਣੀ ਨੌਕਰੀ ਦਾ ਸਮਾਂ ਪੂਰਾ ਕਰਕੇ ਗ਼ਾਇਬ ਹੋ ਗਿਆ।

ਉਨ੍ਹਾਂ ਦਿਨਾਂ ਵਿਚ ਹੀ 50-60 ਕਿਲੋਮੀਟਰ ਦੀ ਦੂਰੀ ਉੱਤੇ ਇਕ ਹੋਰ ਕੰਪਨੀ ਨਗਰ ਵੱਸਿਆ। ਇਹਦਾ ਨਾਮ ਕਿਟਸਾਲਟ ਸੀ। ਸ਼ਾਂਤ ਮਹਾਂਸਾਗਰ ਕੇ ਕੰਢੇ ਉੱਤੇ ਸਥਿਤ ਇਹ ਨਿੱਕਾ ਜਿਹਾ ਖ਼ੂਬਸੂਰਤ ਨਗਰ ਤਿੰਨ ਪਾਸਿਆਂ ਤੋਂ ਪਹਾੜਾਂ ਨਾਲ ਘਿਰਿਆ ਹੋਇਆ ਸੀ ਤੇ ਚੌਥੇ ਪਾਸੇ ਇਹਨੂੰ ਸਮੁੰਦਰ ਲੱਗਦਾ ਸੀ। ਬੜਾ ਹੀ ਖ਼ੂਬਸੂਰਤ ਅਤੇ ਰਮਣੀਕ ਸਥਾਨ ਸੀ। ਏਥੇ ਮੋਲਿਬਡੇਨਮ (Molybdenum) ਦੀ ਖਾਣ ਵਿੱਚੋਂ ਲੋਹੇ ਜਾਂ ਸਟੀਲ ਨੂੰ ਸਖ਼ਤ ਕਰਨ ਵਾਲੀ ਚਾਂਦੀ ਵਰਗੀ ਇਕ ਧਾਤ ਦੀ ਪ੍ਰਾਪਤੀ ਹੋਈ ਸੀ। ਏਸ ਖਾਣ ਦੀ ਪ੍ਰਬੰਧਕੀ ਕੰਪਨੀ ਨੇ ਆਪਣੇ ਮੁਲਾਜ਼ਮਾਂ ਦੇ ਰਹਿਣ ਲਈ ਕਿਟਸਾਲਟ ਖਾਣ ਦੇ ਨਾਲ ਹੀ ਇਸੇ ਨਾਮ ਦਾ ਨਗਰ ਵਸਾ ਦਿੱਤਾ। ਛੜਿਆਂ ਲਈ ਇਕ ਜਾਂ ਦੋ ਬੈੱਡ-ਰੂਮ ਦੀਆਂ ਅਪਾਰਟਮੈਂਟਾਂ ਅਤੇ ਟੱਬਰਦਾਰਾਂ ਲਈ ਦੋ ਜਾਂ ਤਿੰਨ ਬੈੱਡ-ਰੂਮ ਦੇ ਘਰ। ਨਿੱਕਾ ਜਿਹਾ ਜਨਰਲ ਸਟੋਰ ਸੀ ਏਥੇ। ਜ਼ਰੂਰਤ ਦੀ ਹਰ ਚੀਜ਼ ਮਿਲਦੀ ਸੀ। ਇਸ ਸਟੋਰ ਦੇ ਵਿਚ ਹੀ ਡਾਕਖ਼ਾਨਾ, ਬਾਰ ਤੇ ਰੈਸਟੋਰੈਂਟ ਆਦਿ ਹੋਰ ਸੁਵਿਧਾਵਾਂ ਸਨ।

ਅਸੀਂ ਤਿੰਨ-ਚਾਰ ਅਧਿਆਪਕ ਆਰਥਕ ਤੌਰ ਉੱਤੇ ਨਿੱਤ ਉੱਨਤ ਹੋ ਰਹੇ ਇਸ ਨਗਰ ਤੇ ਖਾਣ ਨੂੰ ਵੇਖਣ ਲਈ ਤੁਰ ਪਏ। ਕੱਚੀ ਪਰ ਵਧੀਆ ਸੜਕ ਦੇ ਦੁਆਲੇ ਜੰਗਲਾਂ, ਕੁਦਰਤ ਤੇ ਪਹਾੜਾਂ ਦਾ ਦਿਲਕਸ਼ ਸਿਲਸਿਲਾ ਸੀ। ਝੀਲਾਂ ਸਨ। ਜੰਗਲੀ ਫੁੱਲ ਤੇ ਬੈਰੀਆਂ ਸਨ।

ਜੰਗਲ ਵਿਚ ਏਥੇ ਰਿੱਛ, ਮੂਸ (ਵੱਡੇ ਕੱਦ ਵਾਲਾ ਹਿਰਨ), ਜੰਗਲੀ ਖ਼ਰਗੋਸ਼, ਬਘਿਆੜ, ਲੂੰਮੜੀਆਂ ਅਤੇ ਹੋਰ ਨਿੱਕੇ ਵੱਡੇ ਜਾਨਵਰਾਂ ਦਾ ਵਸੇਬਾ ਸੀ। ਸ਼ਿਕਾਰੀ ਲੋਕ ਏਥੇ ਹਿਰਨ, ਖ਼ਰਗੋਸ਼, ਭਟਿੱਟਰ (Grouse) ਤੇ ਕੈਨੇਡੀਅਨ ਮਘ (Geese) ਆਦਿ ਦਾ ਸ਼ਿਕਾਰ ਕਰਨ ਆਉਂਦੇ ਸਨ। ਸਮੁੰਦਰ, ਦਰਿਆ ਤੇ ਝੀਲਾਂ ਵਿੱਚੋਂ ਮੱਛੀ, ਸਮੁੰਦਰੀ ਸ਼ੇਰ (Sea Lion), ਦਰਿਆਈ ਕੁੱਤੇ (Beaver), ਕਰੈਬ (Crab) ਅਤੇ ਹੋਰ ਜਲ-ਜੰਤੂਆਂ ਨੂੰ ਮਨੁੱਖਾ ਖਪਤ ਲਈ ਪਕੜਿਆ ਜਾਂਦਾ ਸੀ।

ਅਸੀਂ ਕਿਟਸਾਲਟ ਦੀ ਬਾਰ ਵਿਚ ਬੈਠੇ ਹੀ ਸਾਂ ਕਿ ਜੀਨ ਨੇ ਮੈਨੂੰ ਪਿੱਛੋਂ ਆ ਕੇ ਜੱਫ਼ੀ ਪਾ ਲਈ। ਉਹ ਬਹੁਤ ਖ਼ੁਸ਼ ਸੀ। ਉਸ ਨੂੰ ਏਥੇ ਨੌਕਰੀ ਮਿਲ ਗਈ ਸੀ। ਮੈਂ ਹਾਸੇ ਹਾਸੇ ਵਿਚ ਕਿਹਾ:

"ਜੀਨ, ਵੇਖੀਂ ਕਿਤੇ ਕਿਟਸਾਲਟ ਨੂੰ ਵੀ ਭੂਤ ਨਗਰ ਨਾ ਬਣਾ ਦੇਈਂ।" ਉਹ ਹੱਸਿਆ ਤੇ ਕਹਿਣ ਲੱਗਾ,

"ਨਹੀਂ ਮੋ ... ਹੁਣ ਮੈਨੂੰ ਵੀ ਸੂਜ਼ੀ ਵਾਂਗ ਤੁਰ, ਫਿਰ ਕੇ ਮੇਲਾ ਵੇਖਣ ਦੀ ਆਦਤ ਪੈ ਗਈ ਹੈ। ਅੱਜ ਏਥੇ, ਕੱਲ੍ਹ ਓਥੇ। ਅੱਜ ਇਸ ਨਾਲ, ਕੱਲ੍ਹ ਉਸ ਨਾਲ। ਇਹ ਹੀ ਜ਼ਿੰਦਗੀ ਹੈ। ਵਾਸ ਦੇ ਸੁਫਨੇ ਲੈਣੇ ਤੇ ਅਵਾਸੀ ਬਣੇ ਰਹਿਣਾ।"

ਜੀਨ ਨੇ ਮੈਨੂੰ ਦੱਸਿਆ ਕਿ "ਇਸ ਬਾਰ ਦਾ ਇਕ ਹਿੱਸਾ ਇਕੱਲੇ (Single) ਮਰਦਾਂ ਤੇ ਇਸਤਰੀਆਂ ਲਈ ਆਪਣੇ ਆਪ ਵਕਫ਼ ਹੋ ਗਿਆ ਹੈ। ਏਥੇ ਰੋਜ਼ ਨਵੀਆਂ ਜੋੜੀਆਂ ਬਣਦੀਆਂ, ਘਰਾਂ ਵਿਚ ਜਾ ਕੇ, "ਇਕ ਰਾਤ ਦੇ ਸੰਗ" ਵਿਚ ਬਿਸਤਰੇ ਨਿੱਘੇ ਕਰਦੀਆਂ ਤੇ ਸਵੇਰੇ ਆਪੋ ਆਪਣਾ ਰਸਤਾ ਫੜਦੀਆਂ ਹਨ। ਇਸ ਦੇਸ਼ ਦੀ ਇਹੋ ਜੀਵਨ-ਸ਼ੈਲੀ ਹੈ ਤੇ ਮੈਂ ਵੀ ਹੁਣ ਇਸ ਨੂੰ ਅਪਣਾ ਲਿਆ ਹੈ। ਬਹੁਤ ਖ਼ੁਸ਼ ਹਾਂ।"

ਜੀਨ ਆਪਣੇ ਨਵੇਂ ਆਲੇ ਦੁਆਲੇ ਦੇ ਕੁਦਰਤੀ ਹੁਸਨ ਦਾ ਆਸ਼ਕ ਸੀ। ਆਨੰਦ ਮਾਣ ਰਿਹਾ ਸੀ। ਸਾਡਾ ਇਹ "ਤੁਰਦਾ ਫਿਰਦਾ ਭੂਤ ਨਗਰ", ਇਕ ਵਾਰੀ ਫਿਰ ਆਬਾਦ ਹੋ, ਟਿਕ ਗਿਆ ਸੀ।

ਇਨ੍ਹਾਂ ਦਿਨਾਂ ਵਿਚ ਹੀ ਵਿਸ਼ਵ ਦੀ ਮੰਡੀ ਵਿਚ ਮੋਲਿਬਡੇਨਮ ਧਾਤ ਦੇ ਭਾ ਡਿਗ ਪਏ ਅਤੇ ਕਿਟਸਾਲਟ, ਨੈਸ ਕੈਂਪ ਵਾਂਗ ਹੀ ਇਕ ਹੋਰ ਭੂਤ ਨਗਰ ਬਣ ਗਿਆ। ਖਾਣ ਤੇ ਸ਼ਹਿਰ ਬੰਦ ਸੀ।

ਇਸ ਤਰ੍ਹਾਂ ਜੀਨ ਇਕ ਵਾਰੀ ਫਿਰ ਗੁੰਮ ਗੁਆਚ ਗਿਆ। ਪਤਾ ਲੱਗਦਾ ਰਿਹਾ ਕਿ ਉਹ ਏਥੋਂ 100 ਕੁ ਕਿਲੋਮੀਟਰ ਉੱਤੇ ਸਥਿਤ ਟੈਰਸ ਸ਼ਹਿਰ ਦੀ ਆਰਾ ਮਿੱਲ ਵਿਚ ਕੰਮ ਦੀ ਭਾਲ ਵਿਚ ਜਾਂਦਾ ਰਿਹਾ ਸੀ ਤੇ ਉੱਥੋਂ 50 ਕੁ ਕਿਲੋਮੀਟਰ ਦੂਰ ਕਿਟੀਮੈਟ ਅਤੇ 140-45 ਕਿਲੋਮੀਟਰ ਦੂਰ ਪ੍ਰਿੰਸ ਰੂਪਰਟ ਵਿਚ ਵੀ ਉਸ ਦੇ ਗੇੜੇ ਲੱਗਦੇ ਰਹੇ ਸਨ।

ਟੈਰਸ ਮੇਰੀ ਇਕ ਕਿੱਤਾਕਾਰੀ ਮੀਟਿੰਗ ਸੀ। ਮੈਂ "ਕੋਸਟ ਹੋਟਲ" ਵਿਚ ਠਹਿਰਿਆ ਹੋਇਆ ਸਾਂ। ਦਿਨ ਦਾ ਕੰਮ ਮੁਕਾ ਕੇ, ਸ਼ਾਮ ਨੂੰ ਮੈਂ ਇਸੇ ਹੋਟਲ ਦੀ "ਹੈਂਕੀ ਪੈਂਕੀ ਬਾਰ ਤੇ ਨ੍ਰਿਤ-ਘਰ" ਵਿਚ ਜਾ ਬੈਠਾ। ਇਨ੍ਹਾਂ ਦੇਸ਼ਾਂ ਵਿਚ ਇਹ 'ਬਾਰਾਂ' ਹੀ ਵਿੱਛੜੇ ਲੋਕਾਂ ਦੀਆਂ ਮਿਲਣਗਾਹਾਂ ਨੇ। ਏਥੇ ਫਿਰ ਜੀਨ ਨਾਲ ਮੁਲਾਕਾਤ ਹੋ ਗਈ। ਹੁਣ, ਉਹ ਕਾਫ਼ੀ ਬਦਲ ਗਿਆ ਸੀ। ਉਸ ਦੀ ਸ਼ਖ਼ਸੀਅਤ ਵਿਚ ਕਾਫ਼ੀ ਸਹਿਜ ਤੇ ਤਵਾਜ਼ਨ (Balance) ਆ ਚੁੱਕਾ ਸੀ।

"ਮੋ ... ਵੇਖ ਲੈ ... ਸ਼ੱਕਰਖੋਰੇ ਨੂੰ ਸ਼ੱਕਰ ਮਿਲ ਹੀ ਜਾਂਦੀ ਹੈ ...।"

"ਪਰ 'ਭੂਤ ਨਗਰ' ਤੇ 'ਆਬਾਦ ਨਗਰ' ਵਿਚ ਸ਼ੰਟ (Shunt) ਹੋਣ ਦੀ ਤੇਰੀ ਆਦਤ ਬਦਸਤੂਰ ਕਾਇਮ ਹੈ।"

"ਜੱਦੋ ਜਹਿਦ ਤੇ ਤੋਰ ਹੀ ਜ਼ਿੰਦਗੀ ਹੈ। ਮੈਂ ਹੁਣ ਏਥੇ ਆਪਣਾ ਘਰ ਲੈ ਲਿਆ ਹੈ। ਆਰਾ ਮਿੱਲ ਵਿਚ ਚੰਗੀ ਤੇ ਤਕਨੀਕੀ ਨੌਕਰੀ ਮਿਲ ਗਈ ਹੈ। ਪੈਸੇ ਵੀ ਚੰਗੇ ਮਿਲਦੇ ਹਨ। 5 ਦਿਨ ਕੰਮ ਤੇ 2 ਦਿਨ ਵਿਹਲੇ ! ਮੌਜਾਂ ਹੀ ਮੌਜਾਂ।"

"ਕੋਈ ਵਿਆਹ ਦਾ ਜੁਗਾੜ ਵੀ ਬੱਝਾ ? ਕੋਈ ਪੱਕਾ ਸਾਥ ਵੀ ਢੂੰਡਿਆ ?"

"ਅਜੇ ਨਹੀਂ ... ਤਲਾਸ਼ ਜਾਰੀ ਹੈ।" ਕਹਿਕੇ ਉਹ ਹੱਸਿਆ। ਉਸਦੀਆਂ ਅੱਖਾਂ ਵਿਚ ਤ੍ਰਿਸ਼ਨਾ ਤੇ ਤ੍ਰਿਪਤੀ ਦਾ ਅਜੀਬ ਜਿਹਾ ਸੁਮੇਲ ਸੀ। ਜਿਵੇਂ ਛਿਣ ਦੀ ਛਿਣ ਉਹ ਆਪਸੀ ਕਸ਼ਮਕਸ਼ ਤੇ ਤਣਾਓ ਛੱਡ ਕੇ ਇਕ ਟਿਕਾ ਜਿਹੇ ਦੀ ਅਵਸਥਾ ਵਿਚ ਪਹੁੰਚ ਗਈਆਂ ਹੋਣ। ਰੁਕ ਗਈਆਂ ਹੋਣ। ਲੰਮੇਂ ਸਫ਼ਰ ਤੇ ਤਣਾ ਤਣੀ ਤੋਂ ਬਾਅਦ ਜਿਵੇਂ ਆਰਾਮ ਕਰੀਦਾ ਹੈ। ਆਪਣੇ ਆਪ ਵਿਚ ਸਿਮਟ ਤੇ ਫੈਲ ਜਾਈਦਾ ਹੈ। ਜੀਨ ਆਪਣੇ ਜੀਵਨ ਦੇ ਇਨ੍ਹਾਂ ਨਵੇਂ ਰੰਗਾਂ ਵਿਚ ਪ੍ਰਸੰਨ ਸੀ। ਇਹ ਵੇਖ ਕੇ ਮੈਨੂੰ ਖ਼ੁਸ਼ੀ ਸੀ।

ਕਹਿੰਦੇ ਨੇ ਕਿ ਬੁਰੇ ਦਿਨ ਪੁੱਛ ਕੇ ਨਹੀਂ ਆਉਂਦੇ। ਅਚਾਨਕ ਆ ਧਮਕਦੇ ਹਨ। ਵਿਸ਼ਵ ਪੱਧਰ ਉੱਤੇ ਲਗਭਗ ਸਭ ਦੇਸ਼ਾਂ ਦੀ ਆਰਥਕਤਾ ਮੰਦੇ ਵਲ ਤੁਰ ਪਈ। ਸਟਾਕ ਮਾਰਕਿਟ ਕਰੈਸ਼ ਹੋ ਗਈ। 'ਸ਼ੇਅਰਾਂ' (Shares) ਤੇ ਕਰੰਸੀ ਦੇ ਭਾ ਡਿਗ ਪਏ। ਕੰਪਨੀਆਂ, ਕਾਰੋਬਾਰਾਂ, ਬੈਂਕਾਂ ਤੇ ਬਿਓਪਾਰਾਂ ਦੇ ਦੁਆਲੇ ਨਿਕਲਣ ਲੱਗ ਪਏ। ਘਰ ਤੇ ਕਾਰੋਬਾਰ ਨੀਲਾਮ ਹੋਣ ਲੱਗ ਪਏ, ਬੰਦ ਹੋ ਗਏ। ਬੇਕਾਰ ਲੋਕਾਂ ਦੀਆਂ ਭੀੜਾਂ ਟੈਲੀਵਿਜਨਾਂ ਦੀਆਂ ਸਕਰੀਨਾਂ ਦਾ ਪੱਕਾ ਦ੍ਰਿਸ਼ ਬਣ ਗਈਆਂ। ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹੋਰ ਦੇਸ਼ਾਂ ਵਿਚ ਹਾਹਾਕਾਰ ਮਚ ਗਈ। ਘਰਾਂ ਤੇ ਜਾਇਦਾਦਾਂ ਦੇ ਭਾ ਡਿਗ ਪਏ।

ਜਿਸ ਮਿੱਲ ਵਿਚ ਜੀਨ ਕੰਮ ਕਰਦਾ ਸੀ, ਉਹ ਵੀ ਪਹਿਲਾਂ ਬੰਦ ਹੋਈ ਤੇ ਫਿਰ ਮਸ਼ੀਨ, ਮਸ਼ੀਨ ਤੇ

ਪੁਰਜ਼ਾ, ਪੁਰਜ਼ਾ ਕਰਕੇ ਨੀਲਾਮ ਹੋ ਗਈ। ਪਰਵਾਰਾਂ ਦੇ ਪਰਵਾਰ ਕੰਮ ਦੀ ਤਲਾਸ਼ ਵਿਚ ਕੈਨੇਡਾ ਦੇ ਹੋਰ ਸ਼ਹਿਰਾਂ ਵਲ ਤੁਰ ਪਏ। ਇਕ ਭਾਜੜ, ਇਕ ਅਫਰਾ ਤਫ਼ਰੀ ਤੇ ਨਿਰਾਸ਼ਾ ਦਾ ਬੋਲ ਬਾਲਾ ਸੀ। ਟੈਰਸ ਕਿਉਂਕਿ 200 ਕਿਲੋਮੀਟਰ ਦੇ ਕਰੀਬ ਖੇਤਰਫਲ ਜਾਂ ਘੇਰੇ ਵਿਚ ਵੱਸਦੇ ਤਿੰਨ ਚਾਰ ਨਗਰਾਂ ਅਤੇ 25-30 ਨੇਟਿਵ ਇੰਡੀਅਨਜ਼ ਦੇ ਪਿੰਡਾਂ ਦਾ ਸਰਵਿਸ ਸੈਂਟਰ ਸੀ, ਕਮਰਸ਼ਲ ਤੇ ਬਿਓਪਾਰਕ ਕੇਂਦਰ ਸੀ ... ਇਸ ਲਈ ਇਹ ਭੂਤ ਨਗਰ ਨਾ ਬਣਿਆ। ਏਥੋਂ ਲੋਕ ਘਰੋਂ ਬੇਘਰ ਜ਼ਰੂਰ ਹੋਏ—ਪਰ ਬਹੁਤ ਸਾਰੇ ਵੱਸਦੇ ਵੀ ਰਹੇ।

ਮੈਂ ਵੀ ਸੇਵਾ-ਮੁਕਤ ਹੋ ਕੇ, ਸਸਤੇ ਭਾ, ਏਥੇ ਇਕ ਛੋਟਾ ਜਿਹਾ ਘਰ ਲੈ ਲਿਆ ਸੀ ਅਤੇ ਏਥੇ ਹੀ ਰਹਿਣ ਲੱਗ ਪਿਆ ਸਾਂ। ਜੀਨ ਬਾਰੇ ਮੈਂ ਹੋਟਲਾਂ, ਬਾਰਾਂ, ਰੈਸਟੋਰੈਂਟਾਂ ਤੇ ਹੋਰ ਵਾਕਫ਼ਾਂ ਕੋਲੋਂ ਪੁੱਛਦਾ ਰਿਹਾ, ਪਰ ਉਸ ਦਾ ਕੋਈ ਪਤਾ ਨਾ ਲੱਗਾ। ਉਸ ਦੇ ਘਰ ਵਲ ਗੇੜਾ ਮਾਰਿਆ, ਤਾਂ ਪਤਾ ਲੱਗਾ ਕਿ ਉਹ ਬੈਂਕ ਵਾਲਿਆਂ ਨੇ ਲੈ ਲਿਆ ਸੀ, ਕਿਉਂਕਿ ਜੀਨ ਉਸਦੀਆਂ ਕਿਸ਼ਤਾਂ ਨਹੀਂ ਸੀ ਦੇ ਸਕਿਆ। ਥਾਂ-ਪਰ-ਥਾਂ ਘਰ ਸੇਲ ਉੱਤੇ ਲੱਗੇ ਹੋਏ ਸਨ, ਪਰ ਕੋਈ ਖ਼ਰੀਦਾਰ ਨਹੀਂ ਸੀ !

ਸਾਡੇ ਪੰਜਾਬੀਆਂ ਦੇ ਏਥੇ 140 ਕੁ ਪਰਵਾਰ ਰਹਿੰਦੇ ਸਨ, ਭਲੇ ਵੇਲਿਆਂ ਵਿਚ—ਪਰ ਹੁਣ ਕੇਵਲ 40-50 ਹੀ ਬਾਕੀ ਰਹਿ ਗਏ ਸਨ। ਉਹ ਵੀ ਨੌਕਰੀ ਦੀ ਤਲਾਸ਼ ਵਿਚ ਹੋਰ ਸ਼ਹਿਰਾਂ ਵਿਚ ਜਾ ਵੱਸੇ ਸਨ। ਜਿੱਥੇ ਨੌਕਰੀ ਜਾਂ ਕੰਮ ਕਾਰ, ਉਹ ਹੀ ਦੇਸ਼ ਤੇ ਉਹ ਹੀ ਘਰ। ਇਹ ਹੀ ਦਸਤੂਰ ਹੈ ਅੱਜ ਦੀ ਇਸ ਦੁਨੀਆਂ ਦਾ। ਪੰਜਾਬੀਆਂ ਦੀ ਗਿਣਤੀ ਟੈਰਸ ਵਿਚ ਬਹੁਤ ਘਟ ਗਈ ਸੀ, ਪਰ ਦੋ ਗੁਰਦਵਾਰੇ ਅਜੇ ਵੀ ਚੱਲ ਰਹੇ ਸਨ। ਪਹਿਲਾਂ ਲੋਕੀਂ 5 ਜਾਂ 10 ਡਾਲਰ ਦੇ ਨੋਟ ਦਾ ਚੜ੍ਹਾਵਾ ਚੜ੍ਹਾਉਂਦੇ ਸਨ, ਪਰ ਫਿਰ ਇਹ ਦੋ ਡਾਲਰ ਦੇ ਸਿੱਕੇ ਤੋਂ ਹੁੰਦੇ ਹੋਏ ਇਕ ਡਾਲਰ ਤਕ ਪਹੁੰਚੇ, ਤੇ ਹੁਣ 25 ਸੈਂਟ ਹੀ ਪੱਕਾ ਤੇ ਪਰਵਾਨਤ ਚੜ੍ਹਾਵਾ ਬਣ ਗਿਆ ਸੀ। ਈਸਾਈਆਂ ਦੇ ਗਿਰਜਿਆਂ ਦਾ ਵੀ ਇਹ ਹੀ ਹਾਲ ਸੀ।

ਈਸਾਈ ਚੇਤੇ ਆਏ ਤਾਂ ਜੀਨ ਮੇਰੇ ਸਿਮਰਨ ਵਿਚ ਫੇਰ ਜਾਗ ਪਿਆ। ਕਿਟਸਾਲਟ ਦੀ ਕਿਸੇ ਮਿਲਣੀ ਦੌਰਾਨ ਹੀ ਉਸ ਨੇ ਦੱਸਿਆ ਸੀ ਕਿ ਏਥੇ ਉਹ ਲੋਕ ਵੀ ਹਨ ਜੁ ਜੰਗਲੀ ਜਾਨਵਰਾਂ, ਪੰਛੀਆਂ ਤੇ ਜਲ-ਜੰਤੂਆਂ ਦਾ ਸ਼ਿਕਾਰ ਕਰਨ, ਉਨ੍ਹਾਂ ਨੂੰ ਮਾਰਨ ਆਉਂਦੇ ਹਨ ਤੇ ਉਹ ਵੀ ਹਨ ਜੁ ਕੇਵਲ ਉਨ੍ਹਾਂ ਦੀ ਸੁੰਦਰਤਾ ਵੇਖਣ ਆਉਂਦੇ ਹਨ। ਜੀਨ ਬੋਲ ਰਿਹਾ ਸੀ :

"ਮੋ ... ਏਥੇ ਪੰਛੀ ਦਰਸ਼ਕ (Bird Watchers) ਘੰਟਿਆਂ ਬੱਧੀ ਦੂਰਬੀਨਾਂ ਲਾ ਕੇ ਇਨ੍ਹਾਂ ਪੰਛੀਆਂ ਦੇ ਕਲੋਲਾਂ ਤੇ ਸੁੰਦਰਤਾ ਦਾ ਨਜ਼ਾਰਾ ਵੇਖਦੇ ਰਹਿੰਦੇ ਹਨ। ਜਲ ਤੇ ਧਰਤੀ ਦੇ ਜੰਤੂਆਂ ਦੀਆਂ ਤਸਵੀਰਾਂ ਖਿੱਚਦੇ, ਉਨ੍ਹਾਂ ਦੀਆਂ ਫ਼ਿਲਮਾਂ ਬਣਾਉਂਦੇ ਅਤੇ ਉਨ੍ਹਾਂ ਦੀਆਂ ਆਦਤਾਂ ਦਾ ਅੱਖੀਂ ਦੇਖਿਆ ਅਧਿਅਨ ਕਰਦੇ ਹਨ ... ਤੇ ਫਿਰ ਕੋਈ ਸ਼ਿਕਾਰੀ ਆਉਂਦਾ ਹੈ ... 'ਠਾਹ' ... ਬੰਦੂਕ ਦੀ ਗੋਲੀ ਤੇ ਸਭ ਕੁਝ ਖ਼ਤਮ। ਅਜੀਬ ਤਮਾਸ਼ਾ ਹੈ ਇਹ ਦੁਨੀਆਂ ਮੋ ... ਇਕ ਦੁਨੀਆਂ ਵਿਚ, ਇੱਕੋ ਸਮੇਂ ਹੀ, ਹਰ ਕੋਈ ਆਪੋ, ਆਪਣੀ ਵੱਖਰੀ ਦੁਨੀਆਂ ਚੁੱਕੀ ਫਿਰ ਰਿਹਾ ਹੈ !"

ਇਹ ਆਖ ਕੇ, ਉਹ ਬਹੁਤ ਉਦਾਸ ਹੋ ਗਿਆ ਸੀ। ਟੈਰਸ ਉੱਤੇ ਘਟੇ ਇਸ ਉਦਾਸੀ ਦੇ ਮੌਸਮ ਵਿਚ ਜੀਨ ਕਿੱਥੇ ਹੋਵੇਗਾ ? ਸੋਚਦਿਆਂ ਮੈਂ ਸਥਾਨਕ ਅਖ਼ਬਾਰ "Terrace Standard" ਦੀ ਇਕ ਮੋਟੀ ਸਾਰੀ ਸੁਰਖ਼ੀ ਵਲ ਸਰਸਰੀ ਨਜ਼ਰ ਮਾਰੀ। ਇਹ ਤਾਂ ਜੀਨ ਦੇ ਭੂਤ ਨਗਰ ਕਿਟਸਾਲਟ ਬਾਰੇ ਖ਼ਬਰ ਸੀ।

ਕਿਟਸਾਲਟ ਦਾ ਭੂਤ ਨਗਰ ਤੇ ਉਸ ਦੇ ਨਾਲ ਲਗਦੀ ਪ੍ਰਾਪਰਟੀ ਕਿਸੇ 'ਵਿਕਾਸ ਕਰਤਾ' (Developer) ਨੇ ਕੌਡਾਂ ਦੇ ਭਾ ਖ਼ਰੀਦ ਲਈ ਸੀ। ਉਹ ਇਸ ਥਾਂ ਦਾ ਵਿਕਾਸ ਕਰਕੇ ਇਸ ਨੂੰ ਸੈਲਾਨੀਆਂ ਦੀ ਖਿੱਚ ਤੇ ਸੈਰ ਸਪਾਟੇ ਦਾ ਕੇਂਦਰ ਬਣਾ ਰਿਹਾ ਸੀ। ਸਾਰੇ ਦਾ ਸਾਰਾ ਨਗਰ ਰੀਜ਼ੋਰਟ ਵਿਚ ਬਦਲ ਦਿੱਤਾ ਗਿਆ ਸੀ। ਕੁਦਰਤੀ ਗਰਮ ਪਾਣੀ ਦੇ ਚਸ਼ਮੇਂ, ਫਿਸ਼ਿੰਗ, ਸ਼ਿਕਾਰ, ਬੋਟਿੰਗ, ਪੰਛੀ-ਦਰਸ਼ਨ, ਜਲ-ਜੰਤੂ-ਦਰਸ਼ਨ ਏਥੋਂ ਦੀਆਂ ਮੁੱਖ ਖਿੱਚਾਂ ਬਣ ਗਈਆਂ ਸਨ। ਪਹਾੜਾਂ 'ਤੇ ਚੜ੍ਹਨ, ਬਰਫ਼ ਵਿਚ ਤੁਰਨ, ਪਾਣੀ ਵਿਚ ਤਰਨ ਅਤੇ ਕੁਦਰਤ ਵਿਚ ਕੁਦਰਤ ਬਣ ਕੇ ਰਹਿਣ ਲਈ ਹਰ ਸੰਭਵ ਸਾਮਗਰੀ ਏਥੇ ਮੌਜੂਦ ਸੀ। ਪਾਣੀ ਵਿਚ ਉਤਰਨ ਵਾਲੇ ਵਿਮਾਨ

(Float Planes), ਫੈਰੀਆਂ ਤੇ ਹੈਲੀਕਾਪਟਰਾਂ ਦੇ ਟੂਰ ਏਥੋਂ ਦੀਆਂ ਹੋਰ ਖਿੱਚਾਂ ਸਨ। ਦੂਰ ਦੂਰ ਦੇ ਦੇਸ਼ਾਂ ਦੇ ਸੈਲਾਨੀ ਏਥੇ ਆ ਕੇ ਰਹਿਣਗੇ, ਸੈਰ ਕਰਨਗੇ ਤੇ ਕਿਟਸਾਲਟ ਨੂੰ ਇਕ ਮਿੰਨੀ ਗਲੋਬ ਜਾਂ ਗਲੋਬਲ ਪਿੰਡ ਵਿਚ ਬਦਲ ਦੇਣਗੇ।

ਇਨ੍ਹਾਂ ਹੀ ਖ਼ਿਆਲਾਂ ਵਿਚ ਮੈਂ ਕਾਰ ਲੈ ਕੇ ਏਸ ਸੈਲਾਨੀ ਖਿੱਚ ਵਾਲੇ ਨਗਰ ਕਿਟਸਾਲਟ ਵਲਾਂ ਤੁਰ ਪਿਆ। ਸੈਲਾਨੀਆਂ ਦੀ ਆਵਾਜਾਈ ਵਿੱਚੋਂ ਆਪਣਾ ਰਾਹ ਬਣਾ ਕੇ ਮੈਂ ਸੜਕ ਦੇ ਪਰਲੇ ਕੰਢੇ ਬਣੀ ਬਾਰ ਵਲਾਂ ਤੁਰਨ ਹੀ ਲੱਗਾ ਸਾਂ ਕਿ ਮੈਨੂੰ ਕਿਸੇ ਨੇ ਗਲਵਕੜੀ ਵਿਚ ਲੈ ਲਿਆ।

ਇਹ ਜੀਨ ਹੀ ਸੀ।

"ਮੋ ... ਤੇਰੇ ਇਸ ਤੁਰਦੇ ਫਿਰਦੇ "ਭੂਤ ਨਗਰ" ਨੇ ਕਿਟਸਾਲਟ ਦਾ ਇਹ "ਭੂਤ ਨਗਰ" ਮੁੜ ਕੇ ਆਬਾਦ ਕਰ ਦਿੱਤਾ ਹੈ। ਅੱਗੇ ਇਹ ਇਕ ਕੰਪਨੀ ਦੀ ਇਕ ਖਾਣ ਦੇ ਕਾਮਿਆਂ ਤੇ ਪ੍ਰਬੰਧਕਾਂ ਦਾ ਨਗਰ ਸੀ, ਪਰ ਹੁਣ ਇਹ ਸਾਰੀ ਦੁਨੀਆਂ ਦੇ ਲੋਕਾਂ ਦਾ ਨਗਰ ਬਣ ਗਿਆ ਹੈ।"

ਮੈਂ ਕਿਹਾ, "ਕਿਟਸਾਲਟ ਤਾਂ ਮਿਲ ਗਿਆ, ਤੈਨੂੰ ਸੂਜ਼ੀ ਵੀ ਮਿਲੀ ਕਿ ਨਹੀਂ ?"

ਉਹ ਹੱਸਿਆ ਤੇ ਮੇਰਾ ਹੱਥ ਫੜ ਕੇ ਉਹ ਮੈਨੂੰ ਆਪਣੇ ਘਰ ਲੈ ਗਿਆ। ਦਸਤਕ ਦੇਣ 'ਤੇ ਬੂਹਾ ਖੁੱਲ੍ਹਾ ਤਾਂ ਮੂਹਰੇ ਤਿੰਨ ਕੁ ਮਹੀਨੇ ਦੇ ਬਾਲ ਨੂੰ ਚੁੱਕੀ ਸੂਜ਼ੀ ਖੜੋਤੀ ਸੀ। ਸੂਜ਼ੀ ਬੋਲੀ,

"ਮੋ ... ਜ਼ੀਨ ਨੇ ਮੇਰਾ ਪਿੱਛਾ ਨਹੀਂ ਛੱਡਿਆ ... ਤੇ ਹੁਣ ...।"

ਜੀਨ ਵਿੱਚੋਂ ਹੀ ਬੋਲਿਆ,

"ਤੇ ਹੁਣ ਇਸ ਜੀਨ ਜੂਨੀਅਰ ਨੇ ਸਾਨੂੰ ਦੋਹਾਂ ਨੂੰ ਇਕ ਨਵੇਂ ਹੀ ਰਿਸ਼ਤੇ ਵਿਚ ਬੰਨ੍ਹ ਦਿੱਤਾ ਹੈ।"

ਮੈਂ ਪੁੱਛਿਆ,

"ਸ਼ਾਦੀ ਕਦੋਂ ਕੀਤੀ ?"

"ਉਸ ਦੀ ਲੋੜ ਹੀ ਨਹੀ ਸਮਝੀ। ਸ਼ਾਦੀਆਂ ਤੇ ਕਸਮਾਂ ਦਾ ਆਸਰਾ ਕਮਜ਼ੋਰ ਲੋਕ ਲੈਂਦੇ ਹਨ। ਰਿਸ਼ਤਿਆਂ ਦੀ ਬੁਨਿਆਦ ਤਾਂ ਭਰੋਸਾ ਹੁੰਦਾ ਹੈ ਤੇ ਨਾਲੇ ...।"

ਉਹ ਰੁਕਿਆ ਤੇ ਫਿਰ ਆਪਣੇ ਪੁੱਤਰ ਜੀਨ ਜੂਨੀਅਰ ਵਲ ਵੇਖਦਾ ਹੋਇਆ ਬੋਲਿਆ,

"ਇਹ ਇਸ ਨਵ-ਵੱਸੇ ਗਲੋਬਲ ਨਗਰ ਵਿਚ ਜੰਮਿਆਂ, ਇਸ ਦਾ ਪਹਿਲਾ ਸ਼ਹਿਰੀ ਹੈ।"

ਉਹ ਫੇਰ ਰੁਕਿਆ ਤੇ ਇੱਕੋ ਵੇਲੇ ਸਾਡੇ ਤਿੰਨਾਂ ਵਲ ਵੇਖਦਾ ਹੋਇਆ ਬੋਲਿਆ,

"ਜਿੰਨਾ ਚਿਰ ਮਨੁੱਖ ਦੇ ਅੰਦਰ ਆਬਾਦ ਹੋਣ ਦੀ ਇੱਛਾ ਕਾਇਮ ਹੈ, ਉਹ ਹਰ "ਭੂਤ ਨਗਰ" (Ghost Town) ਨੂੰ, "ਜੀਵਨ ਨਗਰ" ਵਿਚ ਬਦਲ ਸਕਦਾ ਹੈ। ਉਹ ਕਿਤੇ ਵੀ ਚਲਾ ਜਾਵੇ, ਆਬਾਦੀ, ਘਰ ਤੇ ਸੰਸਾਰ ਨਾਲ ਜੁੜੇ ਸਭ ਸੰਕਲਪ, ਉਸ ਦੇ ਨਾਲ, ਆਪ ਹੀ ਤੁਰ ਪੈਂਦੇ ਹਨ।"

ਜੀਨ, ਸੂਜ਼ੀ ਤੇ ਜੀਨ ਜੂਨੀਅਰ ਨੂੰ ਗਲਵਕੜੀ ਵਿਚ ਲੈ ਕੇ ਮੁਸਕਰਾ ਰਿਹਾ ਸੀ। ਉਸ ਦੀ ਮੁਸਕਰਾਹਟ ਵਿਚ ਅੱਜ ਇਕ ਵੱਖਰੀ ਤੇ ਜੀਵਨ ਦੀ ਸਦ-ਆਬਾਦੀ ਜੇਡੀ ਵੱਡੀ ਅਦਾ ਸੀ।

ਲਿਖਣ ਮਿਤੀ : 20 ਜੁਲਾਈ, 2009

# ਚੱਕ੍ਰਵਯੂਹ ਦੇ ਅੰਦਰ, ਚੱਕ੍ਰਵਯੂਹ ਤੋਂ ਬਾਹਰ

ਸਰਦਾਰਾ ਸਿੰਘ ਇਕ ਗੁਰਦਵਾਰੇ ਦੀ ਪ੍ਰਬੰਧਕ ਕਮੇਟੀ ਦਾ ਸਰਗਰਮ ਕਾਰਕੁਨ ਸੀ। ਵਾਰੀ ਸਿਰ ਕਦੇ ਉਹ ਪ੍ਰਧਾਨ ਬਣ ਜਾਂਦਾ, ਕਦੇ ਜਨਰਲ ਸਕੱਤਰ ਅਤੇ ਕਦੇ ਖ਼ਜ਼ਾਨਚੀ। ਉਸ ਦੀ ਪਤਨੀ ਸਵਰਨ ਕੌਰ ਵੀ ਗੁਰਦਵਾਰੇ ਦੀ ਸਫ਼ਾਈ ਤੇ ਲੰਗਰ ਦੇ ਪ੍ਰਬੰਧ ਲਈ ਬਣੀ ਇਸਤਰੀਆਂ ਦੀ ਕਮੇਟੀ ਦੀ ਅਹਿਮ ਰੁਕਨ ਸੀ।

ਸਰਦਾਰਾ ਸਿੰਘ ਇਕ ਫਰਨੀਚਰ ਸਟੋਰ ਚਲਾਉਂਦਾ ਸੀ ਅਤੇ ਸਵਰਨ ਕੌਰ ਕੱਪੜੇ ਦਾ ਸਟੋਰ। ਕੱਪੜੇ ਦੇ ਸਟੋਰ ਵਿਚ ਹੀ ਨਕਲੀ ਗਹਿਣਿਆਂ, ਮੇਕ-ਅੱਪ, ਤੁਹਫ਼ੇ (Gifts), ਧਾਰਮਕ ਤੇ ਹੋਰ ਪੁਸਤਕਾਂ ਦੇ ਅਯਾਤ ਦਾ ਧੰਦਾ ਵੀ ਸ਼ਾਮਿਲ ਸੀ, ਜਿਸ ਵਿਚ ਉਨ੍ਹਾਂ ਦੇ ਦੋ ਛੋਟੇ ਪੁੱਤਰ ਪਰਮਜੀਤ ਤੇ ਰਣਜੀਤ ਤੋਂ ਬਿਨਾਂ ਇਨ੍ਹਾਂ ਦੋਹਾਂ ਦੇ ਵਿਚਕਾਰ ਪੈਦਾ ਹੋਈ ਉਨ੍ਹਾਂ ਦੀ ਪੁੱਤਰੀ ਤਰਨਜੀਤ ਵੀ ਹੱਥ ਵਟਾਉਂਦੀ ਸੀ।

ਸਰਦਾਰਾ ਸਿੰਘ ਦਾ ਘਰ ਬਹੁਤ ਵੱਡਾ ਸੀ। ਸੱਤ ਬੈੱਡਰੂਮ, ਗੈਸਟ ਹਾਊਸ ਤੇ ਪੂਲ (Pool) ਇਸ ਵਿਚ ਸ਼ਾਮਿਲ ਸਨ। ਫ਼ਰਨੀਚਰ ਤੋਂ ਬਿਨਾਂ ਹੋਰ ਖ਼ੂਬਸੂਰਤ ਤੇ ਕੀਮਤੀ, ਲੋੜ ਦੇ ਸਾਮਾਨ ਨਾਲ ਇਹ ਘਰ ਭਰਿਆ ਹੋਇਆ ਸੀ। ਸਾਰਿਆਂ ਕੋਲ ਆਪੋ, ਆਪਣੀਆਂ ਕੀਮਤੀ ਕਾਰਾਂ ਸਨ।

ਸਾਮਾਨ ਦੀ ਢੋ, ਢੁਆਈ ਤੇ ਡਲਿਵਰੀ (Delivery), ਲਈ ਰੱਖੇ ਵੈਨਾਂ ਅਤੇ ਟਰੱਕ ਸਰਦਾਰਾ ਸਿੰਘ ਦੇ ਬੱਚੇ ਆਪ ਹੀ ਚਲਾ ਲੈਂਦੇ ਸਨ। ਘਰ ਦੇ ਕੰਮ ਕਾਰ ਲਈ ਆਪਣੀ ਕੋਈ ਦੂਰ ਦੀ ਰਿਸ਼ਤੇਦਾਰ ਔਰਤ ਉਨ੍ਹਾਂ ਨੇ ਨੈਨੀ (Nanny) ਬਣਾ ਕੇ ਮੰਗਵਾਈ ਹੋਈ ਸੀ।

ਸਰਦਾਰਾ ਸਿੰਘ ਦਾ ਵੱਡਾ ਮੁੰਡਾ ਸੁਖਜੀਤ ਅੱਜ ਕੱਲ੍ਹ ਮੁੱਖ ਤੌਰ ਉੱਤੇ ਅਮਰੀਕਾ ਵਿਚ ਹੀ ਰਹਿੰਦਾ ਸੀ। ਉਂਜ ਇਕ ਸੇਲਜ਼ਮੈਨ ਦੇ ਤੌਰ ਉੱਤੇ ਉਹ ਮੈਕਸੀਕੋ ਤੇ ਕੈਨੇਡਾ ਵਿਚ ਆਉਂਦਾ ਜਾਂਦਾ ਰਹਿੰਦਾ ਸੀ। ਪਹਿਲਾਂ ਉਹ ਵੀ ਏਥੇ ਕੈਨੇਡਾ ਵਿਚ ਹੀ ਹੁੰਦਾ ਸੀ ਅਤੇ ਏਥੋਂ ਦੀ ਇਕ ਟਰੱਕਿੰਗ ਕੰਪਨੀ ਵਿਚ ਡਰਾਈਵਰ ਦੀ ਨੌਕਰੀ ਕਰਦਾ ਹੁੰਦਾ ਸੀ। ਉਹ, ਸਰਦਾਰਾ ਸਿੰਘ ਅਨੁਸਾਰ, ਬੜਾ ਮਿਹਨਤੀ ਤੇ ਲਗਨ ਵਾਲਾ ਕਮਾਊ ਪੁੱਤਰ ਸੀ, ਜਿਸ ਨੇ ਹੱਡ-ਤੋੜਵੀਂ ਮਿਹਨਤ ਕਰਕੇ ਛੇਤੀ ਹੀ ਆਪਣਾ ਟਰੱਕ, ਕਿਸ਼ਤਾਂ ਉੱਤੇ ਲੈ ਲਿਆ। ਇਸ ਤਰ੍ਹਾਂ ਉਹ ਮਾਲਕ ਡਰਾਈਵਰ (Owner Operator) ਬਣ ਕੇ ਵੀ ਇਸੇ ਹੀ ਕੰਪਨੀ ਦੇ ਮਾਲ ਦੀ ਢੋ, ਢਵਾਈ ਕਰਦਾ ਰਿਹਾ।

ਕੈਨੇਡਾ ਤੋਂ ਉਹ ਇਮਾਰਤੀ ਲੱਕੜੀ (Lumber) ਜਾਂ ਆਰਾ-ਮਿੱਲ ਦੀਆਂ ਹੋਰ ਨਿਰਯਾਤ-ਵਸਤਾਂ ਅਮਰੀਕਾ ਲੈ ਕੇ ਜਾਂਦਾ ਸੀ ਅਤੇ ਅਮਰੀਕਾ ਤੋਂ ਲੋਹੇ, ਸਟੀਲ ਆਦਿ ਤੋਂ ਬਿਨਾ ਹੋਰ ਸਾਮਾਨ, ਵਾਪਸੀ ਉੱਤੇ, ਕੈਨੇਡਾ ਲੈ ਆਉਂਦਾ ਸੀ। ਉਸ ਦੇ ਟਰੱਕ ਵਿਚ ਭੇਜਣ ਲਈ ਵਸਤਾਂ ਦੇ ਲੱਦਣ ਤੇ ਉਨ੍ਹਾਂ ਨੂੰ ਉਤਾਰਨ ਦਾ ਕੰਮ ਇਹ ਕੰਪਨੀ ਆਪ ਕਰਦੀ ਜਾਂ ਕਰਵਾਉਂਦੀ ਸੀ। ਸੁਖਜੀਤ ਨੂੰ ਲੱਗੇ ਹੋਏ ਘੰਟਿਆਂ ਅਨੁਸਾਰ ਚੰਗੀ ਚੋਖੀ ਤਨਖਾਹ ਮਿਲ ਜਾਂਦੀ ਸੀ। ਮਾਲਕ ਤੇ ਚਾਲਕ ਜਾਂ ਡਰਾਈਵਰ ਬਣ ਕੇ ਉਸ ਦੀ ਕਮਾਈ ਵਿਚ ਹੋਰ ਵੀ ਵਾਧਾ ਹੋ ਗਿਆ।

ਅਮਰੀਕਾ ਦੀ ਸਰਹੱਦ, ਕੈਨੇਡਾ ਦੇ ਸਰੀ ਨਗਰ ਤੋਂ 20 ਕੁ ਕਿਲੋਮੀਟਰ ਦੀ ਦੂਰੀ ਉੱਤੇ ਹੈ। ਸਰਹੱਦ

ਦੇ ਏਸ ਪਾਸੇ ਸਰੀ (Surrey) ਤੇ ਵਾਈਟ ਰਾਕ (White Rock), ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਦੇ, ਸਰਹੱਦੀ ਸ਼ਹਿਰ ਹਨ ਤੇ ਦੂਜੇ ਪਾਸੇ ਅਮਰੀਕਾ ਦੀ ਸਰਹੱਦ ਉੱਤੇ ਵਸਿਆ ਹੋਇਆ ਸ਼ਹਿਰ ਬਲੇਨ (Baline) ਹੈ, ਜਿਸ ਤੋਂ ਅੱਗੇ ਬੈਲਿੰਗਹੈਮ (Bellingham) ਤੇ ਸਿਆਟਲ (Seattle) ਦੇ ਪ੍ਰਸਿੱਧ ਅਮਰੀਕਨ ਸ਼ਹਿਰ ਹਨ। ਸਰੀ, ਗ੍ਰੇਟਰ ਵੈਨਕੂਵਰ ਦੀਆਂ ਮਿਊਂਸਪੈਲਟੀਆਂ ਵਿੱਚੋਂ, ਇਕ ਘਣਵੱਸੀ ਮਿਊਂਸਪੈਲਟੀ ਹੈ, ਜਿਸ ਵਿਚ ਪੰਜਾਬੀਆਂ ਦੀ ਬਹੁਤ ਸੰਘਣੀ ਵੱਸੋਂ ਹੈ।

ਸੁਖਜੀਤ ਸਰੀ ਜਾਂ ਵੈਨਕੂਵਰ ਤੋਂ ਟਰੱਕ ਲੱਦਦਾ ਤੇ ਸਿਆਟਲ ਵਿਚ ਜਾ ਲਾਹੁੰਦਾ। ਸਿਆਟਲ ਸਰੀ ਤੋਂ 120 ਮੀਲ ਜਾਂ 200 ਕਿਲੋਮੀਟਰ ਦੀ ਦੂਰੀ ਉੱਤੇ ਹੈ।

ਅਮਰੀਕਾ ਤੇ ਕੈਨੇਡਾ ਦੀ ਇਹ ਸਰਹੱਦ ਬਹੁਤ ਲੰਮੀਂ ਹੈ। ਸ਼ਾਂਤ ਮਹਾਂਸਾਗਰ ਤੋਂ ਅੰਧ ਮਹਾਂਸਾਗਰ ਤਕ ਫੈਲੀ ਇਹ ਸਰਹੱਦ, 4987 ਮੀਲ ਜਾਂ 6416 ਕਿਲੋਮੀਟਰ, ਲੰਮੀਂ ਹੈ। ਇਨ੍ਹਾਂ ਦੋ ਦੇਸਾਂ ਵਿਚ ਫੈਲੀ ਇਹ ਦੁਨੀਆਂ ਦੀ ਸਭ ਤੋਂ ਲੰਮੀਂ ਸਰਹੱਦ ਹੈ, ਜਿਸ ਉੱਤੇ ਹੋਰ ਦੇਸ਼ਾਂ ਵਾਂਗ ਥਾਂ-ਪਰ-ਥਾਂ ਫੌਜ ਜਾਂ ਸੁਰੱਖਿਆ ਗਾਰਡ ਤਈਨਾਤ ਨਹੀਂ ਹਨ। ਇਹ ਲਗਭਗ ਅਸੁਰੱਖਿਅਤ ਹੀ ਹੈ।

ਹਥਿਆਰਾਂ, ਨਸ਼ੀਲੇ ਪਦਾਰਥਾਂ ਅਤੇ ਮਾਨਵ-ਜਾਤੀ ਦੀ ਤਸਕਰੀ ਵਧ ਜਾਣ ਕਰਕੇ ਹੁਣ ਇਸ ਦੀਆਂ ਮੁੱਖ ਸੜਕਾਂ ਉੱਤੇ ਚੈੱਕ ਪੋਸਟ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ। ਨਸ਼ੀਲੇ ਪਦਾਰਥ ਸੁੰਘਣ ਵਾਲੇ ਕੁੱਤੇ, ਤਕਨੀਕੀ ਜਾਸੂਸੀ ਦੀਆਂ ਸੁਵਿਧਾਵਾਂ ਤੇ ਹੋਰ ਵਿਸ਼ੇਸ਼ਗਯ ਵੀ ਏਥੇ ਹੁਣ ਤਈਨਾਤ ਕੀਤੇ ਜਾ ਰਹੇ ਹਨ। ਛੇਤੀ ਹੀ ਏਸ ਸਰਹੱਦ ਉੱਤੇ ਬਿਨਾਂ ਮਨੁੱਖ ਤੋਂ ਸ੍ਵੈਕਾਰ ਰੂਪ ਵਿਚ ਉੱਡਣ ਵਾਲੇ ਹਥਿਆਰਬੰਦ ਜਾਸੂਸੀ ਵਿਮਾਨ 'ਡਰੋਨ' (Drone) ਦੀਆਂ ਉਡਾਣਾਂ ਅਰੰਭ ਹੋਣ ਦੀ ਵੀ ਸੰਭਾਵਨਾ ਹੈ।

ਸੁਖਜੀਤ ਨੇ ਜਦੋਂ ਟਰੱਕ ਡਰਾਈਵਰੀ ਦਾ ਕੰਮ ਸ਼ੁਰੂ ਕੀਤਾ ਸੀ, ਉਦੋਂ ਇਹ ਸਰਹੱਦ ਖੁੱਲ੍ਹੀ ਸੀ ਅਤੇ ਇਸ ਦਾ ਪ੍ਰਬੰਧ 'ਖੁੱਲ੍ਹੀ ਸਰਹੱਦ ਨੀਤੀ' (Open Border Policy) ਅਧੀਨ ਹੀ ਕੀਤਾ ਜਾਂਦਾ ਸੀ। ਚੈਕਿੰਗ ਨਾ ਹੋਣ ਦੇ ਬਰਾਬਰ ਅਤੇ ਆਵਾਜਾਈ ਖੁੱਲ੍ਹੀ ਤੇ ਸੁਤੰਤਰ ਸੀ। ਬਾਰਡਰ ਸਕਿਊਰਿਟੀ ਦੀ ਕੋਈ ਸਖ਼ਤੀ ਨਹੀਂ ਸੀ।

ਇਨ੍ਹਾਂ ਦਿਨਾਂ ਵਿਚ ਹੀ, ਜਿਸ ਕੰਪਨੀ ਲਈ ਸੁਖਜੀਤ ਟਰੱਕ ਚਲਾਉਂਦਾ ਸੀ, ਉਸ ਨੇ ਟਰੱਕਾਂ ਵਿਚ ਵਿਸ਼ੇਸ਼ ਰੂਪ ਵਿਚ ਬਣਾਏ ਗੁਪਤ ਖਾਨਿਆਂ ਵਿਚ, ਤਸਕਰੀ ਨਾਲ ਸੰਬੰਧਤ ਵਸਤਾਂ ਛੁਪਾ ਕੇ, ਹੋਰ ਵਸਤਾਂ ਦੇ ਨਾਲ ਭੇਜਣੀਆਂ ਆਰੰਭ ਕਰ ਦਿੱਤੀਆਂ। ਇਸ ਤਰ੍ਹਾਂ ਜਿੱਥੇ ਸੁਖਜੀਤ ਦੇ ਜ਼ਿੰਮੇਂ ਲੱਗੇ ਕਰਤੱਵਾਂ (Duties) ਵਿਚ ਵਾਧਾ ਹੋ ਗਿਆ, ਉੱਥੇ ਉਸ ਦੀ ਆਮਦਨ ਵੀ ਲਗਾਤਾਰ ਵਧਦੀ ਗਈ। ਇਨ੍ਹਾਂ ਦਿਨਾਂ ਵਿਚ ਹੀ ਉਸ ਨੇ ਫਾਰਮਾਂ ਵਿਚ ਘੱਟ ਤੋਂ ਘੱਟ ਰੋਜ਼ਾਨਾ ਮਜ਼ਦੂਰੀ ਉੱਤੇ ਕੰਮ ਕਰ ਰਹੇ ਆਪਣੇ ਮਾਂ, ਬਾਪ ਨੂੰ, ਕੰਮ ਤੋਂ ਹਟਾ ਕੇ ਪਹਿਲਾਂ ਇਕ ਛੋਟਾ ਜਨਰਲ ਸਟੋਰ ਤੇ ਫਿਰ ਹੌਲੀ, ਹੌਲੀ ਫ਼ਰਨੀਚਰ ਤੇ ਕੱਪੜੇ ਦੇ ਸਟੋਰ ਲੈ ਦਿੱਤੇ। ਆਪਣੇ ਦੋ ਭਰਾਵਾਂ ਤੇ ਭੈਣਾਂ ਨੂੰ ਵੀ ਉਸ ਨੇ ਇਸੇ ਬਿਓਪਾਰ ਜਾਂ ਕਾਰੋਬਾਰ ਵਿਚ ਸਥਾਪਤ ਕਰ ਦਿੱਤਾ।

ਉਨ੍ਹਾਂ ਦਿਨਾਂ ਵਿਚ ਸੁਖਜੀਤ ਇਮਾਰਤੀ ਲੱਕੜੀ ਦੇ ਨਾਲ, ਛੁਪਾ ਕੇ, ਕੈਨੇਡਾ ਤੋਂ ਮੈਰੇਵਾਨਾ (ਭੰਗ) ਅਮਰੀਕਾ ਲੈ ਕੇ ਜਾਂਦਾ ਅਤੇ ਵਾਪਸੀ ਉੱਤੇ ਸਟੀਲ ਦੇ ਹੇਠ ਕੋਕੇਨ, ਪਿਸਤੌਲ, ਸ੍ਵੈਕਾਰ ਬੰਦੂਕਾਂ ਤੇ ਹੋਰ ਹਥਿਆਰ ਜਾਂ ਅਸਲਾ ਛੁਪਾ ਕੇ, ਵਾਪਸ ਕੈਨੇਡਾ ਲਿਆਉਂਦਾ। ਇਸ ਤਰ੍ਹਾਂ, ਹੌਲੀ ਹੌਲੀ, ਉਸ ਦਾ ਅਮਰੀਕਾ ਤੇ ਕੈਨੇਡਾ ਦੇ ਵੱਡੇ ਤਸਕਰਾਂ ਤੇ ਉਨ੍ਹਾਂ ਦੇ ਕਾਰਿੰਦਿਆਂ ਜਾਂ ਮੁਲਾਜ਼ਮਾਂ ਨਾਲ ਸਿੱਧਾ ਸੰਪਰਕ ਬਣ ਗਿਆ।

ਉਹ ਆਪ ਵੀ, ਉਸ ਦੀ ਭੈਣ ਤੇ ਭਰਾ ਵੀ ਅਮਰੀਕਾ ਦੇ ਕਈ, ਕਈ ਗੇੜੇ ਆਪਣੀਆਂ ਕਾਰਾਂ ਉੱਤੇ ਹੀ ਲਾਉਂਦੇ। ਕਾਰਾਂ ਵਿਚ ਵੀ ਉਨ੍ਹਾਂ ਨੇ ਮੰਗ ਵਾਲੀਆਂ ਨਸ਼ੀਲੀਆਂ ਵਸਤਾਂ, ਹਥਿਆਰ ਅਤੇ ਤਸਕਰੀ ਦਾ ਹੋਰ ਸਾਮਾਨ, ਉਨ੍ਹਾਂ ਦੇ ਗੁਪਤ ਖਾਨਿਆਂ ਵਿਚ ਰੱਖ ਕੇ ਲਿਜਾਣਾ ਸ਼ੁਰੂ ਕਰ ਦਿੱਤਾ। ਮਾਨਵ-ਤਸਕਰੀ ਦੇ ਕੁਝ ਅਵਸਰ ਵੀ ਗਾਹੇ-ਬ-ਗਾਹੇ ਉਨਾਂ ਨੂੰ ਮਿਲਦੇ ਰਹੇ।

ਸੁਖਜੀਤ ਅਤੇ ਉਸ ਦੇ ਭੈਣ, ਭਰਾ ਇਸ ਖੇਤਰ ਵਿਚ ਨਿੱਤ ਨਵੀਆਂ ਮੱਲਾਂ ਮਾਰ ਰਹੇ ਸਨ। ਸਰਦਾਰਾ ਸਿੰਘ ਤੇ ਸਵਰਨ ਕੌਰ ਦਾ ਘਰ ਤੇ ਕਾਰੋਬਾਰ ਵੀ ਵਿਸ਼ਾਲ ਤੋਂ ਵਿਸ਼ਾਲਤਰ ... ਤੇ ਹੋਰ ਵਡੇਰਾ ਹੁੰਦਾ ਗਿਆ।

ਇਨ੍ਹਾਂ ਦਿਨਾਂ ਵਿਚ ਹੀ ਸੁਖਜੀਤ ਨੇ ਤਸਕਰੀ ਦੇ ਇਸ ਵੱਡੇ ਗੈਂਗ ਦੇ ਉਣੇ ਪ੍ਰਬੰਧਕੀ ਜਾਲੇ ਦੀ ਛਾਂ ਹੇਠਾਂ ਹੀ ਲੁਕ ਛੁਪ ਕੇ ਕੰਮ ਕਰਨ ਵਾਲੇ ਆਪਣੇ ਗੈਂਗ ਦੀ ਸਥਾਪਨਾ ਸ਼ੁਰੂ ਕਰ ਦਿੱਤੀ। ਸੰਪਰਕ ਉਸ ਦੇ ਬਣ ਚੁੱਕੇ ਸਨ, ਇਸ ਲਈ ਡਿਸਟਰੀਬਿਊਟਰਾਂ (Distributors) ਨੂੰ ਅੰਦਰ ਖਾਤੇ ਵਧੇਰੇ ਮੁਨਾਫ਼ਾ ਦੇ ਕੇ, ਆਪਣਾ ਮਾਲ ਵੀ ਵੇਚਣਾ ਸ਼ੁਰੂ ਕਰ ਦਿੱਤਾ।

ਇਨ੍ਹਾਂ ਦਿਨਾਂ ਵਿਚ ਹੀ ਸੁਖਜੀਤ ਨੇ ਭਾਰਤ, ਪਾਕਿਸਤਾਨ, ਅਫ਼ਗ਼ਾਨਿਸਤਾਨ, ਈਰਾਨ ਤੇ ਖਾੜੀ ਦੇ ਦੇਸ਼ਾਂ ਤੋਂ ਬਿਨਾਂ ਦੱਖਣ ਪੂਰਬੀ ਏਸ਼ੀਆ ਦੇ ਕੁਝ ਹੋਰ ਦੇਸ਼ਾਂ ਦੇ ਗੇੜੇ ਵੀ ਮਾਰੇ। ਅੰਮ੍ਰਿਤਸਰ ਵਿਚ, ਹਾਲ ਬਜ਼ਾਰ ਦੇ ਇਕ ਪੁਸਤਕ-ਵਿਕਰੇਤਾ ਨੂੰ ਆਪਣੇ ਨਾਲ ਗੰਢਿਆ। ਪਾਕਿਸਤਾਨ ਤੇ ਅਫ਼ਗ਼ਾਨਿਸਤਾਨ ਤੋਂ ਵਾਹਘਾ ਬਾਰਡਰ ਦੇ ਰਸਤੇ ਆਈ ਅਫ਼ੀਮ ਅਤੇ ਹੈਰੋਇਨ ਨੂੰ ਇਸ ਪੁਸਤਕ ਵਿਕਰੇਤਾ ਨੇ ਧਾਰਮਕ ਗਰੰਥਾਂ, ਪੋਥੀਆਂ, ਗੁਟਕਿਆਂ ਤੇ ਹੋਰ ਪੁਸਤਕਾਂ ਵਿਚ ਛੁਪਾ ਕੇ ਸੁਖਜੀਤ ਦੀ ਮਾਂ ਦੀ ਨਿਗਰਾਨੀ ਵਿਚ ਚੱਲ ਰਹੇ ਸਟੋਰ ਨੂੰ ਸਿੱਧੀ ਨਿਰਯਾਤ (Export) ਕਰਨੀ ਸ਼ੁਰੂ ਕਰ ਦਿੱਤੀ। ਫ਼ਰਨੀਚਰ ਤੇ ਕੱਪੜੇ ਦੇ ਕੰਟੇਨਰਾਂ (Containers) ਵਿਚ ਵੀ ਨਸ਼ੀਲੇ ਪਦਾਰਥਾਂ ਤੇ ਹੋਰ ਗੈਰ-ਕਾਨੂੰਨੀ ਵਸਤਾਂ ਦੀ ਤਸਕਰੀ ਸ਼ੁਰੂ ਕਰਵਾ ਲਈ ਗਈ।

ਤਸਕਰੀ ਦੇ ਧੰਦੇ ਵਿਚ ਇਕ ਸਾਧਾਰਨ ਮੁਲਾਜ਼ਮ ਤੋਂ ਕੰਮ ਸ਼ੁਰੂ ਕਰਕੇ ਸੁਖਜੀਤ ਹੁਣ ਖ਼ੁਦ ਇਕ ਗੈਂਗ ਦਾ ਸੰਚਾਲਕ ਬਣ ਗਿਆ ਸੀ।

ਹੁਣ, ਉਸ ਨੇ ਧਰਤੀ ਦੇ ਨਾਲ, ਨਾਲ ਪਾਣੀ ਅਤੇ ਹਵਾ ਦੇ ਰਸਤੇ ਰਾਹੀਂ ਵੀ ਤਸਕਰੀ ਦੇ ਇਸ ਧੰਦੇ ਦਾ ਵਿਸਥਾਰ ਕੀਤਾ।

ਗਾਹਕ ਉਹ ਹੀ ਸਨ ਅਤੇ ਇਸ ਤਰ੍ਹਾਂ ਬਣ ਰਹੇ ਨਵੇਂ ਗੈਂਗਾਂ ਦੇ ਪ੍ਰਭਾਵ-ਖੇਤਰ ਤੇ ਉਨ੍ਹਾਂ ਨਾਲ ਜੁੜੇ ਹਿਤ, ਇਕ ਦੂਜੇ ਨਾਲ ਟਕਰਾ ਜਾਂਦੇ। ਇੱਕਾ, ਦੁੱਕਾ ਕਤਲ ਹੁੰਦਾ। ਕਿਸੇ ਦੇ ਘਰ ਉੱਤੇ ਚਿਤਾਵਨੀ (Warning) ਲਈ ਗੋਲੀਆਂ ਚਲਾ ਦਿੱਤੀਆਂ ਜਾਂਦੀਆਂ। ਇਨ੍ਹਾਂ ਇੱਕਾ ਦੁੱਕਾ ਕਤਲਾਂ ਨੂੰ ਇਹ ਤਸਕਰ, ਪੋਲੀਸ ਤੇ ਕਾਨੂੰਨ ਤੋਂ ਬਚਣ ਲਈ, ਆਰਜ਼ੀ ਸਮਝੌਤੇ ਹੇਠ, ਜ਼ਾਤੀ ਦੁਸ਼ਮਣੀਆਂ ਦਾ ਰੂਪ ਦੇ ਜਾਂ ਦੁਆ ਦਿੰਦੇ।

ਆਪਣੇ ਅਮਰੀਕਨ ਹਿੱਸੇਦਾਰਾਂ (Partners) ਦੇ ਪ੍ਰਭਾਵ ਹੇਠ ਸੁਖਜੀਤ ਨੇ ਕੈਨੇਡਾ ਵਿਚ ਮੈਰੇਵਾਨਾ ਦੇ ਉਤਪਾਦਨ ਲਈ ਇਕ ਯੋਜਨਾ ਹੇਠ ਕੈਨੇਡਾ ਵਿਚ ਕੁਝ ਘਰ ਖ਼ਰੀਦੇ ਜਾਂ ਕਿਰਾਏ ਉੱਤੇ ਲਏ। ਇਨ੍ਹਾਂ ਵਿਚ ਇਸ ਮਸ਼ੀਨੀ ਯੁੱਗ ਦੀਆਂ ਤਕਨੀਕੀ ਸੁਵਿਧਾਵਾਂ ਦੀ ਵਰਤੋਂ ਨਾਲ ਮੈਰੇਵਾਨਾ ਬੀਜਣੀ ਤੇ ਉਗਾਉਣੀ ਸ਼ੁਰੂ ਕਰਵਾ ਦਿੱਤੀ। ਇਸ ਤਰ੍ਹਾਂ ਜੁ ਮੁਨਾਫ਼ਾ, ਉਨ੍ਹਾਂ ਕੋਲੋਂ, ਉਨ੍ਹਾਂ ਨੂੰ ਮੈਰੇਵਾਨਾ ਵੇਚਣ ਵਾਲਾ ਤਸਕਰ ਪ੍ਰਾਪਤ ਕਰਦਾ ਸੀ, ਉਹ ਮੁਨਾਫ਼ਾ ਹੁਣ ਉਹ ਆਪ ਕਮਾਉਣ ਲੱਗ ਪਏ। ਮੈਰੇਵਾਨਾ ਦੇ ਉਤਪਾਦਨ ਅਤੇ ਇਸ ਦੀ ਅਮਰੀਕਾ ਨੂੰ ਤਸਕਰੀ ਉੱਤੇ ਪੂਰਾ ਪੂਰਾ ਅਧਿਕਾਰ ਪ੍ਰਾਪਤ ਕਰਨ ਲਈ, ਸੁਖਜੀਤ ਅਤੇ ਉਸ ਦੇ ਗੈਂਗ ਨੇ, ਹਰ ਸੰਭਵ ਸਾਧਨ ਵਰਤਿਆ।

ਇਸੇ ਯੋਜਨਾ ਅਧੀਨ ਸੁਖਜੀਤ ਨੇ ਪਰਮਜੀਤ ਤੇ ਰਣਜੀਤ ਨੂੰ ਛੋਟੇ, ਪੱਖਿਆਂ ਵਾਲੇ ਵਿਮਾਨ (Propeller Planes) ਉਡਾਉਣ ਦੀ ਸਿਖਲਾਈ (Traning) ਦਿਵਾਈ। ਉਹ ਇਸ ਵਿਮਾਨ ਉੱਤੇ ਮੈਰੇਵਾਨਾ ਲੱਦਦੇ। ਸਰਹੱਦ ਉੱਤੋਂ ਓਸ ਥਾਂ ਉੱਤੇ ਉਡਾਣ ਭਰਦੇ, ਜਿੱਥੇ ਕੋਈ ਨਿਗਰਾਨੀ ਨਹੀਂ ਸੀ ਅਤੇ ਅਮਰੀਕਾ ਦੇ ਕਿਸੇ ਫਾਰਮ ਜਾਂ ਹੋਰ ਨਿਸ਼ਚਿਤ ਤੇ ਸੁਰੱਖਿਅਤ ਥਾਂ ਉੱਤੇ ਜਾ ਉੱਤਰਦੇ। ਇਸ ਤਰ੍ਹਾਂ ਹਵਾ ਰਾਹੀਂ ਵੀ ਉਨਾਂ ਦੇ ਤਸਕਰੀ ਦੇ ਧੰਦੇ ਨੂੰ ਕਾਫ਼ੀ ਤਰੱਕੀ ਮਿਲੀ। ਬਾਅਦ ਵਿਚ ਪਰਮਜੀਤ ਤੇ ਰਣਜੀਤ ਨੂੰ, ਸੁਖਜੀਤ ਨੇ ਪ੍ਰਬੰਧਕੀ ਕੰਮ ਵਿਚ ਲਾ ਦਿੱਤਾ ਤੇ ਵਿਮਾਨ ਚਲਾਉਣ ਲਈ ਤਨਖਾਹਦਾਰ ਚਾਲਕ (Pilot) ਰੱਖ ਲਏ।

ਇਨ੍ਹਾਂ ਦਿਨਾਂ ਵਿਚ ਹੀ ਸਰਹੱਦ ਪਾਰ ਕਰਨ ਤੋਂ ਪਹਿਲਾਂ ਹੀ ਸੁਖਜੀਤ ਹੁਰਾਂ ਦਾ ਇਕ ਵਿਮਾਨ ਇੰਜਨ ਵਿਚ ਪਈ ਤਕਨੀਕੀ ਖ਼ਰਾਬੀ ਕਾਰਨ ਜੰਗਲ ਵਿਚ ਡਿੱਗ ਪਿਆ। ਭਾੜੇ ਦੇ ਚਾਲਕ ਭੱਜ ਗਏ। ਪੋਲੀਸ ਪਹੁੰਚ ਗਈ। ਤਫ਼ਤੀਸ਼ ਸ਼ੁਰੂ ਹੋ ਗਈ। ਅਖ਼ਬਾਰਾਂ, ਟੀ.ਵੀ. ਤੇ ਰੇਡੀਓ ਉੱਤੇ ਵੱਡੀਆਂ, ਵੱਡੀਆਂ ਖ਼ਬਰਾਂ ਨਸ਼ਰ ਹੋਈਆਂ। ਕਿਆਸ-ਆਰਾਈਆਂ ਹੋਈਆਂ।

ਇਸ ਨਾਲ ਜਿੱਥੇ ਦੋਹਾਂ ਦੇਸ਼ਾਂ ਦੀ ਪੋਲੀਸ ਤੇ ਕਸਟਮਜ਼ ਵਿਭਾਗ ਦੇ ਅਧਿਕਾਰੀ ਚੌਕੰਨੇ ਹੋਏ, ਉੱਥੇ ਤਸਕਰਾਂ ਤੇ ਉਨ੍ਹਾਂ ਦੇ ਗੈਂਗਾਂ ਵਿਚ ਵੀ ਖਲਬਲੀ ਮਚ ਗਈ। ਸਰਹੱਦ ਉੱਤੇ ਸੁਰੱਖਿਆ ਸਖ਼ਤ ਕਰ ਦਿੱਤੀ ਗਈ। ਨਸ਼ੀਲੇ ਪਦਾਰਥਾਂ ਦੀ ਸੂਹ ਲਾਉਣ ਵਾਲੇ ਕੁੱਤਿਆਂ ਤੋਂ ਬਿਨਾ ਐਕਸ-ਰੇ ਮਸ਼ੀਨਾਂ ਅਤੇ ਹੋਰ ਜੰਤਰਾਂ ਦੀ ਵਰਤੋਂ ਵੀ ਪੋਲੀਸ ਤੇ ਕਸਟਮਜ਼ ਵਾਲਿਆਂ ਨੇ ਸ਼ੁਰੂ ਕਰ ਦਿੱਤੀ। ਹਵਾ ਰਾਹੀਂ ਹੋਣ ਵਾਲੀ ਤਸਕਰੀ ਨੂੰ ਕੰਟਰੋਲ ਕਰਨ ਲਈ, ਹਵਾਈ ਸਾਧਨਾਂ, ਤਕਨੀਕਾਂ ਤੇ ਵਿਮਾਨਾਂ ਦੀ ਚੌਕੀਦਾਰੀ ਦੀ ਰਫ਼ਤਾਰ ਵਿਚ ਤੇਜ਼ੀ ਆ ਗਈ।

ਅਮਰੀਕਾ ਤੇ ਕੈਨੇਡਾ ਵਿਚ ਅੰਤਰ-ਗੈਂਗ ਯੁੱਧ ਸ਼ੁਰੂ ਹੋ ਗਏ। ਸਰੇ ਬਾਜ਼ਾਰ ਗੋਲੀਆਂ ਦੀ ਬਰਖਾ ਕਰਕੇ 30-40 ਦੇ ਕਰੀਬ ਪੰਜਾਬੀ ਤੇ ਹੋਰ ਨੌਜਵਾਨ ਢੇਰ ਕਰ ਦਿੱਤੇ ਗਏ।

ਜਦੋਂ ਗੈਂਗਾਂ ਦੀ ਇਹ ਚੁਣੀ ਹੋਈ ਕਤਲੋਗ਼ਾਰਤ (Targeted Killings) ਜਾਰੀ ਹੋਈ, ਉਦੋਂ ਸੁਖਜੀਤ ਵੀ ਵੈਨਕੂਵਰ ਵਿਚ ਹੀ ਸੀ। ਉਹ ਕਦੇ ਕਿਸੇ ਹੋਟਲ ਵਿਚ ਠਹਿਰਦਾ, ਕਦੇ ਆਪਣੇ ਜਾਂ ਕਿਸੇ ਹੋਰ ਦੇ ਘਰ। ਕਲੱਬ ਵਿਚ ਜਾਂਦਾ, ਤਾਂ ਦੋ, ਤਿੰਨ ਅੰਗ-ਰੱਖਿਅਕ ਉਸ ਦੇ ਨਾਲ ਜਾਂਦੇ। ਉਹ ਜਿਸ ਟਰੱਕਾਂ ਵਾਲੀ ਕੰਪਨੀ ਨਾਲ ਪਹਿਲਾਂ, ਪਹਿਲਾਂ ਕੰਮ ਉੱਤੇ ਲੱਗਾ ਸੀ, ਉਸ ਨਾਲ ਸੰਬੰਧਤ ਤਸਕਰਾਂ ਦੇ ਵੱਡੇ ਗੈਂਗ ਦੀ ਨਜ਼ਰ ਹੁਣ ਉਸ ਉੱਤੇ ਸੀ। ਤੇਜ਼ੀ ਨਾਲ ਅਮੀਰ ਬਨਣ ਅਤੇ ਤੇਜ਼ ਰਫ਼ਤਾਰ ਜ਼ਿੰਦਗੀ ਜਿਊਣ ਦੀ ਇਹ ਲਾਲਸਾ, ਸੁਖਜੀਤ ਦੀ ਜੀਵਨ-ਸ਼ੈਲੀ ਬਣ ਚੁੱਕੀ ਸੀ।

ਇਨ੍ਹਾਂ ਦਿਨਾਂ ਵਿਚ ਹੀ ਉਹ ਇਕ ਦਿਨ ਸਵੇਰ ਸਾਰ ਪਰਮਜੀਤ ਤੇ ਰਣਜੀਤ ਨੂੰ ਕੁਝ ਹਿਦਾਇਤਾਂ ਦੇ ਕੇ ਘਰੋਂ ਬਾਹਰ ਹੀ ਨਿਕਲਿਆ ਸੀ ਕਿ ਦੋ ਜਾਂ ਤਿੰਨ ਅਣਪਛਾਤੇ ਮਖੌਟਾਧਾਰੀ ਗੰਨਮੈਨਾਂ ਨੇ ਅੰਧਾਧੁੰਦ ਗੋਲੀਆਂ ਚਲਾ ਕੇ, ਉਸ ਦੀ ਬਹੁਤ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ। ਪਰਮਜੀਤ ਤੇ ਰਣਜੀਤ ਵੇਖਦੇ ਹੀ ਰਹਿ ਗਏ। ਕੁਝ ਨਾ ਕਰ ਸਕੇ। ਘਰ ਵਿਚ ਹਾਹਾਕਾਰ ਮਚ ਗਈ। ਜਿੰਨੇਂ ਮੂੰਹ ਉੱਨੀਆਂ ਗੱਲਾਂ। ਅਖ਼ਬਾਰਾਂ ਤੇ ਹੋਰ ਮੀਡੀਆ ਉੱਤੇ ਵੱਡੀਆਂ, ਵੱਡੀਆਂ ਖ਼ਬਰਾਂ ਨਸ਼ਰ ਹੋਈਆਂ। ਪਰਵਾਰ ਦੇ ਪਿਛੋਕੜ ਦੇ ਪ੍ਰਸੰਗ ਵਿਚ ਕਿਆਸ ਅਰਾਈਆਂ ਹੋਈਆਂ। ਇਸ ਕਤਲ ਨੂੰ ਕਿਸੇ ਜ਼ਾਤੀ ਰੰਜਸ਼, ਦੁਸ਼ਮਣੀ ਜਾਂ ਈਰਖਾ ਦਾ ਰੂਪ ਦੇਣ ਦਾ ਯਤਨ ਵੀ ਕੀਤਾ ਗਿਆ। ਪੋਲੀਸ ਦੀ ਤਫ਼ਤੀਸ਼ ਅਤੇ ਪੁੱਛ ਪੜਤਾਲ ਵੀ ਜਾਰੀ ਸੀ।

ਸੁਖਜੀਤ ਦਾ ਦਾਹ-ਸਸਕਾਰ ਹੋਇਆ। ਆਤਮਕ ਸ਼ਾਂਤੀ ਲਈ ਅੰਤਿਮ ਅਰਦਾਸ ਕੀਤੀ ਗਈ। ਪਰਵਾਰ ਨੂੰ ਭਾਣਾ ਮੰਨਣ ਯੋਗ ਸਮਰੱਥਾ ਦੀ ਪ੍ਰਾਪਤੀ ਲਈ ਗੁਰਦਵਾਰੇ ਵਿਚ ਵਾਕ ਲਏ ਗਏ। ਅਰਦਾਸ ਕੀਤੀ ਗਈ। ਘਰ ਵਿਚ ਅਫ਼ਸੋਸ ਕਰਨ ਵਾਲਿਆਂ ਦਾ ਆਉਣ ਜਾਣ ਜਾਰੀ ਰਿਹਾ।

ਇਸ ਦੌਰਾਨ ਹੀ ਸਰਦਾਰਾ ਸਿੰਘ ਦੇ ਗਵਾਂਢ ਵਿਚ ਬਣੇ ਇਕ ਘਰ ਅਤੇ ਵੈਨਕੂਵਰ ਦੇ ਕੁਝ ਹੋਰ ਘਰਾਂ ਵਿਚ ਪੋਲੀਸ ਨੇ ਛਾਪੇ ਮਾਰ ਕੇ ਮੈਰੇਵਾਨਾ ਪੈਦਾ ਕਰਨ ਵਾਲੇ ਇਨ੍ਹਾਂ ਅੱਡਿਆਂ ਨੂੰ ਬੇਨਕਾਬ ਕੀਤਾ।

ਅਮਰੀਕਾ ਅਤੇ ਕੈਨੇਡਾ ਦੀ ਸਰਹੱਦ ਉੱਤੇ ਧਰਤੀ ਦੇ ਹੇਠਾਂ ਪੁੱਟੀ ਇਕ ਸੁਰੰਗ ਵਿੱਚੋਂ ਲੰਘ ਕੇ ਭੰਗ ਦੀ ਤਸਕਰੀ ਕਰਦੇ ਕੁਝ ਨੌਜਵਾਨ ਅਮਰੀਕਾ ਵਿਚ ਰੰਗੇ ਹੱਥੀਂ ਪਕੜੇ ਗਏ। ਇਹ ਸੁਰੰਗ (Tunnel) ਕੈਨੇਡਾ ਦੇ ਇਕ ਫਾਰਮ ਵਿੱਚੋਂ ਖੋਦੀ ਗਈ ਸੀ ਅਤੇ ਦੂਜੇ ਪਾਸੇ ਅਮਰੀਕਾ ਦੇ ਇਕ ਫਾਰਮ ਵਿਚ ਬਣੀ ਇਕ ਇਮਾਰਤ ਨਾਲ ਜੁੜੀ ਹੋਈ ਸੀ। ਮੀਡੀਆ ਵਿਚ ਮੁਖਬਰੀ ਕਰਨ ਦੇ ਕਿਆਫ਼ੇ ਲੱਗ ਰਹੇ ਸਨ।

ਸਰਦਾਰਾ ਸਿੰਘ ਤੇ ਸਵਰਨ ਕੌਰ ਨੇ, ਜੁ ਅੱਖਾਂ, ਆਉਂਦੀ ਮਾਇਆ ਵਲ ਵੇਖਕੇ, ਜਾਣ ਬੁੱਝ ਕੇ ਜਾਂ ਅਰਧ-ਸਹਿਮਤੀ ਵਿਚ ਬੰਦ ਕੀਤੀਆਂ ਹੋਈਆਂ ਸਨ, ਉਹ ਹੁਣ ਪੂਰੀ ਤਰ੍ਹਾਂ ਨਾਲ ਖੁੱਲ੍ਹ ਚੁੱਕੀਆਂ ਸਨ।

ਪਰਮਜੀਤ, ਰਣਜੀਤ ਤੇ ਤਰਨਜੀਤ ਨੂੰ ਆਪਣੇ ਸਾਮ੍ਹਣੇ ਬਿਠਾ ਕੇ, ਉਹ ਸਮਝਾਉਣ ਦਾ ਯਤਨ ਕਰਦਾ ਹੋਇਆ ਬੋਲਿਆ,

"ਇਹ ਕੰਮ ਅਜੇ ਵੀ ਛੱਡ ਦਿਓ। ਮਰਨ ਵਾਲਾ ਮਰ ਗਿਆ, ਪਰ ਤੁਸੀਂ ਤਾਂ ਆਪਣੇ ਆਪ ਨੂੰ ਬਚਾਓ।"

"ਬਾਪੂ ਜੀ ! ਇਸ ਚੱਕਰ ਵਿਚ ਪੈਣਾ ਸੌਖਾ, ਪਰ ਇਸ ਵਿੱਚੋਂ ਨਿਕਲਣਾ ਬਹੁਤ ਔਖਾ ਹੀ ਨਹੀਂ, ਅਸੰਭਵ ਹੈ।" ਰਣਜੀਤ ਬੋਲਿਆ।

"ਮੈਨੂੰ ਤੁਹਾਡੀ ਜ਼ਿੰਦਗੀ ਚਾਹੀਦੀ ਹੈ ਦੌਲਤ ਨਹੀਂ। ਧਨ 'ਕੱਠਾ ਕਰਦਾ ਕਰਦਾ 'ਵੱਡਾ' ਮਿੱਟੀ ਵਿਚ ਜਾ ਮਿਲਿਆ ... ਤੇ ਤੁਸੀਂ ...।"

"ਵੀਰ ਜੁ ਕੁਝ ਛੱਡ ਗਿਆ, ਉਸ ਨੂੰ ਉਸੇ ਦੇ ਹੁਕਮ ਅਨੁਸਾਰ ਸਾਂਭਣਾ ਪਵੇਗਾ। ਬਹੁਤ ਵੱਡੀ ਜ਼ਿੰਮੇਂਵਾਰੀ ਹੈ, ਇਹ ਬਾਪੂ ਜੀ।" ਪਰਮਜੀਤ ਬੋਲਿਆ।

"ਮੈਂ ਤੁਹਾਨੂੰ ਆਖਿਰੀ ਵਾਰਨਿੰਗ ਦੇ ਰਿਹਾਂ। ਹੱਟ ਜਾਓ ਏਸ ਕੰਮ ਤੋਂ, ਨਹੀਂ ਤਾਂ ਮੈਂ ਪੋਲਿਸ ਨੂੰ ਸਭ ਕੁਝ ਦਸ ਦੇਣਾ ਹੈ। ਤੁਹਾਡੇ ਸਭ ਸਾਥੀ ਫੜਵਾ ਦੇਣੇ ਹਨ।"

"ਇਹ ਠੀਕ ਨਹੀਂ ਬਾਪੂ ਜੀ ! ਤਸਕਰ ਗੈਂਗ ਨੇ ਬਦਲੇ ਦੀ ਭਾਵਨਾ ਹੇਠ ਸਾਡਾ ਸਰਬੰਸ-ਨਾਸ ਕਰ ਦੇਣਾ ਹੈ।" ਤਰਨਜੀਤ ਨੇ ਆਖਿਆ।

"ਮੈਂ ਤੁਹਾਨੂੰ ਵਾਰਨਿੰਗ ਦੇ ਦਿੱਤੀ ਹੈ। ਜੇਲ੍ਹ ਹੋਵੇਗੀ ਤੁਹਾਨੂੰ ... ਜਿਊਂਦੇ ਤਾਂ ਰਹੋਗੇ। ਕੋਈ ਵੀ ਮਾਂ ਬਾਪ ਆਪਣੇ ਬੱਚਿਆਂ ਦੀ ਮੌਤ ਨਹੀਂ ਚਾਹੁੰਦੇ। ਇਸ ਤਸਕਰੀ ਨੇ ਸੁਖਜੀਤ ਵਾਂਗ ਹੀ ਤੁਹਾਡਾ ਬੇਰਹਿਮੀਂ ਨਾਲ ਕਤਲ ਕਰਨਾ ਹੈ। ਜੇ ਤੁਸੀਂ ਇਹ ਰਸਤਾ ਨਾ ਛੱਡਿਆ, ਤਾਂ ਮੈਂ ਤੁਹਾਨੂੰ ਤੇ ਤੁਹਾਡੇ ਸਾਥੀਆਂ ਨੂੰ ਕਾਨੂੰਨ ਦੇ ਹਵਾਲੇ ਕਰ ਦੇਣਾ ਹੈ। ਇਹ ਵਾਰਨਿੰਗ ਹੈ।"

ਗੁੱਸੇ ਵਿਚ ਸਰਦਾਰਾ ਸਿੰਘ ਤੇ ਸਵਰਨ ਕੌਰ ਆਪਣੇ ਕਮਰੇ ਵਿਚ ਚਲੇ ਗਏ। ਤਿੰਨੇ ਭੈਣ ਭਰਾ ਆਪਸ ਵਿਚ ਖੁਸਰ ਫੁਸਰ ਕਰਦੇ ਰਹੇ ਤੇ ਫਿਰ ਪਰਮਜੀਤ ਨੇ ਆਪਣੇ ਸਾਥੀਆਂ ਨਾਲ ਆਪਣੇ ਬਾਪੂ ਜੀ ਦੀ ਵਾਰਨਿੰਗ ਬਾਰੇ ਸਲਾਹ ਮਸ਼ਵਰਾ ਸ਼ੁਰੂ ਕੀਤਾ।

ਦੂਜੇ ਦਿਨ ਸਵੇਰੇ ਪੰਜ ਕੁ ਵਜੇ ਜਦੋਂ ਸਰਦਾਰਾ ਸਿੰਘ ਗੁਰਦੁਆਰੇ ਜਾਣ ਲਈ, ਗਰਾਜ ਵਿੱਚੋਂ ਕਾਰ ਕੱਢਣ ਲੱਗਾ, ਤਾਂ ਕੁਝ ਅਣਪਛਾਤੇ ਬੰਦੂਕਧਾਰੀਆਂ ਨੇ ਉਸ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਉਸ ਦੀ ਹੱਤਿਆ ਕਰ ਦਿੱਤੀ। ਏਸ ਤੋਂ ਪਹਿਲਾਂ ਕਿ ਸਰਦਾਰਾ ਸਿੰਘ ਮੂੰਹ ਖੋਲ੍ਹਦਾ, ਜ਼ਬਾਨ ਸਦਾ ਲਈ ਖ਼ਾਮੋਸ਼ ਕਰ ਦਿੱਤੀ ਗਈ ਸੀ।

ਸਵਰਨ ਕੌਰ, ਤਰਨਜੀਤ, ਪਰਮਜੀਤ ਤੇ ਰਣਜੀਤ, ਸਰਦਾਰਾ ਸਿੰਘ ਦੀ ਲਾਸ਼ ਵਲ ਵੇਖ ਕੇ ਜ਼ਾਰ ਜ਼ਾਰ ਰੋ ਰਹੇ ਸਨ। ਉਨ੍ਹਾਂ ਨੂੰ ਇਹ ਚੰਗੀ ਤਰ੍ਹਾਂ ਪਤਾ ਲੱਗ ਚੁੱਕਾ ਸੀ ਕਿ ਤਸਕਰਾਂ ਨੇ ਸਰਦਾਰਾ ਸਿੰਘ ਨੂੰ ਪੋਲੀਸ ਸਟੇਸ਼ਨ ਜਾਣ ਤੋਂ ਹਮੇਸ਼ਾਂ ਵਾਸਤੇ ਰੋਕ ਦਿੱਤਾ ਸੀ।

ਸਰਦਾਰਾ ਸਿੰਘ ਦੇ ਸਸਕਾਰ ਤੋਂ ਬਾਦ ਤਾਂ ਜਿਵੇਂ ਘਰ ਵਿਚ ਮੁਰਦਨੀ ਛਾ ਗਈ ਸੀ।

ਦੂਜੇ ਦਿਨ ਪਰਮਜੀਤ, ਰਣਜੀਤ ਤੇ ਤਰਨਜੀਤ ਗ਼ਾਇਬ ਸਨ। ਸਵਰਨ ਕੌਰ ਆਪਣੇ ਪੇਕਿਆਂ ਦੇ ਘਰ ਤੁਰ ਗਈ ਸੀ। ਪਰਮਜੀਤ, ਰਣਜੀਤ ਤੇ ਤਰਨਜੀਤ ਕਿੱਥੇ ਗੁੰਮ ਹੋ ਗਏ ? ਤਰ੍ਹਾਂ, ਤਰ੍ਹਾਂ ਦੀਆਂ ਕਿਆਸ-ਆਰਾਈਆਂ ਹੋ ਰਹੀਆਂ ਸਨ। ਅੰਦਾਜ਼ੇ ਲੱਗ ਰਹੇ ਸਨ। ਢੂੰਡ ਭਾਲ ਹੋ ਰਹੀ ਸੀ। ਪਰ ਉਨ੍ਹਾਂ ਦੀ ਕੋਈ ਉੱਘ ਸੁੱਘ ਨਹੀਂ ਸੀ ਮਿਲ ਰਹੀ। ਕੀ ਉਨ੍ਹਾਂ ਨੂੰ ਤਸਕਰ ਚੁੱਕ ਕੇ ਲੈ ਗਏ ਸਨ ? ਕੀ ਉਨ੍ਹਾਂ ਨੂੰ ਜ਼ਮੀਨ ਨਿਗਲ ਗਈ ਸੀ ਜਾਂ ਆਸਮਾਨ ? ਸਵਾਲ ਹੀ ਸਵਾਲ ਸਨ ... ਤੇ ਹੁਣ ਬਹੁਤ ਦੇਰ ਬਾਅਦ ਕੁਝ ਲੋਕੀਂ ਇਹ ਵੀ ਸੋਚ ਰਹੇ ਸਨ ਕਿ ਪੋਲੀਸ ਨੇ ਉਨ੍ਹਾਂ ਨੂੰ ਆਪਣੀ ਸੁਰੱਖਿਆ ਵਿਚ ਲੈ ਕੇ ਵਾਅਦਾ-ਮੁਆਫ਼ ਗਵਾਹ ਬਣਾ ਲਿਆ ਸੀ। ਉਨ੍ਹਾਂ ਨੂੰ ਕੋਈ ਵੱਖਰੀ ਸ਼ਨਾਖ਼ਤ (Identity) ਦੇ ਕੇ, ਕਿਸੇ ਹੋਰ ਥਾਂ ਵਸਾਉਣ ਦਾ ਭਰੋਸਾ ਦਿੱਤਾ ਸੀ।

"ਉਨ੍ਹਾਂ ਦਾ ਹੁਣ ਕੀ ਨਾਮ ਹੈ ?"

"ਉਹ ਕਿੱਥੇ ਹਨ ?"

ਕੋਈ ਕੁਝ ਨਹੀਂ ਸੀ ਜਾਣਦਾ। ਅੰਦਾਜ਼ੇ ਸਨ ਤੇ ਅੰਦਾਜ਼ੇ ਲੱਗ ਰਹੇ ਸਨ।

-ਲਿਖਣ ਮਿਤੀ : 21 ਜੁਲਾਈ, 2009
(ਇੰਡੋ-ਕਨੇਡੀਅਨ ਟਾਈਮਜ਼, ਸਰੀ, ਬੀ.ਸੀ., ਕੈਨੇਡਾ ਦੇ
ਸਤੰਬਰ 10-16, 2009 ਅੰਕ ਵਿਚ ਪ੍ਰਕਾਸ਼ਤ)

# ਉਹਲਿਆਂ ਦੇ ਆਰ ਪਾਰ

ਵਡੇਰਾ ਵੈਨਕੂਵਰ ਪੰਜਾਬੀਆਂ ਦੀ ਘਣ-ਵੱਸੋਂ ਵਾਲਾ ਸ਼ਹਿਰ ਹੈ। ਏਥੇ ਜਦੋਂ ਵੀ ਆਓ, ਨਵੀਆਂ, ਨਵੀਆਂ, ਦੰਤ-ਕਥਾਵਾਂ ਸੁਨਣ ਨੂੰ ਮਿਲਦੀਆਂ ਹਨ। ਪੰਜਾਬੀ ਵਿਚ ਚੱਲਦੇ ਰੇਡੀਓ, ਟੀ.ਵੀ. ਪ੍ਰੋਗਰਾਮ ਅਤੇ ਅਖ਼ਬਾਰਾਂ, ਰਸਾਲੇ ਏਥੇ ਕਾਫ਼ੀ ਵੱਡੀ ਗਿਣਤੀ ਵਿਚ ਪ੍ਰਾਪਤ ਹਨ। ਇਸ ਵਾਰ, ਜਦੋਂ ਮੈਂ ਏਥੇ, ਕੁਝ ਦਿਨਾਂ ਲਈ ਆਇਆ, ਤਾਂ ਹਰ ਤਰਫ਼ ਪਰਵਾਰਕ ਹਿੰਸਾ, ਇਸਤਰੀਆਂ ਪਰ ਖ਼ਾਸ ਕਰ ਪਤਨੀਆਂ ਦੇ ਸ਼ੋਸ਼ਨ ਅਤੇ ਨੌਜਵਾਨ ਪੰਜਾਬੀ ਮੁੰਡਿਆਂ ਦੇ ਸਰੇ-ਬਾਜ਼ਾਰ ਕਤਲ ਦੇ ਚਰਚੇ ਆਮ ਸਨ। ਨਸ਼ੀਲੇ ਪਦਾਰਥਾਂ ਦੇ ਤਸਕਰ ਗੈਂਗਾਂ ਦੀ ਆਪਸੀ ਲੜਾਈ ਵਿਚ, ਛੇਤੀ ਛੇਤੀ ਅਮੀਰ ਹੋਣ ਦੇ ਲਾਲਚ ਵਿਚ, 40-50 ਦੇ ਕਰੀਬ ਨੌਜਵਾਨ ਚੁਣ ਕੇ ਮਾਰ ਦਿੱਤੇ ਗਏ ਸਨ।

ਦੋ ਔਰਤਾਂ ਦਾ ਕਤਲ ਤਾਂ ਮੇਰੇ ਏਥੇ ਹੁੰਦਿਆਂ ਹੀ ਹੋਇਆ। ਇਨ੍ਹਾਂ ਵਿੱਚੋਂ ਇਕ ਕਾਫ਼ੀ ਪੜ੍ਹੀ ਲਿਖੀ ਸੀ। ਯੂਨੀਵਰਸਿਟੀ ਵਿਚ ਲਾਇਬ੍ਰੇਰੀਅਨ ਲੱਗੀ ਹੋਈ ਸੀ। ਪਤੀ ਉਸ ਦਾ ਵੀ ਖਾਂਦਾ ਪੀਂਦਾ ਬਿਓਪਾਰੀ ਸੀ। ਉਸ ਦੇ ਕੁੱਛੜ ਦੋ ਕੁੜੀਆਂ ਸਨ ਤੇ ਤੀਜੇ ਬੱਚੇ ਦੀ ਉਹ ਉਡੀਕ ਕਰ ਰਹੀ ਸੀ। ਅਲਟਰਾ-ਸਾਊਂਡ ਟੈਸਟ ਤੋਂ ਜਦੋਂ ਇਹ ਪਤਾ ਲੱਗਾ ਕਿ ਆਉਣ ਵਾਲਾ ਇਹ ਤੀਜਾ ਬੱਚਾ ਵੀ ਕੁੜੀ ਹੀ ਸੀ, ਤਾਂ ਪਤੀ ਤੇ ਉਸ ਦਿਆਂ ਘਰ ਵਾਲਿਆਂ ਨੇ ਉਸ ਉੱਤੇ ਹਮਲ ਗਿਰਾਉਣ ਜਾਂ ਭਰੂਣ ਹੱਤਿਆ ਕਰਵਾਉਣ ਲਈ ਦਬਾ ਪਾਇਆ। ਪਤਾ ਉਦੋਂ ਹੀ ਲੱਗਾ ਜਦੋਂ ਸਮੁੰਦਰ ਕੰਢੇ, ਜੰਗਲ ਵਿਚ ਉਸ ਦੀ ਅੱਧ-ਸੜੀ ਲਾਸ਼ ਮਿਲੀ। ਉਸ ਨੂੰ ਗਲਾ ਘੁੱਟ ਕੇ ਮਾਰਿਆ ਗਿਆ ਸੀ ਅਤੇ ਬੇਪਛਾਣ ਕਰਨ ਲਈ ਉਸ ਦੀ ਲਾਸ਼ ਨੂੰ ਅੱਗ ਲਾ ਦਿੱਤੀ ਗਈ ਸੀ। ਸਬੂਤ ਕੋਈ ਨਹੀਂ ਸੀ ਤੇ ਤਫ਼ਤੀਸ਼ ਜਾਰੀ ਸੀ।

ਦੂਜਾ ਕਤਲ ਇਕ ਬੜੀ ਹੀ ਖ਼ੂਬਸੂਰਤ, ਪੜ੍ਹੀ ਲਿਖੀ ਤੇ ਦਿਲਕਸ਼ ਕੁੜੀ ਦਾ ਹੋਇਆ। ਏਧਰ ਪੈਦਾ ਹੋਇਆ ਉਸ ਦਾ ਪਤੀ ਮਸਾਂ 10-12 ਜਮਾਤਾਂ ਹੀ ਪੜ੍ਹਿਆ ਹੋਇਆ ਸੀ। ਕੁੜੀ ਐੱਮ.ਏ., ਐੱਮ.ਐੱਡ. ਸੀ। ਉਸ ਦੇ ਕੁੱਛੜ 6 ਮਹੀਨਿਆਂ ਦਾ ਇਕ ਪੁੱਤਰ ਸੀ। ਸੌਹਰਿਆਂ ਨੂੰ ਉਸ ਦਾ ਬਣ ਠਣ ਕੇ ਰਹਿਣਾ ਪਸੰਦ ਨਹੀਂ ਸੀ। ਉਹ ਸ਼ਾਹੀ ਅਨਪੜ੍ਹ ਅਤੇ ਪੁਰਾਣੇ ਵਿਚਾਰਾਂ ਦੇ ਸਨ। ਉਸ ਦਾ ਪਤੀ ਮਾਪਿਆਂ ਦੇ ਪ੍ਰਭਾਵ ਹੇਠ ਸੀ। ਪਤਨੀ ਦੀ ਵਿੱਦਿਆ ਅਤੇ ਸੁਹੱਪਣ ਵਲ ਵੇਖ ਵੇਖ ਕੇ ਹੀਣ ਭਾਵ ਦਾ ਸ਼ਿਕਾਰ ਹੋ ਚੁੱਕਾ ਸੀ। ਲੜਾਈ, ਝਗੜਾ, ਗਾਲੀ ਗਲੋਚ ਤੇ ਕੁੱਟ ਮਾਰ ਨਿਤਾਪ੍ਰਤੀ ਦਾ ਵਿਹਾਰ ਬਣ ਚੁੱਕਾ ਸੀ। ਇਕ ਦਿਨ 'ਤੂੰ, ਤੂੰ, ਮੈਂ, ਮੈਂ" ਹੋਈ, ਤਾਂ ਪਤੀ ਨੇ ਚਾਕੂ ਦੇ 10-15 ਵਾਰ ਕਰਕੇ ਦਿਨ ਦਿਹਾੜੇ ਹੀ ਉਸ ਦਾ ਕਤਲ ਕਰ ਦਿੱਤਾ। ਕੋਲ ਹੀ ਸੋਫ਼ੇ ਉੱਤੇ ਉਸ ਦਾ ਛੇਆਂ ਮਹੀਨਿਆਂ ਦਾ ਪੁੱਤਰ ਹੱਥ ਪੈਰ ਮਾਰਦਾ ਹੋਇਆ ਹੱਸ ਖੇਡ ਰਿਹਾ ਸੀ। ਗਵਾਂਢੀਆਂ ਦੇ ਫ਼ੋਨ ਕਰਨ ਉੱਤੇ ਪੋਲੀਸ ਪਹੁੰਚ ਗਈ ਤੇ ਇਹ ਕਾਤਲ ਪਤੀ ਮੌਕਾ ਵਾਰਦਾਤ ਉੱਤੇ ਰੰਗੇ ਹੱਥੀਂ ਹੀ ਪਕੜਿਆ ਗਿਆ ਸੀ।

ਇਸ ਘਟਨਾ ਤੋਂ ਪਹਿਲਾਂ ਕੁਝ ਕੁੜੀਆਂ ਫਾਹਾ ਲੈ ਕੇ ਤੇ ਕੁਝ ਫ਼ਰੇਜ਼ਰ ਦਰਿਆ ਵਿਚ ਛਾਲ ਮਾਰ ਕੇ ਆਤਮ-ਹੱਤਿਆ ਕਰ ਚੁੱਕੀਆਂ ਸਨ।

ਹਰ ਘਟਨਾ ਹੀ ਦਿਲ ਹਿਲਾ ਦੇਣ ਵਾਲੀ ਕਹਾਣੀ ਸੀ। ਕੈਨੇਡਾ ਦੇ ਮਾਪੇ ਢੇਰ ਸਾਰਾ ਦਾਜ ਦਹੇਜ ਲੈ ਕੇ ਆਪਣੇ ਮੁੰਡੇ ਭਾਰਤ ਵਿਆਹ ਕੇ ਲਿਆਉਂਦੇ ਸਨ। ਜਨੇਤ ਦੀ ਸੇਵਾ ਉੱਤੇ ਲੱਖਾਂ ਰੁਪਿਆਂ ਦਾ ਖ਼ਰਚ ਕਰਵਾਉਂਦੇ ਸਨ। ਕੁੜੀਆਂ ਵਿਚਾਰੀਆਂ ਏਧਰ ਅੱਧ-ਪੜ੍ਹੇ ਮੁੰਡਿਆਂ ਨਾਲ ਨੂੜ ਦਿੱਤੀਆਂ ਜਾਂਦੀਆਂ, ਇਸ ਆਸ ਉੱਤੇ ਕਿ ਇਕ ਦਿਨ ਉਹ ਆਪਣੇ ਭੈਣਾਂ, ਭਰਾਵਾਂ ਤੇ ਮਾਪਿਆਂ ਨੂੰ ਵੀ ਇਮੀਗਰੇਸ਼ਨ ਦਵਾ ਕੇ ਕੈਨੇਡਾ ਬੁਲਾਉਣਗੀਆਂ। ਉਨ੍ਹਾਂ ਨੂੰ ਏਧਰ ਬੁਲਾਉਣ ਲਈ ਅਨੇਕਾਂ ਪੜ੍ਹੀਆਂ ਲਿਖੀਆਂ ਕੁੜੀਆਂ ਏਧਰ ਪਰਵਾਰਕ ਜ਼ੁਲਮ ਤੇ ਹਿੰਸਾ ਦਾ ਸ਼ਿਕਾਰ ਸਨ। ਸਭ ਕੁਝ ਸਹਿ ਰਹੀਆਂ ਸਨ। ਇਹ ਉਹ ਸੁੱਤ-ਉਣੀਂਦੇ ਵਿਚ ਵਿਚਰਦੀਆਂ ਕਹਾਣੀਆਂ ਸਨ, ਜੁ ਕੋਈ ਕਤਲ, ਆਤਮ- ਹੱਤਿਆ ਜਾਂ ਹਿੰਸਾ ਤੇ ਸ਼ੋਸ਼ਨ ਵਿਰੁੱਧ ਕਚਹਿਰੀ ਵਿਚ ਮੁਕੱਦਮਾ ਬਣ ਕੇ ਨਸ਼ਰ ਨਹੀਂ ਹੋਈਆਂ। ਇਹ ਬਗ਼ਾਵਤ ਕਿਉਂ ਨਹੀਂ ਕਰਦੀਆਂ ?

ਇਹ ਕੁਝ ਸੋਚਦਾ ਹੋਇਆ ਹੀ ਮੈਂ ਏਥੋਂ ਦੀ ਪੰਜਾਬੀ ਸਾਹਿਤ ਸਭਾ ਦੀ ਮੀਟਿੰਗ ਵਿਚ ਪਹੁੰਚ ਗਿਆ ਸਾਂ। ਏਥੇ ਵਧੇਰੇ ਕਰਕੇ ਤੁਕਬੰਦੀ ਕਰਨ ਵਾਲੇ ਸਟੇਜੀ ਕਵੀਆਂ ਦਾ ਹੀ ਬੋਲ ਬਾਲਾ ਸੀ। ਇਕ, ਦੋ ਕਵੀ ਹਾਸ ਵਿਅੰਗ ਵੀ ਲਿਖਦੇ ਸਨ। ਕੁਝ ਆਪਣੀਆਂ ਰਚਨਾਵਾਂ ਤਰੱਨਮ ਵਿਚ ਜਾਂ ਗਾ ਕੇ ਵੀ ਸੁਣਾਉਂਦੇ ਸਨ। ਏਥੇ ਸ਼ਹਿਰ ਦੀ ਖ਼ਬਰਸਾਰ ਵੀ ਮਿਲ ਜਾਂਦੀ ਸੀ ਤੇ ਮਨੋਰੰਜਨ ਵੀ ਹੋ ਜਾਂਦਾ ਸੀ।

ਏਥੇ ਹੀ 'ਨਾਰੀ ਸੁਤੰਤਰਤਾ' ਤੇ 'ਨਾਰੀਵਾਦ' ਦੇ ਵਿਸ਼ੇ ਨੂੰ ਅਪਨਾਉਣ ਦੇ ਯਤਨ ਕਰਨ ਵਾਲੀਆਂ ਦੋ, ਤਿੰਨ ਕਵਿਤਰੀਆਂ ਵੀ ਸਨ, ਜੁ ਕਦੇ ਕਦੇ ਲੇਖ ਤੇ ਕਹਾਣੀਆਂ ਵੀ ਲਿਖ ਛੱਡਦੀਆਂ। ਇਨ੍ਹਾਂ ਵਿੱਚੋਂ ਇਕ ਸਿਰ ਦੇ ਵਾਲ ਮਹਿੰਦੀ ਨਾਲ ਰੰਗਦੀ ਤੇ ਉਨ੍ਹਾਂ ਨੂੰ ਬੜੇ ਸਲੀਕੇ ਨਾਲ ਖੁੱਲ੍ਹੇ ਛੱਡ ਦਿੰਦੀ ਸੀ। ਰੰਗ ਉਸ ਦਾ ਕਣਕਵੰਨਾ ਸੀ ਅਤੇ ਨੈਣ ਨਕਸ਼ ਸੁੱਤ-ਉਣੀਂਦੇ ਜਿਹੇ ਜਾਪਦੇ ਸਨ। ਦੂਜੀ ਮਧਰੀ, ਗੱਠੇ ਹੋਏ ਸਰੀਰ ਵਾਲੀ, ਪਰ ਅੰਦਰਲੀ ਅਣਵਰਤੀ ਸ਼ਕਤੀ ਨੂੰ ਨਿਕਾਸ ਦੇਣ ਲਈ ਟਪੂੰ ਟਪੂੰ ਕਰਦੀ ਹੋਈ ਇਕ ਅੱਡਰੀ ਜਿਹੀ ਸ਼ਖ਼ਸੀਅਤ ਜਾਪਦੀ ਸੀ। ਦੋਵੇਂ ਭਾਰਤ ਤੋਂ ਪੰਜਾਬੀ ਦੀ ਐੱਮ.ਏ. ਪਾਸ ਸਨ। ਸਕੂਲਾਂ, ਕਾਲਜਾਂ ਵਿਚ ਅਧਿਆਪਕਾਵਾਂ ਸਨ। ਮਧਰੀ ਵੀ ਵਾਲ ਰੰਗਨ ਲਈ ਕਾਲਾ ਰੰਗ ਵਰਤਦੀ ਸੀ। ਦੋਵੇਂ ਇੰਪਰੋਟਿਡ ਵਹੁਟੀਆਂ ਸਨ। ਬਾਲ ਬੱਚਿਆਂ ਵਾਲੀਆਂ ਸਨ।

ਮੈਂ ਅੱਜ ਉਨ੍ਹਾਂ ਦੋਹਾਂ ਦੀਆਂ ਕਵਿਤਾਵਾਂ ਬੜੇ ਧਿਆਨ ਨਾਲ ਸੁਣ ਰਿਹਾ ਸਾਂ। ਇਨ੍ਹਾਂ ਵਿਚ ਵਾਰ, ਵਾਰ ਦੁਹਰਾਇਆ ਉਹ ਹੀ ਰੋਣ ਧੋਣ ਤੇ ਅਸੰਤੁਸ਼ਟ ਰੋਮਾਂਟਕ ਪਿਆਰ ਜਾਂ ਕਿਸੇ ਅ-ਕੀਤੇ ਅਪਰਾਧ ਬਾਰੇ ਸੁਫ਼ਨੇ ਸਨ। ਫੈਂਟਸੀ ਸੀ। ਮੈਨੂੰ ਸਕੱਤਰ ਨੇ ਇਨ੍ਹਾਂ ਦੀਆਂ ਕਵਿਤਾਵਾਂ ਬਾਰੇ ਬੋਲਣ ਦਾ ਸੱਦਾ ਦਿੱਤਾ ਤਾਂ ਮੈਂ ਬੋਲਿਆ:

"ਪੜ੍ਹੀ ਲਿਖੀ ਅਤੇ ਨੌਕਰੀ ਉੱਤੇ ਲੱਗੀ ਹੋਈ, ਆਰਥਕ ਤੌਰ ਤੇ ਆਤਮ-ਨਿਰਭਰ ਔਰਤ ਦਾ ਇਹ ਫ਼ਰਜ਼ੀ ਰੁਦਨ ਮੈਨੂੰ ਕਦੇ ਵੀ ਸਮਝ ਨਹੀਂ ਆਇਆ। ਔਰਤ ਆਪਣਾ ਇਕ ਅਧੂਰਾ ਰੋਮਾਂਸ, ਪਿਆਰ ਜਾਂ ਸੁਫ਼ਨਾ ਪਿੱਛੇ ਭਾਰਤ ਛੱਡ ਕੇ ਕੈਨੇਡਾ ਦੀਆਂ ਬਹੁ-ਵਿਧ ਸੁਵਿਧਾਵਾਂ ਵਾਲੀ ਸੌਖੀ ਜ਼ਿੰਦਗੀ ਅਪਣਾ ਲੈਂਦੀ ਹੈ। ਇਹ ਗੱਲ ਤਾਂ ਸਮਝ ਪੈਂਦੀ ਹੈ। ਪਰ ਇਸ ਸਭ ਕੁਝ ਲਈ, ਧਰਮ, ਸਮਾਜ, ਸੰਜੋਗ, ਰਸਮਾਂ, ਰਿਵਾਜਾਂ ਨੂੰ ਜ਼ਿੰਮੇਂਵਾਰ ਠਹਿਰਾ ਕੇ, ਆਪ ਕੋਈ ਅਮਲੀ ਕਦਮ ਨਾ ਚੁੱਕਣਾ, ... ਇਸ ਦਾ ਨਿਆਏਕਰਨ ਨਹੀਂ ਹੋ ਸਕਦਾ। ਜੋ ਕੁਝ ਪਰਵਾਨ ਨਹੀਂ, ਉਸ ਵਿਰੁੱਧ ਅਮਲੀ ਕਦਮ ਚੁੱਕਣ ਦੀ ਲੋੜ ਹੈ। ਸਰਦਲ ਪਾਰ ਕਰਨ ਦੀ ਲੋੜ ਹੈ।"

ਮੈਂ ਅਜੇ ਬੋਲ ਹੀ ਰਿਹਾ ਸਾਂ ਕਿ ਮੇਰੇ ਬੋਲ ਨੂੰ ਕੱਟਦੀ ਹੋਈ ਸਰੋਤਿਆਂ ਵਿਚ ਬੈਠੀ ਹੋਈ ਇਕ ਹੋਰ ਔਰਤ ਦੀ ਆਵਾਜ਼ ਸੁਣਾਈ ਦਿੱਤੀ :

"ਠੀਕ ਬੋਲਦੇ ਹੋ ਪਰਵਾਨਾ ਜੀ ! ਮੈਂ ਵੀ ਇਨ੍ਹਾਂ ਨੂੰ ਇਹ ਹੀ ਕਹਿੰਦੀ ਹਾਂ ਕਿ ਜੇ ਮਨ ਦੀ ਗੱਲ ਹੈ, ਤਾਂ ਮਨ ਦੀ ਕਰੋ...ਤੇ ਜੇ ਤਨ ਦੀ ਗੱਲ ਹੈ,...ਤਾਂ ਤਨ ਦੀ ਕਰੋ...ਸਰਦਲ ਪਾਰ ਕਰਨ ਦੀ ਹਿੰਮਤ ਕਰੋ...ਮੈਂ ਸਰਦਲ ਪਾਰ ਕੀਤੀ ਹੈ...ਇਹ ਸ਼ਬਦਾਂ ਦੀਆਂ ਭੁੱਲ-ਭੁਲੱਈਆਂ, ਇਹ ਅਰਥਾਂ ਦੀ ਹੇਰਾ ਫੇਰੀ...ਇਹ ਕਨਫਿਊਜਨ (Confusion) ਕਿਉਂ ?..."

ਇਹਦਾ ਨਾਮ ਕਲਾਵਤੀ ਸੀ। ਅੱਜ ਮੈਂ ਉਸ ਨੂੰ ਏਥੇ ਪਹਿਲੀ ਵਾਰ ਵੇਖਿਆ ਸੀ। ਕੱਕੇ ਭੂਰੇ ਮੋਢਿਆਂ

ਤੱਕ ਕੱਟੇ ਹੋਏ ਵਾਲ, ਬਹੁਤ ਹੀ ਸਲੀਕੇ ਨਾਲ, ਕਿਸੇ ਆਧੁਨਿਕ ਨੈਣ ਤੋਂ ਸ਼ੈਲੀ-ਬੱਧ ਤੇ ਪਰਮ ਕਰਵਾਏ ਹੋਏ। ਗੋਰਾ, ਚਿੱਟਾ ਰੰਗ। ਗੱਲ੍ਹਾਂ ਉੱਤੇ ਲਾਲੀ ਦੀ ਭਾ। ਚਿਹਰੇ ਉੱਤੇ ਡੀਜ਼ਾਈਨਰ ਫਰੇਮ ਵਾਲੀਆਂ ਐਨਕਾਂ। ਕੱਦ 5 ਫੁੱਟ 9-10 ਇੰਚ ਜਾਂ 175-77 ਸੈਂਟੀਮੀਟਰ ਦੇ ਕਰੀਬ। ਕਸਰਤੀ ਬਦਨ। ਉਹ ਇਕ ਬਹੁਤ ਹੀ ਹੁਸੀਨ ਤੇ ਆਕਰਸ਼ਕ ਮਾਡਲ ਕੁੜੀ ਜਾਪਦੀ ਸੀ।

ਕਲਾਵਤੀ ਵੀ ਕੈਨੇਡਾ ਵਿਚ ਇਸੇ ਤਰ੍ਹਾਂ ਦਾ ਜੁਗਾੜ ਵਿਆਹ ਕਰਵਾ ਕੇ ਹੀ ਆਈ ਸੀ। ਮੁੰਡੇ ਵਾਲੇ ਭਾਰਤ ਆਏ। ਉਨ੍ਹਾਂ ਨੂੰ ਕਲਾਵਤੀ ਪਸੰਦ ਆ ਗਈ। ਦੋਂਹਾਂ ਮਾਪਿਆਂ ਨੇ ਸੌਦੇਬਾਜ਼ੀ ਕਰਕੇ ਕਲਾਵਤੀ ਦਾ ਉਹਦੇ ਪਤੀ ਨਾਲ ਵਿਆਹ ਦਾ ਜੁਗਾੜ ਬੰਨ੍ਹ ਦਿੱਤਾ ਤੇ ਉਹ ਕੈਨੇਡਾ ਦੀਆਂ ਇੰਪੋਰਟਿਡ ਪਤਨੀਆਂ ਵਿਚ ਆ ਰਲੀ। ਏਥੋਂ ਤਕ ਪਰਵਾਰਕ ਹਿੰਸਾ ਤੇ ਸ਼ੋਸ਼ਨ ਦਾ ਸ਼ਿਕਾਰ ਹੋਈਆਂ ਹੋਰ ਕੁੜੀਆਂ ਨਾਲ ਉਸ ਦੀ ਕਹਾਣੀ ਰਲਦੀ ਸੀ।

ਏਧਰ ਆ ਕੇ, ਔਰਤਾਂ ਉੱਤੇ ਹੋਏ ਜ਼ੁਲਮ ਦੀਆਂ ਉਸ ਨੇ ਬਹੁਤ ਸਾਰੀਆਂ ਕਹਾਣੀਆਂ ਸੁਣ ਰੱਖੀਆਂ ਸਨ। ਉਹ ਪੜ੍ਹੀ ਲਿਖੀ ਅਤੇ ਬੌਧਕ ਰੁਚੀਆਂ ਵਾਲੀ, ਜ਼ਿੰਦਗੀ ਜਿਊਣ ਦੇ ਚਾਅ ਨਾਲ ਛਲਕਦੀ ਹੋਈ, ਇਕ ਬਹੁਤ ਹੀ ਦਿਲਕਸ਼ ਸ਼ਖ਼ਸੀਅਤ ਦੀ ਮਾਲਕ ਸੀ। ਏਧਰ ਆਉਂਦਿਆਂ ਹੀ ਉਸ ਨੇ ਪੜ੍ਹਾਈ ਵਿਚ ਆਪਣੀ ਅਪਗਰੇਡਿੰਗ (Upgrading) ਕੀਤੀ। ਕੰਪਿਊਟਰ ਦੀਆਂ ਕਲਾਸਾਂ ਲਈਆਂ। ਅੰਗਰੇਜ਼ੀ ਬੋਲਣ ਤੇ ਲਿਖਣ ਵਿਚ ਮੁਹਾਰਤ ਹਾਸਿਲ ਕੀਤੀ। ਏਧਰਲੇ ਕਾਨੂੰਨ, ਤੇ ਖ਼ਾਸ ਕਰਕੇ ਪਰਵਾਰਕ ਜੀਵਨ ਸੰਬੰਧੀ ਕਾਨੂੰਨ ਬਾਰੇ ਜਾਣਕਾਰੀ ਹਾਸਿਲ ਕੀਤੀ। ਇਸਤਰੀ ਦੇ ਅਧਿਕਾਰਾਂ ਅਤੇ ਬੁਨਿਆਦੀ ਮਨੁੱਖੀ ਅਧਿਕਾਰਾਂ ਬਾਰੇ ਗਿਆਨ ਹਾਸਿਲ ਕੀਤਾ। ਏਥੋਂ ਦੀਆਂ ਸਮਾਜਕ ਤੇ ਅਰਧ-ਸਰਕਾਰੀ ਸਮਾਜ ਭਲਾਈ ਵਾਲੀਆਂ ਸੰਸਥਾਵਾਂ ਬਾਰੇ ਗਿਆਨ ਇਕੱਠਾ ਕੀਤਾ।

ਆਪਣੇ ਸੌਹਰਾ ਪਰਵਾਰ ਵਿਚ ਉਸ ਦੇ ਮੁੱਢਲੇ ਦਿਨ ਵੀ ਮਾੜੇ ਨਹੀਂ ਸਨ ਗੁਜ਼ਰੇ। ਉਸ ਦੇ ਪਤੀ ਅਤੇ ਸੌਹਰਾ ਪਰਵਾਰ ਦੇ ਜੀਆਂ ਨਾਲ, ਉਸ ਦੀ ਇਕ ਵਿੱਥ ਜਿਹੀ ਬਣੀ ਰਹੀ। ਨਾ ਉਹ ਉਨ੍ਹਾਂ ਨਾਲ ਘਿਓ ਖਿਚੜੀ ਹੋ ਸਕੀ, ਤੇ ਨਾ ਹੀ ਟੁੱਟ ਸਕੀ।

ਕਦੇ, ਕਦੇ ਜਦੋਂ ਉਹ, ਉਨ੍ਹਾਂ ਨਾਲ ਆਪਣੀ ਪਸੰਦ, ਨਾਪਸੰਦ ਅਤੇ ਜੀਵਨ-ਸ਼ੈਲੀ ਬਾਰੇ ਦਲੀਲਬਾਜ਼ੀ ਵਿਚ ਪੈ ਜਾਂਦੀ, ਤਾਂ ਉਨ੍ਹਾਂ ਨੂੰ ਚੰਗੀ ਨਾ ਲੱਗਦੀ। ਛਿਣ ਦੀ ਛਿਣ ਇਹ ਵਿੱਥ ਹੋਰ ਵਧ ਜਾਂਦੀ। ਫੇਰ ਨਿਤਾਪ੍ਰਤੀ ਦੇ ਕਾਰ ਵਿਹਾਰ ਵਿਚ ਪੈਂਦਿਆਂ ਹੀ ਇਹ ਵਿੱਥ ਸੁਕੜ ਜਾਂਦੀ। ਇਸ ਤਰ੍ਹਾਂ ਇਨ੍ਹਾਂ ਸਭ ਨਾਲ ਉਸ ਦਾ ਘਟਦਾ, ਵਧਦਾ...ਇਹ ਵਿੱਥ ਤੇ ਨੇੜਤਾ ਦਾ ਰਿਸ਼ਤਾ ਬਣਿਆ ਰਿਹਾ। ਇਕ ਰੁਟੀਨ ਜਿਹੇ ਵਾਂਗ ਬੀਤ ਰਹੀ ਸੀ ਜ਼ਿੰਦਗੀ। ਇਕ, ਦੋ ਸਾਲ ਇਸੇ ਤਰ੍ਹਾਂ ਲੰਘ ਗਏ।

ਇਨ੍ਹਾਂ ਦਿਨਾਂ ਵਿਚ ਹੀ ਉਸ ਦਾ ਪਤੀ, ਜੁ ਮਧਰੇ ਕੱਦ ਦਾ ਆਮ ਜਿਹਾ, 10, 12 ਸ਼੍ਰੇਣੀਆਂ ਪਾਸ, ਵਿਹਾਰਕ ਜਿਹਾ ਮਨੁੱਖ ਸੀ, ਰਾਤ ਨੂੰ ਦੇਰ ਨਾਲ ਘਰ ਪਰਤਨ ਲੱਗ ਪਿਆ। ਅਜਿਹੇ ਸਮੇਂ ਉਸ ਨੇ ਸ਼ਰਾਬ ਵੀ ਪੀਤੀ ਹੋਈ ਹੁੰਦੀ ਅਤੇ ਉਸ ਦਾ ਵਤੀਰਾ ਅਸਾਧਾਰਨ ਤੇ ਓਪਰਾ ਜਿਹਾ ਹੁੰਦਾ। ਉਨ੍ਹਾਂ ਵਿਚ ਕਦੇ, ਕਦੇ ਤੂੰ, ਤੂੰ, ਮੈਂ, ਮੈਂ ਵੀ ਹੋਣ ਲੱਗ ਪਈ ਤੇ ਬਹਿਸ, ਮੁਬਾਹਸਾ ਵੀ। ਗੱਲਬਾਤ ਵਿਚ ਦਲੀਲ ਦੇ ਨਾਲ ਹੀ ਤਲਖ਼ੀ ਪੈਦਾ ਹੋ ਜਾਂਦੀ, ਤਾਂ ਉਸ ਦਾ ਪਤੀ ਆਪੇ ਤੋਂ ਬਾਹਰ ਹੋ ਜਾਂਦਾ। ਉਸ ਨੂੰ ਬੁਰਾ ਭਲਾ ਕਹਿੰਦਾ। ਅੰਗਰੇਜ਼ੀ ਵਿਚ ਗੰਦੀਆਂ ਗਾਲ੍ਹਾਂ ਕੱਢਦਾ।

ਸਵੇਰੇ ਕਲਾਵਤੀ ਉਸ ਨੂੰ ਸਭ ਕੁਝ ਯਾਦ ਕਰਵਾ ਕੇ ਸਮਝਾਉਣ ਦਾ ਯਤਨ ਕਰਦੀ। ਉਹ ਹੂੰ, ਹਾਂ ਕਰਦਾ ਤੇ ਆਪਣੇ ਕੰਮ ਉੱਤੇ ਤੇ ਜਾਂ ਛੁੱਟੀ ਹੋਣ ਦੀ ਸੂਰਤ ਵਿਚ ਦੋਸਤਾਂ, ਮਿੱਤਰਾਂ ਨਾਲ ਕਿਸੇ ਸ਼ਰਾਬਖਾਨੇ ਵਿਚ ਜਾ ਵੜਦਾ।

ਸ਼ਰਾਬੀ ਹਾਲਤ ਵਿਚ ਹੀ ਇਕ ਦਿਨ ਉਹ ਨੀਂਦਰ ਵਿਚ ਕੁਝ ਬੁੜ ਬੁੜਾਇਆ, ਜਿਸ ਤੋਂ ਕਲਾਵਤੀ ਨੂੰ ਏਨਾ ਕੁ ਹੀ ਅੰਦਾਜ਼ਾ ਹੋਇਆ ਕਿ 'ਕੈਥੀ' ਨਾਂ ਦੀ ਕਿਸੇ ਗੋਰੀ ਕੁੜੀ ਨਾਲ ਇਸ ਦਾ ਕੋਈ ਰਿਸ਼ਤਾ, ਜਾਂ ਦੋਸਤੀ ਹੈ ... ਤੇ ਜਾਂ ਸ਼ਾਇਦ ਉਹ ਕੋਈ ਬਾਰ-ਬਾਲਾ ਹੀ ਹੋਵੇ ...। ਉਹ ਸੋਚਦੀ।

ਸ਼ਰਾਬੀ ਹਾਲਤ ਵਿਚ ਹੀ ਇਕ ਦਿਨ ਉਨ੍ਹਾਂ ਵਿਚਲੀ ਤਕਰਾਰ ਨੇ ਉਸ ਦੇ ਪਤੀ ਨੂੰ ਆਪੇ ਤੋਂ ਬਾਹਰ ਕਰ ਦਿੱਤਾ। ਗੁੱਸੇ ਵਿਚ ਆ ਕੇ ਉਸ ਨੇ, ਉਸ ਉੱਤੇ ਹੱਥ ਚੁੱਕਣ ਦਾ ਯਤਨ ਕੀਤਾ। ਏਸ ਤੋਂ ਪਹਿਲਾਂ ਕਿ ਉਸ ਦੇ ਪਤੀ ਦਾ ਹੱਥ ਇਕ ਕਰਾਰਾ ਜਿਹਾ ਥੱਪੜ ਬਣ ਕੇ ਕਲਾਵਤੀ ਦੇ ਮੂੰਹ ਉੱਤੇ ਵੱਜਦਾ, ਕਲਾਵਤੀ ਨੇ ਉਸ ਦਾ ਹੱਥ ਪਕੜ ਲਿਆ ਤੇ ਬਿਜਲੀ ਵਾਂਗ ਕੜਕ ਕੇ ਬੋਲੀ,

"ਬੱਸ ! ਨੋ ਮੋਰ ! ਆਪਣੇ ਆਪੇ ਵਿਚ ਰਹਿਣਾ ਸਿਖ। ਸਮਝਦਾ ਕੀ ਹੈਂ ਤੂੰ ਆਪਣੇ ਆਪ ਨੂੰ ? ਹੱਥ ਮੈਂ ਵੀ ਚੁੱਕ ਸਕਦੀ ਹਾਂ। ਤੇਰੇ ਨਾਲੋਂ ਤਕੜੀ ਵੀ ਹਾਂ। ਤੂੰ ਸ਼ਰਾਬੀ ਹੈਂ। ਇਕ ਧੱਕਾ ਮਾਰਿਆ, ਤਾਂ ਮੂੰਹ ਦੇ ਭਾਰ ਡਿੱਗੇਂਗਾ। ਨੋ ਮੋਰ ... ਇਟ ਇਜ਼ ਓਵਰ।"

ਕਲਾਵਤੀ ਬੋਲਦੀ ਗਈ। ਉਸ ਦੀ ਸੱਸ, ਉਸ ਦੇ ਪਤੀ ਨੂੰ ਫੜ ਕੇ ਅੰਦਰ ਲੈ ਗਈ। ਉਨ੍ਹਾਂ ਵਿਚਕਾਰ ਵਿੱਥ ਹੋਰ ਵੀ ਵਧੇਰੇ ਵਧ ਗਈ ਤੇ ਮੁੜ ਕਦੇ ਨਾ ਘਟਣ ਵਾਲੀ ਅਵਸਥਾ ਵਿਚ ਪਹੁੰਚ ਗਈ।

ਕਲਾਵਤੀ ਨੇ, ਦੂਜੇ ਦਿਨ ਆਪਣਾ ਸਾਮਾਨ ਚੁੱਕਿਆ ਤੇ ਫ਼ੋਨ ਉੱਤੇ ਲਈ ਇਕ ਬੈੱਡਰੂਮ ਦੀ ਅਪਾਰਟਮੈਂਟ ਵਿਚ ਜਾ ਡੇਰੇ ਲਾਏ। ਬੈਂਕ ਵਿਚ ਉਹ ਅਸਿਸਟੈਂਟ ਮੈਨੇਜਰ ਦੀ ਨੌਕਰੀ ਕਰਦੀ ਸੀ। ਚੰਗੀ ਤਨਖਾਹ ਸੀ। ਜਾਇਦਾਦ ਅਤੇ ਸਟਾਕ ਮਾਰਕਿਟ ਵਿਚ ਉਸ ਨੇ ਕੁਝ ਨਿਵੇਸ਼ ਵੀ ਕਰ ਰਖਿਆ ਸੀ।

ਜਿਵੇਂ, ਜਿਵੇਂ ਉਹ ਤਰੱਕੀ ਦੀਆਂ ਪੌੜੀਆਂ ਚੜ੍ਹਦੀ ਗਈ, ਤਿਵੇਂ, ਤਿਵੇਂ ਉਸ ਦੇ ਜੀਵਨ ਦਾ ਮਯਾਰ ਵੀ ਉੱਚਾ ਹੁੰਦਾ ਗਿਆ। ਪਤੀ ਕੋਲੋਂ ਉਸ ਨੇ ਤਲਾਕ ਲੈ ਲਿਆ। ਉਸ ਕੋਲ ਵੱਡਾ ਸਾਰਾ, ਹਰ ਸੁਵਿਧਾ ਵਾਲਾ, ਘਰ ਸੀ। ਮਰਸੇਡੀਜ਼ ਸਪੋਰਟਸ ਕਾਰ ਸੀ ਤੇ ਹੁਣ ਉਹ ਪ੍ਰਾਪਰਟੀ ਡੀਲਰ ਵੀ ਬਣ ਗਈ ਸੀ।

ਕਲਾਵਤੀ ਦੀ ਇਸ ਜੱਦੋ ਜਹਿਦ ਲਈ ਮੇਰੇ ਮਨ ਵਿਚ ਬਹੁਤ ਪ੍ਰਸੰਸਾ ਤੇ ਹਮਦਰਦੀ ਸੀ। ਲੇਖਕ ਸਭਾ ਦੀ ਮੀਟਿੰਗ ਤੋਂ ਬਾਅਦ ਅਕਸਰ ਉਸ ਨਾਲ ਮੁਲਾਕਾਤਾਂ ਹੁੰਦੀਆਂ ਰਹੀਆਂ। ਕਦੇ ਕਿਸੇ ਕਾਹਵਾ ਘਰ ਵਿਚ। ਕਦੇ ਕਿਸੇ ਕਲੱਬ ਜਾਂ ਬਾਰ ਵਿਚ। ਹਰ ਵਾਰ ਹੀ ਉਹ ਕੋਈ ਨਾ ਕੋਈ ਨਵੀਂ ਕਹਾਣੀ ਲੈ ਕੇ ਆਉਂਦੀ। ਔਰਤ ਦੀ ਬੇਚਾਰਗੀ ਉੱਤੇ ਹੱਸਦੀ ਤੇ ਇਸ ਸਭ ਕੁਝ ਲਈ ਉਹ ਔਰਤ ਨੂੰ ਹੀ ਦੋਸ਼ੀ ਠਹਿਰਾਉਂਦੀ। ਉਹ ਚਾਹੁੰਦੀ ਸੀ ਕਿ ਔਰਤ ਆਪਣੇ ਹੱਕਾਂ ਤੇ ਆਪਣੀ ਸੁਤੰਤਰਤਾ ਲਈ ਸੰਘਰਸ਼ ਕਰੇ।

ਇਹ ਗੱਲ ਹੀ ਉਸ ਨੇ ਸਾਹਿਤ ਸਭਾ ਵਿਚ ਉਨ੍ਹਾਂ ਦੋ ਕਵਿਤਰੀਆਂ ਨੂੰ ਆਖੀ ਸੀ। ਉਹ ਬੜੀ ਬੇਬਾਕ ਤੇ ਮੂੰਹ-ਫੱਟ ਸੀ।

ਅੱਜ ਵੀ ਅਸੀਂ 'ਸਟਾਰ ਬੱਕਸ' ਦੇ ਇਕ ਅਲਹਿਦਾ ਖੂੰਜੇ ਵਿਚ ਬੈਠੇ ਕਾਫ਼ੀ ਪੀ ਰਹੇ ਸਾਂ। ਗੱਲਾਂ 'ਚੋਂ ਗੱਲ ਤੋਰਦੀ ਹੋਈ ਉਹ ਬੋਲੀ,

"ਪਰਵਾਨਾ ਜੀ ! ਏਥੋਂ ਦੀਆਂ ਪ੍ਰਸਿੱਧ ਲੰਬੜਦਾਰਨੀਆਂ ਬਾਰੇ ਤਾਂ ਤੁਸੀਂ ਸੁਣਿਆਂ ਹੀ ਹੋਵੇਗਾ ?"

"ਨਹੀਂ, ਕੌਣ ਸਨ ਉਹ ?"

"ਵਾਹ ਪਰਵਾਨਾ ਜੀ ! ਏਨੀਆਂ ਕਹਾਣੀਆਂ ਲਿਖਦੇ ਹੋ ਤੇ ਉਹ ਕਹਾਣੀ ਤੁਸੀਂ ਅਜੇ ਤਕ ਵੀ ਨਹੀਂ ਸੁਣੀ।"

ਕਲਾਵਤੀ ਨੇ ਦੱਸਿਆ ਕਿ ਇਹ ਕਹਾਣੀ ਉਨ੍ਹਾਂ ਤਿੰਨ ਲੱਗਪਗ ਅਨਪੜ੍ਹ ਔਰਤਾਂ ਬਾਰੇ ਹੈ, ਜਿਨ੍ਹਾਂ ਦਾ ਏਧਰ ਜੁਗਾੜ ਵਿਆਹ ਹੋਇਆ ਸੀ। ਘੱਟ ਤੋਂ ਘੱਟ ਮਜ਼ਦੂਰੀ ਉੱਤੇ ਉਹ ਫ਼ਾਰਮਾਂ ਵਿਚ 12, 12 ਘੰਟੇ ਹੱਡ-ਤੋੜਵਾਂ ਕੰਮ ਕਰਦੀਆਂ ... ਕਈ ਵਾਰ ਸੱਤੇ ਦਿਨ। ਘਰ ਦਾ ਖਾਣਾ ਪਕਾਣਾ ਵੀ ਉਨ੍ਹਾਂ ਦੇ ਜ਼ਿੰਮੇਂ ਸੀ। ਸੌਹਰੇ ਉਨ੍ਹਾਂ ਦੇ ਚੈੱਕ ਆਉਂਦੇ ਹੀ ਹੜੱਪ ਲੈਂਦੇ। ਉਨ੍ਹਾਂ ਨਾਲ ਬੁਰਾ ਵਿਹਾਰ ਕਰਦੇ। ਪਤੀ ਕੁੱਟਦਾ, ਗਾਲ੍ਹਾਂ ਕੱਢਦਾ।

ਤਿੰਨੇਂ ਜਣੀਆਂ ਇਕ ਦੂਜੇ ਨਾਲ ਦੁੱਖ, ਸੁੱਖ ਸਾਂਝਾ ਕਰਦੀਆਂ, ਰੋ ਪੈਂਦੀਆਂ। ਤੇ ਫੇਰ ... ਕਲਾਵਤੀ ਦੇ ਕਹਿਣ ਵਾਂਗ ਉਹ ਕੁਝ ਹੋਇਆ, ਜੁ ਸਾਡੀਆਂ ਇਹ ਜ਼ਿਹਨੀ ਅਯਾਸ਼ੀ ਕਰਦੀਆਂ ਕਵਿਤਰੀਆਂ ਅਜੇ ਤਕ ਵੀ ਨਹੀਂ ਕਰ ਸਕੀਆਂ।

ਉਨ੍ਹਾਂ ਤਿੰਨਾਂ ਨੇ ਬੇਸਮੈਂਟ ਕਿਰਾਏ ਉੱਤੇ ਲੈ ਕੇ ਸੌਹਰਿਆਂ ਅਤੇ ਪਤੀਆਂ ਤੋਂ ਅਲਹਿਦਾ ਰਹਿਣਾ ਸ਼ੁਰੂ ਕਰ ਦਿੱਤਾ। ਕਿਰਾਏ ਤੇ ਘਰ ਦਾ ਖ਼ਰਚ ਵੰਡਿਆ ਜਾਂਦਾ ਤੇ ਮੌਜ ਮੇਲੇ ਲਈ ਉਨ੍ਹਾਂ ਕੋਲ ਕਾਫ਼ੀ ਸਾਰੇ ਪੈਸੇ ਬਚ ਜਾਂਦੇ।

ਉਹ ਛੁੱਟੀ ਵਾਲੇ ਦਿਨ ਸ਼ਰਾਬ ਪੀਂਦੀਆਂ ਅਤੇ ਸਟੋਰਾਂ, ਰੈਸਟੋਰੈਂਟਾਂ ਅਤੇ ਬਾਰਾਂ ਵਿਚ ਆਪਣੇ ਲਈ ਮਰਦ ਢੂੰਡਣ ਤੁਰ ਪੈਂਦੀਆਂ। ਪੰਜ ਦਿਨ ਡੱਟ ਕੇ ਕੰਮ ਕਰਦੀਆਂ ਅਤੇ ਦੋ ਦਿਨ ਰੱਜ ਕੇ ਮੌਜ ਮਸਤੀ।

ਕਲਾਵਤੀ ਅਕਸਰ ਇਨ੍ਹਾਂ ਲੰਬੜਦਾਰਨੀਆਂ ਦੀ ਮਿਸਾਲ ਦਿੰਦੀ ਹੋਈ ਔਰਤ ਦੀ ਆਜ਼ਾਦੀ ਦੇ ਹੱਕ ਵਿਚ ਆਪਣੀ ਦਲੀਲ ਦਿੰਦੀ ! ਅੱਜ ਵੀ ਸਾਡੀ ਗੱਲ ਇਨ੍ਹਾਂ ਲੰਬੜਦਾਰਨੀਆਂ ਤੋਂ ਸ਼ੁਰੂ ਹੁੰਦੀ ਹੋਈ ਕਲਾਵਤੀ ਉੱਤੇ ਆ ਰੁਕੀ ਸੀ। ਉਹ ਆਖ ਰਹੀ ਸੀ,

"ਕਦੇ, ਕਦੇ, ਮੇਰੇ ਕੋਲ ਆ ਜਾਇਆ ਕਰ। ਤੇਰੇ ਨਾਲ ਗੱਲਾਂ ਕਰ ਕੇ ਬੜਾ ਸਕੂਨ ਮਿਲਦਾ ਹੈ।"

"ਤੂੰ ਇਕੱਲ ਮਹਿਸੂਸ ਨਹੀਂ ਕਰਦੀ ?" ਮੈਂ ਪੁੱਛਿਆ।

"ਜ਼ਰੂਰ ਕਰਦੀ ਹਾਂ।"

"ਇਸ ਇਕੱਲ ਨੂੰ ਕਿਵੇਂ ਮਾਰਦੀ ਹੈਂ ?"

"ਸੈਰ ਕਰਕੇ, ਕਲੱਬ ਵਿਚ ਜਾ ਕੇ, ਸਿਨਮਾਂ, ਨਾਟਕ ਤੇ ਨ੍ਰਿਤ ਵੇਖ ਕੇ ... ਤੇਰੇ ਵਰਗੇ ਬੇਤਕੱਲਫ਼ ਤੇ ਹਮਖ਼ਿਆਲ ਮਰਦਾਂ ਨਾਲ ਗੱਲਾਂ ਕਰਕੇ, ਸ਼ੌਪਿੰਗ ਕਰਕੇ ... ਸ਼ਰਾਬ ਪੀ ਕੇ ...।" ਉਹ ਬੋਲੀ।

"ਇਸ ਸਭ ਕੁਝ ਨਾਲ ਕੀ ਤੇਰੀ ਸੰਤੁਸ਼ਟੀ ਹੋ ਜਾਂਦੀ ਹੈ ?" ਮੈਂ ਪੁੱਛਿਆ।

"ਮਨ ਦੀ ਸੰਤੁਸ਼ਟੀ ਜ਼ਰੂਰ ਹੋ ਜਾਂਦੀ ਹੈ।"

"ਤੇ ਤਨ ਦੀ ?"

ਉਹ ਕੁਝ ਝਿਜਕਦੀ ਤੇ ਫਿਰ ਬੀਅਰ ਦੇ ਘੁੱਟ ਭਰਨ ਤੋਂ ਬਾਅਦ, ਬਾਰ ਉੱਤੇ ਇਕ ਸਰਸਰੀ ਜਿਹੀ ਨਜ਼ਰ ਮਾਰਦੀ ਹੋਈ ਬੋਲੀ,

"ਮਰਦ ਜੁ ਕੁਝ ਸਦੀਆਂ ਤੋਂ ਔਰਤ ਦੇ ਨਾਲ ਕਰਦਾ ਆ ਰਿਹਾ ਹੈ, ਉਸ ਦੀ ਭਾਜੀ ਮੋੜ ਕੇ।"

"ਕੀ ਮਤਲਬ ?" ਮੈਂ ਪੁੱਛਿਆ।

"ਸੱਚ ਦੱਸਾਂ ?"

ਆਪਣੇ ਇਸ ਸਵਾਲ ਦੇ ਉੱਤਰ ਵਿਚ ਉਹ ਆਪ ਹੀ ਬੋਲੀ,

"ਮੈਂ ਵੀ ਕਦੇ, ਕਦੇ ਉਨ੍ਹਾਂ ਲੰਬੜਦਾਰਨੀਆਂ ਵਾਂਗ, ਆਪਣੇ ਮਨਪਸੰਦ ਮਰਦ ਦਾ ਸ਼ਿਕਾਰ ਕਰਨ ਨਿਕਲਦੀ ਹਾਂ ... ਜੇ ਨਾ ਮਿਲੇ ਤਾਂ ਭਾੜੇ ਉੱਤੇ 'ਮਰਦ-ਵੇਸਵਾ' ਲੈ ਆਉਂਦੀ ਹਾਂ। ਉਸ ਨੂੰ ਆਪਣੀ ਮਰਜ਼ੀ, ਲੋੜ ਤੇ ਟੇਸਟ (Taste) ਅਨੁਸਾਰ ਵਰਤਦੀ ਹਾਂ।"

ਇਹ ਆਖਦੀ ਹੋਈ ਕਲਾਵਤੀ ਜ਼ੋਰ ਨਾਲ ਹੱਸੀ ਤੇ ਹੱਸਦੀ ਚਲੇ ਗਈ।

ਆਪਣੇ ਉਹਲੇ ਵਿੱਚੋਂ ਬਾਹਰ ਨਿਕਲਕੇ, ਕਲਾਵਤੀ ਹੋਰ ਵੀ ਵਧੇਰੇ ਸੁੰਦਰ ਤੇ ਪ੍ਰਭਾਵਸ਼ਾਲੀ ਲੱਗ ਰਹੀ ਸੀ।

-ਲਿਖਣ ਮਿਤੀ : 22 ਜੁਲਾਈ, 2009
('ਇੰਡੋ-ਕਨੇਡੀਅਨ ਟਾਈਮਜ਼', ਕੈਨੇਡਾ ਦੇ
27 ਅਗਸਤ—2 ਸਤੰਬਰ, 2009 ਅੰਕ ਵਿਚ ਅਤੇ
'ਅਕਸ', ਦਿੱਲੀ, ਭਾਰਤ ਦੇ ਜੁਲਾਈ, 2009 ਅੰਕ ਵਿਚ ਪ੍ਰਕਾਸ਼ਤ)

# ਆਪਣਾ, ਆਪਣਾ ਦੇਸ਼

ਗੁਰਮੁਖ ਸਿੰਘ ਬਹੁਤ ਹੀ ਸਾਊ ਅਤੇ ਮਿਹਨਤੀ ਇਨਸਾਨ ਸੀ। ਉਸ ਨੇ ਆਪਣੇ ਕਿੱਤਾਕਾਰੀ ਜੀਵਨ ਦਾ ਆਰੰਭ ਇਕ ਓਵਰਸੀਅਰ ਦੇ ਰੂਪ ਵਿਚ ਕੀਤਾ ਸੀ, ਪਰ ਹੁਣ ਉਹ ਇਕ ਐਕਸੀਐਨ ਦੇ ਰੂਪ ਵਿਚ ਸੇਵਾ ਮੁਕਤ ਹੋ ਕੇ ਚੰਗੀ ਪੈਨਸ਼ਨ ਲੈ ਰਿਹਾ ਸੀ।

ਉਸ ਦੀ ਪਤਨੀ ਗੁਰਜੀਤ ਵੀ ਅਧਿਆਪਕ ਤੋਂ ਤਰੱਕੀ ਕਰਦੀ, ਕਰਦੀ ਸਰਕਾਰੀ ਸਕੂਲ ਦੀ ਪ੍ਰਿੰਸੀਪਲ ਦੇ ਰੂਪ ਵਿਚ ਰੀਟਾਇਰ ਹੋਈ ਸੀ। ਉਸ ਨੂੰ ਵੀ ਚੰਗੀ ਚੋਖੀ ਪੈਨਸ਼ਨ ਮਿਲ ਜਾਂਦੀ ਸੀ।

ਰਹਿੰਦੇ ਉਹ ਜਲੰਧਰ ਹੀ ਸਨ, ਪਰ 30-35 ਕੁ ਮੀਲ ਦੇ ਫ਼ਾਸਲੇ ਉੱਤੇ ਗੁਰਮੁਖ ਸਿੰਘ ਦਾ ਜੱਦੀ ਪਿੰਡ ਝਿੰਗੜਾਂ ਸੀ, ਜ਼ਿਲ੍ਹਾ ਨਵਾਂ ਸ਼ਹਿਰ ਵਿਚ। ਏਥੇ ਉਨ੍ਹਾਂ ਦਾ ਘਰ ਤੇ ਹਵੇਲੀ ਸਨ। 10-12 ਏਕੜ ਜ਼ਮੀਨ ਵੀ ਸੀ। ਉਸ ਦੇ ਠੇਕੇ ਦੇ ਵੀ ਚੰਗੇ ਪੈਸੇ ਆ ਜਾਂਦੇ ਸਨ। ਕੁਝ ਖੱਤਿਆਂ ਵਿਚ ਉਹ ਲੋੜ ਲਈ ਕਣਕ ਜਾਂ ਕੋਈ ਹੋਰ ਫ਼ਸਲ ਵੀ ਬਿਜਵਾ ਲੈਂਦੇ ਸਨ। ਇਸ ਤਰ੍ਹਾਂ ਮਹੀਨੇ ਵਿਚ ਇਕ ਦੋ ਵਾਰ ਪਿੰਡ ਆਉਣ ਜਾਣ ਬਣਿਆ ਰਹਿੰਦਾ ਸੀ। ਉਸ ਦੇ ਕੁਝ ਮਿੱਤਰ ਅਤੇ ਸ਼ਰੀਕ ਜਾਂ ਰਿਸ਼ਤੇਦਾਰ ਵੀ ਪਿੰਡ ਹੀ ਰਹਿੰਦੇ ਸਨ। ਪਿੰਡ ਆਉਂਦਾ ਤਾਂ ਮੇਲਾ ਗੇਲਾ ਵੀ ਹੋ ਜਾਂਦਾ ਅਤੇ ਪੁਰਾਣੀਆਂ ਯਾਦਾਂ ਵੀ ਤਾਜ਼ਾ ਹੋ ਜਾਂਦੀਆਂ।

ਜਲੰਧਰ ਵਿਚ ਉਸ ਦੀ ਬੜੀ ਹੀ ਆਲੀਸ਼ਾਨ ਵੱਡੀ ਸਾਰੀ ਕੋਠੀ ਸੀ, ਜਿਸ ਦਾ ਇਕ ਹਿੱਸਾ, ਜੋ ਬਣਾਇਆ ਹੀ ਕਿਰਾਏਦਾਰਾਂ ਲਈ ਸੀ, ਸਦਾ ਕਿਰਾਏ ਉੱਤੇ ਚੜ੍ਹਿਆ ਰਹਿੰਦਾ। ਉਨ੍ਹਾਂ ਕੋਲ 4 ਬੈੱਡਰੂਮ ਸਨ, 4 ਬਾਥਰੂਮ, ਰਸੋਈ, ਡਾਈਨਿੰਗ ਹਾਲ ਅਤੇ ਡਰਾਇੰਗ ਰੂਮ। ਸਟੋਰ ਤੇ ਕਪੜੇ ਧੋਣ ਵਾਲੀਆਂ ਮਸ਼ੀਨਾਂ ਲਈ ਅਲਹਿਦਾ ਕਮਰੇ ਸਨ। ਕਾਰ ਲਈ ਵੱਡੀ ਖੁੱਲ੍ਹੀ ਗੈਰੇਜ ਸੀ। ਨੌਕਰ ਲਈ ਬਾਹਰ ਹਰੇ ਘਾਹ ਤੇ ਫੁੱਲਾਂ ਵਾਲੇ, ਲਾਨ ਦੇ ਅੰਤ ਉੱਤੇ, ਨੌਕਰਾਂ ਵਾਲਾ ਕਵਾਰਟਰ ਬਣਿਆ ਹੋਇਆ ਸੀ।

ਗੁਰਮੁਖ ਸਿੰਘ ਕੋਲ ਬੋਲੈਰੋ (Bolero) ਏਅਰ ਕੰਡੀਸ਼ਨਡ ਐੱਸ.ਯੂ.ਵੀ. (S.U.V.) ਸੀ। ਆਪ ਉਸ ਨੇ ਕਦੇ ਕਾਰ ਨਹੀਂ ਸੀ ਚਲਾਈ। ਸਿੱਖੀ ਵੀ ਨਹੀਂ ਸੀ। ਇਸ ਕੰਮ ਲਈ ਪੱਕਾ ਡਰਾਈਵਰ ਰਖਿਆ ਹੋਇਆ ਸੀ, ਜੁ ਘਰ ਵਿਚ ਨੌਕਰ ਦਾ ਕੰਮ ਵੀ ਕਰਦਾ ਸੀ। ਕੁਝ ਵਰ੍ਹਿਆਂ ਬਾਅਦ ਉਸ ਦਾ ਵਿਆਹ ਹੋ ਗਿਆ, ਤਾਂ ਉਸ ਦੀ ਵਹੁਟੀ ਵੀ ਘਰ ਦੇ ਕੰਮ ਵਿਚ ਗੁਰਜੀਤ ਦਾ ਹੱਥ ਵਟਾਉਣ ਲੱਗ ਪਈ। ਉਹ ਇਕ ਤਰ੍ਹਾਂ ਨਾਲ ਉਨ੍ਹਾਂ ਦੋਹਾਂ ਦੇ ਦੁੱਖ ਸੁੱਖ ਦੇ ਸਾਥੀ ਵੀ, ਘਰ ਦੇ ਜੀ ਹੀ ਬਣ ਗਏ ਸਨ।

ਭਾਂਡੇ ਮਾਂਜਣ ਵਾਲੀ, ਪਹਿਲਾਂ ਭਾਂਡੇ ਮਾਂਜ ਜਾਂ ਧੋ ਜਾਂਦੀ ਸੀ। ਗੁਰਮੁਖ ਸਿੰਘ ਨੇ ਨੌਕਰ ਦੇ ਵਿਆਹ ਤੋਂ ਬਾਅਦ ਨਵਾਂ ਡਿਸ਼ ਵਾਸ਼ਰ ਲੈ ਲਿਆ, ਤਾਂ ਘਰ ਦੇ ਕੰਮ ਦੀ ਸਾਰੀ ਜ਼ਿੰਮੇਂਵਾਰੀ ਨੌਕਰ ਦੀ ਪਤਨੀ ਨੇ ਸੰਭਾਲ ਲਈ। ਮਾਲੀ ਘਾਹ ਨੂੰ ਪਾਣੀ ਦੇ ਜਾਂਦਾ। ਗੋਡੀ ਕਰ ਜਾਂਦਾ। ਮੌਸਮੀਂ ਫੁੱਲਾਂ ਦੇ ਬੂਟੇ ਲਾ ਜਾਂਦਾ।

ਗੁਰਮੁਖ ਸਿੰਘ ਦੀ ਕੋਠੀ ਵਿਚ ਪਹਿਲਾਂ ਪੱਖਿਆਂ, ਫੇਰ ਕੂਲਰਾਂ ਨਾਲ ਗਰਮੀ ਤੋਂ ਛੁਟਕਾਰਾ ਪਾ ਲਿਆ ਜਾਂਦਾ ਸੀ, ਪਰ ਹੁਣ ਉਸ ਨੇ ਏਅਰ-ਕੰਡੀਸ਼ਨਰ ਲਵਾ ਲਿਆ ਸੀ। ਸਿਆਲ ਲਈ ਹੀਟਿੰਗ ਦਾ ਵਿਸ਼ੇਸ਼ ਪ੍ਰਬੰਧ ਸੀ।

ਜ਼ਿੰਦਗੀ ਦੀਆਂ ਸਭ ਸੰਭਵ ਸੁਵਿਧਾਵਾਂ ਤੇ ਸੁੱਖ ਉਸ ਨੂੰ ਪ੍ਰਾਪਤ ਸਨ। ਜਲੰਧਰ ਇੰਪਰੂਵਮੈਂਟ ਟਰੱਸਟ ਤੋਂ ਸਸਤੇ ਭਾ ਇਕ, ਦੋ ਦੁਕਾਨਾਂ-ਕਮ-ਫਲੈਟ ਲੈ ਕੇ ਉਸ ਨੇ ਕਿਰਾਏ ਉੱਤੇ ਚੜ੍ਹਾਏ ਹੋਏ ਸਨ। ਜ਼ਿੰਦਗੀ ਬੜੇ ਆਰਾਮ ਨਾਲ ਗੁਜ਼ਰ ਰਹੀ ਸੀ।

ਉਸ ਦੇ ਦੋ ਬੱਚੇ ਸਨ। ਪੁੱਤਰ ਕੈਨੇਡਾ ਵਿਚ ਸੀ ਤੇ ਪੁੱਤਰੀ ਨਿਊਜ਼ੀਲੈਂਡ ਵਿਚ। ਇਕ ਭੈਣ ਸਣੇ ਪਰਵਾਰ ਆਸਟਰੇਲੀਆ ਜਾ ਵੱਸੀ ਸੀ ਤੇ ਦੂਜੀ ਇੰਗਲੈਂਡ।

ਗੁਰਮੁਖ ਸਿੰਘ ਨੂੰ ਕਦੇ ਕਦੇ ਇੰਜ ਜਾਪਦਾ ਸੀ ਕਿ ਪੰਛੀ ਉੱਡ ਗਏ ਹਨ ਤੇ ਆਲ੍ਹਣੇ ਵਿਚ ਹੁਣ ਬੁੱਢਾ ਤੇ ਬੁੱਢੀ ਅਸਲੋਂ ਕੱਲੇ ਰਹਿ ਗਏ ਹਨ। ਅਜਿਹੇ ਸਮੇਂ ਹੀ ਉਸ ਨੂੰ ਆਪਣੀਆਂ ਦੋਵੇਂ ਭੈਣਾਂ ਤੇ ਖ਼ਾਸ ਕਰਕੇ ਦੋਵੇਂ ਬੱਚੇ ਬਹੁਤ ਯਾਦ ਆਉਂਦੇ। ਬੁਢਾਪਾ ਤੇ ਮੌਤ ਦੇ ਸੰਕਲਪ ਪਿਤਾ ਪੁਰਖੀ ਤੌਰ 'ਤੇ ਉਸ ਦੀ ਸੋਚ ਦਾ ਪੱਕਾ ਅੰਗ ਬਣ ਚੁੱਕੇ ਸਨ।

ਉਸ ਦੀ ਦਾਦੀ ਲੰਮੀਂ ਬੀਮਾਰੀ ਤੋਂ ਬਾਅਦ, ਮੰਜੇ ਉੱਤੇ ਹੱਡੀਆਂ ਰਗੜ, ਰਗੜ ਮਰੀ ਸੀ। ਉਸ ਦੀ ਟੱਟੀ, ਪੇਸ਼ਾਬ ਕੱਪੜਿਆਂ ਦੇ ਵਿਚ ਹੀ ਨਿਕਲ ਜਾਂਦਾ। ਉਸ ਦੀ ਯਾਦਾਸ਼ਤ ਬਿਲਕੁਲ ਜਾ ਚੁੱਕੀ ਅਤੇ ਉਹ ਕਿਸੇ ਨੂੰ ਵੀ ਨਹੀਂ ਸੀ ਪਛਾਣਦੀ। ਮਰਨ ਤੋਂ ਪਹਿਲਾਂ ਉਹ ਦੋ ਮਹੀਨੇ ਕੌਮੇਂ (ਬੇਹੋਸ਼ੀ) ਵਿਚ ਰਹੀ ਸੀ। ਜਦੋਂ ਮਰੀ ਤਾਂ ਗੁਲੂਕੋਸ, ਦਵਾਈਆਂ ਤੇ ਭੋਜਨ ਦੇਣ ਵਾਲੀਆਂ ਨਾਲੀਆਂ ਤੇ ਬੋਤਲਾਂ ਉਸ ਦੇ ਸਰੀਰ ਨੂੰ ਉੰਜ ਦੀਆਂ ਉੰਜ ਲੱਗੀਆਂ ਹੋਈਆਂ ਸਨ। ਗੁਰਮੁਖ ਸਿੰਘ ਨੂੰ ਜਦੋਂ ਕਿਤੇ ਅੱਜ ਵੀ ਇਹ ਮਨਜ਼ਰ ਯਾਦ ਆਉਂਦਾ, ਤਾਂ ਉਹ ਇਸ ਤਰ੍ਹਾਂ ਦੀ ਮੌਤ ਦੇ ਭੈ ਹੇਠ ਸਿਰ ਤੋਂ ਲੈ ਕੇ ਪੈਰਾਂ ਤਕ ਕੰਬ ਜਾਂਦਾ।

ਉਸ ਦੇ ਬਾਬਾ ਜੀ ਤੇ ਪਿਤਾ ਜੀ ਦੀ ਮੌਤ ਵੀ ਥੋੜ੍ਹੇ ਬਹੁਤ ਵਖਰੇਵੇਂ ਨਾਲ ਉਸ ਦੀ ਦਾਦੀ ਦੀ ਮੌਤ ਵਰਗੀ ਦੁਖਦਾਈ, ਹੱਡ ਰਗੜਵੀਂ ਅਤੇ ਭਿਆਨਕ ਸੀ ! ਇਕ ਐਸੀ ਮੌਤ ਜੁ ਹੌਲੀ, ਹੌਲੀ, ਤੜਫਾ, ਤੜਫਾ ਕੇ, ਏਸ ਤਰ੍ਹਾਂ ਮਾਰਦੀ ਹੈ, ਜਿਵੇਂ ਕਿਸੇ ਨੂੰ ਧੀਮੀਂ ਮੌਤ ਦੀ ਸਜ਼ਾ ਦੇ ਦਿੱਤੀ ਗਈ ਹੋਵੇ।

ਇਹ ਮੌਤ ਦਾ ਐਸਾ ਚਿੰਤਨ ਹੀ ਸੀ, ਜੁ ਉਸ ਨੂੰ ਤੇ ਉਸ ਦੀ ਪਤਨੀ ਗੁਰਜੀਤ ਨੂੰ ਸਿਰ ਤੋਂ ਪੈਰਾਂ ਤਕ ਕੰਬਾ ਦਿੰਦਾ ਸੀ। ਅੱਖਾਂ ਅੱਗੇ 'ਨ੍ਹੇਰੀ ਲਿਆ ਦਿੰਦਾ ਸੀ। ਪਿੱਛੇ ਅਤੇ ਅੱਗੇ ਨਾਲੋਂ, ਸਾਰੇ ਰਿਸ਼ਤੇ ਨਾਤੇ ਤੋੜ ਕੇ, ਉਨ੍ਹਾਂ ਨੂੰ ਇਕ ਖਲਾਅ ਜਿਹੇ ਵਿਚ ਲਟਕਾ ਦਿੰਦਾ ਸੀ। ਅਸਹਿ ਹੋ ਜਾਂਦਾ ਸੀ।

ਅਜਿਹੇ ਸਮੇਂ ਹੀ ਗੁਰਮੁਖ ਸਿੰਘ ਨੂੰ ਆਪਣੀਆਂ ਦੋਵੇਂ ਭੈਣਾਂ ਬਹੁਤ ਯਾਦ ਆਉਂਦੀਆਂ। ਪੁੱਤਰ ਤੇ ਧੀ ਬਹੁਤ ਯਾਦ ਆਉਂਦੇ। ਆਪਣੀ ਮਾਂ ਬਹੁਤ ਯਾਦ ਆਉਂਦੀ। ਉਸ ਦੀ ਮਾਂ ਦੀ ਮੌਤ ਦੀ ਵੀ ਇਕ ਵੱਖਰੀ ਕਹਾਣੀ ਸੀ। ਉਹ ਮੋਟਾਪੇ ਦਾ ਸ਼ਿਕਾਰ ਸੀ। ਭੋਜਨ ਕਰਨ ਵਿਚ, ਉਸ ਦਾ ਦੁੱਧ ਤੇ ਘਿਓ ਉੱਤੇ ਜ਼ੋਰ ਹੁੰਦਾ। ਦਹੀਂ, ਲੱਸੀ ਤੇ ਮੱਖਣ ਉਹ ਰੱਜ ਕੇ ਖਾਂਦੀ। ਘਰ ਦੇ ਲਵੇਰੇ ਸਨ। ਕਿਸੇ ਕਿਸਮ ਦੀ ਕੋਈ ਘਾਟ ਨਹੀਂ ਸੀ। ਉਸ ਨੂੰ, ਡਾਕਟਰਾਂ ਅਨੁਸਾਰ ਅਚਾਨਕ ਸਟਰੋਕ ਹੋਇਆ। ਦਿਮਾਗ ਦੀ ਕੋਈ ਨਸ ਫੱਟ ਗਈ। ਉਸ ਨੂੰ ਅਧਰੰਗ ਹੋ ਗਿਆ। ਉਹਨੇ ਬਹੁਤਾ ਚਿਰ ਮੰਜੇ ਉੱਤੇ ਹੱਡੀਆਂ ਨਾ ਰਗੜੀਆਂ। 5-6 ਮਹੀਨੇ ਬਾਅਦ ਹੀ ਦਿਲ ਦਾ ਦੌਰਾ ਪਿਆ ਤੇ ਉਹ ਮਰ ਗਈ। ਗੁਰਮੁਖ ਸਿੰਘ ਉਸ ਦਿਨ ਬਹੁਤ ਉਦਾਸ ਤੇ ਇਕੱਲਾ ਹੋ ਗਿਆ ਸੀ। ਦਾਦੀ ਉਸ ਦੀ ਮਾਂ ਤੋਂ ਪਹਿਲਾਂ ਮਰ ਚੁੱਕੀ ਸੀ ਅਤੇ ਪਿਤਾ ਤੇ ਦਾਦੇ ਦੀ ਮੌਤ ਮਾਂ ਤੋਂ ਬਾਦ ਹੋਈ ਸੀ। ਇਲਾਜ ਕਰਨ ਤੇ ਉਨ੍ਹਾਂ ਦੀ ਜ਼ਿੰਦਗੀ ਬਚਾਉਣ ਲਈ ਗੁਰਮੁਖ ਸਿੰਘ ਨੇ ਕੋਈ ਕਸਰ ਨਹੀਂ ਸੀ ਛੱਡੀ। ਪਾਣੀ ਵਾਂਗ ਰੁਪਿਆ ਬਹਾਇਆ ਸੀ। ਕਹਿੰਦੇ ਨੇ ਕਿ ਜਦੋਂ ਪੈਸੇ ਹੋਣ, ਤਾਂ ਘਰ ਵੀ ਹਸਪਤਾਲ ਵਿਚ ਬਦਲ ਸਕਦਾ ਹੈ।

ਜਦੋਂ ਵੀ ਕੋਈ ਬੀਮਾਰ ਹੁੰਦਾ ਰਿਹਾ, ਘਰ ਦਾ ਇਕ ਕਮਰਾ ਹਸਪਤਾਲ ਵਿਚ ਬਦਲ ਜਾਂਦਾ। ਡਾਕਟਰ ਤੇ ਨਰਸ ਰੋਜ਼, ਲੋੜ ਅਨੁਸਾਰ, ਘਰ ਆਉਂਦੇ। ਹਸਪਤਾਲ ਦੀਆਂ ਸਾਰੀਆਂ ਸੁਵਿਧਾਵਾਂ ਘਰ ਵਿਚ ਹੀ ਮੁਹੱਈਆ ਕਰਦੇ। ਇਸ ਤਰ੍ਹਾਂ ਗੁਰਮੁਖ ਸਿੰਘ ਨੂੰ ਵੀ ਇਨ੍ਹਾਂ ਸਭ ਦੀ ਸੇਵਾ ਸੰਭਾਲ ਦਾ ਮੌਕਾ ਮਿਲ ਜਾਂਦਾ। ਉਸ ਦੀ ਪਤਨੀ ਗੁਰਜੀਤ ਵੀ, ਜੇ ਲੋੜ ਪੈਂਦੀ, ਤਾਂ ਛੁੱਟੀ ਲੈ ਕੇ ਵੀ, ਸੇਵਾ ਵਿਚ ਜੁਟੀ ਰਹਿੰਦੀ।

ਖ਼ਰਚ ਦੀ ਉਨ੍ਹਾਂ ਨੂੰ ਕੋਈ ਤੰਗੀ ਨਹੀਂ ਸੀ। ਦਾਦਾ ਜੀ ਸੂਬੇਦਾਰ ਰੀਟਾਇਰ ਹੋਏ ਸਨ। ਪਿਤਾ ਜੀ ਵਿਦਿਅਕ

ਮੰਤਰਾਲੇ ਵਿਚ ਚੰਗੇ ਵੱਡੇ ਅਫ਼ਸਰ ਸਨ। ਉਨ੍ਹਾਂ ਦੇ ਜੀਵਨ-ਕਾਲ ਦੌਰਾਨ ਉਨ੍ਹਾਂ ਦੋਹਾਂ ਦੀਆਂ ਪੈਨਸ਼ਨਾਂ ਵੀ ਆਉਂਦੀਆਂ ਰਹੀਆਂ। ਉਨ੍ਹਾਂ ਦੋਹਾਂ ਪਤੀ, ਪਤਨੀ ਦੀਆਂ ਤਨਖ਼ਾਹਾਂ ਵੀ ਕਾਫ਼ੀ ਸਨ।

ਏਨਾ ਪੈਸਾ ਹੋਣ ਦੇ ਬਾਵਜੂਦ ਵੀ ਗੁਰਮੁਖ ਸਿੰਘ ਨਾ ਉਨਾਂ ਦੀ ਬੀਮਾਰੀ ਨੂੰ ਠੱਲ੍ਹ ਪਾ ਸਕਿਆ ਤੇ ਨਾ ਹੀ ਉਨ੍ਹਾਂ ਨੂੰ ਬਚਾ ਸਕਿਆ। ਉਸ ਦੇ ਵੇਖਦਿਆਂ, ਵੇਖਦਿਆਂ ਹੀ ਉਹ ਸਭ, ਇਕ, ਇਕ ਕਰਕੇ ਉਸਦਿਆਂ ਹੱਥਾਂ ਵਿਚ ਮਰ ਗਏ। ਹਰ ਵਾਰ ਉਹ ਬਹੁਤ ਰੋਇਆ। ਬਹੁਤ ਕਲਪਿਆ। ਪਰ ਮੌਤ ਅਟੱਲ ਸੀ।

ਏਸ ਅਟੱਲ ਮੌਤ ਬਾਰੇ ਸੋਚ ਕੇ ਹੀ ਉਸ ਨੂੰ ਆਪਣਾ ਪੁੱਤਰ ਬਹੁਤ ਯਾਦ ਆਉਂਦਾ। ਉਹਦੀ ਇਹ ਪ੍ਰਬੱਲ ਇੱਛਾ ਸੀ ਕਿ ਉਹਦੇ ਵਾਂਗ ਹੀ, ਉਹਦਾ ਪੁੱਤਰ ਵੀ ਇਸ ਆਖਿਰੀ ਤੇ ਅਟੱਲ ਸਮੇਂ, ਉਸ ਦੀ ਤੇ ਉਸ ਦੀ ਪਤਨੀ ਦੀ ਦੇਖਭਾਲ ਕਰੇ। ਉਨ੍ਹਾਂ ਦੋਹਾਂ ਦੇ ਪ੍ਰਾਣ ਉਸ ਦੇ ਹੱਥਾਂ ਵਿਚ ਹੀ ਪੂਰੇ ਹੋਣ।

ਉਸ ਦਾ ਪੁੱਤਰ ਉਨ੍ਹਾਂ ਉੱਤੇ ਚਿੱਠੀਆਂ ਤੇ ਫ਼ੋਨਾਂ ਰਾਹੀਂ ਜ਼ੋਰ ਪਾਉਂਦਾ ਰਿਹਾ ਸੀ ਕਿ ਹੁਣ ਉਹ ਪੱਕੀ ਇਮੀਗਰੇਸ਼ਨ ਲੈ ਕੇ ਕੈਨੇਡਾ ਆ ਜਾਣ ਤੇ ਉਸ ਦੇ ਕੋਲ ਰਹਿਣ। ਪਹਿਲਾਂ ਤਾਂ ਗੁਰਮੁਖ ਸਿੰਘ ਕੋਲ ਇਹ ਬਹਾਨਾ ਸੀ ਕਿ ਉਹ ਰੀਟਾਇਰਮੈਂਟ ਤੋਂ ਬਾਅਦ, ਪੈਨਸ਼ਨ ਲੈ ਕੇ, ਫੇਰ ਹੀ ਕੈਨੇਡਾ ਆਉਣ ਬਾਰੇ ਸੋਚ ਸਕਦਾ ਹੈ। ਗੁਰਜੀਤ ਵੀ ਰਿਟਾਇਰ ਹੋਣ ਉਪਰੰਤ ਹੀ ਕੈਨੇਡਾ ਜਾਣਾ ਚਾਹੁੰਦੀ ਸੀ।

ਹੁਣ ਉਹ ਦੋਵੇਂ ਰੀਟਾਇਰ ਹੋ ਚੁੱਕੇ ਸਨ ਤੇ ਉਨ੍ਹਾਂ ਕੋਲ ਹੋਰ ਕੋਈ ਬਹਾਨਾ ਨਹੀਂ ਸੀ ਬਚਿਆ। ਹੁਣ ਤਾਂ ਉਸ ਦੇ ਪੁੱਤਰ ਨੇ ਕੈਨੇਡਾ ਵਿਚ ਘਰ ਵੀ ਲੈ ਲਿਆ ਸੀ। ਉਪਰਲਾ ਹਿੱਸਾ ਕਿਰਾਏ ਉੱਤੇ ਦਿੱਤਾ ਹੋਇਆ ਸੀ ਅਤੇ ਦੋਵੇਂ ਪਤੀ, ਪਤਨੀ ਆਪ ਹੇਠਾਂ ਬੇਸਮੈਂਟ ਵਿਚ ਰਹਿੰਦੇ ਸਨ। ਇਸ ਤਰ੍ਹਾਂ ਘਰ ਦੀ ਕਿਸ਼ਤ ਸੌਖੀ ਤੁਰੀ ਰਹਿੰਦੀ ਸੀ।

ਫਾਰਮਾਂ ਤੇ ਹੋਰ ਘੱਟ ਮਜ਼ਦੂਰੀ ਵਾਲੇ ਕੰਮਾਂ ਵਿਚ ਧੱਕੇ ਖਾਣ ਤੋਂ ਬਾਦ ਹੁਣ ਉਸ ਦਾ ਪੁੱਤਰ 'ਮਰਚੈਂਟ ਨੇਵੀ' ਵਿਚ ਭਰਤੀ ਹੋ ਕੇ ਚੰਗੀ ਤਨਖਾਹ ਲੈ ਰਿਹਾ ਸੀ। ਉਸ ਦੀ ਨੂੰਹ ਵੀ ਕਿਸੇ ਬੈਂਕ ਵਿਚ ਚੰਗੀ ਨੌਕਰੀ ਉੱਤੇ ਸੀ। ਕਾਰ ਰੱਖੀ ਹੋਈ ਸੀ।

ਗੁਰਮੁਖ ਸਿੰਘ ਤੇ ਗੁਰਜੀਤ, ਜਕੋ ਤਕੇ ਵਿਚ ਹੀ, ਇਮੀਗਰੇਸ਼ਨ ਲੈ ਕੇ, ਕੈਨੇਡਾ ਪਹੁੰਚ ਗਏ। ਨਵੰਬਰ ਦੇ ਹਲਕੀ ਸਰਦੀ ਵਾਲੇ ਦਿਨ ਸਨ। ਸਿਆਲ ਦੀਆਂ ਬਰਫ਼ਾਂ ਨੇ ਅਜੇ ਆਪਣਾ ਨਜ਼ਾਰਾ ਨਹੀਂ ਸੀ ਬੰਨ੍ਹਿਆਂ। ਉਸ ਦੇ ਪੁੱਤਰ ਸਰਮੁਖ ਨੇ ਮਹੀਨੇ ਭਰ ਦੀਆਂ ਛੁੱਟੀਆਂ ਲੈ ਰੱਖੀਆਂ ਸਨ। ਆਪਣੇ ਮਾਂ, ਬਾਪ ਨੂੰ ਉਸ ਨੇ ਵਿਕਟੋਰੀਆ, ਸਿਆਟਲ, ਵੈਨਕੂਵਰ ਤੇ ਸੈਲਾਨੀ ਖਿੱਚ ਵਾਲੇ ਸਥਾਨਾਂ ਦੀ ਖ਼ੂਬ ਸੈਰ ਕਰਵਾਈ। ਉਸ ਦੀ ਨੂੰਹ ਪ੍ਰਭਜੋਤ ਨੇ ਵੀ ਉਨ੍ਹਾਂ ਦੀ ਖ਼ੂਬ ਸੇਵਾ ਕੀਤੀ। ਸਰਮੁਖ ਨਾਲ ਘੁੰਮਦਿਆਂ, ਸੈਰ ਕਰਦਿਆਂ, ਇਕ ਮਹੀਨਾ ਜਿਵੇਂ ਮੇਲੇ ਜਿਹੇ ਵਿਚ ਬੀਤ ਗਿਆ।

ਸਰਮੁਖ ਵਾਪਸ ਆਪਣੇ ਕੰਮ ਉੱਤੇ ਜਾ ਲੱਗਾ। ਪ੍ਰਭਜੋਤ ਵੀ ਆਪਣੀ ਨੌਕਰੀ ਉੱਤੇ ਚਲੇ ਜਾਂਦੀ। ਘਰ, ਗੁਰਮੁਖ ਸਿੰਘ ਤੇ ਉਸ ਦੀ ਪਤਨੀ ਇਕੱਲੇ ਹੀ ਰਹਿ ਜਾਂਦੇ। ਉਨ੍ਹਾਂ ਦੋਹਾਂ ਕੋਲ ਇਕ ਬੈੱਡਰੂਮ ਸੀ। ਦੂਜਾ ਪ੍ਰਭਜੋਤ ਕੋਲ ਸੀ। ਇਕ ਬਾਥਰੂਮ ਤੇ ਡਰਾਇੰਗ ਰੂਮ ਦੇ ਨਾਲ ਲਗਦਾ ਬਣਿਆ ਹੋਇਆ ਕਿਚਨ ਤੇ ਡਾਈਨਿੰਗ ਥਾਂ, ਜਿੱਥੇ ਇਕ ਮੇਜ਼ ਦੁਆਲੇ ਛੇ ਕੁਰਸੀਆਂ ਰੱਖੀਆਂ ਹੋਈਆਂ ਸਨ। ਉਨ੍ਹਾਂ ਦਾ ਆਲ੍ਹਣਾ ਬਹੁਤ ਛੋਟਾ ਤੇ ਬਹੁਤ ਤੰਗ ਹੋ ਗਿਆ ਸੀ। ਨੌਕਰ ਤੇ ਨੌਕਰਾਣੀ ਵੀ ਨਹੀਂ ਸਨ। ਮਾਲੀ ਵੀ ਨਹੀਂ ਸੀ। ਨਾ ਕਾਰ ਸੀ ਤੇ ਨਾ ਡਰਾਈਵਰ। ਇੱਕੋ ਕਾਰ ਸੀ, ਜੁ ਪ੍ਰਭਜੋਤ ਲੈ ਜਾਂਦੀ ਸੀ। ਕਾਰ ਤਾਂ ਗੁਰਮੁਖ ਸਿੰਘ ਨੇ ਚਲਾਉਣੀ ਹੀ ਨਹੀਂ ਸੀ ਸਿਖੀ ਤੇ ਹੁਣ 66-67 ਸਾਲ ਦੀ ਉਮਰ ਵਿਚ ਕਾਰ ਸਿੱਖਣ ਲਈ ਨਾ ਉਸ ਕੋਲ ਹਿੰਮਤ ਸੀ ਤੇ ਨਾ ਹੀ ਹੌਂਸਲਾ। ਏਨੇ ਤੰਗ ਥਾਂ ਵਿਚ ਉਹ ਪਹਿਲਾਂ ਕਦੇ ਨਹੀਂ ਸਨ ਰਹੇ। ਘਰ ਦੇ ਨਿੱਕੇ ਮੋਟੇ ਕੰਮ ਵੀ, ਉਨ੍ਹਾਂ ਲਈ ਨੌਕਰ ਹੀ ਕਰਦੇ ਰਹੇ ਸਨ।

ਏਥੇ ਕਿਸੇ ਨੂੰ ਕੋਈ ਮਿਲਦਾ ਜੁਲਦਾ ਵੀ ਬਹੁਤ ਘੱਟ ਸੀ। ਵਿਹਲ ਹੀ ਨਹੀਂ ਸੀ। ਘਰਾਂ ਤੇ ਕਾਰਾਂ ਦੀਆਂ ਕਿਸ਼ਤਾਂ ਤੋਰਨ ਅਤੇ ਹੋਰ ਖ਼ਰਚੇ ਕਰਨ ਲਈ ਸਭ ਨੂੰ ਜੇ ਸੱਤ ਨਹੀਂ ਤਾਂ ਹਫ਼ਤੇ ਵਿਚ ਛੇ ਦਿਨ 10-12

ਘੰਟੇ ਰੋਜ਼ ਕੰਮ ਕਰਨਾ ਪੈਂਦਾ ਸੀ। ਕਈ ਦੋ, ਦੋ ਨੌਕਰੀਆਂ ਕਰਦੇ ਸਨ। ਏਥੋਂ ਦੀ ਸੀਮਤ ਜਿਹੀ ਖੁੱਲ੍ਹ ਖੇਡ ਦੇ ਦੁਆਲੇ ਹੱਥ ਤੋਂ ਮਸਾਂ ਮੂੰਹ ਤਕ ਪਹੁੰਚਦੀ ਰੁਜ਼ਗਾਰ ਤੇ ਤੰਗਦਸਤੀ ਦੀ ਕਾਰ ਵਲੀ ਹੋਈ ਸੀ।

ਬੁੱਢੇ, ਠੇਰੇ ਤਾਂ ਘਰਾਂ ਦੇ ਤੰਗ ਮਾਹੌਲ ਵਿਚ ਪਏ ਕੈਦ ਹੀ ਭੁਗਤ ਰਹੇ ਸਨ। ਨਵਾਂ ਸ਼ਹਿਰ, ਨਵੇਂ ਤੇ ਅਨਜਾਣ ਰਸਤੇ, ਕਾਰ ਤੋਂ ਭਾਵ ਬਿਨਾਂ ਪੈਰਾਂ ਤੋਂ ਉਹ ਜਾਣ ਵੀ ਕਿੱਥੇ ?

ਪੰਜਾਬੀ ਵਿਚ ਟੀ.ਵੀ. ਤੇ ਰੇਡੀਓ ਪ੍ਰੋਗਰਾਮ ਹਰ ਵੇਲੇ ਲੱਗੇ ਰਹਿੰਦੇ। ਪੰਜਾਬੀ ਦੀਆਂ ਬਹੁਤ ਸਾਰੀਆਂ ਮੁਫ਼ਤ ਮਿਲਦੀਆਂ ਇਸ਼ਤਿਹਾਰੀ ਜਿਹੀਆਂ ਅਖ਼ਬਾਰਾਂ ਹਰ ਹਫ਼ਤੇ ਪ੍ਰਭਜੋਤ ਗਰੋਸਰੀ ਲੈਣ ਗਈ ਆਪਣੇ ਸੌਹਰੇ ਤੇ ਸੱਸ ਦੇ ਪੜ੍ਹਨ ਲਈ ਚੁੱਕ ਲਿਆਉਂਦੀ।

ਬਾਹਰ, ਬਰਫ਼ ਤੋਂ, ਸੜਕਾਂ ਉੱਤੇ ਆਈਸ (Ice) ਬਨਣ ਲੱਗ ਪਈ ਸੀ। ਇਸ ਤਿਲ੍ਹਕਵੀਂ ਆਈਸ ਤੋਂ ਤਿਲ੍ਹਕ ਕੇ ਗੋਡੇ ਗਿੱਟੇ ਭੰਨਵਾਉਣ ਜਾਂ ਮੂੰਹ ਮੱਥਾ ਸੁਜਾਉਣ ਦੀ ਗੁਰਮੁਖ ਸਿੰਘ ਨੂੰ ਕੋਈ ਇੱਛਾ ਨਹੀਂ ਸੀ।

ਮੀਡੀਆ ਦੀਆਂ ਖ਼ਬਰਾਂ ਵੀ ਘਰੋਗੀ ਹਿੰਸਾ, ਨੂੰਹਾਂ ਦੇ ਕਤਲ, ਚੁਣ ਕੇ ਮਾਰੇ ਗਏ ਨੌਜਵਾਨਾਂ ਦੇ ਗੈਂਗ ਸਟਾਈਲ ਕਤਲ, ਛੋਟੀਆਂ ਬੱਚੀਆਂ ਦੇ ਅਗਵਾ ਉਪਰੰਤ ਉਨ੍ਹਾਂ ਨਾਲ ਜ਼ਬਰ-ਜਨਾਹ ਤੇ ਫੇਰ ਉਨ੍ਹਾਂ ਦੇ ਕਤਲ, ਨਸ਼ੀਲੇ ਪਦਾਰਥਾਂ ਦੇ ਸੇਵਨ ਕਰਨ ਅਤੇ ਸੜਕਾਂ ਕੰਢੇ ਸੁੰਗੜ ਕੇ ਮਰ ਰਹੇ ਬੇਘਰਿਆਂ ਦੇ ਦ੍ਰਿਸ਼, ਸੀਰੀਅਲ ਕਿਲਿੰਗਜ਼, ਸੌਹਰਿਆਂ ਤੋਂ ਤੰਗ ਆਈਆਂ ਪੰਜਾਬੀ ਕੁੜੀਆਂ ਤੇ ਹੋਰ ਵੈਲੀਆਂ ਤੇ ਮਾਨਸਕ ਰੋਗੀਆਂ ਵਲੋਂ ਆਤਮ-ਹੱਤਿਆਵਾਂ ਆਦਿ ਦੇ ਵੇਰਵਿਆਂ ਨਾਲ ਹੀ ਭਰੀਆਂ ਹੁੰਦੀਆਂ।

ਗ਼ਬਨ, ਰਿਸ਼ਵਤਖੋਰੀ, ਧੋਖਾ-ਦਿਹੀ, ਡਾਕਿਆਂ, ਚੋਰੀਆਂ ਤੇ ਕੁੱਟ ਕੁਟਾਪੇ ਦੀਆਂ ਖ਼ਬਰਾਂ ਵੀ ਮੀਡੀਆ ਉੱਤੇ ਖ਼ੂਬ ਨਸ਼ਰ ਹੁੰਦੀਆਂ।

ਗੁਰਮੁਖ ਸਿੰਘ ਤੇ ਗੁਰਜੀਤ ਇਹ ਸਭ ਕੁਝ ਰੋਜ਼ ਅਖ਼ਬਾਰਾਂ ਵਿਚ ਪੜ੍ਹਦੇ, ਰੇਡੀਓ ਤੋਂ ਸੁਣਦੇ ਅਤੇ ਟੀ.ਵੀ. ਉੱਤੇ ਵੇਖਦੇ ਹੋਏ ਸੋਚਦੇ ਕਿ "ਇਹ ਅਸੀਂ ਕਿੱਥੇ ਆ ਗਏ ਹਾਂ ?" "ਬੁੱਢੀਆਂ ਤੀਵੀਆਂ ਦੇ ਬਟੂਏ ਜਿੱਥੇ ਦਿਨ-ਦਿਹਾੜੇ ਖੋਹ ਕੇ, ਉਨ੍ਹਾਂ ਨੂੰ ਮਾਰ ਕੁੱਟ ਕੇ ਧਰਤੀ ਉੱਤੇ ਪਟਕਾ ਮਾਰਿਆ ਜਾਂਦਾ ਹੈ, ਇਹ ਕਿਹਾ ਦੇਸ਼ ਹੈ ?"

ਸਰਮੁਖ ਨੇ ਵੀ ਘਰ ਤਿੰਨ-ਚਾਰ ਮਹੀਨਿਆਂ ਤੋਂ ਬਾਅਦ ਹੀ ਪਰਤਣਾ ਸੀ। ਉਂਜ ਫ਼ੋਨ ਉੱਤੇ ਗੁਰਮੁਖ ਸਿੰਘ ਦੀ ਉਸ ਨਾਲ ਅਕਸਰ ਗੱਲ ਹੁੰਦੀ ਰਹਿੰਦੀ। ਜਦੋਂ ਵੀ ਗੁਰਮੁਖ ਸਿੰਘ ਸਰਮੁਖ ਨੂੰ ਇਨ੍ਹਾਂ ਘਟਨਾਵਾਂ ਬਾਰੇ ਦੱਸਦਾ, ਉਹ ਅੱਗੋਂ ਹੱਸ ਛੱਡਦਾ ਤੇ ਕਹਿੰਦਾ ਕਿ "ਬਹੁਤੀ ਚਿੰਤਾ ਨਾ ਕਰਿਆ ਕਰੋ, ਹੌਲੀ ਹੌਲੀ ਤੁਹਾਨੂੰ ਵੀ ਇਹ ਸਭ ਵੇਖਣ, ਸੁਣਨ ਤੇ ਸਹਿਣ ਦੀ ਆਦਤ ਪੈ ਜਾਣੀ ਹੈ। ਪਹਿਲਾਂ, ਪਹਿਲਾਂ ਸਭ ਨੂੰ ਇਹ ਓਪਰਾ ਤੇ ਖ਼ਤਰਨਾਕ ਜਾਪਦਾ ਹੈ। ਫਿਰ ਸਭ ਏਸ ਜ਼ਿੰਦਗੀ ਦਾ ਹਿੱਸਾ ਬਣ ਜਾਂਦੇ ਹਨ।"

ਇਨ੍ਹਾਂ ਦਿਨਾਂ ਵਿਚ ਹੀ ਗੁਰਮੁਖ ਸਿੰਘ ਨੇ ਇਕ ਹੋਰ ਖ਼ਬਰ ਪੜ੍ਹੀ, ਸੁਣੀ ਤੇ ਟੀ.ਵੀ. ਉੱਤੇ ਵੇਖੀ। 70-72 ਸਾਲ ਦੇ ਦੋ ਪੰਜਾਬੀ ਬਜ਼ੁਰਗਾਂ ਨੂੰ ਗੋਰੇ ਮੁੰਡਿਆਂ ਨੇ ਬੈਟ ਮਾਰ, ਮਾਰ ਕੇ, ਇਕ ਪਾਰਕ ਦੇ ਬਾਥਰੂਮ ਵਿਚ ਬੜੀ ਬੇਰਹਿਮੀ ਨਾਲ ਮਾਰਿਆ ਸੀ। ਇਨ੍ਹਾਂ ਵਿੱਚੋਂ ਇਕ ਮੌਕੇ ਉੱਤੇ ਹੀ ਦਮ ਤੋੜ ਗਿਆ ਸੀ ਤੇ ਦੂਜਾ ਕਈ ਦਿਨ ਹਸਪਤਾਲ ਵਿਚ ਰਹਿ ਕੇ ਰਹਿੰਦੀ ਜ਼ਿੰਦਗੀ ਲਈ ਅਪਾਹਜ ਹੋ ਗਿਆ ਸੀ।

ਇਕ ਗੋਰੇ, 80 ਸਾਲਾਂ ਦੇ, ਬਜ਼ੁਰਗ ਨੂੰ ਨਸ਼ੀਲੇ ਪਦਾਰਥਾਂ ਦੇ ਇਕ ਵੈਲੀ ਨੇ, ਉਸੇ ਦੇ ਘਰ ਵਿਚ ਕੁੱਟ, ਕੁੱਟ ਕੇ ਨੀਲਾ, ਪੀਲਾ ਕਰਕੇ ਸੁੱਟ ਦਿੱਤਾ ਅਤੇ ਉਹ ਉਸ ਦੇ ਸਾਰੇ ਪੈਸੇ ਤੇ ਹੋਰ ਕੀਮਤੀ ਸਾਮਾਨ ਖੋਹ ਕੇ ਲੈ ਗਿਆ ਸੀ।

ਗੁਰਮੁਖ ਸਿੰਘ ਸੋਚ ਰਿਹਾ ਸੀ ਕਿ ਇਹ ਘਰਾਂ ਦੇ ਦਰਵਾਜ਼ੇ ਵੀ ਲੱਕੜੀ ਦੇ ਬਣੇ ਹੋਏ ਹਨ। ਧੱਕਾ ਮਾਰੋ ਤਾਂ ਖੁੱਲ੍ਹ ਜਾਂ ਟੁੱਟ ਜਾਂਦੇ ਹਨ। ਸ਼ੀਸ਼ੇ ਦੀਆਂ ਤਾਕੀਆਂ ਦੇ ਸ਼ੀਸ਼ੇ ਤੋੜ ਕੇ ਜਦੋਂ ਮਰਜ਼ੀ ਹੈ ਘਰ ਵਿਚ ਦਾਖ਼ਲ ਹੋ ਜਾਵੋ। ਘਰ ਵਿਚ ਵਧੇਰੇ ਸਮਾਂ ਗੁਰਮੁਖ ਸਿੰਘ ਤੇ ਗੁਰਜੀਤ ਹੀ ਇਕੱਲੇ ਰਹਿੰਦੇ ਸਨ। ਏਥੇ ਕਿਸੇ ਕਿਸਮ ਦੀ ਕੋਈ ਸੁਰੱਖਿਆ ਨਹੀਂ ਸੀ। ਜ਼ਰੂਰਤ ਪੈਣ ਉੱਤੇ, ਗਵਾਂਢੀ ਵੀ ਆਪਣੇ ਬੂਹੇ ਬੰਦ ਕਰ ਲੈਂਦੇ ਸਨ। ਕੋਈ ਵੀ ਕਿਸੇ ਦੀ ਸਹਾਇਤਾ ਨਹੀਂ ਸੀ ਕਰਦਾ।

ਇਨ੍ਹਾਂ ਦਿਨਾਂ ਵਿਚ ਹੀ ਗੁਰਮੁਖ ਸਿੰਘ ਨੂੰ ਪਰੌਸਟੇਟ ਤੇ ਬਲੈਡਰ ਦੀ ਇਨਫ਼ੈਕਸ਼ਨ ਹੋ ਗਈ। ਕਾਂਬਾ ਲੱਗ ਕੇ 102-03 ਡਿਗਰੀ ਦਾ ਬੜਾ ਹੀ ਤੇਜ਼ ਬੁਖ਼ਾਰ ਹੋ ਗਿਆ। ਪੇਸ਼ਾਬ ਬਹੁਤ ਜ਼ਿਆਦਾ ਲੱਗ ਕੇ ਤੇ ਤਕਲੀਫ਼ ਨਾਲ ਆਉਂਦਾ। ਗੁਰਜੀਤ ਨੇ ਪ੍ਰਭਜੋਤ ਨੂੰ ਕਿਹਾ ਕਿ ਗੁਰਮੁਖ ਸਿੰਘ ਨੂੰ ਡਾਕਟਰ ਦੇ ਲਿਜਾਣਾ ਚਾਹੀਦਾ ਹੈ। ਅੱਗੋਂ ਪ੍ਰਭਜੋਤ ਨੇ ਉਸ ਨੂੰ ਟਾਇਨੇਨੋਲ ਦਿੱਤੀ ਤੇ ਕਿਹਾ ਕਿ ਇਸ ਨਾਲ ਬੁਖ਼ਾਰ ਉੱਤਰ ਜਾਏਗਾ। ਬੈਂਕ ਪਹੁੰਚ ਕੇ ਉਸ ਨੇ ਗੁਰਮੁਖ ਸਿੰਘ ਦਾ ਹਾਲ ਚਾਲ ਪੁੱਛਿਆ ਤੇ ਕਿਹਾ :

"ਤੁਹਾਡੀ ਅਜੇ ਮੈਡੀਕਲ ਕਵਰੇਜ਼ ਨਹੀਂ ਹੈ। ਤੁਹਾਡੇ ਏਥੇ ਆਉਣ ਤੋਂ ਤਿੰਨ ਮਹੀਨੇ ਬਾਦ ਇਹ ਸ਼ੁਰੂ ਹੋਣੀ ਹੈ। ਤਦ ਤਕ ਡਾਕਟਰ ਤੇ ਹਸਪਤਾਲ ਦੇ ਪੈਸੇ ਆਪ ਦੇਣੇ ਪੈਣਗੇ। ਪਰਾਈਵੇਟ ਇਲਾਜ ਏਥੇ ਬਹੁਤ ਮਹਿੰਗਾ ਹੈ। ਜੇ ਹਸਪਤਾਲ ਵਿਚ ਰਹਿਣਾ ਪੈ ਗਿਆ, ਤਾਂ ਦਿਵਾਲਾ ਨਿਕਲ ਜਾਏਗਾ। ਸਭ ਕੁਝ ਵਿਕ ਜਾਏਗਾ। ਮਹੀਨੇ ਦੀ ਤਾਂ ਗੱਲ ਹੈ, ਫਿਰ ਕਵਰੇਜ਼ ਸ਼ੁਰੂ ਹੋ ਜਾਵੇਗੀ। ਫੇਰ ਭਾਵੇਂ ਤਿੰਨ ਮਹੀਨੇ ਹੀ ਹਸਪਤਾਲ ਵਿਚ ਰਿਹੋ।"

"ਪਰ ਪੁੱਤਰ ...।"

ਇਸਤੋਂ ਪਹਿਲਾਂ ਕਿ ਗੁਰਮੁਖ ਸਿੰਘ ਆਪਣੀ ਗੱਲ ਪੂਰੀ ਕਰਦਾ, ਪ੍ਰਭਜੋਤ ਨੇ ਕਿਹਾ:

"ਤੁਸੀਂ ਮੈਨੂੰ ਦੱਸੋ ਕਿ ਇੰਡੀਆ ਵਿਚ ਤੁਸੀਂ ਕਿਹੜੀ ਦਵਾਈ ਖਾਂਦੇ ਸੀ। ਏਥੇ ਸਾਡਾ ਇਕ ਪੰਜਾਬੀ ਡਾਕਟਰ ਵਾਕਿਫ਼ ਹੈ। ਮੈਂ ਉਸ ਕੋਲੋਂ ਆਪਣੇ ਲਈ ਉਹ ਦਵਾਈ ਲਿਖਵਾ ਕੇ ਲੈ ਆਉਂਦੀ ਹਾਂ।"

ਗੁਰਜੀਤ ਨੇ ਗੁਰਮੁਖ ਸਿੰਘ ਤੋਂ ਫ਼ੋਨ ਪਹਿਲਾਂ ਹੀ ਫੜਿਆ ਹੋਇਆ ਸੀ। ਉਸ ਨੇ ਪ੍ਰਭਜੋਤ ਨੂੰ ਕਿਹਾ :

"ਕੋਈ ਨਹੀਂ ਬੇਟਾ ! ਤੂੰ ਚਿੰਤਾ ਨਾ ਕਰ, ਉਹ ਦਵਾਈ ਇਨ੍ਹਾਂ ਦੇ ਕੋਲ ਹੈ। ਡਾਕਟਰ ਨੇ ਨਾਲ ਲਿਜਾਣ ਲਈ ਦੇ ਦਿੱਤੀ ਸੀ।"

ਗੁਰਮੁਖ ਸਿੰਘ ਨੇ ਸ਼ੁਕਰ ਤੇ ਧੰਨਵਾਦ ਕੀਤਾ, ਉਸ ਭਾਰਤੀ ਮਿੱਤਰ ਡਾਕਟਰ ਦਾ, ਜਿਸ ਨੇ ਉਸ ਨੂੰ ਸਭ ਦਵਾਈਆਂ ਦੋ-ਤਿੰਨ ਮਹੀਨਿਆਂ ਜੋਗੀਆਂ, ਨਾਲ ਲੈ ਕੇ ਜਾਣ ਦੀ ਹਿਦਾਇਤ ਕੀਤੀ ਸੀ।

ਦੂਜੇ, ਤੀਜੇ ਦਿਨ ਸਨਿੱਚਰਵਾਰ ਦੀ ਪ੍ਰਭਜੋਤ ਨੂੰ ਛੁੱਟੀ ਸੀ। ਉਹ, ਗੁਰਮੁਖ ਸਿੰਘ ਤੇ ਗੁਰਜੀਤ ਨੂੰ ਨਾਲ ਲੈ ਕੇ ਆਪਣੇ ਰਿਸ਼ਤੇਦਾਰਾਂ ਦੀ ਖ਼ਬਰ ਲੈਣ 'ਬਿਰਧ ਘਰ' ਆ ਗਈ। ਏਥੇ ਪ੍ਰਭਜੋਤ ਦਾ ਨਾਨਾ ਤੇ ਨਾਨੀ ਅਤੇ ਉਨ੍ਹਾਂ ਦੇ ਪੁੱਤਰ ਦਾ ਸੌਹਰਾ ਦਾਖ਼ਿਲ ਸਨ। ਇਹ ਤਿੰਨੇ ਆਪਣੀ ਯਾਦਦਾਸ਼ਤ ਖੋ ਚੁੱਕੇ ਸਨ। ਇਨ੍ਹਾਂ ਨੂੰ ਡਾਇਪਰ (ਪੋਤੜੇ) ਲਾ ਕੇ ਮੰਜਿਆਂ ਉੱਤੇ ਲੰਮੇ ਪਾਇਆ ਹੋਇਆ ਸੀ। ਇਨ੍ਹਾਂ ਨੂੰ ਆਏ ਗਏ ਦੀ ਕੋਈ ਪਛਾਣ ਤੇ ਸੁਰਤ, ਸੋਝੀ ਨਹੀਂ ਸੀ। ਬਿਰਧ ਘਰ ਦਾ ਸਟਾਫ਼ ਸਾਰਾ ਗੋਰੇ, ਗੋਰੀਆਂ ਦਾ ਸੀ। ਕੁਝ ਹੋਰ ਪੰਜਾਬੀ ਬਿਰਧਾਂ ਨੂੰ ਉਹ ਅੰਗਰੇਜ਼ੀ ਵਿਚ ਕੁਝ ਕਹਿੰਦੇ। ਅੱਗੋਂ ਉਹ ਬਿਨਾ ਸਮਝਿਆਂ ਹੀ ਕਮਲਿਆਂ ਵਾਂਗ ਸਿਰ ਮਾਰਦੇ ਹੋਏ, "ਯਾ, ਯਾ ...", ਕਹਿਣ ਦਾ ਯਤਨ ਕਰਦੇ। ਕਿਸੇ ਦੇ ਪੱਲੇ ਕੁਝ ਨਾ ਪੈਂਦਾ।

ਗੁਰਮੁਖ ਸਿੰਘ ਲਈ ਇਹ ਨਜ਼ਾਰਾ ਵੀ ਅੱਖਾਂ ਖੋਲ੍ਹਣ ਵਾਲਾ ਹੀ ਸੀ। ਹੁਣ ਪੰਜਾਬ ਵਿਚ ਵੀ ਬਿਰਧ ਘਰ ਖੁੱਲ੍ਹ ਚੁੱਕੇ ਸਨ। ਵਧੀਆ ਤੋਂ ਵਧੀਆ ਤੇ ਗੁਜ਼ਾਰੇ ਜੋਗੇ ਜਾਂ ਘਟੀਆ ਵੀ। ਏਥੇ ਸਾਰਾ ਕੰਮ, ਕਾਰ ਵਿਹਾਰ ਤੇ ਬੋਲ ਚਾਲ ਪੰਜਾਬੀ ਵਿਚ ਹੁੰਦੇ ਸਨ। ਕਾਮਿਆਂ ਨੂੰ ਕੁਝ ਇਨਾਮ ਆਦਿ ਦੇ ਕੇ ਉਚੇਚੀ ਸੰਭਾਲ ਤੇ ਸੇਵਾ ਵੀ ਸੰਭਵ ਸੀ।

ਵਾਪਸੀ ਉੱਤੇ ਪ੍ਰਭਜੋਤ ਦੱਸ ਰਹੀ ਸੀ ਕਿ ਹੁਣ ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਸਭ ਕੰਮਾਂ ਵਿਚ ਰੁੱਝੇ ਹੋਏ ਸਨ। ਕਿਸੇ ਕੋਲ ਇਨ੍ਹਾਂ ਨੂੰ ਸੰਭਾਲਣ ਦੀ ਵਿਹਲ ਹੀ ਨਹੀਂ ਸੀ।

ਟੀ.ਵੀ., ਰੇਡੀਓ ਤੇ ਅਖ਼ਬਾਰਾਂ ਰਾਹੀਂ ਤੇ ਫਿਰ ਅੱਖਾਂ ਨਾਲ ਇਹ ਸਭ ਕੁਝ ਵੇਖ ਕੇ ਗੁਰਮੁਖ ਸਿੰਘ ਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਉਹ ਏਥੇ ਸੁਰੱਖਿਅਤ ਨਹੀਂ ਸੀ। ਲਗਾਤਾਰ ਭੈ ਦੀ ਅਵਸਥਾ ਵਿਚ ਬੀਤ ਰਿਹਾ ਸੀ। ਚਿੰਤਾ ਵਿਚ ਘਿਰ ਗਿਆ ਸੀ। ਇਕ ਚੱਕ੍ਰਵਯੂਹ ਵਿਚ ਫਸ ਗਿਆ ਸੀ।

ਕੀ ਇਸ ਚੱਕ੍ਰਵਯੂਹ ਵਿੱਚੋਂ ਬਚ ਨਿਕਲਣਾ ਸੰਭਵ ਹੈ ? ਜੇ ਹੈ ਤੇ ਕਿਵੇਂ ? ਕਦੋਂ ??

ਇਨ੍ਹਾਂ ਦਿਨਾਂ ਵਿਚ, ਸਰਮੁਖ ਦਾ ਸਮੁੰਦਰੀ ਜਹਾਜ਼ ਵੈਨਕੂਵਰ ਦੇ ਘਾਟ ਉੱਤੇ ਆ ਲੱਗਾ। ਉਸ ਦੇ ਦੋ ਕੁ ਹਫ਼ਤੇ ਵਿਹਲੇ ਹੋ ਗਏ ਸਨ ਅਤੇ ਉਹ ਆਪਣੇ ਮਾਂ, ਬਾਪ ਤੇ ਪਤਨੀ ਕੋਲ ਰਹਿਣ ਆ ਗਿਆ। ਗੁਰਮੁਖ ਸਿੰਘ ਨੇ ਪੁੱਤਰ ਨੂੰ ਗੱਲ ਤੋਰਦਿਆਂ ਆਖਿਆ :

"ਏਥੇ ਬੇਘਰਿਆਂ ਦੀ ਬਹੁਤ ਵੱਡੀ ਸਮੱਸਿਆ ਹੈ। ਸਿਆਲ ਵਿਚ ਕਈ ਸੜਕਾਂ ਉੱਤੇ ਲੰਮੇਂ ਪਏ, ਠੰਡ ਨਾਲ ਆਕੜ ਕੇ ਮਰ ਜਾਂਦੇ ਹਨ।"

"ਇਨ੍ਹਾਂ 'ਚੋਂ ਬਹੁਤੇ ਵੈਲੀ ਹਨ।" ਅੱਗੋਂ ਸਰਮੁਖ ਬੋਲਿਆ।

"ਸਾਨੂੰ ਤਾਂ ਇਹ ਹੀ ਚਿੰਤਾ ਲੱਗੀ ਰਹਿੰਦੀ ਹੈ ਕਿ ਜੇ ਤੈਨੂੰ ਕੁਝ ਹੋ ਗਿਆ, ਤਾਂ ਅਸੀਂ ਵੀ ਬੇਘਰੇ ਹੋ ਕੇ ਇਨ੍ਹਾਂ ਲੋਕਾਂ ਵਾਂਗ ਹੀ ਸੜਕਾਂ ਉੱਤੇ ਆਕੜੇ ਨਾ ਪਏ ਹੋਈਏ।"

"ਸੁਖ ਬੋਲੋ ਡੈਡੀ ! ਆਪਣਾ ਘਰ ਹੈ !"

"ਵੇਖ ਪੁੱਤਰ, ਏਨੀ ਕੁ ਗੱਲ ਮੈਨੂੰ ਸਮਝ ਆ ਗਈ ਹੈ, ਕਿ ਘਰ ਅਜੇ ਤੇਰਾ ਨਹੀਂ, ਬੈਂਕ ਦਾ ਹੈ ! ਜੇ ਤੈਨੂੰ ਕੁਝ ਹੋ ਗਿਆ ਤਾਂ ਮੇਰੇ ਵਿਚ ਏਸ ਉਮਰੇ ਏਨੀ ਹਿੰਮਤ ਨਹੀਂ ਕਿ ਮੈਂ ਮੁੜ ਕੇ ਫੇਰ ਆਪਣੇ ਜੀਵਨ ਦਾ ਸੰਘਰਸ਼ ਸ਼ੁਰੂ ਕਰਾਂ ਅਤੇ ਤੇਰੇ ਘਰ ਦੀਆਂ ਕਿਸ਼ਤਾਂ ਆਪਣੇ ਮਰਨ ਤਕ ਦੇਈ ਜਾਵਾਂ।"

"ਡੈਡੀ, ਇੰਜ ਹੋਣਾ ਹੀ ਨਹੀਂ ਤੇ ਨਾਲੇ ਦਸਾਂ ਸਾਲਾਂ ਤਾਈਂ ਤਾਂ ਤੁਹਾਡੇ ਦੋਹਾਂ ਦੇ ਬੁਢਾਪੇ ਦੀ ਪੈਨਸ਼ਨ ਵੀ ਲੱਗ ਜਾਣੀ ਹੈ।" ਸਰਮੁਖ ਬੋਲਿਆ।

"ਦਸ ਸਾਲ ਕਿਹਨੇ ਵੇਖਣੇ ਹਨ ਪੁੱਤਰ। ਉਂਜ ਵੀ ਸਾਨੂੰ ਕੋਈ ਲਾਲਚ ਨਹੀਂ। ਬਹੁਤ ਕੁਝ ਹੈ ਸਾਡੇ ਕੋਲ ਭਾਰਤ ਵਿਚ। ਜੋ ਕੁਝ ਸਾਨੂੰ ਚਾਹੀਦਾ ਹੈ, ਉਹ ਏਥੇ ਮਿਲ ਨਹੀਂ ਸਕਦਾ। ਬਹੁਤ ਕੁਝ ਬਦਲ ਚੁੱਕਾ ਹੈ। ਅਘਟੀ ਮੌਤ ਦੇ ਘਟਣ ਦੇ ਨਿਰੰਤਰ ਭੈ ਹੇਠ ਜੀਣਾਂ ਬਹੁਤ ਮੁਸ਼ਕਿਲ ਹੈ ਪੁੱਤਰ। ਜਾਪਦਾ ਹੈ ਕਿ ਜਦੋਂ ਦਿਨ ਚੜ੍ਹਦਾ ਹੈ ਤਾਂ ਸਾਨੂੰ ਏਥੋਂ ਦੇ ਖ਼ੂਨ ਖ਼ਰਾਬੇ ਤੇ ਮਾਰ ਧਾੜ ਵਾਲੇ ਚੌਗਿਰਦੇ ਵਿਚ, ਇਕ ਨਵਾਂ ਫਾਹਾ ਲੱਗ ਜਾਂਦਾ ਹੈ। ਅਸੀਂ ਹੌਲੀ, ਹੌਲੀ ਇਕ ਧੀਮੀਂ ਮੌਤ ਮਰ ਰਹੇ ਹਾਂ, ਹਰ ਰੋਜ਼।"

"ਡੈਡੀ ! ਤੁਸੀਂ ਕਿਹੋ ਜਿਹੀਆਂ ਗੱਲਾਂ ਕਰਦੇ ਹੋ ? ਏਥੇ ਫ਼ਿਕਰ ਵਾਲੀ ਐਸੀ ਕੋਈ ਗੱਲ ਹੈ ਹੀ ਨਹੀਂ।"

"ਵੇਖ ਪੁੱਤਰ ! ਹੁਣ ਭਾਰਤ ਵਿਚ ਬਿਰਧ ਘਰ ਬਣ ਗਏ ਹਨ। ਉਨ੍ਹਾਂ ਵਿਚ ਸਾਡੀ ਆਪਣੀ ਬੋਲੀ, ਬੋਲੀ ਜਾਂਦੀ ਹੈ। ਖਾਣ, ਪੀਣ ਤੇ ਸੱਭਿਆਚਾਰਕ ਰੀਤਾਂ ਸਭ ਪੰਜਾਬੀ ਹਨ। ਅਸੀਂ ਜਿੰਨਾਂ ਚਿਰ ਹੋਸ਼ ਵਿਚ ਤੇ ਤੁਰਦੇ, ਫਿਰਦੇ ਹਾਂ, ਰੱਜ ਕੇ ਜਿਊਣਾ ਚਾਹੁੰਦੇ ਹਾਂ ... ਸੁਤੰਤਰ ਤੇ ਬੇਖ਼ੌਫ਼ ਹਵਾਵਾਂ ਵਿਚ ਸਾਹ ਲੈਣਾ ਚਾਹੁੰਦੇ ਹਾਂ ... ਤੇ ਫਿਰ ਏਥੋਂ ਦੇ ਨਿੱਤ ਫਾਹੇ ਲੱਗਦੇ, ਹੌਲੀ ਹੌਲੀ ਮਰਦੇ, ਜੀਵਨ ਤੋਂ ਉਲਟ, ਆਪਣੀ ਆਈ, ਕੁਦਰਤੀ ਮੌਤ ਮਰਨਾ ਚਾਹੁੰਦੇ ਹਾਂ। ਪੁੱਤਰ, ਇਹ ਸਾਡਾ ਦੇਸ਼ ਨਹੀਂ, ... ਤੇ ਦੇਸ਼ ਉਹ ਹੁੰਦਾ ਹੈ, ਜਿੱਥੇ ਕਿਸੇ ਦਾ ਮਨ ਵੱਸਦਾ ਹੋਵੇ।"

ਆਖਦਿਆਂ ਗੁਰਮੁਖ ਸਿੰਘ ਨੇ ਸਰਮੁਖ ਨੂੰ ਆਪਣੀ ਗਲਵਕੜੀ ਵਿਚ ਲੈ ਲਿਆ। ਗੁਰਜੀਤ ਨੇ ਸਰਮੁਖ ਨੂੰ ਦੱਸਿਆ ਕਿ, "ਤੇਰੇ ਆਉਣ ਬਾਰੇ ਜਾਣ ਕੇ ਤੇਰੇ ਡੈਡੀ ਨੇ ਇੰਡੀਆ ਦੇ ਦੋ ਹਵਾਈ ਟਿਕਟ ਲੈ ਲਏ ਸਨ। ਹੁਣ ਕੁਝ ਦਿਨ ਤੇਰੇ ਨਾਲ ਘੁੰਮਾਂ ਫਿਰਾਂਗੇ ਤੇ ਫਿਰ...।"

ਸਰਮੁਖ ਤੇ ਗੁਰਜੀਤ ਦੀਆਂ ਅੱਖਾਂ ਵਿਚ ਅੱਥਰੂ ਛਲਕ ਆਏ ਸਨ। ਗੁਰਮੁਖ ਸਿੰਘ ਦੂਰ ਖ਼ਲਾਅ ਨੂੰ ਘੂਰ ਰਿਹਾ ਸੀ।

ਲਿਖਣ ਮਿਤੀ : 23 ਜੁਲਾਈ, 2009
'ਸਿਰਜਣਾ', ਚੰਡੀਗੜ੍ਹ, (ਭਾਰਤ) ਦੇ
ਅਕਤੂਬਰ-ਦਸੰਬਰ, 2009 ਅੰਕ ਵਿਚ ਪ੍ਰਕਾਸ਼ਤ)

# ਆਦਮ ਹੱਵਾ ਦੀ ਮਾਂ

ਐਲਨ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਰੇ ? ਕਿਸ ਦਾ ਨਾਂ ਲਵੇ, ਕਿਸ ’ਤੇ ਦੋਸ਼ ਧਰੇ ? ਤੇ ਪੇਟ ਸੀ ਕਿ ਛਿਣ ਛਿਣ ਵਧਦਾ ਹੀ ਜਾ ਰਿਹਾ ਸੀ।

ਸੋਚਾਂ ਵਿਚ ਡੁੱਬੀ ਉਹ, ਇਨ੍ਹਾਂ ਛਿਣਾਂ ’ਚ ਹੀ ਅੰਦਰ ਵਲਾਂ ਪਰਤ ਜਾਂਦੀ। ਉਸਦੀਆਂ ਅੱਖਾਂ ਉਸ ਦੇ ਪੇਟ ਨੂੰ ਲੱਗ ਜਾਂਦੀਆਂ। ਇਕ ਧਰਤ ਅੰਗੜਾਈ ਲੈਂਦੀ, ਇਕ ਬੀਜ ਮੌਲਦਾ ਤੇ ਬੀਜ ਤੋਂ ਬੀਜ, ਬੀਜ ਕਰਕੇ ਬੀਜ ਮੌਲਦੇ ਤੁਰੇ ਜਾਂਦੇ। ਇਕ ਹਰਾ ਭਰਾ, ਰੰਗਾ ਰੰਗ ਫੁੱਲਾਂ ਨਾਲ ਲੱਦਿਆ ਬਾਗੀਚਾ ਮੌਲ ਪੈਂਦਾ। ਉਸ ਦਾ ਅੰਦਰ ਬਾਹਰ ਮਹਿਕ, ਮਹਿਕ ਹੋ ਜਾਂਦਾ ! ਉਹ ਭਰੀ ਭਰੀ ਮਹਿਸੂਸ ਕਰਦੀ। ਧਰਤੀ ਵਿਚ ਉਸਦੀਆਂ ਜੜ੍ਹਾਂ ਪੱਕੀਆਂ ਹੁੰਦੀਆਂ, ਆਕਾਸ਼ ਤੱਕ ਉਸਦੀ ਵੇਲ ਫੈਲ ਜਾਂਦੀ।

ਇਨ੍ਹਾਂ ਛਿਣਾਂ ’ਚ ਹੀ ਉਸ ਦੇ ਕੰਨ ਉਸ ਦੇ ਪੇਟ ਨੂੰ ਲੱਗ ਜਾਂਦੇ। ਜ਼ਿੰਦਗੀ ਦੀਆਂ ਮਧੁਰ ਸੁਰਾਂ ਦੀ ਧੜਕਨ ਉਸ ਦਾ ਰੋਮ ਰੋਮ ਨਸ਼ਿਆ ਦਿੰਦੀ। ਜ਼ਿੰਦਗੀ ਤੋਂ ਵੱਡਾ ਸਾਜ਼ ਕਿਹੜਾ ਹੈ ? ਉਹ ਸੋਚਦੀ। ਜ਼ਿੰਦਗੀ ਤੋਂ ਵੱਡਾ ਸੁਰ ਕਿਹੜਾ ਹੈ ? ਉਹ ਹੈਰਾਨ ਹੁੰਦੀ। ਧੜਕਦੀ ਜ਼ਿੰਦਗੀ ’ਚੋਂ ਅਨੇਕਾਂ ਆਬਸ਼ਾਰਾਂ ਦਾ ਸ਼ੋਰ ਪਲਕ ਝਪਕ ਵਿਚ ਉੱਠਦਾ ਤੇ ਸ਼ਾਂਤ ਝੀਲ ਵਿਚ ਮੌਨ ਬਣ ਕੇ ਫੈਲ ਜਾਂਦਾ। ਰੁੱਖਾਂ, ਪੱਤਰਾਂ ਨਾਲ ਖਹਿ ਕੇ ਲੰਘਦੀਆਂ ਪੌਣ ਦੀਆਂ ਰਾਗਨੀਆਂ ਕਦੇ ਸੱਤ ਰੰਗੀਆਂ ਦਾ ਹੁਸਨ ਅੱਖਾਂ ਵਿਚ ਲਟਕਾ ਦਿੰਦੀਆਂ ਤੇ ਕਦੇ ਇਕ ਨਵ ਜਨਮ ਰਹੇ ਬੱਚੇ ਦੇ ਮੁਖ ’ਚੋਂ ਸੂਰਜ ਚੜ੍ਹਾ ਦਿੰਦੀਆਂ ... ਕਿਰਨਾਂ ਦੀ ਮੁਸਕਾਨ ਉਸ ਦੇ ਅੰਦਰ ਬਾਹਰ ਫੈਲ ਜਾਂਦੀ ... ਹੌਲੀ ਹੌਲੀ ਉਹ ਢਿੱਡ ’ਤੇ ਹੱਥ ਫੇਰਦੀ ਤੇ ਇਕ ਬੇਭਾਸ਼ਾ ਰਾਗਨੀ ਦੀ ਈਸ਼ਵਰੀ ਗੁਣਗਣਾਹਟ ਵਿਚ ਗੁੰਮ ਗੁਆਚ ਜਾਂਦੀ।

ਉਹ ਇੰਜ ਹੀ ਦ੍ਵਿਸ੍ਵਪਨ ਵਿਚ ਵਿਚਰ ਰਹੀ ਸੀ, ਜਦੋਂ ਮੇਰੀ ਉਸ ਨਾਲ ਤੀਜੀ ਜਾਂ ਚੌਥੀ ਮੁਲਾਕਾਤ ਹੋਈ ਸੀ। ਕਸਬੇ ਤੋਂ ਬਾਹਰ ਵਗਦੀ ਨਦੀ ਵਿਚ, ਜਿੱਥੇ ਚਸ਼ਮੇਂ ਦਾ ਪਾਣੀ, ਪਰਬਤ ਦੀ ਉੱਚੀ ਚੋਟੀ ਤੋਂ ਡਿਗਦਾ ਹੈ, ਉੱਥੇ ਬੈਠੀ ਹੀ ਉਹ ਪਾਣੀ ਦੀਆਂ ਲਹਿਰਾਂ ਨਾਲ ਅਠਖੇਲੀਆਂ ਕਰ ਰਹੀ ਸੀ।

“ਐਲਨ ! ਵਗਦੇ ਪਾਣੀ ਨਹੀਂ ਰੁਕਦੇ ... ਕਿਉਂ ਬੇਅਰਥ ਯਤਨ ਕਰ ਰਹੀ ਹੈਂ ?” ਮੈਂ ਆਖਿਆ ਸੀ। ਉਸ ਨੇ ਪਰਬਤ, ਝਰਨੇ, ਝਰ ਝਰ ਪੈਂਦੇ ਪਾਣੀ ਤੇ ਨਦੀ ਦੀ ਨਿਰੰਤਰਤਾ ਵਲਾਂ, ਘੁੰਮ ਰਹੇ ਕੈਮਰੇ ਵਾਂਗ, ਵੇਖਿਆ ਤੇ ਫੇਰ ਫ਼ੋਕਸ ਆਪਣੇ ਢਿੱਡ ਉੱਤੇ ਕਰ ਲਿਆ।

“ਸੰਨੀਂ, ਮੈਂ ਇਹ ਪਾਣੀ ਰੋਕ ਲਿਆ ਹੈ।” ਉਹ ਖੁੱਲ੍ਹ ਕੇ ਹੱਸੀ ਤੇ ਹੱਸਦੀ ਚਲੇ ਗਈ ... ਉਹ ਚੁੱਪ ਹੋਈ, ਤਾਂ ਟੱਲੀਆਂ ਦੀ ਟੁਣਕਾਰ ਮੇਰੇ ਕੰਨਾਂ ਨਾਲੋਂ ਟੁੱਟ ਕੇ ਫੇਰ ਭਾਸ਼ਾ ਬਣ ਗਈ : “ਹਾਂ, ਮੈਂ ਇਹ ਪਾਣੀ ਰੋਕ ਲਿਆ ਹੈ ... ਸਮੇਂ ਨੂੰ ... ਉਸ ਦੇ ਸੱਚ ਨੂੰ ਪਕੜ ਲਿਆ ਹੈ ... ਏਥੇ, ਬਿਲਕੁਲ ਏਥੇ,” ਉਹ ਆਪਣੇ ਪੇਟ ਵਲਾਂ ਇਸ਼ਾਰਾ ਕਰਦੀ ਹੋਈ ਬੋਲੀ ਜਾ ਰਹੀ ਸੀ। “ਮੈਨੂੰ ਤੇ ਇਹ ਝਰਨਾ ਵੀ ਆਪਣਾ ਪੁੱਤਰ ਜਾਪਦਾ ਹੈ ... ਤੇ ਇਹ ਨਦੀ ਆਪਣੀ ਧੀ ... ਮੇਰੇ ਅੰਦਰਲੀ ਮਾਂ ਫੈਲ ਰਹੀ ਹੈ। ਫੁਲ, ਫਲ, ਵਣ, ਤ੍ਰਿਣ ...

ਪ੍ਰਕਿਰਤੀ ਉੱਤੇ ਤੇ ਕਮਾਲ ਦੀ ਗੱਲ ਇਹ ਹੈ ਕਿ ਜਿਸ ਵਗਦੇ ਪਾਣੀ, ਸਰਪਟ ਸਮੇਂ ਨੂੰ ਮੈਂ ਪਕੜਿਆ ਹੈ ... ਉਹ ਮੇਰੇ ਅੰਦਰਲੀ ਪ੍ਰਕਿਰਤੀ ਵਿਚ ਸੁਤੰਤਰ ਵਿਚਰ, ਵਿਗਸ ਰਿਹਾ ਹੈ ... ਕੋਈ ਪਕੜਿਆ ਹੋਇਆ ਵੀ ਇਸ ਤਰ੍ਹਾਂ ਆਜ਼ਾਦ ਹੋ ਸਕਦਾ ਹੈ ? ਮੈਂ ਕਦੇ ਸੋਚ ਵੀ ਨਹੀਂ ਸਕਦੀ ਸਾਂ ... ਹੁਣ ਏਸ ਦੇ ਸੱਚ ਨੂੰ ਮਹਿਸੂਸ ਕਰ ... ਜੀ ਰਹੀ ਹਾਂ ... ਮੈਂ ਕਿਸ ਸਮੇਂ ਦੀ ਧੀ ਹਾਂ ? ਮੈਂ ਕਿਸ ਸਮੇਂ ਦੀ ਮਾਂ ਹਾਂ ?"

ਸਾਖ਼ਸ਼ਾਤ ਪ੍ਰਸ਼ਨ ਬਣੀ ਉਹ ਮੇਰੇ ਵਲਾਂ ਵੇਖ ਰਹੀ ਸੀ ?

ਐਲਨ ਨਾਈਸ ਕੈਨੇਡਾ ਦੇ ਆਦਿਵਾਸੀ ਨਿਸਗਾ ਨੇਟਿਵ ਇੰਡੀਅਨਜ਼ ਦੇ ਬਘਿਆੜ ਕਬੀਲੇ ਦੀ ਇਕ ਖ਼ੂਬਸੂਰਤ ਅਤੇ ਹੱਸਾਸ ਕੁੜੀ ਸੀ। 16 ਕੁ ਸਾਲ ਦੀ ਉਮਰ ਸੀ ਉਸ ਦੀ ਤੇ ਦਸਵੀਂ ਸ਼੍ਰੇਣੀ ਵਿਚ ਪੜ੍ਹਦੀ ਸੀ।

ਪਿਛਲੇ ਇਕ ਦੋ ਮਹੀਨਿਆਂ ਤੋਂ ਉਸ ਦਾ ਅਸਾਧਾਰਨ ਵਤੀਰਾ ਵੇਖ ਕੇ ਉਸ ਦੇ ਮਾਪੇ ਚਿੰਤਤ ਅਤੇ ਸਾਥੀ ਹੈਰਾਨ ਸਨ। ਉਨ੍ਹਾਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਚੁੱਪ ਚਾਪ ਰਹਿਣ ਵਾਲੀ, ਸੰਗਾਊ ਜਿਹੀ ਭੋਲੀ ਭਾਲੀ ਕੁੜੀ ਦੇ ਧੜ ਉੱਤੇ ਇਕ ਪ੍ਰੌਢ ਔਰਤ ਦਾ ਸਿਰ ਕਿਸ ਨੇ ਰੱਖ ਦਿੱਤਾ ਹੈ ?

ਘਰੋਂ ਸਕੂਲ ਤੇ ਸਕੂਲੋਂ ਸਿੱਧੀ ਘਰ ਆਉਣ ਵਾਲੀ ਐਲਨ ਹੁਣ ਦੇਰ ਰਾਤ ਗਏ ਘਰ ਪਰਤਦੀ ਸੀ। ਕੋਈ ਕੁਝ ਆਖਦਾ ਕੋਈ ਕੁਝ। ਐਲਨ ਨੂੰ ਸਭ ਦੀ ਖ਼ਬਰ ਸੀ, ਪਰ ਐਲਨ ਸਭ ਤੋਂ ਬੇਖ਼ਬਰ ਸੀ। ਆਪਣੀ ਇਸ ਜਾਣੀ ਹੋਈ ਫ਼ਰਾਮੋਸ਼ੀ ਉੱਤੇ ਉਹ ਅਕਸਰ ਆਪ ਹੀ ਮੁਸਕਰਾ ਪੈਂਦੀ ਤੇ ਕਿਸੇ ਗੀਤ ਦੀ ਧੁਨ ਵਿਚ ਗੁਆਚ ਜਾਂਦੀ।

ਲੋਕੀਂ ਆਖਦੇ ਸਨ ਕਿ ਉਨ੍ਹਾਂ ਨੇ ਐਲਨ ਨੂੰ ਵੈਲੀਆਂ ਦੇ ਡੇਰੇ ਵਲੋਂ ਆਉਂਦਿਆਂ ਵੇਖਿਆ ਸੀ। ਰਾਤ ਅੱਧੀ ਬੀਤ ਚੁੱਕੀ ਸੀ। ਉਸਦੀਆਂ ਅੱਖਾਂ ਸੁਰਖ਼ ਸਨ। ਵਾਲ ਖਿੱਲਰੇ ਹੋਏ। ਕਪੜੇ ਪਾਟੇ ਹੋਏ। ਕਦਮ ਲੜਖੜਾ ਰਹੇ। ਆਖਣ ਵਾਲੇ ਤਾਂ ਇਹ ਵੀ ਕਹਿੰਦੇ ਸਨ ਕਿ ਉਨ੍ਹਾਂ ਨੇ ਪਹਿਲੇ ਦਿਨ ਉਸ ਦੀ ਸਕਰਟ ਤੇ ਚੋਲੀ ਉੱਤੇ ਖ਼ੂਨ ਦੇ ਨਿਸ਼ਾਨ ਵੀ ਵੇਖੇ ਸਨ। ਉਸ ਦੇ ਮੂੰਹ ਤੇ ਸਰੀਰ ਉੱਤੇ ਝਰੀਟਾਂ ਤੇ ਦੰਦੀਆਂ ਦੇ ਨਿਸ਼ਾਨ ਸਨ। ਉਹ ਰੋ, ਵਿਲਕ, ਡੁਸਕ ਰਹੀ ਸੀ।

ਵੈਲੀਆਂ ਦਾ ਡੇਰਾ ਕਸਬੇ ਦਾ ਬਦਨਾਮ ਅੱਡਾ ਸੀ, ਜਿੱਥੇ ਪੱਛਮੀ ਪ੍ਰਭਾਵ ਹੇਠ ਆਏ ਐਲਨ ਦੇ ਕਬੀਲੇ ਦੇ ਅਤੇ ਹੋਰ ਕਬੀਲਿਆਂ ਦੇ ਨੇਟਿਵ ਇੰਡੀਅਨ ਇਕੱਠੇ ਹੁੰਦੇ ਸਨ। ਇਸ ਦਾ ਮਾਲਕ ਵੀ ਇਕ ਨੇਟਿਵ ਇੰਡੀਅਨ ਹੀ ਸੀ।

ਕਹਿਣ ਨੂੰ ਤਾਂ ਉਸ ਨੇ ਏਥੇ ਪੂਲ ਟੇਬਲ, ਜਿਉਕ ਬਾਕਸ ਤੇ ਨੌਜਵਾਨਾਂ ਦੇ ਮਨੋਰੰਜਨ ਲਈ ਐਸੀਆਂ ਹੀ ਹੋਰ ਵੀਡੀਓ ਖੇਡਾਂ ਦਾ ਪ੍ਰਬੰਧ ਕੀਤਾ ਹੋਇਆ ਸੀ ... ਛੋਟਾ ਜਿਹਾ ਰੈਸਤੋਰਾਂ ਸੀ ... ਤੇ ਬਸ। ਪਰ ਅਸਲ ਵਿਚ ਏਥੇ ਮੈਰੇਵਾਨਾ, ਕੋਕੇਨ, ਹੈਰੋਇਨ, ਐੱਲ.ਐੱਸ.ਡੀ., ਨਾਜਾਇਜ਼ ਸ਼ਰਾਬ ਤੇ ਹੋਰ ਹਰ ਤਰ੍ਹਾਂ ਦੀਆਂ ਡਰੱਗਜ਼ ਤੇ ਨਸ਼ੀਲੀਆਂ ਦਵਾਈਆਂ ਅੰਦਰਖ਼ਾਤੇ ਲੋੜਵੰਦਾਂ ਨੂੰ ਚੋਰੀ ਚੋਰੀ ਵੇਚੀਆਂ ਜਾਂਦੀਆਂ ਸਨ। ਗਾਹਕ ਏਥੇ ਖੇਡਾਂ ਦੇ ਮਨੋਰੰਜਨ ਤੇ ਸੰਗੀਤ ਦੇ ਨਾਲ ਨਾਲ ਨਸ਼ਿਆਂ ਦੀ ਵਰਤੋਂ ਕਰਦੇ ... ਉਂਘਦੇ ... ਝੱਗ ਸੁੱਟਦੇ, ... ਹਸਦੇ, ਲੜਦੇ ਸੌਂਦੇ ... ਤੇ ਫ਼ਰਸ਼-ਬੋਸ ਹੋ ਜਾਂਦੇ।

ਕਹਿਣ ਵਾਲੇ ਤਾਂ ਇਹ ਵੀ ਕਹਿੰਦੇ ਸਨ ਕਿ ਪਿਛਲੇ ਸੌਣ ਵਾਲੇ ਦੋ ਕਮਰਿਆਂ ਵਿਚ ਲੋਕੀਂ ਜਿਸਮਾਂ ਦੀ ਭਾਸ਼ਾ ਦਾ ਵੀ ਖੁੱਲ੍ਹ ਕੇ ਅਭਿਆਸ ਕਰਦੇ ਸਨ। ਇਕ ਕਿਵਾੜ ਖੁੱਲ੍ਹਦਾ ਸੀ ਤੇ ਦੂਜਾ ਬੰਦ ਹੋ ਜਾਂਦਾ ਸੀ।

ਰਾਤ ਪੈਂਦੀ, ਤਾਂ ਕਸਬਾ ਸੌਂਦਾ, ਪਰ ਵੈਲੀਆਂ ਦਾ ਇਹ ਡੇਰਾ ਜਾਗਦਾ ਰਹਿੰਦਾ ਸੀ।

ਜਦੋਂ ਤੋਂ ਮੈਂ ਐਲਨ ਦਾ ਨਾਮ ਵੈਲੀਆਂ ਦੇ ਏਸ ਡੇਰੇ ਨਾਲ ਸੰਬੰਧਤ ਹੋਇਆ ਸੁਣਿਆ ਸੀ, ਉਦੋਂ ਤੋਂ ਹੀ ਮੈਂ ਵੀ ਚਿੰਤਤ ਹੋ ਗਿਆ ਸਾਂ। ਸ਼ਰਾਬ ਦੇ ਨਸ਼ਿਆਂ ਦਾ ਸੇਵਨ ਇਨ੍ਹਾਂ ਨੇਟਿਵ ਇੰਡੀਅਨਜ਼ ਦੀ ਸੱਭਿਅਤਾ ਦਾ ਅੰਗ ਨਹੀਂ ਸੀ।

ਸਭ ਕਬੀਲਿਆਂ ਦੇ ਸਿਆਣੇ ਇਸ ਨੂੰ ਆਪਣੀ ਕਬਾਇਲੀ ਜ਼ਿੰਦਗੀ ਅਤੇ ਸੱਭਿਅਤਾ ਦਾ ਕੋਹੜ ਤੇ ਨਾਸੂਰ ਸਮਝਦੇ ਸਨ। ਪਰ ਇਕ ਜ਼ਰੂਰੀ ਬੁਰਾਈ ਵਾਂਗ ਇਹ ਕੋਹੜ ਉਨ੍ਹਾਂ ਦੇ ਵੱਸੋਂ ਬਾਹਰ ਹੋ ਗਿਆ ਤੇ ਲਗਾਤਾਰ ਫੈਲਦਾ ਹੀ ਜਾ ਰਿਹਾ ਸੀ।

ਇਸ ਦੇ ਪ੍ਰਭਾਵ ਹੇਠ ਰਿਸ਼ਤਿਆਂ ਵਿਚ ਤ੍ਰੇੜਾਂ ਪੈ ਜਾਂਦੀਆਂ ਸਨ। ਘਰ ਤੇ ਕਬੀਲੇ ਟੁੱਟ ਤਿੜਕ ਰਹੇ ਸਨ। ਵਿਅਕਤੀ ਆਪੇ ਤੋਂ ਪਰੇਸ਼ਾਨ ਅੰਦਰ ਹੀ ਅੰਦਰ ਨਿੱਘਰ ਰਹੇ ਸਨ। ਇਨਸਾਨ ਦੂਜੇ ਇਨਸਾਨ ਤੋਂ ਹੀ ਨਹੀਂ ਸਗੋਂ ਆਪਣੇ ਆਪ ਤੋਂ ਵੀ ਦੂਰ ਹੁੰਦਾ ਜਾ ਰਿਹਾ ਸੀ। ਨਸ਼ਿਆਂ ਦੇ ਘੀਚ ਮਚੋਲਿਆਂ, ਕਾਂ ਕੋੜਿਆਂ ਵਿਚ ਸਭ ਦੀ ਪਛਾਣ ਗੁੰਮ ਗਈ ਸੀ। ਆਪਣੀ ਭਾਸ਼ਾ ਦੇ ਅਰਥ ਆਪਣੇ ਆਪ ਨੂੰ ਬੇਗਾਨੇ ਹੋ ਗਏ ਸਨ। ਇਨਸਾਨ ਇਕ-ਰੁਖੇ ਸੰਚਾਰ ਵਾਲੇ ਟੈਲੀਫ਼ੋਨ ਤੇ ਯੰਤਰ ਬਣ ਕੇ ਰਹਿ ਗਏ ਸਨ। ਬੋਲਣ ਵਾਲੇ ਬੋਲੀ ਜਾ ਰਹੇ ਸਨ ਲਗਾਤਾਰ ... ਤੇ ਸੁਣਨ ਵਾਲੇ ਕੇਵਲ ਸੁਣੀ ਜਾ ਰਹੇ ਸਨ ਤੇ ਜਾਂ ਅਜਿਹਾ ਕਰਨ ਦਾ ਭਰਮ ਭੋਗ ਰਹੇ ਸਨ। ਨਜ਼ਰਾਂ ਸੌਂਹੇਂ ਇਕ ਖਲਾਅ ਜਿਹਾ ਪੱਸਰਦਾ ਤੇ ਪਛਾਣ ਦੇ ਸਭ ਨਕਸ਼ ਟੁੱਟ, ਤਿੜਕ, ਖਿੰਡ, ਗੁੰਮ, ਗੁਆਚ ਜਾਂਦੇ।

ਕੀ ਐਲਨ ਵੀ ਇਵੇਂ ਹੀ ਗੁੰਮ ਗੁਆਚ ਰਹੀ ਹੈ ? ਮੈਂ ਸੋਚ ਰਿਹਾ ਸਾਂ। ਐਲਨ ਦੇ ਮਾਪੇ ਪੱਛਮੀ ਪ੍ਰਭਾਵ ਹੇਠ ਐਂਗਲੀਕਨ ਈਸਾਈ ਬਣ ਗਏ ਸਨ। ਹਰ ਐਤਵਾਰ ਗਿਰਜੇ ਜਾਂਦੇ ਸਨ। ਨਸ਼ਿਆਂ ਦੇ ਨੇੜੇ ਨਹੀਂ ਸਨ ਢੁੱਕਦੇ।

ਏਸ ਘਰ 'ਚੋਂ ਜੰਮੀ, ਵਿਗਸੀ ਐਲਨ ਨੂੰ ਕੀ ਹੋ ਰਿਹਾ ਸੀ ? ਕਿਉਂ ਹੋ ਰਿਹਾ ਸੀ ?

ਵੈਲੀਆਂ ਦੇ ਜਿਸ ਡੇਰੇ ਨਾਲ ਉਸ ਦਾ ਨਾਮ ਜੁੜ ਗਿਆ ਸੀ, ਉਸ ਬਾਰੇ ਇਹ ਵੀ ਬਦਨਾਮੀ ਵਾਂਗ ਮਸ਼ਹੂਰ ਸੀ ਕਿ ਉੱਥੇ ਨਸ਼ੇ ਵਿਚ ਆਪਾ ਭੁੱਲੇ ਨੌਜਵਾਨ ਬਿਨਾਂ ਕਿਸੇ ਹੀਲ ਹੁੱਜਤ ਇਕ ਦੂਜੇ ਵਿਚ ਗਰਕ ਜਾਂਦੇ ਹਨ। ਬਿਨਾਂ ਕਿਸੇ ਰਿਸ਼ਤੇ, ਇਕ ਔਰਤ ਕਈਆਂ ਮਰਦਾਂ ਨਾਲ ਹਮਬਿਸਤਰੀ ਕਰ ਲੈਂਦੀ ਸੀ। ਤੇ ਫਿਰ ਰਾਤ ਗਈ, ਬਾਤ ਗਈ। ਪਿਛਲੀ ਰਾਤ ਦੀਆਂ ਪੈੜਾਂ ਦਾ ਪਤਾ ਨਹੀਂ ਤੇ ਆਉਣ ਵਾਲੀ ਦੀ ਦਸਤਕ ਦੀ ਪਛਾਣ ਨਹੀਂ। ਏਥੇ ਤਾਂ ਮੁੰਡਿਆਂ ਨਾਲ ਮੁੰਡੇ ਤੇ ਕੁੜੀਆਂ ਨਾਲ ਕੁੜੀਆਂ ਨਸ਼ੇ ਦੇ ਲੋਰ ਵਿਚ ਪਤਾ ਨਹੀਂ ਕੀ ਦਾ ਕੀ ਕਰ ਜਾਂਦੀਆਂ ਸਨ ਤੇ ਫਿਰ ਨਸ਼ਿਆਂ ਵਾਂਗ ਹੀ ਏਸ ਆਦਤ ਦੀਆਂ ਗ਼ੁਲਾਮ ਬਣ ਜਾਂਦੀਆਂ ਸਨ।

ਨੇਟਿਵ ਇੰਡੀਅਨਜ਼ ਦੀ ਕਬਾਇਲੀ ਜ਼ਿੰਦਗੀ ਵਿਚੋਂ ਵੈਲੀਆਂ ਦਾ ਇਹ ਡੇਰਾ ਛੇਕਿਆ ਹੋਇਆ, ਕਾਲਾ ਪਾਣੀ ਸੀ। ਬਦਨਾਮ ਸੀ। ਇਸ ਨੂੰ ਸਭ ਨਫ਼ਰਤ ਕਰਦੇ ਸਨ।

"ਐਲਨ ! ਤੈਨੂੰ ਇਹ ਕੀ ਹੋ ਰਿਹਾ ਹੈ ?" ਮੈਂ ਪੁੱਛਿਆ।

"ਕੁਛ ਵੀ ਤਾਂ ਨਹੀਂ। ਮੈਂ ਮੁੜ ਜੰਮ, ਵਿਗਸ ਰਹੀ ਹਾਂ। ਜੰਮਣਾ, ਵਿਗਸਣਾ, ਬਿਨਸਣਾ ਤੇ ਮੁੜ ਜੰਮਣਾ ਹੀ ਮੇਰੀ ਪ੍ਰਕਿਰਤੀ ਹੈ।"

"ਪਰ ਲੋਕੀਂ ਤਾਂ ਕਹਿੰਦੇ ਹਨ ਕਿ ਤੂੰ ਵੈਲੀਆਂ ਦੇ ਡੇਰੇ ..."

ਉਹ ਵਿਚੋਂ ਹੀ ਮੇਰੀ ਗੱਲ ਕੱਟਦੀ ਹੋਈ ਕਹਿੰਦੀ ਹੈ, "ਨਹੀਂ, ਨਹੀਂ ... ਤੂੰ ਇਹ ਗੱਲ ਨਾ ਆਖੀਂ ... ਤੂੰ ਹੀ ਦਸ ... ਜਿਸ ਨੂੰ ਆਪਣੇ ਆਪ ਦਾ ਨਸ਼ਾ ਹੋਵੇ, ਉਸ ਨੇ ਨਕਲੀ ਤੇ ਵਕਤੀ ਨਸ਼ਿਆਂ ਤੋਂ ਕੀ ਲੈਣਾ ਹੈ ?" ਇਹ ਆਖ ਕੇ ਉਹ ਗੰਭੀਰ ਜਿਹੀ ਹੋ ਗਈ ਤੇ ... ਆਪਣਾ ਪਿੰਡਾ ਨੰਗਾ ਕਰਦੀ ਹੋਈ ਬੋਲੀ, "ਔਹ ਲਾਸਾਂ ਵੇਖਦਾ ਹੈਂ। ਰਾਤ ਮੇਰੇ ਬਾਪ ਉੱਤੇ ਉਸ ਦੇ ਵਡੇਰਿਆਂ ਦਾ ਭੂਤ ਸਵਾਰ ਹੋ ਗਿਆ ਸੀ ਤੇ ਉਸ ਨੇ ਈਸਾਈ ਹੁੰਦਿਆਂ ਵੀ, ਮੈਨੂੰ ਸੋਟੀ ਨਾਲ ਪਿੰਜ ਸੁੱਟਿਆ। ਮਾਂ ਵੀਰਾਨ ਧਰਤੀ ਵਾਂਗ ਦੂਰ ਖੜੀ ਸਭ ਕੁਝ ਵੇਖਦੀ ਰਹੀ, ਪਰ ਉਸ ਦਾ ਹੱਥ ਨਾ ਰੋਕ ਸਕੀ। ਜਦੋਂ ਆਪਣੇ ਹੀ ਕਹਿਰ ਬਣ ਕੇ ਢਹਿ ਪੈਣ, ਤਾਂ ਵੈਲੀਆਂ ਦੇ ਡੇਰੇ ਨੂੰ ਦੋਸ਼ ਕਿਉਂ ? ਇਨ੍ਹਾਂ ਲਾਸਾਂ ਨਾਲ, ਆਪਣੇ ਜਨਮ ਲਈ, ਆਪਣੇ ਮਾਂ-ਬਾਪ ਦਾ ਕਰਜ਼ ਉਤਾਰ ਰਹੀ ਹਾਂ ?"

“ਪਰ ਕਿਉਂ ?”

“ਇਸ ਲਈ ਕਿ ਜਿਸ ਮੁੰਡੇ ਨਾਲ ਮੈਨੂੰ ਮੋਹ ਹੈ, ਉਹ ਮੇਰੇ ਬਘਿਆੜ ਕਬੀਲੇ ਦਾ ਹੈ। ਕਬਾਇਲੀ ਰੀਤ ਅਨੁਸਾਰ, ਕਿਸੇ ਹੋਰ ਬੀਜ-ਕਿਸੇ ਹੋਰ ਧਰਤੀ ਦੀ ਸੰਤਾਨ ਹੁੰਦਾ ਹੋਇਆ ਵੀ, ਉਹ ਮੇਰਾ ਭਰਾ ਲਗਦਾ ਹੈ। ਅਸਚਰਜ ਹੈ। ਪਿਓ, ਈਸਾਈ ਬਣ ਗਿਆ, ਪਰ ਉਸ ਨੂੰ, ਉਸ ਦੀ ਆਤਮਾ, ਉਸ ਦੇ ਸੱਭਿਆਚਾਰ ਨੂੰ ਅਜੇ ਤਕ ਵੀ ਆਪਣਾ ਕਬੀਲਾ ਤੇ ਆਪਣੀ ਕਬਾਇਲੀ ਰੀਤ ਨਹੀਂ ਭੁੱਲੀ। ਉਹ ਗਿਰਜੇ ਜਾ ਕੇ ਵੀ ਪੂਰਾ ਈਸਾਈ ਨਹੀਂ ਬਣ ਸਕਿਆ ਤੇ ਉਹ ਜੋ ਵੈਲੀਆਂ ਦੇ ਡੇਰੇ ਚਲੇ ਗਏ ਨੇ, ਇਨ੍ਹਾਂ ਹੀ ਸਖ਼ਤੀਆਂ ਦੇ ਮਾਰੇ, ਉਹ ਨੇਟਿਵ ਇੰਡੀਅਨ ਹੁੰਦੇ ਹੋਏ ਵੀ ਨੇਟਿਵ ਇੰਡੀਅਨ ਨਹੀਂ ਰਹੇ, ਛੇਕ ਦਿੱਤੇ ਗਏ ਹਨ। ਨਾ ਇਸ ਪਾਰ ਉਤਾਰਾ, ਨਾ ਉਸ ਪਾਰ ਢੋਈ ...।” ਇਹ ਆਖਦੀ ਹੋਈ ਉਹ ਡੂੰਘੀ ਖ਼ਾਮੋਸ਼ੀ ਵਿਚ ਲੱਥ ਜਾਂਦੀ ਹੈ। ਨਦੀ, ਝਰਨੇ, ਪਰਬਤ, ਆਕਾਸ਼ ਵਲੋਂ ਘੁੰਮਦੀ ਉਸ ਦੀ ਨਜ਼ਰ ਮੇਰੇ ਉੱਤੇ ਟਿਕ ਜਾਂਦੀ ਹੈ। ਉਹ ਮੈਨੂੰ ਸੰਬੋਧਤ ਹੈ।

“ਮੈਂ ਤੇਰੇ ਕੋਲ ਹਮਲ ਗਿਰਾਉਣ ਲਈ ਆਈ ਸਾਂ। ਤੇਰੇ ਕੋਲ ਵੀ ਮੇਰੇ ਪਿਓ ਵਾਂਗ, ਇੱਕੋ ਸਵਾਲ ਸੀ ‘ਇਹ ਕਿਸ ਦਾ ਹੈ ? ਇਸ ਲਈ ਕੌਣ ਜ਼ਿੰਮੇਵਾਰ ਹੈ ?’... ਕੀ ਦੱਸਾਂ ਤੈਨੂੰ ? ਕੀ ਦਸਦੀ ਆਪਣੇ ਬਾਪ ਨੂੰ ? ... ਤੂੰ ਇਕ ਡਾਕਟਰ ਹੈਂ, ਸ਼ਫ਼ਾ ਬਖ਼ਸ਼ਣ ਵਾਲਾ। ਤੂੰ ਹੀ ਦੱਸ ਕਿ ਇਸ ਸਵਾਲ ਦਾ ਉੱਤਰ ਕੀ ਜ਼ਰੂਰੀ ਹੈ ? ਤੇਰੇ ਵਿਚ ਤੇ ਮੇਰੇ ਬਾਪ ਵਿਚ ਕੀ ਫ਼ਰਕ ਹੋਇਆ ? ਉਸ ਦੀ ਸੋਟੀ ਨੇ ਝੰਬ ਸੁੱਟੀ ਆਤਮਾ ਮੇਰੀ ? ... ਮੈਂ ਤਾਂ ਚਾਹਿਆ ਸੀ ਕਿ ਦੋ ਖ਼ਾਨਦਾਨਾਂ ਵਿਚ ਵਾਪਰਨ ਵਾਲੀ ਹੋਣੀ ਨੂੰ ਰੋਕਣ ਲਈ, ਮੈਂ ਆਪਣੇ ਆਪ ਨੂੰ ਗਿਰਾ ਦਿਆਂਗੀ। ਗਿਰ ਜਾਂਦੀ ਹੈ ਔਰਤ, ਕਦੇ ਵੀ ਮੁੜ ਕੇ ਨਾ ਉੱਠਣ ਲਈ, ਜਦੋਂ ਉਹ ਆਪਣੀ ਕੁੱਖ ਵਿਚ ਜਨਮ, ਵਿਗਸ ਰਹੀ ਜ਼ਿੰਦਗੀ ਨੂੰ ਗਿਰਾਉਣ ਲਈ ਤਿਆਰ ਹੋ ਜਾਂਦੀ ਹੈ ... ਕੀ ਬਚਦਾ ਹੈ ਉਸ ਦਾ ?” ਉਹ ਸਵਾਲ ਬਣੀ ਮੇਰੇ ਮੋਹਰੇ ਖੜ੍ਹੀ ਸੀ। ਪਰ ਅਜੇ ਤਾਈਂ ਵੀ ਮੈਨੂੰ ਇਹ ਨਹੀਂ ਸੀ ਪਤਾ ਚੱਲ ਰਿਹਾ ਕਿ ਉਸ ਦੇ ਏਸ ਹਮਲ ਲਈ ਕੌਣ ਜ਼ਿੰਮੇਵਾਰ ਹੈ ? ਉਸ ਦਾ ਪ੍ਰੇਮੀ, ਉਸ ਦੇ ਕਬੀਲੇ ਦਾ ਮੁੰਡਾ ? ਜਾਂ ਵੈਲੀਆਂ ਦੇ ਡੇਰੇ ਦੀ ਵਾਹਰ ?

ਸਮੇਂ ਦੇ ਬੀਤਣ ਨਾਲ ਜਿਵੇਂ ਜਿਵੇਂ ਐਲਨ ਦਾ ਪੇਟ ਵਧਦਾ ਗਿਆ, ਤਿਵੇਂ ਤਿਵੇਂ ਉਸ ਦੀ ਆਵਾਜਾਈ ਵੈਲੀਆਂ ਦੇ ਡੇਰੇ ਵਿਚ ਵੀ ਵਧਦੀ ਗਈ। ਇਸ ਸਮੇਂ ਮੇਰੇ ਕੰਨਾਂ ਵਿਚ ਉਸ ਦੇ ਹਾਸੇ ਹਾਸੇ ਵਿਚ ਕਹੇ ਇਹ ਬੋਲ ਗੂੰਜਦੇ ਸਨ :

“ਮੈਂ ਤੇਰੇ ਕੋਲੋਂ ਹਮਲ ਗਿਰਵਾਉਣ ਆਈ ਸਾਂ, ਪਰ ਤੂੰ ਪ੍ਰਸ਼ਨ ਕਰਕੇ ਮੈਨੂੰ ਜ਼ਿੰਦਗੀ ਬਾਰੇ ਮੁੜ ਸੋਚਣ ਲਈ ਮਜਬੂਰ ਕਰ ਦਿੱਤਾ। ਹੁਣ ਜਦੋਂ ਮੈਂ ਜ਼ਿੰਦਗੀ ਦੇ ਮੋਹ ਵਿਚ ਸਿਰ ਤੋਂ ਲੈ ਕੇ ਪੈਰਾਂ ਤਕ ਨਕੋ-ਨਕ ਡੁੱਬ ਚੁੱਕੀ ਹਾਂ, ਤਾਂ ਮੈਨੂੰ ਤੇਰੀ ਕੀ ਲੋੜ ਹੈ ?”

ਉਹ ਸੱਚ ਹੀ ਕਹਿੰਦੀ ਸੀ। ਮਾਪੇ ਮਾਰ ਕੁੱਟ ਹਟੇ। ਪਿਆਰ, ਪੁਚਕਾਰ, ਪਤਿਆ ਕੇ ਪੁੱਛ ਹਟੇ। ਪਰ ਉਸ ਦੀ ਜ਼ਬਾਨ ਉੱਤੇ ਕਿਸੇ ਦਾ ਨਾਮ ਨਾ ਆਇਆ। ਘਰ ਵਿਚ ਅਜਨਬੀ ਤੇ ਬੇਗਾਨੀ ਬਣੀ ਉਹ ਵੈਲੀਆਂ ਦੇ ਡੇਰੇ ਵਿਚ ਆਪਣੀ ਪਛਾਣ ਤੇ ਆਪਣਾਪਨ ਢੂੰਡਣ ਆ ਜਾਂਦੀ। ਉਸ ਦਾ ਪ੍ਰੇਮੀ ਮੁੰਡਾ ਵੀ ਰੋਜ਼ ਉੱਥੇ ਹੀ ਹੁੰਦਾ। ਇਕ ਦੂਜੇ ਨੂੰ ਬਿਨਾ ਕੁਝ ਕਹੇ, ਇਕ ਦੂਜੇ ਸੌਂਹੇ, ਇਕ ਦੂਜੇ ਨੂੰ ਵੇਖਦੇ ਵੇਖਦੇ ਉਹ ਨਿਸ ਦਿਨ ਲਗਾਤਾਰ ਨਸ਼ਿਆਂ ਵਿਚ ਗੁੰਮਦੇ, ਗੁਆਚਦੇ ... ਇਕ ਦੂਜੇ ਤੋਂ ਆਪਣੇ ਆਪ ਤੋਂ ਦੂਰ ਹੁੰਦੇ ਚਲੇ ਗਏ ...। ਸਮਾਂ ਬੀਤਦਾ ਚਲੇ ਗਿਆ ...

ਹਸਪਤਾਲ ਵਿਚ ਉਹ ਆਖ਼ਰੀ ਸਾਹਾਂ ਉੱਤੇ ਪਈ ਸੀ। ਉਸ ਦੇ ਚਿਹਰੇ ਉੱਤੇ ਅਨੋਖਾ ਨੂਰ ਤੇ ਜਲਾਲ ਸੀ। ਉਸ ਦਾ ਪ੍ਰੇਮੀ ਵੀ ਉਸ ਸਮੇਂ ਉਸ ਦੇ ਕੋਲ ਖੜੋਤਾ ਸੀ। ਆਪਣੇ ਮਾਪਿਆਂ ਨੂੰ ਉਸ ਨੇ, ਏਸ ਸਮੇਂ ਹਾਜ਼ਰ ਹੋਣ ਦਾ ਹੱਕ ਨਹੀਂ ਸੀ ਦਿੱਤਾ। ਮੇਰੇ ਵਲਾਂ ਵੇਖਦੀ ਹੋਈ ਤੇ ਆਪਣੇ ਪ੍ਰੇਮੀ ਵਲਾਂ ਇਸ਼ਾਰਾ ਕਰਦੀ ਹੋਈ, ਬੋਲੀ : “ਇਨ੍ਹਾਂ ਸੱਤ ਮਹੀਨਿਆਂ ਵਿਚ ਇਕ ਵਾਰੀ ਵੀ ਇਸ ਦਾ ਹੌਂਸਲਾ ਨਹੀਂ ਪਿਆ ਕਿ ਮੈਨੂੰ

ਬਾਹਾਂ ਤੋਂ ਫੜ ਕੇ ਝੰਜੋੜ ਸਕੇ। ਜਗਾ ਸਕੇ। ਹੁਣ ਜਦੋਂ ਮੈਂ ਸਦਾ ਦੀ ਨੀਂਦ ਸੌਣ ਜਾ ਰਹੀ ਹਾਂ, ਤਾਂ ਇਸ ਨੂੰ ਮੇਰਾ ਤੇਹ, ਮੇਰਾ ਪਿਆਰ ਪਤਾ ਨਹੀਂ ਕਿਥੋਂ ਆ ਗਿਆ ਹੈ ? ਪਤਾ ਨਹੀਂ ਇਹ ਕਿਵੇਂ ਤੇ ਕਿਉਂ ਜਾਗ ਪਿਆ ਹੈ ? ਇਸ ਦੀ ਜਾਗ ਦਾ ਮੇਰੀ ਸਦੀਵੀ ਨੀਂਦ ਨਾਲ ਪਤਾ ਨਹੀਂ ਕੀ ਰਿਸ਼ਤਾ ਹੈ ?"

ਮੁਸਕਰਾਉਂਦੀ ਹੋਈ ਉਹ ਆਪਣੇ ਜੌੜੇ ਬੱਚਿਆਂ ਵਲਾਂ ਮਮਤਾ ਨਾਲ ਵੇਖਦੀ ਹੋਈ ਫੇਰ ਬੋਲੀ, "ਮੇਰੇ ਬੱਚੇ ਜ਼ਿੰਦਗੀ ਅਤੇ ਪ੍ਰੇਮ ਦੇ ਏਸ ਰਹੱਸ ਪਿਛਲੇ ਸੱਚ ਨੂੰ ਮੁੱਢੋਂ ਸੁਢੋਂ ਫੇਰ ਖੋਜਣ, ਪਰਤੀਤਣਗੇ।"

ਆਪਣੇ ਪ੍ਰੇਮੀ ਵਲਾਂ ਵੇਖ ਕੇ ਉਸ ਨੇ ਇਕ ਲੰਮਾਂ ਸਾਹ ਲਿਆ, ਹਉਕਾ ਭਰਿਆ ਤੇ ਮੇਰੇ ਵਲਾਂ ਵੇਖਦੀ ਹੋਈ ਸੰਬੋਧਨੀ ਸੁਰ ਵਿਚ ਬੋਲੀ, "ਹੁਣ ਇਸ ਨੂੰ ਇਸ ਦੇ ਮਾਪੇ, ਮੇਰੇ ਮਾਪੇ ਕੁਝ ਨਹੀਂ ਕਹਿਣਗੇ। ਇਸ ਦਾ ਪੂਰਾ ਪੂਰਾ ਬਚਾਅ ਹੋ ਗਿਆ ਹੈ। ਸੰਨੀਂ, ਇਸ ਨੂੰ ਕਹਿ ਕਿ ਇਹ ਹੁਣ ਵੈਲੀਆਂ ਦੇ ਡੇਰੇ ਜਾਣਾ ਛੱਡ ਦੇਵੇ। ਮੈਂ ਏਸ ਨੂੰ ਆਪਣੇ ਇਨ੍ਹਾਂ ਦੋ ਬੱਚਿਆਂ ਦੀ ਸੌਂਹ ਦੇ ਕੇ ਕਹਿੰਦੀ ਹਾਂ ਕਿ ਇਹ ਵੈਲ ਛੱਡ ਕੇ, ਜ਼ਿੰਦਗੀ ਨੂੰ ਮੁੱਢੋਂ ਸੁੱਢੋਂ ਸ਼ੁਰੂ ਕਰੇ। ਆਪਣੇ ਸਹੀ ਅਰਥਾਂ ਦੀ ਪਛਾਣ ਕਰੇ। ਜ਼ਿੰਦਗੀ ਬੜੀ ਦਿਲਕਸ਼ ਤੇ ਪਿਆਰੀ ਸ਼ੈ ਹੈ ... ਇਸ ਨੂੰ ਛੱਡਣ ਲਈ ਭਲਾ ਕਿਸ ਦਾ ਦਿਲ ਕਰਦਾ ਹੈ ?"

ਇਹ ਆਖਦਿਆਂ ਉਸ ਦੀ ਘਿੱਗੀ ਬੱਝ ਗਈ। ਉਸਦੀਆਂ ਪਲਕਾਂ 'ਚੋਂ ਬੱਦਲ ਜਿਹੇ ਉੱਭਰੇ ਤੇ ਪਲਕਾਂ ਨੂੰ ਚਿਪਕ ਕੇ, ਥਹੇਂ ਜੰਮ ਗਏ। ਆਪਣੇ ਬੱਚਿਆਂ ਦੇ ਸਿਰਾਂ ਉੱਤੇ ਉਸ ਨੇ ਪੋਲੇ ਪੋਲੇ ਹੱਥ ਫੇਰਿਆ। ਸੈਨਤ ਨਾਲ ਉਨ੍ਹਾਂ ਨੂੰ ਬੁਲਾਉਣ ਦਾ ਯਤਨ ਕੀਤਾ।

ਇਸ ਸਮੇਂ ਉਸ ਉੱਤੇ ਇਕ ਵਿਸ਼ੇਸ਼ ਭਾਂਤ ਦੀ ਥਕਾਵਟ ਹਾਵੀ ਹੋ ਰਹੀ ਅਤੇ ਉਸ ਅੰਦਰੋਂ ਕਦੇ ਨਾ ਹਾਰ ਮੰਨਣ ਵਾਲੀ ਸ਼ਕਤੀ ਜਾਗ ਰਹੀ ਸੀ। ਉਸ ਦੇ ਚਿਹਰੇ ਦਾ ਪ੍ਰਭਾਵ ਪੱਥਰ 'ਚੋਂ ਤਰਾਸ਼ੀ ਹੋਈ ਮੁਸਕਰਾਹਟ ਵਰਗਾ ਸੀ। ਇਸੇ ਪਥਰੀਲੀ ਮੁਸਕਰਾਹਟ ਨਾਲ ਉਸ ਨੇ ਮੇਰੇ ਵਲਾਂ ਵੇਖਦਿਆਂ, ਮੈਨੂੰ ਫੇਰ ਸੰਬੋਧਨ ਕੀਤਾ, "ਦਸਦੀ ਹਾਂ, ਦਸਦੀ ਹਾਂ ... ਤੈਨੂੰ ਦੱਸਣ ਤੋਂ ਪਹਿਲਾਂ ਨਹੀਂ ਮਰਾਂਗੀ। ਉਂਜ ਤੇਰੇ ਤੋਂ ਕੁਝ ਗੁੱਝਾ ਵੀ ਨਹੀਂ। ਜੇ ਕਿਸੇ ਦਾ ਨਾਮ ਛੁਪਾਇਆਂ ਉਸ ਦੀ ਜਾਨ ਬਖ਼ਸ਼ੀ ਹੋ ਸਕੇ ਤੇ ਉਹ ਇਸ ਬਖ਼ਸ਼ੀ ਹੋਈ ਜ਼ਿੰਦਗੀ ਨੂੰ ਜਿਊਂ ਸਕਦਾ ਹੋਵੇ, ਤਾਂ ਏਸ ਤੋਂ ਵੱਡਾ ਹੋਰ ਪੁੰਨ ਕਿਹੜਾ ਹੈ ? ... ਤੇਰੇ ਕਾਗ਼ਜ਼ਾਂ ਦੀ ਖ਼ਾਨਾਪੂਰੀ ਵੀ ਜ਼ਰੂਰੀ ਹੈ। ਵੈਲੀਆਂ ਦੇ ਡੇਰੇ, ਹਰ ਰਾਤ, ਨਸ਼ੇ ਵਿਚ ਬੇਸੁਧ ਔਰਤ, ਇਕ ਨਹੀਂ, ਅਨੇਕ ਮਰਦਾਂ ਨਾਲ ਹਮਬਿਸਤਰੀ ਕਰਦੀ ਹੈ ? ਉਹ ਕਿਸ, ਕਿਸ ਦਾ ਨਾਮ ਯਾਦ ਕਰੇ ? ਉਸ ਕੋਲ ਕੋਈ ਜੰਤਰ ਤਾਂ ਹੈ ਨਹੀਂ, ਜਿਸ ਦੀ ਸਹਾਇਤਾ ਨਾਲ ਉਹ ਇਹ ਦਸ ਸਕੇ ਕਿ ਅੱਜ ਮੇਰੇ ਨਾਲ ਸੁੱਤੇ ਦਸ ਮਰਦਾਂ ਵਿਚੋਂ, ਮੇਰੇ ਬੱਚਿਆਂ ਦਾ ਬਾਪ ਐਹ ਹੈ। ... ਉਂਜ ਵੀ ਇਨ੍ਹਾਂ ਵੈਲੀ ਮਰਦਾਂ ਦਾ ਕੋਈ ਨਾਮ, ਕੋਈ ਪਛਾਣ ਨਹੀਂ ਹੁੰਦੀ ... ਆਪਣੇ ਇਨ੍ਹਾਂ ਦੋ ਬੱਚਿਆਂ ਦੀ ਜਣਨਹਾਰੀ ਮਾਂ, ਮੈਂ ਹਾਂ, ਕੇਵਲ ਮੈਂ। ... ਇਹ ਮੇਰਾ ਪੁੱਤਰ ਆਦਮ ਹੈ ਤੇ ਇਹ ਹੈ ਮੇਰੀ ਧੀ ਹੱਵਾ ... ਆਦਮ ਅਤੇ ਹੱਵਾ ਨੂੰ ਇੱਕੋ ਸਮੇਂ ਜਨਮ ਦੇਣ ਵਾਲੀ ਮਾਂ ਦੇ ਬੱਚਿਆਂ ਨੂੰ ਕਿਸੇ ਬਾਪ ਦੇ ਨਾਮ ਦੀ ਲੋੜ ਨਹੀਂ ਹੁੰਦੀ ...।"

ਪਥਰੀਲੀ ਮੁਸਕਰਾਹਟ ਵਾਲੇ ਚਿਹਰੇ ਵਿਚ ਮਸ਼ਾਲ ਵਾਂਗ ਜਗਦੀਆਂ ਦੋ ਅੱਖਾਂ ਦੀ ਲੋਅ ਪੱਥਰਾ ਗਈ ਸੀ। ਆਦਮ ਅਤੇ ਹੱਵਾ ਵਲ ਵੇਖ ਵੇਖ ਉਸ ਦੇ ਪ੍ਰੇਮੀ ਦੀ ਖ਼ਾਮੋਸ਼ੀ, ਹੰਝੂਆਂ ਦੇ ਸ਼ਬਦ ਤੋੜ ਰਹੇ ਸਨ। ਐਨੀ ਵੱਡੀ ਕੁਰਬਾਨੀ ਦੇ ਦਾਗ਼ ਦਾ ਨੂਰ ਐਨਾ ਕੁਝ ਕਹਿ ਕੇ ਵੀ ਐਨਾ ਕੁਝ ਛੁਪਾ ਸਕੇਗਾ ? ਮੈਂ ਸੋਚ ਰਿਹਾ ਸਾਂ !!

# ਸੁਤੰਤਰਤਾ ਦੇ ਸਮਾਨ-ਅੰਤਰ ਸਿਰੇ

ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਸੀ ਕਿ ਉਸ ਦੀ ਪਤਨੀ ਦਾ ਅਜੇ ਸਿਵਾ ਵੀ ਠੰਡਾ ਨਹੀਂ ਸੀ ਹੋਇਆ ਤੇ ਉਸ ਨੇ ਦੂਜੀ ਸ਼ਾਦੀ ਕਰ ਲਈ ਸੀ। ਉਸ ਦੇ ਮਿੱਤਰ, ਰਿਸ਼ਤੇਦਾਰ ਅਤੇ ਵਾਕਫ਼ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ। ਤਿੰਨ ਬੱਚੇ ਸਨ ਉਸ ਦੇ। ਇਕ ਪੁੱਤਰ ਅਤੇ ਇਕ ਧੀ ਵਿਆਹੁਣ ਵਰਨ ਦੀ ਉਮਰ ਦੇ। ਦੂਜੀ ਧੀ ਵੀ ਵਿੱਦਿਆ ਮੁਕਾਉਣ ਉਪਰੰਤ ਹੋਰ ਚਾਰ, ਪੰਜ ਵਰ੍ਹਿਆਂ ਨੂੰ ਵਿਆਹੁਣ-ਵਰਨ ਯੋਗ ਹੋ ਗਈ ਸੀ। ਲੋਕੀਂ ਆਖਦੇ ਸਨ ਕਿ ਜੇ ਰੋਟੀ ਟੁਕ ਦੀ ਤੰਗੀ ਕਰਕੇ ਮਜਬੂਰੀ ਸੀ, ਤਾਂ ਆਪਣਾ ਦੂਜਾ ਵਿਆਹ ਕਰਵਾਉਣ ਨਾਲੋਂ, ਮੁੰਡਾ ਵਿਆਹਿਆ ਜਾ ਸਕਦਾ ਸੀ।

ਲੋਕਾਂ ਦੀਆਂ ਇਹ ਗੱਲਾਂ ਉਸ ਦੇ ਕੰਨਾਂ ਤਕ ਵੀ ਭਿਣਕ ਪਈਆਂ ਸਨ। ਉਹ ਆਪ ਇਕ ਅਗਾਂਹਵਧੂ ਕਵੀ ਸੀ ਤੇ ਸੋਚ ਰਿਹਾ ਸੀ ਕਿ ਸਾਡੇ ਲੋਕ ਪੜ੍ਹ ਲਿਖ ਕੇ ਅਤੇ ਬਾਹਰਲੇ ਦੇਸ਼ਾਂ ਦੇ ਨਾਗਰਕ ਬਣ ਕੇ ਵੀ ਜਹਾਲਤ ਅਤੇ ਰੂੜ ਰਵਾਇਤ ਦੀ ਦਲਦਲ ਵਿੱਚੋਂ ਨਹੀਂ ਸਨ ਨਿਕਲ ਸਕੇ। ਜੇ ਇਨ੍ਹਾਂ ਦਾ ਵਸ ਚਲੇ ਤਾਂ ਇਹ ਸਤੀ ਦੀ ਰਸਮ ਮੁੜ ਕੇ ਸ਼ੁਰੂ ਕਰ ਦੇਣ। ਸਤੀ ਤੋਂ ਹਟ ਕੇ ਉਸ ਦਾ ਧਿਆਨ ਰੰਡੇਪੇ ਕੱਟਦੀਆਂ ਅਨੇਕਾਂ ਔਰਤਾਂ ਵਲ ਗਿਆ, ਜਿਨ੍ਹਾਂ ਨੇ ਰਵਾਇਤ ਦੀ ਸੂਲੀ ਚੜ੍ਹ ਕੇ ਆਪਣੀ ਸਾਰੀ ਜਵਾਨੀ ਗਾਲ ਲਈ ਸੀ, ਪਰ ਦੂਜੀ ਸ਼ਾਦੀ ਨਹੀਂ ਸੀ ਕਰਵਾਈ। ਉਸ ਨੂੰ ਯਾਦ ਆ ਰਹੀ ਸੀ ਵਿਧਵਾ-ਵਿਆਹ ਦੀ ਅਗਾਂਹਵਧੂ ਲਹਿਰ ਤੇ ਉਹ ਸੋਚ ਰਿਹਾ ਸੀ ਕਿ ਜੇ ਰੰਡੀਆਂ ਦੇ ਰੰਡੇਪੇ ਦੂਰ ਕਰਨ ਲਈ ਉਨ੍ਹਾਂ ਦੇ ਦੂਜੇ ਵਿਆਹ ਦੀ ਮੰਗ ਇਕ ਲਹਿਰ ਦਾ ਰੂਪ ਧਾਰਨ ਕਰ ਸਕਦੀ ਸੀ, ਤਾਂ ਬੱਚਿਆਂ ਵਾਲਾ ਇਕ ਰੰਡਵਾ ਬਾਪ ਦੂਜਾ ਵਿਆਹ ਕਿਉਂ ਨਹੀਂ ਕਰਵਾ ਸਕਦਾ ? ਬੱਚਿਆਂ ਦਾ ਆਪਣਾ ਸਥਾਨ ਹੈ ਅਤੇ ਪਤਨੀ ਦਾ ਆਪਣਾ। ਦੋਵੇਂ ਇਕ ਦੂਜੇ ਦੀ ਥਾਂ ਨਹੀਂ ਲੈ ਸਕਦੇ। ਦੋਵੇਂ ਲੋੜੀਂਦੇ ਹਨ।

ਉਸ ਨੂੰ ਯਾਦ ਆਇਆ ਫ਼ਰਾਂਸੀਸੀ ਲੇਖਕ ਕਾਮੂ ਦੇ ਨਾਵਲ ਆਊਟਸਾਈਡਰ ਦਾ ਨਾਇਕ, ਜਿਸ ਨੂੰ ਆਪਣੀ ਮਾਂ ਦੀ ਮ੍ਰਿਤਕ ਦੇਹ ਕੋਲ ਬੈਠਿਆਂ ਕਾਫ਼ੀ ਜਾਂ ਸਿਗਰਟ ਦੀ ਤਲਬ ਹੁੰਦੀ ਹੈ, ਤਾਂ ਉਹ ਕਿਸੇ ਕਿਸਮ ਦੀ ਝਿਜਕ ਜਾਂ ਪਰਵਾਹ ਨਾ ਕਰਦਿਆਂ ਆਪਣੀ ਤਲਬ ਪੂਰੀ ਕਰ ਲੈਂਦਾ ਹੈ। ਮਰਨ ਵਾਲੇ ਤਾਂ ਮਰ ਗਏ। ਜੀਵਨ ਵਾਲੇ ਕਿਉਂ ਜਿਊਂਦੇ ਹੀ ਮਰਨ ? ਜਿਊਂਦੇ ਬੰਦੇ ਨੂੰ ਭੁੱਖ ਵੀ ਲੱਗਣੀ ਹੈ ਅਤੇ ਤੇਹ ਵੀ। ਖਾਣਾ ਪੀਣਾ ਤੇ ਸਾਹ ਲੈਣਾ ਕੋਈ ਕਿਵੇਂ ਛਡ ਸਕਦਾ ਹੈ ?

ਉਸ ਨੂੰ ਯਾਦ ਆਇਆ ਕਿ ਉਹ ਪੰਜਵੀਂ ਛੇਵੀਂ ਵਿਚ ਪੜ੍ਹਦਾ ਸੀ ਜਦੋਂ ਉਸ ਦੀ ਦਾਦੀ ਦੀ ਮੌਤ ਹੋ ਗਈ ਸੀ। ਉਹ ਸਕੂਲੋਂ ਪਰਤਿਆ, ਤਾਂ ਉਸ ਨੂੰ ਅੰਤਾਂ ਦੀ ਭੁੱਖ ਲਗੀ ਹੋਈ ਸੀ। ਦਾਲਾਨ ਵਿਚ ਮੰਜੇ ਉੱਤੇ ਉਸ ਦੀ ਦਾਦੀ ਦੀ ਮ੍ਰਿਤਕ ਦੇਹ ਪਈ ਸੀ ! ਆਂਢ-ਗੁਆਂਢ ਦੀਆਂ ਔਰਤਾਂ ਮ੍ਰਿਤਕ ਦੇਹ ਵਾਲੀ ਮੰਜੀ ਦੇ ਦੁਆਲੇ ਬੈਠੀਆਂ ਰੋ, ਡੁਸਕ ਰਹੀਆਂ ਸਨ। ਦਾਦੀ ਨਾਲ ਉਸ ਨੂੰ ਅੰਤਾਂ ਦਾ ਮੋਹ ਸੀ, ਉਸ ਦਾ ਵੀ ਰੋਣ ਨਿਕਲ ਗਿਆ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ ਸਭ ਕਿਉਂ ਤੇ ਕੀ ਹੋ ਰਿਹਾ ਹੈ ? ਇਕ

ਔਰਤ ਉਸ ਨੂੰ ਬਾਹਰ ਵਰਾਂਡੇ ਵਿਚ ਛੱਡ ਗਈ। ਫਿਰ ਪਤਾ ਨਹੀਂ ਕਿਵੇਂ ਉਹ ਸਭ ਕੁਝ ਭੁੱਲ, ਭੁਲਾ ਕੇ ਰਸੋਈ ਵਿਚ ਪਹੁੰਚ ਗਿਆ। ਭੁੱਖ ਉਸ ਨੂੰ ਬਹੁਤ ਲੱਗੀ ਸੀ। ਰੋਟੀ ਉਸ ਦੀ ਲੋੜ ਸੀ ਤੇ ਉਹ ਰੋਟੀ ਖਾਣ ਲੱਗ ਪਿਆ ਸੀ।

ਆਸੇ ਪਾਸੇ ਨਾਲੋਂ ਟੁੱਟ ਕੇ ਆਪਣੀ ਭੁੱਖ ਤੇ ਆਪਣੀ ਲੋੜ ਪਿੱਛੇ, ਇਸੇ ਤਰ੍ਹਾਂ, ਭੱਜੇ ਰਹਿਣਾ, ਉਸ ਵਿਚ ਪੂਰੀ ਤਰ੍ਹਾਂ ਗੁੰਮ ਗੁਆਚ ਜਾਣ ਦੀ ਰੁਚੀ, ਉਸ ਵਿਚ ਬਚਪਨ ਤੋਂ ਲੈ ਕੇ ਅੱਜ ਤਕ ਲਗਾਤਾਰ ਪ੍ਰਬਲ ਰਹੀ ਸੀ। ਹੋਰ ਪ੍ਰਾਪਤ ਕਰਨ ਦੀ ਭੁੱਖ ਅਤੇ ਹੋਰ ਰੱਜਣ ਦੀ ਲੋੜ ਉਸ ਨੂੰ ਸੱਠਵਿਆਂ ਵਿਚ ਇੰਗਲੈਂਡ ਵਰਗੇ ਪੂੰਜੀਵਾਦੀ ਦੇਸ਼ ਵਿਚ ਲੈ ਆਈ ਸੀ।

ਇਕ ਅਗਾਂਹਵਧੂ ਅਤੇ ਵਚਨਬੱਧ ਕਮਿਊਨਿਸਟ ਕਵੀ ਦੇ ਤੌਰ ਉੱਤੇ ਭਾਰਤ ਰਹਿੰਦਿਆਂ ਉਸ ਨੇ ਅਨੇਕਾਂ ਕਵਿਤਾਵਾਂ ਮਜ਼ਦੂਰ ਦੀ ਕਠਨ ਮੁਸ਼ੱਕਤ ਵਾਲੀ ਜ਼ਿੰਦਗੀ ਅਤੇ ਸਰਮਾਏਦਾਰ ਵਲੋਂ ਉਸ ਦੀ ਲੁਟ ਖਸੁੱਟ ਬਾਰੇ ਲਿਖੀਆਂ ਸਨ। ਪਰ ਮਜ਼ਦੂਰੀ ਅਤੇ ਮੁਸ਼ੱਕਤ ਹੁੰਦੀ ਕੀ ਹੈ ? ਇਸ ਦਾ ਸਹੀ ਅਨੁਭਵ ਉਸ ਨੂੰ ਇੰਗਲੈਂਡ ਇਕ ਫਾਊਂਡਰੀ ਵਿਚ ਬਾਰਾਂ-ਬਾਰਾਂ ਘੰਟੇ ਅਤੇ ਹਫ਼ਤੇ ਵਿਚ ਛੇ-ਛੇ ਦਿਨ ਕੰਮ ਕਰਕੇ ਹੀ ਹੋਇਆ। ਉਸ ਦੇ ਹੱਥਾਂ ਦੀਆਂ ਤਲੀਆਂ ਵਿੱਚੋਂ ਫਾਊਂਡਰੀ ਦੀ ਕਾਲਖ਼ ਝਾਕਦੀ ਸੀ ਅਤੇ ਉਸ ਦੀ ਕਵਿਤਾ ਵਿੱਚੋਂ ਇਨਕਲਾਬ ਦੇ ਚੰਗਿਆੜੇ ਫੁੱਟਦੇ ਸਨ। ਜਿਵੇਂ ਜਿਵੇਂ ਇਹ ਕਾਲਖ਼ ਉਸਦੀਆਂ ਤਲੀਆਂ ਦੀ ਚਮੜੀ ਦਾ ਪੱਕਾ ਅੰਗ ਬਣਦੀ ਗਈ, ਤਿਵੇਂ-ਤਿਵੇਂ ਉਸ ਦੇ ਬੈਂਕ ਵਿਚ ਪੌਂਡਾਂ ਦੀਆਂ ਧਾਂਕਾਂ ਲਗਦੀਆਂ ਗਈਆਂ। ਉਸ ਦੀ ਕਵਿਤਾ ਦਾ ਸੁਰ ਹੋਰ ਵੀ ਉੱਚਾ ਹੁੰਦਾ ਗਿਆ।

ਕਰੰਸੀ ਦੀ ਬਲੈਕ ਰਾਹੀਂ, ਪੌਂਡਾਂ ਦੇ ਭਾਰਤ ਵਿਚ ਆਮ ਦਰ ਨਾਲੋਂ ਕਦੇ ਡੇਢੇ ਅਤੇ ਕਦੇ ਹੋਰ ਵਧੇਰੇ ਰੁਪਏ ਲੈ ਕੇ, ਉਸ ਨੇ ਆਪਣੇ ਮਾਪਿਆਂ ਦੇ ਘਰ ਵਿਚ ਇਨਕਲਾਬੀ ਲਹਿਰ ਬਹਿਰ ਲੈ ਆਂਦੀ ਸੀ। ਓਵਰ ਟਾਈਮ ਲਾ ਕੇ, ਤੇ ਕਦੇ ਇਕ ਤੋਂ ਵਧੇਰੇ ਨੌਕਰੀ ਕਰਕੇ, ਉਸ ਨੇ ਇੰਗਲੈਂਡ ਵਿਚ ਆਪਣਾ ਘਰ ਲੈ ਕੇ ਚੰਗਾ ਅੱਡਾ ਗੱਡਾ ਬਣਾ ਲਿਆ ਸੀ। ਪੌਂਡਾਂ ਦੇ ਜ਼ੋਰ 'ਤੇ ਤਿੰਨ ਕਾਵਿ- ਸੰਗ੍ਰਹਿ ਪ੍ਰਕਾਸ਼ਤ ਕਰਵਾ ਕੇ ਹੁਣ ਉਹ ਕਿਤਾਬੀ ਰੂਪ ਵਿਚ ਇਕ ਸ੍ਵੈ-ਘੋਸ਼ਤ, ਸ੍ਵੈ-ਸਥਾਪਤ ਕਵੀ ਵੀ ਬਣ ਗਿਆ ਸੀ।

ਬਲੈਕ ਰਾਹੀਂ ਰੁਪਏ ਭਾਰਤ ਭੇਜਣ ਅਤੇ ਇੰਗਲੈਂਡ ਵਿਚ ਟੈਕਸ ਦੀ ਹੇਰਾ ਫੇਰੀ ਨੂੰ ਉਹ ਇਹ ਕਹਿ ਕੇ ਜਾਇਜ਼ ਕਰਾਰ ਦਿੰਦਾ ਸੀ ਕਿ ਸਰਮਾਏਦਾਰ ਨੂੰ ਲੁੱਟਣਾ ਵੀ ਇਕ ਇਨਕਲਾਬੀ ਅਮਲ ਹੈ। ਇਸ ਸਭ ਕੁਝ ਦਾ ਉਹ ਆਪਣੀ ਕਵਿਤਾ ਅਤੇ ਲੇਖਾਂ ਵਿਚ ਵੀ ਉੱਚੇ ਸੁਰਾਂ ਵਿਚ ਪ੍ਰਗਟਾ ਕਰਦਾ ਸੀ। ਆਪਣੀਆਂ ਨਜ਼ਰਾਂ ਵਿਚ ਕਦਮ-ਦਰ-ਕਦਮ ਅਗਾਂਹ ਵਧਦਾ, ਹੁਣ ਉਹ ਪੂਰਨ ਅਗਾਂਹਵਧੂ ਬਣ ਗਿਆ ਸੀ।

ਉਸ ਦਾ ਪਰਵਾਰ ਇੰਗਲੈਂਡ ਆਇਆ, ਤਾਂ ਉਸ ਨੇ ਫਟਾ ਫਟ ਆਪਣੀ ਪਤਨੀ ਲਈ ਨੌਕਰੀ ਲੱਭ ਲਈ। ਉਨ੍ਹਾਂ ਦਿਨਾਂ ਵਿਚ ਸਾਡੇ ਲੋਕ ਆਪਣੀਆਂ ਪਤਨੀਆਂ ਤੋਂ ਇੰਗਲੈਂਡ ਵਿਚ ਆ ਕੇ ਨੀਵੀਆਂ ਜ਼ਾਤਾਂ ਵਾਲੇ ਕੰਮ ਕਰਵਾਉਣ ਵਿਚ ਹਿਚਕਚਾਉਂਦੇ ਅਤੇ ਆਪਣੀ ਹੇਠੀ ਸਮਝਦੇ ਸਨ। ਏਸ ਪੱਖੋਂ ਵੀ ਉਸ ਨੇ ਆਪਣੇ ਲੋਕਾਂ ਨੂੰ, ਆਪਣੇ ਸ਼ਬਦਾਂ ਵਿਚ, ਅਗਾਂਹਵਧੂ ਦਿਸ਼ਾ ਦੇ ਕੇ ਖ਼ੁਸ਼ਹਾਲੀ ਦਾ ਰਸਤਾ ਖੋਲ੍ਹਿਆ। ਉਸ ਦੇ ਬੱਚੇ ਸਕੂਲ ਵਿਚ ਪੜ੍ਹਦੇ ਅਤੇ ਉਹ ਮੀਆਂ, ਬੀਵੀ ਡੱਟ ਕੇ ਮੁਸ਼ੱਕਤ ਕਰਦੇ।

ਆਪਣਾ ਘਰ ਫਰੀ ਹੁੰਦਿਆਂ ਹੀ ਉਸ ਨੇ ਫੁੱਲ ਟਾਈਮ ਨੌਕਰੀ ਛੱਡ ਕੇ ਪਾਰਟ ਟਾਈਮ ਨੌਕਰੀ ਕਰ ਲਈ ਅਤੇ ਪਾਰਟ ਟਾਈਮ ਪੜ੍ਹਨਾ ਸ਼ੁਰੂ ਕਰ ਦਿੱਤਾ। ਉਸ ਦਾ ਇਹ ਪਾਰਟ ਟਾਈਮ ਕੰਮ ਉਸ ਦੀ ਪਤਨੀ ਲਈ ਓਵਰ ਟਾਈਮ ਵਿਚ ਬਦਲ ਗਿਆ ਅਤੇ ਘਰ ਦੀ ਅਗਾਂਹਵਧੂ ਆਰਥਕਤਾ ਉੱਤੇ ਕੋਈ ਆਂਚ ਨਾ ਆਈ। ਰੀਅਲ ਐਸਟੇਟ ਦਾ ਕੋਰਸ ਕਰਕੇ ਉਸ ਨੇ ਜਾਇਦਾਦ ਵੇਚਣ ਅਤੇ ਖ਼ਰੀਦਣ ਦਾ ਆਪਣਾ ਧੰਦਾ ਸ਼ੁਰੂ ਕਰ ਲਿਆ।

ਆਪਣੇ ਇਨ੍ਹਾਂ ਦਿਨਾਂ 'ਚ ਹੀ ਜਾਇਜ਼-ਨਾਜਾਇਜ਼ ਢੰਗ ਨਾਲ ਉਸ ਨੇ ਦੋ ਭਰਾਵਾਂ, ਦੋ ਸਾਲਿਆਂ ਅਤੇ ਕੁਝ ਹੋਰ ਰਿਸ਼ਤੇਦਾਰਾਂ ਨੂੰ ਵੀ ਇੰਗਲੈਂਡ ਮੰਗਵਾ ਕੇ ਥਾਉਂ ਥਾਈਂ ਸੈਟਲ ਕਰ ਦਿੱਤਾ। ਬਲੈਕ ਦੇ ਏਸ

ਧੰਦੇ ਵਿਚ ਉਸ ਦੀ ਆਪਣੀ ਆਰਥਕਤਾ ਵੀ ਪੱਕੇ ਤੌਰ ਉੱਤੇ ਅਗਾਂਹਵਧੂ ਬਣਦੀ ਗਈ। ਇਨ੍ਹਾਂ ਸਭ ਰਿਸ਼ਤੇਦਾਰਾਂ ਨੂੰ ਉਹ, ਅੰਦਰੇ ਅੰਦਰ, ਆਪਣੇ ਅਗਾਂਹ ਵਧਣ ਲਈ ਲੋੜੀਂਦੀਆਂ ਵਸਤਾਂ ਤੋਂ ਵੱਧ ਮਹੱਤਤਾ ਨਹੀਂ ਸੀ ਦਿੰਦਾ। ਇਹ ਵੱਖਰੀ ਗੱਲ ਹੈ ਕਿ ਉਹ ਉਸ ਨੂੰ ਆਪਣਾ ਅੰਨ-ਦਾਤਾ ਸਮਝ ਕੇ ਉਸ ਦਾ ਅਹਿਸਾਨ ਮੰਨਦੇ ਹੋਣ।

ਇਸ ਸਭ ਕੁਝ ਦੇ ਬਾਵਜੂਦ ਵੀ ਉਸ ਦੇ ਅੰਦਰ ਇਕ ਖ਼ਲਾਅ ਜਿਹਾ ਲਗਾਤਾਰ ਪਸਰਦਾ ਰਿਹਾ ਸੀ। ਇਕ ਅਗਾਂਹਵਧੂ ਕਵੀ ਦੇ ਰੂਪ ਵਿਚ ਭਾਰਤ ਦੇ ਅਲੋਚਕਾਂ ਨੇ ਉਸ ਨੂੰ ਉਹ ਮਾਨਤਾ ਨਹੀਂ ਸੀ ਦਿੱਤੀ, ਜਿਸ ਦੀ ਉਹ ਆਸ ਕਰਦਾ ਸੀ। ਜਦੋਂ ਵੀ ਉਹ ਭਾਰਤ ਜਾਂਦਾ, ਇਨ੍ਹਾਂ ਆਲੋਚਕਾਂ ਦੀ ਸੇਵਾ ਉੱਤੇ ਪਾਣੀ ਵਾਂਗ ਪੈਸਾ ਬਹਾਉਂਦਾ। ਉਹ ਵੀ ਬਦਲੇ ਵਿਚ ਉਸ ਦੀ ਸਿਫ਼ਤ ਸਾਲਾਹ ਕਰਦੇ। ਪਰ ਗੱਲ ਅਗੇ ਨਾ ਤੁਰਦੀ। ਉੱਥੇ ਸਭ ਸ਼ੀਸ਼ੇ ਦੇ ਘਰਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਕਸੌਟੀਆਂ ਲੈ ਕੇ ਬੈਠੇ ਸਨ। ਸਭ ਜਾਣਦੇ ਸਨ ਕਿ ਉਸ ਦੇ ਕਾਵਿ-ਸਾਹਿਤ ਉੱਤੇ ਕੇਵਲ ਟਹਿਲ ਸੇਵਾ ਵਾਲੀ ਕਸੌਟੀ ਹੀ ਵਰਤੀ ਜਾ ਸਕਦੀ ਹੈ। ਉਸ ਨੂੰ ਆਪ ਵੀ ਏਸ ਗੱਲ ਦਾ ਅਹਿਸਾਸ ਸੀ ਕਿ ਉਸ ਦੇ ਇੰਗਲੈਂਡ ਵਾਪਸ ਪਰਤ ਜਾਣ ਬਾਅਦ ਉਸ ਦੀ ਗੱਲ ਫਿਰ ਰੁਕ ਜਾਵੇਗੀ।

ਇਨ੍ਹਾਂ ਦਿਨਾਂ ਵਿਚ ਹੀ ਉਸ ਦੀ ਮੁਲਾਕਾਤ ਕੁਮਾਰੀ ਵਰਸ਼ਾ ਇੰਦਰਾਨੀ ਨਾਲ ਹੋਈ। ਇਹ ਹੀ ਸੀ ਉਸ ਦਾ ਕਲਮੀਂ ਨਾਮ, ਜਿਸ ਹੇਠ ਉਸ ਨੇ ਆਪਣੀ ਆਲੋਚਨਾਤਮਕ ਪ੍ਰਤਿਭਾ ਦੀ ਧਾਂਕ ਪੱਤਰ-ਵਿਹਾਰਕ ਖੇਤਰ ਵਿਚ ਪੂਰੀ ਤਰ੍ਹਾਂ ਜਮਾ ਰੱਖੀ ਸੀ। ਉਹ ਕਈ ਮਾਸਕ ਅਤੇ ਦੈਨਿਕ ਪੱਤਰਾਂ ਦੇ ਵਿਸ਼ੇਸ਼ ਸਾਹਿਤਕ ਕਾਲਮ ਲਿਖਦੀ ਸੀ। ਨਵਪ੍ਰਕਾਸ਼ਤ ਪੁਸਤਕਾਂ ਦੇ ਰੀਵੀਊ ਕਰਕੇ ਅਪਰਿਚਿਤ ਸਾਹਿਤਕਾਰਾਂ ਨੂੰ ਸਥਾਪਤੀ ਦੇ ਪੱਥ ਉੱਤੇ ਤੋਰਦੀ ਸੀ। ਉਮਰ ਵਿਚ ਉਹ ਉਸ ਨਾਲੋਂ ਦਸ, ਬਾਰਾਂ ਸਾਲ ਛੋਟੀ ਸੀ। ਪਰ ਪ੍ਰਸਿੱਧੀ ਵਿਚ ਕਿਤੇ ਅੱਗੇ ਸੀ। ਚੰਡੀਗੜ੍ਹ, ਉਸ ਨੇ ਸਾਹਿਤਕਾਰ ਦੋਸਤਾਂ ਲਈ ਇਕ ਸ਼ਾਨਦਾਰ ਜਸ਼ਨ ਕੀਤਾ ਸੀ। ਉਹ ਵੀ ਕਿਸੇ ਨਾਲ ਉਸੇ ਜਸ਼ਨ ਵਿਚ ਸ਼ਾਮਿਲ ਹੋਣ ਆਈ, ਤਾਂ ਉਸ ਨਾਲ ਪਰਚਿਯ ਹੋਇਆ ਸੀ।

ਸ਼ਰਾਬ ਦੀ ਮਸਤੀ ਵਿਚ ਉਸ ਨੇ ਕੁਮਾਰੀ ਇੰਦਰਾਨੀ ਨੂੰ ਇੰਗਲੈਂਡ ਆਉਣ ਦਾ ਸੱਦਾ ਦੇ ਦਿੱਤਾ ਸੀ ਅਤੇ ਉਸ ਦੀ ਯਾਤਰਾ ਦਾ ਸਭ ਖ਼ਰਚ ਅਤੇ ਪ੍ਰਬੰਧ ਆਪਣੇ ਜ਼ਿੰਮੇ ਲੈ ਲਿਆ ਸੀ। ਆਪਣੀ ਇੰਗਲੈਂਡ ਦੀ ਯਾਤਰਾ ਦੌਰਾਨ ਕੁਮਾਰੀ ਇੰਦਰਾਨੀ ਨੇ ਉਸ ਨੂੰ ਸ਼ੁੱਭ-ਰਾਤਰੀ ਚੁੰਮਣ ਅਤੇ ਸ਼ੁਭ-ਸਵੇਰ ਗਲਵਕੜੀ ਤੋਂ ਅਗੇ ਨਹੀਂ ਵਧਣ ਦਿੱਤਾ ਸੀ। ਫਿਰ ਵੀ ਪਤਾ ਨਹੀਂ ਕਿਉਂ ਉਸ ਦੇ ਅੰਦਰ ਏਸ ਖੇਤਰ ਵਿਚ ਵੀ ਅਗਾਂਹ-ਵਧੂ ਬਣਨ ਦੀ ਇੱਛਾ ਦਿਨ ਪ੍ਰਤੀ ਦਿਨ ਵਧਦੀ ਹੀ ਜਾਂਦੀ ਸੀ।

ਕੁਮਾਰੀ ਇੰਦਰਾਨੀ ਵਾਪਸ ਭਾਰਤ ਚਲੀ ਗਈ। ਇਕ ਸਿਮਰਤੀ ਲੇਖ ਵਿਚ ਉਸ ਨੇ ਉਸ ਦਾ ਭਰਪੂਰ ਜ਼ਿਕਰ ਕੀਤਾ। ਉਹ ਕਈ ਦਿਨ ਚੰਡੀਗੜ੍ਹ, ਦਿੱਲੀ ਅਤੇ ਪੰਜਾਬ ਵਿਚ ਲੇਖਕਾਂ ਦੀ ਦੰਤ-ਕਥਾ ਦਾ ਵਿਸ਼ਾ ਬਣਿਆ ਰਿਹਾ। ਇਸ ਸੰਬੰਧ ਵਿਚ, ਲੇਖਕਾਂ ਦੋਸਤਾਂ ਦੇ ਭਾਰਤ ਤੋਂ ਆਏ ਪੱਤਰਾਂ ਵਿੱਚੋਂ, ਵਾਰ ਵਾਰ ਪੜ੍ਹ ਕੇ, ਉਸ ਨੂੰ ਬਹੁਤ ਆਨੰਦ ਆਉਂਦਾ ਅਤੇ ਕੁਮਾਰੀ ਇੰਦਰਾਨੀ ਵਿਚ ਕੀਤੀ ਆਪਣੀ ਇਨਵੈਸਟਮੈਂਟ ਨੂੰ ਵੀ ਉਹ ਇਕ ਅਗਾਂਹਵਧੂ ਲਾਹੇਵੰਦਾ ਕਦਮ ਹੀ ਆਖਦਾ।

ਅਗਲੇ ਵਰ੍ਹੇ ਕੁਮਾਰੀ ਇੰਦਰਾਨੀ ਫੇਰ ਯੂਰਪ ਅਤੇ ਅਮਰੀਕਾ ਦੀ ਸੈਰ ਉੱਤੇ ਚੜ੍ਹੀ, ਤਾਂ ਉਸ ਨੂੰ ਬੜੀ ਤਕਲੀਫ਼ ਹੋਈ। ਪਰ ਉਹ ਕੀ ਕਰਦਾ ? ਉਹ ਸ਼ਾਦੀ ਸ਼ੁਦਾ ਸੀ ਅਤੇ ਉਸ ਦੇ ਤਿੰਨ ਬੱਚੇ ਸਨ। ਤੇ ਕੁਮਾਰੀ ਇੰਦਰਾਨੀ ਸ਼ਾਦੀ ਜਿਹੇ ਸਦੀਵੀ ਸਾਥ ਦੀ ਭਾਲ ਵਿਚ ਸੀ।

ਤੇ ਹੁਣ ਉਸ ਨੇ ਕੁਮਾਰੀ ਇੰਦਰਾਨੀ ਨਾਲ ਸ਼ਾਦੀ ਕਰ ਲਈ ਸੀ। ਲੋਕੀ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ। ਕਹਿੰਦੇ ਸਨ ਕਿ ਉਹ ਇਸੇ ਤਾਕ ਵਿਚ ਬੈਠਾ ਸੀ ਕਿ ਕਦੋਂ ਉਸ ਦੀ ਪਤਨੀ ਮਰੇ ਅਤੇ ਕਦੋਂ ਉਹ ਉਸ ਨੂੰ ਅਪਣਾ ਲਵੇ।

ਉਸ ਦੀ ਪਤਨੀ ਨੂੰ ਫੂਡ ਪਵਾਇਜ਼ਨਿੰਗ ਵਰਗੀ ਕੋਈ ਚੰਦਰੀ ਬੀਮਾਰੀ ਅਚਾਨਕ ਲੱਗੀ ਸੀ। ਏਸ

ਤੋਂ ਪਹਿਲਾਂ ਕਿ ਡਾਕਟਰ ਤਸ਼ਖੀਸ ਕਰਦੇ, ਉਸ ਦਾ ਕੋਈ ਯੋਗ ਇਲਾਜ ਸ਼ੁਰੂ ਕਰਦੇ ... ਉਹ ਹਸਪਤਾਲ ਵਿਚ ਟੈਸਟ ਕਰਵਾਉਂਦੀ, ਕਰਵਾਉਂਦੀ ਹੀ ਚੱਲ ਵਸੀ ਸੀ। ਵਸਦੇ ਰਸਦੇ ਘਰ ਵਿਚ ਚੀਕ ਚਿਹਾੜਾ ਪੈ ਗਿਆ ਸੀ। ਇੰਗਲੈਂਡ ਅਤੇ ਭਾਰਤ ਦੇ ਅਖ਼ਬਾਰਾਂ ਵਿਚ ਉਸ ਦੀ ਪਤਨੀ ਦੀ ਮੌਤ ਦੀ ਸ਼ੋਕਮਈ ਖ਼ਬਰ ਵੀ ਛਪੀ ਸੀ ਅਤੇ ਅਨੇਕਾਂ ਦੋਸਤਾਂ ਲੇਖਕਾਂ ਦੇ ਉਸ ਨੂੰ ਅਫ਼ਸੋਸ ਅਤੇ ਧਰਵਾਸ ਦੇ ਪੱਤਰ ਵੀ ਆਏ ਸਨ।

ਉਨ੍ਹਾਂ ਪੱਤਰਾਂ ਵਿਚ ਹੀ ਇਕ ਪੱਤਰ ਕੁਮਾਰੀ ਵਰਸ਼ਾ ਇੰਦਰਾਨੀ ਦਾ ਵੀ ਸੀ। ਲਿਖਿਆ ਸੀ ਕਿ ਏਸ ਗ਼ਮ ਦੇ ਮੌਕੇ ਉੱਤੇ ਉਹ ਪੂਰਨ ਰੂਪ ਵਿਚ ਉਸ ਦੇ ਅੰਗ ਸੰਗ ਹੋ ਕੇ ਉਸ ਦਾ ਭਾਰ ਵੰਡਾਉਣਾ ਚਾਹੁੰਦੀ ਹੈ। ਉਸ ਦੇ ਦੁੱਖ ਵਿਚ ਸਹੀ ਅਰਥਾਂ ਵਿਚ ਉਹ ਉਸ ਦੀ ਸ਼ਰੀਕ-ਏ-ਹਯਾਤ ਬਣਨਾ ਚਾਹੁੰਦੀ ਹੈ।

ਲੋਕੀ ਆਖਦੇ ਸਨ ਕਿ ਆਪਣੇ ਚਾਹੁਣ ਵਾਲਿਆਂ ਦੇ ਸਰਕਲ ਵਿਚ ਉਹ ਕਿਸੇ ਅਜਿਹੀ ਘਟਨਾ ਦੀ ਤਾਕ ਵਿਚ ਹੀ ਬੈਠੀ ਸੀ। ਤੇ ਘਟਨਾ ਵਾਪਰ ਗਈ। ਕੁੰਦਨ ਸਿੰਘ ਕਾਂਗ ਰੰਡਵਾ ਹੋ ਗਿਆ ਸੀ ! ਏਸ ਤੋਂ ਪਹਿਲਾਂ ਕਿ ਕੁੰਦਨ ਸਿੰਘ ਕਾਂਗ ਵਰਗਾ ਇਨਕਲਾਬੀ ਅਤੇ ਅਗਾਂਹਵਧੂ ਸ਼ਾਇਰ ਗ਼ਮ ਦੀ ਅਨ੍ਹੇਰੀ ਵਿਚ ਵਹਿ ਕੇ ਪ੍ਰਤੀਗਾਮੀ ਬਣ ਜਾਏ, ਕੁਮਾਰੀ ਵਰਸ਼ਾ ਇੰਦਰਾਨੀ ਉਸ ਦਾ ਸਾਰਾ ਭਾਰ ਵੰਡਣ, ਉਸ ਕੋਲ ਇੰਗਲੈਂਡ ਪਹੁੰਚ ਗਈ।

ਦਫ਼ਤਰ ਜਾਂ ਘਰ ਵਿਚ ਜਦੋਂ ਕਦੇ ਵੀ ਕੁੰਦਨ ਸਿੰਘ ਕਾਂਗ ਇਕੱਲਾ ਹੁੰਦਾ ਤਾਂ ਉਸ ਦਾ ਧਿਆਨ ਥੋੜ੍ਹੇ ਸਮੇਂ ਵਿਚ ਤੇਜ਼ੀ ਨਾਲ ਵਾਪਰੀਆਂ ਇਨ੍ਹਾਂ ਘਟਨਾਵਾਂ ਵਲ ਹੀ ਜਾਂਦਾ ਤੇ ਫਿਰ ਉਹ ਸਹਿਜ-ਭਾ ਹੀ ਕੁਮਾਰੀ ਇੰਦਰਾਨੀ ਅਤੇ ਉਸ ਦੇ ਮੁਅਸ਼ਕਿਆਂ ਦੀਆਂ ਦੰਦ-ਕਥਾਵਾਂ ਬਾਰੇ ਸੋਚਣ ਲੱਗ ਪੈਂਦਾ।

ਅੱਜ ਵੀ ਉਹ ਇਨ੍ਹਾਂ ਸੋਚਾਂ ਵਿਚ ਹੀ ਘਰ ਪਰਤਿਆ ਸੀ। ਉਸ ਨੇ ਪੋਲੇ ਜਿਹੇ ਦਰਵਾਜ਼ਾ ਖੋਲ੍ਹਿਆ ਅਤੇ ਜਾਸੂਸਾਂ ਵਾਂਗ ਬਿਨਾ ਖੜਾਕ ਕੀਤਿਆਂ ਲੰਮੀ ਪਈ ਪੜ੍ਹ ਰਹੀ ਕੁਮਾਰੀ ਇੰਦਰਾਨੀ ਦੇ ਪਿੱਛੇ ਪਹੁੰਚ ਗਿਆ। ਉਸ ਦੇ ਹੱਥਾਂ ਵਿੱਚੋਂ ਪੁਸਤਕ ਫੜਦਿਆਂ, ਤਲਖ਼ੀ ਨਾਲ ਉਹ ਉਸ ਨੂੰ ਸੰਬੋਧਤ ਹੋਇਆ, "ਤੂੰ ਸਦਾ ਉਸੇ ਦੀਆਂ ਪੁਸਤਕਾਂ ਹੀ ਕਿਉਂ ਪੜ੍ਹਦੀ ਹੈਂ ?"

"ਆਪਣੀ ਆਪਣੀ ਚੋਣ ਹੈ। ਤਰਜ਼ੇ ਜ਼ਿੰਦਗੀ ਹੈ, ਪਸੰਦ ਹੈ। ਵਿਆਹ ਨਾਲ ਇਹ ਸਭ ਕੁਝ ਬਦਲ ਤਾਂ ਨਹੀਂ ਜਾਂਦਾ।"

"ਪਰ, ਤੂੰ ਹੀ ਤਾਂ ਕਿਹਾ ਸੀ ਕਿ ਤੇਰਾ ਭੂਤ, ਸਿਰਫ਼ ਤੇਰਾ ਭੂਤ ਹੈ ਅਤੇ ਮੇਰਾ ਭੂਤ, ਮੇਰਾ। ਇਹ ਸਾਡੇ ਅੱਜ ਨੂੰ, ਵਰਤਮਾਨ ਨੂੰ ਕਲੰਕਤ ਨਹੀਂ ਕਰੇਗਾ। ਪਰਛਾਵੇਂਗਾ ਨਹੀਂ।...ਤੇ ਏਸ ਵਰਤਮਾਨ 'ਚੋਂ ਅਸੀਂ ਇਕ ਸਾਂਝਾ ਭਵਿੱਖ ਉਸਾਰਾਂਗੇ।"

ਆਖ ਕੇ ਕੁੰਦਨ ਸਿੰਘ ਕਾਂਗ ਕਿਤਾਬ ਮੇਜ਼ ਉੱਤੇ ਰੱਖ ਕੇ ਉਸ ਦੇ ਕੋਲ ਬੈਠ ਗਿਆ। ਆਪਣੇ ਆਪ ਨੂੰ ਸਿਰ੍ਹਾਣੇ ਦੀ ਢੋ ਨਾਲ ਜੋੜਦੀ ਹੋਈ ਕੁਮਾਰੀ ਇੰਦਰਾਨੀ ਉਸਦੀਆਂ ਅੱਖਾਂ ਵਿਚ ਵੇਖਦੀ ਹੋਈ ਅਲਗਾਵ ਜਿਹੇ ਵਿਚ ਸ੍ਵੈਕਾਰ ਮਸ਼ੀਨ ਵਾਂਗ ਬੋਲੀ, "ਇਸ਼ਾਰਾ ਤੇਰੀ ਜ਼ਿੰਦਗੀ ਵਿਚ ਆਈਆਂ ਔਰਤਾਂ ਅਤੇ ਮੇਰੀ ਜ਼ਿੰਦਗੀ ਵਿਚ ਆਏ ਮਰਦਾਂ ਵਲਾਂ ਸੀ ... ਸਾਹਿਤ, ਕਲਾ ਸੰਗੀਤ, ਸ਼ੈਲੀ, ਰੰਗਾਂ ਅਤੇ ਪੋਸ਼ਾਕਾਂ ਦੀ ਪਸੰਦ, ਨਾਪਸੰਦ ਵਲਾਂ ਨਹੀਂ।"

"ਪਰ ਮੈਂ ਤੇਰੇ ਨਾਲ ਸ਼ਾਦੀ ਕੀਤੀ ਹੈ। ਤੈਨੂੰ ਅਪਣਾਇਆ ਹੈ।"

"ਹਾਂ, ਤੂੰ ਆਪਣੇ ਘਟੀਆ ਕਿਸਮ ਦੇ ਪਰਚਾਰਵਾਦੀ ਅਤੇ ਜ਼ਿੰਦਗੀ ਦੇ ਅਸਲੀ ਸੰਘਰਸ਼ ਨਾਲੋਂ ਟੁੱਟੇ ਹੋਏ ਖੋਖਲੇ ਸਾਹਿਤ ਲਈ ਇਕ ਵਧੀਆ ਕਿਸਮ ਦੀ ਪੰਡਤ ਸਮੀਖਿਆਕਾਰ ਜ਼ਰੂਰ ਲੱਭ ਲਈ ਹੈ। ਇਸ ਦਾ ਇਹ ਅਰਥ ਤਾਂ ਨਹੀਂ ਕਿ ਇਹ ਸਮਝੌਤਾ ਹੀ ਮੇਰੀ ਸਮਝ, ਸੂਝ ਅਤੇ ਪਸੰਦ ਦੀ ਸੀਮਾ ਬਣ ਕੇ ਰਹਿ ਜਾਏ। ਸਾਹਿਤ ਅਤੇ ਕਲਾ ਸੰਬੰਧੀ ਆਪਣੀ ਪਸੰਦ, ਨਾ-ਪਸੰਦ ਅਤੇ ਨਜ਼ਰੀਆ ਮੈਂ ਕਦੇ ਵੀ ਨਹੀਂ ਬਦਲ ਸਕਦੀ। ਤੈਨੂੰ ਛੋਟ ਜ਼ਰੂਰੀ ਦਿੱਤੀ ਹੈ। ਪਰ ਚੰਗੇਰੇ ਅਤੇ ਸਿਹਤਮੰਦ ਸਾਹਿਤ ਨੂੰ ਤੇਰੀ ਸੰਕੀਰਨਤਾ ਕਾਰਨ ਤਿਆਗਿਆ ਨਹੀਂ ਜਾ ਸਕਦਾ।"

"ਪਰ ਉਹ ਘਟੀਆ ਹੈ, ਪ੍ਰਤੀਗਾਮੀ ਹੈ।"

"ਤੂੰ ਕਿੱਧਰ ਦਾ ਪ੍ਰਗਤੀਵਾਦੀ ਹੈਂ ? ਪੰਜਾਬ, ਦਿੱਲੀ ਅਤੇ ਕਾਨ੍ਹਪੁਰ ਵਿਚ ਏਡੇ ਘੱਲੂਘਾਰੇ ਵਾਪਰ ਗਏ, ਪਰ ਤੂੰ ਇਕ ਸ਼ਬਦ ਨਾ ਲਿਖਿਆ। ਸਰਕਾਰ ਪੱਖੀ ਕਮਿਊਨਿਸਟ ਪਾਰਟੀ, ਜਿਸ ਨਾਲ ਤੂੰ ਸੰਬੰਧਤ ਹੈਂ, ਮੂੰਹ ਵਿਚ ਘੁੰਗਣੀਆਂ ਪਾ ਕੇ ਨੀਰੋ ਨਾਲ ਰਲ ਕੇ ਨੀਰੋ ਵਾਂਗ ਹੀ ਰੋਮ ਜਲਦਾ ਵੇਖਦੀ ਰਹੀ ! ਕੁਝ ਨਾ ਕਰ ਸਕੀ।"

"ਤੂੰ ਵੀ ਉਸ ਵਾਂਗ ਖ਼ਾਲਿਸਤਾਨੀ ਹੋ ਗਈ ਜਾਪਦੀ ਹੈਂ। ਮੈਂ ਖ਼ਾਲਿਸਤਾਨੀ ਨਹੀਂ ਬਣ ਸਕਦਾ।"

"ਇਨਸਾਨ ਤਾਂ ਬਣ ਸਕਦਾ ਹੈਂ। ਇਨਸਾਨੀ ਨਜ਼ਰੀਏ ਤੋਂ ਹੀ ਏਸ ਗ਼ੈਰ- ਇਨਸਾਨੀ ਹਿੰਸਾ, ਦਹਿਸ਼ਤ, ਜ਼ੁਲਮ ਅਤੇ ਕਤਲੋ-ਗਾਰਤ ਬਾਰੇ ਕੁਝ ਲਿਖਣਾ ਸੀ। ਪੋਲੈਂਡ ਅਤੇ ਰੂਸ ਵਿਚ ਜੋ ਹੱਕ ਈਸਾਈ ਅਤੇ ਮੁਸਲਮਾਨ ਘੱਟ ਗਿਣਤੀਆਂ ਨੂੰ ਪ੍ਰਾਪਤ ਹਨ ਤੇ ਜਾਂ ਹੁਣ ਹੋ ਰਹੇ ਹਨ, ਕੀ ਤੂੰ ਉਹ ਹੱਕ ਵੀ ਆਪਣੇ ਹਮਵਤਨਾਂ ਨੂੰ ਨਹੀਂ ਦੇ ਸਕਦਾ ? ਕੀ ਤੂੰ ਜ਼ੁਲਮ ਅਤੇ ਮਜ਼ਲੂਮ, ਨਿਆਏ ਅਤੇ ਅਨਿਆਏ, ਸਵਸਥ ਅਤੇ ਰੋਗੀ ਰਾਜਨੀਤੀ ਦੇ ਭੇਦ ਨੂੰ ਵੀ ਨਹੀਂ ਸਮਝ ਸਕਦਾ ? ਕੀ ਤੂੰ ਰਾਜ-ਸੱਤਾ ਵਲੋਂ ਆਪਣੀ, ਸ਼ਕਤੀ-ਭੁੱਖ ਦੀ ਤ੍ਰਿਪਤੀ ਲਈ ਇਨਸਾਨੀ ਜ਼ਿੰਦਗੀ ਦਾ ਬਾਲਣ ਪਾ ਕੇ ਬਾਲੀ ਫ਼ਿਰਕੂ ਨਫ਼ਰਤ ਅਤੇ ਹਿੰਸਾ ਦੀ ਇਸ ਧੂਣੀ ਦੇ ਅਸਲ ਕਾਰਨਾਂ ਨੂੰ ਵੀ ਨਹੀਂ ਪਹਿਚਾਣ ਸਕਦਾ ? ਜਾਂ ਫਿਰ ਆਪਣੀ ਪਾਰਟੀ ਵਾਂਗ ਤੂੰ ਵੀ ਹਿਪੋਕਰੇਟ ਹੈਂ ?"

"ਚੁੱਪ ਕਰ ਜਾ ... ਤੇਰੇ ਨਾਲ ਏਸ ਫ਼ਜ਼ੂਲ ਬਹਿਸ ਵਿਚ ਪੈ ਕੇ ਮੈਂ ਆਪਣੀ ਸ਼ਾਮ ਨਹੀਂ ਬਰਬਾਦ ਕਰਨੀ ਚਾਹੁੰਦਾ। ਉਸ ਨੂੰ ਖ਼ਾਲਿਸਤਾਨੀ ਅਤੇ ਪ੍ਰਤੀਗਾਮੀ ਕੀ ਕਹਿ ਦਿੱਤਾ, ਅਸਮਾਨ ਹੀ ਸਿਰ ਉੱਤੇ ਚੁੱਕ ਲਿਆ ਹੈ।"

ਨਾ ਉਹ ਪ੍ਰਤੀਗਾਮੀ ਹੈ ਅਤੇ ਨਾ ਹੀ ਖ਼ਾਲਿਸਤਾਨੀ। ਇਹ ਤੂੰ ਵੀ ਚੰਗੀ ਤਰ੍ਹਾਂ ਜਾਣਦਾ ਹੈਂ ਕਿ ਉਹ ਸ਼ੁੱਧ ਮਨੁੱਖਵਾਦੀ ਹੈ।

ਅੱਜ ਜੋ ਨਿਰਦੋਸ਼ ਕਮਿਊਨਿਸਟ ਪੰਜਾਬ ਵਿਚ ਅਕਾਰਨ ਹੀ ਮਾਰੇ ਜਾ ਰਹੇ ਹਨ, ਉਸ ਨੂੰ ਉਨ੍ਹਾਂ ਦਾ ਵੀ ਉੱਨਾ ਹੀ ਦੁੱਖ ਹੈ ! ਉਸ ਦਾ ਵਿਸ਼ਵਾਸ ਹੈ ਕਿ ਲੜਾਈ ਸਿਸਟਮ ਦੇ ਵਿਰੁੱਧ ਹੋਣੀ ਚਾਹੀਦੀ ਹੈ, ਆਪੋ ਵਿਚ ਨਹੀਂ ... ਆਪਸ ਵਿਚ ਜਨਤਾ ਦਾ ਇਖ਼ਤਲਾਫ਼ ਰਾਏ ਜਾਂ ਵਿਵਾਦ ਹੋ ਸਕਦਾ ਹੈ, ਜਿਸ ਨੂੰ ਵਿਚਾਰ-ਵਿਮਰਸ਼ ਨਾਲ ਨਜਿੱਠ ਕੇ ਸਿਸਟਮ ਵਿਰੁੱਧ ਸਾਂਝਾ ਮੁਹਾਜ਼ ਬਣਾਇਆ ਜਾ ਸਕਦਾ ਹੈ। ਉਸ ਨੇ ਨਕਸਲਵਾਦੀਆਂ ਬਾਰੇ ਵੀ ਲਿਖਿਆ ਸੀ ਅਤੇ ਐਮਰਜੈਂਸੀ ਬਾਰੇ ਵੀ। ..."

"ਉਹ ਦੰਭੀ ਹੈ ...।"

"ਉਹ ਨਹੀਂ, ਤੂੰ ਦੰਭੀ ਹੈਂ। ਉਹ ਤਾਂ ਹੋਂਦ ਨੂੰ ਬ੍ਰਹਮੰਡਕ ਪ੍ਰਸੰਗਾਂ ਵਿਚ ਦਾਰਸ਼ਨਕ ਆਧਾਰ ਦੇ ਕੇ, ਫੈਲਾ, ਸੁੰਗੇੜ ਕੇ ... ਜੀਵਨ, ਮੌਤ ਅਤੇ ਲਖ਼ਸ਼ ਨਾਲ ਸੰਬੰਧਤ ਬੜੇ ਬਾਰੀਕ ਅਤੇ ਗਹਿਰੇ ਨੁਕਤੇ ਪ੍ਰਸਤੁਤ ਕਰਦਾ ਹੈ। ਸੁਹਜਾਤਮਕ ਢੰਗ ਨਾਲ, ਸਹਿਜ-ਸੁਰ ਵਿਚ। ਉਸ ਦੀ ਜ਼ਿੰਦਗੀ ਅਤੇ ਉਸ ਦਾ ਸਾਹਿਤ ਇਕ ਹਨ। ਇਕ ਮਿਕ ਅਤੇ ਇਕਸਾਰ ਹਨ। ਉਨ੍ਹਾਂ ਵਿਚ ਦ੍ਵੰਦ ਅਤੇ ਪਾਖੰਡ ਨਹੀਂ ਹੈ। ਪਰ ਤੂੰ ਤੇ ਤੇਰਾ ਅਖਾਉਤੀ ਪ੍ਰਗਤੀਵਾਦ, ਦੋਵੇਂ ਢੌਂਗੀ ਹੋ। ... ਤਰਲੇ ਲੈ ਕੇ ਪ੍ਰਾਪਤ ਕੀਤੀ ਆਪਣੀ ਦੂਜੀ ਪੜ੍ਹੀ ਲਿਖੀ ਅਤੇ ਸਜੱਗ ਪਤਨੀ ਨੂੰ ਤੂੰ ਉਸ ਦੀ ਸ਼ਖ਼ਸੀ ਆਜ਼ਾਦੀ ਵੀ ਨਹੀਂ ਦੇ ਸਕਦਾ। ਉਸ ਦੀ ਪਸੰਦ ਨਾ-ਪਸੰਦ ਉੱਤੇ ਪ੍ਰਤੀਬੰਧ ਲਗਾਉਂਦਾ ਹੈ। ਔਰਤ ਤੇਰੇ ਲਈ ਸਵਰਗੀ ਮੋਹਨ ਸਿੰਘ ਦੀ ਕਵਿਤਾ 'ਜਾਇਦਾਦ' ਵਾਂਗ ਇਕ ਮਲਕੀਅਤ, ਇਕ ਗੁੰਗੀ ਵਸਤ, ਇਕ ਗੁੱਡੀ ਅਤੇ ਕਠਪੁਤਲੀ ਤੋਂ ਵੱਖ ਕੋਈ ਹੈਸੀਅਤ ਹੀ ਨਹੀਂ ਰਖਦੀ। ਉਂਜ ਤੂੰ ਸੁਤੰਤਰ ਸੰਬੰਧਾਂ (Free Association) ਦੀਆਂ ਗੱਲਾਂ ਕਰਦਾ ਹੈਂ ... ਮੈਂ ਤੇਰੇ ਕੋਲੋਂ ਵਿਸ਼ਵਾਸ ਦੇ ਰਿਸ਼ਤੇ ਦੀ ਇੱਛਾ ਕੀਤੀ ਸੀ। ਪਰ ਤੂੰ ਸ਼ੱਕ ਦੀ ਕਾਲਖ਼ ਨਾਲ ਇਨ੍ਹਾਂ ਸੰਬੰਧਾਂ ਦਾ ਚਿਹਰਾ ਬੇਪਛਾਣ ਕਰ ਦਿੱਤਾ ਹੈ। ਮੈਥੀਓ ਆਰਨਲਡ ਦੀ ਨਜ਼ਮ ਡੋਵਰ ਬੀਚ (Dover Beach) ਯਾਦ ਆ ਰਹੀ ਹੈ। ਉੱਚਾ ਸ਼ਾਇਰ ਉੱਚੀ ਗੱਲ ਹੀ ਸੋਚੇਗਾ। ਇਸ ਅਵਿਸ਼ਵਾਸ ਦੇ ਯੁੱਗ ਦਾ ਅੰਤ ਉਸ ਨੇ ਔਰਤ ਤੇ ਮਰਦ, ਪ੍ਰੇਮੀ ਅਤੇ ਪ੍ਰੇਮਿਕਾ ਦੇ ਇਕ ਦੂਜੇ

ਪ੍ਰਤੀ ਪੂਰਨ ਵਿਸ਼ਵਾਸ ਨਾਲ ਸੱਚਿਆਂ ਹੋਣ ਦੇ ਕਰਮ ਵਿਚ ਹੀ ਕਲਪਿਆ ਹੈ। ਇਕ ਨਵਾਂ ਆਦਮ, ਇਕ ਨਵੀਂ ਹੱਵਾ ਅਤੇ ਮੁੱਢੋਂ ਸੁੱਢੋਂ ਇਕ ਨਵੀਂ ਜ਼ਿੰਦਗੀ ਦੀ ਸੱਚੀ ਸੁੱਚੀ ਇਬਤਿਦਾ। ਰੌਲ ਕੀ ਜਾਣੇ ਚੌਲਾਂ ਦਾ ਭਾ। ... ਬਰਾਊਨਿੰਗ ਨੇ ਲਿਖਿਆ ਸੀ ਸ਼ਾਇਦ ... “Let's have a last ride together, perhaps the world may end tonight”... ਦੁਨੀਆਂ ਦੇ ਖ਼ਤਮ ਹੋਣ ਤੋਂ ਪਹਿਲੇ ਛਿਣ ਵਿਚ ਇਕੱਠਿਆਂ ਸਵਾਰ ਹੋਣ ਦੀ ਗੱਲ ... ਕਯਾ ਬਾਤ ਹੈ। ... ਮੈਂ ਵੀ ਬਰਾਊਨਿੰਗ ਵਾਂਗ ਹੀ ਚਾਹਿਆ ਸੀ ਕਿ ਅਸੀਂ ਦੋਵੇਂ ਹਰ ਆਉਣ ਵਾਲੇ ਛਿਣ ਨੂੰ ਆਪਣੀ ਜ਼ਿੰਦਗੀ ਦਾ ਅੰਤਮ ਛਿਣ ਸਮਝ ਕੇ, ਉਸ ਉੱਤੇ ਸਵਾਰ ਹੋ ਜਾਈਏ ... ਉਸ ਦੀ ਸੰਪੂਰਨਤਾ ਦੀਆਂ ਸਰਬਾਂਗੀ ਗਹਿਰਾਈਆਂ ਨੂੰ ਭੋਗਣ ਵਿਚ ਲੀਨ ਹੋ ਜਾਈਏ। ਸਭ ਕੁਝ ਭੁੱਲ ਜਾਈਏ ਤੇ ਇੰਜ, ਛਿਣ ਛਿਣ ਕਰਕੇ ਹਰ ਛਿਣ ਦੇ ਸਿਖਰ ਨੂੰ ਉਸ ਦੀ ਸੰਪੂਰਨਤਾ ਵਿਚ ਡੀਕਦੇ ਜਾਈਏ। ਜਿਸ ਵਿਸ਼ਵਾਸ ਅਤੇ ਅਮੋੜ ਆਸ਼ਾਵਾਦ ਦੀ ਮੈਂ ਤੇਰੇ ਕੋਲੋਂ ਆਸ ਕੀਤੀ ਸੀ, ਉਸ ਦਾ ਤੇਰੇ ਵਿਚ ਅਭਾਵ ਹੈ ! ਤੂੰ ਅਤਿ ਦਾ ਰਵਾਇਤੀ ਅਤੇ ਪਿਛਾਂਹ ਖਿੱਚੂ ਹੈਂ।”

“ਜੇ ਮੈਂ ਪ੍ਰਗਤੀਵਾਦੀ ਹਾਂ, ਤਾਂ ਇਸ ਦਾ ਇਹ ਅਰਥ ਤਾਂ ਨਹੀਂ ਕਿ ਮੈਂ ਇਨਸਾਨ ਨਹੀਂ ਹਾਂ। ਮੇਰੇ ਵਿਚ ਵੀ ਇਨਸਾਨਾਂ ਵਾਲੀਆਂ ਸਭ ਕਮਜ਼ੋਰੀਆਂ ਹਨ। ਜਦੋਂ ਵੀ ਤੇਰੇ ਭੂਤ ਬਾਰੇ ਸੋਚਦਾਂ, ਮੈਂ ਤੇਰੀ ਸੇਜ ਹੰਢਾਉਣ ਦਾ ਯਤਨ ਕਰਦਾ ਹਾਂ, ਤਾਂ ਤੇਰੇ ਅੰਦਰੋਂ ਮੇਰੇ ਵੱਲਾਂ ਭੱਜੀ ਆਉਂਦੀ ਮਰਦਾਂ ਦੀ ਇਕ ਵਾਹਰ ਦਾ ਸ਼ੋਰ ਸੁਣਾਈ ਦਿੰਦਾ ਹੈ। ਮੇਰਾ ਦਿਲ, ਦਿਮਾਗ਼ ਇਸ ਸ਼ੋਰ ਵਿਚ ਘਿਰ ਜਾਂਦਾ ਹੈ। ਮੇਰਾ ਤਨ ਬਦਨ ਪਸੀਨੇ ਨਾਲ ਭਿੱਜ ਜਾਂਦਾ ਹੈ। ਠੰਡਾ ਪੈ ਜਾਂਦਾ ਹੈ। ਸ਼ੱਕ ਅਤੇ ਕ੍ਰੋਧ ਦੇ ਮਿਲੇ-ਜੁਲੇ ਪ੍ਰਭਾਵ ਮੈਨੂੰ ਗੁੰਗਾ ਅਤੇ ਬੇਬਸ ਕਰਕੇ ਰੱਖ ਦਿੰਦੇ ਹਨ। ਤੂੰ ਹੀ ਦਸ, ਮੈਂ ਕੀ ਕਰਾਂ ?”

“ਸ਼ੱਕ ਅਤੇ ਵਹਿਮ ਦਾ ਇਲਾਜ ਤਾਂ ਲੁਕਮਾਨ ਕੋਲ ਵੀ ਨਹੀਂ ਸੀ। ਮੈਂ ਸੋਚਦੀ ਸਾਂ ਕਿ ਤੂੰ ਅਗਾਂਹਵਧੂ ਸੋਚ ਵਾਲਾ ਇਕ ਉਦਾਰ-ਚਿਤ ਇਨਸਾਨ ਹੋਵੇਂਗਾ। ਪਰ ਨਹੀਂ, ਆਪਣੀਆਂ ਲਿਖਤਾਂ ਵਿਚ ਤੂੰ ਜਿੰਨਾ ਬੜਬੋਲਾ ਹੈਂ, ਆਪਣੇ ਵਜੂਦ ਵਿਚ ਉਂਨਾ ਹੀ ਕਮਸਿਨ, ਸੰਕੀਰਨ ਅਤੇ ਪਿਛਾਂਹ-ਖਿੱਚੂ ਹੈਂ। ... ਤੂੰ ਗੁਰਬਖ਼ਸ਼ ਸਿੰਘ ਦੇ ਅਫ਼ਲਾਤੂਨੀ-ਕਬਜ਼ੇ ਅਤੇ ਪਛਾਣ ਦੇ ਸਿਧਾਂਤ ਨੂੰ ਪੜ੍ਹਿਆ ਹੀ ਹੈ ... ਸਮਝਿਆ ਅਤੇ ਧਾਰਨ ਨਹੀਂ ਕੀਤਾ। ਅਜੋਕਾ ਚਿੰਤਕ, ਅੰਤਮ ਰੂਪ ਵਿਚ, ਰਾਜਨੀਤਕ ਨਿਜ਼ਾਮ ਅਤੇ ਸਟੇਟਲੈਸਨੈੱਸ (Statelessness) ਦੇ ਯੂਟੋਪੀਏ ਵਲ ਹੀ ਸੰਕੇਤ ਕਰਦਾ ਹੈ। ਗੱਲ ਇੱਥੇ ਵੀ ਸੰਪੂਰਨ ਸ੍ਵੈ-ਅਨੁਸ਼ਾਸਨ, ਆਤਮ-ਪਹਿਚਾਣ ਅਤੇ ਸ੍ਵੈ-ਭਰੋਸੇ ’ਚੋਂ ਪ੍ਰਾਪਤ ਮੁਕੰਮਲ ਸਮਾਜਕ ਚੇਤੰਨਤਾ ਜਾਂ ਕਲਪਨਾ ਦੀ ਹੀ ਹੋ ਰਹੀ ਹੈ। ਤੂੰ ਤਾਂ ਏਸ ਤੱਥ ਨੂੰ ਵੀ ਚੰਗੀ ਤਰ੍ਹਾਂ ਨਹੀਂ ਸਮਝ ਸਕਿਆ। ਪਹਿਚਾਨਣਾ ਅਤੇ ਅਪਨਾਉਣਾ ਤਾਂ ਦੂਰ ਦੀਆਂ ਗੱਲਾਂ ਹਨ। ਉਹ ਮੈਨੂੰ ਉਸ ਆਲੇ ਦੁਆਲੇ ਵਿਚ ਰੱਖ ਕੇ ਇਕ ਸੁਫ਼ਨੇ ਤੇ ਇਕ ਆਦਰਸ਼ ਦੀ ਸਿਰਜਣਾ ਕਰਦਾ ਹੈ ... ਜਿਸ ਤਕ ਪਹੁੰਚ ਬਰਾਬਰਤਾ ਭੋਗਦੀ ਸਮੁੱਚੀ ਮਨੁੱਖਤਾ ਦਾ ਲਖਸ਼ ਹੈ। ... ਤੂੰ ਤਾਂ ਕੁੰਦਨ ਪਿਆਰੇ ... ‘ਮੈਂ’ ਦੇ ਸਮੁੱਚੇ ਸੰਦਰਭ ਤੋਂ ਹੀ ਕੱਟ ਗਿਆ ਹੈਂ। ‘ਮੈਂ’ ਤੋਂ ‘ਮੈਂ’ ਅਤੇ ‘ਅ-ਮੈਂ’ ਤਕ ਵੀ ਨਹੀਂ ਪਹੁੰਚ ਸਕਿਆ। ਆਪਣੀ ‘ਮੈਂ’ ਦੇ ਸੀਮਤ ਜਿਹੇ ਕੋਏ (Coccoon) ਵਿਚ ਹੀ ਸਿਮਟ ਕੇ ਰਹਿ ਗਿਆ ਹੈਂ। ਇਹ ਕੈਸਾ ਪ੍ਰਗਤੀਵਾਦ ਹੈ ਤੇਰਾ, ਜੋ ਆਪਣੇ ਲਈ ਸਭ ਹੱਕ ਅਤੇ ਖੁੱਲ੍ਹਾਂ ਮੰਗਦਾ ਹੋਇਆ ਦੂਜੇ ਲਈ ਪ੍ਰਤੀਬੰਧ ਬਣ ਜਾਂਦਾ ਹੈ ?... ਜਿਸ ਨੂੰ ਤੂੰ ਪ੍ਰਤੀਗਾਮੀ ਕਹਿੰਦਾ ਹੈਂ, ਉਸ ਨੇ ਮੈਨੂੰ ਇਕ ਅੰਗਰੇਜ਼ੀ ਕਹਾਵਤ ਦੇ ਹਵਾਲੇ ਨਾਲ ਕਿਹਾ ਸੀ ਕਿ ਜਿਸ ਨੂੰ ਤੁਸੀਂ ਸੱਚੇ ਦਿਲੋਂ ਮੁਹੱਬਤ ਕਰਦੇ ਹੋ, ਉਸ ਨੂੰ ਪੂਰੇ ਵਿਸ਼ਵਾਸ ਨਾਲ ਖੁੱਲ੍ਹਿਆਂ ਛੱਡ ਦਿਓ। ਜੇ ਉਹ ਤੁਹਾਡੀ ਹੈ, ਤਾਂ ਅਵੱਸ਼ ਵਾਪਸ ਆ ਜਾਏਗੀ ... ਜੇ ਨਹੀਂ, ਤਾਂ ਕਦੇ ਨਹੀਂ। ... ਤੈਨੂੰ ਉਸ ਨਾਲ ਹਸਦ ਕਿਉਂ ਹੈ ?”

“ਤਾਂ, ਹੁਣ ਤੇਰਾ ਉਸ ਕੋਲ ਵਾਪਸ ਜਾਣ ਦਾ ਇਰਾਦਾ ਹੈ ? ਫੇਰ ਇਹ ਵਿਆਹ ਦਾ ਸਿਆਪਾ ਕਿਉਂ ਪਾਉਣਾ ਸੀ ? ਜੇ ਮੇਰੇ ਵਿੱਚੋਂ ਉਸੇ ਨੂੰ ਭੋਗਣਾ ਸੀ, ਤਾਂ ਉਸੇ ਕੋਲ ਰਹਿ ਜਾਣਾ ਸੀ। ਮੇਰੇ ਗਲ ਦਾ ਢੋਲ ... ਛੱਜ ਕਿਉਂ ਬਣਨਾ ਸੀ ?”

"ਇਨਸਾਨ ਨੂੰ ਢੋਲ ਬਣਾ ਕੇ ਪਿੱਟਣ ਅਤੇ ਛੱਜ ਬਣਾ ਕੇ ਛੱਟਣ ਦਾ ਵਲ ਤਾਂ ਕੋਈ ਤੇਰੇ ਕੋਲੋਂ ਸਿੱਖੇ। ਤੂੰ ਦਾਰਸ਼ਨਕ ਹਵਾਲਿਆਂ ਨੂੰ ਵੀ ਈਰਖਾ ਅਤੇ ਸੁਆਰਥ ਵਸ ਮਰੋੜ ਤਰੋੜ ਕੇ ਹਰ ਸਮੇਂ ਆਪਣੇ ਜ਼ਿਹਨੀ ਦੀਵਾਲੀਏ ਪਨ ਦਾ, ਖੋਖਲੇਪਨ ਦਾ ਪ੍ਰਦਰਸ਼ਨ ਕਿਉਂ ਕਰਦਾ ਰਹਿੰਦਾ ਹੈਂ ? ਇਹ ਹੀ ਤੇਰੀ ਸੀਮਾਂ ਹੈ।"

"ਹਰਾਮਜ਼ਾਦੀ ! ਮੈਨੂੰ ਖੋਖਲਾ ਤੇ ਦੀਵਾਲੀਆ ਕਹਿੰਦੀ ਹੈ। ਫੇਰ ਏਡੀ ਦੂਰੋਂ ਚਲ ਕੇ ਮੇਰੇ ਨਾਲ ਮੂੰਹ ਕਾਲਾ ਕਰਨ ਕਿਉਂ ਆਈ ਸੈਂ ? ਮਾਂ ਨੂੰ ਕਹਿਣਾ ਸੀ ਕਿ ਤੇਰੇ ਲਈ ਕੋਈ ਸੰਪੂਰਨ ਖ਼ਸਮ ਵੀ ਜੰਮ ਦਿੰਦੀ।"

"ਆ ਗਿਆ ਹੈਂ ਨਾ ਆਪਣੀ ਜ਼ਾਤ ... ਆਪਣੀ ਔਕਾਤ ਉੱਤੇ। ਉਹ ਹੀ ਗਾਲ੍ਹੀ-ਗਲੋਚ ਅਤੇ ਔਰਤ ਉੱਤੇ ਨਾਜਾਇਜ਼ ਦਬਾ, ਜੋ ਜਗੀਰੂ ਮਰਦ ਲਗਾਤਾਰ ਔਰਤ ਨਾਲ ਕਰਦਾ ਆ ਰਿਹਾ ਹੈ। ਪ੍ਰਗਤੀਵਾਦ ਦੇ ਪਾਖੰਡੀ ਮਖੌਟੇ ਹੇਠ ਵੱਸਦਾ ਇਹ ਆਦਿ-ਕਾਲੀਨ, ਮੱਧ-ਕਾਲੀਨ ਜਗੀਰੂ ਜਾਨਵਰ ਮੈਂ ਅੱਜ ਵੇਖਿਆ ਹੈ ... ਤਾਂ ਹੀ ਤੇਰੇ ਦੋਸਤ ਤੈਨੂੰ ਬਫੂਨ, ਨਾਈ, ਬਣਮਾਣਸ, ਲੰਗੂਰ, ਸ਼ੁਹਦਾ, ਕਮੀਨਾ, ਸ਼ਾਈਲੌਕ ਅਤੇ ਪਤਾ ਨਹੀਂ ਹੋਰ ਕਿਸ ਕਿਸ ਵਿਸ਼ੇਸ਼ਣ ਨਾਲ ਯਾਦ ਕਰਦੇ, ਕੋਸਦੇ, ਤੇਰਾ ਮੌਜੂ ਉਡਾਉਂਦੇ ਹਨ।"

ਇਹ ਸੁਣ ਕੇ ਕੁੰਦਨ ਸਿੰਘ ਕਾਂਗ ਆਪੇ ਤੋਂ ਬਾਹਰ ਹੋ ਜਾਂਦਾ ਹੈ। ਘਸੁੰਨ ਵੱਟਦਾ। ਪੈਰ ਫ਼ਰਸ਼ ਉੱਤੇ ਮਾਰਦਾ, ਖੌਰੂ ਪਾਉਂਦਾ, ਨੱਕ, ਮੂੰਹ 'ਚੋਂ ਧੂੰਆਂ ਛੱਡਦਾ ... ਅੱਖਾਂ 'ਚੋਂ ਅੰਗਿਆਰ ਬਰਸਾਉਂਦਾ ਹੈ। ਕੁਮਾਰੀ ਵਰਸ਼ਾ ਇੰਦਰਾਨੀ ਨੂੰ ਮਾਰਨ ਲਈ ਘਸੁੰਨ ਵੱਟਦਾ, ਅੱਗੇ ਵਧਦਾ ਹੈ। ਪਰ ਉਸਦੀਆਂ ਅੱਖਾਂ ਦੀ ਤਕਣੀ ਅਤੇ ਸ੍ਵੈ-ਵਿਸ਼ਵਾਸ ਦੀ ਤਾਬ ਨਾ ਲਾ ਕੇ, ਵੱਟਿਆ ਹੋਇਆ ਘਸੁੰਨ ਕੰਧ ਵਿਚ ਮਾਰਦਾ ਅਤੇ ਰੋਣ ਲੱਗ ਪੈਂਦਾ ਹੈ। ਕੁਮਾਰੀ ਇੰਦਰਾਨੀ ਨੂੰ ਤਾਹਨੇ ਮਾਰਦਾ ਹੈ ਕਿ ਉਸ ਨੇ ਉਸ ਦੀ ਹਰ ਇੱਛਾ ਦੀ ਪੂਰਤੀ ਲਈ ਕੀ ਕੁਝ ਨਹੀਂ ਕੀਤਾ ? ਉਹ ਅਜੇ ਵੀ ਉਸੇ ਪ੍ਰਤੀਗਾਮੀ ਨੂੰ ਚਾਹੁੰਦੀ ਹੈ, ਵਿਆਹ ਕਰਵਾ ਕੇ ਵੀ ਅਜੇ ਤਕ ਉਹ ਉਸ ਨੂੰ ਆਪਣੇ ਪਿਆਰ ਦਾ ਪਾਤਰ ਕਿਉਂ ਨਹੀਂ ਬਣਾ ਸਕੀ ?

ਤਰਸ ਦੀ ਮੂਰਤ ਬਣੇ ਕੁੰਦਨ ਸਿੰਘ ਕਾਂਗ ਨੂੰ ਕੁਮਾਰੀ ਵਰਸ਼ਾ ਇੰਦਰਾਨੀ ਆਪਣੀਆਂ ਬਾਹਾਂ ਦੀ ਗਲਵਕੜੀ ਵਿਚ ਲੈ ਲੈਂਦੀ ਹੈ। ਉਸ ਦੇ ਰੁਦਨ ਵਿਚ ਆਪ ਵੀ ਫਿਸ ਪੈਂਦੀ ਹੈ। ਉਸ ਦਾ ਸਿਰ ਸਹਿਲਾਉਂਦੀ ਹੈ। ਉਸ ਦੇ ਅੱਥਰੂ ਪੂੰਝਦੀ ਹੈ।

ਉਸ ਦੇ ਏਸ ਪਿਆਰ-ਭਰੇ ਪ੍ਰਗਟਾਵੇ ਤੋਂ ਉਤਸਾਹਤ ਹੋ ਕੇ ਕੁੰਦਨ ਸਿੰਘ ਕਾਂਗ ਉਸ ਨੂੰ ਆਪਣੇ ਮਨ ਅੰਦਰ ਬੱਝੀ ਗ੍ਰੰਥੀ ਬਾਰੇ ਦੱਸਣ ਦਾ ਹੌਂਸਲਾ ਕਰਦਾ ਹੋਇਆ ਕਹਿੰਦਾ ਹੈ, "ਤੇਰਾ ਜਿਸਮ, ਤੇਰੀ ਆਤਮਾ, ਤੇਰੀ ਪਸੰਦ, ਤੇਰੀ ਤਰਜ਼ੇ ਜ਼ਿੰਦਗੀ ਕੀ ਅਰਥ ਰਖਦੀ ਹੈ ਇਸ ਸਮੇਂ ? ... ਤੇਰਾ ਇਹ ਸਭ ਕੁਝ ਪਾ ਕੇ ਵੀ ਮੈਂ ਬੇਚੈਨ ਹਾਂ, ਅਸ਼ਾਂਤ ਹਾਂ, ਅਤ੍ਰਿਪਤ ਹਾਂ। ਸੰਦੇਹ ਅਤੇ ਸ਼ੱਕ ਮੈਨੂੰ ਅੰਦਰੇ ਅੰਦਰ ਘੁਣ ਵਾਂਗ ਖਾਈ ਜਾ ਰਹੇ ਹਨ। ਤੇਰੀ ਸੇਜ ਵਲਾਂ ਉੱਠੀਆਂ ਮੇਰੀਆਂ ਨਿਗਾਹਾਂ ਝੁਕ ਜਾਂਦੀਆਂ ਹਨ। ਖੁੱਲ੍ਹੀਆਂ ਬਾਹਾਂ ਢਿੱਲਕ ਕੇ ਬੰਦ ਹੋ ਜਾਂਦੀਆਂ ਹਨ। ਤੇਰੇ ਵਲਾਂ ਵੇਖ, ਵੇਖ ਮੇਰੇ ਅੰਦਰ ਲਗਾਤਾਰ ਕੁਝ ਸੁੰਗੜਦਾ ਰਹਿੰਦਾ ਹੈ। ਤੇਰੇ ਲਈ ਮੇਰੀ ਅੱਗ ਠਰ ਰਹੀ ਹੈ ... ਮੇਰੀ ਖ਼ਾਹਿਸ਼ ਮਰ ਰਹੀ ਹੈ। ਮੈਂ ਧੀਰੇ, ਧੀਰੇ ਠਰ, ਸੁਕੜ, ਨਿਪੁੰਸਕ ਹੋ ਰਿਹਾ ਹਾਂ। ਸ਼ੱਕ ਦੀ ਇਕ ਪੇਚੀਦਾ ਗੰਢ ਮੇਰੇ ਸਾਰੇ ਵਜੂਦ ਨੂੰ ਬੰਦ ਮੁੱਠੀ ਵਾਂਗ ਘੁੱਟੀ ਬੈਠੀ ਹੈ। ਕਈ ਵਾਰੀ ਮਨ ਵਿਚ ਆਉਂਦਾ ਹੈ ਕਿ ਤੈਨੂੰ ਖੁੱਲ੍ਹ ਕੇ ਆਖ ਦਿਆਂ ਕਿ ਤੂੰ ਆਪਣਾ ਇਹ ਸਭ ਕੁਝ ਮੇਰੇ ਅੰਦਰੋਂ ਚੁੱਕ ਕੇ ਲੈ ਜਾ ਅਤੇ ਮੈਨੂੰ ਮੇਰੀ ਮਾਨਸਕ ਸ਼ਾਂਤੀ, ਮੇਰੀ ਸੁਤੰਤਰਤਾ ਮੋੜ ਦੇ ... ਪਰ, ਫੇਰ ... ਕਈ ਵਾਰ ਜਾਪਦਾ ਹੈ ਕਿ ਤੇਰੇ ਬਿਨਾਂ ਮੈਂ ਹੋਰ ਵੀ ਅਧੂਰਾ ਹੋ ਜਾਵਾਂਗਾ ...।"

"ਇਹ ਸਿਰਫ਼ ਤੇਰਾ ਵਹਿਮ ਹੈ। ਮੈਥੋਂ ਪਹਿਲਾਂ ਤੂੰ ਕਈ ਕੁੜੀਆਂ ਅਤੇ ਇਕ ਪਤਨੀ ਹੰਢਾ ਚੁੱਕਾ ਹੈਂ। ਤਿੰਨ ਬੱਚਿਆਂ ਦਾ ਬਾਪ ਬਣਨ ਦਾ ਅਨੁਭਵ ਵੀ ਤੈਨੂੰ ਹੈ। ਤੇਰੇ ਚਾਹੇ-ਅਚਾਹੇ ਕਾਮੁਕ ਰਿਸ਼ਤਿਆਂ ਦੀਆਂ ਗਵਾਹ ਤੇਰੀਆਂ ਰਚਨਾਵਾਂ ਹਨ। ਕੰਵਾਰੀ ਮੈਂ ਵੀ ਨਹੀਂ। ਪਰ ਨਾ ਮੈਂ ਵਿਆਹ ਕਰਵਾਇਆ ਅਤੇ ਨਾ ਹੀ ਤੇਰੇ ਵਾਂਗ ਬੱਚੇ ਹੀ ਪੈਦਾ ਕੀਤੇ। ਹਾਂ ਮਰਦ ਦਾ ਸੰਗ ਸਾਥ ਬਹੁਤ ਭੋਗਿਆ ਹੈ।"

ਉਹ ਕੁਝ ਦੇਰ ਸਾਹ ਲੈਣ ਅਤੇ ਉਸ ਉੱਤੇ ਆਪਣੀਆਂ ਗੱਲਾਂ ਦਾ ਪ੍ਰਭਾਵ ਵੇਖਣ ਵਾਸਤੇ ਰੁਕੀ। ਉਹ ਊਂਧੀ ਪਾਈ ਉਸ ਦੀ ਗੱਲ ਧਿਆਨ ਨਾਲ ਸੁਣ ਰਿਹਾ ਸੀ। ਕੁਮਾਰੀ ਇੰਦਰਾਨੀ ਨੇ ਆਪਣੀ ਪੂਰੀ ਸ਼ਕਤੀ ਅਤੇ ਸਾਹਸ ਨੂੰ ਆਪਣੇ ਸ਼ਬਦਾਂ ਵਿਚ ਵਸਾ ਕੇ ਆਪਣੀ ਗੱਲ ਜਾਰੀ ਰਖੀ, "ਤੂੰ ਇੰਜ ਕਰ, ਜਿੱਥੇ ਏਨਾ ਸਮਝੌਤਾ ਅੱਗੇ ਕੀਤਾ ਹੈ, ਇਕ ਹੋਰ ਕਰ। ਮੈਨੂੰ ਕਿਸੇ ਹੋਰ ਮਰਦ ਦੇ ਸੰਗ ਸਾਥ ਵਿੱਚੋਂ, ਤਿੰਨ ਨਹੀਂ, ਕੇਵਲ ਇਕ ਬੱਚਾ ਪੈਦਾ ਕਰ ਲੈਣ ਦੇ, ਫੇਰ ਅਸੀਂ ਦੋਵੇਂ ਬਰਾਬਰ ਹੋਵਾਂਗੇ। ਏਸ ਬਰਾਬਰਤਾ 'ਚੋਂ ਮੈਂ ਤੇਰੇ ਲਈ ਇਕ ਭਰਪੂਰ ਅਤੇ ਸਰਬਾਂਗੀ ਔਰਤ ਬਣ ਕੇ ਜਨਮ ਲਵਾਂਗੀ ... ਤੇ ਰਹਿੰਦੀ ਹਯਾਤੀ ਤਕ ਸਾਲਮ, ਸਬੂਤੀ, ਪੂਰੀ, ਸੂਰੀ–ਤੇਰੀ ਤੇ ਕੇਵਲ ਤੇਰੀ ਹੋਵਾਂਗੀ ... ਤੇਰੀ ਰਹਾਂਗੀ। ਤੈਨੂੰ ਵੀ ਇਕ ਵਾਰੀ ਫੇਰ ਲਟ, ਲਟ ਮਚਦਾ ਪੂਰਾ, ਸੂਰਾ ਮਰਦ ਬਣਾ ਦਿਆਂਗੀ ... ਘੋੜੇ ਵਰਗਾ। ਔਰਤ ਆਪਣੀ ਆਈ ਤੇ ਆਵੇ ਤਾਂ ਕੀ ਨਹੀਂ ਕਰ ਸਕਦੀ ?"

ਮੰਜੇ ਦੀ ਦੂਜੀ ਬਾਹੀ ਉੱਤੇ ... ਸਮਾਨ-ਅੰਤਰ ਵਿੱਥ ਛੱਡ ਕੇ ਊਂਧੀ ਪਾਈ, ਆਪਣੇ ਸਾਮ੍ਹਣੇ ਸੁੰਗੜੇ ਬੈਠੇ ਕੁੰਦਨ ਸਿੰਘ ਕਾਂਗ ਵਲਾਂ ਵੇਖਦੀ ਹੋਈ ਵੀ, ਲਗਾਤਾਰ ਖ਼ਲਾਅ ਨੂੰ ਘੂਰ ਰਹੀ ਕੁਮਾਰੀ ਵਰਸ਼ਾ ਇੰਦਰਾਨੀ ਖ਼ੁਦ ਨੂੰ, ਉਸ ਨੂੰ, ਸਭ ਨੂੰ ਸੰਬੋਧਤ ਸੀ।

# ਮਾਨਸਕ ਹਾਣ ਦਾ ਸਾਥ

"ਕੰਜਰੀ ਭਾਵੇਂ ਬੁੱਢੀ ਹੋ ਜਾਏ। ਪਰ ਉਸ ਦੀ ਦਾਣਾ ਸੁੱਟਣ ਦੀ ਆਦਤ ਨਹੀਂ ਜਾਂਦੀ।"

ਹਾਸੇ, ਹਾਸੇ ਵਿਚ ਜੈਕੀ ਦੇ ਚਿੱਟੇ ਰੰਗ ਵਿਚ ਰੰਗੇ ਹੋਏ ਵਾਲਾਂ ਨੂੰ ਛੇੜਦੇ ਹੋਇਆਂ ਸ਼ਮਿੰਦਰ ਨੇ ਆਖਿਆ ਸੀ। ਜੈਕੀ ਵੀ ਕੋਈ ਘੱਟ ਨਹੀਂ ਸੀ। ਤਮਕ ਕੇ ਬੋਲੀ, "ਉੱਜੜੇ ਬਾਗ਼ਾਂ ਦੀ ਬਹਾਰ ਦਾ ਆਪਣਾ ਹੀ ਰੰਗ, ਆਪਣਾ ਹੀ ਰੂਪ ਹੁੰਦਾ ਹੈ। ਰੌਲ ਕੀ ਜਾਣੇ ਚੌਲਾਂ ਦਾ ਭਾ ? ਏਸ ਦੀ ਕਦਰ ਕੋਈ ਵੇਖਣ ਵਾਲੀ ਅੱਖ ਹੀ ਪਾ ਸਕਦੀ ਹੈ।"

ਸ਼ਮਿੰਦਰ ਸ਼ੀਸ਼ੇ ਸੌਂਹੇਂ ਇਕੱਲਾ ਬੈਠਾ ਸੀ। ਕਮਰੇ ਦੀ ਚਾਰਦੀਵਾਰੀ ਵਿਚ ਪ੍ਰਤੀਧੁਨੀ ਵਾਂਗ, ਢੇਰ ਚਿਰ ਪਹਿਲਾਂ ਕਹੇ ਹੋਏ, ਉਸ ਦੇ ਆਪਣੇ ਅਤੇ ਜੈਕੀ ਦੇ ਬੋਲ ਉੱਭਰੇ ਸਨ ਤੇ ਨਾਲ ਹੀ ਆਪਣੇ ਅੰਦਰ ਬਾਹਰ ਤੇ ਚਾਰ ਚੁਫੇਰੇ ਜੈਕੀ ਦੀ ਹਾਜ਼ਰੀ ਦਾ ਮੱਠਾ, ਮੱਠਾ ਅਹਿਸਾਸ ਵੀ ਉਹ ਮਹਿਸੂਸ ਕਰ ਰਿਹਾ ਸੀ। ਉਸ ਦੇ ਚਿਹਰੇ ਦੇ ਅਕਸ ਦੇ ਪਿੱਛਵਾੜਿਓਂ ਮਲਕੜੇ ਜਿਹੇ ਜੈਕੀ ਦੇ ਚਿਹਰੇ ਦਾ ਬਿੰਬ ਉਭਰਿਆ ਸੀ ਛਿਣ ਦੀ ਛਿਣ ਤੇ ਫਿਰ ਇਹ ਬੋਲ :

"ਜੇ ਜਿਸਮ ਦੀ ਮਾਲਕੀ ਤੇਰੀ ਕਮਜ਼ੋਰੀ ਹੈ, ਤਾਂ ਇਸ ਦਾ ਤਿਆਗ ਮੇਰੀ ਸ਼ਕਤੀ।"

"ਮਾਲਕੀ ਤੇ ਤਿਆਗ ਤਾਂ ਪਰੰਪਰਾਗਤ ਸੰਕਲਪ ਹਨ ਮਾਨਵੀ ਸੰਚਾਰ ਦੇ। ਮੈਂ ਤਾਂ ਸਗਲੀ ਸਬੂਤੀ ਹੋਂਦ ਦੀ ਸੰਪੂਰਨ ਸ਼ਮੂਲੀਅਤ ਦਾ ਇੱਛਕ ਹਾਂ। ਜੇ ਤੇਰੀ ਹੋਂਦ ਕੇਵਲ ਤਨ ਤਕ ਸੀਮਤ ਹੈ, ਤਾਂ ਮੈਂ ਤੇਰੇ ਲਈ ਦੁਆ ਹੀ ਕਰ ਸਕਦਾ ਹਾਂ। ਮਨ ਦੀ ਸ਼ਮੂਲੀਅਤ ਬਿਨਾ ਤਨ ਦੀ ਸ਼ਮੂਲੀਅਤ ਅਧੂਰੀ ਹੈ, ਵੇਸ਼ਵਾਈ ਹੈ। ਤਨ ਤਾਂ ਮਾਧਿਅਮ ਹੀ ਹੈ ਨਾ। ਪ੍ਰੀਤ ਬਣ ਜੋ ਵਹਿ ਤੁਰੇ, ਉਹ ਵੇਗ ਤਾਂ ਮਾਨਸਕ, ਆਤਮਕ ਤੇ ਦਿਲੀ ਹੀ ਹੋ ਸਕਦਾ ਹੈ।"

"ਰਿਸ਼ਤੇ ਖੂਹ ਦੀ ਆਵਾਜ਼ ਹੁੰਦੇ ਹਨ, ਸ਼ੰਮੀ।"

ਸ਼ਮਿੰਦਰ ਨੂੰ ਪਿਆਰ ਨਾਲ ਜੈਕੀ ਸ਼ੰਮੀ ਹੀ ਕਹਿੰਦੀ ਸੀ। ਸ਼ਮਿੰਦਰ ਸ਼ੀਸ਼ੇ ਸਨਮੁਖ ਬੈਠਾ ਦਿਵਾ-ਸ੍ਵਪਨ ਦੀ ਅਵਸਥਾ ਵਿਚ ਜਿਵੇਂ ਆਪਮੁਹਾਰਾ ਹੀ ਬੋਲ ਪਿਆ, "ਪਿਆਰ, ਸਤਿਕਾਰ ਤੇ ਵਿਸ਼ਵਾਸ ਤੋਂ ਬਿਨਾਂ ਤਾਂ ਪੱਕੀਆਂ ਕੰਧਾਂ ਵੀ ਤਿੜਕ ਜਾਂਦੀਆਂ ਹਨ। ਫਿਰ ਇਨ੍ਹਾਂ ਕੱਚੇ ਧਾਗਿਆਂ ਦਾ ਕੀ ਭਰਵਾਸਾ ? ਅੱਖ ਦੇ ਵਲ ਜਾਂ ਫਿਰ ਵਲ ਦੇ ਭਰਮ ਨਾਲ ਹੀ ਟੁੱਟ, ਝੜ, ਬਿਖਰ ਜਾਣ ਖ਼ਲਾਅ ਵਿਚ। ਖ਼ਲਾਅ ਦੀ ਦੀਵਾਰ ਉੱਸਰ ਆਵੇ ਚਾਰ ਚੁਫੇਰੇ, ਆਪਣੀ ਹੀ ਏਕਾਂਕੀ ਆਵਾਜ਼ ਦੀ ਪ੍ਰਤੀਧੁਨੀ ਹੇਠ ਜ਼ਿਬਾਹ ਹੋਣ ਲਈ।"

ਪਲ ਦੀ ਪਲ ਕਮਰੇ ਵਿਚ ਜਿਵੇਂ ਚੁੱਪ ਤੇ ਖ਼ਲਾਅ ਦਾ ਪਹਿਰਾ ਹੋ ਗਿਆ ਹੋਵੇ। ਫਿਰ ਮਲਕੜੇ ਜਿਹੇ ਜਿਵੇਂ ਕੋਈ ਕੋਮਲ ਜਿਹੀ ਡੋਡੀ ਖੁੱਲ੍ਹ ਕੇ ਫੁੱਲ ਬਣ ਜਾਵੇ, ਜੈਕੀ ਦੇ ਬੋਲ ਮਹਿਕ ਵਾਂਗ ਚੁਫੇਰੇ ਫੈਲਦੇ ਚਲੇ ਗਏ, "ਰਿਸ਼ਤੇ ਦੀਵਾਰ ਨਹੀਂ, ਝਰੋਖੇ ਹੁੰਦੇ ਹਨ। ਇਕ ਦੂਜੇ ਵਲ ਖੁੱਲ੍ਹਦੇ। ਇਕ ਦੂਜੇ ਨੂੰ ਨਿਹਾਰਦੇ। ਇਕ ਦੂਜੇ ਵਿਚ ਸੰਵਰਦੇ, ਇਕ ਦੂਜੇ ਨੂੰ ਸੰਵਾਰਦੇ। ਆਪਾ ਵਾਰਦੇ। ਰਿਸ਼ਤੇ ਗੰਢ ਨਹੀਂ, ਗੰਢ ਦਾ ਅਹਿਸਾਸ ਹੁੰਦੇ

ਹਨ। ਦੋ ਲੜੀਆਂ ਜਿੱਥੇ ਇਕ ਹੋ ਜਾਂਦੀਆਂ ਹਨ, ਉਸੇ ਗੰਢ ਦਾ ਅਹਿਸਾਸ। ਜਿੱਧਰ ਜਾਈਏ ਇਹ ਲੜੀਆਂ ਏਸ ਗੰਢ ਦੇ ਅਹਿਸਾਸ ਵਿਚ ਫੈਲਦੀਆਂ ਚਲੀਆਂ ਜਾਂਦੀਆਂ ਹਨ। ਧਰਤੀ, ਆਕਾਸ਼, ਪਾਤਾਲ, ਪਰਬਤ, ਦਰਿਆ, ਸਾਗਰ ਇਸੇ ਅਹਿਸਾਸ ਵਿਚ ਬੱਝੇ ਹੋਏ ਹਨ ... ਚੰਦ, ਤਾਰੇ, ਸੂਰਜ ... ਪਿੰਡ, ਬ੍ਰਹਿਮੰਡ ...।"

ਤੇ ਫਿਰ ਇਨ੍ਹਾਂ ਬੋਲਾਂ ਦੇ ਵਹਿਣ ਵਿਚ ਵਹਿ ਰਿਹਾ ਸ਼ਮਿੰਦਰ ਜਿਵੇਂ ਵੱਖਰੇ ਸ਼ਬਦ ਬੋਲਦਾ ਹੋਇਆ ਵੀ ਜੈਕੀ ਨਾਲ ਸਮ-ਅਰਥ, ਇਕ-ਜਾਨ ਹੋ ਗਿਆ ਹੋਵੇ, "ਰਿਸ਼ਤੇ ਦਰਿਆ ਵੀ ਹਨ, ਦਿਸ਼ਾ ਵੀ ਤੇ ਬਹਾ ਵੀ। ਤੁਪਕਾ, ਤੁਪਕਾ ਕਰ ਕੇ, ਛਿਣ, ਛਿਣ ਵਿਚਰ ਕੇ, ਇਕ ਦਿਸ਼ਾ, ਇਕ ਰੌਂ ਵਿਚ ਇਕ ਦੂਜੇ ਵਿਚ ਵਹਿ ਤੁਰਨਾ ... ਇਕ ਦੂਜੇ ਵਿਚ ਫਨਾਹ ਹੋ ਜਾਣਾ ...।"

ਸ਼ਮਿੰਦਰ ਨੂੰ ਇਸ ਸਮੇਂ ਅਜੀਬ ਜਿਹਾ ਅਹਿਸਾਸ ਸੀ, ਜਿਵੇਂ ਜੈਕੀ ਏਥੇ ਨਾ ਹੋ ਕੇ ਵੀ ਇਸ ਕਮਰੇ ਦੀ ਫ਼ਿਜ਼ਾ ਵਿਚ ਮਹਿਕ ਵਾਂਗ ਘੁਲ ਗਈ ਹੋਵੇ, ਹਾਜ਼ਰ ਹੋਵੇ।

"ਗ਼ੈਰ ਹਾਜ਼ਰੀ ਵਿਚ, ਹਾਜ਼ਰੀ ਦਾ ਅਹਿਸਾਸ।" ਉਹ ਬੁੜਬੁੜਾਇਆ ਤੇ ਫਿਰ ਸਹਿਵਨ ਹੀ ਮੁਸਕਰਾਇਆ ਜਿਵੇਂ ਜੈਕੀ ਨੂੰ ਸੰਬੋਧਤ ਹੋਵੇ। ਉਸ ਦੇ ਸਿਮਰਨ 'ਚੋਂ ਅਜਿਹੇ ਹੀ ਵਿਚਾਰਧਾਰਕ ਰੌ ਵਿਚ ਬੋਲੇ ਹੋਏ ਜੈਕੀ ਦੇ ਬੋਲ ਉਭਰੇ, "ਆਧੁਨਿਕਤਾ ਦੇ ਪਰਦੇ ਹੇਠ, ਤੂੰ ਇਕ ਪਰੰਪਰਾਗਤ ਆਸ਼ਕ ਹੀ ਹੈਂ। ਅਫ਼ਲਾਤੂਨ ਵੀ ਤੇ ਅਫ਼ਲਾਤੂਨੀ ਵੀ। ਮਨ ਦੇ ਉਹਲੇ 'ਚੋਂ ਕਦੇ ਤੂੰ ਜਿਸਮਾਂ ਦੀ ਬਾਤ ਪਾਉਂਦਾ ਹੈਂ ਅਤੇ ਕਦੇ ਜਿਸਮਾਂ ਦੇ ਪਰਦੇ ਹੇਠੋਂ ਮਨ, ਦਿਲ, ਦਿਮਾਗ ਤੇ ਆਤਮਾ ਨੂੰ ਤਲਾਸ਼ ਕਰਦਾ ਹੈਂ। ਤੇਰੇ ਅੱਗੇ ਕੋਈ ਸਗਲਾ ਸਬੂਤਾ ਜਲ ਬਣ ਜਾਏ, ਤਾਂ ਤੇਰੀ ਪਿਆਸ ਉਸ 'ਚੋਂ ਥਲ ਤੇ ਥਲਾਂ ਦੀਆਂ ਮ੍ਰਿਗਜਲੀਆਂ ਵੇਖਦੀ ਹੀ। ਤੈਨੂੰ ਖੋਪਰੀ 'ਚੋਂ ਜੀਵਨ ਅਤੇ ਜੀਵਨ 'ਚੋਂ ਖੋਪਰੀ ਵੇਖਣ ਦੀ ਆਦਤ ਕਿਉਂ ਪੈ ਗਈ ਹੈ ? ਤੂੰ ਏਥੋਂ ਦੀ ਪੱਛਮੀ ਸੱਭਿਅਤਾ ਵਾਲਾ ਵਨ ਨਾਈਟ ਸਟੈਂਡ (One night stand) ਆਸ਼ਕ ਵੀ ਕਦਾਚਿਤ ਨਹੀਂ ਹੈ। ਰੈਣ ਹੰਢਾਉਣੀ ਤੇ ਇਕ ਦੂਜੇ ਵਲਾਂ ਪਿੱਠ ਫੇਰ ਲੈਣੀ ਤੇਰੀ ਫਿਤਰਤ ਵਿਚ ਸ਼ਾਮਿਲ ਨਹੀਂ ਹੈ। ਇਹ ਤੇਰੇ ਵਸ ਦੀ ਗੱਲ ਨਹੀਂ। ਮਖੌਟਾ ਲਾਹ ਤੇ ਨਿਗਾਹ ਮਿਲਾ। ਏਸੇ ਵਿਚ ਤੇਰੀ ਮੁਕਤੀ ਹੈ।"

ਸ਼ਮਿੰਦਰ ਕੋਲ ਜਦੋਂ ਵੀ ਕਰਨ ਲਈ ਕੁਝ ਨਾ ਹੁੰਦਾ ਤੇ ਖ਼ਾਸ ਕਰਕੇ, ਸਪਤਾਹ-ਅੰਤ ਉੱਤੇ, ਜਦੋਂ ਉਹ ਇਕੱਲਾ ਹੁੰਦਾ ਤਾਂ ਜੈਕੀ ਦੇ ਸਾਥ ਵਿਚ ਹੰਢਾਏ ਛਿਣ ਸਾਖ਼ਸ਼ਾਤ ਬੋਲ ਬਣ ਕੇ ਉਸ ਦੀ ਸਗਲੀ ਸਬੂਤੀ ਹੋਂਦ ਵਿਚ ਆ ਹਾਜ਼ਰ ਹੁੰਦੇ। ਜੈਕੀ ਜੋ ਉਸ ਨੂੰ ਇਹ ਕਹਿ ਕੇ ਕਿਧਰੇ ਗੁੰਮ ਗੁਆਚ ਗਈ ਸੀ ਕਿ 'ਪਹਿਲਾਂ ਤੂੰ ਆਪਣਾ ਮਨ ਬਣਾ ਕਿ ਤੂੰ ਮੇਰੇ ਵਿੱਚੋਂ, ਮੇਰੇ ਤੇ ਆਪਣੇ ਰਿਸ਼ਤੇ ਵਿੱਚੋਂ ਕੀ ਪਾਉਣਾ ਚਾਹੁੰਦਾ ਹੈਂ ? ਮੈਂ ਫੇਰ ਆਵਾਂਗੀ। ਦੁਬਿਧਾ ਵਿਚ ਟੁੱਟ ਤੂੰ ਰਿਹਾ ਹੈਂ, ਤੇ ਖਿੰਡ ਮੈਂ। ਇਹ ਮੇਰੇ ਕੋਲੋਂ ਸਹਿਨ ਨਹੀਂ ਹੁੰਦਾ। ਖਿੰਡਾਅ ਵਿਚ ਖਿੰਡਾਅ ਅਤੇ ਇਕਾਗਰਤਾ ਵਿਚ ਇਕਾਗਰਤਾ ਦੇ ਫ਼ਲਸਫ਼ੇ ਨੂੰ ਸਮਝਣ ਤੇ ਫਿਰ ਅਪਣਾ ਕੇ, ਜੀਣ ਥੀਣ ਵਿਚ ਅਜੇ ਮੈਨੂੰ ਕੁਝ ਦੇਰ ਲੱਗੇਗੀ। ਤਦ ਤਕ ਲਈ ਤੇਰੇ ਕੋਲੋਂ ਆਗਿਆ ਮੰਗਦੀ ਹਾਂ ਮੈਂ, ਮੇਰੇ ਸ਼ੰਮੀ ਪਿਆਰੇ।'

ਇੰਜ ਹੀ ਗੱਲਾਂ ਕਰਦੀ, ਕਰਦੀ ਉਹ ਧੂੰਏਂ ਵਿਚ ਧੂੰਆਂ ਬਣੀ ਛਾਈਂ ਮਾਈਂ ਹੋ ਗਈ ਸੀ। ਛਾਂ ਵਿਚ ਛਾਇਆ ਵਾਂਗ ਗਵਾਚ ਗਈ ਸੀ। ਕਦੇ ਕਦੇ ਸ਼ਮਿੰਦਰ ਉਸ ਨੂੰ ਧੁੱਪ ਵਿਚ ਚਾਨਣ ਦਾ ਰੂਪ ਵੀ ਦੇ ਲੈਂਦਾ। ਆਪਣੇ ਸੌਂਹੇਂ ਹਾਜ਼ਰ ਕਰ ਲੈਂਦਾ। ਖ਼ਿਆਲਾਂ ਤੇ ਕਲਪਨਾ ਦੀ ਏਸ ਲੁਕਣ ਮੀਟੀ ਹੇਠ ਸ਼ਮਿੰਦਰ ਦੇ ਦਿਨ ਜੈਕੀ ਤੋਂ ਬਿਨਾਂ ਵੀ, ਜੈਕੀ ਦੀ ਹਾਜ਼ਰੀ ਵਿਚ ਬੀਤੀ ਜਾ ਰਹੇ ਸਨ।

ਜੈਕੀ ਅੱਧਖੜ ਉਮਰ ਦੀ ਇਕ ਖ਼ੂਬਸੂਰਤ ਔਰਤ ਸੀ। ਭਰਵੀਆਂ ਤੇ ਮਰਮਰੀਂ ਛਾਤੀਆਂ, ਜਿਵੇਂ ਤਾਜ ਮਹਿਲ ਦੀਆਂ ਸਭ ਗੋਲਾਈਆਂ, ਉਨ੍ਹਾਂ ਵਿਚ ਸਮਾ ਗਈਆਂ ਹੋਣ। ਉਸ ਦਾ ਚਿਹਰਾ ਜਿਵੇਂ, ਦੁੱਧ ਵਿਚ ਕਿਸੇ ਨੇ ਕੇਸਰ ਘੋਲ ਦਿੱਤਾ ਹੋਵੇ। ਬਰਫ਼ ਉੱਤੇ ਸੰਧੂਰ ਧੂੜ ਦਿੱਤਾ ਹੋਵੇ। ਭਾਰੇ ਨਿਤੰਭਾਂ ਹੇਠਾਂ ਉਸਦੀਆਂ ਕਸਰਤੀ ਲੱਤਾਂ ਭਰ ਜਵਾਨ ਸਨ। ਉਮਰ ਨੂੰ ਝੁਠਲਾ ਰਹੀਆਂ। ਉਸਦੀਆਂ ਅੱਖਾਂ ਵਿਚ ਬਲਾ ਦੀ ਕਸ਼ਿਸ਼ ਸੀ, ਚੁਲਬਲਾਪਨ ਤੇ ਹਸੂੰ ਹਸੂੰ ਕਰਦੀ ਜਿਊਣ ਦੀ ਅਦਾ। ਵਾਲਾਂ ਦੇ ਰੰਗ ਉਹ ਸਦਾ ਬਦਲਦੀ ਰਹਿੰਦੀ ਸੀ ਤੇ

ਨਾਲ ਹੀ ਉਨ੍ਹਾਂ ਅਨੁਸਾਰ ਆਪਣੀਆਂ ਪੋਸ਼ਾਕਾਂ ਦਾ ਰੰਗ ਵੀ। ਵਾਲ ਉਸ ਦੇ ਕਦੇ ਸੁਨਹਿਰੀ ਹੁੰਦੇ, ਕਦੇ ਕਾਲੇ ਤੇ ਕਦੇ ਬਰਾਊਨ। ਜਿਨ੍ਹਾਂ ਦਿਨਾਂ ਵਿਚ ਉਹ ਉਸ ਨੂੰ ਪਹਿਲੀ ਵਾਰ ਮਿਲੀ ਸੀ, ਉਸ ਦੇ ਵਾਲਾਂ ਦਾ ਰੰਗ ਚਿੱਟਾ ਸੀ। ਚਿੱਟੀ ਟਾਪ ਤੇ ਚਿੱਟੀ ਹੀ ਸਕਰਟ। ਚਿੱਟੇ ਰੰਗ ਦੇ ਬੁੰਦੇ ਸਨ ਕੰਨਾਂ ਵਿਚ ਤੇ ਮੱਥੇ ਦੇ ਵਿਚਕਾਰ ਵੱਡੀ ਸਾਰੀ ਚਿੱਟੀ ਬਿੰਦੀ। ਗਲ ਵਿਚ ਚਿੱਟੇ ਗੱਜਰੇ। ਉੱਚੀ ਅੱਡੀ ਵਾਲੀ ਚਿੱਟੀ ਜੁੱਤੀ ਪਾਈ ਉਹ ਆਲੇ-ਦੁਆਲੇ ਤੋਂ ਬੇਧਿਆਨ ਟੈਰਸ ਸ਼ਹਿਰ ਦੇ ਐਕੁਐਟਿਕ ਸੈਂਟਰ ਵਲਾਂ ਤੁਰੀ ਜਾ ਰਹੀ ਸੀ। ਉਸ ਦੇ ਮੋਢਿਆਂ ਉੱਤੇ ਚਿੱਟੇ ਰੰਗ ਦਾ ਰਕਸੈਕ ਬੰਨ੍ਹਿਆ ਹੋਇਆ ਸੀ, ਜਿਸ ਵਿਚ ਉਸ ਦੀ ਸਵਿਮਿੰਗ ਕਾਸਟਿਊਮ, ਤੌਲੀਆ ਅਤੇ ਮੇਕ-ਅੱਪ ਦਾ ਸਾਮਾਨ ਆਦਿ ਚੀਜ਼ਾਂ ਹੁੰਦੀਆਂ ਸਨ।

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਸ਼ਮਿੰਦਰ ਆਪਣੀ ਇਕੱਲ ਦੇ ਅਹਿਸਾਸ ਨੂੰ ਮਾਰਨ ਲਈ ਏਸ ਸ਼ਹਿਰ ਦੇ ਐਕੁਟੈਟਿਕ ਸੈਂਟਰ ਵਿਚ ਜਾਇਆ ਕਰਦਾ ਸੀ। ਮਿਊਂਸਪਲ ਕਮੇਟੀ ਦੇ ਪ੍ਰਬੰਧ ਹੇਠ ਚਲਦੇ ਏਸ ਐਕੁਐਟਿਕ ਸੈਂਟਰ ਵਿਚ ਸਵੇਰ ਦੇ ਛੇ ਵਜੇ ਤੋਂ ਲੈ ਕੇ ਰਾਤ ਦੇ ਨੌਂ ਦਸ ਵਜੇ ਤਕ ਬੜੀਆਂ ਹੀ ਰੌਣਕਾਂ ਰਹਿੰਦੀਆਂ ਸਨ। ਬੱਚੇ, ਬੁੱਢੇ ਤੇ ਜਵਾਨ ਸਭ ਏਥੇ ਕਸਰਤ ਕਰਨ, ਤੈਰਾਕੀ ਸਿਖਣ ਜਾਂ ਤਰਨ ਅਤੇ ਭਾਫ਼-ਅਸ਼ਨਾਨ ਕਰਨ ਆਉਂਦੇ। ਕਸਰਤ ਕਰਨ ਲਈ ਏਥੇ ਐਕਸਰਸਾਈਕਲ (Exercycle) ਭਾਰ ਚੁੱਕਣ ਦਾ ਸਾਮਾਨ ਅਤੇ ਕਈ ਤਰ੍ਹਾਂ ਦੀਆਂ ਹੋਰ ਮਸ਼ੀਨਾਂ ਸਨ। ਭਾਰ ਘਟਾਉਣ ਅਤੇ ਜਿਸਮ ਕਮਾਉਣ ਦਾ ਸ਼ੌਕ ਏਥੇ ਫ਼ੈਸ਼ਨ ਬਣ ਗਿਆ ਸੀ। ਤੈਰਾਕਾਂ ਲਈ ਏਥੇ ਵੱਡਾ ਸਾਰਾ ਪੂਲ ਸੀ। ਏਸ ਪੂਲ ਜਾਂ ਤਾਲਾਬ ਦੇ ਨਾਲ ਹੀ ਵਰਲ-ਪੂਲ (Whirl Pool) ਬਣਿਆ ਹੋਇਆ ਸੀ, ਜਿਸ ਵਿਚ ਲੱਗੇ ਗਰਮ ਪਾਣੀ ਦੇ ਫੁਆਰੇ ਜਿਸਮ ਦੀ ਮਾਲਸ਼ ਕਰਦੇ ਸਨ। ਏਸ ਪੂਲ ਦੇ ਗਰਮ ਪਾਣੀ ਵਿਚ ਬੈਠਿਆਂ ਨਰਵਸ ਸਿਸਟਮ ਰੌਂ ਵਿਚ ਹੋ ਜਾਂਦਾ ਸੀ। ਨਾਲ ਹੀ ਦੋ ਕਮਰੇ ਹੋਰ ਸਨ। ਇਕ ਜਿਸ ਵਿਚ ਨੌਰਡਿਕ ਡਰਾਈ ਸਾਊਨਾ (Nordic Dry sauna) ਸੀ ਤੇ ਦੂਜਾ ਜਿਸ ਵਿਚ ਸਵੀਡਿਸ਼ ਸਟੀਮ ਸਾਊਨਾ ਜਾਂ ਭਾਫ਼-ਅਸ਼ਨਾਨ। ਇਕ ਕਮਰੇ ਵਿਚ ਸਨ-ਲੈਂਪ ਲਾ ਕੇ ਬਾਰਾਂ ਮਹੀਨੇ ਹੀ ਅਲਟਰਾ ਵਾਏਲੈਟ ਕਿਰਨਾਂ (Ultra Violet Rays) ਦਾ ਪ੍ਰਬੰਧ ਕੀਤਾ ਗਿਆ ਸੀ ਤਾਂ ਕਿ ਚਮੜੀ ਦੀ ਟੈਨਿੰਗ (Tanning) ਕਰਨ ਵਾਲੇ ਇਸਤਰੀ ਪੁਰਸ਼ਾਂ ਦਾ ਸ਼ੌਕ ਪੂਰਾ ਹੋ ਸਕੇ।

ਏਥੇ ਨੌਜਵਾਨ ਇਸਤਰੀ ਪੁਰਸ਼ ਵੀ ਆਉਂਦੇ ਤੇ ਬੱਚੇ ਅਤੇ ਬੁੱਢੇ ਵੀ। ਇਕ ਮੇਲਾ ਜਿਹਾ ਲੱਗਾ ਰਹਿੰਦਾ ਹਰ ਸਮੇਂ। ਬੱਚਿਆਂ ਦਾ ਇਕ ਉਮਰ-ਸਮੂਹ ਤੈਰਾਕੀ ਦੇ ਸਬਕ ਲੈ ਕੇ ਤੁਰ ਜਾਂਦਾ, ਤਾਂ ਦੂਜਾ ਆ ਜਾਂਦਾ। ਵਿਚ ਵਿਚ ਬਾਲਗਾਂ ਦੇ ਟੁੱਬੀਆਂ ਲਾਉਣ ਅਤੇ ਤਰਨ ਦੀ ਵਾਰੀ ਆ ਜਾਂਦੀ।

ਸ਼ਮਿੰਦਰ ਨੇ 35 ਡਾਲਰਾਂ ਵਿਚ ਤਿੰਨ ਮਹੀਨਿਆਂ ਦਾ ਪਾਸ ਖ਼ਰੀਦ ਲਿਆ ਸੀ ਤੇ ਜਦੋਂ ਵੀ ਇਕੱਲ ਦਾ ਅਹਿਸਾਸ ਸਤਾਉਂਦਾ, ਏਥੇ ਆ ਕੇ, ਏਸ ਭਰੇ ਮੇਲੇ ਨੂੰ ਵੇਖਦਾ, ਏਸ ਦੇ ਕਾਰਜ ਵਿਚ ਸ਼ਾਮਿਲ ਹੋ ਜਾਂਦਾ। ਕਦੇ ਕਸਰਤ, ਕਦੇ ਭਾਫ਼-ਅਸ਼ਨਾਨ ਅਤੇ ਕਦੇ ਗੋਤਾ-ਖੋਰੀ ਤੇ ਤੈਰਾਕੀ। ਦਿਨ ਪਤਾ ਨਹੀਂ ਕਿਵੇਂ ਗੁਜ਼ਰ ਜਾਂਦਾ।

ਏਥੇ ਹੀ ਇਕ ਦਿਨ ਵਰਲ-ਪੂਲ ਵਿਚ ਬੈਠਿਆਂ ਉਸ ਦਾ ਪੈਰ ਅਚਾਨਕ ਜੈਕੀ ਦੇ ਪੈਰ ਨੂੰ ਛੁਹ ਗਿਆ ਸੀ, ਬੇਧਿਆਨੀ ਵਿਚ। ਜੈਕੀ ਉਸਦੀਆਂ ਅੱਖਾਂ ਵਿਚ ਸਿੱਧਾ ਵੇਖ ਰਹੀ ਸੀ ਤੇ ਉਸ ਦਾ ਚਿਹਰਾ ਗੇਰੂਆ ਹੋਇਆ ਪਿਆ ਸੀ। ਹਯਾ ਦੀ ਇਕ ਪਰਛਾਈਂ ਆਉਂਦੀ ਤੇ ਇਕ ਜਾਂਦੀ ਸੀ। ਉਸ ਦੇ ਚਿਹਰੇ ਉੱਤੇ ਅੱਖਾਂ ਦੀ ਸ਼ਕਤੀ ਸ਼ਾਲੀ ਐਕਸ-ਰੇ ਤੱਕਣੀ ਜਿਵੇਂ ਸ਼ਮਿੰਦਰ ਦੇ ਧੁਰ ਅੰਦਰ ਤਕ ਲੱਥ ਗਈ ਹੋਵੇ ਤੇ ਉਸ ਕੋਲੋਂ ਬੇਧਿਆਨੀ ਵਿਚ ਹੋਈ ਏਸ ਹਰਕਤ ਲਈ ਖਿਮਾਂ ਦੀ ਮੰਗ ਕਰ ਰਹੀ ਹੋਵੇ। "ਖ਼ਿਮਾਂ ਕਰਨਾ, ਮੈਂ ਕਿਧਰੇ ਗੁੰਮ ਗੁਆਚ ਗਿਆ ਸਾਂ ਖ਼ਿਆਲਾਂ ਦੇ ਸੰਸਾਰ ਵਿਚ ਤੇ ਜਿਸਮ ਦਾ ਅਹਿਸਾਸ ਹੀ ਨਾ ਰਿਹਾ ਕਿ ਇਹ ਵੀ ਮੇਰੇ ਨਾਲ ਹੀ ਆਇਆ ਸੀ। ਮੈਥੋਂ ਭੁੱਲ ਹੋ ਗਈ। ਮੈਨੂੰ ਅਫ਼ਸੋਸ ਹੈ।"

"ਇਟ'ਜ਼ ਆਲ ਰਾਈਟ।"

ਕਹਿਕੇ ਜੈਕੀ ਨੇ ਆਪਣੀਆਂ ਨਜ਼ਰਾਂ ਦੂਸਰੇ ਪਾਸੇ ਭੁਆ ਲਈਆਂ, ਪਰ ਸ਼ਮਿੰਦਰ ਨੂੰ ਇਵੇਂ ਮਹਿਸੂਸ

ਹੋ ਰਿਹਾ ਸੀ ਜਿਵੇਂ ਉਸ ਦਾ ਜਿਸਮ ਸਗਲੀ ਸਬੂਤੀ ਅੱਖ ਬਣਿਆ ਉਸ ਨੂੰ ਨਿਰੰਤਰ ਘੂਰ ਰਿਹਾ ਹੋਵੇ। ਚਿੱਟੇ ਦੁੱਧ ਵਾਲਾਂ ਹੇਠ, ਚਿੱਟੀ ਦੁੱਧ ਤਰਨ-ਪੋਸ਼ਾਕ ਵਿਚੋਂ ਡੁੱਲ੍ਹ ਡੁੱਲ੍ਹ ਪੈਂਦਾ ਇਹ ਜਵਾਨ ਤੇ ਕਮਾਇਆ ਹੋਇਆ ਜਿਸਮ ਸ਼ਮਿੰਦਰ ਦੀਆਂ ਨਜ਼ਰਾਂ ਨੂੰ ਕੀਲੀ ਬੈਠਾ ਸੀ।

"ਮੈਂ ਇਹ ਜ਼ਿਹਨੀ ਬਲਾਤਕਾਰ ਪਸੰਦ ਨਹੀਂ ਕਰਦੀ।" ਆਖਦੀ ਹੋਈ, ਬੁੜ ਬੁੜ ਕਰਦੀ ਜੈਕੀ ਵਰਲ ਪੂਲ 'ਚੋਂ ਉਠ ਕੇ ਔਰਤਾਂ ਦੇ ਅਸ਼ਨਾਨ-ਕਮਰੇ ਵਲਾਂ ਚਲੇ ਗਈ। ਸ਼ਮਿੰਦਰ ਨੂੰ ਏਸ ਬੇਬਾਕ ਬਿਆਨਬਾਜ਼ੀ ਨੇ ਇਕ ਝਟਕਾ ਜਿਹਾ ਮਾਰਿਆ ਸੀ। ਏਸ ਤੋਂ ਪਹਿਲਾਂ ਕਿ ਉਹ ਸੰਭਲਦਾ ਤੇ ਉੱਤਰ ਵਿਚ ਕੁਝ ਕਹਿੰਦਾ, ਜੈਕੀ ਉੱਥੋਂ ਜਾ ਚੁੱਕੀ ਸੀ।

ਸ਼ਮਿੰਦਰ ਦੀ ਇਕੱਲ ਨੂੰ, ਏਸ ਘਟਨਾ ਨੇ, ਜਿਵੇਂ ਕੋਈ ਮੰਤਵ ਦੇ ਦਿੱਤਾ ਹੋਵੇ। ਖ਼ਲਾਅ ਜਿਹੇ ਵਿਚ ਘੁੰਮ, ਲਟਕ ਰਹੀ ਜ਼ਿੰਦਗੀ ਨੂੰ ਜਿਵੇਂ ਕੋਈ ਦਿਸ਼ਾ ਮਿਲ ਗਈ ਹੋਵੇ। ਸ਼ਮਿੰਦਰ ਵਾਂਗ ਜੈਕੀ ਵੀ ਉੱਥੇ ਰੋਜ਼ ਆਉਂਦੀ ਸੀ। ਝਿਜਕ, ਹੌਲੀ ਹੌਲੀ ਦੁਆ ਸਲਾਮ ਵਿਚ ਬਦਲ ਗਈ ਅਤੇ ਚੁੱਪ ਬੋਲਾਂ ਅਤੇ ਹੁੰਗਾਰਿਆਂ ਵਿਚ, "ਬੜੀ ਇਕੱਲੀ ਹਾਂ ਮੈਂ ! ਦੋ ਬੱਚੇ ਹਨ ਮੇਰੇ। ਸਕੂਲ ਚਲੇ ਜਾਂਦੇ ਹਨ ਤਾਂ ਘਰ ਵੱਢ ਖਾਣ ਨੂੰ ਆਉਂਦਾ ਹੈ। ਏਥੇ ਆ ਜਾਂਦੀ ਹਾਂ ਅੱਕ ਕੇ। ਕੀ ਕਰਾਂ ?"

"ਤੇਰਾ ਪਤੀ ਨਹੀਂ ਕੀ ?"

"ਹੈ ਵੀ ਤੇ ਨਹੀਂ ਵੀ। ਲੰਮੇਂ ਰੂਟ ਦਾ ਟਰੱਕ ਡਰਾਈਵਰ ਹੈ ਉਹ। ਕਈ, ਕਈ ਹਫ਼ਤੇ ਵੈਨਕੂਵਰ ਤੇ ਉੱਥੋਂ ਅਮਰੀਕਾ ਵਲਾਂ ਨਿਕਲ ਜਾਂਦਾ ਹੈ। ਢੋ-ਢੁਆਈ ਦੇ ਕਿੱਤੇ ਵਿਚ ਬੜਾ ਓਵਰ ਟਾਈਮ ਲਾਉਂਦਾ ਹੈ। ਬੜੇ ਪੈਸੇ ਕਮਾਉਂਦਾ ਹੈ। ਜਦੋਂ ਮੁੜਦਾ ਹੈ, ਤਾਂ ਜਾਪਦਾ ਹੈ ਕਿ ਮੈਂ ਕਿਸੇ ਅਜਨਬੀ ਨੂੰ ਮਿਲ ਰਹੀ ਹੋਵਾਂ। ਹਮਬਿਸਤਰੀ ਸਮੇਂ ਜਾਪਦਾ ਹੈ ਜਿਵੇਂ ਮੇਰਿਆਂ ਬੱਚਿਆਂ ਦਾ ਪਿਤਾ ਨਹੀਂ ਸਗੋਂ ਕੋਈ ਅਜਨਬੀ ਮੇਰੇ ਜਿਸਮ, ਮੇਰੇ ਦਿਲ, ਦਿਮਾਗ ਵਿਚ ਦਰਾੜਾਂ ਪਾ ਰਿਹਾ ਹੋਵੇ। ਮੈਨੂੰ ਆਪਣੇ ਆਪ ਤੋਂ, ਸਭ ਤੋਂ ਦੂਰ ਲਿਜਾ ਰਿਹਾ ਹੋਵੇ।"

"ਇਹ ਕੇਵਲ ਤੇਰਾ ਅਹਿਸਾਸ ਹੀ ਹੈ। ਆਖ਼ਿਰ ਉਹ ਤੇਰਾ ਪਤੀ ਤੇ ਤੇਰੇ ਬੱਚਿਆਂ ਦਾ ਪਿਤਾ ਹੈ। ਉਸ ਬਾਰੇ ਅਜਿਹੇ ਵਿਚਾਰ ਕਿਉਂ ?"

"ਪ੍ਰੇਮੀ ਜਦੋਂ ਪਤੀ ਅਤੇ ਪਤੀ ਕੇਵਲ ਮਰਦ ਬਣ ਜਾਵੇ, ਤਾਂ ਅਕਸਰ ਇਵੇਂ ਹੀ ਹੁੰਦਾ ਹੈ। ਕੋਮਲ ਜਜ਼ਬਿਆਂ ਦਾ ਘਾਤ ਹੋ ਜਾਂਦਾ ਹੈ। ਮਰਦ ਨੂੰ ਸਿਰਫ਼ ਆਪਣਾ ਮਰਦਊਪੁਣਾ ਸੰਭੋਗ ਦੀ ਵਿਜੇ 'ਚੋਂ ਹੀ ਨਜ਼ਰ ਆਉਂਦਾ ਹੈ ... ਆਤਮਾ ਦੀ ਅਭੇਦਤਾ 'ਚੋਂ ਨਹੀਂ। ਏਸ ਮਾਨਸਕ ਰੌਂ ਵਾਲਾ ਮਰਦ ਇਕ ਅਜਿਹਾ ਫੋੜਾ ਬਣ ਜਾਂਦਾ ਹੈ, ਜਿਸ ਨੂੰ ਜੇ ਔਰਤ ਚਾਹੇ ਤਾਂ, ਏਸ ਖੇਡ ਵਿਚ ਤੁੰਭ ਲਾ ਕੇ ਵਗਾ ਸਕਦੀ ਹੈ। ਇਹ ਫੋੜਾ ਫੇਰ ਭਰਦਾ ਆਕੜਦਾ ਤੇ ਪਾਟਣ 'ਤੇ ਆਉਂਦਾ ਹੈ। ਬੜਾ ਦਰਦ ਹੁੰਦਾ ਹੈ। ਪਰ ਤੁੰਭ ਲੱਗੀ, ਵੱਗ ਤੁਰਦਾ ਹੈ। ਫਿਸਣ ਤੋਂ ਭਰਨ ਵਿਚਕਾਰ ਵਕਫ਼ਾ ਲੋੜਦਾ ਹੈ। ਪ੍ਰੇਮੀ ਤੇ ਪ੍ਰੇਮਿਕਾ ਦਾ ਰਿਸ਼ਤਾ ਭਰਨਾ ਫਿਸਣਾ ਹੀ ਤਾਂ ਨਹੀਂ। ਇਹ ਕੋਮਲ ਭਾਵਾਂ ਤੇ ਕੋਮਲ ਅਹਿਸਾਸਾਂ ਦੀ ਸਾਂਭ ਦੀ ਮੰਗ ਕਰਦਾ ਹੈ। ਪਰ ਮੇਰਾ ਪਤੀ ਇਹ ਸਮਝਦਾ ਹੈ ਕਿ ਉਸ ਦਾ ਘਰ ਮੁੜਨਾ ਮੇਰੀ ਜਿਸਮਾਨੀ ਲੋੜ ਲਈ ਇਕ ਫ਼ਰਜ਼ ਮਾਤਰ ਹੀ ਹੈ ਤੇ ਮੈਂ ਅਕਸਰ ਸੋਚਦੀ ਹਾਂ ਇਕ ਟਰੱਕ ਚਲਾਉਂਦਾ, ਚਲਾਉਂਦਾ ਇਹ ਖ਼ੁਦ ਵੀ ਇਕ ਟਰੱਕ ਹੀ ਬਣ ਗਿਆ ਹੈ। ਏਥੋਂ ਭਰਿਆ ਤੇ ਉੱਥੇ ਖ਼ਾਲੀ ਹੋਇਆ। ਉੱਥੋਂ ਭਰਿਆ ਤੇ ਏਥੇ ਖ਼ਾਲੀ ਹੋਇਆ। ਮੇਰੇ ਕੋਲੋਂ ਆਪਣੇ ਦਿਲ ਦਾ ਇਹ ਬਲਾਤਕਾਰ ਸਹਿਨ ਨਹੀਂ ਹੁੰਦਾ। ਮੈਂ ਉਸ ਨੂੰ ਕੁਝ ਕਹਿ ਨਹੀਂ ਸਕਦੀ। ਆਖਾਂ ਵੀ, ਤਾਂ ਉਹ ਕੁਝ ਸਮਝ ਨਹੀਂ ਸਕੇਗਾ। ..."

ਜੈਕੀ ਦਾ ਪਤੀ ਜਦੋਂ ਇਕ ਪ੍ਰੇਮੀ ਦੇ ਰੂਪ ਵਿਚ ਪਹਿਲਾਂ ਪਹਿਲ ਜੈਕੀ ਨੂੰ ਮਿਲਿਆ ਸੀ ਤਾਂ ਉਸ ਨੂੰ ਬੜਾ ਪਿਆਰ ਕਰਦਾ ਸੀ। ਦਿਨ ਰਾਤ ਘਰ ਬਾਹਰ, ਯਾਰਾਂ ਦੋਸਤਾਂ ਨਾਲ ਜੈਕੀ ਦੀਆਂ ਗੱਲਾਂ। ਜੈਕੀ ਦੇ ਸੁਫ਼ਨੇ, ਜੈਕੀ ਨੂੰ ਚੁੰਮਦਾ। ਘੁੱਟ ਘੁੱਟ ਹਿੱਕ ਨਾਲ ਲਾਉਂਦਾ। ਘੰਟਿਆਂ ਬੱਧੀ ਉਸ ਨਾਲ ਗੱਲਾਂ ਕਰਦਾ ਨਾ

ਥੱਕਦਾ। ਉਦੋਂ ਉਹ ਇਕੱਠੇ ਸਕੂਲ ਵਿਚ ਪੜ੍ਹਦੇ ਸਨ। ਸਕੂਲ ਡਾਂਸ ਦੀ ਉਹ ਚਹੇਤੀ ਤੇ ਮਾਹਰ ਜੋੜੀ ਸੀ। ਸਿਨਮੇਂ ਉਹ ਇਕੱਠੇ ਜਾਂਦੇ। ਸੈਰ ਉਹ ਇਕੱਠੇ ਕਰਦੇ। ਉਨ੍ਹਾਂ ਦੀ ਮੁਹੱਬਤ ਇਕ ਮਿਸਾਲੀ ਮੁਹੱਬਤ ਸੀ, ਨਵੇਂ ਬਣ ਰਹੇ ਆਸ਼ਕਾਂ ਲਈ। ਵਿਆਹ ਉਪਰੰਤ ਜੈਕੀ ਦੇ ਪਤੀ ਨੂੰ ਗਰੋਸਰੀ ਸਟੋਰ ਵਿਚ ਇਕ ਛੋਟੀ ਜਿਹੀ ਨੌਕਰੀ ਮਿਲੀ। ਤੰਗੀ ਤੁਰਸ਼ੀ ਦੇ ਇਨ੍ਹਾਂ ਦਿਨਾਂ ਨੂੰ ਮੁਹੱਬਤ ਦੀ ਅਮੀਰੀ ਖੰਭਾਂ ਉੱਤੇ ਕਲਪਨਾ ਦੇ ਦੇਸ਼ ਲੈ ਉੱਡਦੀ। ਜੈਕੀ ਕਿਰਾਏ ਦੀ ਨਿੱਕੀ ਜਿਹੀ ਬੇਸਮੈਂਟ ਵਿਚ ਆਪਣੇ ਪਤੀ ਦੀ ਉਡੀਕ ਕਰਦੀ। ਉਸ ਦੀ ਤਸਵੀਰ ਦੇ ਸ਼ੀਸ਼ੇ ਵਿੱਚੋਂ ਉੱਭਰੇ ਉਸ ਦੇ ਅਕਸ ਨਾਲ ਘੰਟਿਆਂ ਬੱਧੀ ਗੱਲਾਂ ਕਰਦੀ ਰਹਿੰਦੀ। ਸਵੇਰ ਚੜ੍ਹਦੀ, ਉਹ ਆਪਣੇ ਪਤੀ ਨੂੰ ਕੰਮ ਲਈ ਤੋਰਦੀ ਅਤੇ ਸ਼ਾਮ ਪੈਂਦੀ ਤਾਂ ਉਹ ਆਪਣੇ ਪਤੀ ਨੂੰ ਜੀ ਆਇਆਂ ਕਹਿੰਦੀ। ਉੱਡ ਕੇ ਮਿਲਦੀ। ਹਿੱਕ ਨਾਲ ਚਿੰਮੜ ਜਾਂਦੀ। ਚੁੰਮ, ਚੁੰਮ ਉਸ ਦੀ ਸਾਰੀ ਥਕਾਵਟ ਉਤਾਰ ਦਿੰਦੀ।

ਸੁਫ਼ਨੇ ਵਾਂਗ ਬੀਤ ਰਹੀ ਏਸ ਜ਼ਿੰਦਗੀ ਵਿਚ ਮਹਿੰਗਾਈ ਬੜੀ ਤੇਜ਼ੀ ਨਾਲ ਵਧੀ। ਬੱਚੇ ਹੋ ਗਏ ! ਉਸ ਦੇ ਪਤੀ ਨੇ ਓਵਰ ਟਾਈਮ ਲਾਉਣਾ ਸ਼ੁਰੂ ਕੀਤਾ। ਕਈ ਕੰਮ ਬਦਲੇ। ਜੈਕੀ ਨੇ ਵੀ ਨੌਕਰੀ ਕਰ ਲਈ। ਬੱਚੇ ਬੇਬੀ ਸਿਸਟਰ ਕੋਲ ਰਹਿੰਦੇ। ਥੱਕੇ, ਟੁੱਟੇ ਹੀ ਮਿਲਣਾ ਹੁੰਦਾ ਹੈ, ਉਹ ਵੀ ਮਿਲਦੇ। ਪਰ ਖ਼ਾਨਾਪੂਰੀ ਜਿਹੀ ਵਾਂਗ। ਮਸ਼ੀਨੀ ਜਿਹੇ ਵਿਹਾਰ ਵਿਚ।

ਇਨ੍ਹਾਂ ਦਿਨਾਂ ਵਿਚ ਹੀ ਜੈਕੀ ਦਾ ਪਤੀ ਟਰੱਕ ਡਰਾਈਵਰ ਬਣ ਗਿਆ ਤੇ ਫਿਰ ਹੌਲੀ ਹੌਲੀ ਉਹ ਇਕ ਨਵੇਂ ਟਰੱਕ ਦਾ ਮਾਲਕ ਅਤੇ ਚਾਲਕ ਵੀ ਹੋ ਗਿਆ। ਟਰੱਕ ਦੀਆਂ ਕਿਸ਼ਤਾਂ। ਨਵੇਂ ਲਏ, ਵੱਡੇ ਸਾਰੇ ਘਰ ਦੀਆਂ ਕਿਸ਼ਤਾਂ, ਘਰ ਵਿਚ ਭਰੇ ਐਸ਼ੋ ਆਰਾਮ ਤੇ ਦਿਲ-ਪਰਚਾਵੇ ਦੇ ਸਾਮਾਨ ਦੀਆਂ ਕਿਸ਼ਤਾਂ ! ਕਿਸ਼ਤਾਂ ਹੀ ਕਿਸ਼ਤਾਂ ਸਨ ਤੇ ਕਮਾਊ ਕੱਲਾ ਜੈਕੀ ਦਾ ਪਤੀ ਹੀ ਰਹਿ ਗਿਆ। ਉਸ ਦੇ ਆਦੇਸ਼ ਅਨੁਸਾਰ ਜੈਕੀ ਦਾ ਕੰਮ ਹੁਣ ਕੇਵਲ ਘਰ ਅਤੇ ਬੱਚਿਆਂ ਦੀ ਸੰਭਾਲ ਹੀ ਸੀ।

ਵੱਡੇ ਸਾਰੇ ਘਰ ਵਿਚ ਸਭ ਕੁਝ ਦੇ ਹੁੰਦਿਆਂ ਜੈਕੀ ਕੱਲੀ ਹੋ ਗਈ ਸੀ। ਉਸ ਦੇ ਪਤੀ ਦੇ ਟਰੱਕਾਂ ਦਾ ਕੰਮ ਕਾਰ ਜਿਵੇਂ ਜਿਵੇਂ ਵੱਧ ਰਿਹਾ ਸੀ, ਤਿਵੇਂ ਤਿਵੇਂ ਜੈਕੀ ਉਸ ਤੋਂ, ਆਪਣੇ ਆਪ ਤੋਂ ਤੇ ਸਭ ਤੋਂ ਦੂਰ ਹੁੰਦੀ ਜਾ ਰਹੀ ਸੀ। ਉਸ ਦੇ ਅੰਦਰ ਉਸ ਨੂੰ ਗੰਢਾਂ ਹੀ ਗੰਢਾਂ ਨਜ਼ਰ ਆਉਂਦੀਆਂ। ਸਭ ਕੁਝ ਉਲਝ ਕੇ ਰਹਿ ਗਿਆ ਸੀ। ਇਕ ਇਕੱਲ ਸੀ ਚਾਰ ਚੁਫ਼ੇਰੇ। ਬੱਚੇ ਵੱਡੇ ਹੋ ਗਏ ਸਨ। ਉਹ ਆਪਣੇ ਹਾਣ ਵਿਚ ਦਿਨ ਗੁਜ਼ਾਰਨੇ ਵਧੇਰੇ ਚੰਗੇ ਸਮਝਦੇ !

ਜੈਕੀ ਏਸ ਪਦਾਰਥਕ ਬਹੁਲਤਾ ਤੋਂ ਜਿਵੇਂ ਅੱਕ ਜਿਹੀ ਗਈ ਤੇ ਏਸ ਅਕੇਵੇਂ ਦੀ ਹਾਲਤ ਵਿਚ ਹੀ ਉਸ ਦਾ ਰੁਖ ਐਕੁਐਟਿਕ ਸੈਂਟਰ ਵਲਾਂ ਹੋ ਗਿਆ ਸੀ। ਸ਼ਮਿੰਦਰ ਵੀ ਉਸ ਨੂੰ ਏਥੇ ਹੀ ਮਿਲਿਆ ਸੀ।

ਸ਼ਮਿੰਦਰ ਦੇ ਏਨਾ ਨੇੜੇ ਹੋ ਕੇ ਵੀ ਉਹ ਉਹਨੂੰ ਸਮਝ ਨਹੀਂ ਸੀ ਸਕੀ ਕਿ ਉਹ ਆਖ਼ਿਰ ਚਾਹੁੰਦਾ ਕੀ ਹੈ ? ਉਸਦੀਆਂ ਗੱਲਾਂ ਸ੍ਵੈ-ਵਿਰੋਧੀ ਹੁੰਦੀਆਂ ਸਨ। ਉਸ ਦੇ ਫ਼ਲਸਫ਼ਈ ਅੰਦਾਜ਼ ਵਿਚ ਬੜਾ ਉਲਝਾ ਸੀ। ਜੈਕੀ ਨੇ ਜਿਸਮ ਅਤੇ ਮਨ ਦੇ ਰਿਸ਼ਤੇ ਨੂੰ ਇੱਕੋ ਪਤੀ ਦੇ ਮਾਧਿਅਮ ਦੁਆਰ ਹੱਡੀਂ ਹੰਢਾਇਆ ਸੀ। ਅਜਿਹੇ ਹਰ ਰਿਸ਼ਤੇ ਤੋਂ ਉਸ ਦਾ ਭਰਮ-ਖੰਡਨ ਹੋ ਚੁੱਕਾ ਸੀ। ਉਹ ਚਾਹੁੰਦੀ ਸੀ ਕਿ ਕੋਈ ਉਸ ਨੂੰ ਉਸ ਦੇ ਮਨ, ਉਸ ਦੀ ਇਕੱਲ ਦੇ ਹਾਣ ਦਾ ਹੋ ਕੇ ਮਿਲੇ। ਉਹ ਚਾਹੁੰਦੀ ਸੀ ਕਿ ਕੋਈ ਉਸ ਨੂੰ ਨਿਸ਼ਕਾਮ ਰੂਪ ਵਿਚ ਮਿਲੇ, ਜਿਸ ਨੂੰ ਛੂਹਣ ਤੋਂ ਬਿਨਾਂ ਹੀ, ਉਸ ਦੀ ਛੂਹ ਦਾ ਮੱਠਾ ਮੱਠਾ, ਮਿੱਠਾ ਮਿੱਠਾ ਅਹਿਸਾਸ ਸਾਰੀ ਹੋਂਦ ਨੂੰ ਮਸਤ ਕਰ ਦੇਵੇ।

ਸ਼ਮਿੰਦਰ ਦੀਆਂ ਨਜ਼ਰਾਂ ਵਿਚ ਕਦੇ ਤਨ ਦੀ ਲਾਲਸਾ ਹੁੰਦੀ ਕਦੇ ਮਨ ਦੇ ਭੰਬਲਭੂਸੇ। ਉਹ ਜਾਣਦਾ ਸੀ ਕਿ ਉਹ ਵੀ ਆਪਣੇ ਅੰਦਰ ਅੰਤਾਂ ਦਾ ਇਕੱਲਾ ਸੀ ਤੇ ਆਪਣੀ ਇਕੱਲ ਨੂੰ ਕਿਸੇ ਭਰਵੇਂ ਸਾਥ ਨਾਲ ਪੁਰ ਕਰਨ ਦਾ ਮੁਤਲਾਸ਼ੀ ਸੀ। ਕੀ ਇਕ ਕਿਸਮ ਦੀ ਇਕੱਲ ਨੂੰ ਦੂਸਰੀ ਕਿਸਮ ਦੀ ਇਕੱਲ ਦਾ ਸਾਥ ਕਾਫ਼ੀ ਨਹੀਂ ? ਕੀ ਇਕੱਲ, ਕੇਵਲ ਇਕੱਲ ਨੂੰ, ਇਕੱਲ ਦੇ ਰੂਪ ਵਿਚ ਸਮਝ ਕੇ ਉਸ ਦਾ ਭਰਵਾਂ ਸਾਥ ਨਹੀਂ ਬਣ ਸਕਦੀ ? ਉਹ ਅਕਸਰ ਇਹੋ ਜਿਹੇ ਪ੍ਰਸ਼ਨਾਂ ਵਿਚ ਉਲਝ ਜਾਂਦੀ ਤੇ ਸ਼ਮਿੰਦਰ ਉਸ ਨੂੰ ਆਪਣੇ

ਕੋਲੋਂ ਹੋਰ ਵੀ ਦੂਰ ਹੋਇਆ ਜਾਪਦਾ। ਵਰਲ-ਪੂਲ ਵਿਚ ਕੋਲ ਕੋਲ ਬੈਠਿਆਂ ਵੀ, ਜਿਵੇਂ ਉਨ੍ਹਾਂ ਵਿਚਕਾਰ ਕੋਈ ਦੀਵਾਰ ਉੱਸਰ ਆਉਂਦੀ। ਛੂਹ ਰਹੇ ਪੈਰਾਂ ਵਿਚ ਜਿਵੇਂ ਪੱਥਰ ਉੱਤਰ ਆਉਂਦੇ। ਆਪਸੀ ਵਾਰਤਾਲਾਪ ਵੀ ਜਿਵੇਂ ਏਕਾਲਾਪ (Monologue) ਬਣ ਕੇ ਰਹਿ ਜਾਂਦੀ।

ਇਹ ਇਨ੍ਹਾਂ ਦਿਨਾਂ ਦੀ ਹੀ ਗੱਲ ਹੈ ਕਿ ਜੈਕੀ, ਅਮਰੀਕਾ ਵਿਚ, ਆਪਣੇ ਪਤੀ ਕੋਲ ਚਲੇ ਗਈ। ਉਨ੍ਹਾਂ ਦਿਨਾਂ ਵਿਚ ਉਸ ਨੂੰ ਢੋ-ਢੁਆਈ ਦੇ ਕੁਝ ਐਸੇ ਠੇਕੇ ਮਿਲੇ, ਜਿਸ ਕਾਰਨ ਕੈਨੇਡਾ ਤੇ ਅਮਰੀਕਾ ਵਿਚ ਚਲਦੇ ਆਪਣੇ ਟਰੱਕਾਂ ਦੇ ਵਿਉਪਾਰ ਨੂੰ ਉਹ ਅਮਰੀਕਾ ਤੇ ਕੈਨੇਡਾ ਦੀ ਸਰਹੱਦ ਲਾਗੇ ਅਮਰੀਕਾ ਦੇ ਸ਼ਹਿਰ ਬੈਲਿੰਗਹੈਮ ਵਿਚ ਰਹਿ ਕੇ ਵਧੇਰੇ ਚੰਗੀ ਤਰ੍ਹਾਂ ਚਲਾ ਸਕਦਾ ਸੀ।

ਜੈਕੀ ਦੇ ਜਾਣ ਤੋਂ ਬਾਅਦ ਹੀ ਸ਼ਮਿੰਦਰ ਨੂੰ ਜੈਕੀ ਦੇ ਆਪਣੇ ਅੰਦਰ ਲੱਥ ਚੁੱਕੇ ਡੂੰਘੇ ਰਿਸ਼ਤੇ ਦਾ ਅਹਿਸਾਸ ਬੜੀ ਸ਼ਿੱਦਤ ਨਾਲ ਹੋਇਆ ਸੀ। ਸ਼ਮਿੰਦਰ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਸੀ ਜਿਵੇਂ ਜੈਕੀ ਨੂੰ ਸੰਬੋਧਤ ਹੋਵੇ। ਫ਼ੋਨ ਵਲਾਂ ਲਗਾਤਾਰ ਵੇਖਦਾ ਰਹਿੰਦਾ, ਏਸ ਉਡੀਕ ਵਿਚ ਕਿ ਜੈਕੀ ਇਕ ਫ਼ੋਨ ਜ਼ਰੂਰ ਕਰੇਗੀ।

ਇਹ ਫ਼ੋਨ ਦੀ ਘੰਟੀ ਵੱਜੀ ਸੀ ਕਿ ਉਸ ਦਾ ਵਹਿਮ ਹੀ ਸੀ ? ਸ਼ੀਸ਼ੇ ਸੌਂਹੇਂ ਬੈਠੇ ਸ਼ਮਿੰਦਰ ਨੇ ਸਹਿਵਨ ਹੀ ਫ਼ੋਨ ਚੁੱਕਿਆ।

"ਮੈਂ ਜੈਕੀ ਬੋਲ ਰਹੀ ਹਾਂ।"

"ਕਿੱਥੋਂ ?"

"ਅਮਰੀਕਾ ਤੋਂ।"

"ਏਥੇ ਕਦੋਂ ਆਉਣਾ ਹੈ ?"

"ਝੱਲਿਆ, ਮੈਂ ਏਥੋਂ ਗਈ ਹੀ ਕਦੋਂ ਸਾਂ ?" ਕਹਿ ਕੇ ਜੈਕੀ ਹੱਸੀ ਤੇ ਹੱਸਦੀ ਚਲੇ ਗਈ।

"ਤੇਰੇ ਪਤੀ ਦਾ ਕੀ ਹਾਲ ਹੈ ?"

"ਠੀਕ ਹੈ।"

"ਉਸ ਦਾ ਕਾਰੋਬਾਰ ਕਿਵੇਂ ਚੱਲ ਰਿਹਾ ਹੈ ?"

"ਧੜਾ ਧੜ ! ਮਾਇਆ 'ਚ ਖੇਡ ਰਿਹਾ ਹੈ। ਹੁਣ ਉਸ ਨੂੰ ਮੇਰਾ ਨਹੀਂ ਮਾਇਆ ਅਤੇ ਇਸ ਦੁਆਰਾ ਪ੍ਰਾਪਤ ਹੋਈ ਸ਼ਕਤੀ ਦੇ ਖ਼ੁੱਸ ਜਾਣ ਦਾ ਭੈ ਹੈ। ਚਿੰਤਾ ਉਸ ਨੂੰ ਹੋਰ ਵਧੇਰੇ ਮਾਇਆ ਜਮ੍ਹਾਂ ਕਰਨ ਦੀ ਹੈ। ਪੈਸਾ, ਪੈਸਾ ਹੀ ਵਰਦਾ ਤੇ ਪੈਸਾ ਹੀ ਜਣਦਾ ਹੈ।"

"ਏਸ ਪੂੰਜੀਵਾਦੀ ਨਿਜ਼ਾਮ ਵਿਚ ਪੈਸੇ ਬਿਨਾਂ ਵੀ ਤਾਂ ਗਤੀ ਨਹੀਂ।"

"ਹਾਂ, ਪੈਸਾ ਹੀ ਤਾਂ ਬਣ ਗਿਆ ਹੈ ਮੇਰਾ ਪਤੀ। ਹੁਣ ਤਾਂ ਹਰ ਰਾਤ ਬਿਸਤਰ ਉੱਤੇ ਵੀ ਟਰੱਕਾਂ ਦੇ ਵਪਾਰ ਦਾ ਸਾਰਾ ਤਾਣਾ ਪੇਟਾ ਚੁੱਕ ਲਿਆਉਂਦਾ ਹੈ। ਇਸ ਬੋਝ ਦੇ ਭੈ ਤੇ ਚਿੰਤਾ ਹੇਠੋਂ ਹੁਣ ਤਾਂ ਉਸ ਦੇ ਅੰਦਰਲਾ ਮਰਦ ਵੀ ਸਿਰ ਨਹੀਂ ਚੁੱਕਦਾ। ਭਰਨਾ, ਫਿਸਣਾ ਜਿਵੇਂ ਉਸ ਨੂੰ ਭੁੱਲ ਗਿਆ ਹੋਵੇ। ਉਸ ਅੰਦਰ ਪੈਸੇ ਦੀ ਹਉਂ ਜਿਉਂ ਜਿਉਂ ਉੱਚੀ ਹੋ ਰਹੀ ਹੈ, ਤਿਉਂ ਤਿਉਂ ਉਸ ਅੰਦਰਲਾ ਮਰਦ ਇਕ ਸਦਾ ਨਿਪੁੰਸਕਤਾ ਦੀ ਅਵਸਥਾ ਵਿਚ ਨਿੱਘਰਦਾ ਜਾ ਰਿਹਾ ਹੈ ... ਇਹ ਕਿਹਾ ਪੜਾ ਹੈ ਜ਼ਿੰਦਗੀ ਦਾ ? ਜ਼ਿੰਦਗੀ ਦੇ ਰੰਗ ਵੀ ਅਜੀਬ ਹਨ। ਪ੍ਰੇਮੀ ਪਹਿਲਾਂ ਪਤੀ ਬਣਦਾ ਹੈ। ਫਿਰ ਪਤੀ ਅੰਦਰਲਾ ਮਰਦਊਪੁਣਾ ਜਾਗਦਾ ਤੇ ਉਹ ਜਿਸਮਾਂ ਦੇ ਰਣ ਸਰ ਕਰਨ ਨੂੰ ਜੀਵਨ ਦਾ ਮਨੋਰਥ ਥਾਪ ਲੈਂਦਾ ਹੈ। ਇਸ ਦੌਰਾਨ ਬੱਚੇ ਹੋ ਜਾਂਦੇ ਹਨ। ਬੱਚਿਆਂ ਦੇ ਭਵਿੱਖ ਲਈ ਇਕ ਨਵੀਂ ਜੱਦੋ-ਜਹਿਦ ਸ਼ੁਰੂ ਹੁੰਦੀ ਹੈ। ਸਫ਼ਲਤਾ ਤੇ ਮਾਇਆ ਦਾ ਚਸਕਾ ਨਸ਼ੇ ਵਾਂਗ ਦਿਮਾਗ਼ ਨੂੰ ਚੜ੍ਹ ਜਾਂਦਾ ਹੈ ਤੇ ਮਨੁੱਖ ਆਲੇ-ਦੁਆਲੇ ਦੇ ਸੰਦਰਭ ਵਿੱਚੋਂ ਆਪਣੇ ਮੁੱਲ ਦੀ ਤਲਾਸ਼ ਵਿਚ ਉਲਝ ਜਾਂਦਾ ਹੈ। ਇੰਜ ਸ਼ੁਰੂ ਹੁੰਦੀ ਹੈ ਮੁਕਾਬਲੇ ਦੀ ਇਕ ਹੋਰ ਦੌੜ, ਜੋ ਮਨੁੱਖ ਨੂੰ ਉਸ ਦੇ ਬੱਚਿਆਂ ਤੇ ਉਸ ਦੀ ਪਤਨੀ ਨਾਲੋਂ ਅਨਜਾਣੇ ਹੀ ਦੂਰੀ ਤੇ ਖੜਿਆ ਕਰ ਦਿੰਦੀ ਤੇ ਪਹਿਲ ਸਦਾ ਕਿੱਤਾਕਾਰੀ ਰੁਝੇਵਿਆਂ ਨੂੰ ਮਿਲਦੀ ਹੈ। ਉਸ

ਅੰਦਰਲੇ ਪ੍ਰੇਮੀ ਅਤੇ ਮਰਦ ਦਾ ਵਿਕਾਸ ਰੁਕ ਜਾਂਦਾ ਹੈ। ਉਹ ਆਪਣੀ ਪਤਨੀ ਤੇ ਉਸ ਅੰਦਰਲੀ ਪ੍ਰੇਮਿਕਾ ਦੇ ਹਾਣ ਦਾ ਨਹੀਂ ਰਹਿੰਦਾ।"

"ਇਹ ਤੂੰ ਕਿਹੜੇ ਹਾਣ ਦੇ ਚੱਕਰਾਂ ਵਿਚ ਪੈ ਗਈ ?"

"ਗੱਲ ਮਾਨਸਕ ਹਾਣ ਦੀ ਹੋ ਰਹੀ ਹੈ। ਤੇਰੀ ਤੇ ਤੇਰੀ ਪਤਨੀ ਦੀ ਹੋ ਰਹੀ ਹੈ। ਤੇਰੇ ਬੱਚਿਆਂ ਦੀ ਹੋ ਰਹੀ ਹੈ।"

"ਇਹ ਕੀ ਪਹੇਲੀਆਂ ਪਾ ਰਹੀ ਹੈਂ ? ਠੀਕ, ਠੀਕ ਬੋਲ।"

"ਤੇਰਾ ਤੇ ਤੇਰੀ ਪਤਨੀ ਦਾ ਵਿਆਹ ਹੋਇਆ। ਭਰ ਜਵਾਨੀ ਵਿਚ ਜਿਸਮਾਂ ਦੀ ਭਾਸ਼ਾ ਦੇ ਡੂੰਘੇ ਅਰਥਾਂ ਦੀ ਥਾਹ ਪਾਉਣ ਲਈ ਯਤਨ ਇਕ ਕੁਦਰਤੀ ਗੱਲ ਸੀ। ਜਿਸਮਾਂ ਦੀ ਚੇਤਨਾ ਵਿਚ ਅਚੇਤ ਹੀ ਕਿਧਰੇ ਕੁਲ ਨੂੰ ਤੋਰੀ ਰੱਖਣ ਲਈ ਔਲਾਦ ਦੀ ਇੱਛਾ ਪਨਪਦੀ ਰਹੀ। ਤੇਰੇ ਬੱਚੇ ਹੋ ਗਏ। ਤੇਰੀ ਪਤਨੀ ਪੱਕੇ ਤੌਰ ਉੱਤੇ ਬੱਚਿਆਂ ਦੇ ਨਾਲ ਬੱਝ ਗਈ। ਤੂੰ ਬੱਚਿਆਂ ਦਾ ਇਕ ਦੁਜੈਲਾ ਜਾਂ ਘਟੀਆ ਬਦਲ ਬਣਦਾ ਗਿਆ ਉਸ ਲਈ। ਪਰ ਤੇਰੇ ਲਈ ਉਸ ਅੰਦਰਲੀ ਪ੍ਰੇਮਿਕਾ ਤੇ ਔਰਤ ਵਿਕਾਸ ਦੀ ਬਹੁਮੁਖੀ ਗਤੀ ਨਾਲੋਂ ਟੁੱਟ ਕੇ ਸਦਾ ਲਈ ਰੁਕ ਗਈ। ਉਹ ਕੇਵਲ ਮਾਂ ਬਣ ਕੇ ਰਹਿ ਗਈ। ਉਮਰ ਦੇ ਬੀਤਣ ਨਾਲ, ਤੂੰ ਇਸ ਦੇ ਹਰ ਪੜਾ ਅਨੁਸਾਰ ਉਸ ਅੰਦਰ ਇਕ ਵਧ ਵਿਗਸ ਰਹੀ ਨਵੀਂ ਔਰਤ ਦੇ ਦੀਦਾਰ ਕਰਨੇ ਚਾਹੁੰਦਾ ਸੈਂ। ਪਰ ਇੰਜ ਨਾ ਹੋ ਸਕਿਆ। ਤੂੰ ਭਰੇ ਭਕੁੰਨੇ ਘਰ ਵਿਚ ਲਗਾਤਾਰ ਇਕੱਲਾ ਹੁੰਦਾ ਚਲਾ ਗਿਆ। ਤੇਰੀ ਪੀੜ ਦੇ ਸੰਤਾਪ ਦਾ ਸਹਿਨ ਨਾ ਕਰਦੀ ਹੋਈ ਤੇਰੀ ਪਤਨੀ ਬੱਚਿਆਂ ਨੂੰ ਨਾਲ ਲੈ ਕੇ ਕੁਝ ਸਮੇਂ ਲਈ ਵਾਪਸ ਤੇਰੇ ਦੇਸ਼ ਚਲੇ ਗਈ। ਕਿਉਂਕਿ ਉਸ ਦਾ ਵਿਸ਼ਵਾਸ ਹੈ ਕਿ ਸਮਾਂ ਸਭ ਤੋਂ ਵੱਡਾ ਵੈਦ ਹੈ ਤੇ ਜੁਦਾਈ ਸ਼ਾਇਦ ਨਵੇਂ ਸੰਦਰਭਾਂ ਅਤੇ ਨਵੀਆਂ ਕੀਮਤਾਂ ਨੂੰ ਸਮਝਣ ਵਿਚ ਸਹਾਈ ਹੋਵੇ।"

ਉਹ ਕੁਝ ਦੇਰ ਲਈ ਰੁਕੀ ਜਿਵੇਂ ਉਸ ਦੀ ਚੁੱਪ ਨੂੰ ਸਹਿਮਤੀ ਦੇ ਹੁੰਗਾਰੇ ਦੀ ਪ੍ਰੋੜਤਾ ਦੇ ਰੂਪ ਵਿਚ ਵੇਖਣਾ, ਸੁਣਨਾ ਤੇ ਸਮਝਣਾ ਜ਼ਰੂਰੀ ਹੋਵੇ, ਸ਼ਮਿੰਦਰ ਨੂੰ ਆਸ ਨਹੀਂ ਸੀ ਕਿ ਉਸ ਨੇ ਉਸ ਬਾਰੇ ਏਨੀ ਖੋਜ ਕਰ ਰੱਖੀ ਹੈ ਤੇ ਇਹ ਖੋਜ ਅਚਨਚੇਤ ਉਸ ਉੱਤੇ ਟੈਲੀਫ਼ੋਨ ਦੀ ਗੱਲਬਾਤ 'ਚੋਂ ਅਚੰਭਾ ਬਣ ਕੇ ਬਰਸੇਗੀ। ਜੈਕੀ ਨੇ ਆਪਣੀ ਗੱਲ ਮੁੜ ਜਾਰੀ ਕੀਤੀ, "ਮੈਂ ਤੈਨੂੰ ਅਕਸਰ ਉਲਝਿਆ ਹੋਇਆ ਕਹਿੰਦੀ ਸਾਂ। ਮਨ ਅਤੇ ਤਨ ਵਿਚ ਪਾਟਿਆ ਹੋਇਆ ਸਮਝਦੀ ਸਾਂ। ਤੇਰੀਆਂ ਗੱਲਾਂ ਦੀ ਧੁੱਪ ਅਕਸਰ ਧੁੰਦ ਵਿਚ ਘਿਰ ਜਾਂਦੀ ਸੀ, ਤਾਂ ਮੈਂ ਹੈਰਾਨ ਹੁੰਦੀ ਸਾਂ ਕਿ ਤੈਨੂੰ ਹੋ ਕੀ ਗਿਆ ਹੈ ? ਤੂੰ ਸੂਰਜਾਂ ਨੂੰ ਸੀਨੇ ਵਿਚ ਛੁਪਾਈ ਨ੍ਹੇਰੇ ਵਿਚ ਠੇਡੇ ਖਾ ਰਿਹਾ ਸੈਂ। ਤੂੰ ਹੱਸਦਾ ਸੈਂ ਤੇ ਮੈਨੂੰ ਇਸ 'ਚੋਂ ਤੇਰੇ ਮੌਨ ਰੁਦਨ ਦੀ ਆਵਾਜ਼ ਸੁਣਾਈ ਦਿੰਦੀ ਸੀ। ਤੂੰ ਮਨ ਅਤੇ ਤਨ ਦੇ ਹਾਣ-ਹਾਣੀਆਂ ਦੇ ਸਾਥਾਂ ਦੀਆਂ ਗੱਲਾਂ ਕਰਦਾ ਸੈਂ, ਤੇ ਮੇਰੇ ਜਿਸਮ ਦੇ ਨਗਨ ਅੰਗਾਂ ਨੂੰ ਲਾਲਸਾ ਭਰੀਆਂ ਨਜ਼ਰਾਂ ਨਾਲ ਘੂਰਦਾ, ਇਨ੍ਹਾਂ ਤੋਂ ਪਾਰ ਚਲੇ ਜਾਂਦਾ ਸੈਂ। ਨਿਰਲੇਪ ਹੋ ਜਾਂਦਾ ਸੈਂ। ਹੁਣ ਮੈਨੂੰ ਤੇਰੀ ਪੂਰੀ ਪੂਰੀ ਸਮਝ ਪੈ ਰਹੀ ਹੈ। ਜਾਪਦਾ ਹੈ ਤੇਰੀਆਂ ਧੁੱਪਾਂ ਛਾਵਾਂ ਦਾ ਮੌਸਮ ਅੱਜ ਮੇਰੀ ਚੇਤਨਾ ਨੂੰ ਆਪਣੇ ਹਾਣ ਦਾ ਬਣਨ ਦੀ ਚੁਣੌਤੀ ਦੇ ਰਿਹਾ ਹੋਵੇ।"

"ਬਸ ਕਰੋ ਮਹਾਰਾਜ। ਭਾਸ਼ਨ ਬਹੁਤ ਹੋ ਗਿਆ। ਇਹ ਦੱਸ ਕਿ ਸਾਡੇ ਦੇਸ਼ ਸਾਨੂੰ ਆਪਣੇ ਹਾਣ ਵਿਚ ਕਰਨ ਹੁਣ ਕਦੋਂ ਆਉਣਾ ਹੈ ?"

"ਮੈਂ ਤੇਰੇ, ਨਹੀਂ ਆਪਣੇ, ਦੇਸੋਂ ਹੀ ਬੋਲ ਰਹੀ ਹਾਂ। ਏਅਰ ਪੋਰਟ ਤੋਂ ਸਿੱਧੀ ਹੌਟ ਸਪਰਿੰਗਜ਼ ਰੀਜ਼ੋਰਟ (Hot Springs Resort) ਪਹੁੰਚੀ ਹਾਂ। ਏਥੇ ਕੁਦਰਤੀ ਚਸ਼ਮੇਂ ਦੇ ਗਰਮ ਪਾਣੀ ਦਾ ਤਰਨ-ਤਾਲਾਬ ਵੀ ਹੈ ਤੇ ਵਰਲ-ਪੂਲ ਵੀ। ਸਾਉਨਾ ਵੀ ਹੈ ਤੇ ਕਸਰਤੀ ਸਾਮਾਨ ਵੀ। ਬਿਲਕੁਲ ਉਹੀ ਮਾਹੌਲ, ਜਿਸ ਮਾਹੌਲ ਵਿਚ ਅਸੀਂ ਪਹਿਲਾਂ ਪਹਿਲ ਮਿਲੇ ਸਾਂ। ਮਿਲ ਕੇ ਇਕ ਦੂਜੇ ਵਿਚ ਪਰਵਾਨ ਚੜ੍ਹੇ ਸਾਂ। ਤੇਰੇ ਸ਼ਹਿਰੋਂ 142 ਕਿਲੋਮੀਟਰ ਤੇ ਹੈ ਇਹ ਹੋਟਲ, ਇਹ ਰੀਜ਼ੋਰਟ। ਹੁਣੇ, ਹੁਣੇ ਬਣਿਆ ਤੇ ਸ਼ੁਰੂ ਹੋਇਆ ਹੈ। ਮੈਂ ਸੋਚਿਆ ਕਿ ਪੁਰਾਣੀਆਂ ਯਾਦਾਂ ਨੂੰ ਨਵੇਂ ਸੰਦਰਭ ਵਿਚ ਭੋਗਿਆ ਤੇ ਜੀਵਿਆ ਜਾਵੇ ਤਾਂ ਹੀ ਮਜ਼ਾ ਆਵੇਗਾ। ਮੈਂ ਕਮਰਾ ਨੰਬਰ

ਤੇਰ੍ਹਾਂ ਵਿਚ ਠਹਿਰੀ ਹਾਂ। ਆ ਜਾ ਤੇਰਾ ਹੀ ਇੰਤਜ਼ਾਰ ਹੈ। ਪੱਛਮ ਵਿਚ 13 ਨੰਬਰ ਨੂੰ ਲੋਕੀਂ ਨਹਿਸ਼ ਸਮਝਦੇ ਹਨ ਤੇ ਕਈਆਂ ਹੋਟਲਾਂ ਵਿਚ ਤੇਰ੍ਹਾਂ ਨੰਬਰ ਦਾ ਕਮਰਾ ਹੀ ਨਹੀਂ ਹੁੰਦਾ। ਮੈਂ ਚਾਹੁੰਦੀ ਹਾਂ ਕਿ ਤੇਰੇ ਸੰਗ ਸਾਥ ਦੇ ਸ਼ਗਨ ਨਾਲ ਏਸ ਨੰਬਰ ਦੇ ਨਹਿਸ਼ਪੁਣੇ ਨੂੰ ਸਦਾ ਸਦਾ ਲਈ ਧੋ ਦੇਵਾਂ।" ਆਖ ਕੇ ਉਸ ਨੇ ਫ਼ੋਨ ਰੱਖ ਦਿੱਤਾ। ਉਸ ਨੂੰ ਪੂਰਾ ਭਰੋਸਾ ਸੀ ਕਿ ਸ਼ਮਿੰਦਰ ਉਸ ਕੋਲ ਜ਼ਰੂਰ ਪਹੁੰਚੇਗਾ। ਜੈਕੀ ਹਲਕੇ ਪਿਆਜ਼ੀ ਰੰਗ ਦੇ ਨਾਈਟ ਗਾਊਨ ਵਿਚ ਆਪਣੇ ਬਿਸਤਰੇ ਵਿਚ ਲੇਟੀ ਹੋਈ ਸੀ। ਕਮਰੇ ਦਾ ਦਰਵਾਜ਼ਾ ਖੁੱਲ੍ਹਾ ਸੀ। ਕਮਰੇ ਦੇ ਫਰਨੀਚਰ, ਪਰਦਿਆਂ ਤੇ ਪਲੰਘਾਂ ਦੀ ਚਾਦਰ ਆਦਿ ਸਭ ਦੀ ਕਲਰ ਸਕੀਮ ਹਲਕੇ ਪਿਆਜ਼ੀ ਰੰਗ ਦੀ ਹੀ ਸੀ। ਕੀ ਇਹ ਕੁਦਰਤੀ ਹੀ ਇੰਜ ਹੋਇਆ ਸੀ ਜਾਂ ਜੈਕੀ ਦੇ ਆਦੇਸ਼ ਉੱਤੇ ਇੰਜ ਕੀਤਾ ਗਿਆ ਸੀ ? ਸ਼ਮਿੰਦਰ ਸੋਚ ਰਿਹਾ ਸੀ। ਜੈਕੀ ਨੂੰ ਪਤਾ ਸੀ ਕਿ ਸ਼ਮਿੰਦਰ ਦੀ ਸੱਭਿਅਤਾ ਵਿਚ ਪਿਆਜ਼ੀ ਰੰਗ ਨੂੰ ਸ਼ਗਨਾਂ ਦਾ ਰੰਗ ਸਮਝਿਆ ਜਾਂਦਾ ਹੈ।

ਸ਼ਮਿੰਦਰ ਨੂੰ ਆਪਣੇ ਉੱਪਰ ਝੁਕਿਆ ਮਹਿਸੂਸ ਕਰਕੇ ਉਸ ਨੇ ਹੌਲੀ, ਹੌਲੀ ਅੱਖਾਂ ਖੋਲ੍ਹੀਆਂ। ਕਿਸੇ ਨਸ਼ੇ ਜਿਹੇ ਵਿਚ ਉਨ੍ਹਾਂ ਵਿਚ ਹਲਕੀ ਪਿਆਜ਼ੀ ਭਾ ਦੀ ਝਲਕ ਵਿਖਾਈ ਦੇ ਰਹੀ ਸੀ।

ਉਸ ਦੇ ਬੁੱਲ੍ਹ ਕੰਬੇ ਤੇ ਉਸਦੀਆਂ ਬਾਹਾਂ ਵਿਚ ਹਰਕਤ ਹੋਈ। ਸ਼ਮਿੰਦਰ ਦਾ ਸਗਲਾ ਵਜੂਦ ਉਸ ਦੇ ਆਲਿੰਗਨ ਤੇ ਉਸ ਦਾ ਭਖਦਾ ਮੱਥਾ ਉਸ ਦੇ ਤਪਦੇ ਹੋਏ ਹੋਠਾਂ ਦੇ ਚੁੰਮਣ ਹੇਠ ਸੀ। ਸ਼ਮਿੰਦਰ ਦੇ ਹੋਠਾਂ 'ਤੇ ਉਂਗਲੀ ਰੱਖਦਿਆਂ ਉਸ ਨੇ ਚੁਪਕੇ ਜਿਹੇ ਉਸ ਨੂੰ ਆਪਣੇ ਨਾਲ ਲੇਟ ਜਾਣ ਦਾ ਆਦੇਸ਼ ਦਿੱਤਾ। ਇਹ ਸਭ ਕੁਝ ਚੁੱਪ ਚਾਪ ਉਸ ਦੀਆਂ ਨਜ਼ਰਾਂ ਆਖ ਗਈਆਂ ਸਨ। ਨਾਲ ਨਾਲ ਪਏ ਉਹ ਦੋਵੇਂ ਛੱਤ ਵਲਾਂ ਘੂਰ ਰਹੇ ਸਨ ਕਿ ਉਸ ਦੇ ਬੋਲ ਇਸ ਸੁਫ਼ਨਮਈ ਅਵਸਥਾ ਵਿੱਚੋਂ ਇਕ ਭਖ਼ਦੀ ਹੋਈ ਚੇਤਨਾ ਬਣ ਕੇ ਗੂੰਜੇ।

"ਮੇਰੇ ਮਰਦ ਨੂੰ ਹੁਣ ਮੇਰੇ ਜਿਸਮ ਦੀ ਲੋੜ ਨਹੀਂ ਰਹੀ ਹੁਣ। ਮੇਰੇ ਮਾਨਸਕ ਹਾਣ ਤੋਂ ਜਿਉਂ ਜਿਉਂ ਉਹ ਪਛੜਦਾ ਗਿਆ, ਤਿਉਂ, ਤਿਉਂ ਇਹ ਝੋਰਾ ਗੰਢਾਂ ਬਣ ਕੇ ਉਸ ਦੇ ਜਿਸਮ ਵਿਚ ਲੱਥਦਾ ਗਿਆ। ਉਸ ਨੂੰ ਸਿਰਫ਼ ਬੱਚਿਆਂ ਦੇ ਭਵਿੱਖ ਦੀ ਚਿੰਤਾ ਤੇ ਮਾਇਆ ਦੀ ਸ਼ਕਤੀ ਦੇ ਖੁਸ ਜਾਣ ਦਾ ਭੈ ਹੈ। ਨਿਰੰਤਰ ਭੈ ਦੀ ਏਸ ਅਵਸਥਾ ਹੇਠ ਉਸ ਦੀ ਮਰਦਾਨਗੀ, ਉਸ ਕੋਲੋਂ ਖੁੱਸ ਗਈ ਹੈ।"

ਉਹ ਸਾਹ ਲੈਣ ਲਈ ਰੁਕੀ। ਸ਼ਮਿੰਦਰ ਦੇ ਚਿਹਰੇ ਨੂੰ ਆਪਣੇ ਹੱਥਾਂ ਨਾਲ ਪੋਲੇ ਜਿਹੇ ਆਪਣੇ ਵਲਾਂ ਮੋੜਦੀ ਹੋਈ ਉਹ ਬੜੀ ਉਤੇਜਤ ਹੋ ਕੇ ਬੋਲੀ, "ਮੇਰੇ ਲਈ ਤੇਰੀ ਹੋਂਦ, ਤੇਰੀ ਹਾਜ਼ਰੀ ਤੇ ਤੇਰੀ ਪਹਿਚਾਣ ਦਾ ਮੱਠਾ-ਮੱਠਾ ਅਹਿਸਾਸ ਹੀ ਕਾਫ਼ੀ ਹੈ, ਜੋ ਮਨ ਅੰਦਰ ਫੈਲੇ ਇਕੱਲ ਦੇ ਪਾੜੇ (ਗੈਪ) ਨੂੰ ਹਰ ਸਮੇਂ ਭਰੀ ਰਖਦਾ ਹੈ। ਮਨ ਤੇ ਤਨ ਦੇ ਪ੍ਰਸੰਗਾਂ ਵਿਚ ਤੂੰ ਅਕਸਰ ਦੁਬਿਧਾ ਵਿਚ ਰਿਹਾ ਹੈਂ। ਮੈਂ ਚਾਹੁੰਦੀ ਹਾਂ ਕਿ ਤੇਰੀ ਇਹ ਦੁਬਿਧਾ ਸਦਾ-ਸਦਾ ਲਈ ਮਿਟ ਜਾਏ। ਏਸ ਲਈ ਜਿਸਮ ਦੀ ਇਹ ਸਾਰੀ ਰਿਆਸਤ ਅੱਜ ਤੋਂ ਮੈਂ ਤੇਰੇ ਨਾਮ ਕਰ ਦਿੱਤੀ ਹੈ। ਉਂਜ ਤੇਰੇ ਮਾਨਸਕ ਹਾਣ ਦੇ ਸਾਥ ਤੋਂ ਬਿਨਾਂ ਮੈਨੂੰ ਹੋਰ ਕੁਝ ਨਹੀਂ ਚਾਹੀਦਾ। ਉਮਰ ਦੇ ਹਰ ਪੜਾ ਨਾਲ ਨਿਰੰਤਰ ਵਿਗਸ ਰਿਹਾ ਇਕ ਐਸੇ ਮਾਨਸਕ ਹਾਣ ਦਾ ਸਾਥ ਜੋ ਮਨੁੱਖ ਅੰਦਰਲੇ ਪ੍ਰੇਮੀ ਅਤੇ ਔਰਤ ਅੰਦਰਲੀ ਪ੍ਰੇਮਿਕਾ ਨੂੰ, ਜ਼ਿੰਦਗੀ ਦੇ ਹਰ ਪੜਾ ਤੇ, ਆਖ਼ਿਰੀ ਸਾਹਾਂ ਤਕ ਜਗਾਈ ਰੱਖੇ। ਸ਼ੌਕ ਤੇ ਦਿਲਚਸਪੀਆਂ ਦੀ ਸਾਂਝ ਬਣਾਈ ਰੱਖੇ। ਇਕ ਦੂਜੇ ਨੂੰ, ਇਕ ਦੂਜੇ ਵਿਚ ਸਮਾਈ ਰਖੇ ... ਬੋਲ, ਦੇ ਸਕੇਂਗਾ, ਐਸਾ ਸਾਥ ਤੂੰ ਮੈਨੂੰ ???"

ਉਸ ਦੀਆਂ ਪਾਰਦਰਸ਼ੀ ਨਜ਼ਰਾਂ ਸ਼ਮਿੰਦਰ ਉੱਤੇ ਟਿਕੀਆਂ ਹੋਈਆਂ ਵੀ ਉਸ ਤੋਂ ਬਹੁਤ ਦੂਰ, ਉਸ ਤੋਂ ਪਾਰ ਵੇਖ ਰਹੀਆਂ ਸਨ। ਉਸ ਦੇ ਹੋਂਠ ਹਿੱਲ ਰਹੇ ਸਨ ਤੇ ਉਨ੍ਹਾਂ ਚੋਂ ਮੌਨ ਭਾਸ਼ਾ ਝਰ ਰਹੀ ਸੀ, ਜਿਸ ਦੇ ਅਰਥਾਂ ਦੀ ਪਹਿਚਾਣ ਕੇਵਲ ਸ਼ਮਿੰਦਰ ਹੀ ਕਰ ਸਕਦਾ ਸੀ।

# ਰਿਸ਼ਤਿਆਂ ਦੇ ਆਰ-ਪਾਰ

ਸਾਰਾ ਦੇਸ਼ ਹੈਰਾਨ ਸੀ। ਟੈਲੀਵਿਯਨ, ਰੇਡੀਓ ਤੇ ਸਮਾਚਾਰ ਪੱਤਰਾਂ ਨਾਲ ਮੱਸ ਰੱਖਣ ਵਾਲੇ ਖ਼ਬਰਾਂ ਦੇ ਸਭ ਸ਼ੌਕੀਨ ਹੈਰਾਨ ਸਨ। ਏਸ ਦੇਸ਼ ਵਿਚ ਵੀ ! ਤੇ ਗੁਆਂਢੀ ਦੇਸ਼ਾਂ ਵਿਚ ਵੀ। ਸਭ ਸੋਚ ਰਹੇ ਸਨ ਕਿ ਕੀ ਮਨੁੱਖ ਏਨਾ ਵੀ ਗਿਰ ਸਕਦਾ ਹੈ ? ਮਨੁੱਖ ਨੂੰ ਇਸ ਤਰ੍ਹਾਂ ਕਿਉਂ ਕਰਨਾ ਪੈਂਦਾ ਹੈ ? ਉਹ ਕਿਹੜੇ ਹਾਲਾਤ ਹਨ ਜੋ ਮਨੁੱਖ ’ਚੋਂ ਉਸ ਦੀ ਮਰਦਾਨਗੀ ਚੂਸ ਲੈਂਦੇ ਹਨ ? ਉਸ ਨੂੰ ਨਾਮਰਦ ਅਤੇ ਹੀਜੜੇ ਤੋਂ ਵੀ ਬੱਦਤਰ ਬਣਾ ਦਿੰਦੇ ਹਨ ? ਨਾਮਰਦਾਂ ਅਤੇ ਹੀਜੜਿਆਂ ਦਾ ਵੀ ਕੋਈ ਸਦਾਚਾਰ ਹੁੰਦਾ ਹੋਵੇਗਾ। ਕੋਈ ਨੈਤਿਕ ਕੀਮਤਾਂ ਤੇ ਕਿਰਦਾਰ ਹੁੰਦਾ ਹੋਵੇਗਾ। ਪਰ ਜੌਨ ਨੇ ਤਾਂ ਸਰੇ-ਬਾਜ਼ਾਰ ਲੋਈ ਲਾਹ ਕੇ ਨੰਗਾ ਨਾਚ ਨੱਚਣ ਦੀ ਠਾਣ ਲਈ ਸੀ। ਕਿਉਂ ?

ਇਹ ‘ਕਿਉਂ ?’ ਐਕਸਪੈਂਡ ਕਰਕੇ ਹਰ ਮਰਦ ਦਾ ਚਿਹਰਾ ਉਸਦੀਆਂ ਨਜ਼ਰਾਂ ਨੂੰ ਚਿਪਕ ਗਿਆ ਸੀ। ‘ਇਹ ਕਿਉਂ ?’ ਹਰ ਔਰਤ ਨੂੰ ਸੂਲ ਬਣ ਜ਼ਿਹਨ ਵਿਚ ਚੁੱਭ ਰਿਹਾ ਸੀ ? ਇਸ ‘ਕਿਉਂ” ਨੇ ਸਹਿਜ ਵਸਦੇ ਹਰ ਰਿਸ਼ਤੇ ਵਿਚਕਾਰ ਜਿਉਂ ਸੰਦੇਹ ਦੀ ਦੀਵਾਰ ਖੜੀ ਕਰ ਦਿੱਤੀ ਸੀ। ਇਹ ‘ਕਿਉਂ” ਜੋ ਕੱਚ ਕੰਕਰਾਂ ਬਣ ਕੇ ਅੰਦਰੋਂ ਬਾਹਰ ਵੱਲ ਜਾਂਦੇ ਹਰ ਰਸਤੇ ਉੱਤੇ ਚੀਨਾ-ਚੀਨਾ ਹੋ ਕੇ ਬਿਖਰ ਗਿਆ ਸੀ। ਇਸ ‘ਕਿਉਂ” ਦੇ ਬੋਝ ਹੇਠ ਹਰ ਕੋਈ ਜਿਵੇਂ ਖੋਪਰੀ ਤੋਂ ਬਿਨਾਂ ਨੰਗੇ ਦਿਮਾਗ-ਭਾਰ ਇਨ੍ਹਾਂ ਕੰਚ ਕੰਕਰਾਂ ਉੱਤੇ ਤੁਰਨ ਲਈ ਮਜਬੂਰ ਹੋਇਆ ਬਿੰਦ, ਬਿੰਦ-ਛਿਣ, ਛਿਣ ਲਹੂ ਲੁਹਾਣ ਹੋ ਰਿਹਾ ਸੀ। ਇਹ ‘ਕਿਉਂ” ਮੈਂ ਦੇ ਗੁੰਬਦ ਵਿਚ ਗੋਲੀ ਦੀ ਗੂੰਜ, ਉਸ ਦੀ ਨਿਰੰਤਰ ਪ੍ਰਤੀਧੁਨੀ ਬਣ ਗਈ ਸੀ। ਕੋਈ ਜਿਊ ਕੇ ਵੀ, ਨਹੀਂ ਜਿਊ ਰਿਹਾ ਸੀ। ਕੋਈ ਮਰ ਕੇ ਵੀ ਨਹੀਂ ਮਰ ਰਿਹਾ ਸੀ।

ਜੌਨ ਦੇ ਨਿਸਦਿਨ ਆਪਣੀ ਪਤਨੀ ਨੂੰ ਕੁੱਟਣ ਮਾਰਨ ਤੇ ਜ਼ਲੀਲ ਕਰਨ ਦੀਆਂ ਖ਼ਬਰਾਂ ਤਾਂ ਪਹਿਲਾਂ ਉਸ ਦੇ ਆਂਢ ਗੁਆਂਢ ਅਤੇ ਗਲੀ ਮੁਹੱਲੇ ਤਕ ਹੀ ਸੀਮਤ ਰਹੀਆਂ ਸਨ। ਨਸ਼ੇ ਦੀ ਹਾਲਤ ਵਿਚ ਉਹ ਅਕਸਰ ਉਸ ਉੱਤੇ ਹੱਥ ਚੁੱਕ ਲੈਂਦਾ ਸੀ। ਜੈਕੀ ਵੀ ਪਹਿਲਾਂ ਪਹਿਲ ਚੁੱਪ ਚਾਪ ਸਭ ਕੁਝ ਸਹਿ ਜਾਂਦੀ ਤੇ ਸਵੇਰੇ ਲੋਕਾਂ ਨੂੰ ਨੀਲੀ ਪੀਲੀ ਹੋਈ ਨਜ਼ਰ ਆਉਂਦੀ ਸੀ। ਪੁੱਛਦਾ ਉਸ ਨੂੰ ਕੋਈ ਨਹੀਂ ਸੀ, ਪਰ ਸਭ ਨੂੰ ਪਤਾ ਸੀ ਕਿ ਰਾਤ ਫਿਰ ਜੌਨ ਨੇ ਉਸ ਨੂੰ ਫੈਂਟਾ ਚਾੜ੍ਹਿਆ ਤੇ ਉਸ ਦੇ ਅੰਗ ਨੀਲੇ, ਪੀਲੇ ਹੋ ਗਏ ਸਨ।

ਜੈਕੀ ਨੂੰ ਲੋਕਾਂ ਦੀਆਂ ਨਜ਼ਰਾਂ, ਸੱਟਾਂ ਤੋਂ ਵੀ ਵਧੇਰੇ, ਚੁੱਭਦੀਆਂ ਸਨ। ਜੌਨ ਦੀ ਬੇਬਸੀ ਤੇ ਉਸ ਉਪਰੰਤ ਆਪਣੇ ਉੱਤੇ ਹੱਥ ਚੁੱਕਣ ਦੇ ਕਾਰਨ ਦਾ ਉਹ ਅਕਸਰ ਨਿਆਏਕਰਨ ਕਰ ਲੈਂਦੀ ਸੀ। ਪਤੀ, ਪਤਨੀ ਦੇ ਇਸ ਰਿਸ਼ਤੇ ਨੂੰ ਉਹ ਪਰਸਪਰ ਸਮਝ ਅਤੇ ਸਹਿਣ ਦਾ ਆਧਾਰ ਦੇ ਲੈਂਦੀ ਸੀ। ਪਰ ਇਹ ਲੋਕ ਕੌਣ ਹੁੰਦੇ ਹਨ ਉਸ ਨੂੰ ਏਸ ਤਰ੍ਹਾਂ ਘੂਰ, ਘੂਰ ਸਵਾਲੀਆਂ ਨਜ਼ਰਾਂ ਨਾਲ ਵੇਖਣ ਵਾਲੇ ? ਉਨ੍ਹਾਂ ਨਾਲ ਉਸ ਦਾ ਰਿਸ਼ਤਾ ਹੀ ਕੀ ਸੀ ? ਸ਼ਾਦੀ, ਵਿਆਹ ਕੋਈ ਖੇਡ ਤਾਂ ਨਹੀਂ ਹੁੰਦਾ। ਦੋ ਵਿਅਕਤੀਆਂ ਦਾ ਇਕੱਠੇ ਮਰਨ, ਜੀਣ ਦਾ ਇਕਰਾਰ ਹੁੰਦਾ ਹੈ। ਉਸ ਨੂੰ ਅਜੇ ਵੀ ਯਾਦ ਸੀ ਵਿਆਹ ਵੇਲੇ ਦਾ ਲਿਆ ਪ੍ਰਣ, ਜਦੋਂ ਉਸ ਨੇ ਪਾਦਰੀ

ਦੇ ਮਗਰ-ਮਗਰ ਕਿਹਾ ਸੀ ਕਿ ਜਦੋਂ ਤਕ ਮੌਤ ਸਾਨੂੰ ਜੁਦਾ ਨਹੀਂ ਕਰਦੀ, ਅਸੀਂ (ਮੈਂ ਤੇ ਜੌਨ) ਸਦਾ ਇਕੱਠੇ, ਇਕ-ਜਾਨ ਰਹਾਂਗੇ।

ਇਹ ਉਦੋਂ ਦੀ ਗੱਲ ਹੈ ਜਦੋਂ ਜੈਕੀ ਵੀਹ ਵਰ੍ਹਿਆਂ ਦੀ ਭਰ ਜੋਬਨ ਮੁਟਿਆਰ ਸੀ ਅਤੇ ਜੌਨ ਚਾਲ੍ਹੀ ਵਰ੍ਹਿਆਂ ਦਾ ਪ੍ਰੌਢ ਗੱਭਰੂ। ਜੌਨ ਪੁੱਜ ਕੇ ਸੁਹਣਾ ਅਤੇ ਸ਼ੌਕੀਨ ਸੀ। ਆਪਣੀ ਉਮਰ ਦੇ ਵਰ੍ਹਿਆਂ ਨਾਲੋਂ ਤਾਂ ਉਹ ਕਿਤੇ ਵਧੇਰੇ ਜਵਾਨ ਅਤੇ ਤਾਕਤਵਰ ਨਜ਼ਰ ਆਉਂਦਾ ਸੀ। ਉਸ ਦਾ ਆਪਣਾ ਬਿਜ਼ਨਸ ਸੀ, ਘਰ ਸੀ। ਕਾਰਾਂ ਸਨ। ਕਿਰਾਏ ਤੇ ਚੜ੍ਹੇ ਹੋਏ ਕਈ ਫ਼ਲੈਟ ਸਨ। ਧਨ ਦੌਲਤ ਦੀ ਕੋਈ ਕਮੀ ਨਹੀਂ ਸੀ। ਇਕ ਭਟਕਣ ਸੀ ਉਸ ਅੰਦਰ ਜੋ ਉਸ ਨੂੰ ਇਸ ਔਰਤ ਤੋਂ ਉਸ ਔਰਤ, ਏਸ ਸ਼ਰਾਬਖ਼ਾਨੇ ਤੋਂ ਉਸ ਸ਼ਰਾਬਖ਼ਾਨੇ ਅਤੇ ਏਸ ਉਣ ਤੋਂ ਉਸ ਉਣ ਤਕ ਭਟਕਾਈ ਫਿਰਦੀ ਸੀ।

ਪੈਸੇ ਤੇ ਐਸ਼ ਨੂੰ ਮੁਖ ਰਖ ਕੇ ਉਸ ਨਾਲ ਹੋਏ ਤਿੰਨ ਇਸਤਰੀਆਂ ਦੇ ਤਿੰਨ ਵਿਆਹ ਅਸਫਲ ਹੋ ਚੁੱਕੇ ਸਨ। ਉਹ ਤਲਾਕਸ਼ੁਦਾ, ਸਿੰਗਲ, ਕੁਆਰਾ ਪਰ ਹੰਢਿਆ ਹੋਇਆ ਸੀ। ਉਸ ਨੂੰ ਹਰ ਰਿਸ਼ਤਾ ਸੁੰਘਣ, ਹਰ ਕਦਮ ਫੂਕ-ਫੂਕ ਕੇ ਰੱਖਣ ਦੀ ਆਦਤ ਪੈ ਚੁੱਕੀ ਸੀ। ਉਸ ਦੇ ਗੁੰਬਦ ਵਿਚ ਕੇਵਲ 'ਮੈਂ' ਦਾ ਸੁਰ ਹੀ ਹਾਵੀ ਸੀ। ਬਾਕੀ ਸਭ ਕੁਝ ਨਿਰਾਰਥਕ ਸੀ, ਨਿਰਮੂਲ ਸੀ। ਉਸ ਨੂੰ ਅਕਸਰ ਮਹਿਸੂਸ ਹੁੰਦਾ ਸੀ ਕਿ ਔਰਤ ਬੇਵਫਾਈ ਅਤੇ ਬੇਹਯਾਈ ਦਾ ਦੂਸਰਾ ਨਾਮ ਸੀ। ਮਨੁੱਖ ਦਾ ਸਫ਼ਰ ਕੇਵਲ ਮੈਂ ਤੋਂ ਮੈਂ ਤਕ ਹੈ। ਇਸ ਸਫ਼ਰ ਦੇ ਆਸੇ, ਪਾਸੇ ਸਭ ਬੇਲੋੜਾ ਵਿਸਥਾਰ ਹੈ, ਜਿਸ ਨੂੰ ਬੇਰਹਿਮੀ ਨਾਲ ਆਪਣੀ ਜ਼ਿੰਦਗੀ 'ਚੋਂ ਖ਼ਾਰਜ ਕਰ ਦੇਣਾ ਚਾਹੀਦਾ ਹੈ।

ਘੰਟਿਆਂ ਬੱਧੀ ਇਨ੍ਹਾਂ ਸੋਚਾਂ ਵਿਚ ਹੀ ਜੌਨ ਸ਼ਰਾਬਖ਼ਾਨੇ ਦੇ ਕਿਸੇ ਅਨ੍ਹੇਰੇ ਖੂੰਜੇ ਵਿਚ ਬੈਠਾ ਇਨ੍ਹਾਂ ਵਿਚਾਰਾਂ ਦੀਆਂ ਸ੍ਵੈ-ਵਿਰੋਧੀ ਤੰਦਾਂ ਵਿਚ ਉਲਝਿਆ ਰਹਿੰਦਾ। ਇਨ੍ਹਾਂ ਦਿਨਾਂ 'ਚ ਹੀ ਜੈਕੀ ਉਸ ਨੂੰ ਮਿਲੀ ਸੀ। ਉਹ ਉਸੇ ਸ਼ਰਾਬਖ਼ਾਨੇ ਵਿਚ ਬਾਰ-ਮੇਡ (ਸਾਕੀ) ਸੀ, ਜਿੱਥੇ ਜੌਨ ਅਕਸਰ 'ਮੈਂ ਤੋਂ ਮੈਂ ਤਕ ਦੇ ਸਫ਼ਰ' ਲਈ ਜਾਇਆ ਕਰਦਾ ਸੀ। ਜੈਕੀ ਨੇ ਚਾਹੇ ਅਚਾਹੇ ਜੌਨ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਸੀ। ਉਸ ਦੀ ਨਿੱਕੀ ਤੋਂ ਨਿੱਕੀ ਲੋੜ ਦਾ ਧਿਆਨ ਰੱਖਣਾ ਸ਼ੁਰੂ ਕਰ ਦਿੱਤਾ ਸੀ। ਸਮੇਂ ਨਾਲ ਬੱਝੀ ਉਸ ਦੀ ਹਰ ਆਦਤ ਤੇ ਹਰਕਤ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ ਸੀ। ਅਨੇਰੇ ਤੇ ਲੋਅ ਵਿਚਕਾਰ ਤਣ, ਤਣ ਖਿੱਚ ਹੋ ਰਹੀ ਉਸ ਦੀ ਮਾਨਸਿਕਤਾ ਵਿਚ, ਉਹ ਸਹਿਜ ਵਸਣ ਦਾ ਉਚੇਚਾ ਯਤਨ ਕਰਦੀ ਰਹੀ ਸੀ ਹਰ ਰੋਜ਼। ਉਹ ਉਸ ਦੇ ਆਲੇ ਦੁਆਲੇ ਘੁੰਮਦੀ। ਉਸ ਨੂੰ ਇਕ ਮੁਸਕਾਨ ਨਾਲ ਜੀ ਆਇਆਂ ਆਖਦੀ। ਕੋਈ ਸ਼ਬਦ ਉਸ ਦੇ ਮੂੰਹ 'ਚੋਂ ਨਿਕਲਣ ਤੋਂ ਪਹਿਲਾਂ ਹੀ ਉਸ ਦੀ ਮਨਪਸੰਦ ਸ਼ਰਾਬ ਤੇ ਖਾਣ ਪੀਣ ਦੀਆਂ ਚੀਜ਼ਾਂ ਸਮੇਂ ਸਿਰ ਉਸ ਦੇ ਸਾਹਮਣੇ ਲਿਆ ਰਖਦੀ। ਉਹਦੇ ਗੁਸਲਖ਼ਾਨੇ ਵਲ ਜਾਣ ਸਮੇਂ ਉਸ ਦੇ ਹੱਥ, ਉਸ ਦੀ ਬਾਂਹ, ਉਸ ਦੀ ਸਗਲੀ ਹੋਂਦ ਦਾ ਸਹਿਜ-ਆਸਰਾ ਬਣ ਜਾਂਦੀ। ਕਦੋਂ ਜੌਨ ਨੂੰ ਮੁਕੰਮਲ ਅਨ੍ਹੇਰੇ ਅਤੇ ਕਦੋਂ ਕੈਂਡਲ ਲਾਈਟ ਦੀ ਲੋੜ ਹੁੰਦੀ ਸੀ, ਜੈਕੀ ਨੂੰ ਪਤਾ ਸੀ।

ਅੱਧੀ ਰਾਤ ਉਪਰੰਤ ਉਸ ਦੇ ਡਗਮਗਾਂਦੇ ਕਦਮਾਂ ਵਿਚਲੀ ਥਿਰ ਸ਼ਕਤੀ ਬਣੀ ਜੈਕੀ, ਜੌਨ ਨੂੰ ਆਪਣੀ ਸਗਲੀ ਹੋਂਦ ਦਾ ਆਸਰਾ ਦੇ ਕੇ ਉਸ ਦੀ ਕਾਰ ਤਕ ਛੱਡਣ ਜਾਂਦੀ। ਇਸ ਦੌਰਾਨ ਉਨ੍ਹਾਂ ਦੋਹਾਂ ਵਿਚਕਾਰ ਇਕ ਮੌਨ ਸੰਚਾਰ ਚੱਲ ਰਿਹਾ ਹੁੰਦਾ। ਸ਼ਬਦ ਊਣੇ, ਊਣੇ ਜਾਪਦੇ। ਸਹਿਜ-ਕਰਮ ਤੇ ਸੰਕੇਤਾਂ 'ਚੋਂ ਅਰਥ ਅਤੇ ਭਾਵ ਡੁੱਲ੍ਹ ਡੁੱਲ੍ਹ ਪੈਂਦੇ। ਪਾਰਦਰਸ਼ੀ ਨਜ਼ਰਾਂ ਐਕਸ-ਰੇ ਵਾਂਗ ਇਕ ਦੂਜੇ ਦਾ ਅੰਦਰ ਬਾਹਰ ਘੁੰਮ, ਇਕ ਦੂਜੇ ਨੂੰ ਜਾਣ ਪਹਿਚਾਣ ਜਾਂਦੀਆਂ। ਇਕ ਦੂਜੇ ਉੱਤੇ ਸਹਿਜ-ਘਟਦੀ ਹੋਂਦ ਮੈਂ ਤੇ ਅਮੈਂ ਦੇ ਭੇਦ ਮਿਟਾ ਦਿੰਦੀ। ਜੌਨ ਮੈਂ ਦਾ ਕੋਈ ਲੜ ਚੁੱਕਦਾ, ਉਸ 'ਚੋਂ ਜੈਕੀ ਝਾਕਦੀ। ਜੈਕੀ ਮੈਂ ਦਾ ਕੋਈ ਦਰਪਣ ਚੁੱਕਦੀ, ਉਸ ਵਿਚ ਜੌਨ ਵੱਸਿਆ ਹੁੰਦਾ। ਪਾਣੀ ਵਿਚ ਪਾਣੀ ਦੇ ਅਭੇਦ ਹੋ ਜਾਣ ਵਾਂਗ ਉਹ ਲੋਅ ਵਿਚ ਲੋਅ ਬਣ ਜਾਂਦੇ। ਇਕ ਦੂਜੇ ਤੋਂ ਵਿਰੋਧੀ ਦਿਸ਼ਾਵਾਂ ਵਲ ਧਿਆਨ ਲਾਈ ਵੀ ਉਹ ਇਕ ਦੂਜੇ ਨੂੰ ਵੇਖ ਰਹੇ ਹੁੰਦੇ। ਇਕ ਦੂਜੇ ਨੂੰ ਛੁਹ, ਪਰਸ ਰਹੇ ਹੁੰਦੇ।

ਜੈਕੀ ਦਾ ਆਪਣੀ ਹੋਂਦ ਉੱਤੇ ਸਹਿਜ ਘਟਣਾ ਜੌਨ ਨੂੰ ਮੰਦ, ਮੰਦ ਜਿਹਾ ਸਰੂਰ ਚੜ੍ਹਾ ਦਿੰਦਾ। ਉਸ ਦੀ ਰੂਹ ਵਜਦ ਵਿਚ ਆ ਜਾਂਦੀ। ਉਹ ਕੁਝ ਕਹਿਣਾ ਚਾਹੁੰਦਾ ਹੋਇਆ ਵੀ, ਕੁਝ ਕਹਿ ਨਾ ਪਾਉਂਦਾ। ਕੁਝ ਨਾ ਕਹਿ ਕੇ ਵੀ ਸਭ ਕੁਝ ਦੀ ਪ੍ਰਤੀਤੀ ਜੈਕੀ ਨੂੰ ਕਰਵਾ ਦਿੰਦਾ। ਅਜਿਹੇ ਹੀ ਵਜਦਮਈ ਮੂਕ ਸੰਚਾਰ ਦੇ ਆਵੇਸ਼ ਵਿਚ ਇਕ ਦਿਨ ਜੌਨ ਦਾ ਆਸਰਾ ਬਣੀ ਜੈਕੀ ਉਸ ਦੇ ਘਰ ਤਕ ਪਹੁੰਚ ਗਈ ਤੇ ਉੱਥੋਂ ਦੀ ਹੀ ਹੋ ਕੇ ਰਹਿ ਗਈ।

ਏਸ ਸਹਿਜ ਮੌਨ ਰਿਸ਼ਤੇ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਸਨ। ਜਿਸਮਾਂ ਦੀ ਸੀਮਾਂ, ਉਮਰਾਂ ਦੇ ਮੋੜ, ਮਨਾਂ ਦੀ ਲੋੜ ਅਤੇ ਮੈਂ ਦੀ ਪਹਿਚਾਣ ਜੈਕੀ ਲਈ, ਜੌਨ ਤੋਂ ਬਿਨਾਂ ਕੋਈ ਅਰਥ ਨਹੀਂ ਰਖਦੀ ਸੀ। ਜੌਨ ਨੂੰ ਵੀ ਏਸ ਗੱਲ ਦਾ ਪਤਾ ਸੀ, ਪ੍ਰਤੀਤੀ ਸੀ, ਅਹਿਸਾਸ ਸੀ ਪਰ ਫੇਰ ਵੀ ਪਤਾ ਨਹੀਂ ਕਿਉਂ ਪੰਜਾਹਵਾਂ ਵਰ੍ਹਾ ਪੂਰਾ ਕਰਨ ਉਪਰੰਤ ਉਸ ਅੰਦਰ ਟੁੱਟ ਭੱਜ ਹੋਣੀ ਸ਼ੁਰੂ ਹੋ ਗਈ ਸੀ। ਪੰਜ ਕੁ ਵਰ੍ਹੇ ਤਾਂ ਉਸ ਨੇ ਆਪਣੇ ਅੰਦਰਲੇ ਇਸ ਗੁੱਭ-ਗੁਲ੍ਹਾਟ ਨੂੰ ਦਬਾਈ ਰਖਿਆ। ਕਦੇ ਕਦਾਈਂ ਖਿਝ ਜਾਂਦਾ, ਤਾਂ ਕੋਈ ਬਹਾਨਾ ਤਲਾਸ਼ ਕਰ ਲੈਂਦਾ। ਬਿਜ਼ਨਸ ਦੇ ਕੰਮਾਂ ਦਾ ਦਬਾਅ ਜਾਂ ਹਰ ਕਾਰਜਕਾਰੀ ਚਿੰਤਾਵਾਂ ਦਾ ਬਿਖੇੜਾ। ਜੈਕੀ ਸਭ ਕੁਝ ਸਹਿ ਜਾਂਦੀ। ਜਾਣ ਕੇ ਅਨਜਾਣ ਬਣ ਜਾਂਦੀ। ਜੌਨ ਅੰਦਰ ਆ ਰਹੀ ਏਸ ਤਬਦੀਲੀ ਦੀ ਉਸ ਨੂੰ ਪੂਰੀ ਪੂਰੀ ਸੂਝ, ਸਮਝ ਸੀ। ਪਰ ਉਹ ਅਕਸਰ ਸੋਚਦੀ ਕਿ ਜੇ ਜੌਨ ਏਸ ਭਰਮ ਅੰਦਰ ਹੀ ਜਿਊਣਾ ਚਾਹੁੰਦਾ ਹੈ ਕਿ ਮੈਨੂੰ ਅੰਦਰੂਨੀ ਗੱਲ ਦੀ ਸਮਝ ਨਹੀਂ, ਤਾਂ ਏਸ ਵਿਚ ਕੀ ਹਰਜ਼ ਹੈ ? ਜੌਨ ਭਰਮ ਦੇ ਸੱਚ ਤਕ ਅੱਪੜੇ ਤੇ ਮੈਂ ਸੱਚ ਦੇ ਭਰਮ ਨੂੰ ਪ੍ਰਤੀਤੀ ਬਣਾ ਲਵਾਂਗੀ। ਏਸ ਸਭ ਕੁਝ ਦਾ ਅਹਿਸਾਸ ਜੌਨ ਨੂੰ ਹੋਰ ਵੀ ਪ੍ਰੇਸ਼ਾਨ ਕਰ ਦਿੰਦਾ। ਜੌਨ ਚਾਹੁੰਦਾ ਸੀ ਕਿ ਜੈਕੀ ਉਸ ਨਾਲ ਲੜੇ, ਝਗੜੇ ਉਸ ਉੱਤੇ ਬਰਸੇ। ਜੈਕੀ ਦੇ ਸਹਿਜ ਵਿੱਚੋਂ ਵੀ ਕਦੇ, ਕਦੇ ਉਸ ਨੂੰ ਉਸ ਦੇ ਯਤਨ ਦਾ ਸੰਦੇਹ ਹੁੰਦਾ। ਫਿਰ ਉਹ ਆਪ ਹੀ ਸੋਚਦਾ ਕਿ ਜੈਕੀ ਨੇ ਅੱਜ ਤਕ ਉਸ ਤੋਂ ਮੰਗਿਆ ਹੀ ਕੀ ਸੀ। ਉਸ ਨੇ ਜੇ ਮੰਗੀ ਸੀ ਤਾਂ ਜੌਨ ਦੀ ਖ਼ੁਸ਼ੀ ਹੀ ਮੰਗੀ ਸੀ। ਨਾ ਧਨ ਨਾਲ ਲਗਾਅ। ਨਾ ਐਸ਼ ਦਾ ਸ਼ੌਕ। ਜੋ ਦਿੱਤਾ ਉਹ ਪਹਿਨ ਲਿਆ। ਜਿਸ ਰੰਗ ਤੱਕਿਆ, ਉਸ ਰੰਗ ਢਲ ਗਈ ਜੈਕੀ।

ਜੈਕੀ ਦਾ ਇਸ ਦੁਨੀਆਂ ਵਿਚ ਕੋਈ ਨਹੀਂ ਸੀ। ਵਿਆਹ ਤੋਂ ਪਹਿਲਾਂ ਅਚਾਹੀ ਔਲਾਦ ਵਾਂਗ ਉਹ ਅਨਾਥ ਪੈਦਾ ਹੋਈ ਸੀ। ਕਿਸੇ ਦੂਰ ਦੇ ਰਿਸ਼ਤੇਦਾਰ ਨੇ ਉਸ ਨੂੰ ਜਨਮ-ਉਪਰੰਤ ਹੀ ਗੋਦ ਲੈ ਲਿਆ ਸੀ। ਵੱਡੀ ਹੋਈ, ਤਾਂ ਲੈ-ਪਾਲਕ ਮਾਪੇ ਉਸ ਨੂੰ ਰਾਸ ਨਾ ਆਏ। ਮਾਂ ਪਿਓ ਏਸ ਪੂੰਜੀਵਾਦੀ ਸਮਾਜ ਦੀ ਭੀੜ ਵਿਚ ਗੁੰਮ-ਗੁਆਚ ਕੇ ਵੱਖ, ਵੱਖ ਆਸਰਿਆਂ ਦੀ ਤਲਾਸ਼ ਵਿਚ ਭਟਕ ਰਹੇ ਸਨ। ਲਾਪਤਾ ਸਨ। ਜੈਕੀ ਵੀ ਸਟਰੀਟ ਗਰਲ, ਹੁੱਕਰ, ਵੇਸਵਾ ਬਣ ਕੇ, ਗੁੰਮ ਗੁਆਚ ਗਈ, ਏਸ ਸਦੀ ਦੀ ਏਸ ਡਰੱਗ ਕਲਚਰ ਵਿਚ। ਜਿੱਥੇ ਹਰ ਛਿਣ ਕੇਵਲ ਲੋੜ ਨਾਲ ਰਿਸ਼ਤਾ ਸੀ। ਹਰ ਰਿਸ਼ਤੇ ਦੀ ਵਫ਼ਾ ਲੋੜ ਤੋਂ ਸ਼ੁਰੂ ਹੋ ਕੇ ਲੋੜ ਉੱਤੇ ਹੀ ਦਮ ਤੋੜ ਦਿੰਦੀ ਸੀ। ਲੋੜ ਦੇ ਏਸ ਸੁਆਰਥੀ ਚੱਕਰਵਿਊਹ ਵਿਚ ਘਿਰੀ ਜੈਕੀ ਬਹੁਤ ਛੇਤੀ ਏਸ ਸਭ ਕੁਝ ਤੋਂ ਉਕਤਾ ਗਈ ਸੀ। ਏਸ ਮਾਹੌਲ ਨਾਲ ਸੰਬੰਧਤ ਆਪਣੀਆਂ ਸਾਰੀਆਂ ਬੇੜੀਆਂ ਨੂੰ ਅੱਗ ਲਾ ਕੇ, ਏਸ ਮਾਹੌਲ ਨੂੰ ਸਦਾ ਲਈ ਵਿਦਾ ਕਹਿ ਕੇ, ਸਦੀਵੀ ਸ਼ਾਂਤੀ ਦੀ ਤਲਾਸ਼ ਵਿਚ ਜੈਕੀ, ਜੌਨ ਦੇ ਸ਼ਹਿਰ ਆ ਵਸੀ।

ਏਸ ਓਪਰੇ ਮਾਹੌਲ ਵਿਚ ਉਸ ਨੂੰ ਕਿਸੇ ਆਪਣੇ ਦੀ ਤਲਾਸ਼ ਸੀ। ਇਹ ਆਪਣਾ ਉਸ ਨੂੰ ਜੌਨ ਦੇ ਰੂਪ ਵਿਚ ਮਿਲ ਗਿਆ ਸੀ। ਤੇ ਹੁਣ ਜਦੋਂ ਜੈਕੀ ਚਾਲ੍ਹੀਆਂ ਦੀ ਅਤੇ ਜੌਨ ਸੱਠਾਂ ਦਾ ਹੋ ਗਿਆ ਸੀ, ਤਾਂ ਉਮਰ ਨੇ ਏਸ ਰਿਸ਼ਤੇ ਵਿਚ ਤ੍ਰੇੜਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ।

ਜੌਨ ਵਲੋਂ ਮਾਰ ਕੁੱਟ ਦੀ ਖ਼ਬਰ ਤਾਂ ਉਨ੍ਹਾਂ ਦੇ ਗਲੀ ਗੁਆਂਢ ਤੇ ਸ਼ਹਿਰ ਤਕ ਹੀ ਸੀਮਤ ਰਹੀ ਸੀ। ਤੇ ਲੋਕੀ ਉਡੀਕ ਰਹੇ ਸਨ ਕਿ ਵੇਖੋ, ਕਦੋਂ ਜੈਕੀ ਜੌਨ ਨੂੰ ਛੱਡ ਕੇ ਸਦਾ ਲਈ ਕਿਧਰੇ ਹੋਰ ਟੁਰ ਜਾਂਦੀ ਹੈ। ਪਰ ਜੈਕੀ ਸੀ ਕਿ ਜੌਨ ਨੂੰ ਛੱਡਣ 'ਤੇ ਹੀ ਨਹੀਂ ਸੀ ਆਉਂਦੀ। ਲੋਕ ਹੈਰਾਨ ਸਨ। ਕਦੇ-ਕਦੇ ਜੌਨ ਵੀ ਹੈਰਾਨ ਹੁੰਦਾ ਸੀ।

ਸ਼ਰਾਬ ਦੇ ਨਸ਼ੇ ਵਿਚ ਇਕ ਦਿਨ ਜੌਨ ਫਿਸ ਹੀ ਪਿਆ। ਦੱਬੇ ਹੋਏ ਅਨੇਕਾਂ ਅਰਥ ਉਸ ਦੇ ਅੰਦਰੋਂ ਸ਼ਬਦਾਂ ਦਾ ਹੜ੍ਹ ਬਣ ਕੇ ਫੁੱਟ ਪਏ, "ਜੈਕੀ ਤੇਰੀ ਮੁਹੱਬਤ ਵਿਚ ਬੰਦੇ ਨੂੰ ਖ਼ੁਦਾ ਬਣਾ ਦੇਣ ਦੀ ਸ਼ਕਤੀ ਤਾਂ ਹੈ। ਪਰ ਤੂੰ ਸੱਠਾਂ ਸਾਲਾਂ ਦੇ ਇਕ ਬੁੱਢੇ ਨੂੰ ਜਵਾਨ ਨਹੀਂ ਬਣਾ ਸਕਦੀ। ਮੈਂ ਅੰਦਰ ਹੀ ਅੰਦਰ ਅਪਰਾਧ ਦੀ ਗ੍ਰੰਥੀ ਵਿਚ ਘੁੱਟ, ਵੱਟ, ਪੀਚ ਹੋ ਰਿਹਾ ਹਾਂ। ਕੀ ਅਧਿਕਾਰ ਹੈ ਮੈਨੂੰ ਤੇਰੇ ਵਰਗੀ ਖ਼ੂਬਸੂਰਤ, ਜਵਾਨ ਇਸਤਰੀ ਨੂੰ ਖੋਖਲੇ ਤੇ ਨਾਮਰਦ ਰਿਸ਼ਤੇ ਵਿਚ ਬੰਨ੍ਹੀ ਰਖਣ ਦਾ ? ਬੁਢਾਪਾ ਨਾਮਰਦੀ ਦੀ ਅਵਸਥਾ ਹੀ ਤਾਂ ਹੁੰਦੀ ਹੈ। ਅੰਗ ਹੁੰਦਿਆਂ ਬੰਦਾ ਅੰਗਹੀਣ ਹੋ ਜਾਂਦਾ ਹੈ। ਖੁਸਰੇ ਤੇ ਹੀਜੜੇ ਤੋਂ ਬੱਦਤਰ ਬਣ ਜਾਂਦਾ ਹੈ। ਤੇਰੇ ਅੰਦਰ ਅਜੇ ਵੀ ਜੰਗਲ ਦੀ ਅੱਗ ਲੱਟ-ਲੱਟ ਮਚਦੀ ਹੈ। ਜਦੋਂ ਤੂੰ ਏਸ ਅੱਗ ਨੂੰ ਮੇਰੇ ਰਿਸ਼ਤੇ ਦੇ ਮੋਹ ਵਿਚ ਸਾਧਦੀ ਹੈਂ ਤਾਂ ਤੇਰੇ ਏਸ ਤਿਆਗ ਉੱਤੇ ਮੈਨੂੰ ਇਕੋ ਸਮੇਂ ਮੋਹ ਵੀ ਆਉਂਦਾ ਹੈ ਅਤੇ ਰੋਹ ਵੀ ਚੜ੍ਹਦਾ ਹੈ। ਮੈਂ ਵਿਰੋਧੀ ਦਿਸ਼ਾਵਾਂ ਵੱਲ ਖਿਚ, ਪਾਟ, ਘੜੀਸ ਹੁੰਦਾ ਹਾਂ ... ਟੁੱਟਣ ਤਕ ਤਣ ਜਾਂਦਾ ਹਾਂ। ਇਹ ਕਿਹਾ ਵਰ ਜਿਹਾ ਸਰਾਪ ਹੈ, ਮੈਨੂੰ ਤੇਰੀ ਮੁਹੱਬਤ ਦਾ ਕਿ ਮਨ, ਦਿਲ, ਦਿਮਾਗ਼ ਤੇਰਾ ਹੋਣ ਚਾਹੁੰਦਾ ਹੋਇਆ ਵੀ ਜਿਸਮ ਨੂੰ, ਤੈਨੂੰ ਪੂਰਨ ਰੂਪ ਵਿਚ, ਸਵੀਕਾਰ ਕਰਨ ਦੀ ਪ੍ਰੇਰਣਾ ਦੇ ਕੇ ਵੀ ਸਮਰੱਥ ਨਹੀਂ ਬਣਾ ਸਕਦਾ।"

ਜੈਕੀ ਸਭ ਕੁਝ ਸਹਿਜ ਸੁਣਦੀ ਹੋਈ ਸਹਿਜ ਬੋਲਦੀ ਹੈ, "ਜੌਨ, ਅੱਜ ਸਾਡੇ ਰਿਸ਼ਤੇ ਨੂੰ ਵੀ ਸ਼ਬਦਾਂ ਦੀ ਲੋੜ ਪੈ ਗਈ ? ਸ਼ਬਦਾਂ ਦੇ ਸੰਘਣੇ ਜੰਗਲ ਵਿਚ ਉਲਝੇ ਲਟ-ਲਟ ਬਲਦੇ ਅਰਥਾਂ ਦੇ ਸੁਆਰਥੀ ਰਿਸ਼ਤਿਆਂ ਦੇ ਭਰਮ ਦੀਆਂ ਬੇੜੀਆਂ ਮੈਂ ਕਦੋਂ ਦੀਆਂ ਫੂਕ ਚੁੱਕੀ ਹਾਂ। ਤੇਰੇ ਵਿਚੋਂ ਇਕ ਸਹਿਜ ਪਹਿਚਾਣ ਅਤੇ ਸਹਿਜ-ਅਪਣੱਤ ਮਿਲੀ ਹੈ। ਪਹਿਚਾਣ ਅਤੇ ਸਹਿਜ-ਸਮਝ ਦਾ ਜਿਊਣ-ਢੰਗ ਹੈ, ਜੀਵਨ-ਸ਼ੈਲੀ ਹੈ। ਇਹ ਇਕ ਬੇਜਿਸਮ, ਨਿਰਉਮਰ ਅਵਸਥਾ ਹੈ। ਇਹ ਆਪੇ ਵਿਚ ਆਪ ਦਾ ਰਹੱਸ ਹੈ। ਉਸ ਦੀ ਪਹਿਚਾਣ ਹੈ।"

"ਨਹੀਂ ਜੈਕੀ, ਫਿਰ ਵੀ ਤੂੰ ਜਵਾਨ ਹੈਂ। ਤੇਰੇ ਜਿਸਮ ਦੀਆਂ ਵੀ ਕੁਝ ਲੋੜਾਂ ਹਨ। ਆਪਣੇ ਸੁਆਰਥ ਲਈ ਮੈਂ ਤੇਰੇ ਨਾਲ ਅਜਿਹਾ ਅਨਿਆਂ ਨਹੀਂ ਕਰ ਸਕਦਾ। ਜੇ ਮੁਹੱਬਤ ਤਿਆਗ ਦਾ ਨਾਮ ਹੈ, ਤਾਂ ਤੂੰ ਕਰ ਲਿਆ ਹੈ। ਹੁਣ, ਮੇਰੀ ਵਾਰੀ ਹੈ।"

"ਜੌਨ ਤੂੰ ਮੁਹੱਬਤ ਨੂੰ ਜਿਸਮ ਤਕ ਸੀਮਤ ਕਰ ਦਿੱਤਾ ਹੈ। ਤੂੰ ਤਿਆਗ ਦੇ ਅਰਥ ਸੁੰਗੇੜ ਦਿੱਤੇ ਹਨ। ਮੇਰਾ ਤਾਂ ਮੇਰੇ ਕੋਲ ਕੁਝ ਹੈ ਹੀ ਨਹੀਂ। ਸਭ ਤੇਰਾ ਹੈ। ਜੇ ਮੇਰੇ ਏਸ ਜਿਸਮ ਦੀ ਜਿਸਮਾਨੀ ਪੱਧਰ ਉੱਤੇ ਤ੍ਰਿਪਤੀ ਹੀ ਤੇਰੇ ਤਿਆਗ ਦਾ ਅਰਥ, ਮੰਤਵ ਤੇ ਸਾਧਨ ਹੈ ਤਾਂ ਇਸ ਦੇ ਵੀ ਅਨੇਕਾਂ ਰਾਹ ਹਨ। ਤੇਰੀ ਖ਼ੁਸ਼ੀ ਲਈ ਅਸੀਂ ਇਹ ਜਿਸਮ ਇਕ ਵਾਰੀ ਫਿਰ ਜੰਗਲ ਦੇ ਰਾਹ ਤੋਰ ਦੇਣਾ ਹੈ। ਪਰ ਤੈਨੂੰ ਅਸੀਂ ਫੇਰ ਵੀ ਨਹੀਂ ਛੱਡਣਾ। ਕੀ ਤੇਰੇ ਵਿਚ ਇਹ ਸਭ ਕੁਝ ਆਪਣੇ ਘਰ ਵਿਚ, ਆਪਣੀਆਂ ਅੱਖਾਂ ਸੌਂਹੇਂ ਵੇਖਣ ਦੀ ਸ਼ਕਤੀ ਹੈ ?"

"ਜੈਕੀ, ਮੈਂ ਤੇਰੇ ਲਈ ਕੁਝ ਵੀ ਕਰ ਸਕਦਾ ਹਾਂ। ਤੂੰ ਅੱਜ ਤਕ ਮੇਰੇ ਕੋਲੋਂ ਮੰਗਿਆ ਹੀ ਕੁਝ ਨਹੀਂ। ਤੇਰੀ ਏਸ ਪਹਿਲੀ ਮੰਗ ਉੱਤੇ ਮੇਰੀ ਸਗਲੀ ਹਸਤੀ ਕੁਰਬਾਨ।"

ਤੇ ਇੰਜ ਜੌਨ ਅਤੇ ਜੈਕੀ ਦੀ ਜ਼ਿੰਦਗੀ ਵਿਚ ਇਕ ਨਵਾਂ ਮੋੜ ਆਇਆ। ਇਹ ਘਰ, ਜੋ ਹੁਣ ਤਕ ਕੇਵਲ ਜੌਨ ਤੇ ਜੈਕੀ ਦੀ ਪਹਿਚਾਣ-ਗਾਹ ਹੀ ਰਿਹਾ ਸੀ, ਹੁਣ ਨੌਜਵਾਨ ਮੁੰਡਿਆਂ ਤੇ ਕੁੜੀਆਂ ਦੇ ਸੋਸ਼ਲ ਜੀਵਨ ਦਾ ਕੇਂਦਰ ਬਣਨ ਲੱਗ ਪਿਆ। ਇਸ ਵਿਚ ਅੱਧੀ, ਅੱਧੀ ਰਾਤ ਤਕ ਸੰਗੀਤ ਗੂੰਜਦਾ, ਨ੍ਰਿਤ ਹੁੰਦੇ, ਸ਼ਰਾਬ ਦੇ ਦੌਰ ਚਲਦੇ। ਹਾਸੇ ਗੂੰਜਦੇ। ਸ਼ੋਰ ਉੱਠਦਾ। ਇਨ੍ਹਾਂ ਮਹਿਫ਼ਲਾਂ ਦੇ ਰੰਗ ਰੂਪ ਦੇ ਹਰ ਥਾਂ ਚਰਚੇ ਸਨ।

ਤੇ ਫਿਰ ਇਕ ਦਿਨ, ਅਚਾਨਕ ਪੁਲਿਸ ਨੇ ਏਸ ਘਰ ਵਿਚ ਅੱਧੀ ਰਾਤ ਤੋਂ ਬਾਅਦ ਛਾਪਾ ਮਾਰਿਆ। ਅਖ਼ਬਾਰ ਵਿਚ, ਟੈਲੀਵਿਯਨ ਤੇ ਰੇਡੀਓ ਉੱਤੇ ਇਸੇ ਖ਼ਬਰ ਦਾ ਚਰਚਾ ਸੀ। ਇਹ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੇ ਦੇਸ਼ ਵਿਚ ਤੇ ਗੁਆਂਢੀ ਦੇਸ਼ਾਂ ਵਿਚ ਫੈਲ ਗਈ ਸੀ। ਹਰ ਕੋਈ 'ਕਿਉਂ ?' ਬਣਿਆ ਏਸ ਘਟਨਾ ਦਾ ਕਾਰਨ ਢੂੰਡ ਰਿਹਾ ਸੀ।

ਜੌਨ ਉੱਤੇ ਇਹ ਇਲਜ਼ਾਮ ਲੱਗਾ ਸੀ ਕਿ ਉਹ ਆਪਣੀ ਪਤਨੀ ਕੋਲੋਂ ਪੇਸ਼ਾ ਕਰਵਾਉਂਦਾ ਹੈ। ਜਿਸ ਨੌਜਵਾਨ ਮੁੰਡੇ ਨੂੰ ਜੌਨ ਨੇ ਪਾਰਟੀ ਖ਼ਤਮ ਹੋਣ ਉਪਰੰਤ ਓਸ ਰਾਤੇ ਜੈਕੀ ਵਾਸਤੇ ਹਾਇਰ (Hire) ਕੀਤਾ ਸੀ, ਉਹ ਮੁੰਡਾ ਅਤੇ ਜੈਕੀ ਦੋਵੇਂ ਬਿਸਤਰੇ ਵਿਚ ਅਲਫ਼ ਨੰਗੇ ਪਕੜੇ ਗਏ ਸਨ ਅਤੇ ਜੌਨ ਉਨ੍ਹਾਂ ਦੇ ਸਾਹਮਣੇ ਕੁਰਸੀ ਉੱਤੇ ਬੈਠਾ, ਇਹ ਸਭ ਕੁਝ ਹੁੰਦਾ ਅੱਖੀਂ ਵੇਖ ਰਿਹਾ ਸੀ।

ਲੋਕਾਂ ਨੂੰ ਵਿਸ਼ਵਾਸ ਨਹੀਂ ਸੀ ਆ ਰਿਹਾ। ਜੈਕੀ ਨੂੰ ਏਸ ਦੀ ਕੀ ਲੋੜ ਸੀ ? ਜੌਨ ਵਰਗੇ ਅਮੀਰ ਬੰਦੇ ਨੂੰ ਇਹ ਸਭ ਕੁਝ ਕਿਉਂ ਕਰਨਾ ਪਿਆ ? ਜਿਵੇਂ, ਜਿਵੇਂ ਲੋਕੀ ਸੋਚ ਰਹੇ ਸਨ, ਤਿਵੇਂ-ਤਿਵੇਂ ਇਹ 'ਕਿਉਂ' ਮਰਦਾਂ ਅਤੇ ਇਸਤਰੀਆਂ ਦੇ ਚਿਹਰਿਆਂ ਤੇ ਨਜ਼ਰਾਂ ਨੂੰ ਚਿਪਕਿਆ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਵਿਚਕਾਰ ਇਕ ਖ਼ਲਾਅ ਪੈਦਾ ਕਰ ਰਿਹਾ ਸੀ।

# ਮਰਦ ਬਨਾਮ ਮਸ਼ੀਨ

ਅਨ੍ਹੇਰਾ ਹੁੰਦਿਆਂ ਹੀ ਉਸ ਦੇ ਅੰਦਰੋਂ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਸੁਣਾਈ ਦੇਣ ਲੱਗ ਪੈਂਦੀਆਂ। ਸਟੀਰੀਓ ਉੱਤੇ ਗੀਤ ਸੰਗੀਤ ਲਗਾਤਾਰ ਚਲਦਾ ਰਹਿੰਦਾ। ਆਵਾਜ਼ਾਂ ਆਉਂਦੀਆਂ, ਜਿਵੇਂ ਕੋਈ ਕਿਸੇ ਨਾਲ ਘੁਲ ਰਿਹਾ ਹੋਵੇ। ਹੌਂਕ, ਹਫ਼, ਚੀਕਾਂ ਛੱਡ ਰਿਹਾ ਹੋਵੇ। ਮੰਜਾ ਟੁੱਟ, ਤਿੜਕ, ਭੱਜ ਰਿਹਾ ਹੋਵੇ। ਜ਼ਖ਼ਮੀ ਹੋ ਕੇ ਜਿਵੇਂ ਕੋਈ ਆਪਣੇ ਜ਼ਖ਼ਮ, ਚੱਟ, ਰੋ, ਡੁਸਕ ਰਿਹਾ ਹੋਵੇ। ਹਉਕੇ ਲੈ ਰਿਹਾ ਹੋਵੇ। ਤੇ ਫਿਰ ਸੰਤੋਖ ਦਾ ਇਕ ਭਰਵਾਂ ਸਾਹ ਅਤੇ ਚੁੱਪ ਚਾਂ। ਅੱਜ ਦਾ ਸੰਗੀਤ ਜਿਵੇਂ ਮੁੱਕ ਚੁੱਕਾ ਹੋਵੇ। ਅੱਜ ਦੀ ਖਲਬਲੀ ਜਿਵੇਂ ਸ਼ਾਂਤ ਹੋ ਗਈ ਹੋਵੇ। ਇਕ ਅੰਨ੍ਹਾਂ ਮਾਰੂ ਝੱਖੜ ਜਿਵੇਂ ਝੁੱਲਿਆ ਤੇ ਪੱਤੇ ਝਾੜ, ਟਾਹਣੇ ਕੜਕਾ, ਧੂੜ ਉਡਾ ਅਤੇ ਦਿਸਦਾ ਅਣਦਿਸਦਾ ਸਭ ਝਾੜ ਝੰਬ ਕੇ ਸ਼ਾਂਤ ਹੋ ਗਿਆ ਹੋਵੇ। ਆਸਮਾਨ ਤੇ ਚੜ੍ਹੀ ਗਰਦ ਤੇ ਗਹਿਰ ਜਿਵੇਂ ਮੀਂਹ ਦੀਆਂ ਠੰਡੀਆਂ, ਤਰ ਕਣੀਆਂ ਨਾਲ ਸਦਾ ਸਦਾ ਲਈ ਬੈਠ ਗਈ ਹੋਵੇ। ਅੱਖਾਂ ਸੌਂਹੇਂ ਨੀਲਾ, ਨਿਰਮਲ ਅਸਮਾਨ ... ਮੀਲਾਂ ਤਕ ਤਣਿਆਂ ... ਇਸ ਪਾਰ, ਦਿਸਹੱਦਿਆਂ ਦੇ ਭਰਮਜਲੀ ਸੁਫ਼ਨੇ ਜਿਵੇਂ ਹਕੀਕਤਾਂ ਵਿਚ ਨਿੱਠ ਕੇ, ਸੰਤੁਸ਼ਟ ਹੋ ਕੇ, ਬੈਠ ਗਏ ਹੋਣ।

ਸੋਮਵਾਰ ਤੋਂ ਵੀਰਵਾਰ ਤਕ, ਹਫ਼ਤੇ ਦੇ ਦੌਰਾਨ, ਇੰਜ ਕਦੇ ਕਦੇ ਹੁੰਦਾ ਸੀ। ਸ਼ੁੱਕਰ, ਸ਼ਨਿੱਚਰ ਤੇ ਐਤਵਾਰ ਨੂੰ ਏਸ ਸਭ ਕੁਝ ਦਾ ਨਾਗਾ ਕਦੇ ਕਦੇ ਪੈਂਦਾ ਸੀ।

ਇਹ ਕੌਣ ਸੀ ਜੋ 'ਨ੍ਹੇਰਾ ਪਿਆਂ ਉਸ ਦੇ ਅੰਦਰ ਜਾ ਵੜਦਾ ਸੀ ਤੇ ਸਵੇਰੇ ਲੋਅ ਹੋਣ ਤੋਂ ਪਹਿਲਾਂ ਹੀ ਸਭ ਨੂੰ ਚੋਰ-ਭੁਲਾਈ ਦੇ ਕੇ ਛਲਾਵੇ ਵਾਂਗ ਤੁਰ ਜਾਂਦਾ ਸੀ ? ਲੋਕ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ, ਕਿਆਸ-ਆਰਈਆਂ ਕਰਦੇ ਸਨ। ਆਪਣੇ ਆਪ ਲਈ ਉਸ ਦਾ ਸੰਗ ਸਾਥ ਮਾਨਣ ਦਾ ਸੁਫ਼ਨਾ ਵੇਖਦੇ ਸਨ। ਹਰ ਕਿਸੇ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਦੇ, ਹਰ ਕਿਸੇ ਤੇ ਭਰਮ ਕਰਦੇ ਸਨ। ਪਰ ਉਹ ਜੋ ਕੋਈ ਵੀ ਸੀ, ਉਸ ਨੂੰ ਵੇਖਿਆ ਕਿਸੇ ਨੇ ਨਹੀਂ ਸੀ। ਦੇਣ ਵਾਲੇ, ਪਹਿਰਾ ਵੀ ਦੇ ਥੱਕੇ ਸਨ। ਸ਼ੱਕ ਕਰਨ ਵਾਲੇ ਤਾਂ ਇਹ ਵੀ ਕਹਿ ਚੁੱਕੇ ਸਨ ਕਿ ਉਹ ਜੋ ਕੋਈ ਵੀ ਹੈ, ਉਸ ਦੇ ਅੰਦਰ ਹੀ ਰਹਿੰਦਾ ਸੀ। ਕਦੇ ਬਾਹਰ ਨਹੀਂ ਸੀ ਨਿਕਲਦਾ, ਦਿਨੇ, ਸ਼ਾਂਤ, ਸੁੱਤਾ ਰਹਿੰਦਾ ਸੀ ਤੇ ਰਾਤੀਂ ਤੂਫ਼ਾਨ ਦੇ ਗੜ੍ਹਕੇ ਨਾਲ ਜਾਗਦਾ, ਸਭ ਨੂੰ ਜਗਾ ਦਿੰਦਾ ਸੀ।

ਖਿੜਕੀਆਂ 'ਤੇ ਤਣੇ ਪਰਦਿਆਂ ਉੱਤੇ ਸਭ ਦੀ ਨਜ਼ਰ ਚਿਪਕ ਜਾਂਦੀ ਤੇ ਕੰਨ ਟ੍ਰਾਂਜੈਸਟਰ ਦੇ ਰਿਸੀਵਰ ਵਾਂਗ ਹਵਾ ਨੂੰ ਲੱਗ ਜਾਂਦੇ। ਨਜ਼ਰ ਪਰਦੇ ਤੋਂ ਅੱਗੇ ਕੁਝ ਵੇਖ ਨਾ ਪਾਉਂਦੀ ਤੇ ਕਲਪਨਾ ਅਫ਼ਵਾਹਾਂ ਤੇ ਖ਼ਬਰਾਂ ਦੇ ਸਭ ਦੇਸ਼ ਦੇਸ਼ਾਂਤਰ ਗਾਹ ਆਉਂਦੀ।

ਏਂਜਲਾ ਰਾਬਿਨਸਨ ਪੁੱਜ ਕੇ ਸੋਹਣੀ ਸੀ। ਉਸ ਨੂੰ ਸਭ ਏਂਜਲ (ਫ਼ਰਿਸ਼ਤਾ) ਕਹਿ ਕੇ ਸੰਬੋਧਨ ਕਰਦੇ ਸਨ। ਕੱਕੇ ਵਾਲ, ਲਾਲੀ ਦੀ ਭਾ ਮਾਰਦਾ ਗੋਰਾ ਚਿਹਰਾ। ਕਸਰਤੀ ਜਿਸਮ। ਪਤਲੀ ਕਮਰ ਤੇ ਮੋਟੇ ਨਿਤੰਭ। ਲੰਮਾ ਕੱਦ ਤੇ ਤਿੱਖੇ ਨੈਣ ਨਕਸ਼। ਧੂੰਆਂਧਾਰ ਖੁੱਲ੍ਹੇ ਲੰਮੇਂ ਵਾਲ ਤੇ ਨੀਲੀਆਂ ਅੱਖਾਂ। ਉੱਚੇ ਨੱਕ ਹੇਠ ਦੋ ਸੁਰਖ਼

ਹੋਂਠ, ਜਿਵੇਂ ਚੈਰੀ ਨੂੰ ਚੈਰੀ ਪਰਸ ਰਹੀ ਹੋਵੇ ! ਤੰਗ ਬਲਾਊਜ਼ ਜਾਂ ਟਾਪ ਹੇਠਾਂ ਅੰਗੀਂ ਤੋਂ ਬਿਨਾਂ ਖੁੱਲ੍ਹੀਆਂ ਛੱਡੀਆਂ ਤਿੱਖੀਆਂ ਭਰਵੀਆਂ ਛਾਤੀਆਂ। ਮਹੀਨ ਸੀ-ਥਰੂ ਪੋਸ਼ਾਕ ਹੇਠਾਂ ਜਿਵੇਂ ਦੁੱਧ ਦੀਆਂ ਨਦੀਆਂ ਵਹਿ ਵਗ ਰਹੀਆਂ ਹੋਣ।

ਏਂਜਲ ਬੋਲਦੀ, ਤਾਂ ਇਉਂ ਜਾਪਦਾ ਜਿਵੇਂ ਹਵਾ ਵਿਚ ਟੱਲੀਆਂ ਦੀ ਟੁਣਕਾਰ ਘੁਲ ਰਹੀ ਹੋਵੇ। ਜਿਵੇਂ ਸਭ ਦੇ ਦਵਾਰ, ਦਸਮ ਦਵਾਰ ਤਕ ਖੁੱਲ੍ਹ ਰਹੇ ਹੋਣ। ਪੌਣਾਂ 'ਚੋਂ ਉਸ ਦੇ ਗੁਜ਼ਰਨ ਨਾਲ, ਜਿਵੇਂ ਗੁਲਿਸਤਾਨ ਫੁੱਟ ਪਿਆ ਹੋਵੇ। ਚੁਫੇਰੇ ਵਾਤਾਵਰਣ ਵਿਚ, ਜਿਵੇਂ ਅਛੂਹ ਮਹਿਕ ਦੀ ਨਦੀ ਵਹਿ ਰਹੀ ਹੋਵੇ। ਸੰਗੀਤ ਦਾ ਚਸ਼ਮਾਂ ਫੁੱਟ ਰਿਹਾ ਹੋਵੇ। ਹਕੀਕਤ ਨੂੰ, ਕਲਪਨਾ ਅਨੇਕ ਰੰਗ ਦੇ ਕੇ, ਆਪਣੇ ਸੁਫ਼ਨਿਆਂ ਦੇ ਸੰਸਾਰ ਸਾਕਾਰ ਕਰ ਲੈਂਦੀ।

ਏਂਜਲ ਸਭ ਲਈ ਇਕ ਤੁਰਦੀ ਫਿਰਦੀ ਹੁਸੀਨ ਹਕੀਕਤ ਸੀ। ਇਕ ਤੁਰਦਾ, ਫਿਰਦਾ, ਬੋਲਦਾ, ਧੜਕਦਾ ਸੁਫ਼ਨਾ ਸੀ।

ਮੈਨੂੰ ਏਸ ਛੋਟੇ ਜਿਹੇ ਕਸਬੇ ਵਿਚ ਆਇਆਂ ਅਜੇ ਕੁਝ ਮਹੀਨੇ ਹੀ ਹੋਏ ਸਨ ! ਏਂਜਲ ਏਥੇ ਪੰਜ ਸਾਲ ਤੋਂ ਰਹਿ ਰਹੀ ਸੀ। ਇਨ੍ਹਾਂ ਕੁਝ ਮਹੀਨਿਆਂ ਵਿਚ ਹੀ ਜਿਵੇਂ ਏਂਜਲ ਸੰਬੰਧੀ ਸਭ ਖ਼ਬਰਾਂ, ਅਫ਼ਵਾਹਾਂ ਤੇ ਕਲਪਨਾਵਾਂ ਨਾਲ ਮੇਰਾ ਅੰਦਰ ਬਾਹਰ, ਸਭ ਕੁਝ, ਭਰ ਗਿਆ ਹੋਵੇ।

ਏਂਜਲ ਮੇਰੇ ਨਾਲ ਹੀ ਸਕੂਲ ਵਿਚ ਪੜ੍ਹਾਉਂਦੀ ਸੀ। ਉਹ ਹਕੀਕਤ ਵਾਂਗ ਮੇਰੀਆਂ ਨਜ਼ਰਾਂ ਸੌਂਹੇਂ ਘੁੰਮਦੀ ਰਹਿੰਦੀ ਤੇ ਇਕ ਰਹੱਸ ਜਿਹਾ ਮੇਰੇ ਅੰਦਰ ਉੱਸਰਦਾ ਰਹਿੰਦਾ। ਇਕ ਉਤਸੁਕਤਾ ਜਿਹੀ ਜਾਗਦੀ ਰਹਿੰਦੀ, ਉਸ ਬਾਰੇ ਕੁਝ ਹੋਰ, ਕੁਝ ਠੀਕ ਠੀਕ ਜਾਨਣ ਦੀ, ਪਰ ਉਹ ਮੇਰੇ ਯਤਨ ਦੇ ਬਾਵਜੂਦ ਵੀ, ਦਿਸਹੱਦੇ ਵਾਂਗ, ਅਗਾਂਹ ਤੋਂ ਅਗਾਂਹ ਤੁਰੀ ਜਾਂਦੀ। ਪਕੜ ਵਿਚ ਨਾ ਆਉਂਦੀ।

ਮੈਂ ਨਵਾਂ ਨਵਾਂ ਲਾਇਬ੍ਰੇਰੀਅਨ ਲੱਗਾ ਸਾਂ, ਤੇ ਲਾਇਬ੍ਰੇਰੀ ਵਿਚ ਉਸ ਦਾ ਆਉਣ ਜਾਣ ਆਮ ਸੀ। ਕਦੇ ਕਿਤਾਬਾਂ, ਕਦੇ ਰੀਕਾਰਡ, ਕਦੇ ਕੈਸੇਟ ਟੇਪਾਂ, ਕਦੇ ਵੀਡੀਓ ਫ਼ਿਲਮਾਂ, ਕਦੇ ਟੀਚਿੰਗ ਕਿਟਸ, ਕਦੇ ਫ਼ਿਲਮ ਸਟਰਿਪਸ ... ਕਦੇ ਕੁਝ ਤੇ ਕਦੇ ਕੁਝ ... ਲੈਣ ਆਈ ਉਹ ਦੂਰ ਤੋਂ ਮੈਨੂੰ ਰਹੱਸ ਭਰੀਆਂ ਅੱਖਾਂ ਨਾਲ ਵੇਖਦੀ ਰਹਿੰਦੀ ਜਾਂ ਸ਼ਾਇਦ ਇਹ ਮੇਰਾ ਭਰਮ ਹੀ ਸੀ।

ਸੁਫ਼ਨੇ ਹਕੀਕਤ ਦਾ ਪੂਰਵ-ਰੂਪ ਹੁੰਦੇ ਹਨ ਤੇ ਭਰਮ, ਸੱਚ ਦਾ ... ਮੈਂ ਮਨ ਹੀ ਮਨ ਸੋਚਦਾ, ਤੇ ਮੁਸਕਰਾ ਪੈਂਦਾ। ਉਹ ਕੋਲ-ਕੋਲ ਹੁੰਦੀ, ਤਾਂ ਮਹਿਕਾਂ ਦੀ ਵਲਗਣ 'ਚੋਂ ਮੈਨੂੰ ਉਸ ਦੀਆਂ ਬਾਹਾਂ ਦੀ ਗਲਵਕੜੀ ਦਾ ਸਪਰਸ਼ ਮਹਿਸੂਸ ਹੁੰਦਾ। "ਤੇਰੀ ਮੁਸਕਰਾਹਟ, ਮੇਰਾ ਚੰਗਾ ਦਿਨ ਚਾੜ੍ਹਦੀ ਹੈ। ਤੂੰ ਇੰਜ ਹੀ ਮੁਸਕਰਾਉਂਦਾ ਰਿਹਾ ਕਰ।" ਏਂਜਲ ਬੜੀ ਬੇਤਕੱਲਫ਼ੀ ਨਾਲ ਮੈਨੂੰ ਸੰਬੋਧਨ ਕਰ ਰਹੀ ਸੀ, ਜਿਵੇਂ ਮੈਨੂੰ ਯੁੱਗਾਂ ਯੁੱਗਾਂ ਤੋਂ ਜਾਣਦੀ ਹੋਵੇ।

"ਮੈਂ, ਪਰ ... ਮੈਂ ਤਾਂ ...।" ਕਹਿੰਦਾ ਹੋਇਆ ਮੈਂ ਝੇਂਪ ਜਾਂਦਾ ਹਾਂ, ਇਹ ਸੋਚ ਕੇ ਕਿ ਏਥੇ ਹਰ ਕਿਸੇ ਦਾ ਚੰਗਾ, ਮੰਦਾ ਦਿਨ ਜਾਣੇ ਅਜਾਣੇ ਕਿਸੇ ਨਾ ਕਿਸੇ ਨਾਲ ਜੁੜਿਆ ਹੋਇਆ ਹੈ। ਇਕ ਕਿਸੇ ਲਈ ਚੰਗਾ ਦਿਨ ਬਣਦਾ ਹੈ, ਤਾਂ ਦੂਜਾ ਮੰਦਾ। ਦਿਨ ਵਾਲਾ ਆਪਣਾ ਦਿਨ ਚੜ੍ਹਾ ਜਾਂ ਡੋਬ ਕੇ, ਤੁਰਦਾ ਹੁੰਦਾ ਹੈ ਅਤੇ ਜਿਸ ਨਾਲ ਉਸ ਦਾ ਚੰਗ ਮੰਦ ਜੁੜਿਆ ਹੁੰਦਾ ਹੈ, ਉਸ ਨੂੰ ਪਤਾ ਵੀ ਨਹੀਂ ਚੱਲਦਾ। ਇਹ ਦੇਸ਼ ਇਨ੍ਹਾਂ ਭਰਮਾਂ 'ਚ ਵਸਦੇ ਸੱਚਾਂ ਅਤੇ ਸੱਚਾਂ 'ਚੋਂ ਭਟਕੇ ਭਰਮਾਂ ਦਾ ਦੇਸ਼ ਹੈ।

"ਕਿਨ੍ਹਾਂ ਸੋਚਾਂ ਵਿਚ ਪੈ ਗਿਆ ਹੈਂ ?" ਏਂਜਲ ਦੀ ਆਵਾਜ਼ ਦੀਆਂ ਟੱਲੀਆਂ ਮੇਰੇ ਕੰਨਾਂ ਵਿਚ ਮਾਖਿਓਂ ਘੋਲ ਰਹੀਆਂ ਸਨ। 'ਦਿਨ-ਦੀਵੀਂ ਸੁਫਨੇ ...।" ਕਹਿੰਦੀ ਹੋਈ, ਉਹ ਧੀਮਾਂ ਧੀਮਾਂ ਮੁਸਕਰਾਈ। ਉਸਦੀਆਂ ਅੱਖਾਂ ਵਿਚ ਰੌਸ਼ਨੀਆਂ ਦਾ ਇਕ ਪੂਰ ਜੁੜਿਆ ਤੇ ਮੇਰੇ ਚਿਹਰੇ ਤੇ ਅਟਕ ਗਿਆ।

"ਮੈਂ ਤੈਨੂੰ ਅਕਸਰ, ਇੰਜ ਸੋਚਾਂ ਵਿਚ ਡੁੱਬਾ ਵੇਖਦੀ ਹਾਂ। ਕੁਝ ਜੀਵ ਕੁਦਰਤ ਨੇ ਕੇਵਲ ਮੁਸਕਰਾਉਣ ਲਈ ਪੈਦਾ ਕੀਤੇ ਹਨ, ਤੂੰ ਮੁਸਕਰਾਇਆ ਕਰ। ਤੇ ਨਾਲੇ ਮੇਰਾ ਦਿਨ ...।"

"ਹਾਂ, ਤੇਰਾ ਦਿਨ ਵੀ ਤਾਂ ਮੇਰੀ ਮੁਸਕਰਾਹਟ ਨਾਲ ਹੀ ਜੁੜਿਆ ਹੈ। ਜੁੜਨਾ ਇਹਦੀ ਤਕਦੀਰ ਵਿਛੜਨਾ ਮੇਰੀ।" ਮੈਂ ਵੀ ਬੇਤਕੱਲਫ ਹੋ ਕੇ ਗੱਲ ਅੱਗੇ ਤੋਰੀ।

ਸਕੂਲ ਦੀ ਘੰਟੀ ਵੱਜੀ ਤੇ ਏਂਜਲ ਸ੍ਵੈਕਾਰ ਮਸ਼ੀਨ ਵਾਂਗ ਮੇਰੇ ਨਾਲੋਂ ਟੁੱਟ ਕੇ ਆਪਣੇ ਵਿਦਿਆਰਥੀਆਂ ਨਾਲ ਜੁੜ ਗਈ। ਲਾਇਬ੍ਰੇਰੀ 'ਚੋਂ ਉਨ੍ਹਾਂ ਦੇ ਜਾਣ ਦਾ ਸਮਾਂ ਹੋ ਗਿਆ ਸੀ। ਉਸ ਦਾ ਇਸ਼ਾਰਾ ਮਿਲਦਿਆਂ ਹੀ ਵਿਦਿਆਰਥੀ ਬੜੇ ਸਲੀਕੇ ਨਾਲ, ਅਨੁਸ਼ਾਸਨ ਵਿਚ ਬੱਝੇ, ਲਾਈਨ ਬਣ ਕੇ ਖੜੋ ਗਏ। ਇਕ ਇਸ਼ਾਰਾ ਹੋਰ ਤੇ ਉਹ ਚੁੱਪ ਚਾਪ ਆਪਣੇ ਕਮਰੇ ਵਲ ਤੁਰ ਪਏ। ਉਸ ਦੀਆਂ ਅੱਖਾਂ ਰੀਮੋਟ ਕੰਟਰੋਲ ਵਾਂਗ, ਸੈਨਤ ਨਾਲ ਹੀ, ਸਭ ਵਿਦਿਆਰਥੀਆਂ ਨੂੰ ਆਦੇਸ਼ ਦਿੰਦਿਆਂ ਪ੍ਰਤੀਤ ਹੁੰਦੀਆਂ ਸਨ। ਮੇਰੇ ਆਲੇ ਦੁਆਲੇ ਮਹਿਕ ਤੇ ਮੁਸਕਰਾਹਟ ਦਾ ਮੌਸਮ ਜਿਵੇਂ ਆਇਆ, ਤਿਵੇਂ ਚਲੇ ਗਿਆ ਸੀ। ਏਥੇ, ਮੌਸਮ, ਪਲ ਪਲ, ਛਿਣ ਛਿਣ ਇੰਜ ਹੀ ਬਦਲਦੇ ਰਹਿੰਦੇ ਸਨ। ਇਨ੍ਹਾਂ ਮੌਸਮਾਂ ਦੀ ਡੋਰ 500 ਵਿਦਿਆਰਥੀਆਂ, 40 ਅਧਿਆਪਕਾਂ ਅਤੇ ਹੋਰ ਅਨੇਕਾਂ ਸਹਾਇਕਾਂ ਤੇ ਆਉਣ ਵਾਲਿਆਂ ਦੇ ਹੱਥ ਵਿਚ ਸੀ।

ਮੌਸਮ ਆਉਂਦੇ ਤੇ ਬੀਤ ਜਾਂਦੇ, ਪਰ ਏਂਜਲ ਮੇਰੇ ਚੇਤੇ ਵਿਚ ਸਦਾ ਜਾਗਦੀ ਰਹਿੰਦੀ। ਇਕ ਉਤਸੁਕਤਾ ਲੱਗੀ ਰਹਿੰਦੀ, ਉਸ ਦੀ ਸ਼ਖ਼ਸੀਅਤ ਪਿਛਲੇ ਰਹੱਸ ਨੂੰ ਜਾਣਨ ਦੀ।

ਪੰਜਾਂ ਸਾਲਾਂ ਵਿਚ ਉਸ ਨੂੰ ਕਿਸੇ ਨੇ ਵੀ ਕਿਸੇ ਮਰਦ ਨਾਲ ਨਾ ਤਾਂ ਡੇਟਿੰਗ (dating) ਕਰਦੇ ਵੇਖਿਆ ਸੀ ਤੇ ਨਾ ਹੀ ਕਿਸੇ ਨੂੰ ਉਸ ਦੇ ਘਰ ਜਾਂਦਿਆਂ। ਉਸ ਦਾ ਘਰ ਉਸ ਦੀ ਪ੍ਰਾਈਵੇਸੀ (Privacy) ਦੁਆਲੇ ਵਲੀ ਕਾਰ ਸੀ। ਏਸ ਕਾਰ ਨੂੰ ਕੌਣ ਉਲੰਘੇਗਾ ?

ਉਸ ਸ਼ਾਮ ਵਿਹਲ ਨੂੰ ਮਾਰਨ ਲਈ ਸੈਰ ਕਰਦਾ ਕਰਦਾ ਮੈਂ ਬਹੁਤ ਦੂਰ ਨਿਕਲ ਗਿਆ ਸਾਂ। ਚੰਦ ਦੀ ਚਾਨਣੀ ਵਿਚ ਬਰਫ਼ਾਂ ਲੱਦੇ ਪਰਬਤ, ਬਰਫ਼ਾਂ ਦੀ ਪਾਣ ਚੜ੍ਹੇ ਰੁੱਖ ਵਣ ਤੇ ਰਸਤੇ ਚੁੱਪ ਦੀ ਠਰਨ ਵਿਚ ਲਿਪਟੇ ਬੜੇ ਦਿਲਕਸ਼ ਤੇ ਰਹੱਸਮਈ ਜਾਪ ਰਹੇ ਸਨ। ਮੇਰਾ ਆਪਣਾ ਆਪ ਸਗਲਾ ਸਬੂਤਾ ਬਾਹਰ ਨਿਕਲ ਕੇ ਜਿਵੇਂ ਵਣ ਦੇ ਰੁੱਖ, ਰੁੱਖ ਵਿਚ-ਪਰਬਤ ਦੀ ਚੋਟੀ, ਚੋਟੀ ਵਿਚ—ਅਤੇ ਰਸਤੇ ਦੇ ਕਣ ਕਣ ਵਿਚ ਖਿੱਚ, ਧੂਹ, ਟੁੱਟ, ਬਿਖਰ ਸਮਾਧੀ-ਯੁਕਤ ਹੋ ਗਿਆ ਹੋਵੇ। ਆਪਣੇ ਆਪ ਦੇ ਵਿਸ਼ਾਲ ਅੰਗ, ਅੰਗ ਵਿਚਕਾਰ ਜਿਵੇਂ ਅਲਗਾਵ ਦੀ ਸੀਤ ਧਾਰਾ ਵਹਿ ਰਹੀ ਹੋਵੇ। ਦੂਧੀਆ ਆਸਮਾਨ ਵਿਚ ਚਮਕਦੇ ਚੰਦ, ਤਾਰੇ ਵੀ ਜਿਵੇਂ ਬਰਫ਼ੀਲੇ ਚਾਨਣ ਨਾਲ ਏਸ ਸੀਤ ਧਾਰਾ ਨੂੰ ਵਿਸਤਾਰ ਦੇ ਰਹੇ ਹੋਣ। ਮੈਂ ਵਾਰ ਵਾਰ ਸੋਚ ਰਿਹਾ ਸਾਂ ਕਿ ਕਸਬੇ ਤੋਂ ਏਨੀ ਦੂਰ ਏਸ ਜੰਗਲ ਵਿਚਕਾਰ ਪਸਰੀ ਏਸ ਸੀਤ ਧਾਰਾ 'ਚੋਂ ਏਂਜਲ ਦੀ ਮਹਿਕ ਕਿਉਂ ਆ ਰਹੀ ਹੈ ? ਕੀ ਏਂਜਲ ਵੀ ਮੇਰੇ ਵਾਂਗ ਹੀ ਇਕੱਲ ਨੂੰ ਮਾਰਨ, ਇਕਾਂਤ ਵਿਚ ਤਾਂ ਨਹੀਂ ਆ ਗਈ ?

ਏਂਜਲ ਦਾ ਖ਼ਿਆਲ ਆਉਂਦਿਆਂ ਹੀ ਮੈਂ ਘੜੀ ਦੇ ਰੇਡੀਅਮ ਰੌਸ਼ਨੀ ਵਿਚ ਜਗ ਮਗ ਕਰਦੇ ਹਿੰਦਸਿਆਂ ਵਲਾਂ ਵੇਖਿਆ। ਰਾਤ ਦੇ ਦਸ ਵੱਜ ਰਹੇ ਸਨ। ਬਹੁਤ ਦੇਰ ਹੋ ਗਈ ਸੀ। ਸਿਆਲ ਦੇ ਬਰਫ਼ੀਲੇ ਮੌਸਮ ਵਿਚ ਏਸ ਸਮੇਂ ਤਕ ਕੌਣ ਘਰੋਂ ਬਾਹਰ ਰਹਿੰਦਾ ਹੈ ? ਹੁਣ ਤਾਂ ਪੰਛੀ ਤੇ ਹੋਰ ਜਾਨਵਰ ਵੀ ਸੌਂ ਚੁੱਕੇ ਹੋਣਗੇ। ਮੈਂ ਏਥੇ ਕੀ ਕਰ ਰਿਹਾ ਹਾਂ ? ਸੋਚਦਾ ਹੋਇਆ ਮੈਂ ਕਸਬੇ ਵਲਾਂ ਵਾਪਸ ਮੁੜ ਪਿਆ।

ਰਸਤੇ ਵਿਚ ਹੀ ਏਂਜਲ ਦਾ ਘਰ ਪੈਂਦਾ ਸੀ। ਮੇਰੇ ਮਨ ਵਿਚ, ਉਸ ਦੇ ਘਰ ਦੀ ਕਾਰ ਵਿਚ ਵਲੀ, ਉਸ ਦੀ ਭੇਦ ਭਰੀ ਸ਼ਖ਼ਸੀਅਤ ਦੀ 'ਪ੍ਰਾਈਵੇਸੀ' ਅੰਦਰ ਝਾਤੀ ਮਾਰਨ ਦੀ ਇੱਛਾ ਬੜੇ ਪ੍ਰਬਲ ਰੂਪ ਵਿਚ ਜਾਗੀ। ਕਸਬੇ ਦੀਆਂ ਗਲੀਆਂ ਸਭ ਸੁੰਨੀਆਂ ਸਨ।

ਕਿਸੇ ਕਿਸੇ ਘਰ ਵਿਚ ਬੱਤੀ ਜਗ ਰਹੀ ਸੀ। ਸ਼ਾਇਦ ਕੋਈ ਟੈਲੀਵਿਯਨ ਵੇਖਦਾ ਲਿਵਿੰਗ ਰੂਮ ਦੇ ਸੋਫ਼ੇ ਤੇ ਸੌਂ ਗਿਆ ਹੋਵੇ। ਏਂਜਲ ਦੇ ਘਰ ਦੀਆਂ ਸਾਰੀਆਂ ਬੱਤੀਆਂ ਜਗ ਰਹੀਆਂ ਸਨ।

ਪੋਲੇ ਕਦਮੀਂ ਮੈਂ ਉਸ ਦੇ ਘਰ ਵਲਾਂ ਵਧਿਆ। ਅੰਦਰੋਂ ਕਦੇ ਹੌਲੀ ਹੌਲੀ ਡੁਸਕਣ, ਸਿਸਕੀਆਂ ਭਰਨ ਤੇ ਰੋਣ ਦੀ ਆਵਾਜ਼ ਉੱਭਰਦੀ ਤੇ ਕਦੇ ਕਦੇ ਹੌਲੀ ਹੌਲੀ ਹੱਸਣ ਦੀ। ਗੀਤ, ਸੰਗੀਤ, ਸਟੀਰੀਓ ਉੱਤੇ, ਨਾਲੋ ਨਾਲ ਚਲ ਰਿਹਾ ਸੀ।

ਮੈਂ ਘਰ ਦੇ ਆਲੇ ਦੁਆਲੇ, ਪੋਲੇ ਪੈਰੀਂ, ਇਕ ਚੱਕਰ ਮਾਰਿਆ। ਖਿੜਕੀਆਂ ਦੇ ਪਰਦਿਆਂ ਵਿੱਚੋਂ ਕੁਝ ਵੇਖਣ ਦਾ ਨਿਰਾਰਥਕ ਯਤਨ ਕੀਤਾ। ਝੀਥਾਂ ਤੇ ਵਿਰਲਾਂ ਨੂੰ ਕੰਨ ਲਾਏ।

ਗੀਤ, ਸੰਗੀਤ ਅਚਾਨਕ ਬੰਦ ਹੋ ਗਿਆ। ਸ਼ਾਇਦ ਟੇਪ ਮੁੱਕ ਗਈ ਸੀ ਤੇ ਸ੍ਵੈਕਾਰ ਮਸ਼ੀਨ ਆਪਣੇ ਆਪ ਬੰਦ ਹੋ ਗਈ ਸੀ। ਇਕ ਲੰਮੀਂ ਸਾਰੀ ਹੂਕ ਉੱਠੀ ਤੇ ਸਿਸਕੀ ਵਿਚ ਡੁੱਬ ਗਈ। ਫੇਰ ਘਣਾ, ਸੰਘਣਾ ਮੌਨ ਪਸਰ ਗਿਆ।

ਮੈਂ ਪੋਲੇ ਜਿਹੇ ਦਰਵਾਜ਼ੇ ਨੂੰ ਠਕੋਰਿਆ। ਦਰਵਾਜ਼ਾ ਜਿਵੇਂ ਮੇਰੀ ਦਸਤਕ ਦੀ ਉਡੀਕ ਵਿਚ ਹੀ ਸੀ। ਚੁਪੱਟ ਖੁੱਲ੍ਹ ਗਿਆ। ਏਂਜਲ ਸ਼ਾਇਦ ਅੱਜ ਏਸ ਨੂੰ ਬੰਦ ਕਰਨਾ ਭੁੱਲ ਗਈ ਹੋਵੇ। ਅੰਦਰ ਵੜਨ ਤੋਂ ਪਹਿਲਾਂ ਮੈਂ ਇਕ ਵਾਰੀ ਫੇਰ ਦਸਤਕ ਦਿੱਤੀ। ਅੰਦਰੋਂ ਕੋਈ ਹੁੰਗਾਰਾ ਨਾ ਆਇਆ। ਮੈਂ ਖੰਘੂਰਾ ਮਾਰਿਆ ਤੇ ਦਰਵਾਜ਼ੇ ਉੱਤੇ ਇਕ ਵਾਰੀ ਫੇਰ ਉੱਚੀ ਦਸਤਕ ਦੇ ਕੇ ਘਰ ਦੇ ਅੰਦਰ ਵੜ ਗਿਆ। ਲਿਵਿੰਗ ਰੂਮ ਵਿਚ ਕੋਈ ਨਹੀਂ ਸੀ। ਮੈਂ ਬੈੱਡ-ਰੂਮ ਵਲਾਂ ਵਧਿਆ।

ਡਬਲ ਬੈੱਡ ਉੱਤੇ ਏਂਜਲ ਅਲਫ਼ ਨੰਗੀ ਬੇਸੁੱਧ ਪਈ ਸੀ। ਉਸ ਦੇ ਦੋਵੇਂ ਹੱਥ ਜਿਵੇਂ ਪੱਟਾਂ ਵਿਚਕਾਰ ਕਿਸੇ ਚੀਜ਼ ਨੂੰ ਦੱਬੀ ਬੈਠੇ ਸਨ।

ਮੈਂ ਉਸ ਨੂੰ ਬਾਂਹ ਤੋਂ ਫੜ ਕੇ ਝੰਜੋੜਿਆ। ਉਸ ਦੇ ਹੱਥਾਂ ਨੂੰ ਉਸ ਦੇ ਪੱਟਾਂ ਤੋਂ ਅਲੱਗ ਕੀਤਾ। ਹੱਥ ਹਟਦਿਆਂ ਹੀ ਬਿਜਲਾਣੂੰ ਇੰਦਰੀ (Electronic Vibrator) ਭੁੜਕ ਕੇ ਬਾਹਰ ਨਿਕਲ ਆਇਆ। ਉਸ ਦੇ ਜਿਸਮ ਵਿਚ ਕੁਝ ਹਰਕਤ ਹੋਈ। ਪਾਟੀਆਂ, ਪਾਟੀਆਂ ਅੱਖਾਂ ਨਾਲ ਮੇਰੇ ਵਲਾਂ ਵੇਖਦੀ ਹੋਈ ਉਹ ਰੂਹਾਂਸੀ ਆਵਾਜ਼ ਵਿਚ ਚੀਕੀ, “ਨਹੀਂ, ਮੈਨੂੰ ਏਸ ਅਨੰਦ ਦੀ ਅਵਸਥਾ ਵਿਚ ਮਰ ਜਾਣ ਦੇ। ਮਰਦ ਵਿਚ ਏਨਾ ਦਮ ਕਿੱਥੇ ?”

ਉਸ ਨੇ ਬਿਜਲਾਣੂੰ ਇੰਦਰੀ ਨੂੰ ਮੁੜ ਆਪਣੇ ਪੱਟਾਂ ਵਿਚ ਦੱਬ ਕੇ ਘੁੱਟ ਲਿਆ ਅਤੇ ਇਕ ਸ੍ਵੈਕਾਰ ਮਸ਼ੀਨ ਵਾਂਗ ਉਸ ਦੀਆਂ ਅੱਖਾਂ ਦਾ ਮੇਰੇ ਨਾਲੋਂ ਨਾਤਾ ਟੁੱਟ ਗਿਆ। ਮੈਂ ਸੋਚ ਰਿਹਾ ਸਾਂ ਕਿ ਉਹ ਕਿਹੜੇ ਕਾਰਨ ਹਨ, ਜਿਨ੍ਹਾਂ ਨੇ ਉਸ ਨੂੰ ਜ਼ਿੰਦਗੀ ਦੇ ਕਰਤਾਰੀ ਹੁਸਨ ਨਾਲੋਂ ਤੋੜ ਕੇ, ਮਸ਼ੀਨ ਦਾ ਗ਼ੁਲਾਮ ਬਣਾ ਦਿੱਤਾ ਸੀ ???

# ਪੁਸ਼ਪ-ਜਨਣੀ

ਲੱਕੜ ਦੀ ਮਿੱਲ ਵਿਚ ਕੰਮ ਕਰਦਿਆਂ ਮੇਰਾ ਇਹ ਦੂਜਾ ਜਾਂ ਤੀਜਾ ਦਿਨ ਸੀ। ਕੰਮ ਮੇਰਾ ਆਰਾ-ਮਿੱਲ ਦੀ ਸਫ਼ਾਈ ਦਾ ਸੀ। ਲੱਕੜਾਂ ਦੇ ਟੁਕੜੇ, ਬੂਰਾ ਅਤੇ ਹੋਰ ਨਿਕ-ਸੁਕ ਇਕੱਠਾ ਕਰਕੇ ਅਸੀਂ ਸਭ ਕਾਮੇ ਰਬੜ ਦੀਆਂ ਵੱਡੀਆਂ ਵੱਡੀਆਂ ਸ੍ਵੈਚਾਲਕ ਬੈਲਟਾਂ ਉੱਤੇ ਬੇਲਚਿਆਂ ਨਾਲ ਸੁੱਟਦੇ ਸਾਂ ਅਤੇ ਇਹ ਕਨਵੇਅਰ ਬੈਲਟਾਂ ਏਸ ਮਿਲ ਦੀ ਇਹ ਅਣਚਾਹੀ ਰਹਿੰਦ-ਖੂੰਹਦ ਬਰਨਰ ਤਕ ਲੈ ਜਾਂਦੀਆਂ ਸਨ ਜਿੱਥੇ ਇਹ ਸਭ ਕੁਝ ਸਾੜ ਕੇ ਸਵਾਹ ਕਰ ਦਿੱਤਾ ਜਾਂਦਾ ਸੀ।

ਪਹਿਲੀਆਂ ਦੋ ਸ਼ਿਫ਼ਟਾਂ ਵਿਚ ਇਹ ਆਰਾ-ਮਿੱਲ ਵੱਡੇ ਵੱਡੇ ਲੌਗਾਂ (Logs) ਨੂੰ ਤਰਾਸ਼ ਕੇ ਨਿੱਕੇ-ਨਿੱਕੇ ਅਤੇ ਕਈ ਸਾਈਜ਼ਾਂ ਦੇ ਫੱਟਿਆਂ ਵਿਚ ਬਦਲਦੀ ਰਹਿੰਦੀ ਸੀ। ਇਹ ਫੱਟੇ ਇਮਾਰਤੀ ਲੱਕੜੀ ਵਜੋਂ ਅਮਰੀਕਾ ਅਤੇ ਜਾਪਾਨ ਆਦਿ ਹੋਰ ਯੂਰਪੀ ਅਤੇ ਏਸ਼ੀਆਈ ਦੇਸ਼ਾਂ ਨੂੰ ਨਿਰਯਾਤ ਕੀਤੇ ਜਾਂਦੇ ਸਨ। ਫੱਟਿਆਂ ਦੀ ਚੀਰ ਫਾੜ ਦੌਰਾਨ ਮਣਾਂ ਮੂੰਹੀਂ ਬੂਰਾ, ਸੱਕ ਅਤੇ ਜ਼ਾਇਆ ਹੋਣ ਯੋਗ ਲੱਕੜ ਦੇ ਟੁੱਕੜੇ ਸਾਡੀ ਏਸ ਤੀਜੀ ਸ਼ਿਫ਼ਟ ਦੇ 6 ਬੰਦਿਆਂ ਦੇ ਕਰੂ (Crew) ਲਈ ਇਕੱਠੇ ਹੋ ਜਾਂਦੇ ਸਨ। ਏਸ ਸ਼ਿਫ਼ਟ ਨੂੰ ਕਬਰਸਤਾਨ ਅਰਥਾਤ ਗਰੇਵ ਯਾਰਡ ਸ਼ਿਫ਼ਟ ਆਖਦੇ ਹਨ। ਇਹ ਰਾਤ ਦੇ ਬਾਰਾਂ ਵਜੇ ਤੋਂ ਸਵੇਰ ਦੇ ਅੱਠ ਵਜੇ ਤਕ ਚਲਦੀ ਹੈ। ਏਸ ਸਮੇਂ ਦੌਰਾਨ ਵਾਕਈ ਏਥੇ ਕਬਰਸਤਾਨ ਵਰਗੀ ਚੁੱਪ ਅਤੇ ਉਦਾਸੀ ਦਾ ਪਹਿਰਾ ਹੁੰਦਾ ਹੈ। ਮਸ਼ੀਨਾਂ ਖ਼ਾਮੋਸ਼ ਹੁੰਦੀਆਂ ਹਨ। ਆਵਾਜ਼ ਤਕ ਸੁਣਾਈ ਨਹੀਂ ਦਿੰਦੀ, ਆਸੇ ਪਾਸੇ ਕਬਰਾਂ ਵਰਗੇ ਬੂਰੇ ਦੇ ਢੇਰ ਉੱਸਰੇ ਹੁੰਦੇ ਹਨ। ਵਿਚ ਵਿਚ ਲੱਕੜਾਂ ਦੇ ਟੁੱਕੜੇ ਜਿਵੇਂ ਹੱਡਾ ਰੋੜੀ ਵਿਚ ਹੱਡ ਰੁਲ ਰਹੇ ਹੋਣ।

ਕਬਰਸਤਾਨ ਦੇ ਕਾਮੇਂ, ਅਸੀਂ ਕਦੇ ਬੇਲਚਿਆਂ ਨਾਲ ਅਤੇ ਕਦੇ ਵੀਲ ਬੈਰੋ ਨਾਲ ਏਸ ਕਬਰਸਤਾਨੀ ਸ਼ਿਫ਼ਟ ਦੌਰਾਨ ਮਿੱਲ ਦਾ ਕਾਇਆ ਕਲਪ ਕਰਦੇ ਸਾਂ ਤਾਂ ਕਿ ਸਵੇਰੇ ਅੱਠ ਵਜੇ ਸ਼ੁਰੂ ਹੋਣ ਵਾਲੀ ਸ਼ਿਫ਼ਟ ਸਮੇਂ ਇਹ ਕਬਰਾਂ ਅਤੇ ਹੱਡ ਏਥੇ ਵਿਖਾਈ ਨਾ ਦੇਣ। ਆਰਾ ਮਿੱਲ ਬੂਰੇ ਅਤੇ ਲੱਕੜੀ ਦੇ ਟੁਕੜਿਆਂ ਤੋਂ ਮੁਕਤ ਹੋ ਕੇ ਦਿਨ ਦੇ ਚੜ੍ਹਾ ਨਾਲ ਆਪਣੇ ਅਸਲੀ ਰੂਪ ਵਿਚ ਆ ਕੇ ਸਵੇਰ ਦੇ ਕਾਮਿਆਂ ਨੂੰ ਜੀ ਆਇਆਂ ਆਖ ਸਕੇ।

ਏਸ ਸ਼ਿਫ਼ਟ ਵਿਚ ਅਸੀਂ ਤਿੰਨ ਜਣੇ ਖਾਸੇ ਪੜ੍ਹੇ ਲਿਖੇ ਸਾਂ ਅਤੇ ਸਾਂ ਵੀ ਪੰਜਾਬੀ। ਬਾਕੀ ਦੋ ਅੰਗਰੇਜ਼ੀ ਬੋਲਦੇ ਲਗਪਗ ਅਨਪੜ੍ਹ ਗੋਰੇ ਕੈਨੇਡੀਅਨ ਸਨ ਅਤੇ ਇਕ ਅੰਗੂਠਾ-ਛਾਪ ਹੋਰ ਪੰਜਾਬੀ ਸੀ। ਸਰਕਾਰੀਆ ਅਤੇ ਸ਼ਰਮਾ ਅੰਗਰੇਜੀ ਦੀ ਐੱਮ. ਏ. ਸਨ ਅਤੇ ਭਾਰਤ ਵਿਚ ਸਰਕਾਰੀ ਕਾਲਜਾਂ ਦੇ ਪ੍ਰੋਫ਼ੈਸਰ ਰਹਿ ਚੁੱਕੇ ਸਨ। ਐੱਮ. ਏ. ਮੈਂ ਵੀ ਕੀਤੀ ਹੋਈ ਸੀ ਤੇ ਅਫ਼ਰੀਕਾ ਦੇ ਇਕ ਦੋ ਮੁਲਕਾਂ ਵਿਚ ਅਧਿਆਪਨ ਕਰ ਚੁੱਕਾ ਸਾਂ। ਏਥੇ ਆਣ ਕੇ ਅਧਿਆਪਕੀ ਲੱਭਦਿਆਂ ਜਦੋਂ ਸਾਲ ਭਰ ਦੀ ਬੇਕਾਰੀ ਨੇ ਮੇਰੇ ਵੱਟ ਕੱਢ ਸੁੱਟੇ ਤਾਂ ਇਕ ਮਿੱਤਰ ਦੇ ਕਹੇ ਕਹਾਏ ਪਹਿਲਾਂ ਇਕ ਦਿਨ ਮੈਨੂੰ ਆਰਜ਼ੀ ਮਜ਼ਦੂਰ ਰਖ ਕੇ ਫਿਰ ਸ਼ਿਫ਼ਟ-

ਵਰਕ ਦੇ ਦਿੱਤਾ ਗਿਆ। ਜ਼ਿੰਦਗੀ ਵਿਚ ਮੈਂ ਪਹਿਲੀ ਵਾਰੀ ਜਿਸਮਾਨੀ ਮਜ਼ਦੂਰੀ ਕਰ ਰਿਹਾ ਸਾਂ ਤੇ ਬੁਰਾ ਹਾਲ ਸੀ। ਪਸੀਨੇ, ਥਕਾਵਟ ਅਤੇ ਖੱਲੀਆਂ ਨੇ ਮੱਤ ਮਾਰੀ ਹੋਈ ਸੀ।

ਮੈਂ ਬੂਰੇ ਦੇ ਢੇਰ ਨੂੰ ਬੇਲਚਾ ਲੈ ਕੇ ਜੁਟਿਆ ਹੋਇਆ ਸਾਂ ਅਤੇ ਇਰਾਦਾ ਸੀ ਕਿ ਮੁਕਾ ਕੇ ਹੀ ਦਮ ਲਵਾਂਗਾ ਕਿ ਮੇਰੇ ਕੰਨੀਂ ਇਕ ਨਸਵਾਨੀ ਆਵਾਜ਼ ਪਈ, “ਇਹ ਵੀ ਕੋਈ ਕੰਮ ਕਰਨ ਦਾ ਤਰੀਕਾ ਹੈ ?”

“ਕਿਉਂ ?” ਕਹਿ ਕੇ ਮੈਂ ਪਿੱਛੇ ਮੁੜ ਕੇ ਵੇਖਿਆ। ਗੋਰੇ ਰੰਗ, ਖ਼ੂਬਸੂਰਤ ਨੈਣ ਨਕਸ਼ ਅਤੇ ਕਸਰਤੀ ਜਿਸਮ ਵਾਲੀ ਇਕ ਗੋਰੀ ਮੇਰੇ ਸਾਹਵੇਂ ਖੜ੍ਹੀ ਸੀ। ਉਸ ਦੇ ਸਿਰ ਉੱਤੇ ਚਿੱਟੇ ਰੰਗ ਦਾ ਸੇਫ਼ਟੀ ਹੈਟ ਸੀ ਤੇ ਲੱਕ ਨੀਲੇ ਰੰਗ ਦੀ ਜੀਨ। ਪਿਆਜ਼ੀ ਰੰਗ ਦੇ ਬਲਾਊਜ਼ ਉੱਤੇ ਉਸ ਨੇ ਹਰੇ ਰੰਗ ਦੀ ਜੈਕਟ ਪਹਿਨੀ ਹੋਈ ਸੀ। ਏਸ ਜੈਕਟ ਉੱਤੇ ਉਸਦੀਆਂ ਛਾਤੀਆਂ ਵਾਲੀ ਥਾਂ ਪਿਆਜ਼ੀ ਰੰਗ ਦੇ ਦੋ ਫੁੱਲ ਕੱਢੇ ਹੋਏ ਸਨ। ਐਸਾ ਹੀ ਇਕ ਫੁੱਲ ਉਸ ਦੀ ਪਿੱਠ ਵਾਲੀ ਥਾਂ ਤੇ ਵੀ ਸੀ। ਤਿੰਨ ਜਹਾਨਾਂ ਦੇ ਏਸ ਚਮਨ ਵਿਚ ਚੌਥੇ ਜਹਾਨ ਦਾ ਖੇੜਾ ਉਸ ਦਾ ਗੰਭੀਰ ਪਰ ਹਸੂੰ ਹਸੂੰ ਕਰਦਾ ਚਿਹਰਾ ਸੀ, ਜਿਸ ਵਿਚ ਉਸ ਦੇ ਤਿੱਖੇ ਨੈਣ ਨਕਸ਼ਾਂ ਨੇ ਬਲਾ ਦੀ ਖਿੱਚ ਪੈਦਾ ਕੀਤੀ ਹੋਈ ਸੀ।

“ਜਿਸ ਤਰ੍ਹਾਂ ਜਾਨ ਹੂਲ ਕੇ ਤੂੰ ਕੰਮ ਵਿਚ ਲੱਗਾ ਹੋਇਆ ਹੈਂ, ਉਹ ਏਸ ਮੁਲਕ ਦਾ ਦਸਤੂਰ ਨਹੀਂ। ਮੈਂ ਪਿਛਲੇ ਦੋ ਦਿਨਾਂ ਤੋਂ ਤੈਨੂੰ ਇਵੇਂ ਹੀ ਏਸ ਬੂਰੇ ਦੇ ਢੇਰ ਨਾਲ ਘੁਲਦਿਆਂ ਵੇਖ ਰਹੀ ਹਾਂ। ਤੂੰ ਬੜਾ ਮਿਹਨਤੀ ਅਤੇ ਈਮਾਨਦਾਰ ਹੈਂ। ਪਰ ਇਹ ਬੂਰੇ ਦੇ ਢੇਰ ਭਲਾ ਕਦੇ ਮੁਕਣੇ ਹਨ ? ਸਵੇਰੇ ਹੋਰ ਉੱਸਰ ਆਉਣੇ ਹਨ। ਏਥੇ ਕਾਮੇ ਅਤੇ ਫੋਰਮੈਨ ਆਮ ਕਹਿੰਦੇ ਹਨ ਕਿ ਰੁੱਝੇ ਹੋਏ ਜ਼ਰੂਰ ਨਜ਼ਰ ਆਓ, ਪਰ ਕਰੋ ਕੁਝ ਨਾ (Look busy, do nothing) ਭਾਵ ਹੱਥ ਹਰ ਸਮੇਂ ਹਿਲਦਾ ਨਜ਼ਰ ਆਉਣਾ ਚਾਹੀਦਾ ਹੈ, ਜ਼ਰੂਰੀ ਨਹੀਂ ਕਿ ਬੂਰੇ ਦਾ ਸਾਰਾ ਢੇਰ ਵੀ ਖ਼ਤਮ ਹੋ ਜਾਵੇ। ਮੈਂ ਇਹ ਨਹੀਂ ਕਹਿੰਦੀ ਕਿ ਕੁਝ ਨਾ ਕਰ। ਕਰ ਜ਼ਰੂਰ ਪਰ ਉਨਾਂ ਕੁ ਜਿੰਨੇ ਦੀ ਤੇਰੇ ਵਿਚ ਸਮਰੱਥਾ ਹੈ ਤੇ ਜਿੰਨੇ ਕੁ ਨਾਲ ਤੂੰ ਆਪਣੀ ਦਿਹਾੜੀ (Wages) ਦਾ ਨਿਆਏਕਰਨ ਕਰ ਸਕੇਂ।”

ਉਹ ਦਮ ਲੈਣ ਲਈ ਰੁਕੀ। ਮੇਰੇ ਮੂੰਹ ਤੇ ਬਣੇ ਸਵਾਲੀਆ ਨਿਸ਼ਾਨ ਵਲ ਵੇਖ ਕੇ ਉਹ ਬੋਲੀ, “ਮੈਂ ਏਥੇ ਫਸਟ ਏਡ ਅਟੈਂਡੈਂਟ ਹਾਂ। ਤੇਰੀ ਹੀ ਸ਼ਿਫ਼ਟ ਵਿਚ। ਕਿਸੇ ਨੂੰ ਸੱਟ ਚੋਟ ਲੱਗੇ ਤਾਂ ਉਸ ਦਾ ਦਵਾ ਦਾਰੂ ਕਰਦੀ ਹਾਂ। ... ਤੇ ਮੇਰਾ ਨਾਂ ਕੈਥੀ ਹੈ।”

ਮੈਂ ਉਸ ਵਲਾਂ ਹੱਥ ਵਧਾਇਆ ਤੇ ਕੁਝ ਕਹਿਣ ਹੀ ਲੱਗਾ ਸਾਂ ਕਿ ਉਹ ਫਿਰ ਬੋਲੀ, “ਨਹੀਂ ਤੁਆਰਫ਼ ਰਹਿਣ ਦੇ। ਮੈਂ ਜਾਣਦੀ ਹਾਂ ਕਿ ਤੇਰਾ ਨਾਮ ਮੁਹਿੰਦਰ ਭਾਵ ਮੋ ਹੈ ਤੇ ਤੂੰ ਸਾਰੀ ਉਮਰ ਅਧਿਆਪਕੀ ਹੀ ਕੀਤੀ ਹੈ। ਇਹ ਤੇਰੀ ਪਹਿਲੀ ਜਿਸਮਾਨੀ ਮੁਸ਼ੱਕਤ ਦਾ ਇਮਤਿਹਾਨ ਹੈ।”

ਮੈਨੂੰ ਹੈਰਾਨ ਹੁੰਦਿਆਂ ਵੇਖ ਕੇ ਉਹ ਫਿਰ ਬੋਲੀ, “ਇਸ ਵਿਚ ਹੈਰਾਨ ਹੋਣ ਦੀ ਕਿਹੜੀ ਗੱਲ ਹੈ ? ਇਹ ਦੁਨੀਆਂ ਬਹੁਤ ਛੋਟੀ ਹੈ। (It is a small world) ਏਥੇ ਅਸੀਂ ਸਭ, ਸਭ ਨੂੰ ਜਾਣਦੇ ਹਾਂ। ਕਿਸੇ ਦਾ ਕਿਸੇ ਤੋਂ ਕੁਝ ਵੀ ਗੁੱਝਾ ਨਹੀਂ। ਸ਼ੀਸ਼ੇ ਦਾ ਘਰ ਹੈ ਇਹ ਮਿੱਲ। ਤੇਰੇ ਜਿਸ ਦੋਸਤ ਨੇ ਤੈਨੂੰ ਇਸ ਮਿੱਲ ਵਿਚ ਭਰਤੀ ਕਰਵਾਇਆ ਹੈ, ਉਹ ਮੇਰਾ ਵੀ ਦੋਸਤ ਹੈ ਅਤੇ ਜਿਸ ਨੇ ਤੈਨੂੰ ਭਰਤੀ ਕੀਤਾ ਹੈ, ਉਹ ਵੀ। ਮੈਨੂੰ ਪਤਾ ਹੈ ਕਿ ਤੂੰ ਇਕ ਸਾਹਿਤਕਾਰ ਤੇ ਕਈ ਪੁਸਤਕਾਂ ਦਾ ਲੇਖਕ ਹੈਂ। ਜਿਸ ਨੇ ਤੈਨੂੰ ਇਹ ਨੌਕਰੀ ਦਿੱਤੀ ਹੈ, ਉਸ ਨੂੰ ਵੀ ਪਤਾ ਹੈ ਕਿ ਤੂੰ ਏਥੇ ਬਹੁਤੀ ਦੇਰ ਨਹੀਂ ਰਹਿਣਾ, ਇਹ ਤੇਰੀ ਥਾਂ ਨਹੀਂ ਹੈ। ਤੇਰੀ ਦੁਨੀਆਂ ਦੇ ਰੰਗ ਹੋਰ ਹਨ। ਲਿਖਤ ਦੇ ਕਲਪਨਾ-ਲੋਕ ’ਚੋਂ ਪਰਤ ਕੇ ਹਕੀਕਤ ਦੀ ਇਹ ਦੁਨੀਆਂ ਕੈਸੀ ਲੱਗੀ ?”

“ਬਹੁਤ ਅੱਛੀ ! ਜੇ ਤੈਨੂੰ ਮੇਰੇ ਬਾਰੇ ਏਨਾ ਕੁਝ ਪਤਾ ਹੈ ਤਾਂ ਇਹ ਵੀ ਪਤਾ ਹੋਣਾ ਹੈ ਕਿ ਜਿਸ ਸਭਿਆਚਾਰਕ ਪਿਛੋਕੜ ਨਾਲ ਮੇਰਾ ਸੰਬੰਧ ਹੈ, ਉਸ ਵਿਚ ਇਕ ਮਹਾਨ ਸ਼ਖ਼ਸੀਅਤ ਗੁਰੂ ਨਾਨਕ ਵੀ ਸੀ। ਸਾਰੀ ਉਮਰ ਉਸ ਨੇ ਉਦਾਸੀਆਂ ਤੇ ਪਰਚਾਰ ਕੀਤਾ। ਕਵਿਤਾ ਰਚੀ। ਬੌਧਕ ਅਤੇ ਰਹੱਸਵਾਦੀ ਗੋਸ਼ਟਾਂ ਕੀਤੀਆਂ। ਕੁਰਾਹੀਆਂ ਨੂੰ ਸੱਚ ਦਾ ਮਾਰਗ ਵਿਖਾਇਆ। ਕਿਰਤ ਨੂੰ ਸਭ ਤੋਂ ਉੱਤਮ ਦੱਸਿਆ। ਆਪਣੀ

ਆਖ਼ਰੀ ਉਮਰ ਵਿਚ ਇਸ ਮਹਾਂ-ਮਨੁੱਖ ਨੇ ਆਪਣੇ ਹੱਥੀਂ ਆਪ ਖੇਤੀਬਾੜੀ ਕੀਤੀ। ਜਿਨ੍ਹਾਂ ਹੱਥਾਂ ਵਿਚ ਕਦੇ ਕਲਮ ਹੁੰਦੀ ਸੀ, ਉਨ੍ਹਾਂ ਵਿਚ ਹਲ ਅਤੇ ਕਹੀ ਲਈ। ਉਸੇ ਮਹਾਂ-ਮਨੁੱਖ ਦੀ ਪ੍ਰੇਰਣਾ ਹੈ ਕਿ ਮੈਂ ਜ਼ਿੰਦਗੀ ਦੇ ਇਕ ਨਵੇਂ ਪੱਖ ਦੀਆਂ ਪਰਤਾਂ ਫਰੋਲ ਰਿਹਾ ਹਾਂ ਹੁਣ। ਸਰੀਰ ਥੱਕ, ਟੁੱਟ ਜਾਂਦਾ ਹੈ ਮੇਰਾ। ਰਾਤ ਨੂੰ ਘੂਕ ਸੌਂਦਾ ਹਾਂ ਫੱਟੇ ਵਾਂਗ। ਜਦੋਂ ਜਿਸਮਾਨੀ ਮੁਸ਼ੱਕਤ ਨਹੀਂ ਸਾਂ ਕਰਦਾ, ਨੀਂਦ ਨਹੀਂ ਸੀ ਆਉਂਦੀ। ਸੋਚਾਂ ਹਰ ਸਮੇਂ ਪਿੱਛੇ ਪਈਆਂ ਰਹਿੰਦੀਆਂ ਸਨ। ਚਿੰਤਾਵਾਂ ਰਾਤ, ਰਾਤ ਭਰ ਜਗਾ ਕੇ ਜ਼ਿਹਨ, ਦਿਲ, ਮਨ ਅਤੇ ਸਗਲੇ ਵਜੂਦ ਨੂੰ ਸੂਲਾਂ ਉੱਤੇ ਬਿਠਾਈ ਰੱਖਦੀਆਂ ਸਨ। ਕਿਰਤ ਅਤੇ ਮੁਸ਼ੱਕਤ ਦਾ ਆਪਣਾ ਹੀ ਅਨੰਦ ਅਤੇ ਆਪਣੀ ਹੀ ਸੰਤੁਸ਼ਟੀ ਹੈ।"

"ਵਾਹ, ਵਾਹ, ਕਯਾ ਬਾਤ ਹੈ। ਮੁਸੀਬਤ ਅਤੇ ਬੇਬਸੀ ਦਾ ਫ਼ਲਸਫ਼ੀਕਰਨ ਤਾਂ ਕੋਈ ਤੇਰੇ ਕੋਲੋਂ ਸਿੱਖੇ।" ਇਹ ਆਖ ਕੇ ਉਹ ਹੱਸੀ, ਝੂਮੀਂ ਅਤੇ ਜਿਸ ਤਰ੍ਹਾਂ ਅਚਾਨਕ ਪ੍ਰਗਟ ਹੋਈ ਸੀ, ਉਸੇ ਤਰ੍ਹਾਂ ਹੀ ਅਚਾਨਕ ਏਸ ਕਬਰਸਤਾਨੀ ਸ਼ਿਫ਼ਟ ਦੇ ਕਬਰਸਤਾਨੀ ਮਾਹੌਲ ਵਿਚ ਗੁੰਮ ਹੋ ਗਈ।

ਕੈਥੀ ਨਾਲ ਮੇਰੀ ਦੂਜੀ ਮੁਲਾਕਾਤ ਦੀ ਵੀ ਅਜੀਬ ਕਹਾਣੀ ਹੈ। ਮੇਰਾ ਇਕ ਮਿੱਤਰ ਏਥੇ ਕੁਝ ਹੋਰ ਛੜੇ-ਛੜਾਂਗ ਕਾਮਿਆਂ ਦੇ ਨਾਲ ਇਕ ਮਕਾਨ ਵਿਚ ਰਹਿੰਦਾ ਸੀ।

ਮੇਰੇ ਮਿੱਤਰ ਨੂੰ ਸਭ ਫੱਤੂ ਅਤੇ ਉਸ ਦੇ ਮਕਾਨ ਨੂੰ ਛੜਿਆਂ ਦਾ ਡੇਰਾ ਕਹਿ ਕੇ ਬੁਲਾਉਂਦੇ ਸਨ। ਉਹ ਬੜਾ ਹੱਸਮੁਖ, ਦਾਰੂ ਦਰਮਲ ਅਤੇ ਔਰਤਾਂ ਦਾ ਸ਼ੌਕੀਨ ਸੀ। ਇਕ ਦਿਨ ਮੈਨੂੰ ਕਹਿਣ ਲੱਗਾ, "ਭਾ ਜੀ ! ਅੱਜ ਇਕ ਗੋਰੀ ਸੱਦੀ ਹੋਈ ਹੈ। ਕੋਈ ਦਾਰੂ ਦਰਮਲ ਦੱਸੋ ਤਾਂ ਕਿ ਉਸ ਉੱਤੇ ਰੁਅਬ ਜਿਹਾ ਪੈ ਜਾਵੇ ਅਤੇ ਉਸ ਨੂੰ ਅਗਾਂਹ ਵਾਸਤੇ ਮੇਰੀ ਹੀ ਆਦਤ ਹੋ ਜਾਵੇ। ਹੋਰ ਕਿਸੇ ਕੋਲ ਨਾ ਜਾਵੇ। ਉਸ ਨੇ ਇਹ ਵੀ ਦਸਿਆ ਕਿ ਅੱਜ ਉਸ ਦੇ ਸਭ ਛੜੇ ਮਿੱਤਰ ਸੌ ਮੀਲ ਉੱਤੇ ਵਸਦੇ ਇਕ ਹੋਰ ਸ਼ਹਿਰ ਪ੍ਰਿੰਸ ਰੂਪਰਟ ਆਪਣੇ ਸੰਬੰਧੀਆਂ ਨੂੰ ਮਿਲਣ ਗਏ ਹੋਏ ਸਨ ਅਤੇ ਕਿਹਾ ਕਿ ਸ਼ਾਮ ਨੂੰ ਮੈਂ ਉਸ ਦੇ ਕੋਲ ਹੀ ਆ ਜਾਵਾਂ। ਦਾਰੂ ਦਰਮਲ ਪੀਆਂਗੇ ਅਤੇ ਰੋਟੀ ਪਾਣੀ ਵੀ ਉੱਥੇ ਹੀ ਚੱਲੇਗਾ।"

ਮੈਂ ਫੱਤੂ ਨੂੰ ਹਾਂ ਕਰ ਦਿੱਤੀ ਅਤੇ ਨਾਲ ਹੀ ਆਪਣੀ ਜੇਬ੍ਹ ਵਿੱਚੋਂ 25 ਮਿਲੀ-ਗਰਾਮ ਦੀ ਵੇਲੀਅਮ ਦੀ ਇਕ ਗੋਲੀ ਕੱਢ ਕੇ ਦੇ ਦਿੱਤੀ ਅਤੇ ਉਸ ਨੂੰ ਆਖਿਆ ਕਿ ਦਾਰੂ ਜ਼ਰਾ ਘੱਟ ਪੀਵੀਂ ਅਤੇ ਉਸ ਨਾਲ ਹਮ-ਬਿਸਤਰੀ ਤੋਂ ਘੰਟਾ ਅੱਧਾ ਘੰਟਾ ਪਹਿਲਾਂ ਇਹ ਗੋਲੀ ਖਾ ਲਵੀਂ, ਤੇਰਾ ਕੰਮ ਹੋ ਜਾਵੇਗਾ। ਉਹ ਬੜਾ ਖ਼ੁਸ਼ ਹੋਇਆ। ਉਨ੍ਹਾਂ ਦਿਨਾਂ ਵਿਚ ਮੈਨੂੰ ਵੇਲੀਅਮ ਦੀਆਂ ਇਹ ਤਿੰਨ ਗੋਲੀਆਂ ਰੋਜ਼ ਖਾਣੀਆਂ ਪੈਂਦੀਆਂ ਸਨ। ਅਫ਼ਰੀਕਾ ਵਿਚ ਮੇਰਾ ਕਾਰ ਦਾ ਹਾਦਸਾ ਹੋ ਗਿਆ ਸੀ। ਰੀੜ੍ਹ ਦੀ ਹੱਡੀ ਅਤੇ ਸਿਰ ਵਿਚ ਡਾਢੀ ਸੱਟ ਲੱਗੀ ਸੀ। ਨਰਵਸਨੈਸ ਵੀ ਰਹਿੰਦੀ ਸੀ। ਇਸ ਲਈ ਵਿਟਾਮਿਨ ਬੀ ਕੰਪਲੈਕਸ ਅਤੇ 75 ਮਿਲੀਗਰਾਮ ਵੇਲੀਅਮ ਮੇਰੀ ਰੋਜ਼ ਦੀ ਖ਼ੁਰਾਕ ਸੀ। (Valium) ਵੇਲੀਅਮ ਦੀ ਇਸ ਪ੍ਰਾਈਵੇਟ ਉਪਯੋਗਤਾ ਬਾਰੇ ਵੀ ਮੈਨੂੰ ਇਨ੍ਹਾਂ ਦਿਨਾਂ ਵਿਚ ਹੀ ਜ਼ਾਤੀ ਤਜਰਬਾ ਹੋਇਆ ਸੀ। ਇਸ ਲਈ ਮੈਂ ਸੋਚਿਆ ਕਿ ਚਲੋ ਫੱਤੂ ਦੇ ਵੀ ਵਾਰੇ ਨਿਆਰੇ ਹੋ ਜਾਣਗੇ।

ਸ਼ਾਮ ਨੂੰ ਜਦੋਂ ਮੈਂ ਫੱਤੂ ਦੇ ਘਰ ਪਹੁੰਚਿਆ, ਤਾਂ ਕੈਥੀ ਮੈਨੂੰ ਉਸ ਦੇ ਘਰ ਦੇ ਦਰਵਾਜ਼ੇ ਉੱਤੇ ਹੀ ਮਿਲੀ। ਸ਼ਾਇਦ ਉਹ ਵਾਪਸ ਮੁੜ ਰਹੀ ਸੀ। ਮੇਰੇ ਵਲਾਂ ਵੇਖ ਕੇ ਬਿਨਾਂ ਸੰਗ-ਸੰਕੋਚ ਦੇ ਉਹ ਬੋਲੀ, "ਤੇਰਾ ਇਹ ਦੋਸਤ ਵੀ ਅਜੀਬ ਹੈ। ਮੈਨੂੰ ਰਾਤ ਦੇ ਖਾਣੇ ਉੱਤੇ ਬੁਲਾ ਕੇ ਆਪ ਘੂਕ ਸੁੱਤਾ ਪਿਆ ਹੈ।"

ਮੈਂ ਕਿਹਾ, "ਕਸੂਰ ਮੇਰਾ ਹੀ ਹੈ। ਮੈਨੂੰ ਨਹੀਂ ਸੀ ਪਤਾ ਕਿ ਇਸ ਦਾ ਸਟੈਮੇਨਾ (Stamina) ਏਨਾ ਥੋੜ੍ਹਾ ਹੈ ਕਿ ਇਹ ਇਕ ਗੋਲੀ ਦੇ ਨਾਲ ਹੀ ਉੱਠਣ ਦੀ ਬਜਾਏ ਡਿੱਗ ਪਵੇਗਾ।"

ਵੇਲੀਅਮ ਵਾਲੀ ਗੱਲ ਸੁਣ ਕੇ ਕੈਥੀ ਹੱਸ-ਹੱਸ ਕੇ ਦੋਹਰੀ ਚੌਹਰੀ ਹੋ ਗਈ। ਅਸੀਂ ਦੋਵੇਂ ਫੱਤੂ ਦੇ ਅੰਦਰ ਲੰਘ ਆਏ। ਫੱਤੂ ਘੂਕ ਸੁੱਤਾ ਰਿਹਾ ਪਰ ਮੈਂ ਤੇ ਕੈਥੀ ਅਧੀ ਰਾਤ ਤਕ ਵਿਸਕੀ ਪੀਂਦੇ ਤੇ ਗੱਪਾਂ ਮਾਰਦੇ ਰਹੇ।

ਕੈਥੀ ਸਿੰਗਲ ਪੇਰੈਂਟ ਭਾਵ ਅਣਵਿਆਹੀ ਮਾਂ ਹੈ। ਉਸ ਦੇ ਚਾਰ ਮਰਦਾਂ ਤੋਂ ਚਾਰ ਬੱਚੇ ਹਨ। ਸਾਂਝੇ ਕਾਨੂੰਨ (Common Law) ਅਧੀਨ ਉਸ ਨੇ ਇਕ ਤੋਂ ਬਾਅਦ ਇਕ ਚਾਰ ਮਰਦਾਂ ਦੇ ਸੰਗ ਸਾਥ ਵਿਚੋਂ ਚਾਰ ਬੱਚੇ ਜਣੇ। ਚਾਰੇ ਵਾਰ ਗੱਲ ਵਿਆਹ ਤਕ ਪਹੁੰਚਦੀ, ਪਹੁੰਚਦੀ ਟੁੱਟ ਗਈ। ਮਰਦ ਹੋਰ ਔਰਤਾਂ ਲੈ ਤੁਰੇ ਅਤੇ ਕੈਥੀ ਬੱਚਿਆਂ ਦੇ ਸਾਥ ਲਈ ਇਕੱਲੀ ਮਾਂ ਬਣ ਕੇ ਰਹਿ ਗਈ। ਹੁਣ ਉਸ ਨੇ ਸ਼ਾਦੀ ਦੀ ਆਸ ਹੀ ਛੱਡ ਦਿੱਤੀ ਸੀ। ਆਜ਼ਾਦ ਜੀਵਨ ਅਤੇ ਆਜ਼ਾਦ ਸਾਥ ਦਾ ਪਲ-ਛਿਣ ਹੰਢਾਉਣ ਉਪਰੰਤ ਉਹ ਮਰਦ ਦੀ ਦੁਨੀਆਂ ਤੋਂ ਮੁਕਤ ਹੋ ਕੇ ਆਪਣੇ ਬੱਚਿਆਂ ਦੀ ਦੁਨੀਆਂ ਵਿਚ ਖੋ ਜਾਂਦੀ। ਫਸਟ ਏਡ ਅਟੈਂਡੈਂਟ ਬਣਨ ਤੋਂ ਪਹਿਲਾਂ ਬੱਚੇ ਪਾਲਣ ਲਈ ਉਸ ਨੇ ਮਿੱਲ ਵਿਚ ਗਰੀਨ ਚੇਨ ਉੱਤੇ ਫੱਟੇ ਖਿੱਚਣ ਦੀ ਸਖ਼ਤ ਅਤੇ ਜਾਨ-ਲੇਵਾ ਮੁਸ਼ੱਕਤ ਵੀ ਕੀਤੀ ਸੀ। ਹੁਣ ਉਸ ਦਾ ਕੰਮ ਵੀ ਸੌਖਾ ਸੀ ਤੇ ਦਿਹਾੜੀ ਵੀ ਵਧੇਰੇ ਮਿਲਦੀ ਸੀ। ਆਰਥਕ ਸੁਤੰਤਰਤਾ ਅਤੇ ਬੱਚਿਆਂ ਦੇ ਮੋਹ ਨੇ ਉਸ ਵਿਚ ਨਵੀਂ ਸ਼ਕਤੀ, ਨਵਾਂ ਹੁਸਨ, ਨਵਾਂ ਸੁਹਜ ਅਤੇ ਨਵਾਂ ਸ੍ਵੈ-ਭਰੋਸਾ ਭਰ ਦਿੱਤਾ ਸੀ। ਉਹ ਤੁਰਦੀ ਫਿਰਦੀ ਸੁਹਜ ਦੀ ਇਕ ਮੂਰਤੀ ਅਤੇ ਅਤਿ ਦੀ ਮਿਲਾਪੜੀ ਸੀ।

ਉਸ ਨੂੰ ਸਪਤਾਹ-ਅੰਤ ਉੱਤੇ ਸ਼ਰਾਬ ਪੀਣ, ਮਰਦ ਦੇ ਸੰਗ ਅਤੇ ਕਵਿਤਾ ਸੁਣਨ ਤੇ ਪੜ੍ਹਨ ਦਾ ਸ਼ੌਕ ਸੀ। ਇਸ ਲਈ ਸਾਡੇ ਕੁਝ ਸਪਤਾਹ-ਅੰਤ ਇਕੱਠਿਆਂ ਹੀ ਗੁਜ਼ਰਨ ਲੱਗੇ। ਕੈਥੀ ਕਿਸੇ ਇਕ ਨਾਲ ਸਦੀਵੀ ਤੌਰ ਉੱਤੇ ਬੱਝ ਕੇ ਆਪਣੀ ਪ੍ਰਾਪਤ ਕੀਤੀ ਆਜ਼ਾਦੀ ਅਤੇ ਸ੍ਵੈ-ਨਿਰਭਰਤਾ ਦੇ ਅਹਿਸਾਸ ਨੂੰ ਕਿਸੇ ਕੀਮਤ ਉੱਤੇ ਵੀ ਗੁਆਉਣਾ ਨਹੀਂ ਸੀ ਚਾਹੁੰਦੀ।

ਇਨ੍ਹਾਂ ਦਿਨਾਂ ਵਿਚ ਹੀ ਦੋ-ਤਿੰਨ ਹਫ਼ਤਿਆਂ ਦੇ ਅੰਤ ਉੱਤੇ ਅਸੀਂ ਇਕੱਠੇ ਨਾ ਹੋ ਸਕੇ। ਕੈਥੀ ਹਫ਼ਤੇ ਕੁ ਤੋਂ ਮਿੱਲ ਵਿਚ ਵੀ ਨਜ਼ਰ ਨਾ ਆਈ ਤਾਂ ਮੈਨੂੰ ਚਿੰਤਾ ਲੱਗ ਗਈ। ਸ਼ਨਿੱਚਰਵਾਰ ਦੀ ਸ਼ਾਮ ਮੈਂ ਉਸ ਦੇ ਘਰ ਵਲਾਂ ਨਿਕਲ ਤੁਰਿਆ। ਬੱਚੇ ਉਸ ਦੇ, ਉਸ ਦਿਨ ਆਪਣੇ ਮਿੱਤਰ ਦੇ ਘਰ ਗਏ ਹੋਏ ਸਨ ਰਾਤ ਰਹਿਣ ਲਈ। ਉਸ ਦੇ ਚਿਹਰੇ ਉੱਤੇ ਨੀਲ ਪਏ ਹੋਏ ਸਨ। ਅੰਗ-ਅੰਗ ਜਿਵੇਂ ਕਿਸੇ ਨੇ ਪਿੰਜ ਸੁੱਟਿਆ ਸੀ। ਹੱਥ ਦਾ ਇਕ ਅੰਗੂਠਾ ਅਤੇ ਨਾਲ ਦੀ ਉਂਗਲ ਸੁੱਜੀ ਹੋਈ ਸੀ। ਬਾਹਾਂ ਉੱਤੇ ਵੀ ਲਾਸ਼ਾਂ ਦੇ ਨਿਸ਼ਾਨ ਸਨ।

"ਕੈਥੀ ! ਇਹ ਕੀ ? ਕਿਉਂ ? ਕਿਵੇਂ ?"

ਉਸ ਨੇ ਬੜੇ ਧੀਰਜ, ਠਰੰਮ੍ਹੇਂ ਅਤੇ ਬਿਨਾਂ ਕਿਸੇ ਉਤੇਜਨਾ ਤੋਂ ਬੋਲਣਾ ਸ਼ੁਰੂ ਕੀਤਾ, "ਉਹ ਫੇਰ ਆਇਆ ਸੀ ..."

"ਕੌਣ ?"

ਮੇਰੀ ਪਹਿਲੀ ਬੱਚੀ ਦਾ ਪਿਤਾ। ਮੈਨੂੰ ਕਈ ਵਾਰ ਇੰਜ ਮਹਿਸੂਸ ਹੋਇਆ ਹੈ ਕਿ ਮੈਂ ਉਸ ਤੋਂ ਟੁੱਟ ਕੇ ਵੀ, ਜਿਵੇਂ ਟੁੱਟ ਨਹੀਂ ਸਕੀ। ਉਹ ਜਦੋਂ ਵੀ ਆਉਂਦਾ ਹੈ, ਮੈਂ ਚਾਹੇ ਅਚਾਹੇ ਮੋਮ ਦਾ ਨੱਕ ਬਣ ਜਾਂਦੀ ਹਾਂ। ਉਹ ਮੈਨੂੰ ਮੇਰੀ ਜ਼ਿੰਦਗੀ ਵਿਚ ਉਸ ਤੋਂ ਬਾਅਦ ਆਏ ਮਰਦਾਂ ਦੇ ਤਾਹਨੇ ਮਿਹਣੇ ਦਿੰਦਾ ਹੈ। ਸ਼ਰਾਬ ਪੀਂਦਾ ਹੈ। ਨਸ਼ੇ ਵਿਚ ਧੁੱਤ ਹੋ ਕੇ ਮੇਰੇ ਜਿਸਮ ਦੇ ਤੂੰਬੇ ਉਡਾ ਦਿੰਦਾ ਹੈ। ਮੇਰੀ ਆਤਮਾ, ਮੇਰਾ ਦਿਲ ਲੀਰ, ਲੀਰ ਕਰਕੇ ਬਿਖੇਰ ਦਿੰਦਾ ਹੈ। ਆਪਣੀ ਹਵਸ ਪੂਰੀ ਕਰਕੇ ਚਲੇ ਜਾਂਦਾ ਹੈ। ਆ ਕੇ ਤੁਰ ਗਏ ਇਸ ਤੂਫ਼ਾਨ ਦੇ ਨਿਸ਼ਾਨ ਏਥੇ, ਮੇਰੇ ਜਿਸਮ, ਮੇਰੇ ਘਰ, ਮੇਰੇ ਦਿਲ, ਮੇਰੇ ਦਿਮਾਗ਼ ਵਿਚ ਬਾਕੀ ਰਹਿ ਗਏ ਹਨ। ਮੈਂ ਕਈ ਕਈ ਦਿਨ ਕੰਮ ਉੱਤੇ ਨਹੀਂ ਜਾ ਸਕਦੀ। ਇਹ ਮਰਦ ਕਿੰਨਾ ਬੇਦਰਦ ਹੈ। ਇਸ ਦਰਦ ਵਿਚ ਕਿੰਨੀ ਲੱਜ਼ਤ ਹੈ।"

"ਪਰ, ਇਹ ਸਭ ਕੁਝ ਕਿਉਂ ? ਤੂੰ ਵੀ ਤਾਂ ਇਕ ਇਨਸਾਨ ਹੈ।"

"ਹਾਂ, ਹਾਂ, ਹਾਂ ... ਪਰ ਮੈਂ ਮਰਦ ਨਹੀਂ ਬਣ ਸਕਦੀ। ਮੈਨੂੰ ਮਰਦ ਦੀ, ਉਸ ਦੇ ਪਿਆਰ ਦੀ, ਉਸ ਦੀ ਹਿਰਸ, ਉਸ ਦੇ ਹਵਸ, ਉਸ ਦੇ ਕ੍ਰੋਧ ਅਤੇ ਉਸ ਦੀ ਕ੍ਰੋਪੀ ਦੀ ਲੋੜ ਹੈ। ਮੈਂ ਆਜ਼ਾਦ ਅਤੇ ਸ੍ਵੈ-ਨਿਰਭਰ ਹੋ ਕੇ ਵੀ ਜਿਵੇਂ ਅਧੂਰੀ ਹਾਂ ...।"

ਬਿੰਦ ਦੀ ਬਿੰਦ ਉਹ ਰੁਕੀ। ਉਸ ਦੀਆਂ ਅੱਖਾਂ ਦੂਰ ਖ਼ਲਾਅ ਵਲਾਂ ਘੂਰ ਰਹੀਆਂ ਸਨ ਅਤੇ ਇੰਜ ਜਾਪਦਾ ਸੀ ਜਿਵੇਂ ਉਹ ਆਪਣੇ ਆਪ ਤੋਂ ਬਹੁਤ ਦੂਰ ਚਲੇ ਗਈ ਹੋਵੇ। ਉਸ ਦੀ ਭਾਰੀ ਪਰ ਪ੍ਰਭਾਵ-ਪੂਰਨ ਆਵਾਜ਼ ਜਿਵੇਂ ਕਿਸੇ ਡੂੰਘੀ ਗ਼ਾਰ ਵਿਚੋਂ ਉੱਭਰ ਰਹੀ ਹੋਵੇ :

"ਸੂਰਜ ਦੀ ਅੱਗ, ਝੱਖੜ ਮੀਂਹ, ਗੜੇ ਅਤੇ ਹੋਰ ਕਹਿਰ, ਸਭ ਇਸ ਧਰਤੀ ਉੱਤੇ ਟੁੱਟਦੇ ਹਨ। ਫਿਰ ਵੀ ਇਹ ਧਰਤੀ ਸਾਰੀ ਮਨੁੱਖਤਾ ਦੀ ਮਾਂ ਬਣ ਕੇ ਉਸ ਨੂੰ ਪਾਲਦੀ ਹੈ। ਕੁਦਰਤ ਦੇ ਰੰਗ ਬਰੰਗੇ ਫੁੱਲਾਂ ਅਤੇ ਹੁਸਨ ਦੀ ਚਿਤਰਕਾਰੀ ਸਾਡੇ ਸਭ ਲਈ ਕਰਦੀ ਹੈ। ਸਾਨੂੰ ਸੁਹਜ ਸਿਖਾਉਂਦੀ ਤੇ ਵਿਖਾਉਂਦੀ ਹੈ ... ਇਹ ਧਰਤੀ ... ਮੈਂ ... ਧਰਤੀ ...

ਮਨੁੱਖ ਦਾ ਕ੍ਰੋਪ, ਬੁਰਾਈ, ਹਿਰਸ, ਹਵਸ, ਈਰਖਾ, ਜਬਰ...ਸੂਰਜ ਵਾਂਗ ਮੇਰੇ ਉੱਤੇ ਤਪਦਾ ਹੈ...ਝੱਖੜ ਵਾਂਗ ਮੇਰੇ ਉੱਤੇ ਝੁੱਲਦਾ ਹੈ। ਇਹ ਸਭ ਕੁਝ ਮੈਂ ਆਪਣੇ ਮਨ, ਆਪਣੇ ਤਨ ਉੱਤੇ ਸਹਿ ਜਾਂਦੀ ਹਾਂ...।

ਪਰ ਮਰਦ ਨੂੰ ਇਹ ਨਹੀਂ ਪਤਾ ਕਿ ਉਸ ਦਾ ਇਹ ਜ਼ੁਲਮ ਬਰਦਾਸ਼ਤ ਕਰਦੀ ਹੋਈ ਵੀ ਮੈਂ ਉਸੇ ਸਮੇਂ ਉਸ ਅੰਦਰੋਂ ਉਸ ਦੀ ਸਾਰੀ ਚੰਗਿਆਈ, ਚੂਸ ਰਹੀ ਹੁੰਦੀ ਹਾਂ। ...

ਮਰਦ ਦੀ ਚੰਗਿਆਈ, ਉਸ ਦਾ ਬੀਜ, ਮੈਂ ਆਪਣੀ ਕੁੱਖ ਵਿਚ ਸਮਾ ਲੈਂਦੀ ਹਾਂ ... ਹਸੂੰ-ਹਸੂੰ ਕਰਦੇ ਬੱਚਿਆਂ ਦੇ ਫੁੱਲ ਪੈਦਾ ਕਰਨ ਲਈ। ਧਰਤੀ ਹਾਂ ਨਾ, ਮਾਂ ਹਾਂ ਨਾ, ਮੈਂ ... ਮੈਨੂੰ ਬੱਚਿਆਂ ਨਾਲ, ਫੁੱਲਾਂ ਨਾਲ ਅੰਤਾਂ ਦਾ ਮੋਹ ਹੈ।"

ਪੁਸ਼ਪ-ਜਣਨੀ ਕੈਥੀ ਕਹਿ ਰਹੀ ਸੀ।

# ਅਰਥ ਢੂੰਡਦੇ ਸ਼ਬਦ

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਜ਼ਿੰਦਗੀ ਇਕ ਖ਼ਲਾਅ ਜਿਹੇ ਵਿਚ ਬੀਤ ਰਹੀ ਸੀ ! ਕੋਈ ਅਰਥ ਨਹੀਂ ਸੀ ਦਿਸਦਾ। ਕੋਈ ਮੰਤਵ ਨਹੀਂ ਸੀ ਦਿਸਦਾ। ਇੰਜ ਜਾਪਦਾ ਸੀ ਜਿਵੇਂ ਕਿਸੇ ਨੇ ਸ਼ਬਦ ਦੇ ਸਗਲੇ ਅਰਥ ਚੂਸ ਲਏ ਹੋਣ। ਬਾਕੀ ਬਚਿਆ ਸੀ ਖ਼ਾਲੀ ਖੋਲੀ ਸ਼ਬਦ ਦਾ ਆਕਾਰ। ਨਾ ਅਰਥ, ਨਾ ਮੰਤਵ, ਨਾ ਲਖਸ਼ ਤੇ ਨਾ ਹੀ ਕੋਈ ਦਿਸ਼ਾ। ਆਲਸ ਜਿਹੇ ਵਾਂਗ ਹਰ ਦਿਨ ਚੜ੍ਹਦਾ ਅਤੇ ਹੱਡ-ਭੰਨਵੀਂ ਤੋੜ ਜਿਹੀ ਲਾ ਕੇ ਗੁਜ਼ਰ ਜਾਂਦਾ। ਸਵੇਰੇ, ਫਿਰ ਉਹੀ ਕੁਝ ਚਾਹੇ ਅਚਾਹੇ ਵਾਰ ਵਾਰ।

ਪਤਨੀ ਨਾਲ ਤਲਾਕ ਹੋ ਚੁੱਕਾ ਸੀ। ਇਕ ਵੇਵ-ਲੈਂਗਥ ਉੱਤੇ ਜੇ ਇਕੱਠੇ ਨਾ ਤੁਰ ਸਕੀਏ, ਤਾਂ ਅਜਿਹਾ ਸਾਥ ਵੀ ਇਕ ਅਣਇੱਛਤ ਬੋਝ ਜਿਹਾ ਬਣ ਜਾਂਦਾ ਹੈ। ਇਕੱਠੇ ਰਹਿੰਦਿਆਂ ਵੀ ਜਿਸਮਾਂ, ਆਤਮਾਵਾਂ ਤੇ ਦਿਲਾਂ ਵਿਚ ਦੀਵਾਰਾਂ ਉੱਸਰ ਆਉਂਦੀਆਂ ਹਨ। ਸੁਹਿਰਦਤਾ, ਵਿਸ਼ਵਾਸ, ਪਿਆਰ ਤੇ ਸਤਿਕਾਰ ਦਾ ਚਿਹਰਾ ਵਲੂੰਧਰਿਆ ਜਾਂਦਾ ਹੈ। ਬੇਪਛਾਣ ਹੋ ਜਾਂਦਾ ਹੈ। ਸ਼ੀਸ਼ੇ ਵਿਚ ਆਪਣੇ ਪ੍ਰਤਿਬਿੰਬ ਦੀ ਥਾਵੇਂ ਅਨੇਕਾਂ ਪ੍ਰਸ਼ਨ-ਚਿੰਨ੍ਹ ਦਿਖਾਈ ਦਿੰਦੇ ਹਨ। ਜਿੱਧਰ ਤੁਰੀਏ, ਆਪਣੇ ਹੀ ਇਕੱਲੇ ਪੈਰਾਂ ਦੇ ਏਕਾਲਾਪ ਤੋਂ ਬਿਨਾ ਹੋਰ ਕੁਝ ਵੀ ਸੁਣਾਈ ਨਹੀਂ ਦਿੰਦਾ।

ਫਿਰ ਸਵਾਲ ਸੀ ਆਜ਼ਾਦੀਆਂ ਦਾ। ਪਤੀ ਦੀ ਆਜ਼ਾਦੀ, ਪਤਨੀ ਦੀ ਆਜ਼ਾਦੀ ਵਿਚ ਸਮਾ ਕੇ ਇਕ ਜਾਨ ਹੋਣ ਦੀ ਥਾਂ ਅਕਸਰ ਟਕਰਾ ਜਾਂਦੀ ਸੀ। ਦੋ ਗ਼ੁਲਾਮੀਆਂ ਤਾਂ ਇਕੱਠੀਆਂ ਇਕ ਹਵਾਲਾਤ ਵਿਚ ਰਹਿ ਸਕਦੀਆਂ ਸਨ, ਪਰ ਦੋ ਆਜ਼ਾਦੀਆਂ ਨੂੰ ਖੁੱਲ੍ਹੇ ਦਰਾਂ ਅਤੇ ਖੁੱਲ੍ਹੀਆਂ ਖਿੜਕੀਆਂ ਤੇ ਰੌਸ਼ਨਦਾਨਾਂ ਵਾਲੀ ਇਕ ਛੱਤ ਨਹੀਂ ਸੀ ਭਾਉਂਦੀ। ਆਪਣੇ ਅੰਦਰਲੀਆਂ ਅਪਰਾਧ-ਗ੍ਰੰਥੀਆਂ ਬਾਹਰ ਨਿਕਲਦੀਆਂ ਤੇ ਸੁਤੰਤਰ ਹੋਂਦ ਦੁਆਲੇ ਪਿੰਜਰੇ ਖੜ੍ਹੇ ਕਰ ਦਿੰਦੀਆਂ। ਸ਼ਖ਼ਸੀ ਆਜ਼ਾਦੀ ਦੇ ਪਿੰਜਰੇ !

ਤਲਾਕ ਦੇ ਸੋਚੇ ਸਮਝੇ ਹਾਦਸੇ ਤੋਂ ਬਾਅਦ ਮਿੱਤਰਾਂ ਤੇ ਸੰਬੰਧੀਆਂ ਤੋਂ ਵੀ ਜਿਵੇਂ ਮੈਂ ਵਿਯੋਗਿਆ ਗਿਆ ਸਾਂ। ਇਕ ਅਪਰਿਭਾਸ਼ਤ ਜਿਹੀ ਦੂਰੀ ਤੇ ਸੰਦੇਹ ਦੀ ਦੀਵਾਰ ਉੱਸਰ ਗਈ ਸੀ ਸਾਡੇ ਵਿਚਕਾਰ। ਜਾਣੇ ਪਹਿਚਾਣੇ ਚਿਹਰਿਆਂ ਉੱਤੇ ਅਜਨਬੀਪਨ ਅਤੇ ਬੇਗਾਨਗੀ ਦੀ ਪ੍ਰੇਤ-ਛਾਇਆ ਮੰਡਲਾਂਦੀ ਰਹਿੰਦੀ ਸੀ ਹਰ ਸਮੇਂ।

ਸੜਕਾਂ ਨਿਓਂਦਾ ਦੇਂਦੀਆਂ ਰਹਿੰਦੀਆਂ ਸਨ ਹਰ ਸਮੇਂ, ਹਰ ਰੋਜ਼ ਤੁਰੇ ਰਹਿਣ ਲਈ। ਹੋਂਦ ਦਾ ਅਰਥ-ਹੀਣ ਸ਼ਬਦ ਅੰਦਰ ਬਾਹਰ ਇਕ ਖ਼ਲਾਅ ਜਿਹੀ ਸਮੇਟੀ ਫਿਰਦਾ ਸੀ। ਇਕ ਆਲਸੀ ਜਿਹੀ ਤੋਰ ਭਟਕਾਈ ਫਿਰਦੀ ਸੀ। ਮੈਨੂੰ ਏਸ ਸ਼ਰਾਬਖ਼ਾਨੇ ਤੋਂ ਓਸ ਸ਼ਰਾਬਖ਼ਾਨੇ ਤੇ ਓਸ ਸ਼ਰਾਬਖ਼ਾਨੇ ਤੋਂ ਔਸ ਨ੍ਰਿਤਘਰ ... ਬਾਰ, ਕੈਸੀਨੋ, ਜੂਏਖ਼ਾਨੇ ਤੇ ਰੈਸਤੋਰਾਂ ...

ਅੱਖਾਂ ਕੁਝ ਨਾ ਢੂੰਡਦੀਆਂ ਹੋਈਆਂ ਵੀ ਬੇਮਤਲਬ ਜਿਹੇ ਏਧਰ, ਓਧਰ ਘੁੰਮਦੀਆਂ, ਵੇਖਦੀਆਂ ਅਵੇਖਦੀਆਂ ਰਹਿੰਦੀਆਂ। ਕੰਨ ਕੁਝ ਨਾ ਸੁਣਨਾ ਚਾਹ ਰਹੇ ਵੀ, ਏਧਰੋਂ ਓਧਰੋਂ ਕੋਈ ਬੋਲ ਜਾਂ ਬੋਲ-ਅੰਸ਼

ਪਕੜ ਲੈਂਦੇ ਤੇ ਦੇਰ ਤਕ ਆਲੇ ਦੁਆਲੇ ਦੇ ਤੇਜ਼-ਤੋਰ ਸ਼ੋਰ ਤੋਂ ਟੁੱਟ ਕੇ ਉਸ ਇਕ ਇਕੱਲੇ ਬੋਲ ਜਾਂ ਬੋਲ-ਅੰਸ਼ ਨੂੰ ਹੀ ਜੁੜੇ ਰਹਿੰਦੇ।

ਇਨ੍ਹਾਂ ਦਿਨਾਂ 'ਚ ਹੀ ਪਹਿਲੀ ਵਾਰ ਮਿਲੀ ਸੀ ਉਹ ਮੈਨੂੰ, ਖਿਤਿਜ ਦੇ ਚਿਹਰੇ ਤੋਂ ਮੇਜ਼ ਦੇ ਪਰਲੇ ਪਾਸੇ ਤਕ ਦਾ ਫ਼ਾਸਲਾ ਤੈ ਕਰ ਕੇ। ਸੁਪਨ ਜਿਹੇ ਦੀ ਊਲ-ਜਲੂਲੀਅਤ, ਛੋਹੇ ਜਾ ਸਕਣ ਵਾਲੇ ਠੋਸ ਵਜੂਦ ਦਾ ਰੂਪ ਧਾਰਨ ਕਰਕੇ। ਇਕ ਸੁਣੀ, ਵੇਖੀ ਤੇ ਮਹਿਸੂਸੀ ਜਾ ਸਕਣ ਵਾਲੀ ਹਕੀਕਤ ਦਾ ਰੂਪ ਧਾਰਨ ਕਰਕੇ। ਬੜੀ ਸੁਹਣੀ ਸੀ ਉਹ ਅਠਾਰਾਂ ਕੁ ਸਾਲ ਦੀ ਉਮਰ ਹੋਵੇਗੀ ਉਸ ਦੀ। ਉੱਚਾ ਕੱਦ, ਤਿੱਖੇ ਨੈਣ ਨਕਸ਼, ਚਿੱਟਾ ਰੰਗ, ਕਸਰਤੀ ਜਿਸਮ, ਭਰਵੀਆਂ ਛਾਤੀਆਂ ਤੇ ਕਾਠੇ ਨਿਤੰਭ। ਘੁੰਗਰਾਲੇ ਵਾਲ ਤੇ ਰੰਗਾ-ਰੰਗ ਦੀ ਕੀਮਤੀ ਆਧੁਨਿਕ ਫ਼ੈਸ਼ਨੇਬਲ ਪੋਸ਼ਾਕ ਵਿਚ ਉਹ, ਭੀੜ ਤੋਂ ਹਟ ਕੇ, ਇਕ ਵਿਲੱਖਣ ਤੇ ਆਕਰਸ਼ਕ ਸ਼ਖ਼ਸੀਅਤ ਜਾਪਦੀ ਸੀ।

ਕੀਸ਼ਾ ਨਾਮ ਸੀ ਉਸ ਦਾ ਅੱਜ ਕਲ੍ਹ। ਉਸ ਨੇ ਕਈ ਨਾਮ ਬਦਲੇ ਸਨ। ਜੇਨ, ਜੈਨਟ, ਜੇਰੀ, ਜੈਕੀ, ਕੈਥੀ, ਸ਼ੀਲਾ, ਸ਼ੈਰੀ ਤੇ ਪਤਾ ਨਹੀਂ ਹੋਰ ਕੀ ਕੀ। ਜੈਸੀ ਥਾਂ, ਜੈਸਾ ਸੰਗ ਸਾਥ, ਤੈਸਾ ਨਾਂ। ਉਂਜ ਉਸ ਦਾ ਵਿਚਾਰ ਸੀ ਕਿ ਨਾਂ ਵਿਚ ਕੀ ਪਿਆ ਹੈ ? ਔਰਤ ਨੇ ਔਰਤ ਹੀ ਰਹਿਣਾ ਹੈ ਤੇ ਵੇਸਵਾ ਨੇ ਵੇਸਵਾ। ਵੇਸਵਾ ਬਣ ਕੇ ਵੀ ਵੇਸਵਾ ਔਰਤ ਹੀ ਰਹਿੰਦੀ ਹੈ। ਆਪਣੇ ਅੰਦਰ ਦੀ ਔਰਤ ਤੋਂ ਮੁਕਤ ਨਹੀਂ ਹੋ ਪਾਉਂਦੀ। ਤਨ ਦੀ ਔਰਤ ਤਨ ਵੇਚੇ ਪਰ ਮਨ ਦੀ ਔਰਤ ਸਦਾ ਨਿਛੂਹ।

ਗੱਲਾਂ ਉਸਦੀਆਂ ਖ਼ੂਬਸੂਰਤ ਸਨ ਪਰ ਇਕ ਭੈ ਸੀ ਮੇਰੇ ਅੰਦਰ, ਹਰ ਮਰਦ ਦੇ ਅੰਦਰ, ਏਡਜ਼* ਦਾ ਭੈ, ਇਹ ਚੰਦਰੀ ਬੀਮਾਰੀ ਹੀ ਐਸੀ ਸੀ ਕਿ ਸਭ ਘਾਬਰੇ ਪਏ ਸਨ। ਹਰ ਮਰਦ ਸੁੰਘ, ਸੁੰਘ ਕੇ ਆਪਣਾ ਸਾਥ ਢੂੰਡਦਾ ਸੀ। ਕੋਈ ਵੀ ਨਹੀਂ ਸੀ ਚਾਹੁੰਦਾ ਕਿ ਪਲ, ਛਿਣ ਦੇ ਸੰਗ ਸਾਥ ਤੇ ਸੁਆਦ ਦੀ ਖ਼ਾਤਰ ਕੋਈ ਉਮਰ ਭਰ ਦਾ ਰੋਗੀ ਹੋ ਜਾਵੇ ਅਤੇ ਅੰਤਮ ਸਾਹ ਤਕ ਰਹਿੰਦੀ ਜ਼ਿੰਦਗੀ, ਏਸ ਧੀਮੀ ਮੌਤ ਦੀ ਉਡੀਕ ਕਰੇ।

ਮੈਨੂੰ ਜਕੋ ਤਕੀ ਵਿਚ ਪਏ ਵੇਖਦਿਆਂ ਉਸ ਨੇ ਲਾਊਂਜ (Lounge) ਵਿਚ ਬੈਠੀ ਭੀੜ ਵਲਾਂ ਨਿਗਾਹ ਮਾਰੀ ਤੇ ਫਿਰ ਆਪਣੀਆਂ ਸਾਗਰ ਵਰਗੀਆਂ ਡੂੰਘੀਆਂ ਅੱਖਾਂ ਵਿਚ ਆਪਣੀ ਸਗਲੀ ਹੋਂਦ ਸਮੇਟ ਕੇ ਮੇਰੀਆਂ ਅੱਖਾਂ ਵਿਚ ਸਿੱਧਾ ਤੱਕਿਆ। ਬੜੀ ਖਿੱਚ ਸੀ ਇਨ੍ਹਾਂ ਅੱਖਾਂ ਵਿਚ। ਮੈਂ ਜਿਵੇਂ ਹਿਪਨੋਟਾਈਜ਼ ਹੋਇਆ ਉਸ ਦੇ ਜਾਦੂ-ਅਸਰ ਹੇਠ ਸਾਂ ! ਇਸ ਸਮੇਂ ਵੀ ਉਸ ਦੀ ਸੰਗੀਤਕ ਆਵਾਜ਼ ਮੇਰੇ ਕੰਨਾਂ ਵਿਚ ਗੂੰਜਣੀ ਸ਼ੁਰੂ ਹੋਈ, "ਜਿਵੇਂ ਮਨ ਸਾਂਝਾ ਕਰੀ ਦਾ ਹੈ, ਇਵੇਂ ਤਨ ਸਾਂਝਾ ਕਰਨਾ ਵੀ ਇਕ ਇਨਸਾਨੀ ਲੋੜ ਹੈ। ਅੱਜ ਇਹ ਤਨ ਵੀ ਤੇ ਮਨ ਵੀ, ਤੇਰੇ ਨਾਲ ਸਾਂਝੇ ਕਰਨ 'ਤੇ ਦਿਲ ਆ ਗਿਆ ਹੈ।"

ਆਪਣੀ ਗੱਲ ਦਾ ਮੇਰੇ ਉੱਤੇ ਹੋ ਰਿਹਾ ਅਸਰ ਵੇਖਦੀ, ਪਰਖਦੀ ਹੋਈ ਉਹ ਫਿਰ ਬੋਲੀ, "ਮਾਂ ਮੈਂ ਬਣ ਨਹੀਂ ਸਕਦੀ ! ਤੇਰੇ ਨਾਲ ਕੋਈ ਸਥਾਈ ਰਿਸ਼ਤਾ ਜੋੜਨ ਤੋਂ ਵੀ ਮੈਂ ਅਸਮਰੱਥ ਹਾਂ। ਤੂੰ ਮੇਰੇ 'ਚੋਂ ਇਕ ਪਤਨੀ ਢੂੰਡੇਂਗਾ ਤੇ ਆਪਣੀ ਕੁਲ ਤੋਰੀ ਰੱਖਣ ਲਈ ਪਤਨੀ 'ਚੋਂ ਇਕ ਮਾਂ ਦੀ ਤਲਾਸ਼ ਕਰੇਂਗਾ। ਇਸ ਸਭ ਕੁਝ ਦੇ ਮੈਂ ਕਾਬਲ ਨਹੀਂ। ਮੈਂ ਤਾਂ ਤੇਰੀ ਮਹਿਬੂਬਾ ਵੀ ਨਹੀਂ ਬਣ ਸਕਦੀ। ਤੇਰੇ ਤੇ ਆਇਆ ਦਿਲ ਤਾਂ ਕੇਵਲ ਤੇਰੇ ਇਸ ਛਿਣ ਦੇ ਸਾਥ ਦਾ ਹੀ ਮੁਤਲਾਸ਼ੀ ਹੈ। ਵੇਖ, ਇਹ ਹੋਂਦ, ਇਹ ਰੂਹ, ਇਹ ਦੇਹ ਪਿਆਸੀ ਹੈ।"

ਮੈਂ ਕਿਹਾ, "ਤੂੰ ਮੈਨੂੰ ਬਹੁਤ ਸੁਹਣੀ ਲੱਗਦੀ ਹੈਂ। ਤੇਰੀਆਂ ਗੱਲਾਂ ਵਿਚ ਵੀ ਸੰਬੰਧਾਂ ਦੀ ਗ਼ੁਲਾਮੀ ਤੇ ਬੰਧੇਜ ਦੀ ਥਾਂ ਸੰਬੰਧ ਦੀ ਆਜ਼ਾਦੀ ਦਾ ਜ਼ਿਕਰ ਹੈ। ਚੰਗਾ, ਚੰਗਾ ਲੱਗਣ ਲੱਗਾ ਹੈ ਮੈਨੂੰ ਅੱਜ ਫੇਰ ਇਹ ਸਭ ਕੁਝ, ਪਰ...ਡਰ ਜਿਹਾ ਵਸਿਆ ਹੋਇਆ ਹੈ ਮਨ ਵਿਚ..."

ਮੇਰੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਉਹ ਫਿਰ ਬੋਲੀ, "ਅੱਜ ਹਰ ਮਰਦ ਡਰਿਆ ਹੋਇਆ ਹੈ ਏਡਜ਼ ਤੋਂ। ਮੈਥੋਂ ਤੈਨੂੰ ਏਡਜ਼ ਦਾ ਰੋਗ ਕਦਾਚਿਤ ਨਹੀਂ ਹੋਵੇਗਾ। ਭਰੋਸਾ ਰੱਖ। ਆਪਾਂ ਪੂਰਾ-ਪੂਰਾ

ਪਰਹੇਜ਼ ਕਰਾਂਗੇ। ਨਿਰੋਧ ਵਰਤਾਂਗੇ। ਤਾਂ ਕਿ ਤੂੰ ਭੈ-ਮੁਕਤ ਹੋ ਕੇ ਏਸ ਮਿਲਣੀ ਦੇ ਨਿੱਘ ਤੇ ਸੁਆਦ ਨੂੰ ਖੁੱਲ੍ਹ ਕੇ ਮਾਣ ਸਕੇਂ। ਤਹਿ-ਦਰ-ਤਹਿ ਏਸ ਦੇ ਰਹੱਸ ਦੀਆਂ ਸਭ ਪਰਤਾਂ ਫਰੋਲ ਸਕੇਂ।"

ਮੇਰੇ ਮੂੰਹੋਂ ਅਛੋਪਲੇ ਹੀ ਨਿਕਲਿਆ, "ਜੇ ਨਿਰੋਧ (Condom) ਫਟ ਗਿਆ ?"

ਉਹ ਤਮਕ ਕੇ ਬੋਲੀ, "ਇਸ ਤਰ੍ਹਾਂ ਤਾਂ ਧਰਤੀ ਵੀ ਫੱਟ ਸਕਦੀ ਹੈ। ਆਸਮਾਨ ਵੀ ਡਿੱਗ ਸਕਦਾ ਹੈ। ਵਿਮਾਨ ਵਿਚ ਸਫ਼ਰ ਕਰਦਿਆਂ ਵਿਸਫ਼ੋਟ ਹੋ ਸਕਦਾ ਹੈ। ਭੂਚਾਲ, ਤੂਫ਼ਾਨ, ਅਤਿਵਾਦ, ਤਕਨਾਲੋਜੀ ਦੇ ਹਾਦਸੇ ਕੀ ਨਹੀਂ ਕਰ ਸਕਦੇ ਏਸ ਜ਼ਿੰਦਗੀ ਨੂੰ ? ਕੀ ਹਾਦਸਿਆਂ ਤੋਂ ਡਰ ਕੇ ਕੋਈ ਜਿਉਣਾ ਛੱਡ ਦੇਵੇ ? ... ਜ਼ਿੰਦਗੀ ਮਾਨਣ ਵਾਲੀ ਸੁਗਾਤ ਹੈ। ਜਿਊਣ ਲਈ ਤੇ ਜਿਊਣ ਦੇਣ ਲਈ ਬਣੀ ਹੈ। ਏਡਜ਼ ਨੇ ਪਿਛਲੇ ਦਸਾਂ ਸਾਲਾਂ ਵਿਚ ਏਨੇ ਇਸਤਰੀ ਪੁਰਸ਼ ਨਹੀਂ ਮਾਰੇ ਹੋਣੇ ਜਿੰਨੇ ਇਰਾਕ, ਈਰਾਨ ਤੇ ਹੁਣ ਇਰਾਕ ਤੇ ਕੋਲੀਸ਼ਨ ਸ਼ਕਤੀਆਂ ਦੀਆਂ ਮੱਧਪੂਰਬੀ ਜੰਗਾਂ ਨੇ ਮਾਰ ਦਿੱਤੇ ਹਨ। ਸ਼ਕਤੀ, ਰਾਜ-ਸੱਤਾ ਅਤੇ ਰਾਜ-ਖੇਤਰ ਦੀ ਭੁੱਖ ਵੀ ਦਿਮਾਗ਼ੀ ਏਡਜ਼ ਹੀ ਹੈ ਜੋ ਖ਼ੁਦ ਨੂੰ ਲਗਦੀ ਤੇ ਸਭ ਨੂੰ ਲੈ ਕੇ ਬਹਿ ਜਾਂਦੀ ਹੈ। ਅੱਗ ਇਕ ਰੁੱਖ ਨੂੰ ਪੈਂਦੀ ਤੇ ਸਗਲੇ ਦਾ ਸਗਲਾ ਵਣ ਸੜ ਕੇ ਸੁਆਹ ਹੋ ਜਾਂਦਾ ਹੈ। ਵਰ੍ਹਿਆਂ ਦੀ ਕੀਤੀ ਉਸਾਰੀ ਤੇ ਤਰੱਕੀ ਪਲਾਂ ਛਿਣਾਂ ਵਿਚ ਤਹਿਸ-ਨਹਿਸ ਹੋ ਜਾਂਦੀ ਹੈ।"

ਉਹ ਬਹੁਤ ਗੰਭੀਰ ਹੋ ਗਈ ਸੀ ! ਮੱਧਪੂਰਬ ਦੀ ਜੰਗ ਤੇ ਦਹਿਸ਼ਤਵਾਦ ਦੇ ਹਰ ਸਮੇਂ ਮੰਡਲਾ ਰਹੇ ਭੈ ਬਾਰੇ ਤੁਰੀਆਂ ਗੱਲਾਂ ਮੁੜ ਏਡਜ਼ ਦੇ ਮਾਰੂ ਰੋਗ ਉੱਤੇ ਕੇਂਦ੍ਰਿਤ ਹੋ ਗਈਆਂ। ਏਡਜ਼ ਬਾਰੇ, ਇਸ ਦੇ ਕਾਰਨਾਂ, ਇਸ ਦੇ ਇਲਾਜ, ਮੁੱਢ ਤੇ ਇਤਿਹਾਸ ਬਾਰੇ ਉਸ ਦਾ ਗਿਆਨ ਮੇਰੇ ਨਾਲੋਂ ਬਹੁਤ ਵਧੇਰੇ ਸੀ। ਇਸੇ ਲਈ ਇਸ ਬਾਰੇ ਉਹ ਮੇਰੇ ਨਾਲੋਂ ਵੀ ਵਧੇਰੇ ਸੁਚੇਤ ਸੀ। ਏਡਜ਼ ਬਾਰੇ ਮੇਰੀ ਦਿਲਚਸਪੀ ਵੇਖ ਕੇ ਉਸ ਨੇ ਆਪਣੀਆਂ ਗੱਲਾਂ ਤੇ ਇਸ ਸ਼ਾਮ ਦਾ ਰੁਖ ਮੇਰੀ ਵਾਕਫ਼ੀ ਵਿਚ ਹੋਰ ਵਾਧਾ ਕਰਨ ਲਈ, ਏਡਜ਼ ਵੱਲ ਹੀ ਮੋੜ ਲਿਆ।

ਉਹ ਦਸ ਰਹੀ ਸੀ ਕਿ ਆਮ ਲੋਕੀਂ ਏਥੇ ਇਹ ਹੀ ਸਮਝਦੇ ਹਨ ਕਿ ਇਹ ਬੀਮਾਰੀ ਮਰਦ ਸਮਲਿੰਗ-ਭੋਗੀਆਂ (Gays) ਮੁੰਡੇਬਾਜ਼ਾਂ ਤੋਂ ਫੈਲੀ ਹੈ। ਫਿਰ ਹੌਲੀ ਹੌਲੀ ਬਹੁ-ਲਿੰਗ-ਭੋਗੀਆਂ (Hetrosexuals ਤੇ Bisexuals) ਰਾਹੀਂ ਹੁੰਦੀ, ਛੂਤ ਦੇ ਰੋਗ ਵਾਂਗ ਉੱਤਰੀ ਅਮਰੀਕਾ ਤੇ ਸਾਰੇ ਯੂਰਪ ਵਿਚ ਫੈਲ ਗਈ। ਏਧਰਲੇ ਸੈਲਾਨੀਆਂ ਰਾਹੀਂ ਤੀਜੀ ਦੁਨੀਆਂ ਦੇ ਹੋਰ ਦੇਸ਼ ਵੀ ਏਸ ਦੀ ਮਾਰ ਹੇਠ ਆ ਗਏ।

ਕਈਆਂ ਦਾ ਵਿਚਾਰ ਹੈ ਕਿ ਏਡਜ਼ ਦਾ ਮੁੱਢ 1970 ਦੇ ਲਗਭਗ ਦੱਖਣੀ ਅਫ਼ਰੀਕਾ ਦੇ ਹਰੇ ਬਾਂਦਰਾਂ ਤੋਂ ਬੱਝਾ। ਡਾਕਟਰਾਂ ਦੁਆਰਾ ਪ੍ਰਯੋਗਸ਼ਾਲਾ ਵਿਚ ਕੀਤੇ ਤਜਰਬਿਆਂ ਅਨੁਸਾਰ 70 ਫੀਸਦੀ ਬਾਂਦਰਾਂ ਵਿਚ ਏਸ ਬੀਮਾਰੀ ਦਾ ਵਾਇਰਸ ਪਾਇਆ ਗਿਆ ਹੈ। ਕੋਈ ਆਖਦਾ ਕਿ ਇਹ ਬੀਮਾਰੀ 1960 ਦੇ ਲਗਭਗ ਜ਼ਾਈਰ (Zaire) ਵਿਚ ਸ਼ੁਰੂ ਹੋਈ ਸੀ ਤੇ ਉੱਥੇ ਕੰਮ ਕਰ ਰਹੇ ਫ਼ਰਾਂਸ, ਬੈਲਜ਼ੀਅਮ ਤੇ ਹਾਇਤੀ (Haiti) ਦੇ ਨਾਗਰਿਕਾਂ ਦੁਆਰਾ ਪਹਿਲਾਂ ਉਨ੍ਹਾਂ ਦੇ ਮੂਲ ਦੇਸ਼ਾਂ ਵਿਚ ਆਈ ਤੇ ਫਿਰ ਅਗਾਂਹ ਵਧੀ !

ਅਮਰੀਕਾ ਵਿਚ ਏਡਜ਼ ਦੀ ਸ਼ਨਾਖ਼ਤ ਸਭ ਤੋਂ ਪਹਿਲਾਂ 1981 ਵਿਚ ਤੇ ਕੈਨੇਡਾ ਵਿਚ 1982 ਵਿਚ ਕੀਤੀ ਗਈ। ਇਸ ਵੇਲੇ ਏਡਜ਼ ਅਮਰੀਕਾ ਦਾ ਦੂਜਾ ਵੱਡਾ ਘਾਤਕ ਰੋਗ ਹੈ। ਦਿਲ ਦਾ ਰੋਗ ਤੇ ਕੈਂਸਰ ਦੂਜੇ ਤੇ ਤੀਜੇ ਨੰਬਰ ਦੇ ਰੋਗ ਹਨ। 24 ਤੋਂ 45 ਸਾਲ ਦੇ ਲੋਕੀਂ ਇਸ ਦਾ ਵਧੇਰੇ ਸ਼ਿਕਾਰ ਹੋਏ ਹਨ।

ਇਸ ਦਾ ਵਾਇਰਸ* (H.I.V.) ਸਰੀਰ ਦੇ ਸੁਰੱਖਿਆ ਪ੍ਰਬੰਧ ਨੂੰ ਨਸ਼ਟ ਕਰ ਦਿੰਦਾ ਹੈ, ਜਿਸ ਕਾਰਨ ਸਰੀਰ ਵਿਚ ਰੋਗਾਂ ਦਾ ਮੁਕਾਬਲਾ ਕਰਨ ਦੀ ਸ਼ਕਤੀ ਨਹੀਂ ਰਹਿੰਦੀ। ਖ਼ੂਨ ਦੇ ਚਿੱਟੇ ਸੈੱਲ ਨਸ਼ਟ ਹੋ ਜਾਂਦੇ ਹਨ। ਥਕਾਵਟ, ਬੁਖ਼ਾਰ, ਕਾਂਬਾ, ਕੱਚੀਆਂ ਤਰੇਲੀਆਂ, ਭਾਰ ਦਾ ਘਟਣਾ, ਵਾਲਾਂ ਦਾ ਝੜਨਾ ਅਤੇ ਧੌਣ, ਕੱਛਾਂ ਤੇ ਚੱਡਿਆਂ ਵਿਚ ਗਲੈਂਡਜ਼ ਦਾ ਸੁੱਜ ਜਾਣਾ ਆਦਿ ਇਸ ਬੀਮਾਰੀ ਦੀਆਂ ਅਲਾਮਤਾਂ ਹਨ !

ਮਾੜੀ ਜਿਹੀ ਥਕਾਵਟ ਹੁੰਦੀ, ਬੁਖ਼ਾਰ ਚੜ੍ਹਦਾ, ਕਾਂਬਾ ਛਿੜਦਾ, ਭਾਰ ਘਟਦਾ, ਵਾਲ ਡਿੱਗਦੇ ਜਾਂ ਕੱਚੀਆਂ ਤ੍ਰੇਲੀਆਂ ਆਉਂਦੀਆਂ ਹਨ, ਤਾਂ ਲੋਕੀਂ ਟੈਸਟ ਕਰਵਾਉਣ ਲਈ ਡਾਕਟਰਾਂ ਵਲਾਂ ਭੱਜ ਤੁਰਦੇ ਹਨ। ਸੰਭੋਗ-

ਖੇਤਰ ਵਿਚ ਅਨਜਾਣੇ ਕੀਤੀਆਂ ਹੋਈਆਂ ਗਲਤੀਆਂ ਬਾਰੇ ਅਪਰਾਧ-ਗ੍ਰੰਥੀਆਂ ਦਾ ਸ਼ਿਕਾਰ ਹੋਏ ਲੋਕੀਂ ਮਨੋ-ਵਿਗਿਆਨੀਆਂ ਨੂੰ ਵੇਖਦੇ ਫਿਰਦੇ ਹਨ। ਏਸ ਰੋਗ ਨੇ ਏਥੇ ਇਕ ਅਪਰਿਭਾਸ਼ਤ ਦਹਿਸ਼ਤ ਫੈਲਾ ਦਿੱਤੀ ਹੈ।

ਏਸ ਰੋਗ ਦੀ ਇਕੋ ਇਕ ਦਵਾਈ ਏ. ਜ਼ੈਡ. ਟੀ.* (A.Z.T.) ਹੀ ਸੀ ਜੋ ਹੈਰਿੰਗ (Herring) ਮੱਛੀ ਦੇ ਸੀਰਮ (Serum) ਤੋਂ ਬਣਾਈ ਜਾਂਦੀ ਹੈ। ਇਸ ਨਾਲ ਵੀ ਇਹ ਬੀਮਾਰੀ ਹਟਦੀ ਨਹੀਂ, ਸਗੋਂ ਏਨਾ ਕੁ ਹੀ ਫ਼ਰਕ ਪੈਂਦਾ ਹੈ ਕਿ ਜ਼ਿੰਦਗੀ ਨੂੰ ਕੁਝ ਸਾਹ ਹੋਰ ਉਧਾਰੇ ਮਿਲ ਜਾਂਦੇ ਹਨ। ਅਟੱਲ ਮੌਤ ਜ਼ਿੰਦਗੀ ਨੂੰ ਕੁਝ ਦੇਰ ਲਈ ਹੋਰ ਲਮਕਾ ਜਾਂਦੀ ਹੈ। ਇਹ ਦਵਾਈ ਏਨੀ ਮਹਿੰਗੀ ਹੈ ਕਿ ਹਾਈਂ-ਮਾਈਂ ਇਸ ਨੂੰ ਖ਼ਰੀਦਣ ਦੀ ਹਿੰਮਤ ਨਹੀਂ ਸੀ ਰਖਦਾ। ਇਸੇ ਕਾਰਨ ਏਥੋਂ ਦੀਆਂ ਇਨਸ਼ੋਰੈਂਸ ਕੰਪਨੀਆਂ ਤੇ ਸਿਹਤ-ਪ੍ਰਬੰਧ (Medical Plans) ਏਸ ਰੋਗ ਦਾ ਖ਼ਰਚਾ ਚੁੱਕਣ ਤੋਂ ਨਾਬਰ ਸਨ।

ਨੌਕਰੀਆਂ ਦੇ ਖੇਤਰ ਵਿਚ ਵੀ ਏਡਜ਼ ਦੇ ਰੋਗੀਆਂ ਨਾਲ ਵਿਤਕਰਾ ਹੋਣ ਲੱਗ ਪਿਆ ਸੀ। ਸਮਲਿੰਗ ਭੋਗੀਆਂ ਅਤੇ ਵੇਸਵਾਵਾਂ ਨੂੰ ਲੋਕੀਂ ਨਫ਼ਰਤ ਕਰਨ ਲੱਗ ਪਏ ਸਨ। ਵੇਸਵਾਵਾਂ ਦੇ ਗਾਹਕ ਦਿਨ ਪ੍ਰਤੀ ਦਿਨ ਘਟ ਰਹੇ ਸਨ ਤੇ ਅਗਿਆਤ ਵਿਅਕਤੀਆਂ ਵਲੋਂ ਉਨ੍ਹਾਂ ਦੇ ਕਤਲ ਵੀ ਹੋਣ ਲੱਗ ਪਏ ਸਨ।

ਲੋਕਾਂ ਵਿਚ ਏਸ ਬੀਮਾਰੀ ਨਾਲ ਸੰਬੰਧਤ ਅਨੇਕਾਂ ਵਹਿਮ ਤੇ ਭਰਮ ਵੀ ਪੈਦਾ ਹੋ ਰਹੇ ਸਨ। ਉਹ ਸੋਚ ਰਹੇ ਸਨ ਕਿ ਇਹ ਬੀਮਾਰੀ ਥੁੱਕ, ਪੇਸ਼ਾਬ ਤੇ ਛੂਹ ਰਾਹੀਂ ਵੀ ਫੈਲ ਸਕਦੀ ਸੀ। ਜਿੰਨੇ ਮੂੰਹ ਉਨੀਆਂ ਗੱਲਾਂ। ਵਾਹ ਲੱਗਦੀ ਲੋਕੀਂ ਹੁਣ ਮੂੰਹ ਵਿਚ ਮੂੰਹ ਪਾ ਕੇ ਚੁੰਮੀ ਲੈਣ ਤੋਂ ਵੀ ਪਰਹੇਜ਼ ਕਰਦੇ ਸਨ।

ਡਾਕਟਰਾਂ ਅਨੁਸਾਰ ਇਹ ਬੀਮਾਰੀ ਕੇਵਲ ਸੰਭੋਗ ਅਤੇ ਖ਼ੂਨ ਰਾਹੀਂ ਹੀ ਫੈਲ ਸਕਦੀ ਹੈ। ਵੈਲੀ ਜਦੋਂ ਹੈਰੋਇਨ, ਕੋਕੇਨ ਤੇ ਹੋਰ ਨਸ਼ੀਲੀਆਂ ਡਰੱਗਜ਼ ਦਾ ਟੀਕਾ ਇੱਕੋ ਸਾਂਝੀ ਸੂਈ ਨਾਲ ਲਾਉਂਦੇ ਹਨ, ਤਾਂ ਇਸ ਰੋਗ ਦਾ ਸ਼ਿਕਾਰ ਹੋ ਜਾਂਦੇ ਹਨ।

ਹਸਪਤਾਲ ਵਿਚ ਵੀ ਹੁਣ ਖ਼ੂਨ ਟੈਸਟ ਕਰਕੇ ਹੀ ਲਿਆ ਜਾਂਦਾ ਸੀ। ਲੋਕਾਂ ਨੇ ਬੁਰੇ ਵੇਲੇ ਲਈ ਖ਼ੂਨ ਬੈਂਕਾਂ ਵਿਚ, ਆਪਣੀ ਲੋੜ ਵਾਸਤੇ, ਆਪਣਾ ਹੀ ਖ਼ੂਨ ਜਮ੍ਹਾਂ ਕਰਨਾ ਸ਼ੁਰੂ ਕਰ ਦਿੱਤਾ ਹੈ।

ਏਸ ਬੀਮਾਰੀ ਤੋਂ ਮੇਰੇ ਵਰਗਿਆਂ ਨੇ ਤਾਂ ਡਰਨਾ ਹੀ ਸੀ, ਮਾਵਾਂ ਵੀ ਡਰ ਗਈਆਂ ਸਨ। ਇਹ ਰੋਗ, ਮਾਂ ਜਾਂ ਪਿਓ ਤੋਂ, ਬੱਚੇ ਨੂੰ ਗਰਭ ਵਿਚ ਵੀ ਲੱਗ ਸਕਦਾ ਸੀ।"

ਕੀਸ਼ਾ ਦਸ ਰਹੀ ਸੀ ਕਿ ਇਹ ਰੋਗ ਮੱਖੀਆਂ ਤੇ ਮੱਛਰਾਂ ਦੇ ਕੱਟਣ ਨਾਲ ਨਹੀਂ ਫੈਲਦਾ। ਏਡਜ਼ ਦਾ ਰੋਗੀ 5 ਤੋਂ 10 ਸਾਲ ਦੇ ਅੰਦਰ ਅੰਦਰ ਮਰ ਜਾਂਦਾ ਹੈ। ਉੱਤਰੀ ਅਮਰੀਕਾ ਵਿਚ 50,000 ਤੋਂ ਵਧੇਰੇ ਲੋਕ ਇਸ ਸਮੇਂ ਏਸ ਰੋਗ ਦਾ ਸ਼ਿਕਾਰ ਹਨ ਅਤੇ ਅਗਾਂਹ ਰੋਗ ਹੋਰ ਫੈਲਾ ਸਕਦੇ ਹਨ।

ਇਸੇ ਲਈ ਵੱਡੇ ਪੈਮਾਨੇ ਉੱਤੇ ਸਰਕਾਰ ਵਲੋਂ ਸਕੂਲਾਂ ਤੇ ਕਾਲਜਾਂ ਵਿਚ ਅਤੇ ਪਿੰਡਾਂ ਤੇ ਸ਼ਹਿਰਾਂ ਵਿਚ, ਹਰ ਥਾਂ ਅਖ਼ਬਾਰਾਂ, ਰੇਡੀਓ, ਟੈਲੀਵਿਯਨ, ਪੈਂਫਲਟਾਂ, ਵਰਕਸ਼ਾਪਾਂ ਤੇ ਹੋਰ ਸਾਧਨਾਂ ਦੁਆਰਾ ਲੋਕਾਂ ਨੂੰ ਸੁਚੇਤ ਕੀਤਾ ਜਾ ਰਿਹਾ ਸੀ। ਵਿਦਿਆਰਥੀਆਂ ਨੂੰ ਬਾਕਾਇਦਾ ਤੌਰ ਤੇ ਇਸ ਰੋਗ ਸੰਬੰਧੀ ਵਿਦਿਆ ਤੇ ਗਿਆਨ ਤੇ ਜਾਣਕਾਰੀ ਦਿੱਤੀ ਜਾ ਰਹੀ ਸੀ। ਸਕੂਲਾਂ ਤੇ ਕਾਲਜਾਂ ਵਿਚ ਨਿਰੋਧ ਦੀਆਂ ਸ੍ਵੈਕਾਰ ਮਸ਼ੀਨਾਂ ਲਾ ਦਿੱਤੀਆਂ ਗਈਆਂ ਸਨ। ਮਸ਼ੀਨ ਵਿਚ ਪੈਸੇ ਪਾਓ, ਤੇ ਨਿਰੋਧ ਕੱਢੋ।

"ਸੋਡੇ ਤੇ ਜੂਸ ਦੀ ਬੋਤਲ ਵਾਂਗ ਸਿਗਰਟਾਂ ਦੀ ਡੱਬੀ ਤੇ ਚਾਕਲੇਟ ਵਾਂਗ।"

"ਬਿਲਕੁਲ। ਪਰ ਹਾਸੇ ਵਾਲੀ ਗੱਲ ਨਹੀਂ ਇਹ। ਬੜੀ ਗੰਭੀਰ ਅਤੇ ਕੜਵੀ ਹਕੀਕਤ ਹੈ। ਜਿਸ ਤਨ ਲੱਗੇ, ਸੋ ਤਨ ਜਾਣੇ।"

ਕਹਿੰਦੀ ਹੋਈ ਕੀਸ਼ਾ ਬਹੁਤ ਉਦਾਸ ਹੋ ਗਈ। ਇੰਜ ਲਗਦਾ ਸੀ ਜਿਵੇਂ ਉਹ ਏਥੇ ਬੈਠੀ ਹੋਈ ਵੀ ਏਸ ਮਾਹੌਲ ਤੋਂ ਅਤੇ ਮੇਰੇ ਕੋਲੋਂ ਬਹੁਤ ਦੂਰ ਚਲੀ ਗਈ ਹੋਵੇ। ਆਪਣੇ ਭੂਤ ਵਿਚ ਵਿਚਰ ਰਹੀ ਹੋਵੇ। ਸੂਲਾਂ ਤੇ ਕੱਚ-ਕੰਕਰਾਂ ਉੱਤੇ ਨੰਗੇ ਪੈਰੀਂ ਤੁਰ ਹੀ ਹੋਵੇ।

ਕੀਸ਼ਾ ਨੂੰ ਵਿਰਸੇ ਵਿਚ ਨਫ਼ਰਤ ਅਤੇ ਅਣਗਹਿਲੀ ਹੀ ਮਿਲੀ ਸੀ। ਉਸ ਦੇ ਮਾਂ ਬਾਪ ਦੋਵੇਂ ਵੈਲੀ (Alcoholic) ਸਨ। ਬਾਪ ਉਸ ਨੂੰ ਛੋਟੀ ਜਿਹੀ ਨੂੰ ਕੁਟਦਾ। ਉਹ ਚੀਕਾਂ ਚਾਂਗਰਾਂ ਮਾਰਦੀ ਪਰ ਉਸ ਦੀ ਮਾਂ ਕਦੇ ਵੀ ਉਸ ਦੇ ਬਾਪ ਨੂੰ ਨਾ ਰੋਕਦੀ। ਚੁੱਪ ਚਾਪ ਕੋਲ ਬੈਠੀ ਸ਼ਰਾਬ ਪੀਈ ਜਾਂਦੀ। ਰੋਈ ਜਾਂਦੀ। ਮੈਰੇਵਾਨਾ ਤੇ ਸਿਗਰਟਾਂ ਦੇ ਧੂੰਏਂ ਵਿਚ ਰੋ, ਥੱਕ ਕੇ ਕੀਸ਼ਾ ਫ਼ਰਸ਼ ਉੱਤੇ ਹੀ ਸੌਂ ਜਾਂਦੀ। ਉਸ ਦੀ ਕੋਈ ਖ਼ਬਰ ਨਾ ਲੈਂਦਾ।

ਉਸ ਦਾ ਬਾਪ ਉਸ ਨੂੰ ਅੰਤਾਂ ਦੀ ਨਫ਼ਰਤ ਕਰਦਾ ਸੀ। ਉਸ ਦੇ ਗੁਪਤ-ਅੰਗਾਂ ਨੂੰ ਟਟੋਲਦਾ ਸੀ। ਉਸ ਨੂੰ ਮਾਰਦਾ ਕੁੱਟਦਾ ਸੀ। ਜਦੋਂ ਉਹ ਰੋਂਦੀ ਤਾਂ ਉਸ ਦੇ ਮੂੰਹ ਵਿਚ ਸ਼ਰਾਬ ਪਾ ਦਿੰਦਾ ਸੀ। ਛੇ ਸਾਲ ਦੀ ਉਮਰ ਵਿਚ ਕੀਸ਼ਾ ਪਹਿਲੀ ਵਾਰੀ ਸ਼ਰਾਬ ਪੀ ਕੇ ਆਪਣੀ ਸੁਧ ਬੁਧ ਖੋ ਬੈਠੀ, ਬੇਹੋਸ਼ ਹੋ ਗਈ ਸੀ।

ਸਕੂਲ ਦੇ ਵਿਦਿਆਰਥੀਆਂ ਨਾਲ ਰਲ ਕੇ ਉਸ ਨੇ ਵੀ ਹਰ ਤਰ੍ਹਾਂ ਦੀਆਂ ਨਸ਼ੀਲੀਆਂ ਵਸਤਾਂ ਦੀ ਵਰਤੋਂ ਸ਼ੁਰੂ ਕਰ ਦਿੱਤੀ ਸੀ। ਨਸ਼ੇ ਲਈ ਪੈਸਿਆਂ ਦੀ ਲੋੜ ਸੀ ਤੇ ਪੈਸਿਆਂ ਲਈ ਉਸ ਨੇ ਚੋਰੀ ਦੀ ਆਦਤ ਪਾ ਲਈ ਸੀ।

ਮਾਂ ਬਾਪ ਦੀ ਚੋਰੀ, ਮਿੱਤਰਾਂ ਤੇ ਹੋਰ ਵਿਦਿਆਰਥੀਆਂ ਦੀ ਚੋਰੀ। ਉਸ ਵਿੱਚੋਂ ਸੰਬੰਧ ਦੀ ਭਾਵਨਾ ਹੀ ਖ਼ਤਮ ਹੋ ਗਈ ਸੀ। ਅਹਿਸਾਸ ਹੀ ਮਰ ਗਿਆ ਸੀ।

ਕਈ ਕਈ ਮਹੀਨੇ ਉਹ ਘਰੋਂ ਦੌੜ ਜਾਂਦੀ। ਵੈਲੀਆਂ ਤੇ ਚੋਰਾਂ ਨਾਲ ਘੁੰਮਦੀ ਰਹਿੰਦੀ। 15 ਸਾਲ ਦੀ ਉਮਰ ਵਿਚ ਉਹ ਇਕ ਹੰਢੀ ਹੋਈ ਵੇਸਵਾ ਬਣ ਗਈ ਸੀ, ਜੋ ਨਸ਼ੇ ਦੀ ਆਦਤ ਪੂਰੀ ਕਰਨ ਲਈ ਜਿਸਮ ਦਾ ਧੰਦਾ ਵੀ ਕਰਦੀ ਸੀ ਅਤੇ ਗ਼ੈਰ-ਕਾਨੂੰਨੀ ਨਸ਼ੀਲੀਆਂ ਡਰੱਗਜ਼ ਵੀ ਵੇਚਦੀ ਸੀ। ਨਸ਼ੀਲੀਆਂ ਵਸਤਾਂ ਵੇਚਣ ਵਾਲੇ ਗੈਂਗ ਦੀ ਉਹ ਅਹਿਮ ਕਾਰਕੁਨ ਸੀ। ਉਮਰ ਛੋਟੀ ਹੋਣ ਕਰਕੇ ਪੁਲਿਸ ਦੀਆਂ ਨਜ਼ਰਾਂ ਤੋਂ ਬਚ ਜਾਂਦੀ ਸੀ।

ਇਨ੍ਹਾਂ ਦਿਨਾਂ ਵਿਚ ਹੀ ਉਸ ਦੀ ਮੁਲਾਕਾਤ ਜੇਕਬ ਨਾਲ ਹੋਈ। ਸੋਹਣਾ ਭਰ ਜਵਾਨ ਸੀ ਉਹ। ਉਸ ਨੇ ਉਸ ਨੂੰ ਆਸਰਾ ਦਿੱਤਾ। ਘਰ ਲਿਆਂਦਾ। ਘਰ ਤੇ ਪਿਆਰ ਦਾ ਅਹਿਸਾਸ ਦਿੱਤਾ। ਇਹ ਸਭ ਕੁਝ ਉਸ ਲਈ ਨਵਾਂ ਨਵਾਂ ਸੀ। ਇਹ ਸਭ ਕੁਝ ਉਸ ਨੂੰ ਆਪਣੇ ਮਾਂ ਬਾਪ ਤੋਂ ਵੀ ਨਹੀਂ ਸੀ ਮਿਲਿਆ ਕਦੇ। ਇਸ ਲਈ ਚੰਗਾ, ਚੰਗਾ ਤੇ ਭਰੋਸੇ ਯੋਗ ਲੱਗਾ।

ਜੇਕਬ ਦੇ ਸਾਥ ਵਿਚ ਕੀਸ਼ਾ ਅੰਦਰਲਾ ਆਤਮ-ਵਿਸ਼ਵਾਸ ਮੁੜ ਜਾਗਿਆ। ਉਸ ਨੂੰ ਆਤਮਕ ਸ਼ਕਤੀ ਮਿਲੀ। ਜ਼ਿੰਦਗੀ ਵਿਚ ਪਹਿਲੀ ਵਾਰ ਉਹ ਮਹਿਸੂਸ ਕਰ ਰਹੀ ਸੀ ਕਿ ਕੋਈ ਹੈ ਜੋ ਉਸ ਨੂੰ ਪਿਆਰ ਕਰਦਾ ਸੀ। ਕੋਈ ਹੈ ਜਿਸ ਉੱਤੇ ਉਹ ਨਿਰਭਰ ਕਰ ਸਕਦੀ ਸੀ। ਕੋਈ ਹੈ ਜੋ ਉਸ ਦੀ ਹਰ ਲੋੜ ਦਾ ਧਿਆਨ ਰਖਦਾ ਸੀ। ਕੋਈ ਹੈ, ਜਿਸ ਨੂੰ ਉਹ ਆਪਣਾ ਕਹਿ ਸਕਦੀ ਸੀ।

ਜੇਕਬ ਦੇ ਪ੍ਰਭਾਵ ਹੇਠ ਆ ਕੇ ਹੀ ਕੀਸ਼ਾ ਨੇ ਹੌਲੀ-ਹੌਲੀ ਨਸ਼ਿਆਂ ਦੀ ਵਰਤੋਂ ਬੰਦ ਕਰ ਦਿੱਤੀ ਸੀ। ਗਲੀਆਂ ਬਾਜ਼ਾਰਾਂ ਵਿਚ ਜਾ ਕੇ ਜਿਸਮ ਅਤੇ ਨਸ਼ਿਆਂ ਦੇ ਗਾਹਕਾਂ ਦੀ ਤਲਾਸ਼ ਨੂੰ ਸਦਾ ਲਈ ਵਿਦਾ ਕਹਿ ਦਿੱਤੀ ਸੀ।

ਇਨ੍ਹਾਂ ਦਿਨਾਂ 'ਚ ਹੀ ਉਹ ਪਹਿਲੀ ਵਾਰ ਗਰਭਵਤੀ ਹੋਈ ਸੀ। ਉਸ ਅੰਦਰਲੀ ਮਾਂ ਜਾਗੀ ਸੀ। ਆਪਣੀ ਹੋਣ ਵਾਲੀ ਔਲਾਦ ਲਈ ਉਸ ਨੇ ਆਪਣੇ ਮਾਂ ਬਾਪ ਤੋਂ ਵੱਖਰੀ ਕਿਸਮ ਦੇ ਮਾਂ ਬਾਪ ਤੇ ਉਨ੍ਹਾਂ ਦੇ ਪਿਆਰ, ਧਿਆਨ ਤੇ ਪਾਲਣਾ ਪੋਸਣਾ ਦੀ ਕਲਪਨਾ ਕੀਤੀ ਸੀ।

ਚਾਂਈ ਚਾਂਈ ਉਹ ਡਾਕਟਰ ਕੋਲ ਗਈ। ਸਿਹਤਮੰਦ ਬੱਚਾ ਜੰਮਣ ਲਈ ਆਪਣੇ ਸਭ ਟੈਸਟ ਕਰਵਾਏ। ਇਨ੍ਹਾਂ 'ਚੋਂ ਇਕ ਟੈਸਟ ਏਡਜ਼ ਦਾ ਵੀ ਸੀ।

"ਨਹੀਂ, ਨਹੀਂ ... ਇਹ ਨਹੀਂ ਹੋ ਸਕਦਾ। ਮੈਨੂੰ ਏਡਜ਼ ਨਹੀਂ ਹੋ ਸਕਦੀ। ਮੈਂ ਤਾਂ ਜੇਕਬ ਨਾਲ ਹੀ ਰਹੀ ਹਾਂ। ਹੋਰ ਕਿਸੇ ਨਾਲ ਨਹੀਂ ਗਈ ਇਹ ਸਾਰਾ ਸਮਾਂ।" ਉਸ ਦੇ ਮੂੰਹੋਂ ਨਿਕਲਿਆ ਸੀ। ਉਹ ਰੋ ਪਈ

ਸੀ। ਪਛਤਾਵਾ ਸੀ ਉਸ ਦੇ ਮਨ ਵਿਚ ਵੇਸਵਾ ਬਣ ਕੇ ਸੜਕਾਂ ਬਾਜ਼ਾਰਾਂ ਵਿਚ ਘੁੰਮ ਕੇ ਜਿਸਮ ਦੇ ਗਾਹਕ ਲੱਭਣ ਦਾ। ਪਤਾ ਨਹੀਂ ਇਹ ਰੋਗ ਉਸ ਨੂੰ ਕਿਸ ਨੇ ਸੁਗਾਤ ਵਜੋਂ ਦੇ ਦਿੱਤਾ ਸੀ।

ਜਿਸ ਜੇਕਬ ਨੇ ਉਸ ਨੂੰ ਏਨਾ ਆਸਰਾ ਦਿੱਤਾ, ਉਸ ਨੂੰ ਬਦਲੇ ਵਿਚ ਕੀਸ਼ਾ ਨੇ ਕੀ ਦਿੱਤਾ ?

ਉਹ ਆਪਣੇ ਆਪ ਨੂੰ ਦੋਸ਼ੀ ਮੰਨ ਰਹੀ ਸੀ। ਜੇਕਬ ਲਈ ਵੀ ਤੇ ਆਪਣੇ ਹੋਣ ਵਾਲੇ ਬੱਚੇ ਲਈ ਵੀ। ਉਹ ਕਦੇ ਵੀ ਬੀਮਾਰ ਬੱਚਾ ਨਹੀਂ ਸੀ ਜੰਮਣਾ ਚਾਹੁੰਦੀ। ਜੇਕਬ ਦੇ ਨਾਲ ਜਾ ਕੇ ਉਸ ਨੇ ਆਪਣਾ ਗਰਭਪਾਤ ਕਰਵਾਇਆ।

ਵਾਪਸ ਘਰ ਆਏ, ਤਾਂ ਜੇਕਬ ਹੱਸ ਰਿਹਾ ਸੀ। ਨੀਮ-ਪਾਗਲਪਨ ਵਿਚ ਉਸ ਨੇ ਸਭ ਕੁਝ ਉਗਲ ਦਿੱਤਾ ਸੀ, "ਇਸੇ ਤਰ੍ਹਾਂ ਪੈਟੀ ਨੇ ਮੈਨੂੰ ਮੋਹ ਦੇ ਜਾਲ ਵਿਚ ਫਸਾਇਆ ਸੀ। ਇਸੇ ਤਰ੍ਹਾਂ ਪੈਟੀ ਨੇ ਮੇਰਾ ਭਰੋਸਾ, ਤੇ ਮੇਰਾ ਪਿਆਰ ਜਿੱਤਿਆ ਸੀ।... ਤੇ ਫਿਰ ਮੈਨੂੰ ਏਡਜ਼ ਦਾ ਇਹ ਰੋਗ ਸੁਗਾਤ ਵਜੋਂ ਦੇ ਕੇ ਆਪ ਆਤਮ-ਹੱਤਿਆ ਕਰ ਲਈ ਸੀ। ਮੈਂ ਵੀ ਪੈਟੀ ਵਾਂਗ ਤੇਰੇ ਕੋਲੋਂ ਬਦਲਾ ਲਿਆ ਹੈ ਕੀਸ਼ਾ। ਜਿਸ ਤਰ੍ਹਾਂ ਪੈਟੀ ਨੇ ਮੇਰੇ ਅੰਦਰਲੇ ਬਾਪ ਨੂੰ ਸਦਾ-ਸਦਾ ਲਈ ਰੋਗੀ ਬਣਾ ਦਿੱਤਾ ਸੀ, ਉਸੇ ਤਰ੍ਹਾਂ ਤੇਰੇ ਅੰਦਰਲੀ ਮਾਂ ਨੂੰ ਮੈਂ ਇਹ ਰੋਗ ਲਾ ਦਿੱਤਾ ਹੈ। ਮੈਂ ਆਤਮ-ਹੱਤਿਆ ਕਿਉਂ ਕਰਾਂ ? ਮੈਂ ਕੋਈ ਕਾਇਰ ਹਾਂ ? ਮੈਂ ਬਦਲਾ ਲਵਾਂਗਾ। ਸਭ ਕੋਲੋਂ ਬਦਲਾ ਲਵਾਂਗਾ।"

ਕੀਸ਼ਾ ਇਹ ਸਭ ਕੁਝ ਸੁਣ ਕੇ ਸੁੰਨ ਹੋ ਗਈ ਸੀ। ਉਸ ਹੇਠੋਂ ਧਰਤੀ ਖਿਸਕ ਗਈ ਸੀ। ਉਸ ਦੀ ਜ਼ਿੰਦਗੀ ਦੇ ਸਭ ਆਧਾਰ ਤੇ ਵਿਸ਼ਵਾਸ ਪੂਰੀ ਤਰ੍ਹਾਂ ਡਗਮਗਾ ਗਏ ਸਨ।

ਕੀਸ਼ਾ ਕੋਲ ਹੁਣ ਚਾਰ ਹੀ ਰਸਤੇ ਰਹਿ ਗਏ ਸਨ। ਬਦਲਾ, ਆਤਮ-ਹੱਤਿਆ, ਕਤਲ ਤੇ ਜੀਵਨ। ਜੇਕਬ ਕੋਲੋਂ ਉਹ ਅਜਿਹਾ ਬਦਲਾ ਨਹੀਂ ਸੀ ਲੈ ਸਕਦੀ, ਕਿਉਂਕਿ ਉਹ ਪਹਿਲਾਂ ਹੀ ਏਡਜ਼ ਦਾ ਰੋਗੀ ਸੀ। ਹਾਂ, ਉਹ ਸਾਰੀ ਮਨੁੱਖਤਾ ਤੋਂ ਜ਼ਰੂਰ ਬਦਲਾ ਲੈ ਸਕਦੀ ਸੀ, ਇਸ ਰੋਗ ਨੂੰ ਮੁਫ਼ਤ ਵੰਡ ਕੇ। ਉਸ ਦੇ ਮਨ ਵਿਚ ਆਈ ਕਿ ਜੇਕਬ ਨੂੰ ਕਤਲ ਕਰਕੇ ਆਪ ਆਤਮ-ਹੱਤਿਆ ਕਰ ਲਵੇ। ਜਾਂ ਫਿਰ ਆਪਣੇ ਆਪ ਨੂੰ ਕਾਨੂੰਨ ਦੇ ਹਵਾਲੇ ਕਰ ਦੇਵੇ। ਚੌਥਾ ਰਸਤਾ ਉਸ ਕੋਲ ਜੀਵਨ ਦਾ ਸੀ। ਮੌਤ ਤਕ ਇਕ ਬੇਅਰਥ, ਬੇਮਕਸਦ ਤੇ ਦਿਸ਼ਾਹੀਣ ਖੋਖਲੇ ਸ਼ਬਦ ਵਾਂਗ ਜਿਊਣ ਦਾ। ਮੌਤ ਦੀ ਉਡੀਕ ਕਰਨ ਦਾ।

ਪਰ ਉਹ ਤਾਂ ਜ਼ਿੰਦਗੀ ਨੂੰ ਖੇੜੇ ਵੰਡਣੇ ਚਾਹੁੰਦੀ ਸੀ। ਉਹ ਤਾਂ ਆਪਣੀ ਜੰਮਣ ਵਾਲੀ ਮਾਂ ਤੋਂ ਉਲਟ ਇਕ ਜ਼ਿੰਮੇਵਾਰ ਤੇ ਪਿਆਰ ਵੰਡਣ ਵਾਲੀ ਮਾਂ ਬਣਨਾ ਚਾਹੁੰਦੀ ਸੀ। ਪਿੰਡਾਂ ਤੇ ਸ਼ਹਿਰਾਂ ਅਤੇ ਸਕੂਲਾਂ ਤੇ ਕਾਲਜਾਂ ਵਿਚ ਜਾ ਕੇ ਇਹ ਦੱਸਣਾ ਚਾਹੁੰਦੀ ਸੀ ਕਿ ਇਕ ਸੋਲਾਂ ਸਾਲ ਦੀ ਕੁੜੀ ਦੇ ਅੰਦਰਲੀ ਮਾਂ ਕਿਵੇਂ ਦਮ ਘੁੱਟ ਕੇ ਮਰ ਗਈ ਸੀ। ਆਪਣੇ ਹੀ ਬੱਚੇ ਦੇ ਕਾਤਲ ਹੋਣ ਤੇ ਮਜਬੂਰ ਹੋ ਗਈ ਸੀ। ਉਹ ਤਾਂ ਲੋਕਾਂ ਨੂੰ ਸੁਚੇਤ ਕਰਨਾ ਚਾਹੁੰਦੀ ਸੀ। ਇਕ ਸਿਹਤਮੰਦ ਜ਼ਿੰਦਗੀ ਜਿਊਣ ਦਾ ਸੁਨੇਹਾ ਬਣਨਾ ਚਾਹੁੰਦੀ ਸੀ। ਕੀ ਹੋਇਆ ਜੇ ਲੋਕ ਉਸ ਨੂੰ ਅਛੂਤ ਸਮਝਦੇ ਸਨ ?

ਕੀਸ਼ਾ ਕੀ ਬਣਨਾ ਚਾਹੁੰਦੀ ਸੀ ਤੇ ਕੇ ਬਣ ਗਈ ਸੀ। ਮੇਰੇ ਸਾਮ੍ਹਣੇ ਉਹ ਬੁੱਤ ਬਣੀ ਬੈਠੀ ਸੀ। ਮੈਂ ਪੋਲੇ ਜਿਹੇ ਉਸ ਨੂੰ ਛੂਹਿਆ। ਉਸ ਦੀ ਠੋਡੀ ਨੂੰ ਆਪਣੀਆਂ ਉਂਗਲੀਆਂ ਨਾਲ ਉਤਾਂਹ ਚੁੱਕ ਕੇ ਉਸਦੀਆਂ ਅੱਖਾਂ ਵਿਚ ਵੇਖਣ ਦਾ ਯਤਨ ਕੀਤਾ। ਉਨ੍ਹਾਂ ਵਿਚ ਤਾਂ ਹੰਝੂਆਂ ਦਾ ਸੈਲਾਬ ਆਇਆ ਹੋਇਆ ਸੀ। ਮੈਂ ਉਸ ਨੂੰ ਧੀਰਜ ਤੇ ਦਿਲਾਸਾ ਦਿੱਤਾ। ਆਪਣੇ ਨਾਲ ਲਾਇਆ ਤੇ ਕਿਹਾ, "ਕੌਣ ਕਹਿੰਦਾ ਹੈ ਕਿ ਤੂੰ ਬੀਮਾਰ ਹੈਂ ? ਇਹੋ ਜਿਹੀ ਸਿਹਤਮੰਦ ਸੋਚ, ਜੇ ਹਰ ਇਸਤਰੀ ਪੁਰਸ਼ ਵਿਚ ਆ ਜਾਏ ਤਾਂ ਇਹ ਜ਼ਿੰਦਗੀ ਖੇੜੇ ਵੰਡਣ ਵਾਲਾ ਇਕ ਚਮਨ ਬਣ ਜਾਏ। ਜਿਸਮ ਦੇ ਬੀਮਾਰ ਹੋਇਆਂ, ਬੰਦਾ ਬੀਮਾਰ ਨਹੀਂ ਹੁੰਦਾ। ਰੋਗ ਜਦੋਂ ਸੋਚ ਨੂੰ ਲੱਗ ਜਾਵੇ ਤਾਂ ਕੈਂਸਰ ਬਣ ਜਾਂਦਾ ਹੈ, ਏਡਜ਼ ਬਣ ਜਾਂਦਾ ਹੈ, ਲਾਇਲਾਜ ਹੋ ਜਾਂਦਾ ਹੈ।...ਅਨੇਕਾਂ ਔਰਤਾਂ ਹਨ, ਇਸ ਦੁਨੀਆਂ ਵਿਚ ਜੋ ਅਰੋਗ ਹੋਣ ਦੇ ਬਾਵਜੂਦ ਵੀ ਮਾਂ ਨਹੀਂ ਬਣ ਸਕਦੀਆਂ। ਮਾਂ ਬਣਨਾਂ ਹੀ ਤਾਂ ਜ਼ਿੰਦਗੀ ਦਾ ਇਕੋ ਇਕ ਅਰਥ ਨਹੀਂ, ਮੰਤਵ ਨਹੀਂ, ਲਖ਼ਸ਼ ਨਹੀਂ।...ਗੱਲ ਤਾਂ ਮਮਤਾ ਦੀ ਹੈ। ਮਮਤਾ ਤਾਂ ਜਿਸਮਾਨੀ ਤੌਰ

ਤੇ ਮਾਂ ਬਣਨ ਤੋਂ ਬਿਨਾਂ ਵੀ ਕਾਇਮ ਰਖੀ ਜਾ ਸਕਦੀ ਹੈ। ਮਮਤਾ ਇਕ ਖ਼ਿਆਲ, ਇਕ ਭਾਵਨਾ, ਇਕ ਸੋਚ ਜਾਂ ਇਕ ਸੰਕਲਪ ਹੀ ਤਾਂ ਹੈ ਜੋ ਆਪਣੇ ਤੇ ਦੂਜੇ ਦੇ ਬੱਚੇ ਵਿਚ ਕੋਈ ਫ਼ਰਕ ਨਹੀਂ ਸਮਝਦੀ।"

ਕੀਸ਼ਾ ਦੇ ਹੋਂਠ ਕੰਬ ਰਹੇ ਸਨ। ਅੱਖਾਂ ਦੂਰ ਖ਼ਲਾਅ ਨੂੰ ਘੂਰ ਰਹੀਆਂ ਸਨ। ਉਹ ਕੁਝ ਕਹਿਣਾ ਚਾਹ ਰਹੀ ਸੀ, ਪਰ ਸ਼ਬਦ ਉਸ ਦਾ ਸਾਥ ਨਹੀਂ ਸਨ ਦੇ ਰਹੇ। ਸ਼ਬਦ, ਉਸ ਦੇ ਅੰਦਰ ਸ਼ਾਇਦ, ਨਵੇਂ ਅਰਥਾਂ ਦੀ ਤਲਾਸ਼ ਵਿਚ ਭਟਕ ਰਹੇ ਸਨ।

"ਵੇਖ, ਤੂੰ ਭਲਾ ਲੋਕ ਹੈਂ। ਤੇਰਾ ਏਡਜ਼ ਤੋਂ ਡਰਨਾ ਇਕ ਕੁਦਰਤੀ ਗੱਲ ਹੈ । ਪਰ ਮੇਰੇ ਮਨ ਵਿਚ ਬਦਲੇ ਦੀ ਕੋਈ ਭਾਵਨਾ ਨਹੀਂ ਹੈ। ਮੈਂ ਤਾਂ ਇਕ ਇਨਸਾਨੀ ਜ਼ਰੂਰਤ ਦੇ ਵੱਸ ਪਈ ਤੇਰੇ ਸਾਮ੍ਹਣੇ ਆ ਕੇ ਖ਼ੁਦ ਇਕ ਸਵਾਲੀਆ ਨਿਸ਼ਾਨ ਬਣ ਗਈ ਹਾਂ। ਮੈਨੂੰ ਖ਼ਿਮਾਂ ਕਰ ਦੇਈਂ। ਮੈਂ ਤੇਰੇ ਯੋਗ ਨਹੀਂ ਹਾਂ।"

ਮੈਂ ਉਸ ਨੂੰ ਪਿਆਰ ਨਾਲ ਆਪਣੇ ਨਾਲ ਲਾਇਆ ਤੇ ਉਸਦੀਆਂ ਅੱਖਾਂ ਵਿਚ ਵੇਖਦਿਆਂ ਹੋਇਆਂ ਕਿਹਾ, "ਤੂੰ ਮੈਨੂੰ ਆਪਣੀ ਜ਼ਿੰਦਗੀ ਵਿਚ ਕੇਵਲ ਇਕ ਸ਼ਾਮ ਤੇ ਇਕ ਲੋੜ ਦੇ ਰੂਪ ਵਿਚ ਕਲਪਿਆ ਸੀ। ਪਰ ਤੈਨੂੰ ਨਹੀਂ ਪਤਾ ਕਿ ਤੂੰ ਇਸ ਖੋਖਲੇ ਬੇਅਰਥ, ਬੇਮਤਲਬ ਅਤੇ ਦਿਸ਼ਾ-ਰਹਿਤ ਸ਼ਬਦ ਨੂੰ ਅੱਜ ਨਵੇਂ ਅਰਥਾਂ ਨਾਲ ਮਾਲਾ-ਮਾਲ ਕਰ ਦਿੱਤਾ ਹੈ।"

"ਕੀ ਬੁਝਾਰਤਾਂ ਪਾ ਰਿਹਾ ਹੈਂ ? ਕੁਝ ਸਮਝ ਨਹੀਂ ਆ ਰਹੀ।"

"ਮੇਰੀ ਇਹ ਜ਼ਿੰਦਗੀ ਹੁਣ ਤੇਰੇ ਨਾਂ ਹੈ। ਤੇਰੀ ਤੇ ਮੇਰੀ ਸਾਂਝੀ ਜ਼ਿੰਦਗੀ, ਸਭ ਲੋਕਾਂ ਦੇ ਨਾਂ ਹੈ।"

"ਕਮਲਾ ਹੈਂ ਤੂੰ ? ਇਸ ਏਡਜ਼ ਦੀ ਰੋਗੀ ਨੂੰ ਕੋਈ ਕਿਉਂ ਅਪਣਾਵੇਗਾ ? ਜੋ ਅਪਣਾਵੇਗਾ ਸਭ ਦੀ ਨਫ਼ਰਤ ਹੀ ਪਾਵੇਗਾ। ਰੋਗੀ ਹੋ ਜਾਵੇਗਾ।"

"ਕੀਸ਼ਾ ਅਸੀਂ ਇਕੱਠੇ ਤੁਰਾਂਗੇ। ਪਿੰਡ, ਪਿੰਡ, ਨਗਰ ਨਗਰ ਘੁੰਮਾਂਗੇ। ਘਰ, ਘਰ ਜਾ ਕੇ ਦਰਵਾਜ਼ਾ ਖੜਕਾਵਾਂਗੇ। ਸਕੂਲਾਂ ਕਾਲਜਾਂ ਵਿਚ ਜਾਵਾਂਗੇ। ਸਾਡੇ ਸਾਥ ਵਲਾਂ ਵੇਖ ਕੇ ਲੋਕਾਂ ਵਿਚ ਭਰੋਸਾ ਜਾਗੇਗਾ, ਲੋਕੀ ਏਡਜ਼ ਦੇ ਰੋਗੀਆਂ ਵਲ ਹਮਦਰਦੀ ਪਿਆਰ ਤੇ ਸਤਿਕਾਰ ਨਾਲ ਵੇਖਣਗੇ। ਉਨ੍ਹਾਂ ਦੀਆਂ ਲੋੜਾਂ ਨੂੰ ਸਮਝਣਗੇ।"

"ਉਹ ਕਿਉਂ ? ਕੀ ਲੋੜ ਪਈ ਹੈ ਉਨ੍ਹਾਂ ਨੂੰ ਇੰਜ ਕਰਨ ਦੀ ?"

"ਅਸੀਂ ਲੋਕਾਂ ਨੂੰ ਸੁਚੇਤ ਕਰਾਂਗੇ। ਜੋ ਅਰੋਗ ਹਨ, ਉਨ੍ਹਾਂ ਨੂੰ ਅਸੀਂ ਏਸ ਰੋਗ ਤੋਂ ਬਚਣ ਦੇ ਰਾਹ ਪਾਵਾਂਗੇ। ਜੋ ਰੋਗੀ ਹਨ, ਉਨ੍ਹਾਂ ਨੂੰ ਮੌਤ ਤੋਂ ਪਹਿਲਾਂ ਹੀ ਮੌਤ ਅੱਗੇ ਆਤਮ-ਸਮਰਪਨ ਕਰਨ ਤੋਂ ਬਚਾਵਾਂਗੇ। ਜ਼ਿੰਦਗੀ ਦੇ ਆਖ਼ਰੀ ਸਾਹ ਤਕ ਜੀਵਣਾ ਸਿਖਾਵਾਂਗੇ।"

ਕੀਸ਼ਾ ਦੇ ਚਿਹਰੇ ਉੱਤੇ ਇਕ ਸਿਹਤਮੰਦ ਖ਼ੁਸ਼ੀ ਫੈਲੀ ਹੋਈ ਸੀ। ਉਸ ਦੇ ਸ਼ਬਦਾਂ ਵਿਚ ਨਵੇਂ ਅਰਥਾਂ ਦਾ ਸੰਚਾਰ ਹੋ ਰਿਹਾ ਸੀ।

# ਸ਼ਾਦੀ ਵਲ ਜਾਂਦੀ ਸੜਕ

ਕਈ ਦਿਨ ਤੋਂ ਨਮੋਸ਼ੀ ਦਾ ਮਾਰਿਆ ਇੰਦਰ ਸਿੰਘ ਘਰੋਂ ਬਾਹਰ ਨਹੀਂ ਸੀ ਨਿਕਲਿਆ। ਕੰਮ ਤੋਂ ਵੀ ਉਸ ਨੇ ਛੁੱਟੀ ਲੈ ਰਖੀ ਸੀ। ਲੱਕੜ ਦੀ ਮਿੱਲ ਵਿਚ ਉਸ ਦੇ ਨਾਲ ਕੰਮ ਕਰਨ ਵਾਲੇ ਮਜ਼ਦੂਰ ਹੈਰਾਨ ਸਨ ਕਿ ਉਸ ਨੂੰ ਹੋ ਕੀ ਗਿਆ ਹੈ ? ਪਿਛਲੇ ਚੌਦਾਂ ਸਾਲ ਤੋਂ ਲੱਕੜ ਦੀ ਇਸ ਮਿੱਲ ਵਿਚ ਲਗਾਤਾਰ ਕੰਮ ਕਰਦਿਆਂ ਉਸ ਨੇ ਇਕ ਦਿਨ ਵੀ ਨਹੀਂ ਸੀ ਭੰਨਿਆ। ਹੜਤਾਲ ਅਤੇ ਮਾਲਕਾਂ ਵਲੋਂ ਮਿੱਲ ਬੰਦ ਹੋਣ ਨੂੰ ਛੱਡ ਕੇ, ਬਾਕੀ ਸਾਰਾ ਸਮਾਂ ਉਹ ਕੰਮ ਤੇ ਜਾਂਦਾ ਰਿਹਾ ਸੀ। ਮਾੜਾ ਮੋਟਾ ਬੁਖ਼ਾਰ ਜਾਂ ਜ਼ੁਕਾਮ ਤਾਂ ਉਹ ਐਵੇਂ ਘੜੀਸੀ ਫਿਰਦਾ ਸੀ ਤੇ ਆਪਣੇ ਸਾਥੀਆਂ ਨੂੰ ਅਕਸਰ ਕਹਿੰਦਾ ਕਿ ਸੁੱਖ ਵਿਚ ਤਾਂ ਕੰਮ ਸਭ ਕਰ ਲੈਂਦੇ ਹਨ, ਬੰਦਾ ਉਹ ਹੈ ਜੋ ਦੁੱਖ ਵਿਚ ਵੀ ਦਿਹਾੜੀ ਨਾ ਭੰਨੇ। ਤੇ ਹੁਣ ਇੰਦਰ ਸਿੰਘ ਨੂੰ ਇਹ ਕਿਹੜਾ ਦੁੱਖ ਆ ਚੰਮੜਿਆ ਸੀ ਜੋ ਉਸ ਨੇ ਕੰਮ ਤੇ ਜਾਣਾ ਛੱਡ ਕੇ ਘਰ-ਕੈਦ ਧਾਰਨ ਕਰ ਲਈ ਸੀ ?

ਇੰਦਰ ਸਿੰਘ ਦੇ ਦੋ ਹੀ ਬੱਚੇ ਸਨ। ਇਕ ਧੀ ਤੇ ਇਕ ਪੁੱਤਰ। ਧੀ ਸੋਲ੍ਹਾਂ-ਸਤਾਰਾਂ ਸਾਲ ਦੀ ਤੇ ਪੁੱਤਰ ਚੌਦਾਂ-ਪੰਦਰਾਂ ਸਾਲ ਦਾ, ਦੋਵੇਂ ਸਕੂਲ ਵਿਚ ਪੜ੍ਹਦੇ ਸਨ ਅਤੇ ਸਾਰੇ ਨਗਰ ਲਈ ਉਹ ਮਿਸਾਲੀ ਧੀ, ਪੁੱਤਰ ਸਨ। ਖ਼ਾਸ ਕਰ ਸਾਡੀ ਪੰਜਾਬੀ ਕਮਿਊਨਿਟੀ ਦੇ ਮਾਂ ਬਾਪ ਆਪਣੇ ਬੱਚਿਆਂ ਨੂੰ ਉਨ੍ਹਾਂ ਵਰਗਾ ਬਣਨ ਦੀ ਪ੍ਰੇਰਣਾ ਦਿੰਦੇ ਰਹਿੰਦੇ ਸਨ। ਪੜ੍ਹਾਈ ਤੇ ਖੇਡਾਂ ਵਿਚ ਉਹ ਇਕ ਨੰਬਰ ਸਨ। ਮਾਂ ਬਾਪ ਦੇ ਪੂਰਾ ਕਹਿਣੇ ਵਿਚ ਰਹਿੰਦੇ। ਕਿਸੇ ਨੂੰ ਮਾੜਾ ਚੰਗਾ ਸ਼ਬਦ ਨਾ ਬੋਲਦੇ। ਉਨ੍ਹਾਂ ਦੀ ਜ਼ਬਾਨ ਵਿਚ ਮਿੱਠਤ ਤੇ ਸਤਿਕਾਰ ਜਿਵੇਂ ਸਹਿਜ-ਭਾ ਘੁਲ ਗਏ ਹੋਣ। ਹਰ ਮਹੀਨੇ ਉਹ ਬਿਲਾ-ਨਾਗਾ ਆਪਣੇ ਮਾਂ, ਬਾਪ ਦੇ ਨਾਲ ਸੰਗਰਾਂਦ ਵਾਲੇ ਦਿਨ ਗੁਰਦੁਆਰੇ ਜਾਂਦੇ। ਗੁਰਪੁਰਬ ਵਾਲੇ ਦਿਨ ਗੁਰਦੁਆਰੇ ਦੇ ਪ੍ਰਬੰਧਕਾਂ ਵਲੋਂ ਉਨ੍ਹਾਂ ਦੀ ਉਚੇਚੀ ਪੁੱਛਗਿੱਛ ਹੁੰਦੀ। ਉਹ ਸ਼ਬਦ ਕੀਰਤਨ ਵਿਚ ਹਿੱਸਾ ਲੈਂਦੇ। ਕਵਿਤਾ ਪੜ੍ਹਦੇ। ਅੰਗਰੇਜ਼ੀ ਤੇ ਪੰਜਾਬੀ ਵਿਚ ਸਿੱਖ ਗੁਰੂਆਂ ਅਤੇ ਸਿੱਖ ਇਤਿਹਾਸ ਬਾਰੇ ਸੰਖੇਪ ਪਰ ਪ੍ਰਭਾਵਸ਼ਾਲੀ ਭਾਸ਼ਨ ਕਰਦੇ। ਲੰਗਰ ਤੇ ਸੰਗਤ ਦੀ ਸੇਵਾ ਵਿਚ ਸਭ ਤੋਂ ਅੱਗੇ ਹੁੰਦੇ।

ਸੋਹਣ ਤੇ ਮੋਹਣੀ ਸਨ ਹੀ ਐਸੇ ਬੱਚੇ ਕਿ ਉਨ੍ਹਾਂ ਲਈ ਸਭ ਦੇ ਦਿਲ ਵਿਚ ਪਿਆਰ ਉਮੜ ਆਉਂਦਾ ਸੀ। ਨਗਰ ਵਿਚ ਕਿਸੇ ਦੀ ਸ਼ਾਦੀ ਹੁੰਦੀ ਤਾਂ ਉਹ ਸੇਵਾ ਤੇ ਪ੍ਰਬੰਧ ਵਿਚ ਸਭ ਤੋਂ ਅੱਗੇ ਹੁੰਦੇ। ਭੰਗੜੇ, ਗਿੱਧੇ ਤੇ ਲੋਕ-ਗੀਤਾਂ ਨਾਲ ਮਹਿਫ਼ਲ ਦਾ ਰੰਗ ਬੰਨ੍ਹ ਦਿੰਦੇ। ਸਭ ਆਖਦੇ ਕਿ ਇੰਦਰ ਸਿੰਘ ਪਿਛਲੇ ਜਨਮ ਵਿਚ ਨਿਸ਼ਚੇ ਹੀ ਕੋਈ ਚੰਗਾ ਕਰਮ ਕਰਕੇ ਏਸ ਜਨਮ ਪਿਆ ਸੀ, ਜੋ ਉਸ ਨੂੰ ਇਹੋ ਜਿਹੀ ਨੇਕ ਅਤੇ ਕਹਿਣੇ-ਸਾਰ ਔਲਾਦ ਮਿਲੀ ਸੀ। ਉਨ੍ਹਾਂ ਦੋਹਾਂ ਨੂੰ ਏਧਰਲੀ ਹਵਾ ਤਕ ਨਹੀਂ ਸੀ ਲਗੀ। ਏਧਰ ਜੰਮੇ ਬੱਚੇ ਘਰ ਵਿਚ ਵੀ ਅੰਗਰੇਜ਼ੀ ਹੀ ਬੋਲਦੇ। ਸਿਗਰਟਾਂ ਤੇ ਹੋਰ ਨਸ਼ਿਆਂ ਦਾ ਸੇਵਨ ਕਰਦੇ। ਪੱਛਮੀ ਨ੍ਰਿਤ ਕਰਦੇ ਅਤੇ ਉਹ ਹਰਕਤਾਂ ਵੀ ਕਰਦੇ ਜਿਨ੍ਹਾਂ ਨੂੰ ਸਾਡਾ ਪੰਜਾਬੀ ਸਭਿਆਚਾਰ ਡੁੱਬ ਮਰਨ ਵਾਲੀ ਗੱਲ ਸਮਝਦਾ ਸੀ। ਮਾਵਾਂ ਕਹਿੰਦੀਆਂ ਕਿ ਕਲਜੁਗ ਆ ਗਿਆ ਹੈ, ਜੋ ਇਹ ਬੱਚੇ ਮਾਪਿਆਂ ਨੂੰ ਅੱਖਾਂ ਵਿਖਾਉਂਦੇ ਹਨ। ਮੂਹਰੇ

ਬੋਲਦੇ ਹਨ। ਖੁੱਲ੍ਹੇ ਆਮ ਪਿਆਰ ਦਾ ਪ੍ਰਗਟਾਵਾ ਕਰਦੇ ਹਨ। ਕਾਮ ਤੇ ਸੰਭੋਗ ਨੂੰ ਵਿਆਹ ਤੋਂ ਪਹਿਲਾਂ ਹੀ ਇਨਸਾਨੀ ਹੱਕ ਤੇ ਆਜ਼ਾਦੀ ਸਮਝਦੇ ਹਨ। ਜੇ ਮਾਪੇ ਰੋਕਦੇ ਹਨ, ਤਾਂ ਪੁਲਿਸ ਬੁਲਾਉਣ ਅਤੇ ਕਾਨੂੰਨੀ ਕਾਰਵਾਈ ਦੀ ਧਮਕੀ ਦਿੰਦੇ ਹਨ। ਤੁਸੀਂ ਇਨ੍ਹਾਂ ਨੂੰ ਗਾਲ੍ਹ ਨਹੀਂ ਕੱਢ ਸਕਦੇ। ਇਨ੍ਹਾਂ ਉੱਤੇ ਹੱਥ ਨਹੀਂ ਚੁਕ ਸਕਦੇ। ਇਨ੍ਹਾਂ ਨੂੰ ਬਦ-ਫੈਲੀਆਂ ਤੋਂ ਰੋਕ ਨਹੀਂ ਸਕਦੇ। ਜੇ ਅਜਿਹਾ ਕਰਦੇ ਹੋ ਤਾਂ ਕਾਨੂੰਨ ਆ ਧਮਕਦਾ ਹੈ। ਸਰਕਾਰ ਇਨ੍ਹਾਂ ਨੂੰ ਖ਼ਰਚ ਦਿੰਦੀ ਅਤੇ ਮਾਪਿਆਂ ਤੋਂ ਅਲਹਿਦਾ ਰਹਿਣ ਦੀ ਪ੍ਰੇਰਨਾ ਦਿੰਦੀ ਹੈ ਤਾਕਿ ਨਿੱਤ ਦਾ ਇਹ ਕਲੇਸ਼ ਨਾ ਰਹੇ। ਪਰ ਇੰਦਰ ਸਿੰਘ ਦੇ ਬੱਚੇ ਅਜਿਹੇ ਨਹੀਂ ਸਨ। ਫਿਰ ਉਸ ਨੂੰ ਕਿਸ ਗੱਲ ਦਾ ਦੁੱਖ ਸੀ? ਹੋਰ ਬੱਚਿਆਂ ਵਾਂਗ ਉਹ ਗੰਦੀਆਂ ਗੰਦੀਆਂ ਅੰਗਰੇਜ਼ੀ ਫ਼ਿਲਮਾਂ ਵੀ ਵੇਖਣ ਨਹੀਂ ਸਨ ਜਾਂਦੇ। ਹਰ ਹਫ਼ਤੇ ਘਰ ਹੀ ਆਪਣੇ ਮਾਂ ਬਾਪ ਨਾਲ ਬੈਠ ਕੇ ਪੰਜਾਬੀ ਜਾਂ ਹਿੰਦੀ ਦੀ ਕੋਈ ਚੰਗੀ ਫ਼ਿਲਮ ਵੇਖ ਲੈਂਦੇ। ਜਾਂ ਗਾਣਿਆਂ ਦੀ ਕੋਈ ਵੀਡੀਓ ਟੇਪ ਲਾ ਲੈਂਦੇ।

ਇੰਦਰ ਸਿੰਘ ਅਤੇ ਉਸ ਦੇ ਘਰ ਵਾਲੀ ਬਚਨ ਕੌਰ ਦੋਵੇਂ ਕੰਮ ਕਰਦੇ ਸਨ। ਉਨ੍ਹਾਂ ਨੂੰ ਆਪਣੇ ਬੱਚਿਆਂ ਉੱਤੇ ਪੂਰਾ ਭਰੋਸਾ ਸੀ ਕਿ ਉਹ ਕੋਈ ਗਲਤੀ ਕਰ ਹੀ ਨਹੀਂ ਸਕਦੇ। ਸੋਹਣ ਅਤੇ ਮੋਹਣੀ ਦੋਵੇਂ ਉਨ੍ਹਾਂ ਦੀ ਅੱਖ ਦੇ ਤਾਰੇ ਸਨ। ਉਨ੍ਹਾਂ ਦੋਹਾਂ ਦੀ ਸਹੂਲਤ ਲਈ ਉਨ੍ਹਾਂ ਨੇ ਘਰ ਵਿਚ ਹਰ ਪ੍ਰਕਾਰ ਦਾ ਸਮਾਨ ਖ਼ਰੀਦਿਆ ਹੋਇਆ ਸੀ। ਟੀ. ਵੀ., ਵੀ. ਸੀ. ਆਰ., ਸਟੀਰੀਓ, ਕੰਪਿਊਟਰ ਤੇ ਭਾਂਤ ਭਾਂਤ ਦੀਆਂ ਈਲੈਕਟਰੌਨਿਕ (Electronic) ਖੇਡਾਂ। ਉਨ੍ਹਾਂ ਦਾ ਘਰ ਵੀ ਬਹੁਤ ਵੱਡਾ ਤੇ ਰੱਜ ਕੇ ਸਜਾਇਆ ਹੋਇਆ ਸੀ। ਫਰਨੀਚਰ, ਕਰਾਕਰੀ, ਪਰਦੇ, ਕਾਲੀਨ ਤੇ ਹੋਰ ਸਭ ਐਪਲਾਏਐਂਸਿਜ਼ (Appliances) ਵਧੀਆ ਕਿਸਮ ਦੇ ਸਨ। ਘਰ ਦੇ ਦੋਹੀਂ ਪਾਸੀਂ ਖੁੱਲ੍ਹਾ ਲਾਅਨ ਸੀ। ਜਿਸ ਵਿਚ ਹਰੇ ਘਾ ਦੇ ਦੁਆਲੇ ਫੱਲਾਂ ਅਤੇ ਫੁੱਲਾਂ ਦੇ ਬੂਟੇ ਲੱਗੇ ਹੋਏ ਸਨ। ਵਿਹਲੇ ਸਮੇਂ ਸੋਹਣ ਅਤੇ ਮੋਹਣੀ ਬਾਗਬਾਨੀ ਕਰਦੇ। ਗਰੀਨ ਹਾਊਸ ਦੀ ਦੇਖ-ਰੇਖ ਕਰਦੇ। ਘਰ ਨੂੰ ਸੰਵਾਰਦੇ।

ਇੰਦਰ ਸਿੰਘ ਦਾ ਵਿਚਾਰ ਸੀ ਕਿ ਮੋਹਣੀ ਹੁਣ ਵਿਆਹੁਣ ਯੋਗ ਹੋ ਗਈ ਹੈ। ਉਸ ਲਈ ਭਾਰਤ ਵਿਚ ਕੋਈ ਚੰਗਾ ਜਿਹਾ ਮੁੰਡਾ ਢੂੰਡਣਾ ਚਾਹੀਦਾ ਹੈ ਤੇ ਫਿਰ ਮੁੰਡੇ ਨੂੰ ਏਧਰ ਮੰਗਵਾ ਕੇ ਉਸ ਦਾ ਘਰ ਬਾਹਰ ਵਸਦਾ ਕਰ ਦੇਣਾ ਚਾਹੀਦਾ ਹੈ। ਮੁੰਡਾ ਵੀ ਕੋਈ ਆਪਣੀ ਜ਼ਾਤ ਬਰਾਦਰੀ ਦਾ ਅਤੇ ਚੰਗਾ ਪੜ੍ਹਿਆ ਲਿਖਿਆ ਹੋਣਾ ਚਾਹੀਦਾ ਹੈ। ਬਚਨ ਕੌਰ ਨੇ ਜਦੋਂ ਇੰਦਰ ਸਿੰਘ ਦੇ ਕਹਿਣ ਉੱਤੇ ਮੋਹਣੀ ਨਾਲ ਗੱਲ ਤੋਰੀ, ਤਾਂ ਉਸ ਨੇ ਜਿਵੇਂ ਚੁੱਪ ਹੀ ਸਾਧ ਲਈ। ਜੋ ਕੁੜੀ ਸਦਾ ਹੀ ਹੱਸਦੀ ਤੇ ਖ਼ੁਸ਼ ਰਹਿੰਦੀ ਸੀ, ਉਸ ਨੂੰ ਜਿਵੇਂ ਸੱਪ ਸੁੰਘ ਗਿਆ।

ਇੰਦਰ ਸਿੰਘ ਨੇ ਯਤਨ ਕਰਕੇ ਮੋਹਣੀ ਨਾਲ ਆਪ ਗੱਲ ਤੋਰੀ ਤੇ ਕਿਹਾ ਕਿ ਬੇਟੀ ਕੋਈ ਸੰਕੋਚ ਨਾ ਕਰ। ਆਪਣੇ ਦਿਲ ਦੀ ਗੱਲ ਦਸ ਦੇ। ਅਸੀਂ ਤੇਰੇ ਨਾਲ ਕੋਈ ਜ਼ਬਰਦਸਤੀ ਤਾਂ ਨਹੀਂ ਕਰਨ ਲੱਗੇ। ਇਕੱਠੇ ਇੰਡੀਆ ਜਾਵਾਂਗੇ। ਮੁੰਡਾ ਅਸੀਂ ਤੇਰੀ ਪਸੰਦ ਦਾ ਹੀ ਚੁਣਾਂਗੇ। ਸਭ ਰਿਸ਼ਤੇਦਾਰਾਂ ਨੂੰ ਚਿੱਠੀ ਲਿਖ ਦਿੱਤੀ ਹੈ ਕਿ ਉਹ ਚੰਗੇ ਰਿਸ਼ਤਿਆਂ ਦੀ ਦਸ ਪਾਉਣ। ਮੁੰਡਾ ਤੂੰ ਆਪ ਪਸੰਦ ਕਰੀਂ। ਤੇਰੀ ਪਸੰਦ ਹੀ ਸਾਡੀ ਪਸੰਦ ਹੋਵੇਗੀ। ਏਧਰਲੇ ਮੁੰਡਿਆਂ ਦਾ ਤਾਂ ਤੈਨੂੰ ਪਤਾ ਹੀ ਹੈ। ਇਹ ਘਰ ਗ੍ਰਹਿਸਤੀ ਨਹੀਂ ਵਸਾ ਸਕਦੇ। ਅੱਜ ਇਸ ਨਾਲ ਕੱਲ੍ਹ ਉਸ ਨਾਲ। ਅੱਜ ਵਿਆਹ ਤੇ ਕੱਲ੍ਹ ਤਲਾਕ। ਮੇਰੇ ਤੇ ਆਪਣੀ ਮੰਮੀ ਵਲਾਂ ਹੀ ਵੇਖ ਲੈ। ਪੂਰੇ 25 ਸਾਲ ਹੋ ਚਲੇ ਹਨ ਸਾਡੇ ਵਿਆਹ ਨੂੰ। ਇਸ ਤਰ੍ਹਾਂ ਦਾ ਰਿਸ਼ਤਾ ਉਹ ਹੀ ਨਿਭਾ ਸਕਦਾ ਹੈ ਜੋ ਆਪਣੇ ਮੁਲਕ ਤੇ ਆਪਣੇ ਸਭਿਆਚਾਰ ਵਿਚ ਜੰਮਿਆ, ਪਲਿਆ ਹੋਵੇ।"

ਮੋਹਣੀ ਨੇ ਬੜੇ ਢੰਗ ਨਾਲ ਆਪਣੀ ਮਾਂ ਨੂੰ ਦਸਿਆ ਕਿ ਉਸ ਦਾ ਵਿਆਹ ਕਰਨ ਦਾ ਅਜੇ ਕੋਈ ਇਰਾਦਾ ਨਹੀਂ। ਉਹ ਪੜ੍ਹਨਾ ਚਾਹੁੰਦੀ ਹੈ। ਪੜ੍ਹ ਕੇ ਕੋਈ ਚੰਗੀ ਜਿਹੀ ਨੌਕਰੀ ਢੂੰਡੇਗੀ। ਆਪਣੇ ਪੈਰਾਂ ਉੱਤੇ ਆਪ ਖੜ੍ਹੀ ਹੋ ਕੇ ਹੀ ਵਿਆਹ ਬਾਰੇ ਸੋਚੇਗੀ।

ਪਰ ਉਸ ਦੀ ਇੰਦਰ ਸਿੰਘ ਅਤੇ ਬਚਨ ਕੌਰ ਨੇ ਇਕ ਨਾ ਸੁਣੀ। ਉਸ ਨੂੰ ਗੱਲੋਂ ਗੱਲੀਂ ਦਬਾ ਪਾ

ਕੇ ਭਾਰਤ ਲੈ ਗਏ। ਅਖੇ ਮੁੰਡਾ ਵੇਖਣ ਵਿਚ ਕੀ ਹਰਜ਼ ਹੈ। ਜੇ ਤੈਨੂੰ ਪਸੰਦ ਹੋਇਆ, ਤਾਂ ਮੰਗਣੀ ਕਰ ਦਿਆਂਗੇ ਤੇ ਵਿਆਹ ਤੂੰ ਆਪਣੀ ਮਰਜ਼ੀ ਨਾਲ ਜਦੋਂ ਮਰਜ਼ੀ ਹੈ ਕਰਵਾ ਲਵੀਂ। ਨਾਂਹ, ਨਾਂਹ ਕਰਦਿਆਂ ਵੀ ਮੋਹਣੀ ਦੀ ਮੰਗਣੀ ਕਰ ਦਿੱਤੀ ਗਈ। ਇਹ ਸਭ ਕੁਝ ਭਾਰਤ ਹੀ ਹੋਇਆ, ਇਹ ਕਿਉਂ ਤੇ ਕਿਵੇਂ ਹੋਇਆ ਇਸ ਦਾ ਏਧਰ ਕਿਸੇ ਨੂੰ ਪਤਾ ਨਹੀਂ ਸੀ।

ਏਧਰ ਤਾਂ ਉਦੋਂ ਹੀ ਪਤਾ ਲੱਗਾ ਜਦੋਂ ਨਿਕਲਦੀ, ਨਿਕਲਦੀ ਇਹ ਗੱਲ ਨਿਕਲੀ ਕਿ ਇੰਦਰ ਸਿੰਘ ਨੇ ਮੋਹਣੀ ਦੇ ਵਿਆਹ ਲਈ ਗੁਰਦੁਆਰਾ ਬੁਕ ਕਰਵਾਇਆ ਹੈ। ਸੱਤ, ਅੱਠ ਮਹੀਨਿਆਂ ਤਕ ਮੁੰਡਾ ਭਾਰਤ ਤੋਂ ਆਵੇਗਾ ਤੇ ਮੋਹਣੀ ਦਾ ਵਿਆਹ ਹੋਵੇਗਾ।

ਇਨ੍ਹਾਂ ਦਿਨਾਂ 'ਚ ਹੀ ਕੋਈ ਘਟਨਾ ਵਾਪਰੀ ਸੀ, ਜੋ ਇੰਦਰ ਸਿੰਘ ਚੁੱਪ ਗੜੁੱਪ ਹੋ ਕੇ ਅੰਦਰ ਜਾ ਵੜਿਆ ਸੀ। ਬਚਨ ਕੌਰ ਵੀ ਲੱਭੀ, ਨਹੀਂ ਸੀ ਲੱਭਦੀ। ਉੱਪਰੋਂ ਉੱਪਰੋਂ ਨਿਤਾਪ੍ਰਤੀ ਦਾ ਵਿਹਾਰ ਸਭ ਠੀਕ ਠਾਕ ਚੱਲ ਰਿਹਾ ਨਜ਼ਰ ਆ ਰਿਹਾ ਸੀ।

ਇੰਦਰ ਸਿੰਘ ਨੇ ਆਪਣੀ ਬੇਟੀ ਨੂੰ ਬੜੇ ਪਿਆਰ ਨਾਲ ਆਪਣੇ ਕੋਲ ਬਿਠਾ ਕੇ ਸਮਝਾਉਣ ਤੇ ਉਸ ਦੀ ਗੱਲ ਸੁਣਨ ਦਾ ਯਤਨ ਕਰਦਿਆਂ ਆਖਿਆ, "ਵੇਖ ਬੇਟੀ, ਧੀਆਂ ਬੇਗਾਨਾ ਧਨ ਹੁੰਦੀਆਂ ਹਨ। ਇਕ ਨਾ ਇਕ ਦਿਨ ਇਨ੍ਹਾਂ ਨੇ ਬੇਗਾਨੇ ਘਰ ਜਾਣਾ ਹੀ ਹੁੰਦਾ ਹੈ। ਨਾਲੇ ਤੂੰ ਕਿਹੜਾ ਦੂਰ ਜਾਣਾ ਹੈ। ਏਥੇ ਏਸ ਸ਼ਹਿਰ ਵਿਚ ਹੀ ਅਸੀਂ ਤੁਹਾਨੂੰ ਨਵਾਂ ਮਕਾਨ ਲੈ ਦੇਣਾ ਹੈ। ਕਾਰ ਵੀ ਲੈ ਦਿਆਂਗੇ। ਘਰ ਦਾ ਹੋਰ ਸਭ ਸਮਾਨ ਵੀ। ਇਹ ਸਾਡੀ ਜ਼ਿੰਮੇਵਾਰੀ ਹੈ।"

ਮੋਹਣੀ ਨੇ ਹੌਂਸਲਾ ਜਿਹਾ ਕਰਕੇ ਹੌਲੀ ਜਿਹੀ ਆਖਿਆ, "ਡੈਡੀ, ਇਹ ਲੋੜਾਂ, ਇਹ ਚੀਜ਼ਾਂ, ਘਰ, ਕਾਰ ਹੀ ਤਾਂ ਸਭ ਕੁਝ ਨਹੀਂ ਹੁੰਦਾ।"

"ਤੂੰ ਦੱਸ ਬੇਟੀ, ਤੈਨੂੰ ਹੋਰ ਕੀ ਚਾਹੀਦਾ ਹੈ ? ਜੋ ਆਖੇਂਗੀ ਸਭ ਕੁਝ ਲੈ ਕੇ ਦਿਆਂਗੇ।"

"ਸੱਚ ਡੈਡੀ ?"

"ਹਾਂ, ਬੇਟੀ।"

"ਮੇਰੀ ਮਰਜ਼ੀ ਦਾ ਵਿਆਹ ਮੈਨੂੰ ਚਾਹੀਦਾ ਹੈ। ਹੋਰ ਕੁਝ ਨਹੀਂ।"

"ਤੇਰੀ ਮਰਜ਼ੀ ਨਾਲ ਹੀ ਤਾਂ ਇਹ ਸਭ ਕੁਝ ਹੋ ਰਿਹਾ ਹੈ ਬੇਟੀ। ਤੇਰੀ ਖ਼ੁਸ਼ੀ ਤੇ ਪਸੰਦ ਦੀ ਖ਼ਾਤਿਰ ਹੀ ਤਾਂ ਅਸੀਂ ਏਨੇ ਪੈਸੇ ਖ਼ਰਚ ਕੇ ਇੰਡੀਆ ਗਏ ਸਾਂ।"

"ਨਹੀਂ ਡੈਡੀ, ਇਹ ਸੱਚ ਨਹੀਂ। ਮੈਂ ਮੰਮੀ ਨੂੰ ਦੱਸ ਦਿਤਾ ਸੀ ਕਿ ਮੈਂ ਇੰਡੀਆ ਵਿਚ ਵਿਆਹ ਨਹੀਂ ਕਰਨਾ। ਜਿਸ ਮੁੰਡੇ ਬਾਰੇ ਮੈਂ ਕੁਝ ਜਾਣਦੀ ਹੀ ਨਹੀਂ, ਜਿਸ ਦੀ ਮੈਨੂੰ ਪਹਿਚਾਣ ਹੀ ਨਹੀਂ, ਉਸ ਨੂੰ ਸਿਰਫ਼ ਇਕ ਨਜ਼ਰ ਵੇਖ ਕੇ ਜੀਵਨ ਭਰ ਲਈ ਮੈਂ ਕਿਵੇਂ ਆਪਣੇ ਲੜ ਲਾ ਸਕਦੀ ਹਾਂ। ਮੰਮੀ ਨੇ ਤੁਹਾਡੀ ਇੱਜ਼ਤ, ਤੁਹਾਡੀ ਸਿਹਤ ਦਾ ਵਾਸਤਾ ਪਾ ਕੇ ਮੈਨੂੰ ਮੰਗਣੀ ਲਈ ਮਜਬੂਰ ਕਰ ਦਿੱਤਾ ਸੀ। ਮੰਮੀ ਨੇ ਕਿਹਾ ਸੀ ਜੇ ਮੈਂ ਤੁਹਾਡਾ ਨੱਕ ਰੱਖਣ ਲਈ ਮੰਗਣੀ ਨਾ ਕੀਤੀ ਤਾਂ ਤੁਸੀਂ ਆਤਮ-ਹੱਤਿਆ ਕਰ ਲਵੋਗੇ। ਰਿਸ਼ਤੇਦਾਰਾਂ ਵਿਚ ਤੁਸੀਂ ਇਹ ਬੇਇੱਜ਼ਤੀ ਬਰਦਾਸ਼ਤ ਨਹੀਂ ਕਰ ਸਕੋਗੇ। ਮੰਮੀ ਦੇ ਇਹ ਕਹਿਣ ਤੇ ਕਿ ਤੂੰ ਆਪਣੇ ਡੈਡੀ ਦੀ ਜ਼ਿੰਦਗੀ ਦੀ ਖ਼ਾਤਿਰ ਇਹ ਮੰਗਣੀ ਕਰ ਲੈ। ਕੈਨੇਡਾ ਵਾਪਸ ਜਾ ਕੇ ਜੋ ਮਰਜ਼ੀ ਹੈ ਕਰੀਂ। ਤੇਰੇ ਉੱਤੇ ਕੋਈ ਪਾਬੰਦੀ ਨਹੀਂ ਹੋਵੇਗੀ ! ਮੈਂ ਰਾਜ਼ੀ ਹੋਈ ਸੀ।"

"ਪਰ, ਬੇਟੀ...ਮੰਗਣੀ ਤਾਂ ਹੋ ਚੁੱਕੀ ਹੈ ਤੇ ਇਮੀਗਰੇਸ਼ਨ ਲੈ ਕੇ ਮੁੰਡਾ ਇੰਡੀਆ ਤੋਂ ਕੈਨੇਡਾ ਆ ਰਿਹਾ ਹੈ। ਗੁਰਦੁਆਰਾ ਅਸੀਂ ਬੁਕ ਕਰਵਾ ਚੁੱਕੇ ਹਾਂ। ਹੋਰ ਸਾਰਾ ਪ੍ਰਬੰਧ ਵੀ ਹੋ ਚੁੱਕਾ ਹੈ।"

"ਨਹੀਂ ਡੈਡੀ, ਤੁਸੀਂ ਸਾਨੂੰ, ਆਪਣੇ ਬੱਚਿਆਂ ਵਾਂਗ ਸਮਝਣ ਦਾ ਕਦੇ ਯਤਨ ਹੀ ਨਹੀਂ ਕੀਤਾ, ਸਾਡੇ ਲਈ ਕੁਝ ਸਟੈਂਡਰਡ ਬਣਾ ਦਿੱਤੇ ਤੇ ਅਸੀਂ ਉਨ੍ਹਾਂ ਉੱਤੇ ਤੁਰਦੇ ਰਹੇ। ਅਸੀਂ, ਚਾਹੇ ਅਚਾਹੇ, ਕਈ ਕਦਮ ਤੁਹਾਡੇ ਵਲਾਂ ਤੁਰਦੇ ਰਹੇ ਹਾਂ। ਪਰ ਤੁਸੀਂ ਇਕ ਕਦਮ ਵੀ ਨਹੀਂ ਪੁੱਟਿਆ ਸਾਡੇ ਵਲਾਂ। ਤੁਸੀਂ ਯਤਨ ਹੀ

ਨਹੀਂ ਕੀਤਾ ਕਦੇ ਸਾਡੇ ਤਕ ਪਹੁੰਚਣ ਦਾ। ਸਾਨੂੰ ਸਮਝਣ ਦਾ। ਤੁਹਾਡੀ ਖ਼ੁਸ਼ੀ ਦੀ ਖ਼ਾਤਰ ਅਸੀਂ ਕੀ ਨਹੀਂ ਕੀਤਾ ? ਪੰਜਾਬੀ ਸਿੱਖੀ, ਗੁਰਦੁਆਰੇ ਗਏ, ਆਪਣੀ ਕਲਚਰ ਸਿੱਖੀ, ਤੁਹਾਡੀ ਸੰਗਤ ਵਿਚ ਬਹਿ ਕੇ ਹਿੰਦੀ ਅਤੇ ਪੰਜਾਬੀ ਦੀਆਂ ਮੂਵੀਆਂ ਵੇਖੀਆਂ, ਵਿਆਹਾਂ ਸ਼ਾਦੀਆਂ ਵਿਚ ਨੱਚੇ। ਚੰਗੇ ਨੰਬਰ ਲੈ ਕੇ ਪਾਸ ਹੋਏ, ਖੇਡਾਂ ਵਿਚ ਇਨਾਮ ਲਏ। ਘਰ ਦੇ ਕੰਮ ਕਾਰ ਵਿਚ ਤੁਹਾਡੀ ਮਦਦ ਕੀਤੀ। ਅਸੀਂ ਉਹ ਸਭ ਕੁਝ ਸਿਖਿਆ ਤੇ ਕੀਤਾ ਜੋ ਤੁਸੀਂ ਚਾਹਿਆ। ਤੁਸੀਂ ਸਾਡੇ ਲਈ ਕੀ ਕੀਤਾ ?"

"ਬੇਟੀ, ਅਸੀਂ ਕੀ ਨਹੀਂ ਕੀਤਾ ?..."

"ਚੰਗੇ, ਚੰਗੇ ਕੱਪੜੇ ਲੈ ਦਿੱਤੇ। ਜ਼ਰੂਰਤ ਦਾ ਸਾਮਾਨ ਲੈ ਦਿਤਾ। ਇਹ ਸਭ ਕੁਝ ਤੁਸੀਂ ਪਿਆਰ ਲਈ ਨਹੀਂ ਕੀਤਾ ਡੈਡੀ। ਸੋਸਾਇਟੀ ਵਿਚ ਆਪਣਾ ਨੱਕ ਰੱਖਣ ਲਈ ਕਰਦੇ ਰਹੇ ਹੋ। ਆਪਣੀ ਇੱਜ਼ਤ ਬਨਾਉਣ ਲਈ ਤੁਸੀਂ ਸਾਨੂੰ ਸ਼ਤਰੰਜ ਦੇ ਮੋਹਰਿਆਂ ਵਾਂਗ ਵਰਤਦੇ ਰਹੇ ਹੋ। ਏਸ ਇਕ-ਪਾਸੜ ਖੇਡ ਦਾ ਹੰਕਾਰ ਤੇ ਪਰਚਾਰ ਕਰਦੇ ਰਹੇ ਹੋ। ਤੁਸੀਂ ਸਾਨੂੰ ਬੇਗਾਨਿਆਂ ਵਾਂਗ ਵਰਤਦੇ ਰਹੇ ਹੋ ਡੈਡੀ। ਤੁਸੀਂ ਕਦੇ ਵੀ ਸਾਨੂੰ ਸਮਝਣ, ਸਾਡੇ ਤਕ ਪਹੁੰਚ ਕੇ ਸਾਡੀ ਪਹਿਚਾਣ ਕਰਨ ਦਾ ਯਤਨ ਨਹੀਂ ਕੀਤਾ।"

"ਤੁਹਾਡੀ ਕਲਚਰ ਹੀ ਤੁਹਾਡੀ ਪਹਿਚਾਣ ਹੈ, ਬੇਟੀ।"

"ਜਾਣਦੀ ਹਾਂ ਡੈਡੀ। ਕੈਨੇਡਾ ਇਕ ਮਲਟੀ ਲਿੰਗੂਅਲ ਤੇ ਮਲਟੀ ਕਲਚਰਲ (Multi-lingual and multi cultural) ਬਹੁ-ਭਾਸ਼ੀ ਤੇ ਬਹੁ-ਸਭਿਆਚਾਰਕ ਕੰਟਰੀ ਹੈ। ਦੁਨੀਆਂ ਦੇ ਹਰ ਦੇਸ਼ ਦੇ ਲੋਕ ਏਥੇ ਆਣ ਕੇ ਵਸੇ ਹੋਏ ਹਨ। ਉਨ੍ਹਾਂ ਸਭ ਦੀ ਆਪੋ ਆਪਣੀ ਵੱਖਰੀ ਪਹਿਚਾਣ ਹੈ। ਪਰ ਫਿਰ ਵੀ ਬਤੌਰ ਕਨੇਡੀਅਨ ਉਨ੍ਹਾਂ ਸਭ ਦੀ ਇਕ ਸਾਂਝੀ ਪਹਿਚਾਣ ਵੀ ਹੈ। ਤੁਸੀਂ ਕਦੇ ਵੀ ਸਾਨੂੰ ਏਸ ਰੂਪ ਵਿਚ ਵੇਖਣ ਦਾ ਯਤਨ ਨਹੀਂ ਕੀਤਾ। ਅਸੀਂ ਏਧਰ ਪਲੇ, ਏਧਰ ਪੜ੍ਹੇ। ਏਧਰ ਵੱਡੇ ਹੋਏ। ਏਧਰਲਾ ਮਾਹੌਲ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ ਡੈਡੀ।"

"ਏਧਰਲੇ ਮਾਹੌਲੀ ਦੀ ਗੰਦਗੀ ਵਿਚ ਕੀ ਪਿਆ ਹੈ ?"

"ਇਹ ਕੁਝ ਕੀ ਹੁਣ ਇੰਡੀਆ ਤੇ ਸੰਸਾਰ ਦੇ ਹੋਰ ਦੇਸ਼ਾਂ ਵਿਚ ਨਹੀਂ ਹੋ ਰਿਹਾ ?"

"ਆਪਣੀਆਂ ਜੜ੍ਹਾਂ ਵੀ ਤਾਂ ਕੁਝ ਹਨ, ਬੇਟੀ।"

"ਕੇਵਲ ਜੜ੍ਹਾਂ ਹੀ ਵੇਖਦੇ ਰਹੀਏ ਡੈਡੀ ? ਤੇ ਭੁੱਲ ਜਾਈਏ ਕਿ ਟਰੀ ਵੀ ਹੁੰਦਾ ਹੈ, ਸਟੈਮ, ਬਰਾਂਚਿਜ਼ ਤੇ ਪੱਤੇ ਵੀ। ਫੁੱਲ ਤੇ ਫੱਲ ਵੀ। ਜੜ੍ਹਾਂ ਦੀ ਖ਼ਾਤਿਰ ਰੁੱਖ ਕਟ ਕੇ ਸੁੱਟ ਦੇਈਏ ਡੈਡੀ ?"

"ਮੈਂ ਇਹ ਕਦੋਂ ਆਖਿਆ ਹੈ ਬੇਟੀ ?"

"ਹਰ ਰੁੱਖ ਦੀਆਂ ਜੜ੍ਹਾਂ ਦੇ ਨਾਲ ਉਸ ਦਾ ਆਪਣਾ ਵੱਖਰਾ ਮਾਹੌਲ ਹੁੰਦਾ ਹੈ, ਡੈਡੀ। ਕੈਨੇਡਾ ਦੇ ਇਟਾਲੀਅਨ ਤੇ ਫ਼ਰਾਂਸੀਸੀ ਲੋਕ ਇਟਲੀ ਤੇ ਫ਼ਰਾਂਸ ਦੇ ਲੋਕਾਂ ਤੋਂ ਉਸੇ ਤਰ੍ਹਾਂ ਡਿਫਰੈਂਟ ਹਨ ਜਿਵੇਂ ਪੰਜਾਬ ਦੇ ਲੋਕਾਂ ਤੋਂ ਅਸੀਂ। ਜੜ੍ਹਾਂ ਦੀ ਸਾਂਝ ਹੁੰਦਿਆਂ ਵੀ ਅਸੀਂ ਡਿਫਰੈਂਟ ਹਾਂ ਡੈਡੀ। ਤੁਸੀਂ ਕਦੇ ਵੀ ਇਹ ਜਾਣਨ ਦਾ ਯਤਨ ਨਹੀਂ ਕੀਤਾ।"

ਮੋਹਣੀ ਬੋਲਦੀ ਬੋਲਦੀ ਰੁਕ ਗਈ। ਦੂਰ ਖ਼ਲਾਅ ਵਲ ਘੂਰਦੀ ਹੋਈ ਫੇਰ ਬੋਲਣ ਲੱਗੀ ਜਿਵੇਂ ਆਪਣੇ ਆਪ ਨਾਲ, ਸਭ ਨਾਲ, ਉੱਚੀ ਸੋਚ ਵਿਚ ਗੱਲਾਂ ਕਰ ਰਹੀ ਹੋਵੇ, "ਮੈਂ ਵੀ ਉਹ ਸਭ ਕੁਝ ਕਰ ਸਕਦੀ ਸਾਂ ਜੋ ਏਧਰਲੇ ਬਹੁ-ਗਿਣਤੀ ਬੱਚੇ ਕਰਦੇ ਹਨ। ਤੁਸੀਂ ਤੇ ਮੰਮੀ ਤਾਂ ਸਦਾ ਪੈਸੇ ਕਮਾਉਣ ਵਿਚ ਪਏ ਰਹੇ। ਘਰ ਅਸੀਂ, ਮੈਂ ਤੇ ਵੀਰ, ਕੱਲੇ ਹੀ ਹੁੰਦੇ ਸਾਂ, ਜੋ ਮਰਜ਼ੀ ਕਰ ਸਕਦੇ ਸਾਂ। ਤੁਹਾਡੇ ਖ਼ਿਆਲਾਂ ਅਨੁਸਾਰ, ਹਰ ਤਰ੍ਹਾਂ ਵਿਗੜ ਸਕਦੇ ਸਾਂ। ਪਰ ਅਸੀਂ ਇਸ ਤਰ੍ਹਾਂ ਨਹੀਂ ਕੀਤਾ। ਏਧਰ ਵੀ ਸਾਰੇ ਬੱਚੇ ਜਿਵੇਂ ਤੁਸੀਂ ਸੋਚਦੇ ਹੋ, ਉਸੇ ਤਰ੍ਹਾਂ ਵਿਗੜੇ ਹੋਏ ਹਨ ... ਤੁਸੀਂ ਤਾਂ ਆਪਣੇ ਬੱਚਿਆਂ ਨੂੰ ਹੀ ਸਮਝਣ ਦਾ ਯਤਨ ਨਹੀਂ ਕੀਤਾ, ਹੋਰ ਕਿਸੇ ਨੂੰ ਤੁਸੀਂ ਕੀ ਸਮਝਣਾ ਤੇ ਕੀ ਪਹਿਚਾਨਣਾ ਹੋਇਆ ? ...

... ਅਸੀਂ ਵੀ ਚਾਹੁੰਦੇ ਸਾਂ ਕਿ ਹੋਰ ਬੱਚਿਆਂ ਦੇ ਮਾਪਿਆਂ ਵਾਂਗ ... ਮਾਪਿਆਂ ਤੇ ਟੀਚਰਾਂ ਦੇ ਮਿਲਣ

ਲਈ ਰਖੇ ਗਏ ਓਪਨ ਹਾਊਸ (Open house) ਵਾਲੇ ਦਿਨ ਤੁਸੀਂ ਵੀ ਸਾਡੇ ... ਟੀਚਰਾਂ ਨੂੰ ਮਿਲੋ। ਸਾਨੂੰ ਸਪੋਰਟ ਕਰੋ। ਅਸੀਂ ਵੀ ਚਾਹੁੰਦੇ ਸਾਂ ਕਿ ਹੋਰ ਮਾਪਿਆਂ ਵਾਂਗ ਤੁਸੀਂ ਵੀ ਸਾਡੇ ਨਾਲ ਸਿਨਮੇ, ਰੈਸਤੋਰਾਂ, ਥੀਏਟਰ ਤੇ ਹੋਰ ਸਭ ਥਾਵਾਂ ਉੱਤੇ ਚਲੋ, ਜਿੱਥੇ, ਜਿੱਥੇ ਏਧਰਲੇ ਮਾਪੇ ਆਪਣੇ ਬੱਚਿਆਂ ਨੂੰ ਲੈ ਕੇ ਜਾਂਦੇ ਹਨ ਤਾਂ ਕਿ ਉਨ੍ਹਾਂ ਦੀਆਂ ਪਰਸਨੈਲੇਟੀਜ਼ ਪੂਰੀ ਤਰ੍ਹਾਂ ਵਧ, ਫੁੱਲ ਸਕਣ। ਉਨ੍ਹਾਂ ਦਾ ਪੁਆਇੰਟ ਆਫ਼ ਵਿਊ (Point of view) ਚੌੜਾ ਹੋ ਸਕੇ। ਨਹੀਂ ਡੈਡੀ, ਪੈਸੇ ਤੇ ਮੈਟੀਰੀਅਲ ਦੇ ਚੱਕਰ ਵਿਚ ਫਸੇ, ਤੁਸੀਂ ਇਹ ਕਿਵੇਂ ਕਰ ਸਕਦੇ ਸਓ ? ਤੁਹਾਡੇ ਕੋਲ ਵਿਹਲ ਹੀ ਨਹੀਂ ਸੀ। ਤੁਸੀਂ ਸਾਨੂੰ ਸਾਡੀਆਂ ਜੜ੍ਹਾਂ ਅਤੇ ਕਲਚਰ ਦੇ ਨਾਮ ਉੱਤੇ ਹੁਣ ਤਕ ਬਲੈਕ-ਮੇਲ ਹੀ ਕਰਦੇ ਰਹੇ ਹੋ। ... ਤੇ ਹੁਣ ਤੁਸੀਂ ਆਪਣੀ ਧੀ ਦੀਆਂ ਸਾਰੀਆਂ ਖ਼ੁਸ਼ੀਆਂ ਇਨ੍ਹਾਂ ਜੜ੍ਹਾਂ ਅਤੇ ਏਸ ਕਲਚਰ ਦੀ ਬਲੀ ਚੜ੍ਹਾ ਦੇਣਾ ਚਾਹੁੰਦੇ ਹੋ, ਸਦਾ ਸਦਾ ਲਈ ਤਾਂ ਕਿ ਤੁਹਾਡਾ ਨੱਕ ਕੁਝ ਹੋਰ ਵਧੇਰੇ ਉੱਚਾ ਹੋ ਸਕੇ।"

"ਨਹੀਂ, ਬੇਟੀ ਇਹ ਗੱਲ ਨਹੀਂ।"

"ਪੁੱਛੋ ਮੰਮੀ ਨੂੰ, ਮੈਂ ਏਸ ਨੂੰ ਕੀ ਆਖਿਆ ਸੀ ਇੰਡੀਆ ਜਾਣ ਤੋਂ ਪਹਿਲਾਂ ?"

"ਹਾਂ, ਧੀਏ ! ਮੈਂ ਦੱਸਿਆ ਸੀ ਤੇਰੇ ਬਾਪ ਨੂੰ। ਪਰ ਇਹ ਨਹੀਂ ਮੰਨਿਆ। ਕਹਿਣ ਲੱਗਾ ਦੇਸ਼ ਚਲਦੇ ਹਾਂ। ਚੰਗਾ ਜਿਹਾ ਮੁੰਡਾ ਵੇਖ ਕੇ ਮੰਗਣੀ ਕਰ ਦਿਆਂਗੇ। ਫਿਰ ਹੌਲੀ, ਹੌਲੀ ਸਭ ਠੀਕ ਹੋ ਜਾਏਗਾ।"

"ਕੀ ਠੀਕ ਹੋ ਜਾਏਗਾ ? ਸਭ ਕੁਝ ਗ਼ਲਤ ਹੋ ਚੁੱਕਾ ਹੈ।"

"ਨਹੀਂ, ਬੇਟੀ। ਜੋਗਿੰਦਰ ਨਾਲ ਤੇਰੀ ਸ਼ਾਦੀ ਨਹੀਂ ਹੋ ਸਕਦੀ। ਉਹ ਨੀਵੀਂ ਜਾਤ ਦੇ ਹਨ। ਜੁਲਾਹੇ ਹਨ। ਅਸੀਂ ਜੱਟ ਹਾਂ।"

"ਕਿਹੜੀਆਂ ਗੱਲਾਂ ਕਰਦੇ ਹੋ, ਡੈਡੀ ? ਹੁਣ ਤਾਂ ਇੰਡੀਆ ਵਿਚ ਵੀ ਲੋਕ ਇੰਜ ਨਹੀਂ ਸੋਚਦੇ। ਇਨਸਾਨ, ਇਨਸਾਨ ਹੀ ਹੁੰਦਾ ਹੈ। ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਇਹ ਹੀ ਸਿਖਿਆ ਮਿਲਦੀ ਹੈ। ਕਬੀਰ ਜੁਲਾਹਾ ਹੀ ਤਾਂ ਸੀ। ਉਸ ਦੀ ਬਾਣੀ ਕਿਉਂ ਸੁਣਦੇ ਹੋ ? ਉਸ ਨੂੰ ਕਿਉਂ ਸੀਸ ਝੁਕਾਉਂਦੇ ਹੋ ? ਮੱਥਾ ਟੇਕਦੇ ਹੋ ?"

ਤੇ ਇੰਜ ਮੋਹਣੀ ਜੋ ਚੁੱਪ ਚਾਪ ਰਹਿਣ ਵਾਲੀ ਇਕ ਸਾਊ ਕੁੜੀ ਸੀ ਆਪਣੇ ਬਾਪ ਇੰਦਰ ਸਿੰਘ ਲਈ ਇਕ ਚੁਣੌਤੀ ਤੇ ਇਕ ਸਵਾਲ ਬਣ ਗਈ।

ਜੋਗਿੰਦਰ ਨਾਲ ਉਹ ਪਿਆਰ ਕਰਦੀ ਸੀ। ਉਹ ਇਕੱਠੇ ਮੁੱਢ ਤੋਂ ਇਕ ਹੀ ਸਕੂਲ ਵਿਚ ਪੜ੍ਹੇ ਸਨ।

ਉਨ੍ਹਾਂ ਦਾ ਪਿਆਰ ਭਾਰਤੀ ਮਿਆਰ ਅਨੁਸਾਰ ਸੱਚਾ ਤੇ ਸੁੱਚਾ ਸੀ। ਆਪਣੇ ਮਾਂ ਬਾਪ ਦੀ ਖ਼ੁਸ਼ੀ ਲਈ ਉਹ ਆਪਣੇ ਸਭਿਆਚਾਰ ਦੀਆਂ ਹੱਦਾਂ ਵਿਚ ਰਹਿ ਕੇ ਇਸ ਨੂੰ ਪਰਵਾਨ ਚੜ੍ਹਾਉਣ ਦੇ ਸੁਫ਼ਨੇ ਵੇਖਦੇ ਰਹੇ ਸਨ। ਜੋਗਿੰਦਰ ਦਾ ਪਿਤਾ ਯੂਗੰਡਾ ਵਿਚ ਅਧਿਆਪਕ ਹੁੰਦਾ ਸੀ ਤੇ ਏਥੇ ਆਣ ਕੇ ਵੀ ਉਸ ਨੇ ਅਧਿਆਪਕੀ ਹੀ ਕੀਤੀ ਸੀ। ਉਹ ਖੁੱਲ੍ਹੇ ਡੁੱਲ੍ਹੇ ਸੁਭਾਅ ਦਾ ਇਕ ਹੱਸਾਸ ਮਨੁੱਖ ਸੀ। ਉਸ ਨੂੰ ਪਤਾ ਸੀ ਕਿ ਮੋਹਣੀ ਤੇ ਜੋਗਿੰਦਰ ਇਕ ਦੂਜੇ ਨੂੰ ਪਿਆਰ ਕਰਦੇ ਹਨ। ਜੋਗਿੰਦਰ ਜਦੋਂ ਵੀ ਕਦੇ ਆਪਣੇ ਪਿਤਾ ਨਾਲ ਏਧਰਲੇ ਮਾਹੌਲ ਅਤੇ ਆਪਣੀ ਕਲਚਰ ਦੀ ਗੱਲ ਕਰਦਾ ਤਾਂ ਉਸ ਦਾ ਪਿਤਾ ਸੁੰਦਰ ਸਿੰਘ ਉਸ ਨੂੰ ਕਹਿੰਦਾ,

"ਇਹ ਸਭ ਕਲਚਰ ਤੇ ਜੜ੍ਹਾਂ ਦੇ ਸੰਕਲਪ ਮਨੁੱਖ ਦੇ ਆਪਣੇ ਹੀ ਬਣਾਏ ਹੋਏ ਹਨ। ਜ਼ਿੰਦਗੀ ਨੂੰ ਸੌਖਿਆਂ ਤੇ ਮਰਯਾਦਾ ਵਿਚ ਢਾਲਣ ਲਈ ਹੀ ਰਸਮਾਂ, ਰਿਵਾਜਾਂ ਦਾ ਜਨਮ ਹੁੰਦਾ ਹੈ। ਜਦੋਂ ਇਹ ਸਭ ਕੁਝ ਮਨੁੱਖ ਦਾ ਸਾਹ ਘੁੱਟਣ ਲਗ ਪਵੇ, ਤਾਂ ਇਸ ਨੂੰ ਬਦਲ ਦੇਣਾ ਚਾਹੀਦਾ ਹੈ। ਜਿਸ ਕੁਝ ਨੂੰ ਸਾਡੇ ਆਮ ਪੰਜਾਬੀ ਲੋਕ ਏਧਰਲੇ ਮਾਹੌਲ ਦੀ ਗੰਦਗੀ ਕਹਿੰਦੇ ਹਨ, ਉਹ ਕੁਝ ਕੀਨੀਆਂ ਦੇ ਮਾਹੌਲ ਵਿਚ ਸਹਿਜ-ਪਰਵਾਨਤ ਸੀ।"

"ਸੱਚ, ਪਿਤਾ ਜੀ ?" ਅਗੋਂ ਜੋਗਿੰਦਰ ਹੁੰਗਾਰਾ ਭਰਦਾ।

"ਹਾਂ, ਬੇਟਾ। ਕੀਨੀਆਂ ਵਿਚ ਵਿਆਹ ਤੋਂ ਪਹਿਲਾਂ ਲੜਕੇ, ਲੜਕੀ ਦੇ ਕਾਮ-ਸੰਬੰਧ ਵਰਜਤ ਨਹੀਂ ਸਨ। ਉੱਥੋਂ ਦੇ ਨੌਜਵਾਨ ਮੁੰਡੇ ਤਾਂ ਸਗੋਂ ਵਿਆਹ ਤੋਂ ਪਹਿਲਾਂ ਆਪਣੀ ਹੋਣ ਵਾਲੀ ਪਤਨੀ ਦਾ ਫਰਟਿਲੇਟੀ ਟੈਸਟ

(Fertility Test) ਕਰਦੇ ਸਨ, ਇਹ ਵੇਖਣ ਲਈ ਕਿ ਉਹ ਔਲਾਦ ਵੀ ਪੈਦਾ ਕਰ ਸਕਦੀ ਹੈ ਜਾਂ ਨਹੀਂ ? ਮੇਰੇ ਸੰਪਰਕ ਵਿਚ ਆਏ ਕਈ ਸਹਿ-ਕਰਮੀਆਂ ਅਤੇ ਮਿੱਤਰਾਂ ਨੇ ਗਰਭਵਤੀ ਲੜਕੀਆਂ ਨੂੰ ਹੀ ਸ਼ਾਦੀ ਦੀ ਰਸਮ ਉਪਰੰਤ ਆਪਣੀ ਪਤਨੀ ਬਣਾਇਆ।"

ਜੋਗਿੰਦਰ ਇਹ ਸਭ ਗੱਲਾਂ ਮੋਹਣੀ ਨਾਲ ਕਰਦਾ ਤੇ ਉਹ ਦੋਵੇਂ ਖ਼ੂਬ ਹੱਸਦੇ। ਆਪਣੇ, ਦੋਹਾਂ ਦੇ, ਇਕੋ ਇਕ ਡੈਡੀ ਨੂੰ ਦਾਦ ਦਿੰਦੇ।

ਮੋਹਣੀ ਆਪਣੇ ਕਮਰੇ ਵਿਚ ਇਕੱਲੀ ਬੈਠੀ ਜੋਗਿੰਦਰ ਤੇ ਉਸ ਦੇ ਪਿਤਾ ਦੇ ਅਜਿਹੇ ਗੂੜ੍ਹੇ ਦੋਸਤਾਨੇ ਬਾਰੇ ਅਕਸਰ, ਸੋਚਦੀ ਤੇ ਇੱਛਾ ਕਰਦੀ ਕਿ ਕਾਸ਼ ਉਸ ਦਾ ਪਿਤਾ ਵੀ ਸੁੰਦਰ ਸਿੰਘ ਵਰਗਾ ਕੋਈ ਖੁੱਲ੍ਹ-ਦਿਲਾ ਹੱਸਾਸ ਵਿਅਕਤੀ ਹੁੰਦਾ, ਜੋ ਵਿਖਾਵੇ ਦੇ ਅਡੰਬਰ ਨਾਲੋਂ ਆਪਣੀ ਧੀ ਦੀ ਖ਼ੁਸ਼ੀ ਨੂੰ ਪਹਿਲ ਦੇਣ ਦੀ ਹਿੰਮਤ ਕਰ ਸਕਦਾ। ਆਪਣੇ ਦਿਲੋਂ ਉਹ ਸੁੰਦਰ ਸਿੰਘ ਨੂੰ ਆਪਣਾ ਪਿਤਾ ਮੰਨ ਹੀ ਚੁੱਕੀ ਸੀ ਤੇ ਇਸੇ ਭਾਵਨਾ ਅਧੀਨ ਇਕ ਦਿਨ ਉਹ ਜੋਗਿੰਦਰ ਦੇ ਨਾਲ ਉਨ੍ਹਾਂ ਦੇ ਘਰ ਚਲੇ ਗਈ। ਧੀ ਵਾਂਗ, ਜਦੋਂ ਸੁੰਦਰ ਸਿੰਘ ਨੇ ਮੋਹਣੀ ਨੂੰ ਆਪਣੀ ਹਿੱਕ ਨਾਲ ਲਾਇਆ ਤਾਂ ਉਹ ਫਿਸ ਪਈ, "ਡੈਡੀ, ਇਕ ਵਾਰ ਤਾਂ ਕੋਸ਼ਿਸ਼ ਕਰ ਵੇਖੋ ਤੁਸੀਂ ਮੇਰੇ ਪਿਤਾ ਨੂੰ ਮਿਲੋ ਤੇ ਰਿਸ਼ਤੇ ਦੀ ਗੱਲ ਤੋਰੋ।"

"ਬੇਟੀ, ਮੈਂ ਇਸ ਬਾਰੇ ਬਹੁਤ ਗੰਭੀਰਤਾ ਨਾਲ ਸੋਚਦਾ ਰਿਹਾ ਹਾਂ। ਤੇਰੇ ਲਈ, ਜੋਗਿੰਦਰ ਲਈ, ਤੁਹਾਡੇ ਦੋਹਾਂ ਦੀ ਖ਼ੁਸ਼ੀ ਲਈ ਮੈਂ ਕੁਝ ਵੀ ਕਰ ਸਕਦਾ ਹਾਂ। ਤੁਸੀਂ ਹੀ ਤਾਂ ਸਾਡਾ, ਸਭ ਦਾ, ਭਵਿੱਖ ਹੋ। ਭਵਿੱਖ ਨੂੰ ਕੋਈ ਕਿਵੇਂ ਨਾਰਾਜ਼ ਕਰ ਸਕਦਾ ਹੈ।"

ਸੁੰਦਰ ਸਿੰਘ ਦੀ ਗੱਲ ਸੁਣਦਿਆਂ ਹੀ ਇੰਦਰ ਸਿੰਘ ਅੱਗ ਭਬੂਕਾ ਹੋ ਗਿਆ। ਬਚਨ ਕੌਰ ਦੇ ਰੋਕਦਿਆਂ, ਰੋਕਦਿਆਂ ਵੀ ਇੰਦਰ ਸਿੰਘ ਨੇ, ਬੇਇੱਜ਼ਤ ਕਰਕੇ ਸੁੰਦਰ ਸਿੰਘ ਨੂੰ ਘਰੋਂ ਬਾਹਰ ਕੱਢ ਦਿੱਤਾ।

ਮੋਹਣੀ ਅਤੇ ਜੋਗਿੰਦਰ ਦੇ ਦਿਲਾਂ ਉੱਤੇ ਇਸ ਦਾ ਡਾਢਾ ਭੈੜਾ ਅਸਰ ਹੋਇਆ।

ਇੰਦਰ ਸਿੰਘ ਆਪਣੀ ਜ਼ਿੱਦ ਉੱਤੇ ਪੂਰੀ ਤਰ੍ਹਾਂ ਕਾਇਮ ਸੀ ਕਿ ਭਾਰਤ ਤੋਂ ਮੁੰਡਾ ਏਧਰ ਜਲਦੀ ਪਹੁੰਚੇ ਤਾਂ ਕਿ ਮੋਹਣੀ ਦੇ ਹੱਥ ਪੀਲੇ ਕੀਤੇ ਜਾ ਸਕਣ।

ਘਰੋਂ ਜਦ ਮੋਹ ਨਾ ਮਿਲੇ, ਤਾਂ ਬੇਗਾਨੇ ਦਰ ਬੰਦਾ ਢੁਕਦਾ, ਮੋਹ ਦੀ ਤਲਾਸ਼ ਕਰਦਾ ਹੈ। ਸੁੰਦਰ ਸਿੰਘ ਅਤੇ ਜੋਗਿੰਦਰ ਤਾਂ ਬੇਗਾਨੇ ਵੀ ਨਹੀਂ ਸਨ। ਖ਼ਾਲਸ ਆਪਣੇ ਸਨ। ਇਸੇ ਲਈ ਸ਼ਾਇਦ ਮੋਹਣੀ ਤੇ ਜੋਗਿੰਦਰ ਦੀਆਂ ਮੁਲਾਕਾਤਾਂ ਹੁਣ ਸੁੰਦਰ ਸਿੰਘ ਦੇ ਘਰ ਵਿਚ ਹੀ ਹੁੰਦੀਆਂ।

ਇਹ ਸਭ ਕੁਝ ਸੁਣ ਕੇ ਇੰਦਰ ਸਿੰਘ ਦੇ ਸਿਰ ਉੱਤੇ ਜਿਵੇਂ ਖ਼ੂਨ ਸਵਾਰ ਹੋ ਗਿਆ ਸੀ। ਉਸ ਦਾ ਆਪਣੇ ਆਪ ਉੱਤੇ ਵੱਸ ਨਹੀਂ ਸੀ ਰਿਹਾ। ਗੱਲ, ਗੱਲ ਉੱਤੇ ਉਹ ਖਿਝਦਾ ਤੇ ਕ੍ਰੋਧ ਵਿਚ ਆ ਜਾਂਦਾ। ਆਪਣੀ ਪਤਨੀ ਦੇ ਸੁਝਾਅ ਉੱਤੇ ਹੀ ਉਸ ਨੇ ਆਪਣੇ ਆਪ ਉੱਤੇ ਕਾਬੂ ਪਾਉਣ ਲਈ ਅਤੇ ਇਸ ਨਮੋਸ਼ੀ ਦਾ ਕੋਈ ਪੱਕਾ ਇਲਾਜ ਢੂੰਡਣ ਲਈ ਮਿੱਲ ਤੋਂ ਛੁੱਟੀ ਲੈ ਲਈ ਸੀ। ਪਰ ਹਾਲਾਤ ਸਨ ਕਿ ਉਸ ਦੇ ਕਾਬੂ ਵਿਚ ਨਹੀਂ ਸਨ ਆ ਰਹੇ।

ਮੋਹਣੀ ਨੇ ਆਪਣੀ ਮਾਂ ਦੇ ਰਾਹੀਂ ਆਪਣੇ ਪਿਤਾ ਨੂੰ ਗੱਲ ਹੀ ਐਸੀ ਦੱਸੀ ਸੀ ਕਿ ਉਹ ਆਪੇ ਤੋਂ ਬਾਹਰ ਹੋ ਗਿਆ। ਗੰਦੀਆਂ-ਗੰਦੀਆਂ ਗਾਲ੍ਹਾਂ ਕੱਢਣ ਲੱਗ ਪਿਆ। ਜੇ ਬਚਨ ਕੌਰ ਵਿਚ ਨਾ ਪੈਂਦੀ ਤਾਂ ਉਸ ਨੇ ਜਵਾਨ ਜਹਾਨ ਧੀ ਉੱਤੇ ਹੱਥ ਚੁੱਕ ਲੈਣਾ ਸੀ।

ਇਨ੍ਹਾਂ ਦਿਨਾਂ 'ਚ ਹੀ ਇਕ ਦਿਨ ਜੋਗਿੰਦਰ ਉਨ੍ਹਾਂ ਦੇ ਘਰ ਆਇਆ ਤੇ ਮੋਹਣੀ ਮਾਂ ਦੀਆਂ ਅੱਖਾਂ ਵਿਚ ਸਿੱਧਾ ਵੇਖਦੀ, ਚੁੱਪ ਚੁਪੀਤੀ ਉਸ ਦੇ ਨਾਲ ਚਲੀ ਗਈ।

ਜੋਗਿੰਦਰ ਤੇ ਮੋਹਣੀ ਸੁੰਦਰ ਸਿੰਘ ਦੇ ਸਾਮ੍ਹਣੇ ਖੜ੍ਹੇ ਸਨ। ਜੋਗਿੰਦਰ ਪੂਰੇ ਭਰੋਸੇ ਅਤੇ ਮਾਣ ਨਾਲ ਆਪਣੇ ਪਿਤਾ ਨੂੰ ਦਸ ਰਿਹਾ ਸੀ, "ਡੈਡੀ, ਮੈਂ ਵੀ ਫਰਟਿਲਿਟੀ ਟੈਸਟ (Fertility test) ਕਰ ਲਿਆ ਹੈ। ਤੁਹਾਡੀ ਹੋਣ ਵਾਲੀ ਨੂੰਹ, ਮੋਹਣੀ, ਗਰਭਵਤੀ ਹੈ। ਮੋਹਣੀ ਦੇ ਮਾਤਾ ਪਿਤਾ ਨੂੰ ਤੁਸੀਂ ਇਹ ਗੱਲ ਸਮਝਾਉਣ ਦਾ ਜ਼ਰੂਰ

ਯਤਨ ਕਰਨਾ ਕਿ ਸਾਡਾ ਹੋਣ ਵਾਲਾ ਬੱਚਾ ਹੀ ਸਾਡੀ ਸ਼ਾਦੀ ਵਲ ਜਾਂਦੀ ਸੜਕ ਹੈ, ਸ਼ਾਹਰਾਹ ਹੈ। ਇਸ ਤੋਂ ਬਿਨਾਂ ਸਾਡੇ ਕੋਲ ਕੋਈ ਚਾਰਾ ਹੀ ਨਹੀਂ ਸੀ। ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਦਾ ਨੱਕ ਅਜੇ ਵੀ ਸਲਾਮਤ ਰਹੇ। ਸਾਡਾ ਵਿਆਹ ਸਾਡੇ ਧਰਮ ਤੇ ਸਾਡੀ ਕਲਚਰ ਅਨੁਸਾਰ ਹੀ ਹੋਵੇ। ਉਂਜ ਅਸੀਂ ਹੁਣ ਬਾਲਗ ਹਾਂ। ਉਹ, ਚਾਹੁਣ ਵੀ ਤਾਂ, ਸਾਨੂੰ ਰੋਕ ਨਹੀਂ ਸਕਦੇ। ਮੈਨੂੰ ਪੂਰਨ ਭਰੋਸਾ ਹੈ, ਡੈਡੀ ਕਿ ਇਸ ਸਮੇਂ ਉਹ ਤੁਹਾਡੀ ਗੱਲ ਵੱਲ ਜ਼ਰੂਰ ਧਿਆਨ ਦੇਣਗੇ ਅਤੇ ਆਪ ਡੁੱਬ ਮਰਨ ਜਾਂ ਸਾਨੂੰ ਮਾਰ ਸੁੱਟਣ ਦੀ ਥਾਂ ਸਾਡੇ ਪਿਆਰ ਅਤੇ ਸਾਡੀ ਜ਼ਿੰਦਗੀ ਦੇ ਇਸ ਨਵੇਂ ਗੀਤ ਨੂੰ ਵੀ ਜ਼ਰੂਰ ਧਿਆਨ ਨਾਲ ਸੁਣਨਗੇ।"

ਨਵੀਂ ਜ਼ਿੰਦਗੀ ਦੇ ਇਸ ਨਵੇਂ ਗੀਤ ਨੂੰ ਸੁਣ ਕੇ ਸੁੰਦਰ ਸਿੰਘ ਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਜੋਗਿੰਦਰ ਦੇ ਰੂਪ ਵਿਚ ਅੱਜ ਉਹ ਆਪ ਦੂਜੀ ਵਾਰੀ ਜਵਾਨ ਹੋ ਗਿਆ ਹੋਵੇ।

# ਤੈਂ ਕੀ ਦਰਦ ਨਾ ਆਇਆ

ਬੂੰਦ ਬੂੰਦ ਕਰਕੇ ਪਾਣੀ ਭਾਫ਼ ਵਿਚ ਬਦਲਦਾ, ਸਾਗਰ ਬੱਦਲ ਬਣ ਆਕਾਸ਼ ਉੱਤੇ ਫੈਲਦਾ ਤੇ ਫਿਰ ਬਰਫ਼ ਬਣ ਬਰਸਦਾ ਹੈ। ਦਿਲ, ਦਿਮਾਗ਼, ਆਤਮਾ, ਅਹਿਸਾਸ, ਸੋਚ, ਜਜ਼ਬੇ-ਏਥੋਂ ਤਕ ਕਿ ਜਿਊਣ ਦੀ ਚੇਤਨਾ ਹੀ ਸੁੰਨ ਹੋ ਰਹੀ ਹੈ, ਲਗਾਤਾਰ। ਮੈਨੂੰ, ਮਨੁੱਖ ਨੂੰ ਕੀ ਹੋ ਗਿਆ ਹੈ ? ਇਹ ਕਿਹੜੀ ਆਈਸ-ਏਜ ਦੇ ਮਮੋਲੇ ਹਨ, ਜੋ ਵਕਤੋਂ ਪਹਿਲਾਂ ਹੀ ਮੈਨੂੰ, ਮਨੁੱਖ, ਮਨੁੱਖਤਾ ਨੂੰ ਸੁੰਨ ਚਾੜ੍ਹੀ ਜਾ ਰਹੇ ਹਨ ਲਗਾਤਾਰ ?

ਜ਼ਿਹਨ ਵਿਚ ਸੂਲ ਚੁੱਭਦੀ ਹੈ। ਹੈਰਾਨ ਹਾਂ ਕਿ ਦਰਦ ਕਿਉਂ ਨਹੀਂ ਹੁੰਦਾ? ਖ਼ੂਨ ਕਿਉਂ ਨਹੀਂ ਰਿਸਦਾ?

ਇਨਸਾਨ ਤੁਰਦਾ ਹੈ, ਤਾਂ ਉਸ ਦੇ ਨਾਲ, ਉਸ ਦੇ ਸਗਲੇ ਵਜੂਦ ਵਿਚ ਬਰਫ਼ ਤੁਰਦੀ ਹੈ। ਪੈਰਾਂ ਹੇਠ ਆ ਕੇ ਚੂਹੇ ਦੀ ਪੂਛ ਟੁੱਟ ਗਈ ਹੈ। ਪੂਛ ਤੜਫਦੀ ਭੁੜਕਦੀ ਨਹੀਂ। ਚੂਹਾ ਮੈਨੂੰ, ਪੂਛ ਨੂੰ ਵੇਖ ਕੇ ਲਗਾਤਾਰ ਮੁਸਕਰਾ ਰਿਹਾ ਹੈ। ਜਿਵੇਂ ਕੁਝ ਹੋਇਆ ਹੀ ਨਾ ਹੋਵੇ।

ਰਿਸ਼ਤਿਆਂ ਦਾ ਟੁੱਟਣਾ, ਤਿੜਕਣਾ ਤੇ ਵਿਸਫੋਟਤ ਹੋਣਾ ਹੀ ਜਿਵੇਂ ਜੀਵਨ-ਸ਼ੈਲੀ ਹੋਵੇ ਅੱਜ ਦੀ। ਮਨੁੱਖ ਨੂੰ ਠੰਡੀ ਠਾਰੀ ਪੈ ਗਈ ਹੈ ਤੇ ਗਲੋਬ ਨੂੰ ਅੱਗ। ਅਸੀਂ ਸਭ ਛਿਣ-ਛਿਣ, ਪਲ-ਪਲ, ਲਗਾਤਾਰ ਜਲ ਰਹੇ ਹਾਂ, ਠੰਡੀ ਅੱਗ ਵਿਚ।

ਪਿਓ ਨੂੰ ਠੰਡੀ ਦਾਇਮੀ ਖੰਘ ਹੋ ਗਈ ਹੈ। ਪੁੱਤਰ ਠੰਡਾ ਲਹੂ ਥੁੱਕਦਾ ਹੈ। ਪੋਤਰੇ ਦੀਆਂ ਅੱਖਾਂ ਵਿਚ ਠੰਡੀ ਲਾਲੀ ਜੰਮ ਗਈ ਹੈ। ਮਾਂ ਬਰਫ਼ ਜੰਮਦੀ ਹੈ। ਧੀ ਬਰਫ਼ ਭੋਗਦੀ ਹੈ। ਪੋਤੀ ਸੁੰਨ ਭੁਗਤਦੀ ਹੈ। ਅਸੀਂ ਸਭ ਲਗਾਤਾਰ ਠਰ ਰਹੇ ਹਾਂ। ਹੌਲੀ-ਹੌਲੀ ਲਗਾਤਾਰ ਸੁੰਨ ਹੋ ਰਹੇ, ਮਰ ਰਹੇ ਹਾਂ। ਜਿਊਣ, ਜਿਊਣ ਦੇਣ ਤੇ ਜਿਊਂਦੇ ਰਹਿਣ ਬਾਰੇ ਸੋਚਣ ਦੀ ਵਿਹਲ ਕਿਸ ਨੂੰ ਹੈ ? ਚਾਰ ਚੁਫੇਰੇ ਅਸੋਚ ਦਾ ਘਣਾ ਸੰਘਣਾ ਜੰਗਲ ਉੱਗ ਆਇਆ ਹੈ।

ਜੰਗਲ ਦਾ ਨਿਯਮ, ਬੇਨਿਯਮੀ ਹੈ। ਜੰਗਲ ਦਾ ਰਾਜ, ਅਰਾਜਕਤਾ ਹੈ। ਆਪ ਬਚਾਓ, ਸਭ ਨੂੰ ਮਾਰੋ। ਸਭ ਨੂੰ ਮਾਰੋ ਦੀ ਭਾਵਨਾ ਹੇਠ ਸਭ ਨੇ ਸੀਸ ਤਲੀ ਤੇ ਧਰ ਲਏ ਹਨ। ਇਹ ਸੂਰਬੀਰ ਆਪਣੀ ਸ਼ਹੀਦੀ ਫ਼ਰਜ਼ ਕਰਕੇ ਹੀ ਸਭ ਦੀ ਮੌਤ ਬਣਨ ਦੇ ਰਾਹ ਪੈਂਦੇ ਹਨ। ਇਨ੍ਹਾਂ ਦੇ ਸੀਸ ਤਲੀ 'ਤੇ ਅਤੇ ਨਜ਼ਰ ਸਭ ਦੀ ਸ਼ਾਹ ਰਗ 'ਤੇ ਹੁੰਦੀ ਹੈ।

ਸੀਸ ... ਸਿਰ ... ਸਿਰ ... ਸਵੇਰ ਤੋਂ ਪਤਾ ਨਹੀਂ ਅਹਿਸਾਸਾਂ ਉੱਤੇ ਹੇਠ ਲਿਖੀਆਂ ਕਾਵਿ-ਤੁਕਾਂ ਕਿਉਂ ਹਾਵੀ ਹਨ :

ਅੱਜ ਦੇਸ਼ ਨੂੰ
ਕਿਹੜਾ ਸਿਰ ਲਾ ਕੇ ਜਾਵਾਂ ?
ਕੋਈ ਵੀ ਸਿਰ
ਰੱਖਿਆ ਦੀ ਹਾਮੀ ਨਹੀਂ ਭਰਦਾ।

ਮੈਂ ਜਦ ਵੀ ਦੇਸ਼-ਫੇਰੀ ਬਾਰੇ ਸੋਚਦਾ ਹਾਂ, ਇੰਜ ਹੀ ਹੁੰਦਾ ਹੈ। ਅਖ਼ਬਾਰਾਂ ਨੂੰ ਅੱਗ ਪੈ ਜਾਂਦੀ ਹੈ। ਅੱਖਰਾਂ 'ਚੋਂ ਗੋਲੀਆਂ ਚਲਦੀਆਂ, ਬੰਬ ਵਿਸਫੋਟਤ ਹੁੰਦੇ, ਬੰਬਾਂ ਦਾ ਦਾਵਾਨਲ ਬਣ ਜਾਂਦੇ ਹਨ।

ਅਰਥਾਂ ਦੀਆਂ ਬੇਰਹਿਮ, ਜ਼ਹਿਰ ਵਿਚ ਭਿੱਜੀਆਂ ਛੁਰੀਆਂ ਨਜ਼ਰਾਂ ਨੂੰ ਲਹੂ ਲੁਹਾਣ ਕਰ ਦਿੰਦੀਆਂ ਹਨ। ਅਖ਼ਬਾਰਾਂ ਦੇ ਪੰਨਿਆਂ 'ਚੋਂ ਲਹੂ ਦੀ ਚਿਤਰਕਾਰੀ ਝਾਕਦੀ, ਲਾਂਬੂ ਲਪਕਦੇ ਹਨ।

ਗੁਰੂ ਗ੍ਰੰਥ ਵਿਚ, ਗੁਰੂ ਪਦ ਤੇ ਸ਼ਸ਼ੋਭਤ, ਸਭ ਜ਼ਾਤਾਂ, ਧਰਮਾਂ ਦੇ ਕਵੀ ਨਿਗੁਰੇ, ਬੇਬਸ ਝੂਰਦੇ ਹਨ। ਉਨ੍ਹਾਂ ਨੂੰ ਮੰਨਣ ਵਾਲੇ ਹੀ, ਉਨ੍ਹਾਂ ਦੇ ਸੰਦੇਸ਼ ਦੀ ਉਲੰਘਣਾ ਹਨ।

ਅੰਨ੍ਹੀ ਸ਼ਕਤੀ ਮਨੁੱਖ ਦੇ ਕਲਪੇ ਰੱਬ ਅਤੇ ਸਿਰਜੇ ਰੱਬ ਦੇ ਘਰ, ਹਰਿਮੰਦਰ ਉੱਤੇ, ਜਦੋਂ ਤੋਂ ਘੱਲੂਘਾਰਾ ਬਣ ਕੇ ਘਟੀ ਹੈ, ਉਦੋਂ ਤੋਂ ਹੀ ਏਸ ਗ੍ਰੰਥ ਦੀ ਦੇਹ ਅਤੇ ਰੂਹ ਜ਼ਖ਼ਮੀ ਹੋਈ ਤੜਫ਼ ਰਹੀ ਹੈ। ਪ੍ਰਸ਼ਨ ਉੱਠਦੇ ਹਨ :

ਗੋਲੀ ਕੀ ਹੈ ?<br>
ਕਿਸ ਨੇ ਬਣਾਈ ?<br>
ਕਿਸ ਨੂੰ ਲੱਗੀ ?<br>
ਕਿਸ ਨੇ ਚਲਾਈ ?<br>
"ਏਕ ਨੂਰ ਤੇ ਸਭ ਜੱਗ ਉਪਜਿਆ ..."<br>
ਕੌਣ ਕਾਤਲ ?<br>
ਕੌਣ ਮਕਤੂਲ ?<br>
ਫੇਰ ਵੀ ਬੱਚੇ, ਬੁੱਢੇ, ਤ੍ਰੀਮਤਾਂ ... ਲਹੂ ਲੁਹਾਣ।<br>
ਧੁਰ ਕੀ ਬਾਣੀ ਬੇਬਸ ਪਸ਼ੇਮਾਨ।<br>
"ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦ ਨਾ ਆਇਆ॥"

ਦਰਦ ਹੈ, ਤਾਂ ਹੀ ਤਾਂ ਜਦੋਂ ਵੀ ਦੇਸ਼-ਫੇਰੀ ਬਾਰੇ ਸੋਚਦਾ ਹਾਂ ਸਿਰ ਦੀ ਚਿੰਤਾ ਲੱਗ ਜਾਂਦੀ ਹੈ। ਚੰਗੇ ਭਲੇ ਟੀ. ਵੀ. ਤੇ ਆ ਰਹੇ ਪੱਛਮੀ ਪ੍ਰੋਗਰਾਮਾਂ 'ਚੋਂ ਘੱਲੂਘਾਰੇ ਝਾਕਦੇ, ਜ਼ਿਹਨ ਨੂੰ ਜੁੜ ਜਾਂਦੇ ਹਨ। ਅਜਿਹੇ ਸਮੇਂ ਮਹਿਸੂਸ ਹੁੰਦਾ ਹੈ, ਜਿਵੇਂ ਮੇਰਾ ਦੇਸ਼ 1984 ਤੋਂ ਲਗਾਤਾਰ ਇਕ ਘੱਲੂਘਾਰੇ ਦੀ ਅਵਸਥਾ ਵਿਚ ਵਿਚਰ ਰਿਹਾ ਹੋਵੇ।

ਅਤਿਵਾਦ<br>
ਵੱਖਵਾਦ<br>
ਹਿੰਸਾ, ਵਿਸਫ਼ੋਟ<br>
ਗੋਲੀਆਂ<br>
ਕਤਲ<br>
ਵਿਸ਼ੈਲੀ ਰਾਜਨੀਤੀ<br>
ਸ਼ਕਤੀ-ਸੰਘਰਸ਼<br>
ਫੁੱਟ<br>
ਮਾਨਵ-ਹੀਣਤਾ।

... ਕਿੰਨੇ ਹੀ ਰੁੱਖ ਜ਼ਿਹਨ ਵਿਚ ਉੱਗ ਆਏ ਹਨ। ਸਭ ਨੂੰ ਅੱਗ ਪੈ ਗਈ ਹੈ। ਚੁਫੇਰ ਹਾਹਾਕਾਰ ਹੈ। "ਮਾਰੋ, ਲੁੱਟੋ" ਦਾ ਹਰ ਤਰਫ਼ ਗਰਮ ਬਾਜ਼ਾਰ ਹੈ। ਹਰ ਕੋਈ ਹੀ ਮਾਰਨ, ਮਰਨ ਲਈ ਤਿਆਰ ਹੈ।

ਮਹਾਂ ਸੰਕਟ ਓਸ ਲਈ,
ਜੋ ਨਾ ਏਧਰ, ਨਾ ਉੱਧਰ
ਬੇਧਿਰ ਹੈ, ਵਿਚਕਾਰ ਹੈ।
...
ਅੱਜ ਦੇਸ਼ ਨੂੰ
ਕਿਹੜਾ ਸਿਰ ਲਾ ਕੇ ਜਾਵਾਂ ?
ਕੋਈ ਵੀ ਸਿਰ
ਰੱਖਿਆ ਦੀ ਹਾਮੀ ਨਹੀਂ ਭਰਦਾ।
...
...

ਟੀ. ਵੀ. ਉੱਤੇ ਏਸ ਸਮੇਂ ਖ਼ਬਰਾਂ ਚਲ ਰਹੀਆਂ ਹਨ। ਇਕ ਖ਼ੂੰਖਾਰ ਕੁੱਤਾ ਸੀਖਾਂ ਪਿੱਛੇ ਬੰਦ ਲਗਾਤਾਰ ਤੱਕ ਰਿਹਾ ਹੈ। ਉਸਦੀਆਂ ਅੱਖਾਂ ਵਿੱਚੋਂ ਦਰਿੰਦਗੀ ਝਲਕਦੀ ਹੈ। ਉਹ ਆਕਰਮਣ ਤੇ ਹਿੰਸਾ ਦਾ ਰੂਪ ਧਾਰੀ ਅਤਿਵਾਦੀ ਬਣਿਆ ਜਾਪਦਾ ਹੈ। ਖ਼ਬਰਾਂ ਵਾਲਾ ਦਸ ਰਿਹਾ ਹੈ ਕਿ ਏਸ ਕੁੱਤੇ ਨੂੰ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਹੈ।

ਏਸ ਕੁੱਤੇ ਨੇ ਕਈ ਗੁਆਂਢੀਆਂ ਨੂੰ ਵੱਢਿਆ ਸੀ। ਡਾਕ ਦੇਣ ਆਏ ਡਾਕੀਏ ਨੂੰ ਢਾਹ ਲਿਆ ਸੀ। ਉਸ ਦਾ ਸਰੀਰ ਲੀਰੋ ਲੀਰ ਕਰ ਦਿੱਤਾ ਸੀ। ਡਾਕੀਏ ਦਾ ਅਦਾਲਤ ਵਿਚ ਬਿਆਨ ਸੀ ਕਿ ਏਸ ਕੁੱਤੇ ਨੇ ਧਾ ਕੇ ਉਸ ਨੂੰ ਮਾਰ, ਮੁਕਾ ਦੇਣ ਲਈ ਹਮਲਾ ਕੀਤਾ ਸੀ। ਏਸ ਦੀਆਂ ਅੱਖਾਂ ਵਿੱਚੋਂ ਵਹਿਸ਼ਤ, ਦਰਿੰਦਗੀ, ਪਾਗਲਪਨ ਅਤੇ ਹਿੰਸਾ ਝਾਕਦੀ ਸੀ। ਉਸ ਦਾ ਹੱਥ, ਕੂਹਣੀ, ਲੱਤ, ਪੱਟ, ਪੇਟ ਸਭ ਬੁਰਕ ਸੁੱਟੇ ਸਨ ਇਸ ਨੇ। ਇਹ ਤਾਂ ਉਸ ਦੀ ਕਿਸਮਤ ਚੰਗੀ ਸੀ ਜੋ ਉਸ ਸਮੇਂ ਲੋਕਾਂ ਦੀ ਭੀੜ ਇਕੱਠੀ ਹੋ ਗਈ। ਕੁੱਤੇ ਦਾ ਮਾਲਕ ਆ ਗਿਆ, ਜਿਸ ਨੇ ਉਸ ਨੂੰ ਕਾਬੂ ਵਿਚ ਕੀਤਾ।

ਅਦਾਲਤ ਵਿਚ ਕਈ ਮਹੀਨੇ ਕੁੱਤੇ ਦਾ ਕੇਸ ਚੱਲਿਆ। ਦੋਹਾਂ ਪਾਸਿਆਂ ਤੋਂ ਵਕੀਲ ਪੇਸ਼ ਹੋਏ। ਜਿਰਾਹ ਹੋਈ। ਗਵਾਹ ਪੇਸ਼ ਹੋਏ। ਮਾਲਕ ਬਜ਼ਿੱਦ ਸੀ ਕਿ ਕੁੱਤਾ ਪਾਗਲ ਨਹੀਂ ਹੈ। ਅਤੇ ਨਾ ਹੀ ਉਹ ਕਿਸੇ ਦੀ ਸੁਰੱਖਿਆ ਲਈ ਖ਼ਤਰਾ ਹੈ। ਇਹ ਉਸ ਦਾ ਸਭ ਤੋਂ ਪਿਆਰਾ ਪਾਲਤੂ ਹੈ, ਹਮਦਰਦ ਹੈ। ਉਸ ਦਾ ਇਕੋ ਇਕ ਸਾਥੀ ਹੈ ਜੋ ਉਸ ਨੂੰ ਸਮਝਦਾ, ਪਿਆਰ ਕਰਦਾ ਹੈ। ਉਸ ਦੇ ਦੁਖ-ਸੁਖ ਦਾ ਸਾਥੀ ਹੈ, ਵਫ਼ਾਦਾਰ ਹੈ। ਇਹ ਹੀ ਉਸ ਦੇ ਜੀਣ ਦਾ ਆਸਰਾ, ਉਸ ਦਾ ਸਕਾ ਸੰਬੰਧੀ, ਰਿਸ਼ਤੇਦਾਰ ਹੈ। ਦੁਨੀਆਂ ਦੇ ਸਭ ਰਿਸ਼ਤਿਆਂ ਤੋਂ ਉਸ ਦਾ ਵਿਸ਼ਵਾਸ ਉੱਠ ਚੁੱਕਾ ਹੈ। ਜੇ ਏਸ ਕੁੱਤੇ ਨੂੰ ਕੁਝ ਹੋ ਗਿਆ, ਤਾਂ ਉਹ ਵੀ ਨਹੀਂ ਰਹੇਗਾ। ਇਹ ਕੁੱਤਾ ਹੀ ਉਸ ਦੇ ਜੀਵਨ ਦਾ ਮਨੋਰਥ ਹੈ। ਉਸ ਦੇ ਨਾਲ ਖਾਂਦਾ, ਉਸ ਦੇ ਨਾਲ ਸੌਂਦਾ ਹੈ। ਉਸ ਦੇ ਦੁੱਖ ਵਿਚ ਦੁਖੀ ਤੇ ਸੁਖ ਵਿਚ ਸੁਖੀ ਹੈ। ਇਹ ਹੀ ਉਸ ਦੀ ਜ਼ਿੰਦਗੀ ਹੈ। ਇਹ ਕੁੱਤਾ ਪਾਗਲ ਨਹੀਂ ਹੈ, ਜ਼ਰੂਰ ਕਿਧਰੇ ਕੋਈ ਗ਼ਲਤੀ ਹੋਈ ਹੈ, ਜਿਸ ਕਰਕੇ ਉਹ ਭੜਕ ਉੱਠਿਆ। ਇਹ ਦੁਨੀਆਂ ਬੜੀ ਸੰਗਦਿਲ, ਬੇਰਹਿਮ ਹੈ। ਜ਼ਰੂਰ ਡਾਕੀਏ ਨੇ ਇਸ ਨਾਲ ਕੋਈ ਗੈਰ-ਮਨੁੱਖੀ ਵਿਹਾਰ ਕੀਤਾ ਹੋਵੇਗਾ ਜੋ ਇਸ ਨੂੰ ਆਪਣੀ ਆਤਮ-ਰੱਖਿਆ ਲਈ ਇਹ ਸਭ ਕੁਝ ਕਰਨਾ ਪਿਆ ਹੈ। ਕੁੱਤਾ ਪਾਗਲ ਨਹੀਂ ਹੈ। ਸਫ਼ਾਈ ਦੇ ਵਕੀਲ ਦੇ ਜ਼ੋਰ ਦੇਣ ਤੇ ਕੁੱਤੇ ਨੂੰ ਸਹੀ ਤੇ ਵਾਜਬ ਇਨਸਾਫ ਦੇਣ ਲਈ ਉਸ ਦਾ ਡਾਕਟਰੀ ਮੁਆਇਨਾ ਕਰਵਾਇਆ ਗਿਆ। ਪਾਗਲਪਨ ਦੀ ਹਾਲਤ ਵਿਚ ਜੇ ਕੋਈ ਮਨੁੱਖ ਕਿਸੇ ਦੂਜੇ ਮਨੁੱਖ ਦਾ ਕਤਲ ਕਰ ਦੇਵੇ ਤਾਂ ਏਸ ਦੇਸ਼ ਦੇ ਕਾਨੂੰਨ ਅਨੁਸਾਰ ਸਜ਼ਾ ਦੀ ਸੰਭਵਾਨਾ ਬਹੁਤ ਘਟ ਜਾਂਦੀ ਹੈ ਤੇ ਇਲਾਜ ਦੀ ਵਧ ਜਾਂਦੀ ਹੈ। ਕੁੱਤਾ ਪਾਗਲ ਨਹੀਂ ਸੀ, ਡਾਕਟਰਾਂ ਦੀ ਇਹ ਸਾਂਝੀ ਤੇ ਪੱਕੀ ਰਾਏ ਸੀ।

ਡਾਕੀਆ, ਗੁਆਂਢੀ, ਤੇ ਗਵਾਹ ਅਜਿਹੇ ਖੂੰਖਾਰ ਕੁੱਤੇ ਨੂੰ ਲੋਕਾਂ ਦੀ ਸੁਰੱਖਿਆ ਲਈ ਖ਼ਤਰਾ ਹੋਣ ਕਾਰਨ ਮਰਵਾ ਦੇਣਾ ਚਾਹੁੰਦੇ ਸਨ।

ਅਦਾਲਤ ਵਿਚ ਕੁੱਤੇ ਦੀ ਸੁਰੱਖਿਆ ਲਈ ਉਸ ਨੂੰ ਪੂਰਾ-ਪੂਰਾ ਇਨਸਾਫ ਦੇਣ ਲਈ ਕਾਨੂੰਨ ਹਰ ਕਦਮ ਅੱਖਾਂ ਖੋਲ੍ਹ ਕੇ ਪੁੱਟ ਰਿਹਾ ਸੀ।

ਇਹ ਕਾਨੂੰਨ ਹਰ ਮਨੁੱਖ ਨੂੰ ਹੀ ਨਹੀਂ, ਹਰ ਜਾਨਵਰ ਨੂੰ ਵੀ ਇਕ ਨਜ਼ਰ ਨਾਲ ਅੱਖਾਂ ਖੋਲ੍ਹ ਕੇ ਵੇਖਦਾ ਹੈ। ਪੱਛਮ ਦਾ ਕਾਨੂੰਨ ਹੈ ਨਾ ... ਮੇਰੇ ਦੇਸ਼ ਦਾ ਕਾਨੂੰਨ ਨਹੀਂ।

ਮੇਰਾ ਦੇਸ਼, ਜਿਥੇ ਹਰ ਰੋਜ਼ ਝੂਠੇ ਪੁਲਿਸ ਮੁਕਾਬਲਿਆਂ ਵਿਚ ਅਨੇਕਾਂ ਬੇਦੋਸ਼ੇ ਕਾਨੂੰਨ, ਸ਼ਕਤੀ ਅਤੇ ਸਰਕਾਰ ਦੇ ਨਾਮ ਉੱਤੇ ਦਿਨ ਦਿਹਾੜੇ ਕਤਲ ਕਰ ਦਿੱਤੇ ਜਾਂਦੇ ਹਨ।

ਮੇਰਾ ਦੇਸ਼ ਜਿੱਥੇ ਅਦਾਲਤਾਂ ਵਿਚ ਯੋਗ ਤੇ ਹੱਕੀ ਸੁਣਵਾਈ ਨਹੀਂ ਹੁੰਦੀ, ਜਿੱਥੇ ਬਿਨਾਂ ਮੁਕੱਦਮਾ ਚਲਿਆਂ, ਅਨਿਸਚਤ ਸਮੇਂ ਲਈ ਅਨੇਕਾਂ ਇਸਤਰੀ, ਪੁਰਸ਼ ਜੇਲ੍ਹਾਂ ਅੰਦਰ ਡੱਕ ਦਿੱਤੇ ਜਾਂਦੇ ਹਨ। ਹਿੰਸਾ ਜਿੱਥੋਂ ਦੀ ਬੋਲੀ ਬਣ ਗਈ ਹੈ ਤੇ ਬੇਇਨਸਾਫ਼ੀ ਜਿੱਥੋਂ ਦਾ ਅਰਥ।

ਅੱਜ ਦੇਸ਼ ਨੂੰ
ਕਿਹੜਾ ਸਿਰ ਲਾ ਕੇ ਜਾਵਾਂ ?
ਕੋਈ ਵੀ ਸਿਰ
ਰੱਖਿਆ ਦੀ ਹਾਮੀਂ ਨਹੀਂ ਭਰਦਾ।

ਅਦਾਲਤ ਨੇ ਕੁੱਤੇ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਹੈ, ਕੁਤੇ ਦਾ ਮਾਲਕ ਜ਼ਾਰ-ਜ਼ਾਰ ਰੋ ਰਿਹਾ ਹੈ। ਉਸ ਦੇ ਵਕੀਲ ਦੇ ਬਿਆਨ ਹਨ ਕਿ ਕੁੱਤੇ ਦੀ ਰੱਖਿਆ ਲਈ ਇਸ ਅਦਾਲਤ ਦੇ ਫੈਸਲੇ ਵਿਰੁੱਧ ਉੱਚੀ ਅਦਾਲਤ ਵਿਚ ਅਪੀਲ ਕੀਤੀ ਜਾਵੇਗੀ। ਕੁੱਤੇ ਨੂੰ ਨਿਰਪੱਖ ਇਨਸਾਫ਼ ਹਾਸਲ ਕਰਨ ਦਾ ਪੂਰਾ ਪੂਰਾ ਹੱਕ ਹਾਸਿਲ ਹੈ।

ਅੱਜ ਦੇਸ਼ ਨੂੰ
ਕਿਹੜਾ ਸਿਰ ਲਾ ਕੇ ਜਾਵਾਂ ?
ਕੋਈ ਵੀ ਸਿਰ
ਰੱਖਿਆ ਦੀ ਹਾਮੀ ਨਹੀਂ ਭਰਦਾ।

# ਕੰਪਿਊਟਰ ਕਲਚਰ

ਕੰਪਿਊਟਰ ਦੀਆਂ ਕੀਜ਼ ਦੀ ਟਿਕ ਟਿਕ ਤੇ ਕੰਪਿਊਟਰ ਦੇ ਮਾਨੀਟਰ ’ਚੋਂ ਆਉਂਦੀ ‘ਟੂੰ-ਟੂੰ’ ਦੀ ਆਵਾਜ਼ ਮੈਂ ਏਥੇ ਲਿਵਿੰਗ ਰੂਮ ਵਿਚ ਬੈਠਾ ਹੀ ਸੁਣ ਸਕਦਾ ਹਾਂ !

ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ

ਮੇਰੇ ਦੋਵੇਂ ਪੁੱਤਰ ਆਪੋ ਆਪਣੇ ਕਮਰਿਆਂ ਵਿਚ ਕੰਪਿਊਟਰ ’ਤੇ ਕੰਮ ਕਰ ਰਹੇ ਸਨ। ਪਤਨੀ, ਮੇਰੀ, ਸ਼ਾਇਦ, ਆਪਣੇ ਬੈੱਡ ਰੂਮ ਵਿਚ ਬੈਠੀ ਆਪਣੇ ਕਰਮਾਂ ਨੂੰ ਰੋ ਰਹੀ ਹੋਵੇਗੀ। ਸਵੇਰ ਤੋਂ ਹੀ ਮੇਰੇ ਕੰਨਾਂ ਨੂੰ ਇਹ ‘ਟਿਕ ਟਿਕ ਟੂੰ ਟੂੰ’ ਚੰਬੜੀ ਹੋਈ ਹੈ। ਬੜਾ ਕੁਝ ਸੋਚਿਆ, ਬੜਾ ਕੁਝ ਕਰਨ ਦਾ ਯਤਨ ਕੀਤਾ, ਪਰ ਸਭ ਕੁਝ ਇਸ ‘ਟਿਕ ਟਿਕ, ਟੂੰ ਟੂੰ’ ਦੇ ਹੇਠਾਂ ਹੀ ਦਬ ਕੇ ਰਹਿ ਗਿਆ।

‘ਟੂੰ ਟੂੰ, ਟੂੰ ਟੂੰ’

ਮੇਰੇ ਕੰਨਾਂ ਵਿਚ ਕੈਨੇਡਾ ਦਾ ਮੋਟਾ ਬਰਸਾਤੀ ਮੱਛਰ ਭੀਂ ਭੀਂ ਕਰ ਰਿਹਾ ਹੈ। ਸਾਰੀ ਦੇਹ, ਦਿਲ, ਦਿਮਾਗ਼, ਮਨ ਤੇ ਜਿੱਧਰ ਵੇਖਦਾ ਹਾਂ ਨਜ਼ਰ ਉੱਤੇ ਮੋਟੇ ਮੋਟੇ ਧੱਫ਼ੜ ਉੱਭਰ ਆਏ ਹਨ। ਇਹ ਕੌਣ ਹੈ ? ਕਿਹਾ ਗ਼ੈਬੀ ਹੱਥ ਹੈ, ਜਿਸ ਨੇ ਇਨ੍ਹਾਂ ਧੱਫ਼ੜਾਂ ਨੂੰ ਖਰੂਹ ਸੁੱਟਿਆ ਹੈ ? ਤਿੱਖੇ ਤਿੱਖੇ ਲੰਮੇਂ-ਲੰਮੇਂ ਨਹੁੰਆਂ ਨਾਲ ! ਧੱਫ਼ੜਾਂ ’ਚੋਂ ਖ਼ੂਨ ਰਿਸ ਰਿਹਾ ਹੈ। ਕੰਨਾਂ ਵਿਚਲੀ ਭੀਂ ਭੀਂ ਹੋਰ ਵੀ ਉੱਚੀ ਹੋ ਗਈ ਹੈ। ਇਸ ਵਿਚ ਏਥੋਂ ਦੀਆਂ ਮੋਟੀਆਂ ਹਰੀਆਂ ਮੱਖੀਆਂ ਅਤੇ ਭੂੰਮਣੇ ਦੀ ਆਵਾਜ਼ ਵੀ ਸ਼ਾਮਿਲ ਹੋ ਗਈ ਹੈ। ਚਾਰੇ ਪਾਸਿਉਂ ਕੇਵਲ ਡੰਗ ਹੀ ਡੰਗ ਵੱਜ ਰਹੇ ਹਨ। ਹੱਥਾਂ ਨਾਲ ਮੈਂ ਇਨ੍ਹਾਂ ਮੱਖੀਆਂ, ਮੱਛਰਾਂ ਨੂੰ ਵਾਰ ਵਾਰ ਵਗਾਹ ਕੇ ਪਰਾਂਹ ਸੁੱਟ ਰਿਹਾ ਹਾਂ। ਇਨ੍ਹਾਂ ਦੀ ‘ਭੀਂ ਭੀਂ’, ‘ਭਿਨ ਭਿਨਾਹਟ’ ਦਾ ਸ਼ੋਰ ਹੋਰ ਵੀ ਉੱਚਾ ਹੋ ਰਿਹਾ ਹੈ। ਜਾਪਦਾ ਹੈ ਜਿਵੇਂ ਇਨ੍ਹਾਂ ਮੱਖੀਆਂ ਮੱਛਰਾਂ ਦਾ ਹੁਣ ਕੇਵਲ ਡੰਗਾਂ ਵਿਚ ਕਾਇਆ ਕਲਪ ਹੋ ਗਿਆ ਹੋਵੇ, ਉਨ੍ਹਾਂ ਦਾ ਸਮੁੱਚਾ ਵਜੂਦ ਹੀ ਡੰਗ ਬਣ ਗਿਆ ਹੋਵੇ। ਮੇਰੀਆਂ ਅੱਖਾਂ ਸੌਂਹੇਂ ਮੇਰੀ ਨਜ਼ਰ ਪੁੜ ਪੁੜ ਵਿੱਝੀ ਲਗਾਤਾਰ ਸੁੱਜ ਰਹੀ ਹੈ। ਧੁੰਦਲਾ ਧੁੰਦਲਾ ਦਿਖਾਈ ਦੇ ਰਿਹਾ ਹੈ।

ਇਕ ਵਜੂਦ ਜਿਹਾ ਕਿਸੇ ਜਾਨਦਾਰ ਚੀਜ਼ ਦਾ। ਸੀਰੇ ਤੇ ਗੁੜ ਨਾਲ ਲਿੱਬੜਿਆ, ਜਿਵੇਂ ਕਿਸੇ ਨੇ ਕਾਢਿਆਂ ਦੇ ਭੌਣ ਉੱਤੇ ਸੁੱਟ ਦਿੱਤਾ ਹੋਵੇ। ਕਾਢੇ ਹੀ ਕਾਢੇ, ਬੇਸ਼ੁਮਾਰ ਕਾਢੇ। ਏਧਰੋਂ, ਓਧਰੋਂ ਲਗਾਤਾਰ ਦੰਦੀਆਂ ਵੱਢ ਰਹੇ ਬੇਸ਼ੁਮਾਰ ਕਾਢੇ। ਇਹ ਕੌਣ ਹੈ, ਜੋ ਸੀਰੇ ਨਾਲ ਲਿਬੜਿਆ, ਬੇਬਸ ਪਿਆ ਤੜਪ ਰਿਹਾ ਹੈ। ਮੈਂ ਹੱਥ ਨਾਲ ਕਾਢੇ ਪਰਾਂਹ ਹਟਾਉਂਦਾ ਹਾਂ। ਇਕ ਛੋਟਾ ਜਿਹਾ ਵਜੂਦ ਹੈ। ਜਿਵੇਂ ਮੇਰਾ ਆਪਣਾ ਮਿਨੀਏਚਰ ਹੋਵੇ। ਜਿਵੇਂ ਮੈਂ ਹੀ ਸੁੰਗੜ ਕੇ ਉਸ ਵਜੂਦ ਵਿਚ ਸਮਾ ਗਿਆ ਹੋਵਾਂ। ਮੈਂ ਕਾਢੇ ਪਰ੍ਹਾਂ ਹਟਾਉਂਦਾ ਹਾਂ ਤਾਂ ਕਿ ਧਿਆਨ ਨਾਲ ਵੇਖ ਸਕਾਂ ਕਿ ਇਹ ਮੈਂ ਹੀ ਹਾਂ ਜਾਂ ਕੋਈ ਹੋਰ ? ਕਿੰਨਾ ਬੇਪਛਾਣ ਹੋ ਗਿਆ ਹਾਂ

ਮੈਂ। ਕੀ ਇਹ ਮੈਂ ਹੀ ਹਾਂ ? ਨਹੀਂ, ਤਾਂ ! ਇਹ ਤਾਂ ਕਿਸੇ ਦਾ ਦਿਮਾਗ਼, ਕਿਸੇ ਦਾ ਜ਼ਿਹਨ ਜਾਪਦਾ ਹੈ। ਜਿਵੇਂ ਖੋਪਰੀ ਵਿੱਚੋਂ ਕੱਢ ਕੇ ਕਿਸੇ ਨੇ ਕਾਢਿਆਂ ਦੇ ਭੌਣ ਉੱਤੇ ਸੁੱਟ ਦਿੱਤਾ ਹੋਵੇ। ਛਲਣੀ ਛਲਣੀ, ਛਾਣਨੀ ਛਾਣਨੀ। ਪੁੜ ਪੁੜ ਵਿੱਝਾ। ਮੈਂ ਕੋਸ਼ਿਸ਼ ਕਰਦਾ ਹਾਂ, ਹੱਥ ਪੈਰ ਮਾਰਦਾ ਹਾਂ। ਕਾਢੇ ਪਰ੍ਹਾਂ ਹਟਾਉਂਦਾ ਹਾਂ। ਕਾਢਿਆਂ ਦਾ ਸਾਰਾ ਭੌਣ ਹੀ ਜਿਵੇਂ ਮੇਰੇ ਹੱਥਾਂ ਉੱਤੇ ਚੜ੍ਹ ਆਇਆ ਹੋਵੇ, ਸਾਰੀ ਦੇਹ ਉੱਤੇ, ਸਗਲੇ ਵਜੂਦ ਵਿਚ ਰੀਂਗ ਰਿਹਾ ਹੋਵੇ। ਮੈਂ ਹੱਥ ਪੈਰ ਮਾਰਦਾ ਹਾਂ, ਉਨ੍ਹਾਂ ਕਾਢਿਆਂ ਨੂੰ ਝਾੜਦਾ ਹਾਂ।

"ਇਹ ਕੀ ਕਰਨ ਡਹੇ ਹੋ ? ਐਵੇਂ ਪਾਗ਼ਲਾਂ ਵਾਂਗ ਹਵਾ ਵਿਚ ਹੱਥ ਪੈਰ ਮਾਰੀ ਜਾਂਦੇ ਹੋ ? ਕੱਲੇ ਬੈਠੇ ਹੋ, ਦਿਲ ਨਹੀਂ ਲੱਗਦਾ ਤਾਂ ਵੀਡੀਓ ਉੱਤੇ ਕੋਈ ਹਿੰਦੀ ਪੰਜਾਬੀ ਦੀ ਫ਼ਿਲਮ ਲਾ ਲਵੋ। ਬੱਚੇ ਦੇਖਣਗੇ, ਤਾਂ ਕੀ ਕਹਿਣਗੇ ? ਕੀ ਹੋ ਗਿਆ ਹੈ ਉਨ੍ਹਾਂ ਦੇ ਡੈਡੀ ਨੂੰ ? ਪਾਗ਼ਲਾਂ ਵਾਂਗ ਹਵਾ ਵਿਚ ਹੱਥ ਪੈਰ ਮਾਰ ਰਿਹਾ ਹੈ।"

ਮੇਰੀ ਪਤਨੀ ਮੈਨੂੰ ਫੜ ਕੇ ਸੋਫ਼ੇ ਉੱਤੇ ਬਿਠਾਉਂਦੀ ਹੋਈ ਅਤੇ ਇੰਜ ਹੀ ਲਗਾਤਾਰ ਬਿਨਾਂ ਹੁੰਗਾਰੇ ਦੀ ਆਸ ਤੇ ਉਡੀਕ ਦੇ, ਬੋਲਦੀ-ਬੋਲਦੀ ਮੁੜ ਆਪਣੇ ਬੈੱਡ-ਰੂਮ ਵਿਚ ਚਲੀ ਜਾਂਦੀ ਹੈ।

ਮੇਰੇ ਲਈ ਤਾਂ ਹਿੰਦੋਸਤਾਨ ਮਰ ਗਿਆ ਹੈ। ਮੈਂ ਲਾਵਾਰਸ ਹੋ ਗਿਆ ਹਾਂ। 30 ਤਾਰੀਖ਼ ਨੂੰ ਮੈਂ ਭਾਰਤ ਜਾਣਾ ਸੀ ਤੇ 15 ਤਾਰੀਖ਼ ਨੂੰ ਦਿਲ ਦੇ ਦੌਰੇ ਨਾਲ ਮੇਰੇ ਪਿਤਾ ਜੀ ਦੀ ਮੌਤ ਹੋ ਗਈ ਸੀ ? ਪਿਤਾ ਜੀ ਨਾਲ ਹੀ ਮੇਰੀ ਬੌਧਕ ਸਾਂਝ ਸੀ। ਉਹ ਆਪ ਇਕ ਪ੍ਰਸਿੱਧ ਵਿਦਿਆਵੇਤਾ ਅਤੇ ਚੰਗੇ ਲੇਖਕ ਸਨ। ਮੇਰੀਆਂ ਬਹੁਤੀਆਂ ਗੱਲਾਂ ਨਾਲ ਅਸਹਿਮਤ ਹੁੰਦੇ ਹੋਏ ਵੀ, ਉਹ ਮੈਨੂੰ ਚੰਗੀ ਤਰ੍ਹਾਂ ਸਮਝਦੇ ਤੇ ਮੇਰੀ ਕਦਰ ਕਰਦੇ ਸਨ। ਮੌਤ ਸੀ ਕਿ ਪੰਦਰਾਂ ਦਿਨ ਹੋਰ ਇੰਤਜ਼ਾਰ ਨਾ ਕਰ ਸਕੀ। ਮੈਨੂੰ ਇੰਜ ਜਾਪ ਰਿਹਾ ਸੀ ਜਿਵੇਂ ਮੇਰੇ ਦਿਮਾਗ਼ੀ ਟੈਲੀਫ਼ੋਨ ਦੀ ਲਾਈਨ ਦਾ ਇਕ ਸਿਰਾ ਕੱਟ ਗਿਆ ਹੋਵੇ। ਮੈਂ ਬੋਲ ਤਾਂ ਸਕਦਾ ਹੋਵਾਂ, ਪਰ ਦੂਜੇ ਪਾਸੇ ਕੋਈ ਸੁਣ, ਸਮਝ ਨਾ ਰਿਹਾ ਹੋਵੇ। ਮੈਂ ਬੋਲ ਤਾਂ ਸਕਦਾ ਹੋਵਾਂ, ਪਰ ਦੂਜੇ ਪਾਸਿਓਂ ਕੋਈ ਆਵਾਜ਼ ਕੋਈ ਹੁੰਗਾਰਾ ਸਦਾ-ਸਦਾ ਲਈ ਮੇਰੇ ਨਾਲੋਂ ਕੱਟ ਗਿਆ ਹੋਵੇ। ਮੇਰਾ ਹਿੰਦੋਸਤਾਨ ਮਰ ਗਿਆ ਹੋਵੇ। ਮੈਂ ਵਨ-ਵੇ ਟੈਲੀਫ਼ੋਨ ਲਾਈਨ ਬਣ ਕੇ ਰਹਿ ਗਿਆ ਹੋਵਾਂ।

ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ

ਕੰਪਿਊਟਰ ਦੀ ਆਵਾਜ਼ ਲਗਾਤਾਰ ਸੁਣਾਈ ਦੇ ਰਹੀ ਸੀ। ਬੱਚੇ ਵੱਡੇ ਹੋ ਰਹੇ ਸਨ। ਟੈਲੀਵੀਯਨ ਤੇ ਜੋ ਪ੍ਰੋਗਰਾਮ ਮੈਂ ਵੇਖਦਾ ਸਾਂ, ਉਨ੍ਹਾਂ ਨੂੰ ਪਸੰਦ ਨਹੀਂ ਸਨ। ਜੋ ਉਹ ਵੇਖਣਾ ਚਾਹੁੰਦੇ ਸਨ, ਉਦੋਂ ਮੈਂ ਕੋਈ ਹੋਰ ਚੈਨਲ ਲਾਉਣਾ ਹੁੰਦਾ ਸੀ। ਵੱਡਾ ਪੁੱਤਰ ਜੋ 16 ਸਾਲ ਦਾ ਸੀ, ਕਹਿਣ ਲੱਗਾ, "ਡੈਡ ! ਸਾਰਿਆਂ ਕੋਲ ਏਥੇ ਇਕ ਤੋਂ ਵਧੇਰੇ ਟੀ. ਵੀ. ਸੈੱਟ ਹਨ। ਤੁਸੀਂ ਵੀ ਹੋਰ ਬਾਈ ਕਰੋ। ਆਈ ਡੋਂਟ ਵਾਂਟ ਟੂ ਬਾਦਰ ਯੂ ਡੈਡ, ਬਟ ਆਈ ਵਾਂਟ ਮਾਈ ਫਰੀਡਮ।"

ਸ਼ਖ਼ਸੀ ਆਜ਼ਾਦੀ ਦਾ ਸਵਾਲ ਸੀ। ਘਰ ਵਿਚ ਪਹਿਲਾਂ ਇਕ ਟੀ. ਵੀ. ਹੋਰ ਆਇਆ ਤੇ ਫੇਰ ਛੋਟਾ ਜੋ 14 ਸਾਲ ਦਾ ਸੀ, ਉਸ ਦੀ ਆਜ਼ਾਦੀ ਦਾ ਸਵਾਲ ਪੈਦਾ ਹੋ ਗਿਆ। ਸਵਾਲ ਹੀ ਸਵਾਲ ਸਨ ਤੇ ਜਵਾਬ ਕੇਵਲ ਇਕ ਸੀ। ਘਰ ਵਿਚ ਤੀਜਾ ਟੀ. ਵੀ. ਆ ਗਿਆ। ਪਹਿਲਾਂ ਇਕ ਤੇ ਫਿਰ ਦੂਜਾ ਕੰਪਿਊਟਰ ਆ ਗਿਆ। ਦੋਹਾਂ ਪੁੱਤਰਾਂ ਨੇ ਆਪੋ ਆਪਣੀ ਪਸੰਦ ਦੇ ਕੰਪਿਊਟਰ ਪ੍ਰੋਗਰਾਮ ਲੈ ਲਏ, ਕੰਪਿਊਟਰ ਖੇਡਾਂ ਤੇ ਹੋਰ ਸੌਫਟ ਵੇਅਰ ਲੈ ਲਿਆ। ਘਰ ਵਿਚ ਚਾਰ ਜੀ ਸਾਂ ਅਸੀਂ। ਚਾਰੇ ਜਣੇ ਆਪੋ ਆਪਣੀ ਆਜ਼ਾਦੀ ਲੈ ਕੇ ਆਪੋ ਆਪਣੇ ਅੰਦਰ ਵੜ ਗਏ। ਕੱਲੇ-ਕੱਲੇ ਕਮਰੇ ਵਿਚ ਵੰਡ ਹੋ ਗਏ। ਇੱਕੋ ਘਰ ਦੇ ਚਾਰ ਕਮਰੇ, ਚਾਰ ਵੱਖਰੇ-ਵੱਖਰੇ, ਉੱਚੀਆਂ ਦੀਵਾਰਾਂ ਤੇ ਰੌਸ਼ਨਦਾਨਾਂ ਤੇ ਖਿੜਕੀਆਂ ਤੋਂ ਵਾਂਜੇ ਬੰਦ ਗੁੰਬਦ-ਨੁਮਾ ਘਰ ਬਣ ਗਏ। ਇਸ ਗੁੰਬਦ ਅੰਦਰ ਬਾਹਰਲੀ ਆਵਾਜ਼ ਦਾ ਕੀ ਕੰਮ ? ਅੰਦਰ ਆਪਣੀ ਆਵਾਜ਼ ਤੇ ਉਸੇ ਆਵਾਜ਼ ਦੀਆਂ ਪ੍ਰਤੀ-ਧੁਨੀਆਂ ਸੁਣਦੀਆਂ ਹਨ। ਹੋਰ ਕੁਝ ਨਹੀਂ। ਖਾਣਾ ਤਾਂ ਡੰਗਰ ਵੀ ਖਾਂਦੇ ਹਨ। ਅਸੀਂ ਵੀ ਇਕੱਠੇ

ਹੀ ਖਾਂਦੇ ਸਾਂ। ਇੱਕੋ ਡਾਈਨਿੰਗ ਟੇਬਲ ਉੱਤੇ ਬਹੁਤ ਘੱਟ ਵਾਰੀ ਸਾਂਝਾ, ਪਰ ਬਹੁਤੀ ਵਾਰੀ ਆਪਣੀ ਆਪਣੀ ਪਸੰਦ ਦਾ ਵੱਖੋ ਵੱਖਰਾ ਖਾਣਾ। ਇਕ ਮੇਜ਼ ਦੁਆਲੇ ਚੌਂਹ ਕੁਰਸੀਆਂ ਵਿਚ ਜਿਵੇਂ ਅਸੀਂ ਇਕੱਠੇ ਨਹੀਂ ਸਗੋਂ ਚਾਰ ਵੱਖੋ ਵੱਖਰੇ ਰੈਸਤੋਰਾਂ ਵਿਚ ਬੈਠੇ ਹੋਈਏ !

ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ

ਕੰਪਿਊਟਰ ਦੀ ਆਵਾਜ਼ ਲਗਾਤਾਰ ਆ ਰਹੀ ਸੀ। ਪਤਨੀ ਮੇਰੀ ਸ਼ਾਹੀ ਅਨਪੜ੍ਹ ਹੈ। ਚਿੱਠੀ ਲਿਖ ਲੈਣਾ ਜਾਂ ਚਿੱਠੀ ਦੇ ਅੱਖਰ ਉਠਾਲ ਲੈਣਾ ਵੀ ਕੋਈ ਪੜ੍ਹਾਈ ਹੈ ? ਉਹ ਪਹਿਲਾਂ ਪਹਿਲ ਬੜੀ ਕਲਪੀ। ਇਹ ਵੀ ਕੋਈ ਜ਼ਿੰਦਗੀ ਹੈ ? ਘਰ ਦੇ ਢਾਈ ਟੋਟਰੂ ਤੇ ਹਰ ਇਕ ਦਾ ਆਪੋ ਆਪਣਾ ਰਾਹ। ਮੈਂ ਉਸ ਨੂੰ ਕਹਿਣਾ ਚਾਹਿਆ ਸੀ ਕਿ 'ਅਸਲ ਵਿਚ ਇਹ ਹੀ ਏਥੋਂ ਦੀ ਜ਼ਿੰਦਗੀ ਹੈ।' ਪਰ ਕਹਿ ਨਹੀਂ ਪਾਇਆ ਸਾਂ।

ਜਦੋਂ ਤੋਂ ਕੰਪਿਊਟਰ ਤੇ ਟੀ. ਵੀ. ਆਏ ਸਨ, ਉਦੋਂ ਤੋਂ ਮੇਰੀ ਪਤਨੀ ਨੇ ਅਸਮਾਨ ਸਿਰ 'ਤੇ ਚੁੱਕਿਆ ਹੋਇਆ ਸੀ ? "ਇਹ ਤੁਸੀਂ ਕੀ ਕਰ ਰਹੇ ਹੋ ? ਇੰਜ ਤਾਂ ਘਰ ਖੇਰੂੰ-ਖੇਰੂੰ ਹੋ ਜਾਵੇਗਾ ?"

ਮੈਂ ਕਿਹਾ, "ਤੂੰ ਹੀ ਤਾਂ ਕਿਹਾ ਸੀ। ਦੋ ਹੀ ਤਾਂ ਪੁੱਤਰ ਹਨ ਮੇਰੇ। ਲਾਡਲੇ ਰਾਜੇ ਬੇਟੇ ? ਇਨ੍ਹਾਂ ਨਾਲੋਂ ਸਾਨੂੰ ਹੋਰ ਕੀ ਚੰਗਾ ਹੈ। ਲੈ ਦਿਓ, ਜੋ ਕਹਿੰਦੇ ਨੇ।"

"ਮੈਨੂੰ ਸਿਰ ਸੜੀ ਨੂੰ ਕੀ ਪਤਾ ਸੀ ਕਿ ਇਹ ਕੀ ਮੰਗਦੇ ਹਨ ?"

"ਇਹ ਆਜ਼ਾਦੀ ਮੰਗਦੇ ਸਨ ! ਤੂੰ ਕਿਹਾ ਤੇ ਮੈਂ ਲੈ ਦਿੱਤੀ। ਤੂੰ ਵੀ ਆਜ਼ਾਦ ਹੋ ਜਾ।"

"ਮੈਂ ਹੁਣ ਧੌਲੇ ਝਾਟੇ ਆਟਾ ਖ਼ਰਾਬ ਕਿਉਂ ਕਰਾਂ ? ਅੱਧੀਆਂ ਲੱਤਾਂ ਤਾਂ ਮੇਰੀਆਂ ਸਿਵਿਆਂ ਵਿਚ ਹਨ। ਸੋਚਿਆ ਸੀ, ਮੁੰਡੇ ਤਕੜੇ ਹੋਣਗੇ, ਇਨ੍ਹਾਂ ਦੇ ਵਿਆਹ ਕਰਾਂਗੇ, ਇਨ੍ਹਾਂ ਦੇ ਪੁੱਤਰ ਹੋਣਗੇ ... ਖਿਡਾਵਾਂ ...।"

ਮੈਂ ਵਿੱਚੋਂ ਹੀ ਟੁਕ ਕੇ ਕਿਹਾ, "ਨਹੀਂ, ਇਨ੍ਹਾਂ ਦੇ ਸਿਰਫ਼, ਕੰਪਿਊਟਰ ਹੋਣਗੇ।"

ਉਹ ਬੋਲੀ, "ਨਾ ਸਤਾਓ ਮੈਨੂੰ, ਮੈਂ ਤਾਂ ਅੱਗੇ ਹੀ ਬਥੇਰੀ ਦੁਖੀ ਹਾਂ। ਅੱਗੇ ਤਾਂ ਸਕੂਲੋਂ ਆ ਕੇ ਇਹ ਮੁੰਡੇ ਝਟ ਬਿੰਦ ਸਾਡੇ ਕੋਲ ਬਹਿ ਲੈਂਦੇ ਸਨ। ਕੋਈ ਸ਼ੋ ਇਕੱਠੇ ਵੇਖ ਲੈਂਦੇ ਸਾਂ। ਕਦੇ ਹਿੰਦੀ ਫ਼ਿਲਮ ਲਾ ਲਈਦੀ ਸੀ। ਹੁਣ ਤਾਂ ਇਹ ਖਾ ਪੀ ਕੇ ਸਿੱਧੇ ਆਪੋ ਆਪਣੇ ਕਮਰਿਆਂ ਵਲ ਨਸਦੇ ਹਨ। ਪਤਾ ਨਹੀਂ ਇਨ੍ਹਾਂ ਨੂੰ ਕੀ ਹੋ ਗਿਆ ਹੈ ?"

ਮੈਂ ਕਿਹਾ, "ਇਨ੍ਹਾਂ ਨੂੰ ਕੰਪਿਊਟਰ ਹੋ ਗਿਆ ਹੈ।"

ਮੇਰੀ ਗੱਲ ਨੂੰ ਅਣਸੁਣੀ ਕਰਕੇ ਬੁੜ ਬੁੜ ਕਰਦੀ ਉਹ ਆਪਣੇ ਕਮਰੇ ਵਲ ਚਲੀ ਗਈ। ਉਹ ਦੋ ਜਹਾਨਾਂ ਵਿਚਕਾਰ ਲਟਕ ਰਹੀ ਕਿਸੇ ਦੀ ਵੀ ਨਹੀਂ ਬਣ ਪਾ ਰਹੀ ਸੀ। ਨਾ ਮੇਰੀ, ਨਾ ਆਪਣੇ ਪੁੱਤਰਾਂ ਦੀ। ਮੈਨੂੰ ਗੁਆ ਕੇ, ਉਸ ਨੇ ਪੁੱਤਰਾਂ ਨਾਲ ਸਬਰ ਕਰ ਲਿਆ ਸੀ। ਅਖੇ ਹੁਣ ਤੁਹਾਨੂੰ ਛੁੱਟੀ ਹੈ। ਮੌਜਾਂ ਕਰੋ। ਮੇਰੇ ਬੱਚੇ ਹੀ, ਮੇਰੀ ਬਾਕੀ ਜ਼ਿੰਦਗੀ ਹਨ। ਤੇ ਉਸ ਦੀ ਇਹ ਬਾਕੀ ਜ਼ਿੰਦਗੀ ਵੀ ਹੁਣ ਉਸ ਤੋਂ ਖੁਸ ਗਈ ਸੀ। ਉਹ ਖ਼ਲਾਅ ਵਿਚ ਲਟਕ ਰਹੀ ਸੀ। ਮੈਨੂੰ ਇਹ ਹੀ ਡਰ ਲੱਗਾ ਰਹਿੰਦਾ ਸੀ ਕਿ ਕਿਧਰੇ ਉਹ ਪਾਗ਼ਲ ਹੀ ਨਾ ਹੋ ਜਾਏ। ਆਪਣੇ ਕਮਰੇ ਵਿਚ ਬੰਦ ਰਹਿੰਦੀ। ਬੁੜ-ਬੁੜ ਕਰਦੀ ਰਹਿੰਦੀ। ਕਦੇ ਰੋਂਦੀ, ਕਦੇ ਹੱਸਦੀ, ਕਦੇ ਲੰਮੇਂ ਲੰਮੇਂ ਹੌਕੇ ਲੈਂਦੀ, ਕੁਝ ਨਾ ਬੋਲਦੀ। ਢਿੱਡ ਫੜ ਕੇ ਬੈਠੀ ਜਾਂ ਲੰਮੀਂ ਪਈ ਰਹਿੰਦੀ। ਮੈਂ ਸਪਤਾਹ-ਅੰਤ ਉੱਤੇ ਬਾਹਰ ਨਿਕਲ ਜਾਂਦਾ ਤੇ ਸ਼ੁੱਕਰਵਾਰ ਦਾ ਗਿਆ, ਐਤਵਾਰ ਨੂੰ ਹੀ ਪਰਤਦਾ। ਪਹਿਲਾਂ ਪਹਿਲਾਂ ਮੇਰੀ ਗ਼ੈਰ ਹਾਜ਼ਰੀ ਮੇਰੀ ਪਤਨੀ ਨੂੰ ਖਟਕਦੀ ਸੀ। ਪਰ ਫਿਰ ਜਦੋਂ ਪੁੱਤਰਾਂ ਨੇ ਕਿਹਾ, "ਮਾਮ ! ਡੋਂਟ ਮੇਕ ਏ ਫਸ ਫਾਰ ਨਥਿੰਗ ! ਇਫ਼ ਡੈਡ ਹੈਜ਼ ਟੂ ਗੋ, ਹੀ ਹੈਜ਼ ਟੂ ਗੋ ! ਅਸੀਂ ਕੌਣ ਹੁੰਦੇ ਹਾਂ, ਉਸ ਨੂੰ ਰੋਕਣ ਵਾਲੇ। ਇਟ ਇਜ਼ ਨਾਟ ਫੇਅਰ। ਆਫ਼ਟਰ ਆਲ ਇਟ ਇਜ਼ ਹਿਜ਼ ਓਨ ਲਾਈਫ਼। ਲੈਟ ਹਿਮ ਲਿਵ; ਦ ਵੇ ਹੀ ਵਾਂਟਸ।"

ਤਾਂ ਉਸ ਨੇ ਇਤਰਾਜ਼ ਕਰਨਾ ਬੰਦ ਕਰ ਦਿੱਤਾ। ਮੇਰੀ ਇਹ ਗ਼ੈਰ-ਹਾਜ਼ਰੀ ਵੀ ਜਿਵੇਂ ਏਸ ਦੁਨੀਆਂ ਤੋਂ ਵਿਦੇਸ਼ ਯਾਤਰਾ ਵਰਗੀ ਹੀ ਹੁੰਦੀ ਸੀ। ਮੇਰੀ ਦੁਨੀਆਂ, ਮੇਰੇ ਸੁਫ਼ਨਿਆਂ ਦੀ ਦੁਨੀਆਂ !

ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ

ਕੰਪਿਊਟਰ ਦੀ 'ਟਿਕ ਟਿਕ ਟੂੰ ਟੂੰ' ਲਗਾਤਾਰ ਸੁਣਾਈ ਦੇ ਰਹੀ ਸੀ। ਇਸ ਵਿੱਚੋਂ ਬਰਸਾਤੀ ਮੱਛਰਾਂ ਦੀ 'ਭੀਂ ਭੀਂ' ਦੀ ਆਵਾਜ਼ ਉੱਭਰ ਰਹੀ ਸੀ। ਡੂੰਮਣੇ ਦੀਆਂ ਮੱਖੀਆਂ ਨੇ ਮੈਨੂੰ ਚੁਫੇਰਿਓਂ ਘੇਰ ਲਿਆ ਸੀ। ਡੰਗ ਤੇ ਡੰਗ ਵੱਜ ਰਹੇ ਸਨ। ਮੇਰੀ ਨਜ਼ਰ ਸੁੱਜ ਗਈ ਸੀ। ਮੈਨੂੰ ਬਹੁਤ ਧੁੰਦਲਾ ਧੁੰਦਲਾ ਦਿਖਾਈ ਦਿੰਦਾ ਸੀ।

ਇਹ ਤਾਂ ਉਹ ਹੀ ਕਾਢਿਆਂ ਦਾ ਭੌਣ ਸੀ। ਇਸ ਉੱਤੇ ਸੀਰੇ ਨਾਲ ਲਿਬੜਿਆ ਪੁੜ ਪੁੜ ਵੱਢਿਆ, ਟੁੱਕਿਆ, ਡੰਗਿਆ, ਵਿੱਝਿਆ ਇਹ ਕੌਣ ਪਿਆ ਹੈ ? ਮੈਂ ਹੱਥਾਂ ਨਾਲ ਨਜ਼ਰ ਤੋਂ ਡੂੰਮਣੇ ਦੀਆਂ ਮੱਖੀਆਂ ਪਰ੍ਹਾਂ ਕਰਦਾ ਹਾਂ। ਮੱਖੀਆਂ ਮੇਰੇ ਹੱਥਾਂ ਤੋਂ ਮੇਰੇ ਦਿਲ, ਦਿਮਾਗ਼, ਮਨ ਤੇ ਸਗਲੇ ਜੁੱਸੇ ਉੱਤੇ ਫੈਲ ਜਾਂਦੀਆਂ ਹਨ। ਮੈਨੂੰ ਧੁੰਦਲਾ ਧੁੰਦਲਾ ਨਜ਼ਰ ਆ ਰਿਹਾ ਹੈ। ਕਾਢਿਆਂ ਦੇ ਭੌਣ ਉੱਤੇ ਬੈਠੀ ਇਹ ਤਾਂ ਮੇਰੀ ਉਹ ਹੀ ਗੋਰੀ ਪ੍ਰੇਮਿਕਾ ਹੈ, ਉਸ ਦਾ ਮਿਨੀਏਚਰ ਹੈ, ਜਿਸ ਨਾਲ ਮੈਂ ਆਪਣਾ ਟੱਬਰ ਏਧਰ ਮੰਗਵਾਉਣ ਤੋਂ ਪਹਿਲਾਂ ਦੋ ਵਰ੍ਹੇ ਇਸੇ ਘਰ ਵਿਚ ਇਕੱਠਿਆਂ ਰਿਹਾ ਸਾਂ। ਉਹ ਏਥੇ ਕਿਉਂ ਆਣ ਬੈਠੀ ਹੈ ? ਉਸ ਦਾ ਕੀ ਕਸੂਰ ਹੈ ? ਮੈਂ ਹੱਥਾਂ ਨਾਲ ਕਾਢੇ ਪਰ੍ਹਾਂ ਕਰਦਾ ਹਾਂ। ਕਾਢੇ ਮੇਰੇ ਸਰੀਰ ਤੇ ਰੀਂਗਦੇ ਹਨ। ਉਹ ਰੋ ਰਹੀ ਹੈ ਸ਼ਾਇਦ। ਮਨ ਦਾ ਦਰਦ, ਦਿਲ ਦਾ ਦਰਦ, ਸਰੀਰ ਦੇ ਦਰਦ ਤੋਂ ਕਿਤੇ ਵਧ, ਭਿਆਨਕ ਤੇ ਅਸਹਿ ਹੁੰਦਾ ਹੈ। ਇਸੇ ਗੋਰੀ ਦੇ ਬਾਰੇ ਵਿਚ ਮੇਰੇ ਪਿਤਾ ਨੇ ਮੈਨੂੰ ਫ਼ੋਨ ਤੇ ਕਿਹਾ ਸੀ, ਖ਼ਤਾਂ ਵਿਚ ਲਿਖਿਆ ਸੀ। ਤੇਰੀਆਂ ਅਜੋਕੀਆਂ ਕਵਿਤਾਵਾਂ, ਤੇਰੀਆਂ ਕਹਾਣੀਆਂ ਵਿਚਲੇ ਏਸ ਖ਼ੂਬਸੂਰਤ ਵਜੂਦ ਨੂੰ, ਹਸਤੀ ਨੂੰ ਪ੍ਰੇਰਣਾ ਨੂੰ ਤੇ ਉਸ ਦੇ ਸੇਕ ਨੂੰ ਨਿੱਘ ਨੂੰ, ਤੇਰੇ ਨਾਲ ਉਸ ਦੀ ਅਟੈਚਮੈਂਟ ਨੂੰ ਮੈਂ ਏਥੇ ਏਡੀ ਦੂਰ ਬੈਠਾ ਵੀ ਇੰਨ-ਬਿੰਨ ਮਹਿਸੂਸ ਕਰ ਰਿਹਾ ਹਾਂ। ਤੇਰੇ ਵਾਂਗ ਤੇਰੀਆਂ ਅੱਖਾਂ ਨਾਲ ਹੀ ਵੇਖ ਰਿਹਾ ਹਾਂ।

ਅੱਜ ਤਕ ਮੇਰਾ ਤੇ ਤੇਰਾ, ਪਿਓ ਪੁੱਤਰ ਦਾ ਇਹ ਹੀ ਸਮਝੌਤਾ ਰਿਹਾ ਹੈ ਕਿ ਤੂੰ ਸਾਨੂੰ ਕਹਿ ਲੈਣ ਦਿਆ ਕਰ, ਜੋ ਕੰਮ ਸਾਨੂੰ ਪਸੰਦ ਨਹੀਂ ਉਹ ਕਰਨ ਤੋਂ ਵਰਜ ਲੈਣ ਦਿਆਂ ਕਰ—ਪਰ ਕਰ ਤੂੰ ਆਪਣੀ ਮਰਜ਼ੀ। ਇਸ ਤਰ੍ਹਾਂ ਅਸੀਂ ਬਤੌਰ ਮਾਪਿਆਂ ਦੇ ਆਪਣਾ ਫ਼ਰਜ਼ ਨਿਭਾ ਸਕਾਂਗੇ ਤੇ ਤੂੰ ਆਪਣੀ ਮਰਜ਼ੀ ਕਰ ਸਕੇਂਗਾ। ਇਸ ਸਮਝੌਤੇ ਵਿਚ ਕੋਈ ਵੀ ਘਾਟੇ ਵਿਚ ਨਹੀਂ ਹੈ।

ਤੇ ਫਿਰ ਆਪਣੀ ਗੱਲ ਜਾਰੀ ਰਖਦਿਆਂ ਮੇਰੇ ਪਿਤਾ ਜੀ ਨੇ, ਜੋ ਇਕੋ ਇਕ ਸਨ ਸਾਡੇ ਸਾਰੇ ਪਰਵਾਰ ਵਿਚ, ਮੈਨੂੰ ਸਮਝ ਸਲਾਹ ਸਕਣ ਵਾਲੇ, ਇਕ ਦਿਨ ਬਹੁਤ ਵੱਡੀ ਮੰਗ ਕਰ ਲਈ ਇਹ ਕਹਿ ਕੇ : ਮੈਂ ਅੱਜ ਤਕ ਤੇਰੇ ਕੋਲੋਂ ਕੁਝ ਨਹੀਂ ਮੰਗਿਆ। ਹੁਣ ਮੌਤ ਕੰਢੇ ਹਾਂ। ਤੇਰੀ ਪਤਨੀ, ਤੇਰੇ ਬੱਚਿਆਂ ਦਾ ਦੁਖ ਮੇਰੇ ਕੋਲੋਂ ਵੇਖਿਆ ਨਹੀਂ ਜਾਂਦਾ ! ਤੇਰੀ ਪਤਨੀ ਏਨੀ ਸਮਝਦਾਰ ਨਹੀਂ, ਪਰ ਉਹ ਸਭ ਕੁਝ ਸਮਝ ਗਈ ਹੈ। ਤੂੰ ਇਨ੍ਹਾਂ ਨੂੰ ਆਪਣੇ ਕੋਲ ਮੰਗਵਾ ਲੈ। ਤੂੰ ਜਿੱਥੇ ਮਰਜ਼ੀ ਜਾਵੀਂ, ਜੋ ਮਰਜ਼ੀ ਕਰੀਂ ?

ਮੇਰੇ ਬਾਪ ਨੇ ਜ਼ਿੰਦਗੀ 'ਚ ਮੇਰੇ ਕੋਲੋਂ ਇਕ ਹੀ ਚੀਜ਼ ਮੰਗੀ ਸੀ। ਮੈਂ ਇਨਕਾਰ ਕਿਵੇਂ ਕਰ ਸਕਦਾ ਸਾਂ!

ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ

'ਟੂੰ ਟੂੰ' ਦੀ ਆਵਾਜ਼ ਮੇਰੇ ਕੰਨਾਂ ਵਿਚ ਗੂੰਜ ਰਹੀ ਸੀ। ਮੇਰੀਆਂ ਸੁੱਜੀਆਂ ਹੋਈਆਂ ਨਜ਼ਰਾਂ ਕਾਢਿਆਂ ਦੇ ਭੌਣ 'ਤੇ ਲੱਗੀਆਂ ਹੋਈਆਂ ਸਨ। ਮੇਰੇ ਹੱਥ ਭੌਣ ਉੱਤੇ ਕਾਢਿਆਂ ਹੇਠ ਦੱਬੇ ਵਜੂਦ ਨੂੰ ਬਾਹਰ ਕੱਢਣ ਦਾ ਯਤਨ ਕਰ ਰਹੇ ਸਨ। ਇਹ ਤਾਂ ਨੰਗਾ ਜ਼ਿਹਨ, ਦਿਮਾਗ਼ ਜਿਹਾ ਜਾਪਦਾ ਸੀ। ਖੋਪਰੀ 'ਚੋਂ ਕੱਢਿਆ ਹੋਇਆ। ਪੁੜ ਪੁੜ ਵਿਝਿਆ, ਡੰਗਿਆ ਹੋਇਆ। ਛਾਣਨੀ ! ਮੇਰਾ ਹੀ ਦਿਮਾਗ਼ ਸ਼ਾਇਦ। ਹਿੰਦੋਸਤਾਨ ਮਰ ਗਿਆ ਸੀ। ਸਿਰਕਟੇ ਮੁਰਗੇ ਵਾਂਗ ਮੈਂ ਏਧਰ ਓਧਰ ਉੱਡ, ਡਿਗ ਰਿਹਾ ਸਾਂ।

ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ

ਕੰਪਿਊਟਰ ਦੀ ਮੈਮਰੀ (ਯਾਦਦਾਸ਼ਤ) ਵਿਚ ਜੋ ਕੁਝ ਪਾ ਦੇਈਏ, ਇਹ ਉਹ ਕੁਝ ਹੀ ਵਿਖਾ ਸਕਦਾ ਹੈ। ਇਸ ਨੂੰ ਜਿਵੇਂ ਪ੍ਰੋਗਰਾਮ ਕਰ ਦੇਈਏ, ਇਹ ਉਸੇ ਅਨੁਸਾਰ ਅਮਲ ਕਰਦਾ ਹੈ। ਇਸ ਦੀ ਆਪਣੀ ਕੋਈ ਆਵਾਜ਼, ਆਜ਼ਾਦ ਹਸਤੀ ਨਹੀਂ ਹੁੰਦੀ। ਮੈਮਰੀ ਹੀ ਇਸ ਨੂੰ ਕੰਟਰੋਲ ਕਰਦੀ ਹੈ। ਪਰ ਫਿਰ ਵੀ ਅੱਜ ਦੀ ਇਸ ਕੰਪਿਊਟਰ, ਇਸ ਸਿੱਲੀਕੋਨ ਮਾਈਕਰੋਚਿਪਸ ਸਭਿਅਤਾ ਵਿਚ ਜਾਪਦਾ ਹੈ, ਜਿਵੇਂ, ਸਭ ਕੁਝ ਕੰਪਿਊਟਰ ਦੇ ਕੰਟਰੋਲ ਹੇਠ ਹੀ ਹੋਵੇ। ਕੰਪਿਊਟਰ ਬਿਨਾਂ ਕੁਝ ਨਹੀਂ ਹੋ ਸਕਦਾ ! ਵਿਮਾਨ ਨਹੀਂ ਉੱਡ ਸਕਦੇ। ਦਫ਼ਤਰ ਨਹੀਂ ਚੱਲ ਸਕਦੇ। ਸਰਕਾਰ ਨਹੀਂ ਚੱਲ ਸਕਦੀ !

ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ

ਪਤਾ ਨਹੀਂ ਇਹ ਬੇਸ਼ੁਮਾਰ, ਮੱਖੀਆਂ, ਮੱਛਰ ਤੇ ਕਾਢੇ ਅੱਜ ਕਿਵੇਂ ਤੇ ਕਿੱਥੋਂ ਆ ਗਏ ਹਨ ! ਮੈਂ ਸਿਰ ਤੋਂ ਪੈਰਾਂ ਤਕ, ਛਣਨੀ ਛਣਨੀ, ਇਨ੍ਹਾਂ ਵਿਚਕਾਰ ਗਰਕਦਾ ਜਾ ਰਿਹਾ ਹਾਂ।

ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ

ਗੂੰਜ ਰਹੀ ਸੀ। ਮੇਰੀਆਂ ਸੁੱਜੀਆਂ ਹੋਈਆਂ ਨਜ਼ਰਾਂ ਕਾਢਿਆਂ ਦੇ ਭੌਣ ’ਤੇ ਲੱਗੀਆਂ ਹੋਈਆਂ ਸਨ। ਮੇਰੇ ਹੱਥ ਭੌਣ ਉੱਤੇ ਕਾਢਿਆਂ ਹੇਠ ਦੱਬੇ ਵਜੂਦ ਨੂੰ ਬਾਹਰ ਕੱਢਣ ਦਾ ਯਤਨ ਕਰ ਰਹੇ ਸਨ। ਇਹ ਤਾਂ ਨੰਗਾ ਜ਼ਿਹਨ ਸੀ, ਦਿਮਾਗ਼ ਸੀ, ਖੋਪਰੀ ’ਚੋਂ ਕੱਢਿਆ ਹੋਇਆ, ਪੁੜ ਪੁੜ ਵਿੱਝਿਆ, ਡੰਗਿਆ ਹੋਇਆ। ਮੇਰਾ ਹੀ ਦਿਮਾਗ਼ ਸ਼ਾਇਦ ਮੇਰਾ ਹੀ ਮਗਜ਼ !

ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ

ਹਿੰਦੋਸਤਾਨ ਮਰ ਗਿਆ ਸੀ। ਕੰਪਿਊਟਰ ਦੀ ਮੈਮਰੀ ਵਿਚ ਜੋ ਕੁਝ ਪਾ ਦੇਈਏ ਉਹ, ਉਹ ਕੁਝ ਹੀ ਵਿਖਾਉਂਦਾ ਹੈ, ਕਰਦਾ ਹੈ। ਉਸ ਨੂੰ ਜਿਵੇਂ ਪ੍ਰੋਗਰਾਮ ਕਰੀਏ, ਉਹ ਉਸੇ ਅਨੁਸਾਰ ਅਮਲ ਵਿਚ ਆਉਂਦਾ ਹੈ। ਉਸ ਦੀ ਆਪਣੀ ਕੋਈ ਆਵਾਜ਼, ਕੋਈ ਹੋਂਦ ਨਹੀਂ ਹੁੰਦੀ। ਪਰ ਫਿਰ ਵੀ ਅੱਜ ਦੀ ਇਸ ਕੰਪਿਊਟਰ ਸਭਿਅਤਾ ਵਿਚ ਸਭ ਕੁਝ ਉਹ ਹੀ ਕੰਟਰੋਲ ਕਰਦਾ ਹੈ।

ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ
ਟਿਕ ਟਿਕ ਟੂੰ ਟੂੰ।

# ਪੌਂਟ ਲੱਕ

ਉਸ ਦਾ ਪਿਤਾ ਡੱਚ ਸੀ ਤੇ ਮਾਂ ਜਰਮਨ। ਪਿਆਰ ਉਸ ਨੇ ਕੇਵਲ ਦੋ ਵਾਰ, ਪਹਿਲਾਂ ਇਕ ਅਮਰੀਕਨ ਤੇ ਫੇਰ ਇਕ ਨੀਗਰੋ ਨੂੰ ਕੀਤਾ ਸੀ। ਉਸ ਦੀ ਦਾਦੀ ਮੱਧ-ਪੂਰਬ ਤੋਂ ਸੀ ਤੇ ਉਹ ਕਹਿ ਰਹੀ ਸੀ :

"ਮੈਂ ਤੇਰਾ ਹਰਿਮੰਦਰ ਵੀ ਵੇਖਿਆ ਹੈ ਤੇ ਹਿਮਾਲਾ ਵੀ। ਮੈਂ ਕਸ਼ਮੀਰ ਵੀ ਘੁੰਮੀ ਹਾਂ, ਬਨਾਰਸ ਵੀ ਤੇ ਖਜੂਰਾਹੋ ਦੀਆਂ ਗ਼ਾਰਾਂ ਵਿਚ ਵੀ। ਜਾਪਾਨ, ਚੀਨ, ਅਫ਼ਰੀਕਾ, ਆਸਟਰੇਲੀਆ ਤੇ ਯੂਰਪ ਮੇਰੀ ਭਟਕਣ ਦਾ ਰਾਹ ਹੀ ਬਣੇ, ਮੰਜ਼ਲ ਤੇ ਪੜਾਅ ਨਹੀਂ। ਮੈਂ ਬੋਧੀ ਭਿਕਸ਼ੂ ਵੀ ਹਾਂ, ਮੈਂ ਐਪੀਕਿਊਰੀਅਨ ਵੀ। ਮੇਰੇ ਅੰਦਰ ਈਸਾ, ਮੁਹੰਮਦ, ਗੁਰੂ ਨਾਨਕ, ਕਾਰਲ ਮਾਰਕਸ, ਸਾਰਤ, ਕਾਮੂ ਤੇ ਹੋਰ ਦਰਸ਼ਨ-ਵੇਤਾ ਅਤੇ ਬੁੱਧੀਜੀਵੀ ਲੇਖਕ ਸਭ ਸਹਿਜ ਅਵਸਥਾ ਵਿਚ ਵਿਚਰਦੇ ਹਨ। ਕੋਈ ਤਣਾਅ ਨਹੀਂ ਹੈ। ਮੈਂ ਸਭ ਸਭਿਆਚਾਰਾਂ ਦਾ ਸੰਗਮ, ਮਹਾਂ ਸਭਿਆਚਾਰ, ਇਕ ਇਨਸਾਨ ਹਾਂ।"

ਉਹ ਰੁਕੀ। ਉਸ ਨੇ ਡੂੰਘੀ ਨੀਝ ਨਾਲ ਮੇਰੇ ਵਲ ਵੇਖਿਆ, ਵੇਖਦੀ ਰਹੀ। ਉਸ ਦੀ ਨਜ਼ਰ ਜਿਵੇਂ ਮੇਰੇ 'ਤੇ ਟਿਕੀ, ਮੇਰੇ ਵਿਚੋਂ ਲੰਘਦੀ ਹੋਈ ਵੀ, ਦੂਰ ਖ਼ਲਾਅ ਨੂੰ ਘੂਰ ਰਹੀ ਸੀ। ਛਿਣ ਦੀ ਛਿਣ ਮੈਨੂੰ ਇੰਜ ਮਹਿਸੂਸ ਹੋਇਆ, ਜਿਵੇਂ ਉਹ ਕੁਝ ਕਹਿਣਾ ਚਾਹੁੰਦੀ ਹੋਵੇ, ਪਰ ਕਹਿ ਨਾ ਪਾ ਰਹੀ ਹੋਵੇ। ਉਸ ਦੇ ਹੋਠਾਂ ਵਿਚ ਜੁੰਬਸ਼ ਹੋਈ, ਪਰ ਕੋਈ ਬੋਲ ਨਾ ਉਭਰਿਆ। ਉਸਦੀਆਂ ਅੱਖਾਂ ਵਿਚ ਇਕ ਚਾਨਣ ਆਇਆ, ਇਕ ਪਰਛਾਵਾਂ ਗਿਆ, ਪਰ ਉਹ ਨਾ ਝਪਕੀਆਂ, ਟਿਕੀਆਂ ਰਹੀਆਂ, ਮੇਰੇ ਵਿਚੋਂ ਦੂਰ ਖ਼ਲਾਅ 'ਤੇ ... ਖ਼ਲਾਅ ਨਾਲ ਜੁੜੇ ਹੋਏ ਬ੍ਰਹਿਮੰਡ 'ਤੇ।

ਲਿੰਡਾ ਸਿਲਵਰਸਨ ਚੁੱਪ ਹੋ ਗਈ ਸੀ। ਇੰਜ ਹੀ ਹੁੰਦਾ ਹੈ ਅਕਸਰ ਜਦੋਂ ਖ਼ਿਆਲ ਤੇ ਹਾਵ ਭਾਵ ਬ੍ਰਹਿਮੰਡ ਬਣ ਜਾਣ ਅਤੇ ਭਾਸ਼ਾ ਪਿੰਡ 'ਚੋਂ ਸੁਕੜਦੇ, ਸਿਮਟਦੇ, ਟੁੱਟਦੇ, ਬਿਖਰਦੇ ਹੋਏ ਮਹੀਨ ਬਿੰਦੂਆਂ ਦੇ ਮਹਾਂ ਅਨ੍ਹੇਰ ਵਿਚ ਇਕ ਮਹੀਨ, ਨਾ-ਮੁਕੰਮਲ ਤੇ ਮੌਨ ਹੋਣੀ।

ਪਿਛਲੇ ਕੁਝ ਹਫਤਿਆਂ ਤੋਂ ਲਿੰਡਾ ਸਿਲਵਰਸਨ ਨਾਲ ਮੇਰਾ ਇਸੇ ਤਰ੍ਹਾਂ ਹੀ ਸਿਲਸਿਲਾ ਜੁੜਦਾ ਤੇ ਖੜ੍ਹਦਾ ਰਿਹਾ ਸੀ। ਇਕ ਬਿੰਦੂ ਫੈਲ ਕੇ ਵਿਸ਼ਾਲ ਦਾਇਰਾ ਉਲੀਕ ਲੈਂਦਾ ਸੀ। ਏਸ ਦਾਇਰੇ ਵਿਚ ਏਨਾ ਕੁਝ ਭਰ ਜਾਂਦਾ ਕਿ ਏਸ ਸਭ ਕੁਝ ਦਾ ਬੋਝ ਨਾ ਸਹਿੰਦਾ ਹੋਇਆ ਇਹ ਦਾਇਰਾ ਬਿੰਦੂ, ਬਿੰਦੂ, ਟੁੱਟ, ਬਿਖਰ ਮਹਾਂ-ਅਨ੍ਹੇਰ ਦੇ ਮੌਨ ਵਿਚ ਗੁੰਮ ਹੋ ਜਾਂਦਾ।

ਨਾ ਤਾਂ ਗੱਲ ਅੱਗੇ ਹੀ ਤੁਰਦੀ ਅਤੇ ਨਾ ਉਸ ਦੇ ਖੜ੍ਹਨ ਦਾ ਅਹਿਸਾਸ ਹੀ ਹੁੰਦਾ। ਇਕ ਦੂਜੇ ਸੌਂਹੇਂ ਭਰੇ ਭੁਕੰਨੇ ਬੈਠੇ ਅਸੀਂ, ਛਲਕ-ਛਲਕ ਪੈਂਦੇ ਵੀ, ਬੇਬਸ ਮੌਨ ਵਿਚ ਡੁੱਬ ਜਾਂਦੇ, ਕਿਉਂਕਿ ਇਹ ਬੋਲਣ ਤੋਂ ਵਧੇਰੇ ਮਹਿਸੂਸਣ ਦੀ ਅਵਸਥਾ ਸੀ। ਡੁੱਲ੍ਹਣ ਤੋਂ ਵਧੇਰੇ ਖੁੱਲ੍ਹਣ ਦੀ ਸਥਿਤੀ ਸੀ। ਸਾਂਝ ਪਾਉਣ ਦੇ ਯਤਨ ਤੋਂ ਵਧੇਰੇ, ਸਾਂਝ ਹੋਣ ਦੀ ਚੇਤਨਾ ਸੀ।

ਨੀਲੀਆਂ ਅੱਖਾਂ, ਮਧਰਾ ਕੱਦ, ਹਿੱਪੀ ਬਾਣਾ, ਗਲ ਵਿਚ ਉੱਨ ਦੇ ਮੋਟੇ ਧਾਗੇ ਵਿਚ ਪਰੁੱਤੀ ਲੱਕੜ ਦੀਆਂ

ਗੁੱਲੀਆਂ ਜਿਹੀਆਂ ਦੀ ਮਾਲਾ, ਖੁੱਲ੍ਹੇ ਅਵਾਰਾ ਘਟਾਟੋਪ ਵਾਲ, ਤਿੱਖੀਆਂ ਛਾਤੀਆਂ, ਉੱਭਰੇ ਨਿਤੰਭ, ਚੁਸਤ ਚਾਲ ਅਤੇ ਸ਼ਾਂਤ ਨਜ਼ਰ ... ਹਾਂ, ਝੀਲ ਵਰਗੀ ਸ਼ਾਂਤ ਨਜ਼ਰ, ਜਿਸ 'ਚੋਂ ਕਦੇ ਕਦੇ ਕੋਈ ਮਛਲੀ ਜਲ-ਤਹਿ ਦੇ ਨੇਮ ਨੂੰ ਭੰਗ ਕਰਦੀ ਹੋਈ ਉੱਭਰਦੀ ਤੇ ਫਿਰ ਪਿੱਛੇ ਛੱਡ ਜਾਂਦੀ, ਬਣਦੇ ਮਿਟਦੇ ਦਾਇਰਿਆਂ ਦੀ ਇਕ ਨਿਰੰਤਰ ਤੰਦ।

ਬਸ, ਇਹ ਹੀ ਹੈ ਲਿੰਡਾ ਸਿਲਵਰਸਨ। ਹੈਲੋਈਨ ਵਾਲੇ ਦਿਨ ਜਿੱਥੇ ਹੋਰ ਅਧਿਆਪਕ ਬਜ਼ਾਰੋਂ ਖ਼ਰੀਦੇ ਮਾਸਕ ਪਾ ਕੇ ਆਏ ਸਨ, ਉੱਥੇ ਲਿੰਡਾ ਸਿਲਵਰਸਨ ਸਾਡੀ ਏਸ ਪਾਰਟੀ ਵਿਚ ਭਗਵਾਂ ਬਾਣਾ, ਰੁਦਰੌਖ ਦੀ ਮਾਲਾ, ਚਿੱਟੀ ਦਾੜ੍ਹੀ, ਇਕ ਹੱਥ ਵਿਚ ਕਾਸਾ, ਦੂਜੇ ਵਿਚ ਚਿਮਟਾ ਲੈ ਕੇ ਅਤੇ ਸਿਰ ਉੱਤੇ ਜਟਾਂ ਸਜਾ ਕੇ ਆਈ ਸੀ। ਛਿਣ ਦੀ ਛਿਣ ਜਿਵੇਂ ਸਾਰੇ ਚੁੱਪ ਹੋ ਗਏ। ਛਿਣ ਦੀ ਛਿਣ ਜਿਵੇਂ ਸਾਰੇ ਕੇਵਲ ਅੱਖਾਂ ਬਣ ਗਏ ਤੇ ਫਿਰ ਛਿਣ ਦੀ ਛਿਣ ਜਿਵੇਂ ਸਾਰੇ ਕੇਵਲ ਬੋਲ ਬਣ ਗਏ...ਸਭ ਦੇ ਮੂੰਹ 'ਤੇ ਕੇਵਲ ਉਹਦਾ ਹੀ ਨਾਂ ਸੀ। ਹੋਰ, ਇੰਜ, ਭਲਾ ਕੌਣ ਕਰ ਸਕਦਾ ਸੀ ? ਹੋਰ, ਇੰਜ, ਭਲਾ ਕੌਣ ਸੋਚ ਸਕਦਾ ਸੀ ? ਉਸ ਦਾ ਨਾਮ ਸਭ ਦੇ ਮੂੰਹ 'ਚੋਂ ਪ੍ਰਸੰਸਾ ਵਾਂਗ, ਰਸ਼ਕ ਬਣ ਕੇ ਨਿਕਲਿਆ ਸੀ। ਤੇ ਫਿਰ ਸਭ ਹੱਸ ਪਏ ਸਨ।

ਪ੍ਰਿੰਸੀਪਲ ਦੇ ਖਚਾ-ਖਚ ਭਰੇ ਲਿਵਿੰਗ ਰੂਮ ਵਿਚ ਸ਼ਰਾਬ ਅਤੇ ਹਰ ਕਿਸਮ ਦੀਆਂ ਪੀਣ ਤੇ ਖਾਣ ਵਾਲੀਆਂ ਚੀਜ਼ਾਂ ਦਾ ਦੌਰ ਚਲ ਰਿਹਾ ਸੀ। ਲਿੰਡਾ ਸਿਲਵਰਸਨ ਏਸ ਛਲਕਦੇ ਸਾਗਰ ਦੇ ਸ਼ੋਰ, ਸੰਗੀਤ ਤੇ ਤੋਰ ਨ੍ਰਿਤ ਤੋਂ ਬੇਨਿਆਜ਼ ਇਕ ਖੂੰਜੇ ਵਿਚ ਆ ਬੈਠੀ। ਉਸ ਨੇ ਬਿਜਲੀ ਨਾਲ ਆਪਣੇ ਗਲੋਬ-ਨੁਮਾ ਟੇਬਲ-ਲੈਂਪ ਨੂੰ ਬਾਲ ਕੇ ਔਰੇਕਲ ਬਣਾ ਲਿਆ। ਮਾਸਕਾਂ, ਮਖੌਟਿਆਂ ਵਾਲੇ ਉਸ ਵਲ ਵੇਖਦੇ, ਮੁਸਕਰਾਉਂਦੇ ਅਤੇ ਨ੍ਰਿਤ, ਸ਼ੋਰ, ਸ਼ਰਾਬ ਵਿਚ ਗੁੰਮ ਹੋ ਜਾਂਦੇ।

ਉਸ ਨੇ ਮੇਰੇ ਹੱਥੋਂ ਮੇਰਾ ਗਲਾਸ ਫੜ ਕੇ ਤਿਪਾਈ ਉੱਤੇ ਰੱਖ ਦਿੱਤਾ। ਆਪਣੀ ਜੇਬ੍ਹ ਵਿਚੋਂ ਬਿੰਦੀਆਂ ਵਾਲਾ ਪਾਸਾ ਕੱਢ ਕੇ ਕਾਲੀਨ ਉੱਤੇ ਸੁੱਟਿਆ ਅਤੇ ਮੇਰੇ ਹੱਥ ਦੀਆਂ ਲਕੀਰਾਂ ਨੂੰ ਗੰਭੀਰਤਾ ਨਾਲ ਵੇਖਣ ਲੱਗ ਪਈ। ਡੂੰਘੀ ਸੋਚ 'ਚੋਂ ਸਿਰ ਚੁੱਕ ਕੇ ਉਸ ਨੇ ਮੇਰੀਆਂ ਅੱਖਾਂ ਵਿਚ ਵੇਖਦਿਆਂ ਕਹਿਣਾ ਸ਼ੁਰੂ ਕੀਤਾ :

"ਅਸ਼ਾਂਤ ਆਤਮਾ !" ...

ਤੇਰੀ ਜ਼ਿੰਦਗੀ ਤਾਂ ਖੁੱਲ੍ਹੀ ਕਿਤਾਬ ਹੈ ! ਕਿੱਥੋਂ ਸ਼ੁਰੂ ਕਰੀਏ ? ਬੜਾ ਚੰਗਾ ਹੱਥ ਹੈ ਤੇਰਾ...

ਇਹ ਕਿਤਾਬ ਮੈਂ ਪੜ੍ਹ ਵੀ ਲਈ ਹੈ; ਇਹਨੇ ਮੈਨੂੰ ਪੜ੍ਹਾ ਵੀ ਦਿੱਤਾ ਹੈ ...

"ਅਸ਼ਾਂਤ ਆਤਮਾ !!!"

ਕਹਿੰਦਿਆਂ ਉਸ ਨੇ ਮੇਰੀਆਂ ਅੱਖਾਂ ਵਿਚ ਗੰਭੀਰਤਾ ਨਾਲ ਵੇਖਿਆ ਤੇ ਮੇਰਾ ਹੱਥ ਚੁੰਮਦੇ ਹੋਇਆਂ ਕਹਿਣ ਲੱਗੀ :

"ਅਸ਼ਾਂਤ ਆਤਮਾ ਦੀ ਸ਼ਾਂਤੀ ਦਾ ਕੋਈ ਬੰਦੋਬਸਤ ਕਰੀਏ।"

ਮੇਰੇ ਅੰਦਰ, ਨ੍ਰਿਤ ਬਣ ਕੇ ਲੋਅ ਥੱਰਾਈ, ਇਕ ਝਰਨਾਹਟ ਜਿਹੀ ਛਿੜੀ।

"ਤੁਸੀਂ ਭਾਰਤੀ ਲੋਕ ਬੜੇ ਪੋਜ਼ੈਸਿਵ ਹੁੰਦੇ ਹੋ। ਸੋਚਿਆ, ਮੈਂ ਵੀ ਏਸ ਕਬਜ਼ੇ ਦੀ ਭਾਵਨਾ ਦੀ ਪਹਿਚਾਣ ਪਾ ਲਵਾਂ।"

ਮੈਂ ਗੱਲ ਅੱਗੇ ਤੋਰੀ :

"ਕਬਜ਼ੇ ਦੀ ਭਾਵਨਾ ਵਿਚ ਅਪਣੱਤ ਹੁੰਦੀ ਹੈ। ਲੜੀ ਦਾ ਉਸੇ ਨਾਲ ਹੈ, ਜਿਸ ਉੱਤੇ ਆਪਣਾ ਅਧਿਕਾਰ ਸਮਝੀਏ।"

ਰੁਕ ਕੇ, ਮੈਂ ਉਸਦੀਆਂ ਅੱਖਾਂ ਵਿਚ ਡੂੰਘੀ ਨੀਝ ਨਾਲ ਵੇਖਿਆ ਤੇ ਫੇਰ ਇਕ ਇਕ ਸ਼ਬਦ ਉੱਤੇ ਜ਼ੋਰ ਦੇ ਕੇ ਬੋਲਿਆ :

"ਇਕ ਦੇ ਹੋ ਕੇ ਹੀ ਸਭ ਦੇ ਹੋਣ ਦੀ ਪਹਿਚਾਣ ਹੁੰਦੀ ਹੈ। ... ਤੇਰੀ ਸੱਭਿਅਤਾ ਵਿਚ ਮਨੁੱਖੀ ਰਿਸ਼ਤਿਆਂ

ਦੀ ਪਹਿਚਾਣ ਗਵਾਚ ਗਈ ਹੈ। ਇਨ੍ਹਾਂ ਦਾ ਆਧਾਰ ਹਿੱਲ ਗਿਆ ਹੈ ... ਏਥੇ ਬੇਗਾਨਗੀ, ਅਲਗਾਵ ਅਤੇ ਇਕੱਲ ਦੀਆਂ ਦੀਵਾਰਾਂ ਉੱਸਰ ਆਈਆਂ ਹਨ। ਹਰ ਕੋਈ ਆਪਣੀ ਆਪਣੀ ਕਾਰ ਵਿਚ ਵਲਿਆ ਹੈ। ਸਭ ਕੁਝ ਗੁਆ ਕੇ, ਕੁਝ ਢੂੰਡਣ ਦਾ ਪਾਖੰਡ ਕਰ ਰਿਹਾ ਹੈ। ਆਪਣੀ ਕਾਰ ਵਿਚ ਵਲਿਆ, ਆਪਣੇ ਆਪ ਨਾਲ ਲੜ ਰਿਹਾ ਹੈ ! ... ਆਪਣੇ ਹੋ ਕੇ ਵੀ, ਇਕ ਦਾ, ਸਭ ਦਾ ਨਹੀਂ ਬਣਿਆ ਜਾਂਦਾ। ਕੇਂਦਰ ਵਿਚ ਜਿਵੇਂ ਕਿਸੇ ਨੇ ਚਾਕੂ ਧਰ ਦਿੱਤਾ ਹੈ। ਸਭ ਕੁਝ ਵਿਕੇਂਦ੍ਰਿਤ ਹੋ ਗਿਆ, ਏਧਰ ਓਧਰ ਖਿੰਡ, ਬਿਖਰ ਗਿਆ ਹੈ ... ਆਪਣੀ ਹੀ ਕਾਰ ਵਿਚ ਵਲਿਆ ਜਿਵੇਂ ਆਪਣੇ ਆਪ ਦੇ ਹੋਣ ਦਾ ਖੋਖਲਾ ਅਹਿਸਾਸ ਤਾਂ ਹੈ, ਪਰ ਆਪਣੇ ਹੀ ਪੁਰਜ਼ੇ ਫੜੇ ਨਹੀਂ ਜਾਂਦੇ ...

ਇਕ ਇਕ ਥਮਲੇ ਉੱਤੇ
ਨਿੱਕੇ ਨਿੱਕੇ ਪੁਲਾਂ ਦੇ ਟੋਟੇ, ਅਸੀਂ—
ਨਾ ਉਸ ਪਾਰ ਦੀ ਚਿੰਤਾ,
ਨਾ ਇਸ ਪਾਰ ਦਾ ਗ਼ਮ ..."

"ਵਾਹ ! ਕਯਾ ਬਾਤ ਹੈ !"

ਉਹ ਤਾੜੀ ਮਾਰ ਕੇ ਹੱਸੀ ਤੇ ਗੱਲ ਜਾਰੀ ਰੱਖਦੀ ਹੋਈ ਬੋਲੀ :

"ਇਕੱਲ ਦਾ ਇਸ ਕਦਰ ਖੰਡਨ ਤੇ ਫਿਰ ਇਸੇ ਇਕੱਲ ਦਾ ਫਲਸਫੀਕਰਨ। ਜਵਾਬ ਨਹੀਂ। ਸਿਆਣਿਆਂ ਦੀ ਸਫ਼ ਵਿਚ ਇਕ ਹੋਰ ਕਮਲਾ। ਕਮਲਿਆਂ ਦੀ ਸਫ਼ ਵਿਚ ਇਕ ਹੋਰ ਪਹੁੰਚਿਆ ਹੋਇਆ !...ਸ਼ਾਇਦ ਇਸੇ ਲਈ ਮੈਂ ਇਹ ਕਾਰ ਤੋੜੀ ਹੈ।

ਮੇਰੀ ਇਕੱਲ, ਮੇਰੀ ਬੇਗਾਨਗੀ ਨੂੰ ਤੂੰ ਆਪਣੀ ਅਪਣੱਤ ਨਾਲ ਆਪਣੀ ਬਣਾ ਲੈ ... ਇਸ ਦਾ ਫਲਸਫੀਕਰਨ ਕਰ ਦੇ ! ... ਤੇ ਫਿਰ ਰਲ ਕੇ ਅਸੀਂ ਦੋਵੇਂ ਇਕ ਨਵੇਂ ਸੰਸਾਰ ਦੇ, ਮੁੱਢੋਂ ਸੁੱਢੋਂ, ਨਵੇਂ ਨਿਰਮਾਣ ਦੇ ਸਫ਼ਰ ਉੱਤੇ ਤੁਰ ਪਈਏ ... ਤੁਰਦੇ ਰਹੀਏ ... ਆਦਿ-ਕਾਲ, ਅਨੰਤ ਕਾਲ ..."

ਇਹ ਕਹਿ ਕੇ ਉਹ ਮੇਰੀਆਂ ਬਾਹਾਂ ਵਿਚ ਸਮਾ ਗਈ। ਮੇਰੇ ਹੋਠ ਉਸ ਦੇ ਮੱਥੇ ਉੱਤੇ ਦਹਿਕਦੇ ਅੰਗਾਰਿਆਂ ਵਾਂਗ ਜੰਮ ਗਏ। ਉਹ ਅਹਿਲ, ਅਡੋਲ, ਸ਼ਾਂਤ ਸੀ। ਮੈਂ ਭਖਿਆ, ਤਪਿਆ, ਉਤੇਜਤ। ਇਸ ਤਰ੍ਹਾਂ ਜਿਵੇਂ ਅਸੀਂ ਇਕੋ ਸਥਿਤੀ ਦੇ ਉੱਤਰੀ ਤੇ ਦੱਖਣੀ ਧਰੁੱਵ ਹੋਈਏ।

ਉਸ ਨੇ ਕਈ ਵਾਰੀ ਮੇਰੇ ਉੱਤੇ ਇਹ ਜ਼ੋਰ ਪਾਇਆ ਸੀ ਕਿ ਮੈਂ ਏਥੇ ਹਰ ਮਹੀਨੇ ਹੋਣ ਵਾਲੀ ਪੌਟ-ਲੱਕ ਪਾਰਟੀ ਨੂੰ ਆਪਣੇ ਘਰ ਹੋਸਟ ਕਰਨ ਦੀ ਆਫ਼ਰ ਦਿਆਂ। ਮੇਰਾ ਇਕ ਹੀ ਜਵਾਬ ਕਿ ਮੈਂ ਛੜਾ ਮਲੰਗ, ਕੌਣ ਕਰੇਗਾ ਪ੍ਰਬੰਧ ਤੇ ਕੌਣ ਸਹੇੜੇ ਇਹ ਖਲਜਗਣ ! ਉਸ ਨੇ ਕਿਹਾ :

"ਪ੍ਰਬੰਧ ਕੀ ਕਰਨਾ ਹੈ ? ਤੂੰ ਕੇਵਲ ਕਾਗਜ਼ ਦੀਆਂ ਪਲੇਟਾਂ, ਪਲਾਸਟਕ ਦੇ ਕਾਂਟੇ ਛੁਰੀਆਂ ਤੇ ਗਲਾਸ ...ਕਾਗਜ਼ ਦੇ ਨੈਪਕਿਨ ਹੀ ਤਾਂ ਮੁਹੱਈਆ ਕਰਨੇ ਹਨ। ਆਪਣਾ ਘਰ ਹੀ ਤਾਂ ਆਏ ਮਹਿਮਾਨਾਂ ਨੂੰ ਉਸ ਸ਼ਾਮ ਵਾਸਤੇ ਦੇਣਾ ਹੈ। ਵਾਈਨ, ਸਕਾਚ, ਰਮ, ਵੋਦਕਾ, ਜਿਨ, ਸੌਫਟ ਡਰਿੰਕਸ ਅਤੇ ਖਾਣ ਪੀਣ ਦਾ ਹੋਰ ਸਭ ਸਾਮਾਨ ਤਾਂ ਆਉਣ ਵਾਲਿਆਂ ਨੇ, ਆਪਣੀ ਸਮਰੱਥਾ, ਆਪਣੇ ਟੇਸਟ ਮੁਤਾਬਕ ਆਪਣੇ ਆਪਣੇ ਘਰੋਂ ਖ਼ੁਦ ਲੈ ਕੇ ਆਉਣਾ ਹੈ। ਇਹ ਹੀ ਦਸਤੂਰ ਹੈ ਏਥੇ। ਤੇਰਾ ਘਰ, ਤੂੰ ਮੀਜ਼ਬਾਨ ! ਸਭ ਦਾ ਖਾਣਾ, ਸਭ ਲਈ ਹਾਜ਼ਰ। ਸਭੇ ਮਹਿਮਾਨ ! ਤੂੰ ਮੀਜ਼ਬਾਨੀ ਦਾ ਭਰਮ ਭੋਗ ਕੇ, ਮਹਿਮਾਨੀ ਦਾ ਸੱਚ ਪਾ ਤੇ ਉਹ ਸਭ ਮਹਿਮਾਨੀ ਦਾ ਭਰਮ ਭੋਗ ਕੇ, ਆਪਣੀ ਆਪਣੀ ਮੀਜ਼ਬਾਨੀ, ਆਪਣੇ ਆਪਣੇ ਟੇਸਟ ਦੀਆਂ ਸਿਫ਼ਤਾਂ ਸੁਣਨ ! ਪੌਟ ਲੱਕ (Pot Luck) !"

"ਹਾਂ, ਪੌਟ ਲੱਕ ! ਭਾਂਡੇ ਦੀ ਕਿਸਮਤ !!..."

ਕਹਿ ਕੇ ਮੈਂ ਰੁਕਿਆ ਤੇ ਫਿਰ ਗੱਲ ਅੱਗੇ ਤੋਰੀ : "ਮੈਨੂੰ ਇਹ ਦਸਤੂਰ ਰਾਸ ਨਹੀਂ। ਸਾਡਾ ਦਸਤੂਰ

ਘਰ ਆਏ ਮਹਿਮਾਨ ਨੂੰ ਖਾਣ ਪੀਣ ਲਈ ਆਪਣੇ ਨਾਲ ਕੁਝ ਲੈ ਕੇ ਆਉਣ ਦੀ ਆਗਿਆ ਨਹੀਂ ਦਿੰਦਾ। ਸਗੋਂ ਮਹਿਮਾਨ ਨਿਵਾਜ਼ੀ ਸਾਡਾ ਪਰਮ ਕਰਤੱਵ ਹੈ, ਧੰਨ ਭਾਗ ਹੈ।"

"ਇਹ ਤੂੰ, ਤੁਹਾਡੇ ਸਾਡੇ ਦੇ ਚੱਕਰ ਵਿਚ ਕੀ ਪੈ ਗਿਐਂ ? ਮਨੁੱਖੀ ਕਦਰਾਂ ਕੀਮਤਾਂ ਆਪਣੇ ਵਿਰਸੇ, ਸੱਭਿਆਚਾਰ, ਭਾਸ਼ਾ ਤੇ ਵਿਸ਼ਵਾਸ ਦੇ ਵੱਖ-ਵੱਖ ਆਧਾਰ ਰੱਖਦੀਆਂ ਹੋਈਆਂ ਵੀ—ਇਕੋ ਮਾਨਵਤਾ ਦੀ ਸਾਂਝ ਵਿਚ ਪਰੋਈਆਂ ਹੋਈਆਂ ਹਨ। ਅਨੇਕਤਾ ਵਿਚ ਬੜੀ ਏਕਤਾ ਹੈ। ਹਰ ਕੋਈ ਆਪਣੇ ਰਾਸ਼ਟਰ, ਕੌਮੀ ਤੇ ਨਸਲੀ ਵਿਰਸੇ ਦੀ ਪ੍ਰਥਾ ਅਨੁਸਾਰ ਬੈਸਟ ਡਿਸ਼ ਬਣਾ ਕੇ ਲਿਆਏਗਾ... ਡਰਿੰਕਸ ਲਿਆਏਗਾ... ਤੇਰੇ ਸਭਿਆਚਾਰ ਦੇ ਮੰਚ ਉੱਤੇ, ਤੇਰੇ ਘਰ ਵਿਚ ਸਾਰਾ ਸੰਸਾਰ ਜੁੜ ਜਾਏਗਾ। ਕਾਸਮੋਪਾਲੀਟਨ ਵਾਤਾਵਰਣ ਹੋਵੇਗਾ ਤੇਰੇ ਘਰ ਵਿਚ...ਪੂਰਬ ਤੇ ਪੱਛਮ ਮਿਲਣਗੇ ਏਥੇ ! ਪਤਾ ਹੈ, ਸਾਡੇ ਸਟਾਫ ਦੇ ਤੀਹ ਮੈਂਬਰਾਂ ਦੀਆਂ ਵੀਹ ਕੌਮੀਅਤਾਂ ਹਨ। ਕੀ ਤੂੰ ਆਪਣੇ ਸੰਕੀਰਨ ਚੌਖਟੇ ਵਿਚ ਘੁੱਟ ਕੇ, ਵਿਸ਼ਵਤਾ ਦੇ ਏਸ ਮੇਲੇ ਨੂੰ ਸਾਕਾਰ ਨਹੀਂ ਹੋਣ ਦੇਵੇਂਗਾ ? ਕੀ ਆਪਣੇ ਆਪ ਨੂੰ ਸੰਸਾਰ ਦੀ ਏਸ ਅਮੀਰੀ ਤੋਂ ਵਾਂਜਿਆਂ ਰੱਖੇਂਗਾ ?"

ਮੈਂ ਤਜ਼ਬਜ਼ਬ ਵਿਚ ਸੋਚੀਂ ਪੈ ਗਿਆ ! ਕੁਝ ਬੋਲ ਨਾ ਸਕਿਆ। ਚੁੱਪ ਰਿਹਾ। ਉਹ ਬੋਲੀ:

"ਚੁੱਪ ਵਿਚ ਅੱਧਾ ਰਾਜ਼ੀ ! ਚਿੰਤਾ ਨਾ ਕਰ, ਸਾਰਾ ਪ੍ਰਬੰਧ ਮੈਂ ਆਪੇ ਕਰ ਲਵਾਂਗੀ। ਇਹੋ ਜਿਹੇ ਮੌਕੇ ਰੋਜ਼-ਰੋਜ਼ ਨਹੀਂ ਆਉਂਦੇ ... ਤੂੰ ਆਪ ਹੀ ਤਾਂ ਕਹਿੰਦਾ ਸੈਂ ਕਿ ਅਸੀਂ ਸਭ ਇਕੋ ਸੋਮੇਂ ਤੋਂ ਆਏ ਹੋਏ ਹਾਂ। ਇਕੋ ਵਜੂਦ ਦੇ ਵੱਖ-ਵੱਖ ਅੰਗ ਹਾਂ। ਇਹ ਕੁਝ ਹੀ ਤਾਂ ਤੂੰ ਲਿਖਿਆ ਹੈ—ਆਪਣੀਆਂ ਕੁਝ ਕਵਿਤਾਵਾਂ ਵਿਚ :

ਅੱਕ ਕੱਕੜੀ ਦੇ ਫੰਬੇ ਬਣ ਕੇ,
ਬਿਖਰੇ ਵਿਚ ਹਵਾਵਾਂ।
ਸ੍ਵੈ-ਪਹਿਚਾਣ 'ਚ ਉੱਡੇ, ਭਟਕੇ :
ਦੀਪ, ਦੇਸ਼ ...ਦਿਸ਼ਾਵਾਂ !
ਬਾਹਰੋਂ ਅੰਦਰ, ਅੰਦਰੋਂ ਬਾਹਰ—
ਭਟਕੇ ਚਾਨਣ, ਚਾਨਣ ਦਾ ਪਰਛਾਵਾਂ।

ਹੁਣ ਜਦੋਂ ਇਹ ਭਟਕੇ ਹੋਏ ਫੰਬੇ ਤੇਰੇ ਘਰ ਨੂੰ ਹੀ ਗਲੋਬ ਬਨਾਉਣ ਆ ਰਹੇ ਹਨ, ਤਾਂ ਤੂੰ ਕਿਉਂ ਸੋਚੀਂ ਪੈ ਗਿਐਂ ? ਕਿਉਂ ਚੁੱਪ ਹੈਂ ?"

ਦੂਜੇ ਦਿਨ ਸਕੂਲੇ ਜਾ ਕੇ ਲਿੰਡਾ ਸਿਲਵਰਸਨ ਨੇ ਮੇਰੇ ਵਲੋਂ ਆਪ ਹੀ ਨੋਟਸ ਲਾ ਦਿੱਤਾ ਕਿ ਇਸ ਵਾਰੀ ਪੌਟ-ਲੱਕ ਪਾਰਟੀ ਮੇਰੇ ਘਰ ਹੋਵੇਗੀ। ਫਿਰ ਕੀ ਸੀ, ਉਹ ਚਹਿਕੀ-ਚਹਿਕੀ ਫਿਰ ਰਹੀ ਸੀ ਤੇ ਮੈਂ ਨਜ਼ਰ ਚੁਰਾ ਰਿਹਾ ਵੀ ਲਗਾਤਾਰ ਉਸੇ ਵਲ ਵਿਹੰਦਾ ਰਿਹਾ ਸਾਂ। ਖ਼ੁਸ਼ਬੂ ਵਾਂਗ ਉਹ ਮੇਰੇ ਅੰਦਰ ਬਾਹਰ ਵੱਸ ਗਈ ਸੀ।

ਸੁਣਿਆਂ ਸੀ ਕਿ ਉਹ ਬੜੇ ਦੁਖਾਂਤ ਵਿਚੋਂ ਲੰਘ ਚੁੱਕੀ ਹੈ। ਉਸ ਨੇ ਦੋ ਪਿਆਰ ਕੀਤੇ, ਪਰ ਦੋਵੇਂ ਹੀ ਸਿਰੇ ਨਾ ਚੜ੍ਹੇ। ਸਾਲ, ਦੋ ਸਾਲ ਤਕ ਇਕੱਠੇ ਰਹਿਣ ਦਾ ਨਾਟਕੀ ਸਫ਼ਰ, ਅਸਲੀਅਤ ਦੀ ਪਹਿਚਾਣ, ਭਰਮ-ਖੰਡਨ, ਝਗੜਾ ਤੇ ਫਿਰ ਉਹੀ ਪਰਸ-ਨੈਲਿਟੀ ਕਨਫਲਿਕਟ, ਅਲਹਿਦਗੀ ਤੇ ਤਲਾਕ। ਹੁਣ ਉਸ ਨੇ ਪੱਕੇ ਸੰਬੰਧਾਂ ਤੇ ਵਿਆਹ ਦੀ ਇੱਛਾ ਤਿਆਗ ਦਿੱਤੀ ਸੀ, ਪਰ ਮਰਦਾਂ ਵਿਚ ਉਸ ਦੀ ਦਿਲਚਸਪੀ ਘਟੀ ਨਹੀਂ, ਸਗੋਂ ਵਧੀ ਸੀ। ਰੋਜ਼ ਨਵਾਂ ਮਰਦ, ਰੋਜ਼ ਨਵੀਂ ਸਵੇਰ। ਰੋਜ਼ ਨਵਾਂ ਸੰਗ, ਰੋਜ਼ ਨਵਾਂ ਮੌਸਮ। ਰੋਜ਼ ਨਵਾਂ ਰੰਗ, ਰੋਜ਼ ਨਵਾਂ ਢੰਗ। ਤੇ ਉਹ ਹਰ ਮੌਸਮ, ਹਰ ਸਮੇਂ, ਹਰ ਥਾਂ, ਇਸ ਸਭ ਕੁਝ ਦੇ ਅੰਗ-ਸੰਗ।

ਉਸ ਨੇ ਹਿੱਪੀਆਂ ਵਿਚੋਂ ਸਾਧਾਂ ਦੀ ਭਾਅ ਮਾਰਦਾ ਜੀਵਨ-ਢੰਗ ਅਪਣਾ ਲਿਆ ਸੀ। ਕਿਸੇ ਇਕ ਨੂੰ ਛੱਡ ਕੇ, ਸਭ ਨੂੰ ਅਪਨਾ ਲਿਆ ਸੀ। ਸ਼ਾਇਦ, ਖ਼ੁਦ ਨੂੰ ਪਾ ਲਿਆ ਸੀ। ਉਹ ਹਾਸੇ ਵੰਡਦੀ। ਖਿੜੀ-ਖਿੜੀ

ਰਹਿੰਦੀ। ਕੰਮ ਆਉਣ ਦੇ ਚਾਉ ਨਾਲ ਮਹਿਕਦੀ, ਉਸ ਦੀ ਪਹਿਚਾਣ, ਸਾਡੇ ਤੀਹ ਮੈਂਬਰਾਂ ਦੇ ਸਟਾਫ ਵਿਚ ਆਪਣੇ ਵੱਖਰੇ ਹਸਤਾਖ਼ਰ ਸਥਾਪਤ ਕਰ ਚੁੱਕੀ ਸੀ।

ਮੇਰੇ ਅਨੇਕਾਂ ਕੰਮ, ਮੇਰੇ ਬਿਨਾਂ ਪੁੱਛੇ, ਉਹ ਆਪ ਕਰ ਜਾਂਦੀ ਸੀ। ਮੇਰੇ ਘਰ ਦੀ ਇਕ ਚਾਬੀ ਸਦਾ ਉਸੇ ਕੋਲ ਰਹਿੰਦੀ ਸੀ। ਮੇਰੀ ਗੈਰ-ਹਾਜ਼ਰੀ ਵਿਚ ਉਹ ਘਰ ਦੀ ਸਫਾਈ, ਕੱਪੜਿਆਂ ਦੀ ਧੁਲਾਈ, ਭਾਂਡਿਆਂ ਦੀ ਮੰਜਾਈ ਤੇ ਘਰ ਦੇ ਹੋਰ ਨਿੱਕੇ ਮੋਟੇ ਕੰਮ ਆਪ ਕਰ ਜਾਂਦੀ ਸੀ।

ਇਕ ਦਿਨ ਮੈਂ ਇਤਰਾਜ਼ ਕਰਦਿਆਂ ਪੁੱਛਿਆ :

"ਇਹ ਸਭ ਕਿਉਂ ?"

ਉਹ ਬੋਲੀ :

"ਬਈ, ਮੈਨੂੰ ਪਤਾ ਹੈ ਕਿ ਤੇਰੇ ਮੁਲਕ ਦੇ ਦਸਤੂਰ ਮੁਤਾਬਕ ਮਰਦ, ਘਰ ਅਤੇ ਰਸੋਈ ਦੇ ਇਹ ਨਿੱਕੇ ਮੋਟੇ ਕੰਮ ਨਹੀਂ ਕਰਦਾ। ਇਹ ਔਰਤ ਦੇ ਕੰਮ ਹਨ। ਚਾਹੇ ਉਹ ਭੈਣ ਹੋਵੇ, ਮਾਂ, ਪਤਨੀ ਜਾਂ ਸਹੇਲੀ। ਤੂੰ ਮੈਨੂੰ, ਇਨ੍ਹਾਂ ਨਿੱਕੇ-ਨਿੱਕੇ ਕੰਮਾਂ ਲਈ, ਜਿਸ ਰੂਪ ਵਿਚ ਮਰਜ਼ੀ ਹੈ ਸਵੀਕਾਰ ਕਰ ਲੈ। ਤੈਨੂੰ ਤੇਰਾ ਦੇਸ, ਤੇਰਾ ਦਸਤੂਰ ਮਿਲ ਜਾਵੇਗਾ ਅਤੇ ਮੈਨੂੰ ਮੇਰੇ ਮਨ ਦੀ ਸ਼ਾਂਤੀ। ਦੋਹਾਂ ਦੀਆਂ ਇਕੱਲ ਤੇ ਬੇਗਾਨਗੀ ਦੀਆਂ ਦੀਵਾਰਾਂ ਟੁੱਟ ਜਾਣਗੀਆਂ।"

ਇਹ ਆਖ ਕੇ, ਉਹ ਹੱਸ ਪਈ।

ਮੇਰੇ ਉੱਤੇ ਉਸ ਦਾ ਗਲਬਾ ਵੱਧਦਾ ਜਾ ਰਿਹਾ ਸੀ। ਮੈਂ ਉਸ ਨੂੰ ਕਿਸੇ ਗੱਲੋਂ ਵੀ ਇਨਕਾਰ ਕਰਨ ਦੇ ਕਾਬਲ ਨਹੀਂ ਰਿਹਾ ਸਾਂ। ਪਤਾ ਨਹੀਂ, ਸਾਡੇ ਵਿਚਕਾਰ, ਇਹ ਕੈਸਾ ਰਿਸ਼ਤਾ ਉੱਸਰ ਰਿਹਾ ਸੀ। ਨਾ ਵਾਸਨਾ, ਨਾ ਮੋਹ ਅਤੇ ਨਾ ਹੀ ਇਨ੍ਹਾਂ ਤੋਂ ਬੇਮੁਖਤਾ, ਇਨ੍ਹਾਂ ਤੋਂ ਇਨਕਾਰ। ਇਸ ਰਿਸ਼ਤੇ ਨੂੰ ਕੋਈ ਵੀ ਪਰਿਭਾਸ਼ਾ ਰਾਸ ਨਹੀਂ ਸੀ ਆ ਰਹੀ। ਬਸ, ਇਕ ਖਿੱਚ ਜਿਹੀ ਸੀ, ਡੂੰਘੀ, ਘਣੀ ਅਪਣੱਤ ਦੀ। ਗੈਰ-ਹਾਜ਼ਰੀ ਹੁੰਦਿਆਂ ਵੀ ਹਾਜ਼ਰੀ ਦਾ ਅਹਿਸਾਸ ਸੀ। ਫੁੱਲ ਵਿਚ ਮਹਿਕ ਦਾ ਵਾਸ, ਜਿਵੇਂ ਝਰਨੇ ਵਿਚ ਲਹਿਰਾਂ ਦਾ ਸੰਗੀਤ। ਪੌਣ ਜਿਵੇਂ ਵਣ 'ਚੋਂ ਲੰਘ ਜਾਏ। 'ਸਰੱਰ ਸਰ' ਹੋ ਜਾਏ। ਅਤੇ ਚੁੱਪ ਦੇ ਹਰ ਛਿਣ ਵਿਚ, ਫਿਰ ਇਹ ਹੀ 'ਸਰੱਰ ਸਰ' ਵਸ ਜਾਏ।

ਪੌਟ ਲੱਕ ਦਾ ਦਿਨ ਆ ਗਿਆ ! ਇਕ-ਇਕ ਕਰਕੇ ਸਭ ਮਹਿਮਾਨ ਆਏ। ਸਭ ਨੂੰ ਉਸੇ ਨੇ ਹੀ ਰੀਸੀਵ ਕੀਤਾ। ਉਨ੍ਹਾਂ ਦੇ ਕੋਟ ਫੜੇ, ਹੈਂਗਰਾਂ ਉੱਤੇ ਟੰਗੇ। ਡਰਿੰਕਸ ਸਰਵ ਕੀਤੇ। ਖਾਣਾ ਪਰੋਸਿਆ।

ਸਭ ਮਹਿਮਾਨ ਮੇਰੇ ਘਰ ਦੀਆਂ ਰੰਗਦਾਰ ਸਜਾਵਟੀ ਰੌਸ਼ਨੀਆਂ ਦੀ ਤਰਤੀਬ ਅਤੇ ਉਨ੍ਹਾਂ ਦੇ ਕਲਾਤਮਕ ਪੈਟਰਨ ਦੀ ਤਾਰੀਫ਼ ਕਰ ਰਹੇ ਸਨ। ਪੇਂਟਿੰਗਜ਼, ਕੈਂਡਲ ਲਾਈਟਸ ਤੇ ਸਮੁੱਚੇ ਸਜਾਵਟੀ ਮਾਹੌਲ ਦੀ ਰਚਨਾਤਮਕ ਕਲਾ ਦੀ ਤਾਰੀਫ਼ ਕਰਦੇ ਨਹੀਂ ਥੱਕ ਰਹੇ ਸਨ। ਉਨ੍ਹਾਂ ਦੀਆਂ ਤਾਰੀਫ਼ਾਂ ਮੇਰੇ ਅੰਦਰ, ਮੇਰੇ ਘਰ ਦੇ ਅੰਦਰ, ਲਿੰਡਾ ਸਿਲਵਰਸਨ ਦੇ ਭਖ਼ਦੇ, ਮਹਿਕਦੇ, ਧੜਕਦੇ ਅਹਿਸਾਸ ਨੂੰ ਸੁਪ੍ਰਾਣ ਕਰ ਰਹੀਆਂ ਸਨ। ਅੰਦਰ ਬਾਹਰ ਉਸ ਦੀ ਕਲਾ ਸੀ, ਕਲਾ ਦਾ ਪਾਸਾਰਾ ਸੀ।

ਸ਼ਰਾਬ ਪੀਤੀ ਗਈ।

ਭੋਜਨ ਖਾਧਾ ਗਿਆ।

ਸ਼ਰਾਬ ਦਾ ਦੌਰ ਫੇਰ ਸ਼ੁਰੂ ਹੋਇਆ।

ਸੰਗੀਤ ਦੇ ਨਾਲ, ਦਸਤੂਰ ਮੁਤਾਬਕ, ਨ੍ਰਿਤ ਦੀ ਮਹਿਫਲ ਗਰਮ ਹੋਈ। ਜੋੜੇ ਨੱਚ ਰਹੇ ਸਨ। ਜੋ ਬੈਠੇ, ਉਹ ਦਾਦ ਦੇ ਰਹੇ ਸਨ। ਹੋਰ ਪੀ ਰਹੇ ਸਨ। ਆਪਣੀ ਵਾਰੀ ਦੀ ਇੰਤਜ਼ਾਰ ਕਰ ਰਹੇ ਸਨ।

ਉਹ ਵਾਰ-ਵਾਰ ਮੈਨੂੰ ਨਾਚ ਦੀ ਬੇਨਤੀ ਕਰਦੀ ਰਹੀ। ਜਦੋਂ ਅਸੀਂ ਦੋਵੇਂ ਨ੍ਰਿਤ ਕਰਦੇ, ਮਹਿਮਾਨ ਉਚੇਚੀ ਤਾਰੀਫ਼ ਕਰਦੇ, ਤਾਲੀਆਂ ਮਾਰਦੇ। ਤਾਲੀਆਂ ਦੇ ਸ਼ੋਰ ਵਿਚ ਮੈਨੂੰ ਇੰਜ ਜਾਪਦਾ ਜਿਵੇਂ ਸਾਡੇ ਦੋਹਾਂ ਦੇ ਦਿਲ ਦੀ ਧੜਕਨ ਇਕ ਹੋ ਗਈ ਹੋਵੇ।

ਰਾਤ ਦੇ ਬਾਰ੍ਹਾਂ ਵੱਜੇ। ਲੋਕੀਂ ਅਜੇ ਵੀ ਪੀ ਰਹੇ ਸਨ, ਨੱਚ ਰਹੇ ਸਨ। ਦੋ ਵਜੇ ਦੇ ਲਗਪਗ ਲੋਕੀਂ ਘਰੋ ਘਰੀਂ ਜਾਣ ਲੱਗੇ।

ਲੜਖੜਾਉਂਦੇ ਹੋਏ ਕਦਮ, ਉੱਖੜ ਰਹੇ ਸਨ।

ਘਰ ਵਿਚੋਂ ਰੌਣਕਾਂ ਜਾ ਰਹੀਆਂ ਸਨ ਤੇ ਫਿਰ ਇਕ ਇਕ ਕਰਕੇ, ਸਭ ਚਲੇ ਗਏ।

ਮੈਂ ਤੇ ਲਿੰਡਾ ਸਿਲਵਰਸਨ ਰਹਿ ਗਏ ਸਾਂ ਤੇ ਜਾਂ ਮਹਿਫਲ ਦੇ ਸ਼ੋਰ ਦਾ ਮੱਠਾ ਮੱਠਾ ਅਹਿਸਾਸ।

ਸਹਿਕਰਮੀਂ ਕਹਿੰਦੇ ਸਨ ਕਿ ਅੱਜ ਉਨ੍ਹਾਂ ਨੇ ਲਿੰਡਾ ਸਿਲਵਰਸਨ ਨੂੰ ਪਹਿਲੀ ਵਾਰੀ ਏਨਾ ਖ਼ੁਸ਼ ਵੇਖਿਆ ਸੀ। ਮੋਹਨ ਸਿੰਘ ਦੇ ਸ਼ਬਦਾਂ ਵਿਚ ਮਹਿਮਾਨਾਂ ਦਾ ਖ਼ਿਆਲ ਸੀ ਕਿ : "ਕੁਝ ਹੋਰ ਹੀ ਹੋਵਣ ਵਾਲਾ ਏ, ਐਵੇਂ ਨਹੀਂ ਖਿੱਤੀਆਂ ਘੁੰਮ ਰਹੀਆਂ।"

ਲੜਖੜਾਉਂਦੇ ਕਦਮੀਂ, ਮੈਂ ਉਸ ਵਲ ਵਧਿਆ। ਉਹ ਬੋਲੀ :

"ਕਿਉਂ ? ਵਸ ਗਿਆ ਨਾ ਸੰਸਾਰ, ਤੇਰੇ ਦਸਤੂਰ ਦੇ ਮੰਚ ਉੱਤੇ।"

ਮੈਂ ਕਿਹਾ :

"ਅੱਜ, ਮੈਂ ਬੜਾ ਉਦਾਸ ਹੋ ਗਿਆ ਹਾਂ। ਖ਼ੁਸ਼ੀ ਤੋਂ ਬਾਅਦ ਇਹ ਕਿਹੀ ਉਦਾਸੀ ਹੈ ? ... ਤੂੰ, ਸਾਰੀ ਦੁਨੀਆਂ ਮੈਨੂੰ ਦੇ ਕੇ, ਮੇਰੇ ਅੰਦਰ ਵਸਦੇ ਮੇਰੇ ਦੇਸ਼, ਦੇਸ਼ ਦੇ ਲੋਕ, ਮਿੱਤਰ, ਰਿਸ਼ਤੇਦਾਰ, ਤੇ ਉਨ੍ਹਾਂ ਦਾ ਵਿਛੋੜਾ, ਉਨ੍ਹਾਂ ਦੀ ਅਣਹੋਂਦ ਦਾ ਅਹਿਸਾਸ ਮੇਰੇ ਅੰਦਰ ਇਕ ਖ਼ਲਾਅ, ਇਕ ਸੁੰਨ, ਇਕ ਦਰਦ ਵਾਂਗ ਜਗਾ ਦਿੱਤਾ ਹੈ। ਮੇਰਾ ਬਾਪ, ਮੇਰੀ ਮਾਂ, ਭੈਣ, ਭਰਾ ... ਮੈਨੂੰ ਸਭ ਅੱਜ ਬਹੁਤ ਯਾਦ ਆ ਰਹੇ ਹਨ।"

ਮੇਰੀਆਂ ਭਰੀਆਂ, ਛਲਕਦੀਆਂ ਅੱਖਾਂ ਨੂੰ ਵੇਖ ਕੇ ਉਸ ਨੇ ਮੈਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ। ਆਪਣੇ ਨਾਲ ਸੋਫੇ ਉੱਤੇ ਬਿਠਾ ਲਿਆ ਤੇ ਕਹਿਣ ਲੱਗੀ:

"ਸਭ ਰਿਸ਼ਤੇ, ਉਨ੍ਹਾਂ ਦੀ ਦੂਰੀ, ਤੇ ਨੇੜਤਾ ... ਇਹ ਸਭ ਕੁਝ ਮਨ ਦੀ ਉਪਜ ਹੈ। ਏਥੋਂ ਹੀ ਸਭ ਕੁਝ ਸ਼ੁਰੂ ਹੁੰਦਾ ਹੈ ਤੇ ਏਥੇ ਹੀ ਖ਼ਤਮ ਹੋ ਜਾਂਦਾ ਹੈ। ਕਦੇ ਮੈਂ ਵੀ ਇਹ ਹੀ ਸਮਝਿਆ ਸੀ ਕਿ ਇਹ ਵਸਤੂ-ਪੱਧਰ ਉੱਤੇ ਹੀ ਵਿਚਰਦੇ ਹਨ। ਇਸੇ ਲਈ ਮੈਂ ਭਟਕੀ। ਦੋ ਮਰਦਾਂ ਵਿਚ ਆਪਣਾ ਤਨ ਮਨ ਲੁਟਾ ਕੇ, ਖ਼ਾਲੀ ਹੋ ਕੇ ... ਭਿੱਜੀਆਂ ਅੱਖਾਂ ਤੇ ਸੱਖਣੇ ਮਨ ਨਾਲ ਇਕੱਲ ਦੀ ਦੀਵਾਰ ਤੇ ਬੇਗਾਨਗੀ ਦੇ ਦਰਦ ਵਿਚ ਘਿਰੀ, ਮੁੜ ਆਪਣੇ ਆਪ ਵਲ ਪਰਤੀ ਸਾਂ ... ਬੜਾ ਰੋਈ ਸਾਂ। ਜਾਪਦਾ ਸੀ, ਜਿਵੇਂ ਤਨ ਮਨ ਇਕ ਮਹੀਨ ਜਿਹਾ ਪਰਦਾ ਹੋਵੇ, ਤੇ ਇਸ ਵਿਚ ਆਰ ਪਾਰ ਸੂਈਆਂ ਨਾਲ ਕਿਸੇ ਨੇ ਏਨੇ ਛੇਕ ਕਰ ਦਿੱਤੇ ਹੋਣ, ਕਿ ਮੈਂ ਆਪਣੇ ਆਪ ਲਈ, ਇਨ੍ਹਾਂ ਛੇਕਾਂ 'ਚੋਂ ਪ੍ਰਗਟ, ਇਕ ਖੁੱਲ੍ਹੀ ਪੁਸਤਕ ਹੋਵਾਂ।"

ਮੈਂ ਉਸ ਨੂੰ ਘੁੱਟ ਕੇ ਆਪਣੇ ਨਾਲ ਲਾ ਲਿਆ। ਮੇਰੇ ਹੋਠ ਉਸ ਵਲ ਵਧੇ। ਮੇਰੀਆਂ ਅੱਖਾਂ ਵਿਚ ਉਸ ਨੇ ਤ੍ਰਿਸ਼ਨਾ ਦੇ ਸ਼ਰਾਰੇ ਜਿਹੇ ਮਚਦੇ ਵੇਖੇ। ਉਸਦੀਆਂ ਅੱਖਾਂ ਵਿਚ ਮੈਨੂੰ ਘਬਰਾਹਟ ਤੇ ਦੁਬਿਧਾ ਜਿਹੀ ਨਜ਼ਰ ਆਈ। ਉਹ ਬੋਲੀ :

"ਨਹੀਂ, ਇਹ ਠੀਕ ਨਹੀਂ।"

ਮੈਂ ਕਿਹਾ :

"ਤੇਰਾ ਤੇ ਮੇਰਾ ਇਹ ਰਿਸ਼ਤਾ ਅਧੂਰਾ ਕਿਉਂ ਰਹੇ ? ਤੂੰ ਮੇਰੇ ਰੋਮ-ਰੋਮ ਵਿਚ ਵੱਸੀ ਹੋਈ ਹੈਂ। ਏਸ ਰਿਸ਼ਤੇ ਦਾ ਇਕ ਪੱਖ, ਜੋ ਅਧੂਰਾ ਹੈ, ਉਹ ਹੀ ਮੇਰਾ ਪੌਟ-ਲੱਕ ਹੈ। ਇਸ ਤੋਂ ਬਿਨਾਂ ਇਹ ਮਹਿਫਲ, ਇਹ ਰੰਗ ... ਇਹ ਸਭ ਕੁਝ ਅਧੂਰਾ ਹੈ।"

ਉਹ ਬੋਲੀ :

"ਕੁਝ ਵੀ ਅਧੂਰਾ ਜਾਂ ਪੂਰਾ ਨਹੀਂ। ਇਹ ਕੇਵਲ ਮਨ, ਦਿਲ, ਦਿਮਾਗ ਦੀ ਕਲਪਨਾ, ਅਹਿਸਾਸ ਤੇ ਖ਼ਿਆਲ ਹੈ।"

"ਫਿਰ, ਤੂੰ ਮੇਰੇ ਵਲ ਏਸ ਹੱਦ ਤਕ ਕਿਉਂ ਵਧੀ ? ਮੇਰੇ ਅੰਦਰ ਜਨਮ-ਜਨਮ ਦੇ ਪਿਆਸੇ ਇਹ ਹੋਠ, ਇਹ ਦੀਵੇ ਕਿਉਂ ਬਾਲ ਧਰੇ ? ਮੇਰੇ ਤਨ ਮਨ ਵਿਚ ਇਕ ਖੋਹ ਜਿਹੀ ਕਿਉਂ ਭਰ ਦਿੱਤੀ ?"

"ਇਸ ਸਭ ਕੁਝ ਨੂੰ ਹਰ ਮਨੁੱਖ, ਹਰ ਇਸਤਰੀ ਵਿਚ ਵੰਡ ਦੇ, ਵਾਸ਼ਨਾ ਤੋਂ ਮੁਕਤ ਹੋ ਕੇ। ਤਾਂ ਹੀ ਤੇਰਾ ਪੂਰਨ ਆਜ਼ਾਦੀ ਤੇ ਸੁੰਦਰ ਜ਼ਿੰਦਗੀ ਦਾ ਸੁਫਨਾ ਪੂਰਾ ਹੋ ਸਕੇਗਾ।"

"ਨਹੀਂ ਲਿੰਡਾ ! ਇਹ ਸਭ ਕੁਝ ਮੇਰੇ ਵੱਸ ਵਿਚ ਨਹੀਂ ਹੈ। ਇਸ ਸਮੇਂ ਮੈਨੂੰ ਕੇਵਲ ਤੇਰੀ ਭੁੱਖ ਹੈ, ਤੇਰੀ ਤੇਹ ਹੈ, ਤੇਰੀ ਖੋਹ ਹੈ। ਮੇਰੇ ਇਸ ਛਿਣ ਦਾ ਲਟ-ਲਟ ਮਚਦਾ ਸੱਚ ਤੂੰ ਹੈ। ਮੇਰਾ ਰੋਮ-ਰੋਮ ਪਿਆਸਾ ਹੈ।"

ਮੈਂ ਉਸ ਨੂੰ ਫੇਰ ਆਪਣੀਆਂ ਬਾਹਾਂ ਵਿਚ ਘੁੱਟ ਲਿਆ। ਉਸ ਦੇ ਹੋਠ ਚੁੰਮ ਲਏ।

ਆਪਣੀ ਸਾਰੀ ਦੇਹ ਮੇਰੀਆਂ ਬਾਹਾਂ ਵਿਚ ਢਿੱਲੀ ਛੱਡਦੀ ਹੋਈ ਉਹ ਬੋਲੀ :

"ਠੀਕ ਹੈ ! ਜੇ ਤੈਨੂੰ ਮੇਰੇ ਕੋਲੋਂ ਇਹ ਕੁਝ ਹੀ ਚਾਹੀਦਾ ਹੈ, ਤਾਂ ਹਾਜ਼ਰ ਹੈ।"

ਉਸ ਨੇ ਆਪਣੀ ਸਾਰੀ ਕਸ਼ਿਸ਼ ਜਿਵੇਂ ਇਨ੍ਹਾਂ ਬੋਲਾਂ ਨਾਲ ਵਾਪਸ ਖਿੱਚ ਲਈ ਹੋਵੇ :

"ਉਂਜ ਤੈਨੂੰ ਇਹ ਸਭ ਕੁਝ ਕਿਸੇ ਵੇਸਵਾ ਕੋਲੋਂ ਵੀ ਮਿਲ ਸਕਦਾ ਹੈ। ਸੰਭੋਗ ਵਿਚ, ਜਦੋਂ ਪਤਨੀ ਵੀ ਬਰਾਬਰ ਦੀ ਸ਼ਰੀਕ ਨਾ ਹੋਵੇ, ਤਾਂ ਵੇਸਵਾ ਬਣ ਜਾਂਦੀ ਹੈ। ਮੇਰੀ ਮਾਨਸਕ ਸ਼ਮੂਲੀਅਤ ਬਿਨਾ ..."

ਮੈਂ ਉਸ ਦੀ ਗੱਲ ਵਿਚੋਂ ਹੀ ਟੁਕਦੇ ਹੋਇਆਂ ਦਲੀਲ ਦਿੱਤੀ :

"ਫਿਰ ਤੂੰ ਕਬਜ਼ੇ ਦੀ ਗੱਲ ਕਿਉਂ ਕੀਤੀ ?"

"ਮੈਂ ਮਨੁੱਖਾ ਮਨ ਦੀ ਪਛਾਣ ਅਤੇ ਅਪਣੱਤ ਦੇ ਅਧਾਰ ਨੂੰ ਕਬਜ਼ੇ ਦਾ ਸੁਧਰਿਆ ਹੋਇਆ ਰੂਪ ਸਮਝਦੀ ਹਾਂ।"

"ਏਸ ਤਜਰਬੇ ਲਈ ਤੂੰ ਮੇਰੀ ਹੀ ਚੋਣ ਕਿਉਂ ਕੀਤੀ ? ਕੀ ਲੋੜ ਪਈ ਸੀ ਤੈਨੂੰ ਮੇਰੇ ਘਰ ਦੇ ਚੱਪੇ-ਚੱਪੇ ਵਿਚ ਵੱਸਣ ਦੀ ? ਕੀ ਕਾਰਨ ਸੀ ਤੇਰੇ ਕੋਲ ਮੇਰੇ ਸਾਰੇ ਵਜੂਦ ਦੇ ਆਧਾਰ ਨੂੰ ਹਿਲਾ ਦੇਣ ਦਾ?"

"ਤੂੰ ਬੜਾ ਸਿੱਧਾ, ਸਾਦਾ, ਪਿਆਰਾ ਅਤੇ ਕਮਲਾ ਹੈਂ। ਇਸੇ ਲਈ। ਮੈਨੂੰ ਤੇਰੇ ਨਾਲ ਅੰਤਾਂ ਦਾ ਪਿਆਰ ਹੈ। ਇਹ ਜੋ ਵਾਸ਼ਨਾ ਦੇ ਰਿਸ਼ਤੇ ਦੀ ਅਦਾਕਾਰੀ ਤੂੰ ਕੀਤੀ ਹੈ, ਮੈਂ ਇਸ ਪਿਛਲੇ ਸੱਚ ਨੂੰ ਵੀ ਜਾਣਦੀ ਹਾਂ। ਵੇਖ, ਤੂੰ ਵਜ੍ਹਾ ਪੁੱਛੀ ਸੀ ... ਮੈਂ ਤੈਨੂੰ ਸਵਾਲ ਪੁੱਛਦੀ ਹਾਂ : ਕੀ ਇਨਸਾਨੀ ਰਿਸ਼ਤਾ ਕਾਇਮ ਕਰਨ ਲਈ ਵੀ ਕੋਈ ਵਜ੍ਹਾ ਚਾਹੀਦੀ ਹੈ ? ਕੀ ਬਣੇਗਾ ਏਸ ਦੁਨੀਆਂ ਦਾ, ਜੇ ਅਸੀਂ ਇਹ ਵਜ੍ਹਾ ਹੀ ਢੂੰਡਦੇ ਰਹੇ ? ਅਸੀਂ ਇਹ ਵਜ੍ਹਾ ਢੂੰਡਦੇ ਰਹਾਂਗੇ ਤੇ ਲੋਕ ਪ੍ਰਮਾਣੂ ਹਥਿਆਰਾਂ ਦੇ ਭੱਠ ਵਿਚ, ਝੋਂਕ ਕੇ, ਇਹ ਸਾਰਾ ਸੰਸਾਰ ਹੀ ਖ਼ਤਮ ਕਰ ਦੇਣਗੇ, ਜ਼ਿੰਦਗੀ ਦਾ ਨਾਮੋ-ਨਿਸ਼ਾਨ ਹੀ ਮਿਟਾ ਦੇਣਗੇ। ਪੌਟ-ਲੱਕ ਵਿਚ ਜਦੋਂ ਮੈਂ ਸਭ ਧਰਮਾਂ, ਨਸਲਾਂ, ਰੰਗਾਂ, ਵਾਦਾਂ, ਵਿਸ਼ਵਾਸਾਂ ਦੇ ਮਨੁੱਖਾਂ ਨੂੰ ਇੰਜ ਇਕੱਠਿਆਂ ਖਾਂਦਿਆਂ, ਪੀਂਦਿਆਂ, ਗਾਉਂਦਿਆਂ, ਨੱਚਦਿਆਂ, ਜ਼ਿੰਦਗੀ ਦੇ ਸੂਖਮ ਭੇਦਾਂ ਦਾ ਅਨੰਦ ਮਾਣਦਿਆਂ ਵੇਖਦੀ ਹਾਂ ਤਾਂ ਬਾਵਜੂਦ ਵਰਤਮਾਨ ਸੰਕਟਾਂ, ਵਾਦਾਂ, ਵਿਵਾਦਾਂ, ਨਿੱਕੀਆਂ, ਵੱਡੀਆਂ, ਠੰਡੀਆਂ ਤੇ ਗਰਮ ਜੰਗਾਂ ਦੇ ਵੀ—ਮੇਰਾ, ਸਮੁੱਚੀ ਜ਼ਿੰਦਗੀ ਅਤੇ ਇਨਸਾਨੀਅਤ ਤੇ ਇਸ ਦੇ ਸ਼ਾਂਤਮਈ ਉੱਜਲੇ ਭਵਿੱਖ ਵਿਚ ਵਿਸ਼ਵਾਸ ਪੱਕਾ ਹੁੰਦਾ ਹੈ। ਮੌਤ, ਮੈਨੂੰ ਹਾਰਦੀ ਜਾਪਦੀ ਹੈ। ਦੁੱਖਾਂ ਦਾ ਅੰਤ ਨਜ਼ਰ ਆਉਂਦਾ ਹੈ। ਸਭ ਪਾਸੇ ਪਾੜੇ ਤੇ ਨਫ਼ਰਤਾਂ ਦਾ ਨਾਸ ਹੁੰਦਾ ਦਿਖਾਈ ਦਿੰਦਾ ਹੈ। ਇਹ ਨਿੱਕੀਆਂ-ਨਿੱਕੀਆਂ ਘਟਨਾਵਾਂ, ਮੇਰੇ ਨਿੱਕੇ-ਨਿੱਕੇ ਸੁਫਨੇ ਹੀ ਤਾਂ ਹਨ, ਵੱਡੇ-ਵੱਡੇ ਸੱਚ ਨੂੰ ਸਾਕਾਰ ਕਰਨ ਲਈ। ਇਨ੍ਹਾਂ 'ਚੋਂ ਮੈਨੂੰ ਸੁੰਦਰਤਾ, ਪਿਆਰ ਤੇ ਅਪਣੱਤ ਦਾ ਹਰ ਪਾਸੇ ਪਾਸਾਰ ਹੁੰਦਾ ਨਜ਼ਰੀਂ ਪੈਂਦਾ ਹੈ।"

ਉਹ ਭਾਵੁਕ ਹੋ ਗਈ ਸੀ। ਮੇਰੇ ਨਾਲ ਘੁੱਟ ਕੇ ਜੁੜ ਗਈ ਸੀ। ਉਸਦੀਆਂ ਬਾਹਾਂ ਦੀ ਵਲਗਣ ਮੇਰੇ ਦੁਆਲੇ ਹੋਰ ਘੁਟੀਂਦੀ ਜਾ ਰਹੀ ਸੀ। ਮੈਂ ਵੇਖਿਆ ਕਿ ਇਕ ਅਜਿਹੇ ਹੀ ਸੁੰਦਰ, ਪਿਆਰੇ ਅਤੇ ਅਪਣੱਤ ਭਰੇ ਸੰਸਾਰ ਦਾ ਸੁਫਨਾ ਉਸਦੀਆਂ ਅੱਖਾਂ ਵਿਚ ਜਗਮਗ-ਜਗਮਗ ਕਰ ਰਿਹਾ ਸੀ। ਉਸ ਦੀ ਜ਼ਬਾਨ

ਚੁੱਪ ਦੇ ਉਸ ਸਿਖਰ ਉੱਤੇ ਪਹੁੰਚ ਕੇ ਰੁਕ ਗਈ ਸੀ, ਜਿਥੇ ਅਦਿਸ, ਸਦਿਸ ਬਣ ਜਾਂਦਾ ਹੈ ਅਤੇ ਮੌਨ ਵਿਚੋਂ ਝਰਨਿਆਂ, ਪੌਣਾਂ ਤੇ ਖ਼ੁਸ਼ਬੂਆਂ ਦਾ ਮਧੁਰ ਸੰਗੀਤ ਝਰਨ ਲੱਗ ਪੈਂਦਾ ਹੈ ... ਰੋਮ-ਰੋਮ 'ਚੋਂ ਰੋਮ-ਰੋਮ ਵੱਲ ...

ਉਸ ਨੇ ਪੰਖੜੀਆਂ ਵਾਂਗ ਲਰਜ਼ਦੇ ਆਪਣੇ ਦੋਵੇਂ ਹੋਠ ਮੇਰਿਆਂ ਹੋਠਾਂ ਉੱਤੇ ਰੱਖ ਦਿੱਤੇ ਅਤੇ ਮੈਨੂੰ ਆਪਣੇ ਹੋਰ ਵੀ ਨੇੜੇ ਘੁਟਦੀ ਹੋਈ ਕਹਿਣ ਲੱਗੀ :

"ਲੈ ਜੇ ਤੈਨੂੰ ਆਪਣੇ ਆਪ ਉੱਤੇ ਵੀ ਭਰੋਸਾ ਨਹੀਂ, ਤਾਂ ਇਹ ਲਿੰਡਾ ਕੀ, ਉਸ ਅੰਦਰਲੇ ਇਸ ਸਾਰੇ ਸੰਸਾਰ ਦਾ ਸੁਫਨਾ ਵੀ ਮੈਂ ਅੱਜ ਤੇਰੇ ਹਵਾਲੇ ਕਰ ਦੇਣਾ ਹੈ।"

ਲਿੰਡਾ ਸਿਲਵਰਸਨ ਦਾ ਪਿਆਰ ਤੇ ਉਸ ਉੱਤੇ ਕਬਜ਼ੇ ਦੀ ਭਾਵਨਾ ਮੈਨੂੰ ਐਡੇ ਵੱਡੇ ਫਰਜ਼ ਦੇ ਅਹਿਸਾਸ ਅਤੇ ਉਸ ਦੀ ਅਦਾਇਗੀ ਵਲ ਪ੍ਰੇਰਿਤ ਕਰੇਗੀ, ਉਸ ਸਮੇਂ, ਮੈਨੂੰ ਏਸ ਗੱਲ ਦਾ ਗਿਆਨ ਵੀ ਨਹੀਂ ਸੀ।

# ਸ਼ਹੀਦ ਦੀ ਮਾਂ

ਲੋਕ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰ ਰਹੇ ਸਨ। ਅਜੇ ਤਾਂ ਸਮਾਂ ਕੌਰ ਦੇ ਪੁੱਤਰ ਦਾ ਸਿਵਾ ਵੀ ਠੰਡਾ ਨਹੀਂ ਸੀ ਹੋਇਆ ਤੇ ਉਹ ਇਹ ਕੀ ਕਾਰਾ ਕਰ ਬੈਠੀ ਸੀ। ਪੁੱਤਰ ਵੀ ਜਵਾਨ ਜਹਾਨ। ਭਲਾ ਏਸ ਤਰ੍ਹਾਂ ਵੀ ਕੋਈ ਕਰਦਾ ਹੈ।

ਪੁਲਿਸ ਨੇ ਸੂਰਜ ਦੀ ਲਾਸ਼ ਪਿੰਡ ਲਿਆ ਕੇ ਵੱਡੇ ਚੌਕ ਵਿਚ ਧਰ ਦਿੱਤੀ ਸੀ। ਡੌਂਡੀ ਪਿਟਵਾ ਕੇ ਸਾਰੇ ਪਿੰਡ ਨੂੰ ਇਕੱਠਾ ਕੀਤਾ ਸੀ। ਸਭ ਨੂੰ ਦੱਸਿਆ ਸੀ ਕਿ ਉਹ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਸੀ। ਉਂਜ ਸਾਰੇ ਜਾਣਦੇ ਸਨ ਕਿ ਇਹ ਸੱਚ ਨਹੀਂ। ਉਸ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ। ਉਸ ਦੀ ਦੇਹ ਛਲਣੀ-ਛਲਣੀ ਕਰ ਦਿੱਤੀ ਗਈ ਸੀ। ਉਸ ਉੱਤੇ ਅੰਤਾਂ ਦਾ ਤਸ਼ੱਦਦ ਕੀਤਾ ਗਿਆ ਸੀ ਤੇ ਜਦੋਂ ਸੂਰਜ ਨੇ ਆਪਣੇ ਹੋਰ ਜੁਝਾਰੂ ਸਾਥੀਆਂ ਦੇ ਨਾਮ ਦੱਸਣ ਤੋਂ ਇਨਕਾਰ ਕਰ ਦਿੱਤਾ, ਤਾਂ ਹੋਰ ਕੋਈ ਚਾਰਾ ਚਲਦਾ ਨਾ ਵੇਖ ਕੇ ਲੋਕਾਂ ਨੂੰ ਤੇ ਐਸੇ ਹੀ ਹੋਰ ਸਿਰਫਿਰੇ ਨੌਜਵਾਨਾਂ ਨੂੰ ਸਬਕ ਸਿਖਾਉਣ ਲਈ ਉਨ੍ਹਾਂ ਨੇ ਉਸ ਦੀ ਦੇਹ ਛਲਣੀ-ਛਲਣੀ ਕਰ ਦਿੱਤੀ ਸੀ।

ਸਮਾਂ ਕੌਰ ਨੇ ਕੋਈ ਵੈਣ ਨਾ ਪਾਇਆ। ਉਸ ਦੀਆਂ ਅੱਖਾਂ ਦੇ ਸਾਰੇ ਦੇ ਸਾਰੇ ਹੰਝੂ ਜਿਵੇਂ ਸੁੱਕ ਗਏ ਸਨ। ਉਸ ਨੇ ਪੁੱਤਰ ਦੀ ਲਾਸ਼ ਨੂੰ ਗਲਵਕੜੀ ਵਿਚ ਲਿਆ। ਉਸ ਦਾ ਜ਼ਖ਼ਮੀ ਮੱਥਾ ਚੁੰਮਿਆ ਤੇ ਫੇਰ ਉਸ ਦਾ ਦਾਹ ਸਸਕਾਰ ਕਰ ਦਿੱਤਾ।

ਸਮਾਂ ਕੌਰ ਵਿਧਵਾ ਸੀ। ਉਸ ਦਾ ਪਤੀ ਜਾਗੀਰਦਾਰਾਂ ਦਾ ਮੁਜ਼ਾਰਾ ਸੀ। ਉਹ ਜਾਗੀਰਦਾਰਾਂ ਦੀ ਅੱਖ ਵਿਚ ਰੜਕਦਾ ਸੀ। ਅਣਖ ਵਾਲਾ ਜੋ ਸੀ ! ਜਾਗੀਰਦਾਰਾਂ ਦੇ ਲੱਖ ਕਹਿਣ ’ਤੇ ਵੀ ਉਹ ਉਨ੍ਹਾਂ ਦੀ ਜ਼ਮੀਨ ਦਾ ਕਬਜ਼ਾ ਨਹੀਂ ਸੀ ਛੱਡਦਾ। ਨਵੇਂ ਕਾਨੂੰਨ ਮੁਤਾਬਕ ਉਹ ਠੀਕ ਸੀ। ਪਰ ਜਾਗੀਰਦਾਰਾਂ ਨੂੰ ਆਪਣੀ ਸਰਦਾਰੀ, ਪਹੁੰਚ ਅਤੇ ਸ਼ਕਤੀ ਦਾ ਨਸ਼ਾ ਸੀ। ਇਕ ਦੋ ਵਾਰ ‘ਮੈਂ ਮੈਂ, ਤੂੰ ਤੂੰ’ ਵੀ ਹੋਈ। ਸਮਾਂ ਕੌਰ ਦੇ ਪਤੀ ਨੇ ਤਾਂ ਭਰੇ ਚੌਕ ਵਿਚ ਵੱਡੇ ਜਾਗੀਰਦਾਰ ਨੂੰ ਧੌਣੋਂ ਫੜ ਲਿਆ ਸੀ। ਜਾਗੀਰਦਾਰ ਨੂੰ ਕੀ ਹੱਕ ਸੀ ਕਿ ਉਹ ਉਸ ਨੂੰ ਮਾਂ, ਭੈਣ ਦੀ ਗਾਲ੍ਹ ਕੱਢੇ। ਗੰਦ ਬਕੇ।

ਜਾਗੀਰਦਾਰ ਦੀ ਪੱਗ ਲੱਥ ਗਈ ਸੀ। ਉਹ ਧਰਤੀ ’ਤੇ ਚਿੱਤ ਪਿਆ ਸੀ। ਲੋਕਾਂ ਨੇ ਵਿਚ ਪੈ ਕੇ ਗੱਲ ਰਫ਼ਾ ਦਫ਼ਾ ਕਰਵਾ ਦਿੱਤੀ। ਪਰ ਅਜਿਹੀਆਂ ਗੱਲਾਂ ਵੀ ਕਿਤੇ ਰਫ਼ਾ ਦਫ਼ਾ ਹੁੰਦੀਆਂ ਹਨ। ਇਹ ਤਾਂ ਸੂਲ ਬਣ ਕੇ ਸਦਾ ਲਈ ਜ਼ਿਹਨ ਵਿਚ ਖੁੱਭ ਜਾਂਦੀਆਂ ਹਨ। ਨਜ਼ਰ ਵਿਚ ਰੜਕਦੀਆਂ ਹਨ ਤੇ ਦਿਲਾਂ ਵਿਚ ਤਿੱਖੇ ਫਾਲੇ ਨਾਲ ਡੂੰਘਾ ਪਾੜ ਪਾ ਜਾਂਦੀਆਂ ਹਨ। ਬੰਦਾ ਮਿਟ ਜਾਂਦਾ ਹੈ, ਇਹ ਪਾੜ ਨਹੀਂ ਮਿਟਦਾ।

ਜਾਗੀਰਦਾਰਾਂ ਨੇ ਸਮਾਂ ਕੌਰ ਦੇ ਪਤੀ ਨੂੰ ਭਾੜੇ ਦੇ ਕਾਤਲਾਂ ਕੋਲੋਂ ਕਤਲ ਕਰਵਾ ਦਿੱਤਾ ਸੀ। ਸਾਰਾ ਪਿੰਡ ਜਾਣਦਾ ਸੀ। ਪਰ ਸਬੂਤ ਕੋਈ ਨਹੀਂ ਸੀ, ਬੋਲਦਾ ਕੋਈ ਨਹੀਂ ਸੀ। ਤਕੜੇ ਨਾਲ ਮੱਥਾ ਲਾਉਣ ਦਾ ਹੌਂਸਲਾ ਕਿਸੇ ਵਿਚ ਨਹੀਂ ਸੀ। ਜਾਗੀਰਦਾਰਾਂ ਨੇ ਜੋ ਅੱਤਿਆਚਾਰ ਤੇ ਅਨਿਆਂ ਆਪਣੇ ਮੁਜ਼ਾਰਿਆਂ ਨਾਲ ਕੀਤਾ ਸੀ, ਭੰਗੀਆਂ ਕਮੀਣਾਂ ਨਾਲ ਕੀਤਾ ਸੀ, ਉਹ ਕਿਸੇ ਤੋਂ ਗੁੱਝਾ ਨਹੀਂ ਸੀ।

ਚੰਗੇ ਬਣਨ ਲਈ, ਉਨ੍ਹਾਂ ਨੇ ਜ਼ਮੀਨ ਸਮਾਂ ਕੌਰ ਤੇ ਉਸ ਦੇ ਪੁੱਤਰ ਸੂਰਜ ਕੋਲ ਹੀ ਰਹਿਣ ਦਿੱਤੀ ਸੀ ਵਾਹੀ ਵਾਸਤੇ। ਸਮਾਂ ਕੌਰ ਸਭ ਜਾਣਦੀ ਸੀ। ਵਿੱਚੇ ਵਿਚ ਪੀ ਗਈ ਤੇ ਉਸ ਨੇ ਆਪਣੇ ਪੁੱਤਰ ਸੂਰਜ ਨੂੰ ਉਸੇ ਦਿਨ ਤੋਂ ਸੂਰਮਾ ਪੁੱਤਰ ਬਣਾਉਣਾ ਸ਼ੁਰੂ ਕਰ ਦਿੱਤਾ।

ਇਨ੍ਹਾਂ ਦਿਨਾਂ ਵਿਚ ਹੀ ਪੰਜਾਬ ਵਿਚ ਜੁਝਾਰੂ ਲਹਿਰ ਤੁਰ ਪਈ ਸੀ। ਸੂਰਜ ਵੀ ਮਾਂ ਦੀ ਪ੍ਰੇਰਣਾ ਨਾਲ ਉਨ੍ਹਾਂ ਵਿਚ ਸ਼ਾਮਿਲ ਹੋ ਗਿਆ ਸੀ। ਸੂਰਜ ਦੀਆਂ ਅੱਖਾਂ ਵਿਚ ਨਵੀਆਂ ਸਵੇਰਾਂ ਦੇ ਸੁਫ਼ਨੇ ਸਨ। ਉਸ ਦੀਆਂ ਬਾਹਾਂ ਵਿਚ ਨਵੇਂ ਇਨਕਲਾਬ ਦੀ ਸ਼ਕਤੀ ਸੀ। ਉਸ ਦੇ ਮੱਛੀਆਂ ਫੜਕਾਉਂਦੇ ਡੌਲੇ ਉਸ ਦੇ ਦਿਮਾਗ਼ ਦਾ ਹੌਂਸਲਾ ਸਨ।

ਇਸੇ ਪਿੰਡ ਵਿਚ ਸਭ ਤੋਂ ਪਹਿਲਾਂ ਜਾਗੀਰਦਾਰਾਂ ਦਾ ਕਤਲ ਹੋਇਆ। ਕੋਈ ਸਬੂਤ ਨਹੀਂ ਸੀ। ਫਿਰ ਵੀ ਇਹ ਇਸ਼ਤਿਹਾਰੀ ਕਤਲ ਸੀ। ਵੰਗਾਰ ਕੇ ਕੀਤਾ ਗਿਆ ਸੀ ਅਤੇ ਇਸ ਦੀ ਜ਼ਿੰਮੇਵਾਰੀ ਵੀ ਉਨ੍ਹਾਂ ਸਿਰਲੱਥ ਜੁਝਾਰੂ ਨੌਜਵਾਨਾਂ ਨੇ ਹੀ ਲਈ ਸੀ। ਪਰ ਪੁਲਿਸ ਕਿਸ ਨੂੰ ਫੜੇ ?

ਦੂਸਰਾ ਕਤਲ ਪਿੰਡ ਦੇ ਸ਼ਾਹ ਦਾ ਹੋਇਆ। ਜਿਸ ਨੇ ਸੂਦ-ਦਰ-ਸੂਦ ਲੈ ਕੇ ਪੀੜ੍ਹੀਆਂ ਤਕ ਗਰੀਬਾਂ ਦਾ ਖ਼ੂਨ ਜੋਕ ਵਾਂਗ ਚੂਸਿਆ ਸੀ ... ਤੁਰਦੇ ਫਿਰਦੇ ਜਿਸਮ ਰਹਿਣ ਦਿੱਤੇ ਸਨ। ਉਨ੍ਹਾਂ ਵਿੱਚੋਂ ਜ਼ਿੰਦਗੀ ਦਾ ਚਾਅ ਤੇ ਉਮਾਹ ਚੂਸ ਲਿਆ ਸੀ। ਉਨ੍ਹਾਂ ਉੱਤੇ ਇਕ ਸਦਾ-ਮੁਰਝਾਈ ਉਮਰ ਲੈ ਆਂਦੀ ਸੀ। ਸ਼ਾਹ ਦੇ ਕਤਲ ’ਤੇ ਪਲ ਦੀ ਪਲ ਸਭ ਖ਼ੁਸ਼ ਹੋਏ ਸਨ। ਪਰ ਉਨ੍ਹਾਂ ਨੂੰ ਪਤਾ ਸੀ ਕਿ ਸਥਿਤੀ ਨਹੀਂ ਬਦਲੀ। ਹੁਣ ਸ਼ਾਹ ਦੀ ਥਾਂ ਸ਼ਾਹ ਦਾ ਮੁੰਡਾ ਤੇ ਜਾਗੀਰਦਾਰਾਂ ਦੀ ਥਾਂ ਉਨ੍ਹਾਂ ਦੀ ਔਲਾਦ ਜੋਕਾਂ ਬਣ ਗਏ ਸਨ।

ਸਮਾਂ ਕੌਰ ਨੂੰ ਸੂਰਜ ਤੇ ਉਸ ਦੇ ਸਾਥੀਆਂ ਦੇ ਇਹੋ ਜਿਹੇ ਹੀ ਹੋਰ ਕਾਰਨਾਮੇ ਚੰਗੇ ਲੱਗਦੇ ਸਨ। ਕੋਈ ਤਾਂ ਹੈ ਜੋ ਹੱਕ, ਸੱਚ ਤੇ ਇਨਸਾਫ਼ ਲਈ ਲੜ ਰਿਹਾ ਹੈ। ਉਹ ਸੋਚਦੀ, ਉਹ ਦਿਨ ਦੂਰ ਨਹੀਂ, ਜਦੋਂ ਘਰ, ਘਰ ਵਿਚੋਂ ਇਹ ਅੱਗ ਉੱਠੇਗੀ। ਦਾਵਾਨਲ ਬਣ ਜਾਵੇਗੀ। ਹਰ ਆਤਮਾ ਝੰਜੋੜੀ ਜਾਏਗੀ। ਸੁੱਕੀ ਹੋਈ ਜ਼ਿੰਦਗੀ ਜੋ ਸਦਾ-ਮੁਰਝਾਉਣ ਦੀ ਅਵਸਥਾ ਵਿਚ ਹੈ, ਇਸ ਵਿਚ ਹਲਚਲ ਮਚੇਗੀ। ਇਹ ਨਵੇਂ ਹੌਂਸਲਿਆਂ ਦੇ ਹਾਣ ਦੀ ਬਣੇਗੀ।

ਤੇ ਫਿਰ ਸੂਰਜ ਦੀ ਲਾਸ਼, ਉਸ ਦਾ ਦਾਹ-ਸਸਕਾਰ—ਇਸ ਸਭ ਕੁਝ ਵਿੱਚੋਂ ਵੀ ਸਮਾਂ ਕੌਰ ਜਿਵੇਂ ਸੁਫ਼ਨੇ ਵਾਂਗ ਗੁਜ਼ਰੀ ਹੋਵੇ। ਉਹ ਸਭ ਨੂੰ ਕਹਿੰਦੀ, ਉਸ ਦਾ ਪੁੱਤਰ ਅਮਰ ਹੈ, ਸ਼ਹੀਦ ਹੋਇਆ ਹੈ।

ਪਰ ਲੋਕੀਂ ਹੈਰਾਨ ਸਨ ਕਿ ਸਮਾਂ ਕੌਰ ਨੇ, ਜੋ ਆਪਣੇ ਆਪ ਨੂੰ ਸ਼ਹੀਦ ਦੀ ਮਾਂ ਕਹਿੰਦੀ ਸੀ, ਇਹ ਕਾਰਾ ਕਿਉਂ ਕੀਤਾ ? ਏਸ ਉਮਰੇ ਤੇ ਪੁੱਤਰ ਦੀ ਮੌਤ ਤੋਂ ਛੇਤੀ ਬਾਅਦ ਉਸ ਨੇ ਆਪਣੀ ਚਿੱਟੀ ਚਾਦਰ ਉੱਤੇ ਇਹ ਦਾਗ਼ ਕਿਉਂ ਲਗਵਾ ਲਿਆ ? ਪਿੰਡ ਵਿਚ ਬਣੀ ਬਣਾਈ ਇੱਜ਼ਤ ਉਸ ਨੇ ਮਿੱਟੀ ਵਿਚ ਮਿਲਾ ਦਿੱਤੀ ਸੀ।

ਵੇਲਾ ਸਿੰਘ ਉਨ੍ਹਾਂ ਦੇ ਘਰਾਂ ਵਿੱਚੋਂ ਹੀ ਸਮਾਂ ਕੌਰ ਦਾ ਜੇਠ ਲੱਗਦਾ ਸੀ। ਉਹ ਛੜਾ ਸੀ। ਸ਼ੌਕੀਨ ਸੀ। ਮਜ਼ਬੂਤ ਜੁੱਸੇ ਦਾ ਮਾਲਕ ਸੀ। ਸੂਰਜ ਦੇ ਪਿਤਾ ਦੀ ਮੌਤ ਉਪਰੰਤ ਉਸ ਨੇ ਸਮਾਂ ਕੌਰ ਦੇ ਲੱਖ ਹਾੜੇ ਕੱਢੇ ਕਿ ਉਹ ਉਸ ਦੀ ਹੋ ਜਾਏ। ਵੇਲਾ ਸਿੰਘ ਉਸ ਉੱਤੇ ਚਾਦਰ ਪਾਉਣ ਨੂੰ ਤਿਆਰ ਸੀ। ਉਹ, ਆਨੀ ਬਹਾਨੀ, ਉਸ ਨੂੰ ਰੋਜ਼ ਮਿਲਦਾ ਸੀ। ਸੂਰਜ ਨੂੰ ਪਿਆਰ ਕਰਦਾ, ਉਸ ਨੂੰ ਤੋਹਫ਼ੇ ਤੇ ਲੋੜ ਦੀਆਂ ਚੀਜ਼ਾਂ ਖ਼ਰੀਦ ਦਿੰਦਾ ਸੀ।

ਪਰ ਸਮਾਂ ਕੌਰ ਨੇ ਉਸ ਨੂੰ ਸਦਾ ਹੀ ਨਜ਼ਰ-ਅੰਦਾਜ਼ ਕਰ ਦਿੱਤਾ ਸੀ। ਉਸ ਦੀਆਂ ਨਜ਼ਰਾਂ ਵਿਚ ਤਾਂ ਸੂਰਜ ਹਰ ਰੋਜ਼ ਜਵਾਨ ਹੋ ਰਿਹਾ, ਉਸ ਦਾ ਇਕ ਐਸਾ ਸੁਫ਼ਨਾ ਸੀ, ਜੋ ਹਕੀਕਤ ਬਣਨ ਵਾਲਾ ਸੀ।

ਵੇਲਾ ਸਿੰਘ ਵੀ ਸਿਰੜੀ ਸੀ। ਉਸ ਨੇ ਆਪਣਾ ਸਿਰੜ ਨਾ ਛੱਡਿਆ। ਤੇ ਹੁਣ ਜਦੋਂ ਸੂਰਜ ਨਹੀਂ ਸੀ ਰਿਹਾ ਤਾਂ ਸਮਾਂ ਕੌਰ, ਪੱਕੇ ਹੋਏ ਬੇਰ ਵਾਂਗ, ਆਪ ਵੇਲਾ ਸਿੰਘ ਦੀ ਝੋਲੀ ਵਿਚ ਜਾ ਡਿੱਗੀ ਸੀ। ਉਹ ਨੰਗੇ ਮੂੰਹ ਸਭ ਦੇ ਸਾਮ੍ਹਣੇ ਵੇਲਾ ਸਿੰਘ ਦੀ ਨਿਆਈਆਂ ਨਾਲ ਲੱਗਦੀ, ਬਾਹਰ ਫਿਰਨੀ ’ਤੇ ਬਣੀ ਬੈਠਕ ਵਿਚ ਜਾਂਦੀ ਸੀ। ਲੋਕ ਤਾਂ ਕਹਿੰਦੇ ਸਨ ਕਿ ਉਹ ਸੌਂਦੀ ਵੀ ਉੱਥੇ ਹੀ ਸੀ। ਕੋਈ ਆਖਦਾ ਉਸ ਦਾ ਸਿਰ ਫਿਰ ਗਿਆ ਹੈ। ਪਾਗ਼ਲ ਹੋ ਗਈ ਹੈ। ਪਹਿਲਾਂ ਪਤੀ ਤੇ ਫਿਰ ਪੁੱਤਰ ਦੀ ਮੌਤ ਨੇ ਉਸ ਦੇ ਦਿਮਾਗ਼ ਉੱਤੇ ਡਾਢੀ ਸੱਟ ਮਾਰੀ ਸੀ। ਇਸੇ ਦੁੱਖ ਵਿਚ ਉਹ ਕਮਲੀ ਹੋ ਗਈ ਸੀ। ਵੇਲਾ ਸਿੰਘ ਏਸ ਹਾਲਤ ਦਾ ਫ਼ਾਇਦਾ ਉਠਾ ਕੇ ਬੁੱਲ੍ਹੇ ਵੱਢ ਰਿਹਾ

ਸੀ। ਜਿੰਨੇ ਮੂੰਹ ਉਂਨੀਆਂ ਗੱਲਾਂ। ਸਮਾਂ ਕੌਰ ਨੂੰ ਹੁਣ ਸਭ ਸ਼ਹੀਦ ਦੀ ਮਾਂ ਨਹੀਂ ਸਗੋਂ ਖ਼ਰਾਬ ਔਰਤ ਕਹਿ ਕੇ ਯਾਦ ਕਰਦੇ ਸਨ।

ਉਸ ਦਾ ਪੇਟ ਵੀ ਤਾਂ ਵਧਿਆ ਹੋਇਆ ਸੀ। ਸ਼ਾਇਦ ਉਹ ਮਾਂ ਬਣਨ ਵਾਲੀ ਸੀ। ਘਰ ਘਰ ਉਸ ਦੀ ਗੱਲ ਤੁਰਦੀ ਤਾਂ ਲੋਕ ਜੀਭਾਂ ਟੁੱਕਦੇ, ਤੋਬਾ ਆਖਦੇ। ਕਹਿੰਦੇ, ਇਸ ਨੇ ਤਾਂ ਸ਼ਰਮ ਹਯਾ ਹੀ ਲਾਹ ਛੱਡੀ ਹੈ। ਸਮਾਜ, ਰਿਵਾਜ, ਇੱਜ਼ਤ ਸਭ ਨੂੰ ਖੂਹ ਵਿਚ ਸੁੱਟ ਦਿੱਤਾ ਹੈ।

ਸਮਾਂ ਕੌਰ ਨੂੰ ਇਨ੍ਹਾਂ ਗੱਲਾਂ ਦੀ ਕੋਈ ਪਰਵਾਹ ਨਹੀਂ ਸੀ। ਉਸ ਦੀਆਂ ਅੱਖਾਂ ਵਿਚ ਅਨੋਖਾ ਨੂਰ ਸੀ। ਅੱਜ ਤਾਂ ਉਹ ਖ਼ਾਸ ਤੌਰ ਤੇ ਸਜ-ਧਜ ਕੇ ਵੇਲਾ ਸਿੰਘ ਦੀ ਬੈਠਕ ਵਲ ਗਈ ਸੀ। ਵੇਲਾ ਸਿੰਘ ਵੀ ਜਿਵੇਂ ਉਸ ਨੂੰ ਹੀ ਉਡੀਕ ਰਿਹਾ ਸੀ। ਉਹ ਕਿਸੇ ਦੁਬਿਧਾ ਵਿਚ ਸੀ। ਆਖ਼ਿਰ ਉਸ ਨੇ ਮਨ ਆਈ ਗੱਲ ਆਖ ਹੀ ਦਿੱਤੀ, “ਸਮਾਂ ਕੌਰੇ, ਮੈਨੂੰ ਤਾਂ ਸਿਰਫ਼ ਤੇਰੀ ਚਿੰਤਾ ਹੈ। ਮੇਰੇ ਬਾਅਦ ਤੇਰਾ ਕੀ ਬਣੇਗਾ ?”

“ਸ਼ਹੀਦਾਂ ਦੀਆਂ ਮਾਵਾਂ ਕਦੇ ਰੰਡੀਆਂ ਨਹੀਂ ਹੁੰਦੀਆਂ ਸਰਦਾਰਾ। ਉਹ ਸਦਾ ਸੁਹਾਗਣਾਂ ਹੁੰਦੀਆਂ ਹਨ। ਮੈਂ ਤਾਂ ਕਹਿਨੀ ਆਂ ਏਸ ਦੇਸ਼ ਦੀ ਹਰ ਮਾਂ ਮੇਰੇ ਵਰਗੀ ਹੋਵੇ !”

ਉਹ ਕੁਝ ਦੇਰ ਰੁਕੀ ਤੇ ਫਿਰ ਬੋਲੀ, “ਇਹ ਫੜ ਸ਼ਹੀਦੀ ਪਟਕਾ !”

ਸਮਾਂ ਕੌਰ ਨੇ ਆਪਣੇ ਸੁਰਗਵਾਸੀ ਪੁੱਤਰ ਦੀ ਕੇਸਰੀ ਪੱਗ ਵੇਲਾ ਸਿੰਘ ਨੂੰ ਫੜਾਉਂਦਿਆਂ ਕਿਹਾ, “ਇਸ ਨੂੰ ਸਿਰ ’ਤੇ ਸਜਾ ਤੇ ਔਹ ਫੜ ਉਸ ਦਾ ਪਸਤੌਲ।” ਵੇਲਾ ਸਿੰਘ ਉਹਦੇ ਵਲ ਬਿਟਰ-ਬਿਟਰ ਵੇਖ ਰਿਹਾ, ਅਵਾਕ ਖੜਾ ਸੀ। ਸਮਾਂ ਕੌਰ ਫੇਰ ਬੋਲੀ, “ਸਰਦਾਰਾ, ਤੇਰੇ ਨਾਲ ਮੈਂ ਆਪਣਾ ਕੌਲ ਨਿਭਾ ਦਿੱਤਾ। ਹੁਣ ਤੇਰੀ ਵਾਰੀ ਆਈ, ਤਾਂ ਤੂੰ ਕਿਉਂ ਬਿਟਰ-ਬਿਟਰ ਝਾਕ ਰਿਹੈਂ ? ਦੁਬਿਧਾ ਵਿਚ ਪਿਐਂ, ਥਿੜਕ ਤਾਂ ਨਹੀਂ ਗਿਆ ਸਰਦਾਰਾ ?”

“ਨਹੀਂ ... ਨਹੀਂ ਤਾਂ ... ਪਰ ... ਚਾਦਰ ਵਾਲਾ ਕੰਮ ਜੇ ਪਹਿਲਾਂ ਹੋ ਜਾਂਦਾ ਤਾਂ ਭਾਈਚਾਰੇ ਵਿਚ ਤੇਰਾ ਵਸੇਬਾ ਹੋ ਜਾਂਦਾ।”

“ਚਾਦਰ ਦਾ ਸਹਾਰਾ ਤਾਂ ਕਮਜ਼ੋਰ ਬੰਦੇ ਲੈਂਦੇ ਆ। ਜਿਨ੍ਹਾਂ ਨੂੰ ਆਪਣੇ ਆਪ ਉੱਤੇ ਭਰੋਸਾ ਨਹੀਂ ਹੁੰਦਾ। ਏਸ ਧਰਤੀ ਮਾਂ ਨੇ ਜਿਨ੍ਹਾਂ ਰਿਸ਼ਤਿਆਂ ਵਿਚ ਮੈਨੂੰ ਬੰਨ੍ਹਿਐਂ, ਉਨ੍ਹਾਂ ਵਿਚ ਕੋਈ ਕਰਮਾਂ ਵਾਲੀ ਈ ਬੱਝਦੀ ਐ।”

ਸਮਾਂ ਕੌਰ ਨੇ ਇਕ ਭਰਪੂਰ ਨਜ਼ਰ ਵੇਲਾ ਸਿੰਘ ਉੱਤੇ ਸੁੱਟੀ ਅਤੇ ਉਸ ਉੱਤੇ ਆਪਣੀ ਗੱਲ ਦਾ ਪ੍ਰਭਾਵ ਵੇਖਦੀ ਹੋਈ ਆਪਣੇ ਵਧੇ ਹੋਏ ਪੇਟ ਵਲ ਇਸ਼ਾਰਾ ਕਰਦੀ ਹੋਈ ਬੋਲੀ, “ਤਕੜਾ ਹੋ ਸਰਦਾਰਾ, ਇਹ ਥਿੜਕਣ ਦਾ ਵੇਲਾ ਨਹੀਂ। ਅਹਿ ਤੇਰੀ ਹੀ ਨਿਸ਼ਾਨੀ ਐ ਨਾ ! ਤੈਥੋਂ ਬਾਅਦ ਮੈਂ ਇਹਨੂੰ ਜੰਮਾਂਗੀ। ਪਾਲਾਂਗੀ। ਤੇਰੇ ਏਸ ਪੁੱਤਰ ਨੂੰ ਵੀ ਮੈਂ ਸੂਰਜ ਪੁੱਤਰ ਵਾਲੀ ਗੁੜ੍ਹਤੀ ਹੀ ਦਿਆਂਗੀ। ਉਸੇ ਰਸਤੇ ’ਤੇ ਤੋਰਾਂਗੀ। ਏਸ ਰਸਤੇ ’ਤੇ ਤੁਰਨ ਵਾਲੇ, ਸਦਾ ਅਗਾਂਹ ਵਲ ਈ ਵੇਖਦੇ ਐ। ਪਿਛਾਂਹ ਨਹੀਂ ਮੁੜਦੇ।”

ਵੇਲਾ ਸਿੰਘ ਅਜੇ ਵੀ ਖ਼ਾਮੋਸ਼ ਸੀ। ਉਸ ਦੇ ਮਨ ਵਿਚ ਜਿਵੇਂ ਸਖ਼ਤ ਜੱਦੋ-ਜਹਿਦ ਚੱਲ ਰਹੀ ਹੋਵੇ। ਪਲ ’ਚ ਏਧਰ, ਪਰ ’ਚ ਓਧਰ ਤੇ ਫਿਰ ਦੁਵੱਲੀ ਖਿੱਚ। ਮਨ ਵਿਚ ਇਕ ਪੀਚਵੀਂ ਗੰਢ।

ਸਮਾਂ ਕੌਰ ਨੇ ਗੱਲ ਜਾਰੀ ਰਖਦਿਆਂ ਕਿਹਾ, “ਮਰਨ ਤੋਂ ਬਾਅਦ, ਜੇ ਮੈਨੂੰ ਇਕ ਹੋਰ ਜਨਮ ਮਿਲੇ, ਤਾਂ ਮੈਂ ਉਸ ਜੀਵਨ ਵਿਚ ਵੀ ਸੂਰਜ ਪੁੱਤਰ ਦੀ ਮਾਂ ਬਣਨਾ ਹੀ ਲੋਚਾਂਗੀ। ... ਤੂੰ ਕਿਹੜੀਆਂ ਸੋਚਾਂ ਵਿਚ ਪੈ ਗਿਆ ! ਆਪਣਾ ਕੌਲ ਨਿਭਾ। ਨਵੀਆਂ ਸਵੇਰਾਂ ਦੇ ਆਸ਼ਕ, ਸਿਰ ਤਲੀਆਂ ਉੱਤੇ ਧਰ ਕੇ, ਤੈਨੂੰ ਉਡੀਕ ਰਹੇ ਆ। ਸੂਰਜ ਨੇ ਉਨ੍ਹਾਂ ਨਾਲ ਜਿੱਥੋਂ ਕੰਮ ਛੱਡਿਆ ਸੀ, ਤੂੰ ਉੱਥੋਂ ਸ਼ੁਰੂ ਕਰ।”

ਸਮਾਂ ਕੌਰ ਦੇ ਦ੍ਰਿੜ੍ਹ ਇਰਾਦੇ ਅਤੇ ਚਿਹਰੇ ਦੇ ਜਲਾਲ ਵਲ ਵੇਖ ਕੇ ਵੇਲਾ ਸਿੰਘ ਦੇ ਦਿਲ, ਦਿਮਾਗ਼, ਮਨ ਤੇ ਸਾਰੇ ਜੁੱਸੇ ਵਿਚ ਜ਼ਿੰਦਗੀ ਦੀ ਇਕ ਨਵੀਂ ਲਹਿਰ ਦੌੜ ਗਈ ਸੀ। ਉਸ ਦਾ ਕਾਇਆ ਕਲਪ ਹੋ ਰਿਹਾ ਸੀ।

ਉਸ ਨੇ ਕੇਸਰੀ ਦਸਤਾਰ ਸਜਾਈ। ਪਸਤੌਲ ਫੜਿਆ ਤੇ ਬੜੇ ਹੌਂਸਲੇ ਨਾਲ, ਸਾਬਤ ਕਦਮੀਂ, ਸਮਾਂ ਕੌਰ ਨੂੰ ਵਿਦਾ ਕਹਿ ਕੇ, ਹਵੇਲੀ ਤੋਂ ਬਾਹਰ ਕਮਾਦ ਦੇ ਖੇਤਾਂ ਵਿਚ ਛੁਪੇ ਬੈਠੇ ਸੂਰਜ ਦੇ ਸਾਥੀਆਂ ਵਿਚ ਸ਼ਾਮਿਲ ਹੋਣ ਲਈ ਤੁਰ ਪਿਆ।

# ਪੈੱਟ ਕਲਚਰ

ਬਾਲਗ਼ ਹੋਣ ਉਪਰੰਤ ਕੈਨੇਡਾ ਦੀ ਇਮੀਗਰੇਸ਼ਨ ਲੈਣ ਅਤੇ ਪੱਕੇ ਤੌਰ ਉੱਤੇ ਏਥੇ ਟਿਕਣ ਦਾ ਇਕੋ ਇਕ ਰਸਤਾ ਸੀ ਅਰੇਂਜਡ ਮੈਰਿਜ। ਇਹ ਰਸਤਾ ਹੀ ਭੂਪਿੰਦਰ ਦੇ ਭਰਾ, ਜੋ ਏਥੇ ਸਿਟੀ ਐਂਜੀਨੀਅਰ ਸੀ, ਨੇ ਉਸ ਲਈ ਵਰਤਿਆ ਸੀ। ਪੰਜਾਬ ਯੂਨੀਵਰਸਿਟੀ ਤੋਂ ਮਨੋਵਿਗਿਆਨ ਦੀ ਐੱਮ.ਏ. ਕਰਨ ਉਪਰੰਤ ਭੂਪਿੰਦਰ ਦੇ ਭਰਾ ਨੇ ਉਸ ਦੀ ਆਪਣੀ ਸਾਲੀ ਨਾਲ ਮੰਗਣੀ ਕਰ ਦਿੱਤੀ। ਭੂਪਿੰਦਰ ਦੀ ਹੋਣ ਵਾਲੀ ਪਤਨੀ ਸੰਦੀਪ, ਜਿਸ ਨੂੰ ਏਧਰ ਸਾਰੇ ਸੈਂਡੀ ਕਹਿ ਕੇ ਬੁਲਾਉਂਦੇ ਸਨ, ਏਧਰ ਕੈਨੇਡਾ ਵਿਚ ਹੀ ਜੰਮੀਂ, ਪਲੀ, ਪੜ੍ਹੀ ਅਤੇ ਫਿਰ ਬੁੱਕ ਕੀਪਿੰਗ ਤੇ ਅਕਾਊਂਟਿੰਗ ਦਾ ਕੋਰਸ ਕਰਕੇ ਬੈਂਕ ਦੀ ਨੌਕਰੀ ਕਰ ਰਹੀ ਸੀ।

ਸਾਲ ਛੇ ਮਹੀਨੇ ਭੂਪਿੰਦਰ ਨੇ ਲੁਧਿਆਣੇ ਦੇ ਇਕ ਪ੍ਰਾਈਵੇਟ ਖ਼ਾਲਸਾ ਸੈਕੰਡਰੀ ਸਕੂਲ ਵਿਚ ਨੌਕਰੀ ਕੀਤੀ ਤੇ ਫਿਰ ਇਮੀਗਰੇਸ਼ਨ ਦੀ ਕਾਰਵਾਈ ਪੂਰੀ ਹੋਣ ਉਪਰੰਤ, ਉਸ ਨੂੰ ਲਾੜੇ ਦੇ ਰੂਪ ਵਿਚ ਕੈਨੇਡਾ ਇੰਪੋਰਟ ਕਰ ਲਿਆ ਗਿਆ। ਏਥੇ ਕੋਰਟ ਮੈਰਿਜ ਉਪਰੰਤ ਦੋਸਤਾਂ ਤੇ ਰਿਸ਼ਤੇਦਾਰਾਂ ਦੀ, ਸ਼ਹਿਰ ਦੇ ਸਭ ਤੋਂ ਵਧੀਆ ਭਾਰਤੀ ਹੋਟਲ 'ਰਾਗਾ' ਵਿਚ ਇਕ ਸ਼ਾਨਦਾਰ ਰੀਸੈਪਸ਼ਨ ਹੋਈ ਤੇ ਫਿਰ ਮੀਆਂ ਬੀਵੀ ਇਕ ਬਿਸਤਰ ਤੇ। ਇਹ ਸਭ ਕੁਝ ਏਨੀ ਤੇਜ਼ੀ ਤੇ ਸੋਚੀ ਸਮਝੀ ਯੋਜਨਾ ਅਧੀਨ ਹੋਇਆ ਕਿ ਭੂਪਿੰਦਰ, ਇਸ ਸਭ ਹਲਚਲ ਵਿਚ ਇਕ ਪੁਤਲੀ ਬਣ ਕੇ ਰਹਿ ਗਿਆ। ਉਸ ਲਈ ਸੋਚਣ, ਸਮਝਣ, ਕੋਈ ਰਾਏ ਦੇਣ, ਫ਼ੈਸਲਾ ਕਰਨ ਦੀ ਗੁੰਜਾਇਸ਼ ਹੀ ਨਹੀਂ ਸੀ। ਉਸਦੀਆਂ ਸਾਰੀਆਂ ਡੋਰਾਂ ਕਿਸੇ ਹੋਰ ਦੇ ਹੱਥ ਸਨ। ਕੋਈ ਖਿਚਦਾ, ਉਹ ਹਰਕਤ ਵਿਚ ਆ ਜਾਂਦਾ।

ਸ਼ਾਦੀ ਦਾ ਸਰਟੀਫ਼ਿਕੇਟ ਲੈ ਕੇ, ਨਿਸਚਿਤ ਸਮੇਂ ਦੇ ਅੰਦਰ-ਅੰਦਰ, ਇਮੀਗਰੇਸ਼ਨ ਵਿਭਾਗ ਵਿਚ ਇਮੀਗਰੈਂਟ ਸਟੈਟਸ ਲਈ ਅਰਜ਼ੀ ਦੇਣੀ ਸੀ। ਇਮੀਗਰੇਸ਼ਨ ਦੀਆਂ ਸਭ ਸ਼ਰਤਾਂ ਪੂਰੀਆਂ ਹੋਣ ਉਪਰੰਤ ਉਸ ਦੇ ਪਾਸਪੋਰਟ ਉੱਪਰ ਮੋਹਰ ਲਗਣੀ ਸੀ, ਉਸ ਨੇ ਇਮੀਗਰੈਂਟ ਬਣਨਾ ਸੀ।

ਉਸ ਦੇ ਭਰਾ ਨੇ ਕਿਹਾ, ਇਹ ਕੰਮ ਹੌਲੀ-ਹੌਲੀ ਹੁੰਦਾ ਰਹੇਗਾ। ਉਹ ਆਪੇ ਇਸ ਦਾ ਖ਼ਿਆਲ ਰੱਖੇਗਾ। ਸੈਂਡੀ, ਕਿਉਂਕਿ ਬੈਂਕ ਦੀ ਨੌਕਰੀ ਕਰਦੀ ਸੀ, ਇਸ ਲਈ ਪੱਕੇ ਤੌਰ 'ਤੇ ਘਰ ਖ਼ਰੀਦਣ ਤੋਂ ਪਹਿਲਾਂ ਉਨ੍ਹਾਂ ਨੂੰ ਆਰਜ਼ੀ ਤੌਰ ਤੇ ਕਿਰਾਏ ਉੱਤੇ ਇਕ ਫ਼ਲੈਟ ਲੈ ਦਿੱਤਾ ਗਿਆ ਸੀ। ਭੂਪਿੰਦਰ ਕਿਉਂਕਿ ਕੌਂਸਲਰ ਬਣਨਾ ਚਾਹੁੰਦਾ ਸੀ, ਇਸ ਲਈ ਉਸ ਨੂੰ ਅੱਪ-ਗਰੇਡਿੰਗ ਤੇ ਟਰੇਨਿੰਗ ਵਾਸਤੇ ਯੂਨੀਵਰਸਿਟੀ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਉਹ ਹੁਣ ਪੂਰਨ ਤੌਰ ਉੱਤੇ ਹਰ ਪੱਖੋਂ ਆਪਣੀ ਪਤਨੀ ਉੱਤੇ ਨਿਰਭਰ ਸੀ। ਉਹ ਹੀ ਉਨ੍ਹਾਂ ਦੋਹਾਂ ਜੀਆਂ ਦੇ ਇਸ ਘਰ ਰੂਪੀ ਫ਼ਲੈਟ ਦਾ ਕਮਾਊ ਮਰਦ ਸੀ। ਸੈਂਡੀ ਭੂਪਿੰਦਰ ਨੂੰ ਰੱਖਦੀ ਸੀ।

ਸੈਂਡੀ, ਭੂਪਿੰਦਰ ਨੂੰ ਆਦੇਸ਼ ਵੀ ਮਰਦਾਂ ਵਾਂਗ ਹੀ ਦਿੰਦੀ ਸੀ। ਭੂਪਿੰਦਰ ਨੂੰ ਚਾਹੇ ਅਚਾਹੇ ਹਰ ਗੱਲ ਪੂਰੀ ਕਰਨੀ ਪੈਂਦੀ ਸੀ। ਫਸ ਗਈ ਤਾਂ ਫਟਕਣ ਕੀ। ਸੈਂਡੀ ਕੁਆਰੀ ਨਹੀਂ ਸੀ, ਪਤਾ ਨਹੀਂ ਕਦੋਂ ਦਾ

ਉਹਦਾ ਕੁਆਰ ਭੰਗ ਹੋ ਚੁੱਕਾ ਤੇ ਉਹ ਅਨੰਤ ਤ੍ਰਿਸ਼ਨਾ ਤੇ ਹਿਰਸ ਹਵਸ ਦਾ ਸ਼ਿਕਾਰ, ਇਸ ਸਭ ਕੁਝ ਦੀ ਆਦੀ ਹੋ ਚੁੱਕੀ ਸੀ।

ਉਸ ਨਾਲ ਹਮਬਿਸਤਰੀ ਸਮੇਂ ਪਹਿਲਾਂ ਪਹਿਲ ਭੂਪਿੰਦਰ ਨੂੰ ਬੜੀ ਲਿਜਲਿਜੀ ਜਿਹੀ ਕੱਚਿਆਂਧ ਆਉਂਦੀ ਹੁੰਦੀ ਸੀ। ਉਹ ਆਪਣੇ ਸਗਲੇ ਵਜੂਦ ਨੂੰ ਗਿੱਲਾ-ਗਿੱਲਾ ਸਿੱਲ੍ਹਾ-ਸਿੱਲ੍ਹਾ ਜਿਹਾ ਮਹਿਸੂਸ ਕਰਦਾ। ਬਰਸਾਤ ਵਿਚ ਜਿਵੇਂ ਧਰਤੀ 'ਚੋਂ ਅਨੇਕਾਂ ਗੰਡੋਏ ਬਾਹਰ ਨਿਕਲ ਆਉਂਦੇ ਹਨ। ਉਸ ਨੂੰ ਸੈਂਡੀ ਨਾਲ ਹਮਬਿਸਤਰੀ ਸਮੇਂ ਇੰਜ ਹੀ ਲੱਗਦਾ, ਜਿਵੇਂ ਇਹ ਬਰਸਾਤੀ ਗੰਡੋਏ ਉਸ ਦੇ ਅੰਦਰ ਬਾਹਰ, ਉਸ ਦੇ ਸਗਲੇ ਵਜੂਦ ਉੱਤੇ ਰੀਂਗ ਰਹੇ ਹੋਣ। ਉਸ ਦਾ ਮਨ, ਦਿਲ, ਦਿਮਾਗ਼ ਇਨ੍ਹਾਂ ਗੰਡੋਇਆਂ ਦੀ ਲਿਜਲਿਜੀ ਕਚਿਆਂਦ ਹੇਠ ਬੇਵਸ ਹੋ ਕੇ ਰਹਿ ਜਾਂਦਾ ਤੇ ਉਹ ਇਕ ਚਾਬੀ ਵਾਲੇ ਖਿਡੌਣੇ ਵਾਂਗ ਸੈਂਡੀ ਦੇ ਹੱਥਾਂ ਵਿਚ ਖੇਡਦਾ। ਇਕ ਮੋਮ ਦੇ ਨੱਕ ਵਾਂਗ ਉਹ ਉਸ ਨੂੰ ਜਿਧਰ ਜੀ ਚਾਹੇ ਮੋੜ ਲੈਂਦੀ। ਉਹ ਇਕ ਅਜਿਹਾ ਬਿਜਲਾਣੂ ਵਜੂਦ ਸੀ, ਜਿਸ ਦਾ ਰੀਮੋਟ ਕੰਟਰੋਲ ਸੈਂਡੀ ਦੇ ਹੱਥਾਂ ਵਿਚ ਸੀ। ਉਹ ਸੋਚਦਾ, ਦਿਲ ਦੀ ਸਾਂਝ, ਅੰਦਰ ਦੀ ਪ੍ਰੇਰਣਾ, ਆਪਸੀ ਖਿੱਚ ਅਤੇ ਇਕ ਦੂਜੇ ਪ੍ਰਤੀ ਅਥਾਹ ਪਰੇਮ ਦੀ ਭਾਵਨਾ ਬਿਨਾ ਆਪਣੀ ਪਤਨੀ ਨਾਲ ਕੀਤੀ ਹਮਬਿਸਤਰੀ ਵੇਸਵਾਈ ਤੋਂ ਵੀ ਕਿਤੇ ਵਧ ਗਿਰੀ ਹੋਈ ਗੱਲ ਸੀ, ਪਰ ਉਹ ਕਰੇ ਤਾਂ ਕੀ ਕਰੇ ?

ਸੈਂਡੀ ਨੂੰ ਇਤਰਾਜ਼ ਸੀ ਕਿ ਉਹ ਯੂਨੀਵਰਸਿਟੀ ਤੋਂ ਦੋਸਤਾਂ ਨੂੰ ਕਿਉਂ ਨਾਲ ਲਿਆਉਂਦਾ ਸੀ ? ਇਸ ਗੱਲ ਤੇ ਅਕਸਰ ਉਨ੍ਹਾਂ ਦੀ ਤਕਰਾਰ ਵੀ ਹੋ ਜਾਂਦੀ। ਸੈਂਡੀ ਕਹਿੰਦੀ, "ਇਹ ਲਫ਼ੰਗੇ ਹਨ। ਵਿਹਲੜ, ਰੋਟੀਆਂ ਤੋੜਨ ਆ ਜਾਂਦੇ ਹਨ। ਮੈਨੂੰ ਬਾਦਰ ਕਰਦੇ ਹਨ।"

ਭੂਪਿੰਦਰ ਕਹਿੰਦਾ, "ਇਹ ਮੇਰੇ ਦੋਸਤ ਹਨ, ਦੁਖ ਸੁਖ ਦੇ ਭਾਈਵਾਲ ਹਨ। ਦਿਲਾਂ ਦੇ ਜਾਨੀ ਹਨ।"

"ਬਕਵਾਸ ਹੈ। ਸਭ ਖਾਣ ਦੇ ਯਾਰ ਹਨ। ਪਦਾਰਥਵਾਦੀ ਹਨ। ਸੈਲਫਿਸ਼ ਹਨ। ਇਸ ਰੈਟ-ਰੇਸ ਵਿਚ ਕਿਸ ਨੂੰ ਵਿਹਲ ਹੈ ਕਿ ਵਿਹਲੜਾਂ ਨੂੰ ਅਟੈਂਡ ਕਰੇ। ਏਥੇ ਪੈਸਾ ਹੀ ਸਭ ਦਾ ਰਿਸ਼ਤੇਦਾਰ ਹੈ, ਸਭ ਕੁਝ ਹੈ, ਖ਼ੂਨ ਦਾ ਰਿਸ਼ਤਾ ਹੈ ... ਨਥਿੰਗ ਐਲਸ ਮੈਟਰਜ਼ ... ਮਨੀ ਮੇਕਸ ਦਾ ਮੇਆਰ ਗੋ। ਆਈ ਨੀਡ ਯੂ, ਨਾਟ ਯੂਅਰ ਫਰੈਂਡਜ਼।"

"ਤਾਂ, ਫਿਰ ਤੇਰਾ ਮੇਰਾ ਰਿਸ਼ਤਾ ਨੀਡ ਦਾ, ਲੋੜ ਦਾ ਰਿਸ਼ਤਾ ਹੀ ਹੈ, ਹੋਰ ਕੁਝ ਨਹੀਂ। ਹੋਟਲਾਂ ਵਿਚ ਖਾਣਾ ਤੇ ਫ਼ਲੈਟ ਵਿਚ ਹਮਬਿਸਤਰੀ, ਕੀ ਇਹ ਹੀ ਰਿਸ਼ਤਾ ਹੈ ਸਾਡਾ ? ਇਹ ਸਭ ਕੁਝ ਤਾਂ ਕਿਸੇ ਬਰੌਥਲ ਵਿਚ ਵੀ ਹੋ ਸਕਦਾ ਹੈ।"

ਤੇ ਇੰਜ ਤਕਰਾਰ ਵਧ ਜਾਂਦੀ। ਕੁਝ ਸਮੇਂ ਲਈ ਘਰ ਦੀ ਸ਼ਾਂਤੀ ਭੰਗ ਹੋ ਜਾਂਦੀ। ਫਿਰ ਉਸੇ ਮਸ਼ੀਨੀ ਅੰਦਾਜ਼ ਵਿਚ ਸਭ ਕੁਝ ਆਪੋ ਆਪਣੀ ਥਾਂ ਵਾਪਸ ਮੁੜ ਆਉਂਦਾ ਤੇ ਉਨ੍ਹਾਂ ਦੀ ਜ਼ਿੰਦਗੀ ਦੀ ਰੁਟੀਨ ਤੁਰ ਪੈਂਦੀ। ਏਸ ਗੱਲ ਦਾ ਭੂਪਿੰਦਰ ਨੂੰ ਵੀ ਅਹਿਸਾਸ ਸੀ ਕਿ ਇਹ ਗਰਜ਼ ਤੇ ਨੀਡ ਦਾ ਰਿਸ਼ਤਾ ਹੀ ਸੀ। ਅਜੇ ਉਸ ਨੂੰ ਇਮੀਗਰੇਸ਼ਨ ਵਲੋਂ ਕਲੀਅਰੈਂਸ ਨਹੀਂ ਸੀ ਮਿਲੀ।

ਭੂਪਿੰਦਰ ਨੂੰ ਖਾਣ ਪੀਣ ਦਾ ਬਹੁਤ ਸ਼ੌਕ ਸੀ। ਉਹ ਚਾਹੁੰਦਾ ਸੀ ਕਿ ਹਰ ਰੋਜ਼ ਮੀਟ, ਇਕ ਸਬਜ਼ੀ, ਦਾਲ ਤੇ ਕੋਈ ਮਿੱਠੀ ਚੀਜ਼ ਬਣੇ। ਪਰ ਸੈਂਡੀ ਦੇ ਘਰ ਕਹਾਣੀ ਹੀ ਹੋਰ ਸੀ। ਹਾਂ, ਇਸ ਨੂੰ ਸੈਂਡੀ ਦਾ ਘਰ ਹੀ ਕਿਹਾ ਜਾ ਸਕਦਾ ਸੀ, ਕਿਉਂਕਿ ਭਾਂਡਿਆਂ ਦੀ ਮਾਂਜ ਮੰਜਾਈ ਤੇ ਧੋ ਧੁਆਈ ਵਿਚ ਪੈਣ ਦੀ ਥਾਂ ਏਥੇ ਅਕਸਰ ਪੇਪਰ ਜਾਂ ਪਲਾਸਟਿਕ ਦੇ ਭਾਂਡੇ ਹੀ ਵਰਤੇ ਜਾਂਦੇ ਸਨ। ਖਾਣਾ ਖ਼ਤਮ ਕਰੋ ਤੇ ਸੁੱਟ ਦਿਓ।

ਪੱਕਦਾ ਵੀ ਏਥੇ ਕੀ ਸੀ ? ਲਗਪਗ ਕੁਝ ਨਹੀਂ। ਹਾਟ ਡਾਗਜ਼, ਹੈਮ-ਬਰਗਰਜ਼, ਸੈਂਡਵਿਚਿਜ਼, ਕੈਨਡ ਭੋਜਨ, ਪ੍ਰੋਸੈਸਡ ਤੇ ਪਹਿਲਾਂ ਪੱਕਿਆ ਹੋਇਆ ਫ਼ਰੋਜ਼ਨ ਭੋਜਨ, ਟੀ. ਵੀ. ਡਿਨਰ, ਸੇਬ, ਸੰਤਰੇ, ਜੋ ਏਥੋਂ ਦੀਆਂ ਕੀਮਤਾਂ ਮੁਤਾਬਕ ਏਥੇ ਗੋਂਗਲੂਆਂ ਦੇ ਭਾ ਵਿਕਦੇ ਸਨ ਤੇ ਹੋਰ ਫਲ ! ਫ਼ਰੋਜ਼ਨ ਭੋਜਨ ਦੀ ਐਲਕੈਨ ਪੇਪਰ ਦੀ ਬਣੀ ਟਰੇ ਓਵਨ 'ਚ ਰੱਖ ਕੇ ਗਰਮ ਕਰੋ, ਛਕੋ ਤੇ ਰਹਿੰਦ-ਖੂੰਹਦ ਸਣੇ ਟਰੇ ਗਾਰਬੇਜ਼ ਕੈਨ ਵਿਚ

ਸੁੱਟ ਦਿਓ। ਕਿਸੇ ਸਪਤਾਹ-ਅੰਤ ਉੱਤੇ ਜੇ ਭਾਰਤੀ ਜਾਂ ਪੰਜਾਬੀ ਖਾਣਾ ਬਣਦਾ ਵੀ ਤਾਂ—ਖਾਣਾ ਜੇ ਭੂਪਿੰਦਰ ਬਣਾਉਂਦਾ, ਤਾਂ ਭਾਂਡਿਆਂ ਦੀ ਸਫਾਈ ਸੈਂਡੀ ਕਰਦੀ।

ਇਸੇ ਤਰ੍ਹਾਂ ਹੀ ਘਰ ਦਾ ਹੋਰ ਕੰਮ ਵੰਡ ਲਿਆ ਜਾਂਦਾ। ਲਾਂਡਰੀ ਦਾ ਕੰਮ ਜੇ ਸੈਂਡੀ ਸੰਭਾਲਦੀ, ਤਾਂ ਘਰ ਦੀ ਸਫ਼ਾਈ ਤੇ ਵੈਕੂਅਮ ਕਲੀਨਰ ਦੀ ਵਰਤੋਂ ਭੂਪਿੰਦਰ ਕਰਦਾ।

ਭੂਪਿੰਦਰ ਨੂੰ ਕਈ ਵਾਰੀ ਮਹਿਸੂਸ ਹੁੰਦਾ ਕਿ ਏਥੇ ਕੋਈ ਕਿਸੇ ਲਈ ਕੁਝ ਵੀ ਨਹੀਂ ਸੀ ਕਰਦਾ। ਕੇਵਲ ਆਪਣੇ ਲਈ ਕਰਦਾ ਸੀ। ਜੇ ਤੁਸੀਂ ਕਿਸੇ ਦੀ ਜੂਠੀ ਪਲੇਟ ਧੋ ਦਿੱਤੀ ਹੈ, ਤਾਂ ਕਿਸੇ ਨੇ ਤੁਹਾਡੇ ਲਈ ਖਾਣਾ ਵੀ ਤਾਂ ਪਕਾਇਆ ਸੀ। ਕਿਸੇ ਨੇ ਤੁਹਾਡੇ ਕਪੜੇ ਵੀ ਤਾਂ ਧੋਤੇ ਤੇ ਇਸਤਰੀ ਕੀਤੇ ਸਨ। ਕਿਸੇ ਲਈ ਕੁਝ ਕਰਨ ਦੀ ਇੱਛਾ ਬਦਲੇ ਵਿਚ ਕੁਝ ਕਰਵਾਉਣ ਦੀ ਇੱਛਾ ਨਾਲ ਬੱਝੀ ਹੋਈ ਸੀ। ਕਿਸੇ ਦੇ ਨਿਸ਼ਕਾਮ ਰੂਪ ਵਿਚ, ਕੰਮ ਆਵਣ ਦਾ ਚਾਅ, ਅੰਦਰੂਨੀ ਪ੍ਰੇਰਣਾ, ਖਿੱਚ, ਪਿਆਰ, ਸਤਿਕਾਰ ਤੇ ਘਰ ਵਰਗੀ ਅਪੱਣਤ ਦਾ ਮਾਹੌਲ ਏਥੇ ਦੁਰਲੱਭ ਸੀ। ਭੂਪਿੰਦਰ ਲਈ ਏਸ ਜੀਵਨ-ਸ਼ੈਲੀ ਅਨੁਸਾਰ ਢਲਣਾ, ਪਹਿਲਾਂ ਪਹਿਲਾਂ ਬਹੁਤ ਮੁਸ਼ਕਿਲ ਸੀ।

ਛੜੇ ਛੜਾਂਗ ਵਿਆਹਿਆਂ ਨਾਲੋਂ ਚੰਗੇ ਸਨ। ਨਾ ਆਪ ਕਿਸੇ ਤੇ ਨਿਰਭਰ, ਨਾ ਉਨ੍ਹਾਂ ਤੇ ਕੋਈ ਨਿਰਭਰ। ਏਸ ਅਸਲੀਅਤ ਦਾ ਅਨੁਭਵ ਵੀ ਭੂਪਿੰਦਰ ਨੂੰ ਛੇਤੀ ਹੀ, ਹੱਡੀਂ ਹੰਢਾ ਕੇ ਹੋ ਗਿਆ।

ਘਰ ਦੀ ਤਕਰਾਰ ਅਸਹਿ ਹੋ ਗਈ ਸੀ। ਸੈਂਡੀ ਤੇ ਉਹ ਘਰ ਵਿਚ ਉੱਤਰ ਦੱਖਣ ਬਣੇ ਰਹਿੰਦੇ। ਕਦੇ ਉਹ ਲੇਟ ਪਰਤਦੀ, ਕਦੇ ਉਹ ਸੁਵਖ਼ਤੇ ਉੱਠ ਕੇ ਚਲਿਆ ਜਾਂਦਾ। ਭੂਪਿੰਦਰ ਦੀ ਟਰੇਨਿੰਗ ਪੂਰੀ ਹੋ ਗਈ ਸੀ। 400 ਮੀਲ ਤੇ ਛੋਟੇ ਜਿਹੇ, ਸ਼ਹਿਰ ਵਿਚ ਉਸ ਨੂੰ ਕੌਂਸਲਰ ਦੀ ਨੌਕਰੀ ਮਿਲ ਗਈ ਸੀ। ਉਸ ਨੇ ਬਿਨਾਂ ਕਿਸੇ ਨੂੰ ਦੱਸਿਆਂ ਨੌਕਰੀ ਪ੍ਰਵਾਨ ਕੀਤੀ ਅਤੇ ਜਿਸ ਸੂਟਕੇਸ ਨਾਲ ਭਾਰਤੋਂ ਆਇਆ ਸੀ ਉਸ ਨੂੰ ਲੈ ਕੇ ਹੀ, ਨਵੇਂ ਸ਼ਹਿਰ, ਪ੍ਰਿੰਸ ਜੌਰਜ ਜਾ ਵੱਸਿਆ।

ਟਰੇਨਿੰਗ ਉਹਦੀ ਪੂਰੀ ਹੋ ਚੁੱਕੀ ਸੀ। ਇਮੀਗਰੇਸ਼ਨ ਦਾ ਕੰਮ ਵੀ ਨੇਪਰੇ ਚੜ੍ਹ ਚੁੱਕਾ ਸੀ। ਫਿਰ ਤੂੰ ਕੌਣ ਤੇ ਮੈਂ ਕੌਣ। ਸੈਂਡੀ ਨੂੰ ਵੀ ਕੀ ਫ਼ਰਕ ਪੈਂਦਾ ਸੀ। ਉਹ ਏਥੋਂ ਦੀ ਜੰਮੀ ਪਲੀ ਸੀ। "ਤੂੰ ਨਹੀਂ, ਕੋਈ ਹੋਰ।" ਉਂਜ ਵੀ ਏਥੇ 'ਲਿਵ ਇਨ ਲਵ' ਅਤੇ 'ਸਟੈਂਡ- ਇੰਨ' ਠੋਕੂਆਂ ਦੀ ਕਿਹੜੀ ਕਮੀ ਸੀ। ਉਮਰ ਭਰ ਦੀ ਵਫ਼ਾ ਤੇ ਪਸ਼ੂਆਂ ਵਾਂਗ ਇੱਕੋ ਪੰਜਾਲੀ ਵਿਚ ਜੁਪਦੇ ਰਹਿਣ ਦੀ ਕਿਸ ਨੂੰ ਵਿਹਲ, ਕਿਸ ਨੂੰ ਚਾਅ ਸੀ।

ਨਵੇਂ ਥਾਂ ਆ ਕੇ ਭੂਪਿੰਦਰ ਪਹਿਲਾਂ ਪਹਿਲ ਕੁਝ ਉਦਾਸ ਜਿਹਾ ਰਹਿੰਦਾ ਸੀ। ਆਪਣੇ ਆਪ ਨੂੰ ਜੜ੍ਹ-ਹੀਣ, ਵਿਸ਼ਾਦ-ਗ੍ਰਸਿਤ ਅਤੇ ਇਕੱਲਾ ਇਕੱਲਾ ਮਹਿਸੂਸ ਕਰਦਾ। ਕਦੇ-ਕਦੇ ਉਸ ਦੇ ਭਰਾ, ਭਰਜਾਈ ਤੇ ਸੈਂਡੀ ਦਾ ਫ਼ੋਨ ਆ ਜਾਂਦਾ।

ਉਹ ਆਪਣੇ ਆਪ ਮੂਹਰੇ ਵੇਸਵਾ ਵਾਂਗ ਨੰਗਾ ਸੀ। ਵੇਸਵਾਈ ਹੀ ਹੈ, ਇਮੀਗਰੇਸ਼ਨ ਲੈਣ ਲਈ ਇਸ ਤਰ੍ਹਾਂ ਦੀ ਜ਼ਲੀਲ ਜ਼ਿੰਦਗੀ ਦੇ ਅਨੁਭਵ ਵਿੱਚੋਂ ਗੁਜ਼ਰਨਾ ਜਿਹੋ ਜਿਹੀ ਉਹਨੇ ਸੈਂਡੀ ਨਾਲ ਬਿਤਾਈ ਸੀ। ਇਹ ਹੀ ਨਹੀਂ ਉਹ ਆਪਣੇ ਭਰਾ ਭਰਜਾਈ ਲਈ ਅਹਿਸਾਨ ਫ਼ਰਾਮੋਸ਼ ਬਣ ਗਿਆ ਸੀ ਤੇ ਭਾਰਤ ਵਸਦੇ ਮਾਪਿਆਂ ਵਾਸਤੇ, ਕੰਡੇ ਵਾਂਗ ਰੜਕਦਾ, ਇਕ ਮੌਨ ਮਿਹਣਾ। ਕਦੇ-ਕਦੇ ਉਹ ਮਹਿਸੂਸ ਕਰਦਾ ਸੀ ਕੋਲਾ-ਕੋਲਾ ਹੋਈ ਉਹ ਇਕ ਦਰਾੜੀ ਹੋਈ, ਦਰਾੜਾਂ ਵਿਚ ਪਾਟੀ ਹੋਈ ਧਰਤੀ ਹੈ, ਜਿੱਥੇ ਜੇ ਚਮਕਦਾ ਹੈ ਤਾਂ ਨੌ ਨੇਜ਼ੇ ਦੀ ਵਿੱਥ 'ਤੇ ਕੇਵਲ ਤਿੱਖਾ, ਤੱਤਾ, ਸੂਰਜ ਚਮਕਦਾ ਹੈ। ਮੀਲਾਂ ਤਕ ਕਿਧਰੇ ਬੱਦਲ, ਪਾਣੀ ਦੀ ਕਨਸੋਅ ਤਕ ਨਹੀਂ ਸੀ ਸੁਣੀਦੀ। ਇਸ ਧਰਤੀ 'ਚੋਂ ਕੀ ਮੌਲੇਗਾ ? ਕੇਵਲ ਨਿਰਾਰਥਕਤਾ। ਸ਼ੂਨਯਤਾ। ਨਿਹੋਂਦ।

ਇਨ੍ਹਾਂ ਦਿਨਾਂ 'ਚ ਹੀ ਏਥੇ ਉਸ ਦੀ ਮੁਲਾਕਾਤ ਇਕ ਨਰਸ ਸਾਂਡਰਾ ਨਾਲ ਹੋਈ। ਹੈਲੋ, ਆਪਸੀ ਸੰਵਾਦ, ਵਾਰਤਾਲਾਪ ਵਿਚ ਬਦਲੀ ! ਆਪਸੀ ਗੱਲਬਾਤ, ਤੇ ਇਕ ਦੂਜੇ ਪ੍ਰਤੀ ਪੁੱਛ ਗਿੱਛ, ਸ਼ਾਮ ਦੀਆਂ ਦਾਅਵਤਾਂ ਤੇ ਡੇਟਿੰਗ ਵਿਚ ਬਦਲ ਗਈ। ਇਹ ਦਾਅਵਤਾਂ ਨਾਈਟ ਕਲੱਬਾਂ ਤੇ ਸ਼ਾਨਦਾਰ ਰੈਸਤੋਰਾਨਾਂ 'ਚੋਂ ਗੁਜ਼ਰਦੀਆਂ ਉਨ੍ਹਾਂ ਦੇ ਘਰਾਂ ਦੇ ਲਿਵਿੰਗ ਰੂਮਾਂ 'ਚੋਂ ਹੁੰਦੀਆਂ, ਬੈੱਡ-ਰੂਮਾਂ ਵਿਚ ਪਹੁੰਚ ਗਈਆਂ। ਸਿਨਮਾਂ, ਪਿਕਨਿਕ,

ਹਾਈਕਿੰਗ, ਸਕੀਇੰਗ, ਕੈਂਪਿੰਗ, ਬੋਟਿੰਗ, ਫਿਸ਼ਿੰਗ, ਹੰਟਿੰਗ, ਰੋਲਰ ਸਕੇਟਿੰਗ, ਡਾਨਸਰਸਾਈਜ਼ਿੰਗ ਤੇ ਨਾਟਕ ਚੇਟਕ ਨੇ ਉਸ ਦੀ ਏਸ ਰੁੱਖੀ ਸੁੱਕੀ ਜ਼ਿੰਦਗੀ ਵਿਚ ਜੀਵਨ- ਚਾਅ ਦੀ ਲਹਿਰ ਮੁੜ ਕੇ ਦੌੜਾਈ, ਇਸ ਵਿਚ ਨਵੇਂ ਰੰਗ ਭਰੇ, ਇਸ ਨੂੰ ਨਵੇਂ ਦਿਸਹੱਦੇ ਵਿਖਾਏ ਤੇ ਨਵੇਂ ਸੁਫ਼ਨਿਆਂ ਲਈ ਜੂਝਣ ਦੀ ਪ੍ਰੇਰਣਾ ਦਿੱਤੀ।

ਸਾਂਡਰਾਂ ਤੇ ਉਹ ਇਕੱਠੇ ਮਿਲ ਕੇ ਖਾਣਾ ਬਣਾਉਂਦੇ, ਇਕੱਠੇ ਭਾਂਡੇ ਸਾਫ਼ ਕਰਦੇ ਲਾਂਡਰੀ ਤੇ ਘਰ ਦੀ ਸਫ਼ਾਈ ਦਾ ਕੰਮ ਕਰਦੇ। ਇਕ ਚਾਅ ਜਿਹਾ, ਉਮਾਹ ਜਿਹਾ ਸੀ ਇਕ ਦੂਜੇ ਨਾਲ ਰਲ ਕੇ ਕੰਮ ਕਰਨ ਦਾ, ਇਕ ਦੂਜੇ ਵਿਚ ਭਿੱਜ ਕੇ ਜੀਣ ਦਾ।

ਭੁਪਿੰਦਰ ਇਕ ਐਸਾ ਪੰਛੀ ਸੀ, ਜੋ ਦੂਰ ਆਸਮਾਨਾਂ ਵਿਚ ਉੱਡਦਾ ਸੀ, ਸੁਫ਼ਨੇ ਵਾਂਗ—ਆਲ੍ਹਣੇ ਵਿਚ ਬੈਠਾ ਵੀ ਉਡਾਰੀਆਂ ਲਾਉਂਦਾ ਰਹਿੰਦਾ ਸੀ : ਘਰ ਵਿਚ ਸੁਫ਼ਨੇ ਸਾਕਾਰ ਕਰ ਲੈਂਦਾ। ਹਕੀਕਤਾਂ ਨੂੰ ਅਗਲੇ ਦਿਸਹੱਦਿਆਂ ਦੇ ਸੁਪਨਿਆਂ ਦੇ ਖੰਭ ਲਾ ਦਿੰਦਾ ਅਤੇ ਇੰਜ ਇਹ ਸਿਲਸਿਲਾ ਜਾਰੀ ਰਹਿੰਦਾ। ਤੇ ਉਹ ਅਕਸਰ ਕਹਿੰਦਾ, "ਯਾਰ, ਸਾਡੀਆਂ ਤੀਵੀਆਂ ਵੀ ਕੋਈ ਤੀਵੀਆਂ ਨੇ। ਇਨ੍ਹਾਂ ਨਾਲ ਹਮਬਿਸਤਰੀ ਖੋਤੀ ਦੇ ਖੁਰੀਆਂ ਲਾਉਣ ਵਾਲੀ ਗੱਲ ਹੈ। ਖੱਖਰ ਵਿਚ ਹੱਥ ਦੇਣ ਵਾਲੀ ਗੱਲ ਹੈ। ਵਿਆਹ ਕਰਵਾ ਕੇ ਬੱਚੇ ਜਣ ਕੇ ਵੀ ਜਿਵੇਂ ਹਰ ਰਾਤ ਆਪਣੀ ਪਤਨੀ ਨਾਲ ਬਲਾਤਕਾਰ ਕਰ ਰਹੇ ਹੋਈਏ। ਹਰ ਵਾਰੀ ਮੂੰਹ ਵਿਚ ਉਹੀ ਨੰਨਾ, ਉਹੀ ਦੱਬੀ ਘੁੱਟੀ ਨਾਂਹ ! ਜੀ ਕਰਦਾ ਹੈ, ਤਾਂ ਵੀ ਇਨਕਾਰ। ਨਹੀਂ ਕਰਦਾ, ਤਾਂ ਵੀ ਇਨਕਾਰ। ਤੇ ਫਿਰ ਬਿਸਤਰੇ ਉੱਤੇ ਸੁਰਾਲ ਵਾਂਗ ਲੇਟ ਜਾਂਦੀਆਂ ਹਨ। ਵਜਾ ਲਓ ਵਾਜਾ ! ਸੰਭੋਗ ਦੇ ਇਸ ਕਰਤਾਰੀ ਕਰਮ ਵਿਚ, ਗੋਰੀਆਂ ਵਾਂਗ, ਬਰਾਬਰ ਦੀਆਂ ਭਾਈਵਾਲ ਨਹੀਂ ਬਣਦੀਆਂ, ਹਿੱਸਾ ਨਹੀਂ ਲੈਂਦੀਆਂ। ਸੰਭੋਗ ਦੇ ਆਨੰਦਮਈ ਛਿਣ ਲਈ ਦੋਹਾਂ ਧਿਰਾਂ ਦੀ ਮਾਨਸਕ, ਆਤਮਕ ਤੇ ਜਿਸਮਾਨੀ ਸ਼ਮੂਲੀਅਤ ਜ਼ਰੂਰੀ ਹੈ। ਇਹ ਤਾਂ ਵੀਰਜ ਸਿੰਜਣ ਕੇਂਦਰ ਵਿਚ ਗਾਈਆਂ ਦੇ ਟੀਕਾ ਲਾਉਣ ਵਾਲੀ ਗੱਲ ਹੈ।"

ਐਸੇ ਸਮੇਂ ਹੀ ਜੇ ਛਿੱਟ ਦਾਰੂ ਦੀ ਮੂੰਹ ਨੂੰ ਲੱਗੀ ਹੋਈ ਹੁੰਦੀ ਤਾਂ ਉਹ ਰੰਗ ਵਿਚ ਆ ਕੇ ਚਹਿਕਦਾ ਹੋਇਆ ਕਹਿੰਦਾ, "ਸਾਂਡਰਾ ਹੈ ਨਾ ਸਾਂਡਰਾ ! ਸਗਵੀਂ ਦੀ ਸਗਵੀਂ ਖੁੱਲ੍ਹ ਜਾਂਦੀ ਹੈ ਬਿਸਤਰ ਤੇ। ਰੋਮ ਰੋਮ ਉਸ ਦਾ, ਪਿਆਸੀ, ਜੀਵਤ ਸਿੱਪੀ ਵਾਂਗ ਖੁੱਲ੍ਹਦਾ, ਬੰਦ ਹੁੰਦਾ, ਫਿਰ ਖੁੱਲ੍ਹਦਾ, ਬੰਦ ਹੁੰਦਾ ਹੈ ... ਮਨ, ਮੂੰਹ ਦਿਲ, ਆਤਮਾ, ਅੱਗਾ, ਪਿੱਛਾ, ਪਿੰਡਾਂ, ਲੱਤਾਂ, ਦਿਮਾਗ਼, ਛਾਤੀਆਂ, ਪਟ, ਜੀਭ, ਹੋਂਠ ਸਭ ਖੁੱਲ੍ਹ ਜਾਂਦੇ ਹਨ। ਮੈਨੂੰ ਸਗਲੇ ਸਬੂਤੇ ਨੂੰ ਆਪਣੇ ਆਪ ਵਿਚ ਸਮਾ ਲੈਣ ਲਈ। ਜਿਵੇਂ ਦੋਹਾਂ 'ਚ ਕੋਈ ਅੰਤਰ ਹੀ ਨਾ ਹੋਵੇ। ਸਮੁੰਦਰ ਦੀ ਕਾਂਗ ਪਹਾੜ ਵਾਂਗ ਉੱਚੀ ਉੱਠੇ, ਮਚਲੇ ਤੇ ਫਿਰ ਸਮੁੰਦਰ ਵਿਚ ਹੀ ਸਮਾ ਜਾਵੇ। ਇਹ ਗੋਰੀਆਂ ਸੰਭੋਗ ਵਿਚ ਬਰਾਬਰ ਦੀਆਂ ਸ਼ਰੀਕ ਹੁੰਦੀਆਂ ਹਨ। ਭਾਰਤੀ ਔਰਤਾਂ ਵਾਂਗ ਇਕ-ਰੁਖੀ ਤਾੜੀ ਨਹੀਂ ਵਜਾਉਣੀ ਪੈਂਦੀ। ਇਕ-ਰੁਖਾ ਸੰਵਾਦ ਨਹੀਂ ਰਚਾਉਣਾ ਪੈਂਦਾ। ਗੋਰੀਆਂ ਤਾਂ ਬੁਝੇ ਨੂੰ, ਸੁਲਗਾ ਦੇਂਦੀਆਂ ਹਨ, ਸੁੱਤੇ ਨੂੰ ਜਗਾ ਲੈਂਦੀਆਂ ਹਨ, ਡਿਗੇ ਨੂੰ ਉਠਾ ਲੈਂਦੀਆਂ ਹਨ, ਮਸੋਸੇ ਨੂੰ ਚਮਕਾ, ਚਹਿਕਾ ਲੈਂਦੀਆਂ ਹਨ। ਰੋਮ-ਰੋਮ 'ਚੋਂ ਇੰਦਰੀਆਂ ਜਗਾ ਲੈਂਦੀਆਂ ਹਨ। ਮਨ, ਤਨ, ਦਿਲ, ਦਿਮਾਗ਼ ਸਭ ਇਕਮਿਕ ਹੋ ਜਾਂਦੇ ਹਨ। ਵੇਸਵਾਈ, ਬਲਾਤਾਕਾਰ ਤੇ ਗੁਨਾਹ ਦੇ ਅਹਿਸਾਸ ਲਾਗੇ ਨਹੀਂ ਫਟਕਦੇ। ਤੂਫ਼ਾਨ ਤੋਂ ਬਾਅਦ ਜਿਵੇਂ ਹੋਰ ਤੂਫ਼ਾਨ ਆਵੇ ਤੇ ਫਿਰ ਸਾਗਰ ਡੂੰਘਾ ਸ਼ਾਂਤ ਹੋ ਜਾਵੇ। 'ਅਨੰਦ' ਜਿਵੇਂ ਸ਼ਬਦ ਤੇ ਅਰਥ ਦਾ ਸਾਕਾਰ ਕਰਮ ਬਣ ਜਾਵੇ। ਅਵਸਤੂ ਰੂਪ ਵਿਚ ਹੋਂਦ ਜਿਵੇਂ ਅੰਬਰ ਤੇ ਫੈਲ ਜਾਂਦੀ ਹੈ। ਬਿੰਦੂ ਵਿਚ ਸੁਕੜ ਜਾਂਦੀ ਹੈ। ਲੀਕਾਂ ਬਣਦੀ ਹੈ। ਦਾਇਰੇ ਵਾਹੁੰਦੀ ਹੈ। ਖ਼ਰਾਸ਼ਾਂ ਲਾਉਂਦੀ ਹੈ ਤੇ ਫਿਰ ਅੰਗੂਰੇ ਜ਼ਖ਼ਮਾਂ 'ਚੋਂ ਮਿੱਠੀ-ਮਿੱਠੀ, ਮੱਠੀ-ਮੱਠੀ ਲਹਿਰ ਦਾ ਅਨੰਦ ! ਉਂਗਲਾਂ ਵਾਰ ਵਾਰ ਉਚੇੜਦੀਆਂ, ਉਚੇੜੀ ਜਾਂਦੀਆਂ ਹਨ। ਤਨ ਮਨ ਵਿਚ ਜਿਵੇਂ ਮਧੂ ਮੱਖੀਆਂ ਦੇ ਅਨੇਕਾਂ ਡੰਗ ਖੁੱਭ ਗਏ ਹੋਣ। ਸੁਆਦ, ਸੁਆਦ, ਦਰਦ। ਦਰਦ, ਦਰਦ, ਸੁਆਦ।"

ਤੇ ਫਿਰ ਗੱਲ ਜਾਰੀ ਰਖਦਾ ਹੋਇਆ ਉਹ ਕਹਿੰਦਾ, "ਯਾਰ ! ਮੈਨੂੰ ਤਾਂ ਮੇਰਾ ਬੈਸਟ-ਹਾਫ ਹੁਣ ਮਿਲਿਆ ਹੈ। ਮੈਂ ਅਧੂਰਾ ਜੰਮਿਆਂ ਅਧੂਰਾ ਪਲਿਆ, ਅੱਜ ਸੰਪੂਰਨ ਹੋ ਗਿਆ ਹਾਂ। ਮੈਂ ਸੈਂਡੀ ਨੂੰ ਤਲਾਕ ਦੇ ਕੇ, ਹੁਣ ਸਾਂਡਰਾ ਨਾਲ ਹੀ ਵਿਆਹ ਕਰਵਾਵਾਂਗਾ।"

ਮੈਂ ਕਿਹਾ, "ਕਮਲਿਆ ! ਇਹ ਜੰਗਲੀ ਪੱਛਮ, ਪੱਛਮੀ ਸੱਭਿਅਤਾ ਹੈ। ਪਹਿਲਾਂ ਪਹਿਲ ਸਭ ਇੰਜ ਹੀ ਕਰਦੀਆਂ ਹਨ। ਇਹ ਚਾਰ ਦਿਨਾਂ ਦੀ ਚਾਂਦਨੀ ਹੈ। ਫਿਰ ਤੁਸੀਂ ਨਿੰਬੂ ਵਾਂਗ ਨੁੱਚੜੇ, ਅਕੇਵੇਂ, ਥਕਾਵਟ, ਇਕਾਂਗਿਤਾ ਅਤੇ ਚਾਹੇ ਅਚਾਹੇ ਉਹ ਹੀ ਕਰਮ ਵਾਰ-ਵਾਰ ਦੇ ਘਿਰਾਓ ਵਿਚ; ਘਿਰੇ ਇਕ ਦੂਜੇ ਲਈ ਪ੍ਰਸ਼ਨ-ਚਿੰਨ੍ਹ ਬਣ ਜਾਓਗੇ। ਲੰਮੀਂ ਦੇਰ, ਇਸੇ ਰਫ਼ਤਾਰ ਤੇ ਇਸੇ ਤਰਜ਼ੇ ਜ਼ਿੰਦਗੀ ਅਨੁਸਾਰ, ਇਕੱਠਿਆਂ ਰਹਿ ਕੇ ਇਕ ਦੂਜੇ ਪ੍ਰਤੀ ਨਫ਼ਰਤ ਪਾਲੋਗੇ। ਇਕ ਦੂਜੇ ਤੋਂ ਬਚ ਨਿਕਲਣ ਦਾ ਹਰ ਸੰਭਵ ਰਸਤਾ ਢੂੰਡੋਗੇ। ਸਾਂਡਰਾ ਤੇਰਾ ਰੰਗ, ਤੇਰੀ ਸੱਭਿਅਤਾ, ਤੇਰੀ ਆਜ਼ਾਦ ਹੋਂਦ ਬਿਲਕੁਲ ਸਵੀਕਾਰ ਨਹੀਂ ਕਰੇਗੀ।"

ਭੁਪਿੰਦਰ ਨੇ ਉੱਤਰ ਦਿੱਤਾ, "ਨਹੀਂ ਯਾਰ ! ਇਹ ਲੋਕ ਤਾਂ ਜਾਨਵਰਾਂ ਨੂੰ ਵੀ ਅੰਤਾਂ ਦਾ ਪਿਆਰ ਕਰਦੇ ਹਨ। ਬਿਲਕੁਲ ਇਨਸਾਨਾਂ ਵਾਂਗ। ਸਾਂਡਰਾ ਤਾਂ ਘਰ ਦੇ ਬੂਟਿਆਂ ਨਾਲ ਗੱਲਾਂ ਕਰਦੀ ਹੈ, ਉਨ੍ਹਾਂ ਵਿਚ ਮੌਲਦੀ ਫਿਰਦੀ ਹੈ। ਉਸ ਦੀ ਪਾਲਤੂ ਬਿੱਲੀ ਮੋਨਾ ਨੂੰ ਜੋ ਲਾਡ, ਪਿਆਰ, ਆਦਰ ਤੇ ਸਹੂਲਤਾਂ ਪ੍ਰਾਪਤ ਹਨ, ਉਹ ਸਾਡੇ ਦੇਸ਼ ਵਿਚ ਸ਼ਾਇਦ ਬਹੁ-ਗਿਣਤੀ ਇਨਸਾਨਾਂ ਨੂੰ ਵੀ ਪ੍ਰਾਪਤ ਨਾ ਹੋਣ। ਉਹ ਉਸ ਨੂੰ ਬੱਚਿਆਂ ਵਾਂਗ ਨੁਹਾਉਂਦੀ ਹੈ, ਲਾਡ ਕਰਦੀ ਹੈ, ਖੁਆਉਂਦੀ ਹੈ, ਪਿਆਉਂਦੀ ਹੈ। ਵਧੀਆ ਤੋਂ ਵਧੀਆ ਪੈੱਟ-ਭੋਜਨ ਉਹਦੇ ਵਾਸਤੇ ਲਿਆਉਂਦੀ ਹੈ। ਕਦੇ-ਕਦੇ ਉਸ ਨੂੰ ਕਪੜੇ ਵੀ ਪੁਆਉਂਦੀ ਹੈ। ਮੋਨਾ ਨੂੰ ਚੁੰਮਦੀ ਹੈ, ਚੱਟਦੀ, ਉਸ ਨਾਲ ਗੱਲਾਂ ਕਰਦੀ ਹੈ। ਜਿੱਥੇ ਜਾਂਦੀ ਹੈ—ਕਾਰ ਰਾਹੀਂ, ਹਵਾਈ ਜਹਾਜ਼ ਰਾਹੀਂ—ਉੱਥੇ ਹੀ ਉਸ ਨੂੰ ਆਪਣੇ ਨਾਲ ਲੈ ਕੇ ਜਾਂਦੀ ਹੈ। ਮੋਨਾ ਨੂੰ ਆਪਣੇ ਨਾਲ ਸੁਆਉਂਦੀ ਹੈ। ਹਰ ਵਰ੍ਹੇ ਦੋਸਤਾਂ ਨੂੰ ਸੱਦ ਕੇ, ਉਸ ਦਾ ਜਨਮ-ਦਿਨ ਮਨਾਉਂਦੀ ਹੈ। ਉਸ ਨੇ ਉਸ ਦੀ ਇਨਸ਼ੋਰੈਂਸ ਵੀ ਕਰਵਾਈ ਹੋਈ ਹੈ। ਹਾਦਸੇ ਜਾਂ ਮੌਤ ਦੀ ਸੂਰਤ ਵਿਚ ਮੋਨਾ ਦਾ ਸ਼ਾਨਦਾਰ ਫਿਊਨਰਲ ਅਤੇ ਟੂੰਬ-ਸਟੋਨ ਦੇ ਸ਼ਾਨਦਾਰ ਪ੍ਰਬੰਧ ਲਈ ਉਸ ਨੇ ਵਸੀਅਤ ਲਿਖ ਕੇ ਵੱਖਰੀ ਰਕਮ ਬੈਂਕ ਵਿਚ ਰੱਖੀ ਹੋਈ ਹੈ।

ਬਿੱਲੀ ਵੀ ਉਸ ਨੂੰ ਹੁੰਗਾਰਾ ਦਿੰਦੀ ਹੈ। ਉਸ ਦੇ ਇਸ਼ਾਰੇ, ਉਸ ਦਾ ਹੁਕਮ, ਉਸ ਦੀ ਭਾਵਨਾ, ਉਸ ਦਾ ਮੂਡ—ਸਭ ਕੁਝ ਸਮਝਦੀ ਹੈ। ਸਾਂਡਰਾ ਦੇ ਕੂਲੇ-ਕੂਲੇ, ਦੁੱਧ ਵਿਚ ਘੁਲੇ ਕੇਸਰ ਦੀ ਭਾਅ ਮਾਰਦੇ ਗੋਰੇ ਚਿੱਟੇ ਪੱਟਾਂ ਵਿਚ ਸੁੰਗੜ ਕੇ ਲੇਟ ਜਾਂਦੀ ਹੈ। ਬੂਥੀ ਨਾਲ ਪਿਆਰ ਕਰਦੀ, ਉਸ ਨੂੰ ਸਹਿਲਾਉਂਦੀ, ਜੀਭ ਨਾਲ ਚੁੰਮਦੀ ਤੇ ਚੱਟਦੀ ਹੈ। ਸਾਂਡਰਾ ਦਾ ਹੁਕਮ ਮੰਨਦੀ, ਉਸ ਦੀ ਭਾਸ਼ਾ ਸਮਝਦੀ ਹੈ। ਬੜੀ ਸਮਾਰਟ ਹੈ। ਸਾਂਡਰਾ ਅਕਸਰ ਕਹਿੰਦੀ ਹੈ, "ਇਹ ਬਿੱਲੀ ਤਾਂ ਮੇਰੀ ਜਿੰਦ ਜਾਨ ਹੈ। ਇਹ ਮੇਰੀ ਤੇ ਮੈਂ ਇਹਦੀ। ਅਸੀਂ ਇਕ ਦੂਜੇ ਬਿਨਾਂ ਅਧੂਰੇ ਹਾਂ, ਬਚ ਨਹੀਂ ਸਕਦੇ। ਇਹ ਮੇਰੀ ਆਗਿਆ ਬਿਨਾਂ ਇਕ ਪੈਰ ਨਹੀਂ ਪੁੱਟਦੀ। ਮੈਨੂੰ ਸੁਣਦੀ, ਸਮਝਦੀ ਤੇ ਮੇਰੇ ਹਰ ਹੁਕਮ ਦੀ ਪਾਲਣਾ ਕਰਦੀ ਹੈ—ਗ਼ੁਲਾਮਾਂ ਵਾਂਗ। ਮੇਰੀ ਮਾਰ ਨੂੰ ਵੀ, ਮੇਰੇ ਪਿਆਰ ਵਾਂਗ ਹੀ ਬਰਦਾਸ਼ਤ ਕਰ ਲੈਂਦੀ ਹੈ, ਸੀ ਨਹੀਂ ਕਰਦੀ। ਮੈਂ ਇਸ ਦੀ ਮਾਲਕ ਹਾਂ। ਇਹ ਮੇਰੀ ਸ਼ਕਤੀ ਦਾ ਲੋਹਾ ਮੰਨਦੀ ਹੈ, ਮੇਰੇ ਪਿਆਰ ਦਾ ਦਮ ਭਰਦੀ, ਮੇਰੀ ਈਨ ਮੰਨਦੀ ਹੈ ! ਕੌਣ ਹੋ ਸਕਦਾ ਹੈ, ਇਸ ਜਿਹਾ ਵਫ਼ਾਦਾਰ ? ਤਾਬਿਆਦਾਰ ? ਮੋਮ ਦੇ ਨੱਕ ਤੇ ਪਲਾਸਟੋਥੀਨ ਵਾਂਗ ਜਿੱਧਰ ਮਰਜ਼ੀ ਹੈ ਮੋੜ ਲਓ। ਕੋਈ ਉਜ਼ਰ ਨਹੀਂ। ਜੇ ਆਖਾਂ ਭੋਜਨ ਛੱਡ ਕੇ ਪਰ੍ਹਾਂ ਬੈਠ, ਫ਼ੌਰਨ ਬੈਠ ਜਾਵੇਗੀ। ਮੇਰੇ ਵਲ ਬਿਟਰ-ਬਿਟਰ ਵੇਖੇਗੀ। ਫੰਨੀ ਜਿਹੇ ਇਸ਼ਾਰੇ ਕਰੇਗੀ। ਬੋਲੇਗੀ। ਮੈਨੂੰ ਹਸਾਉਣ, ਖ਼ੁਸ਼ ਕਰਨ ਦਾ ਯਤਨ ਕਰੇਗੀ। ਦੋ ਪੈਰਾਂ ਤੇ ਖੜ੍ਹੀ ਹੋ ਕੇ ਨੱਚੇਗੀ। ਇਹ ਤਾਂ ਇਨਸਾਨਾਂ ਨਾਲੋਂ ਵੀ ਵਧ ਪਿਆਰੀ ਤੇ ਮੇਰੀ ਆਪਣੀ ਹੈ। ਮੇਰੀ ਪਿਆਰੀ ਪਿਆਰੀ ਮੋਨਾ ! ਮੈਂ ਆਪਣੀ ਵਸੀਅਤ ਵਿਚ ਲਿਖ ਦਿੱਤਾ ਹੈ ਕਿ ਮੇਰੀ ਮੌਤ ਉਪਰੰਤ ਮੇਰੀ ਜਾਇਦਾਦ ਦੀ ਮਾਲਕ ਮੋਨਾ ਹੋਵੇਗੀ। ਉਸ ਨੂੰ ਕੋਈ ਚੰਗਾ ਜਿਹਾ ਫੌਸਟਰ ਹੋਮ (ਲੈ-ਪਾਲਕ ਘਰ) ਢੂੰਡ ਕੇ ਲੈ-ਪਾਲਕ ਬਿੱਲੀ ਬਣਾ ਦਿੱਤਾ ਜਾਵੇ। ਉਸ ਨੂੰ ਕੋਈ ਤਕਲੀਫ਼, ਕੋਈ ਤੰਗੀ ਨਾ ਹੋਵੇ। ਸਰਕਾਰ ਵਲੋਂ ਮੋਨਾ ਤੇ ਉਸ ਦੇ ਲੈ-ਪਾਲਕ ਮਾਪਿਆਂ ਦੀ ਦੇਖ ਰੇਖ ਦਾ ਪ੍ਰਬੰਧ ਹੋਵੇ। ਇਕ ਵਾਰੀ ਸਾਂਡਰਾ ਦੀਆਂ ਅਜਿਹੀਆਂ ਗੱਲਾਂ ਸ਼ੁਰੂ ਹੁੰਦੀਆਂ ਹਨ ਤਾਂ ਖ਼ਤਮ ਹੀ ਨਹੀਂ ਹੋਣ ਵਿਚ ਆਉਂਦੀਆਂ।"

ਤੇ ਫਿਰ ਉਹ ਮੈਨੂੰ ਪੂਰੇ ਦਾ ਪੂਰਾ ਪ੍ਰਸ਼ਨ-ਚਿੰਨ੍ਹ ਬਣਿਆ ਪੁੱਛਦਾ, "ਯਾਰ, ਜੋ ਲੋਕ ਜਾਨਵਰਾਂ ਨੂੰ

ਏਨਾ ਪਿਆਰ ਕਰਦੇ ਹਨ, ਉਹ ਇਨਸਾਨਾਂ ਨੂੰ ਨਫ਼ਰਤ ਕਿਵੇਂ ਕਰ ਸਕਦੇ ਹਨ ? ਨਾਲੇ ਸਾਂਡਰਾ ਤਾਂ ਮੈਨੂੰ ਦਿਲੋਂ ਜਾਨ ਤੋਂ ਚਾਹੁੰਦੀ ਹੈ। ਮੇਰੇ ਲਈ ਦੁਨੀਆਂ ਦੀ ਹਰ ਕੁਰਬਾਨੀ ਦੇਣ ਲਈ ਤਿਆਰ ਹੈ। ਉਸ ਨੇ ਮੇਰੇ ਨਾਲ ਵਿਆਹ ਕਰਨ, ਉਮਰ ਭਰ ਦਾ ਸਾਥ ਨਿਭਾਉਣ ਦਾ ਵਾਅਦਾ ਕੀਤਾ ਹੈ। ਉਹ ਅਕਸਰ ਕਹਿੰਦੀ ਹੈ ਕਿ "ਪੱਛਮੀ ਮਰਦ ਚੰਗੇ ਪਤੀ ਨਹੀਂ ਬਣ ਸਕਦੇ, ਇਸ ਦੀ ਉਨ੍ਹਾਂ ਨੂੰ ਆਦਤ ਨਹੀਂ। ਇਨ੍ਹਾਂ ਨੂੰ ਬਚਪਨ ਤੋਂ ਹੀ ਅੱਜ ਇਸ ਨਾਲ, ਕੱਲ੍ਹ ਉਸ ਨਾਲ ਗੁਜ਼ਾਰਨ ਦੀ ਵਾਦੀ ਪੈ ਜਾਂਦੀ ਹੈ। ਇਹ ਵਿਆਹ ਕਰਵਾ ਕੇ ਵੀ ਆਪਣੀ ਪਤਨੀ ਨਾਲ ਬੇਵਫ਼ਾਈ ਕਰਦੇ, ਪਰ ਉਨ੍ਹਾਂ ਤੋਂ ਪੂਰੀ-ਪੂਰੀ ਵਫ਼ਾ ਦੀ ਆਸ ਕਰਦੇ ਹਨ। ਮੇਰੀ ਮਿੱਤਰ ਕ੍ਰਿਸਟੀਨਾ ਨੇ ਇਕ ਪਾਕਿਸਤਾਨੀ ਨਾਲ ਵਿਆਹ ਕਰਵਾਇਆ ਹੈ, ਉਸ ਦੇ ਦੋ ਬੱਚੇ ਹਨ। ਉਹ ਬੜੇ ਖ਼ੁਸ਼ ਹਨ। ਕ੍ਰਿਸਟੀਨਾ ਕਹਿੰਦੀ ਹੈ ਕਿ ਏਸ਼ੀਅਨ ਪਤੀ ਬੜੇ ਵਫ਼ਾਦਾਰ ਹੁੰਦੇ ਹਨ। ਖ਼ਾਸ ਕਰਕੇ ਭਾਰਤੀ, ਤੇ ਉਨ੍ਹਾਂ ਵਿੱਚੋਂ ਪੰਜਾਬੀ ਮੈਨੂੰ ਬਹੁਤ ਪਸੰਦ ਹਨ। ਮੈਂ ਤਾਂ ਜਨਮ ਜਨਮਾਂਤਰਾਂ ਤੋਂ ਹੀ ਜਿਵੇਂ ਤੇਰਾ ਇੰਤਜ਼ਾਰ ਕਰ ਰਹੀ ਸਾਂ।"

ਭੁਪਿੰਦਰ ਮਜ਼ੇ ਵਿਚ ਸੀ। ਸੈਂਡੀ ਤੋਂ ਤਲਾਕ ਲੈ ਕੇ, ਜਾਂ ਉਸ ਨੂੰ ਦੇ ਕੇ, ਉਹ ਸਾਂਡਰਾ ਨਾਲ ਰਸਮੀਂ ਵਿਆਹ ਕਰਵਾਉਣਾ ਅਤੇ ਆਪਣਾ ਘਰ-ਸੰਸਾਰ ਵਸਾਉਣਾ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਦੋ ਵੱਖ ਵੱਖ ਘਰਾਂ ਵਿਚ ਰਹਿਣ ਦੀ ਥਾਂ, ਵਿਆਹ ਉਪਰੰਤ ਉਹ ਇੱਕੋ ਘਰ ਵਿਚ ਰਹਿਣ। ਬਾਲ ਬੱਚੇ ਪੈਦਾ ਕਰਨ ਤੇ ਆਪਣੀ ਦੁਨੀਆਂ ਆਪ ਵਸਾਉਣ।

ਉਸ ਦਿਨ ਉਸ ਨੂੰ ਇਕ ਸੌ ਚਾਰ, ਪੰਜ ਦਾ ਬੁਖ਼ਾਰ ਸੀ। ਦੇਹ ਅੱਗ ਵਾਂਗ ਤਪ ਰਹੀ ਸੀ। ਜਿਸ ਸਕੂਲ ਵਿਚ ਉਹ ਕੌਂਸਲਰ ਲੱਗਾ ਹੋਇਆ ਸੀ, ਉੱਥੋਂ ਸਾਂਡਰਾ ਦਾ ਹਸਪਤਾਲ ਤੇ ਘਰ, ਦੋਵੇਂ ਲਾਗੇ ਸਨ। ਉਸ ਨੇ ਛੁੱਟੀ ਲਈ ਤੇ ਸਾਂਡਰਾ ਕੋਲੋਂ ਚਾਬੀ ਲੈ ਕੇ ਉਸ ਦੇ ਘਰ ਵਲ ਤੁਰ ਪਿਆ। ਅੰਦਰ ਵੜ ਕੇ ਉਸ ਨੇ ਬਿੱਲੀ ਨੂੰ ਹੌਲੀ ਜਿਹੀ ਨੌਡ ਕੀਤਾ, ਕੋਸੇ ਪਾਣੀ ਨਾਲ ਐਂਟੀਬਾਏਔਟਿਕ ਖਾਧੀ, ਕੋਡੀਨ ਵਾਲੀ ਖੰਘ ਦੀ ਦਵਾਈ ਪੀਤੀ ਤੇ ਸੋਫ਼ੇ ਉੱਤੇ ਬੈਠ ਗਿਆ।

ਬੁਖ਼ਾਰ ਦੀ ਘੂਕੀ ਅਤੇ ਦਵਾਈ ਦੇ ਅਸਰ ਨਾਲ ਉਸ ਨੂੰ ਗੂੜ੍ਹੀ ਨੀਂਦਰ ਆ ਰਹੀ ਸੀ। ਅੱਖਾਂ ਜਿਵੇਂ ਮੀਟ ਹੋ ਰਹੀਆਂ ਸਨ, ਬਦੋ-ਬਦੀ। ਦੇਹ ਪਾਲੇ ਨਾਲ ਕੰਬ ਰਹੀ ਸੀ। ਉਹ ਹੌਲੀ-ਹੌਲੀ ਤੁਰਦਾ ਸਾਂਡਰਾ ਦੇ ਡਬਲ ਬੈੱਡ ਵਲ ਵਧਿਆ ਅਤੇ ਰਜ਼ਾਈ ਲੈ ਕੇ ਲੇਟ ਗਿਆ।

ਜਾਗੋਮੀਟੀ ਦੀ ਘੂਕੀ ਵਿਚ ਉਸ ਨੂੰ ਇੰਜ ਲੱਗਾ ਜਿਵੇਂ ਉਸ ਦੇ ਜਿਸਮ ਨੂੰ ਕੋਈ ਨਹੁੰਦਰਾਂ ਨਾਲ ਵਲੂੰਧਰ ਰਿਹਾ ਹੋਵੇ। ਇਹ ਭੁਲੇਖਾ ਨਹੀਂ ਸੀ। ਮੋਨਾ ਨੇ ਉਸ ਦੀ ਨੰਗੀ ਬਾਂਹ 'ਤੇ ਖ਼ਰਾਸ਼ਾਂ ਪਾ ਦਿੱਤੀਆਂ ਸਨ। ਉਹ ਗੁੱਰਾ ਰਹੀ ਸੀ। ਕ੍ਰੋਧ ਵਿਚ ਆਈ ਉਸ ਦੇ ਮੂੰਹ ਵਲ ਵਧ ਰਹੀ ਸੀ। ਛਿਣ ਦੀ ਛਿਣ ਉਸ ਨੂੰ ਇੰਜ ਲੱਗਾ ਜਿਵੇਂ ਕ੍ਰੋਧ ਤੇ ਹਸਦ ਦੀ ਮੂਰਤ ਬਣੀ ਮੋਨਾ, ਸਾਂਡਰਾ ਦੇ ਮੰਜੇ ਉੱਤੇ, ਉਸ ਦਾ ਵਜੂਦ ਬਰਦਾਸ਼ਤ ਨਾ ਕਰ ਰਹੀ ਹੋਵੇ।

ਇਸ ਤੋਂ ਪਹਿਲਾਂ ਕਿ ਉਹ ਉਸਦੀਆਂ ਅੱਖਾਂ ਨੋਚ ਲੈਂਦੀ, ਭੂਪਿੰਦਰ ਨੇ ਉਸ ਨੂੰ ਫ਼ਰਸ਼ 'ਤੇ ਪਟਕਾ ਮਾਰਿਆ। ਗੁੱਸੇ ਵਿਚ ਆ ਕੇ ਬਿੱਲੀ ਉਸ ਉੱਤੇ ਫੇਰ ਝਪਟੀ। ਉਸ ਨੇ ਫੇਰ ਉਸ ਨੂੰ ਪਰ੍ਹਾਂ ਸੁੱਟ ਦਿੱਤਾ। ਮੋਨਾ ਵੀ ਜਿਵੇਂ ਕਹਿੰਦੀ ਸੀ ਕਿ 'ਅੱਜ ਜਾਂ ਤੂੰ ਹੈਂ, ਤੇ ਜਾਂ ਮੈਂ !"

ਗੁੱਸੇ ਵਿਚ ਆ ਕੇ ਪੈਰੋਂ ਬੂਟ ਲਾਹ ਕੇ ਭੁਪਿੰਦਰ ਨੇ ਉਸ ਦੇ ਇਕ, ਦੋ, ਤਿੰਨ ... ਜੜ੍ਹ ਦਿੱਤੇ। ਏਸ ਤੋਂ ਪਹਿਲਾਂ ਕਿ ਉਹ ਚਾਰ ਗਿਣਦਾ, ਸਾਂਡਰਾ ਬੂਹਾ ਖੋਲ੍ਹ ਕੇ ਅੰਦਰ ਦਾਖ਼ਲ ਹੋ ਚੁੱਕੀ ਸੀ। ਉਹ ਤਾਂ ਜਿਵੇਂ ਅੱਗ ਬਗੋਲਾ ਹੋ ਗਈ ਸੀ, "ਤੇਰਾ ਹੌਂਸਲਾ ਕਿਵੇਂ ਪਿਆ ਇਸ ਬੇਜ਼ਬਾਨ ਪਾਲਤੂ ਉੱਤੇ ਹੱਥ ਚੁੱਕਣ ਦਾ ! ਤੂੰ ਵਹਿਸ਼ੀ, ਦਰਿੰਦਾ, ਬਦ-ਤਹਿਜ਼ੀਬਾ ਤੇ ਹਿੰਸਾਵਾਦੀ ਮਾਸਖੋਰੇ ਜਾਨਵਰਾਂ ਤੋਂ ਵੀ ਅੱਗੇ ਲੰਘ ਚੁੱਕਾ ਹੈਂ।"

ਉਹ ਜਿਵੇਂ, ਮੋਨਾ ਦੇ ਪਿਆਰ ਵਿਚ, ਆਪੇ ਤੋਂ ਬਾਹਰ ਹੋ ਗਈ ਸੀ। ਉਸ ਨੇ ਬਿੱਲੀ ਨੂੰ ਚੁੱਕ ਕੇ

ਗੋਦ ਵਿਚ ਲੈ ਲਿਆ। ਉਹ ਗੁੱਸੇ ਵਿਚ ਥਰ-ਥਰ ਕੰਬ ਰਹੀ ਸੀ। ਉਸਦੀਆਂ ਅੱਖਾਂ ਵਿੱਚੋਂ ਪਰਲ- ਪਰਲ ਹੰਝੂ ਵਗ ਰਹੇ ਸਨ। ਉਸ ਦੇ ਮੂੰਹ ਵਿੱਚੋਂ, ਬਾਵਜੂਦ ਯਤਨ ਦੇ, ਸ਼ਬਦ ਨਹੀਂ ਸਨ ਨਿਕਲ ਰਹੇ। ਉਹ ਬਿੱਲੀ ਨੂੰ ਵਾਰ-ਵਾਰ ਹਿੱਕ ਨਾਲ ਲਾ ਰਹੀ ਸੀ, ਚੁੰਮ ਰਹੀ ਸੀ। ਮੋਨਾ ਨੂੰ ਵਰਾ ਰਹੀ ਸੀ। ਅਜੀਬ ਅਜੀਬ ਆਵਾਜ਼ਾਂ ਕੱਢ ਰਹੀ ਸੀ।

ਭੂਪਿੰਦਰ ਨੇ ਕਿਹਾ, "ਸਾਂਡਰਾ ਆਈ ਐੱਮ ਸਾਰੀ। ਮੈਨੂੰ ਬੁਖ਼ਾਰ ਹੈ। ਮੈਂ ਕੋਈ ਮੋਨਾ ਦਾ ਦੁਸ਼ਮਣ ਤਾਂ ਨਹੀਂ। ਨੀਂਦ ਦੀ ਘੂਕੀ ਵਿਚ ਮੰਜੇ 'ਤੇ ਸੌਂ ਹੀ ਰਿਹਾ ਸਾਂ ਕਿ ਇਸ ਨੇ ਮੈਨੂੰ ਨਹੁੰਦਰਾਂ ਨਾਲ ਘਰੂਟ ਸੁੱਟਿਆ। ਆਹ ਵੇਖ !"

"ਕੀ ਵੇਖਾਂ ? ...।"

ਅੱਗੋਂ ਸਾਂਡਰਾ ਦੇ ਮੂੰਹ 'ਚੋਂ ਹੋਰ ਸ਼ਬਦ ਨਾ ਨਿਕਲ ਸਕਿਆ। ਉਹ ਲਗਾਤਾਰ ਰੋਈ ਜਾ ਰਹੀ ਸੀ। ਭੂਪਿੰਦਰ ਨੇ ਫਿਰ ਆਖਿਆ, "ਸਾਂਡਰਾ, ਕੀ ਐਵੇਂ ਮਾਮੂਲੀ ਜਿਹੀ ਗੱਲ 'ਤੇ ਐਨਾ ਵਿਖਾਂਦ ਖੜ੍ਹਾ ਕਰ ਰਹੀ ਹੈਂ। ਮੈਂ ਤੇਰਾ ਮਿੱਤਰ ਹਾਂ। ਪਤੀ ਬਣਨ ਵਾਲਾ ਹਾਂ। ਬਿੱਲੀ ਕਿਹੜੀ ਮਰ ਗਈ ਹੈ।"

ਸਾਂਡਰਾ ਬੋਲੀ, "ਇਹ ਨਿੱਕੀ ਜਿਹੀ ਘਟਨਾ ਹੈ ? ਇਹ ਮੇਰੀ ਮੋਨਾ ਹੈ। ਮੇਰੀ ਜਿੰਦ ਜਾਨ ਹੈ। ਤੂੰ ਤਾਂ ਮੇਰੀ ਮੋਨਾ ਵੀ ਬਰਦਾਸ਼ਤ ਨਾ ਕਰ ਸਕਿਆ। ਕੱਲ੍ਹ ਨੂੰ ਮੇਰੇ ਨਾਲ ਪਤਾ ਨਹੀਂ ਕੀ ਸਲੂਕ ਕਰੇਂਗਾ। ਇਕ ਇਹ ਹੀ ਤਾਂ ਹੈ ਜੋ ਮੇਰੀ ਸ਼ਕਤੀ, ਮੇਰਾ ਪਿਆਰ, ਮੇਰਾ ਲਾਡ, ਮੇਰਾ ਗੁੱਸਾ, ਮੇਰਾ ਹੁਕਮ ਮੰਨਦੀ ਹੈ, ਸਭ ਕੁਝ ਸਹਿੰਦੀ ਹੈ। ਕੀ ਤੂੰ ਇਸ ਦਾ ਬਦਲ ਬਣ ਸਕੇਂਗਾ ? ਹਰਾਮੀ, ਸੂਰ, ਕਮੀਨਾ, ਹਿੰਡੂ... ਆਈ ਓਨ ਮੋਨਾ। ਆਈ ਡੌਂਟ ਓਨ ਯੂ। ਆਈ ਐੱਮ ਹਰ ਮਾਸਟਰ।"

ਫਿਰ ਉਸ ਦਾ ਮੂੰਹ ਜਿਵੇਂ ਗੰਦ ਨਾਲ ਭਰ ਗਿਆ। ਜੋ ਜੀ ਆਇਆ ਬਕੀ ਗਈ। ਭੂਪਿੰਦਰ ਨੇ ਉਸ ਨੂੰ ਇਕ ਵਾਰੀ ਫਿਰ ਸ਼ਾਂਤ ਕਰਨ ਦਾ ਯਤਨ ਕੀਤਾ, ਕਿਉਂਕਿ ਉਸ ਨੂੰ ਪਤਾ ਸੀ ਕਿ ਗੁੱਸੇ ਵਿਚ ਅਵਾ-ਤਵਾ ਬੋਲੀ ਜਾਣਾ ਸਾਂਡਰਾ ਦਾ ਸੁਭਾਅ ਸੀ।

"ਇਹ ਕੈਸੀ ਕਲਚਰ ਹੈ ਸਾਂਡਰਾ, ਜਿਸ ਵਿਚ ਮਨੁੱਖ ਨੂੰ ਜਾਨਵਰ ਦਾ ਦਰਜਾ ਵੀ ਨਹੀਂ ਦਿੱਤਾ ਜਾ ਸਕਦਾ।"

"ਮਨੁੱਖ, ਮਨੁੱਖ, ਮਨੁੱਖ ... ਟੂ ਹੈਲ ਵਿੱਦ ਦਾ ਮੈਨ ..."

ਤੇ ਫਿਰ ਨਜ਼ਰਾਂ ਵਿਚ ਕਹਿਰ ਭਰਦੀ ਹੋਈ ਸਾਂਡਰਾ ਨੇ ਆਪਣੀ ਗੱਲ ਜਾਰੀ ਰਖੀ, "ਮਰਦ ਦਾ ਕੀ ਹੈ ? ਇਕ ਛੱਡੋ, ਦੂਜਾ ਆ ਜਾਵੇਗਾ। ਮੋਨਾ, ਦੂਜੀ ਨਹੀਂ ਮਿਲ ਸਕਦੀ। ਗੈੱਟ ਆਊਟ ਆਫ਼ ਮਾਈ ਹਾਊਸ, ਯੂ ਬਲੈਕ ਬਾਸਟਰਡ ...। ਆਈ ਡੋਂਟ ਨੀਡ ਯੂ ਐਨੀ ਮੋਰ ...।"

ਖੁੱਲ੍ਹੇ ਦਰਵਾਜ਼ੇ ਵਿੱਚੋਂ ਬਾਹਰ ਨਿਕਲ, ਵਸਦੇ ਮੀਂਹ ਵਿਚ ਸੜਕ 'ਤੇ ਤੁਰਦਿਆਂ ਭੂਪਿੰਦਰ ਨੂੰ ਇੰਜ ਮਹਿਸੂਸ ਹੋ ਰਿਹਾ ਸੀ, ਜਿਵੇਂ ਦਰਵਾਜ਼ੇ ਵਲ ਇਸ਼ਾਰਾ ਕਰ ਰਹੀ ਸਾਂਡਰਾ ਦੀ ਉਂਗਲੀ, ਲਾਲ ਸੂਹੀ ਤੱਤੀ ਸਲਾਖ਼ ਬਣ ਕੇ ਉਸ ਦੇ ਦਿਲ, ਦਿਮਾਗ਼ ਮਨ ਤੇ ਸਗਲੇ ਵਜੂਦ ਵਿਚ ਖੁੱਭ ਕੇ ਰਹਿ ਗਈ ਹੋਵੇ ! ਆਰ-ਪਾਰ ਹੋ ਗਈ ਹੋਵੇ। ਇਕ ਸਿਰਾ ਪੱਛਮ, ਇਕ ਪੂਰਬ।

# ਈਸ਼ਵਰੀ ਰਿਸ਼ਤੇ

ਪਿਛਲੇ ਸਾਲ ਹੀ ਮੈਂ ਉਸ ਨੂੰ ਉੱਤਰ ਪੱਛਮੀ ਜ਼ੋਨ ਦੀ ਅਧਿਆਪਕ-ਯੂਨੀਅਨ ਦੀ ਮੀਟਿੰਗ ਵਿਚ ਮਿਲਿਆ ਸਾਂ। ਉਹ ਕੁਈਨ ਚਾਰਲਟ ਸਕੂਲ ਵਿਚ ਲਾਇਬ੍ਰੇਰੀਅਨ ਸੀ ਅਤੇ ਓਸ ਸਕੂਲ—ਜ਼ਿਲ੍ਹੇ ਦੀ ਪ੍ਰੋਫ਼ੈਸ਼ਨਲ ਡੀਵੈਪਲਮੈਂਟ ਚੇਅਰਪਰਸਨ। ਏਸੇ ਹੈਸੀਅਤ ਵਿਚ ਉਹ ਏਸ ਮੀਟਿੰਗ ਵਿਚ ਆਪਣੇ ਜ਼ਿਲ੍ਹੇ ਦੀ ਪ੍ਰਤੀਨਿਧਤਾ ਕਰਨ ਆਈ ਸੀ। ਮੈਂ ਆਪਣੇ ਜ਼ਿਲ੍ਹੇ ਦੇ ਲਰਨਿੰਗ ਕੰਡੀਸ਼ਨਜ਼ ਚੇਅਰਪਰਸਨ ਦੀ ਹੈਸੀਅਤ ਵਿਚ ਇਸ ਕਾਨਫਰੰਸ ਵਿਚ ਸ਼ਾਮਿਲ ਹੋਇਆ ਸਾਂ। ਮੇਰੇ ਨਾਲ, ਉੱਤਰ ਪੱਛਮੀ ਜ਼ੋਨ ਦੇ ਬਾਕੀ ਜ਼ਿਲ੍ਹਿਆਂ ਵਾਂਗ, ਸਾਡੀ ਲੋਕਲ ਯੂਨੀਅਨ ਦਾ ਪ੍ਰਧਾਨ, ਪ੍ਰੋਫ਼ੈਸ਼ਨਲ ਡੀਵੈਲਪਮੈਂਟ ਚੇਅਰਪਰਸਨ, ਬਾਰਗੇਨਿੰਗ ਚੇਅਰਪਰਸਨ ਤੇ ਸਟੈਟਸ ਆਫ਼ ਵਿਮਿਨ ਰੈਪਰੇਜ਼ੈਂਟੇਟਿਵ ਵੀ ਏਸ ਕਾਨਫ਼ਰੰਸ ਵਿਚ ਸ਼ਾਮਿਲ ਹੋਣ ਆਏ ਸਨ। ਵੈਨਕੂਵਰ ਤੋਂ ਸਾਡੀ ਕੇਂਦਰੀ ਯੂਨੀਅਨ ਬ੍ਰਿਟਿਸ਼ ਕੋਲੰਬੀਆ ਟੀਚਰਜ਼ ਫੈਡਰੇਸ਼ਨ ਦੇ ਹੈੱਡਕੁਆਰਟਰ ਤੋਂ ਵੀ ਦੋ ਨੁਮਾਇੰਦੇ ਏਸ ਕਾਨਫ਼ਰੰਸ ਲਈ ਹਾਜ਼ਰ ਸਨ।

ਅਸੀਂ ਸਭ ਟੈਰੇਸ ਦੇ ਲੇਕੈਲਜ਼ ਹੋਟਲ ਵਿਚ ਠਹਿਰੇ ਹੋਏ ਸਾਂ ਤੇ ਇਸੇ ਹੋਟਲ ਦੇ ਕਾਨਫ਼ਰੰਸ ਰੂਮ ਵਿਚ ਸ਼ੁੱਕਰਵਾਰ ਦੀ ਰਾਤ, ਰਾਤ ਦੇ ਖਾਣੇ ਤੋਂ ਬਾਅਦ, 8 ਵਜੇ ਸਾਡਾ ਤੁਆਰਫ਼ੀ ਸੈਸ਼ਨ ਸ਼ੁਰੂ ਹੋਇਆ ਸੀ। ਇਕ ਸਾਲ ਪਹਿਲਾਂ, ਜਾਂ ਕੁਝ ਘਟ, ਉਹ ਮੈਨੂੰ ਏਥੇ ਹੀ ਮਿਲੀ ਸੀ। ਅੱਜ ਉਸ ਦਾ ਵਤੀਰਾ ਕੁਝ ਓਪਰਾ ਸੀ। ਰਸਮੀਂ ਹੈਲੋ, ਨਾਮ, ਸੰਖੇਪ ਤੁਆਰਫ ਤੇ ਬਸ। ਇੰਜ ਜਾਪਦਾ ਸੀ ਕਿ ਜਾਂ ਤਾਂ ਉਹ ਮੈਨੂੰ ਭੁੱਲ ਚੁੱਕੀ ਹੈ ਤੇ ਜਾਂ ਫਿਰ ਇਸ ਤਰ੍ਹਾਂ ਕਰਨ ਦਾ ਯਤਨ ਜਾਂ ਅਭਿਨਯ ਕਰ ਰਹੀ ਹੈ।

ਸਾਲ ਤੋਂ ਕੁਝ ਘਟ ਸਮਾਂ ਪਹਿਲਾਂ ਇਸੇ ਤਰ੍ਹਾਂ, ਅਸੀਂ ਇਸੇ ਕਾਨਫਰੰਸ ਰੂਮ ਵਿਚ ਯੂਨੀਅਨ ਦੀ ਮੀਟਿੰਗ ਦੇ ਤੁਆਰਫੀ ਸੈਸ਼ਨ ਵਿਚ ਮਿਲੇ ਸਾਂ। ਉਹ ਮੇਰੇ ਸਾਹਮਣੇ ਬੈਠੀ ਸੀ। ਲੰਮਾ ਕੱਦ, ਕਸਰਤੀ ਗੁੰਦਿਆ, ਭਰਿਆ ਜਿਸਮ। ਧੌਣ ਤਕ ਲਟਕਦੇ ਸੁਨਹਿਰੀ ਵਾਲ। ਦੁੱਧ ਵਿਚ ਘੁਲੇ ਕੇਸਰ ਤੇ ਸੰਧੂਰ ਵਰਗਾ ਲਾਲੀ ਦੀ ਭਾ ਮਾਰਦਾ ਗੋਰਾ ਚਿਹਰਾ। ਨਾ ਕੋਈ ਮੇਕਅੱਪ, ਨਾ ਗਹਿਣਾ। ਡੂੰਘੀ ਝੀਲ ਵਰਗੀਆਂ ਹਲਕੀਆਂ ਨੀਲੀਆਂ ਵੱਡੀਆਂ ਵੱਡੀਆਂ ਅੱਖਾਂ, ਜਿਨ੍ਹਾਂ ਦੀ ਸਤਹ ਉੱਤੇ ਰਹੱਸ ਦੀ ਇਕ ਹਲਕੀ ਜਿਹੀ ਸਮੋਕ ਸਕਰੀਨ ਉੱਭਰਦੀ ਤੇ ਗੁੰਮ ਹੋ ਜਾਂਦੀ। ਇਹ ਉਸਦੀਆਂ ਅੱਖਾਂ ਹੀ ਸਨ, ਜਿਨ੍ਹਾਂ ਨੇ ਵਾਰ ਵਾਰ ਮੇਰਾ ਧਿਆਨ ਉਸ ਵਲ ਖਿੱਚਿਆ ਸੀ। ਕਦੇ-ਕਦੇ ਇਕ ਹਲਕੀ ਉਦਾਸੀ ਇਕੱਲ, ਬੇਗਾਨਗੀ ਅਤੇ ਹਾਜ਼ਰੀ ਵਿਚ ਗ਼ੈਰਹਾਜ਼ਰੀ ਦੀ ਪਰਛਾਈਂ ਜਿਹੀ ਛਿਣ-ਭੰਗਰੇ ਪ੍ਰਭਾਵ ਵਾਂਗ ਉਸ ਦੇ ਚਿਹਰੇ ਉਸਦੀਆਂ ਅੱਖਾਂ 'ਚੋਂ ਉਭਰਦੀ ਤੇ ਫਿਰ ਗੁੰਮ ਹੋ ਜਾਂਦੀ।

ਉਸ ਦੀ ਉਦਾਸੀ ਪ੍ਰਤੱਖ ਸੀ। ਉਹ ਖੋਈ-ਖੋਈ ਜਿਹੀ ਲੱਗਦੀ ਸੀ। ਉਦਾਸ-ਉਦਾਸ, ਗੁੰਮ-ਗੁੰਮ। ਉੱਥੇ ਹਾਜ਼ਰ ਹੁੰਦੀ ਹੋਈ ਵੀ ਉੱਥੋਂ ਕੋਹਾਂ ਦੂਰ, ਬੱਦਲਾਂ ਤੋਂ ਪਾਰ, ਬੱਦਲਾਂ ਘਟਾਵਾਂ ਵਿਚ ਘਿਰੀ ਹੋਈ। ਉਸ ਦੇ ਜ਼ਿਹਨ ਉੱਤੇ ਜਿਵੇਂ ਕੋਈ ਬਹੁਤ ਭਾਰਾ ਬੋਝ ਜਿਹਾ ਸੀ, ਜਾਂ ਸ਼ਾਇਦ ਇਹ ਮੇਰਾ ਵਹਿਮ ਹੀ ਸੀ ਜੋ ਮੈਂ ਉਸ ਤੋਂ ਕੁਝ

ਵਧੇਰੇ ਹੀ ਪ੍ਰਭਾਵਤ ਹੋ ਕੇ, ਉਸ ਬਾਰੇ ਤਰ੍ਹਾਂ-ਤਰ੍ਹਾਂ ਦੀ ਕਲਪਨਾ ਕਰ ਰਿਹਾ ਸਾਂ। ਸੋਚ ਰਿਹਾ ਸਾਂ। ਇਸ ਦੌਰਾਨ ਦੋ-ਚਾਰ ਵਾਰ ਉਸਦੀਆਂ ਨਜ਼ਰਾਂ ਮੇਰੀਆਂ ਨਜ਼ਰਾਂ ਨਾਲ ਮਿਲੀਆਂ ਤਾਂ ਮੈਨੂੰ ਇੰਜ ਪ੍ਰਤੀਤ ਹੋਇਆ ਜਿਵੇਂ ਉਹ ਇੱਕੋ ਸਮੇਂ ਮੈਨੂੰ ਬਹੁਤ ਦੂਰ ਤੋਂ ਦੂਰਬੀਨ ਅਤੇ ਬਹੁਤ ਨੇੜਿਓਂ ਖੁਰਦਬੀਨ ਵਾਂਗ ਵੇਖ ਰਹੀ ਹੋਵੇ ! ਅਜੀਬ ਹਾਲਤ ਸੀ ਮੇਰੇ ਮਨ, ਦਿਲ, ਦਿਮਾਗ਼ ਦੀ। ਆਪਣੇ ਆਪ ਨੂੰ ਰੋਕਣ ਦਾ ਯਤਨ ਕਰਦਾ ਹੋਇਆ ਵੀ ਮੈਂ ਉਸ ਵਲ ਖਿੱਚਿਆ ਚਲਿਆ ਜਾ ਰਿਹਾ ਸਾਂ। ਇਹ ਆਰਜ਼ੀ ਮੁਲਾਕਾਤਾਂ ਕਈ ਵਾਰ ਡੂੰਘੇ ਦੁੱਖਾਂ ਦੇ ਫੱਟ ਲਾ ਕੇ ਮਨੁੱਖ ਦੀ ਜ਼ਿੰਦਗੀ ਦਾ ਸਦੀਵੀ ਰੋਗ ਬਣ ਜਾਂਦੀਆਂ ਹਨ। ਮੀਟਿੰਗ ਵਿਚ ਸ਼ਾਮਿਲ ਸਭ ਡੈਲੀਗੇਟਾਂ ਦੇ ਰਸਮੀਂ ਤੁਆਰਫ ਉਪਰੰਤ ਹਰ ਜ਼ਿਲ੍ਹੇ ਦੀਆਂ ਸਮੱਸਿਆਵਾਂ ਤੇ ਸਕੂਲ ਬੋਰਡਾਂ ਦੇ ਨਾਲ ਇਸ ਵਰ੍ਹੇ ਦੀਆਂ ਤਨਖ਼ਾਹਾਂ ਵਿਚ ਵਾਧੇ ਲਈ ਬਾਰਗੇਨਿੰਗ ਸਟਰੈਟੇਜੀਜ਼ ਦੀ ਸਮਰੀ ਬਣਾ ਲਈ ਗਈ ਤਾਂ ਕਿ ਦੂਜੇ ਦਿਨ ਸਵੇਰੇ 8 ਵਜੇ ਸ਼ੁਰੂ ਹੋਣ ਵਾਲੇ ਸੈਸ਼ਨ ਵਿਚ ਉਨ੍ਹਾਂ ’ਤੇ ਬਹਿਸ ਹੋ ਸਕੇ, ਉਨ੍ਹਾਂ ਨੂੰ ਨਜਿੱਠਿਆ ਜਾ ਸਕੇ।

ਇਸ ਉਪਰੰਤ ਮੀਟਿੰਗ ਬਰਖ਼ਾਸਤ ਹੋਈ ਤੇ ਅਸੀਂ ਸਭ ਹੋਟਲ ਦੀ ਲਾਊਂਜ ਵਲ ਸ਼ਰਾਬ ਪੀਣ ਤੇ ਸੰਗੀਤ ਦਾ ਆਨੰਦ ਮਾਣਨ ਤੁਰ ਪਏ। ਇਹ ਵੀ ਇਕ ਮੌਕਾ ਮੇਲ ਹੀ ਸੀ ਕਿ ਅਸੀਂ ਇੱਕੋ ਸਮੇਂ ਕਾਨਫ਼ਰੰਸ ਦੇ ਦਰਵਾਜ਼ੇ ਵਿੱਚੋਂ ਬਾਹਰ ਨਿਕਲੇ ਤੇ ਵਰਾਂਡੇ ਵਿਚ ਪੈਰ ਧਰਦਿਆਂ ਹੀ ਮੈਂ ਉਸ ਨੂੰ ਡਰਿੰਕ ਦੀ ਆਫ਼ਰ ਕੀਤੀ, ਤਾਂ ਉਸ ਨੇ ਧੰਨਵਾਦ ਸਹਿਤ ਪ੍ਰਵਾਨ ਕਰ ਲਈ। ਉਸ ਦਾ ਨਾਮ ਜੈਕੀ ਸਮਿੱਥ ਸੀ। ਮੈਂ ਤੇ ਜੈਕੀ ਦੋਵੇਂ ਲਾਊਂਜ ਦੇ ਇਕ ਨੀਮ-ਚਾਨਣੇ, ਨੀਮ-ਅਨ੍ਹੇਰੇ ਖੂੰਜੇ ਵਿਚ ਆਮ੍ਹੋ ਸਾਮ੍ਹਣੇ ਆ ਬੈਠੇ।

ਵੇਟਰੈਸ ਆਈ ਤਾਂ ਅਸੀਂ ‘ਸਕਾਚ ਆਨ ਰਾਕਸ’ ਦਾ ਆਰਡਰ ਦੇ ਕੇ ਇਕ ਦੂਜੇ ਦੀਆਂ ਨਜ਼ਰਾਂ ’ਚੋਂ ਗੁਜ਼ਰਦੇ ਇਕ ਦੂਜੇ ਦੀਆਂ ਗੱਲਾਂ ਵਿਚ ਖੋ ਗਏ। ਜੈਕੀ ਹੌਲੀ-ਹੌਲੀ ਆਪਣੀ ਵਿਸਕੀ ਸਿੱਪ ਕਰ ਰਹੀ ਸੀ। ਆਲੇ ਦੁਆਲੇ ਰੰਗਾ ਰੰਗ ਮੱਧਮ, ਦੀਵਿਆਂ ਵਰਗੀਆਂ, ਬੱਤੀਆਂ ਤੇ ਹਲਕੇ ਮਿੱਠੇ ਸੰਗੀਤ ਦਾ ਸੁਪਨਈ, ਜਾਦੂਈ ਵਾਤਾਵਰਨ ਸੀ। ਇਕ ਤੋਂ ਬਾਅਦ ਇਕ ਅਸੀਂ ਤਿੰਨ ਚਾਰ ਡਰਿੰਕ ਪੀਤੇ। ਕੁਝ ਕਹਿ ਕੇ ਵੀ, ਕੁਝ ਨਹੀਂ ਕਹਿ ਪਾ ਰਹੇ ਸਾਂ ਤੇ ਕੁਝ ਨਾ ਕਹਿ ਕੇ ਵੀ ਖੁੱਲ੍ਹੀ ਕਿਤਾਬ ਵਾਂਗ ਇਕ ਦੂਜੇ ਦੀ ਮਿਕਨਾਤੀਸੀ ਤੇ ਬਾਰੀਕਬੀਨੀ ਨਜ਼ਰ ਸੌਂਹੇਂ ਅਸੀਂ ਅਲਫ਼ ਨਗਨ ਬੈਠੇ ਸਾਂ।

ਜੈਕੀ ਨੂੰ ਇਹ ਜਾਣ ਕੇ ਅਤਿਅੰਤ ਖ਼ੁਸ਼ੀ ਹੋਈ ਕਿ ਮੈਂ ਅਧਿਆਪਕ ਹੋਣ ਦੇ ਨਾਲ-ਨਾਲ ਇਕ ਕਵੀ ਵੀ ਸਾਂ। ਉਸ ਨੂੰ ਕਵਿਤਾ ਬਹੁਤ ਪਸੰਦ ਸੀ। ਉਸ ਨੇ ਮੇਰੀਆਂ ਇਕ ਦੋ ਕਵਿਤਾ ਸੁਣੀਆਂ ਵੀ ਤੇ ਇਨ੍ਹਾਂ ਵਿਚਲੇ ਦਰਦ ਦੀ ਥਾਹ ਪਾਉਣ ਲਈ ਜਿਵੇਂ ਪਹਿਲਾਂ ਉਸ ਨੇ ਮੇਰੇ ਹੱਥ ਚੁੰਮੇ ਤੇ ਫਿਰ ਆਪਣੇ ਕੰਨ ਮੇਰੇ ਦਿਲ ਦੀ ਧੜਕਨ ਨੂੰ ਲਾ ਦਿੱਤੇ। ਉਹ ਦੱਸ ਰਹੀ ਸੀ ਕਿ ਉਹ ਵੀ ਕਦੇ ਕਵਿਤਾ ਲਿਖਦੀ ਹੁੰਦੀ ਸੀ। ਪਰ ਇਸ ਨਿਰਦਈ ਦੁਨੀਆਂ ਦੇ ਕਠੋਰ ਬੰਦਿਆਂ ਨੇ ਜਿਵੇਂ ਉਸ ਅੰਦਰਲੇ ਕਵੀ, ਕਲਪਨਾ ਤੇ ਰਚਨਾਤਮਿਕਤਾ ਦਾ ਗਲਾ ਘੁਟ ਦਿੱਤਾ ਸੀ। ਔਰਤ ਤਾਂ ਹੈ ਹੀ ਜਮਾਂਦਰੂ ਰਚਨਹਾਰ। ਬੱਚੇ ਉਸ ਦੀ ਰਚਨਾ ਹੀ ਤਾਂ ਹਨ। ਤੇ ਅੱਜ ਕੱਲ੍ਹ ਜਿਸ ਨੇਟਿਵ ਇੰਡੀਅਨ ਡੇਵਿਡ ਨਾਲ ਉਹ ਰਹਿ ਰਹੀ ਸੀ, ਜਿਸ ਦੇ ਬੱਚੇ ਦੀ ਮਾਂ ਬਣਨ ਲਈ ਉਹ ਤੜਪ ਤਰਸ ਰਹੀ ਸੀ, ਉਸ ਨੇ ਉਸ ਨਾਲ ਵਿਸਾਹਘਾਤ ਕੀਤਾ ਸੀ। ਉਸ ਦਾ ਦਿਲ ਤੋੜ ਦਿੱਤਾ ਸੀ। ਇਹ ਧੱਕਾ ਉਸ ਕੋਲੋਂ ਬਰਦਾਸ਼ਤ ਨਹੀਂ ਸੀ ਹੋ ਰਿਹਾ। ਜਿਸ ਇਕ ਮਰਦ ਲਈ ਉਸ ਨੇ ਆਪਣੇ ਤਰਜ਼ੇ ਜ਼ਿੰਦਗੀ ਨੂੰ ਬਦਲ ਕੇ, ਸਦਾ ਉਸ ਦੀ, ਉਸ ਦੇ ਬੱਚਿਆਂ ਦੀ ਮਾਂ ਹੋਣ ਦਾ ਫੈਸਲਾ ਕੀਤਾ ਸੀ, ਉਸ ਨੇ ਹੀ ਉਸ ਨਾਲ ਧੱਕਾ ਕੀਤਾ ਸੀ। ਉਸ ਦੀ ਇਕ ਹੋਰ ਗੁਆਂਢਣ ਅਧਿਆਪਕਾ ਨਾਲ ਉਹ ਰਾਤਾਂ ਬਿਤਾਉਣ ਲੱਗ ਪਿਆ ਸੀ। ਘਰ ਆ ਕੇ ਉਸ ਨੂੰ ਕੁੱਟਦਾ ਮਾਰਦਾ ਤੇ ਨਸ਼ੇ ਵਿਚ ‘ਕੰਜਰੀ’ ਤੇ ਪਤਾ ਨਹੀਂ ਹੋਰ ਕੀ ਕੀ ਕਹਿੰਦਾ, ਕਿਹਦੇ-ਕਿਹਦੇ ਨਾਲ ਹਮਬਿਸਤਰੀ ਕਰਨ ਦੇ ਇਲਜ਼ਾਮ ਲਾਉਂਦਾ ਸੀ। ਜੈਕੀ ਦੀਆਂ ਅੱਖਾਂ ਵਿੱਚੋਂ ਜਿਵੇਂ ਹੰਝੂਆਂ ਦੀ ਝੜੀ ਲੱਗ ਤੁਰੀ ਸੀ। ਮੈਂ ਉਸ ਨੂੰ ਖਿਚ ਕੇ ਆਪਣੇ ਨਾਲ ਬਿਠਾ ਲਿਆ। ਉਸ ਨੂੰ ਗਲਵਕੜੀ ਵਿਚ ਲਿਆ। ਦਿਲਾਸਾ ਦਿੱਤਾ। ਉਸ ਦੇ ਅੱਥਰੂ ਪੂੰਝੇ। ਉਸ ਨੂੰ ਚੁੰਮਿਆ ਉਸ ਦਾ ਕੁਝ ਧੀਰਜ ਬੱਝਾ, ਕੁਝ ਦਿਲ ਟਿਕਾਣੇ ਆਇਆ।

ਉਹ ਦਸ ਰਹੀ ਸੀ। ਇਹ ਪਹਿਲਾ ਮੌਕਾ ਨਹੀਂ ਹੈ। ਮਨੁੱਖ ਦੀ ਬੇਰਹਿਮੀ ਦਾ ਇਸ ਤੋਂ ਵੀ ਵਡੇਰਾ ਹਾਦਸਾ ਉਹਦੇ ਨਾਲ ਹੋ ਚੁੱਕਾ ਸੀ। 12 ਕੁ ਸਾਲ ਦੀ ਉਹ ਭੋਲੀ ਜਿਹੀ ਬਾਲੜੀ ਸੀ। ਆਪਣੇ ਛੋਟੇ ਭੈਣ ਭਰਾਵਾਂ ਨੂੰ ਆਪਣੇ ਬੱਚਿਆਂ ਵਾਂਗ ਸੰਭਾਲਦੀ ਤੇ ਪਿਆਰ ਕਰਦੀ ਸੀ। ਮਾਂ, ਜੋ ਕੰਮ ਤੇ ਤੁਰ ਜਾਂਦੀ ਸੀ, ਉਸ ਦੀ ਥਾਂ ਉਹ ਉਨ੍ਹਾਂ ਦੀ ਮਾਂ ਬਣ ਜਾਂਦੀ ਸੀ। ਪਰ ਉਸ ਦੇ ਹੀ ਮਤਰੇਏ ਬਾਪ ਨੇ ਉਸ ਨਾਲ ਜ਼ਬਰਦਸਤੀ ਖੇਹ ਖਾਧੀ। ਡਰਾਇਆ, ਧਮਕਾਇਆ ਤੇ ਇਸ ਭੇਦ ਨੂੰ ਭੇਦ ਰੱਖਣ ਲਈ ਮਜਬੂਰ ਕੀਤਾ। ਉਸ ਨੇ ਬੰਦੂਕ ਵਿਖਾ ਕੇ ਆਖਿਆ ਜੇ ਤੂੰ ਇਹ ਭੇਦ ਖੋਲ੍ਹਿਆ ਤਾਂ ਮੈਂ ਇਹ ਤੇਰੇ ਭੈਣ ਭਰਾ ਸਭ ਮਾਰ ਦਿਆਂਗਾ, ਸ਼ੂਟ ਕਰ ਦਿਆਂਗਾ। ਉਸ ਨੂੰ ਉਸ ਦੀ ਕਮਜ਼ੋਰੀ ਦਾ ਪਤਾ ਸੀ ਕਿ ਉਹ ਉਨ੍ਹਾਂ ਨੂੰ ਕਿੰਨਾ ਪਿਆਰ ਕਰਦੀ ਹੈ। ਉਹਨਾਂ ਨੂੰ ਮਰਦਿਆਂ ਉਹ ਕਿਵੇਂ ਵੇਖ ਸਕਦੀ ਹੈ। ਇਸ ਤੋਂ ਪਹਿਲਾਂ ਉਹ ਆਪਣੀ ਜਾਨ ਦੇ ਦੇਵੇਗੀ।

ਉਸ ਦੇ ਆਪਣੇ ਹੀ ਏਸ ਮਤਰੇਏ ਬਾਪ ਨਾਲ ਚਾਹੇ-ਅਚਾਹੇ ਇਹ ਕਾਮ-ਖੇਡ ਚਲਦੀ ਰਹੀ। ਪਤਾ ਉਦੋਂ ਹੀ ਲੱਗਾ ਜਦੋਂ ਉਹ ਗਰਭਵਤੀ ਹੋ ਗਈ। ਹੁਣ ਕੀ ਕੀਤਾ ਜਾਵੇ ? ਉਹ ਆਪਣੇ ਏਸ ਬੱਚੇ ਦੀ ਮਾਂ ਬਣਨਾਂ ਚਾਹੁੰਦੀ ਸੀ। ਉਸ ਦੇ ਮਤਰੇਏ ਬਾਪ ਦਾ ਹੀ ਨਹੀਂ, ਇਹ ਉਸ ਦਾ ਆਪਣਾ ਬੱਚਾ ਵੀ ਸੀ। ਗੱਲ ਮਾਂ ਤਕ ਵੀ ਪਹੁੰਚ ਗਈ। ਬੜਾ ਝਗੜਾ ਹੋਇਆ ਤੇ ਫਿਰ ਉਹ ਹੀ ਡਰਾਵਾ। ਉਸ ਦਾ ਬਾਪ ਉਸ ਦੇ ਭੈਣ, ਭਰਾ, ਮਾਂ ਸਭ ਨੂੰ ਸ਼ੂਟ ਕਰ ਦੇਵੇਗਾ। ਉਸ ਦੇ ਪੇਟ ਵਿਚਲੇ ਬੱਚੇ ਨੂੰ ਵੀ ਜੇ ਉਸ ਨੇ ਗਰਭਪਾਤ ਨਾ ਕਰਵਾਇਆ। ਜੈਕੀ ਨੂੰ ਪਤਾ ਸੀ ਕਿ ਇਹ ਸੱਚ ਹੈ, ਉਹ ਜੋ ਕੁਝ ਕਹਿੰਦਾ ਹੈ, ਬਿਲਕੁਲ ਸੱਚ ਹੈ। ਅਖ਼ਬਰਾਂ ਵਿਚ ਅਨੇਕਾਂ ਖ਼ਬਰਾਂ ਅਜਿਹੇ ਹਾਲਾਤ ਵਿਚ ਅਜਿਹੇ ਕਤਲਾਂ ਦੀਆਂ ਉਸ ਨੇ ਪੜ੍ਹੀਆਂ ਸਨ। ਰੇਡੀਓ ਤੋਂ ਸੁਣੀਆਂ ਸਨ। ਟੈਲੀਵੀਯਨ ਤੇ ਅਜਿਹੇ ਮੁਜਰਮਾਂ ਨੂੰ ਪੁਲਿਸ ਦੀ ਹਿਰਾਸਤ ਵਿਚ ਜਾਂਦਿਆਂ ਵੇਖਿਆ ਸੀ।

ਉਸ ਦਾ ਗਰਭਪਾਤ ਕਰਵਾ ਦਿੱਤਾ ਗਿਆ। ਕਈ ਮਹੀਨੇ ਉਹ ਗੁੰਮ-ਸੁੰਮ ਰਹੀ। ਨੀਮ-ਪਾਗਲਾਂ ਵਾਲੀ ਹਾਲਤ ਵਿਚ। ਇਸੇ ਹਾਲਤ ਵਿਚ ਉਹ ਘਰ ਛੱਡ ਕੇ ਵੈਨਕੂਵਰ ਚਲੀ ਗਈ। ਉੱਥੇ ਪੈਸੇ ਨਾ ਹੋਣ ਦੀ ਸੂਰਤ ਵਿਚ, ਭੁੱਖ ਅਤੇ ਮਕਾਨ ਦੇ ਦੁੱਖੋਂ (ਪਿੰਮਪਸ) ਦੱਲਿਆਂ ਦੇ ਟੇਟੇ ਚੜ੍ਹ ਗਈ। ਅਗਲੇ ਡੇਢ-ਦੋ ਸਾਲ ਪਤਾ ਨਹੀਂ ਉਸ ਨੇ ਕਿੰਨੇ ਬੰਦਿਆਂ ਨਾਲ ਹਮਬਿਸਤਰੀ ਕੀਤੀ, ਜੋ ਉਸ ਦੇ ਮਤਰੇਏ ਬਾਪ ਦੀ ਉਮਰ ਦੇ ਸਨ। ਉਸ ਤੋਂ ਵਡੇਰੇ ਸਨ। ਪੈਸੇ ਦੱਲੇ ਕਮਾਉਂਦੇ ਰਹੇ ਤੇ ਜਿਸਮ ਉਸ ਦਾ ਵਿਕਦਾ, ਨੋਚ ਹੁੰਦਾ ਰਿਹਾ ਤੇ ਉਹ ਆਪਣੀ ਕੁੱਖ ਵਿਚਲੇ ਗਰਭਪਾਤ ਦੇ ਦੁੱਖ ਨੂੰ, ਫੱਟ ਨੂੰ ਆਪਣੇ ਦਿਲ, ਦਿਮਾਗ਼ ਤੇ ਮਨ ਵਿਚ ਵਸਾਈ 13, 14 ਸਾਲ ਦੀ ਉਮਰ ਵਿਚ ਬਾਲ-ਵੇਸਵਾ ਬਣੀ। ਮਨੁੱਖ ਦੀ ਬੇਹਯਾਈ ਦੇ ਹੰਟਰ ਆਪਣੇ ਨੰਗੇ ਦਿਮਾਗ਼, ਦਿਲ ਤੇ ਮਨ ਉੱਤੇ ਸਹਿੰਦੀ ਰਹੀ। ਲੋਕ ਉਸ ਨੂੰ 'ਸਟਰੀਟ ਹੁੱਕਰ' ਆਖਦੇ, ਹੱਸਦੇ। ਇਸੇ ਦੋਸ਼ ਵਿਚ ਉਸ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਉਸ ਨੂੰ ਰੀਹੈਬੀਲੀਟੇਸ਼ਨ ਸੈਂਟਰ ਭੇਜ ਦਿੱਤਾ। ਇਕ ਬੁੱਢੇ ਪਾਦਰੀ ਤੇ ਅਧਖੜ ਸੋਸ਼ਲ ਵਰਕਰ ਕੋਲੋਂ ਜ਼ਿੰਦਗੀ ਵਿਚ ਪਹਿਲੀ ਵਾਰੀ ਉਸ ਨੂੰ ਅਸਲੀ ਬਾਪ ਵਾਲਾ ਪਿਆਰ ਮਿਲਿਆ, ਦਿਲਾਸਾ ਮਿਲਿਆ। ਜ਼ਿੰਦਗੀ ਦੀ ਜੱਦੋ-ਜਹਿਦ ਮੁੱਢੋਂ-ਸੁੱਢੋਂ ਸ਼ੁਰੂ ਕਰਨ, ਆਪਣੇ ਪੈਰਾਂ ਉੱਤੇ ਖੜ੍ਹੇ ਹੋਣ ਦੀ ਪ੍ਰੇਰਣਾ ਮਿਲੀ।

ਇਸ ਤਰ੍ਹਾਂ ਉਸ ਨੇ ਪਾਰਟ ਟਾਈਮ ਕੰਮ ਕਰਕੇ ਯੂਨੀਵਰਸਿਟੀ ਤਕ ਦੀ ਵਿੱਦਿਆ ਹਾਸਿਲ ਕੀਤੀ ਤੇ ਲਾਇਬ੍ਰੇਰੀਅਨ ਬਣ ਗਈ। ਪਰ ਉਸ ਦਾ ਮਾਂ ਬਣਨ ਦਾ ਸ਼ੌਕ ਕਦੇ ਨਾ ਮਰਿਆ, ਇਹ ਸੁਫ਼ਨਾ ਸਦਾ ਉਸ ਦੇ ਅੰਗ-ਸੰਗ ਰਿਹਾ।

ਡੇਵਿਡ ਉਸ ਨਾਲ ਭਾਵੇਂ ਕਾਮਨ ਲਾਅ ਅਧੀਨ ਇੱਕੋ ਘਰ ਵਿਚ ਮਿੱਤਰ-ਮੁੰਡੇ ਵਾਂਗ ਰਹਿੰਦਾ ਸੀ, ਪਰ ਉਸ ਨੇ ਵਾਅਦਾ ਕੀਤਾ ਸੀ ਕਿ ਉਹ ਛੇਤੀ ਉਸ ਦੇ ਨਾਲ ਸ਼ਾਦੀ ਕਰੇਗਾ ਤੇ ਵਕਤ ਆਉਣ ਤੇ ਬੱਚਿਆਂ ਨਾਲ ਉਸ ਦੀ ਝੋਲੀ ਭਰ ਦੇਵੇਗਾ। ਉਹ ਫੁੱਲੀ ਨਹੀਂ ਸੀ ਸਮਾ ਰਹੀ। ਹਕੀਕਤ ਨੂੰ ਸੁਫ਼ਨੇ, ਸੁਫ਼ਨੇ ਨੂੰ ਹਕੀਕਤ ਵਾਂਗ ਜੀ ਰਹੀ ਸੀ ਕਿ ਇਹ ਭਾਣਾ ਵਰਤ ਗਿਆ।

ਡੇਵਿਡ ਨੇ ਉਸ ਨਾਲ ਵਿਸਾਹਘਾਤ ਕੀਤਾ ਸੀ। ਉਸ ਨੇ ਸੁਫ਼ਨੇ ਦੇ ਖੰਭ ਕੁਤਰ ਦਿੱਤੇ ਸਨ। ਉਸ ਦੀ ਹੋਂਦ ਨੂੰ ਪੱਛ ਸੁੱਟਿਆ ਸੀ।

ਉਸ ਉੱਤੇ ਇਹ ਇਲਜ਼ਾਮ ਵੀ ਲਾ ਦਿੱਤਾ ਸੀ ਕਿ ਉਹ ਵੀ ਦੂਜੇ ਮਰਦਾਂ ਨਾਲ ਸੌਂਦੀ ਸੀ, ਕੰਜਰੀ ਸੀ। ਜੋ ਕੰਮ ਉਸ ਨੇ ਕੀਤਾ ਹੀ ਨਹੀਂ ਸੀ, ਜਿਸ ਅਪਰਾਧ ਦੀ ਉਹ ਭਾਗੀ ਨਹੀਂ ਸੀ ਬਣੀ, ਉਸਦੇ ਅਕੀਤੇ ਅਪਰਾਧ ਦਾ ਦੁਖ ਇਕ ਪਰਬਤ ਬਣ ਕੇ ਉਸ ਦੇ ਦਿਮਾਗ਼ ਉੱਤੇ ਫੈਲਿਆ ਹੋਇਆ ਸੀ। ਉਹ ਹੇਠਾਂ ਹੀ ਹੇਠਾਂ ਦਬਦੀ ਜਾ ਰਹੀ ਸੀ। ਤੇ ਉਹ ਵੀ ਜ਼ਿੰਦਗੀ ਦੇ ਉਸ ਪੜਾ ਉੱਤੇ, ਜਦੋਂ ਉਸ ਨੇ ਆਪਣਾ ਮਨ, ਦਿਲ, ਦਿਮਾਗ਼, ਪੂਰੀ ਦੀ ਪੂਰੀ ਹੋਂਦ ਤੇ ਵਫ਼ਾ, ਕੇਵਲ ਇਕ ਮਨੁੱਖ, ਡੇਵਿਡ ਉੱਤੇ ਕੇਂਦ੍ਰਿਤ ਕਰ ਦਿੱਤੀ ਸੀ। ਉਸ ਦੇ ਹਵਾਲੇ ਕਰ ਦਿੱਤੀ ਸੀ। ਉਸ ਨੂੰ ਇਹ ਗੱਲ ਸਮਝ ਨਹੀਂ ਸੀ ਪੈ ਰਹੀ ਕਿ ਡੇਵਿਡ ਨੇ ਇੰਜ ਕਿਉਂ ਕੀਤਾ ਸੀ ? ਇਕ ਅਕੀਤੇ ਅਪਰਾਧ ਦਾ ਦੋਸ਼ ਉਸ ਉੱਤੇ ਕਿਉਂ ਲਾਇਆ ਸੀ ?

ਰਾਤ ਦੇ 11 ਵੱਜ ਗਏ ਸਨ। ਅਸੀਂ ਉੱਥੋਂ ਉੱਠ ਕੇ ਆਪਣੇ ਕਮਰਿਆਂ ਵੱਲ ਨੂੰ ਤੁਰੇ। ਮੇਰੇ ਕੋਲ ਕਮਰੇ ਵਿਚ ਸਕਾਚ ਦੀ ਪੂਰੀ ਬੋਤਲ ਪਈ ਸੀ। ਜੈਕੀ ਵੀ ਮੇਰੇ ਨਾਲ ਹੀ ਆਈ। ਅਸੀਂ ਹੋਰ ਸ਼ਰਾਬ ਪੀਤੀ। ਉਹ ਲਗਾਤਾਰ ਪੀ ਰਹੀ ਸੀ।

ਉਸ ਨੇ ਆਪਣੇ ਬਲਾਊਜ਼ ਦੇ ਬਟਨ ਖੋਲ੍ਹੇ, ਬਰਾ ਦੀ ਹੁੱਕ ਖੋਲ੍ਹੀ ਤੇ ਮੰਜੇ ਉੱਤੇ ਪੁੱਠੀ ਲੇਟ ਗਈ। ਮੈਨੂੰ ਕਹਿਣ ਲਗੀ ਕਿ ਮੈਂ ਉਸ ਦੇ ਪਿੰਡੇ ਉੱਤੇ ਮੱਛਰਾਂ ਦੇ ਲੜਨ ਉਪਰੰਤ ਹੋਏ ਧਫੜਾਂ ਉੱਤੇ ਪੋਲੀ- ਪੋਲੀ ਖਾਜ ਕਰਾਂ। ਇਹ ਮੱਛਰ ਉਸ ਨੂੰ ਨਗਨ ਧੁਪ-ਇਸ਼ਨਾਨ ਸਮੇਂ ਬੀਚ 'ਤੇ ਲੜੇ ਸਨ। ਧਫੜਾਂ ਤੇ ਖਾਜ ਨਾਲ ਉਹ ਮੱਠੀ-ਮੱਠੀ ਝਰਿਰ ਜਿਹੀ, ਆਨੰਦ, ਮਹਿਸੂਸ ਕਰ ਰਹੀ ਸੀ। ਉਸ ਦੀ ਸਾਰੀ ਦੇਹ ਸੁਆਦ-ਸੁਆਦ ਤੇ ਪਿੰਕ ਹੋ ਗਈ ਸੀ। ਮੈਂ ਉਸ ਦੇ ਨਾਲ ਲੇਟਣ ਹੀ ਵਾਲਾ ਸਾਂ ਕਿ ਉਸ ਨੇ ਕਿਹਾ, "ਨਹੀਂ, ਏਥੇ ਨਹੀਂ ! ਤੈਨੂੰ ਪਤਾ ਹੈ, ਅੱਜ ਡੇਵਿਡ ਉਸੇ ਅਧਿਆਪਕਾ ਨੂੰ ਲੈ ਕੇ ਮੇਰੇ ਘਰ, ਮੇਰੇ ਹੀ ਬਿਸਤਰੇ ਵਿਚ ਸੁੱਤਾ ਹੋਵੇਗਾ। ਕਮੀਨਾ, ਸੂਰ, ਹਰਾਮੀ ... ਸਮਝਦਾ ਕੀ ਹੈ, ਆਪਣੇ ਆਪ ਨੂੰ ...।"

ਮੈਂ ਉਸ ਨੂੰ ਫੇਰ ਖਿੱਚ ਕੇ ਆਪਣੇ ਨਾਲ ਲਾ ਲਿਆ ਤੇ ਉਸ ਨੂੰ ਠੰਡਿਆਂ ਕਰਨ ਦਾ ਯਤਨ ਕੀਤਾ। ਉਸ ਨੇ ਇਕ ਡਰਿੰਕ ਹੋਰ ਲਿਆ। ਮੇਰੇ ਹੋਂਠ ਚੁੰਮੇ। ਮੈਨੂੰ ਘੁਟ ਕੇ ਆਪਣੀ ਗਲਵਕੜੀ ਵਿਚ ਲਿਆ ਤੇ ਕਹਿਣ ਲਗੀ, "ਹੁਣ, ਮੈਂ ਆਪਣੇ ਕਮਰੇ ਵਿਚ ਜਾਂਦੀ ਹਾਂ। ਜਾ ਕੇ ਗਰਮ-ਗਰਮ, ਕੋਸਾ-ਕੋਸਾ ਇਸ਼ਨਾਨ ਕਰਾਂਗੀ। ਐਂਜ ਕਰ, 15 ਮਿੰਟ ਬਾਅਦ ਤੂੰ ਮੇਰੇ ਕਮਰੇ ਵਿਚ ਆ ਜਾਈਂ, ਬੋਤਲ ਵੀ ਨਾਲ ਚੁਕ ਲਿਆਈਂ, ਮੈਂ ਤਿਆਰ ਹੋਵਾਂਗੀ ... ਉੱਥੇ ਹੀ ਪੀਆਂਗੇ।"

ਪੰਦਰਾਂ ਮਿੰਟ ਬਾਅਦ ਮੈਂ ਉਹਦੇ ਕਮਰੇ ਵਿਚ ਗਿਆ। ਦਸਤਕ ਦਿੱਤੀ। ਅੰਦਰੋਂ ਆਵਾਜ਼ ਆਈ, ਆ ਜਾ, ਦਰਵਾਜ਼ਾ ਖੁੱਲ੍ਹਾ ਹੀ ਹੈ। ਉਹ ਜਿਵੇਂ ਮੇਰਾ ਹੀ ਇੰਤਜ਼ਾਰ ਕਰ ਰਹੀ ਸੀ।

ਕਮਰੇ ਵਿਚ ਮੱਧਮ ਚਾਨਣਾ ਸੀ। ਪਰਫਿਊਮ ਦੀ ਮਹਿਕ ਆ ਰਹੀ ਸੀ। ਉਹ ਅੱਖਾਂ ਬੰਦ ਕਰੀ, ਅਲਫ਼ ਨੰਗੀ ਆਪਣੇ ਬਿਸਤਰੇ ਉੱਤੇ ਲੰਮੀ ਪਈ ਸੀ। ਮਰਮਰੀ ਬਦਨ। ਉੱਭਰੀਆਂ ਹੋਈਆਂ ਚੱਟਾਨੀ ਛਾਤੀਆਂ। ਗੱਠੇ ਹੋਏ ਅੰਗ। ਸਿਰ ਤੋਂ ਪੈਰਾਂ ਤਕ, ਪੱਟਾਂ ਵਿਚ ਹੱਥ ਦੇ ਕੇ ਉਹ ਤਣੀ ਪਈ ਸੀ। ਮੇਰੇ ਕਦਮਾਂ ਦੀ ਚਾਲ ਸੁਣ ਕੇ, ਉਸ ਨੇ ਅੱਖਾਂ ਖੋਲ੍ਹੀਆਂ। ਉਸ ਦਾ ਹੁਸਨ ਸ਼ੁਅਲਾ-ਜਵਾਲਾ ਸੀ। ਜਾਪਦਾ ਸੀ ਉਸ ਦਾ ਦਿਲ, ਦਿਮਾਗ਼, ਮਨ, ਹੋਂਦ ਤੇ ਸਮੁੱਚਾ ਵਜੂਦ ਜਿਵੇਂ ਅੱਜ ਉਸ ਦੇ ਜਿਸਮ ਵਿਚ ਉਤਰ ਆਇਆ ਹੋਵੇ। ਜਿਵੇਂ ਅੱਜ ਉਹ ਸਿਰਫ਼ ਜਿਸਮ ਦੀ ਭਾਸ਼ਾ ਵਿਚ ਹੀ ਸੰਵਾਦ ਰਚਾਉਣਾ ਚਾਹੁੰਦੀ ਹੋਵੇ। ਇਸ ਵਿਚ ਮਨੁੱਖਾ ਤਹਿਜ਼ੀਬ ਦੀ ਵਿਕਸਤ ਤੇ ਅਰਥ ਭਰਪੂਰ ਭਾਸ਼ਾ ਦਾ ਸਾਇਆ ਤਕ ਵੀ ਉਹ ਆਪਣੇ ਲਾਗੇ ਨਾ ਲੱਗਣ ਦੇਣਾ ਚਾਹੁੰਦੀ ਹੋਵੇ।

ਸਵੇਰੇ ਮੇਰੇ ਬੂਹੇ 'ਤੇ ਦਸਤਕ ਹੋਈ। ਜੈਕੀ ਦਾ ਤਾਂ ਜਿਵੇਂ ਇਕ ਰਾਤ ਵਿਚ ਹੀ ਕਾਇਆ-ਕਲਪ ਹੋ ਗਿਆ ਹੋਵੇ। ਉਹ ਹੱਸ ਰਹੀ ਸੀ। ਬੱਚਿਆਂ ਵਾਂਗ ਮੈਨੂੰ ਕੁਤਕਤਾਰੀਆਂ ਕੱਢ ਰਹੀ ਸੀ। ਮੇਰੇ ਨਾਈਟ ਗਾਊਨ

ਨੂੰ ਪਰ੍ਹਾਂ ਸੁਟ ਕੇ ਮੇਰੇ ਜਿਸਮ ਨੂੰ ਸਿਰ ਤੋਂ ਪੈਰਾਂ ਤਕ ਚੁੰਮ ਰਹੀ ਸੀ। ਗੁਣਗੁਣਾ ਰਹੀ ਸੀ। ਉਸ ਦੀਆਂ ਅਦਾਵਾਂ, ਉਸ ਦੇ ਅੰਗਾਂ ਵਿਚ ਨ੍ਰਿਤ ਦੀਆਂ ਮੁਦ੍ਰਾਵਾਂ ਵਾਂਗ ਸਨ। ਉਸ ਦੇ ਜ਼ਿਹਨ ਤੋਂ ਜਿਵੇਂ ਉਹ ਪਹਾੜ ਲੱਥ ਗਿਆ ਹੋਵੇ। ਉਹ ਬੋਝ ਉੱਠ ਗਿਆ ਹੋਵੇ, ਜਿਸ ਦੇ ਹੇਠਾਂ ਉਹ ਕੱਲ੍ਹ ਦੱਬੀ ਹੋਈ ਸੀ।

ਜੈਕੀ ਨਾਲ ਪਹਿਲੀ ਮੁਲਾਕਾਤ ਦੇ ਇਸ ਦਿਵਾਸੁਪਨ ਨੂੰ ਮੈਂ ਅਜੇ ਇਕ ਫ਼ਿਲਮ ਵਾਂਗ ਵੇਖ ਹੀ ਰਿਹਾ ਸਾਂ ਕਿ ਜੈਕੀ ਨੇ ਮੈਨੂੰ ਝੂਣ ਕੇ ਜਗਾਇਆ। ਉਸ ਦੇ ਨਾਲ ਇਕ ਨੌਜਵਾਨ ਨੇਟਿਵ ਇੰਡੀਅਨ ਵੀ ਸੀ। ਉਹ ਬੋਲੀ, “ਇਹਨੂੰ ਮਿਲ, ਇਹ ਡੇਵਿਡ ਹੈ। ਮੈਂ ਇਸ ਨਾਲ ਸ਼ਾਦੀ ਕਰ ਲਈ ਹੈ। ਕੁਈਨ ਚਾਰਲਟ ਦੀ ਪਬਲਿਕ ਲਾਇਬ੍ਰੇਰੀ ਵਿਚ ਤੇਰਾ ਕਵਿਤਾ-ਪਾਠ ਕਰਵਾਉਣ ਦਾ ਜੋ ਵਾਅਦਾ ਮੈਂ ਤੇਰੇ ਨਾਲ ਕੀਤਾ ਸੀ ...”

ਡੇਵਿਡ ਵਿੱਚੋਂ ਹੀ ਗੱਲ ਕੱਟ ਕੇ ਬੋਲਿਆ, “ਉਹ ਮੈਂ ਹੀ ਕੈਨਸਲ ਕਰਵਾਇਆ ਸੀ। ਪਰ ਇਸ ਵਾਰੀਂ ਤੂੰ ਜ਼ਰੂਰ ਆਵੀਂ। ਅਸੀਂ ਤੇਰਾ ਨਿੱਘਾ ਸਵਾਗਤ ਕਰਾਂਗੇ ਤੇ ਤੇਰਾ ਕਵਿਤਾ-ਪਾਠ ਸੁਣਨ ਸਾਰਾ ਸ਼ਹਿਰ ਆਵੇਗਾ।”

ਜੈਕੀ ਚਹਿਕ ਕੇ ਬੋਲੀ, “ਤੇ ਨਾਲੇ ਮੈਂ ਤਾਂ ਤੇਰੀ ਕਰਜ਼ਦਾਰ ਵੀ ਹਾਂ। ਕੁਝ ਗੱਲਾਂ ਦੀ ਸਮਝ ਇਨਸਾਨ ਨੂੰ ਸੁਣ ਕੇ, ਪੜ੍ਹ ਕੇ ਪੈ ਜਾਂਦੀ ਹੈ। ਪਰ ਕੁਝ ਨੂੰ ਸਮਝਣ ਲਈ ਅਮਲੀ ਰੂਪ ਵਿਚ ਕੁਝ ਕਰਨਾ ਹੀ ਪੈਂਦਾ ਹੈ। ਗੱਲ ਬੁਨਿਆਦੀ ਤੌਰ ’ਤੇ ਸਮਝ ਦੀ ਹੈ ... ਆਪੇ ਦੀ ਪਹਿਚਾਣ ਦੀ ਹੈ। ਉਸ ਰਾਤ ਜੇ ਤੂੰ ਨਾ ਮਿਲਦਾ, ਤਾਂ ਸ਼ਾਇਦ ਮੈਂ ਇਕ ਵਾਰੀ ਫਿਰ ਜ਼ਿੰਦਗੀ ਦੇ ਸਿਆਹ ਹਨੇਰਿਆਂ ਵਿਚ ਗੁੰਮ ਗ਼ਰਕ ਜਾਂਦੀ। ਮੁੜ ਕੇ ‘ਸਟਰੀਟ-ਹੁੱਕਰ’ ਬਣ ਜਾਂਦੀ।”

ਉਹ ਰੁਕੀ ਤੇ ਡੂੰਘੀ ਨੀਝ ਨਾਲ ਪਹਿਲਾਂ ਮੈਨੂੰ ਫੇਰ ਆਪਣੇ ਵਧੇ ਹੋਏ ਪੇਟ ਨੂੰ ਤੇ ਅੰਤ ਵਿਚ ਡੇਵਿਡ ਵਲ ਵੇਖਦੀ ਹੋਈ ਬੋਲੀ, “ਕੁਝ ਰਿਸ਼ਤੇ ਦੁਨਿਆਵੀ ਹੁੰਦੇ ਹਨ, ਉਮਰ ਭਰ ਦੇ ਸਾਥ ਦੇ, ਜਿਵੇਂ ਮੇਰਾ ਤੇ ਡੇਵਿਡ ਦਾ ਰਿਸ਼ਤਾ ਹੈ। ਕੁਝ ਰਿਸ਼ਤੇ ਇਨਸਾਨੀ ਜਿਸਮ ਵਿਚ ਹੀ ਇਕ ਰਾਤ ਬਣ ਕੇ ਮਨ, ਦਿਲ, ਦਿਮਾਗ਼ ਅਤੇ ਸਗਲੇ ਵਜੂਦ ਉੱਤੇ ਇਸ ਤਰ੍ਹਾਂ ਘਟਦੇ, ਵਾਪਰਦੇ ਹਨ ਕਿ ਉਹ ਈਸ਼ਵਰੀ ਰਿਸ਼ਤੇ ਬਣ ਜਾਂਦੇ ਹਨ। ਉਨ੍ਹਾਂ ਦਾ ਮੰਦ-ਮੰਦ ਅਹਿਸਾਸ ਸਦਾ ਹੀ ਧੜਕਨਾਂ ਦੇ ਨਾਲ-ਨਾਲ, ਸਾਹਾਂ ਵਿਚ ਸੁਗੰਧ ਵਾਂਗ ਰਹਿੰਦਾ ਹੈ।

ਤੂੰ ਹੀ ਤਾਂ ਮੇਰਾ ਇੱਕੋ ਇਕ ਈਸ਼ਵਰੀ ਰਿਸ਼ਤਾ ਹੈਂ। ਤੂੰ ਹੀ ਤਾਂ ਮੈਨੂੰ ਅਕੀਤੇ ਅਪਰਾਧ ਦੇ ਇਲਜ਼ਾਮ ਦੇ ਪੱਕੇ ਰੂਪ ਵਿਚ ਮਾਨਸਕ ਗੰਢ ਬਣ ਕੇ ਮੇਰੇ ਮਨ ਵਿਚ ਲੱਥ ਜਾਣ ਤੋਂ ਮੈਨੂੰ ਬਚਾਇਆ ਹੈ। ਤੇ ਨਾਲੇ ਮੈਂ ਹੁਣ ਮਾਂ ਬਣਨ ਵਾਲੀ ਹਾਂ ...।”

ਡੇਵਿਡ ਨੇ ਵਿੱਚੋਂ ਹੀ ਉਸ ਦੀ ਗੱਲ ਟੁਕ ਕੇ ਆਖਿਆ, “ਜਦੋਂ ਤੂੰ ਕਵਿਤਾ- ਪਾਠ ਲਈ ਸਾਡੇ ਕੋਲ ਆਵੇਂਗਾ, ਉਨ੍ਹਾਂ ਦਿਨਾਂ ’ਚ ਹੀ ਜੈਕੀ ਆਪਣੇ ਸੁਫ਼ਨੇ ਆਪਣੇ ਬੱਚੇ ਦੀ ਮਾਂ ਬਣੇਗੀ। ਤੇ ਮੇਰੀ ਇੱਛਾ ਹੈ ਕਿ ਉਸ ਬੱਚੇ ਨੂੰ ਸਭ ਤੋਂ ਪਹਿਲਾ ਅਸ਼ੀਰਵਾਦ ਸਿਰਫ਼ ਤੇਰਾ ਮਿਲਣਾ ਚਾਹੀਦਾ ਹੈ। ਤੂੰ ਹੀ ਤਾਂ ਜੈਕੀ ਦਾ ਈਸ਼ਵਰੀ ਰਿਸ਼ਤੇਦਾਰ ਹੈਂ ...।”

ਜੈਕੀ ਦੀਆਂ ਅੱਖਾਂ ਵਿਚ ਖ਼ੁਸ਼ੀ ਦੇ ਅੱਥਰੂ ਛਲਕ ਆਏ। ਮੈਨੂੰ ਇਕ ਬਾਂਹ ਦੇ ਕਲਾਵੇ ਵਿਚ ਲੈ ਕੇ ਉਸ ਨੇ ਡੂੰਘੀ ਨੀਝ ਨਾਲ ਨਿਹਾਰਿਆ। ਮੇਰੇ ਮੱਥੇ, ਮੇਰੀ ਗੱਲ੍ਹ ਨੂੰ ਚੁੰਮਿਆ ਤੇ ਦੂਜੀ ਬਾਂਹ ਵਿਚ ਡੇਵਿਡ ਨੂੰ ਲੈ ਕੇ ਉਹ ਇੱਕੋ ਸਮੇਂ ਰੋਈ ਵੀ ਜਾ ਰਹੀ ਸੀ ਤੇ ਮੁਸਕਰਾਈ ਵੀ। ਇਹ ਕੈਸੀ ਖ਼ੁਸ਼ੀ ਸੀ। ਇਹ ਕੈਸੇ ਅੱਥਰੂ ਸਨ।

# ਤਾਰਿਆਂ ਵਾਲਾ ਦੇਸ਼

ਗੁਰਦੀਪ ਸਿੰਘ ਦੀਆਂ ਦੋ ਭੈਣਾਂ ਤੇ ਦੋ ਭਣੋਈਏ ਕੈਨੇਡਾ ਵਿਚ ਸਨ। ਆਪ ਉਹ ਉਦੋਂ ਬੀ. ਟੀ. ਕਰਕੇ ਭਾਰਤ ਵਿਚ ਪੜ੍ਹਾਉਂਦਾ ਸੀ। ਭੈਣਾਂ ਨੇ ਜ਼ੋਰ ਪਾਇਆ ਤੇ ਕੁਝ ਹਾਲਾਤ ਦਾ ਸਤਾਇਆ, ਉਹ ਕੈਨੇਡਾ ਆਉਣ ਲਈ ਰਾਜ਼ੀ ਹੋ ਗਿਆ।

ਸਾਡੇ ਬਹੁਤੇ ਲੋਕ ਏਥੇ ਲੱਕੜ ਦੀਆਂ ਮਿੱਲਾਂ ਵਿਚ ਹੀ ਕੰਮ ਕਰਦੇ ਹਨ। ਕੁਝ ਏਸ ਲਈ ਕਿ ਉਨ੍ਹਾਂ ਨੂੰ ਅੰਗਰੇਜ਼ੀ ਵਿਚ ਬਾਤ ਨਹੀਂ ਮਾਰਨੀ ਆਉਂਦੀ ਤੇ ਕੁਝ ਏਸ ਲਈ ਕਿ ਮਿੱਲਾਂ ਦਾ ਕੰਮ ਭਾਰਾ ਹੈ ਤੇ ਹੱਡ ਭੰਨਵੀਂ ਮਿਹਨਤ ਮੰਗਦਾ ਹੈ। ਇਸ ਲਈ ਏਥੇ ਬਹੁਤਾ ਕੰਪੀਟੀਸ਼ਨ ਵੀ ਨਹੀਂ। ਯੂਰਪ ਦੇ ਗਰੀਬ ਦੇਸ਼ਾਂ ਜਿਵੇਂ ਇਟਲੀ, ਪੁਰਤਗਾਲ ਤੇ ਸਪੇਨ ਤੋਂ ਵੀ ਜੋ ਇਮੀਗਰੈਂਟ ਏਥੇ ਆਉਂਦੇ ਹਨ, ਉਨ੍ਹਾਂ ਨੂੰ ਵੀ ਅੰਗਰੇਜ਼ੀ ਵਿਚ ਬਾਤ ਨਹੀਂ ਮਾਰਨੀ ਆਉਂਦੀ ਤੇ ਉਹ ਵੀ ਮਿੱਲਾਂ ਵਲ ਨੂੰ ਹੀ ਭੱਜਦੇ ਹਨ। ਪਰ ਉਨ੍ਹਾਂ ਵਿਚ ਸਾਡੇ ਲੋਕਾਂ ਨਾਲੋਂ ਇਹ ਫ਼ਰਕ ਹੈ ਕਿ ਉਹ ਏਥੇ ਆਉਂਦਿਆਂ ਹੀ ਨਿਊ ਕੈਨੇਡੀਅਨਜ਼ ਦੀਆਂ ਕਲਾਸਾਂ ਵਿਚ ਦਾਖ਼ਲ ਹੋ ਕੇ ਦੋ-ਤਿੰਨ ਮਹੀਨਿਆਂ ਵਿਚ ਹੀ ਬੋਲ ਚਾਲ ਜੋਗੀ ਚੰਗੀ ਅੰਗਰੇਜ਼ੀ ਬੋਲਣ ਲੱਗ ਪੈਂਦੇ ਹਨ। ਉਨ੍ਹਾਂ ਦਾ ਰੰਗ ਵੀ ਗੋਰਾ ਹੈ, ਇਸ ਲਈ ਉਹ ਝਟ-ਪਟ ਏਥੋਂ ਦੀ ਵੱਸੋਂ ਵਿਚ ਰਚ ਮਿਚ ਜਾਂਦੇ ਹਨ।

ਗੁਰਦੀਪ ਤਾਂ ਚੰਗੀ ਅੰਗਰੇਜ਼ੀ ਬੋਲ ਲੈਂਦਾ ਸੀ। ਪਰ ਰੰਗ ਦਾ ਕੀ ਕਰੇ ? ਜਦੋਂ ਤੋਂ ਏਸ ਸ਼ਹਿਰ ਵਿਚ ਪੁਰਤਗਾਲੀ, ਸਪੈਨਿਸ਼ ਤੇ ਇਟਾਲੀਅਨ ਇਮੀਗਰੈਂਟ ਵਸਣ ਲੱਗ ਪਏ ਸਨ, ਤਦ ਤੋਂ ਹੀ ਏਥੋਂ ਦੀਆਂ ਮਿੱਲਾਂ ਵਿਚ ਵੀ ਪਹਿਲੀ ਤਰਜੀਹ ਗੋਰੀ ਚਮੜੀ ਨੂੰ ਹੀ ਦਿੱਤੀ ਜਾਂਦੀ ਸੀ, ਕਿਉਂਕਿ ਸਾਰੀਆਂ ਸ਼ਿਫ਼ਟਾਂ ਦੇ ਫ਼ੋਰਮੈਨ ਅਤੇ ਮੈਨੇਜਮੈਂਟ ਦੀਆਂ ਹੋਰ ਸਭ ਆਸਾਮੀਆਂ ਚਿੱਟੇ ਲੋਕਾਂ ਨੇ ਹੀ ਸਾਂਭ ਰੱਖੀਆਂ ਹਨ। ਨਸਲ ਦੇ ਆਧਾਰ 'ਤੇ ਇਹ ਲੋਕ ਸਾਡੇ ਨਾਲ ਹੀ ਵਿਤਕਰਾ ਨਹੀਂ ਕਰਦੇ, ਸਗੋਂ ਆਪੋ ਵਿਚ ਉਸ ਤੋਂ ਵੀ ਵਧੇਰੇ ਕਰਦੇ ਹਨ। ਪੁਰਤਗਾਲੀ ਫ਼ੋਰਮੈਨ ਦੀ ਦਿਲਚਸਪੀ ਕਿਸੇ ਪੁਰਤਗਾਲੀ ਨੂੰ ਨੌਕਰੀ ਦੇਣ ਵਿਚ ਹੀ ਹੁੰਦੀ ਹੈ।

ਗੁਰਦੀਪ ਨੂੰ ਮੈਨ ਪਾਵਰ ਤੇ ਐਂਪਲਾਇਮੈਂਟ ਵਿਭਾਗ ਅਤੇ ਮਿੱਲਾਂ ਦੇ ਚੱਕਰ ਕਟਣ ਉਪਰੰਤ ਇਹ ਗੱਲ ਸਮਝ ਪੈ ਗਈ ਸੀ ਕਿ ਆਖ਼ਿਰਕਾਰ ਸਥਿਤੀ ਏਨੀ ਮਾੜੀ ਨਹੀਂ ਸੀ, ਕਿਉਂਕਿ ਚਿੱਟਿਆਂ ਦੇ ਆਪਸੀ ਨਸਲੀ ਵਿਤਕਰੇ ਦਾ ਪਾਸਾ ਸਾਡੇ ਲੋਕਾਂ ਦੇ ਹੱਕ ਵਿਚ ਹੀ ਡਿੱਗਦਾ ਸੀ। ਉਂਜ ਵੀ ਸਾਰੇ ਚਿੱਟੇ ਲੋਕ ਵਿਤਕਰਾਵਾਦੀ ਨਹੀਂ ਸਨ। ਏਸ ਸਥਿਤੀ ਨੂੰ ਗੰਭੀਰ ਰੂਪ ਦੇਣ ਵਿਚ ਸਾਡੇ ਲੋਕਾਂ ਦਾ ਵੀ ਤਕੜਾ ਹੱਥ ਸੀ। ਇਕ ਤਾਂ ਇਹ ਅੰਗਰੇਜ਼ੀ ਬੋਲ ਸਕਣ ਦੀ ਸਮਰੱਥਾ ਰਖਦੇ ਹੋਏ ਵੀ ਹੀਣ-ਭਾਵ ਦਾ ਸ਼ਿਕਾਰ ਹੋ ਕੇ ਅੰਗਰੇਜ਼ੀ ਬੋਲਦੇ ਹਿਚਕਚਾਉਂਦੇ ਸਨ ਤੇ ਦੂਜੇ ਜੋ ਬੋਲ ਨਹੀਂ ਸਨ ਸਕਦੇ, ਉਹ ਵੱਡੀ ਉਮਰ ਵਿਚ ਅੰਗਰੇਜ਼ੀ ਸਿੱਖਣ ਲਈ ਸਕੂਲ ਜਾਣਾ ਆਪਣੀ ਹੇਠੀ ਸਮਝਦੇ ਸਨ।

ਮੈਂ ਗੁਰਦੀਪ ਨੂੰ ਦੱਸਿਆ ਕਿ ਏਥੇ ਤਾਂ ਪੰਜਾਹ-ਪੰਜਾਹ ਸਾਲ ਦੇ ਇਸਤਰੀ ਪੁਰਸ਼ ਦੋ-ਦੋ ਤਿੰਨ-ਤਿੰਨ ਬੱਚਿਆਂ ਦੇ ਮਾਪੇ ਬਣ ਕੇ ਵੀ ਨੌਕਰੀ ਛੱਡ ਕੇ ਜਾਂ ਛੁੱਟੀ ਲੈ ਕੇ ਤੇ ਜਾਂ ਸਮਰ ਕੋਰਸਾਂ ਦੁਆਰਾ ਯੂਨੀਵਰਸਿਟੀਆਂ, ਕਾਲਜਾਂ ਤੇ ਸਕੂਲਾਂ ਵਿਚ ਦਾਖ਼ਲ ਹੋ ਜਾਂਦੇ ਹਨ। ਜਦੋਂ ਮੈਂ ਉਸ ਨੂੰ ਇਹ ਦੱਸਿਆ ਕਿ ਟਰਾਂਟੋ ਦੀ ਇਕ ਯੂਨੀਵਰਸਿਟੀ ਵਿਚ ਸੱਤਰ ਸਾਲ ਦਾ ਇਕ ਬੁੱਢਾ ਅੰਗਰੇਜ਼ ਸੰਗੀਤ ਦੀਆਂ ਕਲਾਸਾਂ ਅਟੈਂਡ ਕਰ ਰਿਹਾ ਹੈ, ਤਾਂ ਉਹ ਬਹੁਤ ਹੱਸਿਆ ਤੇ ਕਹਿਣ ਲੱਗਾ ਇਨ੍ਹਾਂ ਤੋਂ ਸਭ ਕੁਝ ਸੰਭਵ ਹੈ। ਉਸ ਨੇ ਵੀ ਟੈਲੀਵੀਯਨ ਦੀਆਂ ਖ਼ਬਰਾਂ ਸਮੇਂ ਏਸ ਬੁੱਢੇ ਦੀ ਤਸਵੀਰ ਵੇਖੀ ਸੀ ਤੇ ਇਹ ਵੀ ਜਾਣਿਆ ਸੀ ਕਿ ਬਚਪਨ ਤੋਂ ਹੀ ਉਸ ਨੂੰ ਸੰਗੀਤ ਦਾ ਸ਼ੌਕ ਸੀ ਜੋ ਉਹ ਪੂਰਾ ਨਾ ਕਰ ਸਕਿਆ। ਹੁਣ ਰੀਟਾਇਰ ਹੋ ਕੇ ਇਕ ਤਾਂ ਉਸ ਦਾ ਸਮਾਂ ਚੰਗਾ ਲੰਘ ਜਾਂਦਾ ਹੈ ਤੇ ਦੂਜੇ ਉਸ ਦਾ ਸ਼ੌਕ ਪੂਰਾ ਹੋ ਰਿਹਾ ਹੈ।

ਗੁਰਦੀਪ ਨਾਲ ਮੇਰੀਆਂ ਅਕਸਰ ਇਨ੍ਹਾਂ ਵਿਸ਼ਿਆਂ ਉੱਤੇ ਗੱਲਾਂ ਹੁੰਦੀਆਂ। ਅਸੀਂ ਦੋਵੇਂ ਏਸ ਗੱਲ 'ਤੇ ਸਹਿਮਤ ਸਾਂ ਕਿ ਸਾਡੇ ਲੋਕ ਏਥੋਂ ਦੇ ਲੋਕਾਂ, ਉਨ੍ਹਾਂ ਦੇ ਜੀਵਨ, ਉਨ੍ਹਾਂ ਦੀ ਜੀਵਨ-ਸ਼ੈਲੀ ਤੇ ਸੱਭਿਆਚਾਰ ਵਿਚ ਭਿੱਜਣ, ਉਨ੍ਹਾਂ ਵਿਚ ਰਚਣ ਮਿਚਣ ਦੀ ਥਾਂ ਆਪਣੇ ਆਪ ਨੂੰ ਇਸ ਸਭ ਕੁਝ ਤੋਂ ਆਈਸੋਲੇਟ ਕਰਕੇ ਆਪਣਾ ਇਕ ਵੱਖਰਾ ਹੀ ਪੰਜਾਬ ਵਸਾ ਕੇ ਰਹਿਣਾ ਵਧੇਰੇ ਪਸੰਦ ਕਰਦੇ ਸਨ। ਇਹ ਵੀ ਇਕ ਕਾਰਨ ਸੀ ਕਿ ਅਸੀਂ ਕਈ ਵਾਰ ਵਿਤਕਰਾ ਨਾ ਹੋਣ ਦੀ ਹਾਲਤ ਵਿਚ ਵੀ ਸਥਿਤੀ ਨੂੰ ਸਮਝਣ ਤੋਂ ਬਿਨਾਂ ਹੀ ਇਸ ਨੂੰ ਵਿਤਕਰਾਵਾਦੀ ਰੰਗ ਦੇ ਕੇ ਇਕ ਤਾਂ ਆਪਣੇ ਆਪ ਨੂੰ ਤਰਸ ਦਾ ਪਾਤਰ ਬਣਾ ਲੈਂਦੇ ਸਾਂ ਤੇ ਦੂਜੇ ਆਪਣੀ ਨਾਕਾਬਲੀਅਤ ਨੂੰ ਪੜ੍ਹ ਲਿਖ ਕੇ ਦੂਰ ਕਰਨ ਦੀ ਥਾਂ ਸਾਰਾ ਦੋਸ਼ ਚਿੱਟਿਆਂ ਤੇ ਥੱਪ ਕੇ ਆਪਣੀ ਇਹ ਊਣਤਾਈ ਛੁਪਾਉਣ ਦਾ ਯਤਨ ਕਰਦੇ ਸਾਂ।

ਗੁਰਦੀਪ ਨੂੰ ਇਹ ਸਭ ਕੁਝ ਸਮਝ ਪੈਣ ਲੱਗ ਪਿਆ ਸੀ। ਮੈਂ ਵੀ ਕੈਨੇਡਾ ਵਿਚ ਨਵਾਂ-ਨਵਾਂ ਆਇਆ ਤੇ ਛੇ ਮਹੀਨੇ ਤੋਂ ਬੇਕਾਰ ਬੈਠਾ ਸਾਂ। ਇਸ ਲਈ ਸਾਡਾ ਦੋਹਾਂ ਦਾ ਸਮਾਂ ਵਧੇਰੇ ਕਰਕੇ ਇਕੱਠਿਆਂ ਹੀ ਬੀਤਦਾ। ਬਾਵਜੂਦ ਅਨੇਕਾਂ ਕੋਸ਼ਿਸ਼ਾਂ ਦੇ ਮੈਨੂੰ ਆਪਣੀ ਕਾਬਲੀਅਤ ਅਨੁਸਾਰ ਅਧਿਆਪਕ ਦੀ ਨੌਕਰੀ ਨਹੀਂ ਸੀ ਮਿਲੀ। ਇਸ ਲਈ ਰੋਟੀ ਰੋਜ਼ੀ ਦੇ ਚੱਕਰ ਵਿਚ ਮੈਂ ਤੇ ਗੁਰਦੀਪ ਇਕੱਠੇ ਹੀ ਮਿੱਲਾਂ, ਫ਼ਾਰਮਾਂ, ਹੋਟਲਾਂ ਤੇ ਹੋਰ ਜਿੱਥੇ ਕਿਤੇ ਵੀ ਕੰਮ ਮਿਲਣ ਦੀ ਆਸ ਹੁੰਦੀ, ਉਸ ਥਾਂ ਦੀ ਖ਼ਾਕ ਛਾਣਦੇ, ਜ਼ਿੰਦਗੀ ਦੀ ਇਸ ਊਲ-ਜਲੂਲੀਅਤ ਉੱਤੇ ਹੱਸ ਛੱਡਦੇ।

ਸ਼ਾਮ ਨੂੰ ਅਸੀਂ ਦੋਵੇਂ ਪੈਦਲ ਹੀ ਬੀਅਰ ਪਾਰਲਰ ਵਲ ਬੀਅਰ ਪੀਣ ਤੁਰ ਪੈਂਦੇ। ਇਸ ਗੱਲ 'ਤੇ ਗੁਰਦੀਪ ਦੇ ਘਰਦਿਆਂ ਨੂੰ ਇਤਰਾਜ਼ ਸੀ ਕਿ ਸ਼ਰਾਬਖ਼ਾਨੇ ਵਿਚ ਸਾਡੇ ਨਸਲ ਦੇ ਆਧਾਰ ਉੱਤੇ ਕੁੱਟ ਪੈਣ ਦਾ ਜਾਂ ਕਿਸੇ ਨਾਲ ਲੜਾਈ ਹੋਣ ਦਾ ਖ਼ਤਰਾ ਸੀ। ਇਸ ਲਈ ਉਹ ਸਾਨੂੰ ਘਰ ਹੀ ਸ਼ਰਾਬ ਪੀਣ ਲਈ ਕਹਿੰਦੇ। ਗੁਰਦੀਪ ਨੂੰ ਇਹ ਗੱਲ ਪਸੰਦ ਨਹੀਂ ਸੀ ਕਿ ਜੋ ਗਲਤੀ ਏਥੋਂ ਦੇ ਲੋਕਾਂ ਵਿਚ ਨਾ ਰਚ-ਮਿਚ ਕੇ ਉਸ ਦੇ ਦੋਹਾਂ ਭਣੋਈਆਂ ਨੇ ਕੀਤੀ ਸੀ, ਉਸ ਨੂੰ ਉਹ ਕਿਉਂ ਦੁਹਰਾਵੇ ? ਮੇਰਾ ਤਾਂ ਏਥੇ ਹੈ ਕੋਈ ਨਹੀਂ ਸੀ। ਇਕ ਦੋਸਤ ਕੋਲ ਰਹਿ ਰਿਹਾ ਸਾਂ ਤੇ ਉਹ ਕਹਿ-ਕਹਿ ਕੇ ਕਹਿਣੋਂ ਹਟ ਗਏ ਸਨ।

ਰਾਤ ਦੇ ਦਸ ਕੁ ਵੱਜੇ ਸਨ ਤੇ ਅਸੀਂ ਰੋਜ਼ ਵਾਂਗ ਸ਼ਰਾਬਖ਼ਾਨੇ ਵਿਚ ਬੈਠੇ ਸ਼ਰਾਬ ਪੀ ਰਹੇ ਤੇ ਜਿਊਕ ਬਾਕਸ 'ਚੋਂ ਅੰਗਰੇਜ਼ੀ ਗਾਣੇ ਸੁਣ, ਨਚਦੇ ਜੋੜਿਆਂ ਨੂੰ ਵੇਖ, ਗੱਪਾਂ ਮਾਰ ਰਹੇ ਸਾਂ ਕਿ ਇਕ ਸ਼ਰਾਬੀ ਹੋਏ ਚਿੱਟੇ ਨੇ ਗੁਰਦੀਪ ਦੀ ਪੱਗ ਵਲ ਵੇਖ ਕੇ ਆਵਾਜ਼ ਕੱਸਿਆ, "ਹਰਾਮੀ ਹਿੰਦੂ ! ਸਾਡੀਆਂ ਨੌਕਰੀਆਂ ਦੱਬੀ ਬੈਠੇ ਹਨ। ਏਥੋਂ ਨਿਕਲ ਜਾਓ।"

ਗੁਰਦੀਪ ਲੋਹੇ ਲਾਖਾ ਹੋ ਗਿਆ ਤੇ ਉਸ ਦੇ ਉੱਠਣ ਅਤੇ ਉਸ ਅਧਖੜ ਚਿੱਟੇ ਦੇ ਗਲ ਪੈਣ ਤੋਂ ਪਹਿਲਾਂ ਹੀ ਸ਼ਰਾਬਖ਼ਾਨੇ ਦੇ ਦੋ ਮੋਟੇ ਡਾਢੇ ਬੈਰੇ, ਜਿਨ੍ਹਾਂ ਨੂੰ ਏਥੇ ਬਾਊਂਸਰ ਕਹਿੰਦੇ ਹਨ, ਆਏ ਤੇ ਉਸ ਅਵਾ-ਤਵਾ ਬੋਲ ਰਹੇ ਚਿੱਟੇ ਨੂੰ ਚੁੱਕ ਕੇ ਬਾਹਰ ਛੱਡ ਆਏ। ਏਨੇ 'ਚ ਮੈਨੇਜਰ ਸਾਡੇ ਕੋਲ ਆਇਆ ਤੇ ਉਸ ਨੇ ਬੜੀ ਨਿਮਰਤਾ ਨਾਲ ਸਾਡੇ ਕੋਲੋਂ ਖਿਮਾ ਮੰਗੀ ਅਤੇ 'ਫੀਲ ਐਟ ਹੋਮ' ਕਹਿ ਕੇ ਸਾਡੇ ਲਈ ਦੋ ਕੰਪਲੀਮੈਂਟਰੀ

ਡਰਿੰਕਸ ਲਿਆਉਣ ਲਈ ਉਸ ਨੇ ਵੇਟਰੈੱਸ ਨੂੰ ਕਿਹਾ ਅਤੇ ਇਕ ਵਾਰੀ ਫਿਰ ਨਿਮਰਤਾ ਨਾਲ ਖਿਮਾਂ ਮੰਗਦਾ ਹੋਇਆ ਵਾਪਸ ਕਾਊਂਟਰ 'ਤੇ ਚਲਾ ਗਿਆ।

ਗੁਰਦੀਪ, ਜੋ ਪਹਿਲਾਂ ਬੜਾ ਉਤੇਜਿਤ ਸੀ ਹੁਣ ਬੜਾ ਸ਼ਾਂਤ ਤੇ ਪ੍ਰਭਾਵਤ ਹੋਇਆ ਬੈਠਾ ਮੈਨੂੰ ਸੰਬੋਧਨ ਕਰਕੇ ਕਹਿਣ ਲੱਗਾ, "ਯਾਰ ਕਮਾਲ ਹੈ ! ਕਯਾ ਤਹਿਜ਼ੀਬ ਹੈ ਇਨ੍ਹਾਂ ਲੋਕਾਂ ਨੂੰ।"

"ਪੰਜਾਬ ਵਿਚ ਸਾਡੇ ਸ਼ਰਾਬਖ਼ਾਨਿਆਂ ਤੇ ਹੋਟਲਾਂ ਵਿਚ ਕਿਹੜੇ ਝਗੜੇ ਨਹੀਂ ਹੁੰਦੇ।" ਮੈਂ ਕਿਹਾ।

"ਪਤਾ ਹੈ। ਮੈਂ ਤਾਂ ਉਸ ਨੂੰ ਕੇਵਲ ਇਹ ਦੱਸਣਾ ਚਾਹੁੰਦਾ ਸੀ ਕਿ ਮੈਂ ਹਿੰਦੂ ਨਹੀਂ, ਸਿੱਖ ਹਾਂ।"

"ਏਥੇ ਸਾਨੂੰ ਸਭ ਨੂੰ ਹਿੰਦੂ ਹੀ ਕਹਿੰਦੇ ਹਨ। ਏਥੋਂ ਤਕ ਕਿ ਸਾਡੇ ਲੋਕ ਵੀ ਜਦੋਂ ਦੂਜੇ ਪੰਜਾਬੀਆਂ ਬਾਰੇ ਗੱਲ ਕਰਦੇ ਹਨ ਤਾਂ ਇੰਜ ਕਹਿੰਦੇ ਹਨ—ਉੱਥੇ ਹਿੰਦੂ ਹੀ ਕੱਠੇ ਹੋਣੇ ਆਂ, ਉੱਥੇ ਕੀ ਜਾਣਾ ?"

ਗੱਲ ਬਾਊਂਸਰਾਂ ਵਲ ਪਰਤੀ ਤਾਂ ਮੈਂ ਉਸ ਨੂੰ ਦੱਸਿਆ ਕਿ ਸਭ ਸ਼ਰਾਬਖ਼ਾਨਿਆਂ ਵਿਚ ਇਨ੍ਹਾਂ ਦੀ ਡਿਊਟੀ ਸ਼ਰਾਬ ਪੀ ਕੇ ਬਦਸਲੂਕੀ ਕਰਨ ਵਾਲਿਆਂ ਨੂੰ ਉੱਥੋਂ ਬਾਹਰ ਕੱਢਣ ਦੀ ਹੀ ਹੁੰਦੀ ਹੈ। ਜਿਸ ਸ਼ਰਾਬਖ਼ਾਨੇ ਵਿਚ ਸ਼ਾਂਤੀ ਦਾ ਮਾਹੌਲ ਨਹੀਂ ਉੱਥੇ ਲੋਕੀਂ ਜਾਂਦੇ ਨਹੀਂ। ਇਸ ਤਰ੍ਹਾਂ ਬਿਜ਼ਨੈੱਸ ਨੂੰ ਸੱਟ ਵੱਜਦੀ ਹੈ। ਇਹ ਲੋਕ ਬਿਜ਼ਨੈੱਸ ਪੱਖੋਂ ਬਹੁਤ ਸਿਆਣੇ ਹਨ। ਗਾਹਕਾਂ ਦਾ ਖ਼ਾਸ ਮਹਿਮਾਨਾਂ ਵਾਂਗ ਸਵਾਗਤ ਕਰਦੇ ਹਨ। ਉਂਜ ਵੀ ਬੋਲ ਬੜਾਕਾ ਤੇ ਦਾਰੂ ਪੀ ਕੇ ਖਰੂਦ ਇਹ ਆਪਸ ਵਿਚ ਹੀ ਕਰਦੇ ਹਨ। ਪਰ ਅਜਿਹੇ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ।

ਏਥੇ ਏਸੇ ਸ਼ਰਾਬਖ਼ਾਨੇ ਵਿਚ ਸਾਡੀ ਮੁਲਾਕਾਤ ਡੈਨ ਕਨਿੰਗ ਹੈਮ ਨਾਲ ਹੋਈ ਜੋ ਸਾਡੇ ਮੇਜ਼ ਤੇ ਸਾਡੇ ਨਾਲ ਦਾਰੂ ਪੀਣ ਵਾਲਾ ਸਾਡਾ ਪੱਕਾ ਆੜੀ ਬਣ ਗਿਆ ਸੀ। ਉਹ ਚੰਗੇ ਸੁਭਾਅ ਦਾ ਖ਼ੂਬਸੂਰਤ ਅਮਰੀਕਨ ਇਮੀਗਰੈਂਟ ਸੀ ਅਤੇ ਕੈਨੇਡੀਅਨ ਨੈਸ਼ਨਲ ਰੇਲਵੇ ਦੇ ਮੁਰੰਮਤੀ ਦਸਤੇ ਦਾ ਫ਼ੋਰਮੈਨ ਸੀ। ਉਸ ਨੂੰ ਕੁਝ ਮਜ਼ਦੂਰਾਂ ਦੀ ਲੋੜ ਸੀ। ਰੇਲਵੇ ਲਾਈਨ ਦੀਆਂ ਫਿਸ਼-ਪਲੇਟਾਂ ਬਦਲਣੀਆਂ ਅਤੇ ਅਜਿਹਾ ਹੀ ਹੋਰ ਮੁਰੰਮਤ ਦਾ ਕੰਮ ਕਰਨਾ ਸੀ।

ਗੁਰਦੀਪ ਨੂੰ ਉਸ ਨੇ ਸ਼ਰਾਬਖ਼ਾਨੇ ਵਿਚ ਹੀ ਨੌਕਰੀ 'ਤੇ ਰੱਖ ਲਿਆ ਤੇ ਅਗਲੇ ਦਿਨ ਕੰਮ 'ਤੇ ਆਉਣ ਲਈ ਕਿਹਾ। ਮੈਨੂੰ ਕਿਉਂਕਿ ਮਿੱਲ ਵਿਚ ਕਲੀਨ-ਅੱਪ ਭਾਵ ਬੂਰਾ ਚੁੱਕਣ ਤੇ ਅਜਿਹੀ ਹੋਰ ਸਫ਼ਾਈ ਕਰਨ ਦੀ ਨੌਕਰੀ ਮਿਲ ਗਈ ਸੀ, ਇਸ ਲਈ ਮੈਂ ਡੌਨ ਕਨਿੰਗ ਹੈਮ ਨੂੰ ਖ਼ਿਮਾਂ ਸਹਿਤ ਉਸ ਦੇ ਮੁਰੰਮਤੀ ਦਸਤੇ ਵਿਚ ਨੌਕਰੀ ਕਰਨ ਤੋਂ ਇਨਕਾਰ ਕਰ ਦਿੱਤਾ।

ਗੁਰਦੀਪ ਦੇ ਭਣੋਈਏ ਰੋਜ਼ ਉਸ ਨੂੰ 10 ਕੁ ਮੀਲ 'ਤੇ, ਜਿਥੇ ਮੁਰੰਮਤ ਦਾ ਕੰਮ ਹੋ ਰਿਹਾ ਸੀ ਉੱਥੇ ਛੱਡ ਆਉਂਦੇ ਤੇ ਸ਼ਾਮ ਨੂੰ ਜਦੋਂ ਉਹ ਵਿਹਲਾ ਹੁੰਦਾ, ਉਸ ਨੂੰ ਜਾ ਕੇ ਲੈ ਆਉਂਦੇ। ਸ਼ਾਮਾਂ ਸਾਡੀਆਂ ਸ਼ਰਾਬਖ਼ਾਨੇ ਵਿਚ ਹੀ ਗੁਜ਼ਰਦੀਆਂ।

ਕਦੇ-ਕਦੇ ਮੈਨੂੰ ਇੰਜ ਮਹਿਸੂਸ ਹੁੰਦਾ ਜਿਵੇਂ ਉੱਪਰੋਂ ਉੱਪਰੋਂ ਖ਼ੁਸ਼ ਰਹਿਣ ਤੇ ਜੀ ਭਰ ਕੇ ਹੱਸਣ ਵਾਲਾ ਗੁਰਦੀਪ ਅੰਦਰੋਂ ਬੜਾ ਉਦਾਸ ਤੇ ਇਕੱਲਾ ਹੈ। ਹੌਲੀ-ਹੌਲੀ ਗੱਲ ਸਮਝ ਪੈਣ ਲੱਗ ਪਈ। ਗੁਰਦੀਪ ਦਾ ਭਾਰਤ ਇਕ ਕੁੜੀ ਨਾਲ ਇਸ਼ਕ ਹੋ ਗਿਆ ਸੀ। ਉਹ ਕੁੜੀ ਨੀਵੀਂ ਜ਼ਾਤ ਦੀ ਸੀ, ਇਸ ਲਈ ਗੁਰਦੀਪ ਦੇ ਮਾਂ ਬਾਪ ਉਸ ਦੇ ਵਿਆਹ ਲਈ ਰਾਜ਼ੀ ਨਾ ਹੋਏ। ਮਾਂ ਬਾਪ ਤੋਂ ਬਾਗ਼ੀ ਹੋ ਕੇ ਗੁਰਦੀਪ ਜਿਹੜੇ ਸ਼ਹਿਰ ਵਿਚ ਪੜ੍ਹਾਉਂਦਾ ਸੀ, ਉੱਥੇ ਹੀ ਵੱਖਰਾ ਮਕਾਨ ਲੈ ਕੇ ਉਸ ਕੁੜੀ ਦੇ ਨਾਲ ਰਹਿਣ ਲੱਗ ਪਿਆ ਸੀ। ਇਸ ਗੱਲ 'ਤੇ ਬੜਾ ਰੌਲਾ ਰੱਪਾ ਪਿਆ। ਘਰ ਵਿਚ ਝਗੜਾ ਹੋਇਆ ਤੇ ਅੰਤ ਭੈਣਾਂ ਨੇ ਜ਼ੋਰ ਪਾ ਕੇ ਭਰਾ ਨੂੰ ਏਸ ਲਈ ਕੈਨੇਡਾ ਮੰਗਵਾ ਲਿਆ ਕਿ ਹੌਲੀ-ਹੌਲੀ ਜ਼ਖ਼ਮ ਭਰ ਜਾਣਗੇ ਤੇ ਉਹ ਆਪਣੇ ਭਰਾ ਦਾ ਵਿਆਹ ਆਪਣੀ ਜ਼ਾਤ ਬਰਾਦਰੀ ਦੀ ਕਿਸੇ ਚੰਗੀ ਪੜ੍ਹੀ ਲਿਖੀ ਕੁੜੀ ਨਾਲ, ਕਿਸੇ ਖਾਂਦੇ ਪੀਂਦੇ ਘਰ ਵਿਚ ਕਰਕੇ ਆਪਣੀ ਖੋ ਚੁੱਕੀ ਇੱਜ਼ਤ ਬਹਾਲ ਕਰ ਲੈਣਗੇ। ਪਰ ਗੁਰਦੀਪ ਏਥੇ ਏਸ ਲਈ ਆਇਆ ਸੀ ਕਿ ਜੋ ਕੰਮ ਭਾਰਤ ਅਧੂਰਾ ਰਹਿ ਗਿਆ ਸੀ, ਉਸ ਨੂੰ ਉਹ ਏਥੇ ਆ ਕੇ ਪੂਰਾ ਕਰੇਗਾ।

ਹੁਣ ਕਿਉਂਕਿ ਉਹ ਨੌਕਰੀ 'ਤੇ ਲੱਗ ਗਿਆ ਸੀ ਇਸ ਲਈ ਉਸ ਦੀ ਇੱਛਾ ਸੀ ਕਿ ਉਸ ਦੀ ਪ੍ਰੇਮਿਕਾ ਨੂੰ ਏਧਰ ਛੇਤੀ ਤੋਂ ਛੇਤੀ ਮੰਗਵਾਇਆ ਜਾਏ। ਭੈਣਾਂ ਤੇ ਭਣੋਈਏ ਨਾਲ ਬੜਾ ਝਗੜਾ ਹੋਇਆ। ਇਨ੍ਹਾਂ ਦਿਨਾਂ 'ਚ ਹੀ ਓਸ ਕੁੜੀ ਨੂੰ ਭਾਰਤ ਵਿਚ ਇਕ ਪੁੱਤਰ ਪੈਦਾ ਹੋਇਆ, ਜਿਸ ਦੀ ਤਸਵੀਰ ਗੁਰਦੀਪ ਸਦਾ ਆਪਣੇ ਬਟੂਏ ਵਿਚ ਰੱਖਦਾ ਅਤੇ ਸ਼ਰਾਬਖ਼ਾਨੇ ਵਿਚ ਅਕਸਰ ਭਾਵੁਕ ਹੋ ਕੇ ਉਹ ਤਸਵੀਰ ਮੈਨੂੰ ਵਿਖਾਉਂਦਾ ਤੇ ਫਿਸ ਪੈਂਦਾ।

"ਅਸੀਂ ਕਿਹੜੇ ਘੱਟ ਵਿਤਕਰਾਵਾਦੀ ਹਾਂ। ਰਾਣੀ, ਮੇਰੀ ਪਤਨੀ ਅੰਤਾਂ ਦੀ ਸੋਹਣੀ ਹੈ। ਪਿਆਰ ਦੀ ਮੂਰਤ। ਜਾਨ ਦਿੰਦੀ ਹੈ ਮੇਰੇ ਤੇ। ਮਾਂ ਬਾਪ, ਭੈਣ ਭਰਾ ਸਭ ਕੁਝ ਛੱਡ ਕੇ ਆ ਗਈ ਮੇਰੇ ਲਈ, ਮੇਰੇ ਭਰੋਸੇ। ਨੌਕਰੀ ਕਰਕੇ ਮੇਰਾ ਪੁੱਤਰ ਪਾਲ ਰਹੀ ਹੈ, ਸਿਰਫ਼ ਏਸ ਆਸ 'ਤੇ ਕਿ ਇਕ ਦਿਨ ਉਹ ਮੇਰੇ ਕੋਲ ਆ ਜਾਵੇਗੀ ਤਾਂ ਇਹ ਸਭ ਦੁੱਖ ਭੁੱਲ ਜਾਣਗੇ।...ਉਸ ਦਾ ਕਸੂਰ ਕੀ ਹੈ ? ਬਸ ਇਹ ਕਿ ਚੂੜ੍ਹਿਆਂ ਦੀ ਕੁੜੀ ਹੈ ਤੇ ਅਸੀਂ ਜੱਟ ਹਾਂ, ਚੂੜ੍ਹੇ ਬੰਦੇ ਨਹੀਂ ਹੁੰਦੇ ...।"

ਉਸ ਦੇ ਅੱਥਰੂ ਵਗ ਰਹੇ ਸਨ। ਉਸ ਦੇ ਬੋਲ ਸੰਘ ਵਿਚ ਅੜ ਗਏ ਸਨ। ਉਹ ਬੇਬਸੀ ਵਿਚ ਲਾਚਾਰ ਹੋਇਆ ਬੈਠਾ ਆਪਣੇ ਆਪ ਨੂੰ ਆਪਣੀ ਪ੍ਰੇਮਿਕਾ ਤੋਂ ਬਿਨਾ ਬੜਾ ਸੱਖਣਾ ਤੇ ਅਪੂਰਨ ਮਹਿਸੂਸ ਕਰ ਰਿਹਾ ਸੀ। ਆਪਣੇ ਲਾਲਾਂ ਵਰਗੇ ਪੁੱਤਰ ਬਿਨਾਂ ਝੂਰ ਰਿਹਾ ਸੀ। ਪਰ ਉਹ ਕੀ ਕਰ ਸਕਦਾ ਸੀ ? ਆਪਣੇ ਪੈਰੀਂ ਕੁਹਾੜਾ ਤਾਂ ਉਸ ਨੇ ਆਪੇ ਮਾਰਿਆ ਸੀ। ਵਿਆਹ ਕਰਵਾਇਆ ਨਹੀਂ ਸੀ ਤੇ ਉੱਤੋਂ ਰਾਣੀ ਨੂੰ ਇਕ ਬੱਚੇ ਦੀ ਮਾਂ ਬਣਾ ਦਿੱਤਾ ਸੀ। ਲੱਖ ਯਤਨ ਕਰਨ, ਸਫ਼ਾਈਆਂ ਦੇਣ ਦੇ ਬਾਵਜੂਦ ਵੀ ਇਮੀਗਰੇਸ਼ਨ ਵਾਲੇ ਇਹ ਮੰਨਣ ਨੂੰ ਤਿਆਰ ਨਹੀਂ ਸਨ ਕਿ ਉਹ ਰਾਣੀ ਤੇ ਉਹਦੇ ਪੁੱਤਰ ਨੂੰ ਉਸ ਦੇ ਡੀਪੈਂਡੈਂਟਸ ਦੇ ਤੌਰ ਤੇ ਇਮੀਗਰੇਸ਼ਨ ਦੇ ਕੇ ਕੈਨੇਡਾ ਆ ਲੈਣ ਦੇਣ। ਉਨ੍ਹਾਂ ਨੂੰ ਕਿਹੜਾ ਨਹੀਂ ਸੀ ਪਤਾ ਕਿ ਪੰਜਾਬੀ ਕੁੜੀਆਂ ਵਿਆਹ ਕਰਵਾਏ ਬਿਨਾ ਬੱਚੇ ਨਹੀਂ ਜੰਮਦੀਆਂ। ਤੇ ਏਧਰ ਆਉਣ ਲੱਗਿਆਂ ਗੁਰਦੀਪ ਨੇ ਜਦੋਂ ਪਾਸਪੋਰਟ ਲਈ ਅਰਜ਼ੀ ਦਿੱਤੀ ਸੀ, ਇਮੀਗਰੇਸ਼ਨ ਦੇ ਪੇਪਰ ਭਰੇ ਸਨ ਤਾਂ ਉਸ ਵਿਚ ਆਪਣੇ ਆਪ ਨੂੰ ਅਣਵਿਆਹਿਆ ਲਿਖਿਆ ਸੀ। ਇਸ ਦਾ ਤਾਂ ਸਗੋਂ ਅਫ਼ਸਰਾਂ ਤੇ ਉਲਟਾ ਅਸਰ ਹੋਇਆ ਕਿ ਉਹ ਝੂਠ ਬੋਲਦਾ ਹੈ। ਸੱਚ ਦਾ ਝੂਠ ਬਣਦਾ ਵੇਖ ਕੇ ਜਿਵੇਂ ਉਸ ਦਾ ਸਾਰਾ ਅੰਦਰ ਵਲੂੰਧਰਿਆ ਗਿਆ ਸੀ, ਜਿਵੇਂ ਉਸ ਦੀ ਸਾਰੀ ਹੋਂਦ ਛਲਣੀ ਛਲਣੀ ਹੋ ਗਈ ਸੀ, ਜਿਵੇਂ ਉਸ ਦੀ ਰੂਹ, ਦਿਲ, ਦਿਮਾਗ਼ ਉੱਤੇ ਅਨੇਕਾਂ ਕੋੜੇ ਬਰਸੇ ਹੋਣ, ਜਿਵੇਂ ਉਹ ਸਾਰੇ ਦਾ ਸਾਰਾ ਲਾਸੋ-ਲਾਸ ਹੋ ਗਿਆ ਸੀ। ਲੂੰ-ਲੂੰ ਦਰਦ ਵਿਚ ਵਿੰਝਾ। ਪਲ-ਪਲ ਬੇਬਸੀ ਵਿਚ ਜਕੜਿਆ। ਜੀਣਾ ਉਸ ਲਈ ਅਜੀਬ ਬਣ ਗਿਆ ਸੀ।

ਉਹ ਸ਼ਰਾਬ ਵਧੇਰੇ ਪੀਣ ਲੱਗ ਪਿਆ ਸੀ। ਉਸ ਨੂੰ ਏਥੋਂ ਦੇ ਸਿਆਲ ਦੀ ਮਾਰੂ ਠੰਡ ਨਾਲ ਨਫ਼ਰਤ ਹੋ ਗਈ ਸੀ। ਗਰਮੀਆਂ ਵਿਚ ਏਥੋਂ ਦਾ ਵੱਡਾ-ਵੱਡਾ ਮੱਛਰ ਉਸ ਨੂੰ ਭਰਮ ਜਿਹੇ ਵਿਚ ਹੀ ਵੱਢ ਵੱਢ ਖਾਂਦਾ ਸੀ। ਉਸ ਨੂੰ ਜਾਪਦਾ ਜਿਵੇਂ ਉਸ ਦੇ ਅੰਦਰ ਬਾਹਰ ਮੋਟੇ ਮੋਟੇ ਧੱਫੜ ਹੋ ਗਏ ਸਨ। ਖਰੂਹ-ਖਰੂਹ ਕੇ ਜਿਵੇਂ ਉਸ ਨੇ ਆਪਣੇ ਨਹੁੰਆਂ ਨਾਲ ਹੀ ਉਹਨਾਂ ਧੱਫੜਾਂ ਨੂੰ ਅੱਲੇ ਜ਼ਖ਼ਮ ਬਣਾ ਲਿਆ ਹੋਵੇ, ਨਾਸੂਰ ਬਣਾ ਲਿਆ ਹੋਵੇ। ਏਥੋਂ ਦੀ ਮੋਟੀ ਹਰੀ ਮੱਖੀ, ਕਾਲੇ ਪਹਾੜੀ ਕਾਂ, ਸੰਘਣੇ ਵਣ ਤੇ ਦੂਰ-ਦੂਰ ਤਕ ਨਜ਼ਰ ਆਉਂਦੇ ਫ਼ਸਲਾਂ ਤੋਂ ਸੱਖਣੇ ਖੇਤ ਉਸ ਨੂੰ ਵੱਢ ਵੱਢ ਖਾਂਦੇ ਸਨ।

ਤੇ ਅਕਸਰ ਉਹ ਆਪਣੇ ਦੇਸ਼ ਦੇ ਖੇਤਾਂ ਦੀਆਂ ਗੱਲਾਂ ਕਰਨ ਬਹਿ ਜਾਂਦਾ। ਸਰ੍ਹੋਂ ਦੇ ਸਾਗ ਤੇ ਤਾਜ਼ੀਆਂ ਸਬਜ਼ੀਆਂ ਬਾਰੇ ਗੱਲਾਂ ਕਰਦਾ ਬੜਾ ਭਾਵੁਕ ਹੋ ਜਾਂਦਾ। ਇਹ ਸਭ ਕੁਝ ਏਥੇ ਕਿੱਥੇ ਸੀ। ਏਥੋਂ ਦੀ ਸਬਜ਼ੀ ਭਾਜੀ ਵਿਚ, ਮੁਰਗੇ ਮੀਟ ਵਿਚ ਕੋਈ ਸਵਾਦ ਹੀ ਨਹੀਂ ਸੀ। ਮਸਨੂਈ ਤਪਸ਼-ਘਰਾਂ ਦੀਆਂ ਸਬਜ਼ੀਆਂ ਫਿੱਕੀਆਂ ਤੇ ਬੇਰਸ ਸਨ। ਵੈਸ਼ਨੋ ਮਸ਼ੀਨੀ ਮੁਰਗੇ ਜਿਨ੍ਹਾਂ ਦਾ ਮਾਸ ਰੂੰ ਵਰਗਾ ਤੇ ਸਵਾਦ ਮੁਰਗਿਆਂ ਦੀ ਫੀਡ ਵਰਗਾ ਸੀ। ਅੰਡਿਆਂ 'ਚੋਂ ਕੈਮੀਕਲਜ਼ ਦੀ ਗੰਧ ਆਉਂਦੀ ਸੀ।

ਪੈਸੇ ਨੂੰ ਕੀ ਕਰਨਾ ਸੀ। ਇਹ ਕੋਈ ਜੀਵਨ ਹੈ। ਮਿੱਠੀ ਕੈਦ। ਘਰੋਂ ਕੰਮ ਤੇ ਕੰਮੋਂ ਘਰ। ਟੈਲੀਵੀਯਨ,

ਘਰ-ਕੈਦ। ਨਾ ਦਿਲ ਦੇ ਬੋਲ, ਨਾ ਰੂਹ ਦੀ ਗੱਲ। ਸਭ ਕੁਝ ਨਕਲੀ, ਬਨਾਵਟੀ, ਮਸ਼ੀਨੀ ਤੇ ਅਮਨੁੱਖੀ ਜਾਪਦਾ ਸੀ, ਉਸ ਨੂੰ। ਅਜਿਹੇ ਸਮੇਂ ਹੀ ਉਹ ਅਕਸਰ ਮੈਨੂੰ ਕਹਿੰਦਾ ਕਿ ਉਹ ਸ਼ਰਾਬਖ਼ਾਨੇ ਦਾ ਮੈਨੇਜਰ ਕਿੰਨਾ ਮਸਨੂਈ ਸੀ ਆਪਣੇ ਵਿਹਾਰ ਵਿਚ। ਖ਼ਿਮਾਂ ਮੰਗੀ ਤੇ ਦੋ ਡਰਿੰਕਸ ਫਰੀ ਦੇ ਗਿਆ। ਕਿੰਨਾਂ ਗ਼ੈਰ-ਮਨੁੱਖੀ ਵਿਹਾਰ ਸੀ। ਨਾ ਚਿਹਰੇ ਤੇ ਕੋਈ ਪ੍ਰਭਾਵ, ਨਾ ਦਿਲ 'ਚ ਕੋਈ ਭਾਵਨਾ। ਮਸ਼ੀਨ ਦੀ ਤਰ੍ਹਾਂ ਆਇਆ, ਖਿਮਾਂ ਮੰਗੀ, ਡਰਿੰਕਸ ਮੰਗਵਾਏ ਤੇ ਚਲਾ ਗਿਆ। ਪੱਕੇ ਬਿਜ਼ਨੈਸਮੈਨ ਹਨ ਇਹ ਲੋਕ। ਇਹੋ ਜਿਹੇ ਮੌਕੇ ਦੀ ਭਾਲ ਵਿਚ ਰਹਿੰਦੇ ਹਨ ਤਾਂ ਕਿ ਇਹੋ ਜਿਹਾ ਵਿਹਾਰ ਕਰਕੇ ਆਪਣੇ ਸ਼ਰਾਬਖ਼ਾਨੇ ਦੀ ਰੈਪੂਟੇਸ਼ਨ ਬਣਾ ਸਕਣ। ਗਾਹਕੀ ਵਧਾ ਸਕਣ। ਆਪਣੇ ਮੁਨਾਫ਼ੇ ਲਈ ਸਾਨੂੰ ਵਰਤਦੇ ਹਨ। ਜ਼ਿੰਦਗੀ ਨੂੰ ਵੀ 'ਬਿਜ਼ਨੈਸ' ਵਾਂਗ ਰਨ ਕਰਦੇ ਹਨ। ਜ਼ਿੰਦਗੀ ਬਿਜ਼ਨੈਸ ਨਹੀਂ ਹੈ।

ਗੁਰਦੀਪ ਹੁਣ ਇਹੋ ਜਿਹੀਆਂ ਗੱਲਾਂ ਹੀ ਕਰਦਾ ਸੀ। ਉਸ ਦੀ ਸ਼ਰਾਬਨੋਸ਼ੀ ਵਧ ਗਈ ਸੀ। ਸ਼ਰਾਬਖ਼ਾਨੇ ਵਿਚ ਉਸ ਦਾ ਇਕ ਦੋ ਵਾਰ ਝਗੜਾ ਵੀ ਹੋਇਆ ਸੀ। ਬਾਊਂਸਰਾਂ ਨੇ ਉਸ ਨੂੰ ਚੁੱਕ ਕੇ ਬਾਹਰ ਛੱਡ ਆਂਦਾ ਸੀ। ਸ਼ਰਾਬੀ ਹੋਣ ਦੀ ਹਾਲਤ ਵਿਚ ਇਕ-ਦੋ ਰਾਤਾਂ ਉਸ ਨੇ ਪੁਲਿਸ ਦੀ ਹਿਰਾਸਤ ਵਿਚ ਵੀ ਕੱਟੀਆਂ ਸਨ।

ਇਨ੍ਹਾਂ ਦਿਨਾਂ ਵਿਚ ਹੀ ਮੈਨੂੰ ਇਕ ਸਕੂਲ ਵਿਚ ਨੌਕਰੀ ਮਿਲ ਗਈ, ਜੋ ਉੱਥੋਂ ਸੱਤਰ ਕੁ ਮੀਲ ਦੂਰ ਸੀ। ਗੁਰਦੀਪ ਵੀ ਮਿੱਲ ਵਿਚ ਕੰਮ ਕਰਨ ਲੱਗ ਪਿਆ ਸੀ। ਕਦੇ-ਕਦੇ ਫ਼ੋਨ ਤੇ ਗੱਲ ਹੁੰਦੀ ਤੇ ਦੂਰੀ ਕਾਰਨ ਮੇਲ ਮੁਲਾਕਾਤਾਂ ਸਾਡੀਆਂ ਬਹੁਤ ਵਧੇਰੇ ਘਟ ਗਈਆਂ। ਮੈਂ ਨਵੇਂ ਕੰਮ ਵਿਚ ਖੁੱਭ ਗਿਆ ਸਾਂ ਤੇ ਮੈਂ ਸੋਚਿਆ ਕਿ ਗੁਰਦੀਪ ਵੀ ਨਵੇਂ ਕੰਮ ਵਿਚ ਖੁੱਭ ਕੇ ਮੇਰੇ ਵਾਂਗ ਹੀ ਇਸ ਧਰਤੀ ਵਿਚ ਜੜ੍ਹਾਂ ਫੜ ਰਿਹਾ ਹੋਵੇਗਾ।

ਇਕ ਦਿਨ ਉਸ ਦਾ ਫ਼ੋਨ ਆਇਆ ਤੇ ਉਸ ਨੇ ਕਿਹਾ ਕਿ ਮੈਂ ਏਸ ਸਪਤਾਹ-ਅੰਤ ਉੱਤੇ ਜ਼ਰੂਰ ਉਸ ਨੂੰ ਮਿਲਾਂ। ਆਵਾਜ਼ ਤੋਂ ਜਾਪਦਾ ਸੀ ਕਿ ਉਹ ਬੜਾ ਖ਼ੁਸ਼ ਹੈ। ਮੈਂ ਖ਼ੁਸ਼ੀ ਦੀ ਵਜ੍ਹਾ ਪੁੱਛੀ ਤਾਂ ਉਸ ਨੇ ਕਿਹਾ ਗ਼ਮ ਨਾ ਕਰ, ਆ ਜਾ, ਏਥੇ ਆ ਕੇ ਤੈਨੂੰ ਸਭ ਪਤਾ ਲੱਗ ਜਾਵੇਗਾ।

ਮੈਂ ਟੋਹਣ ਲਈ ਜਦੋਂ ਉਸ ਨੂੰ ਪੁੱਛਿਆ ਕਿ ਕਿਤੇ ਰਾਣੀ ਤਾਂ ਨਹੀਂ ਆ ਰਹੀ। ਉਹ ਖੁੱਲ੍ਹ ਕੇ ਹੱਸਿਆ ਤੇ ਕਹਿਣ ਲੱਗਾ ਉਹ ਗਈ ਹੀ ਕਦੋਂ ਸੀ। ਉਹ ਤਾਂ ਏਥੇ ਸਦਾ ਉਹਦੇ ਦਿਲ ਵਿਚ ਹੀ ਰਹੀ ਸੀ।

ਸ਼ੁੱਕਰਵਾਰ ਤਿੰਨ ਵਜੇ ਸਕੂਲੋਂ ਛੁੱਟੀ ਕਰਕੇ ਮੈਂ ਘਰ ਆਇਆ ਤੇ ਫਿਰ ਤਿਆਰ ਹੋ ਕੇ ਗੁਰਦੀਪ ਨੂੰ ਮਿਲਣ ਲਈ ਤੁਰ ਪਿਆ। ਸ਼ਾਮ ਨੂੰ ਜ਼ਰਾ ਦੇਰ ਨਾਲ ਪਹੁੰਚਿਆ ਤਾਂ ਉਹ ਖਿੜਕੀ ਸਾਮ੍ਹਣੇ ਬੈਠਾ ਬੇਸਬਰੀ ਨਾਲ ਮੇਰੀ ਉਡੀਕ ਕਰ ਰਿਹਾ ਸੀ। ਘਰ ਵਾਲਿਆਂ ਦੇ ਇਹ ਕਹਿਣ ਦੇ ਬਾਵਜੂਦ ਵੀ ਕਿ ਸਭ ਕੁਝ ਲਿਆਂਦਾ ਪਿਆ ਹੈ, ਏਥੇ ਹੀ ਛਕੋ—ਗੁਰਦੀਪ ਮੈਨੂੰ ਨਾਲ ਲੈ ਕੇ ਸ਼ਰਾਬਖ਼ਾਨੇ ਵਲ ਤੁਰ ਪਿਆ। ਉਹ ਬੜਾ ਖ਼ੁਸ਼ ਸੀ। ਸ਼ਰਾਬਖ਼ਾਨੇ ਵਿਚ ਏਧਰ ਓਧਰ ਦੀਆਂ ਗੱਲਾਂ ਚਲਦੀਆਂ ਰਹੀਆਂ ਪਰ ਮਤਲਬ ਦੀ ਗੱਲ ਹੋ ਹੀ ਨਾ ਸਕੀ। ਵਾਪਸੀ ਤੇ ਅਸੀਂ ਪੈਦਲ ਹੀ ਘਰ ਵਲ ਨਿਕਲ ਪਏ ਤਾਂ ਉਹ ਬੋਲਿਆ, "ਨਹੀਂ ਰੀਸਾਂ ਬਈ ਏਸ ਮੁਲਕ ਦੀਆਂ। ਬੜੀ ਤਰੱਕੀ ਕੀਤੀ ਹੈ ਇਨ੍ਹਾਂ। ਮਿੱਲ ਦੇ ਮਜ਼ਦੂਰ ਨੂੰ ਵੀ ਭਾਰਤ ਦੇ ਪ੍ਰਧਾਨ ਮੰਤਰੀ ਜਿੰਨੀ ਤਨਖ਼ਾਹ ਮਿਲਦੀ ਹੈ।"

ਮੈਂ ਕਿਹਾ, "ਕਿਉਂ ? ਲੱਗ ਗਿਆ ਨਾ ਦਿਲ ਆਖ਼ਿਰਕਾਰ। ਪਹਿਲਾਂ ਪਹਿਲਾਂ ਸਭ ਨਾਲ ਏਥੇ ਇੰਜ ਹੀ ਹੁੰਦੀ ਹੈ। ਫਿਰ ਘਸ ਕੇ ਸਭ ਏਸ ਜ਼ਿੰਦਗੀ ਦੇ ਆਦੀ ਹੋ ਜਾਂਦੇ ਹਨ।"

"ਨਹੀਂ, ਇਹ ਗੱਲ ਨਹੀਂ ਯਾਰ।" ਉਸ ਨੇ ਉੱਪਰ ਖ਼ਾਲੀ ਆਸਮਾਨ ਵੱਲ ਵੇਖਦੇ ਹੋਏ ਗੱਲ ਜਾਰੀ ਰੱਖੀ।

"ਏਥੇ ਹੋਰ ਤਾਂ ਸਭ ਕੁਝ ਹੈ, ਪਰ ਰਾਤ ਨੂੰ ਅਸੀਂ ਛੱਤ 'ਤੇ ਸੌਂ ਨਹੀਂ ਸਕਦੇ। ਤਾਰੇ ਨਹੀਂ ਵੇਖ ਸਕਦੇ ... ਮੈਨੂੰ ਆਪਣੇ ਪਿੰਡ ਦੇ ਤਾਰੇ ਬਹੁਤ ਯਾਦ ਆਉਂਦੇ ਹਨ। ਹਰ ਦੇਸ਼ ਵਿਚ ਹਰ ਚੀਜ਼ ਤਾਂ ਨਹੀਂ ਹੁੰਦੀ ਨਾ। ਕਿਸੇ ਇਕ ਚੀਜ਼ ਦੇ ਨਾ ਹੋਣ ਨਾਲ ਉਹ ਦੇਸ਼ ਤਾਂ ਬੁਰਾ ਨਹੀਂ ਬਣ ਜਾਂਦਾ।"

ਉਹ ਰੁਕਿਆ ਤੇ ਇਕ ਵਾਰੀ ਫਿਰ ਉਸ ਨੇ ਤਾਰਿਆਂ ਤੋਂ ਸੱਖਣੇ ਆਸਮਾਨ ਵੱਲ ਵੇਖਦੇ ਹੋਇਆਂ ਹਉਕਾ ਭਰਿਆ ਤੇ ਫਿਰ ਕਹਿਣ ਲੱਗਾ, "ਮੈਨੂੰ ਏਥੋਂ ਦੀ ਧਰਤੀ, ਏਥੋਂ ਦੇ ਮੌਸਮਾਂ, ਏਥੋਂ ਦੇ ਲੋਕਾਂ ਅਤੇ ਏਥੋਂ ਦੀਆਂ ਫਸਲਾਂ 'ਤੇ ਕੋਈ ਗਿਲਾ ਨਹੀਂ ...

... ਯਾਰ, ਮੈਂ ਤਾਂ ਛੱਤ 'ਤੇ ਸੌਣ ਦਾ ਆਦੀ ਹਾਂ ਜਾਂ ਬਾਹਰ ਖੁੱਲ੍ਹੇ ਖੇਤਾਂ ਵਿਚ। ਮੈਨੂੰ ਤਾਰਿਆਂ ਨਾਲ ਅੰਤਾਂ ਦਾ ਮੋਹ ਹੈ। ਮੋਹ ਨੂੰ ਛੱਡ ਕੇ ਜ਼ਿੰਦਗੀ ਦਾ ਵਣਜ ਤੇ ਉਹ ਵੀ ਪੈਸਿਆਂ ਦੇ ਮੁੱਲ ... ਨਹੀਂ, ਨਹੀਂ, ਇਹ ਮੈਥੋਂ ਨਹੀਂ ਹੋਣਾ। ਇਹ ਵੇਸਵਾਈ ਹੈ, ਜ਼ਿਹਨੀ ਵੇਸਵਾਈ। ਪਰ ...।"

ਉਹ ਕੁਝ ਚਿਰ ਰੁਕਿਆ ਤੇ ਇਕ ਵਾਰੀ ਫਿਰ ਉਸ ਦੀ ਨਜ਼ਰ ਆਸਮਾਨ ਵਲ ਉੱਠੀ। ਉਸ ਦੇ ਚਿਹਰੇ 'ਤੇ ਅੰਤਾਂ ਦਾ ਨੂਰ ਸੀ। ਜਾਪਦਾ ਸੀ ਕਿ ਉਸ ਨੇ ਕੋਈ ਫ਼ੈਸਲਾ ਕਰ ਲਿਆ ਸੀ। ਉਹ ਇਕ ਬੱਚੇ ਵਾਂਗ ਖ਼ੁਸ਼ ਸੀ, ਜਿਸ ਨੂੰ ਦੇਰ ਦਾ ਗੁਆਚਾ, ਮਨ-ਚਾਹਿਆ ਖਿਡੌਣਾ ਮੁੜ ਮਿਲ ਰਿਹਾ ਹੋਵੇ। ਉਸ ਦੇ ਇਹ ਸ਼ਬਦ ਅਜੇ ਵੀ ਮੇਰੇ ਕੰਨਾਂ ਵਿਚ ਗੂੰਜ ਰਹੇ ਹਨ :

"ਮੈਂ ਫ਼ੈਸਲਾ ਕਰ ਲਿਆ ਹੈ। ਮੈਂ ਭਲਕੇ ਹੀ ਤਾਰਿਆਂ ਵਾਲੇ ਦੇਸ਼ ਵਾਪਸ ਮੁੜ ਜਾਣਾ ਹੈ। ਤਾਰਿਆਂ ਵਾਲੇ ਦੇਸ਼ ...।"

# ਭਟਕਦੇ ਦਾਇਰੇ

"ਭਟਕ ਜਾਣ ਨੂੰ ਦਿਲ ਕਰਦਾ ਹੈ। ਜਾਪਦਾ ਹੈ ਕਿ ਮੰਜ਼ਲ ਉੱਤੇ ਤਾਂ ਸਭ ਪਹੁੰਚੇ ਹੋਏ ਹਨ।"

"ਤੇ ਉਹ ਜੋ ਤੁਰੇ ਜਾ ਰਹੇ ਹਨ ... ਕਾਰਾਂ ਵਾਲੇ, ਵਿਮਾਨ ਵਿਚ ...।"

"ਉਹ ਵੀ ਆਪਣੇ ਆਪਣੇ ਅੰਦਰ, ਆਪਣਾ ਆਪਣਾ ਸਫ਼ਰ ਖ਼ਤਮ ਕਰ ਚੁੱਕੇ ਹਨ।"

"ਤੇ ਫਿਰ ਉਹ ਤੁਰ ਕਿਉਂ ਰਹੇ ਹਨ ?"

"ਕੁਝ ਤਾਂ ਕਰਨਾ ਹੀ ਹੋਇਆ। ਇਹ ਜੂਏ ਵਾਲੀਆਂ ਮਸ਼ੀਨਾਂ ਹਨ ਨਾ—ਪੈਨੀਆਂ ਦੀ ਤਾਲ ਉੱਤੇ ਰਾਤ ਦਿਨ ਘੁੰਮਦੀਆਂ ਹਨ। ਘੁੰਮਾਉਣ ਵਾਲੇ ਘੁੰਮਾਉਂਦੇ ਹਨ ਲਗਾਤਾਰ, ਪਰ ਇਹ ਪਹੁੰਚਦੀਆਂ ਕਿਤੇ ਵੀ ਨਹੀਂ। ਇਹਨਾਂ ਦਾ ਘੁੰਮਣਾ ਤੇ ਖੜ੍ਹਨਾ, ਏਥੇ ਹੀ ਇਕ ਦਾਇਰੇ ਵਿਚ ਨਿਸ਼ਚਿਤ ਹੈ।"

"ਤੇ ਉਹ ਜੋ ਘੁੰਮਾਉਂਦੇ ਹਨ ?"

"ਉਹ ਵੀ ਏਥੇ ਹੀ ਆ ਜਾਂਦੇ ਹਨ। ਜਿੱਤ ਕੇ ਤਾਂ ਹਰ ਕੋਈ ਆਉਂਦਾ ਹੈ ... ਹਾਰੇ ਹੋਏ ਨੂੰ ਵੀ ਹੋਰ ਕੋਈ ਰਾਹ ਨਹੀਂ ਲੱਭਦਾ। ਏਥੇ ਹੀ ... ਹਾਰ ਜਿੱਥੇ ਖ਼ਤਮ ਹੁੰਦੀ ਹੈ, ਜਿੱਤ ਉੱਥੋਂ ਸ਼ੁਰੂ ਹੁੰਦੀ ਹੈ।"

"ਤੂੰ ਕੀ ਚਾਹੁੰਦੀ ਹੈਂ ? ਹਾਰਨਾ ਕਿ ਜਿੱਤਣਾ ?"

"ਭਟਕਣਾ।"

"ਕਿਉਂ ?"

"ਜਿੱਤ ਅਤੇ ਹਾਰ ਦੋਵੇਂ ਖੜੋਤ ਦੀ ਅਵਸਥਾ ਹਨ। ਮੈਂ ਭਟਕਣ ਹਾਂ। ਜਿੱਤ ਤੇ ਹਾਰ ਮੇਰੇ ਵਿੱਚੋਂ ਹੀ ਜਨਮ ਲੈਂਦੀਆਂ ਹਨ, ਪਰ ਮੈਂ ਅੱਗੇ ਲੰਘ ਜਾਂਦੀ ਹਾਂ ... ਉੱਚੀ ਉੱਠ ਜਾਂਦੀ ਹਾਂ, ਜਿੱਤ ਤੇ ਹਾਰ ਤੋਂ।"

ਊਸ਼ਾ ਨੇ ਇਹ ਆਖ ਕੇ ਮੇਰੇ ਵਲ ਡੂੰਘੀ ਨੀਝ ਨਾਲ ਤੱਕਿਆ। ਉਸ ਦੇ ਮੱਥੇ ਉੱਤੇ ਕੱਟੇ ਹੋਏ ਵਾਲ ਭਰਵੱਟਿਆਂ ਤੱਕ ਲਟਕ ਰਹੇ ਸਨ ਅਤੇ ਉਹਨਾਂ ਤੋਂ ਪਿੱਛੇ ਲੰਮੇਂ-ਲੰਮੇਂ ਵਾਲ ਸਨ, ਕਾਲੇ ਸਿਆਹ ... ਪਰੇਸ਼ਾਨ ਜਿਹੇ ਮੋਢਿਆਂ ਤੱਕ ਬਿਖਰੇ ਹੋਏ। ਰੰਗ ਸਾਂਵਲਾ ਸੀ ਤੇ ਅੱਖਾਂ ਮੋਟੀਆਂ ਮੋਟੀਆਂ, ਦਿਲਕਸ਼।

ਉਸ ਨੇ ਜਾਮਣੀ ਰੰਗ ਦੀ ਪੁਸ਼ਾਕ ਪਾਈ ਹੋਈ ਸੀ, ਜਿਸ 'ਚੋਂ ਉਸ ਦੀਆਂ ਛਾਤੀਆਂ ਦਾ ਉਭਾਰ ਮੈਂ ਭਲੀ ਭਾਂਤ ਮਹਿਸੂਸ ਕਰ ਸਕਦਾ ਸਾਂ। ਅੱਖਾਂ ਦੇ ਦੁਆਲੇ ਅਤੇ ਝਿੰਮਣੀਆਂ ਉੱਤੇ ਉਸ ਨੇ ਜਾਮਣੀ ਰੰਗ ਦਾ ਹੀ ਸ਼ਿੰਗਾਰ ਕੀਤਾ ਹੋਇਆ ਸੀ। ਜਾਮਣੀ ਨੇਲ ਪਾਲਸ਼ ਅਤੇ ਜਾਮਣੀ ਹੀ ਬੁੰਦੇ। ਮੇਰੀਆਂ ਅੱਖਾਂ ਮੁੜ ਉਸ ਦੀਆਂ ਅੱਖਾਂ ਵਿਚ ਹੀ ਅਟਕ ਗਈਆਂ। ਉਹ ਮੁਸਕਰਾਈ ਤੇ ਨਾਲ ਹੀ ਉਸ ਦੀਆਂ ਅੱਖਾਂ ਵਿਚ ਕੁਝ ਜਗਿਆ, ਕੁਝ ਬੁਝਿਆ। ਇਸ ਜਗ ਬੁਝ ਵਿਚ ਹੀ ਉਹ ਮੇਰੇ ਵਿੱਚੋਂ ਐਕਸ-ਰੇ ਵਾਂਗੂੰ, ਲੰਘ ਗਈ। ਮੇਰੇ ਅੰਦਰ ਇਕ ਕੰਬਣੀ ਜਿਹੀ ਛਿੜੀ ਅਤੇ ਮੈਂ ਆਪਣੇ ਆਪ ਨੂੰ ਉਸ ਦੀਆਂ ਭਰਪੂਰ ਸਾਂਵਲੀਆਂ ਛਾਤੀਆਂ ਵਲ ਘੂਰਦੇ ਹੋਏ ਪਾਇਆ।

"ਕੀ ਗੱਲ ਹੈ ? ਅੱਖਾਂ ਦੀ ਭਟਕਣ ਰਾਸ ਨਹੀਂ ਆਈ ?"

"ਹਰ ਔਰਤ ਆਪਣੀ ਤੱਕਣੀ 'ਚੋਂ ਵੱਖਰੀ, ਪਰ ਛਾਤੀਆਂ 'ਚੋਂ ਇਕ ਹੁੰਦੀ ਹੈ।"

"ਹਾਂ, ਜਿਸ ਨੂੰ ਮਹਿਬੂਬ ਬਨਾਉਣ ਦੀ ਸਮਰੱਥਾ ਨਾ ਹੋਵੇ, ਉਸ 'ਚੋਂ ਮਾਂ ਨੂੰ ਵੇਖ ਲਿਆ।"

"ਬਿਲਕੁਲ ... ਜਿਸ ਵਿਚ ਮਾਂ ਦਾ ਅਭਾਵ ਹੋਵੇ, ਉਸ ਵਿਚ ਮਹਿਬੂਬ ਨੂੰ ਚਿਤਵ ਲਿਆ। ਹਰ ਭਟਕਣ ਮਾਂ-ਵਿਹੂਣੀ ਹੁੰਦੀ ਹੈ।"

"ਮਾਂ, ਜਣਨੀ ਹੈ ... ਭਟਕਣ ਜਣਦੀ ਹੈ। ਦੇਹ ਪਿਆਸੀ ਹੈ, ਪਿਆਸ ਭਖ਼ਦੀ ਹੈ। ਤੈਨੂੰ ਕੀ ਕਹਾਂ ? ਪਿਆਸ ਜਾਂ ਤ੍ਰਿਪਤੀ ?"

"ਕੀ ਫ਼ਰਕ ਪਵੇਗਾ ? ਤੇਰੀਆਂ ਅੱਖਾਂ ਵਿਚ ਇਹ ਸ਼ਬਦ ਵੀ ਭਟਕਣ ਦਾ ਸਿੱਧ ਪੁੱਠ ਹੀ ਹਨ। ਤੂੰ ਭਟਕਣ ਨੂੰ ਪਹੁੰਚੀ ਹੋਈ ਹੈਂ।"

"ਨਹੀਂ ਭਟਕਣ ਮੈਨੂੰ ਪਹੁੰਚੀ ਹੋਈ ਹੈ।"

"ਕੀ ਫ਼ਰਕ ਪਿਆ ?"

"ਜੇ ਮੈਂ ਭਟਕਣ ਨੂੰ ਪਹੁੰਚੀ ਹੋਈ ਹੋਵਾਂ, ਤਾਂ ਮੈਂ ਮੰਜ਼ਲ ਨੂੰ ਪਹੁੰਚੀ, ਰੁਕ ਜਾਵਾਂਗੀ ਭਟਕਣ ਵਿਚ ਹੀ ... ਜੇ ਭਟਕਣ ਮੈਨੂੰ ਪਹੁੰਚੀ ਹੋਈ ਹੈ ਤਾਂ ਅਸੀਂ ਭਟਕਾਂਗੀਆਂ ... ਆ ਜਾ ਤੂੰ ... ਵੀ ... ਭਟਕੀਏ ਦਾਇਰਿਆਂ ਵਿਚ ਦਾਇਰਿਆਂ ਤੋਂ ਬਾਹਰ।"

ਉਹ ਹੱਸੀ, ਤਾਂ ਉਸ ਦੀਆਂ ਗੱਲ੍ਹਾਂ ਵਿਚ ਡਿੰਪਲ ਮੁਸਕਰਾ ਉੱਠੇ, ਅੱਖਾਂ ਵਿਚ ਜਗ ਬੁਝ ਹੋਈ, ਛਾਤੀਆਂ ਉੱਭਰੀਆਂ, ਧੜਕੀਆਂ। ਉਸ ਦੀ ਅੰਗੜਾਈ, ਜਿਵੇਂ ਬੱਦਲਾਂ ਵਿੱਚੋਂ ਆਸਮਾਨ ਨਿਕਲ ਰਿਹਾ ਹੋਵੇ, ਜਿਵੇਂ ਧੂੰਆਂ, ਹਵਾ ਦੇ ਚਿਤਰਪੱਟ ਉੱਤੇ ਚਿੱਤਰਕਾਰੀ ਕਰ ਰਿਹਾ ਹੋਵੇ।

ਘੜੀ ਨੇ ਪੰਜ ਵਜਾਏ ਤਾਂ ਅਸੀਂ ਦੋਵੇਂ ਹੀ ਆਪੋ-ਆਪਣੀਆਂ ਕੁਰਸੀਆਂ 'ਚੋਂ ਨਿਕਲ ਕੇ ਦਰਵਾਜ਼ੇ ਵਲ ਵਧੇ।

"ਲੰਡਨ ਕਿੰਨੀ ਦੇਰ ਹੋਰ ਠਹਿਰੇਂਗਾ ?"

"ਜਿੰਨੀ ਦੇਰ ਭਟਕਣ ਰੱਖ ਲਵੇ।"

"ਭਟਕਣ ਸਮੇਂ ਵਿਚ ਨਹੀਂ ਆਉਂਦੀ—ਇਹ ਭੂਤ, ਭਵਿੱਖਤ, ਭਵਾਨ, ਸਭ ਤੋਂ ਉੱਪਰ ਹੈ।"

"ਮਹਿਕ ਫੜੀ ਨਹੀਂ ਜਾਂਦੀ, ਫੁੱਲ ਕੇਵਲ ਉਸ ਦਾ ਮਾਧਿਅਮ ਹੈ।"

ਮੇਰੀ ਹਾਂ ਵਿਚ ਹਾਂ ਮਿਲਾ ਕੇ ਉਸ ਨੇ ਮੇਰਾ ਹੱਥ ਆਪਣੇ ਹੱਥ ਵਿਚ ਲੈ ਲਿਆ ਅਤੇ ਅਸੀਂ ਟਰੈਫ਼ਿਕ ਦੇ ਸ਼ੂਕਦੇ ਸਾਗਰ ਵਿਚ ਆਈਸ-ਬਰਗ ਵਾਂਗ ਆਪਣਾ ਰਾਹ ਬਣਾਉਂਦੇ ਲੰਡਨ ਦੀ ਰੈਣ- ਜ਼ਿੰਦਗੀ (ਨਾਈਟ ਲਾਈਫ਼) ਦਾ ਆਨੰਦ ਮਾਣਨ ਲਈ ਤੁਰ ਪਏ।

"ਚੱਲ, ਪਹਿਲਾਂ ਤੈਨੂੰ ਨੰਗੇ ਜਿਸਮਾਂ ਦਾ ਵਣ ਵਿਖਾ ਲਿਆਵਾਂ। ਏਥੇ ਜੋ ਕੋਈ ਵੀ ਆਉਂਦਾ ਹੈ, ਸਟ੍ਰਿਪਟੀਜ਼ ਸ਼ੋਅ ਜ਼ਰੂਰ ਵੇਖਦਾ ਹੈ।"

"ਤੇ ਜਿਹਨਾਂ ਨੂੰ ਇਕ ਰੁੱਖ 'ਚੋਂ ਹੀ ਸਗਲੇ ਵਣ ਦੀ ਅੱਗ ਸੇਕਣ, ਉਸ ਵਿਚ ਲਟ-ਲਟ ਬਲਣ ਦਾ ਚਸਕਾ ਪੈ ਜਾਏ ...।"

"ਉਹਨਾਂ ਲਈ ਭਟਕਣ ਫੁੱਲ ਵੀ ਹੈ ਤੇ ਮਹਿਕ ਵੀ।"

ਉਸ ਦੀਆਂ ਬੁੱਲ੍ਹੀਆਂ ਪੰਖੜੀਆਂ ਵਾਂਗ ਖੁੱਲ੍ਹੀਆਂ ਅਤੇ ਮੇਰੇ ਹੋਠਾਂ ਉੱਤੇ ਅੰਗਿਆਰ ਧਰ ਗਈਆਂ। ਇਕ ਅੰਤਾਂ ਦੀ ਮਿਕਨਾਤੀਸੀ ਖਿੱਚ ਸੀ ਉਸ ਵਿਚ। ਮੈਨੂੰ ਲਟ-ਲਟ ਭਾਂਬੜ ਵਾਂਗ ਮਚਾ ਕੇ, ਉਹ ਮੇਰੀ ਅੱਗ ਲੈ ਤੁਰੀ ਸੀ ਆਪਣੇ ਜੰਗਲ ਵਲ।

ਜਿਸਮਾਂ ਦਾ ਇਹ ਵਣ ਹੋਰ ਕਿਸੇ ਨੂੰ ਨਹੀਂ, ਆਪਣੇ ਆਪ ਨੂੰ ਹੀ ਸਾੜਦਾ ਹੈ। ਇਸ ਦੀ ਸੁਆਹ ਨਹੀਂ ਹੁੰਦੀ। ਇਸ 'ਚੋਂ ਕੇਵਲ ਰੌਸ਼ਨੀਆਂ ਹੀ ਫੁਟਦੀਆਂ ਹਨ ... ਅਨੇਕ ਰੰਗਾਂ ਦੀਆਂ ਚਕਾਚੌਂਦ ਕਰ ਦੇਣ ਵਾਲੀਆਂ ਰੌਸ਼ਨੀਆਂ। ਇਹ ਰਾਤ, ਰੌਸ਼ਨੀਆਂ ਦੀ ਰਾਤ ਸੀ।

ਇਹਨਾਂ ਰੌਸ਼ਨੀਆਂ ਹੇਠ ... ਸਮੁੰਦਰ, ਪੂਰਨਮਾਸ਼ੀ ਨੂੰ ਅਲਿੰਗਣ 'ਚ ਲੈਣ ਲਈ ਲਗਾਤਾਰ ਚੜ੍ਹਦਾ ਉੱਤਰਦਾ ਰਿਹਾ। ਤਨ, ਲਹਿਰਾਂ ਲੈ ਉੱਡੀਆਂ ਤੇ ਚੰਦਰਮਾ, ਮਨ।

ਲੰਡਨ ਦਾ ਦਿਨ ਸੀ, ਰਾਤ ਤੋਂ ਬਾਅਦ ਰਾਤ ਵਾਂਗ, ਬੱਦਲ ਬਣ ਕੇ ਚੜ੍ਹਿਆ। ਮੇਰੀ ਅੱਖ ਖੁੱਲ੍ਹੀ ਤਾਂ ਮੇਰੇ ਕੰਨਾਂ ਵਿਚ ਆਵਾਜ਼ਾਂ ਬੁਲੰਦ ਹੋਈਆਂ।

ਕੋਈ ਮਰਦਾਵੀਂ ਆਵਾਜ਼ ਵਿਚ ਕਹਿ ਰਿਹਾ ਸੀ, "ਤੈਨੂੰ ਕਿੰਨੀ ਵਾਰੀ ਕਿਹਾ ਹੈ ਕਿ ਤੂੰ ਆਪਣੇ ਇਹ ਤੌਰ ਤਰੀਕੇ ਛੱਡ ਦੇ। ਤੂੰ ਇਕ ਪੰਜਾਬੀ ਕੁੜੀ ਹੈਂ। ਸਾਡੇ ਲੋਕ ਇਹ ਸਭ ਕੁਝ ਬਰਦਾਸ਼ਤ ਨਹੀਂ ਕਰ ਸਕਦੇ। ਤੈਨੂੰ ਆਪਣੀ ਸੱਭਿਅਤਾ, ਆਪਣੀਆਂ ਰਸਮਾਂ ਤੇ ਰਿਵਾਜਾਂ ਦਾ ਤਾਂ ਪਤਾ ਹੀ ਹੈ ...।"

"ਤੂੰ ਆਪਣੇ ਕਿਰਾਏ ਨਾਲ ਗ਼ਰਜ਼ ਰੱਖਿਆ ਕਰ। ਭਟਕਣ ਦੀ ਕੋਈ ਕੌਮੀਅਤ ਨਹੀਂ ਹੁੰਦੀ। ਇਸ ਦੀ ਆਪਣੀ ਹੀ ਸੱਭਿਅਤਾ ਹੁੰਦੀ ਹੈ ਅਤੇ ਆਪਣੇ ਹੀ ਦਾਇਰੇ...।"

ਊਸ਼ਾ ਕਹਿ ਰਹੀ ਸੀ।

# ਇਕ ਹੋਰ ਹੈਮਿੰਗਵੇ

ਇੰਜ ਹੀ ਹੋਇਆ ਸੀ। ਬੂੰਦ-ਬੂੰਦ ਕਰ ਕੇ ਜ਼ਿੰਦਗੀ ਵਹਿ ਗਈ ਸੀ। ਇਨ੍ਹਾਂ ਬੂੰਦਾਂ ਦੇ ਪਾਰਦਰਸ਼ੀ ਆਕਾਰਾਂ ਵਿਚ ਜੋ ਸੂਰਜ, ਚੰਨ, ਸਿਤਾਰੇ, ਸਤਰੰਗੀਆਂ ਪੀਂਘਾਂ, ਅਤੇ ਉੱਡਦੇ ਛਿਣ ਉਸ ਨੇ ਪਕੜੇ ਸਨ, ਉਹ ਵੀ ਬੂੰਦ 'ਚੋਂ ਭਾਫ਼ ਵਾਂਗ ਹਵਾ ਹੋ ਗਏ ਸਨ। ਇਕ ਘਣਾ ਸੱਖਣਾਪਨ ਬਾਕੀ ਰਹਿ ਗਿਆ ਸੀ। ਆਪਣੇ ਅੰਦਰਲੀ ਖ਼ਲਾਅ ਵਿਚ ਉਹ ਆਪਣੇ ਭਿੰਨ ਭਿੰਨ ਕਿਰਦਾਰਾਂ ਨੂੰ—ਵੱਖਰੀਆਂ ਵੱਖਰੀਆਂ ਹਸਤੀਆਂ ਵਾਂਗ—ਵਿਖੰਡਤ ਹੋਏ ਦੂਰ-ਦੂਰ ਘੁੰਮ ਲਟਕ ਰਹੇ ਵੇਖ ਰਿਹਾ ਸੀ। ਇਨ੍ਹਾਂ ਅੰਦਰ ਵੀ ਕਦੇ ਅੰਤਾਂ ਦੀਆਂ ਖਿੱਚਾਂ ਦਾ ਵਾਸਾ ਸੀ।

ਏਸ ਖ਼ਿਆਲ ਨਾਲ ਉਹ ਬਿੰਦ ਦੀ ਬਿੰਦ ਮੁਸਕਰਾਇਆ। ਏਸ ਫਿੱਕੀ ਜਿਹੀ ਮੁਸਕਰਾਹਟ ਨੂੰ ਆਪਣੇ ਆਲੇ-ਦੁਆਲੇ ਪਸਰੇ ਸਘਨ ਮੌਨ ਵਿਚ ਡਿਗਦਿਆਂ ਡੁੱਬਦਿਆਂ ਵੇਖਦਿਆਂ, ਉਸ ਨੇ ਆਪਣੇ ਅੰਦਰ ਇਸ ਦੇ ਮੌਨ ਖੜਾਕ ਦੀਆਂ ਅਨੇਕਾਂ ਹੀ ਤੇਜ਼ਾਬ ਵਿਚ ਭਿੱਜੀਆਂ ਸੂਈਆਂ ਵਾਂਗ ਵਿੰਨ੍ਹ-ਚੀਰਵੀਆਂ ਪ੍ਰਤੀਧੁਨੀਆਂ ਨੂੰ ਆਪਣੀ ਸਮੁੱਚੀ ਹੋਂਦ ਦੇ ਆਰ ਪਾਰ ਹੁੰਦਿਆਂ ਮਹਿਸੂਸ ਕੀਤਾ। ਉਸ ਦਾ ਆਪਾ ਜਿਵੇਂ ਮਹੀਨ ਛੇਕਾਂ ਦੀ ਇਕ ਅਮੂਰਤ ਛਾਨਣੀ ਸੀ। ਦਰਦ ਦੇ ਚੁੱਭਵੇਂ ਅੱਥਰੂ-ਕੇਰਵੇਂ ਮੌਨ-ਰੁਦਨ ਵਿਚ ਡੁੱਬੇ ਅਹਿਸਾਸ ਹੇਠ ਵੀ ਉਸ ਨੇ ਚੇਤਨਾ ਨੂੰ ਜਗਾਈ ਰਖਿਆ ਅਤੇ ਇਨ੍ਹਾਂ ਛੇਦਾਂ ਵਿੱਚੋਂ ਆਪਣੇ ਤੇ ਆਪਣੇ ਆਲੇ ਦੁਆਲੇ ਫੈਲੇ ਸਮੁੱਚੇ ਵਾਤਾਵਰਨ ਦੇ ਪਾਸਾਰੇ ਦਾ ਆਰ ਪਾਰ ਵੇਖਣ ਦਾ ਯਤਨ ਕੀਤਾ।

ਭੂਤ ਵਲ ਇਕ ਸੰਘਣੀ ਧੁੰਦ ਸੀ। ਵਿਚ ਵਿਚ ਚਿਣਗਾਂ ਵਾਂਗ ਫੁੱਟਦੇ ਕੁਝ ਚਮਕਦਾਰ ਜ਼ੱਰੇ ਜਿਹੇ ਸਨ, ਰੌਸ਼ਨੀ ਦੇ। ਉਨ੍ਹਾਂ ਤੋਂ ਪਾਰ ਸੰਘਣਾ ਅਨ੍ਹੇਰਾ ਸੀ। ਕੁਝ ਵਿਖਾਈ ਨਹੀਂ ਸੀ ਦਿੰਦਾ। ਭਵਿੱਖ ਵਲ ਵੀ ਇਹ ਕੁਝ ਹੀ ਸੀ, ਇਕ ਸੰਘਣੀ ਸਿਆਹੀ—ਤੇ ਬਸ—ਸਿਆਹੀ ਦੀ ਇਸ ਸੀਮਾਂ ਦੇ ਉਸ ਪਾਰ ਜਿਵੇਂ ਉਸ ਦੀ ਨਜ਼ਰ ਵਿੱਚੋਂ ਕਿਸੇ ਨੇ ਸਾਰੀ ਰੌਸ਼ਨੀ ਡੀਕ ਲਈ ਸੀ। ਉਰਵਾਰ ਪਾਰ ਦੇ ਚੌਂਹ ਦਿਸ਼ਾਵੀਂ ਪਸਰੇ ਏਸ ਅਨ੍ਹੇਰੇ ਵਿਚ ਵਿਚਰਦਿਆਂ ਉਸ ਨੇ ਹੇਠਾਂ ਉੱਪਰ ਵੇਖਣ ਦਾ ਯਤਨ ਕੀਤਾ। ਠੰਡੀ ਯੱਖ਼ ਧਰਤੀ। ਉਸ ਦੀ ਆਪਣੀ ਹਸਤੀ ਜਿਵੇਂ ਬਰਫ਼ ਦੀ ਸਿਲ ਬਣ ਕੇ ਪੋਲਰ ਆਈਸ ਕੈਪ ਦਾ ਭਾਗ ਬਣ ਗਈ ਹੋਵੇ। ਆਕਾਸ਼, ਜਿਸ ਦਾ ਉਸ ਨੇ ਕਦੇ ਨਿਰਮਲ, ਕਦੇ ਘਟਾਟੋਪ, ਕਦੇ ਸਿਤਾਰਿਆਂ, ਚੰਦਰਮਾ, ਸੂਰਜਾਂ ਅਤੇ ਸਤਰੰਗੀਆਂ ਵਾਲਾ ਰੂਪ ਮਾਣਿਆ ਸੀ, ਅੱਜ ਜਿਵੇਂ ਮਣਾਂ-ਮੂੰਹੀਂ, ਸੰਘਣਾ, ਕਾਲਾ ਬੋਲਾ ਤੇ ਠੋਸ ਅਨ੍ਹੇਰਾ ਬਣ ਕੇ ਉਸ ਉੱਤੇ ਢਹਿ ਪਿਆ ਹੋਵੇ।

ਉਹ ਜਿਵੇਂ ਚੱਕੀ ਦੇ ਦੋ ਭਾਰੀ ਪੁੜਾਂ ਵਿਚਕਾਰ ਆ ਗਿਆ ਸੀ। ਇਕ ਪੁੜ ਪਿੰਡ ਦਾ, ਇਕ ਬ੍ਰਹਿਮੰਡ ਦਾ। ਨਾ ਪਿੰਡ ਆਪਣਾ, ਨਾ ਬ੍ਰਹਿਮੰਡ ਤਕ ਰਸਾਈ। ਵਿਚਕਾਰ ਉਸ ਦੀ ਚੇਤਨਾਂ : ਇਕ ਵਿਫਲ ਯਤਨ, ਫਿਰ ਵੀ ਬਲ ਰਹੀ।

ਚੇਤਨਾ ਕੀ ਹੈ ? ਕਈ ਅਮੂਰਤ ਅਤੇ ਸਮੂਰਤ ਬਿੰਬ ਉਸ ਦੇ ਜ਼ਿਹਨ ਅੱਗੇ ਉੱਭਰੇ ਅਤੇ ਫਿਰ

ਕੰਪਿਊਟਰਾਈਜ਼ਡ ਵੀਡੀਓ ਟੀ. ਵੀ. ਖੇਡਾਂ ਦੇ ਵਿਰੋਧ-ਮੁਕਾਬਲੇ ਦੇ ਘਮਸਾਨ ਵਿਚ ਮਚ ਕੇ—ਮਸ਼ੀਨ ਵਿਚ ਪਾਏ ਪੈਸਿਆਂ ਦਾ ਸਮਾਂ ਮੁੱਕਣ ਉਪਰੰਤ—ਮਸ਼ੀਨ ਵਿਚ ਅਲੋਪ ਹੋ ਗਏ। ਮਸ਼ੀਨ ਵਿਚ ਪਾਏ ਪੈਸਿਆਂ ਨਾਲ ਹੋਂਦ ਦਾ ਇਕ ਚੱਕਰ ਭੁਗਤਿਆ ਅਤੇ ਇਕ ਜੂਨ ਤੇ ਇਕ ਉਮਰ ਹੰਢਾ, ਮੁਕਾ ਲਈ।

ਹੋਂਦ ਤੇ ਚੇਤਨਾ—ਬੱਤੀ ਦੇ ਦੋ ਸਿਰਿਆਂ ਵਾਂਗ ਜੁੜੀਆਂ ਹੋਈਆਂ—ਵਗਦੇ ਦਰਿਆ ਉੱਤੇ ਵਸਦੇ ਮੀਂਹ ਵਿਚ ਛਿਣ ਦੀ ਛਿਣ ਬੁਲਬਲਿਆਂ ਵਾਂਗ ਉਭਰਦੀਆਂ, ਆਪਣੀ ਹਸਤੀ ਦੀ 'ਹੈਂ' ਦਾ ਅਹਿਸਾਸ ਕਰਾਉਂਦੀਆਂ ਅਤੇ ਫਿਰ ਆਪਣੇ ਆਪ ਨੂੰ ਫਟਦਿਆਂ ਪਾਣੀ ਦੀ ਨਿਰੰਤਰ ਗਤੀ ਵਿਚ ਗੁੰਮ ਹੁੰਦਿਆਂ, ਵੇਖਦੀਆਂ। ਇੰਜ ਨਜ਼ਰ ਲਗਾਤਾਰ ਬੁਲਬੁਲੇ ਤੋਂ ਧਾਰਾ ਅਤੇ ਧਾਰਾ ਤੋਂ ਬੁਲਬੁਲੇ ਵਲ ਜਾਂਦੀ ਤੇ ਪਰਤਦੀ, ਚੇਤਨਾ ਤੇ ਹੋਂਦ ਦਾ ਕੋਈ ਹੋਰ ਬਿੰਬ ਲੱਭਣ ਦਾ ਪ੍ਰਯਾਸ ਕਰਦੀ, ਮਾਯੂਸੀ ਵਿਚ ਗੁੰਮ ਹੋ ਜਾਂਦੀ। ਨਾ ਬੂੰਦ ਦਾ ਨਿੰਘ, ਨਾ ਬੁਲਬੁਲੇ ਦਾ ਅੰਗ, ਨਾ ਧਾਰਾ ਦੀ ਹੋਣੀ—ਇਹ ਹੁਣ ਦਾ ਛਿਣ ਉਸ ਨੂੰ ਪਾਣੀ ਦੇ ਤਲ ਉੱਤੇ ਮੁਸ਼ਕ-ਕਾਫੂਰ ਦੀ ਲਟ-ਲਟ ਬਲਦੀ ਨਿੱਕੀ ਚੌਰਸ ਜਾਂ ਗੋਲਾਕਾਰ ਟਿੱਕੀ ਵਾਂਗ ਤੁਰਦਾ ਵਿਖਾਈ ਦਿੰਦਾ ਤੇ ਫਿਰ ਇਸ ਦੇ ਬਲ ਮੁੱਕਣ ਉਪਰੰਤ ਇਕ ਸੰਘਣਾ ਅਨ੍ਹੇਰਾ।

ਅਨ੍ਹੇਰੇ 'ਚੋਂ ਲਟ-ਲਟ ਮਚਦੀਆਂ ਮੁਸ਼ਕ ਕਾਫੂਰ ਦੀਆਂ ਇਨ੍ਹਾਂ ਨਿੱਕੀਆਂ ਨਿੱਕੀਆਂ ਟਿੱਕੀਆਂ ਦੀਆਂ ਜਗ-ਬੁਝ ਰੌਸ਼ਨੀਆਂ ਦੀ ਨਿਰੰਤਰਤਾ ਉੱਤੇ ਲੱਗੀਆਂ ਉਸ ਦੀਆਂ ਨਜ਼ਰਾਂ, ਉਸ ਦੇ ਜ਼ਿਹਨ ਅੰਦਰ, ਲਗਾਤਾਰ ਚੱਲ ਰਹੇ ਕੁਹਾੜੇ ਦਾ ਅਹਿਸਾਸ ਪੈਦਾ ਕਰਦੀਆਂ। ਉਸ ਨੂੰ ਇੰਜ ਮਹਿਸੂਸ ਹੁੰਦਾ, ਜਿਵੇਂ ਉਹ ਜਨਮ ਤੋਂ ਲੈ ਕੇ ਹੁਣ ਤਕ ਏਸ ਇਕ ਰੁੱਖ ਦੇ ਡਿਗਣ ਦੀ ਉਡੀਕ ਵਿਚ ਹੀ ਬੀਤਦਾ ਰਿਹਾ ਸੀ। ਇਹ ਰੁੱਖ ਕਦੋਂ ਡਿਗੇਗਾ ?

ਇਸ ਸਮੇਂ ਹੀ ਉਸ ਨੂੰ ਰਾਈਫਲ ਦੇ ਚੱਲਣ ਦੀ ਆਵਾਜ਼ ਸੁਣਾਈ ਦਿੱਤੀ ਤੇ ਉਹ ਆਪਣੇ ਖ਼ਿਆਲਾਂ ਵਿੱਚੋਂ ਚੌਂਕ ਪਿਆ। ਰਾਈਫਲ ਦੀ ਆਵਾਜ਼ ਸੰਘਣੇ ਜੰਗਲ ਤੇ ਉੱਚੇ ਪਰਬਤ ਦੀਆਂ ਚੋਟੀਆਂ ਵਿਚਕਾਰ ਅਨੇਕਾਂ ਪ੍ਰਤੀਧੁਨੀਆਂ ਪੈਦਾ ਕਰਦੀ ਹੋਈ, ਉਸ ਨੂੰ ਆਪਣੇ ਹੱਥ ਵਿਚ ਪਕੜੀ ਹੋਈ ਰਾਈਫਲ ਨਾਲ ਜੋੜ ਗਈ। ਉਸ ਨੇ ਵੇਖਿਆ ਕਿ ਉਸ ਦੀ ਉਂਗਲ ਰਾਈਫਲ ਦੇ ਘੋੜੇ ਉੱਤੇ ਸੀ ਅਤੇ ਰਾਈਫਲ ਦੀ ਨਾਲੀ ਉਸ ਦੀ ਪੁੜਪੁੜੀ ਨੂੰ ਛੂਹ ਰਹੀ ਸੀ। ਛਿਣ ਦੀ ਛਿਣ, ਉਹ ਮੁਸਕਰਾਇਆ।

"ਹੁਣ ਚੱਲਣਾ ਚਾਹੀਦਾ ਹੈ।"

ਉਹ ਆਪਣੇ ਆਪ ਬੁੜਬੁੜਾਇਆ। ਉਸ ਨੇ ਆਪਣੇ ਦੂਜੇ ਹੱਥ ਵਿਚ ਪਕੜੇ ਹੋਏ ਮਗ ਵਿੱਚੋਂ ਠੰਡੀ ਯੱਖ ਹੋਈ ਕਾਫੀ ਨੂੰ ਗਟਾ-ਗਟ ਪੀਤਾ। ਪੱਥਰਾਂ ਦੇ ਚੁੱਲ੍ਹੇ ਦੀ ਠੰਡੀ ਸੁਆਹ ਹੇਠ ਆਖ਼ਰੀ ਦਮਾਂ ਉੱਤੇ ਦਗ਼ ਰਹੇ ਕੋਲਿਆਂ ਨੂੰ ਕੋਲ ਪਈ ਮਿੱਟੀ ਹੇਠ ਦੱਬਿਆ ਅਤੇ ਕੈਂਪਿੰਗ ਦਾ ਸਾਰਾ ਸਮਾਨ ਇਕੱਠਾ ਕਰਕੇ ਆਪਣੇ ਰਕਸੈਕ ਵਿਚ ਪੈਕ ਕੀਤਾ।

ਹੱਥ ਵਿਚ ਰਾਈਫਲ ਅਤੇ ਪਿੱਠ ਉੱਤੇ ਰਕਸੈਕ ਚੁੱਕੀ, ਏਸ ਕੈਂਪ-ਸਾਈਟ ਨੂੰ ਵਿਦਾ ਆਖ ਕੇ—ਚੁਸਤ, ਹੁਸ਼ਿਆਰ ਅਤੇ ਚੌਕੰਨੇ ਸ਼ਿਕਾਰੀਆਂ ਵਾਂਗ, ਮੁੱਢੋਂ ਸੁੱਢੋਂ ਸ਼ਿਕਾਰ ਦੀ ਭਾਲ ਵਿਚ, ਉਸ ਨੇ ਆਪਣਾ ਸਫ਼ਰ ਸ਼ੁਰੂ ਕੀਤਾ।

ਏਸ ਜੰਗਲ ਵਿਚ ਉਹ ਅਨੇਕਾਂ ਵਾਰ ਸ਼ਿਕਾਰ ਕਰ ਚੁੱਕਾ ਸੀ। ਹਰਨ, ਪਹਾੜੀ ਬੱਕਰੇ, ਮੂਸ (ਬਾਰਾਂ ਸਿੰਗੇ ਵਰਗਾ ਜਾਨਵਰ), ਰਿੱਛ ਅਤੇ ਹੋਰ ਅਨੇਕਾਂ ਜੰਗਲੀ ਜਾਨਵਰ ਉਸ ਦੀ ਗੋਲੀ ਦਾ ਨਿਸ਼ਾਨਾ ਬਣ ਚੁੱਕੇ ਸਨ। ਕੈਨੇਡਾ ਗੀਜ਼, ਡਕਸ, ਗਰਾਊਜ਼ ਅਤੇ ਹੋਰ ਮਾਈਗਰੇਟੋਰੀ ਬਰਡਜ਼ ਦੇ ਸ਼ਿਕਾਰ ਦਾ ਸ਼ੌਕ ਵੀ ਉਸ ਨੂੰ ਸੀ।

ਸ਼ੌਕ ਕਾਹਦਾ ! ਇਕ ਤਰ੍ਹਾਂ ਨਾਲ ਸਮੇਂ ਨੇ ਸ਼ਿਕਾਰ ਵੀ ਉਸ ਦੇ ਗਲ ਇਕ ਲੋੜ ਵਾਂਗ ਪਾ ਦਿੱਤਾ ਸੀ। ਜਿਸ ਨਿੱਕੇ ਜਿਹੇ ਪਿੰਡ ਵਿਚ ਉਹ ਪੜ੍ਹਾਉਂਦਾ ਸੀ, ਸ਼ਹਿਰ ਉੱਥੋਂ 70 ਮੀਲ ਦੂਰ ਸੀ। ਆਪਣੀ ਨੌਕਰੀ ਦੇ ਪਹਿਲੇ ਚਾਰ ਵਰ੍ਹਿਆਂ ਵਿਚ ਉਹ ਹਰ ਸਪਤਾਹ-ਅੰਤ ਉੱਤੇ ਸ਼ਹਿਰ ਜਾਇਆ ਕਰਦਾ ਸੀ। ਸ਼ਹਿਰ ਦੀਆਂ

ਝਿਲ-ਮਿਲਾਉਂਦੀਆਂ ਰੌਸ਼ਨੀਆਂ ਤੇ ਰੰਗੀਨ ਸ਼ਾਮਾਂ ਤੋਂ ਉਸ ਨੂੰ ਹੌਲੀ-ਹੌਲੀ ਅਕੇਵਾਂ ਜਿਹਾ ਹੋਣ ਲੱਗ ਪਿਆ ਸੀ। ਉਹ ਹੀ ਕੁਝ ਵਾਰ-ਵਾਰ—ਚਾਹੇ, ਅਚਾਹੇ ਵਾਰ ਵਾਰ। ਏਸ ਦੁਹਰਾਓ ਵਿਚ ਜਿਵੇਂ ਉਹ ਆਪਣੀ ਤਲਾਸ਼ ਦਾ ਅਹਿਸਾਸ ਖੋ ਬੈਠਾ ਸੀ।

ਤਲਾਸ਼ ਕਾਹਦੀ ? ਪਦਾਰਥ, ਪਰਮਾਰਥ, ਪ੍ਰਸਿੱਧੀ, ਅਮੀਰੀ ... ਸਮੇਂ ਸਮੇਂ ਇਨ੍ਹਾਂ ਸਭ ਸ਼ਬਦਾਂ ਪਿਛਲੇ ਅਰਥਾਂ ਦੇ ਜੰਗਲ ਨੂੰ ਉਹ ਭੋਗ ਭੁਗਤ ਚੁਕਾ ਸੀ। ਇਹ ਸਭ ਕੁਝ ਉਸ ਦੀ ਮੰਜ਼ਲ ਨਹੀਂ ਸੀ।

ਕਦੇ-ਕਦੇ ਤਲਾਸ਼ ਉਸ ਨੂੰ ਭਟਕਣ ਦੀ ਸਮ-ਅਰਥਕ ਵੀ ਜਾਪੀ ਸੀ। ਇਸੇ ਲਈ ਸ਼ਾਇਦ ਇਨ੍ਹਾਂ ਦੋਹਾਂ ਦੇ ਵਿਚਕਾਰਲੀ ਅਵਸਥਾ ਵਿੱਚੋਂ ਤੀਸਰੀ ਦਿਸ਼ਾ ਵਲ ਮੁੜ ਕੇ, ਉਸ ਨੇ ਆਪਣੀ ਤਲਾਸ਼ ਦਾ ਨਾਂ ਮਨ ਦੀ ਸ਼ਾਂਤੀ ਰਖ ਲਿਆ ਸੀ। ਜਿਵੇਂ ਵੀ, ਜਿੱਥੇ ਵੀ, ਜਿਸ ਹਾਲ ਵਿਚ ਵੀ ਇਹ ਪਾਈ ਜਾ ਸਕੇ। ਕੁਝ ਪ੍ਰਾਪਤ ਕਰ ਕੇ, ਜਾਂ ਕੁਝ ਖੋ ਕੇ। ਕੀ ਫ਼ਰਕ ਪੈਂਦਾ ਸੀ ?

ਇਹ ਤੀਸਰੀ ਦਿਸ਼ਾ ਹੀ ਸ਼ਾਇਦ ਉਸ ਲਈ ਸ਼ਿਕਾਰ ਦੀ ਪ੍ਰੇਰਣਾ ਬਣੀ ਸੀ। ਉਸ ਨੇ .308 ਤੇ .22 ਆਟੋਮੈਟਿਕ ਰਾਈਫਲਾਂ ਤੋਂ ਬਿਨਾਂ 12 ਬੋਰ ਦੀ ਇਕ ਸ਼ੌਟ ਗਨ ਵੀ ਖ਼ਰੀਦ ਲਈ ਸੀ। ਸ਼ੁੱਕਰਵਾਰ ਦੀ ਸ਼ਾਮ ਸਕੂਲ ਖ਼ਤਮ ਹੋਣ ਉਪਰੰਤ ਉਹ ਕੈਂਪਿੰਗ ਤੇ ਸ਼ਿਕਾਰ ਦਾ ਸਾਰਾ ਸਮਾਨ ਇਕੱਠਾ ਕਰ ਕੇ ਆਪਣੇ ਫੋਰ ਵੀਲ ਡਰਾਈਵ ਫੋਰਡ ਬਰੌਂਕੋ ਵਿਚ ਜੰਗਲ ਤੇ ਪਹਾੜੀਆਂ ਦੀ ਘਣਵੱਸੀ ਸੁੰਨਸਾਨ ਵਲ ਨਿਕਲ ਜਾਂਦਾ ਅਤੇ ਐਤਵਾਰ ਦੀ ਸ਼ਾਮ ਨੂੰ ਵਾਪਸ ਪਰਤਦਾ। ਇਹ ਅਮਲ ਪਿਛਲੇ ਦੋ ਸਾਲਾਂ ਤੋਂ ਜਾਰੀ ਸੀ। ਇਸ ਦੌਰਾਨ ਕਈ ਰਾਤਾਂ ਉਸ ਨੇ ਜੰਗਲ, ਧਰਤੀ ਅਤੇ ਖੁੱਲ੍ਹੇ ਆਕਾਸ਼ ਦੇ ਸੰਗ ਸਾਥ ਵਿਚ ਬਿਤਾਈਆਂ ਸਨ। ਸੂਰਜ, ਚੰਦ, ਸਿਤਾਰਿਆਂ, ਵਗਦੀਆਂ ਨਦੀਆਂ, ਸੁਰੀਲੇ ਝਰਨਿਆਂ, ਵਣ ਵਿਚ ਕੋਲ-ਕੋਲ ਪਰ ਇਕੱਲੇ-ਇਕੱਲੇ ਆਪਣੀ ਹੀ ਇਕੱਲ ਦੀ ਇਕ ਦੂਜੇ ਤੋਂ ਦੂਰੀ ਵਿਚ ਵਸਦੇ ਰੁੱਖਾਂ ਨਾਲ, ਗੱਲਾਂ ਕਰਦਿਆਂ, ਉਸ ਨੇ ਅਨੇਕਾਂ ਪਲ ਗੁਜ਼ਾਰੇ ਸਨ।

ਆਪਣੇ ਅੰਦਰ ਵਸਦੇ ਮੌਤ ਦੇ ਭੈ ਨੂੰ ਮਾਰਨ ਲਈ ਉਸ ਨੇ ਏਸ ਭਿਆਨਕ ਜੰਗਲ ਵਿਚ ਹੀ ਵਾਸ ਨਹੀਂ ਸੀ ਕੀਤਾ, ਸਗੋਂ ਅਨੇਕ ਜੰਗਲੀ ਜਾਨਵਰਾਂ ਨੂੰ ਮਾਰ ਕੇ 'ਸਰਵਾਈਵਲ ਆਫ਼ ਦਾ ਫਿੱਟੈਸਟ' ਦੇ ਭੇਦ ਨੂੰ ਵੀ ਆਪਣੇ ਨਿੱਜੀ ਤਜਰਬੇ ਵਿੱਚੋਂ ਪਾਇਆ ਸੀ।

ਗਿਆਨ ਜਦੋਂ ਪੁਸਤਕਾਂ ਵਿਚ ਪ੍ਰਾਪਤ ਹੈ, ਤਾਂ ਮਨੁੱਖ ਅੰਦਰ ਇਸ ਨਿੱਜੀ ਤਜਰਬੇ ਦੀ ਭਟਕਣ ਕਿਉਂ ? ਉਹ ਸੋਚ ਰਿਹਾ ਸੀ। ਸ਼ਾਇਦ ਏਸ ਲਈ ਕਿ ਜੇ ਅਸੀਂ ਆਪਣੇ ਆਪ ਨੂੰ ਪੁਸਤਕਾਂ ਤਕ ਹੀ ਸੀਮਤ ਕਰ ਲਵਾਂਗੇ, ਤਾਂ ਗਿਆਨ ਦਾ ਨਿਰੰਤਰ ਵਿਕਾਸ ਰੁਕ ਜਾਵੇਗਾ। ਅੱਜ ਦਾ ਚਾਨਣ ਹੀ ਕਿਤੇ ਕੱਲ੍ਹ ਦਾ ਅਨ੍ਹੇਰਾ ਨਾ ਬਣ ਜਾਵੇ।

"ਇਹ ਸੱਚ ਹੈ।"

ਉਹ ਬੁੜਬੁੜਾਇਆ ਤੇ ਫਿਰ ਉਸ ਦੇ ਖ਼ਿਆਲ ਉਸ ਨੂੰ ਵੱਡੀਆਂ ਸ਼ਕਤੀਆਂ ਵਿਚਕਾਰ ਤਣਾਅ ਵਿਚ ਵਿਚਰਦੇ ਸ਼ਕਤੀ-ਸੰਘਰਸ਼ ਵਲ ਲੈ ਤੁਰੇ। ਅੱਜ ਦੀ ਪ੍ਰਾਪਤੀ ਜੇ ਤਕਨਾਲੋਜੀ ਦੁਆਰਾ ਸਾਡੇ ਜੀਵਨ ਲਈ ਪ੍ਰਾਪਤ ਸਭ ਸੁਵਿਧਾਵਾਂ ਹਨ, ਤਾਂ ਇਨ੍ਹਾਂ ਜੰਗਾਂ ਯੁੱਧਾਂ ਦੀ ਬਰਬਾਦੀ ਨੂੰ ਏਸ ਤਕਨੀਕੀ ਤੇ ਵਿਗਿਆਨਕ ਯੁੱਗ ਦੇ ਚਾਨਣ ਦੀ ਪੁਸਤਕ ਦੇ ਕਿਹੜੇ ਕਾਂਡ ਦੇ ਰੂਪ ਵਿਚ ਲਿਖੋਗੇ ? ਤੀਸਰੇ ਮਹਾਂ-ਯੁੱਧ ਦੇ ਭੈ ਹੇਠ ਛਿਣ-ਛਿਣ ਅਜੀਵਨ ਭੁਗਤ ਰਹੇ ਪ੍ਰਾਣੀਆਂ ਅਤੇ ਉਸ ਉਪਰੰਤ ਵਾਪਰਨ ਵਾਲੀ ਮਹਾਂ-ਪਰਲੋ ਨੂੰ ਤੁਸੀਂ ਕੀ ਕਹੋਗੇ ? ਕੀ ਇਹ ਸਭ ਕੁਝ ਵੀ ਕਿਸੇ ਤਲਾਸ਼ ਦਾ ਮਾਰਗ ਹੈ ?

—ਮਨ ਦੀ ਸ਼ਾਂਤੀ ਦੀ ਤਲਾਸ਼ ?

—ਹਾਂ ਮਨ ਦੀ ਸ਼ਾਂਤੀ ਦੀ ਤਲਾਸ਼ ਨੇ ਹੀ ਉਸ ਦੇ ਅੱਗੇ ਪਿੱਛੇ—ਆਪਣੇ ਦੁਆਰਾ ਸ਼ਿਕਾਰ ਕਰ ਕੇ ਮਾਰੇ ਜਾਨਵਰਾਂ ਦੇ ਕਰੰਗਾਂ ਦੇ ਅੰਬਾਰ ਲਾ ਦਿੱਤੇ ਸਨ। ਇਕ-ਇਕ ਗੋਲੀ ਨੇ ਇਕ-ਇਕ ਛਿਣ ਦਾ ਲਹੂ ਡੋਲ੍ਹਿਆ ਸੀ। ਉਸ ਦੀ ਸਗਲੀ ਹੋਂਦ ਉਸ ਦੇ ਦਹਿਕਦੇ ਹੱਥ ਵਿਚ ਸੁੰਗੜ ਗਈ ਸੀ। ਉਸ ਨੂੰ ਏਸ ਹੱਥ

ਵਿੱਚੋਂ ਹੀ ਕਸਾਈ, ਕਰਦ ਤੇ ਜ਼ਿਬਾਹ ਹੁੰਦੇ ਬੱਕਰਿਆਂ ਦਾ ਜ਼ਾਤੀ ਅਨੁਭਵ ਹੋਇਆ ਸੀ। ਗੋਲੀ ਖਾ ਕੇ ਤੜਫਦੇ ਸ਼ਿਕਾਰ ਨੂੰ ਉਸ ਨੇ ਸ਼ਿਕਾਰੀ-ਚਾਕੂ ਦੇ ਇਕ ਵਾਰ ਨਾਲ ਹੀ ਖ਼ਤਮ ਕਰ ਦਿੱਤਾ ਸੀ।

—"ਸ਼ਿਕਾਰ ਲਈ ਗੋਲੀ ਚਲਾਓ ਤੇ ਫਿਰ ਮਨ ਦੀ ਸ਼ਾਂਤੀ ਲਈ ਤਰਸਮਾਰ ਕਰੋ।" ਉਹ ਬੁੜਬੁੜਾਇਆ।

—"ਅਜੋਕਾ ਰਾਜਨੀਤਕ ਤੇ ਆਰਥਕ ਮਾਹੌਲ ਵੀ ਇਕ ਸ਼ਿਕਾਰਗਾਹ ਹੀ ਹੈ, ਜਿੱਥੇ ਹਰ ਕੋਈ, ਹਰ ਸਮੇਂ, ਹਰ ਕਿਸੇ ਨੂੰ ਸ਼ਿਕਾਰ ਕਰਨ ਦੀ ਆਹਰ ਵਿਚ ਹੈ।"

—"ਮਨ ਦੀ ਸ਼ਾਂਤੀ ?"

ਮਨ ਦੀ ਸ਼ਾਂਤੀ ਉਸ ਦੇ ਜ਼ਿਹਨ ਵਿਚ ਇਕ ਸਥਿਰ ਸਵਾਲ ਬਣ ਕੇ ਲਟਕ ਗਈ ਅਤੇ ਉਸ ਦੇ ਕਦਮ ਰੁਕ ਗਏ।

ਉਸ ਨੇ ਰਕਸੈਕ ਦੀਆਂ ਬੱਧੀਆਂ ਨੂੰ ਮੋਢਿਆਂ ਉੱਤੋਂ ਲਾਹਿਆ ਤੇ ਹੇਠਾਂ ਰਖ ਦਿੱਤਾ। ਪੱਥਰ ਦੀ ਇਕ ਸਿੱਲ ਉੱਤੇ ਬੈਠ ਕੇ, ਡੁੱਬਦੇ ਸੂਰਜ ਵਲ ਵੇਖਦਾ ਹੋਇਆ ਉਹ ਡੂੰਘੀਆਂ ਸੋਚਾਂ ਵਿਚ ਡੁੱਬ ਗਿਆ। ਇਹ ਸੋਚਾਂ ਉੱਚੇ ਬੋਲਾਂ ਵਾਲੀਆ ਸਨ :

—"ਮਨ ਦੀ ਸ਼ਾਂਤੀ ਲਈ ਮੌਤ ਦੇ ਭੈ ਤੋਂ ਮੁਕਤ ਹੋਣਾ ਜ਼ਰੂਰੀ ਹੈ।"

—"ਮੌਤ ਦੇ ਭੈ ਤੋਂ ਮੁਕਤੀ, ਕਿਸੇ ਨੂੰ ਮਾਰਨ ਦਾ ਨਿੱਜੀ ਅਨੁਭਵ ਪ੍ਰਾਪਤ ਕਰ ਕੇ ਹੀ ਹੋ ਸਕਦੀ ਹੈ।"

ਇਕ-ਇਕ ਕਰਕੇ ਖ਼ਿਆਲ ਉਸ ਦੇ ਜ਼ਿਹਨ ਵਿਚ ਤਰਤੀਬ ਲੈ ਰਹੇ ਸਨ।

—ਪੂਰਨ ਸੁਤੰਤਰਤਾ ?

—"ਆਪਣੀ ਮੌਤ ?"

"ਆਤਮ-ਹੱਤਿਆ ?"

—ਅਨੇਕਾਂ ਪ੍ਰਸ਼ਨਾਂ ਦੇ ਸੌਂਹੇਂ ਉਹ ਨਿਰੁੱਤਰ ਖੜੋਤਾ ਸੀ।

ਉਸ ਦੇ ਸਿਮਰਨ ਵਿਚ 'ਮਾਸਟਰ ਆਫ਼ ਗੋ' ਦੇ ਕਰਤਾ ਜਾਪਾਨੀ ਨਾਵਲਕਾਰ ਕਾਵਾ ਬਾਟਾ ਦਾ ਬਿੰਬ ਉੱਭਰਿਆ, ਜਿਸ ਨੇ ਆਤਮ-ਹੱਤਿਆ ਨੂੰ ਵੀ ਸੂਰਮਤਾਈ ਦਾ ਪ੍ਰਤੀਕ ਬਣਾਉਣ ਦਾ ਯਤਨ ਕੀਤਾ ਸੀ।

—ਆਪਣੇ ਲਈ, ਸਭ ਲਈ ਆਦਰਸ਼ ਸਿਰਜਣੇ ਤੇ ਫਿਰ ਖ਼ੁਦ ਹੀ ਉਨ੍ਹਾਂ ਆਦਰਸ਼ਾਂ ਅਨੁਸਾਰ ਜੀ ਨਾ ਸਕਣਾ। ਉਨ੍ਹਾਂ ਨੂੰ ਸਗਲ ਸੰਸਾਰ ਵਿਚ ਵਿਆਪਕ ਰੂਪ ਨਾ ਦੇ ਸਕਣ ਦੀ ਅਸਮਰੱਥਾ ਨੂੰ ਪਲ-ਪਲ, ਛਿਣ-ਛਿਣ ਜਿਉਂਦੀ ਮੌਤ ਦੇ ਰੂਪ ਵਿਚ ਸਹਿਣ ਕਰਨਾ, ਸਵੀਕਾਰ ਕਰਨਾ ... ਇਹ ਸਭ ਕੁਝ ਅਸਿਹ ਹੋ ਜਾਣਾ ... ਤੇ ਫਿਰ ਸੂਰਮਤਾਈ-ਆਤਮ-ਹੱਤਿਆ ਨੂੰ ਇਕ ਨਾਇਕ ਦੀ ਅਦਾ ਦੇਣ ਵਾਲੀ ਗੱਲ ... ਜਿਵੇਂ ਜੀਣਾ ਤਾਂ ਔਖਾ ਹੈ ਹੀ, ਮਰਨਾ ਉਸ ਤੋਂ ਵੀ ਵਧੇਰੇ ਔਖੇਰਾ ਹੋਵੇ !

ਉਹ ਸੋਚ ਰਿਹਾ ਸੀ ਹੈਮਿੰਗਵੇ ਬਾਰੇ, ਉਸ ਦੇ ਬੁੱਢੇ ਮਾਹੀਗੀਰ ਬਾਰੇ ਅਤੇ ਸਮੁੰਦਰ ਬਾਰੇ। ਹੈਮਿੰਗਵੇ ਦੇ ਇਸ ਕਥਨ ਬਾਰੇ ਕਿ ਮਨੁੱਖ ਬਰਬਾਦ ਤਾਂ ਹੋ ਸਕਦਾ ਹੈ, ਪਰ ਹਾਰ ਕਦੇ ਨਹੀਂ ਸਕਦਾ ... ਉਸ ਦੇ ਨਾਵਲ 'ਏ ਫੇਅਰਵੈਲ ਟੂ ਆਰਮਜ਼' ਦੇ ਨਾਇਕ ਹੈਨਰੀ ਬਾਰੇ ਅਤੇ ਉਸ ਦੇ ਇਸ ਕਥਨ ਬਾਰੇ ਕਿ ਇਹ ਜੰਗ, ਇਹ ਸਭ ਕੁਝ ਉਸ ਦੀ ਮਹਿਬੂਬਾ ਤੋਂ ਬਿਨਾ ਉਸ ਲਈ ਕੁਝ ਅਰਥ ਨਹੀਂ ਰਖਦਾ, ਨਿਰਾਰਥਕ ਹੈ। ਹੈਮਿੰਗਵੇ ਦੇ ਨਾਵਲਾਂ ਵਿਚ ਵਿੱਦਮਾਨ ਵਿਰੋਧਤਾਵਾਂ ਬਾਰੇ ... ਜਿੱਥੇ ਜੀਵਨ ਦਾ ਸਮੁੱਚਾ ਸੰਘਰਸ਼ ਮੁਰਦਾ ਮੱਛੀ ਦੇ ਪਿੰਜਰ ਵਿਚ ਸੁਕੜ ਕੇ ਵਿਅਰਥ ਹੋ ਜਾਂਦਾ ਹੈ ... ਜਿੱਥੇ ਜੰਗ ਤੋਂ ਭਗੌੜਾ ਹੋ ਕੇ ਵੀ ਕੋਈ ਆਪਣੀ ਮਹਿਬੂਬਾ ਨੂੰ ਨਹੀਂ ਬਚਾ ਸਕਦਾ।

—"ਕੀ ਕਾਰਨ ਹੈ ਇਨ੍ਹਾਂ ਸੋਚਾਂ ਦਾ ?" ਉਹ ਫਿਰ ਆਪਣੇ ਆਪ ਨੂੰ ਬੁੜਬੁੜਾਇਆ।

ਕੱਲ੍ਹ ਹੀ ਤਾਂ ਉਸ ਨੇ ਰੇਡੀਓ ਤੇ ਇਹ ਸੂਚਨਾ ਸੁਣੀ ਸੀ ਕਿ ਹੈਮਿੰਗਵੇ ਦੇ ਭਰਾ ਨੇ ਵੀ ਆਪਣੇ ਆਪ

ਨੂੰ ਗੋਲੀ ਮਾਰ ਕੇ ਆਤਮ-ਹੱਤਿਆ ਕਰ ਲਈ ਸੀ, ਢੇਰ ਚਿਰ ਪਹਿਲਾਂ ਹੈਮਿੰਗਵੇ ਦੇ ਬਾਪ ਨੇ ਵੀ ਆਪਣਾ ਇਹ ਹੀ ਹਸ਼ਰ ਕੀਤਾ ਸੀ। ਕਿਉਂ ?

—"ਮਨ ਦੀ ਸ਼ਾਂਤੀ ?"

—"ਪੂਰਨ ਸੁਤੰਤਰਤਾ ?"

—"ਸੂਰਮਤਾਈ ?"

ਇਨ੍ਹਾਂ ਸੋਚਾਂ ਸੌਂਹੇਂ ਆਪਮੁਹਾਰਾ ਹੀ ਰਾਈਫਲ ਦੀ ਨਾਲੀ ਉਸ ਦੀ ਪੁੜਪੁੜੀ ਨਾਲ ਆ ਲੱਗੀ। ਮੈਗਜ਼ੀਨ ਵਿਚ ਚਾਰ ਤੇ ਨਾਲੀ ਵਿਚ ਇਕ, ਮਿਲਾ ਕੇ, ਕੁਲ੍ਹ ਪੰਜ ਗੋਲੀਆਂ ਸਨ। ਉਸ ਨੇ ਸੇਫਟੀ ਹਟਾਈ ਅਤੇ ਰਾਈਫਲ ਦੇ ਘੋੜੇ ਉੱਤੇ ਉਸ ਦੀ ਪਕੜ ਮਜ਼ਬੂਤ ਹੁੰਦੀ ਗਈ।

ਸੂਰਜ ਡੁੱਬ ਚੁੱਕਾ ਸੀ। ਆਕਾਸ਼ ਉੱਤੇ ਡੁੱਬਦੇ ਦੀ ਲਾਲੀ ਅਜੇ ਵੀ ਖ਼ੂਨ ਦੇ ਛੱਪੜ ਅਤੇ ਛਿੱਟਿਆਂ ਵਾਂਗ ਫੈਲੀ ਹੋਈ ਸੀ।

ਉਸ ਦੇ ਅੰਦਰ ਕੋਈ ਘੋੜੇ ਦੇ ਲਗਾਤਾਰ ਦੱਬ ਹੋਣ ਅਤੇ ਗੋਲੀ ਚੱਲਣ ਦਾ ਇੰਤਜ਼ਾਰ ਕਰ ਰਿਹਾ ਸੀ। ਸਮਾਂ ਜਿਵੇਂ ਪਲ ਦੀ ਪਲ ਰੁਕ ਗਿਆ ਸੀ। ਸਾਹ ਜਿਵੇਂ ਛਿਣ ਦੀ ਛਿਣ ਖੜ੍ਹ ਗਿਆ ਸੀ। ਧੜਕਣ ਜਿਵੇਂ ਬਿੰਦ ਦੀ ਬਿੰਦ ਬੰਦ ਹੋ ਗਈ ਸੀ।

ਤੇ ਫਿਰ ... ਉਸ ਨੂੰ ਮਹਿਸੂਸ ਹੋਇਆ, ਜਿਵੇਂ ਉਹ ਹੈਮਿੰਗਵੇ ਦਾ ਹੀ ਇਕ ਹੋਰ ਭਰਾ ਹੋਵੇ ... ਅਤੇ ਹੈਮਿੰਗਵੇ ਦੇ ਬੁੱਢੇ ਮਾਹੀਗੀਰ ਤੇ ਕਾਵਾ ਬਾਟਾ ਬਾਰੇ ਸੋਚਦਾ ਹੋਇਆ ਘੋੜੇ ਦੇ ਦੱਬ ਹੋਣ ਤੇ ਰਾਈਫਲ ਦੇ ਚੱਲਣ ਵਿਚਕਾਰਲੇ ਉਡੀਕ-ਬਿੰਦੂ ਉੱਤੇ ਲਗਾਤਾਰ ਬੀਤਦਾ ਹੋਇਆ, ਸਮੇਂ ਦੀ ਨਿਰੰਤਰਤਾ ਵਿਚ ਵਿਅਰਥ ਹੋ ਰਿਹਾ ਹੋਵੇ। ਨਾ ਗੋਲੀ ਚੱਲੀ, ਨਾ ਖ਼ੂਨ ਹੀ ਵਗਿਆ। ਲਹਿੰਦੇ ਦੀ ਲਾਲੀ, ਪੱਥਰਾਂ ਦੇ ਚੁੱਲ੍ਹੇ ਵਿਚ, ਕੋਲਿਆਂ ਵਾਂਗ ਦਹਿਕ ਰਹੀ ਸੀ।

# ਕਿੰਨੇ ਜਵਾਲਾਮੁਖੀ ਹੋਰ

ਮਿਲਖਾ ਸਿੰਘ ਤੇ ਜਾਨ ਬਿਕਸੋ ਦੋਵੇਂ ਲੱਕੜ ਦੀ ਮਿੱਲ ਵਿਚ ਗਰੀਨ ਚੇਨ ਉੱਤੇ ਫੱਟੇ ਖਿੱਚਦੇ ਸਨ। ਕਈ ਵਾਰੀ ਭਾਰੇ ਲੰਬਰ ਦੀ ਕਟਾਈ ਤੇ ਚਿਰਾਈ ਸ਼ੁਰੂ ਹੁੰਦੀ ਤਾਂ ਉਨ੍ਹਾਂ ਨੂੰ ਸ਼ਤੀਰਾਂ ਵਰਗੇ ਭਾਰੇ ਫੱਟੇ ਖਿੱਚਣੇ ਪੈਂਦੇ। ਉਨ੍ਹਾਂ ਦੇ ਗੁੱਟ ਸੁੱਜ ਜਾਂਦੇ। ਉਂਗਲਾਂ ਦੁਖਣ ਲੱਗ ਪੈਂਦੀਆਂ। ਸਿਆਲਾਂ ਵਿਚ ਜਦੋਂ ਬਾਹਰ ਦੋ ਦੋ ਫੁੱਟ ਬਰਫ਼ ਪਈ ਹੁੰਦੀ ਤਾਂ ਛੱਤ ਹੇਠ ਚੁਫੇਰਿਓਂ ਖੁੱਲ੍ਹੇ ਵਰਾਂਡੇ ਵਿਚ ਲੱਗੀ ਚੇਨ ’ਤੇ ਕੰਮ ਕਰਦਿਆਂ ਵੀ ਉਹ ਸੁੰਨ ਹਵਾ ਵਿਚ ਮੁੜ੍ਹਕੋ ਮੁੜ੍ਹਕਾ ਹੋ ਜਾਂਦੇ।

ਉਹ ਦੋਵੇਂ ਹੋਰ ਮਜ਼ਦੂਰਾਂ ਵਾਂਗ ਇਸੇ ਭਾਲ ਵਿਚ ਰਹਿੰਦੇ ਕਿ ਛੱਤੀ ਹੋਈ ਮਿੱਲ ਦੇ ਅੰਦਰ ਕੋਈ ਸੌਖਾ ਤੇ ਮਸ਼ੀਨੀ ਕੰਮ ਮਿਲ ਜਾਏ। ਇਨ੍ਹਾਂ ਦਿਨਾਂ ’ਚ ਹੀ ਉਨ੍ਹਾਂ ਦੀ ਮਿੱਲ ਵਿਚ ਟਰਿਮਰਮੈਨ ਦੀ ਜੌਬ ਵਿਹਲੀ ਹੋਈ, ਤਾਂ ਉਨ੍ਹਾਂ ਦੋਹਾਂ ਨੇ ਇਸ ਲਈ ਆਪਣੇ ਨਾਮ ਪੇਸ਼ ਕਰ ਦਿਤੇ। ਫੈਸਲਾ ਮਿਲਖਾ ਸਿੰਘ ਦੇ ਹੱਕ ਵਿਚ ਹੋਇਆ ਤਾਂ ਜਾਨ ਲੋਹੇ ਲਾਖਾ ਹੋ ਗਿਆ। ਉਸ ਦਾ ਕਹਿਣਾ ਸੀ ਕਿ ਕਿਉਂਕਿ ਉਨ੍ਹਾਂ ਦੀ ਸ਼ਿਫ਼ਟ ਦਾ ਫੋਰਮੈਨ ਹਿੰਦੂ ਸੀ, ਇਸ ਲਈ ਉਸ ਨੇ ਮਿਲਖਾ ਸਿੰਘ ਦੀ ਤਰਫ਼ਦਾਰੀ ਅਤੇ ਉਸ ਨਾਲ ਡਿਸਕ੍ਰਿਮੀਨੇਸ਼ਨ ਕੀਤੀ ਹੈ। ਏਥੇ ਸਭ ਭਾਰਤੀਆਂ ਨੂੰ ਹਿੰਦੂ ਹੀ ਕਹਿੰਦੇ ਸਨ, ਚਾਹੇ ਕੋਈ ਸਿੱਖ ਹੋਵੇ ਚਾਹੇ ਕਿਸੇ ਹੋਰ ਜ਼ਾਤ ਜਾਂ ਧਰਮ ਦਾ।

ਜਾਨ ਨੇ ਹੋਰ ਮਜ਼ਦੂਰਾਂ ਦੀ ਚੁੱਕ ਵਿਚ ਆ ਕੇ ਯੂਨੀਅਨ ਰਾਹੀਂ ਗਰੀਵੀਐਂਸ ਕਰ ਦਿੱਤਾ ਕਿ ਉਸ ਨਾਲ ਵਿਤਕਰਾ ਹੋਇਆ ਹੈ। ਉਨ੍ਹਾਂ ਦੋਹਾਂ ਦੀ ਯੋਗਤਾ ਤਾਂ ਭਾਵੇਂ ਇਕੋ ਜਿਹੀ ਸੀ, ਪਰ ਮਿਲਖਾ ਸਿੰਘ ਇਕ ਅੱਧ ਦਿਨ ਜਾਂ ਇਕ ਸ਼ਿਫ਼ਟ ਜਾਨ ਤੋਂ ਪਹਿਲਾਂ ਨੌਕਰੀ ’ਤੇ ਲੱਗਾ ਸੀ। ਇਸ ਲਈ ਸੀਨੀਆਰਟੀ ਦੇ ਆਧਾਰ ਉੱਤੇ ਟਰਿਮਰਮੈਨ ਦੀ ਨੌਕਰੀ ਮਿਲਖਾ ਸਿੰਘ ਨੂੰ ਦੇ ਦਿੱਤੀ ਗਈ ਸੀ।

ਜਾਨ ਦੀ ਇਸ ਹਾਰ ’ਤੇ ਮਿਲਖਾ ਸਿੰਘ ਬੁੱਕਿਆ ਫਿਰਦਾ ਕਿ ਉਸ ਨੇ ਗੋਰੇ ਦੀ ਪਿੱਠ ਲਾ ਦਿੱਤੀ ਹੈ। ਜਾਨ ਵੀ ਉਸ ਨਾਲ ਈਰਖਾ ਵਸ ਦੁਰ-ਵਿਵਹਾਰ ਕਰਨ ਦੇ ਮੌਕੇ ਦੀ ਤਲਾਸ਼ ਵਿਚ ਰਹਿੰਦਾ।

ਉਨ੍ਹਾਂ ਦੋਹਾਂ ਦੇ ਘਰ ਆਹਮੋ ਸਾਮ੍ਹਣੇ ਸਨ। ਵਿਚਕਾਰ ਸੜਕ ਹੀ ਪੈਂਦੀ ਸੀ। ਭਲੇ ਦਿਨਾਂ ਵਿਚ ਉਹ ਹਰ ਰੋਜ਼ ਇਕ ਦੂਜੇ ਨੂੰ ਬੁਲਾਉਂਦੇ ਤੇ ਹਾਲ-ਚਾਲ ਪੁੱਛਦੇ ਹੁੰਦੇ ਸਨ। ਜਾਨ ਨੂੰ ਮੁਰਗਾ ਕਰੀ ਤੇ ਰੋਟੀਆਂ ਖਾਣ ਦਾ ਬੜਾ ਸ਼ੌਕ ਸੀ। ਸਪਤਾਹ-ਅੰਤ ਉੱਤੇ ਉਹ ਦੋਵੇਂ ਮਿਲਖਾ ਸਿੰਘ ਦੇ ਘਰ ਹੀ ਦਾਰੂ ਪੀਂਦੇ ਅਤੇ ਰੋਟੀ ਟੁਕ ਵੀ ਖਾਂਦੇ ਸਨ। ਜਾਨ ਸਦਾ ਵਿਸਕੀ ਦੀ ਬੋਤਲ ਨਾਲ ਲੈ ਕੇ ਆਉਂਦਾ। ਇਹ ਗੱਲ ਮਿਲਖੇ ਨੂੰ ਖਟਕਦੀ ਸੀ ਕਿਉਂਕਿ ਪੰਜਾਬੀ ਪ੍ਰਾਹੁਣਚਾਰੀ ਅਨੁਸਾਰ ਮਹਿਮਾਨ ਲਈ ਇਹ ਯੋਗ ਨਹੀਂ ਸੀ। ਜਾਨ ਨੇ ਉਸ ਨੂੰ ਸਮਝਾਇਆ ਕਿ ਇਹ ਕੈਨੇਡਾ ਹੈ। ਸਭ ਇਕੋ ਜਿਹਾ ਕਮਾਉਂਦੇ ਹਨ। ਇਕ ਦੂਜੇ ’ਤੇ ਬੋਝ ਨਹੀਂ ਬਣਨਾ ਚਾਹੀਦਾ। ਇਹ ਹੀ ਏਥੋਂ ਦਾ ਦਸਤੂਰ ਹੈ। ਖ਼ੈਰ ਸਮਝੌਤਾ ਇਹ ਹੋਇਆ ਕਿ ਕਦੇ-ਕਦੇ ਉਹ ਜਾਨ ਦੇ ਘਰ ਦਾਰੂ ਪੀ ਲਿਆ ਕਰੇਗਾ, ਪਰ ਰੋਟੀ ਮਿਲਖੇ ਦੇ ਘਰ ਹੀ ਖਾਧੀ ਜਾਵੇਗੀ।

ਜਿਸ ਦਿਨ ਤੋਂ ਇਹ ਨੌਕਰੀ ਦਾ ਟੈਂਟਾ ਪਿਆ ਸੀ, ਉਹ ਇਕ ਦੂਜੇ ਨਾਲੋਂ ਬੋਲਣੋਂ ਹਟ ਗਏ ਸਨ। ਵਾਹ ਲੱਗਦੀ ਆਨੀਂ ਬਹਾਨੀਂ ਦੂਜੇ ਪਾਸੇ ਮੂੰਹ ਕਰਕੇ ਇਕ ਦੂਜੇ ਨੂੰ ਗਾਲ੍ਹਾਂ ਵੀ ਕੱਢ ਦਿੰਦੇ। ਜਾਨ ਕਹਿੰਦਾ, "ਫਕਿਨ ਹਿੰਡੂ ! ਸਮੈਲਜ਼ ਕਰੀ, ਅਨੀਅਨਜ਼ ਐਂਡ ਗਾਰਲਿਕ। ਸਟੀਮ ਫ਼ਰਾਈਡ ਬੈਸਟਰਡ। ਐਜ਼ ਗੁੱਡ ਐਜ਼ ਏ ਸਕੰਕ ਕੈਬੇਜ।"

ਮਿਲਖਾ ਵੀ ਘਟ ਨਹੀਂ ਸੀ, "ਫਕਿਨ ਪਿੱਗ। ਵਾਈਟ ਸਕਿਨ, ਨੋ ਬਾਥ, ਸਟਿੰਕ ਲਾਈਕ ਸ਼ਿੱਟ। ਬਲੱਡੀ ਵੈੱਟ ਬਲੈਂਕਟ ਗੁੱਡ ਫਾਰ ਨਥਿੰਗ।"

ਤੇ ਇੰਜ ਉਨ੍ਹਾਂ ਦਾ ਤਕਰਾਰ ਚੱਲਦਾ ਰਹਿੰਦਾ, ਪਰ ਹੱਥੋਪਾਈ ਦੀ ਨੌਬਤ ਕਦੇ ਨਾ ਆਈ। ਉਂਜ ਅੰਦਰੋਂ ਅੰਦਰੀ ਦੋਵੇਂ ਆਪਣੇ ਹਰ ਸਪਤਾਹ-ਅੰਤ ਦੇ ਮੌਜ ਮੇਲੇ ਦੀ ਘਾਟ ਜ਼ਰੂਰ ਮਹਿਸੂਸ ਕਰਦੇ ਸਨ।

ਮਿਲਖਾ ਜਦੋਂ ਪਹਿਲਾਂ ਪਹਿਲ ਏਥੇ ਆਇਆ ਸੀ, ਤਾਂ ਉਹ ਗੁਰਦੁਆਰੇ ਬਿਲਾ ਨਾਗਾ ਜਾਂਦਾ ਸੀ, ਹਰ ਸਪਤਾਹ-ਅੰਤ ਉੱਤੇ। ਉਦੋਂ ਅਜੇ ਜਾਨ ਨਾਲ ਉਸ ਦੀ ਏਨੀ ਯਾਰੀ ਨਹੀਂ ਸੀ ਪਈ। ਜਦੋਂ ਜਾਨ ਮਿਲਿਆ ਤਾਂ ਉਸ ਨੂੰ ਗੁਰਦੁਆਰੇ ਦੇ ਪ੍ਰਬੰਧਕਾਂ ਦੇ ਦੰਭ ਤੋਂ ਜਿਵੇਂ ਚਿੜ੍ਹ ਜਿਹੀ ਹੋ ਗਈ। ਉਹ ਜਾਨ ਨੂੰ ਦਸਦਾ ਕਿ ਇਹ ਚੌਧਰ ਦੇ ਭੁੱਖੇ ਲੋਕ ਕਮਿਊਨਿਟੀ ਦਾ ਕੋਈ ਫਾਇਦਾ ਨਹੀਂ ਸੋਚਦੇ। ਆਪਣੀਆਂ ਕੁਰਸੀਆਂ ਕਾਇਮ ਰੱਖਣ ਲਈ ਲੋਕਾਂ ਨੂੰ ਆਪਸ ਵਿਚ ਲੜਾਉਂਦੇ ਹਨ। ਫੁੱਟ ਪੁਆਉਂਦੇ ਹਨ। ਹਰ ਸਾਲ ਚੋਣਾਂ ਵੇਲੇ ਝਗੜਾ, ਗਾਲੀ-ਗਲੋਚ ਅਤੇ ਫ਼ੌਜਦਾਰੀ ਹੁੰਦੀ ਹੈ। ਪੱਗਾਂ ਘੜੀਸ ਹੁੰਦੀਆਂ, ਦਾੜ੍ਹੀਆਂ ਪੁੱਟ ਹੁੰਦੀਆਂ ਹਨ। ਜਾਨ ਇਹ ਸਭ ਸੁਣ ਕੇ ਹੈਰਾਨ ਹੁੰਦਾ ਕਿ ਇਹ ਕੈਸਾ ਗੁਰਦੁਆਰਾ ਹੈ।

ਗੁਰਦੁਆਰੇ ਵਿਚ ਗੁਰਪੁਰਬ ਮਨਾਏ ਜਾਂਦੇ। ਅਖੰਡ ਪਾਠ ਹੁੰਦੇ। ਸੰਗਰਾਂਦ ਨੂੰ, ਐਤਵਾਰ ਅਨੁਸਾਰ ਅੱਗੇ ਪਿੱਛੇ ਕਰਕੇ, ਲੋਕਾਂ ਨੂੰ ਦੇਸੀ ਮਹੀਨੇ ਦਾ ਨਾਮ ਸੁਣਾਇਆ ਜਾਂਦਾ। ਲੰਗਰ ਵਰਤਦਾ। ਪਰ ਪੰਜਾਬੀ ਕਮਿਊਨਿਟੀ ਦੀ ਫੁੱਟ ਜਿਉਂ ਦੀ ਤਿਉਂ ਕਾਇਮ ਰਹਿੰਦੀ। ਸਾਲ ਭਰ ਇਕੱਠੇ ਹੀ ਅਰਦਾਸਾਂ ਕਰਕੇ, ਪਾਠ ਸੁਣ ਕੇ, ਲੰਗਰ ਛੱਕ ਕੇ ਇਹ ਦੋਵੇਂ ਪਾਰਟੀਆਂ ਚੋਣਾਂ ਤੋਂ ਕੁਝ ਦੇਰ ਪਹਿਲਾਂ ਫਿਰ ਉਹ ਹੀ ਜ਼ਹਿਰੀਲਾ ਪਰਚਾਰ ਸ਼ੁਰੂ ਕਰਦੀਆਂ। ਜਾਨ ਨੇ ਮਿਲਖੇ ਨੂੰ ਕਿਹਾ ਕਿ ਛੱਡ ਖਹਿੜਾ ਤੂੰ ਇਨ੍ਹਾਂ ਧਾਰਮਕ ਦੰਗਲਾਂ ਤੋਂ ਕੀ ਲੈਣਾ ਹੈ ? ਆਪਾਂ ਇਕੱਠੇ ਫਿਸ਼ਿੰਗ, ਹਾਈਕਿੰਗ, ਹੰਟਿਗ ਅਤੇ ਕੈਂਪਿੰਗ ਕਰਨ ਚਲਿਆ ਕਰਾਂਗੇ।

ਤੇ ਹੁਣ ਜਾਨ ਨਾਲ ਉਸ ਦੀ ਖਟਪਟ ਹੋ ਗਈ ਸੀ। ਉਹ ਇਹ ਸਮਾਂ ਕਿਵੇਂ ਬਿਤਾਏ। ਇਕ ਦੋ ਵਾਰੀ ਉਹ ਚੇਂਜ ਲਈ ਗੁਰਦੁਆਰੇ ਵੀ ਗਿਆ, ਪਰ ਉਸ ਦਾ ਮਨ ਨਾ ਭਿੱਜਾ। ਉਹ ਗੱਲ ਨਾ ਬਣੀ।

ਇਨ੍ਹਾਂ ਦਿਨਾਂ 'ਚ ਹੀ ਕੈਨੇਡਾ ਵਿਚ ਸਭ ਕੰਮ ਠੱਪ ਹੋ ਗਏ। ਬੇਕਾਰੀ ਤੇ ਮੰਦਾ ਫੈਲ ਗਿਆ। ਮਿੱਲਾਂ ਬੰਦ ਹੋ ਗਈਆਂ। ਹੋਰ ਬਿਓਪਾਰ ਵੀ ਠੱਪੇ ਗਏ। ਕਈਆਂ ਦੇ ਦੁਆਲੇ ਨਿਕਲ ਗਏ। ਨੌਕਰੀਆਂ ਟੁੱਟਣ ਉਪਰੰਤ ਕਿਸ਼ਤਾਂ ਨਾ ਦੇ ਸਕਣ ਦੀ ਅਸਮਰੱਥਾ ਕਰਕੇ ਕਈਆਂ ਦੇ ਘਰ ਨੀਲਾਮ ਹੋ ਗਏ। ਲੋਕ ਘਰੋਂ, ਬੇਘਰ ਹੋ ਗਏ, ਸ਼ਹਿਰੋਂ ਬੇ-ਸ਼ਹਿਰ।

ਜਾਨ ਤਾਂ ਕੱਲਾ ਕਾਰਾ ਸੀ, ਨਿੱਤ ਕਾਰ 'ਤੇ ਕੰਮ ਦੀ ਤਲਾਸ਼ ਵਿਚ ਐਸ ਸ਼ਹਿਰ, ਕਦੇ ਓਸ ਸ਼ਹਿਰ ਨਿਕਲ ਜਾਂਦਾ। ਪਰ ਮਿਲਖਾ ਕੀ ਕਰੇ ? ਇਕ ਪਤਨੀ, ਦੋ ਧੀਆਂ ਤੇ ਤਿੰਨ ਪੁੱਤਰਾਂ ਨੂੰ ਛੱਡ ਕੇ ਕਿੱਥੇ ਜਾਵੇ ? ਭਾਰੀ ਕਬੀਲਦਾਰੀ ਸੀ ਉਸ ਦੀ।

ਹੁਣ ਉਸ ਦਾ ਬਹੁਤਾ ਸਮਾਂ ਟੈਲੀਵਿਯਨ ਵੇਖਣ ਵਿਚ ਹੀ ਬੀਤਦਾ। ਜੇ ਉਹ ਬੇਕਾਰ ਨਾ ਹੁੰਦਾ ਤਾਂ ਕਿੱਥੇ ਉਸ ਨੇ ਇਹ ਖ਼ਬਰਾਂ ਸੁਣਨੀਆਂ ਸਨ ਤੇ ਹੋਰ ਪ੍ਰੋਗਰਾਮ ਵੇਖਣੇ ਸਨ।

ਅਸਲ ਵਿਚ ਕੈਨੇਡਾ ਨੂੰ ਠੀਕ ਤਰ੍ਹਾਂ ਸਮਝਣ ਦਾ ਮੌਕਾ ਹੀ ਉਸ ਨੂੰ ਹੁਣ ਮਿਲਿਆ ਸੀ। ਪਹਿਲਾਂ ਤਾਂ ਉਸ ਨੇ ਸਿਰਫ਼ ਸਬਜ਼-ਬਾਗ਼ ਹੀ ਵੇਖੇ ਤੇ ਵਿਖਾਏ ਸਨ। ਏਥੋਂ ਦੀ ਅਮੀਰੀ ਤੇ ਬਹੁਲਤਾ ਦੇ ਗੁਣ ਹੀ ਗਾਏ ਸਨ। ਇਹ ਨਾ ਜਾਣਦੇ ਹੋਇਆਂ ਕਿ ਜਿਨ੍ਹਾਂ ਸਹੂਲਤਾਂ ਨੂੰ ਉਹ ਅਮੀਰੀ ਦੇ ਚਿੰਨ੍ਹ ਸਮਝਦਾ ਹੈ, ਉਹ ਤਾਂ ਏਥੋਂ ਦੇ ਸਧਾਰਨ ਤੋਂ ਸਧਾਰਨ ਬੰਦੇ ਤੇ ਟੱਬਰ ਦੀਆਂ ਲੋੜਾਂ ਹਨ। ਕਾਰ, ਸੋਫਾ, ਫਰਿੱਜ, ਫਰੀਜ਼ਰ ਅਤੇ

ਐਸਾ ਹੀ ਹੋਰ ਘਰ ਤੇ ਨਿੱਤ ਵਰਤੋਂ ਦਾ ਸਾਮਾਨ ਕੈਨੇਡੀਅਨ ਜੀਵਨ-ਸ਼ੈਲੀ ਦਾ ਅਨਿੱਖੜ ਅੰਗ ਹਨ। ਤੇ ਹੁਣ ਸਾਲ ਤੋਂ ਵਧ ਹੋ ਚੁੱਕੇ ਏਸ ਬੇਕਾਰੀ ਦੇ ਆਲਮ ਨੇ ਏਥੋਂ ਦੀ ਅਮੀਰੀ ਅਤੇ ਬਹੁਲਤਾ ਦੇ ਜੁੱਸੇ ਵਿਚ ਗਰੀਬੀ ਅਤੇ ਥੁੜ੍ਹਾਂ ਦੀਆਂ ਰੇਖਾਵਾਂ ਉਭਾਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਟੈਲੀਵਿਯਨ ਉੱਤੇ ਰੋਜ਼ ਇਸ ਘਿਨਾਉਣੀ ਗਰੀਬੀ ਤੇ ਥੁੜ੍ਹਾਂ ਦੇ ਦ੍ਰਿਸ਼ ਵੇਖ ਕੇ ਬੰਦੇ ਦੀ ਆਪਣੀ ਰੂਹ ਕੰਬ ਜਾਂਦੀ ਸੀ।

ਮਿਲਖੇ ਨੇ ਵੇਖਿਆ ਸੀ ਕਿ ਕਿਵੇਂ ਭੁੱਖ ਦੇ ਮਾਰੇ ਲੋਕ ਕੂੜੇ ਦੇ ਢੋਲਾਂ ਵਿੱਚੋਂ ਭੋਜਨ ਦੇ ਬਚੇ-ਖੁਚੇ ਟੁਕੜੇ ਕੱਢ ਕੇ ਖਾ ਰਹੇ ਸਨ। ਗਾਰਬੇਜ਼ ਡੰਪ (ਕੂੜਾ ਸੁੱਟਣ ਵਾਲੀ ਥਾਂ) ਵਰਗੀ ਗੰਦੀ ਥਾਂ 'ਤੇ ਕਾਵਾਂ ਤੇ ਕੁੱਤਿਆਂ ਦੇ ਨਾਲ ਮਨੁੱਖ ਵੀ ਭੋਜਨ ਢੂੰਡਦੇ, ਖ਼ਾਲੀ ਬੋਤਲਾਂ, ਡੱਬੇ ਤੇ ਕਬਾੜੀਆਂ ਦੇ ਵੇਚਣ ਵਾਸਤੇ ਅਜਿਹਾ ਹੀ ਨਿਕ-ਸੁਕ ਇਕੱਠਾ ਕਰ ਰਹੇ ਸਨ। ਸ਼ਰਾਬਖ਼ਾਨੇ ਦੇ ਬਾਹਰ ਚੀਥੜੇ ਚੀਥੜੇ ਕਪੜਿਆਂ, ਰੁੱਖੇ ਖੁੱਸੇ ਵਾਲਾਂ ਅਤੇ ਜਿਲਦ/ ਚਮੜੀ ਉੱਤੇ ਜੰਮੀਂ ਖਿਣ ਵਾਲੇ ਵੈਲੀ, ਹਿੱਪੀ ਤੇ ਹੋਰ ਲੋੜਵੰਦ ਬਾਹਰ ਪਈਆਂ ਖ਼ਾਲੀ ਬੋਤਲਾਂ ਵਿਚੋਂ ਬੂੰਦ-ਬੂੰਦ ਨਿਚੋੜ ਕੇ ਆਪਣਾ ਝਟ ਟਪਾ ਰਹੇ ਸਨ। ਗੰਦੇ ਅਤੇ ਟੁੱਟੇ ਫੁੱਟੇ ਘਰਾਂ ਵਿਚ, ਕਿਰਾਇਆ ਅਦਾ ਨਾ ਕਰ ਸਕਣ ਦੀ ਅਸਮਰੱਥਾ ਕਰਕੇ, ਲੋਕੀਂ, ਮੱਝਾਂ, ਗਾਈਆਂ, ਬੱਕਰੀਆਂ ਵਾਂਗ ਤਾੜੇ ਹੋਏ ਸਨ। ਇਕ-ਇਕ ਮੰਜੇ 'ਤੇ ਤਿੰਨ-ਤਿੰਨ ਜਣੇ ਸੌਂ ਰਹੇ ਸਨ। ਸ਼ਰੇਆਮ ਲੋਕੀਂ ਭੀਖ ਮੰਗ ਰਹੇ ਸਨ। ਟੈਲੀਵਿਯਨ, ਰੇਡੀਓ ਤੇ ਅਖ਼ਬਾਰ ਵਿਚ ਇੰਟਰਵਿਊ ਦੇ ਕੇ, ਆਪਣੀ ਲੋੜ ਤੇ ਅਸਮਰੱਥਾ ਦਾ ਵਾਸਤਾ ਪਾ ਕੇ, ਨਿੱਕੇ-ਨਿੱਕੇ ਬੱਚਿਆਂ ਦੀ ਭੁੱਖਮਰੀ ਦਾ ਹਵਾਲਾ ਦੇ ਕੇ ਮਾਇਕ, ਭੋਜਨ ਤੇ ਸ਼ੈਲਟਰ ਦੀ ਸਹਾਇਤਾ ਦੀ ਮੰਗ ਕਰ ਰਹੇ ਸਨ। ਮਾਲਨਿਊਟਰੀਸ਼ਨ ਨਾਲ ਸੋਕੜੇ ਦਾ ਸ਼ਿਕਾਰ ਹੋਏ ਬੱਚੇ ਟੈਲੀਵਿਯਨ ਉੱਤੇ ਵਿਖਾ ਕੇ ਦਾਨੀਆਂ ਨੂੰ ਅਪੀਲਾਂ ਕੀਤੀਆਂ ਜਾ ਰਹੀਆਂ ਸਨ।

ਮਿਲਖੇ ਨੂੰ ਇਹ ਸਭ ਕੁਝ ਵੇਖ ਕੇ ਕਾਂਬਾ ਛਿੜ ਜਾਂਦਾ ਸੀ। ਆਪਣਾ ਦੇਸ਼ ਤੇ ਉੱਥੋਂ ਦੀ ਗਰੀਬੀ ਯਾਦ ਆਉਂਦੀ ਸੀ। ਉਹ ਵਾਹਿਗੁਰੂ ਦਾ ਲੱਖ ਲੱਖ ਸ਼ੁਕਰ ਕਰਦਾ ਸੀ ਕਿ ਅਜੇ ਤਕ ਉਸ ਉੱਤੇ ਇਹ ਨੌਬਤ ਨਹੀਂ ਸੀ ਆਈ।

ਇਨ੍ਹਾਂ ਦਿਨਾਂ ਵਿਚ ਹੀ ਇਹ ਅਪੀਲਾਂ ਸੁਣ ਕੇ ਲੋਕਾਂ ਨੇ, ਸਟੋਰਾਂ ਦੇ ਮਾਲਕਾਂ ਨੇ, ਜ਼ਿੰਮੀਦਾਰਾਂ ਨੇ, ਗੱਲ ਕੀ ਜੋ ਕੋਈ ਵੀ ਸਮਰੱਥ ਸੀ ਉਸ ਨੇ ਦਾਨ ਭੇਜਣਾ ਸ਼ੁਰੂ ਕਰ ਦਿੱਤਾ ਸੀ। ਲੋਕ ਆਟਾ, ਸਬਜ਼ੀਆਂ, ਮੀਟ, ਫਲ, ਡਬਲ ਰੋਟੀਆਂ, ਕੈਨਡ ਭੋਜਨ, ਕਪੜੇ, ਪੈਸੇ ਤੇ ਹੋਰ ਲੋੜੀਂਦਾ ਸਾਮਾਨ ਭੇਜਣ ਲੱਗ ਪਏ ਸਨ। ਕਰਿਸਚੀਅਨ ਚਰਚਾਂ ਵਿਚ ਸੂਪ ਕਿਚਨ ਖੁੱਲ੍ਹ ਗਏ ਸਨ। ਏਥੇ ਮੀਟ, ਸਬਜ਼ੀਆਂ ਤੇ ਗੰਢਿਆਂ ਦੀ ਸੂਪ ਬਣਾ ਕੇ ਡਬਲ ਰੋਟੀ ਤੇ ਬੱਨਜ਼ ਨਾਲ ਸਭ ਨੂੰ ਮੁਫ਼ਤ ਵਰਤਾਈ ਜਾਂਦੀ ਸੀ। ਫੂਡ ਬੈਂਕ ਖੁੱਲ੍ਹ ਗਏ ਸਨ। ਟੱਬਰਦਾਰ ਇਸਤਰੀ ਪੁਰਸ਼ ਏਥੋਂ ਖਾਣ ਪੀਣ ਦੀਆਂ ਚੀਜ਼ਾਂ ਤੇ ਬੱਚਿਆਂ ਦੀ ਖ਼ੁਰਾਕ ਨਾਲ ਭਰੇ ਵੱਡੇ ਖ਼ਾਕੀ ਲਿਫ਼ਾਫ਼ੇ ਮੁਫ਼ਤ ਘਰ ਲੈ ਜਾ ਸਕਦੇ ਸਨ। ਫੂਡ ਬੈਂਕ ਤੇ ਸੂਪ ਕਿਚਨ ਚਲਾਉਣ ਲਈ ਵਾਲੰਟੀਅਰ ਮੈਦਾਨ ਵਿਚ ਨਿੱਤਰ ਆਏ ਸਨ। ਪਹਿਲਾਂ ਤਾਂ ਲੋਕੀਂ ਸੰਗਦੇ ਨਹੀਂ ਸਨ ਜਾਂਦੇ ਇਨ੍ਹਾਂ ਥਾਵਾਂ 'ਤੇ। ਪਰ ਭੁੱਖ ਤੇ ਲੋੜ ਜਦੋਂ ਹੱਦੋਂ ਵਧ ਜਾਏ ਤਾਂ ਇਤਿਹਾਸ ਗਵਾਹ ਹੈ ਬਾਦਸ਼ਾਹਾਂ ਦੇ ਸਿਰ ਵੀ ਝੁਕ ਜਾਂਦੇ ਹਨ। ਵੈਨਕੂਵਰ ਦੇ ਇਕ ਫੂਡ ਬੈਂਕ ਵਿਚ ਹੀ ਹਰ ਰੋਜ਼ ਇਕ ਹਜ਼ਾਰ ਲਿਫ਼ਾਫ਼ਾ ਗਰੌਸਰੀ ਦਾ ਫਰੀ ਵਰਤਾਇਆ ਜਾਂਦਾ ਸੀ। ਸੂਪ ਕਿਚਨਾਂ ਵਿਚ ਲੋਕਾਂ ਦੀ ਭੀੜ ਜੁੜੀ ਰਹਿੰਦੀ ਸੀ। ਇਹ ਸਭ ਕੁਝ ਟੈਲੀਵਿਯਨ 'ਤੇ ਰੋਜ਼ ਵਿਖਾਇਆ ਜਾਂਦਾ ਸੀ।

ਮਿਲਖਾ ਸਿੰਘ ਦਾ ਜਿਵੇਂ ਇਸ ਬਹਿਸ਼ਤੀ ਧਰਤੀ ਬਾਰੇ ਭਰਮ-ਖੰਡਨ ਹੋ ਰਿਹਾ ਸੀ। ਉਸਦੀਆਂ ਅੱਖਾਂ ਜਿਵੇਂ ਪਹਿਲੀ ਵਾਰੀ ਅੱਜ ਹੀ ਖੁੱਲ੍ਹੀਆਂ ਸਨ। ਇਹ ਗੱਲ ਵੀ ਉਸ ਦੀ ਸਮਝ ਵਿਚ ਪੈਣ ਲੱਗ ਪਈ ਸੀ ਕਿ ਏਥੋਂ ਦੀ ਖਪਤ ਤੇ ਆਧਾਰਤ ਆਰਥਿਕਤਾ ਜੇ ਜ਼ਿੰਦਗੀ ਦੀ ਅਮੀਰੀ ਤੇ ਬਹੁਲਤਾ ਵਿਖਾ ਸਕਦੀ ਹੈ, ਤਾਂ ਮੰਦਾ ਬੰਦੇ ਨੂੰ ਕੂੜੇ ਦੇ ਢੇਰ ਉੱਤੇ ਰੁਲਣ ਲਈ ਮਜਬੂਰ ਵੀ ਕਰ ਸਕਦਾ ਹੈ। ਸਾਰੀ ਦੁਨੀਆਂ ਵਿਚ ਹੀ ਬਿਓਪਾਰ ਦਾ ਮੰਦਾ ਤੇ ਬੇਕਾਰੀ ਵਧ ਰਹੀ ਸੀ। ਲੋਕ ਕੈਨੇਡਾ ਦਾ ਮਾਲ ਖ਼ਰੀਦ ਨਹੀਂ ਸਨ ਰਹੇ। ਇਸ ਲਈ

ਕੰਮ ਬੰਦ ਹੋ ਗਏ ਸਨ। 82-83 ਦੇ ਇਨ੍ਹਾਂ ਦੋ ਸਾਲਾਂ ਦੀ ਲੋਕੀ ਦੂਜੀ ਵੱਡੀ ਜੰਗ ਤੋਂ ਬਾਅਦ ਆਏ ਡੀਪਰੈਸ਼ਨ ਨਾਲ ਤੁਲਨਾ ਕਰ ਰਹੇ ਸਨ।

ਮਿਲਖਾ ਸਿੰਘ ਵੀ ਇਹ ਚਾਹੁੰਦਾ ਸੀ ਕਿ ਉਨ੍ਹਾਂ ਦੇ ਨਗਰ ਦਾ ਗੁਰਦੁਆਰਾ ਏਸ ਸਮੇਂ ਆਪਣੀਆਂ ਤੇ ਸਿੱਖ ਧਰਮ ਦੀਆਂ ਪੁਰਾਣੀਆਂ ਰਿਵਾਇਤਾਂ ਨੂੰ ਕਾਇਮ ਰਖਦਿਆਂ ਹੋਇਆਂ ਅਟੁੱਟ ਲੰਗਰ ਚਲਾਵੇ। ਲੋੜਵੰਦਾਂ ਦੀਆਂ ਹੋਰ ਲੋੜਾਂ ਪੂਰੀਆਂ ਕਰੇ। ਉਸ ਦੀ ਕੌਣ ਸੁਣਦਾ ਸੀ। ਕਮੇਟੀ ਵਾਲੇ ਪ੍ਰਬੰਧਕ ਤਾਂ ਆਪੋ ਵਿਚ ਚੋਣਾਂ ਲਈ ਭਿੜ ਰਹੇ ਸਨ। ਗੁਰਦੁਆਰੇ ਦਾ ਵਰਾਂਡਾ ਛੱਤਣਾ ਜੇ ਇਕ ਧਿਰ ਦਾ ਚੋਣ-ਮੈਨੀਫ਼ੈਸਟੋ ਸੀ ਤਾਂ ਗੁਰਦੁਆਰੇ ਦੇ ਨਾਲ ਲੱਗਦਾ ਪਲਾਟ ਮੁੱਲ ਲੈਣਾ ਦੂਜੀ ਧਿਰ ਦਾ। ਆਲੇ ਦੁਆਲੇ ਫੈਲੇ ਭੁੱਖ ਦੇ ਸੰਕਟ ਵਲ ਧਿਆਨ ਦੇਣ ਦੀ ਨਾ ਕਿਸੇ ਨੂੰ ਵਿਹਲ ਸੀ ਤੇ ਨਾ ਹੀ ਕੋਈ ਲੋੜ ਸਮਝਦਾ ਸੀ।

ਹਾਲਾਂਕਿ ਚੁਲ੍ਹੇ ਅੱਗ ਪੰਜਾਬੀਆਂ ਦੇ ਵੀ, ਖ਼ਾਸ ਕਰ ਬੇਕਾਰਾਂ ਦੇ, ਹੁਣ ਲੰਗੇ ਡੰਗ ਹੀ ਬਲਦੀ ਸੀ। ਉੱਪਰੋਂ-ਉੱਪਰੋਂ ਵਿਖਾਵਾ ਕਰ ਰਹੇ ਇਹ ਲੋਕ ਅੰਦਰੋਂ ਪੁੜ-ਪੁੜ ਵਿੱਝੇ ਤੇ ਨਿੱਘਰੇ ਹੋਏ ਸਨ। ਫੋਕੀ ਸ਼ਾਨ ਤੇ ਵਿਖਾਵੇ ਦੇ ਕੌੜੇ ਘੁੱਟ ਮਿਲਖੇ ਨੇ ਵੀ ਭਰੇ ਸਨ ਤੇ ਲਗਾਤਾਰ ਭਰ ਰਿਹਾ ਸੀ।

ਇਨ੍ਹਾਂ ਦਿਨਾਂ 'ਚ ਉਸ ਨੂੰ ਇਕ ਦੋ ਵਾਰ ਜਾਨ ਵੀ ਨਜ਼ਰੀਂ ਆਇਆ ਸੀ। ਜਾਨ ਪ੍ਰਤੀ ਉਸ ਦੀ ਸਾਰੀ ਕੁੜੱਤਣ ਮਰ ਚੁੱਕੀ ਸੀ। ਜਾਨ ਨੇ ਵੀ ਮਿਲਖੇ ਨੂੰ ਕਦੇ ਈਰਖਾ ਤੇ ਕ੍ਰੋਧ ਨਾਲ ਨਹੀਂ ਸੀ ਵੇਖਿਆ। ਇਕ ਦੋ ਵਾਰ ਤਾਂ ਮਿਲਖੇ ਨੂੰ ਭੁਲੇਖਾ ਵੀ ਲੱਗਾ, ਜਿਵੇਂ ਜਾਨ ਉਸ ਨੂੰ ਬੁਲਾ, ਉਸ ਨਾਲ ਗੱਲ ਕਰਨੀ ਚਾਹ ਰਿਹਾ ਹੋਵੇ। ਫਿਰ ਉਹ ਨਜ਼ਰਾਂ ਨੀਵੀਆਂ ਪਾ ਕੇ ਸੋਚਦਾ ਕਿ ਸ਼ਾਇਦ ਇਹ ਉਸ ਦਾ ਵਹਿਮ ਹੀ ਹੋਵੇ। ਇਕ ਵਾਰੀ ਦੁਸ਼ਮਣੀ ਪਾ ਕੇ ਵੀ ਕਦੇ ਕੋਈ ਮਿੱਤਰ ਬਣਿਆ ਹੈ। ਮਿਲਖਾ ਸੋਚਦਾ।

ਦਰਵਾਜ਼ੇ 'ਤੇ ਜਿਵੇਂ ਕਿਸੇ ਨੇ ਦਸਤਕ ਦਿੱਤੀ ਸੀ। ਕੌਣ ਹੋਵੇਗਾ ? ਦੱਬੇ ਪੈਰੀਂ ਉੱਠ ਕੇ ਉਸ ਨੇ ਬੂਹਾ ਖੋਲ੍ਹਿਆ।

ਬਾਹਰ ਜਾਨ ਖ਼ਾਕੀ ਰੰਗ ਦਾ ਵੱਡਾ ਲਿਫ਼ਾਫ਼ਾ ਫੜੀ ਖੜ੍ਹਾ ਸੀ। ਉਹ ਬੋਲਿਆ, "ਆਹ ਲੈ ਆਪਣੀ ਤ੍ਰੀਮਤ ਨੂੰ ਅੰਦਰ ਫੜਾ ਦੇ। ਸਾਡੇ ਸ਼ਹਿਰ ਵੀ ਹੁਣ ਫੂਡ ਬੈਂਕ ਤੇ ਸੂਪ ਕਿਚਨ ਖੁੱਲ੍ਹ ਗਿਆ ਹੈ।"

ਮਿਲਖੇ ਦਾ ਜਿਵੇਂ ਗੱਚ ਭਰ ਆਇਆ। ਉਸ ਨੇ ਜਾਨ ਦਾ ਵਧਿਆ ਹੋਇਆ ਹੱਥ ਘੁੱਟ ਕੇ ਫੜਿਆ ਤੇ ਕੇਵਲ 'ਜਾਨ' ਹੀ ਕਹਿ ਸਕਿਆ। ਜਾਨ ਫੇਰ ਬੋਲਿਆ, "ਕਈ ਦਿਨ ਤੋਂ ਤੈਨੂੰ ਵੇਖ ਰਿਹਾਂ। ਤੇਰੇ ਘਰੋਂ ਤੜਕੇ ਦੀ, ਕਰੀ ਦੀ ਮਹਿਕ ਵੀ ਨਹੀਂ ਆਈ। ਚੱਲ, ਚੱਲੀਏ ... ਆਪਾਂ ਸੂਪ ਕਿਚਨ ਚਲਦੇ ਹਾਂ।"

"ਪਰ ਮੈਂ ਤਾਂ ਕਰਿਸਚੀਅਨ ਨਹੀਂ ਹਾਂ। ਫਿਰ ਤੁਹਾਡੇ ਚਰਚ ... ਮੈਂ ਹਿੰਦੂ ਹਾਂ।"

"ਤੂੰ ਕਮਲਾ ਹੀ ਰਿਹਾ, ਭੁੱਖੇ ਤੇ ਬੇਕਾਰ ਦਾ ਕੋਈ ਧਰਮ, ਕੋਈ ਨਸਲ, ਕੋਈ ਰੰਗ ਨਹੀਂ ਹੁੰਦਾ। ਉਹ ਬਸ ਬੇਕਾਰ ਹੁੰਦਾ ਹੈ, ਇਨਸਾਨ ਹੁੰਦਾ ਹੈ। ਇਨਸਾਨ ਹੀ ਇਨਸਾਨ ਦੇ ਕੰਮ ਆਉਂਦਾ ਹੈ। ਚੱਲ ਸੂਪ ਕਿਚਨ ਵਿਚ ਸਾਡੇ ਵਰਗੇ ਹੋਰ ਅਨੇਕਾਂ ਇਸਤਰੀ ਪੁਰਸ਼ ਆਉਂਦੇ ਹਨ। ਨਾਲੇ ਖਾ ਪੀ ਲਵਾਂਗੇ। ਨਾਲੇ ਗੱਲੀਂ ਬਾਤੀਂ ਉੱਥੇ ਵਕਤ ਲੰਘ ਜਾਵੇਗਾ। ਵਿਹਲਾ ਬੰਦਾ ਤਾਂ ਚਿੰਤਾ ਨਾਲ ਹੀ ਘੇਰਿਆ ਰਹਿੰਦਾ ਹੈ।'

ਤੇ ਹੋਰ ਪਤਾ ਨਹੀਂ ਜਾਨ ਕੀ ਕੀ ਬੋਲਦਾ ਰਿਹਾ। ਮਿਲਖੇ ਨੂੰ ਤਾਂ ਏਨਾ ਹੀ ਯਾਦ ਹੈ ਕਿ ਉਸ ਨੇ ਜਾਨ ਨੂੰ ਗਲਵਕੜੀ ਪਾ ਲਈ ਸੀ। ਫਿਰ ਜ਼ਾਰ-ਜ਼ਾਰ ਰੋ ਪਿਆ ਸੀ। ਬੱਚਿਆਂ ਵਾਂਗ ਉਸ ਦੀਆਂ ਭੁੱਬਾਂ ਨਿਕਲ ਗਈਆਂ ਸਨ। ਅੰਦਰੋਂ ਅੰਦਰ ਦੱਬਿਆ ਹੋਇਆ ਇਹ ਜਵਾਲਾਮੁਖੀ ਜਿਵੇਂ ਅੱਜ ਹੀ ਫੁੱਟਣਾ ਸੀ। ਉਹ ਦੋਵੇਂ ਪੁਰਾਣੇ ਬੇਲੀਆਂ ਵਾਂਗ ਹਰ ਰੋਜ਼ ਇਕੱਠੇ ਸੂਪ ਕਿਚਨ ਤੇ ਫੂਡ ਬੈਂਕ ਜਾਣ ਲੱਗ ਪਏ ਸਨ।

# ਸ਼ਰਨਾਰਥੀ

ਮੱਖਣ ਸਿੰਘ ਅਤਿ ਦੀਆਂ ਸੋਚਾਂ ਵਿਚ ਡੁੱਬਾ ਹੋਇਆ, ਫ਼ਿਕਰਾਂ ਵਿਚ ਘਿਰਿਆ ਹੋਇਆ ਸੀ। ਏਸ ਘਿਰਾਅ ਵਿੱਚੋਂ ਸਾਬਤ ਬਚ ਨਿਕਲਣ ਦੇ ਸਭ ਰਸਤੇ ਜਿਵੇਂ ਬੰਦ ਹੋ ਚੁੱਕੇ ਸਨ। ਇਹ ਕੈਸਾ ਚੱਕ੍ਰਵਯੂਹ ਸੀ !

ਮੱਖਣ ਸਿੰਘ ਦੀ ਆਪਣੀ ਕੱਲੀ ਜਾਨ ਦਾ ਸਵਾਲ ਹੁੰਦਾ, ਤਾਂ ਕੋਈ ਚਿੰਤਾ ਵਾਲੀ ਗੱਲ ਨਹੀਂ ਸੀ। ਇਹ ਤਾਂ ਪਰਵਾਰ ਦੀ ਹੋਂਦ ਅਤੇ ਸਭ ਦੇ ਭਵਿੱਖ ਦਾ ਮਸਲਾ ਸੀ। ਤਰ ਗਏ ਜਾਂ ਡੁੱਬ ਗਏ ਵਾਲੀ ਅਵਸਥਾ ਸੀ। ਇਕ ਗਲਤ ਸੋਚ, ਇਕ ਗਲਤ ਕਦਮ ਜਾਂ ਸਭ ਨੂੰ ਬਚਾ ਸਕਦਾ ਸੀ ਤੇ ਜਾਂ ਡੋਬ ! ਇਸ ਤਰਨ ਤੇ ਡੁੱਬਣ ਦੇ ਵਿਚ ਵਿਚਕਾਰ ਉਸ ਨੂੰ ਪਿਛਲੇ ਛੇ ਮਹੀਨਿਆਂ ਤੋਂ ਨਿੱਤ ਡੋਬੂ ਪੈ ਰਹੇ ਸਨ। ਆਪਣੇ ਮਨ ਦੀ ਗੱਲ ਨਾ ਉਸ ਨੇ ਆਪਣੀ ਤ੍ਰੀਮਤ ਨਾਲ ਅਤੇ ਨਾ ਹੀ ਬੱਚਿਆਂ ਨਾਲ ਸਾਂਝੀ ਕੀਤੀ ਸੀ। ਉਂਜ ਪਤਾ ਉਨ੍ਹਾਂ ਨੂੰ ਵੀ ਸੀ ਕਿ ਉਹ ਕਿਉਂ ਚੁੱਪ ਚੁੱਪ ਰਹਿੰਦਾ ਹੈ ਅਤੇ ਕਦੇ ਐਵੇਂ ਨਿੱਕੀ ਨਿਗੂਣੀ ਜਿਹੀ ਗੱਲ ਤੇ ਅੱਗ ਬਗੋਲਾ ਹੋ ਜਾਂਦਾ ਹੈ। ਅਸਮਾਨ ਸਿਰ 'ਤੇ ਚੁੱਕ ਲੈਂਦਾ ਹੈ। ਸਭ ਦਾ ਜੀਣਾ, ਸਾਹ ਲੈਣਾ ਵੀ ਮੁਹਾਲ ਕਰ ਦਿੰਦਾ ਹੈ। ਉਸ ਤੋਂ ਬਿਨਾਂ ਜਿਵੇਂ ਉਨ੍ਹਾਂ ਦੀ ਕੋਈ ਹੋਂਦ ਹੀ ਨਾ ਹੋਵੇ। ਉਸ ਤੋਂ ਬਿਨਾਂ ਜਿਵੇਂ ਉਹ ਰੁਲ ਕੇ, ਦਰ-ਦਰ ਦੀ ਭੀਖ ਮੰਗ ਕੇ, ਬੇਇੱਜ਼ਤ ਹੋ ਕੇ ਮਰ ਜਾਣਗੇ। ਵਰ੍ਹੇ-ਵਰ੍ਹੇ ਕਰਕੇ ਜੋ ਕੁਝ ਕੀਤਾ ਕਤਰਿਆ, ਬਣਾਇਆ, ਜੋੜਿਆ ਸੀ ਨੱਕ ਨਮੂਜ ਰੱਖਣ ਲਈ, ਸਮਾਜ ਵਿਚ ਪੁੱਛ ਪ੍ਰਤੀਤ ਪੈਦਾ ਕਰਨ ਲਈ, ਉਸ ਨੂੰ ਜਾਪਦਾ ਸੀ ਕਿ ਅੱਜ ਉਹ ਸਭ ਕੁਝ, ਉਸ ਦਾ ਵਕਾਰ ਤੇ ਖ਼ਾਨਦਾਨ ਦੀ ਇੱਜ਼ਤ ਅੱਜ ਖ਼ਤਰੇ ਵਿਚ ਸੀ।

ਅਜਿਹੇ ਨਿੱਕੇ-ਨਿੱਕੇ, ਵੱਡੇ-ਵੱਡੇ ਤੂਫ਼ਾਨ ਪਿਛਲੇ ਇਕ ਮਹੀਨੇ ਤੋਂ ਜਿਵੇਂ ਕੁਝ ਵਧੇਰੇ ਹੀ ਆਉਣ ਲੱਗ ਪਏ ਸਨ। ਤੂਫ਼ਾਨ ਚੜ੍ਹਦਾ, ਝੱਖੜ ਝੁੱਲਦਾ ਤੇ ਫਿਰ ਘਰ ਦੇ ਬੂਹੇ, ਬਾਰੀਆਂ, ਕੰਧਾਂ, ਛੱਤ ਤੇ ਰੌਸ਼ਨਦਾਨਾਂ ਨਾਲ ਟਕਰਾਉਂਦਾ ਕੁਝ ਉਹਨਾਂ ਨੂੰ ਖੜਕਾਉਂਦਾ ਕੜਕਾਉਂਦਾ ਤੇ ਭੰਨਦਾ ਅਤੇ ਕੁਝ ਆਪ ਹਾਲੋਂ ਬੇਹਾਲ ਹੁੰਦਾ, ਟੁੱਟਦਾ, ਭੱਜਦਾ, ਭੁਰਦਾ, ਕੜਕਦਾ, ਖੜਕਦਾ, ਖੁਰਦਾ ਤੇ ਫਿਰ ਸ਼ਾਂਤ ਹੋ ਜਾਂਦਾ।

ਉਸ ਦੀ ਤ੍ਰੀਮਤ ਤੇ ਬੱਚੇ ਵੀ ਸਭ ਕੁਝ ਜਾਣ ਕੇ ਅਨਜਾਣ ਬਣੇ ਰਹਿੰਦੇ, ਚੁੱਪ ਰਹਿੰਦੇ। ਆਖ਼ਰ ਇਸ ਵਿਚ ਮੰਝਧਾਰ ਦੇ ਬੇੜੀ ਵਿਚ ਉਹ ਸਭ ਇਕੱਠੇ ਹੀ ਤਾਂ ਬੈਠੇ ਸਨ। ਜਿਵੇਂ ਲਿਖਣ ਵਾਲੇ ਨੇ ਉਨ੍ਹਾਂ ਦੀ ਤਕਦੀਰ ਵਿਚ ਤਰਨਾ ਵੀ ਇਕੱਠਿਆਂ ਹੀ ਲਿਖਿਆ ਸੀ ਤੇ ਡੁੱਬਣਾ ਵੀ। ਆਖ਼ਰ, ਇਹ ਸਭ ਦੀ ਜ਼ਿੰਦਗੀ, ਸਭ ਦੇ ਭਵਿੱਖ, ਮਾਣ-ਮਰਯਾਦਾ ਦਾ ਸਵਾਲ ਸੀ। ਇਸੇ ਲਈ ਤਾਂ ਬੇਬਸ ਹੋਇਆ, ਹੋਰ ਕੁਝ ਨਾ ਕਰ ਸਕਣ ਲਈ ਆਪਣੇ ਆਪ ਨੂੰ ਅਸਮਰੱਥ ਮਹਿਸੂਸ ਕਰਕੇ ਹੀ, ਮੱਖਣ ਸਿੰਘ ਇੰਜ ਖਪਦਾ, ਕੜਕਦਾ ਤੇ ਬਰਸਦਾ ਸੀ। ਇਸ ਅੰਦਰ ਦੇ ਤੂਫ਼ਾਨ ਅਤੇ ਆਪਣੀ ਜ਼ਾਹਿਰਾ ਬੇਬਸੀ ਤੇ ਲਾਚਾਰੀ ਦਾ ਕੋਈ ਕੀ ਕਰੇ ?

ਪਹਿਲਾਂ-ਪਹਿਲ ਇਹ ਕੁਝ ਸਭ ਨੂੰ ਕੁਝ ਖਟਕਿਆ ਵੀ ਸੀ। ਪਰ, ਹੁਣ ਤਾਂ ਜਿਵੇਂ ਸਭ ਇਸ ਦੇ ਆਦੀ ਹੋ ਗਏ ਸਨ। ਇਹ ਸਭ ਕੁਝ ਉਸੇ ਜ਼ੋਰ ਸ਼ੋਰ ਨਾਲ ਹੁੰਦਾ, ਪਰ ਇਸ ਨੂੰ ਸਭ ਇਕ ਰੁਟੀਨ ਵਾਂਗ ਸਵੀਕਾਰ ਕਰ ਲੈਂਦੇ, ਹਊ ਪਰੇ ਕਰ ਦਿੰਦੇ।

ਏਥੇ, ਜਿਸ ਸ਼ਹਿਰ ਵਿਚ ਉਹ ਰਹਿੰਦੇ ਸਨ ਉੱਥੇ ਲੱਕੜ ਦੀਆਂ ਦੋ ਮਿੱਲਾਂ ਸਨ। ਇਹਨਾਂ ਮਿੱਲਾਂ ਦੇ ਆਸਰੇ ਹੀ ਇਹ ਸ਼ਹਿਰ ਵਸਦਾ ਸੀ। ਇਹ ਮਿੱਲਾਂ ਜਿਵੇਂ ਇਨ੍ਹਾਂ ਸ਼ਹਿਰ-ਵਾਸੀਆਂ ਦੀਆਂ ਮਾਵਾਂ ਸਨ। ਬਾਕੀ ਦੇ ਵਿਉਪਾਰ, ਸਟੋਰ, ਹਸਪਤਾਲ, ਸਕੂਲ, ਕਾਲਜ, ਰੀਅਲ ਐਸਟੇਟ ਏਜੰਸੀਜ਼, ਬੈਂਕ, ਸ਼ਾਪਿੰਗ ਸੈਂਟਰ, ਟੈਲੀਫ਼ੋਨ ਕੰਪਨੀ, ਬਿਜਲੀ ਦਾ ਮਹਿਕਮਾ, ਸਰਕਾਰੀ ਦਫ਼ਤਰ, ਕਚਹਿਰੀ, ਪੁਲਿਸ ਦਾ ਮਹਿਕਮਾ, ਸੜਕਾਂ ਦਾ ਮਹਿਕਮਾ, ਗਿਰਜੇ, ਗੁਰਦੁਆਰੇ ਤੇ ਸਰਕਾਰੀ ਤੇ ਗੈਰ-ਸਰਕਾਰੀ ਅਦਾਰੇ ਤਾਂ ਜਿਵੇਂ ਇਨ੍ਹਾਂ ਮਿੱਲਾਂ ਦੀਆਂ ਨੀਹਾਂ ਉੱਤੇ ਉੱਸਰੇ ਸਪੋਰਟ ਸਿਸਟਮ (ਸਹਾਇਕ ਪ੍ਰਬੰਧ) ਦਾ ਹੀ ਇਕ ਅੰਗ ਸਨ, ਤਾਂ ਕਿ ਏਥੋਂ ਦੇ ਸ਼ਹਿਰੀਆਂ ਨੂੰ ਜ਼ਰੂਰੀ ਸੇਵਾਵਾਂ ਮੁਹਈਆ ਕੀਤੀਆਂ ਜਾ ਸਕਣ। ਇਨ੍ਹਾਂ ਦੀ ਆਪਣੀ ਵੱਖਰੀ ਆਜ਼ਾਦ ਹੋਂਦ ਕੋਈ ਨਹੀਂ ਸੀ।

ਏਥੇ ਕੈਨੇਡਾ ਵਿਚ ਕਈ ਸ਼ਹਿਰ ਐਸੇ ਹਨ, ਜਿਨ੍ਹਾਂ ਨੂੰ ਪ੍ਰੇਤ-ਨਗਰ ਕਹਿੰਦੇ ਹਨ। ਇਹ ਸ਼ਹਿਰ ਉਨ੍ਹਾਂ ਦੇ ਸ਼ਹਿਰ ਵਾਂਗ ਹੀ ਕਿਸੇ ਸਮੇਂ ਕਿਸੇ ਲੱਕੜੀ ਦੀ ਮਿੱਲ ਜਾਂ ਤਾਂਬੇ ਤੇ ਮੋਲਿਬਡੇਨਮ ਦੀ ਖਾਣ ਦੇ ਆਸਰੇ ਉੱਸਰੇ ਸਨ ਅਤੇ ਫਿਰ ਏਸ ਸਪੋਰਟ ਸਿਸਟਮ ਦੇ ਨਾਲ ਚਾਰ ਚੁਫੇਰੇ ਫੈਲ ਕੇ ਘਣ ਵੱਸੇ ਹੋ ਗਏ ਸਨ। ਸਮਾਂ ਪਾ ਕੇ ਖਾਣ ਖ਼ਾਲੀ ਹੋ ਗਈ, ਆਲੇ ਦੁਆਲੇ ਦਾ ਜੰਗਲ ਕੱਟਿਆ ਗਿਆ, ਮਿੱਲਾਂ ਦਾ ਕੰਮ ਠੱਪ ਹੋ ਗਿਆ, ਤਾਂ ਇਹ ਨਗਰ ਵੀ ਉੱਜੜ ਗਏ। ਇਨ੍ਹਾਂ ਦੇ ਸਪੋਰਟ ਸਿਸਟਮ ਵੀ ਖੇਰੂੰ-ਖੇਰੂੰ ਹੋ ਗਏ। ਹੁਣ ਏਥੇ ਟੁੱਟੇ ਭੱਜੇ ਮਕਾਨ ਖੜ੍ਹੇ ਹਨ, ਹੋਰ ਇਮਾਰਤਾਂ ਹਨ—ਪਰ ਏਥੇ ਲੋਕ ਨਹੀਂ ਵਸਦੇ। ਏਥੇ ਰੌਸ਼ਨੀ ਨਹੀਂ ਹੁੰਦੀ, ਚੁੱਲ੍ਹਿਆਂ ਵਿਚ ਅੱਗ ਨਹੀਂ ਬਲਦੀ। ਏਥੇ ਕੋਈ ਵੱਸੋਂ ਨਹੀਂ ਹੈ। ਇਹ ਪ੍ਰੇਤ-ਨਗਰ (Ghost Town) ਬਣ ਚੁੱਕੇ ਹਨ।

ਮੱਖਣ ਸਿੰਘ ਵਾਰ ਵਾਰ ਇਹ ਹੀ ਸੋਚਦਾ ਸੀ ਕਿ ਕੀ ਉਨ੍ਹਾਂ ਦਾ ਨਗਰ ਵੀ ਪ੍ਰੇਤ-ਨਗਰ ਬਣ ਜਾਵੇਗਾ ? ਉਹ ਉੱਜੜ ਕੇ ਕਿੱਥੇ ਜਾਣਗੇ ? ਕੀ ਕਰਨਗੇ ?

ਏਸ ਸ਼ਹਿਰ ਦੀਆਂ ਇਨ੍ਹਾਂ ਦੋਹਾਂ ਮਿੱਲਾਂ ਦਾ ਲੰਬਰ (ਫੱਟੇ) ਅਮਰੀਕਾ ਨੂੰ ਐਕਸਪੋਰਟ ਹੁੰਦਾ ਸੀ। ਮੰਦਾ ਹੋਣ ਕਰਕੇ ਅਮਰੀਕਾ ਵਿਚ ਉਸਾਰੀ ਦਾ ਕੰਮ ਠੱਪ ਹੋ ਗਿਆ ਸੀ ਤੇ ਉਨ੍ਹਾਂ ਦੀ ਮਿੱਲ ਨੇ, ਇਨ੍ਹਾਂ ਦੋਹਾਂ ਮਿੱਲਾਂ ਨੇ, ਪ੍ਰੋਡਕਸ਼ਨ ਘਟਾ ਦਿੱਤੀ ਸੀ।

ਪਹਿਲਾਂ ਇਕ ਸ਼ਿਫ਼ਟ ਬੰਦ ਹੋਈ, ਫੇਰ ਦੂਜੀ। ਹੁਣ ਸਿਰਫ਼ ਇਕ ਸ਼ਿਫ਼ਟ ਚੱਲਦੀ ਸੀ ਅਤੇ ਇੰਜ ਸ਼ਹਿਰ ਦੇ ਦੋ ਤਿਹਾਈ ਕਾਮੇ ਬੇਕਾਰ ਹੋ ਗਏ ਸਨ। ਬੇਕਾਰ ਵੀ ਉਹ ਹੋਏ ਸਨ, ਜਿਨ੍ਹਾਂ ਨੂੰ ਪੈਸੇ ਦੀ ਵਧੇਰੇ ਲੋੜ ਸੀ। ਜੋ ਏਸ ਦੇਸ਼ ਵਿਚ ਨਵੇਂ-ਨਵੇਂ ਜਾਂ ਕੁਝ ਸਾਲਾਂ ਤੋਂ ਆਏ ਸਨ। ਜਿਨ੍ਹਾਂ ਦੇ ਘਰਾਂ, ਕਾਰਾਂ ਅਤੇ ਹੋਰ ਘਰੇਲੂ ਸਮਾਨ ਦੀਆਂ ਕਿਸ਼ਤਾਂ ਅਜੇ ਖ਼ਤਮ ਨਹੀਂ ਸਨ ਹੋਈਆਂ। ਘਰਾਂ ਦੀ ਮੋਰਗੇਜ ਇਨ੍ਹਾਂ ਦੇ ਦਿਮਾਗਾਂ ਵਿਚ ਫੋੜੇ ਵਾਂਗ ਰੜਕਦੀ, ਦੁਖਦਾਈ ਸੀ।

ਜਦੋਂ ਵੀ ਏਥੇ ਕੰਮ ਠੱਪ ਹੋਣ ਲੱਗਦੇ ਸਨ, ਤਾਂ ਸਭ ਤੋਂ ਪਹਿਲਾਂ ਵਾਰੀ ਨਵੇਂ ਜਾਂ ਜੂਨੀਅਰ ਵਰਕਰਾਂ ਦੀ ਹੀ ਆਉਂਦੀ ਸੀ। ਸੀਨੀਆਰਟੀ ਮੁਤਾਬਕ ਦੇਰ ਤੋਂ ਕੰਮ ਕਰਨ ਵਾਲੇ ਅਜੇ ਵੀ ਇੱਕੋ-ਇੱਕ ਚਲ ਰਹੀ ਸ਼ਿਫ਼ਟ ਵਿਚ ਕੰਮ ਕਰਨ ਜਾਂਦੇ ਸਨ। ਇਨ੍ਹਾਂ 'ਚੋਂ ਬਹੁ-ਗਿਣਤੀ ਦੀ ਉਮਰ 50 ਤੋਂ ਉੱਪਰ ਸੀ। ਇਨ੍ਹਾਂ ਦੇ ਮਕਾਨ ਵੀ ਫਰੀ ਹੋ ਚੁੱਕੇ ਸਨ। ਇਨ੍ਹਾਂ ਨੇ ਕੋਈ ਕਿਸ਼ਤਾਂ ਵੀ ਨਹੀਂ ਸਨ ਦੇਣੀਆਂ। ਜੂਨੀਅਰ ਵਰਕਰਾਂ ਨੂੰ ਇਹ ਸਭ ਕੁਝ ਬਹੁਤ ਰੜਕਦਾ ਸੀ। ਉਹ ਉਨ੍ਹਾਂ ਨੂੰ, ਏਸ ਸਿਸਟਮ ਨੂੰ ਅਤੇ ਅਮਰੀਕਾ ਅਤੇ ਉਸ ਉੱਤੇ ਏਸ ਦੇਸ਼ ਦੀ ਆਰਥਿਕਤਾ ਦੀ 80% ਨਿਰਭਰਤਾ ਨੂੰ ਕੋਸਦੇ ਸਨ। ਆਪਣੇ ਕਰਮਾਂ ਨੂੰ ਰੋਂਦੇ ਸਨ। ਉਨ੍ਹਾਂ ਨੂੰ ਜਾਪਦਾ ਜਿਵੇਂ ਕੈਨੇਡਾ ਵਰਗਾ ਆਜ਼ਾਦ ਦੇਸ਼ ਆਰਥਕ ਪੱਖੋਂ ਅਮਰੀਕਾ ਦੀ ਹੀ ਬਸਤੀ ਹੋਵੇ। ਵਿਧਾਨਕ ਪੱਖੋਂ ਤਾਂ ਇਹ ਹੈ ਹੀ ਇੰਗਲੈਂਡ ਦੀ ਬਸਤੀ। ਅਜੇ ਵੀ ਏਥੇ ਰਾਣੀ ਵਾਲੇ ਨੋਟ ਚਲਦੇ ਹਨ। ਕਦੇ-ਕਦੇ ਕੋਈ ਆਸ ਦੀ ਕਿਰਨ ਚਮਕਦੀ ਤੇ ਇਨ੍ਹਾਂ ਦੀਆਂ ਅੱਖਾਂ ਵਿਚ ਜ਼ਿੰਦਗੀ ਦੇ ਚਾਅ ਦੀ ਲੋਅ ਮੁੜ ਜਗਦੀ। ਅਜਿਹਾ ਉਦੋਂ ਹੁੰਦਾ ਜਦੋਂ ਇਹ ਰੇਡੀਓ ਜਾਂ ਟੀ. ਵੀ. ਤੋਂ ਕੋਈ ਖ਼ਬਰ ਸੁਣਦੇ ਜਾਂ ਅਖ਼ਬਾਰ ਵਿਚ ਪੜ੍ਹਦੇ ਕਿ ਸਿਆਲਾਂ

ਦੀਆਂ ਬਰਫ਼ਾਂ ਢਲਣ ਤੇ ਰੁੱਤ ਬਹਾਰ ਦੇ ਅਰੰਭ ਨਾਲ ਅਮਰੀਕਾ ਵਿਚ ਮੁੜ ਮਕਾਨ ਬਣਨੇ ਸ਼ੁਰੂ ਹੋਣਗੇ। ਹੋਰ ਉਸਾਰੀ ਦਾ ਕੰਮ ਸ਼ੁਰੂ ਹੋਵੇਗਾ। ਮੰਦੇ ਨੂੰ ਕੁਝ ਠੱਲ੍ਹ ਪਵੇਗੀ। ਸਾਡੀਆਂ ਮਿੱਲਾਂ ਨੂੰ ਲੰਬਰ ਦੇ ਆਰਡਰ ਮਿਲਣਗੇ ਤੇ ਕੰਮ ਮੁੜ ਜ਼ੋਰਾਂ ਸ਼ੋਰਾਂ 'ਤੇ ਸ਼ੁਰੂ ਹੋਵੇਗਾ। ਤਿੰਨੇ ਸ਼ਿਫ਼ਟਾਂ ਮੁੜ ਕੇ ਚੱਲਣਗੀਆਂ, ਕੋਈ ਬੇਕਾਰ ਨਹੀਂ ਹੋਵੇਗਾ।

ਅਜਿਹੀਆਂ ਆਸਾਂ ਕਈ ਵਾਰ ਜਗੀਆਂ ਤੇ ਕਈ ਵਾਰ ਬੁਝੀਆਂ, ਪਰ ਤਿੰਨੇ ਸ਼ਿਫ਼ਟਾਂ ਨਹੀਂ ਸਨ ਚਲਣੀਆਂ ਤੇ ਨਾ ਹੀ ਚੱਲੀਆਂ। ਇਕ ਸ਼ਿਫ਼ਟ ਚਲਦੀ ਰਹੀ। ਜਦ ਲੰਬਰ ਦੀ ਮੰਗ ਹੀ ਨਹੀਂ ਤਾਂ ਪ੍ਰੋਡਕਸ਼ਨ ਕੌਣ ਕਰੇ ? ਉਹ ਸਭ ਸੋਚਦੇ ਤੇ ਮੱਖਣ ਸਿੰਘ ਵੀ ਆਪਣੇ ਆਪ ਨੂੰ ਜਵਾਬ ਵਰਗਾ ਇਹ ਸਵਾਲ ਕਰਦਾ ਹੁਣ ਆਸਾਂ, ਨਿਰਾਸਾਂ ਦੀ ਇਸ ਜਗੂੰ ਬੁਝੂੰ ਦਾ ਆਦੀ ਹੋ ਚੁੱਕਾ ਸੀ।

ਉਸ ਨੂੰ ਇੰਜ ਜਾਪਦਾ ਜਿਵੇਂ ਉਸ ਦੀ ਮਿੱਲ ਇਕ ਮੱਝ, ਇਕ ਬੱਕਰੀ ਹੋਵੇ, ਜਿਸ ਨੇ ਆਪਣਾ ਦੁੱਧ ਉੱਪਰ ਚੜ੍ਹਾ ਲਿਆ ਹੋਵੇ ਤੇ ਹੁਣ ਜੋ ਕੁਝ ਧਾਰਾਂ ਬਚੀਆਂ ਹੋਣ, ਨਿਕਲਦੀਆਂ ਹੋਣ, ਉਨ੍ਹਾਂ ਨਾਲ ਇਕ ਸ਼ਿਫ਼ਟ ਦਾ ਭੁਗਤਾਨ ਹੀ ਹੋ ਸਕਦਾ ਹੋਵੇ।

ਨਵੇਂ ਕਾਨੂੰਨ ਅਨੁਸਾਰ ਬੇਕਾਰੀ ਭੱਤਾ ਹੁਣ ਇਕ ਸਾਲ ਤਕ ਹੀ ਮਿਲਦਾ ਸੀ। ਉਸ ਨਾਲ ਤਾਂ ਮਸਾਂ ਘਰ ਦਾ ਖਾਣ-ਪੀਣ, ਬਿਜਲੀ, ਬੱਤੀਆਂ, ਹੀਟ, ਟੈਲੀਫ਼ੋਨ, ਗੈਸ ਦੇ ਤੇ ਅਜਿਹੇ ਹੀ ਹੋਰ ਨਿੱਕੇ ਮੋਟੇ ਖ਼ਰਚੇ ਮਸਾਂ ਤੁਰਦੇ ਸਨ। ਘਰ ਦੀ ਕਿਸ਼ਤ ਦਾ ਕੀ ਬਣੇ ? ਕਾਰ ਦੀ ਕਿਸ਼ਤ ਕਿੱਥੋਂ ਤੁਰੇ ? ਤੇ ਫਿਰ ਦੋ ਸਾਲ ਪਹਿਲਾਂ ਜਦੋਂ ਨਵਾਂ ਘਰ ਲੈ ਕੇ ਉਸ ਨੇ ਆਪਣੇ ਟੱਬਰ ਨੂੰ ਕੈਨੇਡਾ ਬੁਲਾਇਆ ਸੀ, ਤਾਂ ਕਿੰਨੇ ਚਾਅ ਨਾਲ ਉਨ੍ਹਾਂ ਨੇ ਸਾਰੇ ਘਰ ਵਿਚ ਕੰਧ ਤੋਂ ਕੰਧ ਤਕ ਅਤਿ ਆਧੁਨਿਕ ਢੰਗ ਦੀ ਬੜੀ ਕੀਮਤੀ ਕਾਰਪੈੱਟ ਪੁਆਈ ਸੀ। ਮਖ਼ਮਲੀ ਸੋਫਾ ਸੈੱਟ, ਡਾਈਨਿੰਗ ਟੇਬਲ ਤੇ ਡਾਈਨਿੰਗ ਚੇਅਰਜ਼ ਲਈਆਂ ਸਨ। ਮੇਨ ਬੈੱਡ ਰੂਮ ਲਈ ਡਬਲ ਸਾਈਜ਼ ਦਾ ਵਾਟਰ ਬੈੱਡ ਲਿਆ ਸੀ। ਟੇਬਲ ਲੈਂਪ, ਕਪ ਬੋਰਡ, ਨਵੇਂ ਪਰਦੇ, ਕਰਾਕਰੀ, ਐਂਡਟੇਬਲ, ਡਰੈਸਿੰਗ ਟੇਬਲ, ਚੈਂਡਲੀਅਰ ਤੇ ਘਰ ਦਾ ਹੋਰ ਕਿੰਨਾਂ ਸਾਮਾਨ ਖ਼ਰੀਦਿਆ ਸੀ, ਤਾਂ ਕਿ ਉਹ ਕਿਸੇ ਨਾਲੋਂ ਘਟ ਨਾ ਦਿਸਣ। ਇਹ ਸਾਰਾ ਸਾਮਾਨ ਕਰੈਡਿਟ ਕਾਰਡਾਂ ਉੱਤੇ ਉਧਾਰ ਲਿਆ ਗਿਆ ਸੀ। ਇਹ ਸੋਚ ਕੇ ਕਿ ਜਿਵੇਂ-ਜਿਵੇਂ ਤਨਖ਼ਾਹ ਮਿਲਦੀ ਜਾਵੇਗੀ ਸਭ ਕਾਰਡਾਂ ਦੇ, ਇਕ-ਇਕ ਕਰਕੇ, ਪੈਸੇ ਲਾਹ ਦਿੱਤੇ ਜਾਣਗੇ। ਬੱਚਿਆਂ ਦੇ ਨਵੇਂ ਕਪੜੇ, ਉਸ ਦੀ ਤ੍ਰੀਮਤ ਦੇ ਨਵੇਂ ਕੱਪੜੇ ਤੇ ਉਸ ਦੇ ਆਪਣੇ ਨਵੇਂ ਕੱਪੜੇ ਵੀ ਸਭ ਕਰੈਡਿਟ ਕਾਰਡਾਂ ਉੱਤੇ ਹੀ ਲਏ ਗਏ ਸਨ। ਹੁਣ ਬਕਾਇਆ ਰਕਮ ਉੱਤੇ 24% ਸੂਦ ਪੈ ਰਿਹਾ ਸੀ ਤੇ ਉਨ੍ਹਾਂ ਕੋਲੋਂ ਮਿਨੀਮਮ ਪੇਮੈਂਟ (ਅਸਲ ਦਾ 10%) ਵੀ ਹਰ ਮਹੀਨੇ ਬੜੀ ਮੁਸ਼ਕਲ ਨਾਲ ਦੇ ਹੋ ਰਹੀ ਸੀ। ਇਹ ਕਰੈਡਿਟ ਕਾਰਡ ਕਿੰਨੇ ਚੰਗੇ ਹੁੰਦੇ ਹਨ, ਜਦੋਂ ਕੰਮ ਚਲਦਾ ਹੋਵੇ। ਨਾ ਕਿਸੇ ਦੀ ਮਿੰਨਤ ਨਾ ਤਰਲਾ, ਨਾ ਕਿਸੇ ਤੋਂ ਉਧਾਰ ਮੰਗਣ ਦੀ ਲੋੜ। ਕਾਰਡ 'ਤੇ ਚੀਜ਼ਾਂ ਲਵੋ ਦਸਤਖ਼ਤ ਕਰੋ ਤੇ ਘਰ ਆ ਜਾਓ। ਇਕ ਮਹੀਨੇ ਬਾਅਦ ਸਟੇਟਮੈਂਟ ਮਿਲਣ 'ਤੇ ਸਾਰੇ ਪੈਸੇ ਮੋੜ ਦਿਓ ਤਾਂ ਕੋਈ ਸੂਦ ਨਹੀਂ ਸੀ ਦੇਣਾ ਪੈਂਦਾ। ਇਕ ਮਹੀਨੇ ਦਾ ਮੁਫਤ ਉਧਾਰ ਮਿਲ ਜਾਂਦਾ ਸੀ। ਤੇ ਜੇ ਨਾ ਮੋੜ ਸਕੋ ਤਾਂ ਮਿਨੀਮਮ ਪੇਮੈਂਟ ਕਰੀ ਚੱਲੋ ਤੇ ਹਰ ਮਹੀਨੇ 24% ਕੰਪਾਊਂਡ ਇਨਟਰੈਸਟ ਦੇਈ ਚੱਲੋ। ਇਹ ਕਰੈਡਿਟ ਕਾਰਡ ਮੱਖਣ ਸਿੰਘ ਨੂੰ ਹੁਣ ਇਕ ਜੋਕ ਵਾਂਗ ਜਾਪ ਰਹੇ ਸਨ, ਜੋ ਹੌਲੀ-ਹੌਲੀ ਉਸ ਦਾ ਬਾਕੀ ਰਹਿੰਦਾ ਖ਼ੂਨ ਵੀ ਚੂਸ ਰਹੀ ਹੋਵੇ।

ਦੋਸਤ, ਮਿੱਤਰ ਜੋ ਅੱਗਾ ਵਲ ਕੇ ਮਿਲਦੇ ਹੁੰਦੇ ਸਨ ਤੇ ਕਹਿੰਦੇ ਸਨ ਕਿ ਏਸ ਸਪਤਾਹ-ਅੰਤ 'ਤੇ ਸਾਡੇ ਘਰ ਇਕੱਠੇ ਹੋਣਾ ਹੈ, ਹੁਣ ਕਿਧਰੇ ਨਜ਼ਰ ਨਹੀਂ ਸਨ ਆਉਂਦੇ। ਕੰਮ ਚਲਦੇ ਤਾਂ ਹਰ ਸਪਤਾਹ-ਅੰਤ 'ਤੇ ਇੱਕੋ ਘਰ ਵਿਚ ਚਾਰ ਪੰਜ ਫੈਮਲੀਆਂ ਵਾਰੀ ਮੁਤਾਬਕ ਇਕੱਠੀਆਂ ਹੁੰਦੀਆਂ। ਤੀਵੀਆਂ ਫੱਕੜ ਤੋਲਦੀਆਂ। ਭਾਂਤ-ਭਾਂਤ ਦੇ ਖਾਣੇ ਪਕਾਉਂਦੀਆਂ। ਮੁਕਾਬਲੇ ਵਿਚ ਵਧੀਆ ਤੋਂ ਵਧੀਆ ਕੱਪੜੇ ਤੇ ਗਹਿਣੇ ਪਾ ਕੇ ਸਜ-ਧਜ ਕੇ ਆਉਂਦੀਆਂ। ਬੱਚੇ ਵੀ ਸੁਆਰੇ ਤੇ ਸ਼ਿੰਗਾਰੇ ਹੁੰਦੇ। ਉਹ ਕੰਪਿਊਟਰ ਦੀਆਂ ਖੇਡਾਂ ਖੇਡਦੇ। ਗੱਪਾਂ

ਮਾਰਦੇ। ਪਹੇਲੀਆਂ ਪਾਉਂਦੇ। ਗਾਉਂਦੇ ਤੇ ਨੱਚਦੇ। ਆਦਮੀ ਵਧੀਆ ਤੋਂ ਵਧੀਆ ਸ਼ਰਾਬ ਪੀਂਦੇ, ਮੁਰਗਿਆਂ ਦੀਆਂ ਲੱਤਾਂ ਉਧੇੜਦੇ, ਆਪਣੀ ਮਿੱਲ ਤੋਂ ਲੈ ਕੇ ਪ੍ਰਾਂਤ, ਮੁਲਕ, ਭਾਰਤ ਅਤੇ ਸੰਸਾਰ ਭਰ ਦੀ ਰਾਜਨੀਤੀ ਤੇ ਹਾਲਾਤ ਦੀ ਖੱਲ ਉਧੇੜਦੇ, ਨੱਚਦੇ, ਭੰਗੜਾ ਪਾਉਂਦੇ। ਖਾ ਪੀ ਕੇ ਸਭ ਵੀਡੀਓ ਉੱਤੇ ਕੋਈ ਭਾਰਤੀ ਹਿੰਦੀ ਜਾਂ ਪੰਜਾਬੀ ਫ਼ਿਲਮ ਵੇਖਦੇ ਤੇ ਦਿਨ ਚੜ੍ਹਦੇ ਤਕ ਇਹ ਮੇਲਾ ਲੱਗਾ ਰਹਿੰਦਾ। ਜਿਵੇਂ-ਜਿਵੇਂ ਕੋਈ ਥੱਕਦਾ, ਜਾਂ ਨੀਂਦਰ ਮਹਿਸੂਸ ਕਰਦਾ, ਤਿਵੇਂ-ਤਿਵੇਂ ਆਪਣੇ ਘਰ ਵਲ ਨੂੰ ਤੁਰ ਪੈਂਦਾ।

ਤੇ ਹੁਣ ਇਹ ਹਾਲਤ ਸੀ ਕਿ ਹਰ ਕੋਈ ਇਕ ਦੂਜੇ ਤੋਂ ਅੱਖ ਚੁਰਾ ਕੇ ਲੰਘ ਰਿਹਾ ਸੀ, ਜਿਵੇਂ ਖ਼ੁਦ ਚੋਰ ਹੋਵੇ। ਜੇ ਕਿਤੇ ਅਚਾਨਕ ਅੱਖਾਂ ਚਾਰ ਹੋ ਹੀ ਜਾਂਦੀਆਂ, ਚਾਹੇ ਅਚਾਹੇ ਤਾਂ 'ਹੀਂ, ਹੀਂ, ਹੀਂ' ਕਰ ਕੇ ਇਕ ਉੱਤਰ ਤੇ ਦੂਜਾ ਦੱਖਣ ਵਲ ਮੂੰਹ ਕਰ ਕੇ ਤੁਰ ਪੈਂਦਾ। ਕਿੱਥੇ ਉਹ ਦਿਨ ਸਨ ਜਦੋਂ ਇਕ ਦੂਜੇ ਨੂੰ ਅੱਗੋਂ ਘੇਰ ਕੇ ਮਿਲੀਦਾ ਸੀ। ਨੇਂਦਾ ਦੇਈਦਾ ਸੀ। ਜਸ਼ਨ ਮਨਾਈਦਾ ਸੀ। ਮੱਖਣ ਸਿੰਘ ਸੋਚ ਰਿਹਾ ਸੀ।

ਮੱਖਣ ਸਿੰਘ ਦੇ ਸ਼ਹਿਰ ਵਿੱਚੋਂ, ਜਿਨ੍ਹਾਂ ਲੋਕਾਂ ਕੋਲ ਕੋਈ ਟਰੇਡ ਸੀ ਜਾਂ ਜਿਨ੍ਹਾਂ ਨੂੰ ਕੋਈ ਟੈਕਨੀਕਲ ਕੰਮ ਆਉਂਦਾ ਸੀ—ਉਹ ਦੂਜੇ ਸ਼ਹਿਰਾਂ ਵਲ ਕੰਮ ਦੀ ਭਾਲ ਲਈ ਤੁਰ ਪਏ ਸਨ। ਘਰ ਧੜਾ-ਧੜ ਵਿਕ ਤੇ ਖ਼ਾਲੀ ਹੋ ਰਹੇ ਸਨ। ਰੀਅਲ ਐਸਟੇਟ ਵਾਲਿਆਂ ਦੀ ਚਾਂਦੀ ਸੀ। ਲੋਕਾਂ ਨੂੰ ਲੋੜਾਂ ਦੇ ਦੁੱਖੋਂ ਘਰ ਸਸਤੇ ਭਾਅ ਵੇਚਣੇ ਪੈ ਰਹੇ ਸਨ। ਘਰਾਂ ਤੇ ਜਾਇਦਾਦ ਦੀਆਂ ਕੀਮਤਾਂ ਡਿੱਗ ਪਈਆਂ ਸਨ। ਕੋਈ ਖ਼ਰੀਦਾਰ ਨਹੀਂ ਸੀ। ਮੱਖਣ ਸਿੰਘ ਨੇ ਜੋ ਘਰ 80,000 ਡਾਲਰ ਦਾ ਲਿਆ ਸੀ, ਉਸ ਦਾ ਹੁਣ 50,000 ਤੋਂ ਵੀ ਘੱਟ ਮਿਲ ਸਕਦਾ ਸੀ। ਮੱਖਣ ਸਿੰਘ ਕੀ ਕਰੇ ? ਕਿੱਥੇ ਜਾਵੇ ?

ਉਹ ਨਾ ਤਾਂ ਮਕੈਨਿਕ ਸੀ, ਨਾ ਵੈਲਡਰ, ਨਾ ਕਾਰਪੈਂਟਰ, ਨਾ ਇਲੈਕਟ੍ਰਿਸ਼ੀਅਨ, ਨਾ ਮੇਸਨ (ਰਾਜ) ਤੇ ਨਾ ਹੀ ਉਸ ਨੂੰ ਕੋਈ ਹੋਰ ਕੰਮ ਆਉਂਦਾ ਸੀ। ਤੇ ਏਥੇ ਇਨ੍ਹਾਂ ਲੋਕਾਂ ਦੀ ਹੀ ਕਦਰ ਸੀ। ਏਥੇ ਕੰਮ ਛੱਡਣ, ਹੋਰ ਸ਼ਹਿਰ ਜਾ ਕੇ ਲੈ ਲੈਣ। ਤਨਖ਼ਾਹ ਵੀ ਇਨ੍ਹਾਂ ਦੀ 25 ਡਾਲਰ ਤੋਂ 35 ਡਾਲਰ ਘੰਟਾ ਤਕ ਸੀ। ਮੱਖਣ ਸਿੰਘ ਤਾਂ ਮਿੱਲ ਦਾ ਗਰੀਨ ਚੇਨ ਉੱਤੇ ਫੱਟੇ ਖਿੱਚਣ ਵਾਲਾ ਸਾਧਾਰਨ ਅਨਸਕਿੱਲਡ ਮਜ਼ਦੂਰ ਸੀ। ਉਹ ਕਿਤੇ ਜਾਵੇ ਵੀ ਤਾਂ ਉਸ ਨੂੰ ਕਿਹੜਾ ਕੰਮ ਮਿਲਣਾ ਸੀ।

ਫੇਰ ਘਰ ਏਥੇ ਕਿਹੜਾ ਮੁੜ-ਮੁੜ ਲੈ ਹੁੰਦਾ ਹੈ। ਚੌਥਾ ਹਿੱਸਾ ਪੈਸੇ ਜਮ੍ਹਾ ਕਰਵਾ ਕੇ ਉਸ ਮੋਰਗੇਜ ਲਈ ਸੀ 25 ਸਾਲ ਦੀ। ਤਿੰਨ ਬੈੱਡ-ਰੂਮ ਤੇ ਬੇਸਮੈਂਟ ਵਾਲੇ ਇਸ ਘਰ ਨੇ 25 ਸਾਲਾਂ ਵਿਚ ਫਰੀ ਹੋਣਾ ਸੀ। ਤਦ ਤਕ ਉਹ ਬੁੱਢਾ ਹੋ ਚੁਕਾ ਹੋਵੇਗਾ। ਪਰ ਏਥੇ ਲੋਕ ਸਾਰੀ ਉਮਰ ਦੀ ਕਮਾਈ ਨਾਲ ਲੈਂਦੇ ਵੀ ਤਾਂ ਇਕ ਘਰ ਹੀ ਸਨ, ਤਾਂ ਕਿ ਬੁਢਾਪਾ ਸੌਖਾ ਲੰਘ ਸਕੇ। ਆਪ ਬੇਸਮੈਂਟ ਵਿਚ ਰਹੋ ਤੇ ਉਪਰਲਾ ਹਿੱਸਾ ਕਿਰਾਏ ਤੇ ਦੇ ਕੇ ਵਿਚ ਪੈਨਸ਼ਨ ਦੇ ਪੈਸੇ ਪਾ ਕੇ ਰਿਟਾਇਰ ਹੋਣ ਉਪਰੰਤ ਬੰਦੇ ਦੀ ਜ਼ਿੰਦਗੀ ਸੁਖਾਲੀ ਲੰਘ ਜਾਂਦੀ ਸੀ। ਬੁੱਢਿਆਂ ਲਈ ਬਣੇ ਹੋਮਜ਼ (ਬਿਰਧ-ਘਰਾਂ) ਵਿਚ ਧੱਕੇ ਨਹੀਂ ਸਨ ਖਾਣੇ ਪੈਂਦੇ।

ਇਸ ਘਰ ਦੀਆਂ ਕਿਸ਼ਤਾਂ ਹੀ ਹੁਣ ਉਸ ਲਈ ਅਜ਼ਾਬ ਬਣ ਗਈਆਂ ਸਨ। ਜੋ ਜਮ੍ਹਾਂ ਪੂੰਜੀ ਸੀ, ਹੌਲੀ-ਹੌਲੀ ਖ਼ਰਚ ਹੋ ਰਹੀ ਸੀ। ਪਹਿਲਾਂ ਕਾਰ ਵਿਕੀ, ਫਿਰ ਟੈਲੀਵਿਯਨ, ਸੋਫਾ ਸੈੱਟ, ਡਾਈਨਿੰਗ ਟੇਬਲ ਤੇ ਚੇਅਰਜ਼ ਅਤੇ ਫੇਰ ਹੋਰ ਨਿੱਕਾ ਮੋਟਾ ਸਾਮਾਨ। ਸਭ ਕੁਝ ਮਹਿੰਗੇ ਭਾ ਲਿਆ, ਕੌਡਾਂ ਦੇ ਭਾ ਵਿਕ ਰਿਹਾ ਸੀ ਅਤੇ ਅਜੇ ਇਨ੍ਹਾਂ ਦੀਆਂ ਕਿਸ਼ਤਾਂ ਵੀ ਸਿਰ 'ਤੇ ਹੀ ਸਨ। ਹੋਰ ਦੋ ਮਹੀਨਿਆਂ ਤਕ ਉਸ ਦਾ ਬੇਕਾਰੀ ਭੱਤਾ ਵੀ ਬੰਦ ਹੋ ਜਾਵੇਗਾ। ਫਿਰ ਉਸ ਨੂੰ ਵੈਲਫੇਅਰ ਤੇ ਜਾਣਾ ਪਵੇਗਾ। ਪਰ ਵੈਲਫੇਅਰ ਤੇ ਜਾਣ ਨੂੰ ਸਾਡੇ ਭਾਰਤੀ ਲੋਕ ਬੇਇੱਜ਼ਤੀ ਸਮਝਦੇ ਸਨ। ਇਹ ਤਾਂ ਨਿਕੰਮੇ, ਵੈਲੀਆਂ ਅਤੇ ਏਥੋਂ ਦੇ ਨੇਟਿਵ ਇੰਡੀਅਨਜ਼ ਲਈ ਹੀ ਸੀ ਕਿ ਉਹ ਵਿਹਲੇ ਬਹਿ ਕੇ ਮੈਲੇ ਕੁਚੈਲੇ ਕਪੜੇ ਪਾ ਕੇ ਤੇ ਘਟੀਆ ਜੀਣ-ਹਾਲਤਾਂ ਵਿਚ ਰਹਿ ਕੇ ਡੰਗ-ਟਪਾਈ ਕਰ ਸਕਣ। ਸਰਕਾਰ ਉਨ੍ਹਾਂ ਨੂੰ ਏਨੇ ਕੁ ਪੈਸੇ ਦੇ ਦਿੰਦੀ ਸੀ, ਗੁਜ਼ਰ ਜੋਗੇ।

ਮੱਖਣ ਸਿੰਘ ਦੀ ਇਕ ਭੈਣ ਸੀ। 30 ਕੁ ਮੀਲ 'ਤੇ ਵੱਸਦੇ ਕਿਟੀਮੈਟ ਸ਼ਹਿਰ ਵਿਚ ਰਹਿੰਦੀ ਸੀ। ਉਸ ਨੇ ਹੁਣੇ-ਹੁਣੇ ਤਿੰਨ ਬੈੱਡਰੂਮ ਦਾ ਮਕਾਨ ਲਿਆ ਸੀ। ਉਸ ਦਾ ਭਣੋਈਆ ਤੇ ਭੈਣ ਦੇ ਤਿੰਨ ਬੱਚੇ ਉਸ ਮਕਾਨ ਵਿਚ ਰਹਿੰਦੇ ਸਨ। ਭਣੋਈਆ ਉਹਦਾ ਐਲਕੈਨ ਸਮੈਲਟਰ ਵਿਚ ਕੰਮ ਕਰਦਾ ਸੀ। ਉਸ ਦਾ ਕੰਮ ਅਜੇ ਚੱਲਦਾ ਸੀ, ਪਰ ਉਸ ਦੀ ਸਭ ਜਮ੍ਹਾਂ ਪੂੰਜੀ ਮਕਾਨ ਦੀ ਡਾਊਨ ਪੇਮੈਂਟ ਉੱਤੇ ਖ਼ਰਚ ਹੋ ਚੁੱਕੀ ਸੀ। ਘਰ ਦੀਆਂ ਕਿਸ਼ਤਾਂ ਤੋਰਨ ਲਈ ਤੇ ਹੱਥ ਕੁਝ ਸੁਖ਼ਾਲਾ ਕਰਨ ਲਈ ਉਨ੍ਹਾਂ ਨੇ ਆਪਣੇ ਪਿੰਡ ਦੇ ਦੋ ਨੌਜਵਾਨ ਮੁੰਡੇ, ਜੋ ਉਸੇ ਐਲਮੀਨੀਅਮ ਬਨਾਉਣ ਵਾਲੀ ਮਿੱਲ ਵਿਚ ਕੰਮ ਕਰਦੇ ਸਨ, ਰੂਮ ਐਂਡ ਬੋਰਡ ਉੱਤੇ ਰੱਖੇ ਹੋਏ ਸਨ। ਉਨ੍ਹਾਂ ਨੂੰ ਡੇਢ, ਡੇਢ ਸੌ ਡਾਲਰ ਮਹੀਨੇ ਦਾ ਦੇਣਾ ਪੈਂਦਾ ਸੀ। ਜਿਸ ਨਾਲ ਉਨ੍ਹਾਂ ਨੂੰ ਸੌਣ ਲਈ ਥਾਂ, ਮੰਜੇ ਉੱਤੇ ਤੇ ਜਾਂ ਫ਼ਰਸ਼ ਉੱਤੇ ਡੱਠੀ ਮੈਟਰੈੱਸ ਉੱਤੇ ਮਿਲਦੀ ਸੀ। ਦੋ ਵੇਲੇ ਘਰ ਦੀ ਪੱਕੀ ਰੋਟੀ ਤੇ ਸਵੇਰ ਸ਼ਾਮ ਦੀ ਚਾਹ। ਰੂਮ ਐਂਡ ਬੋਰਡ ਦਾ ਰੇਟ ਤਾਂ ਉਂਜ 200 ਤੋਂ 250 ਡਾਲਰ ਤਕ ਪ੍ਰਤੀ ਵਿਅਕਤੀ ਸੀ, ਪਰ ਪਿੰਡ ਦੇ ਮੁੰਡੇ ਹੋਣ ਕਰਕੇ, ਥਾਂ ਦੀ ਤੰਗੀ ਅਤੇ ਸਾਦਾ ਖਾਣੀ, ਪੀਣੀ ਤੇ ਰਹਿਣੀ ਬਹਿਣੀ ਕਰਕੇ ਉਹ 150 ਡਾਲਰ ਪ੍ਰਤੀ ਵਿਅਕਤੀ ਹੀ ਉਨ੍ਹਾਂ ਤੋਂ ਲੈਂਦੇ ਸਨ। ਵੇਲੇ ਕੁਵੇਲੇ ਉਸ ਦੀ ਭੈਣ ਉਨ੍ਹਾਂ ਮੁੰਡਿਆਂ ਦੇ ਕਪੜੇ ਵੀ ਮਸ਼ੀਨ ਵਿਚ ਧੋ ਲਿਆਉਂਦੀ ਅਤੇ ਹੋਰ ਨਿੱਕੇ ਮੋਟੇ ਕੰਮ ਵੀ ਕਰ ਦਿੰਦੀ। ਮੁੰਡਿਆਂ ਨੂੰ ਇਹ ਫਾਇਦਾ ਸੀ ਕਿ ਉਨ੍ਹਾਂ ਦੀ ਚੰਗੀ ਚੋਖੀ ਬਚਤ ਹੋ ਜਾਂਦੀ ਸੀ। ਮਹੀਨੇ 'ਚ ਇਕ ਦੋ ਵਾਰ ਇਹ ਛੜੇ ਛੜਾਂਗ ਇਕੱਠੇ ਹੋ ਕੇ ਕਿਤੇ ਬਾਹਰ ਦਾਰੂ ਦੀ ਪਾਰਟੀ ਵੀ ਕਰ ਲੈਂਦੇ। ਪਰ ਵਧੇਰੇ ਧਿਆਨ ਇਨ੍ਹਾਂ ਦਾ ਬਚਤ ਕਰਕੇ ਪੈਸੇ ਬਚਾਉਣ, ਛੇਤੀ ਤੋਂ ਛੇਤੀ ਘਰ ਲੈਣ ਤੇ ਫਿਰ ਭਾਰਤ ਜਾ ਕੇ ਕੋਈ ਵਧੀਆ ਜਿਹੀ ਕੁੜੀ ਵਿਆਹ ਕੇ ਲਿਆਉਣ ਵਲ ਹੀ ਲੱਗਾ ਰਹਿੰਦਾ ਸੀ।

ਮੱਖਣ ਸਿੰਘ ਨੂੰ ਆਪਣੀ ਭੈਣ ਤੇ ਉਸ ਦੇ ਘਰ ਦੀ ਸਾਰੀ ਹਾਲਤ ਦਾ ਪਤਾ ਸੀ। ਇਹ ਦਰਵਾਜ਼ਾ ਵੀ ਉਸ ਦੇ ਲਈ ਤੇ ਉਸ ਦੇ ਟੱਬਰ ਲਈ ਬੰਦ ਸੀ। ਹਾਂ, ਜੇ ਉਹ ਕੱਲਾ ਹੁੰਦਾ, ਤਾਂ ਉਹ ਵੀ ਔਖਾ ਸੌਖਾ ਹੋ ਕੇ ਆਪਣੀ ਭੈਣ ਕੋਲ ਰੂਮ ਐਂਡ ਬੋਰਡ 'ਤੇ ਰਹਿ ਸਕਦਾ ਸੀ। ਘਰ ਆਪਣਾ ਕਿਰਾਏ ਤੇ ਚੜ੍ਹਾ ਕੇ, ਕਿਰਾਏ 'ਚੋਂ ਉਸ ਦੀਆਂ ਕਿਸ਼ਤਾਂ ਤੋਰ ਕੇ, ਚਾਰ ਪੈਸੇ ਬਚ ਵੀ ਸਕਦੇ ਸਨ, ਜੋ ਉਸ ਦੇ ਕੰਮ ਆ ਸਕਦੇ ਸਨ। ਪਰ ਏਸ ਟੱਬਰ ਦਾ ਉਹ ਕੀ ਕਰੇ ?

ਸਵਾਲ ਹੀ ਸਵਾਲ ਸਨ। ਜਵਾਬ ਦੇ ਹੱਲ ਤਾਂ ਜਿਵੇਂ ਗਧੇ ਦੇ ਸਿਰ ਤੋਂ ਸਿੰਗਾਂ ਵਾਂਗ ਉੱਡ ਗਏ ਸਨ।

ਉਸ ਦੀ ਤ੍ਰੀਮਤ ਉਸ ਨੂੰ ਦਸੇ ਬਿਨਾਂ ਸ਼ਹਿਰ ਦੇ ਸਾਰੇ ਹੋਟਲਾਂ ਤੇ ਦਫ਼ਤਰਾਂ ਦੀ ਖ਼ਾਕ ਛਾਣ ਆਈ ਸੀ, ਸਿਰਫ਼ ਏਸ ਆਸ ਵਿਚ ਕਿ ਸ਼ਾਇਦ ਭਾਂਡੇ ਮਾਂਜਣ ਤੇ ਜਾਂ ਸਫਾਈ ਆਦਿ ਕਰਨ ਦਾ ਕੋਈ ਜੈਨੇਟੋਰੀਅਲ ਕੰਮ ਹੀ ਮਿਲ ਜਾਵੇਗਾ। ਇਹੋ ਜਿਹੀ ਹਾਲਤ ਵਿਚ ਕੰਮ ਕਿੱਥੋਂ ਮਿਲਣਾ ਸੀ। ਲੋਕੀਂ ਤਾਂ ਮਸਾਂ ਜ਼ਰੂਰਤ ਦੀਆਂ ਚੀਜ਼ਾਂ ਖ਼ਰੀਦਦੇ ਸਨ, ਜਿਨ੍ਹਾਂ ਬਿਨਾਂ ਗੁਜ਼ਾਰਾ ਸੰਭਵ ਨਹੀਂ ਸੀ। ਹੋਟਲਾਂ ਵਲ ਕੋਈ ਵਿਰਲਾ ਵਾਂਜਾ ਜਾਂ ਅਮੀਰ ਤੇ ਸਰਦਾ ਪੁੱਜਦਾ ਬੰਦਾ ਹੀ ਮੂੰਹ ਕਰਦਾ ਸੀ। ਇਸ ਲਈ ਸਟੋਰਾਂ, ਹੋਟਲਾਂ ਤੇ ਹੋਰ ਵਿਓਪਾਰਾਂ ਉੱਤੇ ਵੀ ਇਸ ਮੰਦੇ ਦਾ ਬਹੁਤ ਬੁਰਾ ਅਸਰ ਪਿਆ ਸੀ। ਨਤੀਜੇ ਵਜੋਂ ਉਨ੍ਹਾਂ ਨੇ ਵੀ ਆਪਣੇ ਕਾਮੇ ਲੇ-ਆਫ਼ (ਨੌਕਰੀ ਤੋਂ ਕੱਢਣੇ) ਕਰਨੇ ਸ਼ੁਰੂ ਕਰ ਦਿੱਤੇ ਸਨ।

ਮੱਖਣ ਸਿੰਘ ਨੂੰ ਵੀ ਏਸ ਗੱਲ ਦਾ ਪਤਾ ਸੀ ਕਿ ਆਨੀ ਬਹਾਨੀ ਉਸ ਦੀ ਤ੍ਰੀਮਤ ਦੂਜੇ ਤੀਜੇ ਦਿਨ ਕੰਮ ਦੀ ਤਲਾਸ਼ ਵਿਚ ਜਾਂਦੀ ਹੈ। ਪਰ ਉਹ ਚੁੱਪ ਕਰ ਬਹਿੰਦਾ। ਆਮ ਹਾਲਤਾਂ ਵਿਚ ਉਹ ਕਦੇ ਵੀ ਉਸ ਨੂੰ ਅਜਿਹਾ ਕਰਨ ਦੀ ਆਗਿਆ ਨਾ ਦਿੰਦਾ ਤੇ ਚੰਗਾ ਵਿਖਾਂਦ ਖੜਾ ਕਰਦਾ।

ਆਪਣੇ ਹੀ ਘਰ ਵਿਚ ਬੇਕਾਰ ਬੈਠਿਆਂ ਉਸ ਨੂੰ ਪੂਰਾ ਸਾਲ ਹੋ ਚੁੱਕਿਆ ਸੀ। ਏਥੇ ਬੈਠਿਆਂ ਉਸ ਦੀ ਇਕ ਹੀ ਸੋਚ ਸੀ ਕਿ ਕਿਸੇ ਤਰ੍ਹਾਂ ਕੰਮਾਂ ਦੇ ਸ਼ੁਰੂ ਹੋਣ ਤਕ ਘਰ ਨੂੰ ਬਚਾਇਆ ਜਾਵੇ।

ਇਕ ਰਸਤਾ ਹੈ ਵੀ ਸੀ। ਪਰ ਉਹ ਆਪੇ ਇਸ ਨੂੰ ਹੁਣ ਤਕ ਟਾਲਦਾ ਰਿਹਾ ਸੀ। ਅੱਜ ਉਸ ਦੀ ਤ੍ਰੀਮਤ ਨੇ, ਜੋ ਉਸ ਅੰਦਰਲੇ ਏਸ ਰਾਜ਼ ਦੀ ਵੀ ਪੂਰੀ ਪੂਰੀ ਵਾਕਫ਼ ਸੀ, ਉਸ ਨਾਲ ਆਨੀ ਬਹਾਨੀ ਗੱਲ

ਤੋਰਨੀ ਚਾਹੀ। ਕਹਿੰਦੇ ਨੇ ਦੁੱਖ ਤੇ ਤੰਗੀ ਵਿਚ ਬੰਦਾ ਇਕ ਦੂਜੇ ਨਾਲ ਬੋਲਦਾ ਘੱਟ ਪਰ ਇਕ ਦੂਜੇ ਨੂੰ ਸਮਝਦਾ ਵਧੇਰੇ ਹੈ। ਇਕ ਦੂਜੇ ਦੇ ਧੁਰ ਅੰਦਰ ਦੀ ਗੱਲ ਇਕ ਦੂਜੇ ਦੇ ਹੋਂਠਾਂ ਉੱਤੇ ਹੁੰਦੀ ਹੈ। ਪਰ ਹੋਂਠ ਹਿੱਲਦੇ ਨਹੀਂ ਤੇ ਜ਼ਬਾਨ ਖ਼ਾਮੋਸ਼ ਰਹਿੰਦੀ ਹੈ। ਚੋਰ ਅੱਖਾਂ ਨਜ਼ਰ ਚੁਰਾਉਂਦੀਆਂ ਹੋਈਆਂ ਵੀ ਨਾ ਕਹਿਣ ਨਾ ਕਹਿਣ ਕਰਦੀਆਂ, ਕਿੰਨਾ ਕੁਝ ਹੀ ਸੈਨਤਾਂ, ਸੰਕੇਤਾਂ ਨਾਲ ਆਖ ਜਾਂਦੀਆਂ ਹਨ, ਸਮਝਾ ਜਾਂਦੀਆਂ ਹਨ।

ਮੱਖਣ ਸਿੰਘ ਦੀ ਤ੍ਰੀਮਤ ਘਰ ਦੇ ਇਸ ਨੇਮ ਨੂੰ ਅੱਜ ਭੰਗ ਕਰਨਾ ਚਾਹੁੰਦਾ ਸੀ ਤਾਂਕਿ ਏਸ ਤੋਂ ਪਹਿਲਾਂ ਕਿ ਉਸ ਦਾ ਮਰਦ ਆਪਣੀ ਚੁੱਪ ਤੇ ਆਪਣੇ ਸਬਰ ਦੇ ਨਿੱਤ ਵਧਦੇ ਬੋਝ ਹੇਠ ਦਬ ਕੇ ਸਦਾ ਲਈ ਟੁੱਟ ਜਾਏ—ਉਹ ਇਸ ਘਰ ਨੂੰ ਨਵੀਆਂ ਆਸਾਂ, ਨਵੇਂ ਸੁਫ਼ਨਿਆਂ ਦੀ ਰਾਂਗਲੀ ਥੰਮੀਂ ਦੇ ਕੇ ਬਚਾ ਲਵੇ। ਜੇ ਸੁਫ਼ਨੇ ਨਾ ਹੁੰਦੇ, ਤਾਂ ਇਹ ਜ਼ਿੰਦਗੀ ਹਕੀਕਤ ਦੀਆਂ ਕਠੋਰ ਚੱਟਾਨਾਂ ਨਾਲ ਮੱਥਾ ਮਾਰ ਮਾਰ ਕੇ ਕਦੋਂ ਦੀ ਲਹੂ ਲੁਹਾਣ ਹੋ ਮਰ ਮੁਕ ਗਈ ਹੁੰਦੀ।

ਮੱਖਣ ਸਿੰਘ ਦੀ ਤ੍ਰੀਮਤ ਨੇ ਆਪਣੇ ਆਪ ਨੂੰ ਸੰਭਾਲਿਆ। ਬਾਵਜੂਦ ਕੋਸ਼ਿਸ਼ ਦੇ ਵੀ ਜਿਵੇਂ ਉਸ ਦੇ ਮੂੰਹ ’ਚੋਂ ਸ਼ਬਦ ਨਹੀਂ ਸਨ ਨਿਕਲ ਰਹੇ। ਜਕੋ-ਤਕੀ ਵਿਚ ਉਸ ਨੇ ਗੱਲ ਸ਼ੁਰੂ ਕੀਤੀ, “ਜੀ, ਤੁਹਾਨੂੰ ਪਤੈ...ਜਦੋਂ ਤੁਸੀਂ ਨਵੇਂ ਨਵੇਂ ਏਥੇ ਆਏ ਸਓ ਤਾਂ ਤੁਹਾਨੂੰ ਕਾਫ਼ੀ ਦੇਰ ਕੰਮ ਨਹੀਂ ਸੀ ਮਿਲਿਆ।”

ਮੱਖਣ ਸਿੰਘ ਨੇ ਡੂੰਘੀ ਨੀਝ ਨਾਲ ਆਪਣੀ ਪਤਨੀ ਵਲ ਵੇਖਿਆ ਤੇ ਫਿਰ ਹਉਕਾ ਜਿਹਾ ਲੈ ਕੇ ਚੁੱਪ ਕਰ ਗਿਆ। ਇਹ ਚੁੱਪ ਹੀ ਉਸ ਦਾ ਹੁੰਗਾਰਾ ਸੀ। ਉਸ ਦੀ ਤ੍ਰੀਮਤ ਨੇ ਗੱਲ ਅੱਗੇ ਤੋਰੀ, “ਪਰ ਤੁਸੀਂ ਸਦਾ ਸਾਨੂੰ ਸੁਫ਼ਨਿਆਂ ਦੀਆਂ ਗੱਲਾਂ ਲਿਖਦੇ ਹੁੰਦੇ ਸਓ। ਜਲਦੀ ਕੰਮ ਮਿਲ ਜਾਵੇਗਾ। ਘਰ ਹੋਵੇਗਾ, ਕਾਰ ਹੋਵੇਗੀ, ਐਸ਼ੋ ਆਰਾਮ ਦਾ ਹਰ ਸਮਾਨ ਹੋਵੇਗਾ ਤੇ ਅਸੀਂ ਸਭ ਇਕੱਠੇ ਹੋਵਾਂਗੇ। ਏਥੇ ਕੈਨੈਡਾ ਵਿਚ।”

ਉਹ ਰੁਕੀ ਤੇ ਫਿਰ ਬੋਲੀ, “ਤੁਹਾਡੇ ਉਹ ਸਭ ਸੁਫ਼ਨੇ ਸੱਚ ਹੋ ਗਏ। ਹੁਣ ਵੀ ਐਵੇਂ ਥੋੜ੍ਹੀ ਦੇਰ ਦੀ ਗੱਲ ਹੈ। ਕੰਮ ਚੱਲ ਪੈਣਗੇ। ਚਿੰਤਾ ਦੀ ਕੀ ਗੱਲ ਐ ?”

ਮੱਖਣ ਸਿੰਘ ਸਿਰਫ਼ ਚੁੱਪ ਰਿਹਾ। ਉਸ ਦੀ ਤ੍ਰੀਮਤ ਫਿਰ ਬੋਲੀ ਤੇ ਇਸ ਵਾਰ ਉਸ ਨੇ ਆਪਣੇ ਹੱਥਾਂ ਦੀਆਂ ਸੋਨੇ ਦੀਆਂ ਵੰਗਾਂ ਵਲ ਇਸ਼ਾਰਾ ਕਰਦਿਆਂ ਕਿਹਾ, “ਔਹ ਜੋ ਹਨ। ਇਨ੍ਹਾਂ ਨੂੰ ਵੇਚ ਦਿੰਦੇ ਹਾਂ ਤੇ ਹੋਰ ਗਹਿਣੇ ਵੀ।”

ਮੱਖਣ ਸਿੰਘ ਦੇ ਮੱਥੇ ’ਤੇ ਘੂਰੀ ਉੱਭਰੀ ਤੇ ਉਹ ਗੁੱਸੇ ਵਿਚ ਕੇਵਲ ‘ਨਹੀਂ’ ਆਖ ਸਕਿਆ। ਫਿਰ ਉਸ ਦੇ ਚਿਹਰੇ ਤੋਂ ਗੁੱਸੇ ਦੇ ਸਭ ਪ੍ਰਭਾਵ, ਜਿਵੇਂ ਪਰਛਾਵੇਂ ਵਾਂਗ ਆਏ ਸਨ, ਤਿਵੇਂ ਹੀ ਚਲੇ ਗਏ। ਉਸ ਦੀ ਤ੍ਰੀਮਤ ਨੇ ਗੱਲ ਜਾਰੀ ਰੱਖੀ, “ਅਸੀਂ ਚਾਰ-ਛੇ ਮਹੀਨੇ ਲਈ ਭਾਰਤ ਚਲੇ ਜਾਂਦੇ ਹਾਂ। ਤੁਸੀਂ ਮਕਾਨ ਕਿਰਾਏ ’ਤੇ ਦੇ ਦਿਓ ਅਤੇ ਭੈਣ ਜੀ ਕੋਲ ਕਿਟੀਮੈਟ ਚਲੇ ਜਾਓ। ਕਿਰਾਏ ਜੋਗੇ ਪੈਸੇ ਤਾਂ ਹੋ ਹੀ ਜਾਣਗੇ ਤੇ ਨਾਲੇ ਨਵੇਂ ਸੁਫ਼ਨਿਆਂ ਦੇ ਪੂਰੇ ਹੋਣ ਦੀ ਉਡੀਕ ਬਣੀ ਰਹੇਗੀ। ਤੁਹਾਡੀ ਚਿੱਠੀ ਆਇਆ ਕਰੇਗੀ। ਅਸੀਂ ਸਭ, ਪੱਪੂ, ਬੱਬੂ ਤੇ ਮੈਂ ਰੋਜ਼ ਪਹਿਲਾਂ ਵਾਂਗ ਹੀ ਡਾਕੀਏ ਨੂੰ ਉਡੀਕਿਆ ਕਰਾਂਗੇ। ਤੁਹਾਡੀ ਚਿੱਠੀ, ਤੁਹਾਡੇ ਸੁਫ਼ਨਿਆਂ, ਤੁਹਾਡੇ ਇਕਰਾਰਾਂ ਦਾ, ਆਸਾਂ ਦਾ ਇੰਤਜ਼ਾਰ ਕਰਿਆ ਕਰਾਂਗੇ। ਤੁਸੀਂ ਇਕ ਵਾਰੀ ਫਿਰ ਡੱਟ ਕੇ ਜੱਦੋ-ਜਹਿਦ ਵਿਚ ਜੁਟੋਗੇ। ਏਧਰ ਓਧਰ ਜਾ ਕੇ ਕੰਮ ਦੀ ਭਾਲ ਕਰੋਗੇ। ਹੁਣ ਸਾਡੇ ਨਾਲ ਬੱਝੇ ਬੈਠੇ ਹੋ। ਕੱਲੇ ਹੋਵੋਗੇ ਤਾਂ ਸੌ ਰਿਸਕ ਲਵੋਗੇ, ਸੌ ਰਸਤੇ ਨਜ਼ਰੀਂ ਪੈਣਗੇ।”

ਮੱਖਣ ਸਿੰਘ ਦਾ ਜਿਵੇਂ ਗੱਚ ਭਰ ਆਇਆ। ਉਸ ਦੀ ਤ੍ਰੀਮਤ ਦੀਆਂ ਅੱਖਾਂ ਵਿੱਚੋਂ ਪਰਲ-ਪਰਲ ਅੱਥਰੂ ਵਗ ਰਹੇ ਸਨ।

ਉਹ ਸਭ ਏਅਰਪੋਰਟ ’ਤੇ ਪਹੁੰਚ ਗਏ ਸਨ। ਅਜੇ ਵੀ ਉਸ ਦਾ ਜੀ ਕਰਦਾ ਸੀ ਕਿ ਅੰਤਮ ਛਿਣ ’ਤੇ ਉਹ ਆਪਣੀ ਤ੍ਰੀਮਤ ਅਤੇ ਆਪਣੇ ਬੱਚਿਆਂ ਨੂੰ ਭਾਰਤ ਜਾਣ ਤੋਂ ਰੋਕ ਲਏ। ਭਾਰਤ ਵਾਲੇ ਕੀ ਸੋਚਣਗੇ ? ਕੀ ਇੱਜ਼ਤ ਬਣੇਗੀ ਓਥੇ ? ਭਾਰਤ ਛੱਡਿਆ ਸੀ ਕਿ ਕੈਨੇਡਾ ਵਸਾਂਗੇ। ਹੁਣ ਕੈਨੇਡਾ ਵੀ ਛੱਡਣਾ

ਪੈ ਰਿਹਾ ਹੈ। ਇਹ ਜੀਵਨ ਕੀ ਹੈ ? ਕੀ ਹੈ ਇਹ ਜੱਦੋ-ਜਹਿਦ ? ਕਾਹਦੇ ਲਈ ? ਅਸੀਂ ਤਾਂ ਟੱਪਰੀਵਾਸਾਂ ਨਾਲੋਂ ਵੀ ਲੰਘ ਗਏ।

ਅਸੀਂ ਸਭ ਸ਼ਰਨਾਰਥੀ ਹਾਂ। ਓਧਰੋਂ, ਏਧਰ ਤੇ ਏਧਰੋਂ, ਓਧਰ। ਨਾ ਘਰ ਵਿਚ ਅਨੰਦ, ਨਾ ਬਾਹਰ ਸ਼ਾਂਤੀ ! ਆਪਣੇ ਝੱਖੜ, ਆਪ ਝੰਬੇ ਜਾਂਦੇ ਹਾਂ। ਮੱਖਣ ਸਿੰਘ ਸੋਚ ਰਿਹਾ ਸੀ। ਜਦੋਂ ਪਹਿਲਾਂ ਏਥੇ ਆਇਆ ਸਾਂ, ਓਦੋਂ ਵੀ ਸ਼ਰਨਾਰਥੀ ਸੀ।

ਘਰ ਲੈ ਕੇ ਅਤੇ ਲੈਣ ਤੋਂ ਬਾਅਦ ਵੀ ਸ਼ਰਨਾਰਥੀ ਹੀ ਹਾਂ। ਜੀਵਨ ਤੋਂ ਮੌਤ ਤਕ ਸਭ ਸ਼ਰਨਾਰਥੀ ਹੀ ਹਾਂ ਅਸੀਂ। ਜਨਮ ਤੇ ਮਰਨ ਦੋ ਨੁਕਤੇ ਹਨ ... ਤੇ ਵਿਚਕਾਰ ਜ਼ਿੰਦਗੀ, ਇਕ ਸ਼ਰਨਾਰਥੀ ... ਕਦੇ ਏਥੇ, ਕਦੇ ਓਥੇ। ਮੌਤ ਹੀ ਸ਼ਾਇਦ ਮਨੁੱਖਾ ਜੀਵਨ ਦਾ ਅੰਤਮ ਵਸੇਬਾ ਹੈ, ਪੱਕਾ ਠਿਕਾਣਾ ਹੈ। ਇਹ ਜੱਦੋ-ਜਹਿਦ, ਇਹ ਸੁਫ਼ਨੇ ... ਹਾਂ ਇਹ ਸੁਫ਼ਨੇ ... ਸੁਫ਼ਨੇ ਤਾਂ ਸ਼ਰਨਾਰਥੀ ਵੀ ਲੈਂਦੇ ਹਨ ... ਸੁਫ਼ਨੇ, ਸਿਰਫ਼ ਸੁਫ਼ਨੇ ... ਇਹ ਜੀਵਨ ਸ਼ਰਨਾਰਥੀਆਂ ਦਾ ਸੁਫ਼ਨਾ ਹੀ ਤਾਂ ਹੈ। ..."

ਪਤਾ ਨਹੀਂ ਉਹ ਹੋਰ ਕੀ ਕੀ ਸੋਚ ਰਿਹਾ ਸੀ। ਉਸਦੀਆਂ ਅੱਖਾਂ ਅਸਮਾਨ ਵਿਚ ਅਜੇ ਵੀ ਓਸ ਥਾਂ ਨੂੰ ਘੂਰ ਰਹੀਆਂ ਸਨ। ਜਿੱਥੋਂ ਵਿਮਾਨ ਬੱਦਲਾਂ ਦੇ ਪੱਲੂ ਹੇਠ ਦੋ ਘੰਟੇ ਹੋਏ ਅਲੋਪ ਹੋ ਚੁੱਕਾ ਸੀ। ਉਸ ਦੀ ਤ੍ਰੀਮਤ ਤੇ ਬੱਚੇ ਉਸੇ ਵਿਮਾਨ ਵਿਚ ਵਾਪਸ ਭਾਰਤ ਜਾ ਚੁੱਕੇ ਸਨ।

# ਤੇਰ੍ਹਾਂ ਸਾਲ ਦੀ ਕੰਜਰੀ

ਕਹਾਣੀ ਬੜੀ ਸਿੱਧੀ ਸਾਦੀ ਤੇ ਛੋਟੀ ਹੈ। ਜੇਨ ਇਕ ਲੈ-ਪਾਲਕ (ਫੌਸਟਰ) ਲੜਕੀ ਸੀ। ਉਸ ਦੀ ਮਾਂ ਮਰਦ-ਮਾਰ ਔਰਤ ਸੀ। ਮਾਂ ਦੇ ਮਰਦਾਂ ਨੇ ਜੇਨ ਨੂੰ ਛੋਟੀ ਉਮਰ ਤੋਂ ਹੀ ਸਿਗਰਟਾਂ, ਨਸ਼ੇ ਵਾਲੀਆਂ ਡਰੱਗਜ਼, ਸ਼ਰਾਬ ਅਤੇ ਮੈਰੇਵਾਨਾ ਦੀ ਆਦੀ ਬਣਾ ਦਿੱਤਾ। ਸਿਗਰਟਾਂ, ਡਰੱਗਜ਼, ਸ਼ਰਾਬ ਅਤੇ ਮੈਰੇਵਾਨਾ ਦੀ ਲੋੜ ਜੇਨ ਨੂੰ ਸੜਕਾਂ ਉੱਤੇ ਮਰਦਾਂ ਅਤੇ ਦੱਲਿਆਂ ਦੀ ਭਾਲ ਵਲ ਲੈ ਤੁਰੀ। ਉਹ ਤੇਰ੍ਹਾਂ ਸਾਲ ਦੀ ਉਮਰ ਵਿਚ ਹੁੱਕਰ (ਕੰਜਰੀ) ਬਣ ਗਈ ਸੀ : ਪੇਸ਼ਾਵਰਾਨਾ ਅੰਦਾਜ਼, ਕੰਜਰੀ ਮੁਸਕਰਾਹਟ।

ਆਪਣਾ ਚੰਗਾ ਜਾਂ ਬੁਰਾ ਸੋਚਣ ਦਾ ਉਸ ਨੂੰ ਮੌਕਾ, ਸਮਾਂ ਹੀ ਨਹੀਂ ਸੀ ਮਿਲਿਆ। ਜਿਵੇਂ ਜਨਮ ਦੀ ਕਿਰਿਆ ਬੱਚੇ ਨੂੰ ਜੰਮਣ ਜਾਂ ਨਾ ਜੰਮਣ ਦੇ ਫੈਸਲੇ ਦਾ ਅਧਿਕਾਰ ਨਹੀਂ ਦਿੰਦੀ। ਇਸੇ ਤਰ੍ਹਾਂ ਕੰਜਰੀ ਬਣਨ, ਨਾ ਬਣਨ ਵਿਚ ਵੀ ਉਸ ਦੀ ਆਪਣੀ ਕੋਈ ਚੋਣ ਨਹੀਂ ਸੀ। ਇਹ ਸਭ ਕੁਝ ਇਕ ਕੁਦਰਤੀ ਰੂਪ ਵਿਚ ਹੀ ਘਟਿਆ ਸੀ ਤੇ ਫਿਰ ਉਹ ਹਾਲਾਤ ਦੀ ਰੌਂ ਨਾਲ ਵਹਿੰਦੀ ਚਲੀ ਗਈ ਸੀ, ਚਾਹੇ ਅਚਾਹੇ। ਜਿਵੇਂ ਇਕ ਲੋੜ ਦੀ ਪੂਰਤੀ ਦੂਜੀ ਲੋੜ ਦੀ ਊਣ ਦੀ ਚੇਤਨਾ ਦਾ ਅਹਿਸਾਸ ਦਿੰਦੀ ਹੈ, ਇਵੇਂ ਹੀ ਦੂਜੀ ਦੀ ਪੂਰਤੀ ਤੀਜੀ ਲਈ ਊਣ ਪੈਦਾ ਕਰਦੀ ਹੈ ... ਤੇ ਇੰਜ ਇਹ ਸਿਲਸਿਲਾ ਜਾਰੀ ਰਹਿੰਦਾ ਹੈ।

ਉਸ ਨੇ ਇਸੇ ਥਾਂ, ਇਕ ਛੋਟੀ ਜਿਹੀ ਟੁਭਲੀ ਵਿਚ ਏਧਰੋਂ ਓਧਰ ਤੇ ਓਧਰੋਂ ਏਧਰ ਤਰਦੇ ਪੱਤੇ ਵਾਂਗ, ਜ਼ਿੰਦਗੀ ਦੇ ਤਿੰਨ ਸਾਲ ਬਿਤਾ ਦਿੱਤੇ ਸਨ। ਉਸ ਨੂੰ ਬੜੇ ਕੰਮ ਦੇ ਤੇ ਹੰਢੇ ਹੋਏ ਬੰਦੇ ਮਿਲੇ ਸਨ। ਕਈ-ਕਈ ਮਹੀਨੇ ਉਸ ਉੱਤੇ ਲੱਟੂ ਹੋਏ ਰਹੇ। ਪਹਿਲਾਂ ਪਹਿਲ ਇਸ ਸਭ ਕੁਝ 'ਚੋਂ ਉਸ ਨੂੰ ਬੜਾ ਹੁਲਾਰਾ ਮਿਲਦਾ ਸੀ, ਸੁਆਦ ਆਉਂਦਾ ਸੀ, ਪਰ ਹੁਣ ਉਹ ਇਕ ਮਸ਼ੀਨ ਜਿਹੀ ਬਣਦੀ ਜਾ ਰਹੀ ਸੀ, ਜਿਊਕ ਬਾਕਸ ਵਾਂਗ, ਸਿੱਕੇ ਪਾਓ ਤੇ ਮਨਮਰਜ਼ੀ ਦਾ ਗੀਤ ਸੁਣ ਲਓ।

ਉਸ ਲਈ ਵਿਸ਼ਾਦ ਅਤੇ ਨਾ-ਉਮੀਦੀ ਦੇ ਦਿਨ ਕੇਵਲ ਉਹ ਸਨ, ਜਦੋਂ ਨਸ਼ੇ ਦੀ ਤੋੜ ਲੱਗਦੀ ਸੀ, ਤੇ ਨਸ਼ਾ ਮਿਲਦਾ ਨਹੀਂ ਸੀ। ਖ਼ਰੀਦਣ ਲਈ ਪੈਸੇ ਨਹੀਂ ਸਨ ਹੁੰਦੇ। ਅੰਗ-ਅੰਗ ਟੁੱਟਦਾ, ਰੋਮ- ਰੋਮ ਤੜਪਦਾ, ਰੂਹ ਜਿਸਮ ਸਭ ਟੁੱਟ ਭੱਜ ਵਲੂੰਧਰੇ ਜਾਂਦੇ ਸਨ। ਅਜਿਹੇ ਸਮੇਂ ਹੀ ਮਰਦ ਉਸ ਦੀ ਜ਼ਿੰਦਗੀ ਵਿਚ ਉਸੇ ਤਰ੍ਹਾਂ ਹੀ ਸਿੱਕੇ ਵਾਂਗ ਚੱਲਦੇ ਸਨ, ਜਿਵੇਂ ਸਿੱਕੇ ਨਾਰਕੌਟਿਕਸ ਅਤੇ ਜੁਰਮ ਦੇ ਬਾਜ਼ਾਰ ਵਿਚ ਚੱਲਦੇ ਹਨ।

ਉਸ ਦਿਨ ਵੀ ਇੰਜ ਹੀ ਹੋਇਆ ਸੀ। ਜਾਪਦਾ ਸੀ ਜਿਵੇਂ ਮਾਸ ਤੇ ਡਰੱਗਜ਼ ਦੀ ਮੰਡੀ ਇਨਫਲੇਸ਼ਨ ਅਤੇ ਰੀਸੈਸ਼ਨ ਦੀ ਗੜੇ-ਮਾਰ ਹੇਠਾਂ ਆ ਗਈ ਹੋਵੇ। ਅਜਿਹੇ ਇਕ ਦਿਨ ਜੌਨ ਉਸ ਨੂੰ ਆਪਣੇ ਫਲੈਟ ਵਲ ਲੈ ਤੁਰਿਆ ਸੀ। ਜੌਨ ਕੋਲ ਪੈਸੇ ਨਹੀਂ ਸਨ, ਡਰੱਗਜ਼ ਸਨ। ਜੇਨ ਕੋਲ ਜਿਸਮ ਸੀ, ਡਰੱਗਜ਼ ਬਿਨਾਂ ਬੇਜਾਨ। ਜੌਨ ਨੂੰ ਜਿਸਮ ਚਾਹੀਦਾ ਸੀ, ਜੇਨ ਨੂੰ ਡਰੱਗਜ਼। ਏਸ ਮੰਡੀ ਦੇ ਮੰਦੇ ਵਿਚ ਉਹ ਦੋਵੇਂ ਪ੍ਰਾਚੀਨ ਸਮੇਂ ਦੇ ਬਾਰਟਰ ਸਿਸਟਮ (ਵੱਟੇ-ਸੱਟੇ ਵਿਚ) ਵਾਂਗ ਇਕ ਦੂਜੇ ਉੱਤੇ ਘਟ ਗਏ।

ਉਨ੍ਹਾਂ ਦਿਨਾਂ ਵਿਚ ਏਸ ਸ਼ਹਿਰ ਵਿਚ ਡਰੱਗਜ਼ ਦਾ ਇਕ ਬਹੁਤ ਵੱਡਾ ਰੈਕਟ ਫੜਿਆ ਗਿਆ ਸੀ। ਬਾਜ਼ਾਰ ਵਿੱਚੋਂ ਡਰੱਗਜ਼ ਜਿਵੇਂ ਖੰਭ ਲਾ ਕੇ ਉੱਡ ਗਈਆਂ ਸਨ। ਰਾਤ ਨੂੰ ਪੈਟਰੋਲ ਕਰਦਿਆਂ ਪੁਲਿਸ ਵਾਲਿਆਂ ਦੀਆਂ ਕਾਰਾਂ ਫਿਰਤੂ ਕੰਜਰੀਆਂ ਨੂੰ ਵੀ ਚੁੱਕਣ ਲੱਗ ਪਈਆਂ ਸਨ। ਚਿੱਟ-ਕਪੜੀਏ ਖ਼ੁਫੀਆ ਪੁਲਿਸ ਵਾਲੇ ਵੀ ਜਿਵੇਂ ਥਾਂ ਪਰ ਥਾਂ ਮੁਜਰਮਾਂ, ਕੰਜਰੀਆਂ ਅਤੇ ਨਾਰਕੌਟਿਕਸ ਦੇ ਦਲਾਲਾਂ ਦੀ ਸੂਹ ਵਿਚ ਘੁੰਮਦੇ ਫਿਰਦੇ ਸਨ।

ਜੇਨ ਤੇ ਜੌਨ ਲਈ ਲੋੜ ਦਾ ਇਹ ਸਮਾਂ ਹੀ ਜਿਵੇਂ ਇਕ ਦੂਜੇ ਦੇ ਹੋਰ ਵਧੇਰੇ ਨੇੜੇ ਹੋਣ ਦਾ ਸਾਧਨ ਬਣ ਕੇ ਆਇਆ ਸੀ।

ਜੇਨ ਕਦੇ ਕਦੇ ਹੋਰ ਮਰਦਾਂ ਕੋਲ ਵੀ ਜਾ ਆਉਂਦੀ ਸੀ। ਫਲੈਟ ਦਾ ਕਿਰਾਇਆ ਅਤੇ ਘਰ ਦਾ ਖ਼ਰਚ ਵੀ ਤਾਂ ਤੋਰਨਾ ਸੀ। ਜੌਨ ਕੰਮ ਦੀ ਤਲਾਸ਼ ਵਿਚ ਗਿਆ ਸੀ। ਜੇਨ ਨੇ ਇਕ ਮਰਦ ਫਾਹ ਲਿਆ ਸੀ।

ਜੌਨ ਪਰਤਿਆ ਤਾਂ ਪਹਿਲਾਂ ਉਸ ਨੇ ਉਸ ਮਰਦ ਨੂੰ ਫੈਂਟਾ ਫੇਰਿਆ ਤੇ ਫਿਰ ਨੰਗ-ਮੁਨੰਗੀ ਪਈ ਜੇਨ ਨੂੰ ਜੋ ਹੱਥ ਆਇਆ ਉਸ ਨਾਲ ਝੰਬ ਸੁੱਟਿਆ।

ਜੇਨ ਨੇ ਹੱਥ ਤਕ ਨਾ ਚੁੱਕਿਆ। ਪਹਿਲਾਂ ਉਸ ਨੇ ਗੰਦੀਆਂ ਤੇ ਮੋਟੀਆਂ ਮੋਟੀਆਂ ਫੂਹਸ਼ ਗਾਲ੍ਹਾਂ ਜ਼ਰੂਰ ਕੱਢੀਆਂ, ਚੀਕਾਂ ਵੀ ਮਾਰੀਆਂ। ਪਰ ਫਿਰ ਜਿਵੇਂ ਮੂਕ ਆਤਮ-ਸਮਰਪਨ ਕਰ ਦਿੱਤਾ। ਕੁੱਟ ਖਾਂਦੀ ਹੋਈ ਲਗਾਤਾਰ ਜੌਨ ਦੇ ਚਿਹਰੇ ਵਲ ਵੇਖਦੀ ਮੁਸਕਰਾਉਂਦੀ ਰਹੀ। ਜੌਨ ਥੱਕ ਕੇ ਫ਼ਰਸ਼ ਉੱਤੇ ਉਸ ਦੇ ਕੋਲ ਹੀ ਲੰਮਾ ਪਿਆ ਹਫ ਹੌਂਕ ਰਿਹਾ ਸੀ। ਫਿਰ ਉਹ ਦੋਵੇਂ ਹੀ, ਜਿਵੇਂ ਜਵਾਲਾਮੁਖੀ ਫੁਟਦਾ ਹੈ, ਬਹੁਤ ਰੋਏ ਸਨ। ਇਕ ਦੂਜੇ ਦੇ ਗਲੇ ਲੱਗੇ ਸਨ। ਪੀੜ ਤੇ ਬੇਗਾਨਗੀ ਦੇ ਅਨੁਭਵ ਵਿੱਚੋਂ ਇਕ ਦੂਜੇ ਪ੍ਰਤੀ ਅਧਿਕਾਰ ਦਾ ਅਹਿਸਾਸ ਪੈਦਾ ਹੋਇਆ ਸੀ। ਮਾਨਸਕ ਤੇ ਸਰੀਰਕ ਦਰਦ ਉਨ੍ਹਾਂ ਲਈ ਦਵਾ ਬਣ ਗਿਆ ਸੀ। ਉਨ੍ਹਾਂ ਅੰਦਰ ਇਕ ਜਗ ਬੁਝ ਜਿਹੀ ਹੋਈ ਸੀ ਜਿਵੇਂ ਇਸ ਬੇਗਾਨਗੀ ਅਤੇ ਅਲਗਾਵ ਦੇ ਸ਼ੂਕਦੇ ਬਿਫ਼ਰੇ ਹੋਏ ਸਾਗਰ ਵਿਚ ਉਹ ਵੀ ਕਿਸੇ ਦੇ ਸਨ। ਕਿਸੇ ਦੇ ਆਸਰੇ ਇਹ ਭਵ-ਸਾਗਰ ਪਾਰ ਕਰ ਸਕਦੇ ਸਨ।

ਜੇਨ ਨੂੰ ਆਪਣੇ ਲੈ-ਪਾਲਕ (ਫੌਸਟਰ) ਬਾਪ ਦੀ ਯਾਦ ਆਈ, ਜਿਸ ਨੇ ਉਸ ਨੂੰ ਧੀਆਂ ਵਾਂਗ ਪਾਲਿਆ ਤੇ ਯਾਰਾਂ ਵਾਂਗ ਵਰਤਿਆ ਸੀ। ਉਹ ਵੀ ਉਸ ਦੀ ਲੈ-ਪਾਲਕ ਮਾਂ ਕੋਲੋਂ ਮਾਰ ਖਾ ਕੇ, ਉਸ ਦੇ ਕੰਮ ’ਤੇ ਚਲੇ ਜਾਣ ਉਪਰੰਤ, ਜੇਨ ਦੇ ਗਲੇ ਲਗ ਕੇ ਇਵੇਂ ਹੀ ਫੁਟ ਫੁਟ ਕੇ ਰੋਇਆ ਕਰਦਾ ਸੀ। ਫਿਰ ਖ਼ੁਦ ਸ਼ਰਾਬ ਪੀਂਦਾ, ਜੇਨ ਨੂੰ ਵੀ ਪਿਆਉਂਦਾ, ਉਸ ਨੂੰ ਨੰਗੀ ਕਰਦਾ ਤੇ ਆਪ ਅਲਫ਼ ਨੰਗਾ ਹੋ ਜਾਂਦਾ ਸੀ। ਅਲਮਾਰੀ ਵਿਚ ਲੁਕਾ ਕੇ ਰੱਖੇ ਹੋਏ ਕਾਲੇ ਰੇਸ਼ਮੀ ਛਾਂਟੇ ਨੂੰ ਜੇਨ ਦੀ ਨੰਗੀ ਪਿੱਠ, ਛਾਤੀਆਂ ਉੱਤੇ ਮਾਰਦਾ ਸੀ। ਫਿਰ ਜੇਨ ਦੇ ਤਰਲੇ ਕਰਦਾ ਕਿ ਉਹ ਉਸੇ ਛਾਂਟੇ ਨਾਲ ਉਸ ਨੂੰ ਮਾਰੇ। ਜੇਨ ਉਸ ਨੂੰ ਛਾਂਟੇ ਮਾਰਦੀ, ਹਸਦੀ, ਲੋਟ ਪੋਟ ਹੋ ਜਾਂਦੀ। ਉਸ ਦਾ ਲੈ-ਪਾਲਕ ਪਿਤਾ ਤੜਪਦਾ, ਰੋਂਦਾ, ਲਿਲਕੜੀਆਂ ਕੱਢਦਾ, ਗਿੜਗਿੜਾਉਂਦਾ ਹੋਇਆ ਉਸ ਦੇ ਪੈਰਾਂ ਉੱਤੇ ਡਿਗ ਪੈਂਦਾ। ਉਸ ਨੂੰ ਕਲਾਵੇ ਵਿਚ ਲੈ ਲੈਂਦਾ। ਉਸਦੀਆਂ ਛਾਤੀਆਂ ਚੁੰਘਦਾ, ਮਿਣਦਾ, ਸੁਆਦ-ਸੁਆਦ ਹੋ ਜਾਂਦਾ ਤੇ ਫਿਰ ਉਹ ਦੋਵੇਂ ਮਹਾਂ-ਸੰਭੋਗ ਦੀ ਅਵਸਥਾ ਵਿਚ ਜੁਟ ਜਾਂਦੇ।

ਉਨ੍ਹਾਂ ਦਿਨਾਂ ਵਿਚ ਜੇਨ ਅਤੇ ਉਸ ਦੇ ਲੈ-ਪਾਲਕ ਪਿਤਾ ਲਈ ਇਹ ਕੇਵਲ ਇਕ ਖੇਡ ਹੀ ਸੀ। ਇਕ ਅਜਿਹੀ ਖੇਡ ਜਿਸ ਤੋਂ ਬਾਅਦ ਉਨ੍ਹਾਂ ਨੂੰ ਮਾਨਸਕ ਤੇ ਜਿਸਮਾਨੀ ਰਾਹਤ ਮਿਲਦੀ ਸੀ। ਜਦੋਂ ਜੇਨ ਦੀ ਲੈ-ਪਾਲਕ ਮਾਂ ਆਪਣਾ ਸਪਤਾਹ-ਅੰਤ ਕਿਸੇ ਹੋਰ ਮਰਦ ਸੰਗ ਬਿਤਾਉਣ ਚਲੇ ਜਾਂਦੀ, ਤਾਂ ਜੇਨ ਅਤੇ ਉਸ ਦੇ ਲੈ-ਪਾਲਕ ਪਿਤਾ ਲਈ ਜਿਵੇਂ ਧਰਤੀ ਉੱਤੇ ਹੀ ਸਵਰਗ ਉੱਤਰ ਆਉਂਦਾ ਸੀ। ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਉਹ ਸ਼ੁਕਰਵਾਰ ਸਿੱਧੀ ਕੰਮ ਤੋਂ ਗਈ, ਐਤਵਾਰ ਰਾਤ ਨੂੰ ਹੀ ਪਰਤੇਗੀ।

ਤੇਰ੍ਹਾਂ ਸਾਲ ਦੀ ਜੇਨ ਆਪਣੇ ਇਸ ਲੈ-ਪਾਲਕ ਘਰ ਵਿਚ ਹੀ ਹੰਢੀ ਹੋਈ ਕੰਜਰੀ ਬਣ ਗਈ ਸੀ। ਉਸ ਦੇ ਲੈ-ਪਾਲਕ ਬਾਪ ਨੇ ਅਜਿਹੇ ਸਮੇਂ ਹੋਰ ਮਰਦ ਲਿਆਉਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਮਰਦਾਂ

ਨਾਲ ਹੋਰ ਕੁੜੀਆਂ ਆਉਣ ਲੱਗ ਪਈਆਂ। ਨਸ਼ੇ, ਮੈਰੇਵਾਨਾ ਤੇ ਹੈਰੋਇਨ ਦਾ ਦੌਰ ਚਲਦਾ। ਗਰੁੱਪ ਭੋਗ ਸ਼ੁਰੂ ਹੋ ਜਾਂਦੇ। ਕੋਈ ਜਿਹਨੂੰ ਮਰਜ਼ੀ ਫੜੇ, ਜਿਵੇਂ ਮਰਜ਼ੀ ਵਰਤੇ ਸਿਗਰਟ ਵਾਂਗ—ਹਾਂ, ਮੈਰੇਵਾਨਾ ਦੀ ਸਿਗਰਟ ਵਾਂਗ ਚਾਹੇ ਸਿੱਧੇ ਪਾਸਿਓਂ ਪੀਵੇ, ਚਾਹੇ ਪੁੱਠੇ ਪਾਸਿਓਂ। ਇਹ ਸਾਰੀ ਇਕ ਖੇਡ ਹੀ ਸੀ ਆਰੰਭ ਵਿਚ। ਪਰ ਫਿਰ ਉਹ ਹੌਲੀ-ਹੌਲੀ ਇਸ ਸਭ ਕੁਝ ਦੀ ਆਦੀ ਬਣ ਗਈ ਸੀ ਵੈਲੀਆਂ ਵਾਂਗ। ਛੇਆਂ ਮਹੀਨਿਆਂ ਵਿਚ ਹੀ ਉਸ ਦੇ ਅੰਗ-ਅੰਗ ਵਿੱਚੋਂ ਇਕ ਹੰਢੀ ਹੋਈ ਅਤੇ ਭਰਪੂਰ ਜਵਾਨ ਔਰਤ ਝਾਕਣ ਲੱਗ ਪਈ ਸੀ।

ਅੱਜ ਜਦੋਂ ਜੌਨ ਨੇ ਉਸ ਨੂੰ ਕੁੱਟਿਆ ਸੀ, ਤਾਂ ਉਸ ਦੀਆਂ ਅੱਖਾਂ ਸੌਂਹੇਂ ਭੂਤ ਦਾ ਇਹ ਸਾਰਾ ਸਮਾਂ ਇਕ ਫ਼ਿਲਮ ਵਾਂਗ ਘੁੰਮ ਗਿਆ ਸੀ। ਜੌਨ ਦੇ ਚਿਹਰੇ ਵਿਚ, ਪੇਸ਼ਾਵਾਰਾਨਾ ਅੰਦਾਜ਼ ਵਿਚ ਰੇਸ਼ਮ ਦੇ ਕਾਲੇ ਛਾਂਟੇ ਨਾਲ ਕੁੱਟ ਰਹੇ, ਉਸ ਨੂੰ ਆਪਣੇ ਲੈ-ਪਾਲਕ ਬਾਪ ਦਾ ਚਿਹਰਾ ਹੀ ਨਜ਼ਰ ਆਇਆ ਸੀ।

ਜੌਨ ਨੇ ਖਿੱਚ ਕੇ ਜੇਨ ਨੂੰ ਆਪਣੇ ਨਾਲ ਲਾ ਲਿਆ। ਉਸਦੀਆਂ ਛਾਤੀਆਂ ਚੁੰਘਣ ਲੱਗ ਪਿਆ। ਉਸ ਦੀ ਧੌਂਕਣੀ ਵਾਂਗ ਚਲ ਰਹੀ ਹਿੱਕ ਉੱਤੇ ਸਿਰ ਰਖ ਕੇ ਸਿਸਕੀਆਂ ਭਰਨ ਲੱਗ ਪਿਆ ਤੇ ਫਿਰ ਪਤਾ ਨਹੀਂ ਕੀ ਕੀ ਆਖੀ ਗਿਆ। ਪਿਆਰ, ਮੁਹੱਬਤ, ਸਦਾ ਲਈ ਇਕੱਠੇ ਰਹਿਣ, ਇਕ ਦੂਜੇ ਦੇ ਹੋ ਜਾਣ ਦੀਆਂ ਗੱਲਾਂ ਗੰਭੀਰ ਅੰਦਾਜ਼ ਵਿਚ ਕਰਨ ਲੱਗ ਪਿਆ। ਉਹ ਭੂਤ ਵਿਚ ਗੁਆਚੇ ਜੀਵਨ ਦੀ ਖ਼ਲਾਅ ਨੂੰ ਵਰਤਮਾਨ ਦੀ ਅਪਣੱਤ ਨਾਲ ਭਰਨ ਬਾਰੇ ਲਗਾਤਾਰ ਬੋਲਦਾ ਗਿਆ।

ਜੇਨ ਨੇ ਪੇਸ਼ਾਵਾਰਾਨਾ ਅੰਦਾਜ਼ ਵਿਚ ਅਜਿਹੀਆਂ ਗੱਲਾਂ ਅਨੇਕਾਂ ਵਾਰ ਸੁਣੀਆਂ ਸਨ ਤੇ ਭੁਲਾਈਆਂ ਸਨ।

ਪਰ ਅੱਜ ਪਤਾ ਨਹੀਂ ਕੀ ਗੱਲ ਸੀ ਕਿ ਜੌਨ ਦਾ ਕਿਹਾ ਇਕ ਇਕ ਸ਼ਬਦ ਟੇਪ ਰੀਕਾਰਡਰ ਉੱਤੇ ਟੇਪ ਹੋਣ ਵਾਂਗ ਉਸ ਦੀ ਹੋਂਦ ਦਾ ਅੰਗ ਜਿਹਾ ਬਣਦਾ ਜਾ ਰਿਹਾ ਸੀ। ਅੱਗੇ ਤਾਂ ਇੰਜ ਕਦੀ ਨਹੀਂ ਸੀ ਹੋਇਆ। ਮਰਦ ਆਉਂਦੇ ਸਨ। ਉਸ ਉੱਤੇ, ਇਸੇ ਤਰ੍ਹਾਂ, ਜੌਨ ਵਾਂਗ ਘਟਦੇ ਸਨ ... ਬੋਲਦੇ ਚਲੇ ਜਾਂਦੇ ਸਨ ... ਰੋਂਦੇ ਸਨ ... ਕੁੱਟਦੇ ਮਾਰਦੇ, ਕੁੱਟ ਖਾਂਦੇ ... ਰੋਂਦੇ ਸਨ, ਰੁਆਂਦੇ ਸਨ। ਉਸ ਸਮੇਂ ਨਾ ਉਸ ਦੇ ਕੰਨਾਂ ਨੂੰ ਸੁਣਨ ਦੀ ਆਦਤ ਸੀ ਅਤੇ ਨਾ ਹੀ ਮਨ ਨੂੰ ਟੇਪ ਕਰਨ ਦੀ। ਰਾਤ ਬੀਤਦੀ ਸੀ, ਦਿਨ ਚੜ੍ਹ ਪੈਂਦਾ ਸੀ। ਦਿਨ ਚੜ੍ਹ ਪੈਂਦਾ ਸੀ, ਰਾਤ ਬੀਤ ਜਾਂਦੀ ਸੀ। ਪਰ ਅੱਜ ਇਹ ਕੈਸਾ ਸਮਾਂ ਸੀ ਜੋ ਰਾਤ ਤੇ ਦਿਨ ਦੇ ਵਿਚਕਾਰ, ਪਹੁ-ਫੁਟਾਲੇ ਵਾਂਗ ਉਸ ਦੇ ਦਿਮਾਗ, ਦਿਲ, ਮਨ ਉੱਤੇ ਤਣ ਜਾਣ ਦਾ ਯਤਨ ਕਰ ਰਿਹਾ ਸੀ।

ਏਸ ਪ੍ਰਭਾਵ ਹੇਠੋਂ ਨਿਕਲਣ ਲਈ ਜੇਨ ਨੇ ਆਪਣੇ ਸਿਰ ਨੂੰ ਇਕ ਝਟਕਾ ਦਿੱਤਾ, ਅੱਖਾਂ ਝਮਕੀਆਂ। ਜੌਨ ਅਜੇ ਵੀ ਉਸ ਦੇ ਸੌਂਹੇਂ ਖੜਾ ਸੀ। ਅੱਜ ਉਸ ਦੇ ਅੰਦਰਲੀ ਮਾਂ ਜਾਗੀ ਸੀ। ਜੌਨ ਉਸ ਦਾ ਪੁੱਤਰ ਸੀ। ਅੱਜ ਉਸ ਦੇ ਅੰਦਰਲੀ ਧੀ ਜਾਗੀ ਸੀ। ਜੌਨ ਉਸ ਦਾ ਬਾਪ ਸੀ। ਅੱਜ ਉਸ ਦੇ ਅੰਦਰਲੀ ਮਹਿਬੂਬਾ ਜਾਗੀ ਸੀ, ਜੌਨ ਜਿਸ ਦਾ ਆਸ਼ਕ ਸੀ।

ਉਹ ਇਕ ਦੂਜੇ ਦੇ ਆਲਿੰਗਨ ਵਿਚ ਸਮਾ ਗਏ ਸਨ। ਸਾਰੀ ਰਾਤ ਉਨ੍ਹਾਂ ਜਿਸਮਾਂ ਨੂੰ ਆਤਮਾ ਦੀ ਜ਼ਬਾਨ ਲਾ ਛੱਡੀ ਸੀ ... ਤਿਹਾਈ ਆਤਮਾ ... ਤੇ ਛਲਕਦੇ ਹੋਏ ਨਕੋ-ਨੱਕ ਭਰੇ ਜਿਸਮਾਂ ਦੇ ਮਾਨਸਰੋਵਰ।

ਜੇਨ ਜਦੋਂ ਸਵੇਰੇ ਉੱਠੀ, ਤਾਂ ਜੌਨ ਕੰਮ ਦੀ ਭਾਲ ਵਿਚ ਜਾ ਚੁੱਕਾ ਸੀ। ਉਸ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਹ ਕਿਸੇ ਖ਼ੂਬਸੂਰਤ ਪਰ ਭਰਮ ਜਿਹੇ, ਸੁਫ਼ਨੇ ਵਿੱਚੋਂ ਹੁਣੇ-ਹੁਣੇ ਜਾਗੀ ਹੋਵੇ। ਖਿੜਕੀ ਦੇ ਮਹੀਨ ਪਰਦੇ ਵਿੱਚੋਂ ਛਣ ਕੇ ਆਉਂਦੀ ਕੋਸੀ-ਕੋਸੀ ਧੁੱਪ ਉਸ ਦੇ ਨਗਨ ਸਰੀਰ ਦੇ ਅੰਗਾਂ ਨੂੰ ਪੋਲੇ-ਪੋਲੇ ਸਹਿਲਾ ਰਹੀ ਸੀ। ਉਹ ਸੋਚਣ ਦਾ ਯਤਨ ਕਰ ਰਹੀ ਸੀ। ਉਸ ਨੂੰ ਆਪਣੇ ਕਿਸੇ ਆਰੰਭ ਦੀ ਯਾਦ ਤੇ ਜਾਂ ਕਿਸੇ ਸਦੀਵੀ ਅਰੰਭ ਦੇ ਵਚਨਾਂ ਦੀ ਕੋਈ ਚੇਤਨਾ ਨਹੀਂ ਸੀ ਹੋ ਰਹੀ। ਉਹ ਤਾਂ ਸਮੇਂ ਦੇ ਚੱਕਰ ਵਿਚ, ਭੰਵਰ ਵਾਂਗ, ਨਿਰ-ਆਰੰਭ ਘੁੰਮ ਰਹੀ ਭਟਕਣ ਸੀ ... ਨਹੀਂ ਨਹੀਂ ... ਭਟਕਣ ਵੀ ਨਹੀਂ ਸੀ। ਬਸ ਐਵੇਂ ਘੁਮੇਟਾ ਜਿਹਾ ਸੀ। ਭਟਕਣ ਤਾਂ ਕਿਸੇ ਲਖ਼ਸ਼ ਦੀ ਪੂਰਤੀ ਲਈ ਹੁੰਦੀ ਹੈ ਤੇ ਜੇਨ ਨੂੰ ਯਾਦ ਸੀ ਚੰਗੀ ਤਰ੍ਹਾਂ ਕਿ ਇਸ

ਖੇਡ ਵਿਚ ਲਖ਼ਸ਼ ਨਾਮ ਦੀ ਚੀਜ਼ ਉਸ ਲਈ ਸਦਾ ਓਪਰੀ ਰਹੀ ਸੀ। ਇਕ ਅਦਿੱਖ, ਓਪਰੇ ਅਜਨਬੀ ਦੀ ਪਹਿਚਾਣ ਵੀ ਕੀ ਹੋ ਸਕਦੀ ਹੈ ???

ਜੇਨ ਸੋਚ ਰਹੀ ਸੀ। ਆਪਮੁਹਾਰਾ ਹੀ ਉਸ ਦੇ ਹੱਥ ਨੇ ਆਪਣੇ ਜਿਸਮ, ਆਪਣੀਆਂ ਛਾਤੀਆਂ ਦੀਆਂ ਲਾਸਾਂ ਨੂੰ ਸਪਰਸ਼ਨਾਂ, ਉੱਚੜੀ ਹੋਈ ਚਮੜੀ ਨੂੰ ਸਹਿਲਾਉਣਾ ਸ਼ੁਰੂ ਕਰ ਦਿੱਤਾ। ਏਸ ਸਾਰੇ ਕਰਮ ਵਿੱਚੋਂ ਅੱਜ ਉਸ ਨੂੰ ਇਕ ਅਨੋਖਾ ਜਿਹਾ ਸੁਆਦ ਆ ਰਿਹਾ ਸੀ। ਪਹਿਲਾਂ ਤਾਂ ਇੰਜ ਕਦੇ ਨਹੀਂ ਸੀ ਹੋਇਆ !!!

ਉਹ ਪੋਲੇ ਕਦਮੀਂ ਉੱਠੀ ਅਤੇ ਗੁਸਲਖ਼ਾਨੇ ਦੇ ਆਦਮ-ਕੱਦ ਸ਼ੀਸ਼ੇ ਦੇ ਸਾਮ੍ਹਣੇ ਜਾ ਖੜੋਤੀ। ਉਸ ਨੇ ਆਪਣੇ ਅੰਗ-ਅੰਗ ਨੂੰ ਨਿਹਾਰਿਆ। ਉਹ ਸੁਆਦ-ਸੁਆਦ, ਰੋਮ-ਰੋਮ ਮਧੂ-ਮੱਖੀਆਂ ਦੇ ਡੰਗਾਂ ਨਾਲ ਆਤਮਾ ਤਕ ਵਿੱਝੀ ਸ਼ੀਸ਼ੇ ਵਿਚ, ਸ਼ੀਸ਼ੇ ਤੋਂ ਦੂਰ ਪਰ੍ਹਾਂ ਕੁਝ ਵੇਖਣ, ਮਹਿਸੂਸਣ, ਪਹਿਚਾਨਣ ਦਾ ਯਤਨ ਕਰ ਰਹੀ ਸੀ। ਉਸ ਦੇ ਹੋਂਠਾਂ ਉੱਤੇ ਅੱਜ ਪਹਿਲੀ ਵਾਰ ਇਕ ਕੁਆਰਾ ਗੀਤ ਲਰਜ਼ਿਆ ਸੀ। ਤੇ ਹੁਣ ਜਦੋਂ ਉਹ ਸਗਲੀ ਸਬੂਤੀ ਇਕ ਕੁਆਰਾ ਤੇ ਜਿਊਂਦਾ ਜਾਗਦਾ ਨਗ਼ਮਾਂ ਬਣਨ ਲੱਗੀ ਸੀ, ਤਾਂ ਉਸ ਨੂੰ ਸ਼ੀਸ਼ੇ ਵਿਚ ਅੱਜ ਤੋਂ ਛੇ ਸਾਲ ਪਹਿਲਾਂ ਦੀ, ਤੇਰ੍ਹਾਂ ਸਾਲਾਂ ਦੀ ਜੇਨ ਖੜ੍ਹੀ ਨਜ਼ਰ ਆਈ। ਉਸ ਦੀਆਂ ਭੰਵਾਂ ਤਣ ਗਈਆਂ। ਸ਼ੀਸ਼ੇ ਵਿਚਲੀ ਜੇਨ ਨੂੰ ਉਸ ਨੇ 'ਤੇਰ੍ਹਾਂ ਸਾਲ ਦੀ ਕੰਜਰੀ' ਕਹਿ ਕੇ ਤ੍ਰਿਸਕਾਰਿਆ, ਥੁੱਕਿਆ ਤੇ ਸ਼ੀਸ਼ੇ ਵਲੋਂ ਪਿੱਠ ਭੰਵਾ ਕੇ ਸਿਸਕੀਆਂ ਭਰਨ ਲੱਗ ਪਈ।

# ਮਰਿਆ ਹੋਇਆ ਆਦਮੀ

ਹੁਣ ਉਹ ਇਕ ਬਹੁਤ ਵੱਡੇ ਸ਼ਹਿਰ ਵਿਚ ਰਹਿੰਦਾ ਹੈ। ਏਥੇ ਆਣ ਕੇ ਉਸ ਦੀ ਪਤਨੀ ਨੂੰ ਦੋ ਬੱਚੇ ਹੋਰ ਹੋ ਚੁੱਕੇ ਹਨ, ਪਰ ਉਸ ਨੇ ਇਹ ਸ਼ਹਿਰ ਛੱਡ ਕੇ ਕਿਸੇ ਹੋਰ ਸ਼ਹਿਰ ਜਾਣ ਦੀ ਥਾਂ, ਪੱਕੇ ਤੌਰ ਉੱਤੇ ਏਸੇ ਸ਼ਹਿਰ ਵਿਚ ਰਹਿਣ ਦਾ ਫੈਸਲਾ ਕਰ ਲਿਆ ਹੈ।

ਏਸ ਸ਼ਹਿਰ ਦੇ ਪੰਜਾਬੀ ਭਾਈਚਾਰੇ ਵਿਚ ਉਹ ਇਕ ਸਫ਼ਲ ਬਿਓਪਾਰੀ ਦੇ ਤੌਰ ’ਤੇ ਜਾਣਿਆ ਜਾਂਦਾ ਹੈ। ਉਸਦੀਆਂ ਕਈ ਦੁਕਾਨਾਂ ਕਿਰਾਏ ’ਤੇ ਚੜ੍ਹੀਆਂ ਹੋਈਆਂ ਹਨ। ਕਪੜੇ ਅਤੇ ਗਰੋਸਰੀ ਦੇ ਸਟੋਰ ਹਨ। ਉਹ ਰੇਡੀਓ ਅਤੇ ਟੀ. ਵੀ. ਉੱਤੇ ਵੀ ਤਿੰਨ-ਚਾਰ ਘੰਟੇ ਦੇ ਸਪਤਾਹਕ ਪੰਜਾਬੀ ਪ੍ਰੋਗਰਾਮ ਦਾ ਨਿਰਮਾਤਾ ਅਤੇ ਨਿਰਦੇਸ਼ਕ ਹੈ। ਉਸ ਦੀ ਮਾਲਕੀ ਹੇਠਾਂ ਕੁਮਰਸ਼ਲ ਕਿਸਮ ਦਾ ਇਕ ਹਫ਼ਤਾਵਾਰ ਅਖ਼ਬਾਰ ਅਤੇ ਇਕ ਮਾਸਕ ਪੱਤਰ ਵੀ ਛਪਦਾ ਹੈ। ਇਨ੍ਹਾਂ ਪੱਤਰਾਂ ਦੇ ਹਰ ਅੰਕ ਵਿਚ ਬਤੌਰ ਸੰਪਾਦਕ ਉਸ ਦੀ ਤਸਵੀਰ ਵੀ ਛਪਦੀ ਹੈ ਅਤੇ ਉਸ ਨੂੰ ਸਭ ਪਹਿਚਾਣਦੇ ਹਨ।

ਇਸ ਸ਼ਹਿਰ ਵਿਚ ਉਸ ਨੇ ਸੱਤ ਬੈੱਡ-ਰੂਮ ਦਾ ਇਕ ਵੱਡਾ ਘਰ ਵੀ ਖ਼ਰੀਦ ਲਿਆ ਹੈ। ਏਥੇ ਹੀ ਉਸ ਦੀ ਪਤਨੀ, ਬੱਚੇ, ਚਾਚਾ ਅਤੇ ਚਾਚੇ ਦੇ ਦੋਵੇਂ ਜਵਾਨ ਲੜਕੇ ਇਕੱਠੇ ਰਹਿੰਦੇ ਹਨ। ਇਨ੍ਹਾਂ ਸਭ ਨੂੰ ਪੱਛਮੀ ਸੁਵਿਧਾਵਾਂ ਦੀ ਆਦਤ ਪੈ ਚੁੱਕੀ ਹੈ ਅਤੇ ਆਦਤ ਵਾਂਗ ਹੀ ਜਦੋਂ ਇਹ ਸਭ ਆਪਣੇ ਆਪ ਨੂੰ ਉਸ ਉੱਤੇ ਨਿਰਭਰ ਹੋਣ ਦਾ ਇਜ਼ਹਾਰ ਕਰਦੇ ਹਨ, ਤਾਂ ਉਸ ਨੂੰ ਬੜੀ ਖ਼ੁਸ਼ੀ ਹੁੰਦੀ ਹੈ। ਉਹ ਆਪਣੇ ਆਪ ਨੂੰ ਇਸ ਬੇੜੀ ਤੇ ਇਸ ਦੇ ਮੁਸਾਫ਼ਰਾਂ ਦਾ ਮੱਲਾਹ ਤੇ ਰਹਿਨੁਮਾ ਸਮਝਦਾ ਹੋਇਆ ਆਪਣਾ ਵਧੇਰੇ ਸਮਾਂ ਘਰੋਂ ਬਾਹਰ ਹੀ ਗੁਜ਼ਾਰਦਾ ਹੈ ਤਾਂ ਕਿ ਕਾਰੋਬਾਰ ਦੀ ਦੇਖ ਰੇਖ ਠੀਕ ਤਰ੍ਹਾਂ ਹੋ ਸਕੇ। ਉਨ੍ਹਾਂ ਸਭ ਦੀ ਅਮੀਰੀ ਤੇ ਖ਼ੁਸ਼ਹਾਲੀ ਦੀਆਂ ਬੁਨਿਆਦਾਂ ਪੱਕੀਆਂ ਹੋ ਸਕਣ। ਹਰ ਸ਼ਾਮ ਅੱਕਿਆ ਥੱਕਿਆ ਉਹ ਸ਼ਰਾਬ ਪੀ ਕੇ ਕਦੇ ਕਿਸੇ ਹੋਟਲ ਵਿਚ ਤੇ ਕਦੇ ਦੁਕਾਨ ਦੇ ਨਾਲ ਬਣੇ ਇਕ ਬੈੱਡ-ਰੂਮ ਦੇ ਅਪਾਰਟਮੈਂਟ ਵਿਚ ਹੀ ਕੱਲਾ ਸੌਂ ਰਹਿੰਦਾ ਹੈ। ਕਈ ਕਈ ਦਿਨ ਅਤੇ ਕਈ ਕਈ ਰਾਤਾਂ ਘਰ ਨਹੀਂ ਜਾਂਦਾ। ਘਰ ਵਾਲਿਆਂ ਨੂੰ ਵੀ ਪਤਾ ਹੁੰਦਾ ਹੈ ਕਿ ਉਹ ਕਿੱਥੇ ਹੈ। ਸਵੇਰੇ ਹੀ ਫ਼ੋਨ ਦੀ ਘੰਟੀ ਖੜਕਦੀ ਹੈ ਅਤੇ ਸਭ ਉਸ ਕੋਲੋਂ ਆਗਿਆ ਲੈ ਕੇ ਆਪੋ ਆਪਣੇ ਕੰਮਾਂ ਵਲ ਤੁਰ ਪੈਂਦੇ ਹਨ। ਕਿਸੇ ਨੂੰ ਵੀ ਕੋਈ ਸ਼ਿਕਵਾ ਨਹੀਂ, ਸ਼ਿਕਾਇਤ ਨਹੀਂ। ਜ਼ਿੰਦਗੀ ਬਿਨਾਂ ਵਿਘਨ, ਸੰਕਟ ਅਤੇ ਤਣਾਅ ਤੋਂ ਮਸ਼ੀਨੀ ਤੋਰ ਤੇ ਬੀਤ ਰਹੀ ਹੈ।

ਫਿਰ ਵੀ, ਕਦੇ-ਕਦੇ, ਸਵੇਰੇ ਇਸ਼ਨਾਨ ਕਰਦਿਆਂ ਗੁਸਲਖ਼ਾਨੇ ਦੇ ਆਦਮ-ਕੱਦ ਸ਼ੀਸ਼ੇ ਵਿਚ ਜਦੋਂ ਉਸ ਦੀ ਨਿਗਾਹ ਆਪਣੇ ਢਿੱਡ ਉੱਤੇ ਬਚੇ ਜ਼ਖ਼ਮ ਦੇ ਨਿਸ਼ਾਨ ਉੱਤੇ ਪੈਂਦੀ ਹੈ, ਤਾਂ ਉਸ ਨੂੰ ਉਸ ਚਾਕੂ ਦਾ ਖ਼ਿਆਲ ਆਉਂਦਾ ਹੈ ਜਿਸ ਨੇ ਏਥੇ ਘਾਓ ਕੀਤਾ ਸੀ ... ਅਤੇ ਉਸ ਭੈ ਤੇ ਉਸ ਦਰਦ ਦਾ ਵੀ, ਜਿਸ ਨੇ ਇਕ ਲੰਮੇਂ ਸਮੇਂ ਤਕ ਉਸ ਨੂੰ ਆਪਣੇ ਅੱਗੇ-ਅੱਗੇ ਖ਼ੂਬ ਭਜਾਇਆ ਸੀ, ਸਤਾਇਆ ਸੀ।

ਇਸ ਭੈ ਦੀ ਵੀ ਅਜੀਬ ਗੁੱਥੀ ਸੀ। ਜਦੋਂ ਖੁੱਲ੍ਹਦੀ ਹੈ, ਤਾਂ ਉਸ ਨੂੰ ਮੁੜ ਉਸ ਦੀ ਜ਼ਿੰਦਗੀ ਦੇ ਬੀਤ

ਚੁੱਕੇ ਦਿਨਾਂ ਦੀਆਂ ਤਲਖ਼ ਯਾਦਾਂ ਨਾਲ ਜੋੜ ਦਿੰਦੀ ਹੈ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਉਹ ਅਜੇ ਕੈਨੇਡਾ ਨਹੀਂ ਸੀ ਆਇਆ ਤੇ ਭਾਰਤ ਵਿਚ ਹੀ ਰਹਿੰਦਾ ਸੀ।

ਇਕ ਭੈ ਜਿਹਾ ਉਸ ਦੇ ਮਨ ਵਿਚ ਵੱਸ ਗਿਆ ਸੀ। ਤੇ ਫਿਰ ਉਹ ਲਗਾਤਾਰ ਭੱਜਦਾ ਰਿਹਾ ਸੀ। ਅਖ਼ਬਾਰ ਨਵੀਸੀ, ਸਕੂਲ ਵਿਚ ਅਧਿਆਪਨ, ਕਾਲਜ ਵਿਚ ਪ੍ਰੋਫੈਸਰੀ ਤੇ ਫਿਰ ਭਾਰਤ ਨੂੰ ਸਦਾ ਲਈ ਵਿਦਾ ਕਹਿ ਕੇ ਉਹ ਕੈਨੇਡਾ ਆਣ ਵੱਸਿਆ ਸੀ। ਕੈਨੇਡਾ ਆ ਕੇ ਉਸ ਨੇ ਕਈ ਕੰਮ ਬਦਲੇ, ਕਈ ਮਿੱਲਾਂ ਬਦਲੀਆਂ ਤੇ ਕਈ ਸ਼ਹਿਰ ਬਦਲੇ। ਪਰ ਇਸ ਭੈ ਨੇ ਉਸ ਦਾ ਪਿੱਛਾ ਨਾ ਛੱਡਿਆ।

ਉਹ ਸਹਿਮ ਜਿਹਾ, ਸੁੰਗੜ ਜਿਹਾ ਗਿਆ ਸੀ। ਆਪਣੇ ਅੰਦਰ ਉਸ ਦਾ ਸਗਲਾ ਵਜੂਦ ਜਿਵੇਂ ਲਗਾਤਾਰ ਸੁੰਗੜੀ ਜਾ ਰਿਹਾ ਹੋਵੇ ਤੇ ਉਸ ਨੂੰ ਸਮਝ ਨਹੀਂ ਸੀ ਪੈਂਦੀ ਕਿ ਉਹ ਕਰੇ ਤਾਂ ਕੀ ਕਰੇ।

ਉਹ ਇਤਿਹਾਸ ਤੇ ਅਰਥ-ਸ਼ਾਸਤਰ ਦੀ ਫਸਟ ਕਲਾਸ ਫਸਟ ਐੱਮ. ਏ. ਸੀ। ਜਦੋਂ ਉਸ ਨੇ ਭਾਰਤ ਛੱਡਿਆ ਤਾਂ ਪੀ. ਐੱਚ. ਡੀ. ਦਾ ਕੰਮ ਵਿੱਚੇ ਲਟਕ ਰਿਹਾ ਸੀ। ਲੱਕੜ ਦੀ ਮਿੱਲ ਵਿਚ, ਜਿੱਥੇ ਉਸ ਨੇ ਗਰੀਨ ਚੇਨ ਉੱਤੇ ਫੱਟੇ ਖਿੱਚਣ ਤੋਂ ਕੰਮ ਸ਼ੁਰੂ ਕਰਕੇ ਫਸਟ ਏਡਰ ਤੇ ਕੁਆਲਿਟੀ ਕੰਟਰੋਲਰ ਤਕ ਦਾ ਸਫ਼ਰ ਤੈ ਕੀਤਾ ਸੀ, ਉਸ ਨੂੰ ਸਭ ਪ੍ਰੋਫੈਸਰ ਸਾਹਿਬ ਕਹਿ ਕੇ ਸਤਿਕਾਰ ਨਾਲ ਬੁਲਾਉਂਦੇ ਸਨ।

ਪੰਜਾਬ ਤੋਂ ਆਏ ਬਹੁਤੇ ਮਜ਼ਦੂਰ ਅਨਪੜ੍ਹ ਜਾਂ ਅੱਧ-ਪੜ੍ਹੇ ਸਨ। ਉਨ੍ਹਾਂ ਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ। ਜੇ ਆਉਂਦੀ ਵੀ ਤਾਂ ਐਵੇਂ 'ਯੈਸ, ਨੋ' ਤਕ ਡੰਗ ਟਪਾਊ ਬੋਲ ਚਾਲ ਦੀ ਬੋਲੀ।

ਇਨ੍ਹਾਂ ਸਭ ਲੋਕਾਂ ਲਈ ਉਹ ਰਹਿਮਤ ਦਾ ਫ਼ਰਿਸ਼ਤਾ ਸੀ। ਲਿਖਾ ਪੜ੍ਹੀ ਦੇ ਕੰਮ, ਮੈਨੇਜਮੈਂਟ ਨਾਲ ਝਗੜੇ, ਯੂਨੀਅਨ ਦੇ ਗਰੀਵੈਂਸਜ਼, ਬੈਂਕ, ਰੀਅਲ ਸਟੇਟ ਤੇ ਇਨਕਮ ਟੈਕਸ ਦੇ ਹੋਰ ਸਭ ਨਿੱਕੇ ਮੋਟੇ ਕੰਮ ਇਨ੍ਹਾਂ ਲੋਕਾਂ ਲਈ ਕਰਕੇ ਉਸ ਨੂੰ ਅਨੋਖੀ ਰਾਹਤ ਮਿਲਦੀ ਸੀ। ਉਹ ਜਦੋਂ ਆਦਰ ਨਾਲ ਉਸ ਨੂੰ ਕੁਝ ਕਰਨ ਜਾਂ ਕਰਵਾਉਣ ਲਈ ਆਖਦੇ, ਤਾਂ ਉਹ ਫੁੱਲਾ ਨਾ ਸਮਾਉਂਦਾ। ਉਸ ਦੀ ਹਉਮੈਂ ਨੂੰ ਵਕਤੀ ਸ਼ਾਂਤੀ ਪ੍ਰਾਪਤ ਹੁੰਦੀ। ਜ਼ਿੰਦਗੀ ਨੂੰ ਜਿਊਣ ਦਾ ਕੋਈ ਮਕਸਦ ਮਿਲਦਾ। ਰੁਝੇਵੇਂ ਵਿਚ, ਕੁਝ ਚਿਰ ਲਈ ਹੀ ਸਹੀ, ਇਹ ਭੈ ਵੀ ਉਸ ਦੇ ਮਨੋ, ਨਿਕਲ ਜਾਂਦਾ।

"ਮਰਨ ਵਾਲੇ ਤਾਂ ਮਰ ਗਏ, ਪਰ ਇਕ ਜਿਊਂਦੀ ਮੌਤ ਮੇਰੇ ਲਈ ਛੱਡ ਗਏ।"

ਸ਼ਰਾਬ ਪੀਂਦਾ, ਸਿਗਰਟ ਦੇ ਕਸ਼ ਲਾਉਂਦਾ ਉਹ ਅਕਸਰ ਬੁੜਬੁੜਾਉਂਦਾ ਤੇ ਬੀਤੇ ਦਿਨਾਂ ਵਿਚ ਵਿਚਰਨ ਲੱਗ ਪੈਂਦਾ।

ਉਸ ਦੀ ਪਤਨੀ ਬੜੀ ਖ਼ੂਬਸੂਰਤ ਸੀ। 5 ਫੁੱਟ 10 ਇੰਚ ਲੰਮੀਂ। ਪੋਲਿਟੀਕਲ ਸਾਇੰਸ ਦੀ ਐੱਮ. ਏ. ਸੀ ਤੇ ਉਸ ਦੇ ਨਾਲ ਹੀ ਕਾਲਜ ਵਿਚ ਪੜ੍ਹਾਉਂਦੀ ਸੀ। ਵਿਆਹ ਤੋਂ ਪਹਿਲਾਂ ਉਸ ਨੇ ਕਦੇ ਸ਼ਰਾਬ ਨਹੀਂ ਸੀ ਪੀਤੀ। ਇਹ ਉਨ੍ਹਾਂ ਦਿਨਾਂ ਦੀ ਹੀ ਗੱਲ ਹੈ ਜਦੋਂ ਉਸ ਦੇ ਕੰਨੀ ਉਸ ਦੀ ਆਪਣੀ ਪਤਨੀ ਦੇ ਮੁਆਸ਼ਕਿਆਂ ਦੀ ਭਿਣਕ ਪਈ। ਉਸ ਦਾ ਪਹਿਲਾ ਪ੍ਰਤੀਕਰਮ ਗੁੱਸੇ ਤੇ ਝਗੜੇ ਦਾ ਸੀ ਤੇ ਦੂਜਾ ਬੇਬਸੀ ਤੇ ਬੇਹਿੰਮਤੀ ਦਾ। ਪਤਨੀ ਦੇ ਸੁਹੱਪਣ ਤੇ ਕੱਦ ਕਾਠ ਸੌਂਹੇ ਉਹ ਆਪਣੇ ਆਪ ਨੂੰ ਕਮਜ਼ੋਰ ਤੇ ਹੀਣ ਜਿਹਾ ਮਹਿਸੂਸ ਕਰਨ ਲੱਗ ਪਿਆ ਸੀ। ਹੀਣ-ਭਾਵ ਦੀ ਇਹ ਚੇਤਨਾ ਉਸ ਦੇ ਦਿਮਾਗ ਵਿਚ ਸੂਈਆਂ ਵਾਂਗ ਚੁੱਭਦੀ, ਪੀੜ ਨਾਲ ਉਸ ਦਾ ਸਿਰ ਪਾਟਣ ਨੂੰ ਆ ਜਾਂਦਾ। ਉਸ ਦੇ ਸੌਂਹੇਂ ਵੇਖਦਿਆਂ ਵੇਖਦਿਆਂ ਹੀ ਉਸ ਦੀ ਪਤਨੀ ਦੇ ਮੁਆਸ਼ਕਿਆਂ ਦੀ ਗੱਲ ਖੰਭ ਤੋਂ ਡਾਰ ਬਣ ਜਾਂਦੀ। ਉਸ ਦੇ ਅੰਦਰ ਹੀ ਅੰਦਰ ਕੁਝ ਸੁੰਗੜਦਾ, ਸਹਿਮਦਾ, ਦੁਬਕ ਕੇ ਬੈਠ ਜਾਂਦਾ।

ਸ਼ਰਾਬਖ਼ਾਨਿਆਂ ਵਿਚ ਉਸਦੀਆਂ ਸ਼ਾਮਾਂ ਅੱਧੀ ਰਾਤ ਤਕ ਲੰਮੀਆਂ ਹੋਣ ਲੱਗ ਪਈਆਂ ਤੇ ਉਸਦੀਆਂ ਸਵੇਰਾਂ ਧੁੰਦਲੀਆਂ। ਫਿਰ ਵੀ ਪਤਾ ਨਹੀਂ ਕਿਉਂ ਉਹ ਮਨ ਹੀ ਮਨ ਆਪਣੀ ਪਤਨੀ ਨੂੰ ਪਿਆਰ ਵੀ ਕਰਦਾ ਸੀ। ਨਫ਼ਰਤ, ਪਿਆਰ, ਸਹਿਮ, ਬੇਬਸੀ, ਹੀਣ-ਭਾਵ ਦੇ ਮਿਲੇ ਜੁਲੇ ਪ੍ਰਭਾਵਾਂ ਹੇਠ ਉਹ ਦਬਦਾ ਚਲਾ ਗਿਆ।

ਇਨ੍ਹਾਂ ਦਿਨਾਂ 'ਚ ਹੀ ਉਸ ਦੀ ਪਤਨੀ ਨੇ ਇਕ ਪੁੱਤਰ ਨੂੰ ਜਨਮ ਦਿੱਤਾ। ਲੋਕ ਵਧਾਈਆਂ ਦਿੰਦੇ ਤਾਂ

ਉਸ ਨੂੰ ਇੰਜ ਲਗਦਾ ਜਿਵੇਂ ਉਸ ਨੂੰ ਕੋਈ ਗੰਦੀਆਂ ਗਾਲ੍ਹਾਂ ਕੱਢ ਰਿਹਾ ਹੋਵੇ। ਉਸਦੀਆਂ ਅੱਖਾਂ ਕਿਸੇ ਦੀਆਂ ਅੱਖਾਂ ਵਿਚ ਸਿੱਧਿਆਂ ਵੇਖਣ ਦਾ ਹੌਂਸਲਾ ਨਾ ਕਰ ਸਕਦੀਆਂ। ਉਸ ਨੇ ਇਨ੍ਹਾਂ ਹੀ ਤਿੱਖੀਆਂ ਨਜ਼ਰਾਂ ਤੋਂ ਭੱਜਣਾ ਸ਼ੁਰੂ ਕੀਤਾ ਸੀ। ਲੋਕਾਂ ਦੀਆਂ ਇਹ ਸਭ ਨਜ਼ਰਾਂ ਜਿਵੇਂ ਉਸ ਦੀ ਪਤਨੀ ਦੀਆਂ ਅੱਖਾਂ ਵਿਚ ਸਮਾ ਗਈਆਂ ਹੋਣ, ਤਿੱਖੇ ਨਸ਼ਤਰ ਬਣ ਗਈਆਂ ਹੋਣ। ਉਹ ਉਨ੍ਹਾਂ ਵਲ ਵੇਖ ਨਾ ਸਕਦਾ, ਡਰ ਕੇ ਸਹਿਮ ਜਾਂਦਾ। ਉਸ ਦੇ ਅੰਦਰ ਇਕ ਖ਼ਲਾਅ ਜਿਹੀ ਉਤਪੰਨ ਹੋ ਜਾਂਦੀ।

ਅਜਿਹੇ ਸਮੇਂ ਉਸ ਦੇ ਮਨ, ਦਿਲ, ਦਿਮਾਗ਼ 'ਤੇ ਅਨੇਕਾਂ ਚਾਬਕ ਬਰਸਦੇ। ਇਸ ਅੰਦਰ ਪੈਂਦੀ ਮਾਰ ਨੂੰ ਸਹਿਨ ਕਰਨ ਦੀ ਸ਼ਕਤੀ ਨਾ ਰੱਖਦਾ ਹੋਇਆ ਉਹ ਬਾਹਰ ਭੱਜ ਤੁਰਦਾ। ਸ਼ਰਾਬਖ਼ਾਨਿਆਂ, ਕਹਿਵਾ-ਘਰਾਂ ਤੇ ਬੇਮਤਲਬ ਸੈਰ-ਸਪਾਟਿਆਂ ਵਿਚ ਉਹ ਇਸ ਘਰ ਦੇ ਸ਼ੋਰ ਨੂੰ ਘਟ ਕਰਨ ਦਾ ਰਾਹ ਲੱਭਦਾ, ਬੜਾ ਭੱਜਦਾ ...।

ਉਸ ਦੀ ਇਹ ਭਾਂਜ ਹੀ ਉਸ ਨੂੰ ਕੈਨੇਡਾ ਲੈ ਆਈ ਸੀ। ਸੱਤ ਸਮੁੰਦਰ ਪਾਰ ਬੈਠੀ ਆਪਣੀ ਪਤਨੀ ਤੇ ਉਸ ਦੇ ਬੱਚੇ ਨੂੰ ਯਾਦ ਕਰ ਕਰਕੇ ਉਹ ਭੁੱਬੀਂ ਰੋ ਪੈਂਦਾ। ਮਿੱਲ ਦੇ ਸਾਥੀ ਸਮਝਦੇ ਉਹ ਆਪਣੀ ਪਤਨੀ ਨੂੰ ਅੰਤਾਂ ਦਾ ਪਿਆਰ ਕਰਦਾ ਹੈ ਤੇ ਵਿਛੋੜਾ ਸਹਿਣਾ ਉਸ ਲਈ ਮੁਸ਼ਕਿਲ ਹੋ ਰਿਹਾ ਹੈ। ਉਹ ਉਸਦੀਆਂ ਦਿਲਬਰੀਆਂ ਕਰਦੇ, ਉਸ ਨੂੰ ਦਿਲਾਸੇ ਦਿੰਦੇ ... ਇਹ ਸਭ ਕੁਝ ਸੁਣਦਾ, ਉਹ ਹੋਰ ਉੱਚੀ ਰੋਂਦਾ ਤੇ ... ਸ਼ਰਾਬੀ ਹੋ ਕੇ ਨੀਂਦ ਦੀ ਆਗੋਸ਼ ਵਿਚ ਜਾ ਢਹਿੰਦਾ।

"ਪ੍ਰੋਫੈਸਰ ਸਾਹਿਬ, ਥੋੜ੍ਹਾ ਚਿਰ ਹੀ ਹੈ। ਫਿਰ ਤੁਸੀਂ ਆਪਣਾ ਟੱਬਰ ਏਧਰ ਮੰਗਵਾ ਲੈਣਾ। ਸਭ ਠੀਕ ਹੋ ਜਾਏਗਾ।" ਕੋਈ ਆਖਦਾ।

"ਸਰਕਾਰ ਨੇ ਸਾਰੇ ਵਿਜ਼ੇਟਰਾਂ ਨੂੰ ਫਰੀ ਕਰਨ ਦਾ ਕਾਨੂੰਨ ਪਾਸ ਕਰ ਦਿੱਤਾ ਹੈ, ਲੈਂਡਡ ਇਮੀਗਰੈਂਟ ਦੀ ਸਟੈਂਪ ਲਵਾ ਕੇ ਆਪਣੇ ਟੱਬਰ ਦੀ ਰਾਹਦਾਰੀ ਭੇਜ ਦਿਓ ...।" ਕੋਈ ਹੋਰ ਕਹਿੰਦਾ।

ਉਹ ਚੁੱਪ ਚਾਪ ਉਨ੍ਹਾਂ ਦੀਆਂ ਗੱਲਾਂ ਸੁਣਦਾ ਬੇਧਿਆਨੀ ਵਿਚ 'ਹੂੰ ਹਾਂ' ਕਹਿੰਦਾ ਹੋਇਆ ਦੂਰ ਖ਼ਲਾਅ ਵਿਚ ਘੂਰਦਾ ਰਹਿੰਦਾ।

ਇਨ੍ਹਾਂ ਦਿਨਾਂ 'ਚ ਹੀ ਉਸ ਦੀ ਪਤਨੀ ਸਖ਼ਤ ਬੀਮਾਰ ਹੋ ਗਈ। ਉਸ ਦੀ ਚਿੱਠੀ 'ਤੇ ਚਿੱਠੀ ਆਉਂਦੀ। ਸਾਥੀਆਂ ਨੇ ਚੱਕ ਚਕਾ ਕੇ ਉਸ ਨੂੰ ਭਾਰਤ ਤੋਰ ਦਿੱਤਾ। ਉਸ ਦੀ ਪਤਨੀ ਅਧਰੰਗ ਨਾਲ ਬੇਬਸ ਹਸਪਤਾਲ ਵਿਚ ਪਈ ਸੀ।

ਉਸ ਨੂੰ ਵੇਖ ਕੇ ਅਜੀਬ ਹਾਲਤ ਹੋਈ ਉਸ ਦੀ। ਉਹ ਜ਼ੋਰ ਦੀ ਠਹਾਕੇ ਮਾਰ ਕੇ ਹੱਸਿਆ। ਹੱਸਦਾ ਚਲਾ ਗਿਆ। ਉਸ ਦੀ ਪਤਨੀ ਦੀਆਂ ਨਜ਼ਰਾਂ ਵਿੱਚੋਂ ਨਸ਼ਤਰ ਗਾਇਬ ਸਨ। ਹੁਸਨ ਬੇਬਸ ਨਿਤਾਣਾ ਹੋਇਆ ਆਪਣੀ ਸਾਰੀ ਸ਼ਕਤੀ ਤੇ ਖਿੱਚ ਗਵਾ ਬੈਠਾ ਸੀ। ਉਹ ਫੇਰ ਹੱਸਿਆ। ਤੇ ਫਿਰ ਜਿਵੇਂ ਉਸ ਦੇ ਅੰਦਰ ਹੀ ਅੰਦਰ ਕੋਈ ਫਿਸ ਪਿਆ। ਉਹ ਆਪਣੀ ਪਤਨੀ ਦੇ ਗਲ ਲੱਗ ਕੇ ਜ਼ਾਰ ਜ਼ਾਰ ਰੋ ਪਿਆ। ਬੱਚਿਆਂ ਵਾਂਗ ਫੁਟ ਫੁਟ ਕੇ ਰੋਂਦੇ ਨੂੰ ਨਰਸਾਂ ਨੇ ਮਸਾਂ ਸੰਭਾਲਿਆ।

ਤੇ ਫੇਰ ਮਰਨ ਵਾਲੇ ਮਰ ਗਏ। ਉਸ ਦੀ ਪਤਨੀ ਨੇ ਨੀਂਦਰ ਦੀਆਂ ਗੋਲੀਆਂ ਦੀ ਓਵਰਡੋਜ਼ ਲੈ ਲਈ ਤੇ ਸਦਾ ਦੀ ਨੀਂਦਰ ਸੌਂ ਗਈ।

ਉਸ ਦਾ ਪੁੱਤਰ ਮਸਾਂ ਦੋ ਸਾਲ ਦਾ ਸੀ। ਬੜਾ ਹੀ ਭੋਲਾ, ਪਰ ਉਹ ਜਦੋਂ ਵੀ ਉਸ ਵਲ ਵੇਖਦਾ, ਉਸ ਨੂੰ ਉਹ ਇਕ ਮਿਹਣੇ, ਇਕ ਗਾਲ੍ਹ ਵਾਂਗ ਜਾਪਦਾ। ਇਕ ਜ਼ਰੂਰੀ ਬੁਰਾਈ ਜਿਸ ਨੂੰ ਉਹ ਨਾ ਛੱਡ ਸਕਦਾ ਸੀ ਤੇ ਨਾ ਰੱਖ। ਸੋਚਾਂ ਦੇ ਬੋਝ ਹੇਠ ਉਹ ਦਿਮਾਗੀ ਤਵਾਜ਼ਨ ਖੋ ਬੈਠਾ। ਦੋ-ਤਿੰਨ ਮਹੀਨੇ ਅੰਮ੍ਰਿਤਸਰ ਮੈਂਟਲ ਹਸਪਤਾਲ ਵਿਚ ਰਹਿ ਕੇ ਵਾਪਸ ਕੈਨੇਡਾ ਆ ਗਿਆ।

ਮਿੱਲ ਦੇ ਸਾਥੀ ਸੋਚਦੇ ਪ੍ਰੋਫੈਸਰ ਸਾਹਿਬ ਨੂੰ ਆਪਣੀ ਪਤਨੀ ਨਾਲ ਬਹੁਤ ਪਿਆਰ ਸੀ। ਦਿਮਾਗ਼ 'ਤੇ ਡਾਢੀ ਸੱਟ ਲੱਗੀ ਹੈ। ਉਹ ਦਿਲਬਰੀਆਂ ਕਰਦੇ, ਦਿਲਾਸੇ ਦਿੰਦੇ ਤੇ ਉਸ ਨੂੰ ਦੂਜਾ ਵਿਆਹ ਕਰ ਲੈਣ

ਲਈ ਕਹਿੰਦੇ। ਆਪਣੇ ਲਈ ਨਹੀਂ ਤਾਂ ਉਸ ਦੋ ਸਾਲਾਂ ਦੇ ਬੱਚੇ ਲਈ ਹੀ ਸਹੀ, ਜਿਸ ਨੂੰ ਮਾਂ ਦੀ ਸਖ਼ਤ ਜ਼ਰੂਰਤ ਹੈ।

ਦੂਜੇ ਵਿਆਹ ਦੇ ਨਾਂ ਉੱਤੇ ਉਸ ਦੇ ਅੰਦਰ ਇਕ ਕਾਂਬਾ ਜਿਹਾ ਛਿੜਦਾ। ਇਕ ਸਹਿਮ, ਇਕ ਭੈ ਜਿਹਾ ਜਾਗਦਾ। ਉਹ ਆਪਣੇ ਆਪ ਨੂੰ ਚਾਰ ਚੁਫੇਰਿਓਂ ਘਿਰ ਗਿਆ ਮਹਿਸੂਸ ਕਰਦਾ। ਉਸ ਨੂੰ ਭੱਜਣ ਲਈ ਕੋਈ ਰਸਤਾ ਵਿਖਾਈ ਨਾ ਦਿੰਦਾ। ਉਹ ਥਹੇਂ ਦੁਬਕ ਜਾਂਦਾ। ਗੁੰਮ ਗੁੰਮ, ਖ਼ਾਲੀ ਖ਼ਾਲੀ ਅੱਖਾਂ ਨਾਲ ਘੂਰ ਘੂਰ ਵੇਖਦਾ। ਨਾ ਉਹ ਹਾਂ ਕਹਿ ਪਾਉਂਦਾ ਤੇ ਨਾ ਹੀ ਨਾਂਹ।

ਬੀਮਾਰੀ ਦੇ ਪੱਜ ਉਸ ਦੇ ਪਿਤਾ ਨੇ ਉਸ ਨੂੰ ਭਾਰਤ ਬੁਲਾਇਆ। ਉਸ ਨੂੰ ਸੋਚਣ ਦਾ ਮੌਕਾ ਦੇਣ ਤੋਂ ਬਿਨਾਂ ਉਸ ਦੀ ਜੰਞ ਚਾੜ੍ਹ ਦਿੱਤੀ।

ਉਸ ਦੀ ਇਹ ਦੂਜੀ ਪਤਨੀ ਉਸ ਦੀ ਪਹਿਲੀ ਪਤਨੀ ਵਾਂਗ ਹੀ ਲੰਮੀਂ ਝੰਮੀਂ, ਪਰ ਰੰਗ ਦੀ ਜ਼ਰਾ ਸਾਂਵਲੀ ਸੀ। ਦਸਵੀਂ ਪਾਸ ਸੀ ਸ਼ਾਇਦ। ਬਿਲਕੁਲ ਸਾਦਾ ਘਰੇਲੂ ਕਿਸਮ ਦੀ ਕੁੜੀ।

"ਪੁੱਤਰ ! ਤੇਰੇ ਲਈ ਤੇ ਤੇਰੇ ਪੁੱਤਰ ਲਈ ਇਹ ਹੀ ਯੋਗ ਹੈ। ਘਰ ਸਾਂਭੇਗੀ, ਬੱਚੇ ਨੂੰ ਪਾਲੇਗੀ।" ਉਸ ਦੀ ਮਾਂ ਦੀਆਂ ਅੱਖਾਂ ਵਿਚ ਤਰਲਾ ਸੀ।

ਘਰੋਗੀ ਕਿਸਮ ਦੀ ਜ਼ਿੰਦਗੀ ਸੀ, ਚਾਹੇ ਅਚਾਹੇ ਫਿਰ ਸ਼ੁਰੂ ਹੋ ਗਈ। ਉਹ ਹੁਣ ਕੁਝ ਖੋਇਆ ਖੋਇਆ, ਉੱਖੜਿਆ ਉੱਖੜਿਆ ਰਹਿੰਦਾ ਸੀ। ਉਂਜ ਵੀ ਉਸ ਵਿਚ ਅਲਗਾਵ ਦੀ ਰੁਚੀ ਵਧ ਰਹੀ ਸੀ। ਜੋ ਹੋਣਾ ਹੈ, ਹੋਵੇ ... ਉਸ ਨੇ ਸੋਚਣਾ ਛੱਡ ਦਿੱਤਾ ਸੀ।

ਇਨ੍ਹਾਂ ਦਿਨਾਂ 'ਚ ਹੀ ਉਸ ਦੇ ਚਾਚੇ ਦੇ ਦੋ ਪੁੱਤਰ ਵੀ ਕੈਨੇਡਾ ਆਣ ਕੇ, ਉਸੇ ਕੋਲ ਰਹਿਣ ਲੱਗ ਪਏ ਸਨ। ਉਸ ਦੀ ਪਤਨੀ ਵੀ ਏਥੇ ਹੀ ਆ ਗਈ ਤੇ ਉਸ ਦੀ ਪਹਿਲੀ ਪਤਨੀ ਦਾ ਪੁੱਤਰ ਵੀ। ਏਥੇ ਆ ਕੇ ਉਸ ਦੀ ਦੂਜੀ ਪਤਨੀ ਨੂੰ ਧੀ ਹੋਈ। ਉਹ ਅਜੇ 21 ਦਿਨਾਂ ਦੀ ਵੀ ਨਹੀਂ ਹੋਈ ਕਿ ਉਸ ਨੇ ਇਹ ਸ਼ਹਿਰ ਛੱਡ ਕੇ ਚਲੇ ਜਾਣ ਦਾ ਐਲਾਨ ਕਰ ਦਿੱਤਾ। ਯਾਰਾਂ, ਦੋਸਤਾਂ ਬੜਾ ਸਮਝਾਇਆ, ਪਰ ਉਹ 1000 ਮੀਲ ਉੱਤੇ ਵਸਦੇ ਇਕ ਹੋਰ ਸ਼ਹਿਰ ਦੀ ਇਕ ਹੋਰ ਮਿੱਲ ਵਿਚ ਕੰਮ 'ਤੇ ਜਾ ਲੱਗਾ। ਏਥੇ ਹੀ ਉਸ ਦੇ ਚਾਚੇ ਦੇ ਮੁੰਡੇ, ਪਤਨੀ, ਦੋਵੇਂ ਬੱਚੇ ਤੇ ਚਾਚਾ ਵੀ ਆ ਗਏ।

ਉਸ ਦਿਨ ਪਤਾ ਨਹੀਂ ਕੀ ਗੱਲ ਸੀ। ਉਸ ਨੇ ਸ਼ਾਇਦ ਮਿੱਲ ਤੋਂ ਚਾਰ ਕੁ ਮੀਲਾਂ ਦੇ ਫਾਸਲੇ ਉੱਤੇ ਸ਼ਹਿਰ ਕਿਸੇ ਕੰਮ ਜਾਣਾ ਸੀ। ਫਿਰ ਪਤਾ ਨਹੀਂ ਉਸ ਨੂੰ ਕੀ ਸੁੱਝਾ, ਉਹ ਰਸਤੇ ਵਿੱਚੋਂ ਹੀ ਮੁੜ ਆਇਆ। ਮਿੱਲ ਦੇ ਆਪਣੇ ਬਣੇ ਗੈਸ ਸਟੇਸ਼ਨ ਉੱਤੇ ਕਾਰ ਸਰਵਿਸ ਲਈ ਦੇ ਕੇ, ਮਿੱਲ ਦੇ ਅਹਾਤੇ ਵਿਚ ਬਣੇ ਆਪਣੇ ਘਰ ਵਲ ਉਹ ਪੈਦਲ ਹੀ ਤੁਰ ਪਿਆ।

ਦਰਵਾਜ਼ਾ ਖੋਲ੍ਹ ਕੇ ਅੰਦਰ ਵੜਦਿਆਂ ਹੀ, ਜੋ ਨਜ਼ਾਰਾ ਉਸ ਦੀਆਂ ਅੱਖਾਂ ਦੇ ਸਾਹਮਣੇ ਸੀ, ਉਸ ਉੱਤੇ ਉਸ ਨੂੰ ਇਤਬਾਰ ਨਹੀਂ ਸੀ ਆ ਰਿਹਾ। ਉਸ ਨੂੰ ਇਹ ਸਮਝ ਨਹੀਂ ਸੀ ਆ ਰਹੀ ਕਿ ਅਜਿਹੀ ਸਥਿਤੀ ਵਿਚ ਉਸ ਦਾ ਪ੍ਰਤੀਕਰਮ ਕੀ ਹੋਵੇ। ਉਹ ਭੰਬਤਰਿਆ ਹੋਇਆ ਗੁੰਮ ਸੁੰਮ ਖੜੋਤਾ ਸੀ। ਉਸ ਦੇ ਚਾਚੇ ਦਾ ਮੁੰਡਾ ਆਪਣੇ ਕੱਪੜੇ ਸੰਭਾਲਦਾ ਕਾਹਲੀ ਕਾਹਲੀ ਕਦਮੀਂ ਬਾਹਰ ਨਿਕਲ ਗਿਆ। ਉਸ ਦੀ ਨੰਗੀ ਪਤਨੀ ਮੰਜੇ ਉੱਤੇ ਸਟਿੱਲ ਪੇਂਟਿੰਗ ਵਾਂਗ ਪਈ ਹੋਈ ਸੀ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਰੇ।

ਆਪਣੀ ਪਹਿਲੀ ਪਤਨੀ ਬਾਰੇ ਤਾਂ ਉਸ ਨੇ ਕੇਵਲ ਗੱਲਾਂ ਸੁਣੀਆਂ ਸਨ। ਤੇ ਦੂਜੀ ਤਾਂ ਪ੍ਰਤੱਖ ਰੂਪ ਵਿਚ ਉਸ ਦੇ ਸਾਹਮਣੇ ਪਈ ਸੀ। ਅਜੀਬ ਹਾਲਤ ਸੀ ਉਸ ਦੀ। ਰੋਬੋਟ ਵਾਂਗ ਤੁਰਦਾ ਉਹ ਰਸੋਈ ਵਿਚ ਗਿਆ ਤੇ ਵੱਡਾ ਚਾਕੂ ਚੁੱਕ ਕੇ ਪਰਤਿਆ। ਚੀਕਾਂ ਮਾਰਦੀ ਹੋਈ ਉਸ ਦੀ ਪਤਨੀ ਉਸ ਦੇ ਕੋਲੋਂ ਦੀ ਨੱਸ ਕੇ ਕਦੋਂ ਬਾਹਰ ਦੌੜ ਗਈ, ਉਸ ਨੂੰ ਖ਼ਬਰ ਨਹੀਂ ਸੀ। ਉਹ ਤਾਂ ਲਗਾਤਾਰ ਉਸ ਚਾਕੂ ਨੂੰ ਘੂਰੀ ਜਾ ਰਿਹਾ ਸੀ ਤੇ ਫਿਰ ਉਸ ਨੇ ਉਹ ਚਾਕੂ ਆਪਣੇ ਢਿੱਡ ਵਿਚ ਮਾਰ ਲਿਆ। ਖ਼ੂਨ ਦੀ ਇਕ ਧਾਰ ਜਿਹੀ ਵੱਗੀ, ਦਰਦ

ਦਾ ਅਹਿਸਾਸ ਤਿੱਖਾ ਹੋਇਆ। ਵਗ ਰਹੇ ਖ਼ੂਨ ਤੇ ਦਰਦ ਦੇ ਅਹਿਸਾਸ ਵਿਚ ਉਸ ਨੇ ਪਹਿਲੀ ਵਾਰੀ ਆਪਣੇ ਡਰ ਤੇ ਸਹਿਮ ਨੂੰ ਬੇਬਸੀ ਵਿਚ ਤੜਫਦੇ ਹੋਏ ਵੇਖਿਆ। ਉਹ ਹੱਸਿਆ, ਬੜੀ ਜ਼ੋਰ ਦੀ ਹੱਸਿਆ। ...

"ਮੈਂ ਇਸ ਨੂੰ ਮਾਰ ਦੇਣਾ ਹੈ। ਇਸ ਨੇ ਮੈਨੂੰ ਸਾਰੀ ਉਮਰ ਡਰਾਇਆ, ਭਜਾਇਆ, ਤੜਪਾਇਆ... ਮੈਨੂੰ ਤਾਂ ਪਤਾ ਹੀ ਨਹੀਂ ਸੀ ਕਿ ਇਹ ਏਨਾ ਸੌਖਾ ਕੰਮ ਹੈ ...।"

ਉਸ ਦੇ ਸਿਰ 'ਤੇ, ਅੱਜ ਜਿਵੇਂ ਖ਼ੂਨ ਸਵਾਰ ਸੀ। ਇਹ ਗੱਲ ਭਾਂਪਦਿਆਂ ਹੀ ਉਸ ਦੇ ਚਾਚੇ ਨੇ ਉਸ ਦੇ ਹੱਥੋਂ ਚਾਕੂ ਖੋਹਣ ਦਾ ਯਤਨ ਕਰਦਿਆਂ ਉਸ ਨੂੰ ਸਮਝਾਉਣਾ ਸ਼ੁਰੂ ਕੀਤਾ।

"ਨਾ ਕਾਕਾ, ਇੰਜ ਨਹੀਂ ਕਰਨਾ। ਘਰ ਦੀ ਇੱਜ਼ਤ ਘਰੇ ਰਹਿ ਗਈ। ਜੇ ਬਾਹਰ ਖੇਹ ਖਾਂਦੀ ਤਾਂ ਜ਼ਮਾਨੇ ਨੇ ਜੀਣ ਨਹੀਂ ਸੀ ਦੇਣਾ। ਉਹ ਵੀ ਤਾਂ ਤੇਰਾ ਈ ਭਰਾ ਐ। ਦਰੋਪਦੀ ਵੀ ਤਾਂ ਪੰਜਾਂ ਪਾਂਡੂਆਂ ਦੀ ਇੱਕੋ ਤੀਮੀਂ ਸੀ। ਇਹ ਤਾਂ ਬੇਚਾਰੀ ਹੈ ਵੀ ਸੀਲ ਗਊ। ਨਹੀਂ ਕਾਕਾ, ਇਸ ਨੂੰ ਨਹੀਂ ਮਾਰਨਾ ...।"

ਉਸ ਉੱਤੇ ਜਿਵੇਂ ਦੀਵਾਨਗੀ ਜਿਹੀ ਤਾਰੀ ਹੋ ਗਈ ਸੀ। ਉਹ ਜਿਵੇਂ ਬੋਲਾ ਹੋ ਗਿਆ ਸੀ। ਉਸਦੀਆਂ ਨਜ਼ਰਾਂ ਜਿਵੇਂ ਤਾੜੇ ਲੱਗੀਆਂ ਸ਼ੂਨਯ ਤੋਂ ਬਿਨਾਂ ਕੁਝ ਹੋਰ ਵੇਖ ਹੀ ਨਹੀਂ ਰਹੀਆਂ ਸਨ। ਉਸ ਨੂੰ ਉਸ ਦੇ ਚਾਚੇ ਦੇ ਬੋਲ ਜਿਵੇਂ ਸੁਣਾਈ ਹੀ ਨਹੀਂ ਸਨ ਦੇ ਰਹੇ। ਉਸ ਨੇ ਇਕ ਝਟਕੇ ਨਾਲ ਚਾਕੂ ਵਾਲਾ ਹੱਥ ਆਪਣੇ ਚਾਚੇ ਕੋਲੋਂ ਛੁਡਾ ਲਿਆ। ਪਤਾ ਨਹੀਂ ਉਸ ਵਿਚ ਏਨਾ ਜ਼ੋਰ ਕਿੱਥੋਂ ਆ ਗਿਆ ਸੀ। ਫ਼ਰਸ਼ ਉੱਤੇ ਚਿੱਤ ਪਿਆ, ਡਰ ਤੇ ਸਹਿਮ ਦੀ ਮੂਰਤ ਬਣਿਆ ਉਸ ਦਾ ਚਾਚਾ ਬਿਟਰ- ਬਿਟਰ ਵੇਖ ਰਿਹਾ ਸੀ। ਉਹ ਲਗਾਤਾਰ ਚਾਕੂ ਆਪਣੇ ਢਿੱਡ ਵਿਚ ਮਾਰ ਰਿਹਾ ਤੇ ਉੱਚੀ-ਉੱਚੀ ਕਹਿ ਰਿਹਾ ਸੀ, "ਮੈਂ ਉਸ ਨੂੰ ਮਾਰ ਦਿੱਤਾ ਹੈ। ਮੈਂ ਉਸ ਨੂੰ ਮਾਰ ਦਿੱਤਾ ਹੈ ...।"

ਹੁਣ ਉਹ ਇਕ ਬਹੁਤ ਵੱਡੇ ਸ਼ਹਿਰ ਵਿਚ ਰਹਿੰਦਾ ਹੈ। ਉਸ ਨੂੰ ਕੋਈ ਡਰ, ਕੋਈ ਸਹਿਮ, ਕੋਈ ਦਰਦ ਨਹੀਂ। ਜੇ ਹੈ, ਤਾਂ ਕੇਵਲ ਚਾਕੂ ਦਾ ਨਿਸ਼ਾਨ ਤੇ ਉਸ ਵਲ ਵੇਖ ਕੇ ਖ਼ੁਸ਼ਕ ਅੱਖਾਂ ਵਿਚ ਸੋਕੇ ਵਾਂਗ ਲਹਿਰਾਉਂਦਾ ਭੂਤ।

# ਜਿੱਥੇ ਦੀਵਾਰਾਂ ਨਹੀਂ

ਦਿਸੰਬਰ ਦੀਆਂ ਛੁੱਟੀਆਂ ਵਿਚ ਹਰ ਵਰ੍ਹੇ ਹੀ ਮੇਰੇ ਅੰਦਰ ਇਕ ਖੋਹ ਜਿਹੀ ਪੈਂਦੀ ਹੈ ਤੇ ਮੈਂ ਹਿੰਦ ਮਹਾਂ ਸਾਗਰ ਦੇ ਨਾਲ-ਨਾਲ ਅਫ਼ਰੀਕਾ ਦੇ ਪੂਰਬੀ ਤੱਟ ਤੇ ਸਥਿਤ ਕੀਨੀਆਂ ਦੇਸ਼ ਦੇ ਸ਼ਹਿਰ 'ਮੁੰਬਾਸਾ' ਦੀਆਂ ਖ਼ੂਬਸੂਰਤ ਬੀਚਾਂ ਦੇ ਬਹੁਰੰਗੇ ਜੀਵਨ ਦਾ ਅੰਗ ਬਣਨ ਤੁਰ ਪੈਂਦਾ ਹਾਂ। ਦਿਸੰਬਰ ਵਿਚ ਏਥੇ ਸੈਲਾਨੀਆਂ ਦੀ ਭਰਮਾਰ ਹੁੰਦੀ ਹੈ। ਅਮਰੀਕਾ, ਯੂਰਪ ਤੇ ਇੰਗਲੈਂਡ ਆਦਿ ਦੇ ਠੰਡੇ ਦੇਸ਼ਾਂ ਦੇ ਅਨੇਕਾਂ ਨੌਜਵਾਨ ਮੁੰਡੇ ਕੁੜੀਆਂ ਅਤੇ ਹਰ ਉਮਰ ਦੇ ਇਸਤਰੀ ਪੁਰਸ਼ ਭੂ-ਮੱਧ ਰੇਖਾ 'ਤੇ ਵੱਸਦੇ ਇਸ ਦੇਸ਼ ਵੱਲ ਵਹੀਰਾਂ ਘੱਤ ਲੈਂਦੇ ਹਨ। ਇਨ੍ਹਾਂ ਸੈਲਾਨੀਆਂ ਨਾਲ ਘੁੰਮਦਿਆਂ, ਫਿਰਦਿਆਂ, ਕੀਨੀਆਂ ਦੇ ਖ਼ੂਬਸੂਰਤ ਕੁਦਰਤੀ ਨਜ਼ਾਰਿਆਂ, ਗੇਮ ਪਾਰਕਾਂ ਤੇ ਸੈਲਾਨੀ ਖਿੱਚ ਵਾਲੀਆਂ ਥਾਵਾਂ ਬਾਰੇ ਵਿਚਾਰ ਵਟਾਂਦਰਾ ਕਰਦਿਆਂ, ਏਥੋਂ ਦੀ ਧਰਤੀ ਤੇ ਏਥੋਂ ਦੇ ਲੋਕਾਂ ਬਾਰੇ ਉਨ੍ਹਾਂ ਨੂੰ ਜਾਣਕਾਰੀ ਦਿੰਦਿਆਂ, ਮੇਰੇ ਅੰਦਰ ਇਕ ਸਰਬ ਸਾਂਝੇ ਅਤੇ ਵਿਸ਼ਾਲ ਸੰਸਾਰ ਦਾ ਸੁਫ਼ਨਾ ਮੌਲਣ ਲੱਗ ਪੈਂਦਾ ਹੈ। ਮੈਂ ਇਕ ਅਨੋਖੇ ਵਿਸਮਾਦ ਦੀ ਅਵਸਥਾ ਵਿਚ ਗੜੂੰਦ ਹੋ ਜਾਂਦਾ ਹਾਂ। ਮੇਰੀ ਕਲਪਨਾ ਇਕ ਐਸੇ ਸੰਸਾਰ ਦੀ ਰੂਪ ਰੇਖਾ ਉਲੀਕਣ ਲੱਗ ਪੈਂਦੀ ਹੈ, ਜਿੱਥੇ ਅਨੇਕਤਾ ਵਿਚ ਏਕਤਾ ਹੋਵੇ; ਜਿੱਥੇ ਕਿਸੇ ਕਿਸਮ ਦੀ ਨਾ-ਬਰਾਬਰੀ ਨਾ ਹੋਵੇ; ਜਿੱਥੇ ਧਰਮ, ਨਸਲ, ਕੌਮ, ਜ਼ਾਤ, ਧਨ ਅਤੇ ਵਾਦ ਦੇ ਆਧਾਰ ਉੱਤੇ ਇਨਸਾਨੀਅਤ ਦੇ ਚਿਹਰੇ ਉੱਤੇ ਤਰੇੜਾਂ ਨਾ ਪਈਆਂ ਹੋਣ। ਜਿੱਥੋਂ ਦੀਆਂ ਖੁੱਲ੍ਹੀਆਂ ਹਵਾਵਾਂ ਪੂਰਨ ਸੁਤੰਤਰਤਾ ਦਾ ਸੰਦੇਸ਼ ਦੇਣ; ਜਿੱਥੇ ਬੇਬਸੀਆਂ ਵਿਚ ਕਿਸੇ ਦਾ ਦਮ ਨਾ ਘੁਟ ਹੋਵੇ ਅਤੇ ਜਿੱਥੇ ਆਪ ਅਪਣਾਇਆ ਅਨੁਸ਼ਾਸਨ ਬਾਹਰੀ ਬੰਧੇਜ ਬਣਨ ਦੀ ਥਾਂ, ਸੁਖਾਵੇਂ ਰੂਪ ਵਿਚ ਮਨੁੱਖੀ ਸੁਭਾ ਦਾ ਸਹਿਜ ਅੰਗ ਬਣ ਜਾਵੇ !

'ਮੁੰਬਾਸੇ' ਜਾਣ ਦਾ ਦੂਜਾ ਕਾਰਨ ਹਿੰਦ ਮਹਾਂ ਸਾਗਰ ਨਾਲ ਮੇਰਾ ਮੋਹ ਹੈ। ਇਸ ਦੇ ਪਾਣੀਆਂ ਦੇ ਸਪਰਸ਼ ਨਾਲ ਬਿਰਤੀ ਅਚੇਤ ਹੀ ਪਹਿਲਾਂ ਆਪਣੇ ਦੇਸ਼ ਤੇ ਫਿਰ ਇਸ ਨਾਲ ਲੱਗਦੇ ਹੋਰ ਦੇਸ਼ਾਂ ਦੇ ਸਾਗਰਾਂ ਨਾਲ ਜੁੜਦੀ-ਜੁੜਦੀ ਵਿਸ਼ਵ ਤੋਂ ਬ੍ਰਹਿਮੰਡ ਵੱਲ ਫੈਲਦੀ ਪ੍ਰਤੀਤ ਹੁੰਦੀ ਹੈ। ਮੈਂ ਆਪਣੇ ਆਪ ਤੋਂ ਉੱਚਾ ਉੱਠ ਕੇ ਆਪਣੇ ਆਪ ਨੂੰ ਬਹੁਤ ਵਿਸ਼ਾਲ ਤੇ ਮਹਾਨ ਮਹਿਸੂਸ ਕਰਨ ਲੱਗ ਪੈਂਦਾ ਹਾਂ। ਆਦਰਸ਼ ਤੇ ਯਥਾਰਥ ਵਿਚਕਾਰ ਕਿੰਨਾ ਮਤਭੇਦ ਹੈ ਤੇ ਕਿੰਨਾ ਫਾਸਲਾ ? ਪ੍ਰਸ਼ਨ ਉੱਠਦਾ ਹੈ ਕਿ ਜੇ ਇਹ ਸਭ ਲੋਕ ਸੈਲਾਨੀਆਂ ਦੇ ਰੂਪ ਵਿਚ ਇਕੱਠੇ ਵਸ ਸਕਦੇ ਸਨ ਤਾਂ ਨਾਗਰਿਕਾਂ ਦੇ ਰੂਪ ਵਿਚ ਕਿਉਂ ਨਹੀਂ ? ਅਕੇਵੇਂ ਤੇ ਇਕੱਲ ਦੇ ਅਹਿਸਾਸ ਨੂੰ ਮਾਰਨ ਲਈ ਇਹ ਸੋਚਾਂ ਮਨੁੱਖ ਨੂੰ ਕਿੱਥੇ ਦੀਆਂ ਕਿੱਥੇ ਲੈ ਜਾਂਦੀਆਂ ਹਨ। ਜੀ ਕਰਦਾ ਹੈ ਕਿ ਇਨ੍ਹਾਂ ਸੋਚਾਂ, ਇਨ੍ਹਾਂ ਕਲਪਨਾਵਾਂ ਦੇ ਯਥਾਰਥ ਨੂੰ ਪਕੜਾਂ, ਪਰ ਇਹ ਪਾਰੇ ਵਾਂਗ ਅੱਗੇ ਹੀ ਅੱਗੇ ਤਿਲ੍ਹਕ, ਖਿਸਕ ਜਾਂਦੀਆਂ ਹਨ।

ਹਾਂ—ਪੈਰਾਂ ਵਿਚ ਵਿਛੀ ਚਿੱਟੀ-ਚਿੱਟੀ ਰੇਤ—ਸਮੁੰਦਰੀ ਲੂਣ ਵਰਗੀ, ਖੰਡ ਵਰਗੀ; ਮਿੱਧੀ ਹੋਈ ਬਰਫ਼ ਵਰਗੀ ਰੇਤ, ਜਿਸ ਵਿੱਚੋਂ ਠੰਡ ਚੂਸ ਕੇ, ਕਿਸੇ ਨੇ ਨਿੱਘ ਭਰ ਦਿੱਤਾ ਹੋਵੇ; ਨਿੱਘ—ਹਾਂ ਨਿੱਘ, ਜਿਸ ਦੀ ਤਲਾਸ਼ ਵਿਚ ਭਟਕਦਾ ਮਨੁੱਖ ਕਈ ਵਾਰੀ ਆਪਣੇ ਆਲੇ-ਦੁਆਲੇ ਤੋਂ ਵੀ ਅਭਿੱਜ ਹੋ ਜਾਂਦਾ ਹੈ। ਜ਼ਿੰਦਗੀ ਵਿਚ

ਕਦੇ-ਕਦੇ ਅਜਿਹੀ ਅਵਸਥਾ ਵੀ ਆ ਜਾਂਦੀ ਹੈ, ਜਦੋਂ ਸਫ਼ਰ ਸਰਾਪ ਬਣ ਨਿਬੜਦਾ ਹੈ ਤੇ ਖੜੋਤ ਆਪਣੇ ਆਲੇ-ਦੁਆਲੇ ਇਕ ਨਿਰੰਤਰ ਚੱਕਰ ਵਿਚ ਘੁੰਮ ਰਹੀ ਗਤੀ ਭਾਸਦੀ ਹੈ।

ਸਾਗਰ ਵਲੋਂ ਆਈ ਇਕ ਛੱਲ ਜਾਂ ਛੱਲ ਦਾ ਵਹਿਮ ਪੈਰਾਂ ਵਲੋਂ ਹੁੰਦਾ ਹੋਇਆ ਸਿਰ ਨੂੰ ਪਹੁੰਚ ਜਾਂਦਾ ਹੈ ਤੇ ਭਿੱਜਿਆ-ਭਿੱਜਿਆ ਮੈਂ ਤ੍ਰਭਕ ਕੇ ਰੇਤ ਉੱਤੋਂ ਉੱਠਦਾ ਹਾਂ। ਸੂਰਜ ਦੀਆਂ ਕਿਰਨਾਂ ਨਾਲ ਚੀਣਾ-ਚੀਣਾ ਹੋ ਕੇ ਕੁਝ, ਸਾਗਰ ਵਿਚ ਡਿੱਗ ਰਿਹਾ ਪ੍ਰਤੀਤ ਹੁੰਦਾ ਹੈ। ਮੁੜ ਵੇਖਣ ਦਾ ਯਤਨ ਕਰਦਾ ਹਾਂ, ਕੁਝ ਵੀ ਤਾਂ ਦਿਖਾਈ ਨਹੀਂ ਦਿੰਦਾ।

ਸਵੇਰ ਤੋਂ ਇਸ ਇੰਤਜ਼ਾਰ ਵਿਚ ਬੈਠਾ ਸਾਂ ਕਿ ਮੇਰੇ ਉੱਤੇ ਕੋਈ ਘਟਨਾ, ਵਾਪਰੇਗੀ। ਅਕੇਵੇਂ ਤੇ ਇਕੱਲ ਦਾ ਚੱਕ੍ਰਵਯੂਹ ਤੋੜ ਕੇ ਕੋਈ ਦਿਲਚਸਪੀ ਮੈਨੂੰ ਜ਼ਿੰਦਗੀ ਦੇ ਅਮਲ ਵਲਾਂ ਰੁਚਿਤ ਕਰੇਗੀ। ਪਰ ਨਹੀਂ, ਇਹ ਹੀ ਸਾਡਾ ਦੁਖਾਂਤ ਹੈ ! ਅਸੀਂ ਅਚਾਹੇ ਬੀਤਦੇ ਹਾਂ ਅਤੇ ਸਾਡੇ ਅਘਟਨ ਸਮੇਂ ਵੀ ਸਾਡੇ ਉੱਤੇ ਕੁਝ ਘਟ ਰਿਹਾ ਹੁੰਦਾ ਹੈ।

ਜਿਸ ਸ਼ੋਰ ਤੋਂ ਟੁੱਟ ਕੇ ਮੈਂ ਏਥੇ ਆਇਆ ਸਾਂ, ਮੇਰੇ ਪੈਰ ਮੈਨੂੰ ਮੁੜ ਉਸੇ ਸ਼ੋਰ ਵੱਲ ਲੈ ਤੁਰਦੇ ਹਨ:

"ਤੂੰ ਖ਼ਬਤੀ ਹੀ ਨਹੀਂ, ਦਿਲਚਸਪ ਵੀ ਹੈਂ।"

"ਰੁੱਖੀ ਜ਼ਿੰਦਗੀ ਨੂੰ ਦਿਲਚਸਪ ਬਣਾਉਣ ਲਈ ਖ਼ਬਤੀ ਬਣਨਾ ਪੈਂਦਾ ਹੈ ਤੇ ਖ਼ਬਤ ਨੂੰ ਮਾਰਨ ਲਈ ਤੇਰੇ ਵਰਗੀਆਂ ਸੁਹਣੀਆਂ ਕੁੜੀਆਂ ਨਾਲ ਗੱਲਾਂ ਕਰਨੀਆਂ ਪੈਂਦੀਆਂ ਹਨ !"

ਉਹ ਹੱਸਦੀ ਹੋਈ ਦੂਹਰੀ-ਤੀਹਰੀ ਹੋ ਜਾਂਦੀ ਹੈ ਤੇ ਫਿਰ ਪੁੱਛਦੀ ਹੈ, "ਉਹ ਕਿਉਂ ?"

"ਸੁੰਦਰਤਾ ਮਨੁੱਖ ਦਾ ਇਸ਼ਟ ਹੈ। ਜਿਸ ਵਿਚ ਸੌਂਦਰਯ-ਬੋਧ ਨਹੀਂ, ਉਹ ਮਨੁੱਖ ਅਹਿਸਾਸੋਂ ਸੱਖਣਾ, ਇਕ ਰੋਬੋਟ ਹੈ, ਮਸ਼ੀਨੀ ਕਰਮ ਵਿਚ ਬੱਝਿਆ, ਜਿਵੇਂ ਤੂੰ।"

"ਕਿਉਂ, ਮੈਂ ਕਿਉਂ ?"

"ਤੈਨੂੰ ਇਨਸਾਨਾਂ ਤੇ ਧਰਤੀ ਨਾਲੋਂ, ਕਿਤਾਬਾਂ ਨਾਲ ਵਧੇਰੇ ਮੋਹ ਹੈ।"

"ਨਹੀਂ, ਅਜਿਹੀ ਗੱਲ ਨਹੀਂ। ਸਾਡਾ ਦੇਸ਼ ਬੜਾ ਠੰਡਾ ਹੈ। ਉੱਥੇ ਬੜੀ ਬਰਫ਼ ਪੈਂਦੀ ਹੈ। ਕੀਨੀਆਂ ਦੀ ਧੁੱਪ ਵਿਚ ਏਥੋਂ ਦੀ ਤੱਤੀ ਕੋਸੀ ਠੰਡੀ ਰੇਤ ਵਿਚ ਲੇਟ ਕੇ ਬੜਾ ਮਜ਼ਾ ਆਇਆ ਹੈ। ਪਰ ਫਿਰ ਕੁਝ ਪਲ ਅਜਿਹੇ ਹੁੰਦੇ ਹਨ, ਜਿਨ੍ਹਾਂ ਵਿਚ, ਮੇਰਾ ਇਕ ਸਾਥ ਕਈ ਕੰਮ ਕਰਨ ਨੂੰ ਜੀਅ ਕਰਦਾ ਹੈ—ਸਮੁੰਦਰ ਦੀ ਗਹਿਰਾਈ ਵਿਚ ਲੱਥ ਜਾਣ ਨੂੰ, ਆਸਮਾਨ ਦੀ ਵਿਸ਼ਾਲਤਾ ਵਾਂਗ ਫੈਲ ਜਾਣ ਨੂੰ—ਆਪਣਾ ਆਪ ਬਣਨ ਨੂੰ ਤੇ ਫਿਰ, ਦੂਜਿਆਂ ਬਾਰੇ ਜਾਨਣ ਨੂੰ।"

"ਤੇ ਇਸ ਕੰਮ ਲਈ ਫਿਰ ਤੂੰ ਕਿਤਾਬਾਂ ਪੜ੍ਹਦੀ ਹੈਂ ?"

ਉਹ ਚੁੱਪ ਚਾਪ ਖ਼ਲਾਅ ਵਿਚ ਘੂਰਨ ਲੱਗ ਜਾਂਦੀ ਹੈ ! ਬੈਰਾ ਸਾਡੇ ਸਾਹਮਣੇ ਬੀਅਰ ਦੀਆਂ ਬੋਤਲਾਂ ਰੱਖ ਜਾਂਦਾ ਹੈ ਤੇ ਮੈਂ ਫਿਰ ਉਸ ਨਾਲ ਗੱਲ ਤੋਰਦਾ ਹਾਂ :

"ਤੂੰ ਕੱਲੀ ਆਈ ਹੈਂ ?"

"ਨਹੀਂ, ਅਸੀਂ ਇਕ ਗਰੁੱਪ ਵਿਚ ਆਏ ਹਾਂ। ਸਭ ਦੇ ਆਪੋ ਆਪਣੇ ਟੇਸਟ ਅਤੇ ਆਪੋ ਆਪਣੀ ਪਸੰਦ ਹੈ। ਏਥੇ ਆ ਕੇ, ਅਲਹਿਦਾ-ਅਲਹਿਦਾ, ਆਪਣਾ ਰਸਤਾ ਢੂੰਡ ਰਹੇ ਹਾਂ।"

"ਤੇਰਾ ਰਸਤਾ ਕਿਤਾਬਾਂ ਤੱਕ ਜਾਂਦਾ ਹੈ ਕਿ ਇਸ ਤੋਂ ਅੱਗੇ ਵੀ ?"

"ਕੀ ਮਤਲਬ ?"

"ਕੁਝ ਨਹੀਂ—ਇਸ ਦਾ ਮਤਲਬ ਕਿ ਤੂੰ ਕੱਲੀ ਨਹੀਂ, ਸਗੋਂ ਇਨ੍ਹਾਂ ਕਿਤਾਬਾਂ ਦੇ ਨਾਲ ਆਈ ਹੈਂ !"

"ਨਹੀਂ ਇਸ ਛਿਣ ਮੈਂ ਤੇਰੇ ਨਾਲ ਹਾਂ।"

"ਸੱਚ ?"

"ਹਾਂ, ਸੱਚ—ਇਹ ਬੀਅਰ, ਇਹ ਗਿਲਾਸ, ਇਹ ਵਰਖਾ, ਇਹ ਮੇਜ਼—ਇਹ ਤਰਲ ਤੇ ਠੋਸ ਸੱਚ।

ਤੂੰ ਵੇਖਦਾ ਨਹੀਂ ? ਮਹਿਸੂਸ ਨਹੀਂ ਕਰਦਾ ਕਿ ਗੱਲਾਂ-ਗੱਲਾਂ ਵਿਚ ਅਸੀਂ ਇਕ ਦੂਜੇ ਵਿਚ ਖੁੱਲ੍ਹ ਰਹੇ ਹਾਂ ! ਤੂੰ ਮੇਰੀ ਇਕ ਮੂਰਤ ਬਣਾ ਰਿਹਾ ਹੈਂ, ਆਪਣੇ ਅਮੂਰਤ ਸੰਸਾਰ ਵਿਚ, ਤੇ ਮੈਂ ਤੇਰੀ।"

"ਤੂੰ ਵੀ ਖ਼ਬਤੀ ਹੈਂ।"

"ਇਸੇ ਲਈ ਖ਼ਬਤ ਨੂੰ ਮਾਰ ਰਹੀ ਹਾਂ।" ਹੱਸਦੀ ਹੈ ਤੇ ਫਿਰ ਬੋਲਦੀ ਹੈ। "ਤੈਨੂੰ ਮੈਂ ਕਈ ਦਿਨਾਂ ਤੋਂ ਵੇਖ ਰਹੀ ਹਾਂ, ਮਹਿਸੂਸ ਰਹੀ ਹਾਂ, ਆਪਣੇ ਨੇੜੇ-ਤੇੜੇ—ਤੂੰ ਘੋਗੇ, ਸਿੱਪੀਆਂ ਤੇ ਕੌਡੀਆਂ ਇਕੱਠੀਆਂ ਕਰਦਾ ਹੈਂ—ਬੋਟਿੰਗ ਕਰਨ ਸਮੇਂ, ਬਾਦਬਾਨ ਲਗਾ ਕੇ ਹਵਾ ਤੋਂ ਉਲਟੇ ਰੁਖ਼ ਵੱਲ ਨੂੰ ਬੇੜੀ ਚਲਾਉਣ ਦਾ ਯਤਨ ਕਰਦਾ ਹੈਂ, ਸਮੁੰਦਰ ਵਿਚ ਨਹਾਉਂਦਾ ਹੈਂ ਅਤੇ ਫਿਰ ਰੇਤ ਉੱਤੇ ਲੇਟ ਕੇ ਸਮੁੰਦਰ ਵੱਲ ਲਗਾਤਾਰ ਵੇਖਦਾ ਰਹਿੰਦਾ ਹੈਂ।"

"ਹਾਂ, ਇਹ ਨਿਹਫਲ ਕਰਮ। ਸਮੁੰਦਰ ਵਿੱਚੋਂ ਵੇਖਦਾ ਹਾਂ, ਆਪਣਾ ਦੇਸ਼, ਆਪਣੇ ਲੋਕ ਤੇ ਆਪਣੀ ਧਰਤੀ। ਸਮੁੰਦਰ ਵਿਚੋਂ ਵੇਖਦਾ ਹਾਂ, ਸਾਰੇ ਦੇਸ਼, ਸਾਰੇ ਲੋਕ, ਸਗਲੀ ਧਰਤੀ ! ਜੇ ਇਨਸਾਨ, ਇਨਸਾਨ ਹੈ, ਤਾਂ ਇਹ ਵੰਡੀਆਂ ਕਿਉਂ ? ਇਨ੍ਹਾਂ ਸੋਚਾਂ ਦੇ ਵੱਸ ਪੈ ਕੇ ਹੀ ਮੈਂ ਹਵਾ ਦੇ ਵਿਰੋਧੀ ਰੁਖ਼ ਵੱਲ ਬੇੜੀ ਚਲਾਉਂਦਾ ਹਾਂ। ਲਹਿਰਾਂ ਦੇ ਵਹਾਅ ਦੇ ਖ਼ਿਲਾਫ਼ ਤੁਰਦਾ ਹਾਂ ਤੇ ਫਿਰ ਥੱਕ ਜਾਂਦਾ ਹਾਂ ..."

"ਅੱਕ ਜਾਂਦਾ ਹੈਂ ?"

"ਨਹੀਂ, ਅਜੇ ਮੈਂ ਅੱਕਿਆ ਨਹੀਂ। ਮੈਂ ਵੀ ਬੜੇ ਦੇਸ਼ ਘੁੰਮੇ ਹਨ—ਯੂਰਪ, ਅਫ਼ਰੀਕਾ, ਏਸ਼ੀਆ, ਅਮਰੀਕਾ ਦੇ—ਅਜੇ ਮੈਂ ਅੱਕਿਆ ਨਹੀਂ—'ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈ'—"

"ਕੀ ਮਤਲਬ ? ਆਪਣੀ ਭਾਸ਼ਾ ਵਿਚ ਤੂੰ ਇਹ ਕੀ ਕਿਹਾ ਹੈ ?"

"ਉਰਦੂ ਭਾਸ਼ਾ ਦੇ ਇਕ ਕਵੀ ਦਾ ਸ਼ਿਅਰ ਹੈ। ਇਹ ਸ਼ਿਅਰ ਜ਼ਿੰਦਗੀ ਨੂੰ ਅੱਗੇ ਤੋਰੀ ਰੱਖਣ ਦੀ ਪ੍ਰੇਰਨਾ ਦਿੰਦਾ ਹੈ। ਰਹੱਸ ਤੋਂ ਅੱਗੇ ਸੱਚ, ਸੱਚ ਤੋਂ ਅੱਗੇ ਰਹੱਸ। ਅਨਜਾਣੇ ਤੋਂ ਅੱਗੇ ਕੁਝ ਜਾਣਿਆ ਤੇ ਜਾਣੇ ਤੋਂ ਅੱਗੇ ਕੁਝ ਅਨਜਾਣਿਆ। ਜਦ ਤਕ ਇਹ ਰਹੱਸ ਕਾਇਮ ਹੈ, ਮਨੁੱਖ ਥੱਕ ਸਕਦਾ ਹੈ, ਪਰ ਅੱਕ ਨਹੀਂ ਸਕਦਾ।"

"ਤੇ ਏਸ ਢੂੰਡ ਵਿਚ ਉਸ ਦੀ ਮੌਤ ਹੋ ਜਾਂਦੀ ਹੈ। ਜੋ ਕੁਝ ਉਸ ਜਾਣਿਆਂ ਹੁੰਦਾ ਹੈ, ਉਸ ਦੇ ਨਾਲ ਹੀ ਮਰ ਜਾਂਦਾ ਹੈ।"

"ਨਹੀਂ, 'ਵਾਸਕੋ ਡੇ ਗਾਮਾ' ਮਰ ਗਿਆ ਹੈ, ਕੇਪ ਆਫ਼ ਗੁਡ ਹੋਪ ਦਾ ਚੱਕਰ ਲਾ ਕੇ ਲੱਭਿਆ, ਉਸ ਦਾ ਇਹ ਗਾਡੀ ਰਾਹ ਮੇਰੇ ਦੇਸ਼ ਤਕ ਦੇ ਰਸਤੇ ਦਾ ਗਿਆਨ ਅਜੇ ਤੱਕ ਨਹੀਂ ਮਰਿਆ। ਕੋਲੰਬਸ, ਮਜੈਲਨ, ਤੇ ਡੈਲਕਾਨੋ ..."

'ਮੁੰਬਾਸਾ ਬੀਚ ਹੋਟਲ' ਦੀ ਸਮੁੰਦਰ ਦੇ ਕੰਢੇ ਬਣੀ 'ਕੇਵ-ਬਾਰ' ਹੈ। ਧੀਮਾਂ ਸੰਗੀਤ ਅਤੇ ਰੰਗ-ਬਰੰਗੀਆਂ ਮੱਧਮ ਰੌਸ਼ਨੀਆਂ, ਇਸ ਗੁਫ਼ਾ ਰੂਪੀ ਮਦੂਸ਼ਾਲੇ ਨੂੰ ਬੜਾ ਵਿਸਮੈਕਾਰੀ ਮਾਹੌਲ ਪ੍ਰਦਾਨ ਕਰਦੀਆਂ ਹਨ। ਮੱਧਮ ਸੰਗੀਤ, ਜਿਵੇਂ ਸਰਗੋਸ਼ੀਆਂ ਵਿਚ ਚੁੱਪ ਦੀ ਭਾਸ਼ਾ ਦੇ ਮਰਮ ਨੂੰ ਸਮਝਣ ਵੱਲ ਸੰਕੇਤ ਕਰ ਰਿਹਾ ਹੋਵੇ। ਮੱਧਮ ਰੌਸ਼ਨੀਆਂ, ਜਿਵੇਂ ਕੋਈ ਅਨ੍ਹੇਰੇ ਦੇ ਰਹੱਸ ਦੀ ਪ੍ਰਤੀਤੀ ਲਈ ਪ੍ਰੇਰ ਰਿਹਾ ਹੋਵੇ। ਗੁਫ਼ਾਮਈ ਮਦਰਾਲਾ, ਜਿਵੇਂ ਕੋਈ ਭੈ ਤੇ ਭਰਮ ਦਾ ਸਮਾਧਾਨ ਸੁਝਾ ਰਿਹਾ ਹੋਵੇ।"

"ਐਕਸਕਿਊਜ਼ ਮੀ" (ਖਿਮਾ ਕਰਨਾ) ਦੀ ਆਵਾਜ਼ ਸੁਣ ਕੇ ਮੈਂ ਬੀਅਰ ਦੇ ਗਲਾਸ ਵਿਚ ਡੁੱਬੀਆਂ ਆਪਣੀਆਂ ਨਜ਼ਰਾਂ ਉਤਾਂਹ ਚੁੱਕਦਾ ਹਾਂ। ਮੇਰੇ ਸਾਹਮਣੇ ਇਕ ਸੁੰਦਰ ਕੁੜੀ ਬਿਕੇਨੀ ਪਾਈ ਖੜੋਤੀ ਹੈ।

ਮੇਰੇ "ਵਿਦ ਪਲੱਈਅਰ" (ਖੁਸ਼ੀ ਨਾਲ) ਕਹਿਣ ਉੱਤੇ ਉਸ ਨੇ ਹੱਥ ਵਿਚ ਫੜੀਆਂ ਕਿਤਾਬਾਂ ਮੇਜ਼ ਉੱਤੇ ਰੱਖੀਆਂ ਅਤੇ ਮੇਰੇ ਨਾਲ ਦੀ ਕੁਰਸੀ ਉੱਤੇ ਬੈਠ ਗਈ। ਇੰਞ ਜਾਪਦਾ ਸੀ ਜਿਵੇਂ ਇੱਕੋ ਮੇਜ਼ ਉੱਤੇ ਬੈਠੇ ਹੋਏ ਵੀ ਅਸੀਂ ਦੋ ਵੱਖਰੇ-ਵੱਖਰੇ ਸੰਸਾਰ ਬਣ ਗਏ ਹੋਈਏ। ਬੀਅਰ ਪੀਂਦਿਆਂ ਛਿਣ ਦੀ ਛਿਣ ਅਸੀਂ ਇਕ ਦੂਜੇ ਵੱਲ ਵੇਖਦੇ ਤੇ ਸਾਡੀਆਂ ਨਜ਼ਰਾਂ ਫਿਰ ਆਪਣੇ ਹੀ ਦਾਇਰੇ ਵਿਚ ਘੁੰਮਦੀਆਂ ਹੋਈਆਂ ਆਪੋ ਆਪਣੇ ਬੀਅਰ

ਦੇ ਗਲਾਸਾਂ ਵਿਚ ਡੁੱਬ ਜਾਂਦੀਆਂ, ਹੋਂਠ ਗਲਾਸਾਂ ਨੂੰ ਜਾ ਲੱਗਦੇ ਤੇ ਕੇਵ-ਬਾਰ ਇਕ ਸੱਚੀ ਮੁਚੀ ਦੀ ਗੁਫ਼ਾ ਹੋ ਨਿੱਬੜਦੀ ਹੈ। ਗੁਫ਼ਾ ਦੇ ਬਾਹਰ ਜੋ ਭੈ ਹੁੰਦਾ ਹੈ, ਗੁਫ਼ਾ ਦੇ ਅੰਦਰ ਵੜ ਕੇ ਉਹ ਆਪ-ਮੁਹਾਰਾ ਹੀ ਖ਼ਤਮ ਹੋ ਜਾਂਦਾ ਹੈ। ਜੋ ਚੀਜ਼ ਪਹਿਚਾਣ ਲਈ ਜਾਵੇ, ਉਹ ਘਰ ਵਰਗੀ ਬਣ ਜਾਂਦੀ ਹੈ—ਚਾਹੇ ਉਹ ਕੋਈ ਥਾਂ ਹੋਵੇ, ਚਾਹੇ ਕੋਈ ਵਸਤੂ ਅਤੇ ਚਾਹੇ ਕੋਈ ਔਰਤ ! ਸਹਿਵਨ ਹੀ ਮੇਰੇ ਹੱਥ ਉਸ ਦੀ ਕਿਤਾਬ ਚੁੱਕ ਲੈਂਦੇ ਹਨ, ਫਿਰ ਦੂਜੀ, ਫਿਰ ਤੀਜੀ—। ਮੈਂ ਉਸ ਦੀਆਂ ਚੋਰ ਨਜ਼ਰਾਂ ਆਪਣੇ ਹੱਥਾਂ ਉੱਤੇ ਫਿਰਦੀਆਂ ਮਹਿਸੂਸ ਕਰਦਾ ਹਾਂ, ਤਾਂ ਸਹਿਵਨ ਹੀ ਮੇਰੇ ਮੂੰਹੋਂ ਨਿਕਲਦਾ ਹੈ !

"ਕੀਨੀਆਂ ਵਿਚ ਆ ਕੇ, ਤੂੰ ਕੀਨੀਆਂ ਬਾਰੇ ਕਿਤਾਬਾਂ ਪੜ੍ਹਦੀ ਹੈਂ ? ਕਮਾਲ ਹੈ ?"

"ਇਸ ਵਿਚ ਕੀ ਬੁਰਾ ਹੈ ? ਮੇਰਾ ਨਾਮ ਕ੍ਰਿਸਟੀਨ ਜੈਨਸਨ ਹੈ। ਮੈਂ ਡੈਨਿਸ਼ ਹਾਂ। ਤੂੰ ਮੈਨੂੰ 'ਕ੍ਰਿਸਟੀ' ਆਖ ਸਕਦਾ ਹੈਂ।"

"ਮੇਰਾ ਨਾਮ ਹਰਿੰਦਰ ਹੈ, ਭਾਰਤੀ ਹਾਂ। ਏਥੇ ਅਧਿਆਪਕ ਹਾਂ, ਨੈਰੋਬੀ ਦੇ ਨੇੜੇ। ਛੁੱਟੀਆਂ ਦੀ ਇਕੱਲ ਇਸ ਮੇਲੇ ਵਿਚ ਮਾਰਨ ਆਇਆ ਹਾਂ। ਸੁਖਾਲ ਲਈ ਤੂੰ ਮੈਨੂੰ 'ਹੈਰੀ' ਆਖ ਸਕਦੀ ਹੈਂ। ਹਾਂ, ਸੱਚ— ਤੇਰੀਆਂ ਇਹ ਕਿਤਾਬਾਂ ?"

"ਕਿਉਂ ?"

"ਕੀਨੀਆ ਕਿਤਾਬਾਂ ਵਿਚ ਨਹੀਂ, ਏਥੋਂ ਦੀ ਮਿੱਟੀ, ਏਥੋਂ ਦੇ ਲੋਕਾਂ ਵਿਚ ਵੱਸਦਾ ਹੈ।"

"ਨੈਰੋਬੀ ਵਿਚ ਮੈਂ 'ਨੌਰਫੌਂਕ ਹੋਟਲ' ਵਿਚ ਠਹਿਰੀ ਸਾਂ। ਉਨ੍ਹਾਂ ਨੇ ਹੀ ਮੇਰੀ ਸੈਰ ਦਾ ਪ੍ਰਬੰਧ ਕੀਤਾ ਹੈ ਅਤੇ ਜਾਣਕਾਰੀ ਲਈ ਇਹ ਪੁਸਤਕਾਂ ਦਿੱਤੀਆਂ ਹਨ। ਉਨ੍ਹਾਂ ਨੇ ਹੀ ਮੈਨੂੰ ਗੇਮ ਪਾਰਕਸ ਵਿਖਾਏ, ਦੁਨੀਆਂ ਦੀ ਦੂਜੀ ਵੱਡੀ ਝੀਲ ਵਿਕਟੋਰੀਆ ਤਕ ਲੈ ਕੇ ਗਏ ਤੇ ਮੈਂ ਸੋਚਿਆ ਕਿ ਕਿਉਂ ਨਾ ਹੁਣ ਕੀਨੀਆਂ ਦੇ ਦੂਜੇ ਸਿਰੇ ਜਾ ਕੇ ਹਿੰਦ ਮਹਾਂ ਸਾਗਰ ਵੀ ਵੇਖ ਲਵਾਂ।"

"ਹਾਂ, ਹਿੰਦ ਮਹਾਂ ਸਾਗਰ, ਜਿਸ ਦਾ ਇਕ ਭਾਗ ਅਫ਼ਰੀਕਾ ਨਾਲ ਲੱਗਦਾ ਹੈ ਤੇ ਦੂਜਾ ਏਸ਼ੀਆ ਨਾਲ। ਏਧਰਲੇ ਤੱਟ ਨੂੰ ਅਫ਼ਰੀਕਨ ਤੱਟ ਕਹਿੰਦੇ ਹਨ ਤੇ ਉਧਰਲੇ ਨੂੰ ਏਸ਼ੀਅਨ ਤੱਟ। ਫਿਰ ਇਹ ਦੇਸ਼ਾਂ ਵਿਚ ਵੰਡ ਹੋ ਜਾਂਦਾ ਹੈ। ਪਰ ਹਿੰਦ ਮਹਾਂ ਸਾਗਰ, ਸਾਗਰ ਹੈ—ਉਹ ਸਾਗਰ ਹੀ ਰਹਿੰਦਾ ਹੈ। ਮੈਂ ਹਰ ਰੋਜ਼ ਉਸ ਦੀਆਂ ਛੱਲਾਂ ਦੇ ਸ਼ੋਰ ਵਿੱਚੋਂ ਉਸ ਦਾ ਹਾਸਾ ਸੁਣਦਾ ਹਾਂ। ਜੀ ਕਰਦਾ ਹੈ ਮੈਂ, ਨਹੀਂ ਨਹੀਂ—ਅਸੀਂ ਸਭ ਸਾਗਰ ਬਣ ਜਾਈਏ, ਨੋ ਮੈਨਜ਼ ਵਾਟਰ, ਐਵਰੀਮੈਨਜ਼ ਲੈਂਡ ! ਫਿਰ ਗਲੋਬ ਦੀ ਸਥਿਤੀ ਕਿਹੋ ਜਿਹੀ ਹੋਵੇਗੀ ? ਕਿਹੋ ਜਿਹੇ ਹੋਣਗੇ ਐਟਲਸ ਦੇ ਨਕਸ਼ੇ ?"

"ਤੂੰ ਅਧਿਆਪਕ ਹੈਂ ਤੇ ਮੈਂ ਦਫ਼ਤਰਾਂ ਵਿਚ ਕੰਮ ਕਰਨ ਵਾਲੀ ਇਕ ਸਾਧਾਰਨ ਕੁੜੀ ਹਾਂ। ਮੇਰੇ ਨਾਲ ਟਾਈਪਿੰਗ, ਕੀ-ਪੰਚਿੰਗ ਜਾਂ ਕੰਪਿਊਟਰ ਬਾਰੇ ਕੋਈ ਗੱਲ ਕਰੇਂ ਤਾਂ ਲੜੀ ਤੋਰਾਂ ?" ਉਹ ਮੁਸਕਰਾਉਂਦੀ ਹੈ।

"ਜਾਂ ਇਨ੍ਹਾਂ ਕਿਤਾਬਾਂ ਬਾਰੇ ?"

"ਕਿਉਂ ?"

"ਕਿਉਂਕਿ ਤੂੰ ਸ਼ਾਨਦਾਰ ਹੋਟਲਾਂ, ਗੇਮ ਪਾਰਕਾਂ, ਟੂਰਿਸਟ ਗਾਈਡਾਂ ਅਤੇ ਇਨ੍ਹਾਂ ਕਿਤਾਬਾਂ ਵਿੱਚੋਂ ਇਹ ਦੇਸ਼ ਵੇਖਣ ਆਈ ਹੈਂ। ਜਿੰਨੀ ਹਰਿਆਵਲ ਇਨ੍ਹਾਂ ਪੁਸਤਕਾਂ ਤੇ ਟੂਰਿਸਟ ਗਾਈਡਾਂ ਵਿਚ ਹੈ, ਉੰਨਾ ਹੀ ਸੋਕਾ ਹੈ ਏਥੋਂ ਦੇ ਜਨ-ਸਾਧਾਰਨ ਦੇ ਵਾਸਤਵਿਕ ਜੀਵਨ ਵਿਚ। ਇਨਸਾਨ ਹੈ ਨਾ ਇਨਸਾਨ, ਮੇਰਾ ਮਤਲਬ ਸਾਧਾਰਨ ਇਨਸਾਨ—ਉਸ ਦਾ ਰੰਗ ਕੋਈ ਵੀ ਹੋਵੇ—ਉਹ ਇਨਸਾਨ ਪਹਿਲਾਂ ਹੁੰਦਾ ਹੈ ਤੇ ਹੋਰ ਸਭ ਕੁਝ ਮਗਰੋਂ। ਮਿੱਟੀ ਹੈ ਨਾਂ ਮਿੱਟੀ—ਕਿਸੇ ਵੀ ਦੇਸ਼ ਦੀ ਮਿੱਟੀ—ਉਹ ਬੀਜ ਦੇ ਸੱਚ ਨੂੰ ਆਪਣੇ ਅੰਦਰ ਵਸਾ ਕੇ ਕੁਦਰਤ ਦਾ ਕਰਤਾਰੀ ਰੂਪ ਵਿਖਾ ਦਿੰਦੀ ਹੈ। ਜਦੋਂ ਮੀਂਹ ਪੈਂਦਾ ਹੈ, ਮੈਨੂੰ ਜਾਪਦਾ ਹੈ, ਧਰਤੀ ਨਾਲ ਆਕਾਸ਼ ਸੰਜੋਗ ਕਰ ਰਿਹਾ ਹੈ। ਭੁਲੇਖਾ ਹੈ ਨਾ ਇਕ—ਜਾਣਦੇ ਹਾਂ ਕਿ ਬੱਦਲ ਬਹੁਤ ਨੇੜੇ ਹਨ ਤੇ ਆਕਾਸ਼ ਇਕ ਖ਼ਲਾਅ ਹੈ। ਪਰ ਕਈ ਵਾਰ ਜ਼ਿੰਦਗੀ ਨੂੰ ਤੋਰੀ ਰੱਖਣ ਲਈ ਨਜ਼ਰੀ ਭਰਮ ਕਾਇਮ ਰੱਖਣੇ ਪੈਂਦੇ ਹਨ। ਮਨੁੱਖ ਦੇ ਯਤਨਾਂ ਨੇ ਸਮੁੰਦਰ

ਦੇ ਰਸਤੇ ਧਰਤੀ ਦਾ ਚੱਕਰ ਪੂਰਾ ਕਰਕੇ ਦੁਨੀਆਂ ਨੂੰ ਗਲੋਬ ਦੇ ਗਿਆਨ ਵਿਚ ਬੰਨ੍ਹਿਆ—ਦੁਨੀਆਂ ਦਾ ਨਕਸ਼ਾ ਵਾਹਿਆ ਗਿਆ—"

"ਤੇ ਫਿਰ ..."

"ਤੇ ਫਿਰ, ਖ਼ਲਾਯਾਨ, ਚੰਦਰਯਾਨ, ਡੁਬਕਣੀਆਂ, ਪ੍ਰਮਾਣੂ ਕਿਸ਼ਤੀਆਂ ... 'ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈ'—"

"ਗੱਲ ਬੜੀ ਦਿਲਚਸਪ ਹੈ—ਤੇ ਫਿਰ ਤੂੰ ਤੇ ਮੈਂ ?"

"ਹਾਂ, ਸੱਚ ਤੂੰ ਕਿੱਥੇ ਠਹਿਰਿਆ ਹੋਇਆ ਹੈਂ ?"

"ਮੈਂ ਏਥੋਂ ਦੇ ਇਕ ਗੁਰਦੁਆਰੇ ਵਿਚ ਠਹਿਰਿਆ ਹੋਇਆ ਹਾਂ—ਸਸਤੀ ਰਿਹਾਇਸ਼ ..."

"ਕਿਸ ਦੇ ਨਾਲ ?"

"ਤੇਰੇ ਨਾਲ !"

"ਉਹ ਕਿਵੇਂ ?"

"ਜਿੰਨੀ ਕੁ ਤੂੰ ਮੇਰੇ ਵਿਚ, ਖੁੱਲ੍ਹੀ ਹੈਂ, ਉੱਨੀ ਕੁ ਨੂੰ ਚੁੱਕ ਕੇ ਆਪਣੇ ਨਾਲ ਲੈ ਜਾਵਾਂਗਾ ਤੇ ਬਾਕੀ ..."

"ਸਾਡੇ ਦੇਸ਼ ਵਿਚ ਬਾਕੀ ਰੱਖਣ ਦਾ ਰਿਵਾਜ ਨਹੀਂ।"

"ਮੈਨੂੰ ਪਤਾ ਹੈ, ਤੁਸੀਂ ਲੋਕ ਬੜੇ ਖੁੱਲ੍ਹੇ ਹੋ ! ਜੋ ਜੀਅ ਆਏ ਕਰ ਜਾਂਦੇ ਹੋ। ਸੁਤੰਤਰ ਤੇ ਅਪਰਾਧ-ਮੁਕਤ ਰੂਪ ਵਿਚ, ਪ੍ਰਾਕ੍ਰਿਤਕ ਢੰਗ ਨਾਲ—ਜਿਵੇਂ ਕੋਈ ਫੁੱਲ ਖਿੜੇ, ਤੇ ਪਵਨ ਸੁਗੰਧਤ ਹੋ ਜਾਏ ..."

ਉਹ ਬੜੀ ਗੰਭੀਰਤਾ ਨਾਲ ਮੇਰੀਆਂ ਅੱਖਾਂ ਵਿਚ ਵੇਖਦੀ ਹੋਈ ਬੋਲੀ, "ਤੂੰ ਮੇਰੀ ਗੱਲ ਪੂਰੀ ਨਹੀਂ ਹੋਣ ਦਿੱਤੀ, ਵਿਚੋਂ ਹੀ ਟੁੱਕ ਦਿੱਤੀ ਹੈ—ਹਾਂ, ਤੇ ਮੈਂ ਕਹਿ ਰਹੀ ਸਾਂ, ਬਾਕੀ, ਮੈਂ ਤੇਰੇ ਲਈ ਕੱਲ੍ਹ ਤਕ ਬਾਕੀ ਨਹੀਂ ਰਹਿਣਾ ਚਾਹੁੰਦੀ—ਜੇ ਮੈਂ ਇੰਜ ਰਹਿ ਗਈ ਤਾਂ ਮੈਨੂੰ ਆਪਣਾ ਆਪ ਊਣਾ-ਊਣਾ ਲੱਗੇਗਾ। ਸਾਰੀ ਰਾਤ ਨੀਂਦ ਨਹੀਂ ਆਵੇਗੀ। ਅੱਜ ਦੀ ਰਾਤ ਤੂੰ ਮੇਰਾ ਮਹਿਮਾਨ ਹੈਂ।"

ਫਿਰ ਜਿਵੇਂ ਉਸ ਦੇ ਮਨ ਵਿਚ ਕੋਈ ਹੋਰ ਗੱਲ ਸੁੱਝੀ, ਉਹ ਚੁਟਕੀ ਮਾਰ ਕੇ ਬੋਲੀ, "ਨਹੀਂ, ਨਹੀਂ, ਅੱਜ ਤੋਂ ਤੂੰ ਮੇਰਾ ਮਿੱਤਰ ਹੈਂ। ਮਹਿਮਾਨ ਸ਼ਬਦ ਸਾਡੇ ਸੰਬਧਾਂ ਵਿਚ ਤਕੱਲਫ਼ ਦੀ ਇਕ ਰਸਮੀ ਦੀਵਾਰ ਖੜੀ ਕਰ ਦੇਵੇਗਾ ... ਤੇ ਅੱਜ ਮੈਂ ..."

"ਕੋਈ ਵੀ ਦੀਵਾਰ ਵੇਖਣਾ ਨਹੀਂ ਚਾਹੁੰਦੀ।"

"ਹਾਂ, ਹਾਂ, ਮੈਂ ਬਿਲਕੁਲ ਇਹ ਹੀ ਕਹਿਣਾ ਚਾਹੁੰਦੀ ਸਾਂ। ਮੈਨੂੰ ਅੰਗਰੇਜ਼ੀ ਆਉਂਦੀ ਹੈ, ਪਰ ਕੁਝ ਗੱਲਾਂ ਅਜਿਹੀਆਂ ਹਨ ਜੋ ਆਪਣੀ ਮਾਤਭਾਸ਼ਾ ਵਿਚ ਤਾਂ ਅਹੁੜਦੀਆਂ ਹਨ, ਪਰ ਉਨ੍ਹਾਂ ਦਾ ਤਰਜਮਾ ਠੀਕ ਤਰ੍ਹਾਂ ਨਹੀਂ ਹੁੰਦਾ। ਤੂੰ ਮੇਰੇ ਖ਼ਿਆਲਾਂ ਦਾ ਤਰਜਮਾਨ ਹੈਂ।"

"ਚੱਲ ਫਿਰ ਚੱਲੀਏ—"

"ਕਿੱਥੇ ?"

"ਜਿੱਥੇ ਦੀਵਾਰਾਂ ਨਹੀਂ !"

"ਕੀ ਮਤਲਬ ?"

"ਤਾਰਿਆਂ ਤੇ ਚੰਨ ਦੀ ਚਾਨਣੀ—ਸਿਰ ਤੇ ਆਕਾਸ਼, ਇਕ ਪਾਸੇ ਸਾਗਰ ਤੇ ਦੂਜੇ ਪਾਸੇ ਰੇਤ ਦਾ ਬਿਸਤਰ—ਮੇਰਾ ਭਾਵ ਬੀਚ 'ਤੇ।"

"ਹਾਂ, ਠੀਕ ਹੈ, ਮੈਨੂੰ ਵੀ ਹੋਟਲ ਵਿਚ ਆਪਣੇ ਕਮਰੇ ਤੋਂ ਕੋਫ਼ਤ ਹੋਣ ਲੱਗ ਪਈ ਹੈ। ਘੜੀ ਦੀਆਂ ਸੂਈਆਂ ਵਾਂਗ ਘੁੰਮ ਰਹੀ ਹਾਂ, ਇਕ ਹੀ ਦਾਇਰੇ ਵਿਚ। ਤੇ ਫਿਰ ਮੈਂ ਤੇਰੀਆਂ ਅੱਖਾਂ ਨਾਲ ਏਥੋਂ ਦੇ ਲੋਕ, ਏਥੋਂ ਦੀ ਧਰਤੀ ਵੀ ਤਾਂ ਵੇਖਣੀ ਹੈ—"

"ਤੇ ਮੇਰੇ ਲਈ ਬਾਕੀ ਵੀ ਨਹੀਂ ਰਹਿਣਾ।"

ਅਸੀਂ ਬੀਚ ਦੀ ਚਿੱਟੀ-ਚਿੱਟੀ ਰੇਤ ਉੱਤੇ ਕੋਲ-ਕੋਲ ਲੰਮੇ ਪੈ ਜਾਂਦੇ ਹਾਂ। ਉਹ ਕਹਿੰਦੀ ਹੈ, "ਇਕ ਗੱਲ ਪੁੱਛਾਂ ?"

"ਪੁੱਛ !"

"ਸੁਣਿਆਂ ਹੈ ਸਮੁੰਦਰ ਵਿਚ ਮਗਰਮੱਛ ਹੁੰਦੇ ਹਨ ?"

"ਹਾਂ, ਹੁੰਦੇ ਹਨ।"

"ਕੀ ਉਹ ਸਾਨੂੰ ਖਾ ਜਾਣਗੇ ?"

"ਨਹੀਂ, ਉਹ ਖ਼ੁਸ਼ਕੀ 'ਤੇ ਹਮਲਾ ਨਹੀਂ ਕਰਦੇ, ਪਾਣੀ ਵਿਚ ਹੀ ਖ਼ਤਰਨਾਕ ਹੁੰਦੇ ਹਨ। ਕਿਉਂ ਡਰ ਲੱਗਦਾ ਹੈ ?"

"ਹਾਂ, ਜਦੋਂ ਦੇਸ਼ੋਂ ਚੱਲੀ ਸਾਂ ਤਾਂ ਜੰਗਲੀ ਜਾਨਵਰਾਂ ਦੇ ਨਾਮ ਨਾਲ ਹੀ ਭੈ ਆਉਂਦਾ ਸੀ। ਏਥੋਂ ਦੇ ਗੇਮ ਪਾਰਕਸ ਵਿਚ ਜੰਗਲੀ ਜਾਨਵਰ, ਕਾਰ ਦੇ ਕੋਲ-ਕੋਲ ਫਿਰਦੇ ਹਨ, ਜਿਵੇਂ ਉਹ ਸਾਨੂੰ, ਅਸੀਂ ਉਨ੍ਹਾਂ ਨੂੰ ਵੇਖ ਰਹੇ ਹੋਈਏ।"

"ਕਦੇ ਇਕ ਰੰਗਤ ਵਾਲੇ ਮਨੁੱਖ ਨੂੰ ਵੀ ਦੂਜੀ ਰੰਗਤ ਵਾਲੇ ਮਨੁੱਖ ਤੋਂ ਭੈ ਆਉਂਦਾ ਹੋਵੇਗਾ !"

"ਪਰ ਮੈਂ ਪੜ੍ਹਿਆ ਹੈ ਕਿ ਜਦੋਂ ਇਹ ਜੰਗਲੀ ਜਾਨਵਰ ਵੱਸੋਂ ਬਾਹਰ ਹੋ ਜਾਣ, ਤਾਂ ਇੱਕੇ-ਦੁੱਕੇ ਇਸਤਰੀ ਪੁਰਸ਼ ਉੱਤੇ ਹਮਲਾ ਕਰ ਦਿੰਦੇ ਹਨ।"

"ਇਨਸਾਨਾਂ ਉੱਤੇ ਵੀ ਤਾਂ ਇਹ ਗੱਲ ਢੁੱਕਦੀ ਹੀ ਹੈ। ਸਾਡਾ ਸਾਰਾ ਇਤਿਹਾਸ ਜੰਗਾਂ, ਹਿੰਸਾ ਤੇ ਖ਼ੂਨ-ਖ਼ਰਾਬੇ ਨਾਲ ਲੱਥ ਪੱਥ ਹੋਇਆ ਪਿਆ ਹੈ।"

"ਹਲਕੇ ਹੋਏ ਕੁੱਤੇ ਤਾਂ ਮੈਂ ਆਪਣੇ ਦੇਸ਼ ਵਿਚ ਵੀ ਵੇਖੇ ਤੇ ਸੁਣੇ ਹਨ, ਪਰ ਹਲਕੇ ਹੋਏ ਦਰਿੰਦੇ ਤੇ ਜੰਗਲੀ ਜਾਨਵਰ, ਤੋਬਾ-ਤੋਬਾ, ਇਨ੍ਹਾਂ ਦੀ ਕਲਪਨਾ ਨਾਲ ਹੀ ਤਨ-ਮਨ ਸੁੰਨ ਹੁੰਦਾ ਜਾਪਦਾ ਹੈ !"

"ਜਦੋਂ ਜਾਨਵਰ ਹਲਕਦਾ, ਜਾਂ ਪਾਗਲ ਹੁੰਦਾ ਹੈ, ਤਾਂ ਏਨਾ ਨੁਕਸਾਨ ਨਹੀਂ ਹੁੰਦਾ, ਜਿੰਨਾ ਆਦਮੀ ਦੇ ਹਲਕਣ ਜਾਂ ਪਾਗਲ ਹੋਣ ਨਾਲ ! ਜੰਗਾਂ ਡੀਰੇਂਜਡ ਮਨ ਦੀ ਪੈਦਾਵਾਰ ਹਨ, ਕਰੋਧ ਤੇ ਘ੍ਰਿਣਾ, ਬੇਬਸੀ ਦੀ।"

"ਮੈਂ ਜਾਨਵਰਾਂ ਦੀ ਗੱਲ ਕਰਦੀ ਹਾਂ ਤੇ ਤੂੰ ਇਨਸਾਨਾਂ ਦੀ।"

"ਇਹ ਹੀ ਸਾਡਾ ਦੁਖਾਂਤ ਹੈ ਕਿ ਹਿੰਸਾ ਜਾਂ ਅਜਿਹਾ ਹੋਰ ਕੁਝ ਜੋ ਵੀ ਅਸੀਂ ਆਪਣੇ ਅੰਦਰ ਨਹੀਂ ਵੇਖਣਾ ਚਾਹੁੰਦੇ, ਉਹ ਕੁਝ ਅਸੀਂ ਜਾਨਵਰਾਂ ਵਿਚ ਵੇਖਦੇ ਹਾਂ। ਅਚੇਤ ਮਨ, ਇਸ ਤਰ੍ਹਾਂ ਸ਼ਾਇਦ ਅਸੀਂ ਆਪਣਾ ਨਿਆਏਕਰਨ ਕਰਨ ਦਾ ਯਤਨ ਕਰਦੇ ਹਾਂ। ਜਿਸ ਮਨੁੱਖ ਦਾ ਵਤੀਰਾ ਸਥਾਪਤ ਸਦਾਚਾਰਕ ਮਿਆਰ ਦੇ ਅਨੁਕੂਲ ਨਾ ਹੋਵੇ, ਖ਼ਾਸ ਕਰ ਵਿਰੋਧੀ ਲਿੰਗ ਪ੍ਰਤੀ, ਅਸੀਂ ਉਸ ਨੂੰ 'ਜੰਗਲੀ' ਕਹਿ ਕੇ ਸੰਬੋਧਨ ਕਰਦੇ ਹਾਂ।"

"ਤੂੰ ਤੇ ਭਾਸ਼ਨ ਹੀ ਸ਼ੁਰੂ ਕਰ ਦਿੱਤਾ। ਇਹ ਸਕੂਲ ਦਾ ਕਮਰਾ ਨਹੀਂ, ਹਿੰਦ ਮਹਾਂ ਸਾਗਰ ਦੀ ਬੀਚ ਹੈ !"

"ਕ੍ਰਿਸਟੀ, ਆ ਸਾਗਰ ਬਣ ਜਾਈਏ ! ਇਕ ਅਜਿਹਾ ਸਾਗਰ ਜਿਸ ਦਾ ਸੰਬੰਧ ਇਕ ਜਾਂ ਦੋ ਦੇਸ਼ਾਂ ਨਾਲ ਨਹੀਂ ਸਗੋਂ ਸਾਰੇ ਭੂ-ਗੋਲੇ ਨਾਲ ਹੋਵੇ।"

"ਤੂੰ ਦਿਵਾ-ਸਵਪਨ-ਭੋਗੀ ਹੈਂ, ਜੋ ਸੰਭਵ ਨਹੀਂ, ਉਸ ਦੀ ਇੱਛਾ—ਜੋ ਕੁਝ ਕੋਲ ਹੈ, ਸੰਭਵ ਹੈ, ਉਸ ਤੋਂ ਮੁਨਕਰ।"

"ਹਾਂ, ਤੂੰ ਸੰਭਵ ਬਣ ਕੇ ਮੇਰੇ ਉੱਤੇ ਘਟ ਸਕਦੀ ਹੈਂ, ਪਰ ਮੈਂ ਸਾਗਰ ਨਹੀਂ ਬਣ ਸਕਦਾ ! ਆਪਣੀ-ਆਪਣੀ ਨਜ਼ਰ, ਆਪਣੀ-ਆਪਣੀ ਸੀਮਾਂ !"

"ਹੈਰੀ, ਕਿੱਧਰ ਖੋ ਗਿਐਂ ? ਸਾਗਰ ਸਾਡੇ ਕੋਲ ਹੈ, ਲਹਿਰਾਂ ਮੇਰੇ ਅੰਦਰ ਉਤਪੰਨ ਹੋ ਰਹੀਆਂ ਹਨ—ਇਕ ਹਲਚਲ ਜਿਹੀ ਮੱਚ ਗਈ ਹੈ—ਸਾਰੇ ਮਨ ਵਿਚ, ਸਾਰੇ ਤਨ ਵਿਚ। ਉਰੇ ਹੋ, ਮੇਰੀ ਹਿੱਕ ਨੂੰ ਖੱਬੇ ਪਾਸੇ

ਕੰਨ ਲਾ, ਮੈਂ ਤੈਨੂੰ ਵੀ ਲਹਿਰਾਂ ਦੀ ਜਾਗ ਲਾ ਦਿਆਂ ਤਾਂ ਕਿ ਜੋ ਸਾਗਰ ਤੂੰ ਬਾਹਰ ਬਣਨਾ ਚਾਹੁੰਦਾ ਹੈਂ, ਉਹ ਸਾਗਰ ਤੂੰ ਆਪਣੇ ਅੰਦਰ ਵੇਖ ਸਕੇਂ—ਆਪਣੇ ਵਰਗੇ ਹਰ ਇਕ ਮਨੁੱਖ ਨੂੰ ਵਿਖਾ ਸਕੇਂ—"

ਸ਼ਰਾਰਤਨ, ਮੈਂ ਉਸ ਦੀ ਹਿੱਕ ਉੱਤੇ ਕੰਨ ਰੱਖ ਕੇ ਉਸ ਦੀ ਵੱਖੀ ਵਿਚ ਪੋਲੀ ਜਿਹੀ ਚੂੰਢੀ ਵੱਢਦਾ ਹਾਂ, ਤਾਂ ਉਹ ਮੇਰਾ ਕੰਨ ਮਰੋੜਦੀ ਹੋਈ ਕਹਿੰਦੀ ਹੈ, "ਜੰਗਲੀ !"

"ਵੇਖਿਆ ਨਾ; ਮੈਂ ਕਿਹਾ ਸੀ ਕਿ ਤੂੰ ਆਪਣੇ ਅੰਦਰਲਾ ਜੰਗਲ ਮੇਰੇ ਵਿਚ ਵੇਖ ਰਹੀ ਹੈਂ—ਮੈਂ ਤੈਨੂੰ ਜੰਗਲ ਦੀ ਜਾਗ ਲਾ ਦਿੱਤੀ ਹੈ।"

ਅਸੀਂ ਹੱਸਦੇ ਹਾਂ ਤੇ ਇਕ ਦੂਜੇ ਦੇ ਹੋਰ ਵੀ ਕੋਲ-ਕੋਲ ਹੋ ਕੇ ਲੰਮੇ ਪੈ ਜਾਂਦੇ ਹਾਂ। ਇਕ ਤੇ ਇਕ ਦੀ ਵਿੱਥ ਮੇਟ ਦਿੰਦੇ ਹਾਂ। ਅਜਿਹੀ ਅਵਸਥਾ ਵਿਚ ਪਹੁੰਚ ਜਾਂਦੇ ਹਾਂ, ਜਿਸ ਵਿਚ ਨਾ ਇਕ ਤੇ ਇਕ ਦੋ ਬਣਦੇ ਹਨ ਅਤੇ ਨਾ ਹੀ ਗਿਆਰਾਂ, ਸਗੋਂ ਇਕ ਦੂਜੇ ਵਿਚ ਅਭੇਦ ਹੋ ਕੇ ਇਕ ਤੇ ਇਕ ਕੇਵਲ ਇਕ ਬਣ ਜਾਂਦੇ ਹਨ। ਰਾਤ ਭਰ ਸਾਗਰ ਦੀਆਂ ਲਹਿਰਾਂ ਚੜ੍ਹਦੀਆਂ ਉੱਤਰਦੀਆਂ, ਉੱਤਰਦੀਆਂ ਚੜ੍ਹਦੀਆਂ ਤੇ ਫਿਰ ਚੜ੍ਹਦੀਆਂ ਉੱਤਰਦੀਆਂ ਰਹੀਆਂ। ਅਸੀਂ ਸਾਗਰ ਦੀਆਂ ਲਹਿਰਾਂ ਦਾ ਸਾਕਾਰ ਗੀਤ ਬਣ ਗਏ ਸਾਂ।

ਸਵੇਰ ਕਦੋਂ ਹੋਈ, ਪਤਾ ਵੀ ਨਾ ਲੱਗਾ ! ਸੂਰਜ ਦੇ ਤਿੱਖੇ ਚਾਨਣ ਵਿਚ, ਅੱਖਾਂ ਮਲਦੇ ਹੋਏ ਉੱਠੇ ਤਾਂ ਉਹ ਕਹਿਣ ਲੱਗੀ, "ਇਕ ਮਿੰਟ ਏਥੇ ਬੈਠ, ਮੈਂ ਆਪਣੇ ਕਮਰੇ ਤਕ ਜਾ ਆਵਾਂ।"

ਮੈਂ ਫੇਰ ਅੱਖਾਂ ਮੀਟ ਕੇ ਸੌਂ ਗਿਆ—ਉਹ ਮੈਨੂੰ ਝੰਜੋੜ ਕੇ ਜਗਾ ਰਹੀ ਸੀ।

"ਤੂੰ ਫੇਰ ਸੌਂ ਗਿਐਂ ! ਉੱਠ, ਮੈਂ ਨਾਸ਼ਤਾ ਏਥੇ ਹੀ ਮੰਗਵਾ ਲਿਆ ਹੈ।"

ਮੈਂ ਵੇਖਿਆ ਨਾਸ਼ਤੇ ਵਾਲੀ ਟਰੇਅ ਰੇਤ ਉੱਤੇ ਰੱਖ ਕੇ ਬੈਰਾ ਵਾਪਸ ਜਾ ਰਿਹਾ ਸੀ। ਉਹ ਫਿਰ ਬੋਲੀ, "ਮੈਂ ਹੋਟਲ ਵਿਚ ਆਪਣੇ ਕਮਰੇ ਦੀ ਬੁਕਿੰਗ ਕੈਂਸਲ ਕਰਵਾ ਦਿੱਤੀ ਹੈ। ਕਿਤਾਬਾਂ ਸੁੱਟ ਦਿੱਤੀਆਂ ਹਨ।"

"ਕਿਉਂ ?"

"ਤੇ ਸੋਚਿਆ ਹੈ ..."

"ਮੇਰੀਆਂ ਅੱਖਾਂ ਨਾਲ ਇਹ ਦੇਸ਼, ਏਥੋਂ ਦੀ ਮਿੱਟੀ ਤੇ ਏਥੋਂ ਦੇ ਲੋਕ ਵੇਖੇਂ !"

"ਨਹੀਂ, ਤੇਰੇ ਲਈ ਹੁਣ ਮੈਂ ਬਾਕੀ ਨਹੀਂ ਰਹੀ ! ਮੇਰੇ ਅੰਦਰ ਇਕ ਊਣਾਪਨ ਸੀ, ਜੋ ਭਰ ਗਿਆ ਹੈ। ਇਹ ਸਭ ਕੁਝ ਹੁਣ ਮੈਂ ਆਪ ਆਪਣੀਆਂ ਅੱਖਾਂ ਨਾਲ ਵੇਖਣਾ ਚਾਹੁੰਦੀ ਹਾਂ, ਪੈਰੀਂ ਤੁਰ ਕੇ, ਲਿਫ਼ਟਾਂ ਲੈ ਕੇ, ਆਪਾਂ ਕਦੇ ਫੇਰ ਮਿਲਾਂਗੇ ...।"

ਮੈਂ ਉਸ ਕੋਲੋਂ ਵਿਦਾ ਲੈ ਕੇ ਵਾਪਸ ਆ ਗਿਆ, ਕਿਉਂਕਿ ਮੈਂ ਵੀ ਅੱਜ ਹੀ ਵਾਪਸ ਜਾਣਾ ਸੀ। ਵਾਪਸੀ ਉੱਤੇ ਜਦੋਂ ਮੈਂ ਗੁਰਦੁਆਰੇ ਚੋਂ ਆਪਣਾ ਸਾਮਾਨ ਚੁੱਕ ਕੇ ਆਪਣੀ ਕਾਰ ਨੈਰੋਬੀ ਵਾਲੀ ਸੜਕ ਉੱਤੇ ਪਾਈ, ਤਾਂ ਮੈਂ ਵੇਖਿਆ ਕਿ ਕ੍ਰਿਸਟੀ ਮੋਢਿਆਂ ਉੱਤੇ ਸਫ਼ਰੀ ਝੋਲਾ ਬੰਨ੍ਹੀ ਸੱਜੇ ਹੱਥ ਦਾ ਅੰਗੂਠਾ ਉਠਾਈ ਚੌਕ ਵਿਚ ਖੜੋਤੀ ਲਿਫ਼ਟ ਮੰਗ ਰਹੀ ਹੈ। ਮੇਰੇ ਪੈਰ ਆਪ-ਮੁਹਾਰੇ ਹੀ ਬਰੇਕਾਂ ਵੱਲ ਵਧੇ ਤੇ ਫਿਰ ਪਤਾ ਨਹੀਂ ਮੈਨੂੰ ਕੀ ਸੁੱਝੀ ਕਿ ਮੈਂ ਬਰੇਕਾਂ ਉੱਤੋਂ ਪੈਰ ਚੁੱਕ ਕੇ ਐਕਸਲਰੇਟਰ ਦਬਾ ਦਿੱਤਾ।

ਕ੍ਰਿਸਟੀ ਨੂੰ ਹੱਥ ਨਾਲ ਵਿਦਾ ਕਹਿੰਦਿਆਂ ਮੈਂ ਸੜਕ ਦੇ ਸਾਹਮਣੇ ਭਾਗ ਨੂੰ ਖਿਤਿਜ ਵਿਚ ਗੁੰਮ ਹੁੰਦਿਆਂ ਵੇਖਦਾ ਹਾਂ, ਛਿਣ ਦੀ ਛਿਣ ਮੈਨੂੰ ਇੰਵ ਮਹਿਸੂਸ ਹੁੰਦਾ ਹੈ, ਜਿਵੇਂ ਮੇਰੇ ਅੰਦਰ ਸਾਗਰ ਦੀਆਂ ਲਹਿਰਾਂ ਦਾ ਸੁਤੰਤਰ ਸੰਗੀਤ ਜਾਗ ਰਿਹਾ ਹੋਵੇ !

# ਕੈਨਸਰ

"ਜਦੋਂ ਆਪ ਤੁਰਦੇ ਹੋਈਏ ਤਾਂ ਦੂਸਰੇ ਦੀ ਤੋਰ ਨਹੀਂ ਵੇਖੀਦੀ, ਕਦਮ ਥਿੜਕ ਜਾਂਦੇ ਹਨ।"

ਅੱਜ ਕੱਲ੍ਹ ਅਕਸਰ ਉਹ ਆਪਣੇ ਆਪ ਨਾਲ ਗੱਲੀਂ ਪੈ ਜਾਂਦਾ ਹੈ, ਤਾਂ ਭਰੀ ਮਹਿਫ਼ਲ ਵਿਚ ਬੈਠੇ ਉਸ ਦੇ ਸੰਗੀ ਸਾਥੀ ਤੇ ਹੋਰ ਲੋਕ ਸੋਚਦੇ ਹਨ, ਕਿ ਉਸ ਨੂੰ ਹੋ ਕੀ ਗਿਆ ਹੈ ?

"ਕਈ ਵਾਰੀ, ਤੁਰਦੇ ਰਹਿਣ ਦੇ ਅਹਿਸਾਸ ਨੂੰ ਜਾਰੀ ਰੱਖਣ ਲਈ ਜਾਮ ਤੋਰਨੇ ਪੈਂਦੇ ਹਨ—ਹੋਂਠਾਂ ਤਕ ਭਰੇ ਜਾਮ, ਹੋਂਠਾਂ ਦੀ ਛੁਹ ਲਈ ਬੇਤਾਬ। ਇਹ ਜਾਮ, ਸ਼ਰਾਬ ਨਾਲ ਭਰੇ ਜਾਮ, ਬਾਹਰ ਵਲੋਂ ਆਉਂਦੇ ਹਨ—ਭਰੇ ਭੁਕੰਨੇ, ਅੰਦਰ ਵਲ ਖ਼ਾਲੀ ਹੋਣ ਲਈ—ਜਾਮ ਵਲਾਂ ਵੇਖਦੀ ਨਜ਼ਰ ਅੰਦਰ ਵਲਾਂ ਅੱਖਾਂ ਪੁੱਟਦੀ ਹੈ। ਅੰਦਰ ਕੀ ਹੈ ? ਰਾਮ, ਰਹੀਮ, ਸੁਕਰਾਤ—ਹਾਂ ਸੁਕਰਾਤ, ਸਭ ਕੁਝ ਏਥੇ ਹੀ ਤਾਂ ਹੈ। ਸੁਕਰਾਤ ਨੇ ਜ਼ਿੰਦਗੀ ਨੂੰ ਫ਼ਲਸਫ਼ਾ ਦਿੱਤਾ ਤੇ ਜ਼ਿੰਦਗੀ ਨੇ ਉਸ ਨੂੰ ਜ਼ਹਿਰ ! ਉਸ ਨੇ ਜ਼ਹਿਰ ਪੀਤੀ ਅਤੇ ਜ਼ਿੰਦਗੀ ਨੂੰ ਕੁਹਜ ਵਿੱਚੋਂ ਸੁਹਜ, ਅਨਿਆਏ ਵਿੱਚੋਂ ਨਿਆਏ ਅਤੇ ਜ਼ਹਿਰ ਵਿੱਚੋਂ ਅੰਮ੍ਰਿਤ ਵੇਖਣ ਦਾ ਇਕ ਨਵਾਂ ਫ਼ਲਸਫ਼ੀ ਖ਼ਿਆਲ, ਇਕ ਨਵੀਂ ਅਦਾ ਦੇ ਗਿਆ। ਜੇ ਸੁਕਰਾਤ ਮੋਇਆ ਹੁੰਦਾ, ਤਾਂ ਅੱਜ ਅਸੀਂ ਉਸ ਦੀਆਂ ਗੱਲਾਂ ਨਾ ਕਰਦੇ। ਉਸ ਪਿੱਛੋਂ ਫ਼ਿਲਾਸਫ਼ਰਾਂ ਦੀ ਇਕ ਲੰਮੀ ਲੜੀ ਤੁਰ ਪਈ, ਜੋ ਅੱਜ ਤਕ ਜਾਰੀ ਹੈ। ਉਸ ਪਿੱਛੋਂ ਜੋ ਹੁਣ ਤਕ ਜਾਰੀ ਹੈ—ਦੋਸਤੋ, ਇਹ ਮੇਰਾ ਵਿਸ਼ਪਾਨ ਦਾ ਵੇਲਾ ਹੈ, ਮੈਨੂੰ ਇਕ ਜਾਮ ਹੋਰ ਦਿਓ ...।"

ਕੰਢੇ ਤਕ ਲਬਰੇਜ਼ ਕੇਵਲ ਵਿਸਕੀ ਦਾ ਗਲਾਸ ਉਹ ਗਟਾਗਟ ਪੀ ਜਾਂਦਾ ਹੈ। ਸਾਰੇ ਦੋਸਤ ਜਾਣਦੇ ਹਨ ਕਿ ਇਸ ਸਮੇਂ ਭਰੀ ਮਹਿਫ਼ਲ ਵਿਚ ਬੈਠਾ ਵੀ ਉਹ ਬਹੁਤ ਦੂਰ ਹੈ—ਬਹੁਤ ਦੂਰ ਤੋਂ, ਉਹ ਬਹੁਤ ਪਤੇ ਦੀਆਂ ਗੱਲਾਂ ਕਰ ਰਿਹਾ ਹੈ।

"ਮੇਰੇ ਸਾਹਵੇਂ ਖ਼ਾਲੀ ਗਲਾਸ ਨਾ ਰਖਿਆ ਕਰੋ, ਆਖ਼ਿਰ ਜ਼ਿੰਦਗੀ 'ਚ ਕੁਝ ਤਾਂ ਭਰਿਆ ਹੋਇਆ ਹੋਣਾ ਹੀ ਚਾਹੀਦਾ ਹੈ। ਮੇਰੇ ਇਕ ਮਿੱਤਰ ਕਵੀ ਨੇ ਲਿਖਿਆ ਸੀ—

ਜ਼ਿੰਦਗੀ ਕੰਜਰੀ, ਮੂਧੀ ਪਿਆਲੀ—
ਕੀ ਭਰਨਾ, ਕੀ ਡੁੱਲ੍ਹਣਾ ?

"ਇਹ ਸੱਖਣੇਪਨ ਦਾ ਅਹਿਸਾਸ ਮੂਰਖ ਨੂੰ ਵੀ ਅਕਲਮੰਦ ਬਣਾ ਦਿੰਦਾ ਹੈ—ਕਈ ਇਸ ਦੇ ਰਹੱਸ ਨੂੰ ਪਾ ਕੇ ਜ਼ਿੰਦਗੀ ਦੀਆਂ ਰੰਗੀਨੀਆਂ ਵਲ ਮੁੜਦੇ ਹਨ, ਕਈ ਸੰਗਰਾਮ ਵਲ ਤੇ ਕਈ ਆਤਮ-ਹੱਤਿਆ ਵਲ। ਭਰਪੂਰ ਚਾਨਣੀਆਂ ਰਾਤਾਂ ਵਿਚ ਲੰਗੜੇ ਵੀ ਨੱਚਣ ਲਈ ਬੇਤਾਬ ਹੋ ਜਾਂਦੇ ਹਨ। ਦੋਸਤੋ, ਉਦਾਸ ਕਿਉਂ ਹੋ ? ਮਖੌਟੇ ਲਾਹ ਦਿਓ—ਆਓ, ਰੱਜ ਕੇ ਸ਼ਰਾਬ ਪੀਵੀਏ ਤੇ ਇਕ ਨੰਗਾ ਨਾਚ ਨੱਚੀਏ—ਨੰਗੀਆਂ ਰੂਹਾਂ ਦਾ ਨਾਚ ..."

ਮਹਿਫ਼ਲ ਵਿਚ ਕਹਿਕਹੇ ਗੂੰਜਦੇ ਹਨ। "ਇਸ ਨੂੰ ਚੜ੍ਹ ਗਈ ਹੈ।"

"ਨਹੀਂ, ਕਈ ਦਿਨਾਂ ਤੋਂ ਇਹ, ਇਸੇ ਤਰ੍ਹਾਂ ਦੀਆਂ ਗੱਲਾਂ ਕਰ ਰਿਹਾ ਹੈ।"

"ਕਹਿੰਦੇ ਹਨ, ਜਦੋਂ ਪਿੰਡ ਵਿਚ ਕਿਸੇ ਦੀ ਮੌਤ ਆਉਂਦੀ ਹੈ, ਰਾਤ ਨੂੰ ਜਮ ਵੇਖ ਕੇ ਕੁੱਤੇ ਵੀ ਉੱਚੀ-ਉੱਚੀ ਰੋਣ ਲਗ ਪੈਂਦੇ ਹਨ। ਅੱਜ ਕਿਸ ਦੀ ਮੌਤ ਆਈ ਹੈ?"

"ਮੌਤ ਨਾ ਹੁੰਦੀ, ਤਾਂ ਤੂੰ ਜ਼ਿੰਦਗੀ ਦੀ ਗੱਲ ਕਿਵੇਂ ਕਰਦਾ ?"

"ਕੁਝ ਹਫ਼ਤੇ ਹੋਏ ਇਹ ਦੇਸ਼ ਦਾ ਫੇਰਾ ਮਾਰ ਕੇ ਆਇਆ ਹੈ—ਉਦੋਂ ਤੋਂ ਹੀ ਸ਼ਾਇਦ ..."

"ਦੇਸ਼ ਵਿਚ ਤਾਂ ਜਮ ਵਸਦੇ ਹਨ—ਏਥੇ ਕੈਨੇਡਾ ਵਿਚ ਤਾਂ ਕੇਵਲ ਡਾਲਰ ਹੀ ਹਨ ...।"

"ਹਾਂ ਦੇਸ਼, ਆਪਣਾ ਦੇਸ਼, ਆਪਣਾ ਦੇਸ਼ ਹੀ ਹੁੰਦਾ ਹੈ ...।"

ਮਹਿਫ਼ਲ ਵਿਚ ਗੱਲਾਂ ਤੁਰਦੀਆਂ ਹਨ ਕਿਉਂਕਿ ਉਹ ਚੁੱਪ ਹੈ। ਅੱਜ ਦੀ ਰਾਤ ਉਹ ਸਭ ਫ਼ਲਸਫ਼ੀ ਬਣ ਗਏ ਲਗਦੇ ਹਨ। ਜਦੋਂ ਉਹ ਬੋਲਦਾ ਹੈ, ਤਾਂ ਸਭ ਚੁੱਪ ਕਰ ਜਾਂਦੇ ਹਨ।

"ਖ਼ੂਬ ਕਹੀ ਹੈ, ਆਪਣਾ ਦੇਸ਼, ਆਪਣਾ ਦੇਸ਼ ਹੀ ਹੁੰਦਾ ਹੈ ! ਜਾਣਦੇ ਹੋ, ਆਪਣੇ ਦੇਸ਼ ਦੀ ਰਾਤ ਹੁਣ ਸਵੇਰ ਵਿਚ, ਦਿਨ ਵਿਚ ਬਦਲ ਗਈ ਹੈ। ਉੱਥੇ ਹੁਣ ਕਿਤੇ ਵੀ ਰਾਤ ਨਹੀਂ ਪੈਂਦੀ, ਕਿਉਂਕਿ ਉੱਥੇ ਹੁਣ ਉੱਲੂਆਂ ਦਾ ਵਾਸਾ ਹੈ—ਕੁਰਸੀਆਂ ਵਿਚ ਚਮਗਿੱਦੜ ਬੈਠੇ ਹਨ। ਕੁਰਸੀਆਂ ਕੇਵਲ ਇਕ ਹੀ ਭਾਸ਼ਾ ਬੋਲਦੀਆਂ ਹਨ, ਇਕ ਹੀ ਦ੍ਰਿਸ਼ ਵੇਖਦੀਆਂ ਹਨ ਤੇ ਲੋਕੀਂ 'ਸਭ ਅੱਛਾ' ਕਹਿੰਦੇ ਹੋਏ ਬੈਟਰੀਆਂ ਵਾਲੇ ਖਿਡੌਣਿਆਂ ਵਾਂਗ ਸਿਰ ਹਿਲਾ ਕੇ ਹੁੰਗਾਰੇ ਭਰਦੇ ਹਨ।"

ਉਸ ਦੇ ਕੁਝ ਮਿੱਤਰ ਉਸ ਵਲਾਂ ਹੈਰਾਨੀ ਨਾਲ ਵੇਖਦੇ ਹਨ, ਕੁਝ ਗੰਭੀਰਤਾ ਨਾਲ ਅਤੇ ਕੁਝ ਉਸ ਨੂੰ ਸਿਰਫਿਰਿਆ ਮੂਰਖ ਆਖ ਕੇ ਉੱਚਾ ਹਾਸਾ ਹੱਸ ਛੱਡਦੇ ਹਨ ... ਸ਼ਰਾਬ ਦਾ ਇਕ ਗਲਾਸ ਹੋਰ ਉਸ ਦੇ ਅੰਦਰ ਚਲਾ ਜਾਂਦਾ ਹੈ ਤੇ ਉਹ ਬੋਲਦਾ ਹੈ, ਜਿਵੇਂ ਖ਼ਲਾਅ ਨੂੰ ਸੰਬੋਧਨ ਕਰ ਰਿਹਾ ਹੋਵੇ।

"ਉੱਲੂਆਂ ਦੇ ਦੇਸ਼, ਸ਼ੀਸ਼ੇ ਦੇ ਘਰ ਹਨ। ਇਕ ਦੂਜੇ ਨੂੰ ਸਭ ਜਾਣਦੇ ਹਨ। ਬਹੁਤ ਚੰਗੀ ਤਰ੍ਹਾਂ, ਹੱਥ ਦੀ ਪੁੱਠ ਸਿੱਧ ਵਾਂਗ—ਪਰ ਕੋਈ ਵੀ ਕਿਸੇ ਦੇ ਘਰ ਉੱਤੇ ਪੱਥਰ ਨਹੀਂ ਮਾਰਦਾ। ਉਨ੍ਹਾਂ ਨੂੰ ਘਰ ਦੇ ਨਹੀਂ, ਸਗੋਂ ਆਪਣੇ ਕੀਚਰਾਂ-ਕੀਚਰਾਂ ਹੋ ਜਾਣ ਦਾ ਡਰ ਹੈ। ਲਗਾਤਾਰ ਏਸ ਭੈ ਹੇਠ ਵਿਚਰਦੇ ਹੋਏ ਉਹ ਆਪਣੇ ਘਰ ਵਿਚ ਵੀ ਕੁਰਸੀਆਂ ਦੀ ਭਾਸ਼ਾ ਬੋਲਦੇ ਹਨ। ਉਨ੍ਹਾਂ ਨੇ ਪੁਰਾਣੀ ਕਹਾਵਤ ਨੂੰ ਨਵੇਂ ਰੂਪ ਵਿਚ ਢਾਲ ਲਿਆ ਹੈ ਤੇ ਕਹਿੰਦੇ ਹਨ 'ਸ਼ੀਸ਼ੇ ਦੀਆਂ ਕੰਧਾਂ ਵਿਚ ਕੰਨ ਹੀ ਨਹੀਂ, ਅੱਖਾਂ ਵੀ ਹੁੰਦੀਆਂ ਹਨ।'... ਤੇ ਸੁਣਿਆ ਹੈ ਕਿ ਸਾਡੇ ਦੇਸ਼ ਦੀ ਅਗਲੀ ਨਸਲ, ਪਿੰਜਰ ਵਿਚ ਜਿਊਂਦੀ ਜਾਗਦੀ ਜ਼ਿੰਦਗੀ ਦੇ ਰੰਗ ਭਰ ਰਹੀ ਹੈ। ਪਿੰਜਰ ਵਿਚ ਜ਼ਿੰਦਗੀ ...।"

ਉਹ ਡੂੰਘੀ ਸੋਚ ਵਿਚ ਡੁੱਬ ਜਾਂਦਾ ਹੈ ਤਾਂ ਮਹਿਫ਼ਲ ਵਿਚ ਗੱਲਾਂ ਦੀ ਲੜੀ ਫਿਰ ਤੁਰਦੀ ਹੈ।

"ਹਾਂ, ਹਾਂ ਜ਼ਿੰਦਗੀ ਪਿੰਜਰ ਹੀ ਤਾਂ ਹੈ—ਮਾਸ ਲਾਹ ਦਿਓ, ਫੂਕ ਮਾਰ ਕੇ ਰੂਹ ਉਡਾ ਦਿਓ, ਕਹਿਰਾਂ ਦੀ ਧੁੱਪ ਵਿਚ ਮਗਜ਼ ਜਲਾ ਦਿਓ—ਬਾਕੀ ਪਿੰਜਰ ਹੀ ਰਹਿ ਜਾਂਦਾ ਹੈ—ਸੋਚੋਂ ਸੱਖਣਾ, ਬੇਜ਼ਬਾਨ, ਦਿਮਾਗ਼, ਖੋਪਰੀ ਹੀ ਤਾਂ ਹੁੰਦਾ ਹੈ।"

"ਭਾਵਾਂ, ਅਹਿਸਾਸਾਂ ਅਤੇ ਪ੍ਰਤੀਕਰਮਾਂ ਤੋਂ ਸੱਖਣੇ ਦਿਲ ਤੇ ਮਨ ਖਿਡੌਣੇ ਬਣ ਜਾਂਦੇ ਹਨ—ਕੋਈ ਜਿਵੇਂ ਚਾਹੇ, ਤਿਵੇਂ ਖੇਲੇ।"

"ਅੱਖਾਂ, ਦਿਮਾਗ਼ ਨੂੰ ਹੁੰਦੀਆਂ ਹਨ, ਕੰਨ ਵੀ ਤੇ ਜ਼ਬਾਨ ਵੀ—ਤੇ ਜਦੋਂ ਦਿਮਾਗ਼ ਵਿਚ ਉੱਲੂ ਆ ਬੈਠੇ, ਤਾਂ ਰਾਤ ਵੀ ਦਿਨ ਬਣ ਜਾਂਦੀ ਹੈ।"

"ਚੁੱਪ ਕਰੋ ਯਾਰ, ਉਹ ਚੁੱਪ ਹੈ ਤੇ ਤੁਸੀਂ ਮੁੜ-ਮੁੜ ਉਸ ਦੇ ਕਹੇ ਹੋਏ ਵਾਕ ਹੀ ਦੁਹਰਾਈ ਜਾ ਰਹੇ ਹੋ—ਕੋਈ ਆਪਣੀ ਗੱਲ ਕਰੋ ...।"

"ਆਪਣੀ ਗੱਲ ਵੀ ਬਸ ਏਨੀ ਗੱਲ ਹੈ ...।"

ਮਹਿਫ਼ਲ ਵਿਚ ਹਾਸਾ ਗੂੰਜਦਾ ਹੈ ਤੇ ਗੱਲਾਂ ਦੀ ਲੜੀ ਫਿਰ ਤੁਰਦੀ ਹੈ।

"ਸੋਚਿਆ ਸੀ, ਦੇਸ਼ ਵਿਚ, ਆਪਣੀ ਗਰੀਬੀ ਦੀ ਜੰਗ ਕੈਨੇਡਾ ਵਿਚ ਲੜ ਕੇ ਕੁਝ ਤਸੱਲੀ ਮਿਲੇਗੀ—ਪਰ ਗੱਲ ਨਹੀਂ ਬਣੀ।"

"ਡਾਲਰ ਹਨ, ਘਰ ਹੈ, ਕਾਰ ਹੈ, ਐਸ਼ੋ-ਆਰਾਮ ਦਾ ਸਮਾਨ ਹੈ—ਪਰ ਮਿੱਟੀ ਦਾ ਮੋਹ ਨਹੀਂ—ਮੇਰਾ ਮਤਲਬ ਦੇਸ਼ ਦੀ ਮਿੱਟੀ ਨਹੀਂ ...।"

"ਜੋ ਛੱਡਿਆ ਸੀ, ਉਹ ਛੱਡ ਨਹੀਂ ਹੁੰਦਾ ... ਜੋ ਅਪਣਾਇਆ ਹੈ, ਉਹ ਆਪਣਾ ਨਹੀਂ ਬਣਦਾ ...।"

"ਫਿਰ ਵੀ ਉਹੋ ਉਦਾਸ ਗੱਲਾਂ ... ਕੋਈ ਇਨਕਲਾਬੀ ਗੱਲ ਕਰੋ। ਏਥੇ ਤੁਹਾਡੀ ਸੋਚ ਵੀ ਆਜ਼ਾਦ ਹੈ, ਜ਼ਬਾਨ ਵੀ।"

"ਕੈਨੇਡਾ ਵਿਚ ਵਿਸਕੀ ਪੀ ਕੇ, ਐਸ਼ ਕਰਕੇ, ਦੇਸ਼ ਦੀ ਗਰੀਬੀ ਦੀ ਗੱਲ ਕਰੀਏ, ਆਓ ! ਆਓ ਯਾਰੋ ਕੁਝ ਤਾਂ ਪਖੰਡ ਕਰੀਏ—ਅਸੀਂ ਸਭ ਇਨਕਲਾਬੀ ਹਾਂ ਇਨਕਲਾਬੀਆਂ ਦੀ ਔਲਾਦ ਹਾਂ—'ਕਾਮਾਗਾਟਾ ਮਾਰੂ ਜਹਾਜ਼' ਵੀ ਤਾਂ ਇਸੇ ਮਹਾਂਦੀਪ ਤੋਂ ਪਰਤਿਆ ਸੀ—ਗਦਰੀ ਬਾਬੇ ਵੀ ਏਥੋਂ ਹੀ ਬੋਲੇ ਸਨ—ਤੁਸੀਂ ਵੀ ਬੋਲੋ; ਇਨਕਲਾਬ, ਜ਼ਿੰਦਾਬਾਦ।"

ਸਭ ਬੋਲਦੇ ਹਨ, "ਇਨਕਲਾਬ ਜ਼ਿੰਦਾਬਾਦ।"

ਤੇ ਮਹਿਫ਼ਲ ਫਿਰ ਕਹਿਕਿਆਂ ਨਾਲ ਗੂੰਜ ਉੱਠਦੀ ਹੈ। ਉਹ ਫਿਰ ਬੋਲਦਾ ਹੈ, ਤਾਂ ਸਭ ਚੁੱਪ ਕਰ ਜਾਂਦੇ ਹਨ।

"ਸ਼ਰਾਬ ਦਿਓ ਯਾਰ, ਮੇਰਾ ਗਲਾਸ ਖ਼ਾਲੀ ਹੈ।"

"ਪਾਓ ਪਾਓ, ਬਈ ਆਪਣੇ ਫ਼ਿਲਾਸਫ਼ਰ ਯਾਰ ਨੂੰ ਦਿਮਾਗ਼ ਤਕ ਭਰ ਦਿਓ।"

ਭਰਿਆ ਹੋਇਆ ਗਲਾਸ ਉਹ ਫਿਰ ਗਟਾਗਟ ਪੀ ਜਾਂਦਾ ਹੈ ਤੇ ਫਿਰ ਬੜੇ ਗੰਭੀਰ ਸੁਰ ਵਿਚ ਬੋਲਦਾ ਹੈ, "ਪਰ ਉਹ ਕਿਉਂ ਚੁੱਪ ਹਨ ?"

"ਕੌਣ ?"

ਕਿਸੇ ਵੱਲੋਂ ਪੁੱਛੇ ਗਏ ਇਸ ਸਵਾਲ ਨੂੰ ਨਜ਼ਰ-ਅੰਦਾਜ਼ ਕਰਕੇ ਉਹ ਬੋਲੀ ਜਾਂਦਾ ਹੈ।

"ਉਹ ਜਿਨ੍ਹਾਂ ਦੇ ਹੱਥਾਂ ਵਿਚ ਕਲਮ ਹੈ, ਰੰਗ ਹਨ ... ਉਹ ਜਿਨ੍ਹਾਂ ਦੇ ਹੱਥ ਮੂਰਤੀਆਂ ਘੜਦੇ ਤੇ ਅੱਖਾਂ ਸੁਪਨੇ ਵੇਖਦੀਆਂ ਹਨ—ਉਨ੍ਹਾਂ ਨੂੰ ਕੀ ਹੋਇਆ ਹੈ ?"

ਉਹ ਫਿਰ ਚੁੱਪ ਕਰ ਜਾਂਦਾ ਹੈ ਤੇ ਯਾਰ ਦੋਸਤ ਇਕ ਦੂਜੇ ਨੂੰ ਇਸ਼ਾਰਾ ਕਰਕੇ ਹੌਲੀ-ਹੌਲੀ ਗੱਲ ਤੋਰਦੇ ਹਨ।

"ਅੱਜ ਇਸ ਦੀ ਤਬੀਅਤ ਕੁਝ ਵਧੇਰੇ ਹੀ ਖ਼ਰਾਬ ਜਾਪਦੀ ਹੈ।"

"ਹਫ਼ਤਾ ਕੁ ਹੋਇਆ ਇਸ ਦਾ ਮੈਡੀਕਲ ਕਰਵਾਇਆ ਸੀ—ਡਾਕਟਰ ਕਹਿੰਦਾ ਹੈ ਕਿ ਇਸ ਦਾ ਕੈਨਸਰ ਫੇਫੜਿਆਂ ਤੇ ਰੀੜ੍ਹ ਦੀ ਹੱਡੀ ਨੂੰ ਛੂਹ ਗਿਆ ਹੈ—ਉਦੋਂ ਤੋਂ ਹੀ ਇਹ ਰੋਜ਼ ਮਹਿਫ਼ਲ ਚਾਹੁੰਦਾ ਹੈ। ਰੱਜ ਕੇ ਸ਼ਰਾਬ ਪੀਂਦਾ ਹੈ। ਇਹੋ ਜਿਹੀਆਂ ਗੱਲਾਂ ਕਰਦਾ ਹੈ। ਜੋ ਕੁਝ ਦੇਸ਼ ਵਿਚ ਰਹਿ ਕੇ ਆਪ ਨਹੀਂ ਕਰ ਸਕਿਆ, ਉਸ ਉੱਤੇ ਪਸ਼ਚਾਤਾਪ ਕਰਦਾ ਹੈ। ਜਾਪਦਾ ਹੈ, ਇਸ ਦੇ ਦਿਨ ਪੂਰੇ ਹੋ ਗਏ ਹਨ।"

"ਇਸ ਨੂੰ ਕੀ ਹੋ ਗਿਆ ਹੈ ?"

"ਕੈਨਸਰ।"

ਉੱਚੇ ਬੋਲਾਂ ਵਿਚ ਦਿੱਤੇ ਇਸ ਉੱਤਰ ਨਾਲ ਉਹ ਸਭ ਉਂਗਲੀ ਹੋਂਠਾਂ ਉੱਤੇ ਰੱਖ ਕੇ ਇਕ ਦੂਜੇ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦੇ ਹਨ, ਤਾਂ ਉਹ ਫਿਰ ਬੋਲਦਾ ਹੈ, "ਉਨ੍ਹਾਂ ਨੂੰ ਕੀ ਹੋ ਗਿਆ ਹੈ ? ਉਹ ਜੋ ਸੁਫ਼ਨੇ ਵੇਖਦੇ ਹਨ—ਸੁਫ਼ਨਿਆਂ ਵਿਚ ਨਵੀਆਂ ਸਵੇਰਾਂ ਦੇ ਰੰਗ ਭਰਦੇ ਹਨ—ਇਨ੍ਹਾਂ ਨੂੰ ਸਾਕਾਰ ਕਰਨ ਲਈ ਲਿਖਦੇ, ਲੜਦੇ ਹਨ—ਉਨ੍ਹਾਂ ਨੂੰ ਕੀ ਹੋ ਗਿਆ ਹੈ ?"

ਉਹ ਫਿਰ ਚੁੱਪ ਕਰ ਜਾਂਦਾ ਹੈ ਅਤੇ ਖ਼ਾਲੀ ਗਲਾਸ ਨੂੰ ਮੂੰਹ ਨਾਲ ਲਾ ਕੇ, ਇਸ ਤਰ੍ਹਾਂ ਹੇਠਾਂ ਰੱਖ ਦਿੰਦਾ ਹੈ, ਜਿਵੇਂ ਸਾਰੀ ਦੀ ਸਾਰੀ ਸ਼ਰਾਬ ਗਟਾ ਗਟ ਪੀ ਗਿਆ ਹੋਵੇ। ਜ਼ਬਾਨ ਉੱਤੇ ਸ਼ਰਾਬ ਦੇ ਸੁਆਦ ਨੂੰ ਮਹਿਸੂਸ ਕਰਦਾ ਹੋਇਆ, ਉਹ ਫਿਰ ਬੋਲਦਾ ਹੈ, "ਉਨ੍ਹਾਂ ਨੂੰ ਕੈਨਸਰ ਹੋ ਗਿਆ ਹੈ। ਦਿਮਾਗ਼ੀ ਕੈਨਸਰ, ਦਿਲ ਤੇ ਮਨ ਦਾ ਕੈਨਸਰ, ਆਤਮਕ ਕੈਨਸਰ...ਉਹ ਸਭ ਜਿਊ ਨਹੀਂ, ਹੌਲੀ-ਹੌਲੀ ਬੇਜ਼ਬਾਨ ਮਰ ਰਹੇ ਹਨ ...।"

# ਆਪਣੇ ਆਪਣੇ ਉਹਲੇ

ਕੈਨੇਡਾ ਵਿਚ ਇਹ ਮੇਰਾ ਪਹਿਲਾ ਸਿਆਲ ਸੀ ਅਤੇ ਤੀਸਰੀ ਨੌਕਰੀ। ਪਹਿਲਾਂ ਦੋ ਵਾਰ ਮਜ਼ਦੂਰੀ ਕੀਤੀ ਸੀ ਅਤੇ ਹੁਣ ਲੰਮੀ ਉਡੀਕ ਤੋਂ ਬਾਅਦ ਮੈਨੂੰ ਆਪਣੇ ਕਿੱਤੇ ਦੀ ਨੌਕਰੀ ਮਿਲੀ ਸੀ। ਉਂਞ ਕੀ ਗੋਰੇ ਅੰਗਰੇਜ਼ ਤੇ ਕੀ ਹੋਰ ਨਸਲਾਂ ਰੰਗਾਂ ਦੇ ਲੋਕ ਇਹ ਹੀ ਕਹਿੰਦੇ ਹਨ ਕਿ ਇਸ ਦੇਸ਼ ਵਿਚ 'ਤੀਵੀਂ, ਮੌਸਮ ਅਤੇ ਨੌਕਰੀ ਦਾ ਕੋਈ ਭਰੋਸਾ ਨਹੀਂ।' ਹੌਲੀ-ਹੌਲੀ ਸਭ ਨੂੰ ਹੀ ਏਸ ਬੇਭਰੋਸੇ ਵਾਲੀ ਅਨਿਸਚਤ ਅਵਸਥਾ ਵਿਚ ਸੁਭਾਵਕ ਤੌਰ 'ਤੇ ਭਰੋਸੇ ਨਾਲ ਜਿਊਣ ਦੀ ਆਦਤ ਪੈ ਜਾਂਦੀ ਹੈ। ਮੈਂ ਵੀ ਰੱਸੇ ਚੱਬਣ ਲੱਗ ਪਿਆ ਸਾਂ।

ਜਿਸ ਸ਼ਹਿਰ ਦੀ ਲੱਕੜ-ਮਿੱਲ ਵਿਚ ਮੈਂ ਮਜ਼ਦੂਰੀ ਕੀਤੀ ਸੀ, ਉੱਥੋਂ 65 ਕੁ ਮੀਲ ਦੂਰ ਏਥੋਂ ਦੇ ਸਥਾਨਕ ਲਾਲ ਭਾਰਤੀਆਂ (ਰੈਡ ਇੰਡੀਅਨਜ਼) ਦੇ ਇਕ ਪਿੰਡ ਦੇ ਸਕੂਲ ਵਿਚ ਮੈਂ ਅਧਿਆਪਕ ਬਣ ਗਿਆ ਸਾਂ। 65 ਮੀਲ ਕੱਚੀ ਸੜਕ, ਆਸੇ ਪਾਸੇ ਚੋਟੀਆਂ ਤਕ ਬਰਫ਼ਾਏ ਪਹਾੜ, ਜੰਮੀਆਂ ਝੀਲਾਂ, ਬਰਫ਼ ਦਾ ਮਾਨਵੀਕਰਨ ਕਰ ਰਹੇ ਵਣਾਂ ਦੇ ਰੁੱਖ ਅਤੇ ਪਹਾੜ ਦੀ ਵਾਦੀ ਵਿਚ ਵਸਦਾ ਇਹ ਨਿੱਕਾ ਜਿਹਾ ਪਿੰਡ—ਯਕੀਨ ਹੀ ਨਹੀਂ ਸੀ ਆਉਂਦਾ ਕਿ ਮੈਂ ਕੈਨੇਡਾ ਵਿਚ ਸਾਂ। ਇੰਞ ਜਾਪਦਾ ਸੀ ਜਿਵੇਂ ਭਾਰਤ ਦੇ ਕਿਸੇ ਪਛੜੇ ਹੋਏ ਪਹਾੜੀ ਪਿੰਡ ਵਿਚ ਆ ਗਿਆ ਹੋਵਾਂ।

ਏਸ ਥਾਂ ਆਣ ਕੇ ਪਹਿਲੇ ਕੁਝ ਹਫ਼ਤੇ ਤਿੰਨ ਸੌਣ-ਕਮਰਿਆਂ ਵਾਲੇ ਲੱਕੜੀ ਦੇ ਟਰੇਲਰ (ਪਹੀਆਂ ਵਾਲਾ ਘਰ) ਤੋਂ ਲੈ ਕੇ, ਮੇਰੀ ਦੁਨੀਆਂ 400 ਗਜ਼ ਦੀ ਵਿੱਥ ਉੱਤੇ ਵਾਕਿਆ ਸਕੂਲ ਦੀ ਇਮਾਰਤ ਤਕ ਸੁੰਗੜ ਗਈ ਸੀ। ਏਥੇ ਘਰਾਂ ਤੇ ਇਮਾਰਤਾਂ ਵਿਚ ਸ਼ਹਿਰ ਵੱਸਦਾ ਸੀ ਅਤੇ ਬਾਹਰ ਪਿੰਡ। ਬਿਜਲੀ, ਟੈਲੀਵਿਯਨ, ਸਟੋਵ, ਸੋਫੇ, ਫਰਿੱਜ, ਕਾਲੀਨ, ਕੱਪੜੇ ਧੋਣ ਤੇ ਸੁਕਾਉਣ ਵਾਲੀਆਂ ਮਸ਼ੀਨਾਂ ਅਤੇ ਹੋਰ ਵਰਤੋਂ ਤੇ ਆਰਾਮ ਦਾ ਸਾਮਾਨ ਲਗਭਗ ਹਰ ਇਕ ਨੂੰ ਪ੍ਰਾਪਤ ਸੀ। ਸਕੂਲ ਵਿਚ ਪੜ੍ਹਾਉਣ ਲਈ ਫ਼ਿਲਮਾਂ, ਸਲਾਈਡਾਂ ਅਤੇ ਵੇਖਣ ਸੁਣਨ ਵਾਲੀ ਹੋਰ ਸਭ ਸਹਾਇਕ ਸਾਮੱਗਰੀ ਮੌਜੂਦ ਸੀ। ਮੇਰੇ ਪੁਰਾਣੇ ਕਿੱਤੇ ਵਿਚ ਇਕ ਨਵੇਂ ਅਧਿਆਇ ਦਾ ਆਰੰਭ ਹੋ ਰਿਹਾ ਸੀ। ਏਸ ਸਕੂਲ ਵਿਚ ਮਰਦ ਅਧਿਆਪਕ ਅਸੀਂ ਕੇਵਲ ਚਾਰ ਸਾਂ ਅਤੇ ਅਧਿਆਪਕਾਵਾਂ ਅੱਠ। ਦੋ ਵਿਆਹੀਆਂ ਹੋਈਆਂ, ਦੋ ਮਰਦ-ਮਿੱਤਰਾਂ ਨਾਲ ਸਾਂਝੇ ਕਾਨੂੰਨ ਅਧੀਨ ਸੁਤੰਤਰ ਸੰਬੰਧ ਭੋਗਦੀਆਂ ਅਤੇ ਬਾਕੀ ਦੀਆਂ ਚਾਰ ਮੇਰੇ ਵਾਂਗ ਇਕੱਲੀਆਂ ਸਨ। ਇਕੱਲੀਆਂ ਆਪਣੇ ਆਪ ਨੂੰ ਵਧੇਰੇ ਸੁਤੰਤਰ ਅਤੇ ਪ੍ਰਕਿਰਤੀਵਾਦੀ ਸਮਝਦੀਆਂ ਸਨ।

ਇਸ ਛੋਟੇ ਜਿਹੇ ਅਧਿਆਪਕ ਵਰਗ ਵਿਚ ਮੇਰਾ ਆਉਣਾ, ਇਕ ਵਿਸ਼ੇਸ਼ ਘਟਨਾ ਸੀ, ਖ਼ਾਸ ਕਰ ਅਧਿਆਪਕਾਵਾਂ ਦੇ ਖੇਤਰ ਵਿਚ। ਕੀ ਵਿਆਹੀਆਂ ਤੇ ਕੀ ਇਕੱਲੀਆਂ ਤਥਾ ਅਰਧ-ਵਿਆਹੀਆਂ—ਮੈਂ ਸਭ ਦਾ ਕੇਂਦਰ ਸਾਂ। ਜਿੰਨਾ ਉਹ ਮੈਨੂੰ ਮੇਰੇ ਅੰਦਰੋਂ ਬਾਹਰ ਕੱਢਣ ਦਾ ਯਤਨ ਕਰ ਰਹੀਆਂ ਸਨ, ਉਤਨਾ ਹੀ ਮੈਂ ਆਪਣੇ ਅੰਦਰ ਸੁੰਗੜਦਾ ਜਾ ਰਿਹਾ ਸਾਂ। ਪਰ ਕਦੋਂ ਤਕ ? ਉਨ੍ਹਾਂ ਦੀ ਜਗਿਆਸਾ ਨੂੰ ਸ਼ਾਂਤ ਕਰਨ ਲਈ ਦਿੱਤੇ ਪ੍ਰਸ਼ਨਾਂ ਦੇ ਉੱਤਰ ਆਖਿਰ ਸਕੂਲ ਦੀ ਇਮਾਰਤ ਤੋਂ ਉਨ੍ਹਾਂ ਦੇ ਘਰਾਂ ਦੀਆਂ ਮਹਿਫ਼ਲਾਂ ਤਕ ਫੈਲ

ਗਏ। ਪਰ ਮੈਂ ਇਕ ਤੇ ਇਕ ਦਾ ਫਾਸਲਾ ਸਦਾ ਕਾਇਮ ਰਖਿਆ ਸੀ, ਵਿੱਥ ਰਖ ਕੇ ਬੋਲਦਾ ਸਾਂ, ਇਕ ਤੇ ਇਕ ਨੂੰ ਅਭੇਦ ਨਹੀਂ ਹੋਣ ਦਿੰਦਾ ਸਾਂ। ਨਾ ਚਾਹੁੰਦਿਆਂ ਹੋਇਆਂ ਵੀ ਇਹ ਕੁਝ ਕਰਨਾ ਇਕ ਦਿਲਚਸਪ ਖੇਡ ਹੈ।

ਨਵੀਂ ਨਵੀਂ ਨੌਕਰੀ ਸੀ, ਬਹੁਤਾ ਕੰਮ, ਘੱਟ ਆਰਾਮ, ਵਧੇਰੇ ਮਿਹਨਤ ਅਤੇ ਬਹੁਤ ਕੁਝ ਨਵਾਂ ਸਿੱਖਣ ਵਾਲਾ ਸੀ। ਕੋਈ ਆਉਂਦੀ, ਮੈਨੂੰ ਫ਼ਿਲਮ-ਸਟ੍ਰਿਪ ਪ੍ਰਾਜੈਕਟਰ ਚਲਾਉਣਾ ਸਿਖਾ ਜਾਂਦੀ, ਕੋਈ ਮੂਵੀ ਪ੍ਰਾਜੈਕਟਰ, ਕੋਈ ਵੀਡੀਓ ਟੇਪ, ਕੋਈ ਡੁਪਲੀਕੇਟਿੰਗ ਮਸ਼ੀਨ, ਕੋਈ ਡਿੱਟੋ ਮਸ਼ੀਨ ਕੋਈ ਓਵਰ-ਹੈਡ ਪ੍ਰਾਜੈਕਟਰ ਅਤੇ ਅਜਿਹੀਆਂ ਹੋਰ ਮਸ਼ੀਨਾਂ ਅਤੇ ਇਨ੍ਹਾਂ ਨਾਲ ਪੜ੍ਹਾਉਣ ਦੀਆਂ ਨਵੀਆਂ ਤਕਨੀਕਾਂ।

ਦਿਨਾਂ ਵਿਚ ਹੀ ਮੈਂ ਕੈਨੇਡੀਅਨ ਅਧਿਆਪਕ ਬਣ ਗਿਆ ਸਾਂ ਅਤੇ ਮੇਰੀਆਂ ਸਹਿ-ਕਰਮਣਾਂ ਮੇਰੇ ਅੰਦਰ ਬਾਹਰ ਘੁੰਮ ਗਈਆਂ ਸਨ। ਇਹ ਕਿਹੀ ਅਵਸਥਾ ਸੀ ? ਰਿਸ਼ਤਾ ਨਾ ਹੁੰਦਿਆਂ ਵੀ ਕੋਈ ਰਿਸ਼ਤਾ ਸੀ ! ਰਿਸ਼ਤਾ ਹੁੰਦਿਆਂ ਵੀ, ਕੋਈ ਰਿਸ਼ਤਾ ਨਹੀਂ ਸੀ। ਏਥੋਂ ਦੀ ਜ਼ਿੰਦਗੀ ਸਦੀਵੀ ਜਾਂ ਉਮਰ ਸਮਾਨ ਲੰਮੇਰੀ ਵਚਨ-ਬੱਧਤਾ ਤੋਂ ਬਹੁਤ ਹੱਦ ਤਕ ਮੁਕਤ ਹੈ। ਮਰਦ ਅਤੇ ਔਰਤ ਦਾ ਸੰਗ ਵਧੇਰੇ ਕਰਕੇ ਫੈਸ਼ਨੀ ਪੌਸ਼ਾਕ ਵਰਗਾ ਹੈ ! ਅੱਜ ਨਹੁੰ ਮਾਸ, ਕੱਲ੍ਹ ਨੂੰ ਹੈਂਗਰ ਉੱਤੇ। ਨਵੇਂ ਬਾਜ਼ਾਰ, ਨਵੇਂ ਫੈਸ਼ਨ, ਨਵੇਂ ਰੰਗ, ਨਵੇਂ ਸੰਗ !

ਮੈਂ ਆਪਣੀ ਸ਼ੈਲੀ ਨਾ ਛੱਡੀ ਤੇ ਉਨ੍ਹਾਂ ਆਪਣੇ ਰੰਗ। ਅਜੀਬ ਸਮਝੌਤਾ ਸੀ ਸਾਡੇ ਸੰਬੰਧਾਂ ਦੀ ਹੋਂਦ ਦਾ। ਮੈਂ ਸੱਤ ਰੰਗ ਇਕੱਠੇ, ਇਕ ਸਮੇਂ ਕਦੇ ਵੀ ਵੇਖ ਨਾ ਸਕਿਆ ਅਤੇ ਮੇਰੇ ਚਾਨਣ ਦਾ ਭੇਦ ਉਨ੍ਹਾਂ ਨੂੰ ਨਾ ਲੱਗਾ। ਆਦਤ ਜਿਹੀ ਵਾਂਗ ਮਿਲਦੇ, ਮੁਸਕਰਾਉਂਦੇ ਬੀਤ ਰਹੇ ਸਾਂ, ਕੁਝ ਘਟਣ ਦੀ ਉਡੀਕ ਵਿਚ।

"ਮਿਸਟਰ ਰਾਹੀ, ਤੁਹਾਡੇ ਕੋਲ ਕਾਰ ਨਹੀਂ ! ਸ਼ਹਿਰ ਰਾਸ਼ਨ ਲੈਣ ਜਾਣਾ ਹੋਵੇ, ਬੈਂਕ ਜਾਂ ਕਿਸੇ ਹੋਰ ਕੰਮ ਤਾਂ ਸੰਕੋਚ ਨਾ ਕਰਨਾ—ਮੇਰੇ ਪਤੀ ਤੁਹਾਨੂੰ ਆਪਣੀ ਕਾਰ ਵਿਚ ਲਿਜਾ ਕੇ ਬਹੁਤ ਖ਼ੁਸ਼ ਹੋਣਗੇ।"

ਇਹ ਲਿੰਡਾ ਸੈਮਲੈਂਡਜ਼ ਸੀ—ਮਧਰਾ ਕੱਦ, ਗੋਰਾ ਸੂਹਾ ਰੰਗ, ਪਤਲਾ ਦਿਲਕਸ਼ ਸਰੀਰ, ਅੰਗ-ਅੰਗ ਚੁਲਬੁਲਾ ਨਿਰਤ ਕਰਦੀਆਂ ਅੱਖਾਂ ਅਤੇ 'ਜੀ ਆਇਆਂ- ਮੁਸਕਣੀ।'

ਦੂਸਰੇ ਦਿਨ ਸ਼ੁਕਰਵਾਰ ਸੀ। ਛੁੱਟੀ ਹੁੰਦਿਆਂ ਹੀ ਲਿੰਡਾ ਮੇਰੇ ਕਮਰੇ ਵਿਚ ਸੀ।

"ਇਹ ਮੇਰੇ ਪਤੀ ਹਨ, ਮਿਸਟਰ ਵੇਨ ਸੈਮਲੈਂਡਜ਼। ਤੁਸੀਂ ਇਨ੍ਹਾਂ ਨੂੰ ਇਨ੍ਹਾਂ ਦੇ ਪਹਿਲੇ ਨਾਮ ਵੇਨ ਨਾਲ ਸੰਬੋਧਨ ਕਰ ਸਕਦੇ ਹੋ ਤੇ ਮੈਨੂੰ ਲਿੰਡਾ ਨਾਲ।"

ਉਹ ਸਿਰ ਤੋਂ ਪੈਰਾਂ ਤਕ ਝੂਮੀ, ਮੁਸਕਰਾਈ—ਪਲ ਦੀ ਪਲ ਉਸ ਦੀ ਅੱਡੀ ਦੀ ਧੁਰੀ ਉੱਤੇ ਮੈਨੂੰ ਇਹ ਗਲੋਬ-ਨੁਮਾ ਦੁਨੀਆਂ ਘੁੰਮਦੀ ਨਜ਼ਰ ਆਈ ! ਵੇਨ ਕੁਝ ਚਿਰ ਚੁੱਪ ਰਿਹਾ। ਫਿਰ ਗੰਭੀਰ ਸੁਰ ਵਿਚ ਕੁਝ ਬੋਲਿਆ, ਪਰ ਮੈਂ ਸੁਣ ਨਾ ਸਕਿਆ। ਅਸੀਂ ਇਕ ਦੂਜੇ ਨਾਲ ਹੱਥ ਮਿਲਾ ਕੇ ਵੀ ਇਕ ਦੂਜੇ ਤੋਂ ਬਹੁਤ ਦੂਰ; ਅਛੋਹ ਖੜ੍ਹੇ ਸਾਂ—ਉੱਤਰੀ ਤੇ ਦੱਖਣੀ ਧਰੁਵ ਵਾਂਗ—ਦਰਿਆ ਦੇ ਦੋ ਕੰਢਿਆਂ ਵਾਂਗ—ਹਾਂ, ਇਨ੍ਹਾਂ ਦੋ ਕੰਢਿਆਂ ਵਿਚਕਾਰ, ਲਿੰਡਾ ਇਕ ਨਿਰੰਤਰ ਵਗਦੇ ਦਰਿਆ ਵਾਂਗ ਸੀ। ਉਸਦੀਆਂ ਲਹਿਰਾਂ ਦੇ ਉਤਰਾਅ ਚੜ੍ਹਾ ਨਾਲ ਮੇਰੀ ਕਾਇਆ ਖੁਰੀ ਸੀ। ਮੈਨੂੰ ਕੰਬਣੀ ਛਿੜੀ ਸੀ, ਮੈਨੂੰ ਸੇਕ ਆਇਆ ਸੀ—ਮੈਂ ਲਹਿਰਾਂ ਦੇ ਇਸ ਵੇਗ ਨਾਲ ਅੰਦਰ ਤਕ ਝੁਣਿਆ ਗਿਆ ਸਾਂ। ਮੇਰੇ ਮਨ ਦੇ ਸ਼ੀਸ਼ੇ ਵਿਚ ਉਤਰਾਅ ਚੜ੍ਹਾ ਭੋਗਦੀਆਂ ਇਨ੍ਹਾਂ ਸਦੀਵੀ ਲਹਿਰਾਂ ਦੀ ਨਿਰੰਤਰਤਾ ਦਾ ਕਰਮਸ਼ੀਲ ਬਿੰਬ ਜਿਵੇਂ ਥਿਰ ਹੋ ਕੇ ਲਟਕ ਗਿਆ ਸੀ।

"ਮੈਂ ਤੈਨੂੰ 'ਰਾਹੀ' ਹੀ ਆਖਾਂਗੀ ਤੇ ਵੇਨ ਵੀ ਤੈਨੂੰ ਇਸ ਨਾਂ ਨਾਲ ਸੰਬੋਧਨ ਕਰੇਗਾ।"

ਮੈਂ ਜਿਵੇਂ ਅਚਾਨਕ ਦ੍ਵਿ-ਸੁਪਨ ਵਿੱਚੋਂ ਜਾਗਿਆ ਹੋਵਾਂ। ਉਸ ਨੇ ਗੱਲ ਜਾਰੀ ਰੱਖੀ, "ਤੁਹਾਡੇ ਨਾਮ ਕਿੰਨੇ ਅਰਥ-ਭਰਪੂਰ ਹਨ ਤੇ ਸਾਡੀ ਜ਼ਿੰਦਗੀ ਕਿੰਨੀ ਅਰਥਹੀਣ। ਤੂੰ ਸਦਾ ਤੁਰਦਾ ਰਹੇਂ, ਇਹ ਮੇਰੀ ਇੱਛਾ ਹੈ। ਮੈਂ ਜੇ ਰਸਤਾ ਬਣੀ, ਤਾਂ ਵੀ ਭੁੱਲ ਉਲਝ ਜਾਵਾਂਗੀ—ਉਹ ਰਸਤਾ ਕਾਹਦਾ, ਜਿਸ ਕੋਲ ਦਿਸ਼ਾ ਨਹੀਂ ? ਮੇਰਾ ਰਸਤਾ ਬਾਹਰ ਤੋਂ ਅੰਦਰ ਵਲ ਆਉਂਦਾ ਤੇ ਇਕ ਅੰਨ੍ਹੀ ਗਲੀ ਵਿਚ ਮੁਕ ਜਾਂਦਾ ਹੈ। ਪਰ

ਤੇਰਾ ਰਸਤਾ ਅੰਦਰ ਤੋਂ ਬਾਹਰ ਵਲ ਜਾਂਦਾ ਹੈ, ਨਵੇਂ ਰਾਹ ਸਿਰਜਦਾ—ਕਿਉਂ ਵੇਨ ? ਤੂੰ ਕਿਵੇਂ ਸਟਾਪ ਸਾਈਨ ਬਣਿਆਂ ਖੜੋਤਾਂ ?"

"ਨਹੀਂ, ਨਹੀਂ ਲਿੰਡਾ ! ਮੈਂ ਆਪਣੇ ਅੰਦਰਲੇ ਵਣ ਵਿਚ ਕੈਦ ਹਾਂ—ਡੂੰਘਾ ਸੰਘਣਾ ਵਣ—ਜਿਸ ਵਿੱਚੋਂ ਲੰਘ ਕੇ ਸੂਰਜ ਦੀਆਂ ਕਿਰਨਾਂ ਵੀ ਧਰਤੀ ਤਕ ਨਹੀਂ ਪਹੁੰਚ ਸਕਦੀਆਂ। ਏਸ ਵਣ ਵਿਚ ਤੂੰ ਇਕ ਨਿੱਕੀ ਨਦੀ ਨਿਰੰਤਰ ਵਗਦੀ ਰਹੇਂ—ਤੇਰੇ ਵਹਿਣਾਂ ਵਿਚ ਵਹਿ ਕੇ ਕਦੇ ਕਦੇ ਇੰਞ ਜਾਪਦਾ ਹੈ, ਜਿਵੇਂ ਮੇਰੀਆਂ ਜ਼ੰਜੀਰਾਂ ਟੁੱਟ ਰਹੀਆਂ ਹੋਣ—ਮੇਰੀ ਕੈਦ ਖ਼ਤਮ ਹੋ ਰਹੀ ਹੋਵੇ—ਮੇਰਾ ਮਨ, ਮੇਰਾ ਦਿਮਾਗ਼, ਜਿਵੇਂ ਸੁਤੰਤਰਤਾ ਲਈ ...।"

"ਇਹ ਤੂੰ ਕੀ ਗੱਲਾਂ ਛੁਹ ਲਈਆਂ। ਚੱਲ ਰਾਹੀ, ਕਾਰ ਵਿਚ ਬੈਠ, ਸ਼ਹਿਰ ਚੱਲੀਏ।"

ਵੇਨ ਲਿੰਡਾ ਤੋਂ ਪੰਜ ਕੁ ਵਰ੍ਹੇ ਵੱਡਾ 32 ਸਾਲਾਂ ਦਾ ਸੀ। ਖਿਚੜੀ ਦਾਹੜੀ, ਖੁੱਲ੍ਹੇ, ਲੰਮੇਂ, ਖਿੱਲਰੇ ਵਾਲ, ਸਮੇਂ ਤੋਂ ਪਹਿਲਾਂ ਹੀ ਜਿਵੇਂ ਕਿਸੇ ਦੀ ਜਾਗੀਰ ਲੁੱਟ ਗਈ ਹੋਵੇ—ਲਿੰਡਾ ਕੁ ਜਿੱਡਾ ਹੀ ਮਧਰਾ ਕੱਦ, ਵੀਰਾਨ ਅੱਖਾਂ, ਠੰਡਾ ਵਿਹਾਰ, ਜਿਸਮ ਵਿਚ ਸੁਸਤ ਜਿਹਾ ਠਹਿਰਾ ਤੇ ਠਹਿਰਾ ਜਿਹੀ ਗਤੀ !

ਉਹ, ਕਾਰ ਕਾਫ਼ੀ ਤੇਜ਼ ਚਲਾ ਰਿਹਾ ਸੀ—ਸ਼ਾਇਦ ਆਪਣੀ ਜ਼ਿੰਦਗੀ ਦੇ ਬੀਤਣ ਦੀ ਰਫ਼ਤਾਰ ਦੇ ਅਹਿਸਾਸ ਨੂੰ ਧੀਮਾਂ ਕਰਨ ਲਈ।

"ਵੇਨ, ਰਾਹੀ ਕਵੀ ਹੈ, ਪ੍ਰਸਿੱਧ ਲੇਖਕ !"

"ਅੱਛਾ, ਅਧਿਆਪਕ ਲੇਖਕ ਵੀ ਹੁੰਦੇ ਹਨ ! ਪੇਸ਼ੇ ਵਿਚ ਪੇਸ਼ਾ, ਖ਼ੂਬ ਹੈ।"

ਮੈਂ ਕਿਹਾ, "ਨਹੀਂ, ਪੇਸ਼ੇ ਵਿਚ ਸ਼ੌਕ !"

ਉਹ ਬੋਲਿਆ, "ਸਮਾਂ ਪਾ ਕੇ ਸ਼ੌਕ ਵੀ ਪੇਸ਼ਾ ਹੀ ਬਣ ਜਾਂਦਾ ਹੈ ! ਮੇਰੇ ਲਈ ਜਿਊਣਾ ਵੀ ਇਕ ਪੇਸ਼ਾ ਹੀ ਹੈ ਤੇ ਮਰਨਾ ... ਹਾਂ ਮਰਨਾ, ਮੁਕਤੀ ! ਪੇਸ਼ਾ ਵਿਹਲ ਦੇਵੇ, ਤਾਂ ਮੁਕਤੀ ਮਿਲੇ ! ਲਿੰਡਾ, ਮੈਂ ਨਹੀਂ ਚਾਹੁੰਦਾ ਕਿ ਵਣ ਦੀ ਨਦੀ ਸੁਕ ਜਾਏ। ਪਰ ਮੈਂ ਇਹ ਵੀ ਨਹੀਂ ਚਾਹੁੰਦਾ ਕਿ ਉਹ ਰੁਖ਼ ਬਦਲ ਲਏ। ਮੇਰੀ ਮੁਕਤੀ, ਮੇਰਾ ਪਸ਼ਚਾਤਾਪ ਨਾ ਬਣੇ, ਇਹ ਹੀ ਮੇਰੀ ਇੱਛਾ ਹੈ। ਉਂਞ ਜਦੋਂ ਉਹ ਮੈਨੂੰ ਲੈਣ ਆ ਗਏ, ਤਾਂ ਮੇਰੇ ਵਣ ਦੀ ਅੱਗ ਨੂੰ ਤੇਰੀ ਨਦੀ ਵੀ ਨਹੀਂ ਬੁਝਾ ਸਕੇਗੀ। ਮੈਂ ਆਪਣੀ ਹਰਿਆਵਲ ਦੇ ਅੰਧਕਾਰ ਵਿਚ ਜਲ ਕੇ, ਸਦਾ-ਸਦਾ ਲਈ ਮੁਕਤ ਹੋ ਜਾਵਾਂਗਾ, ਇਨ੍ਹਾਂ ਦਿਮਾਗ਼ੀ ਤੇ ਮਾਨਸਕ ਜ਼ੰਜੀਰਾਂ ਤੋਂ ... !"

"ਵੇਨ, ਤੂੰ ਫਿਰ ਉਹ ਹੀ ਗੱਲਾਂ ਛੂਹ ਦਿੱਤੀਆਂ।"

ਮੈਂ ਪੁੱਛਿਆ, "ਉਹ ਕੌਣ ਹਨ ? ਵੇਨ ਨੂੰ ਕਿਉਂ ਲਿਜਾਣਾ ਚਾਹੁੰਦੇ ਹਨ ?"

"ਕੋਈ ਨਹੀਂ, ਵੇਨ ਦਾ ਵਿਸ਼ਵਾਸ ਹੈ ਕਿ ਜੇ ਦਿਨੇ ਮੰਦੇ ਸੁਫ਼ਨੇ ਵੇਖੀਏ, ਤਾਂ ਰਾਤ ਚੰਗੀ, ਸ਼ਾਂਤੀ ਨਾਲ ਲੰਘ ਜਾਂਦੀ ਹੈ।"

ਮੈਂ ਸੋਚ ਰਿਹਾ ਸਾਂ ਕਿ ਅਜੀਬ ਫ਼ਲਸਫ਼ਾ ਹੈ ! ਏਸ ਸੋਚ ਵਿਚ ਹੀ ਗੱਲ ਟਲ ਗਈ ਅਤੇ ਮੈਂ ਵੇਨ ਤਕ ਪਹੁੰਚ ਕੇ ਫਿਰ ਦੂਰ ਜਾ ਖੜ੍ਹਾ ਹੋਇਆ—ਇਕ ਏਕੇ ਵਾਂਗ, ਉਹ ਮੈਨੂੰ ਰੁਖ਼ ਵਾਂਗ ਲੱਗਾ ! ਲਿੰਡਾ ਇਕ ਬੁਝਾਰਤ ਬਣੀ ਕਹਿ ਰਹੀ ਸੀ, "ਵਾਪਸੀ 'ਤੇ ਤੂੰ ਸਾਡੇ ਘਰ ਰਹੇਂਗਾ। ਤੂੰ ਏਸ ਪਿੰਡ ਦੀ ਭਾਰਤ ਦੇ ਕਿਸੇ ਪਛੜੇ ਹੋਏ ਪਹਾੜੀ ਪਿੰਡ ਨਾਲ ਤੁਲਨਾ ਕੀਤੀ ਹੈ—ਇਹ ਤੇਰਾ ਅੰਦਾਜ਼ ਹੈ। ਸਾਡੇ ਘਰ ਨੂੰ ਵੇਖੀਂ, ਅਸੀਂ ਉਸ ਵਿੱਚੋਂ ਸ਼ਹਿਰ ਮਨਫ਼ੀ ਕਰਕੇ ਅਗਾਂਹ ਵਧ ਗਏ ਹਾਂ—ਹੋਰ ਵੀ ਅਗਾਂਹ ... ਕੁਦਰਤ ਦੇ ਸਨਮੁਖ, ਕੁਦਰਤੀ ਬਣ ਗਏ ਹਾਂ।"

ਉਨ੍ਹਾਂ ਦਾ ਘਰ ਇਕ ਲੌਗ ਕੈਬਿਨ ਸੀ (ਲੱਕੜ ਦਾ ਬਣਿਆ ਹੋਇਆ), ਜੋ ਅੱਸੀ ਏਕੜਾਂ ਦੇ ਉਨ੍ਹਾਂ ਦੇ ਫਾਰਮ ਅਤੇ ਜੰਗਲ ਦੇ ਵਿਚਕਾਰ ਬਣਿਆਂ ਹੋਇਆ ਸੀ। ਵਾਹੀ ਖੇਤੀ ਵਾਲੀ ਜ਼ਮੀਨ ਕੈਬਿਨ ਦੇ ਮੁੱਢ ਮਸਾਂ ਦੋ ਕੁ ਏਕੜ ਹੀ ਸੀ। ਬਾਕੀ ਕੇਵਲ ਜੰਗਲ ਸੀ। ਵੱਡੀ ਸੜਕ ਦੇ ਕੰਢੇ ਕਾਰ ਖੜ੍ਹੀ ਕਰਕੇ, ਉਨ੍ਹਾਂ ਦੇ ਕੈਬਿਨ ਤਕ ਦਾ ਦੋ ਮੀਲ ਦਾ ਫਾਸਲਾ ਅਸੀਂ ਬਰਫ਼-ਗੱਡੀ (ਸਕਿਡੂ) ਉੱਤੇ ਤੈ ਕੀਤਾ। ਲਿੰਡਾ ਬੋਲੀ, "ਕੈਬਨ ਅੰਦਰ, ਸ਼ਹਿਰ ਗ਼ੈਰ-ਹਾਜ਼ਰ ਹੈ ਤੇ ਉਸ ਦੀ ਜੱਟਿਲ ਸੱਭਿਅਤਾ ਵੀ।"

"ਬਰਫ਼ ਗੱਡੀ ਅਤੇ ਕਾਰ ਬਾਹਰ ਹਨ, ਜਿਵੇਂ ਸ਼ਹਿਰ ਦੀ ਧੂੜ, ਘਰ ਤੋਂ ਬਾਹਰ ਹੀ ਝਾੜ ਆਏ ਹੋਈਏ।"

"ਹਾਂ ਰਾਹੀ, ਏਥੇ ਨਾ ਬਿਜਲੀ ਹੈ, ਨਾ ਉੱਨਤ ਸੱਭਿਅਤਾ ਤੇ ਐਸ਼ੋ ਆਰਾਮ ਦਾ ਸਾਮਾਨ, ਨਾ ਟੈਲੀਫ਼ੋਨ, ਨਾ ਰੇਡੀਓ, ਨਾ ਟੀ. ਵੀ., ਨਾ ਸ਼ੋਰ—ਫਾਰ ਫਰਾਮ ਦੀ ਮੈਡਿੰਗ ਕਰਾਊਡ। ਇਹ ਲੋਹੇ ਦਾ ਬਕਸਾ ਸਾਡਾ ਚੁੱਲ੍ਹਾ ਹੈ, ਖਾਣਾ ਪਕਾਉਣ ਲਈ—ਇਸ ਵਿਚ ਅਸੀਂ ਆਪਣੇ ਹੱਥੀਂ ਕਟ ਕੇ ਬਾਲਣ ਬਣਾਈਆਂ ਲੱਕੜਾਂ ਬਾਲਦੇ ਹਾਂ—ਇਸ ਦੇ ਉਪਰ ਲਗਾ ਚਿਮਨੀ ਨੁਮਾ ਭੂਕਨਾ ਜਾਂ ਪਾਈਪ ਸਾਰੇ ਘਰ ਵਿਚ ਘੁੰਮਦਾ ਹੈ ਅਤੇ ਸਰਦੀਆਂ ਵਿਚ ਘਰ ਨੂੰ ਗਰਮ ਰੱਖਦਾ ਹੈ—ਧਰਤੀ ਅੰਦਰ 15 ਫੁੱਟ ਡੂੰਘਾ ਟੋਆ ਜਾਂ ਭੋਰਾ ਸਾਡਾ ਫਰਿਜ਼ ਹੈ, ਇਸ ਵਿਚ ਅਸੀਂ ਖਾਣ ਪੀਣ ਦਾ ਸਾਮਾਨ ਸਟੋਰ ਕਰਦੇ ਹਾਂ। ਅਨਘੜਤ ਮੰਜਿਆਂ, ਮੇਜ਼ਾਂ, ਕੁਰਸੀਆਂ ਅਤੇ ਫਰਨੀਚਰ ਵਿੱਚੋਂ ਤੂੰ ਸਾਡੇ ਹੱਥਾਂ ਦੇ ਸੇਕ ਨੂੰ ਅਜੇ ਵੀ ਮਹਿਸੂਸ ਕਰ ਸਕਦਾ ਹੈਂ।"

ਮੈਂ ਕਿਹਾ, "ਇਨ੍ਹਾਂ ਉੱਤੇ ਵਿੱਛੀਆਂ ਚਾਦਰਾਂ, ਮੇਜ਼-ਪੋਸ਼ਾਂ, ਰਸੋਈ ਵਿਚ ਪਏ ਭਾਂਡੇ ਆਦਿ ਹੋਰ ਵਸਤਾਂ ਜਿਵੇਂ ਤੁਹਾਡੇ ਲਈ ਤੁਹਾਡੀ ਸ੍ਰਿਸ਼ਟੀ 'ਚੋਂ ਬੀਤ ਕੇ ਖ਼ਤਮ ਹੋ ਚੁੱਕੀ ਸ਼ਹਿਰੀ ਸੱਭਿਅਤਾ ਦੇ ਬਚੇ-ਖੁਚੇ ਅਤੇ ਮਸੀਂ ਲੱਭੇ ਨਮੂਨਿਆਂ ਵਾਂਗ ਏਸ ਕੈਬਿਨ ਨੂੰ ਅਜਾਇਬ ਘਰ ਦਾ ਰੂਪ ਦੇ ਰਹੇ ਹੋਣ।"

ਲਿੰਡਾ ਪਹਿਲਾਂ ਖੁੱਲ੍ਹ ਕੇ ਹੱਸੀ ਤੇ ਫਿਰ ਬੋਲੀ, "ਸ਼ਹਿਰ ਦੇ ਪਰਛਾਵੇਂ, ਤਨ ਦੇ ਪਰਛਾਵੇਂ ਵਾਂਗ ਮਰਨ ਤਕ ਵੀ ਪਿੱਛਾ ਨਹੀਂ ਛੱਡਦੇ।"

ਵੇਨ ਨੂੰ ਜਿਵੇਂ ਸਾਹ ਚੜ੍ਹ ਗਿਆ ਹੋਵੇ। ਉਸਦੀਆਂ ਭੈ-ਭੀਤ ਅੱਖਾਂ ਜਿਵੇਂ ਜ਼ਬਾਨ ਬਣਨਾ ਚਾਹੁੰਦੀਆਂ ਵੀ, ਗੁੰਗੀਆਂ ਹੋ ਗਈਆਂ ਹੋਣ। ਲਿੰਡਾ ਨੇ ਵੇਨ ਵਲ ਵੇਖਿਆ ਤੇ ਫਿਰ ਮੇਰੇ ਵਲ। ਉਹ ਚੁਸਤੀ ਨਾਲ ਗੱਲ ਦਾ ਰੁਖ਼ ਬਦਲਦੀ ਹੋਈ ਬੋਲੀ, "ਵੇਨ, ਰਾਹੀ ਨੂੰ ਆਪਣੀਆਂ ਬੱਕਰੀਆਂ ਤੇ ਮੁਰਗੀਖ਼ਾਨਾ ਤਾਂ ਤੂੰ ਵਿਖਾਇਆ ਹੀ ਨਹੀਂ।"

"ਬੱਕਰੀਆਂ ਦਾ ਦੁੱਧ, ਮੁਰਗੀਆਂ ਦੇ ਅੰਡੇ ਤੇ ਮਾਸ—ਆਪਣੇ ਖੇਤਾਂ ਵਿਚ ਆਪ ਉਗਾਈਆਂ ਸਬਜ਼ੀਆਂ ਸਾਡਾ ਭੋਜਨ ਹਨ। ਔਹ ਜੁ ਨਿੱਕੀ ਜਿਹੀ ਨਦੀ ਹੈ, ਏਥੋਂ ਦੋ ਕੁ ਫਰਲਾਂਗ ਹੇਠਾਂ, ਸਾਡੀ ਤੇ ਮੇਰੇ ਜੰਗਲ ਦੀ ਜੀਵਨ-ਰੇਖਾ ਹੈ। ਉਥੋਂ ਅਸੀਂ ਪੀਣ, ਪਕਾਉਣ ਅਤੇ ਧੋਣ ਲਈ ਪੀਪਿਆਂ ਵਿਚ ਆਪਣੇ ਹੱਥੀਂ ਆਪ ਪਾਣੀ ਲੈ ਕੇ ਆਉਂਦੇ ਹਾਂ। ਏਸ ਨਦੀ ਵਿਚ ਅਸੀਂ ਕਦੇ-ਕਦੇ ਤਰਦੇ ਵੀ ਹਾਂ, ਇਸ 'ਚੋਂ ਸੈਮਨ ਮੱਛੀਆਂ ਵੀ ਫੜਦੇ ਹਾਂ। ਅੱਜ ਕੱਲ੍ਹ ਨਦੀ ਜੰਮ ਕੇ ਬਰਫ਼ ਬਣ ਗਈ ਹੈ, ਸ਼ੀਸ਼ੇ ਵਰਗੀ, ਤਰਿਆ ਨਹੀਂ ਜਾਂਦਾ। ਬਰਫ਼ ਨੂੰ ਅੱਗ ਨਾਲ ਪੰਘਰਾ ਕੇ ਪਾਣੀ ਬਣਾ ਲੈਂਦੇ ਹਾਂ ...।"

ਵੇਨ ਲਗਾਤਾਰ ਤੇ ਨਿਰਭਾਵ ਬੋਲੀ ਜਾ ਰਿਹਾ ਸੀ, ਸ੍ਵੈਚਾਲਕ ਮਸ਼ੀਨ ਵਾਂਗ ਜਿਵੇਂ ਉਸ ਨੇ ਇਹ ਵਾਕ, ਕਈ ਵਾਰ ਨਹੀਂ ਸਗੋਂ ਹਰ ਨਵੇਂ ਆਏ ਮਹਿਮਾਨ ਲਈ ਹਰ ਵਾਰ ਦੁਹਰਾਏ ਹੋਣ, ਟੇਪ ਵਾਂਗ।

ਕੈਬਿਨ ਦੀ ਹੇਠਲੀ ਮੰਜ਼ਲ ਰਸੋਈ, ਖਾਣ ਅਤੇ ਬਹਿਣ-ਕਮਰਾ ਸੀ ਅਤੇ ਉੱਪਰਲੀ ਸੌਣ-ਕਮਰਾ ! ਵਿਸਕੀ ਪੀਤੀ, ਖਾਣਾ ਖਾਧਾ ! ਉਹ ਦੋਵੇਂ ਉੱਪਰ ਚਲੇ ਗਏ। ਮੈਂ ਵਿਸਕੀ ਦਾ ਸਿਰ੍ਹਾਣਾ ਬਣਾ ਕੇ ਬਹਿਣ-ਕਮਰੇ ਵਿਚ ਸੌਂ ਗਿਆ।

ਦੂਸਰੇ ਦਿਨ ਸਕੂਲ ਦੀਆਂ ਸਹਿ-ਕਰਮਣਾਂ ਮੇਰੇ ਵਲਾਂ ਵੇਖ ਕੇ ਮਿੰਨ੍ਹਾਂ ਮਿੰਨ੍ਹਾਂ ਮੁਸਕਰਾ ਰਹੀਆਂ ਸਨ, ਜਿਵੇਂ ਆਖ ਰਹੀਆਂ ਹੋਣ: "ਖੇਡ ਜਾਰੀ ਰੱਖ, ਇਸ ਖੇਡ ਵਿਚ ਸਭ ਦੀ ਵਾਰੀ ਆਉਂਦੀ ਹੈ, ਸਾਡੀ ਵੀ ਆਵੇਗੀ।"

ਸ਼ਾਮ ਨੂੰ ਲਿੰਡਾ ਆਪ ਹੀ ਮੇਰੇ ਘਰ ਆ ਗਈ, ਜਿਵੇਂ ਆਪਣੇ ਹੀ ਘਰ ਆਈ ਹੋਵੇ। ਉਸ ਨੂੰ ਪਤਾ ਸੀ ਕਿ ਮੈਨੂੰ ਕੈਨੇਡੀਅਨਾਂ ਦਾ ਰਸਮੀ ਤੇ ਵਿਖਾਵੇ ਵਾਲਾ ਵਤੀਰਾ ਪਸੰਦ ਨਹੀਂ। ਇਸ ਵਤੀਰੇ ਦਾ ਅੰਦਾਜ਼ ਤੇ ਬੋਲ ਚਾਲ ਮਸ਼ੀਨੀ ਅਤੇ ਮਸਨੂਈ ਸੀ। ਉਸ ਨੇ ਆਪ ਹੀ ਕਾਕਟੇਲ ਕੈਬਨਿਟ 'ਚੋਂ ਮਨਪਸੰਦ ਸ਼ਰਾਬ ਕੱਢੀ ਅਤੇ ਸੋਫ਼ੇ ਉੱਤੇ ਬੈਠ ਗਈ।

"ਥਕਾਵਟ ਨਾਲੋਂ ਵਧ ਅਕੇਵੇਂ ਨੇ ਜਾਨ ਲੈ ਲਈ ਹੈ। ਲੈ, ਪੀ, ਜ਼ਿਹਨ ਤੋਂ ਕੁਝ ਬੋਝ ਲਾਹੀਏ, ਹੌਲਾ

ਫੁੱਲ, ਆਪਣਾ ਆਪ ਬਣਾਈਏ। ਸਾਡੇ ਲੋਕਾਂ ਕੋਲ ਸਮਾਂ ਹੀ ਨਹੀਂ ਕੋਮਲ ਕਲਾ ਲਈ, ਸੁਹਿਰਦਤਾ ਲਈ—ਜਦ ਵੀ ਵੇਖੋ ਡਾਲਰਾਂ ਦੀਆਂ ਗੱਲਾਂ। ਸਾਡੇ ਸਮਾਜ ਦੇ ਪਦਾਰਥਵਾਦੀ ਸਿਖਰ ਵਿਚ ਹੀ ਮਨੁੱਖਾ ਅਸਤਿਤਵ ਨੂੰ ਖੰਡਣ ਦਾ ਭੇਦ ਛੁਪਿਆ ਹੋਇਆ ਹੈ।"

"ਤੂੰ ਭਾਸ਼ਨ ਸ਼ੁਰੂ ਕਰ ਦਿੱਤਾ ! ਕੋਈ ਹਲਕੀ ਫੁਲਕੀ ਗੱਲ ਕਰ, ਕੋਮਲ ਜਿਹੀ, ਮਹਿਕ ਜਿਹੀ। ਮੈਨੂੰ ਤਾਂ ਕਦੇ-ਕਦੇ ਫੁੱਲਾਂ ਦਾ ਬੋਝ ਵੀ ਸੁਖਾਵਾਂ ਨਹੀਂ ਲੱਗਦਾ। ਫੁੱਲ ਵੀ ਪਦਾਰਥ ਹੀ ਹੈ। ਜੇ, ਨਾਸ਼ਮਾਨ-ਮਹਿਕ ਦਾ ਰਿਸ਼ਤਾ, ਆਤਮਾ ਦੀ ਕਥਾ ਹੈ, ਤਾਂ ਫੁੱਲ ਜਿਸਮ ਦੀ।"

"ਇਕ ਬਿਨ ਦੂਜੇ ਦੀ ਹੋਂਦ ਅਸੰਭਵ ਹੈ ! ਤੂੰ ਅਧਿਆਤਮਵਾਦ ਦਾ ਮਿਥਿਆ-ਮੁੱਖ ਲਾਹ ਅਤੇ ਆਪਣੇ ਅੰਦਰ ਝਾਤੀ ਮਾਰ। ਮੈਂ ਜਦੋਂ ਆਪਣੇ ਅੰਦਰ ਝਾਤੀ ਮਾਰਦੀ ਹਾਂ, ਤਾਂ ਤਨ ਮਨ ਵਿਚ ਤਰੇੜਾਂ ਪੈ ਜਾਂਦੀਆਂ ਹਨ—ਨਜ਼ਰ ਦੇ ਫਟਣ ਦਾ ਅਹਿਸਾਸ, ਇਕ ਤੋਂ ਦੂਜੀ ਸੋਚ ਵਿਚਕਾਰ ਖ਼ਲੀਜ ਵਾਂਗ ਤਣ ਜਾਂਦਾ ਹੈ।"

"ਤੇਰੀਆਂ ਇਹ ਤਰੇੜਾਂ ਕਿਸੇ ਹੋਰ ਦੀ ਤਰੇੜ ਵਿਚ ਮਿਲ ਕੇ ਇਕਾਈ ਨਹੀਂ ਬਣੀਆਂ ?"

"ਇਕਾਈ ਫਟਣ ਦਾ ਨਾਮ ਨਹੀਂ, ਜੁੜਨ ਦਾ ਨਾਮ ਹੈ। ਅੱਜ ਮੈਨੂੰ ਇੰਞ ਮਹਿਸੂਸ ਹੋ ਰਿਹਾ ਹੈ, ਜਿਵੇਂ ਮੈਂ ਤੀਜੀ ਵਾਰੀ ਟੁੱਟੀ ਤਰੇੜੀ ਜਾ ਰਹੀ ਹੋਵਾਂ। ਵੇਨ ਨਾਲ ਮੇਰੀ ਇਹ ਪਹਿਲੀ ਨਹੀਂ, ਤੀਸਰੀ ਸ਼ਾਦੀ ਹੈ ! ਇਕ ਸ਼ਾਦੀ ਖ਼ਤਮ ਹੋ ਜਾਂਦੀ ਹੈ, ਤਾਂ ਇਨ੍ਹਾਂ ਸ਼ਾਦੀਆਂ ਦੀ ਗਿਣਤੀ ਦਾ ਚਿੰਤਨ ਜ਼ਿਹਨ ਵਿਚ ਸੂਈਆਂ ਵਾਂਗ ਚੁੱਭਦਾ ਹੈ।"

"ਲਿੰਡਾ, ਤੂੰ ਸਾਹਿਤ ਬੋਲ ਰਹੀ ਹੈਂ, ਫ਼ਲਸਫ਼ਾ ਜੀ ਰਹੀ ਹੈਂ।"

"ਹਾਂ, ਕਦੇ ਮੈਂ ਵੀ ਕਵਿਤਾ ਲਿਖਣੀ ਸ਼ੁਰੂ ਕੀਤੀ ਸੀ। ਉਦੋਂ ਸ਼ਾਇਦ ਮੈਂ ਦਸਵੀਂ ਜਾਂ ਗਿਆਰ੍ਹਵੀਂ ਸ਼੍ਰੇਣੀ ਵਿਚ ਪੜ੍ਹਦੀ ਸਾਂ। ਉਸ ਮੁੰਡੇ ਵਲ ਵੇਖਦੀ ਹੀ ਰਹਿ ਗਈ ਤੇ ਮੇਰਾ ਦਿਲ ਕੀਤਾ :

ਜੀ ਕਰਦਾ ਬਦਲੀ ਬਣ ਜਾਵਾਂ
ਉੱਡਾਂ ਅੰਬਰ ਉੱਤੇ।
ਉਸ ਵਲ ਤੱਕਿਆ ;
ਮੇਰੇ ਅੰਦਰ :
ਪੰਛੀ ਪਿੰਜਰਾ ਢੂੰਡ ਰਿਹਾ ਸੀ।

ਤਿੰਨ ਵਾਰੀ ਬਿਲਕੁਲ ਇਵੇਂ ਹੀ ਹੋਇਆ ਸੀ। ਮਰਦ ਦੀ ਇਕ ਭਰਪੂਰ ਤੱਕਣੀ ਉੱਤੇ ਮੈਂ ਆਪਣੀ ਸਗਲੀ ਆਜ਼ਾਦੀ ਵਾਰ ਦਿੱਤੀ ਸੀ। ਹੁਣ ਮੈਨੂੰ ਅਹਿਸਾਸ ਹੋਇਆ ਹੈ ਕਿ ਜੋ ਮਰਦ ਉਸ ਛਿਣ ਵੇਖਿਆ ਸੀ, ਉਹ ਮਰਦ ਜਿਸਮ ਵਿਚ ਹੁੰਦਿਆਂ ਵੀ ਜਿਸਮ ਤੋਂ ਉਤਾਂਹ ਤੇ ਪਰੋਖ ਸੀ, ਸੰਪੂਰਨ ਮਰਦ ਸੀ। ਹਰ ਦਿਨ ਮੈਂ ਉਸ ਦੇ ਖੰਡਤ ਰੂਪ ਭੋਗਦੀ ਰਹੀ। ਫਿਰ ਇਕ ਦਿਨ ਅਚਾਨਕ ਇਹ ਅਹਿਸਾਸ ਹੋਇਆ ਕਿ ਇਹ ਮਰਦ, ਉਹ ਮਰਦ ਨਹੀਂ ਜਿਸ ਦੀ ਮੈਂ ਕਲਪਨਾ ਕੀਤੀ ਸੀ, ਸਗੋਂ ਉਸ ਦਾ ਇਕ ਘਟੀਆ ਬਦਲ ਹੈ। ਹੁਣ ਵੀ ਕੁਝ ਇੰਞ ਹੀ ਮਹਿਸੂਸ ਹੋ ਰਿਹਾ ਹੈ :

ਪਿੰਜਰਾ ਟੁੱਟ ਰਿਹਾ, ਉਹ
ਨਿਸੱਲ ਊਂਘ ਰਿਹਾ ਹੈ !
ਪੰਛੀ, ਪੰਖ ਖਿਲਾਰੇ,
ਤੋਲੇ ਅੰਬਰ ਦਾ ਪਾਸਾਰ ;
ਵੇਖੇ ਅੰਦਰ, ਵੇਖੇ ਬਾਹਰ,
ਊਂਘ ਰਹੇ ਨੂੰ ਖੰਭ ਤੋਂ ਝਾੜ,
ਲੋਚੇ ਇਕ ਅਨੰਤ ਉਡਾਰ !
ਇੱਕੋ ਬੂੰਦ, ਉਧਾਰੀ ਮੰਗਾਂ,

ਦੇ ਦੇ ਯਾਰ !
ਬੂੰਦ, ਜਿਹੜੀ ਮੇਰਾ ਅੰਦਰ ਭਰ ਦਏ :
ਬੂੰਦ ਜੁ ਸੋਮਾਂ,
ਸਾਗਰ, ਬੱਦਲ, ਨਦੀਆਂ ਦਾ ਪਾਸਾਰ !

ਜਦੋਂ ਮੈਂ ਇਹ ਕਵਿਤਾ ਲਿਖੀ ਸੀ, ਤਾਂ ਮੈਂ ਬਿਲਕੁਲ ਸੱਖਣੀ ਹੋ ਗਈ ਸਾਂ—ਹੰਭ ਕੇ ਡਿਗ ਪਈ ਸਾਂ। ਸਾਹ ਚੜ੍ਹ ਗਿਆ ਸੀ। ਤਰੇਲੀਆਂ ਆ ਰਹੀਆਂ ਸਨ। ਅੰਗ ਝੂਠੇ ਪੈ ਗਏ ਸਨ।

"ਲਿੰਡਾ, ਅੰਤ ਬਿਨਾਂ, ਅਨੰਤ ਦੀ ਕਿਹੀ ਹੋਂਦ ?"

"ਪਤਾ ਹੈ, ਤਾਂ ਹੀ ਲਿਖਿਆ ਸੀ। ਉਸ ਦਿਨ ਮੇਰੇ ਅੰਦਰ ਖ਼ਲਾਅ ਪਸਰ ਗਿਆ ਸੀ ਅਤੇ ਵੇਨ ਲਗਾਤਾਰ ਬੋਲੀ ਜਾ ਰਿਹਾ ਸੀ, "ਉਹ ਆ ਰਹੇ ਹਨ ... ਵੀਅਤਨਾਮੀ ... ਮੈਨੂੰ ਲੈਣ ਆ ਰਹੇ ਹਨ। ਗੋਲੀਆਂ ਲਾਸ਼ਾਂ, ਬੰਬ, ਟੁਕੜੇ-ਟੁਕੜੇ, ਚੀਥੜੇ-ਚੀਥੜੇ ਜਿਸਮ : ਬੱਚੇ, ਬੁੱਢੇ, ਤ੍ਰੀਮਤਾਂ, ਗਭਰੂ ... ਨਹੀਂ-ਨਹੀਂ, ਇਹ ਸਭ ਕੁਝ ਮੈਂ ਨਹੀਂ ਕੀਤਾ। ਇਹ ਮੇਰੀ ਇੱਛਾ ਨਹੀਂ ਸੀ। ਮੈਂ ਤਾਂ ਸਿਰਫ਼ ਹੁਕਮ ਦੀ ਪਾਲਣਾ ਕੀਤੀ ਸੀ। ਮੈਂ ਦੋਸ਼ੀ ਨਹੀਂ। ਮੈਨੂੰ ਨਾ ਲਿਜਾਓ—ਮੈਂ ਪੇਟ ਵਿਚ ਪਲਦੇ ਬੱਚੇ ਮਾਰੇ ਹਨ—ਮਮਤਾ ਸੋਮੇਂ ਵਿਚ ਸੁਕਾਈ ਹੈ—ਪਰ ਮੈਂ ਗੁਨਾਹ-ਗਾਰ ਨਹੀਂ ਹਾਂ—ਹਕੂਮਤ ਹੁਕਮ ਕਰਦੀ ਹੈ, ਤਾਂ ਹੀ ਸਿਪਾਹੀ ਗੋਲੀ ਚਲਾਉਂਦਾ ਹੈ। ਹਕੂਮਤ ਫ਼ੈਸਲਾ ਕਰਕੇ ਹੁਕਮ ਦਿੰਦੀ ਹੈ; ਸਿਪਾਹੀ ਸੁਣ ਕੇ ਅਮਲ ਕਰਦਾ ਹੈ। ਕੰਨਾਂ ਤੇ ਹੱਥਾਂ ਦੇ ਇਸ ਰਿਸ਼ਤੇ ਨੇ ਹੀ ਖ਼ੂਨ ਕੀਤੇ ਹਨ। ਮੇਰੀ ਆਤਮਾ, ਮੇਰੇ ਦਿਲ, ਮੇਰੇ ਦਿਮਾਗ਼ ਦਾ ਇਸ ਵਿਚ ਕੋਈ ਦੋਸ਼ ਨਹੀਂ। ਦੋਸ਼ੀ ਸਰਕਾਰਾਂ ਹਨ—ਨਹੀਂ, ਨਹੀਂ—ਮੈਨੂੰ ਨਾ ਲਿਜਾਓ ...।"

ਉਹ ਆਪਣਾ ਆਪ ਬੜੇ ਜ਼ੋਰ ਨਾਲ ਛੰਡ ਕੇ ਉੱਠਿਆ, ਜਿਵੇਂ ਕਿਸੇ ਪਹਾੜ ਹੇਠੋਂ ਨਿਕਲਿਆ ਹੋਵੇ—ਸਾਹੋ ਸਾਹ, ਤਰੇਲੀਓ ਤਰੇਲੀ—ਅੱਖਾਂ ਤਾੜੇ ਲੱਗੀਆਂ ਲਗਾਤਾਰ ਦੀਵਾਰ ਤੋਂ ਪਾਰ ਕੁਝ ਵੇਖਣ ਦਾ ਯਤਨ ਕਰਦੀਆਂ ਸਨ, "ਹਾਂ, ਇਹ ਤੂੰ ਹੀ ਹੈਂ—ਤੇਰੀ ਮਾਂ ਦੇ ਪੇਟ ਨੂੰ ਗੋਲੀ ਲੱਗੀ ਸੀ, ਤਾਂ ਤੂੰ ਭੁੜਕ ਕੇ ਬਾਹਰ ਆ ਗਿਆ ਸੈਂ ... ਤੇਰੀ ਯਾਦ ਨਾਲ ਮੇਰਾ ਆਪਣਾ ਬੀਜ ਸੁਕ ਗਿਆ ਜਾਪਦਾ ਹੈ। ਮੈਨੂੰ ਨਾ ਲੈ ਕੇ ਜਾਓ, ਬਚਾਓ-ਬਚਾਓ ...।"

ਲਿੰਡਾ ਮੈਨੂੰ ਦਸ ਰਹੀ ਸੀ ਕਿ "ਉਹ ਬੜੇ ਭਿਆਨਕ ਸੁਫ਼ਨੇ ਵਿੱਚੋਂ ਜਾਗਿਆ ਸੀ। ਹਕੀਕਤ ਵਰਗੇ ਇਹ ਸੁਫ਼ਨੇ ਉਸ ਨੂੰ ਕਈ ਵਾਰ ਆਉਂਦੇ ਹਨ। ਇਹ ਇਕ ਮਾਨਸਕ ਗ੍ਰੰਥੀ, ਇਕ ਮਾਨਸਕ ਰੋਗ ਹੈ। ਏਸ ਸੁਫ਼ਨੇ ਤੋਂ ਬਾਅਦ ਉਹ ਮੇਰੇ ਵਲਾਂ ਵੇਖ ਰਿਹਾ ਸੀ। ਉਸ ਦੀਆਂ ਅੱਖਾਂ ਬਿਲਕੁਲ ਬੇਜਾਨ ਸਨ। ਮੇਰੇ ਦਿਲ 'ਚੋਂ ਇਕ ਰੁੱਗ ਭਰਿਆ ਗਿਆ ਸੀ। ਮੇਰੀ ਆਪਣੀ ਕੁੱਖ ਇਕ ਖ਼ਲਾਅ ਬਣ ਗਈ ਜਾਪਦੀ ਸੀ, ਇਕ ਸਦੀਵੀ ਖ਼ਲਾਅ। ਇੰਞ ਪਹਿਲੀ ਵਾਰ ਨਹੀਂ, ਕਈ ਵਾਰ ਹੋਇਆ ਸੀ। ਹਰ ਵਾਰ ਮੈਂ ਉਸ ਨੂੰ ਵਧੇਰੇ ਮੋਹ ਕੀਤਾ ਤਾਂ ਕਿ ਉਹ ਆਪਣੇ ਜੰਗਲ ਦੀਆਂ ਤਾਰੀਕੀਆਂ ਵਿੱਚੋਂ ਨਿਕਲ ਕੇ, ਮੁੜ ਜ਼ਿੰਦਗੀ ਨਾਲ ਜੁੜ ਸਕੇ। ਉਹ ਜ਼ਿੰਦਗੀ ਨਾਲ ਜੁੜਦਾ ਹੈ, ਸੁਫ਼ਨੇ ਵਾਂਗ, ਪਰ ਮੈਂ ਹਕੀਕਤ ਮੰਗਦੀ ਹਾਂ, ਉਹ ਕੱਚ ਫੜਾ ਦਿੰਦਾ ਹੈ। ਮੈਂ ਕੱਚ ਮੰਗਦੀ ਹਾਂ, ਤਾਂ ਉਹ ਬੰਦੂਕ ਦੀ ਨਾਲੀ ਆਪਣੇ ਸਿਰ ਨੂੰ ਲਾ ਲੈਂਦਾ ਹੈ। ਮੈਂ ਕਹਿੰਦੀ ਹਾਂ, ਪਿਆਰ ਦਾ ਰਿਸ਼ਤਾ ਬਰਾਬਰ ਦਾ ਰਿਸ਼ਤਾ ਹੈ, ਮਾਣ ਦਾ, ਸਤਿਕਾਰ ਦਾ ਰਿਸ਼ਤਾ ਹੈ। ਤਰਸ ਦੀ ਮੰਗ, ਏਸ ਰਿਸ਼ਤੇ ਦਾ ਨਿਰਾਦਰ ਹੈ। ਉਸ ਨੂੰ ਇਹ ਗੱਲ ਸਮਝ ਨਹੀਂ ਪੈਂਦੀ ਤਾਂ ਮੈਂ ਕਈ-ਕਈ ਦਿਨ ਉਸ ਦੇ ਕੋਲ ਨਹੀਂ ਰਹਿੰਦੀ। ਕਿਤੇ ਚਲੀ ਜਾਂਦੀ ਹਾਂ। ਬਾਅਦ ਵਿਚ ਉਹ ਮੇਰੀ ਤਲਾਸ਼ ਕਰਦਾ ਹੈ। ਹਰ ਪਛਾਣੂੰ ਕੋਲੋਂ ਮੇਰੇ ਬਾਰੇ ਪੁੱਛਦਾ ਹੈ।"

"ਹਾਂ ਮੈਨੂੰ ਯਾਦ ਹੈ ਕਿ ਕੁਝ ਦਿਨ ਹੋਏ ਉਹ ਏਥੇ ਵੀ ਆਇਆ ਹੋਇਆ ਸੀ, ਖੋਇਆ, ਖੋਇਆ ਜਿਹਾ। ਸਾਰੇ ਅਧਿਆਪਕਾਂ ਦੇ ਘਰਾਂ ਦੇ ਦਰਾਂ ਤੇ ਦਸਤਕ ਦੇ ਕੇ ਤੇਰੇ ਬਾਰੇ ਪੁੱਛ ਕੇ। ਆਖ਼ਰੀ ਘਰ ਮੇਰਾ ਹੀ ਹੈ ਨਾ—ਤੇਰੇ ਬਾਰੇ ਪੁੱਛਿਆ ਮੂੰਹ ਵਿਚ ਹੀ ਕੁਝ ਬੁੜਬੜਾਇਆ ਤੇ ਫਿਰ ਚਲਾ ਗਿਆ।"

ਅਸੀਂ ਗੱਲਾਂ ਕਰ ਹੀ ਰਹੇ ਸਾਂ ਕਿ ਵੇਨ ਨੇ ਦਰਵਾਜ਼ੇ ’ਤੇ ਦਸਤਕ ਦਿੱਤੀ। ਖਿੰਡਰੇ ਵਾਲ, ਭੌਂਤਰੀ ਨਜ਼ਰ, ਖਿਚੜੀ ਦਾਹੜੀ। ਲਿੰਡਾ ਵਲਾਂ ਵੇਖ ਕੇ ਉਸ ਨੂੰ ਸੁਖ ਦਾ ਸਾਹ ਆਇਆ ਤੇ ਉਹ ਬੋਲਿਆ, “ਰਾਹੀ, ਇਹ ਥੱਕ ਗਈ ਹੈ। ਇਸ ਨੂੰ ਸੋਫ਼ੇ ਉੱਤੇ ਲਿਟਾ ਦੇ।”

ਮੈਂ ਸੋਫ਼ੇ ਉੱਤੇ ਸਿਰ੍ਹਾਣਾ ਰੱਖ ਕੇ ਲਿੰਡਾ ਨੂੰ ਆਪਣੀਆਂ ਬਾਹਾਂ ’ਤੇ ਚੁੱਕਿਆ ਤੇ ਲਿਟਾ ਦਿੱਤਾ। ਪਿਆਜ਼ੀ ਰੰਗ ਦੇ ਕੰਬਲ ਹੇਠਾਂ, ਉਹ ਘੂਕ ਸੌਂ ਗਈ ਤੇ ਸ਼ਰਾਬ ਦੇ ਨਾਲ-ਨਾਲ ਵੇਨ ਦੀਆਂ ਗੱਲਾਂ ਸ਼ੁਰੂ ਹੋ ਗਈਆਂ।

“ਮੈਨੂੰ ਜਬਰੀ ਭਰਤੀ ਕਰਕੇ ਵੀਅਤਨਾਮ ਭੇਜ ਦਿੱਤਾ ਗਿਆ ਸੀ। ਉਥੇ ਜੋ ਕੁਝ ਗ਼ੈਰ-ਇਨਸਾਨੀ ਹੋਇਆ ਹੈ, ਉਸ ਤੋਂ ਕੋਈ ਅਨਜਾਣ ਨਹੀਂ। ਛੁੱਟੀ ਕੱਟਣ ਲਈ ਬਹਾਨੇ ਨਾਲ ਮੈਂ ਅਮਰੀਕਾ ਆਇਆ ਤੇ ਭਗੌੜਾ ਬਣ ਕੇ ਕੈਨੇਡਾ ਦੇ ਧੁਰ ਉੱਤਰ ਵਿਚ, ਏਸ ਜੰਗਲ ਵਿਚ ਆ ਛੁਪਿਆ। ਜੋ ਪੈਸੇ ਜਮ੍ਹਾਂ ਕੀਤੇ ਸਨ, ਉਨ੍ਹਾਂ ਦੀ ਜ਼ਮੀਨ ਖ਼ਰੀਦੀ ਤੇ ਨਿਸ਼ਚਾ ਕੀਤਾ ਕਿ ਏਸ ਮਸ਼ੀਨੀ ਸੱਭਿਅਤਾ ਤੋਂ ਦੂਰ ਹੀ ਰਹਿਣਾ ਹੈ। ਕੁਦਰਤ ਦੀ ਗੋਦ ਵਿਚ ਵਸ ਜਾਣਾ ਹੈ। ਪਰ ਉਹ ਏਥੇ ਵੀ ਮੇਰਾ ਪਿੱਛਾ ਨਹੀਂ ਛੱਡਦੇ। ਉਨ੍ਹਾਂ ਦੇ ਭੂਤ ਮੈਨੂੰ ਸੁੱਤੇ ਨੂੰ ਜਗਾ ਲੈਂਦੇ ਹਨ, ਜਾਗੇ ਨੂੰ ਸੁਆ ਲੈਂਦੇ ਹਨ। ਲਿੰਡਾ ਵੀ ਮੈਨੂੰ ਇਥੇ ਹੀ ਮਿਲੀ ਸੀ। ਪਹਿਲੀਆਂ ਦੋ ਸ਼ਾਦੀਆਂ ਦੇ ਭੈ ਹੇਠ ਭੱਜੀ, ਇਹ ਤੀਜੀ ਸ਼ਾਦੀ ਤੋਂ ਮੁਨਕਰ ਸੀ। ਮੈਂ ਹੱਠ ਨਾ ਛੱਡਿਆ। ਮੇਰੇ ਜੰਗਲ ਦੀ ਚੁੱਪ ਅਤੇ ਜੰਗਲ ਦੀ ਨਿੱਕੀ ਨਦੀ ਦਾ ਸੰਗੀਤ ਇਸ ਨੂੰ ਸੁਖਾਵਾਂ ਲੱਗਾ ਤੇ ਹੁਣ ਪਤਾ ਨਹੀਂ ਇਹ ਫੇਰ ਕਿਉਂ ਟੁੱਟ-ਭੱਜ ਰਹੀ ਹੈ ?”

ਗਰਮੀਆਂ ਦੀਆਂ ਛੁੱਟੀਆਂ ਲਈ ਸਕੂਲ ਬੰਦ ਹੋਣ ਦੇ ਦਿਨ ਆ ਗਏ ਸਨ। ਉਸ ਦਿਨ ਸਾਡੀ ਆਖ਼ਰੀ ਸਟਾਫ਼ ਮੀਟਿੰਗ ਸੀ। ਲਿੰਡਾ ਨੇ ਮੇਰੇ ਵਲਾਂ ਦੋ ਚਾਰ ਵਾਰੀ ਵੇਖਿਆ ਅਤੇ ਫਿਰ ਦੂਜੇ ਪਾਸੇ ਨਜ਼ਰਾਂ ਭੰਵਾ ਲਈਆਂ, ਜਿਵੇਂ ਮੈਨੂੰ ਕਦੇ ਮਿਲੇ ਹੀ ਨਾ ਹੋਵੇ ! ਮੀਟਿੰਗ ਖ਼ਤਮ ਹੋਈ ਤਾਂ ਮੈਂ ਆਪਣੇ ਕਮਰੇ ਵਲਾਂ ਤੁਰ ਪਿਆ।

ਲਿੰਡਾ ਨੇ ਪਿੱਛੋਂ ਮੇਰੀ ਬਾਂਹ ਫੜ ਕੇ, ਮੈਨੂੰ ਆਪਣੇ ਵਲਾਂ ਘੁਮਾ ਲਿਆ, ਆਪਣੇ ਸਨਮੁਖ ਕਰ ਲਿਆ !

“ਕੀ ਗੱਲ ਹੈ ? ਮੈਨੂੰ ਵਧਾਈ ਨਹੀਂ ਦੇਣੀ।”

“ਕਾਹਦੀ ?”

“ਮੈਂ ਮਾਂ ਬਣਨ ਵਾਲੀ ਹਾਂ ! ਅਗਲੇ ਸਕੂਲ-ਵਰ੍ਹੇ ਵਿਚ ਮੈਂ ਜਣੇਪੇ ਦੀ ਛੁੱਟੀ ਲੈ ਰਹੀ ਹਾਂ !”

“ਮੁਬਾਰਕ ! ਬੂੰਦ ਸੋਮਾ ਬਣ ਰਹੀ ਹੈ।”

“ਖ਼ਲਾਅ ਭਰ ਰਹੀ ਹੈ—ਜ਼ਿੰਦਗੀ ਨੂੰ ਜੀਣ ਦਾ ਕੋਈ ਮੰਤਵ ਮਿਲ ਰਿਹਾ ਹੈ ...”

ਮੈਂ ਵੇਖਿਆ, ਉਸ ਦੀਆਂ ਅੱਖਾਂ ਵਿਚ ਉਸ ਸਮੇਂ ਉਹ ਆਪ ਨਹੀਂ ਸੀ, ਸਗੋਂ ਇਕ ਨੰਨ੍ਹਾਂ ਮੁੰਨ੍ਹਾਂ ਬੱਚਾ ਸੀ, ਬੱਚੇ ਦੀ ਮਾਂ ਸੀ।

“ਨਵੀਂ ਜ਼ਿੰਦਗੀ ਮੁਬਾਰਕ ! ਇਹ ਸਫ਼ਰ ਸੁਖਾਵਾਂ ਹੋਵੇ !”

“ਧੰਨਵਾਦ !”

ਆਪਣੇ ਉਹਲੇ ’ਚੋਂ ਬਾਹਰ ਨਿਕਲ ਕੇ, ਉਹ ਹੋਰ ਵੀ ਵਧੇਰੇ ਸੁੰਦਰ ਅਤੇ ਦਿਲਕਸ਼ ਲੱਗ ਰਹੀ ਸੀ !

# ਦਲਦਲ

ਘਰ ਵਿਚ ਨੌਕਰ ਹੈ, ਪਰ ਫਿਰ ਵੀ ਪਤਾ ਨਹੀਂ ਕਿਉਂ, ਮੈਂ ਅਕਾਰਨ ਹੀ ਘਰ ਦੇ ਆਸੇ-ਪਾਸੇ ਲਾਈਆਂ ਕਾਰਨੇਸ਼ਨ ਦੇ ਲਾਲ, ਉਨਾਭੀ ਤੇ ਹਲਕੇ ਪਿਆਜ਼ੀ ਰੰਗ ਦੇ ਫੁੱਲਾਂ ਦੀਆਂ ਕਿਆਰੀਆਂ ਗੁੱਡਣ ਲੱਗ ਪਿਆ ਸਾਂ। ਕੁਝ ਦੇਰ ਪਹਿਲਾਂ ਜਾਪਦਾ ਸੀ ਕਿ ਮੇਰੀ ਘੜੀ ਦੀਆਂ ਸੂਈਆਂ ਤਾਂ ਚੱਲ ਰਹੀਆਂ ਸਨ, ਪਰ ਸਮਾਂ ਮੇਰੇ ਅੰਗਾਂ ਵਿਚ ਖੜੋ ਗਿਆ ਸੀ। ਕਿੱਧਰ ਜਾਵਾਂ ? ਘਰ 'ਚੋਂ ਜੋ ਵੀ ਰਸਤਾ ਬਾਹਰ ਵਲ ਨਿਕਲਦਾ ਸੀ, ਉਸ ਦੇ ਸਾਹਵੇਂ ਅਨੇਕਾਂ ਪ੍ਰਸ਼ਨ-ਚਿੰਨ੍ਹ ਖੜ੍ਹੇ ਹੋ ਜਾਂਦੇ ਸਨ। ਕਿੱਧਰ ਜਾਵਾਂ ? ਕੀ ਨਾ ਕਰਾਂ ? ... ਤੇ ਮੇਰੇ ਕੋਲ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਨਹੀਂ ਸੀ। ਦਹਿਲੀਜ਼ ਦੀ ਜੂਨ ਨੂੰ ਤਿਆਗ ਕੇ, ਸੁੱਤੇ ਸਿੱਧ ਹੀ ਮੈਂ ਕਦਮ ਦਰਵਾਜ਼ਿਓਂ ਬਾਹਰ ਰਖਿਆ, ਤਾਂ ਮੇਰੇ ਸੱਜੇ ਪਾਸੇ ਕਾਰਨੇਸ਼ਨ ਦੇ ਫੁੱਲ ਨਜ਼ਰ ਆਏ ਸਨ, ਜਿਨ੍ਹਾਂ ਵਿਚ ਘਾਹ ਦੀਆਂ ਲੰਮੀਆਂ-ਲੰਮੀਆਂ ਤਿੜ੍ਹਾਂ ਉੱਗ ਆਈਆਂ ਸਨ। ਇਹ ਨੌਕਰ ਵੀ ਅਸਲੋਂ ਅੰਨ੍ਹਾਂ ਹੈ। ਜੇ ਇਸ ਨੂੰ ਆਖੋ ਨਾ ਤਾਂ ਇਹ ਕੋਈ ਕੰਮ ਨਹੀਂ ਕਰਦਾ। ਮੈਂ ਆਪੇ ਹੀ ਪਾਂਗਾ ਚੁਕ ਕੇ ਗੋਡੀ ਕਰਨ ਲੱਗ ਪਿਆ ਸਾਂ, ਇਕ ਮਸ਼ੀਨੀ ਕਰਮ ਅਨੁਸਾਰ—ਅਚੇਤ ਹੀ ਸ਼ਾਇਦ, ਅੰਗਾਂ ਵਿਚ ਖੜ੍ਹ ਚੁੱਕੇ ਸਮੇਂ ਨੂੰ, ਅੱਗੇ ਤੋਰਨ ਲਈ। ਗ਼ੈਰ-ਹਾਜ਼ਰ ਮਨ ਤੇ ਵਸੀਕਰਨ ਤੋਂ ਬਾਹਰੇ ਹੱਥਾਂ ਨੂੰ ਜਦ ਮੈਂ, ਘਾਹ ਕੱਟਦੇ ਹੋਏ ਵੇਖਦਾ ਹਾਂ, ਤਾਂ ਮੈਨੂੰ ਅਹਿਸਾਸ ਹੁੰਦਾ ਹੈ ਕਿ ਕਾਰਨੇਸ਼ਨ ਦਾ ਖ਼ੂਨ ਹੀ ਨਹੀਂ ਹੋਇਆ, ਸਗੋਂ ਦੁਨੀਆਂ ਦੇ ਹਰ ਸੁਹਜ ਤੇ ਉਸ ਪਿਛਲੀ ਹਰ ਸੁਤੰਤਰ ਭਾਵਨਾ ਦਾ ਖ਼ੂਨ ਹੋ ਗਿਆ ਹੈ। ਪ੍ਰਸ਼ਨ ਪੈਦਾ ਹੁੰਦਾ ਹੈ, ਕਿ ਅਸੀਂ ਏਨੇ ਹਿੰਸਕ ਕਿਉਂ ਹੋ ਗਏ ਹਾਂ, ਜੋ ਹਰ ਜਿਉਣ ਜੋਗੀ ਵਸਤੂ ਤੇ ਇੱਛਾ ਦਾ ਆਪੂੰ ਹੀ ਘਾਤ ਕਰੀ ਜਾ ਰਹੇ ਹਾਂ ? ਮੈਨੂੰ ਜਾਪਦਾ ਹੈ ਕਿ ਮੇਰੇ ਹੱਥਾਂ 'ਚੋਂ ਖ਼ੂਨ ਸਿੰਮ ਰਿਹਾ ਹੈ—ਕਾਰਨੇਸ਼ਨ ਦੇ ਲਾਲ-ਲਾਲ ਫੁੱਲਾਂ ਦਾ ਖ਼ੂਨ। ਕਾਰਨੇਸ਼ਨ ਦੇ ਫੁੱਲ ਮੈਨੂੰ ਲਹੂ ਦੇ ਧੱਬਿਆਂ ਵਰਗੇ ਜਾਪਦੇ ਹਨ। ਆਪਣੇ ਆਪ ਨੂੰ ਕੋਸਦਾ ਹੋਇਆ, ਮੈਂ ਫਿਰ, ਘਰ ਦੇ ਅੰਦਰ ਆ ਕੇ ਪਨਾਹ ਲੈਂਦਾ ਹਾਂ।

ਨਜ਼ਰਾਂ ਸਾਹਵੇਂ ਖ਼ਿਆਲੀ ਧੂੰਏਂ ਦੇ ਛੱਲੇ ਤੇ ਛੱਲੇ ਉੱਡ ਰਹੇ ਪ੍ਰਤੀਤ ਹੁੰਦੇ ਹਨ। ਸਿਗਰਟ ਅੱਗੇ ਹੁੰਦੀ ਹੈ, ਤਾਂ ਤੀਲ੍ਹੀ ਨਹੀਂ ਬਲਦੀ; ਤੀਲ੍ਹੀ ਬਲਦੀ ਹੈ ਤਾਂ ਸਿਗਰਟ ਅੱਗੇ ਨਹੀਂ ਹੁੰਦੀ। ਰਾਖ਼ਦਾਨੀ ਵਿਚ ਤੀਲ੍ਹੀਆਂ ਦਾ ਢੇਰ ਉੱਸਰ ਆਇਆ ਹੈ। ਸੋਚਦਾ ਹਾਂ, ਇਹ ਤੀਲ੍ਹੀਆਂ ਦਾ ਪਰਬਤ ਹੀ ਤਾਂ ਹੈ। ਵੱਡੀ ਚੀਜ਼ ਦਾ ਪਰਬਤ ਵੱਡਾ, ਛੋਟੀ ਦਾ ਛੋਟਾ।

ਕੁਝ ਪਰਬਤ ਮੇਰੇ ਪੈਰਾਂ ਹੇਠ ਆਏ, ਗਾਹੇ ਗਏ। ਕੁਝ ਪਰਬਤ ਅਜਿਹੇ ਸਨ, ਜਿਨ੍ਹਾਂ ਤੋਂ ਮੈਂ ਸਿਰ ਪਰਨੇ ਹੇਠਾਂ ਡਿੱਗਾ, ਕਦੇ ਵੀ ਸਿਖ਼ਰ ਤਕ ਨਾ ਪਹੁੰਚ ਸਕਿਆ। ਕੁਝ ਪਰਬਤ ਹਨ ਕਿ ਮੇਰੇ ਦਿਮਾਗ਼ ਵਿਚ ਉਸਰੀ ਚਲੇ ਆਉਂਦੇ, ਮੈਨੂੰ ਹਰ ਰੋਜ਼ ਹੇਠਾਂ ਹੀ ਹੇਠਾਂ ਦਬਾਈ ਚਲੇ ਜਾਂਦੇ ਹਨ। ਹੈਰਾਨ ਹੁੰਦਾ ਹਾਂ ਕਿ ਕਈ ਵਾਰੀ ਮਨੁੱਖ, ਮਰਦਾ ਖਪਦਾ ਏਨਾ ਬੋਝ ਚੁਕ, ਢੋ ਲੈਂਦਾ ਹੈ, ਕਿ ਉਹ ਸੀ ਤਕ ਨਹੀਂ ਕਰਦਾ ਅਤੇ ਕਈ ਵਾਰ ਇਕ ਹਲਕੇ ਜਿਹੇ, ਮਾਮੂਲੀ ਜਿਹੇ ਬੋਝ ਉੱਤੇ ਭੜਕ ਉੱਠਦਾ, ਸ਼ੁਅਲਾ ਜੁਆਲਾ ਹੋ ਜਾਂਦਾ ਹੈ ; ਕੁਝ

ਵੀ ਸਹਿਨ ਨਹੀਂ ਕਰ ਪਾਉਂਦਾ। ਪਰ ਇਹ ਜ਼ਿੰਦਗੀ ਹੀ ਜਦੋਂ ਆਪਣੇ ਆਪ ਲਈ ਇਕ ਬੋਝ ਬਣ ਜਾਵੇ, ਤਾਂ ਮਨੁੱਖ ਕੀ ਕਰੇ ?

"ਆਤਮ-ਹੱਤਿਆ ?" ਇੰਵ ਕੀਤਿਆਂ ਅਭਿਮਾਨ ਨੂੰ ਸੱਟ ਵੱਜਦੀ ਹੈ। ਏਨੇ ਕਦਮ ਪੁੱਟ ਕੇ, ਏਨੇ ਰਸਤੇ ਗਾਹ ਕੇ, ਏਨੇ ਸੰਘਰਸ਼ ਕਰਕੇ, ਚਾਲਾਂ ਚੱਲ ਕੇ ਵੀ ਜਿਵੇਂ ਸਭ ਬਾਜ਼ੀਆਂ 'ਚ ਮਾਤ ਖਾ ਗਏ ਹੋਈਏ। 90,000 ਪਾਕਿਸਤਾਨੀ ਜੰਗੀ ਕੈਦੀਆਂ ਵਾਂਗ, ਇਹ ਭਾਰਤੀ ਫੌਜਾਂ ਨੂੰ ਹੀ ਨਹੀਂ, ਸਗੋਂ ਮੌਤ ਨੂੰ ਆਤਮ-ਸਮਰਪਣ ਹੈ, ਜਿਸ ਤੋਂ ਬਾਅਦ ਜ਼ਿੰਦਗੀ ਇਕ ਕਾਲਾ ਧੱਬਾ ਬਣ ਕੇ ਰਹਿ ਜਾਂਦੀ ਹੈ ਤੇ ਉਸ ਵਿੱਚੋਂ ਕੁਝ ਹੋਰ ਨਹੀਂ ਉੱਭਰ ਸਕਦਾ !

"ਜਿਊਂਦਾ ਰਹਾਂ ?" ਇੰਵ ਕੀਤਿਆਂ ਜ਼ਿੰਦਗੀ ਆਪਣੇ ਆਪ ਉੱਤੇ ਇਕ ਮਿਹਣੇ ਇਕ ਟਿੱਚਰ ਵਾਂਗ ਜਾਪਦੀ ਹੈ। ਪਸ਼ੂਆਂ ਵਾਂਗ ਜਿਊਣ ਲਈ ਖਾਣਾ ਤੇ ਖਾਣ ਲਈ ਜਿਊਣਾ ਜਾਂ ਮਰਨ ਲਈ ਜਿਊਣਾ ਕਿਸ ਅਰਥ ? ਜਦੋਂ ਮਨੋਰਥ ਹੀ ਨਾ ਹੋਵੇ ਤਾਂ ਜੀਵਣ ਦਾ ਕੀ ਲਾਭ ? ਅਸਤਿਤਵ ਇਕ ਸਦਾ-ਖੜੋਤ ਦੀ ਅਵਸਥਾ ਵਿਚ ਘਾਣੀ ਕਰਦਾ ਜਾਪਦਾ ਹੈ। ਜੋ ਮਨੋਰਥ ਸੀ, ਉਹ ਮਨੋਰਥ ਨਾ ਨਿਕਲਿਆ—"ਮਨ ਜੀਤੇ, ਜਗ ਜੀਤ"—ਕੌਣ ਜਿੱਤੇ ਮਨ? ਕੌਣ ਜੱਗ ? ਕੌਣ ਜਿੱਤੇ ਤਨ ? ਜਿੱਤ ਸੁਆਹ ਤੇ ਹਾਰ ਕੋਲੇ, ਗਿੱਲੇ ਗੋਹੇ ਦੀ ਧੁਖਣ !

ਨਾ ਮਰਨ ਨੂੰ ਜੀ ਕਰਦਾ ਹੈ, ਨਾ ਜੀਣ ਨੂੰ, ਨਾ ਸੰਘਰਸ਼ ਕਰਨ ਨੂੰ। ਕਾਸ਼, ਮੈਂ ਇਕ ਰੋਬੋਟ ਹੁੰਦਾ, ਅਹਿਸਾਸਾਂ ਤੇ ਸੋਚਾਂ ਤੋਂ ਸੱਖਣਾ, ਬਟਨ ਦੱਬਿਆਂ ਚਲ ਪੈਂਦਾ, ਬਟਨ ਦੱਬਿਆਂ ਖੜ੍ਹ ਜਾਂਦਾ, ਕੰਪਿਊਟਰ ਵਾਂਗ ਦੁਨੀਆਂ ਦੇ ਸਭ ਹਿਸਾਬ ਕਿਤਾਬ, ਜਮ੍ਹਾਂ ਤਫ਼ਰੀਕ ਮਿੰਟਾਂ ਵਿਚ ਹੱਲ ਕਰਕੇ ਰੱਖ ਦਿੰਦਾ। ਕਿਧਰ ਜਾਵਾਂ ? ਹਰ ਪਾਸੇ ਇਕ ਖ਼ਲਾਅ ਹੈ ! ਕੀ ਕਰਾਂ ?

ਹਾਂ ਕੀ ਕਰਾਂ ? ਕਹਿੰਦੇ ਹਨ : ਅਜਿਹੇ ਸਮੇਂ ਸ਼ਰਾਬ ਜਾਂ ਔਰਤ ਨਾਲ ਸ਼ਰਾਰਤ ਜਾਂ ਖਰੂਦ ਕਰਨਾ ਚਾਹੀਦਾ ਹੈ। ਢਲਦੀ ਉਮਰ ਤੇ ਔਰਤ ਨਾਲ ਖਰੂਦ, ਸੋਚ ਕੇ ਹੱਸਦਾ ਹਾਂ—ਪਾਟੇ ਹੋਏ ਭੁਕਾਨੇ ਵਿਚ ਹਵਾ ਭਰਨ ਲਈ, ਫੂਕਾਂ ਮਾਰਨ ਵਾਲੀ ਗੱਲ ਹੈ। ਇਸ ਵਿਚ ਨਾ ਜਵਾਨੀ ਵਾਲੇ ਚੋਹਲ ਹੁੰਦੇ ਹਨ, ਨਾ ਸ਼ੋਖੀ। ਇਸ ਉਮਰੇ, ਤਾਂ ਇਹ ਮਥਰਾ ਦਾ ਪੇੜਾ ਹੈ, ਜੋ ਖਾਵੇ ਉਹ ਵੀ ਤੇ ਜੋ ਨਾ ਖਾਵੇ, ਉਹ ਵੀ ਪਛਤਾਵੇ।

ਹਾਂ, ਸ਼ਰਾਬ ਵਾਲੀ ਗੱਲ ਠੀਕ ਹੈ ਪਰ ਵਿਸਕੀ ਦੀ ਬੋਤਲ ਨੂੰ ਕੌਣ ਬੁਲਾਵੇ ?

ਇਹ ਕਿਹੀਆਂ ਨਿਕਾਰਾਤਮਕ ਸੋਚਾਂ ਹਨ ? ਛੀ ... ਛੀ ... ਨੌਕਰ ਅਜੇ ਤਕ ਨਹੀਂ ਆਇਆ ... ਕੌਣ ਲਿਆਏ ਫ਼ਰਿੱਜ 'ਚੋਂ ਬਰਫ਼ ਦੇ ਨਿੱਕੇ-ਨਿੱਕੇ ਪਰਬਤੀ ਕਿਊਬ ? ਤੇ ਕੌਣ ਲਿਆਵੇ ਠੰਡੀ ਜਿੰਜਰ ਏਲ ? ਬੋਤਲ, ਸਾਹਮਣੇ ਕੌਕਟੇਲ ਕੈਬਨਿਟ 'ਚ ਪਈ ਹੈ ਤੇ ਫ਼ਰਿੱਜ ਰਸੋਈ ਵਿਚ। ਇਹ ਨੌਕਰ ਵੀ ਅਜੀਬ ਬਲਾ ਹੈ। ਜਦੋਂ ਲੋੜ ਪੈਂਦੀ ਹੈ ਤਾਂ ਏਥੇ ਨਹੀਂ ਹੁੰਦਾ ਤੇ ਜਦੋਂ ਲੋੜ ਨਾ ਹੋਵੇ, ਸੂਲਾਂ ਵਾਂਗ ਅੱਖਾਂ ਵਿਚ ਚੁੱਭਦਾ ਰਹਿੰਦਾ ਹੈ। ਸ਼ਾਇਦ ਸੈਰ ਕਰਨ ਗਿਆ ਹੋਵੇ ਜਾਂ ਰੋਮਾਂਸ ਲੜਾਉਣ ! ਮੁਸਕਰਾਉਂਦਾ ਹੋਇਆ ਸੋਚਦਾ ਹਾਂ, ਕਿ ਇਹ ਹੀ ਤਾਂ ਉਮਰ ਹੈ ਉਸ ਦੀ ! ਜਾਪਦਾ ਹੈ ਮੇਰੀ ਚਿੱਟੀ ਦਾੜ੍ਹੀ, ਮੁੜ ਕੇ ਕਾਲੀ ਹੋ ਰਹੀ ਹੋਵੇ। ਜਾਂਦੀ ਰੁੱਤ ਦਾ ਮੇਵਾ, ਮਿੱਠਾ !

ਫਿਰ ਸੋਚਦਾ ਹਾਂ ਕਿ ਚੰਗਾ ਹੀ ਹੋਇਆ, ਜੇ ਏਥੇ ਹੁੰਦਾ ਤਾਂ ਹੁਣ ਨੂੰ ਬੋਤਲ ਅੰਦਰ ਹੋਣੀ ਸੀ ਤੇ ਮੈਂ ਪਲੰਘ ਉੱਤੇ। ਨਾ ਦਿਨ ਚੜ੍ਹਨਾ ਸੀ ਤੇ ਨਾ ਹੀ ਰਾਤ ਪੈਣੀ। ਮੰਜੇ ਉੱਤੇ ਕੇਵਲ ਸ਼ਰਾਬੀ ਦਾ ਜਿਸਮ ਪੈਂਦਾ ਹੈ, ਹੋਰ ਕੁਝ ਨਹੀਂ—ਨਾ ਦਿਨ ਚੜ੍ਹਦਾ ਹੈ, ਨਾ ਰਾਤ ਪੈਂਦੀ ਹੈ।

"ਨੌਕਰ ਦੀ ਉਡੀਕ ?" ਹਾਂ, ਇਹ ਗੱਲ ਠੀਕ ਹੈ, ਜ਼ਿੰਦਗੀ ਨੂੰ ਕੋਈ ਪ੍ਰਯੋਜਨ ਤਾਂ ਮਿਲਿਆ ! ਵਿਸਕੀ ਤਕ ਪਹੁੰਚਣ ਲਈ, ਨੌਕਰ ਦੀ ਉਡੀਕ !

ਇਸ ਭਾਵਨਾ ਹੇਠ ਇੰਵ ਜਾਪਦਾ ਹੈ, ਜਿਵੇਂ ਕਿ ਪਲ ਦੀ ਪਲ, ਮਨ ਨਾਲੋਂ ਜਿਸਮ ਝੜ ਕੇ ਲੱਥ ਗਿਆ ਹੋਵੇ ਅਤੇ ਮੈਂ ਬਹੁਤ ਹੀ ਹਲਕਾ ਫੁਲਕਾ ਹੋ ਗਿਆ ਹੋਵਾਂ—ਜਿਵੇਂ ਕੋਈ ਖ਼ਾਹਿਸ਼ ਹੀ ਨਾ ਰਹੀ ਹੋਵੇ। ਜੇ ਗੌਤਮ

ਬੁਧ ਅੱਜ ਜਿਉਂਦਾ ਹੁੰਦਾ, ਤਾਂ ਸ਼ਾਇਦ ਏਸੇ ਖ਼ੁਸ਼ੀ ਵਿਚ ਮੈਨੂੰ 'ਪਦਮ ਸ਼੍ਰੀ' ਦੇ ਦਿੰਦਾ, ਕਿ ਚਲੋ ਛਿਣ ਭਰ ਲਈ ਹੀ ਸਹੀ, ਦੁਨੀਆਂ ਵਿਚ ਆਖ਼ਿਰ ਇਕ ਮਨੁੱਖ ਤਾਂ ਅਜਿਹਾ ਹੈ, ਜਿਸ ਨੂੰ ਕੋਈ ਖ਼ਾਹਿਸ਼ ਨਹੀਂ ਰਹੀ। ਪਰ ਸੁਕਰਾਤ ਜ਼ਰੂਰ ਨਾਰਾਜ਼ ਹੁੰਦਾ ਤੇ ਕਹਿੰਦਾ, "ਵਿਸ਼ ਦਾ ਪਿਆਲਾ ਹੀ ਸਹੀ; ਪੀ ਜਾ, ਪੀਣ ਵਿਚ ਹੀ ਗਤੀ ਹੈ ! ਜ਼ਿੰਦਗੀ ਇਕ ਕੁਹਜੀ ਔਰਤ ਹੀ ਸਹੀ—ਹਰ ਕੁਹਜ ਪਿਛਲੇ ਸੁਹਜ ਦੀ ਪਛਾਣ ਤਕ ਵੀ ਇਕ ਰਸਤਾ ਜਾਂਦਾ ਹੈ !"

ਕਿੰਨੇ ਰਸਤੇ ਹਨ ਤੇ ਕਿੰਨੇ ਕਦਮ ! ਲਗਾਤਾਰ ਤੁਰੀ ਜਾ ਰਹੇ ਹਨ ਬੇਸ਼ੁਮਾਰ ਰਸਤੇ। ਕਈ ਸਾਲਾਂ ਦੇ ਤੁਰੇ ਹੋਏ ਲੋਕ ਜਿੱਥੋਂ ਤੁਰੇ ਸਨ, ਉੱਥੇ ਹੀ ਖੜੋਤੇ ਹੋਏ ਪ੍ਰਤੀਤ ਹੁੰਦੇ ਹਨ। ਜ਼ਿੰਦਗੀ ਦੇ ਉਸ ਕੂਹਣੀ ਮੋੜ ਉੱਤੇ ਜਿਸ ਤੋਂ ਅਗਲਾ ਕਦਮ ਮੌਤ ਤੇ ਅਗਲੇਰਾ ਫਿਰ ਜ਼ਿੰਦਗੀ ਹੋਵੇ ! ਨਹੀਂ ਸ਼ਾਇਦ ਇੰਞ ਨਹੀਂ, ਸਗੋਂ ਇੰਞ ਹੈ, ਜਿਵੇਂ ਇਕ ਦਲਦਲ ਹੋਵੇ, ਜਿਸ ਵਿਚ ਫਸੀ ਸੁਤੰਤਰ ਅਸਤਿਤਵ ਨੂੰ ਸੁਤੰਤਰ ਰੂਪ ਵਿਚ ਜੀਣ ਥੀਣ, ਮਾਣਨ ਭੋਗਣ ਦੀ ਭਾਵਨਾ, ਇਕ ਕਦਮ ਜੀਵਨ, ਇਕ ਕਦਮ ਮੌਤ ਤੁਰ ਰਹੀ, ਥਿਰ ਖੜੋਤੀ, ਆਪਣੇ ਆਪ ਦਾ ਆਪੂੰ ਹੀ ਨਾਂਹ-ਕਰਨ ਕਰ ਰਹੀ ਹੋਵੇ। ਇਹ ਸੋਚਦਾ ਹਾਂ ਤਾਂ ਆਪਣੀ ਕਵਿਤਾ ਦੀਆਂ ਇਹ ਤੁਕਾਂ ਦਿਮਾਗ਼ ਵਿਚ ਕੱਚ ਦੇ ਟੁਕੜਿਆਂ ਵਾਂਗ ਖੁੱਭ ਜਾਂਦੀਆਂ ਹਨ :

"ਜ਼ਿੰਦਗੀ ਕੰਜਰੀ, ਮੂਧੀ ਪਿਆਲੀ,
ਕੀ ਭਰਨਾ ? ਕੀ ਡੁੱਲ੍ਹਣਾ ?"

ਨੌਕਰ ਅਜੇ ਤਕ ਨਹੀਂ ਆਇਆ ! ਜਾਪਦਾ ਹੈ, ਜਿਵੇਂ ਮੈਂ ਨੌਕਰ ਦੀ ਨਹੀਂ, ਸਗੋਂ ਬੋਤਲ ਦੀ ਉਡੀਕ ਕਰ ਰਿਹਾ ਹਾਂ !

# ਇਕਾਈ ਤੋਂ ਲੋਕਾਈ ਵੱਲ

ਮੈਂ ਉਸ ਨੂੰ ਅਚਾਨਕ ਸੜਕ ਉੱਤੇ ਨੈਰੋਬੀ ਦੇ ਹਿਲਟਨ ਹੋਟਲ ਕੋਲ ਮਿਲਿਆ ਸਾਂ। ਉਸ ਦੇ ਗਲੇ ਦੇ ਹੇਠਾਂ ਕਰਕੇ ਠੋਡੀ ਦੇ ਸੌਂਹੇਂ ਹਰੇ ਲਾਲ ਰੰਗ ਦੇ ਪੂਰੀਆਂ ਬਾਹਾਂ ਵਾਲੇ ਸੂਤੀ ਬਲਾਊਜ਼ ਉੱਤੇ ਇਕ ਕਲੀਨ ਸ਼ੇਵ ਆਦਮੀ ਦੀ ਫੋਟੋ ਵਾਲਾ ਬੈਜ ਲੱਗਾ ਹੋਇਆ ਸੀ। ਉਸ ਦੇ ਇਕ ਮੋਢੇ ਉੱਤੇ ਲੰਮੀਆਂ ਰੱਸੀਆਂ ਵਾਲਾ ਝੋਲਾ ਲਟਕ ਰਿਹਾ ਸੀ, ਜੋ ਕਾਫੀ ਵਜ਼ਨੀ ਜਾਪਦਾ ਸੀ। ਲੱਕ ਤੋਂ ਅੱਡੀਆਂ ਤਕ ਉਸ ਨੇ ਪੇਟੀ ਕੋਟ ਵਰਗੀ ਜ਼ਹਿਰ ਮੁਹਰੇ ਰੰਗ ਦੀ ਸਕਰਟ ਪਾਈ ਹੋਈ ਸੀ। ਉਸ ਦੇ ਗੋਰੇ ਚਿੱਟੇ ਪੈਰ ਰਸੌਂਤੀ ਰੰਗ ਦੇ ਸਲੀਪਰਾਂ ’ਚੋਂ ਝਾਕ ਰਹੇ ਸਨ। ਉਸ ਦੇ ਵਾਲ ਲੰਮੇ ਭੂਰੇ ਤੇ ਅਵਾਰਾ ਛੱਡੇ ਹੋਏ ਸਨ। ਉਹ ਇਕ ਮੇਮ ਕੁੜੀ ਸੀ; ਮੇਮ ਹੀ ਕਹਿ ਦੇਈਦਾ ਹੈ, ਜੋ ਗੋਰੇ ਚਿੱਟੇ ਰੰਗ ਦੀ ਹੋਵੇ—ਭਾਵੇਂ ਅਮਰੀਕਾ ਦੀ ਹੋਵੇ, ਭਾਵੇਂ ਇੰਗਲੈਂਡ ਦੀ ਤੇ ਭਾਵੇਂ ਯੂਰਪ ਦੀ।

ਮੇਮਾਂ ਬਹੁਤ ਵੇਖੀਆਂ ਸਨ। ਇਸ ਲਈ ਪਹਿਲਾਂ ਪਹਿਲ ਕੀਨੀਆਂ ਆ ਕੇ ਜੋ ਖਿੱਚ ਮੇਮਾਂ ਪ੍ਰਤੀ ਮੈਨੂੰ ਸੀ, ਉਹ ਜਾਂਦੀ ਰਹੀ ਸੀ, ਹੌਲੀ-ਹੌਲੀ। ਤੀਵੀਂ, ਤੀਵੀਂ ਹੀ ਹੁੰਦੀ ਹੈ; ਭਾਵੇਂ ਉਹ ਮੇਮ ਹੋਵੇ, ਭਾਵੇਂ ਅਫ਼ਰੀਕਨ ਅਤੇ ਭਾਵੇਂ ਏਸ਼ੀਅਨ। ਜੇ ਫ਼ਰਕ ਹੈ ਤਾਂ ਕੇਵਲ ਸ਼ੈਲੀ ਦਾ ਹੈ, ਮੇਰਾ ਭਾਵ ਜੀਵਨ-ਸ਼ੈਲੀ ਤੋਂ ਹੈ। ਵੇਖਣ ਵਾਲੀ ਅੱਖ ਹਰ ਸ਼ੈ ਵਿੱਚੋਂ ਉਸ ਦਾ ਯੋਗ ਹੁਸਨ ਵੇਖ ਲੈਂਦੀ ਹੈ। ਹੁਸਨ ਜੋ ਕੇਵਲ ਸਦਿਸ ਵਸਤੂ ਵਿਚ ਹੁੰਦਾ, ਤਾਂ ਸੁਕਰਾਤ ਸਭ ਤੋਂ ਕੁਹਜੀ ਔਰਤ ਨਾਲ ਵਿਆਹ ਕਿਉਂ ਕਰਵਾਉਂਦਾ। ਹੁਸਨ ਵੇਖਣ ਵਾਲੀ ਅੱਖ ਵਿਚ ਹੁੰਦਾ ਹੈ। ਝੂਮਣ ਤੇ ਹੁਲਾਰਾ ਦੇਣ ਵਾਲੇ ਮਨ ਵਿਚ ਹੁੰਦਾ ਹੈ—ਵੇਖਦਿਆਂ, ਸੁਣਦਿਆਂ ਵਜਦ ਵਿਚ ਆ ਜਾਈਦਾ ਹੈ; ਕੁਹਜ, ਸੁਹਜ ਵਿਚ ਬਦਲ ਜਾਂਦਾ ਹੈ।

ਆਪਣੇ ਖ਼ਿਆਲਾਂ ਨੂੰ ਮੇਮਾਂ ਵਲ ਭਟਕਣ ਤੋਂ ਰੋਕਦਾ ਹੋਇਆ ਸੋਚਦਾ ਹਾਂ ਕਿ ਉਸ ਕੁੜੀ ਵਿਚ ਕਿਹੜੀ ਅਜਿਹੀ ਖਿੱਚ ਸੀ ਜਿਸ ਨੇ ਮੈਨੂੰ ਉਸ ਨਾਲ ਰਸਮੀਂ ਪਰਚਿਯ ਪ੍ਰਾਪਤ ਕਰਨ ਲਈ ਮਜਬੂਰ ਕਰ ਦਿੱਤਾ ! ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਹ ਉਸ ਦਾ ਝੋਲਾ ਸੀ, ਜਾਂ ਝੋਲੇ ਉੱਤੇ ਉਕਰੀ ਇਹ ਇਬਾਰਤ ‘ਪਹੁੰਚੀ ਹੋਈ ਆਤਮਾ ਦਾ ਸਪਰਸ਼, ਮੰਤਵ-ਪੂਰਤੀ ਦੇ ਬੋਧ ਦਾ ਮਾਧਿਅਮ ਹੈ। ਮੈਂ ਰੌਸ਼ਨੀਆਂ ਦੀ ਰੌਸ਼ਨੀ ਦਾ ਬੋਧ ਕਰਵਾਉਣ ਆਈ ਹਾਂ।’ (Touch of enlightened soul, reveals our goal. I have come to reveal the light of lights) ਇਹ ਪੜ੍ਹ ਕੇ ਹੀ ਸ਼ਾਇਦ ਮੈਂ ਪਹਿਲੀ ਵਾਰ ਆਪਣੀ ਸਰਸਰੀ ਨਜ਼ਰ ਨੂੰ, ਧਿਆਨ ਭਰੀ ਤੱਕਣੀ ਵਿਚ ਬਦਲਿਆ ਸੀ।

ਉਹ ਸਾਧਾਰਨ ਨਕਸ਼ਾਂ, ਭਰਵੀਆਂ ਛਾਤੀਆਂ ਅਤੇ ਕਾਠੇ ਨਿਤੰਭਾਂ ਵਾਲੀ ਔਸਤ ਕੱਦ ਮੇਮ ਕੁੜੀ ਸੀ ! ਉਸ ਦੇ ਪਹਿਰਾਵੇ ਨੇ ਉਸ ਦੇ ਜਿਸਮ ਨਾਲ ਮਿਲ ਕੇ, ਉਸ ਨੂੰ ਇਕ ਵਿਲੱਖਣ ਸ਼ਖ਼ਸੀਅਤ ਦਾ ਸਵਾਮੀ ਬਣਾ ਦਿੱਤਾ ਸੀ।

ਮੈਂ ਅਜੇ ਸੜਕ ਪਾਰ ਕਰਕੇ ਉਸ ਕੋਲ ਪਹੁੰਚਣ ਲਈ ਟ੍ਰੈਫ਼ਿਕ ਦੇ ਦਰਿਆ ਵਿੱਚੋਂ ਆਪਣਾ ਰਾਹ ਬਣਾਉਣ

ਬਾਰੇ ਹੀ ਸੋਚ ਰਿਹਾ ਸਾਂ ਕਿ ਉਹ ਸੜਕ ਦੇ ਮੇਰੇ ਵਲ ਦੇ ਪਾਸੇ ਆ ਗਈ। ਮੈਂ ਵੇਖਿਆ ਉਸ ਦੇ ਨਾਲ ਏਥੋਂ ਦਾ ਛੋਟੇ ਕੱਦ ਦਾ ਇਕ ਕਾਲਾ ਕੀਨੀਅਨ ਵੀ ਹੈ, ਜਿਸ ਨੂੰ ਉਹ ਭਰਾ (Brother) ਕਹਿ ਕੇ ਸੰਬੋਧਨ ਕਰ ਰਹੀ ਸੀ ! ਮੈਂ ਜ਼ਰਾ ਹੋਰ ਧਿਆਨ ਨਾਲ ਵੇਖਿਆ ਤਾਂ ਮੈਨੂੰ ਉਸ ਮੁੰਡੇ ਦੀ ਫਾਂਟਾਂ ਵਾਲੀ ਟੀ-ਸ਼ਰਟ ਉੱਤੇ ਵੀ ਉਸੇ ਪੁਰਸ਼ ਦੀ ਤਸਵੀਰ ਵਾਲਾ ਬੈਜ਼ ਲੱਗਾ ਹੋਇਆ ਨਜ਼ਰੀਂ ਆਇਆ। ਛਿਣ ਦੀ ਛਿਣ ਮੇਰੀਆਂ ਅੱਖਾਂ ਸੌਂਹੇਂ ਭਗਵੇਂ ਚੋਲੇ ਪਾਈ, ਖੜਤਾਲਾਂ ਵਜਾਉਂਦੇ 'ਹਰੇ ਰਾਮਾ, ਹਰੇ ਕ੍ਰਿਸ਼ਨਾ' ਗਾਉਂਦੇ ਬੋਦੀਆਂ ਵਾਲੇ ਉਹ ਅੰਗਰੇਜ਼ ਤੇ ਕਾਲੇ ਮੁੰਡੇ ਘੁੰਮ ਗਏ, ਜੋ ਆਪਣੇ ਆਪ ਨੂੰ ਹਰੇ ਰਾਮਾ, ਹਰੇ ਕ੍ਰਿਸ਼ਨਾ ਮੱਤ ਦੇ ਅਨੁਯਾਈ ਆਖਦੇ ਸਨ !

ਮੈਂ ਹੌਂਸਲਾ ਕਰਕੇ ਅੱਗੇ ਵਧਿਆ ਤੇ ਮੁਆਫ਼ ਕਰਨਾ (ਐਕਸਕਿਊਜ਼ ਮੀ) ਕਹਿ ਕੇ, ਉਸ ਤੁਰੀ ਜਾਂਦੀ ਮੇਮ ਕੁੜੀ ਨੂੰ ਜਬਰਨ ਰੋਕ ਕੇ, ਉਸ ਦੇ ਝੋਲੇ ਉੱਤੇ ਛਪੀ ਇਬਾਰਤ ਵਲ ਸੰਕੇਤ ਕੀਤਾ, ਤਾਂ ਉਹ ਬੋਲੀ, "ਮੈਂ ਕਰਿਸਚੀਅਨ ਸਾਂ। ਇਹ ਬੈਜ ਵਾਲੀ ਤਸਵੀਰ ਸਾਡੇ ਗੁਰੂ ਮਹਾਰਾਜ ਦੀ ਹੈ, ਤੁਹਾਡੇ ਗੁਰੂ ਨਾਨਕ ਵਾਂਗ। ਨੈਰੋਬੀ ਦੀ ਕਰੀਆਕੋਰ ਮੰਡੀ ਦੇ ਨੇੜੇ ਹੀ ਸਾਡਾ ਆਸ਼ਰਮ ਹੈ। ਸਾਡਾ ਧਰਮ 'ਰੱਬੀ ਰੌਸ਼ਨੀ ਮਿਸ਼ਨ' ਹੈ। ਜਰੋਗੇ ਮੇਰਾ ਧਰਮ ਭਰਾ ਹੈ।"

ਫਿਰ ਉਸ ਨੇ ਆਪਣਾ ਝੋਲਾ ਖੋਲ੍ਹਿਆ ਅਤੇ ਉਸ ਵਿੱਚੋਂ ਆਸ਼ਰਮ ਤਕ ਪਹੁੰਚਣ ਦਾ ਇਕ ਨਕਸ਼ਾ ਅਤੇ ਗੁਟਕੇ ਦੇ ਸਾਈਜ਼ ਦਾ ਚਾਰ ਪੰਨਿਆਂ ਦਾ ਇਕ ਪੈਂਫਲੈਟ ਕੱਢਿਆ ਤੇ ਮੇਰੇ ਵਲਾਂ ਵਧਾਇਆ। ਪੈਂਫਲੈਟ ਦੇ ਆਖ਼ਰੀ ਸਫ਼ੇ ਉੱਤੇ ਉਸੇ ਗੁਰੂ ਮਹਾਰਾਜ ਦੀ ਤਸਵੀਰ ਛਪੀ ਹੋਈ ਸੀ ਅਤੇ ਪਹਿਲੇ ਸਫ਼ੇ ਉੱਤੇ ਇਹ ਇਬਾਰਤ:

"ਜੋ ਤੁਸੀਂ ਚਾਹੁੰਦੇ ਹੋ, ਉਹ ਵਿਕਾਊ ਨਹੀਂ ਹੈ। ਇਹ ਬੜੇ ਹਾਸੇ ਵਾਲੀ ਗੱਲ ਹੈ ਕਿ ਲੋਕ ਜਿਸ ਕੁਝ ਦੇ ਅਭਿਲਾਸ਼ੀ ਹਨ, ਉਹ ਖ਼ਰੀਦਣ ਲਈ ਪ੍ਰਾਪਤ ਨਹੀਂ ਹੈ। ਅਸੀਂ ਕਪੜੇ ਤੇ ਕਿਤਾਬਾਂ, ਭੋਜਨ ਤੇ ਹੁਲਾਰੇ, ਕਾਰਾਂ, ਹਾਥੀ ਅਤੇ ਛੁੱਟੀਆਂ ਖ਼ਰੀਦ ਸਕਦੇ ਹਾਂ ਪਰ ਉਹ ਕੁਝ, ਜੋ ਸਾਨੂੰ ਚਾਹੀਦਾ ਹੈ !"

ਮੈਂ ਪੰਨਾ ਪਰਤਿਆ :

"ਜੋ ਕੁਝ ਸਾਨੂੰ ਚਾਹੀਦਾ ਹੈ, ਉਸ ਦਾ ਨਾਮ ਖ਼ੁਸ਼ੀ ਹੈ। ਉਹ ਦੁਰਲੱਭ ਹੀ ਨਹੀਂ ਸਗੋਂ ਖ਼ਰੀਦ ਕੇ ਪ੍ਰਾਪਤ ਕਰਨੀ ਵੀ ਅਸੰਭਵ ਹੈ।"

"ਗੁਰੂ ਮਹਾਰਾਜ ਜੀ ਨੇ ਹੀ ਸਾਨੂੰ ਸਭ ਨੂੰ ਇਸ ਗੱਲ ਦਾ ਬੋਧ ਕਰਵਾਇਆ ਹੈ ਕਿ ਖ਼ੁਸ਼ੀ ਮਨੁੱਖ ਦੇ ਅੰਦਰ ਵੱਸਦੀ ਹੈ। ਇਸ ਦੀ ਪ੍ਰਾਪਤੀ ਲਈ ਗੁਰੂ ਮਹਾਰਾਜ ਜੀ ਨੇ ਸਾਨੂੰ ਆਪਣੇ ਮਨਾਂ ਉੱਤੇ ਪੂਰਨ ਵਸੀਕਰਨ ਪ੍ਰਾਪਤ ਕਰਨ ਦੀ ਜਾਚ ਦੱਸੀ ਅਤੇ ਇਸ ਸਭ ਕੁਝ ਤੋਂ ਅੱਗੇ ਲੰਘ ਜਾਣ ਦੀ ਵੀ !"

ਮੇਮ ਕੁੜੀ ਪੈਂਫਲੈਟ ਦੀ ਭਾਸ਼ਾ ਬੋਲ ਰਹੀ ਸੀ, "ਸੋ, ਅਸੀਂ 'ਡੀਵਾਇਨ ਲਾਈਟ ਮਿਸ਼ਨ' ਬਣ ਗਏ। ਪੂਰਨ ਖ਼ੁਸ਼ੀ, ਪਿਆਰ, ਚੇਤੰਨਤਾ, ਸੱਚ, ਸੁੰਦਰਤਾ, ਬੋਧ ਅਤੇ ਰੌਸ਼ਨੀ ਆਦਿ ਚੀਜ਼ਾਂ ਜੋ ਜ਼ਿੰਦਗੀ ਨੂੰ ਜਿਊਣ ਜੋਗਾ ਬਣਾਉਂਦੀਆਂ ਹਨ, ਉਹ ਸਾਡੇ ਅੰਦਰ ਹੀ ਵੱਸਦੀਆਂ ਹਨ। ਇਨ੍ਹਾਂ ਦੀ ਪ੍ਰਾਪਤੀ ਲਈ ਮਾਇਆ ਦੀ ਨਹੀਂ ਸਗੋਂ ਤਿਆਗ, ਸਾਧਨਾ, ਧਿਆਨ ਤਥਾ ਸਮਾਧੀ ਦੀ ਲੋੜ ਹੈ।"

ਮੈਂ ਕਿਹਾ ਕਿ, "ਗੱਲ ਤਾਂ ਤੇਰੀ ਠੀਕ ਹੈ ਅਤੇ ਹੈ ਵੀ ਬਹੁਤ ਪੁਰਾਣੀ—ਵੇਦਾਂ ਜਿੰਨੀ ਪੁਰਾਣੀ। ਪਰ ਜੇ ਇਹ ਸਭ ਕੁਝ ਅੰਦਰ ਹੀ ਹੈ ਤਾਂ ਫਿਰ ਇਹ ਭਟਕਣ ਕਿਉਂ ?"

"ਇਸ ਦਾ ਉੱਤਰ ਗੁਰੂ ਮਹਾਰਾਜ ਜੀ ਦੇਣਗੇ। ਪਰ ਜੇ ਭਟਕਣ ਨੂੰ ਕੋਈ ਦਿਸ਼ਾ ਜਾਂ ਵਿਸ਼ਵਾਸ ਮਿਲ ਜਾਵੇ, ਤਾਂ ਭਟਕਣ ਮਾਰਗ ਬਣ ਜਾਂਦੀ ਹੈ : ਬੋਧ ਵਲ ਜਾਂਦੀ ਸੜਕ।"

"ਧੰਨਾ ਭਗਤ ਅਤੇ ਪੱਥਰ।"

"ਮੈਂ ਸਮਝੀ ਨਹੀਂ।"

"ਕੋਈ ਗੱਲ ਨਹੀਂ ! ਵਡੇਰੇ ਗਿਆਨ ਦਾ ਕੇਵਲ ਇਕ ਸਾਧਾਰਨ ਵੇਰਵਾ ਸੀ, ਖ਼ੈਰ—ਇਸ ਧਰਮ ਦਾ 'ਹਰੇ ਰਾਮਾ ਹਰੇ ਕ੍ਰਿਸ਼ਨਾ' ਨਾਲ ਵੀ ਕੋਈ ਸੰਬੰਧ ਹੈ ?"

ਉਸ ਨੇ ਹੱਸ ਕੇ ਸਿਰ ਫੇਰ ਦਿੱਤਾ ਅਤੇ ਕਹਿਣ ਲੱਗੀ, "ਮੈਂ ਈਸਾਈ ਸਾਂ, ਹਾਂ ਜਿਵੇਂ ਤੁਸੀਂ ਸਿੰਘ

ਹੋ। ਕੋਈ ਮੁਸਲਮਾਨ ਹੈ, ਕੋਈ ਹਿੰਦੂ। ਫ਼ਰਕ ਕੇਵਲ ਤਰੀਕੇ ਦਾ ਹੈ, ਸਾਧਨ ਜਾਂ ਸ਼ੈਲੀ ਦਾ ਹੈ। ਜੋ ਰਸਮਾਂ ਰੀਤੀਆਂ ਦੂਸਰੇ ਮੱਤਾਂ ਦੇ ਅਨੁਯਾਈ ਅਪਣਾਉਂਦੇ ਹਨ, ਉਹ ਅਸੀਂ ਨਹੀਂ ਅਪਣਾਉਂਦੇ ਭਾਵੇਂ ਕਿ ...”

“ਭਾਵੇਂ ਕਿ ਸਭ ਧਰਮਾਂ ਦੀ ਮੰਜ਼ਲ ਇਕ ਹੈ, ਰਾਹ ਵੱਖੋ ਵੱਖਰੇ ਹਨ—ਪ੍ਰਾਰਥਨਾ, ਢੰਗ, ਵੇਸ, ਗ੍ਰੰਥ ਤੇ ਗੁਰੂ ਵੱਖਰੇ-ਵੱਖਰੇ ਹਨ।”

“ਹਾਂ, ਹਾਂ, ਮੈਂ ਵੀ ਇਹ ਹੀ ਕਹਿਣਾ ਚਾਹੁੰਦੀ ਸਾਂ, ਪਰ ਕੇਵਲ ਇਸ ਫ਼ਰਕ ਨਾਲ ਕਿ ਸਾਡਾ ਵਧੇਰੇ ਬਲ ਮਾਨਸਕ ਸ਼ਾਂਤੀ, ਖ਼ੁਸ਼ੀ ਤੇ ਆਨੰਦ ਉੱਤੇ ਹੈ ! ਪੂਰਨ ਸ਼ਾਂਤੀ ਅਤੇ ਵਿਸਮਾਦ ਤਾਂ ਹੀ ਪ੍ਰਾਪਤ ਹੋ ਸਕਦੇ ਹਨ, ਜੇਕਰ ਸਾਡੇ ਜੀਵਨ ਦਾ ਕੋਈ ਅਰਥ ਜਾਂ ਨਿਸਚਾ ਹੋਵੇ। ਇਸ ਨੂੰ ਨਾਮ ਦਿੱਤੇ ਬਿਨਾਂ ਰਸਤਾ ਬਣ ਨਹੀਂ ਸਕਦਾ ਜਾਂ ਰਸਤਾ ਲੱਭ ਨਹੀਂ ਸਕਦਾ। ਸੋ ਅਸੀਂ ਇਸ ਰਸਤੇ ਨੂੰ ਰੱਬੀ ਰੌਸ਼ਨੀ ਮਿਸ਼ਨ ਦਾ ਨਾਮ ਦੇ ਦਿੱਤਾ ਹੈ ਤੇ ਈਸ਼ਵਰ (God) ਦੀ ਨਵੀਂ ਪਰਿਭਾਸ਼ਾ ਵੀ ਸਥਾਪਤ ਕੀਤੀ ਹੈ। God ਸ਼ਬਦ ਦੀ G ਦਾ ਭਾਵ Generator ਤਥਾ ਸਿਰਜਣਹਾਰ ਜਾਂ ਕਰਤਾ, O ਦਾ ਭਾਵ Operator ਤਥਾ ਕਾਰਜ-ਕਰਤਾ ਅਤੇ D ਦਾ ਭਾਵ Destroyer ਤਥਾ ਵਿਨਾਸ਼-ਕਰਤਾ ਹੈ। ਅਸੀਂ ਇਸ ਸਰਬ-ਸ਼ਕਤੀਮਾਨ God ਉੱਤੇ ਧਿਆਨ ਕੇਂਦਰਤ ਕਰਕੇ ਸਮਾਧੀ ਲਾਉਂਦੇ ਹਾਂ। ਫਿਰ ਈਸ਼ਵਰੀ ਸੰਗੀਤ, ‘ਅਨਹਦ ਨਾਦ’, ਕੰਨਾਂ ਵਿਚ ਗੂੰਜਦਾ ਸੁਣਾਈ ਦਿੰਦਾ ਹੈ, ਰੂਹ ਵਜਦ ਵਿਚ ਆ ਜਾਂਦੀ ਹੈ। ਮਨ ਅਤੇ ਤਨ ਦੋਹਾਂ ਨੂੰ ਇਕ ਵੱਖਰੀ ਕਿਸਮ ਦੀ ਰਾਹਤ ਮਿਲਦੀ ਹੈ। ਮਨ ਤਨ ਹਲਕੇ ਫੁਲਕੇ ਸ਼ਾਂਤ ਹੋ ਜਾਂਦੇ ਹਨ। ਜਿਵੇਂ ਕਿ ਮਹਾਨ ਜੋਤ ਨਾਲ ਇਕਸੁਰ ਹੋ ਗਏ ਹੋਈਏ—ਉਸ ਜੋਤ ਵਿਚ ਮਿਲ ਕੇ ਜੋਤ-ਸਰੂਪ ਹੀ ਨਹੀਂ, ਜੋਤ ਹੋ ਗਏ ਹੋਈਏ।”

“ਈਸ਼ਵਰ ਦੀ ਇਹ ਪਰਿਭਾਸ਼ਾ ਕਿ ਉਹ ਸਾਨੂੰ ਪੈਦਾ ਕਰਨ ਵਾਲਾ, ਕਾਰੇ ਲਾਉਣ ਵਾਲਾ ਤੇ ਵਿਨਾਸ਼ ਕਰਨ ਵਾਲਾ ਹੈ, ਕੋਈ ਨਵੀਂ ਪਰਿਭਾਸ਼ਾ ਨਹੀਂ ਹੈ ! ਭਾਰਤ ਵਿਚ ਧਿਆਨ ਤੇ ਸਮਾਧੀ ਦੀ ਪ੍ਰਥਾ ਬਹੁਤ ਪੁਰਾਣੀ ਹੈ। ਧਿਆਨ ਧਰ ਕੇ, ਵਯਾਯਾਮ, ਪ੍ਰਾਣਾਯਾਮ ਤੇ ਯੋਗ ਦੁਆਰਾ ਮਨ ਅਤੇ ਤਨ ਦੀ ਸ਼ੁੱਧੀ ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਦਸਾਂ ਦਵਾਰਾਂ ਤਕ ਦੀ ਇਹ ਯਾਤਰਾ ਆਤਮਕ ਸ਼ੁੱਧੀ ਦਾ ਮਾਰਗ ਹੈ, ਮਾਨਸਕ ਪੂਰਨਤਾ ਦੀ ਪ੍ਰਾਪਤੀ ਹੈ। ਦਸਵੇਂ ਦੁਆਰ ਦਾ ਖੁਲ੍ਹਣਾ ਹੀ ਈਸ਼ਵਰੀ ਸੰਗੀਤ ਹੈ। ਫਿਰ ਫ਼ਰਕ ਕੀ ਹੋਇਆ ? ਲੇਬਲ ਜਾਂ ਨਾਮ ਦਾ ਜਾਂ ਕਰਮ ਤੇ ਕਮਾਈ ਤਥਾ ਸਾਧਨਾਂ ਦਾ ?”

ਉਹ ਕੁਝ ਉਲਝ ਗਈ ਪ੍ਰਤੀਤ ਹੁੰਦੀ ਸੀ। ਅੰਬਰ ਛੂੰਹਦੀਆਂ ਇਮਾਰਤਾਂ ਵਲ ਅਤੇ ਟਰੈਫਿਕ ਦੇ ਮਕੜ-ਜਾਲ ਵਲ ਵੇਖਦੀ ਹੋਈ ਬੋਲੀ, “ਫ਼ਰਕ ਸ਼ਾਇਦ ਵਿਧੀ ਦਾ ਹੈ।”

“ਕੋਈ ਫ਼ਰਕ ਨਹੀਂ। ਅਸੀਂ ਕੇਵਲ ਲੇਬਲ ਬਦਲ ਲਏ ਹਨ। ਜੋ ਕੁਝ ਸੀ, ਉਸ ਤੋਂ ਅਸੰਤੋਸ਼ ਨੇ ਤੇਰੇ ਮਨ ਵਿਚ ਨਵੇਂ ਲੇਬਲ ਲਈ ਖਿੱਚ ਪੈਦਾ ਕੀਤੀ।”

“ਮੇਰੇ ਕੋਲ ਬੜਾ ਧਨ ਸੀ, ਐਸ਼, ਆਰਾਮ ਸੀ ... ਪਰ ਮਾਨਸਕ ਸ਼ਾਂਤੀ ਨਹੀਂ ਸੀ—ਮਾਇਆ ਦੇ ਜਾਲ ਅਤੇ ਸੁਆਰਥੀ ਬਿਰਤੀਆਂ ਨੇ ਇਨਸਾਨੀ ਰਿਸ਼ਤਿਆਂ ਅਤੇ ਸੁਹਿਰਦਤਾ ਤਥਾ ਵਫ਼ਾ ’ਚੋਂ ਮੇਰਾ ਵਿਸ਼ਵਾਸ ਹੀ ਉਖਾੜ ਦਿੱਤਾ ਸੀ। ਫਿਰ ਇਹ ਮਾਰਗ ਮਿਲਿਆ ਰੱਬੀ ਰੌਸ਼ਨੀ ਦਾ—ਮਾਇਆ ਤੋਂ ਮੁਕਤੀ ਪਾਈ ਤਾਂ ਆਤਮਕ ਸ਼ਾਂਤੀ ...” ਕਹਿੰਦੀ-ਕਹਿੰਦੀ ਉਹ ਰੁਕ ਗਈ।

“ਹਰ ਧਰਮ ਦੀਆਂ ਆਤਮਕ ਕੀਮਤਾਂ ਦਾ ਸੰਕਲਪ ਲਗਭਗ ਇਕ ਹੀ ਹੈ। ‘ਸਦੀਵੀ ਸ਼ਾਂਤੀ ਦੀ ਭਾਲ’, ਪ੍ਰਾਪਤੀ ਜਾਂ ਮਾਨਸਕ ਸੰਤੁਲਨ ਦੀ ਗੱਲ ਵੀ ਐਵੇਂ ਅਪਸਾਰ ਹੀ ਹੈ, ਵਾਸਤਵਿਕਤਾ ਤੋਂ ਅਪਸਾਰ/ ਸੁਆਰਥ-ਸਿੱਧੀ ਲਈ ਅਸੀਂ ਜਨ-ਸਮੂਹ ਦੀਆਂ ਸਮੱਸਿਆਵਾਂ ਵਲ ਪਿੱਠ ਭੁਆ ਲਈ ਹੈ। ਪਦਾਰਥਕ ਕੀਮਤਾਂ ਦੇ ਸਿਖਰ ’ਤੇ ਪਹੁੰਚ ਕੇ, ਇਨ੍ਹਾਂ ਨੂੰ ਅੰਦਰੋਂ ਬਾਹਰੋਂ ਵੇਖ, ਭੋਗ, ਭੁਗਤ ਕੇ ਅਸੀਂ ਇਸ ਸਭ ਕੁਝ ਤੋਂ ਅੱਕ ਗਏ ਹਾਂ। ਪ੍ਰਸ਼ਨ ਉੱਠਦਾ ਹੈ, ਹੋਰ ਕੀ ? ਹੁਣ ਕੀ ? ਇਕ ਨਖਯੱਤਰ ਤੋਂ ਬਾਅਦ ਦੂਸਰਾ, ਫਿਰ ਤੀਸਰਾ, ਜਾਣਾ ਕਿੱਥੇ ਹੈ ? ਸਭ ਰਸਤੇ ਮਨੁੱਖ ਦੇ ਅੰਦਰੋਂ ਆਰੰਭ ਹੋ ਕੇ ਅੰਦਰ ਹੀ ਪਹੁੰਚ ਜਾਂਦੇ, ਜਾਂ ਖ਼ਤਮ ਹੋ ਜਾਂਦੇ ਹਨ। ਜਦ ਸਾਡੀ ਨਜ਼ਰ ਧੁੰਦਲਾ ਜਾਂਦੀ ਹੈ, ਤਾਂ ਅਸੀਂ ਪਦਾਰਥਕ ਕੀਮਤਾਂ ਤੋਂ ਪਲਾਇਨ ਭਾਲ ਕੇ, ਆਤਮਕ

ਕੀਮਤਾਂ ਵਲ ਪਰਤਦੇ ਹਾਂ—ਫਿਰ ਘਬਰਾਹਟ ਪੈਦਾ ਹੁੰਦੀ ਹੈ ਕਿ ਇਹ ਸਭ ਕੁਝ ਤਾਂ ਪੁਰਾਣਾ ਹੈ—ਸਾਡੇ ਨਾਲੋਂ ਪਹਿਲਾਂ ਅਨੇਕਾਂ ਪੁਰਸ਼ਾਂ ਦਾ ਭੋਗਿਆ, ਹੰਢਾਇਆ—ਇਸ ਵਿਚ ਨਵਾਂ ਕੀ ਹੈ ? ਤੇ ਫਿਰ ਇਸ ਨਵੇਂਪਨ ਲਈ ਅਸੀਂ ਪੱਛਮ ਵਿਚ 'ਹਰੇ ਰਾਮਾ, ਹਰੇ ਕ੍ਰਿਸ਼ਨਾ', 'ਓਕਲਟ', 'ਈਸਾ ਦੇ ਪੁਨਰ ਸਿਰਜਣ ਦੀ ਲਹਿਰ' ਅਤੇ ਤੇਰੇ ਈਸ਼ਵਰੀ... ਧਰਮ ਦੇ ਨਵੇਂ ਲੇਬਲਾਂ ਦੀ ਦਿਲਕਸ਼ੀ ਵਲ ਪਰਤਦੇ ਹਾਂ। ਆਸ਼ਰਮਾਂ ਦੀ ਸ਼ਕਲ, ਸੂਰਤ, ਪ੍ਰਾਰਥਨਾ ਦੀ ਵਿਧੀ ਅਤੇ ਪ੍ਰਬੰਧ ਆਦਿ ਹੋਰ ਕਈ ਕੁਝ ਬਦਲ ਦਿੰਦੇ ਹਾਂ, ਪਰ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਜੇ ਪਹਿਲਾਂ ਅਸੀਂ ਆਤਮਾ ਤੋਂ ਪਦਾਰਥ ਵਲ ਪਲਾਇਨ ਕੀਤਾ ਸੀ ਤਾਂ ਹੁਣ ਅਸੀਂ ਪਦਾਰਥ ਤੋਂ ਆਤਮਾ ਵਿਚ ਪਲਾਇਨ ਭਾਲ ਰਹੇ ਹਾਂ। ਜੀਵਨ ਤੇ ਆਤਮਾ ਦੀਆਂ ਕੁਝ ਸਦੀਵੀ ਕੀਮਤਾਂ ਵੀ ਹਨ। ਜੇ ਹਰ ਇਕ ਮਨੁੱਖ ਅੰਦਰੋਂ ਬਾਹਰੋਂ ਸੋਹਣਾ ਬਣ ਜਾਵੇ—ਸੋਹਣਾ ਵੇਖੇ, ਸੋਹਣਾ ਸੁਣੇ, ਸੋਹਣਾ ਬੋਲੇ, ਸੋਹਣਾ ਸਪਰਸ਼ੇ, ਸੋਹਣਾ ਸੰਕਲਪੇ—ਤਾਂ ਇਹ ਸਾਰਾ ਸੰਸਾਰ, ਇਹ ਸਾਰਾ ਬ੍ਰਹਿਮੰਡ ਇਕ ਪੂਰਨ ਤੇ ਸਜੀਵ ਸੁੰਦਰਤਾ ਬਣ ਸਕਦਾ ਹੈ।"

ਵਿਸਮੈਂ-ਵਸ ਉਹ ਕੁੜੀ ਮੇਰੇ ਵਲ ਵੇਖਦੀ ਹੋਈ ਬੋਲੀ, "ਅਸੀਂ ਜੀਵਨ ਦੀਆਂ ਪਦਾਰਥਕ—ਨਹੀਂ,—ਸਰੀਰਕ ਕੀਮਤਾਂ ਤੇ ਲੋੜਾਂ ਦਾ ਆਨੰਦ ਮਾਣਦੇ ਹੋਏ ਵੀ ਇਸ ਧਰਮ ਨੂੰ ਅਪਣਾ ਸਕਦੇ ਹਾਂ।"

"ਫਿਰ ਤਾਂ ਇਸ ਵਿਚ ਦ੍ਵੰਦ ਆ ਜਾਵੇਗਾ, ਤਰੇੜ ਪੈ ਜਾਵੇਗੀ। ਇਕ ਹੋਰ ਸੰਕਟ ਖੜਾ ਹੋ ਜਾਵੇਗਾ। ਸਾਡਾ ਆਪਾ ਦੋ ਮਿਕਨਾਤੀਸੀ ਸ਼ਕਤੀਆਂ ਵਿਚ ਖਿੱਚ ਹੋ ਕੇ ਚੀਰ ਹੋ ਜਾਵੇਗਾ, ਵਿਖੰਡਤ ਹੋ ਜਾਵੇਗਾ।"

ਮੈਂ ਉਸ ਕੁੜੀ ਨੂੰ ਉਸ ਦੇ ਅੰਦਰੋਂ ਕੁਝ ਹੋਰ ਬਾਹਰ ਕੱਢਣ ਲਈ ਗੱਲ ਅੱਗੇ ਤੋਰੀ।

"ਉਹ ਕਿਵੇਂ ?" ਉਹ ਕੇਵਲ ਪ੍ਰਸ਼ਨ ਹੀ ਕਰ ਸਕੀ।

"ਜਦ ਤਕ ਖ਼ਾਹਿਸ਼ ਹੈ, ਭਾਵਨਾ ਹੈ ਅਤੇ ਉਸ ਨੂੰ ਪੂਰਾ ਕਰਨ ਦੀ ਇੱਛਾ, ਉਦੋਂ ਤਕ ਮਾਨਸਕ ਸ਼ਾਂਤੀ ਦੀ ਪੂਰਨ ਪ੍ਰਾਪਤੀ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ ਅਤੇ ਪੂਰਨ ਸ਼ਾਂਤੀ ਫਿਰ ਇਕ ਖੜੋਤ ਦਾ ਚਿੰਨ੍ਹ ਹੈ—ਇਸ ਖੜੋਤ ਤੋਂ ਫਿਰ ਅਸੀਂ ਕਿਸ ਪਾਸੇ ਅਪਸਾਰ ਭਾਲਾਂਗੇ ?"

"ਤੇਰੀਆਂ ਗੱਲਾਂ ਮੈਨੂੰ ਅਸਪਸ਼ਟਤਾ ਤੇ ਗੁੰਝਲਾਂ ਵਲ ਖੜ ਰਹੀਆਂ ਹਨ।"

"ਤੂੰ ਮੈਨੂੰ ਅਜੇ ਵੀ ਦੁਬਿਧਾ-ਗ੍ਰਸਤ ਜਾਪਦੀ ਹੈਂ। ਬੁੱਧ ਨੇ ਪੰਜਾਂ ਇੰਦਰੀਆਂ ਉੱਤੇ ਪੂਰਨ ਵਸੀਕਰਨ ਨੂੰ 'ਨਿਰਵਾਣ' ਕਿਹਾ, ਪਰ ਉਸ ਦੇ ਨਿਰਣੇ ਦੇ ਆਧਾਰ ਮਨੁੱਖ, ਜ਼ਿੰਦਗੀ, ਰੋਗ, ਦੁੱਖ ਤੇ ਅੰਤ ਤਥਾ ਮੌਤ ਆਦਿ ਸਨ। ਹੁਣ ਪੂਰਨ ਸੁਤੰਤਰਤਾ ਜਾਂ ਆਪੇ ਤੋਂ ਸੁਤੰਤਰਤਾ ਦੀ ਗੱਲ ਚਲੀ ਹੈ। ਪਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਇਹ ਸਭ ਕੁਝ ਸੰਭਵ ਹੈ, ਅੱਜ ਦੇ ਯੁੱਗ ਵਿਚ ? ਤਨ ਨੂੰ ਢਕਣ ਲਈ ਕੱਜਣਾ ਚਾਹੀਦਾ ਹੈ, ਪੇਟ-ਪੂਰਤੀ ਲਈ ਭੋਜਨ, ਜ਼ਿੰਦਗੀ ਦੀ ਨਿਰੰਤਰ ਧਾਰਾ ਨੂੰ ਜਾਰੀ ਰੱਖਣ ਲਈ, ਵਿਰੋਧੀ ਲਿੰਗ ਨਾਲ ਸੰਭੋਗ ਤੇ ਸੰਪਰਕ ਦੀ ਅਵਸ਼ਕਤਾ ਹੈ। ਇਸ ਸਮੁੱਚੇ ਜੀਵਨ ਦੀ ਉਲਝੀ ਤਾਣੀ ਨੂੰ ਸੁਲਝਾਉਣ ਦੀ ਥਾਂ, ਨਿੱਜੀ ਜੀਵਨ ਨੂੰ ਕਿਸੇ ਨਵੇਂ ਭੁਲੇਖੇ ਹੇਠ ਤੋਰੀ ਰੱਖਣ ਦੀ ਗੱਲ, ਢੋਂਗ ਨਹੀਂ ਤਾਂ ਹੋਰ ਕੀ ਹੈ ? ਰੁਜ਼ਗਾਰ ਦਾ ਇਕ ਹੋਰ ਨਵਾਂ ਨਾਂ, ਇਕ ਹੋਰ ਨਵੀਂ ਦੁਕਾਨ ..."

"ਤੈਨੂੰ ਸਾਡੇ ਧਰਮ ਪ੍ਰਤੀ ਇਹੋ ਜਿਹੇ ਸ਼ਬਦ ਨਹੀਂ ਕਹਿਣੇ ਚਾਹੀਦੇ। ਤੂੰ ਕਦੇ ਸਾਡੇ ਗੁਰੂ ਮਹਾਰਾਜ ਨਾਲ ਸੰਬਾਦ ਕਰੀਂ, ਫਿਰ ਤੈਨੂੰ ਪਤਾ ਲੱਗੇਗਾ ਕਿ ਇਹ ਮਾਰਗ ਕਿਹੋ ਜਿਹਾ ਹੈ ? ਮੈਂ ਸ਼ਾਦੀ-ਸ਼ੁਦਾ ਸਾਂ—ਅਮੀਰ ਸਾਂ—ਸਭ ਕੁਝ ਤਿਆਗ ਦਿੱਤਾ ਹੈ—ਪਰ ਜੋ ਆਨੰਦ ਹੁਣ ਹੈ, ਉਦੋਂ ਨਹੀਂ ਸੀ। ਜਾਪਦਾ ਹੈ ਮੈਂ ਹੁਣ ਤਕ, ਸੰਦੇਹ ਦੀਆਂ ਦੀਵਾਰਾਂ, ਵਿਚਕਾਰ ਜਿਊਂਦੀ ਰਹੀ ਹਾਂ।"

"ਸੰਦੇਹ ਕੇਵਲ, ਸੁੰਦਰਤਾ ਤੇ ਪਿਆਰ ਨਾਲ ਦੂਰ ਹੋ ਸਕਦੇ ਹਨ—ਪੂਰਨ ਤੇ ਵਿਆਪਕ ਸੁੰਦਰਤਾ ਨਾਲ।"

"ਜੋ ਆਨੰਦ ਮੈਨੂੰ ਆਸ਼ਰਮ ਵਿਚ ਸਮਾਧੀ ਲਾ ਕੇ, ਈਸ਼ਵਰੀ ਸੰਗੀਤ ਸੁਣ ਕੇ ਪ੍ਰਾਪਤ ਹੁੰਦਾ ਹੈ, ਉਸ ਦਾ ਹੋਰ ਕੋਈ ਬਦਲ ਨਹੀਂ ਹੋ ਸਕਦਾ। ਸਾਜ਼ ਨਾਲ ਸੰਗੀਤ ਤਾਂ ਸਾਰੇ ਹੀ ਸੁਣ ਸਕਦੇ ਹਨ, ਪਰ ਸਾਜ਼ ਬਿਨਾਂ ਸੰਗੀਤ ... ਇਲਾਹੀ ਸੰਗੀਤ ... ਇਸ ਸੰਗੀਤ ਦੀ ਪ੍ਰਕਿਰਤੀ ਹੀ ਹੋਰ ਹੈ।"

"ਆਤਮਾ ਸਾਜ਼ ਵੀ ਹੈ ਤੇ ਸੰਗੀਤ ਵੀ। ਇਹ ਸੋਮਾ ਵੀ ਹੈ ਤੇ ਧਾਰਾ ਵੀ। ਜਿਵੇਂ ਬੀਜ ਦੀ ਧਾਰਾ ਰੁੱਖ ਹੈ ਤੇ ਰੁੱਖ ਦੀ ਬੀਜ, ਇਵੇਂ ਹੀ ਇਸ ਜੀਵਨ ਦੀ ਵੀ ਆਪਣੀ ਹੀ ਧਾਰਾ ਹੈ। ਗੁਰੂ ਨਾਨਕ ਨੇ "ਹਸੰਦਿਆਂ ਖੇਲੰਦਿਆਂ ਖਾਵੰਦਿਆਂ ਪਹਿਨੰਦਿਆਂ, ਵਿਚਹਿ ਹੋਵਹਿ ਮੁਕਤਿ" ਦਾ ਸੰਦੇਸ਼ ਦੇ ਕੇ ਹੱਠ-ਜੋਗ ਤੇ ਹਿੰਦੂ ਮੰਦਰਾਂ ਵਿਚ ਹੁੰਦੀਆਂ ਕੁਰੀਤੀਆਂ ਵਿਰੁੱਧ ਇਕ ਇਨਕਲਾਬੀ ਆਵਾਜ਼ ਉਠਾਈ ਸੀ। ਉਹ ਬਾਬਰ ਦਾ ਜ਼ੁਲਮ ਵੇਖ ਕੇ ਪ੍ਰਭੂ ਦੇ ਨਿਆਏ ਉੱਤੇ ਕਿੰਤੂ ਅਵਸਥਾ ਤਕ ਪਹੁੰਚਿਆ ਸੀ। ਅੱਜ ਇਨਸਾਨ ਪੂਰਨ ਸੁਤੰਤਰਤਾ ਜਾਂ ਸ਼ਖ਼ਸੀ ਆਜ਼ਾਦੀ ਦੀ ਗੱਲ ਕਰਦਾ ਹੈ—ਇਹ ਗੱਲ ਕਦੇ-ਕਦੇ ਕਿੰਨੀ ਹਾਸੋਹੀਣੀ ਜਾਪਦੀ ਹੈ।"

"ਹਾਸੋਹੀਣੀ ਕਿਉਂ ?"

"ਆਪੇ ਤੋਂ ਸੁਤੰਤਰਤਾ ਕੀ ਹੈ ? ਕੀ ਇਹ ਅਧਿਕਾਰਾਂ ਤੇ ਫ਼ਰਜ਼ਾਂ ਤੋਂ ਮੁਕਤੀ ਹੈ ? ਕੀ ਅਸੀਂ ਸ਼ਖ਼ਸੀ ਅਰਾਜਕਤਾ ਨੂੰ ਸ਼ਖ਼ਸੀ ਸੁਤੰਤਰਤਾ ਦਾ ਸਮ-ਅਰਥਕ ਤਾਂ ਨਹੀਂ ਬਣਾ ਰਹੇ ? ਕੀ ਸ਼ਖ਼ਸੀ ਅਰਾਜਕਤਾ, ਵਿਆਪਕ ਅਰਾਜਕਤਾ ਵਲ ਸੰਕੇਤ ਨਹੀਂ ? ਇਹ ਸੁਤੰਤਰ ਸੰਬੰਧਾਂ ਦਾ ਸਿਲਸਿਲਾ ਕੀ ਹੈ ? ਕੀ ਇਹ ਬੰਧਨ ਮੁਕਤ—ਅਨਾਸਥਾ-ਗ੍ਰਸਤ ਅਵਸਥਾ ਹੋਵੇਗੀ ?..."

"ਤੂੰ ਤਾਂ ਆਪਣੇ ਧਰਮ ਵਿਚ ਵੀ ਯਕੀਨ ਨਹੀਂ ਰੱਖ ਰਿਹਾ ਜਾਪਦਾ ! ਤੇਰਾ ਵਿਸ਼ਵਾਸ ਕੀ ਹੈ ?"

"ਅਵਿਸ਼ਵਾਸ ਬਿਨਾਂ ਵਿਸ਼ਵਾਸ ਆਪਣੇ ਅਰਥ ਨੂੰ ਪ੍ਰਾਪਤ ਨਹੀਂ ਹੋ ਸਕਦਾ। ਉਂਞ ਮੇਰਾ ਵਿਸ਼ਵਾਸ ਮਨੁੱਖ ਹੈ, ਮਨੁੱਖਤਾ ਹੈ—ਆਪਣੀਆਂ ਸਾਰੀਆਂ ਵਿਰੋਧਤਾਵਾਂ ਸਮੇਤ। ਜੋ ਛਿਣ ਆਪਣਾ ਕਹਿ ਕੇ ਜੀ ਲਈਏ, ਕਿਸੇ ਨੂੰ ਵੀ ਇਵੇਂ ਹੀ ਜੀਣ ਦੇਈਏ—ਉਹ ਹੀ ਛਿਣ ਆਪਣਾ ਹੈ—ਸੁਤੰਤਰ ਹੈ—ਤੇ ਬਾਕੀ ਸਭ ਕੁਝ ਇਸੇ ਦਾ ਅੱਗਾ ਪਿੱਛਾ ਹੈ ! ਇਸ ਸਮੇਂ ਦੇ ਦਰਿਆ ਵਿਚ ਅਸੀਂ ਛਿਣ ਦੀ ਛਿਣ ਬੁਲਬੁਲੇ ਵਾਂਗ ਆਪਣੀ ਹੋਂਦ ਜਤਾਉਂਦੇ ਹਾਂ ਤੇ ਫਿਰ ਸਮੇਂ ਦੀ ਨਿਰੰਤਰ ਧਾਰਾ ਦੇ ਵਹਿਣ ਦਾ ਅੰਗ ਬਣ ਜਾਂਦੇ ਹਾਂ। ਜਦ ਤਕ ਜਿਉਂਦੇ ਹਾਂ ਇਹ ਸਿਲਸਿਲਾ ਜਾਰੀ ਰਹਿੰਦਾ ਹੈ। ਤੂੰ ਕਿਸ ਵਿਸ਼ਵਾਸ ਦਾ ਆਸਰਾ ਲਈ ਬੈਠੀ ਹੈਂ ?"

"ਤੇਰੀਆਂ ਗੱਲਾਂ ਮੈਨੂੰ ਉਲਝਾ ਰਹੀਆਂ ਹਨ ! ਮੈਂ ਵੀ ਕਈ ਵਾਰ ਇਨ੍ਹਾਂ ਪ੍ਰਸ਼ਨਾਂ ਬਾਰੇ ਸੁਤੰਤਰ ਰੂਪ ਵਿਚ ਸੋਚਿਆ ਤੇ ਆਪਣੇ ਅੰਦਰ ਕੁਝ ਟੁੱਟਦਾ ਭੱਜਦਾ, ਬਣਦਾ ਉਸਰਦਾ ਮਹਿਸੂਸ ਕੀਤਾ ਹੈ ! ਗੱਲ ਮਹਿਸੂਸ ਹੁੰਦੀ ਹੈ—ਭਾਸ਼ਾ, ਸੋਚ, ਜੀਵਨ-ਸ਼ੈਲੀ ਤੇ ਮਰਯਾਦਾ ਸਾਥ ਨਹੀਂ ਦਿੰਦੀ—

—ਉਸ ਅਕੱਥ ਕਥਾ ਤੇ ਇਸ ਸਭ ਕੁਝ ਵਿਚਕਾਰ ਇਕ ਖ਼ਲਾਅ ਜਿਹੀ ਪਸਰ ਜਾਂਦੀ ਹੈ।"

ਮੈਂ ਵੇਖਿਆ ਕਿ ਉਸ ਕੁੜੀ ਦੀਆਂ ਅੱਖਾਂ ਵਿਚ ਅਜੀਬ ਜਿਹੀ ਚਮਕ ਸੀ ! ਜਿਵੇਂ ਦੀਵਾਨਗੀ, ਬੋਧ, ਉਲਝਣ ਤੇ ਵਜਦ ਦੀਆਂ ਸਭ ਅਵਸਥਾਵਾਂ ਉਸ ਦੀ ਤੱਕਣੀ ਵਿਚ ਘੁਲ ਮਿਲ ਗਈਆਂ ਹੋਣ। ਉਸ ਨੇ ਬੱਚਿਆਂ ਵਾਂਗ ਵਾਰ-ਵਾਰ ਜ਼ਿੱਦ ਕੀਤੀ ਕਿ ਮੈਂ ਉਨ੍ਹਾਂ ਦੇ ਆਸ਼ਰਮ ਜ਼ਰੂਰ ਆਵਾਂ !

ਜਦੋਂ ਮੈਂ ਹਾਂ ਕਹੀ ਤਾਂ ਉਹ ਬੋਲੀ, "ਤੂੰ ਜ਼ਰੂਰ ਆਵੀਂ ! ਮੈਂ ਵੀ ਇਕ ਨਿਰਣਾਜਨਕ ਕਦਮ ਚੁੱਕਣ ਬਾਰੇ ਸੋਚ ਰਹੀ ਹਾਂ। ਤੇਰੀਆਂ ਗੱਲਾਂ ਨੇ ਗੁੰਝਲ ਕੁਝ ਢਿੱਲੀ ਕੀਤੀ ਹੈ। ਧੁੰਦਲਾਪਨ ਕੁਝ ਘਟਿਆ ਹੈ। ਹੁਣ ਮੈਂ ਵਧੇਰੇ ਚੰਗੀ ਤਰ੍ਹਾਂ ਵੇਖ ਸਕਦੀ ਹਾਂ। ਤੂੰ ਆਸ਼ਰਮ ਜ਼ਰੂਰ ਜਾਵੀਂ।"

ਕਹਿੰਦੀ ਹੋਈ ਉਹ ਮੇਰਾ ਹੱਥ ਚੁੰਮ ਕੇ ਭੀੜ ਵਿਚ ਗੁੰਮ ਹੋ ਗਈ !

* * *

ਕਾਫ਼ੀ ਦਿਨ ਮੈਂ ਹੋਰ ਕੰਮਾਂ ਵਿਚ ਰੁੱਝਾ ਰਿਹਾ ! ਜਿਸ ਦਿਨ ਆਸ਼ਰਮ ਵਲ ਤੁਰਿਆ, ਰਸਤਾ ਲੱਭਦਿਆਂ ਦੇਰ ਲੱਗ ਗਈ। ਏਸ ਮੱਤ ਦੇ ਸ਼ਰਧਾਲੂ ਸਮਾਧੀ ਲਾ ਕੇ ਤੇ ਹੋਰ ਮਰਯਾਦਾਵਾਂ ਪੂਰੀਆਂ ਕਰਕੇ ਜਾ ਚੁੱਕੇ ਸਨ ! ਉਹ ਮੇਮ ਕੁੜੀ ਆਸ਼ਰਮ ਵਿਚ ਇਕੱਲੀ ਹੀ ਬੈਠੀ ਸੀ। ਅਜੀਬ-ਅਜੀਬ ਅੱਖਾਂ ਨਾਲ ਉਹ ਆਸ਼ਰਮ ਦੀਆਂ ਦੀਵਾਰਾਂ ਨੂੰ ਘੂਰ ਰਹੀ ਸੀ। ਮੇਰੇ ਅੰਦਰ ਵੜਦਿਆਂ ਹੀ ਉਹ ਬੋਲੀ, "ਗੁਰੂ ਮਹਾਰਾਜ ਨੇ ਆਪਣੇ ਨਾਲੋਂ ਉਮਰ 'ਚ ਕਈ ਵਰ੍ਹੇ ਵੱਡੀ ਆਪਣੀ ਸਕੱਤਰ ਨਾਲ ਸ਼ਾਦੀ ਕਰ ਲਈ ਹੈ ! ਗੁਰੂ ਮਹਾਰਾਜ ਜੀ ਕਹਿੰਦੇ ਹਨ ਕਿ ਖ਼ੁਸ਼ੀ ਪਦਾਰਥ ਦਾ ਲੱਛਣ ਨਹੀਂ, ਸਗੋਂ ਆਤਮਾ ਦਾ ਲੱਛਣ ਹੈ ! ਆਤਮਾਂ ਦੇ ਗਿਆਨ ਰਾਹੀਂ ਹੀ

ਇਹ ਰੌਸ਼ਨੀ ਤੇ ਇਹ ਖ਼ੁਸ਼ੀ ਪ੍ਰਾਪਤ ਹੋ ਸਕਦੀ ਹੈ। ਮੈਂ ਵੀ ਕੁਝ-ਕੁਝ ਅਜਿਹਾ ਹੀ ਗਿਆਨ ਪ੍ਰਾਪਤ ਕਰ ਲਿਆ ਹੈ।"

"ਉਹ ਕਿਵੇਂ ? ਤੇਰਾ ਕਾਲਾ ਸਾਥੀ ਕਿੱਥੇ ਹੈ ?"

"ਉਹ ਬਾਜ਼ਾਰ ਗਿਆ ਹੈ, ਜ਼ਰੂਰੀ ਚੀਜ਼ਾਂ ਖ਼ਰੀਦਣ ਵਾਸਤੇ। ਅਸੀਂ ਆਸ਼ਰਮ ਛੱਡ ਕੇ ਜਾ ਰਹੇ ਹਾਂ। ਕੱਲ੍ਹ ਰਾਤ ਉਸ ਨੇ ਮੇਰੀ ਸਾਰੀ ਦੇਹ ਝੂਣਿਆ ਕੇ ਮੈਨੂੰ ਰੂਹ ਦੇ ਦਰ ਤਕ ਲੈ ਆਂਦਾ ਸੀ। ਉਸ ਤੋਂ ਅੱਗੋਂ ਗਿਆਨ ਸੀ, ਰੌਸ਼ਨੀ ਸੀ, ਰੱਬੀ ਸੰਗੀਤ ਸੀ ! ਏਸ ਬੋਧ ਲਈ ਸਾਨੂੰ ਇਕ ਦੂਜੇ ਵਲ ਪਰਤਣਾ ਹੀ ਪਵੇਗਾ। ਦੀਵਾਰਾਂ 'ਚੋਂ ਆਜ਼ਾਦ ਹੋਣਾ ਹੀ ਪਵੇਗਾ। ਨਵੇਂ ਰਿਸ਼ਤੇ ਸਥਾਪਤ ਕਰਨੇ ਹੀ ਪੈਣਗੇ ! ਜੋ ਗੱਲ ਗੁਰੂ ਮਹਾਰਾਜ ਦੀ ਸਕੱਤਰ ਨੂੰ ਆਪਣੇ ਅੰਦਰੋਂ ਨਾ ਲੱਭੀ, ਉਹ ਗੱਲ ਗੁਰੂ ਮਹਾਰਾਜ ਨੂੰ, ਉਸ ਕੁੜੀ ਵਿੱਚੋਂ ਲੱਭ ਪਈ ! ਉਹ ਹੀ ਗੱਲ, ਮੈਨੂੰ ਜਰੋਗੇ ਵਿੱਚੋਂ ਲੱਭੀ ਹੈ ! ਹਰ ਗੱਲ ਵਿਸ਼ਵਾਸ ਤੋਂ ਹੀ ਸ਼ੁਰੂ ਹੁੰਦੀ ਹੈ, ਸੰਦੇਹ ਤੋਂ ਨਹੀਂ ...

ਜਰੋਗੇ ਨੇ ਮੇਰਾ ਮਾਇਆ ਦੇ ਸੰਦੇਹ ਦਾ ਭਰਮ ਖੰਡਨ ਕਰ ਦਿੱਤਾ ਹੈ। ਉਹ ਧਿਆਨ ਹੈ, ਮੈਂ ਸਮਾਧੀ ਹਾਂ। ਉਹ ਗਿਆਨ ਹੈ, ਮੈਂ ਉਸ ਦਾ ਪ੍ਰਕਾਸ਼ ਹਾਂ।"

"ਕਾਸ਼, ਅਸੀਂ ਸਾਰੀ ਮਨੁੱਖਤਾ ਨੂੰ ਵੀ ਇਸ ਰੂਪ ਵਿਚ ਵੇਖ, ਸਮਝ ਸਕੀਏ, ਸੁੰਦਰਤਾ ਨੂੰ ਵਿਆਪਕ ਅਰਥ ਦੇ ਸਕੀਏ।"

"ਕੀ ? ਮੈਂ ਸਮਝੀ ਨਹੀਂ।"

"ਕੁਝ ਨਹੀਂ, ਤੇਰਾ ਇਹ ਪਹਿਲਾ ਕਦਮ ਤੈਨੂੰ ਏਸ ਅਗਲੇ ਕਦਮ ਵਲ ਖੜੇ, ਇਹ ਮੇਰੀ ਇੱਛਾ ਹੈ। ਤੁਹਾਨੂੰ ਦੋਹਾਂ ਨੂੰ ਮੇਰੀਆਂ ਸ਼ੁਭ-ਕਾਮਨਾਵਾਂ।"

# ਮੋਹ ਦੇ ਹੋਠ—ਰੇਤ ਦੀ ਝੀਲ

ਉਹ ਸ਼ਾਇਦ ਇਸ਼ਨਾਨ ਕਰਕੇ ਆਈ ਸੀ ਅਤੇ ਮੈਂ ਰਾਤ ਦੀ ਸ਼ਰਾਬ ਦਾ ਭੰਨਿਆਂ ਸਵੇਰ ਦੇ ਦਸ ਵਜੇ ਤਕ ਵੀ ਮੰਜੇ ਉੱਤੇ ਸੁੱਤਾ ਪਿਆ ਸਾਂ—ਪੋਲੇ ਪੈਰੀਂ ਤੁਰਦਿਆਂ ਕਿਸੇ ਦੀਆਂ ਅੱਖਾਂ ਆਪਣੇ ਹੱਥਾਂ ਨਾਲ ਬੰਦ ਕਰਕੇ ਪੁੱਛਣਾ, "ਬੁੱਝ ਕੌਣ ਹੈ ?" ਇਕ ਸਾਧਾਰਨ ਕਿਰਿਆ ਹੈ, ਪਰ ਪੋਲੇ ਪੈਰੀਂ ਤੁਰਨਾ, ਫੁੱਲਾਂ ਵਾਂਗੂੰ ਖੁੱਲ੍ਹਣਾ, ਖਿੜਨਾ ਤੇ ਫਿਰ ਨਰਮ-ਨਰਮ ਗੋਰੇ-ਗੋਰੇ ਹੱਥ ਸੁੱਤੇ ਪਏ ਮਰਦ ਦੀਆਂ ਗਲ੍ਹਾਂ ਤੇ ਹੌਲੀ-ਹੌਲੀ ਫੇਰਨਾ ਇਕ ਅਨੋਖੀ ਗੱਲ ਸੀ। ਉਸ ਦੇ ਮਲੂਕ ਹੱਥ ਦੀ ਛੁਹ ਨਾਲ ਮੈਂ ਆਪਣੀਆਂ ਨਿੰਦਰਾਈਆਂ ਅੱਖਾਂ ਖੋਲ੍ਹੀਆਂ ! ਮੇਰੇ ਚੇਹਰੇ ਉੱਤੇ, ਇਕ ਚੁੰਮਣ ਦੀ ਵਿੱਥ ਉੱਤੇ, ਇਕ ਖ਼ੂਬਸੂਰਤ ਚਿਹਰਾ ਝੁਕਿਆ ਹੋਇਆ ਸੀ। ਲੰਮੇ-ਲੰਮੇ ਖੁੱਲ੍ਹੇ ਕਾਲੇ ਵਾਲਾਂ ਵਿੱਚੋਂ ਤਿਲਕ ਕੇ ਮੇਰੇ ਕੰਨ ਵਿਚ ਪਾਣੀ ਦੀ ਇਕ ਬੂੰਦ ਕਿਰੀ ਤਾਂ ਮੈਨੂੰ ਇੰਜ ਮਹਿਸੂਸ ਹੋਇਆ, ਜਿਵੇਂ ਮੇਰਾ ਰੋਮ-ਰੋਮ ਖਿੜ ਗਿਆ ਹੋਵੇ, ਇਕ ਸੰਗੀਤਮਈ ਝੁਣਝੁਣੀ ਜਿਵੇਂ ਮੇਰੇ ਆਲਸ ਨੂੰ ਭੰਨ ਰਹੀ ਹੋਵੇ। ਮੈਂ ਸਹਿਸਾ ਹੀ ਤ੍ਰਭਕ ਕੇ ਉੱਠਿਆ ਤਾਂ ਦੋ ਹੋਂਠ ਅੰਗਿਆਰੀ ਵਾਂਗ ਮੇਰੇ ਹੋਂਠਾਂ ਨਾਲ ਜੁੜ ਗਏ। ਮੇਰੀਆਂ ਗੱਲ੍ਹਾਂ ਅਜੇ ਵੀ ਉਸ ਦੇ ਹੱਥਾਂ ਵਿਚ ਸਨ। ਉਹਨਾਂ ਵਿੱਚੋਂ ਅੱਗ ਨਿਕਲ ਰਹੀ ਸੀ। ਮੇਰਾ ਹੱਥ ਸੁਭਾਵਕ ਹੀ ਉਸ ਦੀਆਂ ਛਾਤੀਆਂ ਨੂੰ ਛੁਹ ਗਿਆ। ਉਸ ਦਾ ਦਿਲ ਬੜੀ ਤੇਜ਼ੀ ਨਾਲ ਧੜਕ ਰਿਹਾ ਸੀ। ਮੈਂ ਉੱਠ ਬੈਠਾ ਤੇ ਫਿਰ ਉਹ ਮੇਰੇ ਸੌਂਹੇਂ ਮੇਰੇ ਨਾਲ ਜੁੜ ਕੇ ਬੈਠ ਗਈ। ਮੈਂ ਉਸ ਦੀਆਂ ਅੱਖਾਂ ਵਿਚ ਵੇਖਿਆ ਤਾਂ ਮੈਨੂੰ ਇੰਞ ਜਾਪਿਆ ਜਿਵੇਂ ਉਹ ਜਨਮ-ਜਨਮ ਦੀ ਪਿਆਸੀ ਹੋਵੇ। ਅਵਾਕ, ਅਬੋਲ ਉਹ ਮੇਰੀਆਂ ਅੱਖਾਂ ਵਿਚ ਵੇਖੀ ਜਾ ਰਹੀ ਸੀ। ਕਿੰਨੀ ਤ੍ਰਿਸ਼ਨਾ ਕਿੰਨੀ ਵੀਰਾਨੀ ਸੀ ! ਇਨ੍ਹਾਂ ਅੱਖਾਂ ਵਿਚ ! ਮੈਂ ਕਿਹਾ, "ਇਹ ਨ੍ਹਾਤੀ ਧੋਤੀ ਕਿਸੇ ਬਾਗ ਦੀ ਸਗਲ ਸੁਗੰਧੀ ਕਿੱਥੋਂ ਆ ਗਈ ਹੈ, ਮੇਰੇ ਨਿੱਕੇ ਜਿਹੇ ਕਮਰੇ ਵਿਚ ?"

ਉਹ ਬੋਲੀ, "ਮੈਂ ਸੋਚਿਆ ਸੀ ਕਿ ਤੁਸੀਂ ਇਕ ਫੁੱਲ ਦੀ ਗੱਲ ਕਰੋਗੇ, ਪਰ ਤੁਸੀਂ ਤਾਂ ਬਾਗਾਂ ਦੀ ਵਿਥਿਆ ਲੈ ਬੈਠੇ। ਮੋਹਨ ਸਿੰਘ ਦੀਆਂ ਤੁਕਾਂ ਯਾਦ ਆ ਰਹੀਆਂ ਹਨ:

ਫੁੱਲ ਫੁੱਲ ਤੇ ਭੌਰਿਆਂ ਵਾਂਗ ਫਿਰਨਾ,
ਇਨ੍ਹਾਂ ਮਰਦਾਂ ਦਾ ਰਿਹਾ ਦਸਤੂਰ ਮਾਹੀਆ !"

ਮੈਂ ਕਿਹਾ, "ਹਟ, ਝੱਲੀ ਕੁੜੀ। ਜੇ ਫੁੱਲ ਹੈ ਤਾਂ ਬਾਗ ਹੈ, ਜੇ ਫੁੱਲ ਨਹੀਂ ਤਾਂ ਬਾਗ਼ ਕਿੱਥੇ ? ਗੱਲ ਫੁੱਲ ਤੋਂ ਹੀ ਸ਼ੁਰੂ ਹੁੰਦੀ ਹੈ ! ਤੂੰ ਸਵੇਰ ਦਾ ਫੁੱਲ ਬਣ ਕੇ ਸਾਰਾ ਬਾਗ਼ ਆਪਣੇ ਵਿਚ ਸਮੋ ਲਿਆ ਹੈ।"

ਉਹ ਬੋਲੀ, "ਤੁਸੀਂ ਪਿਆਸੇ ਮਰਦ ਹੋ—"

ਮੈਂ ਕਿਹਾ, "ਤੇ ਤੂੰ ਪਿਆਸੀ ਬਦਲੋਟੀ—ਮੇਰੀ ਉਮਰ ਦਾ, ਮੇਰੇ ਜੀਵਨ ਵਿਚ ਤਣਿਆਂ ਇਕ ਮਾਰੂਥਲ ਅਤੇ ਉੱਪਰ ਤੂੰ—ਪਿਆਸਾ ਬੱਦਲ, ਪਿਆਸੀ ਕਾਇਆ—"

ਉਸ ਨੇ ਸਿਰ ਨੂੰ ਝਟਕਾ ਮਾਰ ਕੇ ਵਾਲਾਂ ਨੂੰ ਚਿਹਰੇ ਤੋਂ ਪਰ੍ਹਾਂ ਕੀਤਾ, ਪਾਣੀ ਦੀ ਇਕ ਬੂੰਦ ਮੇਰੇ ਹੋਂਠਾਂ

ਨੂੰ ਛੋਹੀ ਤੇ ਮੈਂ ਹੋਂਠਾਂ ਉੱਤੇ ਜੀਭ ਫੇਰਨ ਲਗ ਪਿਆ। ਉਹ ਫੇਰ ਬੋਲੀ, "ਤੁਸੀਂ ਆਪਣੀ ਕਵਿਤਾ ਵਿਚ ਜੀਵਨ, ਮੌਤ ਅਤੇ ਅਨੰਤ ਪਿਆਸ ਦੀਆਂ ਗੱਲਾਂ ਕਰਦੇ ਹੋ। ਜਦੋਂ ਮੈਂ ਇਹ ਪੜ੍ਹਦੀ ਹਾਂ ਤਾਂ ਮਹਿਸੂਸ ਹੁੰਦਾ ਹੈ ਕਿ ਮੇਰੇ ਅੰਦਰ ਰੇਤ ਦੀ ਇਕ ਝੀਲ ਹੈ, ਜਿਸ ਨਾਲ ਮੇਰੇ ਦੋ ਪਿਆਸੇ ਹੋਂਠ ਜੁੜੇ ਹੋਏ ਹਨ। ਕੀ ਮੋਹ ਦੀ ਪਿਆਸ ਦੇ ਨਸੀਬਾਂ ਵਿਚ ਰੇਤ ਦੀ ਝੀਲ ਹੀ ਲਿਖੀ ਹੋਈ ਹੁੰਦੀ ਹੈ ?"

ਮੈਂ ਪ੍ਰਸ਼ਨ-ਚਿੰਨ੍ਹ ਬਣੀ ਬੈਠੀ ਮਾਲਤੀ ਵਲ ਇਕ ਵਾਰੀ ਫੇਰ ਧਿਆਨ ਨਾਲ ਵੇਖਿਆ ਅਤੇ ਆਪਣੇ ਜਿਸਮ ਨੂੰ ਚੂੰਢੀ ਵੱਢੀ ਇਹ ਜਾਣਨ ਲਈ ਕਿ ਕੀ ਮੈਂ ਸੁਫ਼ਨਾ ਵੇਖ ਰਿਹਾ ਹਾਂ ਕਿ ਹਕੀਕਤ ?

ਠੀਕ ਹੀ ਸੀ। ਮੈਂ ਜਾਗਦਾ ਸਾਂ। ਮਾਲਤੀ ਮੇਰੇ ਕੋਲ ਬੈਠੀ ਸੀ। ਮਾਲਤੀ ਮੇਰੇ ਮਿੱਤਰ ਦੀ, ਜਿਸ ਦੇ ਕੋਲ ਮੈਂ ਲੰਡਨ ਆ ਕੇ ਠਹਿਰਿਆ ਹੋਇਆ ਸਾਂ, ਦੂਰ ਦੀ ਰਿਸ਼ਤੇਦਾਰ ਸੀ। ਉਸ ਨੇ ਮੇਰੀਆਂ ਕਵਿਤਾਵਾਂ ਤੇ ਕਹਾਣੀਆਂ ਦੀਆਂ ਕਿਤਾਬਾਂ ਪੜ੍ਹੀਆਂ ਸਨ ਅਤੇ ਉਹ ਸ਼ਰਧਾ ਦੀ ਹੱਦ ਤਕ ਪਹੁੰਚੀ ਹੋਈ ਮੇਰੀ ਪ੍ਰਸੰਸਕ ਪਾਠਕ ਤੋਂ ਆਪਣੇ ਆਪ ਨੂੰ ਮੇਰੀ ਮਹਿਬੂਬਾ ਦੇ ਰੂਪ ਵਿਚ ਵੇਖ ਰਹੀ ਸੀ। ਜੋ ਤੀਵੀਂ ਮੇਰੀਆਂ ਰਚਨਾਵਾਂ ਦੀ ਤੇ ਮੇਰੇ ਅੰਦਰ ਦੀ ਤੀਵੀਂ ਸੀ, ਉਹ ਉਸ ਸੁਫ਼ਨੇ ਦਾ ਸਾਕਾਰ ਤੇ ਸਮੂਰਤ ਰੂਪ ਬਣਨਾ ਲੋਚਦੀ ਸੀ ! ਮੈਂ ਉਸ ਨੂੰ ਕਈ ਵਾਰ ਕਹਿ ਚੁੱਕਾ ਸਾਂ ਕਿ ਮਾਲਤੀ ਇਨ੍ਹਾਂ ਸੰਬੰਧਾਂ ਨੂੰ ਭਾਵ-ਵਾਚਕ ਤੇ ਅਮੂਰਤ ਮੁਹੱਬਤ ਤਕ ਹੀ ਸੀਮਤ ਰਹਿਣ ਦੇ। ਤੈਨੂੰ ਤੇ ਮੈਨੂੰ ਇਕ ਤ੍ਰੇਹ ਜਿਹੀ ਲੱਗਦੀ ਰਹੇ, ਇਕ ਖੋਹ ਜਿਹੀ ਪੈਂਦੀ ਰਹੇ ਤੇ ਅਸੀਂ ਇੰਵ ਹੀ ਕਦੇ-ਕਦੇ ਮਿਲਦੇ ਰਹੀਏ ਜਿਵੇਂ ਇਕ 'ਹਉਕਾ ਹਵਾ ਨੂੰ' ਮਿਲਦਾ ਹੈ। ਜਿਸਮਾਂ ਦੀ ਝੀਲ ਵਿਚ ਚੁੱਭੀ ਕੋਈ ਔਖੀ ਗੱਲ ਨਹੀਂ, ਪਰ ਮੈਂ ਮੱਛੀ ਦੇ ਭਰਮ ਨੂੰ ਬਣਿਆ ਰਹਿਣ ਦੇਣਾ ਚਾਹੁੰਦਾ ਸਾਂ। ਜੇ ਮੱਛੀ ਨੇ ਪੱਥਰ ਚੱਟ ਹੀ ਲਿਆ ਤਾਂ ਜ਼ਿੰਦਗੀ ਤੋਂ ਉਸ ਦਾ ਪ੍ਰਯੋਜਨ, ਉਸ ਦਾ ਮਨੋਰਥ ਖੁੱਸ ਜਾਵੇਗਾ ਤੇ ਫਿਰ ਇਹ ਵੀ ਹੋ ਸਕਦਾ ਹੈ ਕਿ ਅਸੀਂ ਇਕ ਦੂਜੇ ਵਿਚ ਲੱਥ ਕੇ ਏਨੇ ਭਰਮ-ਖੰਡਤ ਹੋ ਜਾਈਏ ਕਿ ਸਾਡੀ ਦੋਹਾਂ ਪ੍ਰਤੀ ਇਹ ਖਿੱਚ ਵੀ ਜਾਂਦੇ ਰਹੇ। ਮੈਂ ਵਿਆਹਿਆ ਹੋਇਆ ਸਾਂ, ਦੋ ਪੁੱਤਰਾਂ ਦਾ ਬਾਪ ਤੇ ਉਹ ਅਜੇ ਕੰਵਾਰੀ ਸੀ, ਰੋਮ-ਰੋਮ ਪਿਆਸੀ, ਸਿੱਪੀ ਜਿਵੇਂ ਅੱਖਾਂ ਅੱਡੀ ਅਸਮਾਨ ਵਲਾਂ ਵੇਖ ਰਹੀ ਹੋਵੇ, ਇਕ ਸ੍ਵਾਂਤ ਬੂੰਦ ਦੀ ਉਡੀਕ ਵਿਚ ! ਮੈਂ ਬਾਪ ਬਣ ਕੇ ਵੀ ਭਟਕ ਰਿਹਾ ਸਾਂ, ਇਕ ਅਸ਼ਾਂਤ ਝੱਖੜ ਵਾਂਗ, ਸਮੁੰਦਰ ਦੇ ਜਵਾਰਭਾਟੇ ਵਾਂਗ, ਪਰ ਮੈਂ ਇਹ ਨਹੀਂ ਚਾਹੁੰਦਾ ਸਾਂ ਕਿ ਮਾਲਤੀ ਦੀ ਜ਼ਿੰਦਗੀ ਵਿਚ ਮੈਂ ਇਕ ਅਜਿਹਾ ਹਾਦਸਾ ਬਣ ਕੇ ਘਟਾਂ, ਜਿਸ ਦਾ ਦੁੱਖ ਉਸ ਨੂੰ ਸਾਰੀ ਜ਼ਿੰਦਗੀ ਘੁਣ ਵਾਂਗ ਲੱਗਾ ਰਹੇ, ਜਿਸ ਦੀ ਜ਼ਹਿਰ ਉਸ ਨੂੰ ਲਗਾਤਾਰ ਇਕ ਧੀਮੀਂ ਮੌਤ ਬਣ ਕੇ ਚੜ੍ਹ ਜਾਏ ਤੇ ਉਹ ਹੌਲੀ-ਹੌਲੀ ਘੁਲ-ਘੁਲ ਕੇ ਲਗਾਤਾਰ ਮਰਦੀ ਰਹੇ। ਮਾਲਤੀ ਮੇਰਾ ਉਹ ਹੀ ਸੁਫਨਾ ਸੀ, ਜਿਸ ਨੂੰ ਔਰਤ ਦੇ ਰੂਪ ਵਿਚ ਮੈਂ ਆਪਣੀਆਂ ਰਚਨਾਵਾਂ ਵਿਚ ਚਿਤਰਿਆ ਸੀ। ਪਰ ਮੇਰਾ ਇਹ ਸੁਫ਼ਨਾ ਮੈਨੂੰ ਉਸ ਸਮੇਂ ਮਿਲਿਆ ਸੀ ਜਦੋਂ ਮੇਰੀ ਹਾਲਤ ਉਸ ਇਨਸਾਨ ਵਰਗੀ ਸੀ, ਜਦੋਂ ਮੇਲੇ ਵਿਚ ਵੜਿਆ ਤਾਂ ਬੜਾ ਅਮੀਰ ਸੀ, ਪਰ ਜਦੋਂ ਘਰ ਪਰਤਿਆ ਤਾਂ ਫ਼ਕੀਰ।

ਇਹ 1968 ਦੀ ਗੱਲ ਹੈ ਜਦੋਂ ਮੈਂ ਪਹਿਲੀ ਵਾਰੀ ਲੰਡਨ ਆਇਆ ਸਾਂ ! ਮੈਂ ਫਿਰ ਮ੍ਰਿਗਜਲੀਆਂ ਪਿੱਛੇ ਭਟਕਦਾ ਰਿਹਾ, ਦੇਸ਼ ਦੇਸ਼ਾਂਤਰ ਘੁੰਮਦਾ ਹੌਲੀ ਹੌਲੀ ਦਰਿਆ ਦੀਆਂ ਲਹਿਰਾਂ ਨਾਲ ਖਹਿੰਦੇ ਕੱਚੇ ਘੜੇ ਵਾਂਗ ਖੁਰਦਾ ਰਿਹਾ। ਮੈਨੂੰ ਸਦਾ ਹੀ ਇਹ ਅਹਿਸਾਸ ਰਿਹਾ ਕਿ ਦੋ ਉਦਾਸ ਅੱਖਾਂ ਹਰ ਸਮੇਂ ਮੇਰਾ ਪਿੱਛਾ ਕਰ ਰਹੀਆਂ ਸਨ। ਇਹ ਅੱਖਾਂ ਮਾਲਤੀ ਦੀਆਂ ਅੱਖਾਂ ਸਨ, ਜਿਨ੍ਹਾਂ ਵਿਚ ਰੇਤ ਦੀ ਝੀਲ ਨੂੰ ਮੋਹ ਦੇ ਹੋਂਠ ਜੁੜੇ ਹੋਏ ਸਨ।

1971 ਵਿਚ ਮੈਂ ਜਦੋਂ ਫਿਰ ਲੰਡਨ ਆਇਆ ਤਾਂ ਮਾਲਤੀ ਉੱਤੇ ਇਕ ਨਵੇਂ ਜੋਬਨ ਦੀ ਬਹਾਰ ਸੀ। ਇੰਵ ਲਗਦਾ ਸੀ ਜਿਵੇਂ ਉਸ ਨੇ ਫੁੱਲ ਤੇ ਮਹਿਕ, ਸ੍ਵਾਂਤ ਤੇ ਸਿੱਪ ਅਤੇ ਝੀਲ ਤੇ ਹੋਂਠਾਂ ਦੇ ਭੇਦ ਨੂੰ ਪਹਿਚਾਣ ਲਿਆ ਹੋਵੇ ! ਉਸਦਾ ਵਿਆਹ ਹੋ ਚੁੱਕਾ ਸੀ ਤੇ ਉਸਦੇ ਕੁੱਛੜ ਇਕ ਨਿੱਕਾ ਜਿਹਾ ਬਾਲ ਸੀ। ਇੰਝ ਜਾਪਦਾ ਸੀ ਜਿਵੇਂ ਮਾਲਤੀ ਨੂੰ ਹੁਣ ਮੇਰੀ ਕਵਿਤਾ ਵਿਚਲੀ ਪਿਆਸ, ਜੀਵਨ ਤੇ ਮੌਤ ਦੀ ਸਮੱਸਿਆ ਨਾਲ ਕੋਈ ਸੰਬੰਧ ਨਾ ਰਿਹਾ ਹੋਵੇ।

ਮੈਂ ਪੁੱਛਿਆ, "ਮਾਲਤੀ, ਜ਼ਿੰਦਗੀ ਕਿਵੇਂ ਗੁਜ਼ਰ ਰਹੀ ਹੈ ?"

"ਜ਼ਿੰਦਗੀ !" ਉਸ ਨੇ ਇਕ ਹਉਕਾ ਜਿਹਾ ਲਿਆ ਤੇ ਫਿਰ ਬੋਲੀ। "ਜ਼ਿੰਦਗੀ, ਬੜੀ ਤੇਜ਼ ਗੁਜ਼ਰ ਰਹੀ ਹੈ।"

ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਇਹ ਮਾਲਤੀ ਨਹੀਂ ਸਗੋਂ ਕੋਈ ਹੋਰ ਔਰਤ ਬੋਲ ਰਹੀ ਹੋਵੇ। ਇਸ ਤੋਂ ਪਹਿਲਾਂ ਕਿ ਮੈਂ ਖ਼ਿਆਲਾਂ ਦੀ ਰਉਂ ਵਿਚ ਬਹਿਕ ਜਾਂਦਾ, ਉਹ ਫਿਰ ਬੋਲੀ, "ਪੱਪੂ ਦੇ ਪਿਤਾ ਜੀ ਨਾਈਟ ਸ਼ਿਫਟ 'ਤੇ ਹਨ। ਆਉਣ ਵਾਲੇ ਹਨ, ਆਉਂਦੇ ਹੀ ਸੌਂ ਜਾਣਗੇ ਤੇ ਫਿਰ ਮੈਂ ਵੀ ਪੱਪੂ ਨੂੰ ਗੁਆਂਢ ਵਿਚ ਬੱਚੇ ਸੰਭਾਲਣ ਵਾਲੀ ਤੀਵੀਂ ਕੋਲ ਛੱਡ ਕੇ ਕੰਮ 'ਤੇ ਜਾਣਾ ਹੈ। ਤੁਸੀਂ ਜੇ ਹੋਰ ਪੰਜ ਮਿੰਟ ਨਾ ਆਉਂਦੇ ਤਾਂ ਮੈਂ ਚਲੇ ਜਾਣਾ ਸੀ।"

ਉਸ ਦੀ ਬੋਲ ਚਾਲ ਤੇ ਉਸ ਦੇ ਜਿਸਮ ਵਿਚ ਕਾਹਲ ਸੀ। ਮੈਂ ਕਿਹਾ, "ਚੱਲ ਮੈਂ ਤੇਰੇ ਨਾਲ ਪੱਪੂ ਨੂੰ ਸਾਂਭਣ ਵਾਲੀ ਔਰਤ ਦੇ ਘਰ ਤਕ ਚੱਲਦਾ ਹਾਂ। ਉਥੋਂ ਤੂੰ ਕੰਮ 'ਤੇ ਚਲੀ ਜਾਈਂ ਤੇ ਮੈਂ ਸੜਕਾਂ ਦੇ ਵਸ ਪੈ ਜਾਵਾਂਗਾ।" ਰਸਤੇ ਵਿਚ ਮੈਂ ਫਿਰ ਗੱਲ ਤੋਰੀ।

"ਮਾਲਤੀ, ਰੇਤ ਦੀ ਝੀਲ ਤੇ ਮੋਹ ਦੇ ਹੋਂਠ ਕੀ ਅਜੇ ਤਕ ਵੀ ਮੋਹ ਦੀ ਝੀਲ ਅਤੇ ਰੇਤ ਦੇ ਹੋਂਠਾਂ ਵਿਚ ਨਹੀਂ ਬਦਲੇ ?"

ਉਹ ਬੋਲੀ, "ਮੋਹ ਦੀ ਝੀਲ, ਰੇਤ ਦੇ ਹੋਂਠ—ਇਹ ਸੁਫ਼ਨੇ ਦੀਆਂ ਗੱਲਾਂ ਹਨ। ਰਾਤ ਨੂੰ ਤਾਰੇ ਗਿਣਨ ਵਾਲੇ, ਦਿਨੇ ਰਾਹ ਭੁੱਲ ਜਾਂਦੇ ਹਨ। ਸੁਫ਼ਨੇ ਲੈਣ ਵਾਲੇ ਜੇ ਸੁਫ਼ਨੇ ਦੇ ਸੱਚ ਤਕ ਪਹੁੰਚ ਜਾਣ ਤਾਂ ਜ਼ਿੰਦਗੀ ਇਕ ਖ਼ਲਾਅ ਬਣ ਕੇ ਰਹਿ ਜਾਏਗੀ। ਖ਼ਲਾਅ ਵਿਚ ਜਿਊਣ ਦਾ ਕੀ ਫ਼ਾਇਦਾ ?"

ਮੈਂ ਕਿਹਾ, "ਮਾਲਤੀ ਤੂੰ ਲੇਖਕ ਨਹੀਂ ਦਾਰਸ਼ਨਕ ਵੀ ਬਣ ਰਹੀ ਹੈਂ "

"ਲੇਖਕ, ਦਾਰਸ਼ਨਿਕ—ਕਿਉਂ ਮਜ਼ਾਕ ਕਰ ਰਹੇ ਹੋ ? ਏਥੇ ਜ਼ਿੰਦਗੀ, 'ਚ ਬੜੀ ਕਾਹਲ ਹੈ—ਕਿਸ ਨੂੰ ਵਿਹਲ ਹੈ ਅਜਿਹੀਆਂ ਫ਼ਜ਼ੂਲ ਗੱਲਾਂ ਬਾਰੇ ਸੋਚਣ ਦੀ। ਪੱਪੂ ਦੇ ਪਿਤਾ ਜੀ ਆਪਣਾ ਘਰ ਲੈਣਾ ਚਾਹੁੰਦੇ ਹਨ। ਘਰ ਲਈ ਪੈਸੇ ਚਾਹੀਦੇ ਹਨ ਤੇ ਪੈਸੇ ਕਮਾਉਣ ਲਈ ਸਾਨੂੰ ਦੋਹਾਂ ਨੂੰ ਕੰਮ ਕਰਨ ਪੈਂਦਾ ਹੈ। ਛੇ ਦਿਨ ਕੰਮ ਤੇ ਸੱਤਵਾਂ ਦਿਨ ਘਰ ਤੇ ਕਪੜਿਆਂ ਦੀ ਸਫਾਈ, ਸ਼ੌਪਿੰਗ ਤੇ ਹੋਰ ਏਧਰ ਉਧਰ ਦੀਆਂ ਗੱਲਾਂ—ਜ਼ਿੰਦਗੀ ਵਿਹਲ ਕਦੋਂ ਦਿੰਦੀ ਹੈ ਕਿਸੇ ਨੂੰ ਕੁਝ ਬਣਨ ਦਾ। ਮੈਂ ਪੱਪੂ ਨੂੰ ਪੈਦਾ ਜ਼ਰੂਰ ਕੀਤਾ ਹੈ—ਪਰ ਨਾ ਮੈਂ ਮਾਂ ਦੀ ਮਮਤਾ ਦਾ ਪੂਰਨ ਅਨੁਭਵ ਕੀਤਾ ਹੈ ਤੇ ਨਾ ਹੀ ਪੱਪੂ ਨੂੰ ਮਾਂ ਅਤੇ ਬਾਪੂ ਦਾ ਪੂਰਾ ਪਿਆਰ ਮਿਲਿਆ ਹੈ। ਅਸੀਂ ਆਪਣਾ ਘਰ ਤਾਂ ਭਾਵੇਂ ਲੈ ਸਕਾਂਗੇ, ਪਰ ਇਸ ਜ਼ਿੰਦਗੀ ਵਿਚ ਸਦਾ ਘਰੋਂ ਬੇਘਰ ਹੋਏ ਫਿਰਾਂਗੇ, ਇਹ ਸਾਡਾ ਹੀ ਨਹੀਂ ਆਉਣ ਵਾਲੀ ਨਸਲ ਦਾ ਵੀ ਦੁਖਾਂਤ ਹੈ ...।"

ਮਾਲਤੀ ਦਾ ਟਿਊਬ ਸਟੇਸ਼ਨ ਆ ਗਿਆ ਸੀ। ਤੇ ਮੈਂ ਇਕ ਹੋਰ ਦੁਖਾਂਤ ਦੀ ਕਥਾ ਪੱਲੇ ਬੰਨ੍ਹ ਕੇ ਵਾਪਸ ਮ੍ਰਿਗਜਲੀਆਂ ਦੇ ਜਾਲ ਵਿਚ ਜਾ ਉਲਝਿਆ ਸਾਂ।

ਤਿੰਨ ਸਾਲ ਇਸ ਮੁਲਕ ਵਿਚ ਰਹਿ ਕੇ ਮੈਨੂੰ ਸਦਾ ਹੀ ਇਕ ਖੋਹ ਜਿਹੀ ਪੈਂਦੀ ਰਹੀ ਹੈ ਤੇ ਫਿਰ ਮੈਂ ਦੇਸ਼ਾਂ ਬਦੇਸ਼ਾਂ ਦੀ ਸੈਰ ਲਈ ਤੁਰ ਪੈਂਦਾ ਹਾਂ। ਸਭ ਨਾਲੋਂ ਪਹਿਲਾਂ ਮੇਰਾ ਰੁਖ਼ ਲੰਡਨ ਵਲ ਹੀ ਹੁੰਦਾ ਹੈ ਅਤੇ ਉਥੋਂ ਫਿਰ ਯੂਰਪ ਜਾਂ ਅਮਰੀਕਾ ਵਲ। ਇਸ ਦੌਰਾਨ ਮੇਰੀ ਭੈਣ ਦਾ ਵਿਆਹ ਵੀ ਹੋ ਚੁੱਕਾ ਸੀ ਤੇ ਉਹ ਵਿਆਹ ਕਰਵਾ ਕੇ ਇੰਗਲੈਂਡ ਪਹੁੰਚ ਚੁੱਕੀ ਸੀ। ਮਾਲਤੀ ਨੂੰ ਪਤਾ ਨਹੀਂ ਕਿਵੇਂ ਪਤਾ ਲੱਗ ਗਿਆ ਤੇ ਉਹ ਮੇਰੀ ਭੈਣ ਦੀ ਗੂੜ੍ਹੀ ਸਹੇਲੀ ਬਣ ਗਈ। ਜਦ ਕਦੇ ਵਿਹਲ ਮਿਲਦੀ ਇਹ ਦੋਵੇਂ ਇਕੱਠੀਆਂ ਹੁੰਦੀਆਂ, ਫੱਕੜ ਤੋਲਦੀਆਂ ਅਤੇ ਇਸ ਜ਼ਿੰਦਗੀ ਉੱਤੇ ਹਸ ਛੱਡਦੀਆਂ !

1974 ਵਿਚ ਜਦੋਂ ਮੈਂ ਲੰਡਨ ਦੇ ਹੀਥਰੋ ਹਵਾਈ ਅੱਡੇ ਉੱਤੇ ਉਤਰਿਆ ਤਾਂ ਮੇਰੀ ਭੈਣ ਤੇ ਭਣੋਈਆ ਮੈਨੂੰ ਲੈਣ ਆਏ ਹੋਏ ਸਨ। ਮੇਰੀ ਭੈਣ ਬੜੀ ਖ਼ੁਸ਼ ਸੀ। ਨਿੱਕੇ-ਨਿੱਕੇ ਦੋ ਪੁੱਤਰ ਅਤੇ ਸੁਹਣਾ ਸੁਣੱਖਾ ਖਾਂਦਾ ਪੀਂਦਾ ਪਤੀ—ਇਸਤਰੀ ਨੂੰ ਹੋਰ ਕੀ ਚਾਹੀਦਾ ਹੈ ?

ਅਜੇ ਅਸੀਂ ਘਰ ਪਹੁੰਚੇ ਹੀ ਸਾਂ ਕਿ ਦਰਵਾਜ਼ੇ ਦੀ ਘੰਟੀ ਵੱਜੀ। ਮਾਲਤੀ ਇਕ ਸਾਧਾਰਨ ਰੂਪ ਤੇ ਅਧੇੜ ਉਮਰ ਦੇ ਆਦਮੀ ਨਾਲ ਸਾਡੇ ਕੋਲ ਆ ਪਧਾਰੀ ! ਤੇ ਫਿਰ ਬੋਲੀ, "ਇਹ ਮੇਰੇ ਪਤੀ ਹਨ ! ਹੁਣੇ-ਹੁਣੇ ਨਾਈਟ ਸ਼ਿਫ਼ਟ ਲਾ ਕੇ ਆਏ ਹਨ। ਮੈਂ ਵੀ ਕੰਮ 'ਤੇ ਜਾਣਾ ਸੀ। ਸੋਚਿਆ ਕਿ ਇਹ ਪਿਛਲੀ ਵਾਰੀ ਵੀ ਤੁਹਾਨੂੰ ਨਹੀਂ ਮਿਲੇ। ਇਸ ਲਈ ਤੁਹਾਨੂੰ ਮਿਲ ਕੇ ਹੀ ਸੌਣ—ਫਿਰ ਪਤਾ ਨਹੀਂ ਮੇਲ ਹੋਣਾ ਵੀ ਹੈ ਕਿ ਨਹੀਂ !"

ਮੈਂ ਵੇਖਿਆ ਮਾਲਤੀ ਦੇ ਪਤੀ ਦੀਆਂ ਅੱਖਾਂ ਨੀਂਦ ਨਾਲ ਬੋਝਲ ਸਨ ਤੇ ਉਹ ਉਬਾਸੀਆਂ ਲੈ ਰਿਹਾ ਸੀ ! ਇਸ ਸਾਧਾਰਨ ਸ਼ਕਲੋ ਸੂਰਤ ਤੇ ਅਨਪੜ੍ਹ ਕਿਸਮ ਦੇ ਬੰਦੇ ਨਾਲ ਮਾਲਤੀ ਕਿਵੇਂ ਕੱਟ ਰਹੀ ਹੋਵੇਗੀ ? ਮੇਰੇ ਜ਼ਿਹਨ ਵਿਚ ਇਕ ਪ੍ਰਸ਼ਨ ਜਿਹਾ ਪੈਦਾ ਹੋਇਆ ਤੇ ਫਿਰ ਮਾਲਤੀ ਦੀ ਆਵਾਜ਼ ਸੁਣਾਈ ਦਿੱਤੀ, "ਅੱਛਾ ਜੀ, ਫਿਰ ਦਿਓ ਆਗਿਆ। ਮੇਰਾ ਕੰਮ ਦਾ ਸਮਾਂ ਹੋ ਗਿਆ ਹੈ ਤੇ ਇਨ੍ਹਾਂ ਨੇ ਵੀ ਸੌਣਾ ਹੈ। ਵਿਸ਼ ਯੂ ਏ ਨਾਈਸ ਹਾਲੀਡੇ ਇਨ ਇੰਗਲੈਂਡ।"

ਮਾਲਤੀ ਇਕ ਛਿਣ ਬਣ ਕੇ ਆਈ ਤੇ ਦੂਜਾ ਛਿਣ ਬਣ ਕੇ ਚਲੀ ਗਈ ! ਮੈਂ ਹਫ਼ਤੇ ਭਰ ਲਈ ਯੂਰਪ ਵਲ ਨਿਕਲ ਗਿਆ ! ਜਦੋਂ ਵਾਪਸ ਆਇਆ ਤਾਂ ਸ਼ਨਿਚਰਵਾਰ ਸ਼ਾਮ ਨੂੰ ਦਿਨ ਭਰ ਦੀ ਥਕਾਵਟ ਮਾਰਨ ਲਈ ਇਕ ਪੱਬ (ਸ਼ਰਾਬਖ਼ਾਨੇ) ਵਲ ਨੂੰ ਤੁਰ ਪਿਆ।

ਲੰਮੇਂ ਵਾਲਾਂ ਨੂੰ ਅਵਾਰਾ ਛੱਡੀ, ਬੈੱਲ-ਬਾਟਮ ਪਾਈ, ਪੱਬ ਦੀ ਨੁੱਕਰ ਵਾਲੀ ਮੇਜ਼ ਉੱਤੇ ਮਾਲਤੀ ਨੂੰ ਬੈਠਿਆਂ ਵੇਖ ਕੇ ਮੈਨੂੰ ਹੈਰਾਨੀ ਵੀ ਹੋਈ ਤੇ ਖ਼ੁਸ਼ੀ ਵੀ। ਉਸ ਦੇ ਅੱਗੇ ਇਕ ਗਲਾਸ ਬੀਅਰ ਦਾ ਅਤੇ ਇਕ ਵਿਸਕੀ ਦਾ ਪਿਆ ਸੀ। ਆਲੇ ਦੁਆਲੇ ਤੋਂ ਬੇਨਿਆਜ਼ ਉਹ ਸਿਗਰਟ ਪੀ ਰਹੀ ਅਤੇ ਆਪਣੇ ਆਪ ਵਿਚ ਮਗਨ ਸੀ।

"ਹੈਲੋ, ਮਾਲਤੀ ਕੀ ਹਾਲ ਹੈ ?"

"ਬੈਠੋ, ਬੈਠੋ, ਕੀ ਪੀਓਗੇ ?"

ਮੈਂ ਸੋਚਿਆ ਸੀ ਕਿ ਮੈਨੂੰ ਵੇਖ ਕੇ ਉਸ ਨੂੰ ਆਪਣੇ ਸ਼ਰਾਬ ਤੇ ਸਿਗਰਟ ਪੀਣ ਬਾਰੇ ਕੁਝ ਘਬਰਾਹਟ ਹੋਵੇਗੀ, ਪਰ ਗੱਲ ਇਸ ਤੋਂ ਉਲਟ ਹੋਈ। ਆਖ਼ਰ ਮੈਂ ਹੌਂਸਲਾ ਕਰ ਕੇ ਪੁੱਛ ਹੀ ਲਿਆ, "ਮਾਲਤੀ, ਇਹ ਸ਼ਰਾਬ, ਇਹ ਸਿਗਰਟ ਤੇ ਪੱਪੂ ਦੇ ਪਿਤਾ ...।"

ਸਿਗਰਟ ਨੂੰ ਰਾਖ਼ਦਾਨੀ ਵਿਚ ਝਾੜਦੀ ਹੋਈ ਉਹ ਜ਼ੋਰ ਨਾਲ ਹੱਸੀ ਤੇ ਫਿਰ ਬੋਲੀ, "ਹਾਂ ਪੱਪੂ ਦੇ ਪਿਤਾ ... ਇਹ ਠੰਡੀ ਰਾਖ਼ ਹੈ ਨਾ—ਸਾਡਾ ਜੀਵਨ ਇਸੇ ਤਰ੍ਹਾਂ ਦਾ ਹੀ ਹੈ—ਬਿਨ ਜਲਿਆਂ ਲਗਾਤਾਰ ਰਾਖ਼ ਹੁੰਦੇ ਜਾ ਰਹੇ ਹਾਂ। ਜਦੋਂ ਮੈਂ ਜਾਗਦੀ ਹਾਂ, ਤਾਂ ਉਹ ਕੰਮ ਉੱਤੇ ਹੁੰਦੇ ਹਨ ਅਤੇ ਜਦੋਂ ਉਹ ਜਾਗਦੇ ਹਨ ਤਾਂ ਮੈਂ ਕੰਮ ਉੱਤੇ ਹੁੰਦੀ ਹਾਂ। ਤੁਹਾਡੀਆਂ ਉਹ ਤੁਕਾਂ ਹਨ ਨਾ :

ਇਸ ਘਰ ਤੋਂ ਘਰ ਦੇ ਅੰਦਰ ਤਕ,
ਦੋ ਧਰੁੱਵਾਂ ਜਿਤਨੀ ਦੂਰੀ ਹੈ,
ਨਾ ਮਿਲ ਸਕਣਾ ਮਜਬੂਰੀ ਹੈ।

ਕੁਝ ਇਹੋ ਜਿਹੀ ਹੀ ਗੱਲ ਹੈ ਸਾਡੇ ਨਾਲ ਵੀ—ਸੰਡੇ ਨੂੰ ਹੀ ਮਿਲਦੇ ਹਾਂ ਇਕ ਦੂਜੇ ਨੂੰ—ਉਂਵ ਹੁਣ ਅਸੀਂ ਘਰ ਲੈ ਲਿਆ ਹੈ ਤੇ ਮੈਂ ਕਦੇ-ਕਦੇ ਸੈਚਰਡੇ ਔਫ਼ ਕਰ ਕੇ ਏਥੇ ਆ ਜਾਂਦੀ ਹਾਂ—"

ਮੈਂ ਪੁੱਛਿਆ, "ਤੇ ਪੱਪੂ ਦੇ ਪਿਤਾ ?"

"ਉਹ ਵੀ ਇੰਵ ਹੀ ਕਿਤੇ ਚਲੇ ਜਾਂਦੇ ਹਨ ... ਪੱਬ ਵਿਚ ਸ਼ਰਾਬੀ ਹਾਸੇ, ਉੱਚੀਆਂ ਗੱਲਾਂ ਤੇ ਸਿਗਰਟੀ ਧੂੰਏਂ ਵਲ ਵੇਖ ਸੁਣ ਕੇ ਜਾਪਦਾ ਹੈ ਕਿ ਜ਼ਿੰਦਗੀ ਅਜੇ ਖੜੋਤੀ ਨਹੀਂ—ਤੁਰ ਰਹੀ ਹੈ—ਪੂਰੀ ਮਸ਼ੀਨ ਨਹੀਂ ਬਣੀ—ਇਸ ਵਿਚ ਅਜੇ ਵੀ ਜ਼ਿੰਦਗੀ ਵਰਗਾ ਕੁਝ ਹੈ, ਇਕ ਦਿਲ ਧੜਕਦਾ ਹੈ।"

ਉਹ ਬੋਲੀ, "ਹਾਂ, ਪੱਪੂ—ਉਹ ਹੁਣ ਤਿੰਨ ਸਾਲ ਦਾ ਹੋ ਗਿਆ ਹੈ। ਸਾਡੇ ਘਰ ਕੁਝ ਲੌਜਰ ਰਹਿੰਦੇ ਹਨ—ਉਨ੍ਹਾਂ ਦੇ ਬੱਚਿਆਂ ਨਾਲ ਖੇਡ ਰਿਹਾ ਹੋਵੇਗਾ।"

ਮੈਂ ਹੈਰਾਨ ਸਾਂ ਕਿ ਮਾਲਤੀ ਵਿਚ ਇਕਦਮ ਏਨੀ ਤਬਦੀਲੀ ਕਿਵੇਂ ਆ ਗਈ ਜੋ ਉਹ ਆਪਣੇ ਮਾਂ ਤੇ ਪਤਨੀ ਹੋਣ ਦੇ ਕਰਤੱਵ ਨੂੰ ਭੁਲਾ ਕੇ ਏਥੇ ਪੱਬ ਵਿਚ ਆ ਬੈਠਦੀ ਹੈ। ਮੈਂ ਉਸ ਨੂੰ ਫਿਰ ਪੁੱਛਿਆ, "ਪਰ ਮਾਲਤੀ ਇਹ ਸਭ ਕੁਝ ਕਿਉਂ ?"

ਉਹ ਬੋਲੀ, "ਕਿਉਂਕਿ ਇਹ ਹਕੀਕਤ ਹੈ ਅਤੇ ਮੋਹ ਦੀ ਝੀਲ ਅਤੇ ਰੇਤ ਦੇ ਹੋਂਠ ਇਕ ਸੁਫ਼ਨਾ। ਜਦੋਂ ਰਾਤ ਨੂੰ ਤਾਰੇ ਗਿਣਨ ਵਾਲੇ ਦਿਨੇ ਰਸਤਾ ਭੁੱਲ ਜਾਣ ਤਾਂ ਸੁਫ਼ਨੇ ਕਦੇ ਸੱਚ ਨਹੀਂ ਬਣਦੇ। ਤੁਸੀਂ ਵੀ ਇਕ ਹਾਦਸਾ ਹੋ ਤੇ ਮੈਂ ਵੀ। ਤੁਹਾਡੀ ਕਵਿਤਾ ਤੇ ਕਹਾਣੀ ਦੀ ਪੂਰੀ-ਪੂਰੀ ਸਮਝ ਮੈਨੂੰ ਹੁਣ ਪਈ ਹੈ।"

ਉਹ ਕੁਝ ਦੇਰ ਚੁੱਪ ਕਰ ਕੇ ਮੇਰੇ ਵਲੋਂ ਬੇਧਿਆਨ ਵਿਸਕੀ ਤੇ ਸਿਗਰਟ ਪੀਂਦੀ, ਕੁਝ ਸੋਚਦੀ ਰਹੀ ਅਤੇ ਫਿਰ ਆਪ ਹੀ ਬੋਲੀ, "ਕਦੇ ਮੈਂ ਤੁਹਾਡੇ ਨਾਲ ਨਾਤਾ ਗੰਢਣਾ ਚਾਹਿਆ ਸੀ—ਉਹ ਗੱਲ ਨਾ ਬਣੀ। ਪਰ ਨਾਤਾ ਵੀ ਨਾ ਟੁੱਟਾ। ਇਕ ਅਜਿਹਾ ਰਿਸ਼ਤਾ ਜੋ ਹੈ ਵੀ ਸੀ ਤੇ ਨਹੀਂ ਵੀ। ਫਿਰ ਕਿੰਨੀ ਹੀ ਦੇਰ ਮੈਂ ਇਸ ਰਿਸ਼ਤੇ ਦੀ ਪਰਿਭਾਸ਼ਾ ਢੂੰਡਦੀ ਰਹੀ, ਪਰ ਗੱਲ ਨਾ ਬਣੀ। ਅੱਜ ਇੰਞ ਜਾਪਦਾ ਹੈ ਜਿਵੇਂ ਤੁਹਾਡੇ ਇਕ ਵਾਰੀ ਹੋਰ ਮਿਲਣ ਨਾਲ ਮੈਨੂੰ ਇਸ ਪਰਿਭਾਸ਼ਾ ਅਤੇ ਇਸ ਸੰਬੰਧ ਦਾ ਨਾਂ ਤੇ ਆਧਾਰ ਮਿਲ ਗਿਆ ਹੋਵੇ।"

ਮੈਂ ਪੁੱਛਿਆ, "ਉਹ ਕੀ ?"

ਉਹ ਇਕਦਮ ਗੰਭੀਰ ਹੋ ਗਈ ਅਤੇ ਫਿਰ ਸਿੱਲ੍ਹੀਆਂ ਅੱਖਾਂ ਉੱਤੇ ਆਪਣੇ ਪੋਟੇ ਫੇਰਦੀ ਹੋਈ ਬੋਲੀ, "ਹਾਦਸਿਆਂ ਦੀ ਸਾਂਝ। ਕੀ ਇਹ ਹੀ ਨਹੀਂ ਸਾਡਾ ਰਿਸ਼ਤਾ?"

# ਘਟਦੇ ਵਧਦੇ ਫ਼ਾਸਲੇ

ਸੁਧੀਰ ਅੱਜ ਫਿਰ ਐਟਲਸ ਖੋਲ੍ਹ ਕੇ ਬੈਠਾ ਸੀ। ਉਸ ਦੇ ਸਾਮ੍ਹਣੇ, ਮੇਜ਼ ਉੱਤੇ, ਗਲੋਬ ਵੀ ਪਿਆ ਸੀ। ਉਸ ਦੇ ਹੱਥ ਭਾਵੇਂ ਖ਼ਾਲੀ ਸਨ, ਪਰ ਉਸ ਦੇ ਸੱਜੇ ਹੱਥ ਦੀਆਂ ਪਹਿਲੀਆਂ ਦੋਵੇਂ ਉਂਗਲੀਆਂ ਅਤੇ ਅੰਗੂਠਾ ਇੰਵ ਮੁੜੇ ਹੋਏ ਸਨ, ਜਿਵੇਂ ਉਨ੍ਹਾਂ ਵਿਚ ਪੈਨਸਲ ਪਕੜੀ ਹੋਈ ਹੋਵੇ। ਉਸ ਨੇ ਆਪਣੇ ਖੱਬੇ ਹੱਥ ਨਾਲ ਗਲੋਬ ਨੂੰ ਜ਼ੋਰ ਨਾਲ ਘੁੰਮਾ ਦਿੱਤਾ। ਘੁੰਮਦੇ ਹੋਏ ਗਲੋਬ ਵਲ ਵੇਖ ਕੇ ਉਸ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਹ ਇਤਨਾ ਵੱਡਾ ਹੋ ਗਿਆ ਹੋਵੇ ਅਤੇ ਇਤਨਾ ਮਹਾਨ ਕਿ ਗਲੋਬ ਉੱਤੇ ਫੈਲੇ ਹੋਏ ਇਹ ਮਹਾਂਦੀਪ, ਦੇਸ਼ ਅਤੇ ਦੇਸ਼ਾਂ ਦੇ ਲੋਕ ਇਕ ਚੱਕਰ ਵਿਚ ਉਸ ਦੀ ਆਪਣੀ ਧੁਰੀ ਦੁਆਲੇ ਘੁੰਮ ਰਹੇ ਹੋਣ। ਗਲੋਬ ਦੀ ਚੱਕਰਦਾਰ ਹਰਕਤ ਰੁਕੀ, ਤਾਂ ਉਸ ਦੇ ਸਾਮ੍ਹਣੇ ਯੂਰਪ ਦੀ ਭੂਗੋਲਕ ਰੂਪਰੇਖਾ ਉੱਭਰੀ, ਜਿਸ ਦੇ ਨਾਲ ਹੀ ਸੀ ਇਕ ਛੋਟਾ ਜਿਹਾ ਦੀਪ, 'ਇੰਗਲੈਂਡ'। ਕਦੇ ਸਮਾਂ ਸੀ ਜਦੋਂ ਇਹ ਦੀਪ ਇਕ ਅਜਿਹਾ ਸੂਰਜ ਬਣਿਆ ਸੀ, ਜੋ ਹਰ ਸਮੇਂ ਧਰਤੀ ਦੇ ਕਿਸੇ ਨਾ ਕਿਸੇ ਹਿੱਸੇ ਉੱਤੇ ਆਪਣੇ ਰਾਜ-ਅਧਿਕਾਰ ਦੀ ਰੌਸ਼ਨੀ ਜਗਾਈ ਰੱਖਦਾ ਸੀ। ਛਿਣ ਦੀ ਛਿਣ ਉਸ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ, ਜਿਵੇਂ ਉਹ ਫ਼ਜ਼ੂਲ ਖ਼ਿਆਲਾਂ ਵਿਚ ਬਹਿਕ ਗਿਆ ਹੋਵੇ। ਦੂਸਰੇ ਛਿਣ ਹੀ ਉਸ ਨੇ ਆਪਣੇ ਸਿਰ ਨੂੰ ਛੰਡ ਕੇ, ਇਨ੍ਹਾਂ ਫ਼ਜ਼ੂਲ ਖ਼ਿਆਲਾਂ ਤੋਂ ਆਪਣਾ ਪਿੱਛਾ ਛੁਡਾਇਆ।

ਉਸ ਨੇ ਗਲੋਬ ਉੱਤੇ, ਉਸ ਦੀਪ ਵਲ ਵੇਖਿਆ। ਏਥੇ ਹੀ ਤਾਂ ਉਸ ਦੀ ਵੱਡੀ ਧੀ ਰਹਿੰਦੀ ਸੀ। ਚੰਗੇ ਖਾਂਦੇ ਪੀਂਦੇ ਵਿਉਪਾਰੀ ਟੱਬਰ ਵਿਚ ਉਸ ਦਾ ਵਿਆਹ ਹੋਇਆ ਸੀ। ਲਾਲਾਂ ਵਰਗੇ ਉਸ ਦੇ ਦੋ ਮੁੰਡੇ ਸਨ, ਇਕ ਛੇਆਂ ਕੁ ਸਾਲਾਂ ਦਾ ਤੇ ਦੂਜਾ ਚੌਂਹ ਸਾਲਾਂ ਦਾ। ਉਸ ਦਾ ਸੱਜਾ ਹੱਥ ਆਪ-ਮੁਹਾਰਾ ਹੀ ਹਰਕਤ ਵਿਚ ਆ ਗਿਆ ਤੇ ਉਸ ਨੂੰ ਇੰਵ ਪ੍ਰਤੀਤ ਹੋਇਆ ਜਿਵੇਂ ਉਸ ਦੇ ਹੱਥ ਵਿਚਲੀ ਖ਼ਿਆਲੀ ਪੈਨਸਲ ਅੰਦਰਲਾ ਅਵਸਤੂ ਬਿੰਦੂ ਫਿਰ ਬਾਹਰ ਆ ਗਿਆ ਹੋਵੇ ਅਤੇ ਇੰਗਲੈਂਡ ਤੋਂ ਫੈਲ ਕੇ ਅਫ਼ਰੀਕਾ ਦੇ ਦੇਸ਼ ਕੀਨੀਆ ਵਿਚਕਾਰ ਇਕ ਸਿੱਧੀ ਲਕੀਰ ਬਣਦਾ ਜਾ ਰਿਹਾ ਹੋਵੇ। ਛਿਣ ਪਲ ਵਿਚ ਹੀ ਉਸ ਨੇ ਅਫ਼ਰੀਕਾ, ਯੂਰਪ ਅਤੇ ਕੀਨੀਆਂ, ਇੰਗਲੈਂਡ ਵਿਚਲੀ ਦੇਸ਼ ਤੇ ਕਾਲ ਦੀ ਵਿੱਥ ਮਿਟਾ ਦਿੱਤੀ ਸੀ। ਕੀਨੀਆਂ ਤੇ ਇੰਗਲੈਂਡ ਵਿਚਕਾਰ ਕਿੰਨਾ ਫ਼ਾਸਲਾ ਹੈ ? ਉਹ ਸੋਚ ਰਿਹਾ ਸੀ, ਇਕ ਬਿੰਦੂ ਦੇ ਇਕ ਲਕੀਰ ਬਣਨ—ਜਿਤਨਾ—ਬਿੰਦੂ ਜੋ ਉਸ ਦੇ ਹੱਥ ਵਿਚ ਪਕੜੀ ਖ਼ਿਆਲੀ ਪੈਨਸਲ ਵਿਚ ਹਰ ਸਮੇਂ ਸਜੀਵ ਰਹਿੰਦਾ ਹੈ।

ਉਹ ਸੋਚ ਰਿਹਾ ਸੀ, ਫ਼ਾਸਲਾ, ਹਾਂ ਫ਼ਾਸਲਾ—ਇਹ ਫ਼ਾਸਲਾ ਕੱਛ ਕੇ ਹੀ ਤਾਂ ਉਸ ਦੀ ਧੀ ਆਪਣੇ ਦੋ ਪੁੱਤਰਾਂ ਸਮੇਤ ਬੁੱਕ ਰੁਪਿਆਂ ਦਾ ਖ਼ਰਚ ਕਰ ਕੇ ਉਚੇਚੇ ਤੌਰ ਉੱਤੇ ਉਸ ਨੂੰ ਮਿਲਣ ਅਤੇ ਇਕ ਮਹੀਨੇ ਦੀਆਂ ਛੁੱਟੀਆਂ ਗੁਜ਼ਾਰਨ ਉਸ ਕੋਲ ਕੀਨੀਆਂ ਆ ਰਹੀ ਸੀ। ਬੀ. ਕੌਮ. (B. Com.) ਦਾ ਇਮਤਿਹਾਨ ਪਾਸ ਕਰ ਕੇ, ਉਸ ਦਾ ਵੱਡਾ ਪੁੱਤਰ ਵੀ ਨੌਕਰੀ ਕਰਨ ਵਾਸਤੇ ਕੀਨੀਆਂ ਆ ਰਿਹਾ ਸੀ। ਉਸ ਦੀ ਧੀ ਨੇ ਇਹੀ ਤਾਂ ਲਿਖਿਆ ਸੀ ਕਿ ਉਸ ਦਾ ਉਸ ਨੂੰ ਤੇ ਆਪਣੇ ਛੋਟੇ ਵੀਰ ਨੂੰ ਮਿਲਣ ਵਾਸਤੇ ਬੜਾ ਦਿਲ

ਕਰਦਾ ਹੈ। ਇਹ ਪੈਸੇ ਤਾਂ ਹੱਥਾਂ ਦੀ ਮੈਲ ਹਨ, ਅੱਜ ਹੈਨ—ਕੱਲ੍ਹ ਨਹੀਂ। ਜ਼ਿੰਦਗੀ ਦਾ ਕੀ ਭਰੋਸਾ ਹੈ—ਪਿਆਰ ਤੇ ਮੁਹੱਬਤ, ਮੇਲ ਤੇ ਮਿਲਾਪ ਪੈਸਿਆਂ ਨਾਲੋਂ ਵਧੇਰੇ ਜ਼ਰੂਰੀ ਹਨ। ਰੋਕੜ ਰੁਪਿਆਂ ਦੀ ਕਮਾ ਕੇ ਵੀ ਜੇ ਇਕ ਦੂਜੇ ਨੂੰ ਮਿਲਣ ਲਈ ਤੜਪਦੇ ਤਰਸਦੇ ਰਹੇ, ਤਾਂ ਇਹ ਕਮਾਈ ਕਿਸ ਅਰਥ ?" ਜੇ ਇਹ ਕਮਾਈ, ਇਹ ਧਨ, ਇਨਸਾਨੀ ਰਿਸ਼ਤਿਆਂ ਵਿਚ ਦੀਵਾਰਾਂ ਖੜ੍ਹੀਆਂ ਕਰਨ ਦੇ ਕਾਬਲ ਹਨ, ਤਾਂ ਅਜਿਹੀ ਹਰ ਦੀਵਾਰ ਤੋੜ ਦੇਣੀ ਚਾਹੀਦੀ ਹੈ। ਉਸ ਨੇ ਇਹ ਵੀ ਲਿਖਿਆ ਸੀ ਕਿ ਆਪਣੀ ਇਸ ਯਾਤਰਾ ਦੇ ਦੌਰਾਨ ਉਹ ਆਪਣੇ ਬਾਬਲ ਨੂੰ ਵੀ ਮਿਲ ਲਵੇਗੀ ਤੇ ਆਪਣੇ ਛੋਟੇ ਵੀਰ ਨੂੰ ਵੀ—ਰਿੰਕੂ ਤੇ ਪਿੰਕੂ ਦੋਹਾਂ ਨੇ ਹੀ ਨਾ ਆਪਣਾ ਨਾਨਾ ਵੇਖਿਆ ਸੀ ਅਤੇ ਨਾ ਹੀ ਮਾਮਾ—ਉਨ੍ਹਾਂ ਨੂੰ ਵੀ ਪਤਾ ਲੱਗ ਜਾਵੇਗਾ ਕਿ ਉਹ ਕਿਸ ਕੋੜਮੇਂ ਵਿੱਚੋਂ ਹਨ। ਇਸ ਸਭ ਕੁਝ ਦੇ ਨਾਲ ਹੀ ਉਹ ਅਫ਼ਰੀਕਾ ਦੀ ਯਾਤਰਾ ਦਾ ਆਨੰਦ ਵੀ ਮਾਣ ਸਕੇਗੀ।

ਹਾਂ, ਠੀਕ ਹੀ ਤਾਂ ਲਿਖਿਆ ਹੈ, ਉਸ ਦੀ ਧੀ ਨੇ ... ਇਹ ਮੇਲ ਮਿਲਾਪ ... ਉਹ ਸੋਚ ਰਿਹਾ ਸੀ ... ਉਸ ਦੇ ਘਰ ਵਿਚ ਇਕ ਟੱਬਰ ਦੇ ਪੰਜ ਜੀਆਂ ਦਾ ਮੇਲ ਮਿਲਾਪ ਹੀ ਨਹੀਂ ਹੋਵੇਗਾ, ਸਗੋਂ ਦੁਨੀਆਂ ਦੇ ਦੋ ਮਹਾਂਦੀਪਾਂ (ਅਫ਼ਰੀਕਾ ਤੇ ਭਾਰਤ) ਅਤੇ ਇਕ ਦੀਪ (ਇੰਗਲੈਂਡ) ਜੋ ਕਦੇ ਕਈ ਮਹਾਂਦੀਪਾਂ ਤੋਂ ਵੱਡਾ ਸੀ, ਦਾ ਮੇਲ ਹੋਵੇਗਾ। ਨਾਲੇ ਮੇਲ ਮਿਲਾਪ, ਨਾਲੇ ਸੈਰ ਸਪਾਟਾ। ਉਸ ਦੇ ਚਿਹਰੇ ਉੱਤੇ ਇਕ ਵਿਅੰਗ ਭਰੀ ਮੁਸਕਾਨ ਫੈਲ ਗਈ, ਜਿਵੇਂ ਉਹ ਆਪਣੇ ਆਪ ਨੂੰ ਕਹਿ ਰਿਹਾ ਹੋਵੇ, 'ਨਾਲੇ ਮੁੰਜ ਬਗੜ ਦਾ ਸੌਦਾ, ਨਾਲੇ ਦਰਸ਼ਨ ਦੇਵੀ ਦੇ'।

ਉਸ ਦਾ ਖੱਬਾ ਹੱਥ ਫਿਰ ਗਲੋਬ ਨੂੰ ਛੋਹ ਗਿਆ ਸੀ। ਘੁੰਮਦਾ ਹੋਇਆ ਗਲੋਬ ਉਸ ਦੇ ਸਾਮ੍ਹਣੇ ਏਸ਼ੀਆ ਦੇ ਮਹਾਂਦੀਪ ਵਿਚ ਭਾਰਤ ਦਾ ਨਕਸ਼ਾ ਲੈ ਕੇ ਖੜੋ ਗਿਆ। ਉਸ ਦੇ ਸੱਜੇ ਹੱਥ ਵਿਚ ਪਕੜਿਆ ਅਮੂਰਤ ਬਿੰਦੂ ਜਲੰਧਰ ਤੋਂ ਧਰਤੀ ਰਾਹੀਂ ਬੰਬਈ ਤਕ ਪਹੁੰਚਦਾ, ਹਿੰਦ ਮਹਾਂ ਸਾਗਰ ਵਿੱਚੋਂ ਦੀ ਤਰਦਾ ਹੋਇਆ ਮੁੰਬਾਸੇ ਦੇ ਤਟ ਉੱਤੇ ਆਣ ਲੱਗਾ ਸੀ ਅਤੇ ਫਿਰ ਮੁੰਬਾਸੇ ਤੋਂ ਨੈਰੋਬੀ ਤੇ ਨੈਰੋਬੀ ਤੋਂ ਉਸ ਦੇ ਘਰ ਤਕ ਦਾ ਤਿੰਨ ਸੌ ਮੀਲ ਤੋਂ ਵੀ ਵਧ ਦਾ ਫ਼ਾਸਲਾ, ਜਿਵੇਂ ਇਸ ਬਿੰਦੂ ਨੇ ਪਲਕ ਝਪਕ ਵਿਚ ਹੀ ਤੈ ਕਰ ਲਿਆ ਸੀ।

ਆਪ ਭਾਵੇਂ ਉਹ ਹੁਣ ਅਧਖੜ ਉਮਰ ਨੂੰ ਢੁੱਕ ਚੁੱਕਾ ਸੀ ਪਰ ਆਪਣੇ ਵਿਦਿਆਰਥੀ ਜੀਵਨ ਦੇ ਦੌਰਾਨ ਸਕੂਲ ਸਮੇਂ ਦੀ ਉਸ ਦੀ ਇਹ ਆਦਤ ਅਜੇ ਤਕ ਨਹੀਂ ਸੀ ਗਈ—ਇਹੀ ਆਦਤ, ਇਕ ਬਿੰਦੂ ਨੂੰ ਫੈਲਾ ਕੇ ਦੇਸ਼ਾਂ ਮਹਾਂਦੀਪਾਂ ਨੂੰ ਮਿਲਾ ਦੇਣ ਦੀ ਆਦਤ। ਉਹ ਸੋਚ ਰਿਹਾ ਸੀ ਕਿ ਬਿੰਦੂ ਵਿੱਚੋਂ ਨਿਕਲਣ ਵਾਲੀ ਇਸ ਅਮੂਰਤ ਲਕੀਰ ਦੀ ਰਫ਼ਤਾਰ ਕਿੰਨੀ ਤੇਜ਼ ਹੈ, ਸੁਪਰ ਸੌਨਿਕ ਤੇ ਖ਼ਲਾਈ-ਯਾਨ ਦੀ ਰਫ਼ਤਾਰ ਤੋਂ ਵੀ ਤੇਜ਼, ਜੋ ਦੇਸ਼ ਤੇ ਕਾਲ ਦੀ ਵਿੱਥ ਨੂੰ ਅੱਖ ਫੋਰੇ ਵਿਚ ਮਿਟਾ ਕੇ ਰੱਖ ਦਿੰਦੀ ਹੈ, ਉਦੋਂ, ਜਦੋਂ ਉਹ ਸਕੂਲ ਵਿਚ ਇੰਞ ਕਰਦਾ ਹੁੰਦਾ ਸੀ, ਤਾਂ ਉਸ ਨੂੰ ਇਹ ਵਿਸ਼ਵਾਸ ਹੀ ਨਹੀਂ ਸੀ ਕਿ ਕਦੇ ਉਸ ਦੀ ਵਿੱਥ ਮੇਟਣ ਦੀ ਇਹ ਕਿਰਿਆ, ਅਮੂਰਤ ਨਾ ਰਹਿ ਕੇ, ਸਮੂਰਤ ਵੀ ਬਣ ਜਾਵੇਗੀ।

ਭਾਰਤ ਵਿਚ ਨੌਕਰੀ ਕਰਦਿਆਂ ਉਸ ਦਾ ਜੀਵਨ ਵੀ ਅਜੀਬ ਢੰਗ ਨਾਲ ਬੀਤਿਆ ਸੀ। ਜਦੋਂ ਉਸ ਦੇ ਕੋਲ ਪੈਸੇ ਹੁੰਦੇ ਸਨ, ਤਾਂ ਚੰਗੀ ਸ਼ਰਾਬ, ਚੰਗਾ ਖਾਣਾ, ਚੰਗੀ ਤੀਵੀਂ, ਚੰਗੀ ਪੋਸ਼ਾਕ ਅਤੇ ਚੰਗਾ ਜੀਵਨ ਉਸ ਦਾ ਇਸ਼ਟ ਹੁੰਦਾ ਸੀ। ਉਸ ਦਾ ਵਿਆਹ ਹੋ ਗਿਆ, ਪਰ ਉਸ ਦੀ ਇਹ ਆਦਤ ਨਾ ਗਈ। ਜਦ ਵੀ ਕਦੇ ਕਿਤਿਓਂ ਪੈਸਿਆਂ ਨੂੰ ਹੱਥ ਪਿਆ, ਟਿਊਸ਼ਨ ਕਰਕੇ, ਗਾਈਡ ਲਿਖ ਕੇ, ਆਕਾਸ਼ਵਾਣੀ ਦੇ ਪ੍ਰੋਗਰਾਮ ਕਰਕੇ ਤੇ ਜਾਂ ਫਿਰ ਕਵੀ ਦਰਬਾਰਾਂ ਵਿਚ ਭਾਗ ਲੈ ਕੇ, ਤਾਂ ਉਹ ਜੀਵਨ ਵਿਚ ਵਿਆਪਕ ਐਸ਼ ਦੀ ਇਸ ਮਿਕਨਾਤੀਸੀ ਸ਼ਕਤੀ ਵਲ ਆਪਣੇ ਆਪ ਹੀ ਖਿੱਚ ਹੁੰਦਾ ਰਿਹਾ। ਘਰ ਵਿਚ ਕਦੇ ਰੋਟੀ ਦੇ ਦੋਵੇਂ ਪਾਸੇ ਚੋਪੜੇ ਹੋਏ ਅਤੇ ਕਦੇ ਫ਼ਾਕਾਮਸਤੀ। ਉਸ ਦੀ ਪਤਨੀ ਕਈ ਵਾਰ ਖਿਝ ਖਪ ਕੇ ਉਸ ਨੂੰ ਆਖਦੀ, "ਘਰ ਵਿਚ ਰਿੰਨ੍ਹਣ ਪਕਾਉਣ ਨੂੰ ਕੁਝ ਵੀ ਨਹੀਂ, ਹੁਣ ਮੈਂ ਚੁੱਲ੍ਹੇ ਵਿਚ ਤੁਹਾਡੀਆਂ ਲੱਤਾਂ ਡਾਹਵਾਂ।" ਤਾਂ ਉਹ ਸਿਰਫ਼ ਮੁਸਕਰਾ ਦਿੰਦਾ ਅਤੇ ਸੋਚਦਾ ਕਿ ਇਸ ਘਰ ਵਿਚ ਤਾਂ ਕਦੇ-ਕਦੇ ਉਸ ਦੀਆਂ ਇਹ ਲੱਤਾਂ ਵੀ ਨਹੀਂ ਹੁੰਦੀਆਂ। ਅਜਿਹੇ

ਸਮੇਂ ਜਾਂ ਉਹ ਆਪਣੇ ਕਿਸੇ ਮਿੱਤਰ ਦੇ ਪਿੰਡ ਵਲ ਨਿਕਲ ਪੈਂਦਾ ਜਾਂ ਰਾਤ ਗਈ ਤਕ ਪਿੰਡੋਂ ਚੋਖੀ ਦੂਰ ਤੇ ਸਥਿਤ ਢੱਕੀ ਵਿਚ ਕਾਗਜ਼ ਕਲਮ ਲੈ ਕੇ ਪੇਟ ਦੀ ਭੁੱਖ ਤੇ ਮਨ ਦੀ ਭੁੱਖ ਵਿਚਕਾਰ ਇਕ ਭਿਆਨਕ ਯੁੱਧ ਲੜਦਾ ਖੰਡ-ਖੰਡ ਹੁੰਦਾ ਰਹਿੰਦਾ। ਡੂੰਘੀ ਰਾਤ ਗਿਆਂ ਜਦੋਂ ਪਿੰਡ ਵਿਚ ਸੋਤਾ ਪੈ ਚੁਕਦਾ, ਤਾਂ ਉਹ ਵਾਪਸ ਘਰ ਪਰਤ ਕੇ ਦੱਬੇ ਪੈਰੀਂ ਤੁਰਦਾ ਆਪਣੇ ਮੰਜੇ ਤਕ ਪਹੁੰਚ ਕੇ ਗਾਇਬ ਹੋ ਜਾਂਦਾ ਸੀ। ਉਸ ਨੂੰ ਪਤਾ ਸੀ ਕਿ ਉਸ ਦੀ ਪਤਨੀ, ਆਪਣੀ ਪਿੱਠ ਉਸ ਵਲ ਹੋਣ ਦੇ ਬਾਵਜੂਦ ਵੀ, ਉਸ ਦਾ ਇਹ ਕਰਮ ਵੇਖ, ਮਹਿਸੂਸ ਰਹੀ ਹੁੰਦੀ ਸੀ। ਅਜਿਹੇ ਹਰ ਦਿਨ, ਦਰਵਾਜ਼ੇ ਨੂੰ ਖੁੱਲ੍ਹਿਆਂ ਵੀ ਤਾਂ ਉਸ ਨੇ ਰਖਿਆ ਹੁੰਦਾ ਸੀ। ਅਜਿਹੇ ਸਮੇਂ ਉਹ ਆਪਣੀ ਇਸ ਹਾਲਤ ਨੂੰ ਇਕ ਦਾਰਸ਼ਨਿਕ ਰੰਗਣ ਦਿੰਦਾ ਹੋਇਆ ਆਖਿਆ ਕਰਦਾ ਸੀ ਕਿ "ਖੁੱਲ੍ਹੇ ਦਰਵਾਜ਼ੇ ਹੀ, ਵੱਸਦੇ ਰਸਦੇ ਘਰਾਂ ਦਾ ਚਿੰਨ੍ਹ ਹਨ।"

ਇਸ ਸਮੇਂ ਦੇ ਦੌਰਾਨ ਉਸ ਨੂੰ ਅਨੇਕਾਂ ਮਿੱਤਰ ਮਿਲੇ ਸਨ। ਮਿੱਤਰ ਜੋ ਆਪਣੇ ਆਪ ਦੀ ਦਸ ਪੈਸਿਆਂ ਤਕ ਕੀਮਤ ਰੱਖਦੇ ਹੋਏ ਵੀ ਉਸ ਦੀ ਖ਼ਾਤਰ ਰੁਪਈਏ ਵਿਚ ਚੱਲ ਗਏ ਅਤੇ ਉਹ ਮਿੱਤਰ ਵੀ ਜੋ ਹਜ਼ਾਰਾਂ ਦੀ ਕੀਮਤ ਰਖਦੇ ਹੋਏ ਵੀ ਉਸ ਦੇ ਖੀਸੇ ਨੂੰ ਖ਼ਾਲੀ ਕਰਕੇ ਉਸ ਦੇ ਜੀਵਨ ਦਾ ਅਸਲੀ ਮੁੱਲ ਮਨਫ਼ੀ ਵਿਚ ਕਰ ਗਏ ਸਨ। ਇਹ ਗਣਿਤ ਵੀ ਅਜੀਬ ਵਿਸ਼ਾ ਹੈ। ਅੰਕੜਿਆਂ ਵਿਚ ਜੋ ਸੱਚ ਨਜ਼ਰ ਆਉਂਦਾ ਹੈ, ਜੀਵਨ ਵਿਚ ਉਹ ਕੂੜ ਹੋ ਨਿੱਬੜਦਾ ਹੈ। ਉਹ ਸੋਚ ਰਿਹਾ ਸੀ ਕਿ ਗਣਿਤ ਦਾ ਇਹ ਵਿਸ਼ਾ ਕਦਮ-ਕਦਮ ਉੱਤੇ ਇਨਸਾਨ ਦੀ ਜ਼ਿੰਦਗੀ ਨਾਲ ਬੜੀ ਬੇਰਹਿਮ ਅਤੇ ਭਿਆਨਕ ਖੇਡ ਖੇਡਦਾ ਹੈ। ਕਿਸੇ ਦੇ ਦੋ ਅਤੇ ਦੋ, ਸੌ ਅਤੇ ਕਿਸੇ ਦੇ ਵੀਹ ਅਤੇ ਵੀਹ, ਮਨਫ਼ੀ ਦਸ।

ਫਿਰ ਉਹ ਸੋਚਦਾ ਕਿ ਜੇ ਜੀਵਨ ਇੰਝ ਨਾ ਹੁੰਦਾ, ਤਾਂ ਚਿੰਤਨ ਕਿਵੇਂ ਪੈਦਾ ਹੁੰਦਾ ? ਜੇ ਜੀਵਨ ਦੀ ਕਿਰਿਆ ਵਿਚ ਦੋ ਅਤੇ ਦੋ ਚਾਰ ਹੀ ਰਹਿੰਦੇ ਅਤੇ ਵੀਹ ਦੇ ਵੀਹ ਚਾਲ੍ਹੀ—ਤਾਂ ਨਾ ਕੋਈ ਅਸੰਤੁਸ਼ਟੀ ਜਨਮ ਲੈਂਦੀ, ਨਾ ਫ਼ਲਸਫ਼ਾ ਪੈਦਾ ਹੁੰਦਾ, ਨਾ ਗਿਆਨ ਅਤੇ ਨਾ ਹੀ ਬੁਰੇ ਭਲੇ, ਗਲਤ ਠੀਕ ਤੇ ਨਿਆਂ ਅਤੇ ਅਨਿਆਂ ਦੀ ਸੋਝੀ ਜਾਂ ਚੇਤੰਨਤਾ ਹੁੰਦੀ—ਜ਼ਿੰਦਗੀ ਇਕ ਸਰਲ ਸਿੱਧੀ ਲਕੀਰ ਬਣ ਕੇ ਰਹਿ ਜਾਂਦੀ। ਨਾ ਕੋਈ ਸੰਕਟ, ਨਾ ਸੰਘਰਸ਼ ... ਨੀਰਸ, ਇਕਸਾਰ ਜੀਵਨ ...। ਪਰ ਫਿਰ ਜਦੋਂ ਉਹ ਜੀਵਨ ਦੀ ਵਰਤਮਾਨ ਦਸ਼ਾ ਵਲ ਝਾਤੀ ਮਾਰਦਾ ਤਾਂ ਵੇਖਦਾ ਕਿ ਕਿਵੇਂ ਵਾਦ-ਵਿਵਾਦਾਂ ਵਿਚ ਉਲਝੇ ਹੋਏ ਹਨ—ਕਿਵੇਂ ਇਨਸਾਨ, ਇਨਸਾਨ ਦੀ ਹੱਤਿਆ ਕਰ ਰਿਹਾ ਹੈ—ਕਿਵੇਂ ਅੱਗ ਇਕ ਰੁੱਖ ਨੂੰ—ਪੈਂਦੀ ਹੈ ਤੇ ਸਾਰੇ ਦਾ ਸਾਰਾ ਜੰਗਲ ਬਲ ਉੱਠਦਾ ਹੈ ਤੇ ਉਸ ਦੀ ਲਪੇਟ ਵਿਚ—ਆਸ਼ਾ ਨਿਰਾਸ਼ਾ, ਮਨ, ਸਰੀਰ, ਅਸਤਿਤਵ, ਸਮਾਜ, ਵਿਅਕਤੀ, ਸ਼ਾਂਤੀ, ਇੱਛਾ ਤੇ ਸੁਤੰਤਰਤਾ—ਉਸ ਦਾ ਸਭ ਕੁਝ ਆ ਜਾਂਦਾ ਹੈ। ਉਹ ਸੋਚਦਾ ਕਿ ਇਨਸਾਨ ਦੀ ਜੋ ਜ਼ਿੰਦਗੀ ਹਨੇਰੇ ਵਿਚ ਲੰਘੀ, ਉਹ ਚੰਗੀ ਸੀ। ਪਰ ਚਾਨਣ ਵਿਚ ਚਿੰਤਨ ਦਾ ਸੰਤਾਪ ਭੋਗਦਾ, ਮਨੁੱਖ ਪਲ-ਪਲ ਅੱਗ ਦੇ ਭਾਂਬੜਾਂ ਦੇ ਸਾਹ ਲੈਂਦਾ, ਦਗਦੇ ਕੋਲਿਆਂ ਉੱਤੇ ਤੁਰਦਾ ਹੈ। ਉਸ ਨੂੰ ਇੰਜ ਵਿਖਾਈ ਦਿੰਦਾ ਜਿਵੇਂ ਸੂਰਜ ਦੀ ਤਪਸ਼ ਨੇ ਮੀਲਾਂ ਤਕ ਧਰਤੀ, ਵਿਚ ਦਰਾੜਾਂ ਪਾ ਦਿੱਤੀਆਂ ਹੋਣ ਤੇ ਧਰਤੀ ਕੋਲੇ ਵਰਗੀ ਹੋ ਗਈ ਹੋਵੇ। ਮਨੁੱਖ ਜਿੱਧਰ ਵੀ ਜਾਂਦਾ ਹੈ, ਉਸ ਦੇ ਲਟ-ਲਟ ਬਲਦੇ ਪੈਰਾਂ ਨਾਲ ਧਰਤੀ ਮਚ ਉੱਠਦੀ ਹੈ। ਬੀਜ, ਜਿਨ੍ਹਾਂ ਕਦੇ ਫੁੱਟਣਾ ਸੀ ਨਵੀਆਂ ਪ੍ਰਭਾਤਾਂ ਵਾਂਗ, ਨਵੀਆਂ ਆਸਾਂ ਦੇ ਚਿੰਨ੍ਹ ਬਣ ਕੇ, ਇਸ ਧਰਤੀ ਦੀਆਂ ਦਰਾੜਾਂ ਵਿਚ ਡਿਗਦਿਆਂ ਹੀ ਰਾਖ ਹੋ ਜਾਂਦੇ ਹਨ। ਉਹ ਆਪ ਜਲਦਾ ਹੈ, ਬਲਦਾ ਹੈ, ਪਰ ਏਨਾ ਸਖ਼ਤ ਜਾਨ ਹੋ ਚੁਕਾ ਹੈ ਕਿ ਉਬਲਣ ਦਰਜੇ ਤਕ ਪਹੁੰਚ ਕੇ ਵੀ ਉਬਲਦਾ ਨਹੀਂ, ਮਰਦਾ ਨਹੀਂ, ਫਟਦਾ ਨਹੀਂ, ਚੀਥੜੇ-ਚੀਥੜੇ ਨਹੀਂ ਹੁੰਦਾ। ਇਸ ਅਵਸਥਾ ਵਿਚ ਉਹ ਆਪਣੇ ਅੰਦਰ ਬਾਹਰ ਝਾਤੀ ਮਾਰਦਾ ਹੈ, ਤਾਂ ਉਸ ਨੂੰ ਇਹ ਅੱਗ ਮਹਾਂ ਨਗਰ ਦੀਆਂ ਸੰਘਣੀਆਂ ਇਮਾਰਤਾਂ ਵਿਚ ਘਿਰੇ ਇਕਲਾਪੇ ਤੋਂ ਲੈ ਕੇ ਮਾਰੂਥਲ ਦੇ ਕਣ-ਕਣ ਤਕ ਪਸਰਦੀ ਪ੍ਰਤੀਤ ਹੁੰਦੀ ਹੈ ਅਤੇ ਕਦੇ-ਕਦੇ ਇਕ ਨਿਰੁੱਖੇ ਅਨੰਤ ਰਸਤੇ ਵਲ ਜਿਸ ਉੱਤੇ ਤੁਰਦਿਆਂ, ਉਸ ਦੀ ਆਪਣੀ ਛਾਂ ਧਰਤੀ ਵਾਸਤੇ ਤਾਂ ਬ੍ਰਿਛ ਬਣ ਸਕਦੀ ਹੈ, ਪਰ ਉਸ ਦਾ ਆਪਣਾ ਸਿਰ, ਮਨ ਅਤੇ ਤਨ ਨਹੀਂ ਢਕ ਸਕਦੀ।

ਸ਼ਾਇਦ ਇਹ ਇਕੱਲ, ਇਹ ਇਕਲਾਪਾ ਹੀ ਸੀ, ਉਸ ਦੇ ਅੰਦਰਲਾ ਸੰਘਣਾ ਇਕਲਾਪਾ, ਜੋ ਉਸ ਨੂੰ ਗਲੋਬ ਅਤੇ ਐਟਲਸ ਉੱਤੇ ਅਮੂਰਤ ਰੇਖਾਵਾਂ ਵਾਹੁਣ ਦੇ ਭਰਮ-ਜਲਾਂ ਵਲ ਪ੍ਰੇਰਤ ਕਰਦਾ ਰਹਿੰਦਾ ਸੀ।

ਉਸ ਦਾ ਜੀ ਕਰਦਾ ਸੀ ਕਿ ਉਹ ਇਕ ਅਜਿਹਾ ਬਿੰਦੂ ਹੋਵੇ, ਜਿਸ ਵਿੱਚੋਂ ਹਰ ਪਾਸੇ ਹਰ ਦਿਸ਼ਾ ਵਲ ਅਨੇਕਾਂ ਰੇਖਾਵਾਂ ਨਿਕਲਣ, ਜੋ ਸਮੇਂ ਅਤੇ ਵਿੱਥਾਂ, ਰੰਗਾਂ ਅਤੇ ਨਸਲਾਂ ਦੇ ਵਿਤਕਰਿਆਂ ਦੇ ਘਿਨਾਉਣੇ ਦਾਇਰੇ ਤੋੜ ਦੇਣ, ਉਹ ਆਪ ਦੇਸ਼ਾਂ ਮਹਾਂਦੀਪਾਂ ਜਿਤਨਾ ਵਿਸ਼ਾਲ ਹੋ ਜਾਵੇ...ਉਸ ਦਾ ਇਕ ਕਦਮ ਅਮਰੀਕਾ ਵਿਚ ਹੋਵੇ ਅਤੇ ਦੂਸਰਾ ਯੂਰਪ ਵਿਚ, ਇਕ ਹੱਥ ਅਫ਼ਰੀਕਾ ਵਿਚ ਹੋਵੇ ਅਤੇ ਦੂਸਰਾ ਆਸਟ੍ਰੇਲੀਆ ਵਿਚ...ਉਸ ਦੀਆਂ ਨਜ਼ਰਾਂ ਖ਼ਲਾਅ ਵਿੱਚੋਂ ਇੰਝ ਲੰਘ ਜਾਣ, ਜਿਵੇਂ ਜਿਸਮ ਵਿੱਚੋਂ ਐਕਸ-ਰੇਜ਼ (X-Rays) ਅਤੇ ਬ੍ਰਹਿਮੰਡ ਦਾ ਸਾਰਾ ਅੰਦਰ ਬਾਹਰ ਆਪਣੇ ਜ਼ਿਹਨ ਵਿਚ ਉਤਾਰ ਕੇ ਰੱਖ ਲੈਣ।

ਫਿਰ ਉਹ ਸੋਚਦਾ ਕਿ ਕੱਚਾ ਭਾਂਡਾ ਅਤੇ ਪੱਥਰ ਨਾਲ ਮੱਥਾ। ਜੇ ਉਹ ਆਪਣੀ ਸਾਰੀ ਉਮਰ ਵੀ ਧਰਤੀ ਦੇ ਗੋਲੇ ਦੁਆਲੇ ਤੁਰਦਾ ਰਹੇ ਤਾਂ ਸ਼ਾਇਦ ਆਪਣੀ ਮੌਤ ਤੋਂ ਪਹਿਲਾਂ ਇਹ ਵੀ ਸਿੱਧ ਨਾ ਕਰ ਸਕੇ ਕਿ ਧਰਤੀ ਗੋਲ ਹੈ, ਜਾਂ ਅੱਧ ਵਿੱਚੋਂ ਟੁੱਟੇ ਉਸ ਗਲੋਬ ਵਰਗੀ ਹੈ, ਜਿਸ ਦੇ ਇਕ ਪਾਸੇ ਤੁਰਨ ਦਾ ਨਿਸ਼ਾਨ ਹੋਵੇ ਅਤੇ ਦੂਜੇ ਪਾਸੇ ਸਦਾ ਲਈ ਰੁਕ ਜਾਣ ਦਾ !

ਗਲੋਬ ਵਲ ਵੇਖ ਕੇ ਉਸ ਦੇ ਸੱਜੇ ਹੱਥ ਵਿਚ ਫਿਰ ਹਰਕਤ ਹੋਈ ਤੇ ਉਹ ਆਪਣੇ ਆਪ ਹੀ ਮੁਸਕਰਾ ਪਿਆ। ਠੀਕ ਹੀ ਤਾਂ ਹੈ, ਜਲੰਧਰ ਤੋਂ ਨੈਰੋਬੀ ਤਕ ਉਸ ਦੇ ਬਿੰਦੂ ਨੇ ਲਕੀਰ ਵਾਹ ਲਈ ਹੈ—ਇਸੇ ਲਕੀਰ ਉੱਤੇ ਤੁਰਦਾ ਉਸ ਦਾ ਪੁੱਤਰ ਏਥੇ ਪਹੁੰਚ ਰਿਹਾ ਹੈ। ਲੰਡਨ ਤੋਂ ਨੈਰੋਬੀ ਤਕ ਉਸ ਦੀ ਆਪਣੀ ਧੀ ਲਕੀਰ ਵਾਹ ਰਹੀ ਹੈ—ਜਿਸ ਉੱਤੇ ਤੁਰਦਿਆਂ ਉਸ ਨੇ ਆਪਣੀ ਇਕ ਬਾਂਹ ਅਮਰੀਕਾ ਅਤੇ ਦੂਜੀ ਯੂਰਪ ਵਲ ਫੈਲਾਉਣੀ ਹੈ।

ਕੀਨੀਆਂ ਵਿਚ ਆ ਕੇ ਪਿਛਲੇ ਚਾਰ ਸਾਲਾਂ ਦੇ ਸਮੇਂ ਦੇ ਦੌਰਾਨ ਉਸ ਨੇ ਭਾਰਤ ਵਿਚ ਆਪਣੇ ਸਿਰ ਚੜ੍ਹਿਆ ਸਾਰਾ ਕਰਜ਼ਾ ਉਤਾਰਿਆ ਸੀ। ਆਪਣੇ ਪੁੱਤਰ ਨੂੰ ਬੀ. ਕੌਮ. ਤਕ ਦੀ ਵਿਦਿਆ ਦਵਾਈ ਸੀ। ਘਰ ਵਿਚ ਲੱਤਾਂ ਨੂੰ ਚੁੱਲ੍ਹੇ ਵਿਚ ਡਾਹਣ ਦੀ ਨੌਬਤ ਆਉਣ ਨੂੰ ਰੋਕਿਆ ਸੀ। ਆਪਣੇ ਲਈ ਇਕ ਕਾਰ ਲਈ ਸੀ। ਦਸ ਕੁ ਹਜ਼ਾਰ ਸ਼ਲਿੰਗ ਬੈਂਕ ਵਿਚ ਵੀ ਜਮ੍ਹਾਂ ਕੀਤੇ ਸਨ, ਆਪਣੇ ਅੰਦਰਲੇ ਅਮੂਰਤ ਬਿੰਦੂ ਦੇ ਸੁਫਨੇ ਨੂੰ ਸਾਕਾਰ ਕਰਨ ਵਾਸਤੇ—ਬਿੰਦੂ ਜਿਸ ਨੇ ਦੋਹਾਂ ਦਿਸ਼ਾਵਾਂ ਵਲ ਫੈਲ ਕੇ ਹਰ ਬੱਝਵੇਂ ਚੱਕਰ ਦੀ ਇਕਾਂਗਿਤਾ ਨੂੰ ਤੋੜਨਾ ਸੀ ... ਦੇਸ਼ਾਂ, ਮਹਾਂਦੀਪਾਂ ਵਿਚਕਾਰ ਅਮੂਰਤ ਲਕੀਰ ਦੇ ਸਫ਼ਰ ਤੇ ਫ਼ਾਸਲੇ ਨੂੰ ਧਰਤੀ ਅਤੇ ਕਦਮ ਦਾ ਠੋਸ ਰੂਪ ਦੇਣਾ ਸੀ। ਉਹ ਕਿੰਨਾ ਖ਼ੁਸ਼ ਸੀ।

ਉਹ ਕਿੰਨਾ ਖ਼ੁਸ਼ ਸੀ ਕਿ ਅੱਜ ਸ਼ਾਮ ਨੂੰ ਉਸ ਦੇ ਪੁੱਤਰ ਨੇ ਆਉਣਾ ਸੀ ਅਤੇ ਪਰਸੋਂ ਸਵੇਰੇ ਉਸ ਦੀ ਧੀ ਨੇ। ਪੁੱਤਰ ਜਿਵੇਂ ਇਸ ਅੱਧਖੜ ਉਮਰ ਵਿਚ ਉਸ ਦੀ ਜ਼ਿੰਦਗੀ ਦੀ ਸ਼ਾਮ ਨੂੰ ਜਵਾਨੀ ਦਾ ਰੂਪ ਦੇਣ ਆ ਰਿਹਾ ਸੀ ਅਤੇ ਧੀ ਜਿਵੇਂ ਉਸ ਦੇ ਸਫ਼ਰਾਂ ਦੀ ਸਵੇਰ ਨੂੰ ਉਸ ਦੇ ਘਰ ਦੀ ਸਰਦਲ ਤਕ ਆਪ ਲੈ ਕੇ ਆ ਰਹੀ ਸੀ। ਉਹ ਬਹੁਤ ਖ਼ੁਸ਼ ਸੀ।

ਨੈਰੋਬੀ ਦੇ ਐਂਬਾਕਾਸੀ ਹਵਾਈ ਅੱਡੇ ਉੱਤੇ ਜਦੋਂ ਉਹ, ਵਿਮਾਨ 'ਚੋਂ ਉੱਤਰ ਕੇ ਆਇਆ, ਤਾਂ ਉਹ ਆਪਣੇ ਪੁੱਤਰ ਨੂੰ ਜੱਫੀ ਪਾ ਕੇ ਮਿਲਿਆ। ਉਸ ਦਾ ਚਿਹਰਾ ਵੇਖ ਕੇ ਉਸ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਸ ਦੇ ਆਪਣੇ ਸਿਰ ਅਤੇ ਦਾਹੜੀ ਦੇ ਖਿਚੜੀ ਵਾਲ ਅਲਾਉਦੀਨ ਦੇ ਜਾਦੂ ਨਾਲ ਗ਼ਾਇਬ ਹੋ ਗਏ ਹੋਣ ਅਤੇ ਉਹ ਇਕ ਵਾਰੀ ਫਿਰ ਮੁੱਛ-ਫੁੱਟ ਗਭਰੂ ਬਣ ਗਿਆ ਹੋਵੇ। ਆਪਣੇ ਪੁੱਤਰ ਦੇ ਨਾਲ ਤੁਰਦਿਆਂ, ਸੈਰ ਕਰਦਿਆਂ ਉਸ ਨੂੰ ਨਵੀਆਂ ਥਾਵਾਂ ਵਿਖਾਉਂਦਿਆਂ ਉਸ ਦੇ ਪੱਬ ਧਰਤੀ ਉੱਤੇ ਨਹੀਂ ਸਨ ਲਗਦੇ।

ਫਿਰ ਉਸ ਦੀ ਧੀ ਤੇ ਉਸ ਦੇ ਦੋਹਤਰੇ ਆ ਗਏ। ਉਸ ਦਾ ਖ਼ਿਆਲ ਸੀ ਕਿ ਉਸ ਦੀ ਧੀ ਵਿਆਹ ਤੋਂ ਬਾਅਦ ਦੋ ਨਿਆਣੇ ਜੰਮ ਕੇ ਕਾਫ਼ੀ ਬਦਲ ਚੁੱਕੀ ਹੋਵੇਗੀ। ਇਹ ਵੀ ਉਸ ਦਾ ਵਹਿਮ ਹੀ ਨਿਕਲਿਆ। ਉਹ ਤਾਂ ਉੱਂਵ ਦੀ ਉੱਂਵ ਹੀ ਸੀ—ਨਿੱਕੀ ਜਿਹੀ, ਮਲੂਕ ਜਿਹੀ, ਉਹ ਹੀ ਭੋਲੀ ਭਾਲੀ ਸੂਰਤ, ਬਚਕਾਨਾ ਮੁਸਕਰਾਹਟ, ਜਿਵੇਂ ਹੁਣੇ ਹੀ ਉਸ ਦੇ ਕੁੱਛੜ ਚੜ੍ਹ ਜਾਣਾ ਚਾਹੁੰਦੀ ਹੋਵੇ। ਜਦੋਂ ਉਸ ਨੇ ਉਸ ਨੂੰ ਆਪਣੀ

ਗਲਵਕੜੀ ਵਿਚ ਲਿਆ ਤਾਂ ਉਸ ਨੂੰ ਇੰਵ ਮਹਿਸੂਸ ਹੋਇਆ, ਜਿਵੇਂ ਉਸ ਨੇ ਉਸ ਨੂੰ ਕੁੱਛੜ ਚੁੱਕ ਲਿਆ ਹੋਵੇ। ਉਹ ਰੋ ਰਹੀ ਸੀ। ਉਹ ਸੋਚ ਰਿਹਾ ਸੀ ਕਿ ਉਸ ਦਾ ਬਚਪਨ ਨਹੀਂ ਗਿਆ, ਕਮਲੀ। ਉਸ ਦੇ ਬਚਪਨ ਦੇ ਦਿਨਾਂ ਵਿਚ ਵੀ ਜਿੰਨੀ ਦੇਰ ਤਕ ਉਹ ਉਸ ਨੂੰ ਨਵਾਂ ਖਿਡੌਣਾ ਲੈ ਕੇ ਨਹੀਂ ਸੀ ਦਿੰਦਾ, ਉਸ ਦੀਆਂ ਅੱਖਾਂ ਦੇ ਮੋਟੇ ਮੋਟੇ ਅੱਥਰੂ ਨਹੀਂ ਸਨ ਰੁਕਦੇ। ਖਿਡੌਣੇ ਦਾ ਖ਼ਿਆਲ ਆਉਂਦਿਆਂ ਹੀ, ਉਸ ਦਾ ਧਿਆਨ ਆਪਣੇ ਦੋਹਤਰਿਆਂ ਵਲ ਗਿਆ। ਉਸ ਨੇ ਪੈਰਾਂ ਭਾਰ ਬੈਠ ਕੇ ਦੋਹਾਂ ਨੂੰ ਆਪਣੀ ਇਕ-ਇਕ ਬਾਂਹ ਵਿਚ ਵਲ ਲਿਆ, ਹਿਕ ਨਾਲ ਲਾ ਲਿਆ, ਚੁੰਮਿਆਂ ਤੇ ਫਿਰ ਕੁੱਛੜ ਚੁੱਕ ਲਿਆ। ਰਿੰਕੂ ਤੇ ਪਿੰਕੂ ਦੇ ਚਿਹਰਿਆਂ ਵਲ ਵੇਖ ਕੇ ਉਸ ਨੂੰ ਇੰਵ ਮਹਿਸੂਸ ਹੋਇਆ, ਜਿਵੇਂ ਉਹ ਇਕ ਬੇਫਿਕਰ ਬੱਚਾ ਬਣ ਗਿਆ ਹੋਵੇ ... ਜਿਵੇਂ ਇਨ੍ਹਾਂ ਬੱਚਿਆਂ ਦੇ ਰੂਪ ਵਿਚ ਉਸ ਦਾ ਆਪਣਾ ਬਚਪਨ ਮੁੜ ਕੇ ਪਰਤ ਆਇਆ ਹੋਵੇ। ਕਿੰਨਾਂ ਪਿਆਰਾ ਹੈ ਇਹ ਬਚਪਨ ! ਨਾ ਕੋਈ ਫਿਕਰ ਨਾ ਫਾਕਾ, ਨਾ ਕੋਈ ਮਜਬੂਰੀ ਨਾ ਜ਼ਿੰਮੇਵਾਰੀ ... ਜੇ ਹੱਸੋ ਤਾਂ ਸਭ ਲਈ ਖੇੜਾ ... ਜੇ ਰੋਵੋ ਤਾਂ ਘਰ ਵਿਚ ਮਾਤਮ... ਆਜ਼ਾਦ, ਬੇਫ਼ਿਕਰ, ਬੇਤਾਜ਼ ਬਾਦਸ਼ਾਹ ... ਹਾਂ, ਉਹ ਬੇਤਾਜ਼ ਬਾਦਸ਼ਾਹ ਹੀ ਤਾਂ ਬਣ ਗਿਆ ਸੀ। ਉਸ ਦਾ ਆਪਾ ਜਿਵੇਂ ਮਨੁੱਖਾ ਉਮਰ ਦੀ ਲਕੀਰ ਦੀ ਪਟੜੀ ਭੰਨ ਕੇ ਇਕੋ ਸਮੇਂ ਬਾਪ, ਪੁੱਤਰ, ਧੀ ਅਤੇ ਦੋਹਤਰਾ ਬਣ ਗਿਆ ਹੋਵੇ। ਕੌਣ ਰੋਕ ਸਕਦਾ ਹੈ, ਉਸ ਨੂੰ ਅਜਿਹਾ ਮਹਿਸੂਸ ਕਰਨ ਤੋਂ ? ਕੌਣ ਰੋਕ ਸਕਦਾ ਹੈ ਉਸ ਨੂੰ ਇਕੋ ਸਮੇਂ, ਇਕੋ ਥਾਂ, ਇਕੋ ਰੁੱਤੇ, ਸਭ ਰੁੱਤਾਂ ਦੇ ਰੰਗ ਤੇ ਰਸ ਮਾਣਨ ਤੋਂ ?

ਰਿੰਕੂ ਤੇ ਪਿੰਕੂ ਵੀ ਬੜੇ ਅਜੀਬ ਬੱਚੇ ਸਨ। ਨਾ ਉਨ੍ਹਾਂ ਨੂੰ ਚੰਗੀ ਤਰ੍ਹਾਂ ਪੰਜਾਬੀ ਹੀ ਆਉਂਦੀ ਸੀ ਤੇ ਨਾ ਹੀ ਅੰਗਰੇਜ਼ੀ। ਉਹ ਜਿਵੇਂ ਕਿਸੇ ਵੀ ਭਾਸ਼ਾ ਦੀ ਕੈਦ ਵਿਚ ਨਾ ਆਉਣਾ ਚਾਹੁੰਦੇ ਹੋਣ। ਉਹ ਜਿਵੇਂ ਕਿਸੇ ਵੀ ਰਿਸ਼ਤੇ ਨੂੰ ਕਠੋਰ ਭਾਸ਼ਾ ਦੀ ਕੈਦ ਵਿਚ ਨਾ ਬੰਨ੍ਹਣਾ ਚਾਹੁੰਦੇ ਹੋਣ। ਇੰਗਲੈਂਡ ਵਿਚ ਉਨ੍ਹਾਂ ਦੇ ਚਾਚੇ ਸਨ, ਤਾਏ ਸਨ ਤੇ ਉਨ੍ਹਾਂ ਦੇ ਹੋਰ ਮਿੱਤਰ ਸਨ, ਜਿਨ੍ਹਾਂ ਨੂੰ ਉਹ ਅੰਕਲ ਕਹਿ ਕੇ ਸੰਬੋਧਨ ਕਰਦੇ ਸਨ। ਉਸ ਦੀ ਧੀ ਉਨ੍ਹਾਂ ਦੋਹਾਂ ਨੂੰ ਵਾਰ-ਵਾਰ ਸਮਝਾਉਂਦੀ ਕਿ ਉਹ ਉਸ ਨੂੰ 'ਦਾਰ ਜੀ' ਕਹਿ ਕੇ ਸੰਬੋਧਨ ਕਰਨ, ਕਿਉਂਕਿ ਉਹ ਆਪ ਉਸ ਨੂੰ 'ਦਾਰ ਜੀ' ਕਹਿ ਕੇ ਸੰਬੋਧਨ ਕਰਦੀ ਸੀ—ਪਰ ਬੱਚੇ ਇਨ੍ਹਾਂ ਸ਼ਬਦਾਂ ਦਾ ਉਚਾਰਨ ਕਦੇ 'ਡਾਰ ਡੀ' ਅਤੇ ਕਦੇ 'ਡਾਰ ਜੀ' ਕਰ ਦਿੰਦੇ ਤਾਂ ਉਸ ਦੀ ਧੀ ਨੂੰ ਗੁੱਸਾ ਚੜ੍ਹ ਜਾਂਦਾ। ਉਹ ਬੱਚਿਆਂ ਨੂੰ ਡਾਂਟਦੀ ਤੇ ਕਹਿੰਦੀ ਕਿ ਏਨੇ ਵੱਡੇ ਹੋ ਗਏ ਹਨ, ਪਰ ਇਨ੍ਹਾਂ ਨੂੰ ਅਜੇ ਤਕ ਬੋਲਣਾ ਨਹੀਂ ਆਇਆ। ਭਾਵੇਂ ਉਸ ਨੂੰ ਇਹ ਝਿੜਕ-ਝਪਟ ਬਿਲਕੁਲ ਪਸੰਦ ਨਹੀਂ ਸੀ, ਪਰ ਜਦੋਂ ਵੀ ਉਸ ਦੀ ਧੀ ਇਸ ਹਾਲਤ ਵਿਚ ਕਲਪਦੀ ਖਪਦੀ, ਤਾਂ ਉਸ ਨੂੰ ਇੰਜ ਮਹਿਸੂਸ ਹੁੰਦਾ ਜਿਵੇਂ ਉਸ ਦੀ ਧੀ ਦੇ ਵਾਲ ਖਿਚੜੀ ਹੋ ਗਏ ਹੋਣ। ਅਜਿਹੇ ਸਮੇਂ ਉਸ ਨੂੰ ਆਪਣੀ ਧੀ ਦੇ ਚਿਹਰੇ ਪਿੱਛੇ ਛੁਪਿਆ ਹੋਇਆ ਆਪਣੀ ਪਤਨੀ ਦਾ ਚਿਹਰਾ ਉੱਭਰਦਾ ਹੋਇਆ ਪ੍ਰਤੀਤ ਹੁੰਦਾ। ਉਹ ਵੀ ਤਾਂ ਇਵੇਂ ਹੀ ਡਾਂਟਦੀ ਸੀ ਆਪਣੇ ਬੱਚਿਆਂ ਨੂੰ। ਇਸ ਅਹਿਸਾਸ ਦੇ ਪ੍ਰਭਾਵ ਅਧੀਨ ਉਸ ਨੂੰ ਇੰਵ ਜਾਪਿਆ ਜਿਵੇਂ ਉਸ ਦੇ ਘਰ ਦੇ ਗ਼ੈਰ-ਹਾਜ਼ਰ ਜੀ ਵੀ ਏਥੇ ਆ ਪਧਾਰੇ ਹੋਣ—ਜਿਵੇਂ ਇਹ ਸੱਖਣਾ-ਸੱਖਣਾ ਘਰ, ਨੱਕੋ-ਨੱਕ ਭਰ ਗਿਆ ਹੋਵੇ। ਜਿਵੇਂ ਇੱਥੇ ਰੌਣਕਾਂ ਹੀ ਰੌਣਕਾਂ ਹੋਣ, ਫੁੱਲ ਹੀ ਫੁੱਲ, ਸੁਗੰਧਾਂ ਹੀ ਸੁਗੰਧਾਂ।

"ਤੁਸੀਂ ਦਾਰ ਜੀ ਨਹੀਂ ਕਹਿ ਸਕਦੇ, ਤਾਂ ਨਾਨਾ ਜੀ ਕਹੋ।"

ਉਸ ਦੀ ਧੀ ਦੀ ਆਵਾਜ਼ ਨੇ, ਉਸ ਨੂੰ ਖ਼ਿਆਲਾਂ ਦੀ ਦੁਨੀਆਂ ਵਿੱਚੋਂ ਕੱਢ ਕੇ ਫਿਰ ਧਰਤੀ ਉੱਤੇ ਲੈ ਆਂਦਾ। ਦੋਵੇਂ ਬੱਚੇ ਪੂਰਾ ਜ਼ੋਰ ਲਾ ਕੇ ਇੰਵ ਕਹਿਣ ਦਾ ਯਤਨ ਕਰਦੇ ਹੋਏ ਵੀ, "ਨਾ, ਨਾ, ਡੀ।" ਹੀ ਕਹਿ ਸਕੇ ਤਾਂ ਫਿਰ ਵੱਡਾ ਰਿੰਕੂ ਪੁੱਛਣ ਲੱਗਾ, "ਮਾਮਾ, ਇਹ ਸਾਡੇ ਨਾਨਾ ਅੰਕਲ ਹਨ ?"

ਉਸ ਨੂੰ ਬੱਚੇ ਦੇ ਇਸ ਮਾਸੂਮ ਪ੍ਰਸ਼ਨ ਉੱਤੇ ਹਾਸਾ ਆ ਗਿਆ ਤੇ ਬਾਕੀ ਸਭ ਵੀ ਉਸ ਦੇ ਹਾਸੇ ਵਿਚ ਸ਼ਾਮਿਲ ਹੋ ਗਏ। ਆਪਣੇ ਹਾਸੇ ਨੂੰ ਮਸਾਂ-ਮਸਾਂ ਕਾਬੂ ਕਰਦਿਆਂ ਉਸ ਨੇ ਆਪਣੇ ਪੁੱਤਰ ਵਲ ਇਸ਼ਾਰਾ ਕਰਕੇ ਕਿਹਾ, "ਤੇ ਰਿੰਕੂ, ਪਿੰਕੂ ਇਹ ਤੁਹਾਡੇ ਮਾਮਾ ਅੰਕਲ।"

ਬੱਚਿਆਂ ਦੇ 'ਮਾਮਾ ਅੰਕਲ' ਕਹਿਣ ਉੱਤੇ ਇਕ ਵਾਰੀ ਫੇਰ ਹਾਸਾ ਗੂੰਜਿਆ। ਇੰਞ ਜਾਪਦਾ ਸੀ ਜਿਵੇਂ 'ਨਾਨਾ ਅੰਕਲ' ਅਤੇ 'ਮਾਮਾ ਅੰਕਲ' ਦੀਆਂ ਆਵਾਜ਼ਾਂ ਨਾਲ ਉਸ ਦੇ ਘਰ ਵਿਚ ਇੰਦਰ-ਧਨੁਸ਼ ਤੇ ਸੱਤੇ ਰੰਗ ਆ ਵੱਸੇ ਹੋਣ, ਰੌਣਕਾਂ ਹੀ ਰੌਣਕਾਂ ਹੋ ਗਈਆਂ ਹੋਣ, ਖ਼ੁਸ਼ੀਆਂ ਹੀ ਖ਼ੁਸ਼ੀਆਂ ...!

ਆਪਣੀ ਧੀ ਦੀ ਇਕ ਮਹੀਨੇ ਦੀ ਛੁੱਟੀ ਦੇ ਸਮੇਂ ਵਿਚ ਉਹ ਸਭ ਕੁਲ ਇਕ ਦਿਨ ਹੀ ਘਰ ਟਿਕ ਕੇ ਬੈਠੇ। ਕਦੇ ਲੇਕ ਨਾਇਵਾਸ਼ਾਂ ਦੀ ਬੋਟਿੰਗ, ਕਦੇ ਲੇਕ ਨਕੂਰੂ ਦੇ ਫਲੈਮਿੰਗੋ ਅਤੇ ਕਦੇ ਲੇਕ ਵਿਕਟੋਰੀਆ ਦਾ ਹਿੱਪੋ ਪੁਆਇੰਟ ... ਕਦੇ ਥੌਮਸਨ ਫਾਲਜ਼, ਕਦੇ ਚਾਨੀਆਂ ਫਾਲਜ਼ ਤੇ ਕਦੇ ਫੋਰਟੀਨ ਫਾਲਜ਼—ਕਦੇ ਮੁੰਬਾਸੇ ਅਤੇ ਮਾਲਿੰਡੀ ਦੇ ਤਟ ਦੀਆਂ ਬੀਚਾਂ—ਕਦੇ ਮਾਊਂਟ ਕੀਨੀਆਂ ਦੇ ਪੈਰਾਂ ਵਿਚ ਵਸਦੇ ਸ਼ਹਿਰ ਨਾਨਯੂਕੀ ਦੇ ਕੋਲੋਂ ਦੀ ਲੰਘਦੀ ਭੂ-ਮਧ ਰੇਖਾ ਉੱਤੇ ਬਣਿਆ ਹੋਟਲ 'ਸਿਲਵਰ ਬੈੱਕ', ਕਦੇ ਨੈਰੋਬੀ ਦਾ ਨੈਸ਼ਨਲ ਪਾਰਕ, ਕਦੇ ਸਾਵੋ ਪਾਰਕ ਅਤੇ ਕਦੇ ਐਂਬੋਸੇਲੀ ਗੇਮ ਰੀਜ਼ਰਵਜ਼—ਕਦੇ ਨੈਰੋਬੀ ਦਾ ਨੈਸ਼ਨਲ ਮਿਊਜ਼ੀਅਮ ਤੇ ਕਦੇ ਸਨੇਕ ਪਾਰਕ—ਕਦੇ ਕਰੀਚੋ ਤੇ ਮਟਾਰਾ ਦੀਆਂ ਟੀ ਐਸਟੇਟਸ ਅਤੇ ਕਿਆਂਬੂ ਦੀਆਂ ਕਾਫ਼ੀ ਐਸਟੇਟਸ ... ਉਸ ਦੇ ਮਨ ਵਿਚ ਇਕੋ ਗੱਲ ਸੀ ਕਿ ਉਸ ਦੀ ਇੱਕੋ ਇਕ ਧੀ, ਜੋ ਏਥੇ ਛੁੱਟੀਆਂ ਕੱਟਣ ਆਈ ਹੋਈ ਸੀ, ਉਸ ਦੇ ਵੇਖਣ ਯੋਗ ਇਸ ਦੇਸ਼ ਦੀ ਕੋਈ ਵੀ ਥਾਂ ਨਾ ਛੱਡੀ ਜਾਵੇ। ਜਦੋਂ ਵੀ ਰਿੰਕੂ ਤੇ ਪਿੰਕੂ ਜੰਗਲੀ ਜਾਨਵਰ ਵੇਖਦੇ ਤਾਂ ਉਹ ਕਹਿੰਦੇ।

"ਨਾਨਾ ਅੰਕਲ, ਸਾਨੂੰ ਇਹ ਲਾਈਨ (ਸ਼ੇਰ) ਲੈ ਡਿਓ।"

"ਨਾਨਾ ਅੰਕਲ, ਸਾਨੂੰ ਇਹ ਡੈਬਰਾ (ਜ਼ੈਬਰਾ) ਲੈ ਡਿਓ।"

"ਨਾਨਾ ਅੰਕਲ, ਸਾਨੂੰ ਇਹ ਮੌਂਕੀ (ਬਾਂਦਰ) ਲੈ ਡਿਓ।"

ਤਾਂ ਉਹ ਕਹਿੰਦਾ, "ਹਾਂ ਬੇਟਾ, ਜਦੋਂ ਤੁਸੀਂ ਵਾਪਸ ਜਾਵੋਗੇ, ਤਾਂ ਤੁਹਾਨੂੰ ਇਹ ਸਭ ਕੁਝ ਲੈ ਕੇ ਦੇਵਾਂਗਾ।"

ਉਸ ਦੀ ਧੀ ਬੱਚਿਆਂ ਨੂੰ ਸੰਬੋਧਨ ਕਰਕੇ ਪੁੱਛਦੀ, "ਤੁਸੀਂ ਆਪਣੇ ਨਾਨਾ ਅੰਕਲ ਕੋਲ ਰਹਿਣਾ ਹੈ, ਕਿ ਆਪਣੇ ਡੈਡੀ ਕੋਲ ਜਾਣਾ ਹੈ ?"

ਬੱਚੇ ਪਹਿਲਾਂ ਪਹਿਲ ਤਾਂ ਇਸ ਪ੍ਰਸ਼ਨ ਦੇ ਉੱਤਰ ਲਈ ਕੁਝ ਸ਼ਸੋਪੰਜ ਵਿਚ ਪੈ ਜਾਂਦੇ, ਪਰ ਜਿਵੇਂ-ਜਿਵੇਂ ਉਨ੍ਹਾਂ ਨੂੰ ਹਰ ਰਾਤ ਆਪਣੇ 'ਨਾਨਾ ਅੰਕਲ' ਨਾਲ ਇੱਕੋ ਮੰਜੇ ਉੱਤੇ ਸੌਣ ਦੀ ਆਦਤ ਪੈਂਦੀ ਗਈ ਉਹ ਕਹਿੰਦੇ ਕਿ, "ਮਾਮਾ, ਅਸੀਂ ਟਾਂ ਆਪਣੇ ਨਾਨਾ ਅੰਕਲ ਕੋਲ ਰਹਿਣਾ—ਏਠੇ ਮੌਂਕੀ, ਲਾਇਨ, ਐਲੀਫੈਂਟ, ਹਿੱਪੋ, ਡੈਬਰਾ—ਨਾਨਾ ਅੰਕਲ ਸਾਨੂੰ ਕਡੋਂ ਲੈ ਕੇ ਡਿਓਗੇ ?"

"ਅੱਜ ਹੀ।" ਕਹਿ ਕੇ ਉਹ ਹੱਸ ਪੈਂਦਾ ਤੇ ਉਸ ਦੇ ਹਾਸੇ ਵਿਚ ਹੋਰ ਸਭਨਾਂ ਦੇ ਹਾਸੇ ਸ਼ਾਮਿਲ ਹੋ ਜਾਂਦੇ।

ਇਨ੍ਹਾਂ ਦਿਨਾਂ ਵਿਚ ਹੀ ਭਾਰਤ ਤੋਂ ਉਸ ਦੀ ਪਤਨੀ ਦੀ ਚਿੱਠੀ ਆਈ—"ਕਿ ਵਿਆਹ ਤਾਂ ਜਿਵੇਂ ਤੰਗੀ ਫੰਗੀ ਨਾਲ ਕੀਤਾ ਠੀਕ ਸੀ, ਹੁਣ ਤਾਂ ਤੁਹਾਡਾ ਹੱਥ ਖੁੱਲ੍ਹਾ ਹੈ, ਵੱਡਿਆਂ ਨਾਲ ਮੱਥਾ ਲਾਇਆ ਹੈ, ਇਸੇ ਬਹਾਨੇ ਬੱਚਿਆਂ ਦਾ ਛੂਛਕੜਾ ਜ਼ਰਾ ਸ਼ਾਨ ਨਾਲ ਬਣਾ ਦਿਓ ਤਾਂ ਕਿ ਬਗਾਨੇ ਘਰ ਕੁੜੀ ਦੀ ਪੁੱਛ ਪ੍ਰਤੀਤ ਬਣ ਸਕੇ—ਉਥੇ ਕੌਣ ਹੈ ਵਿਚਾਰੀ ਦਾ ਦੁੱਖ ਸੁਣਨ ਵਾਲਾ ? ਜੇ ਮਾਪਿਆਂ ਦਾ ਜ਼ੋਰ ਨਾ ਹੋਵੇ, ਤਾਂ ਧੀਆਂ ਨਿਤਾਣੀਆਂ ਹੋ ਕੇ ਰੁਲ ਜਾਂਦੀਆਂ ਹਨ।"

ਉਹਨੇ ਸੋਚਿਆ ਕਿ ਗੱਲ ਤਾਂ ਠੀਕ ਹੈ, ਜੇ ਉੂਠਾਂ ਵਾਲਿਆਂ ਨਾਲ ਯਾਰੀਆਂ ਲਾਈਏ ਤਾਂ ਦਰਵਾਜ਼ੇ ਵੀ ਜ਼ਰਾ ਉੱਚੇ ਹੀ ਰੱਖਣੇ ਪੈਂਦੇ ਹਨ। ਦੁਨੀਆਂ ਦੇ ਕਿਸੇ ਵੀ ਦੇਸ਼ ਵਿਚ ਚਲੇ ਜਾਓ ਇਹ ਰਸਮਾਂ ਸਾਡਾ ਪਿੱਛਾ ਨਹੀਂ ਛੱਡਦੀਆਂ।

ਸਵੇਰੇ ਉੱਠ ਕੇ ਉਹ ਕੱਲਾ ਹੀ ਬੈਂਕ ਗਿਆ। ਜੋ ਦਸ ਹਜ਼ਾਰ ਸ਼ਲਿੰਗ ਉਸ ਨੇ ਜਮ੍ਹਾਂ ਕੀਤਾ ਸੀ, ਉਸ ਦਾ ਬਹੁਤ ਹਿੱਸਾ ਸਾਢੇ ਤਿੰਨ ਹਫ਼ਤਿਆਂ ਦੇ ਸੈਰ ਸਪਾਟੇ ਨੇ ਨਿਗਲ ਲਿਆ ਸੀ। ਬੈਂਕ ਵਿਚ ਉਸ ਦਾ ਕੇਵਲ ਇਕ ਹਜ਼ਾਰ ਸ਼ਲਿੰਗ ਬਾਕੀ ਰਹਿੰਦਾ ਸੀ। ਕੱਲ੍ਹ ਤਕ ਦੋ ਹਜ਼ਾਰ ਉਸ ਦੀ ਤਨਖ਼ਾਹ ਦਾ ਆ ਜਾਣਾ ਸੀ। ਇਸ ਨਾਲ ਤਾਂ ਮਸਾਂ ਉਸ ਦੀ ਧੀ ਦਾ ਸੋਨੇ ਦਾ ਸੈੱਟ ਹੀ ਬਣੇਗਾ, ਫਿਰ ਬੱਚਿਆਂ ਲਈ ਕਪੜੇ ਹੀ

ਨਹੀਂ ਸਗੋਂ ਕੋਈ ਟੂੰਬ ਵੀ ਚਾਹੀਦੀ ਹੈ। ਜਵਾਈ, ਉਹਦੇ ਭੈਣਾਂ, ਭਰਾਵਾਂ ਤੇ ਹੋਰ ਮਿੱਤਰਾਂ ਲਈ ਕੱਪੜੇ ਤੇ ਤੋਹਫ਼ੇ ਵੀ ਚਾਹੀਦੇ ਹਨ। ਛਿਣ ਦੀ ਛਿਣ ਉਸ ਦੇ ਮੱਥੇ ਉੱਤੇ ਚਿੰਤਾ ਦੀਆਂ ਰੇਖਾਵਾਂ ਉੱਭਰੀਆਂ ਪਰ ਫਿਰ ਉਹ ਕੁਝ ਸੋਚ ਕੇ ਆਪ-ਮੁਹਾਰਾ ਹੀ ਹੱਸ ਪਿਆ। ਉਸ ਦੀ ਸਾਰੀ ਚਿੰਤਾ ਦੂਰ ਹੋ ਗਈ। ਭਾਰਤ ਵਿਚ ਜਦੋਂ ਉਹ ਢਾਈ ਸੌ ਰੁਪਏ ਮਹੀਨਾ ਤਨਖ਼ਾਹ ਲੈਂਦਾ ਸੀ, ਤਾਂ ਉਸ ਦੇ ਕੁਝ ਮਿੱਤਰ ਅਜਿਹੇ ਸਨ, ਜੋ ਉਸ ਨੂੰ ਦੋ ਤਿੰਨ ਮਹੀਨਿਆਂ ਲਈ ਚਾਰ-ਪੰਜ ਸੌ ਰੁਪਏ ਤਕ ਦਾ ਉਧਾਰ ਦੇ ਦਿੰਦੇ ਸਨ। ਹੁਣ ਤਾਂ ਉਸ ਦੀ ਤਨਖ਼ਾਹ ਦੋ ਹਜ਼ਾਰ ਸ਼ਲਿੰਗ ਮਹੀਨਾ ਹੈ, ਇਸ ਲਈ ਮਿੱਤਰਾਂ ਕੋਲੋਂ ਪੰਜ ਛੇ ਹਜ਼ਾਰ ਤਕ ਦਾ ਉਧਾਰ ਫੜਨ ਵਿਚ ਕਿਹੜੀ ਮੁਸ਼ਕਿਲ ਆਉਣ ਲੱਗੀ ਹੈ—ਤੇ ਫਿਰ ਟੈਲੀਫ਼ੋਨ ਕਰਨ ਦੀ ਗੱਲ ਸੀ, ਸਭ ਪ੍ਰਬੰਧ ਹੋ ਗਿਆ।

ਉਸ ਦੀ ਧੀ ਦੇ ਨਾਂਹ-ਨਾਂਹ ਕਰਦਿਆਂ ਕਈ ਚੀਜ਼ਾਂ ਖ਼ਰੀਦ ਹੋ ਗਈਆਂ। ਘਰ ਵਿਚ ਵੀ ਖੁੱਲ੍ਹ-ਡੁੱਲ੍ਹ ਤੇ ਖ਼ੁਸ਼ੀ ਦਾ ਵਾਤਾਵਰਣ ਸੀ। ਪਰ ਜਦੋਂ ਵੀ ਉਹ ਪਰਸੋਂ ਦੀ ਫਲਾਈਟ ਦਾ ਖ਼ਿਆਲ ਕਰਕੇ ਸਾਮਾਨ ਦੀ ਪੈਕਿੰਗ ਕਰਨ ਬਾਰੇ ਸੋਚਦੇ ਤਾਂ, ਸਭਨਾਂ ਦੇ ਅੰਦਰੋਂ ਇਕ ਰੁੱਗ ਜਿਹਾ ਭਰਿਆ ਜਾਂਦਾ। ਅਜਿਹੇ ਸਮੇਂ ਉਸ ਨੂੰ ਜਾਪਦਾ, ਜਿਵੇਂ ਧਰਤੀ ਵਿਚ ਦਰਾੜਾਂ ਪੈਣ ਦੀ ਥਾਂ ਗਲੋਬ ਵਿਚ ਦਰਾੜਾਂ ਪੈਣ ਲਗੀਆਂ ਹੋਣ, ਜੋ ਇਨ੍ਹਾਂ ਦੀਪਾਂ, ਮਹਾਂਦੀਪਾਂ ਤੇ ਦੇਸ਼ਾਂ ਨੂੰ ਉਸ ਦੇ ਘਰ ਨਾਲੋਂ ਤੋੜ ਕੇ ਮੁੜ ਇਕ ਵੱਖਰੀ-ਵੱਖਰੀ ਇਕਾਈ ਬਣਾ ਕੇ ਰਖ ਦੇਣਗੀਆਂ।

ਵਿਦਾ-ਵੇਲੇ ਉਸ ਦੀ ਧੀ ਹਵਾਈ ਅੱਡੇ ਉੱਤੇ ਆਪਣੀਆਂ ਅੱਖਾਂ ਵਿੱਚੋਂ ਛਲਕਦੇ ਅੱਥਰੂਆਂ ਨੂੰ, ਆਪਣੇ ਬਾਬਲ ਅਤੇ ਆਪਣੇ ਛੋਟੇ ਵੀਰ ਤੋਂ ਆਪਣਾ ਚਿਹਰਾ ਛੁਪਾ ਕੇ, ਰੁਮਾਲ ਨਾਲ ਪੂੰਝ ਰਹੀ ਸੀ। ਪਿੰਕੂ ਤੇ ਰਿੰਕੂ ਇਸ ਤਣਾਅ ਦੇ ਵਾਤਾਵਰਣ ਤੋਂ ਲਾਪਰਵਾਹ ਹੋ ਕੇ ਪਲਾਸਟਕ ਦੇ ਬਾਂਦਰਾਂ ਤੇ ਸ਼ੇਰਾਂ ਨਾਲ ਖੇਡ ਰਹੇ ਸਨ। ਲਾਊਡ ਸਪੀਕਰ ਉੱਤੇ ਮੁਸਾਫ਼ਰਾਂ ਨੂੰ ਇਮੀਗਰੇਸ਼ਨ ਤੋਂ ਹੋ ਕੇ ਹਵਾਈ ਜਹਾਜ਼ ਉੱਤੇ ਚੜ੍ਹਨ ਲਈ ਜਾਣ ਦਾ ਆਦੇਸ਼ ਮਿਲਿਆ ਤਾਂ ਉਸ ਦੇ, ਉਸ ਦੀ ਧੀ ਅਤੇ ਉਸ ਦੇ ਪੁੱਤਰ ਦੇ ਡੱਕੇ ਹੋਏ ਅੱਥਰੂ ਇਕ ਨਿਰੰਤਰ ਧਾਰ ਦੇ ਰੂਪ ਵਿਚ ਵਹਿ ਤੁਰੇ। ਇਕ ਦੂਜੇ ਦੀ ਗਲਵਕੜੀ ਵਿਚ ਉਨ੍ਹਾਂ ਦੀਆਂ ਅੱਖਾਂ ਜਿਵੇਂ ਚਸ਼ਮੇਂ ਬਣ ਗਈਆਂ ਹੋਣ। ਰਿੰਕੂ ਤੇ ਪਿੰਕੂ ਹੈਰਾਨ ਸਨ ਕਿ ਉਨ੍ਹਾਂ ਨੂੰ ਕੀ ਹੋ ਗਿਆ ਹੈ।

"ਮਾਮਾ, ਮਾਮਾ, ਨਾਨਾ ਅੰਕਲ ਟੁਸੀਂ ਕਿਉਂ ਰੋਂਡੇ ਹੋ ?"

"ਨਾਨਾ ਅੰਕਲ, ਟੁਸੀਂ ਬੀ ਸਾਡੇ ਨਾਲ ਡਾਣਾ, ਨਾ ?"

"ਮਾਮਾ, ਮਾਮਾ, ਕੱਲ੍ਹ ਫੇਰ ਨਾਨਾ-ਅੰਕਲ ਕੋਲ ਆਮਾਂਗੇ।"

"ਨਾਨਾ ਅੰਕਲ, ਬਾਈ, ਟਾਟਾ, ਟੁਸੀਂ ਕਲ੍ਹ ਮੇਰੇ ਡੈਡੀ ਕੋਲ ਆ ਕੇ ਸਾਨੂੰ ਲੈ ਡਾਣਾ।"

"ਹਾਂ ਬੇਟਾ, ਮੈਂ ਕਲ੍ਹ ਜ਼ਰੂਰ ਆਵਾਂਗਾ, ਆਪਣੇ ਰਾਜੇ ਬੇਟਿਆਂ ਨੂੰ ਮਿਲਣ, ਕਲ੍ਹ ਹੀ।"

'ਕਲ੍ਹ ਹੀ' ਤੇ ਜ਼ੋਰ ਦਿੰਦਿਆਂ ਜਿਵੇਂ ਉਸ ਦੇ ਅੰਦਰੋਂ ਇਕ ਹੋਰ ਰੁੱਗ ਭਰਿਆ ਗਿਆ ਹੋਵੇ, ਜਿਵੇਂ ਉਸ ਦੇ ਅੰਦਰ ਇਕ ਹੋਰ ਖ਼ਲਾਅ ਫੈਲ ਗਈ ਹੋਵੇ। ਆਪਣੇ ਸੱਜੇ ਹੱਥ ਦੀਆਂ ਉਂਗਲੀਆਂ ਤੇ ਅੰਗੂਠੇ ਨੂੰ ਇੰਝ ਕਰਕੇ, ਜਿਵੇਂ ਉਸ ਨੇ ਉਨ੍ਹਾਂ ਵਿਚ ਕੋਈ ਪੈਨਸਲ ਪਕੜੀ ਹੋਈ ਹੋਵੇ, ਉਹ ਸੋਚ ਰਿਹਾ ਸੀ ਕਿ ਅੰਤਾਂ ਦੀ ਮਿਹਨਤ ਕਰਕੇ ਉਸ ਨੇ ਏਨੇ ਕੁ ਪੈਸੇ ਕਮਾਏ ਤੇ ਬਚਾਏ ਸਨ ਤਾਂ ਕਿ ਇਹ ਬਿੰਦੂ ਸਭ ਦਿਸ਼ਾਵਾਂ ਵਲ ਰੇਖਾਵਾਂ ਬਣ ਕੇ ਫੈਲ ਸਕਦਾ—ਅਮੂਰਤ ਰੇਖਾਵਾਂ ਨਹੀਂ, ਸਮੂਰਤ ਰੇਖਾਵਾਂ—ਜਿੱਥੇ-ਜਿੱਥੇ ਵੀ ਇਸ ਬਿੰਦੂ ਦੀ ਰੇਖਾ ਪਹੁੰਚਦੀ, ਉੱਥੇ-ਉੱਥੇ ਹੀ ਇਕ ਨਵਾਂ ਮਹਾਂਦੀਪ ਹੁੰਦਾ, ਉਸ ਮਹਾਂਦੀਪ ਦੇ ਦੇਸ਼ ਹੁੰਦੇ, ਦੇਸ਼ਾਂ ਦੇ ਲੋਕ ਹੁੰਦੇ ਅਤੇ ਹਰ ਦੇਸ਼ ਦੀ ਮਿੱਟੀ ਨੂੰ ਉਸ ਦੇ ਕਦਮ ਛੂੰਹਦੇ ਤੇ ਉਹ ਫੈਲ ਕੇ ਗਲੋਬ ਜਿੱਡਾ ਹੋ ਜਾਂਦਾ। ਪਰ ਹੁਣ ਉਸ ਨੂੰ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਇਹ ਰੇਖਾਵਾਂ ਸ਼ਾਇਦ ਆਉਣ ਵਾਲੇ ਦੋ ਹੋਰ ਸਾਲਾਂ ਵਾਸਤੇ ਤੇ ਜਾਂ ਫਿਰ ਸਦਾ ਲਈ ਇਸ ਅਮੂਰਤ ਬਿੰਦੂ ਅੰਦਰ ਸੁਕੜ ਕੇ ਰੁਕ ਜਾਣ। ਇਹ ਬਿੰਦੂ ਕੈਸਾ ਹੈ ?

# ਰੋਹ ਦੀ ਸ਼ੈਲੀ

ਉਹ ਹੱਸਦੀ ਤਾਂ ਉਸਦੀਆਂ ਗਲ੍ਹਾਂ ਵਿਚ ਟੋਏ ਪੈ ਜਾਂਦੇ ਸਨ। ਉਸ ਦਾ ਤਨ ਦੂਹਰਾ ਤਿਹਰਾ ਹੋ ਜਾਂਦਾ ਸੀ ਤੇ ਉਸ ਦੇ ਆਵਾਰਾ ਵਾਲ, ਆਜ਼ਾਦੀ ਦੀਆਂ ਧੁਨਾਂ ਵਾਂਗ, ਹਵਾ ਵਿਚ ਲਹਿਰਦੇ ਪ੍ਰਤੀਤ ਹੁੰਦੇ ਸਨ।

ਉਸ ਦਾ ਨਾਮ ਭਾਵੇਂ ਸੋਨੀਆ ਸੀ, ਪਰ ਮੈਂ ਉਸ ਨੂੰ ਸਦਾ ਹੀ ਧੁਨੀ ਕਹਿਕੇ ਸੰਬੋਧਨ ਕਰਦਾ ਸਾਂ। ਉਹ ਜਿਉਂਦਾ, ਜਾਗਦਾ, ਧੜਕਦਾ ਸੰਗੀਤ ਸੀ। ਉਹ ਰਚਨਾ ਵੀ ਸੀ ਅਤੇ ਰਚਨਹਾਰ ਵੀ। ਮੇਰੀ ਬੋਲੀ ਦਾ ਇਹ ਸ਼ਬਦ, 'ਧੁਨ' ਵੀ ਉਸ ਨੂੰ ਬਹੁਤ ਪਸੰਦ ਸੀ। ਮੈਂ, ਹਾਸੇ ਠੱਠੇ ਵਿਚ, ਇਸ ਸ਼ਬਦ ਦੇ ਦੋ ਅਰਥ ਕਰਦਾ ਸਾਂ : ਸੰਗੀਤ ਦੀ ਧੁਨ ਅਤੇ ਜਿਸਮ ਦਾ ਗੱਭ, ਹੋਂਦ ਦੀ ਧੁੰਨੀ। ਉਸ ਦੀ ਇਕ ਧੁੰਨੀ ਤਾਂ ਹੈ ਹੀ ਸੀ; ਉਸਦੀਆਂ ਗੱਲ੍ਹਾਂ ਵਿਚ ਦੋ ਧੁੰਨੀਆਂ ਹੋਰ ਸਨ; ਜਿਵੇਂ ਉਹ ਆਪਣੇ ਆਪ ਵਿਚ ਆਪਣੀ ਜਾਨ ਦਾ ਨਹੀਂ, ਸਗੋਂ ਏਸ ਜਹਾਨ ਦਾ ਅਤੇ ਅਗਲੇ ਜਹਾਨ ਦਾ ਕੇਂਦਰ ਵੀ ਸਮੋਈ ਬੈਠੀ ਹੋਵੇ : ਤਿੰਨ ਧੁੰਨੀਆਂ ਤਥਾ ਧੁਨੀਆਂ ਵਾਲੀ ਇਕ ਸਮੂਰਤ ਅਤੇ ਅਮੂਰਤ ਹੋਂਦ।

"ਸਾਡੇ ਪਿੰਡ ਦਾ ਨਾਮ 'ਨਵੇਂ ਪੱਤਰ' ਹੈ। ਪਹਿਲਾਂ ਇਹ ਪਿੰਡ ਨੈਸ ਦਰਿਆ ਦੇ ਕੰਢੇ ਵਸਦਾ ਸੀ। ਕੁਝ ਹੜ੍ਹਾਂ ਨੇ ਲੈ ਲਿਆ ਤੇ ਕੁਝ ਅੱਗਾਂ ਨੇ। ਫੇਰ ਸਾਡੇ ਪਿੰਡ ਦੇ ਵਸਨੀਕ ਏਥੇ ਆਣ ਵੱਸੇ। ਨਵੇਂ ਪੱਤਰਾਂ ਦੇ ਖੁੱਲ੍ਹਣ ਨਾਲ ਜੋ ਰੁੱਖ ਤੇ ਗੁਜ਼ਰਦੀ ਹੈ, ਨਵੇਂ ਪ੍ਰਾਣੀਆਂ ਦੇ ਏਥੇ ਆਣ ਕੇ ਸਾਹ ਲੈਣ ਅਤੇ ਧੜਕਣ ਨਾਲ ਇਸ ਪਿੰਡ ਦੀ ਭੋਇੰ ਪੁਰ ਬੀਤੀ। ਨਵੇਂ ਪੱਤਰ, ਨਵਾਂ ਸੂਰਜ, ਨਵਾਂ ਮੌਸਮ, ਨਵੀਂ ਸਵੇਰ। ਮੈਂ ਤੈਨੂੰ ਕਿਸ ਨਾਮ ਨਾਲ ਸੰਬੋਧਨ ਕਰਾਂ ? ਕੋਈ ਨਾਮ ਵੀ ਤਾਂ ਤੇਰੇ ਮੇਚ ਦਾ ਨਹੀਂ ਜਾਪਦਾ ! ਕਦੇ ਵਗਦੇ ਦਰਿਆਵਾਂ; ਮੌਨ ਝੀਲਾਂ, ਉੱਡਦੇ ਪੰਛੀਆਂ ਅਤੇ ਕਦੇ ਹਵਾ ਵਾਂਗ ਸਰਗੋਸ਼ੀਆਂ ਕਰਦਾ, ਕੋਲੋਂ ਦੀ ਲੰਘਦਾ ਹੈਂ, ਤਾਂ ਤਨ ਮਨ ਝੂਣਿਆ ਜਾਂਦਾ ਹੈਂ। ਤੂੰ ਸਾਗਰ ਵੀ ਹੈਂ, ਛੱਲ ਵੀ; ਤੂੰ ਜਿਸਮ ਵੀ ਹੈਂ, ਅਦਾ ਵੀ ਅਤੇ ਤੂੰ ਭੰਵਰ ਵੀ ਹੈਂ। ਤੇਰੀ ਮਹਿਕ ਬੜੀ ਸੁਖਾਵੀਂ ਹੈ, ਇਸ ਹੇਠਾਂ ਜੀਣ ਨੂੰ ਜੀ ਕਰਦਾ ਹੈ, ਇਸ ਵਿਚ ਭਿੱਜ ਕੇ ਸਾਹ ਲੈਣ ਨੂੰ। ਕਦੇ-ਕਦੇ ਮੈਂ ਤੇਰੇ ਭੰਵਰ 'ਚ ਘੁੰਮਦਿਆਂ, ਦੇਹ ਛੱਡ, ਭੰਵਰੀ ਕ੍ਰਮ ਬਣ ਜਾਣ ਬਾਰੇ ਵੀ ਸੋਚਦੀ ਹਾਂ। ਤੂੰ ਬੜਾ ਮਾਸੂਮ ਬੱਚਾ ਹੈਂ—ਵੇਖ ਤੇਰੇ ਕੋਲੋਂ ਮੇਰੇ ਇਨ੍ਹਾਂ ਸ਼ਬਦਾਂ ਦੇ ਅਰਥਾਂ ਦਾ ਬੋਝ ਨਹੀਂ ਸਹਿ ਹੋ ਰਿਹਾ। ਤੂੰ ਸ਼ਰਮਾ ਰਿਹਾ ਹੈਂ; ਤੂੰ ਸਕਤੇ ਵਿਚ ਹੈਂ। ਤੇਰੇ ਇਨ੍ਹਾਂ ਸਭ ਰੂਪਾਂ ਦੀ ਧੁਨੀ ਬਣ ਜਾਵਾਂ ਜਾਂ ਧੁੰਨੀ; ਕੀ ਫ਼ਰਕ ਪੈਂਦਾ ਹੈ। ਮੈਂ ਤੇਰਾ ਕੇਂਦਰ ਹੋਵਾਂ ਜਾਂ ਤੇਰਾ ਸੰਗੀਤ; ਤੇਰੀ ਜ਼ਬਾਨ ਹੋਵਾਂ ਜਾਂ ਤੇਰੀ ਧੜਕਨ, ਤੂੰ ਮੈਨੂੰ ਜੋ ਮਰਜ਼ੀ ਹੈ ਆਖ ਸਕਦਾ ਹੈਂ। ਕੁਝ ਬੋਲ, ਤੇਰੀ ਜ਼ਬਾਨ ਚੁੱਪ ਕਿਉਂ ਹੈਂ ਅੱਜ ? ਤੂੰ ਜੋ ਹਰ ਸ੍ਰੋਤੇ ਦੀ ਜ਼ਬਾਨ ਨੂੰ ਕੰਨ ਬਣਾ ਸਕਣ ਦੀ ਸਮਰੱਥਾ ਰਖਦਾ ਹੈਂ; ਅੱਜ ਚੁੱਪ ਕਿਉਂ ਹੈਂ ?"

ਮੈਂ ਚੁੱਪ ਚਾਪ ਵਿਸਕੀ ਪੀ ਰਿਹਾ ਸਾਂ। ਉਸ ਦੇ ਬੋਲਾਂ—ਅਰਥਾਂ ਤੋਂ ਨਿਰਲੇਪ—ਉਸ ਦੀ ਆਵਾਜ਼ ਦੇ ਪ੍ਰਭਾਵ ਹੇਠ ਝੂਮ ਰਿਹਾ ਸਾਂ।

"ਧੁਨੀ, ਆਪਣੀ ਕੋਈ ਕਵਿਤਾ ਸੁਣਾ, ਉਦਾਸ ਜਿਹੀ ਕਵਿਤਾ।"

"ਪਰਬਤ ਦੇ ਸਿਖਰ 'ਚੋਂ ਫੁੱਟੀ ਨਦੀ
ਉਸ ਦਿਆਂ ਪੈਰਾਂ 'ਚ ਪਈ,
ਆਪਣਾ ਸਿਖਰ ਤਕਦੀ ਹੈ।
ਪਰਬਤ
ਨਦੀ ਨੂੰ ਸਪਰਸ਼ਦਾ
ਖ਼ੁਦ ਸਾਗਰ ਬਣ ਬੈਠਾ ਹੈ।
ਉਹ ਜੁੜੇ ਹੋਏ ਵੀ ਕਦੇ ਮਿਲ ਨਾ ਸਕੇ,
ਉਹ ਮਿਲੇ ਹੋਏ ਵੀ ਸਦਾ ਜੁਦਾ ਰਹੇ।
ਨਦੀ ਨੇ ਪਰਬਤ ਦੀ ਭਾਲ ਵਿਚ
ਧਰਤੀ ਗਾਹ ਮਾਰੀ।
ਸਾਗਰ ਦੀ ਛੱਲ ਤਾਂ ਪਰਬਤ ਦਾ ਛਲਾਵਾ ਸੀ।
ਹਰ ਜਨਮ ਨਦੀ
ਸਾਗਰ ਤੇ ਪਰਬਤ ਨੂੰ ਜੁੜੀ ਹੋਈ ਵੀ
ਆਪਣੇ ਅੰਦਰ ਥਲ ਭੋਗਦੀ ਰਹੀ।
ਨਦੀ
ਇਕ ਵੀਰਾਨ ਖ਼ਲਾਅ
ਨਾ ਊਣੀ ਨਾ ਭਰੀ।"

"ਧੁਨੀ ਤੂੰ ਫਿਰ ਉਲਝ ਗਈ ਹੈਂ ਬਿੰਬਾਂ ਮਗਰ ਤੁਰੀ, ਆਪਣਾ ਸਰੋਦ ਗੰਵਾ ਬੈਠੀ ਹੈਂ।

"ਗੰਵਾਉਣ ਦੇ ਨੁਕਤੇ ਤੋਂ ਹੀ ਤਲਾਸ਼ ਦਾ ਆਰੰਭ ਹੁੰਦਾ ਹੈ। ਮੈਂ ਤੇਰੀ ਜਨਮ-ਜਨਮ ਦੀ ਤਲਾਸ਼ ਹਾਂ।"

"ਇਹ ਕਿਹੀ ਕਲਪਨਾ ਹੈ। ਮੈਂ ਕਦੇ-ਕਦੇ ਸੋਚਦਾ ਹਾਂ ਕਿ ਇਹ ਧਰਤੀ ਦੋ ਬੁੱਲ੍ਹਾਂ ਵਰਗੀ ਹੋਵੇਗੀ। ਦੋ ਹੋਠ, ਭੂ-ਮੱਧ-ਰੇਖਾ ਤੇ ਮਿਲੇ—ਦੋ ਧਰੁੱਵ ਸਦਾ ਸਦਾ ਲਈ ਵਿੱਛੜ ਗਏ।"

"ਸ਼ਰਾਬ ਤੇਰਾ ਦਿਲ ਲੈ ਬਹਿੰਦੀ ਹੈ ਅਤੇ ਮੇਰੀ ਸੋਚ। ਤੂੰ ਮੇਰੇ ਵਿਚ ਚੇਤਨਾ ਵਾਂਗ ਬਲਦਾ ਹੈਂ, ਮੈਂ ਤੇਰੇ ਅੰਦਰ ਦਿਲ ਵਾਂਗ ਧੜਕਦੀ ਹਾਂ।"

ਫਿਰ ਵੀ ਗੱਲ ਕਿਸੇ ਸਿਰੇ ਨਹੀਂ ਲੱਗਦੀ। ਨਦੀ, ਪਰਬਤ ਦੀ ਸਿਖਰ ਗੰਵਾ ਉਸ ਨੂੰ ਮੁੜ ਪ੍ਰਾਪਤ ਨਹੀਂ ਕਰ ਸਕਦੀ। ਜੇ ਨਦੀ ਨੂੰ ਪਾਉਣ ਲਈ ਪਰਬਤ ਆਪਣਾ ਆਪ ਵਿਖਾਰ ਲਏ ਤਾਂ ਉਹ ਪਰਬਤ ਨਹੀਂ ਰਹਿੰਦਾ। ਅਜਬ ਦੁਬਿਧਾ ਹੈ।"

"ਮੈਂ ਬਦਲੀ ਬਣ ਜਾਵਾਂਗੀ, ਗਾ, ਗਾ ਝੂਮ, ਝੂਮ ਤੇਰੇ ਉੱਤੇ ਵੱਸਾਂਗੀ। ਮੈਨੂੰ ਬਰਫ਼ ਬਣਾ ਕੇ ਆਪਣੀ ਹਿੱਕ ਨਾਲ ਲਾ ਲਈਂ—ਮੈਨੂੰ ਫੇਰ ਕਦੇ ਵੀ ਪੰਘਰਣ ਨਾ ਦਈਂ।"

"ਤੂੰ ਆਪਣੀ ਗਤੀ ਖੋ ਬੈਠੇਂਗੀ, ਮੈਂ ਤਾਂ ਹਾਂ ਹੀ ਅਚੱਲ।"

"ਤੂੰ ਇਹ ਨਹੀਂ ਜਾਣਦਾ ਕਿ ਤੇਰੀ ਅੱਚਲਤਾ ਵਿਚ ਵੀ ਇਕ ਗਤੀ ਹੈ—ਜੋ ਹੋਰ ਕਿਸੇ ਕੋਲ ਨਹੀਂ। ਤੂੰ ਆਪਣੀ ਧੁਨੀ ਦੇ ਮੱਧ ਵਿਚ ਰੁਕਿਆ ਨਹੀਂ, ਸਗੋਂ ਤੂੰ ਇਕ ਨਦੀ ਨੱਥ ਕੇ ਝੀਲ ਬਣਾ ਲਈ ਹੈ—ਘੇਰ ਲਈ ਹੈ ਚੁਫੇਰਿਓਂ !"

"ਧੁਨੀ, ਤੇਰੀ ਆਵਾਰਗੀ ਮੈਨੂੰ ਪਸੰਦ ਨਹੀਂ, ਮੇਰੇ ਲਈ ਅਸਹਿ ਹੈ। ਤੇਰੀ ਗੰਭੀਰਤਾ ਮੇਰੀ ਜਾਨ ਲੈ ਬਹਿੰਦੀ ਹੈ—ਮੁਸਕਰਾ !"

ਉਹ ਖਿੜ ਖਿੜਾ ਕੇ ਹੱਸਦੀ ਹੈ। ਉਸਦੀਆਂ ਗੱਲ੍ਹਾਂ ਦੇ ਟੋਏ ਕਦੇ ਅੱਖਾਂ ਵਾਂਗ ਮੈਨੂੰ ਝਾਕਦੇ ਹਨ ਅਤੇ

ਕਦੇ ਹੋਂਠ ਬਣੇ ਮੈਨੂੰ ਸਪਰਸ਼ਦੇ ਹਨ। ਮੈਂ ਇਨਸਾਨ ਤੋਂ ਇਕ ਵਾਰੀ ਫਿਰ ਸੀਖ ਭਾਰ ਪਸ਼ੂ ਬਣ ਜਾਂਦਾ ਹਾਂ। ਉਹ ਰੋਣ ਲਗ ਪੈਂਦੀ ਹੈ।

"ਨਹੀਂ, ਤੂੰ ਮੈਨੂੰ ਗਲਤ ਨਾ ਸਮਝ। ਜੇ ਇਹ ਸਭ ਕੁਝ ਹੀ ਮੇਰਾ ਮਨੋਰਥ ਹੁੰਦਾ, ਤਾਂ ਮੈਂ ਤੇਰੇ ਕੋਲੋਂ ਆਪਣੀ ਜ਼ਿੰਦਗੀ ਦੇ ਗੁਆਚੇ ਹੋਏ ਸਾਲ ਵਾਪਸ ਮੰਗਣ ਨਾ ਆਉਂਦੀ।"

ਉਹ ਮੇਰੇ ਪੱਟਾਂ ਤੇ ਸਿਰ ਰਖ ਕੇ, ਸਿਸਕਦੀ, ਸੌਂ ਜਾਂਦੀ ਹੈ। ਮੇਰੀਆਂ ਉਂਗਲਾਂ ਉਸ ਦੇ ਵਾਲਾਂ ਨੂੰ ਪਲੋਸਦੀਆਂ ਜਾਗਦੀਆਂ ਹਨ।

* * *

ਤੇਰਿਆਂ ਸਾਹਾਂ ਵਿਚ ਸੁਗੰਧਾਂ
ਮੇਰੇ ਨੈਣੀਂ ਵਰ੍ਹਣ ਅੰਗਾਰੇ।
ਤੂੰ ਭਰਵਾਂ ਰੁੱਖ, ਸੰਘਣੀ ਛਾਂ
ਥਲ ਦੀ ਹਿੱਕ ਤੇ
ਮੈਂ ਇਕ ਭੁੱਜਦੀ ਥਾਂ।
ਅੱਜ ਤਾਂ ਬੱਦਲ ਬਣ ਜਾ,
ਸੁੱਕੇ ਮੇਰੇ ਹੋਂਠ ਸਿੰਜ ਦੇ।
ਐਸਾ ਚੁੰਮਣ ਦੇ ਦੇ ਯਾਰ,
ਜਿਸ ਦਾ ਕੋਈ ਵੀ ਲਿੰਗ ਨਾ ਹੋਵੇ।
ਬਸ ਦੋ ਵਿਅਕਤੀ,
ਇਕ ਨਿਸ਼ਕਾਮ ਪਿਆਰ
ਮੈਂ ਤਾਂ ਸਦ ਹੀ ਇਹ ਚਾਹਿਆ ਹੈ,
ਤੂੰ ਜੋ ਪ੍ਰੀਤ ਦੀ ਲੋ ਦਿੱਤੀ ਹੈ,
ਜੱਗ ਨੂੰ ਉਸ ਨਾਲ ਦਿਆਂ ਸੁਆਰ !
ਕਿੰਨੇ ਫੋੜੇ : ਜੁਰਮ :
ਕਿੰਨੇ ਕੈਨਸਰ : ਕ੍ਰੋਧ
ਦਾਇਮੀ ਰੋਗ ਜਿਹੀ ਨਫ਼ਰਤ ਹੈ
ਪਸਰੀ ਏਥੇ—
ਨਸਲਾਂ ਤੇ ਰੰਗਾਂ ਵਿਚਕਾਰ।
ਅੱਜ ਤਾਂ ਬਸ ਮੈਂ
ਬੇ-ਲਿੰਗਾ ਇਕ ਚੁੰਮਣ ਤੈਥੋਂ ਮੰਗਾਂ ਯਾਰ !
ਦੇ ਦੇ ਯਾਰ !

ਇਹ ਸੁਫ਼ਨਾ ਮੈਨੂੰ ਕਈ ਵਾਰ ਆ ਚੁਕਿਆ ਹੈ। ਸੁਫ਼ਨੇ ਵਿਚ ਜਦੋਂ ਉਹ ਸੌਂ ਜਾਂਦੀ ਹੈ ਤਾਂ ਪਿਛੋਕੜ ਵਿੱਚੋਂ ਉਸ ਦੀ ਇਸੇ ਕਵਿਤਾ ਦੇ ਸ੍ਵਰ ਪ੍ਰਤੀਧੁਨੀਆਂ ਵਾਂਗ ਉੱਭਰਦੇ ਹਨ।

ਜਦੋਂ ਸੋਨੀਆ ਮੈਨੂੰ ਮਿਲਦੀ ਹੈ, ਉਹ ਮੇਰੇ ਮਨ ਨੂੰ ਅਚੇਤ ਹੀ ਇਨ੍ਹਾਂ ਅਵਚੇਤਨ ਰਾਹਾਂ ਵਲ ਲੈ ਤੁਰਦੀ ਹੈ। ਸੋਨੀਆ ਮੇਰੀ ਇਕ ਬਹੁਤ ਹੀ ਪਿਆਰੀ ਅਤੇ ਸੁੰਦਰ ਵਿਦਿਆਰਥਣ ਹੈ। ਜਦੋਂ ਮਿਲਦੀ ਹੈ, ਇਹ ਹੀ ਕਹਿੰਦੀ ਹੈ।

"ਤੂੰ ਮੇਰੀ ਕਵਿਤਾ ਨੂੰ ਹੀ ਨਹੀਂ ਸਗੋਂ ਮੇਰੀ ਸਮੁੱਚੀ ਹੋਂਦ ਨੂੰ ਸਮਝਿਆ, ਪਹਿਚਾਣਿਆ, ਮਹਿਸੂਸਿਆ ਹੈ। ਮੈਨੂੰ ਸਥਾਪਤੀ ਦੀ ਥਾਪਨਾ ਦੇ ਕੇ, ਤੂੰ ਮੇਰੇ ਅੰਦਰਲੇ ਵਿਸ਼ਵਾਸ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕੀਤੀਆਂ

ਹਨ। ਮੈਂ ਫੈਲ ਗਈ ਹਾਂ, ਸਗਲੀ ਧਰਤੀ ਉੱਤੇ, ਆਸਮਾਨ ਵਾਂਗ। ਮੈਂ ਵੇਖ ਰਹੀ ਹਾਂ, ਕੈਰੀ ਅੱਖ ਵਾਂਗ, ਸਗਲਾ ਬ੍ਰਹਿਮੰਡ ! ਸੁੱਚ ਤੇ ਸੱਚ ਦੀ ਪਹਿਚਾਣ ਵੀ ਮੈਂ ਤੇਰੇ ਕੋਲੋਂ ਹੀ ਪਾਈ ਹੈ। ਉਸ ਮੁੰਡੇ ਨੂੰ ਤਾਂ ਮੈਂ ਕੇਵਲ ਪ੍ਰੀਤ ਕਰਦੀ ਹਾਂ, ਵਚਨ ਦਿੱਤਾ ਹੈ। ਪਰ ਮੈਂ ਤੈਨੂੰ ਕਦੇ ਵੀ ਵਿਦਾ ਨਹੀਂ ਆਖਾਂਗੀ। ਜ਼ਿੰਦਗੀ ਨੂੰ ਵਿਦਾ ਜ਼ਰੂਰ ਆਖ ਦੇਵਾਂਗੀ, ਜੇ ਕਦੇ ਨੌਬਤ ਆਈ ਤਾਂ।"

ਮੈਂ ਕਿਹਾ, "ਹੱਟ, ਝੱਲੀ ਕੁੜੀ। ਤੂੰ ਤਾਂ ਸਮੁੱਚੀ ਜ਼ਿੰਦਗੀ ਨੂੰ ਸੰਵਾਰਨ, ਸਾਰੇ ਸੰਸਾਰ ਨੂੰ ਸੁਧਾਰਨ ਦਾ ਵਚਨ ਦਿੱਤਾ ਹੈ। ਤੂੰ ਅਜਿਹੀਆਂ ਸੋਚਾਂ ਕਿਵੇਂ ਸੋਚ ਸਕਦੀ ਹੈਂ। ਆਪਣੀ ਕਲਮ ਦੇ ਰੰਗਾਂ ਨਾਲ ਇਸ ਸੰਸਾਰ ਦੀ ਇਕ ਖ਼ੂਬਸੂਰਤ ਅਤੇ ਦਿਲਕਸ਼ ਤਸਵੀਰ ਬਣਾ, ਇਸ ਦੀ ਨਵੀਂ ਤਕਦੀਰ ਲਿਖ।"

"ਨਹੀਂ, ਮੈਂ ਤਕਦੀਰ ਵਿਚ ਯਕੀਨ ਨਹੀਂ ਰਖਦੀ। ਤਕਦੀਰ, ਮਨੁੱਖ ਦੀ ਬੇਬਸੀ ਨੂੰ ਮਾਨਤਾ ਦੇਣ ਵਾਲੀ ਗੱਲ ਹੈ—ਇਕ ਜ਼ੰਜੀਰ ਹੈ, ਸੁਤੰਤਰ ਹੋਂਦ ਲਈ, ਸੁਤੰਤਰ ਸੋਚ ਲਈ—ਇਹ ਨਿਰੀ ਅਸਮਰੱਥਾ ਹੈ, ਉਸ ਦਾ ਝੂਠਾ ਨਿਆਇਕਰਨ ਹੈ। ਉਹ, ਮੁਆਫ਼ ਕਰੀਂ—ਇਹ ਮੈਂ ਕਿਹੜੇ ਵਖਿਆਨ ਵਿਚ ਪੈ ਗਈ। ਜਦੋਂ ਵੀ ਮੈਂ ਕਿਸੇ ਮਸਲੇ ਬਾਰੇ ਗੰਭੀਰਤਾ ਨਾਲ ਸੋਚਦੀ ਹਾਂ ਤਾਂ ਤੇਰੇ ਸ਼ਬਦ ਸਦਾ ਹੀ ਮੇਰੀ ਜ਼ਬਾਨ ਬਣ ਬਹਿੰਦੇ ਹਨ ! ਆ, ਹੱਸੀਏ ...।"

ਦੋ ਹਾਸੇ, ਦੋ ਬਲਬਾਂ ਦੀ ਲੋ ਵਾਂਗ, ਇਕ ਚਾਨਣ ਵਾਂਗ, ਮੇਰੀਆਂ ਅੱਖਾਂ ਦਾ ਪਰਕਾਸ਼, ਮੇਰਿਆਂ ਕੰਨਾਂ ਦਾ ਸੰਗੀਤ ਬਣ ਜਾਂਦੇ ਹਨ।

ਮਾਂ, ਮੈਨੂੰ ਨਾ ਮਾਰ
ਮੈਂ ਬੇਪੰਖੋਂ ਪਰਵਾਜ਼
ਅੰਬਰ ਗਾਹ ਆਈ।
ਮਾਂ, ਤੇਰੇ ਖੰਭਾਂ ਨੂੰ ਜ਼ੰਜੀਰ,
ਤੇਰੀ ਤਕਦੀਰ,
ਨਾ ਤੈਨੂੰ ਰਾਸ ਆਈ !
ਮਾਂ,
ਮੈਂ ਪੰਖ ਨਹੀਂ,
ਪਰਵਾਜ਼।
ਮਾਂ, ਮੈਂ ਜੀਭ ਨਹੀਂ,
ਆਵਾਜ਼ !
ਮਾਂ, ਮੈਨੂੰ ਨਾ ਮਾਰ !
ਮਾਂ, ਤੇਰਾ ਇਹ ਪਿੰਜਰ,
ਤਾਂ ਕੇਵਲ ਪੰਖ ਲਈ ਹੈ,
ਜੀਭ ਲਈ ਹੈ !
ਮਾਂ, ਮੈਨੂੰ ਤਾਂ ਤੇਰੇ ਸੰਗ ਵੀ
ਜੁੱਗਾਂ ਜੁੱਗਾਂ ਦਾ ਪਿਆਰ।
ਐ ਦੁਨੀਆਂ ਦੀ ਹਰ ਮਾਂ, ਤੈਨੂੰ ਮੇਰਾ ਨਮਸਕਾਰ !
ਮਾਂ, ਮੈਨੂੰ ਨਾ ਮਾਰ
ਮੈਂ ਮਹਿਕ ਜਿਹੀ !
ਮਾਂ, ਮੈਨੂੰ ਨਾ ਮਾਰ
ਮੈਂ ਪੰਛੀ,

ਚਹਿਕ ਰਹੀ।
ਮਾਂ, ਮੈਨੂੰ ਨਾ ਮਾਰ,
ਮੈਂ ਅੰਦਰ ਕੁਦਰਤ ਟਹਿਕ ਰਹੀ !
ਮਾਂ,
ਤੈਂ, ਵਿਚਲੀ ਕੁੜੀ ਕਿੱਥੇ ਹੈ ?
ਜੁ ਖ਼ਿਆਲੀ ਚੰਨ ਦੀ ਉਂਗਲੀ ਫੜਕੇ
ਆਜ਼ਾਦੀਆਂ ਦੇ ਘੋੜੇ ਚੜ੍ਹ ਸਕਦੀ ਹੈ,
ਸਾਗਰ ਤਰ, ਸੂਰਜ ਫੜ ਸਕਦੀ ਹੈ !
ਮਾਂ, ਮੇਰੀ ਦੇਹ ਤਪਦੀ ਹੈ।
ਮਾਂ, ਮੇਰੀ ਛਾਤੀ ਫਟਦੀ ਹੈ।
ਮਾਂ, ਤੇਰੀ ਉਮਰ ਵਧਦੀ,
ਮਾਂ, ਮੇਰੀ ਉਮਰ ਘਟਦੀ ਹੈ !
ਮਾਂ, ਮੈਨੂੰ ਨਾ ਮਾਰ,
ਮੈਨੂੰ ਜੀ ਲੈਣ ਦੇ।
ਤੂੰ ਮੋਹ ਦੇ ਪਾਣੀਆਂ ਤੋਂ ਹੋਠ ਭੁਆਏ,
ਮੈਨੂੰ ਨਕੋ-ਨਕ ਡੁੱਬ ਲੈਣ ਦੇ,
ਮੈਨੂੰ ਅੰਤਿਮ ਤਿਪ ਤਕ ਪੀ ਲੈਣ ਦੇ।
ਮਾਂ, ਮੈਂ ਰੀਤ ਨਹੀਂ।
ਮਾਂ, ਮੈਂ ਪ੍ਰੀਤ ਹਾਂ;
ਬਾਬਲ ਦੀ, ਵੀਰ ਦੀ—
ਮਾਂ ਮੈਂ ਤੇਰੀ ਬੇਟੀ,
ਮਾਂ, ਮੈਂ ਉਸ ਦੀ ਪ੍ਰੇਮਿਕਾ—
ਇਹ ਵਾਦੀ, ਇਹ ਕੁਦਰਤ, ਮੇਰੇ ਪਿੰਡ ਦੇ ਲੋਕ—
ਮੇਰੇ ਮੋਹ ਦੇ ਪਾਤਰ।
ਮਾਂ ਮੈਨੂੰ ਨਾ ਮਾਰ,
ਘਿਰਣਾ ਮੇਰੀ ਕੁਦਰਤ ਨਹੀਂ
ਮਾਂ, ਮੈਂ ਤਾਂ ਨਿਰਾ ਮੋਹ ਹਾਂ।
ਸਭ ਜ਼ੰਜੀਰਾਂ ਤੋਂ ਆਜ਼ਾਦ,
ਮੈਂ ਤਾਂ ਇਕ ਸ਼ਾਂਤਮਈ ਰੋਹ ਹਾਂ
ਆਪਣੇ ਤੇ ਤੇਰੇ ਵਿਚਕਾਰ
ਮਾਂ, ਮੈਨੂੰ ਨਾ ਮਾਰ !
ਮਾਂ, ਮੈਂ ਨਾ ਮਾਰ !

ਸੋਨੀਆ ਇਕ ਭਰ ਜਵਾਨ ਲਾਲ ਭਾਰਤੀ (ਰੈੱਡ ਇੰਡੀਅਨ) ਕੁੜੀ ਹੈ। ਸੋਨੀਆ ਦਾ ਆਪਣੇ ਕਬੀਲੇ ਦੇ ਇਕ ਮੁੰਡੇ ਨਾਲ ਅੰਤਾਂ ਦਾ ਮੋਹ ਹੈ। ਕਬੀਲੇ ਦੀ ਰੀਤ ਅਨੁਸਾਰ ਉਹ ਉਸ ਦਾ ਭਰਾ ਲਗਦਾ ਹੈ। ਪਰ ਸੋਨੀਆ ਕਹਿੰਦੀ ਹੈ ਕਿ ਕੁੱਖ ਵਿੱਚੋਂ ਰੁੱਖ ਨਹੀਂ ਸਗੋਂ ਮਨੁੱਖ ਜੰਮਦੇ ਹਨ। ਹਰ ਮਨੁੱਖ ਵੱਖਰਾ ਹੁੰਦਾ ਹੈ, ਉਹ ਸਾਰੇ ਕਬੀਲੇ ਤੋਂ ਵੱਖਰਾ ਹੈ। ਉਹ ਬੀਜ 'ਚੋਂ ਜੰਮਿਆ ਰੁੱਖ ਨਹੀਂ, ਦੂਜਿਆਂ ਵਰਗਾ।

ਘਰ ਵਾਲੇ ਤੇ ਪਿੰਡ ਦੇ ਸਿਆਣੇ, ਉਸ ਨੂੰ ਸਮਝਾ ਬੈਠੇ ਹਨ। ਸੋਨੀਆ ਦੇ ਮਾਂ ਬਾਪ, ਉਸ ਨੂੰ ਕੁੱਟ ਮਾਰ ਚੁੱਕੇ ਹਨ। ਉਸ ਦੇ ਪਿੰਡੇ ਦੀਆਂ ਲਾਸ਼ਾਂ, ਮੇਰੇ ਸਾਹਵੇਂ ਕਾਗ਼ਜ਼ਾਂ ਉੱਤੇ ਲਿਖੀਆਂ ਉਸਦੀਆਂ ਕਵਿਤਾਵਾਂ ਦੇ ਸ਼ਬਦਾਂ ਵਿਚ ਪਈਆਂ ਹਨ। ਉਸ ਦਾ ਮਨ, ਦਿਲ ਦਿਮਾਗ਼ ਛਲਣੀ-ਛਲਣੀ ਹੋ ਚੁੱਕਾ, ਸੁੱਜ ਚੁੱਕਾ ਹੈ। ਉਸ ਦਾ ਸਿਰੜ ਨਹੀਂ ਗਿਆ। ਉਸ ਨੇ ਸਿਦਕ ਨਹੀਂ ਛੱਡਿਆ !

* * *

ਸੋਨੀਆ ਵਿਚ ਮੈਨੂੰ ਆਪਣੀ ਜਵਾਨੀ ਅਤੇ ਆਪਣੀ ਪ੍ਰੀਤ ਦਾ ਦੁਖਾਂਤ ਨਜ਼ਰੀਂ ਆਉਂਦਾ ਹੈ। ਇਸੇ ਲਈ ਮੈਂ ਸਦਾ ਹੀ ਉਸ ਨੂੰ ਰੋਕਦਾ ਹਾਂ ਨਸ਼ਿਆਂ ਦੀ ਵਰਤੋਂ ਤੋਂ, ਹੈਰੋਇਨ, ਮੈਰੇਵਾਨਾ ਅਤੇ ਹੋਰ ਡਰੱਗਜ਼ ਦੀ ਆਦੀ ਬਣਨ ਤੋਂ।

* * *

ਉਸ ਦਿਨ ਦੀ ਸਵੇਰ ਮੈਨੂੰ ਨਹੀਂ ਭੁੱਲਦੀ। ਮੈਂ ਬਹੁਤ ਰੁਝੇਵੇਂ ਵਿਚ ਸਾਂ। ਉਹ ਬਹੁਤ ਉਦਾਸ ਸੀ। ਉਸ ਦਿਨ ਉਹ ਕਵਿਤਾਵਾਂ ਦਾ ਇਕ ਥੱਬਾ ਮੈਨੂੰ ਫੜਾ ਗਈ ਸੀ ਅਤੇ ਕਹਿ ਗਈ ਸੀ :

"ਮੈਂ ਤੈਨੂੰ ਵਿਦਾ ਕਹਿਣ ਨਹੀਂ ਆਈ...ਮੈਨੂੰ ਇਹ ਵੀ ਪਤਾ ਹੈ ਕਿ ਤੈਨੂੰ ਇਹ ਕਵਿਤਾਵਾਂ ਪੜ੍ਹਨ ਦਾ ਸਮਾਂ, ਸਮੇਂ ਸਿਰ ਨਹੀਂ ਮਿਲਣਾ। ਤੂੰ ਛੁੱਟੀ ਹੁੰਦਿਆਂ ਹੀ ਸਿੱਧਾ ਸ਼ਹਿਰ ਜਾਣਾ ਹੈ—ਦੋ ਘੰਟੇ ਕਾਰ ਚਲਾ ਕੇ ਬੈਂਕ ਦੇ ਬੰਦ ਹੋਣ ਤੋਂ ਪਹਿਲਾਂ-ਪਹਿਲਾਂ ਉੱਥੇ ਪਹੁੰਚਣਾ ਹੈ। ਇਹ ਕਵਿਤਾਵਾਂ ਵਿਹਲ ਸਮੇਂ ਦਿਲ ਲਾ ਕੇ ਪੜ੍ਹੀਂ। ਇਹ ਵਿਦਾ ਨਹੀਂ, ਇਕ ਨਵਾਂ ਆਰੰਭ ਹੈ।" ਫੇਰ ਉਹ ਹੱਸੀ ਸੀ, ਝੂਮੀਂ ਸੀ, ਮੁਸਕਰਾਈ ਸੀ ਅਤੇ ਉਸ ਨੇ ਮੈਨੂੰ ਬੱਚਿਆਂ ਵਰਗੀ ਸ਼ੋਖੀ ਨਾਲ ਆਪਣੀ ਗਲਵਕੜੀ ਵਿਚ ਲੈ ਲਿਆ ਸੀ। ਇਹ ਉਸ ਦਾ ਅੰਦਾਜ਼ ਸੀ—ਬੜਾ ਪਿਆਰਾ ਮਾਸੂਮ ਅਤੇ ਅੰਤਾਂ ਦਾ ਭੋਲਾ ਅੰਦਾਜ਼ !

ਅੱਜ ਮੇਰੇ ਦਿਲ ਉੱਤੇ ਮਣਾਂ-ਮੂੰਹੀਂ ਬੋਝ ਪਿਆ ਹੈ। ਮੇਰੇ ਅੰਦਰ ਇਕ ਅਪਰਾਧ-ਗ੍ਰੰਥੀ ਪਲ ਰਹੀ ਹੈ ਅਤੇ ਮੈਂ ਵਾਰ-ਵਾਰ ਆਪਣੇ ਆਪ ਨੂੰ ਪੁੱਛਦਾ, ਕੋਸਦਾ ਹਾਂ ਕਿ ਉਸ ਦਿਨ ਮੈਂ ਸ਼ਹਿਰ ਜਾਣ ਤੋਂ ਪਹਿਲਾਂ ਇਹ ਕਵਿਤਾਵਾਂ ਪੜ੍ਹੀਆਂ ਕਿਉਂ ਨਾ ? ਸ਼ਹਿਰ ਜਾਣਾ ਮੁਲਤਵੀ ਵੀ ਤਾਂ ਕੀਤਾ ਜਾ ਸਕਦਾ ਸੀ। ਉਸ ਦਿਨ ਉਸ ਦਾ ਵਤੀਰਾ ਅਸਾਧਾਰਨ ਸੀ। ਅੱਜ ਜਦੋਂ ਮੈਂ ਇਹ ਸੋਚਦਾ ਹਾਂ, ਤਾਂ ਆਪਣੀ ਮੱਤ ਆਪਣੀ ਦੂਰ-ਅੰਦੇਸ਼ੀ ਉੱਤੇ ਬੜਾ ਗੁੱਸਾ ਆਉਂਦਾ ਹੈ ਕਿ ਇਹ ਮੈਂ ਉਦੋਂ ਕਿਉਂ ਨਾ ਸੋਚਿਆ ?

ਸੋਨੀਆਂ ਚਲੀ ਗਈ ਹੈ। ਪਰ ਉਸ ਨੇ ਆਪਣਾ ਵਚਨ ਜ਼ਰੂਰ ਨਿਭਾ ਦਿੱਤਾ ਹੈ ਕਿ ਉਹ ਮੈਨੂੰ ਕਦੇ ਵਿਦਾ ਨਹੀਂ ਆਖੇਗੀ। ਉਸ ਸ਼ੁੱਕਰਵਾਰ ਉਹਦੇ ਲਈ ਸਭ ਕੁਝ ਅਸਹਿ ਹੋ ਚੁੱਕਾ ਸੀ। ਇਕ ਹਫ਼ਤੇ ਤੋਂ ਉਹ ਇਹ ਕਵਿਤਾਵਾਂ ਲਿਖਦੀ ਰਹੀ ਸੀ। ਸ਼ੁੱਕਰਵਾਰ ਦੀ ਰਾਤ ਉਸ ਨੇ ਸ਼ਰਾਬ, ਮੈਰੇਵਾਨਾ, ਹੈਰੋਇਨ—ਜੋ ਡਰੱਗ ਵੀ ਘਰ ਵਿਚ ਪਈ ਸੀ—ਖਾ ਪੀ ਲਈ ਸੀ। ਉਹ ਕਿਸੇ ਨੂੰ ਵੀ ਵਿਦਾ ਨਹੀਂ ਕਹਿਣਾ ਚਾਹੁੰਦੀ ਸੀ। ਉਹ ਬੜੀ ਖ਼ੁਸ਼ ਸੀ, ਉਹ ਖੁਲ੍ਹ ਕੇ ਹੱਸਦੀ ਰਹੀ ਸੀ—ਲਗਾਤਾਰ ! ਉਹ ਤਾਂ ਆਪਣੇ ਆਪ ਨੂੰ ਵੀ ਵਿਦਾ ਨਹੀਂ ਕਹਿਣਾ ਚਾਹੁੰਦੀ ਸੀ। ਉਹ ਸਭ ਨੂੰ ਮੋਹ ਕਰਦੀ ਸੀ, ਅੰਤਾਂ ਦਾ ਮੋਹ। ਉਸ ਦੇ ਮੋਹ ਦੇ ਸੰਸਾਰ ਵਿਚ ਸਮਝੌਤੇ ਨਾਮ ਦੀ ਕੋਈ ਚੀਜ਼ ਹੀ ਨਹੀਂ ਸੀ, ਕੋਈ ਤਕਰਾਰ ਨਹੀਂ ਸੀ। ਘ੍ਰਿਣਾ ਨਹੀਂ ਸੀ—ਉਹ ਤਾਂ ਕੇਵਲ ਸ਼ੁੱਧ ਮੋਹ ਸੀ—ਕੁਦਰਤੀ ਮੁਹੱਬਤ ! ਮੈਂ ਉਸਦੀਆਂ ਕਵਿਤਾਵਾਂ ਦਾ ਥੱਬਾ ਖੋਲ੍ਹਦਾ ਹਾਂ :

ਮੌਤ : ਇਕ ਆਰੰਭ ਹੈ,
ਭੈ ਨਹੀਂ, ਅੰਤ ਨਹੀਂ।
ਤੂੰ ਹੀ ਤਾਂ ਕਿਹਾ ਸੀ
ਮੈਂ ਧੁਨੀ ਹਾਂ,
ਮੈਂ ਧੁੰਨੀ ਹਾਂ
ਮੇਰੇ ਵਿਚ ਤਿੰਨ ਧੁੰਨੀਆਂ ਹਨ।

ਮੈਂ ਤਿੰਨੇ ਕਾਲ ਹੋਂਦ ਵਿਚ ਸਮੇਟ,
ਇਸ ਸਦੀਵੀ ਸਫ਼ਰ ਦਾ ਆਰੰਭ ਕਰ ਰਹੀ ਹਾਂ—
ਵਿਦਾ ਨਹੀਂ ਕਹਿ ਰਹੀ !
ਮੈਂ ਇਸ ਪਿੰਡ ਦੇ ਨਵੇਂ ਪੱਤਰਾਂ ਲਈ ਇਕ ਪੈਗ਼ਾਮ ਹਾਂ—
ਮੈਂ ਤੁਹਾਨੂੰ ਗ਼ੈਬੀ ਅੱਖ ਬਣੀ
ਸਦਾ ਤੱਕਦੀ ਰਹਾਂਗੀ !
ਤੁਸੀਂ ਮੈਨੂੰ ਏਸ ਪਿੰਡ ਦੇ ਨਵੇਂ ਪੱਤਰਾਂ ਵਿਚ,
ਸਦਾ ਹੀ ਇਕ ਪੀੜ ਵਾਂਗ ਜਨਮਦੇ
ਮਹਿਸੂਸ ਕਰਦੇ ਰਹੋਗੇ।
ਮੈਂ ਏਸ ਬਸਤੀ ਦੀ,
ਹਰ ਇਕ ਮਾਂ ਦੀ ਜਨਮ-ਪੀੜ ਹਾਂ !
ਮੈਂ ਵਿਦਾ ਨਹੀਂ, ਆਰੰਭ ਹਾਂ ?
ਏਸ ਵਾਦੀ ਦੇ ਪਰਬਤਾ,
ਮੈਂ ਤੇਰੇ 'ਤੇ ਬਰਫ਼ ਬਣ ਵੱਸਾਂਗੀ।
ਨਦੀਏ,
ਮੈਂ ਤੇਰੇ ਸੰਗੀਤ ਵਿਚ ਵੱਸਾਂਗੀ।
ਪੌਣੇ,
ਮੈਂ ਨਵੀਆਂ ਕਲੀਆਂ ਖੇੜਾਂਗੀ—
ਮਧੂ-ਮੱਖੀਆਂ ਨੂੰ ਛੇੜਾਂਗੀ—
ਮੈਂ ਸੋਨੀਆ ਨਹੀਂ, ਮੈਂ ਪਿਆਰ ਹਾਂ,
ਹਰ ਦਿਲ, ਹਰ ਜਿੰਦ ਦਾ ਉਭਾਰ ਹਾਂ।

ਸੋਚ ਵਿਚ ਡੁੱਬਾ ਮੈਂ ਅੱਜ ਵੀ ਆਪਣੇ ਆਪ ਨੂੰ ਹੀ ਇਸ ਸਭ ਕੁਝ ਲਈ ਗੁਨਾਹਗਾਰ ਸਮਝਦਾ ਹਾਂ। ਉਸ ਦੇ ਪਲਾਇਨ ਪਿਛਲਾ ਵਿਦਰੋਹ, ਉਸ ਦੀ ਖ਼ੁਸ਼ੀ ਪਿਛਲਾ ਰੋਹ, ਮੈਂ ਉਸ ਦੀ ਹਰ ਇਕ ਕਵਿਤਾ ਦੇ ਹਰ ਇਕ ਸ਼ਬਦ ਵਿਚ ਮਹਿਸੂਸ ਕਰ ਰਿਹਾ ਹਾਂ। ਹਰ ਰੋਹ ਦੀ ਆਪਣੀ ਅਦਾ ਹੁੰਦੀ ਹੈ, ਆਪਣੀ ਸ਼ੈਲੀ ਹੁੰਦੀ ਹੈ।

ਮੈਂ ਕਿਵੇਂ ਆਖ ਸਕਦਾ ਹਾਂ ਕਿ ਉਹ ਸਾਨੂੰ ਸਦਾ ਸਦਾ ਲਈ ਛੱਡ ਕੇ ਟੁਰ ਗਈ ਹੈ। ਉਸ ਨੇ ਤਾਂ ਮੈਨੂੰ ਹੱਸ ਕੇ ਗਲਵਕੜੀ ਵਿਚ ਲੈ ਲਿਆ ਸੀ। ਉਸ ਨੇ ਤਾਂ ਮੈਨੂੰ ਵਿਦਾ ਵੀ ਨਹੀਂ ਆਖੀ ਸੀ। ਉਹ ਤਾਂ ਇਕ ਨਵਾਂ ਆਰੰਭ ਹੈ; ਇਸ ਵਾਦੀ ਦੀ ਸੋਚ ਲਈ, ਇਸ ਸੰਸਾਰ ਦੀ ਸੂਝ ਲਈ !—ਸੋਨੀਆ ਦੇ ਰੋਹ ਦੀ ਸ਼ੈਲੀ ਆਪਾ-ਵਾਰੂ ਸੀ !

# ਦਸ ਵਰ੍ਹੇ ਲੰਮੀਂ ਨੀਂਦ

ਭਾਗ ਮੱਲ ਦਾ ਵਿਆਹ ਹੋ ਗਿਆ ਸੀ। ਉਸ ਦੇ ਭਾਗਾਂ ਵਿਚ ਇਸ਼ਕ ਦੀ ਮੌਤ ਅਤੇ ਵਿਆਹ ਦਾ ਤਰਕ ਹੀ ਲਿਖਿਆ ਸੀ ! ਆਪਣੀ ਪਤਨੀ ਦਾ ਸੁਹਾਗ, ਭਾਗ ਮੱਲ ਦੀ ਸ਼ਾਦੀ ਦੀ ਪਹਿਲੀ ਰਾਤ ਹੀ ਵੰਡਿਆ ਤਰੇੜਿਆ ਗਿਆ ਸੀ : ਉਸ ਦੇ ਮਨ ਅਤੇ ਤਨ ਵਿਚ ਦੀਵਾਰਾਂ ਉਸਰ ਆਈਆਂ ਸਨ, ਦਰਾੜਾਂ ਪੈ ਗਈਆਂ ਸਨ !

ਇਸ਼ਕ ਨੇ ਉਹਦੇ ਮਨ, ਦਿਲ ਅਤੇ ਦਿਮਾਗ਼ ਉੱਤੇ ਸਦੀਵੀ ਪੱਛ ਲਾ ਦਿੱਤੇ ਸਨ ਅਤੇ ਵਿਆਹ ਨੇ ਉਸ ਦੀ ਦੇਹ ਸੁੰਨ ਕਰ ਦਿੱਤੀ ਸੀ। ਕਦੇ ਉਹ ਖ਼ਲਾਅ ਵਿਚ ਲਟਕਦਾ ਸੀ ਅਤੇ ਕਦੇ ਪਾਤਾਲ ਦੇ ਅਨ੍ਹੇਰਿਆਂ ਵਿਚ ਲੱਥ ਕੇ ਠੋਹਕਰਾਂ ਖਾਂਦਾ ਫਿਰਦਾ ਸੀ ! ਜੋ ਗੱਲ ਉਹ ਕਹਿਣੀ ਚਾਹੁੰਦਾ ਸੀ ਉਸ ਲਈ ਪੂਰਾ ਰੋਹ ਤੇ ਗੁੱਸਾ ਚਾਹੀਦਾ ਸੀ। ਪਰ ਜਦੋਂ ਉਸ ਨੂੰ ਗੁੱਸਾ ਚੜ੍ਹਦਾ ਸੀ, ਤਾਂ ਉਸ ਦੀ ਜ਼ਬਾਨ ਗੂੰਗੀ ਹੋ ਜਾਂਦੀ ਸੀ। ਉਸ ਦੇ ਅਰਥ ਸ਼ਬਦ ਬਣਨ ਦੀ ਥਾਂ ਧੁਨਖੀ ਵਾਂਗ ਉਸ ਦੀ ਹੋਂਦ ਨੂੰ ਪਿੰਜਦੇ ਸਨ। ਇਨ੍ਹਾਂ ਅਰਥਾਂ ਦੀਆਂ ਪ੍ਰਤੀ-ਧੁਨੀਆਂ, ਹਥੌੜਿਆਂ ਵਾਂਗ ਉਸ ਦੇ ਜ਼ਖ਼ਮੀ ਦਿਮਾਗ਼ ਉੱਤੇ ਵੱਜਦੀਆਂ ਸਨ।

ਕ੍ਰਿਸ਼ਨਾ, ਉਸ ਦੀ ਪਤਨੀ, ਬੜੀ ਸੁਹਣੀ, ਸੁਨੱਖੀ, ਮਿਹਨਤੀ ਅਤੇ ਸੁਸ਼ੀਲ ਸੀ। ਭਾਗ ਮੱਲ ਦੇ ਮਨ ਉੱਤੇ ਜੋ ਬੀਤ ਰਹੀ ਸੀ ਉਸ ਤੋਂ ਉਹ ਚੰਗੀ ਤਰ੍ਹਾਂ ਜਾਣੂੰ ਸੀ। ਇਸ ਸਭ ਕੁਝ ਲਈ ਦੋਸ਼ੀ ਉਹ ਆਪਣੇ ਆਪ ਨੂੰ ਹੀ ਠਹਿਰਾਉਂਦੀ ਸੀ। ਉਸ ਦਾ ਜੀ ਕਰਦਾ ਸੀ ਕਿ ਉਹ ਸਭ ਕੁਝ ਭਾਗ ਮੱਲ ਨੂੰ ਦਸ ਦੇਵੇ, ਪਰ ਹੌਂਸਲਾ ਨਹੀਂ ਸੀ ਪੈਂਦਾ। ਫਿਰ ਉਹ ਸੋਚਦੀ ਕਿ ਉਸ ਦੇ ਸੱਚ 'ਤੇ ਵਿਸ਼ਵਾਸ ਕਿਸ ਨੇ ਕਰਨਾ ਹੈ ? ਸੱਚ ਨੂੰ ਨਾ ਦਸ ਸਕਣ ਦੀ ਸਮਰੱਥਾ, ਉਸ ਨੂੰ ਅਪਰਾਧ-ਗ੍ਰੰਥੀ ਵਿਚ ਘੁੱਟਦੀ ਪੀਚਦੀ, ਪਰ ਉਹ ਸੀ ਨਾ ਕਰਦੀ।

ਕੁੱਟ-ਮਾਰ, ਗਾਲ੍ਹੀ-ਗਲੋਚ ਨੂੰ ਕ੍ਰਿਸ਼ਨਾ ਆਦਤ ਵਾਂਗ ਸਹਿਣ ਲੱਗ ਪਈ ਸੀ ! ਕਦੇ-ਕਦੇ ਭਾਗ ਮੱਲ ਗੰਭੀਰ ਸੁਰ ਵਿਚ ਕਹਿੰਦਾ, "ਮੈਂ ਚਲੇ ਜਾਵਾਂਗਾ, ਬਹੁਤ ਦੂਰ ...।"

ਉਹ ਪੁੱਛਦੀ, "ਤੁਸੀਂ ਮੁੜ ਕੇ ਨਹੀਂ ਆਵੋਗੇ।"

"ਆਵਾਂਗਾ।"

ਤੇ ਫਿਰ ਇਕ ਦਿਨ ਅਚਾਨਕ ਹੀ ਭਾਗ ਮੱਲ ਘਰ ਛੱਡ ਕੇ ਚਲਾ ਗਿਆ। ਕ੍ਰਿਸ਼ਨਾ ਦਾ ਦਿਲ ਕਹਿੰਦਾ ਸੀ ਕਿ ਉਹ ਇਕ ਦਿਨ ਜ਼ਰੂਰ ਵਾਪਸ ਆਵੇਗਾ। ਪ੍ਰਾਸ਼ਚਿਤ ਵਜੋਂ ਉਸ ਨੇ ਸੁੱਚ, ਸੱਚ ਅਤੇ ਵਫ਼ਾ ਦਾ ਲੜ ਫੜਨ ਦੀ ਪ੍ਰਤਿੱਗਿਆ ਕੀਤੀ। ਘਰ ਦੇ ਕੰਮ-ਕਾਰ ਵਿਚ ਖਪੀ ਥੱਕ ਟੁੱਟ ਸੌਂ ਜਾਂਦੀ। ਸੱਸ ਸਹੁਰੇ ਦੇ ਬੋਲ ਕੁਬੋਲ ਸੁਣਦੀ, ਪਰ ਚੁੱਪ ਕਰ ਰਹਿੰਦੀ !

ਉਸ ਦਾ ਦਿਓਰ ਬਾਰ੍ਹਾਂ ਸਾਲ ਦਾ ਸੀ ! ਸੱਤਾਂ ਸਾਲਾਂ ਵਿਚ ਉਹ ਗੱਭਰੂ ਬਣ ਗਿਆ। ਉਹ ਸਦਾ ਹੀ ਕ੍ਰਿਸ਼ਨਾ ਨੂੰ ਹੌਂਸਲਾ ਦਿੰਦਾ ਕਿ ਭਾਗ ਮੱਲ ਜ਼ਰੂਰ ਵਾਪਸ ਆਵੇਗਾ, ਤੇਰੀ ਭਗਤੀ ਨੂੰ ਨਿਸਚੇ ਹੀ ਫਲ ਲੱਗੇਗਾ।

ਕ੍ਰਿਸ਼ਨਾ ਨੂੰ ਆਪਣੇ ਦਿਓਰ ਦੇ ਮੂੰਹੋਂ ਇਹ ਸ਼ਬਦ ਸੁਣ ਕੇ, ਭਰਮ ਵੀ ਸੱਚ ਵਰਗੇ ਮਹਿਸੂਸ ਹੋਣ ਲੱਗ ਪੈਂਦੇ ਸਨ ! ਸੱਸ ਸਹੁਰੇ ਦੇ ਸ਼ੱਕੀ ਸੁਭਾ ਨੇ ਭਾਬੀ ਦਿਓਰ ਦੇ ਇਸ ਰਿਸ਼ਤੇ ਵਿਚ ਵੀ ਦੀਵਾਰਾਂ ਖੜ੍ਹੀਆਂ ਕਰ ਦਿੱਤੀਆਂ। ਉਸ ਦੇ ਅੰਦਰ ਇਕ ਖ਼ਲਾਅ ਉਤਪੰਨ ਹੋਇਆ, ਉਸ ਦਾ ਆਖ਼ਰੀ ਸਹਾਰਾ ਵੀ ਚਲੇ ਗਿਆ !

ਤੇ ਫਿਰ ਇਕ ਦਿਨ ਅਚਾਨਕ ਭਾਗ ਮੱਲ ਵਾਪਸ ਆ ਗਿਆ, ਬਿਲਕੁਲ ਉਸੇ ਤਰ੍ਹਾਂ, ਜਿਸ ਤਰ੍ਹਾਂ ਅਚਾਨਕ ਚਲਾ ਗਿਆ ਸੀ।

"ਕ੍ਰਿਸ਼ਨਾ, ਮੈਂ ਬਿਮਲਾ ਦੀ ਖੋਜ ਵਿਚ ਗਿਆ ਸਾਂ। ਉਹ ਬੜੀ ਖ਼ੁਸ਼ ਹੈ, ਉਸ ਦੇ ਦੋ ਬੱਚੇ ਹਨ।"

ਮੇਰੇ ਕੰਵਾਰ-ਭੰਗ ਨੇ ਤੁਹਾਨੂੰ ਬਿਮਲਾ ਵਲ ਮੋੜਿਆ। ਕਾਸ਼ ! ਮੈਂ ਤੁਹਾਨੂੰ ਉਸ ਸਮੇਂ ਸਭ ਕੁਝ ਸੱਚੋ ਸੱਚ ਦਸ ਦਿੰਦੀ। ਉਸ ਸਮੇਂ ਏਨਾਂ ਹੌਂਸਲਾ ਨਾ ਪਿਆ ਅਤੇ ਮੇਰੀ ਜ਼ਿੰਦਗੀ 'ਚੋਂ ਦਸ ਸਾਲ ਮਨਫ਼ੀ ਹੋ ਗਏ।"

"ਕੀ ਦਸ ਸਕਦੀ ?"

"ਕਿ ਮੇਰੇ ਕੰਵਾਰ-ਭੰਗ ਦਾ ਕਾਰਨ ਕੋਈ ਮਰਦ ਨਹੀਂ ... ਮੈਂ ਖ਼ੁਦ ਹਾਂ ...।"

"ਉਦੋਂ ਜ਼ਰੂਰ ਫਰਕ ਪਿਆ ਸੀ, ਪਰ ਹੁਣ ਕੋਈ ਫਰਕ ਨਹੀਂ। ਇਨ੍ਹਾਂ ਦਸਾਂ ਸਾਲਾਂ ਨੇ ਸਭ ਰਿਸ਼ਤਿਆਂ ਵਿਚਕਾਰ, ਮੇਰੇ ਵੱਟ ਕੱਢ ਕੇ ਰੱਖ ਦਿੱਤੇ ਹਨ। ਤੂੰ ਮਰਦ ਤੋਂ ਅਛੂਹ ਰਹੀ ਅਤੇ ਮੈਂ ਔਰਤ ਤੋਂ ਦੂਰ ਕਿਸੇ ਆਦਰਸ਼ ਇਸ਼ਕ ਦੇ ਭਰਮ ਵਿਚ ਖਪਦਾ ਰਿਹਾ। ਇਹ ਦਸ ਸਾਲ ਤੇਰੇ ਮੇਰੇ ਵਿਚਕਾਰ ਹੀ ਨਹੀਂ, ਸਗੋਂ ਸਾਡੇ ਦੋਹਾਂ ਦੇ ਆਪਣੇ-ਆਪਣੇ ਅੰਦਰ ਵੀ ਦੋ ਦੁਰੇਡੇ ਨੁਕਤਿਆਂ ਵਾਂਗ ਤਣੇ ਖੜੋਤੇ ਹਨ। ਮਨ ਦੀ ਸਜ਼ਾ ਤਨ ਨੇ ਭੋਗੀ ਅਤੇ ਤਨ ਦੀ ਮਨ ਨੇ। ਇਹ ਦੋਵੇਂ ਨੁਕਤੇ ਇਨ੍ਹਾਂ ਦੇ ਵਜੂਦ ਵਿਚ ਹਨ। ਇਨ੍ਹਾਂ ਦੇ ਲੱਛਣ, ਇਨ੍ਹਾਂ ਦਾ ਪ੍ਰਕਾਸ਼ ਇਨਸਾਨੀਅਤ ਹੋਣਾ ਚਾਹੀਦਾ ਹੈ ਨਾ ਕਿ ਮੋਹ-ਭੰਗ।"

"ਇਨ੍ਹਾਂ ਨੁਕਤਿਆਂ ਵਿਚਕਾਰਲਾ ਖ਼ਲਾਅ ਤਾਂ ਨਹੀਂ ਭਰਨਾ, ਪਰ ਦਸਵੇਂ ਵਰ੍ਹੇ ਦਾ ਨੁਕਤਾ ਇਕ ਨਵਾਂ ਆਰੰਭ ਜ਼ਰੂਰ ਬਣ ਸਕਦਾ ਹੈ।"

"ਤੇਰਾ ਜਿਸਮ ਕੰਵਾਰ-ਭੰਗ ਤੋਂ ਬਾਅਦ ਵੀ ਕੰਵਾਰਾ ਹੀ ਹੈ ਅਤੇ ਮੇਰੀ ਆਤਮਾ ਆਦਰਸ਼ ਦਾ ਭਰਮ ਜਿਊ ਕੇ ਵੀ ਨਿਰਲੇਪ ਹੈ।"

"ਦਸਵੇਂ ਵਰ੍ਹੇ ਦੇ ਇਸ ਨੁਕਤੇ ਨੇ ਮੈਨੂੰ ਇਕ ਨਵਾਂ ਵਿਸ਼ਵਾਸ ਦਿੱਤਾ ਹੈ।"

"ਇਸ ਨੁਕਤੇ ਤੋਂ ਪਤੀ-ਪਤਨੀ ਬਣ ਕੇ ਨਹੀਂ, ਸਗੋਂ ਹਮਸਫ਼ਰ ਬਣ ਕੇ ਤੁਰਾਂਗੇ।"

"ਇਉਂ ਜਾਪਦਾ ਹੈ ਜਿਵੇਂ ਦਸਾਂ ਵਰ੍ਹਿਆਂ ਦੀ ਲੰਮੀ ਨੀਂਦ ਇਸੇ ਸਵੇਰ ਦੀ ਉਡੀਕ ਕਰ ਰਹੀ ਸੀ !"

# ਕਿੱਲਾਂ

"ਦੀਪਕ—ਸਰਕਾਰ ਨੇ ਬੜੀ ਵਧੀਆ ਸੜਕ ਬਣਾਈ ਹੈ। ਵਿਮਾਨਾਂ ਲਈ ਬਣੇ 'ਰਨ-ਵੇ' ਤੋਂ ਵੀ ਪੱਧਰੀ, ਸਾਂਵੀ ਤੇ ... ਕਹਿੰਦੇ ਹਨ ਇਸ ਨੂੰ ਮੁਕੰਮਲ ਕਰਨ ਲਈ ਪੰਜ ਸਾਲਾਂ ਦੀ ਸਾਰੀ ਯੋਜਨਾ ਲੱਗ ਪਈ ਹੈ।"

"ਤਾਂ ਰੌਸ਼ਨੀ, ਸੋਚਦੀ ਹੋਵੇਂਗੀ, ਬੜੀ ਉੱਨਤੀ ਹੋਈ ਹੈ। ਸੜਕ ਬਣਵਾਈ ਹੈ ਤਾਂ ਕਿ ਭਾਰੀ ਬਰਸਾਤਾਂ ਵਿਚ ਜਦੋਂ ਇਸ ਕੰਢੇ ਵਸਦੇ ਲੋਕਾਂ ਦੀਆਂ ਖੋਲੀਆਂ ਚੋਣ ਲੱਗ ਪੈਣ, ਤਾਂ ਉਸ ਸੜਕ 'ਤੇ ਆ ਬੈਠਣ।"

"ਸੜਕ 'ਤੇ ਕਿਉਂ ?"

"ਅਲਾਦੀਨ ਦਾ ਜਾਦੂ—ਕਹਿੰਦੇ ਹਨ ਜਦੋਂ ਖੋਲੀਆਂ ਚੋਂਦੀਆਂ ਹਨ, ਤਾਂ ਇਸ ਸੜਕ 'ਤੇ ਮੀਂਹ ਨਹੀਂ ਪੈਂਦਾ।"

"ਇਹ ਰੌਸ਼ਨੀ ਕਿਹੀ ਹੈ ? ਸ਼ਾਇਦ ਕੋਈ ਕਾਰ ਹੈ, ਤੇਜ਼ ਰਫ਼ਤਾਰ 'ਤੇ। ਚਲੋ, ਕੁਝ ਦੇਰ ਲਈ ਹੀ ਸਹੀ, ਅਸੀਂ ਆਪਣਾ ਰਸਤਾ ਵੇਖ ਸਕਾਂਗੇ।"

"ਤੇ ਫਿਰ ਜਦੋਂ ਕਾਰ ਲੰਘ ਜਾਵੇਗੀ, ਨ੍ਹੇਰੇ ਵਿਚ ਡੁੱਬ ਜਾਵਾਂਗੇ। ਆਪਣਾ ਆਪ ਵੀ ਨਜ਼ਰ ਨਹੀਂ ਆਵੇਗਾ। ਤੋਰ ਜੋ ਪਹਿਲਾਂ ਹੀ ਮੱਧਮ ਹੈ, ਕਾਰ ਦੀ ਰਫ਼ਤਾਰ ਸੌਂਹੇਂ, ਇਕ ਜਨਮ ਹੋਰ ਧੀਮੀਂ ਹੋ ਗਈ ਪ੍ਰਤੀਤ ਹੋਵੇਗੀ।"

"ਹਾਂ ਅਸੀਂ ਕਦੋਂ ਦੇ ਤੁਰੇ ਹੋਏ ਹਾਂ, ਪਰ ਪਹੁੰਚੇ ਕਿਤੇ ਵੀ ਨਹੀਂ, ਨਾ ਹੀ ਕਿਤੇ ਪਹੁੰਚਣ ਦੇ ਆਸਾਰ ਦਿਖਾਈ ਦਿੰਦੇ ਹਨ।"

"ਇਕ ਗੱਲ ਪੁੱਛਾਂ, ਰੌਸ਼ਨੀ ?"

"ਪੁੱਛ, ਦੀਪਕ।"

"ਚੱਲ, ਸੜਕ ਵਿਚ ਕਿੱਲਾਂ ਗੱਡ ਦੇਈਏ, ਮੋਟੀਆਂ-ਮੋਟੀਆਂ ਕਿੱਲਾਂ।"

"ਉਹ ਕਿਉਂ ?"

"ਤਾਂ ਕਿ ਟਾਇਰਾਂ 'ਤੇ ਤੇਜ਼ ਰਫ਼ਤਾਰ ਭੱਜੀ ਜਾਂਦੀ ਜ਼ਿੰਦਗੀ ਬਰਸਟ (ਫਟ) ਹੋ ਸਕੇ।"

"ਇਸ ਨਾਲ ਕੀ ਹੋਵੇਗਾ ?"

"ਸਾਨੂੰ ਆਪਣੇ ਸਬੂਤ ਹੋਣ ਦਾ, ਆਪਣੀ ਰਫ਼ਤਾਰ ਦੇ ਵਧ ਜਾਣ ਦਾ ਅਹਿਸਾਸ।"

"ਪਰ ਜਾਣਾ ਕਿੱਥੇ ਹੈ ?"

"ਹਾਂ, ਜਾਣਾ ਕਿੱਥੇ ਹੈ ? ਇਸ ਚੁਰੱਸਤੇ ਤੋਂ ਉਸ ਚੁਰੱਸਤੇ ਤਕ। ਦੋ ਮਿੰਟ ਪਹਿਲਾਂ, ਜਾਂ ਤਿੰਨ ਮਿੰਟ ਬਾਅਦ, ਕੀ ਫ਼ਰਕ ਪੈਂਦਾ ਹੈ !"

"ਨਹੀਂ ਦੀਪਕ, ਚੁਰਸਤੇ ਵਿਚ ਬੜੀ ਸ਼ਾਂਤੀ ਹੈ। ਇਹ ਸ਼ਾਂਤੀ ਸ਼ਾਇਦ ਸੜਕ ਵਿਚ ਕਿੱਲਾਂ ਗੱਡ ਕੇ ਵੀ ਪ੍ਰਾਪਤ ਨਾ ਹੋਵੇ। ਕੁਝ ਲੋਕ 'ਰਨ-ਵੇ' ਤੇ ਉਸ ਤੋਂ ਵੀ ਤੇਜ਼ ਦੌੜ ਕੇ ਆਸਮਾਨ ਵਿਚ ਬੱਦਲਾਂ ਤੋਂ ਵੀ ਉੱਪਰ ਜਾ ਉੱਡਦੇ ਹਨ।"

"ਰਨ-ਵੇ ਵਿਚ ਵੀ ਕਿੱਲਾਂ ਗੱਡੀਆਂ ਜਾ ਸਕਦੀਆਂ ਹਨ।"

"ਚੰਦਰਯਾਨ ਕਿਵੇਂ ਰੋਕੇਂਗਾ ?"

"ਦੁਨੀਆਂ ਦੀ ਸਾਰੀ ਗਰੀਬੀ ਤੇ ਬੀਮਾਰੀ ਦਾ ਬੋਝ ਉਸ ਉੱਤੇ ਪਾ ਕੇ। ਚੰਦ ਦਾ ਮੂੰਹ ਸੰਵਾਰਨ ਤੋਂ ਪਹਿਲਾਂ ਪ੍ਰਿਥਵੀ ਨੂੰ ਜਿਊਣ ਜੋਗੀ ਤਾਂ ਬਣਾ ਲਈਏ।"

"ਨਕਾਰਖ਼ਾਨੇ ਵਿਚ ਤੂਤੀ ਦੀ ਆਵਾਜ਼ !"

"ਐਸੀ ਗੱਲ ਨਹੀਂ, ਇਹ ਕਿੱਲਾਂ ਸੰਸਦ-ਭਵਨ ਦੀਆਂ ਕੁਰਸੀਆਂ ਉੱਤੇ ਵੀ ਗੱਡੀਆਂ ਜਾ ਸਕਦੀਆਂ ਹਨ।"

"ਉਹ ਕਿਉਂ ?"

"ਕਿੱਲਾਂ 'ਤੇ ਬੈਠ ਕੇ ਬਣਾਏ ਕਾਨੂੰਨ ਦੀ ਪ੍ਰਕਿਰਤੀ ਹੀ ਬਦਲ ਜਾਵੇਗੀ।"

"ਪਰ ਮੈਂ ਤਾਂ ਸੁਣਿਆ ਹੈ ਦੀਪਕ, ਇਹ ਲੋਕ ਐਸੀ ਸੋਚ ਸੋਚਣ ਵਾਲੇ ਦਾ ਵਕਤੋਂ ਪਹਿਲਾਂ ਹੀ ਕੰਡਾ ਕੱਢ ਦਿੰਦੇ ਹਨ।"

"ਬਸ ਹੁਣ ਕੰਡਾ ਨਿਕਲਣਾ ਹੀ ਬਾਕੀ ਰਹਿੰਦਾ ਹੈ ਰੌਸ਼ਨੀ, ਜ਼ਰਾ ਰੁਕ ਜਾਈਏ।"

"ਅਜੇ ਤੁਰੇ ਹੀ ਕਿਹੜਾ ਹਾਂ ? ਇਕ ਪੈਰ ਪੂਰਬ, ਇਕ ਪੱਛਮ—ਇਕ ਪੈਰ ਉੱਤਰ, ਇਕ ਦੱਖਣ।"

"ਇਸ ਸਦੀ ਵਿਚ ਪੈਰ ਨਹੀਂ ਜ਼ਿਹਨ ਤੁਰਦੇ ਹਨ ਤੇ ਉਹ ਵੀ ਕਿੱਲਾਂ ਉੱਤੇ।"

"ਇਹ ਕੀ ਖਾ ਰਿਹਾ ਹੈਂ ?"

"ਮੂਡ ਐਲੀਵੇਟਰ, ਟਰਿੰਕੁਏਲਾਈਜ਼ਰ, ਵੇਲੀਅਮ, ਲਿਬਰੀਅਮ, ਨੀਂਦ ਦੀਆਂ ਗੋਲੀਆਂ, ਹੈਰੋਇਨ ਮਾਰਫੀਆ—ਕਿੰਨੇ ਨਾਮ ਹਨ, ਕਿੰਨੇ ਰੂਪ ਹਨ ਇੱਕੋ ਚੀਜ਼ ਦੇ—ਦੁੱਖਾਂ ਤੋਂ ਮੁਕਤੀ ਦਾ ਸਾਧਨ !"

"ਤੈਨੂੰ ਇਸ ਦੀ ਕੀ ਲੋੜ ਪੈ ਗਈ ?"

"ਇਹ ਡਰੱਗਜ਼ ਦੀ ਸਦੀ ਹੈ। ਕੁਝ ਤਾਂ ਖਾਣਾ ਹੀ ਹੋਇਆ। ਇਹ ਖਾ ਕੇ ਮਨ ਸ਼ਾਂਤ ਹੋ ਜਾਂਦਾ ਹੈ। ਜੇ ਇਹ ਨਾ ਖਾਵਾਂ ਤਾਂ ਸਦੀ ਬੀਮਾਰ ਨਜ਼ਰ ਆਉਂਦੀ ਹੈ।"

"ਤੇਰੇ ਇਹ ਖਾਣ ਨਾਲ ਸਦੀ ਕਿਵੇਂ ਰਾਜ਼ੀ ਹੋ ਜਾਵੇਗੀ ?"

"ਨਜ਼ਰ ਦਾ ਫ਼ਰਕ ਹੈ ਰੌਸ਼ਨੀ, ਜੇ ਦੁਨੀਆਂ ਦੇ ਸਭ ਲੋਕ ਇੱਕੋ ਸਮੇਂ ਇਕ ਦਮ ਬੀਮਾਰ ਹੋ ਜਾਣ ਤਾਂ ਤੰਦਰੁਸਤੀ ਦਾ ਸੰਕਲਪ ਹੀ ਬਦਲ ਜਾਵੇਗਾ।"

"ਜੋ ਸਰਵ-ਵਿਆਪਕ, ਬਹੁ-ਗਿਣਤੀ ਹੈ, ਉਹ ਹੀ ਤੰਦਰੁਸਤੀ ਹੋਵੇਗੀ।"

"ਕਿਸੇ ਹੱਦ ਤਕ।"

"ਦੀਪਕ, ਸ਼ਾਮ ਦੇ ਤੁਰੇ ਹੋਏ ਹਾਂ, ਡੂੰਘੀ ਰਾਤ ਹੋ ਚੱਲੀ ਹੈ, ਇਕ ਪੈਰ ਨਹੀਂ ਪੁੱਟਿਆ ਅਜੇ ਤਕ—ਦੋ ਕਦਮ ਚੱਲ, ਚਾਰ ਕਦਮ ਤੇ ਚੁਰੱਸਤਾ ਹੈ। ਉਥੇ ਜਾ ਕੇ ਮੈਨੂੰ ਬੜੀ ਰਾਹਤ ਮਿਲਦੀ ਹੈ।"

"ਕਿਸ ਰਾਹਤ ਦੀ ਗੱਲ ਕਰਦੀ ਹੈਂ ? ਜੋ ਵੀਅਤਨਾਮ ਵਿਚ ਇਕ ਮਾਂ ਨੂੰ ਬੰਬ-ਵਰਸ਼ਾ ਹੇਠਾਂ ਆਪਣੇ ਇਕ ਹੋਰ ਬੱਚੇ ਦੇ ਚੀਥੜੇ ਉਡਵਾ ਕੇ ਮਿਲਦੀ ਹੈ। ਜਾਂ ਉਸ ਸਬਰ ਦੀ ਜੋ ਉਸ ਮਾਂ ਨੂੰ ਕਰਨਾ ਪੈਂਦਾ ਹੈ, ਆਪ ਬੰਦੂਕ ਉਠਾ ਕੇ—ਤਾਂ ਕਿ ਉਹ ਇਕ ਹੋਰ ਬੱਚਾ ਜੰਮਣ ਤਕ ਡਟ ਕੇ ਲੜ ਸਕੇ !"

"ਹਾਂ, ਦੀਪਕ, ਵੀਅਤਨਾਮ ਦੀਆਂ ਮਾਵਾਂ—ਜੋ ਦਿਨੇ ਰਣ ਵਿਚ ਲੜਦੀਆਂ, ਰਾਤੀਂ ਸਿਪਾਹੀ ਪੈਦਾ ਕਰਦੀਆਂ ਹਨ।"

"ਤੇ ਦੁਨੀਆਂ ਦੇ ਹਰ ਦੇਸ਼ ਦੀਆਂ ਬਹੁ-ਗਿਣਤੀ ਮਾਵਾਂ, ਜੋ ਹਰ ਰੋਜ਼ ਗਿਰਜੇ, ਮੰਦਰ, ਮਸੀਤ ਜਾਂ ਗੁਰੂ ਘਰ ਵਿਚ ਜਾ ਕੇ ਦੁਆਵਾਂ ਕਰਦੀਆਂ ਹਨ। ਬਿਨਾਂ ਰਣ ਵਿਚ ਲੜਿਆਂ, ਥੱਕੀਆਂ, ਅੱਕੀਆਂ, ਟੁੱਟੀਆਂ, ਭੱਜੀਆਂ ਆਪਣੇ ਮਰਦਾਂ ਦੇ ਗਲੀਂ ਬਾਹਾਂ ਪਾ ਕੇ ਡੂੰਘੀ ਨੀਂਦ ਸੌਂ ਜਾਂਦੀਆਂ ਹਨ। ਮੈਂ ਤੈਨੂੰ ਕਿਹਾ ਸੀ ਕਿ ਇਹ ਸਦੀ ਬੀਮਾਰ ਹੈ—ਲੈ ਤੂੰ ਵੀ ਇਹਨਾਂ ਜਨਮ-ਜਨਮ ਦੀਆਂ ਰੋਗੀ ਮਾਵਾਂ ਦੇ ਨਾਮ ਇਕ ਗੋਲੀ ਖਾ ਲੈ।"

"ਨਹੀਂ, ਗੋਲੀ ਖਾ ਕੇ ਮੈਨੂੰ ਨੀਂਦ ਆ ਜਾਵੇਗੀ ਤੇ ਮੈਂ ਆਪਣਾ ਰਸਤਾ ਭਟਕ ਜਾਵਾਂਗੀ, ਦੀਪਕ।"

"ਕਿਹੜਾ ਰਸਤਾ ?"

"ਚੁਰਸਤੇ ਤਕ ਦਾ ਰਸਤਾ। ਚੁਰਸਤੇ ਵਿਚ ਜਾ ਕੇ ਚੈਨ ਨਾਲ ਸੌਂ ਸਕਾਂਗੇ। ਉੱਥੇ ਜਾ ਕੇ ਇੰਝ ਮਹਿਸੂਸ ਹੁੰਦਾ ਹੈ, ਜਿਵੇਂ ਮੈਂ ਦਿਸ਼ਾਵਾਂ, ਰਾਹਵਾਂ, ਮੰਜ਼ਲਾਂ ਤੇ ਪੜਾਵਾਂ ਦੇ ਆਫਰੇ ਹੋਏ ਸਾਗਰ ਨਾਲੋਂ ਟੁੱਟ ਕੇ ਇਕ ਸ਼ਾਂਤ ਟਾਪੂ ਵਿਚ ਪਹੁੰਚ ਗਈ ਹੋਵਾਂ—ਇਕ ਜ਼ੀਰੋ ਖੇਤਰ ਵਿਚ—ਜਿੱਥੇ ਦਿਮਾਗ ਉੱਤੇ ਕੋਈ ਬੋਝ ਨਹੀਂ ਰਹਿੰਦਾ। ਅਸੀਂ ਸਭ ਕਿਤੇ ਵੀ ਨਹੀਂ—ਧਰਮ, ਕਰਮ, ਗਿਆਨ, ਵਿਗਿਆਨ, ਜ਼ਿੰਦਗੀ, ਸਮਾਜ, ਦਰਸ਼ਨ, ਰਾਜਨੀਤੀ, ਜੁਰਮ, ਨੈਤਿਕਤਾ...ਜੇ ਹਾਂ ਤਾਂ ਸਿਰਫ਼ ਚੁਰਸਤੇ ਵਿਚ..."

"ਤੂੰ ਵੀ ਬੀਮਾਰ ਹੋ ਗਈ ਹੈਂ ਰੌਸ਼ਨੀ—ਐਹ ਲੈ ਕੁਝ ਹੋਰ ਕਿੱਲ—ਤੇਰੇ ਪੇਟ, ਤੇਰੇ ਸਿਰ, ਤੇਰੇ ਹੱਥਾਂ, ਤੇਰੇ ਪੈਰਾਂ ਲਈ—ਅਤੇ ਇਹ ਗੋਲੀ—ਤੈਨੂੰ ਇਸ ਗੋਲੀ ਦੀ ਸਖ਼ਤ ਲੋੜ ਹੈ।"

"ਕਿਸ ਗੋਲੀ ਦੀ ?"

"ਸੋਚ ਤੋਂ ਮੁਕਤੀ ਦੀ ਗੋਲੀ।"

ਦੀਪਕ ਬੁਝ ਜਾਂਦਾ ਹੈ ਤੇ ਰੌਸ਼ਨੀ ਗਾਇਬ ਹੋ ਜਾਂਦੀ ਹੈ। ਕਮਰੇ ਵਿਚ ਦੋ ਮੰਜੇ ਹਨ ਤੇ ਇਕ ਜਿਸਮ—ਇਕ ਜਿਸਮ ਜੋ ਮੰਜਿਆਂ ਵਿੱਚੋਂ ਉੱਭਰੀਆਂ ਬੇਸ਼ੁਮਾਰ ਕਿੱਲਾਂ ਵਿਚਕਾਰ ਪਿਆ ਕਦੇ-ਕਦੇ ਇਕ ਬਹੁਤ ਵੱਡਾ ਕਿੱਲ ਜਾਪਦਾ ਹੈ।

# ਜਿਊ ਰਹੇ ਮਰੇ ਹੋਏ ਪਲ

ਸੀਲਿੰਗ ਉੱਤੇ ਚੂਹਾ ਲਗਾਤਾਰ ਦੌੜ ਰਿਹਾ ਹੈ, ਏਧਰੋਂ ਓਧਰ ਤੇ ਓਧਰੋਂ ਏਧਰ। ਟੀਨ ਦੀ ਦੋਪਾਸੀ ਢਾਲੂ ਛੱਤ ਹੇਠਾਂ ਸਖ਼ਤ ਗੱਤੇ ਦੀ ਇਹ ਸੀਲਿੰਗ ਇਸ ਚੂਹੇ ਦੀ ਕਮੀਨਗਾਹ ਹੈ ! ਉਹ ਸ਼ਾਂਝੇ 'ਚੋਂ ਪੋਲੇ ਪੈਰੀਂ, ਪਾਣੀ ਦੀ ਪੈੜੇ, ਨਾਲੀ ਰਾਹੀਂ ਗੁਸਲਖ਼ਾਨੇ ਵਿਚ ਆਉਂਦਾ ਹੈ ਫਿਰ ਆਸਾ-ਪਾਸਾ ਸੁੰਘ, ਵੇਖ, ਫਰਾਈ ਪੈਨ ਵਿਚ ਠੰਡਾ ਹੋ ਕੇ ਜੰਮ ਚੁੱਕੇ ਘਿਓ, ਖੁੱਲ੍ਹੇ ਆਟੇ ਜਾਂ ਅਣਢਕੀ ਰੋਟੀ ਨੂੰ ਮੂੰਹ ਮਾਰਦਾ, ਖ਼ੁਸ਼ ਹੁੰਦਾ ਤੇ ਫਿਰ ਪੈਛੜ ਸੁਣਦਿਆਂ ਹੀ ਜਾਂ ਤਾਂ ਗੈਸ ਕੁੱਕਰ ਵਿਚ ਜਾ ਛੁਪਦਾ ਹੈ ਤੇ ਜਾਂ ਰਸੋਈ ਨਾਲ ਦੇ ਸਟੋਰ ਵਿਚ ਬਿਜਲੀ ਦੀ ਤਾਰ ਟੁੱਕ ਕੇ ਉਸ ਥਾਂ ਕੀਤੀ ਮੋਰੀ 'ਚੋਂ ਸੀਲਿੰਗ 'ਤੇ ਜਾ ਚੜ੍ਹਦਾ। ਚੂਹੇ ਦੀਆਂ ਇਹ ਸਭ ਹਰਕਤਾਂ ਮੈਂ ਮੰਜੀ ਤੋਂ ਪੈਰ ਲਾਹੇ ਤੇ ਉਸ ਨੂੰ ਵੇਖੇ ਬਿਨਾ ਹੀ ਸਪਸ਼ਟ ਰੂਪ ਵਿਚ ਵੇਖ ਸਕਦਾ ਹਾਂ। ਮੈਨੂੰ ਇੰਝ ਲਗਦਾ ਹੈ ਜਿਵੇਂ ਨਾਲੀ ਤੋਂ ਲੈ ਕੇ ਰਸੋਈ ਤੇ ਰਸੋਈ ਤੋਂ ਲੈ ਕੇ ਸੀਲਿੰਗ ਤਕ ਦਾ ਉਸ ਦਾ ਸਾਰਾ ਸਫ਼ਰ ਮੇਰੀਆਂ ਅੱਖਾਂ ਸੌਂਹੇਂ ਵਿਛਿਆ ਪਿਆ ਹੋਵੇ।

ਚੂਹਾ ਲਗਾਤਾਰ ਦੌੜ ਰਿਹਾ ਹੈ, ਏਧਰੋਂ ਓਧਰ ਤੇ ਓਧਰੋਂ ਏਧਰ। ਸੀਲਿੰਗ ਉੱਤੇ ਉਸ ਦੇ ਦੌੜਨ ਨਾਲ ਅਜੀਬ ਜਿਹਾ ਸ਼ੋਰ ਪੈਦਾ ਹੁੰਦਾ ਹੈ। ਪਹਿਲਾਂ ਪਹਿਲ ਮੈਨੂੰ ਇਹ ਸ਼ੋਰ ਚੰਗਾ ਨਹੀਂ ਸੀ ਲੱਗਦਾ। ਮੈਂ ਕੁਝ ਸੋਚਣ ਬੈਠਦਾ ਸਾਂ, ਇਹ ਸ਼ੋਰ ਸਮਾਧੀ ਤੋੜ ਦਿੰਦਾ ਸੀ। ਮੈਂ ਕੁਝ ਲਿਖਣ ਬੈਠਦਾ ਸਾਂ, ਤਾਂ ਇਹ ਸ਼ੋਰ ਕਰਤਾਰੀ ਕ੍ਰਮ ਦੀ ਨਿਰੰਤਰਤਾ ਨੂੰ ਖੰਡ-ਖੰਡ ਕਰ ਕੇ ਰੱਖ ਦਿੰਦਾ ਸੀ। ਮੈਂ ਕੁਝ ਪੜ੍ਹਨ ਬੈਠਦਾ ਸਾਂ, ਤਾਂ ਇਸ ਸ਼ੋਰ ਵਿਚ ਸ਼ਬਦ ਅੱਖਾਂ ਅੱਗੇ ਭੀੜ ਬਣ ਕੇ ਦੌੜਨਾ ਸ਼ੁਰੂ ਕਰ ਦਿੰਦੇ ਤੇ ਇਸ ਭੀੜ ਵਿਚ ਅਰਥ ਗੁੰਮ ਜਾਂਦੇ ਸਨ ਅਤੇ ਫਿਰ ਜਗਰਾਤੇ ਦੇ ਪਲ ਜਿਵੇਂ ਸਮਾਂ ਇਕ ਖ਼ਲਾਈ ਪਰਬਤ ਬਣ ਕੇ ਜ਼ਿਹਨ 'ਤੇ ਝੁਕ ਗਿਆ ਹੋਵੇ। ਦੇਸ਼ ਤੇ ਦੇਸ਼ ਦੀਆਂ ਯਾਦਾਂ, ਸਮੱਸਿਆਵਾਂ ਬਾਰੇ ਸੋਚ—ਸੰਬੰਧੀਆਂ ਤੋਂ ਇਕ ਲੰਮੇ ਸਮੇਂ ਦੀ ਜੁਦਾਈ—ਵਾਪਸ ਚਲੇ ਜਾਣ ਦੇ ਇਰਾਦੇ ਤੇ ਵਿਚਕਾਰ ਦੇਸ਼ ਵਿਚ ਆਪਣੀ ਬੇ-ਕਦਰੀ ਦੇ ਸੋਮੇਂ—ਆਰਥਕ ਮੰਦਹਾਲੀ ਦਾ ਸ਼ਿਕਾਰ ਹੋ ਜਾਣ ਦਾ ਭੈ ਤੇ ਏਥੋਂ ਦੀ ਇਕੱਲ, ਜੜ੍ਹਹੀਣਤਾ—ਵੱਸੋਂ ਤੋਂ ਦੂਰ ਵੱਡੇ ਸਾਰੇ ਘਰ ਵਿਚ ਇਕੱਲਾ ਮੈਂ ਤੇ ਮੇਰਾ ਹੁਣ ਦਾ ਹਰ ਛਿਣ—ਹਾਂ ਇਹਨਾਂ ਸੋਚਾਂ 'ਚ ਜਗਰਾਤੇ ਦੇ ਪਲ ਤੇ ਵਿਚ ਸੀਲਿੰਗ 'ਤੇ ਦੌੜਦਾ ਚੂਹਾ ਏਧਰੋਂ ਓਧਰ ਤੇ ਓਧਰੋਂ ਏਧਰ—ਕੰਨਾਂ ਵਿਚ ਮਚਦਾ ਸ਼ੋਰ—ਅੱਖਾਂ ਵਿਚ ਡੋਰੇ ਬਣ ਰੜਕਦੀ ਨੀਂਦ—ਪਾਸੇ ਮਾਰ-ਮਾਰ ਬਿਸਤਰੇ ਤੇ ਪਏ ਸਿਲਵਟ ਤੇ ਮਸਤਕ 'ਤੇ ਉਲਝੀਆਂ ਰੇਖਾਵਾਂ—ਨੀਂਦ ਨਹੀਂ ਸੀ ਆਉਂਦੀ ਤੇ ਚੂਹਾ ਲਗਾਤਾਰ ਦੌੜ ਰਿਹਾ ਸੀ। ਉਸ ਦਾ ਸ਼ੋਰ ਜ਼ਿਹਨ ਵਿਚ ਗੂੰਜਦਾ ਸੀ, ਤਾਂ ਸਗਲੀ ਹੋਂਦ ਕ੍ਰੋਧ ਬਣ ਕੇ ਭੜਕ ਉੱਠਦੀ ਸੀ। ਜੀ ਕਰਦਾ ਸੀ ਕਿ ਇਸ ਚੂਹੇ ਨੂੰ ਮਾਰ ਦਿਆਂ—ਬੋਟੀ-ਬੋਟੀ, ਅੰਗ-ਅੰਗ ਕਰਕੇ ਬਾਹਰ ਸੁੱਟ ਦਿਆਂ। ਇੰਝ ਲਗਦਾ ਸੀ ਜਿਵੇਂ ਮੇਰੇ ਜਗਰਾਤੇ ਦਾ ਕਾਰਨ ਜੇ ਸੀ, ਤਾਂ ਇਹ ਚੂਹਾ ਹੀ ਸੀ।

ਪਹਿਲਾਂ ਪਹਿਲ ਮੈਂ ਨੌਕਰ ਨੂੰ ਆਖ ਕੇ ਕਈ ਚੂਹੇ ਮਰਵਾ ਦਿੱਤੇ ਸਨ। ਮਰੇ ਹੋਏ ਬੇਜਾਨ ਚੂਹੇ ਦੀ

ਬੇਹਰਕਤ ਲਾਸ਼ ਵਲ ਵੇਖ ਕੇ ਮੈਂ ਪਹਿਲੀ ਵਾਰ ਆਪਣੀ ਮੌਤ ਦਾ ਅਨੁਮਾਨ ਲਾਇਆ ਸੀ। ਮੇਰੀ ਮੌਤ—ਹਾਂ, ਇਹ ਜੱਦੋ ਜਹਿਦ—ਜੀਵਨ ਤੇ ਮੌਤ ਦੇ ਦੋ ਨੁਕਤਿਆਂ ਵਿਚਕਾਰ ਤਣੀ, ਵੰਡੀ, ਖਿੱਚੀ, ਵਲੂੰਧਰੀ ਮੇਰੀ ਹੋਂਦ—ਸਫ਼ਰ ਤੇ ਸੰਘਰਸ਼-ਜਿਵੇਂ ਮੈਨੂੰ ਕਿਸੇ ਪਾਰਸ ਦੀ ਤਲਾਸ਼ ਹੋਵੇ—ਜਿਸ ਨਾਲ ਛੂਹ ਕੇ ਹਰ ਗੁੱਥੀ ਸਰਲ ਹੋ ਜਾਵੇਗੀ, ਹਰ ਸ਼ੈ ਸਵਰਨ ਬਣ ਜਾਵੇਗੀ—ਦੂਰ ਜਿਵੇਂ ਸਾਗਰ, ਵਿਸ਼ਾਲ ਖ਼ਲਾਅ, ਦੂਰ ਜਿਵੇਂ ਪਰਬਤ ਤਕ ਫੈਲਦੀਆਂ ਵਾਦੀਆਂ ਤੇ ਅੰਬਰ ਨੂੰ ਛੂੰਹਦੀ ਧਰਤੀ—ਇਸ ਪਾਰਸ ਨੂੰ ਛੂਹ ਕੇ ਜਿਵੇਂ ਸਭ ਕੁਝ ਖੁੱਲ੍ਹਾ-ਖੁੱਲ੍ਹਾ ਸੁਖਾਵਾਂ-ਸੁਖਾਵਾਂ ਹੋ ਜਾਵੇਗਾ—ਤੇ ਫਿਰ ਚੂਹੇ ਦੀ ਲਾਸ਼, ਮੇਰਾ ਅੰਤ ! ਜਿਵੇਂ ਮੈਂ ਇਸ ਅੰਤ ਤਕ ਪਹੁੰਚਣ ਲਈ ਹੀ ਹਰ ਸੰਘਰਸ਼ ਕਰ ਰਿਹਾ ਹੋਵਾਂ। ਜੇ ਅੰਤ ਇਹ ਹੀ ਹੈ ਤਾਂ ਫਿਰ ਸਫ਼ਰ ਤੇ ਸੰਘਰਸ਼ ਕਿਉਂ ?

ਕਮਰੇ ਵਿਚ ਮੇਰਾ ਇਹ ਪ੍ਰਸ਼ਨ ਇਕ ਪ੍ਰਤੀਧੁਨੀ ਬਣ ਕੇ ਗੂੰਜਿਆ ਹੈ। ਮੈਂ ਵੇਖਦਾ ਹਾਂ, ਕੁਝ ਵੀ ਨਜ਼ਰ ਨਹੀਂ ਆਉਂਦਾ। ਫਿਰ ਵੀ ਇਕ ਅਜੀਬ ਜਿਹਾ ਅਪਰਿਭਾਸ਼ਤ ਅਹਿਸਾਸ ਹੈ। ਮੇਰਾ ਇਹ ਸੌਣ-ਕਮਰਾ ਵੀ ਇਕ ਅਜੀਬ ਸ਼ੈ ਹੈ। ਤਿੰਨ ਬੈੱਡ-ਰੂਮ, ਇਕ ਸਿਟਿੰਗ ਰੂਮ, ਇਕ ਡਾਈਨਿੰਗ ਹਾਲ, ਕਿਚਨ, ਸਟੋਰ, ਬਾਥ, ਟਾਇਲੈਟ ਤੇ ਫੈਲੇ ਇਸ ਵੱਡੇ ਸਾਰੇ ਘਰ ਵਿਚ ਜੇ ਮੇਰਾ ਜੀ ਕਿਤੇ ਲਗਦਾ ਹੈ ਤਾਂ ਇਸੇ ਕਮਰੇ ਵਿਚ। ਬਾਕੀ ਕਮਰਿਆਂ ਵਿਚ ਜਾਵਾਂ ਤਾਂ ਇੰਝ ਲਗਦਾ ਹੈ ਜਿਵੇਂ ਕਿਸੇ ਬਦੇਸ਼ੀ ਧਰਤੀ 'ਤੇ ਜਾ ਪੈਰ ਧਰੇ ਹੋਣ। ਆਪਣੇ ਘਰ ਵਿਚ ਹੀ ਕਿੰਨਾ ਕੁਝ ਪਰਦੇਸੀ ਹੈ ਤੇ ਆਪਣੇ ਅੰਦਰ ਕਿੰਨਾ ਕੁਝ ਅਨਜਾਣਾ। ਆਪਣੇ ਬਾਰੇ ਬੇਗਾਨਗੀ ਜਾਂ ਬਦੇਸ਼ੀ-ਭਾਵ ਦਾ ਇਹ ਅਹਿਸਾਸ, ਮੈਨੂੰ ਫੇਰ ਮੇਰੇ ਸੌਣ-ਕਮਰੇ ਨਾਲ ਜੋੜ ਦਿੰਦਾ ਹੈ—ਸੌਣ-ਕਮਰਾ, ਜਿੱਥੇ ਮੇਰਾ ਇਕ ਨਿੱਕਾ ਜਿਹਾ ਸੰਸਾਰ ਹੈ, ਆਪਣਾ ਹੀ ਸੰਸਾਰ, ਪੀਡੀ ਗੁੰਝਲ ਵਾਂਗ ਵਲਿਆ, ਇਕ ਬਹੁਤ ਹੀ ਲੰਮੇ ਕੱਚੇ ਧਾਗੇ ਦੀਆਂ ਗੁੱਥੀਆਂ ਵਿਚ ਉਲਝਿਆ—ਹਰ ਇਕ ਗੁੰਝਲ ਖੋਲ੍ਹਣਾ ਹੀ ਜਿਵੇਂ ਮੇਰਾ ਕਰਤਵ ਹੋਵੇ। ਕੱਚਾ ਧਾਗਾ, ਪੱਕੀਆਂ ਗੁੰਝਲਾਂ, ਗੁੰਮੇ ਦੋਵੇਂ ਸਿਰੇ। ਕਿੱਥੋਂ ਸ਼ੁਰੂ ਕਰਾਂ ? ਕਿੱਥੇ ਖ਼ਤਮ ? ਕੁਝ ਪਤਾ ਨਹੀਂ, ਬਸ ਹੁਣ ਦਾ ਪਲ ਰੌਸ਼ਨ ਹੈ, ਮੋਮਬੱਤੀ ਤੋਂ ਬਿਨਾਂ ਮੋਮਬੱਤੀ ਦੀ ਲੋ ਵਾਂਗ—ਤੇ ਮੈਂ ਇਸ ਲੋ ਨੂੰ ਫੜਨ ਦਾ ਯਤਨ ਕਰ ਰਿਹਾ ਹਾਂ—ਇਸ ਦੇ ਨਿਕਾਸ ਤੇ ਪ੍ਰਕਾਸ਼ ਤਕ ਪਹੁੰਚਣ ਲਈ ਤਤਪਰ ਹਾਂ।

ਚੂਹਾ ਅਜੇ ਵੀ ਦੌੜ ਰਿਹਾ ਹੈ, ਏਧਰੋਂ ਓਧਰ ਤੇ ਓਧਰੋਂ ਏਧਰ। ਕਦੇ-ਕਦੇ ਕਮਰੇ ਵਿਚ ਲੰਮੇ ਪਿਆ ਹੀ ਮੈਂ ਤਾਕੀਆਂ ਉੱਤੋਂ ਪਰਦੇ ਚੁੱਕਣ ਤੋਂ ਬਿਨਾ ਉਠਦੀਆਂ ਲਹਿੰਦੀਆਂ ਢਲਵਾਨਾਂ ਉੱਤੇ ਫੈਲੇ ਕਾਫੀ, ਚਾਹ ਦੇ ਬਾਗ਼ ਤੇ ਬਾਗ਼ਾਂ ਦਾ ਹੁਸਨ ਵੇਖ ਸਕਦਾ ਹਾਂ। ਮੈਨੂੰ ਚੰਗੀ ਤਰ੍ਹਾਂ ਨਜ਼ਰ ਆਉਂਦਾ ਹੈ ਕਿ ਕਾਫ਼ੀ ਦੇ ਬਾਗ਼ ਕਿੱਥੋਂ ਸ਼ੁਰੂ ਹੁੰਦੇ ਹਨ ਤੇ ਚਾਹ ਦੇ ਕਿੱਥੋਂ—ਵਿਚ-ਵਿਚ ਕਿੱਥੇ ਅੰਬਾਂ ਤੇ ਕੇਲਿਆਂ ਦੇ ਝੁੰਡ ਹਨ ਤੇ ਕਿੱਥੇ ਮੱਕੀ, ਕਸਾਵਿਆਂ, ਰਾਜਮਾਹਾਂ, ਆਲੂਆਂ ਤੇ ਸ਼ਕਰਕੰਦੀਆਂ ਦੇ ਸ਼ਾਂਬੇ (ਖੇਤ)। ਦੋਹਾਂ ਢਲਵਾਨਾਂ ਵਿਚਕਾਰ ਕਿੱਥੇ ਪਾਣੀ ਦਾ ਵਹਿਣ ਹੈ, ਪਾਣੀ ਦਾ ਨਿੱਕਾ ਜਿਹਾ ਵਹਿਣ, ਜਿਸ ਨੂੰ ਇਹ ਲੋਕ ਦਰਿਆ ਕਹਿੰਦੇ ਹਨ। ਦਰਿਆ ਜੋ ਏਨਾ ਨਿੱਕਾ ਹੈ ਕਿ ਛਾਲ ਮਾਰਿਆਂ ਟੱਪ ਜਾਈਦਾ ਹੈ ਤੇ ਏਨਾਂ ਵੱਡਾ ਕਿ ਇਕ ਥਾਂ ਤੇ ਖੜਿਆਂ ਉਸ ਦੇ ਦੋਵੇਂ ਸਿਰੇ ਨਜ਼ਰ ਨਹੀਂ ਆਉਂਦੇ—ਏਨਾ ਵਿਸ਼ਾਲ ਕਿ ਆਸੇ ਪਾਸੇ ਫੈਲੇ ਕੁਦਰਤੀ ਵਣ ਬਨਸਪਤੀ ਤੋਂ ਉਸ ਦਾ ਜਲ ਨਜ਼ਰ ਆਉਂਦਾ ਹੈ। ਕਦੇ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਇਕ ਦਰਿਆ ਹੀ ਪਹਿਲਾਂ ਸਮੁੰਦਰ ਤੇ ਫਿਰ ਬੱਦਲ ਬਣ ਕੇ ਮੇਰੇ 'ਤੇ ਵਸ ਰਿਹਾ ਹੋਵੇ—ਇਹ ਅਭਿਜ ਕਿਣ ਮਿਣ ਦਾ ਅਹਿਸਾਸ। ਕਦੇ ਜੇ ਮੈਂ ਤਾਕੀਆਂ ਦੇ ਪਰਦੇ ਚੁੱਕ ਕੇ ਉਨ੍ਹਾਂ ਨੂੰ ਖੋਲ੍ਹ ਵੀ ਦਿਆਂ ਤਾਂ ਕੁਝ ਨਜ਼ਰ ਨਹੀਂ ਆਉਂਦਾ। ਤਾਕੀਆਂ ਵਿੱਚੋਂ ਵੇਖਿਆਂ ਮੀਲਾਂ ਤੀਕ ਸਿਆਹੀ ਤੇ ਸੱਖਣੇਪਨ ਦੇ ਬਿੰਬ ਉਭਰਦੇ ਹਨ। ਆਪਣੇ ਅੰਦਰ ਕੁਝ ਟੁੱਟਦਾ ਭੱਜਦਾ, ਗਰਕ ਹੁੰਦਾ ਮਹਿਸੂਸ ਹੁੰਦਾ ਹੈ। ਚੂਹਾ ਅਜੇ ਵੀ ਦੌੜ ਰਿਹਾ ਹੈ, ਏਧਰੋਂ ਓਧਰ ਤੇ ਓਧਰੋਂ ਏਧਰ !

ਉਸ ਦੇ ਦੌੜਨ ਦੇ ਸ਼ੋਰ ਨਾਲ ਇਕ ਹੋਰ ਆਵਾਜ਼ ਵੀ ਸੁਣਾਈ ਦਿੰਦੀ ਹੈ। ਬਾਹਰ ਪਾਣੀ ਵਾਲੇ ਪਾਈਪ

ਦੇ ਜੋੜ ਤੋਂ ਲੀਕ ਹੁੰਦੇ ਪਾਣੀ ਦੇ ਕਤਰੇ ਬੈਲ ਪਲਾਂਟ ਦੇ ਚੌੜੇ ਪੱਤਿਆਂ ’ਤੇ ਲਗਾਤਾਰ ਡਿਗਦੇ ਤੇ ਇਕ ਨਿਰੰਤਰ ਸ਼ੋਰ ਦਾ ਪ੍ਰਭਾਵ ਪੈਦਾ ਕਰਦੇ ਹਨ, ਹਲਕਾ ਜਿਹਾ ਸ਼ੋਰ, ਜਿਵੇਂ ਲਗਾਤਾਰ ਇਸੇ ਤਰ੍ਹਾਂ ਹੀ ਕੁਝ ਚਲਦਾ ਆ ਰਿਹਾ ਹੋਵੇ ਆਦਿ ਕਾਲ ਤੋਂ। ਜਦੋਂ ਪਾਣੀ ਦੇ ਕਤਰਿਆਂ ਦੇ ਡਿੱਗਣ ਵਿਚ ਕੋਈ ਰੁਕਾਵਟ ਪੈਂਦੀ ਹੈ ਤਾਂ ਪਾਈਪ ਦੇ ਜੋੜ ’ਤੇ ਜੰਮੇਂ ਪਕ੍ਹੇ ਕਰਕੇ ਪਾਣੀ ਦੇ ਕਤਰੇ ਰੁਕ ਰੁਕ ਕੇ ਬੜੇ ਜ਼ੋਰ ਨਾਲ ਪੱਤਿਆਂ ਉੱਤੇ ਡਿਗਦੇ ਹਨ ਤੇ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਮੇਰੇ ਦਰ ’ਤੇ ਕੋਈ ਦਸਤਕ ਦੇ ਰਿਹਾ ਹੋਵੇ, ਕੋਈ ਆ ਰਿਹਾ ਹੋਵੇ ! ਇਹ ਆਇਸ਼ਾ ਵੀ ਅਜੀਬ ਕੁੜੀ ਹੈ ! ਪੱਤਰਾਂ ਤੇ ਪੱਤਰ, ਮਿਲਣ ਦੇ ਵਾਅਦੇ, ਮੌਤੋਂ ਪਹਿਲਾਂ, ਜ਼ਿੰਦਗੀ ਦਾ ਹਰ ਪਲ, ਹਰ ਛਿਣ ਭੋਗ, ਹੰਢਾ, ਜਿਉਂ, ਸਕਾਰਥ ਕਰ ਲੈਣ ਦੀਆਂ ਯੋਜਨਾਵਾਂ ! ਮੇਰੀ ਹੋਂਦ ਜਿਵੇਂ ਆਦਿ ਕਾਲ ਤੋਂ ਹੀ ਇਹਨਾਂ ਸੁਫ਼ਨਿਆਂ ਨੂੰ ਸਾਕਾਰ ਹੁੰਦੇ ਵੇਖਣ ਲਈ ਇਕ ਸਗਲੀ ਸਬੂਤੀ ਅੱਖ ਬਣੀ ਬੈਠੀ ਹਰ ਪਲ ਹਰ ਛਿਣ ਵਿਅਰਥ ਹੋ ਰਹੀ ਹੋਵੇ। ਆਇਸ਼ਾ ਨਹੀਂ ਆਈ। ਉਸ ਕਦੇ ਵੀ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਉਹ ਕਹਿੰਦੀ ਹੈ, “ਵਾਅਦੇ ਮਨੁੱਖ ਵਿਚ ਜਿਊਣ ਦੀ ਲਾਲਸਾ ਪੈਦਾ ਕਰਦੇ ਹਨ ਤੇ ਉਹਨਾਂ ਦੀ ਪੂਰਤੀ ਇਕ ਸੱਖਣਾਪਨ।” ਉਹ ਜਦੋਂ ਵੀ ਆਉਂਦੀ ਹੈ, ਵਾਅਦੇ ਵਾਲੇ ਦਿਨ ਨਹੀਂ ਸਗੋਂ ਕਿਸੇ ਹੋਰ ਦਿਨ ਤੂਫ਼ਾਨ ਵਾਂਗ ਆਉਂਦੀ, ਘਟਾਟੋਪ ਬੱਦਲ ਵਾਂਗ ਵਸਦੀ ਤੇ ਫਿਰ ਕਾਲੀ ਬੋਲੀ ਰਾਤ ਵਿਚ ਪਰਛਾਵੇਂ ਵਾਂਗ ਚਲੀ ਜਾਂਦੀ, ਗੁੰਮ ਹੋ ਜਾਂਦੀ ਹੈ—ਪਿੱਛੇ ਇਕ ਹੁੰਮਸ ’ਤੇ ਸੱਖਣੇਪਨ ਦਾ ਅਹਿਸਾਸ ਛੱਡ ਕੇ। ਉਸ ਨੂੰ ਪਤਾ ਹੈ ਕਿ ਲਟ ਲਟ ਮਚਦੇ ਸੂਰਜ ’ਤੇ ਜੇ ਸਾਰਾ ਸਾਗਰ ਵੀ ਘਟਾ ਬਣ ਕੇ ਬਰਸ ਪਵੇ ਤਾਂ ਉਸ ਦੀ ਅੱਗ ਨਹੀਂ ਬੁਝਣੀ, ਉਸ ਦੀ ਪਿਆਸ ਨਹੀਂ ਮਿਟਣੀ। ਉਹ ਚਾਹੁੰਦੀ ਹੈ ਕਿ ਇਹ ਅੱਗ, ਤੇ ਇਹ ਪਿਆਸ ਇਸੇ ਤਰ੍ਹਾਂ ਹੀ ਕਾਇਮ ਰਹੇ। ਉਹ ਚਲੇ ਜਾਂਦੀ ਹੈ, ਤਾਂ ਮੇਰੇ ਅੰਦਰ ਇਕੱਲ ਤੇ ਸੱਖਣੇਪਨ ਦਾ ਅਹਿਸਾਸ ਹੋਰ ਵੀ ਵਧੇਰੇ ਤੀਖਣ ਹੋ ਜਾਂਦਾ ਹੈ। ਮੈਨੂੰ ਪੱਤਿਆਂ ’ਤੇ ਲਗਾਤਾਰ ਡਿਗਦੇ ਪਾਣੀ ’ਚੋਂ ਉਠਦਾ ਸ਼ੋਰ ਸੁਣਾਈ ਦਿੰਦਾ ਹੈ। ਸ਼ੋਰ, ਜਿਸ ਵਿਚ ਜਦੋਂ ਵਿਘਨ ਪੈਂਦਾ ਹੈ, ਹਰੇ ਪਕ੍ਹੇ ਕਰਕੇ, ਤਾਂ ਇੰਝ ਜਾਪਦਾ ਹੈ, ਜਿਵੇਂ ਮੇਰੇ ਦਰ ’ਤੇ ਕੋਈ ਦਸਤਕ ਦੇ ਰਿਹਾ ਹੋਵੇ। ਜਿਵੇਂ ਆਇਸ਼ਾ ਆਪ ਆ ਰਹੀ ਹੋਵੇ !

ਚੂਹਾ ਅਜੇ ਵੀ ਦੌੜ ਰਿਹਾ ਹੈ, ਏਧਰੋਂ ਓਧਰ ਤੇ ਓਧਰੋਂ ਏਧਰ।

ਮੈਨੂੰ ਯਾਦ ਹੈ ਕਿ ਇਕ ਵਾਰੀ ਮੈਨੂੰ ਇਸ ਚੂਹੇ ਤੇ ਇਸ ਦੇ ਸ਼ੋਰ ’ਤੇ ਬੜਾ ਹੀ ਕਰੋਧ ਆਇਆ ਸੀ ਤੇ ਮੈਂ ਕਈ ਦਿਨ ਜਾਲ ਵਿਛਾ ਇਸ ਘਾਤ ’ਤੇ ਬੈਠਾ ਰਿਹਾ ਸਾਂ ਕਿ ਕਦੋਂ ਉਹ ਰਸੋਈ ਵਿਚ ਆਵੇ ਤੇ ਮੈਂ ਬੂਹਾ ਬੰਦ ਕਰਕੇ ਉਸ ਦੀ ਹੱਤਿਆ ਕਰਾਂ। ਉਸ ਦੇ ਸ਼ੋਰ ਨਾਲ ਮੇਰਾ ਜ਼ਿਹਨ ਫਟਣ ਨੂੰ ਕਰਦਾ ਸੀ, ਮੇਰੀਆਂ ਅੱਖਾਂ ਵਿਚ ਸੂਲਾਂ ਪੁੜ ਜਾਂਦੀਆਂ ਸਨ ਤੇ ਸਾਰੀ ਰਾਤ ਮੈਨੂੰ ਆਪਣੇ ਨਾਲ ਜਗਰਾਤਾ ਕੱਟ ਰਹੀ ਪ੍ਰਤੀਤ ਹੁੰਦੀ ਸੀ ! ਫਿਰ ਇਕ ਦਿਨ ਉਹ ਚੂਹਾ ਰਸੋਈ ਵਿਚ ਆਇਆ। ਮੈਂ ਦੱਬੇ ਪੈਰੀਂ ਰਸੋਈ ਵਲ ਗਿਆ— ਉਹ ਫਰਾਈ ਪੈਨ ’ਚੋਂ ਜੰਮਿਆਂ ਹੋਇਆ ਘਿਉ ਖੁਰਚ ਰਿਹਾ ਸੀ। ਮੈਂ ਡੰਡਾ ਫੜੀ ਇਕਦਮ ਦਰਵਾਜ਼ਾ ਬੰਦ ਕਰਕੇ ਰਸੋਈ ਵਿਚ ਦਾਖ਼ਲ ਹੋਇਆ, ਤਾਂ ਉਹ ਮੇਰੀ ਹੋਂਦ ਤੋਂ ਸੁਚੇਤ ਹੋ, ਇਕਦਮ ਭੁੜਕ ਕੇ ਗੈਸ ਕੁੱਕਰ ਵਾਲੀ ਥਾਂ ਨੂੰ ਭੱਜਿਆ, ਪਰ ਕੁੱਕਰ ਉੱਥੇ ਨਹੀਂ ਸੀ ! ਉਹ ਖੂੰਜੇ ਵਿਚ ਬੈਠਾ ਭੈ ਤੇ ਹੈਰਾਨੀ ਦੀ ਗੁੰਝਲ ਬਣਿਆ ਮੇਰੇ ਵਲ ਬਿਟ ਬਿਟ ਵੇਖਦਾ ਹੋਇਆ ਮੁੱਛਾਂ ਹਿਲਾ ਰਿਹਾ ਸੀ। ਮੈਂ ਅੱਗੇ ਵਧ ਕੇ ਇਕ ਚੋਟ ਕੀਤੀ, ਨਿਸ਼ਾਨਾ ਉਕ ਗਿਆ ! ਉਹ ਮੇਰੇ ਪੈਰਾਂ ਉੱਤੋਂ ਦੀ ਲੰਘ ਕੇ ਦਰਵਾਜ਼ੇ ਵਲ ਭੱਜਿਆ, ਦਰਵਾਜ਼ਾ ਬੰਦ ਸੀ, ਨਿੱਕੀ ਰਸੋਈ ਵਿਚ ਮੈਂ ਉਸ ਦੇ ਪਿੱਛੇ, ਉਹ ਮੇਰੇ ਅੱਗੇ—ਜੀਵਨ ਤੇ ਮੌਤ ਦਾ ਇਕ ਸੰਘਰਸ਼ ਸਾਕਾਰ ਹੋਇਆ ਪਿਆ ਸੀ ! ਇਸ ਦੌੜ ਭੱਜ ਵਿਚ ਅਚਾਨਕ ਉਸ ਦੀ ਪੂਛ ਮੇਰੇ ਪੈਰਾਂ ਹੇਠਾਂ ਆ ਕੇ ਅੱਧੀ ਤੋਂ ਵਧ ਕੱਟੀ ਗਈ ! ਮੇਰਾ ਧਿਆਨ ਚੂਹੇ ਵਲੋਂ ਹਟ ਕੇ ਤੜਪਦੀ ਭੁੜਕਦੀ ਕੱਟੀ ਹੋਈ ਪੂਛ ਵਲ ਖਿੱਚਿਆ ਗਿਆ। ਬੇਜ਼ਿਹਨਾਂ ਦਰਦ ? ਮੇਰੇ ਹੱਥੋਂ ਡੰਡਾ ਡਿਗ ਪਿਆ ਤੇ ਮੈਂ ਰਸੋਈ ਦਾ ਬੂਹਾ ਖੋਲ੍ਹ ਕੇ ਵਾਪਸ ਆਪਣੇ ਸੌਣ-ਕਮਰੇ ਵਿਚ ਆ ਗਿਆ। ਬੇਜ਼ਿਹਨਾਂ ਦਰਦ ਪੂਛਲ ਬਣ ਕੇ ਮੇਰੇ ਜ਼ਿਹਨ ਵਿਚ ਤੜਪ ਭੁੜਕ ਰੀਂਗ ਰਿਹਾ ਸੀ ਤੇ

ਮੇਰੀਆਂ ਅੱਖਾਂ ਸੌਂਹੇਂ ਜੀਵਨ ਲਈ ਸਭ ਬੂਹੇ ਬੰਦ ਹੋਣ ਦੇ ਬਾਵਜੂਦ ਵੀ ਜਾਰੀ, ਚੂਹੇ ਦਾ ਸੰਘਰਸ਼ ਸਾਕਾਰ ਹੋਇਆ ਪਿਆ ਸੀ।

ਚੂਹਾ ਲਗਾਤਾਰ ਦੌੜ ਰਿਹਾ ਹੈ, ਏਧਰੋਂ ਓਧਰ, ਓਧਰੋਂ ਏਧਰ !

ਮੈਨੂੰ ਇਸ ਵਾਰੀ ਦਰਵਾਜ਼ੇ ’ਤੇ ਫਿਰ ਦਸਤਕ ਸੁਣਾਈ ਦਿੱਤੀ ਹੈ। ਸ਼ਾਇਦ ਆਇਸ਼ਾ ਆਈ ਹੈ। ਜੀ ਕਰਦਾ ਹੈ ਕਿ ਅੱਜ ਆਪ ਉਠ ਕੇ ਦਰਵਾਜ਼ਾ ਖੋਲ੍ਹਾਂ, ਪਰ ਫਿਰ ਸੋਚਦਾ ਹਾਂ ਕਿ ਕਿਤੇ ਪੱਤਿਆਂ ਉੱਤੇ ਰੁਕ-ਰੁਕ ਕੇ ਪੈਂਦਾ ਪਾਣੀ ਹੀ ਦਸਤਕ ਦਾ ਭਰਮ ਨਾ ਪੈਦਾ ਕਰ ਰਿਹਾ ਹੋਵੇ ! ਆਇਸ਼ਾ ਦੀ ਬੂਹੇ ’ਤੇ ਦਸਤਕ ਤੋਂ ਲੈ ਕੇ ਉਸ ਦੀ ਸੌਣ-ਕਮਰੇ ਤਕ ਆਮਦ ਵਿਚ ਵੀ ਤਾਂ ਕਾਫੀ ਵਿੱਥ ਹੈ ! ਕਿਉਂ ਨਾ ਦਸਤਕ ਤੋਂ ਆਮਦ ਵਿਚਕਾਰਲੇ ਸਮੇਂ ਦੀ ਇਸ ਵਿੱਥ ਨੂੰ ਹੀ ਕੁਝ ਦੇਰ ਹੋਰ ਜੀਵਾਂ।

ਸੀਲਿੰਗ ’ਤੇ ਚੂਹਾ ਅਜੇ ਵੀ ਦੌੜ ਰਿਹਾ ਹੈ, ਏਧਰੋਂ ਓਧਰ ਤੇ ਓਧਰੋਂ ਏਧਰ। ਪਤਾ ਨਹੀਂ ਇਸ ਚੂਹੇ, ਪੱਤਿਆਂ ਉੱਤੇ ਰੁਕ-ਰੁਕ ਕੇ ਪੈਂਦੇ ਪਾਣੀ ਅਤੇ ਆਇਸ਼ਾ ਦਾ ਆਪਸ ਵਿਚ ਕੀ ਸੰਬੰਧ ਹੈ ?

# ਬੋਰਡਮ

ਇੰਞ ਹੀ ਹੁੰਦਾ ਹੈ ਕਦੇ-ਕਦੇ, ਨਾ ਮਿੱਤਰਾਂ ਦਾ ਸੰਗ, ਨਾ ਉਨ੍ਹਾਂ ਦੀ ਬੇਵਫ਼ਾਈ 'ਤੇ ਕਿੰਤੂ। ਦੁਸ਼ਮਣ ਜੋ ਜ਼ਿੰਦਗੀ ਦੇ ਹਰ ਮੋੜ 'ਤੇ ਘਾਤ ਲਾਈ ਖੜ੍ਹੇ ਹੁੰਦੇ ਸਨ ਕਦੇ, ਅੱਖਾਂ ਮੀਟ ਕੇ ਤੁਰੋ, ਤਾਂ ਖੰਭੇ ਬਣ ਜਾਂਦੇ ਹਨ; ਨਿਸ਼ਚਿੰਤ ਲੰਘ ਜਾਓ, ਕੋਈ ਵਾਰ ਨਹੀਂ ਹੁੰਦਾ। ਜ਼ਿੰਦਗੀ ਜਦੋਂ ਫੱਟ ਮੰਗਦੀ ਹੈ, ਪੀੜ ਚਾਹੁੰਦੀ ਹੈ, ਜਿਊਂਦੇ ਰਹਿਣ ਦੇ ਅਹਿਸਾਸ ਨੂੰ ਜਾਰੀ ਰੱਖਣ ਲਈ ਤਾਂ ਹਰ ਨਜ਼ਰ ਦੀ ਸੂਲ ਖਿਤਿਜ ਦਾ ਫੁੱਲ ਬਣ ਜਾਂਦੀ ਹੈ। ਤਨ ਅਤੇ ਮਨ 'ਤੇ ਜੰਮੀ ਮਣਾਂ ਮੂੰਹੀਂ ਬਰਫ਼ ਨੂੰ ਪਿਘਲਾਉਣ ਲਈ ਜੇ ਮੰਗੀਏ ਤਾਂ ਇਕ ਕਿਰਨ ਨਹੀਂ ਮਿਲਦੀ। ਕਿਰਨ ਵੀ ਐਵੇਂ ਮੰਗਣ ਦੀ ਗੱਲ ਹੈ—ਜਿਸ ਨੂੰ ਇਸ ਬਰਫ਼ ਹੇਠ ਨਾ ਠੰਡ ਲੱਗੇ ਨਾ ਗਰਮੀ, ਉਸ ਨੂੰ ਕਿਰਨ 'ਤੇ ਕੀ ਗਿਲਾ!

ਸ਼ਾਇਦ ਕੋਈ ਆ ਰਿਹਾ ਹੈ ! ਕੰਨ ਖੜ੍ਹੇ ਹੋ ਜਾਂਦੇ ਹਨ। ਸਾਰੀ ਦੀ ਸਾਰੀ ਜ਼ਿੰਦਗੀ ਨਜ਼ਰ ਬਣ ਕੇ ਅੱਖਾਂ ਵਿਚ ਸਿਮਟ ਆਉਂਦੀ ਹੈ। ਕੋਈ ਦਸਤਕ ਨਹੀਂ ਹੁੰਦੀ, ਦ੍ਰਿਸ਼ਟੀ ਨਿਰਦ੍ਰਿਸ਼ ਰਹਿ ਜਾਂਦੀ ਤੇ ਸਦੀਆਂ ਦੀ ਭਾਸ਼ਾ ਇਕ ਸਘਨ ਮੌਨ ਵਿਚ ਡੁੱਬ ਕੇ ਗੁੰਗੀ ਹੋ ਜਾਂਦੀ ਹੈ। ਮਰਦ ਦੀ ਇਕ ਸਦੀਵੀ ਇੱਛਾ—ਇਕ ਤੀਵੀਂ ਦੇ ਜਿਸਮ ਵਿਚ ਆਪਣੀ ਤੇਹ ਨੂੰ ਸੁਪ੍ਰਾਣ ਵੇਖਣਾ—ਤੇਹ ਜੋ ਨਾ ਥਲ ਹੈ, ਨਾ ਜਲ, ਨਾ ਧੁੱਪ, ਨਾ ਹੀ ਮੇਘਲਾ, ਉਸ ਨੂੰ ਵੱਖੋ ਵੱਖ ਮੂਰਤੀਆਂ ਵਿਚ ਘੜ ਕੇ ਭਿੰਨ ਭਿੰਨ ਸੂਰਤਾਂ ਵਿਚ ਤੱਕਦੇ ਰਹਿਣ ਦਾ ਯਤਨ—ਪਰ ਕੋਈ ਮੂਰਤ ਨਹੀਂ ਬਣਦੀ ! ਹਰ ਸੂਰਤ ਦੇ ਨਕਸ਼ ਟੁੱਟਦੇ ਬਿਖਰਦੇ ਇਕ ਐਸੇ ਅਮੂਰਤ ਚਿਤਰ ਵਿਚ ਗੁੰਮ ਹੋ ਜਾਂਦੇ ਹਨ, ਜਿਸ ਦਾ ਨਾ ਕੋਈ ਨਾਮ, ਨਾ ਪਰਿਭਾਸ਼ਾ !

ਅਜਬ ਦੁਬਿਧਾ ਹੈ ਸਮੇਂ ਤੇ ਜੀਵਨ ਦੀ ! ਨਾ ਸਮਾਂ ਮੁੱਕਦਾ ਹੈ, ਨਾ ਜੀਵਨ ! ਫਿਰ ਵੀ ਕੋਈ ਪੂਰਨ ਸਿੰਘ ਤੇ ਚੰਦ ਕੌਰ ਮਰ ਜਾਂਦੇ ਹਨ। ਖ਼ਿਆਲ ਆਉਂਦਾ ਹੈ ਕਿ ਕੁੱਤੇ ਦਾ ਜੀਵਨ ਜੀਊਣ ਨਾਲੋਂ ਕੁੱਤੇ ਦੀ ਮੌਤ ਮਰ ਜਾਣਾ ਚੰਗਾ ਹੈ। ਭਾਸ਼ਾ ਵੀ ਇਕ ਅਜਬ ਅੜਾਉਣੀ ਹੈ—ਕਲ੍ਹ ਤਕ ਲੋਕ ਕੁੱਤੇ ਦੀ ਮੌਤ ਨੂੰ ਬੁਰਾ ਸਮਝਦੇ ਰਹੇ ਤੇ ਅੱਜ ਕੁੱਤੇ ਦੇ ਜੀਵਨ ਨੂੰ ! ਫਿਰ ਵੀ ਨਾ ਮੌਤ ਉਨ੍ਹਾਂ ਦੇ ਵਸ, ਨਾ ਹੀ ਜ਼ਿੰਦਗੀ। ਤਾਂ ਫਿਰ ਜ਼ਿੰਦਗੀ ਦਾ ਕੋਈ ਵੀ ਨਾਮ ਰਖ ਲਵੋ। ਪੂਰਨ ਸਿੰਘ, ਚੰਦ ਕੌਰ, ਗਾਂ ਜਾਂ ਕੁੱਤਾ, ਕੀ ਫ਼ਰਕ ਪੈਂਦਾ ਹੈ ?

ਸਿਮਰਨ ਵਿਚ ਮਿੱਤਰਾਂ ਦੇ ਕਹਿਕਹੇ ਗੂੰਜਦੇ, ਮਹਿਫ਼ਲ ਵਿਚ ਜਾਮ ਖੜਕਦੇ ਤੇ ਨਾਲ ਕੁਝ ਸੂਰ ਉੱਭਰਦੇ ਹਨ :-

"ਸ਼ਰਾਬ, ਔਰਤ ਤੇ ਸਮਾਂ ! ਜਾਪਦਾ ਹੈ ਕਲ੍ਹ ਦਾ ਜਨਮ ਕੂੜਾ ਸੀ, ਅੱਜ ਦਾ ਜੀਵਨ ਸੱਚ !"

"ਤੇ ਸਵੇਰੇ ਬਿਸਤਰੇ ਵਿਚ ਵੀਰਾਨੀ, ਅੰਗਾਂ ਵਿਚ ਟੁੱਟ ਜਾਣ ਦਾ ਅਹਿਸਾਸ, ਰੀੜ੍ਹ ਦੀ ਹੱਡੀ ਵਿਚ ਸਿੱਕਾ, ਜ਼ਿਹਨ ਵਿਚ ਸਿਲਵਟਾਂ ਅਤੇ ਪਲਕਾਂ 'ਤੇ ਪਰਬਤ ! ਰਾਤ ਜੋ ਸਿਕੰਦਰ ਦੁਨੀਆਂ ਸਰ ਕਰਨ ਤੁਰਿਆ ਸੀ, ਦਿਓ-ਕੱਦ ਬਣ ਕੇ, ਸਵੇਰੇ ਅਲਾਦੀਨ ਦੇ ਲੈਂਪ ਵਿਚ ਸਿਮਟ ਜਾਂਦਾ ਹੈ, ਬੌਨਾ ਜਿਹਾ।"

"ਤੇ ਹਰ ਸ਼ਾਮ ਫਿਰ ਉਹ ਹੀ ਮ੍ਰਿਗਤ੍ਰਿਸ਼ਨਾ। ਕਿੱਤੇ ਦੀ ਅਣਇੱਛਤ ਕੈਦ 'ਚੋਂ ਨਿਕਲ ਕੇ ਆਪਣਾ

ਆਪ ਬਣ ਜਾਈਏ। ਹਰ ਪਬ (ਸ਼ਰਾਬਖ਼ਾਨਾ) ਆਪਣੀ ਦੁਨੀਆਂ, ਹਰ ਗਸ਼ਤੀ (ਵੇਸਵਾ) ਆਪਣਾ ਘਰ ! ਜਿੱਧਰ ਤੱਕੋ ਉੱਧਰ ਬੂਹੇ, ਅੰਦਰ ਵਲ ਖੁੱਲ੍ਹਦੇ ਬੂਹੇ।"

"ਜਦ ਤਕ ਸਿੱਕੇ, ਤਦ ਤਕ ਬੂਹੇ, ਜਦ ਤਕ ਤ੍ਰਿਸ਼ਨਾ, ਤਦ ਤਕ ਜੀਵਨ !"

ਸੂਰ ਉੱਭਰਦੇ ਹਨ ਪਰ ਸਿਕੰਦਰ ਮਰ ਜਾਂਦਾ ਹੈ। ਮੈਨੂੰ ਜੋ ਮ੍ਰਿਗ ਸਿਕੰਦਰ ਦੇ ਜੀਵਨ 'ਚੋਂ ਨਜ਼ਰ ਨਹੀਂ ਸੀ ਆਇਆ, ਅੱਜ ਉਸ ਦੀ ਮੌਤ 'ਚੋਂ ਨਜ਼ਰ ਆਉਂਦਾ ਹੈ। ਸਾਰੀ ਉਮਰ ਜਿਸ ਨੂੰ ਬਾਹਰ ਭਾਲਦੇ ਰਹੇ, ਉਹ ਤਾਂ ਆਪਣੇ ਅੰਦਰ ਹੀ ਸੀ ! ਅੰਦਰ ਕੀ ਹੈ ? ਦੋ ਅੰਕਾਂ ਵਿਚਕਾਰ ਇਕ ਸਿਫ਼ਰ ! ਇਕ ਅੰਕ ਆਦਿ, ਇਕ ਅੰਤ ! ਨਾ ਆਦਿ ਦੀ ਸੂਝ, ਨਾ ਅੰਤ ਦਾ ਪਤਾ ! ਫਿਰ ਵੀ ਸਿਫ਼ਰ ਜੀਵੀ ਜਾ ਰਿਹਾ ਹੈ ! ਅਛੋਪਲੇ ਜਿਹੇ ਮੈਂ ਸਿਫ਼ਰ ਦੇ ਦੁਆਲਿਉਂ ਦੋਵੇਂ ਫ਼ਰਜ਼ੀ ਅੰਕ ਚੁੱਕ ਲੈਂਦਾ ਹਾਂ—ਸਿਫ਼ਰ ਬੇਮੁੱਲ ਜਿਹਾ ਡਿੱਗ ਪੈਂਦਾ ਹੈ ਤੇ ਸ਼ੀਸ਼ੇ ਵਿਚ ਸੱਗਵੇਂ ਦਾ ਸੱਗਵਾਂ ਜੰਗਲ ਉੱਗ ਆਉਂਦਾ ਹੈ। ਅੱਗ ਹਵਾਵਾਂ ਨੂੰ ਲੱਗੀ ਤੇ ਜੰਗਲ ਹੱਸਦਾ ਹੈ ! ਜੋ ਬੁੱਧ ਕਦੇ ਘਰ ਘਾਟ ਛੱਡ ਕੇ ਏਥੇ ਨਿਰਵਾਣ ਮੰਗਣ ਆਇਆ ਸੀ, ਅੱਜ ਵਾਤਾਵਰਣ ਵਿਚ ਬਾਰੂਦ ਛਿੜਕ ਕੇ ਨਖਯਤਰਾਂ ਵਲ ਜਾ ਰਿਹਾ ਹੈ !—ਜਿਵੇਂ ਇਸ ਪ੍ਰਿਥਵੀ ਤੇ ਨਾ ਖ਼ਾਹਿਸ਼ ਮਰ ਸਕਦੀ ਹੈ, ਨਾ ਜ਼ਿੰਦਗੀ ਜੀ।

ਮੇਰੇ ਸਾਮ੍ਹਣੇ ਐਸ਼-ਟਰੇਅ ਵਿਚ ਬਲ-ਬਲ ਬੁਝੀਆਂ ਤੀਲ੍ਹੀਆਂ ਦਾ ਇਕ ਢੇਰ ਪਿਆ ਹੈ ਤੇ ਕੋਲ ਇਕ ਸਿਗਰਟ, ਜੋ ਨਾ ਜਲੀ, ਨਾ ਬੁਝੀ !

# ਮੈਲੀ ਪੁਸਤਕ

ਅਜੇ ਮੈਂ ਪਹੁੰਚਿਆ ਹੀ ਸਾਂ ਕਿ ਪ੍ਰਿੰਸੀਪਲ ਨੇ ਮੈਨੂੰ ਦੱਸਿਆ ਕਿ ਸਾਡੇ ਵਿਦਿਆਲੇ ਵਿਚ ਆਸਟ੍ਰੇਲੀਆ ਤੋਂ ਆਈ ਇਕ ਮਹਿਲਾ ਅਧਿਆਪਕਾ ਦੀ ਨਿਯੁਕਤੀ ਹੋਈ ਹੈ ਜੋ ਸਾਹਿਤ ਤੇ ਧਰਮ ਦੀ ਪੰਡਿਤ ਹੈ। ਉਹ ਏਥੇ ਕੇਵਲ ਯਾਤਰਾ ਲਈ ਆਈ ਸੀ। ਉਸ ਨੂੰ ਇਹ ਦੇਸ਼ ਪਸੰਦ ਆ ਗਿਆ ਤੇ ਹੁਣ ਉਹ ਕੁਝ ਦੇਰ ਲਈ ਏਥੇ ਨੌਕਰੀ ਕਰਨਾ ਚਾਹੁੰਦੀ ਹੈ ਤਾਂ ਕਿ ਏਥੋਂ ਦੇ ਜੰਗਲੀ ਜਾਨਵਰ (ਵਾਈਲਡ ਲਾਈਫ਼) ਤੇ ਕੁਦਰਤੀ ਨਜ਼ਾਰਿਆਂ ਨੂੰ ਜੀ ਭਰ ਕੇ ਵੇਖ ਸਕੇ। ਮੇਰੀ ਡਿਊਟੀ ਲੱਗੀ ਸੀ ਕਿ ਮੈਂ ਉਸ ਨੂੰ ਨੈਰੋਬੀ ਤੋਂ ਆਪਣੀ ਕਾਰ ਵਿਚ ਲੈ ਆਵਾਂ।

ਇਸ ਖ਼ਬਰ ’ਤੇ ਪਹਿਲਾਂ ਮੈਂ ਕੁਝ ਹੈਰਾਨ ਹੋਇਆ ਤੇ ਫਿਰ ਸੋਚ ਵਿਚ ਡੁੱਬ ਗਿਆ। ਏਥੇ ਕੇਵਲ ਤਿੰਨ ਘਰ ਸਨ ਤੇ ਛੇ ਅਧਿਆਪਕ। ਦੋ ਘਰਾਂ ਵਿਚ ਪਹਿਲਾਂ ਹੀ ਦੋ-ਦੋ ਅਧਿਆਪਕ ਰਹਿ ਰਹੇ ਸਨ ਤੇ ਟੱਬਰਦਾਰ ਪ੍ਰਿੰਸੀਪਲ ਛੇ ਕੁ ਮੀਲ ਤੇ ਵਾਕਿਆ ਇਕ ਨਿੱਕੇ ਜਿਹੇ ਕਸਬੇ ਵਿਚ ਰਹਿੰਦਾ ਸੀ। ਮੈਂ ਹੀ ਸਾਂ ਜੋ ਇਕੱਲਾ ਇਕ ਘਰ ਵਿਚ ਰਹਿ ਰਿਹਾ ਸਾਂ। ਇਸ ਦਾ ਸਿੱਧਾ ਅਰਥ ਇਹ ਸੀ ਕਿ ਨਵੀਂ ਆਈ ਅਧਿਆਪਕਾ ਮੇਰੇ ਨਾਲ ਮੇਰੇ ਘਰ ਵਿਚ ਹੀ ਰਹੇਗੀ। ਅਪ-ਕੰਟਰੀ ਦੇ ਇਸ ਇਲਾਕੇ ਵਿਚ ਵਿਦਿਆਲੇ ਦੇ ਨੇੜੇ ਘਰ ਮਿਲਣਾ ਅਸੰਭਵ ਸੀ। ਆਪਣੇ ਇਕ ਆਸਟ੍ਰੇਲੀਅਨ ਕੁੜੀ ਦੇ ਨਾਲ ਇੱਕੋ ਹੀ ਘਰ ਵਿਚ ਇਕੱਠਿਆਂ ਰਹਿਣ ਦੇ ਵਿਚਾਰ ਅਧੀਨ ਮੇਰੇ ਅੰਦਰ ਇਕ ਖ਼ੁਸ਼ੀ ਦੀ ਲਹਿਰ ਦੌੜ ਗਈ। ਇਕ ਖ਼ੂਬਸੂਰਤ ਚਿੱਟੀ ਕੁੜੀ ਦੇ ਸੰਗ, ਹਾਂ, ਕੁੜੀ ਹੀ ਹੋਵੇਗੀ, ਨਾਂ ਜੋ ਮਿੱਸ ਕੌਕਸ ਹੈ ! ਫਿਰ ਜ਼ਿੰਦਗੀ ਕਿਹੋ ਜਿਹੀ ਹੋਵੇਗੀ ? ਸਟੇਅਰਿੰਗ ਸੰਭਾਲਦਿਆਂ ਮੈਂ ਸੋਚ ਰਿਹਾ ਸਾਂ ਕਿ ਮੇਰੇ ਵਰਗੇ ਇਕਾਂਤ ਪਸੰਦ ਚਿਤਰਕਾਰ ਨਾਲ ਇਸ ਕੁੜੀ ਦੀ ਨਿਭ ਵੀ ਸਕੇਗੀ ? ਮੈਨੂੰ ਮਕਾਨ ਦਾ ਕਿਰਾਇਆ ਦੋ ਹਿੱਸਿਆਂ ਵਿਚ ਵਟ ਕੇ ਕੁਝ ਘਟ ਜਾਣ ਨਾਲੋਂ ਆਪਣੀ ਆਜ਼ਾਦੀ ਦੇ ਖੁੱਸ ਜਾਣ ਦਾ ਵਧੇਰੇ ਫ਼ਿਕਰ ਸੀ ਅਤੇ ਇਕ ਅਪਰਿਭਾਸ਼ਤ ਖ਼ੁਸ਼ੀ ਵੀ, ਇਕ ਖ਼ੂਬਸੂਰਤ ਕੁੜੀ ਦੇ ਸੰਗ ਵਿਚ ਰਹਿਣ ਦੀ। ਜਦੋਂ ਘਰ ਵਿਚ ਕਿਸੇ ਦੀ ਸੁਰੀਲੀ ਤੇ ਨਸਵਾਨੀ ਆਵਾਜ਼ ਗੂੰਜੇਗੀ ਤਾਂ ਇਸ ਦੇ ਵਾਤਾਵਰਣ ਵਿਚ ਵੰਨਗੀ ਦੀ ਖੁੱਲ੍ਹ ਫੈਲ ਜਾਵੇਗੀ !

ਨੈਰੋਬੀ ਵਾਲੀ ਸੜਕ ’ਤੇ ਪੈਂਦਿਆਂ ਹੀ ਮੈਂ ਉਸ ਦੀ ਤਸਵੀਰ ਕਲਪਨਾ ਵਿਚ ਸੁਪ੍ਰਾਣ ਕਰ ਰਿਹਾ ਸਾਂ। ਜਦੋਂ ਮੈਂ ਨੈਰੋਬੀ ਟੀਚਰਜ਼ ਸਰਵਿਸ ਕਮਿਸ਼ਨ ਦੇ ਦਫ਼ਤਰ ਵਿਚ ਪਹੁੰਚਿਆ, ਤਾਂ ਉਹ ਮੇਰੀ ਉਡੀਕ ਕਰ ਰਹੀ ਸੀ। ਉਸ ਵਲ ਵੇਖ ਕੇ ਮੈਨੂੰ ਧੱਕਾ ਜਿਹਾ ਲੱਗਾ। ਉਹ ਮੇਰੀ ਕਲਪਨਾ ਦੀ ਸੁੰਦਰ ਮੁਖੜੇ, ਦਿਲਕਸ਼ ਨਕਸ਼ਾਂ, ਲੰਮੇ-ਲੰਮੇ ਵਾਲਾਂ, ਭਰਵੀਆਂ ਛਾਤੀਆਂ, ਕਸਰਤੀ ਜਿਸਮ ਤੇ ਕਾਠੇ ਨਿਤੰਭਾਂ ਵਾਲੀ ਭਰ ਜਵਾਨ ਕੁੜੀ ਨਹੀਂ, ਸਗੋਂ ਇਕ ਸਾਧਾਰਨ ਸ਼ਖ਼ਸੀਅਤ ਦੀ ਮਾਲਕ ਲਗਭਗ ਅਧਖੜ ਤੀਵੀਂ ਸੀ! ਉਸ ਦੇ ਮੱਥੇ ਉਪਰਲੇ ਵਾਲਾਂ ਵਿਚ ਕੋਈ ਕੋਈ ਧੌਲਾ ਪ੍ਰਗਟ ਹੋ ਰਿਹਾ ਸੀ। ਉਸ ਦੇ ਲੰਬੂਤਰੇ ਚਿਹਰੇ ਉੱਤੇ ਉਚੇਚੇ ਧਿਆਨ ਨਾਲ ਹਲਕੇ ਕਾਲੇ ਦਾਗ਼ ਵੀ ਵੇਖੇ ਜਾ ਸਕਦੇ ਸਨ। ਉਸਦੀਆਂ ਛਾਤੀਆਂ ਤੇ ਨਿਤੰਭ ਔਸਤ ਦਰਜੇ ਦੇ, ਕੱਦ ਸਿਰ ਕੱਢਵਾਂ

ਤੇ ਪਹਿਰਾਵਾ ਦਿਲਕਸ਼ ਸੀ। ਉਸ ਨੇ ਹਲਕੇ ਜੋਗੀਆ ਰੰਗ ਦਾ ਬਲਾਊਜ਼ ਤੇ ਲਾਲ ਮਿੰਨੀ ਸਕੱਰਟ ਪਾਈ ਹੋਈ ਸੀ। ਮੱਥੇ ਦੇ ਵਿਚਕਾਰ ਕਰਕੇ ਲਾਲ ਰੰਗ ਦੀ ਗੋਲ ਬਿੰਦੀ, ਕੰਨਾਂ ਵਿਚ ਇਸੇ ਰੰਗ ਦੀਆਂ ਵੱਡੀਆਂ-ਵੱਡੀਆਂ ਪਲਾਸਟਕ ਦੀਆਂ ਵਾਲੀਆਂ, ਨੌਹਾਂ ਤੇ ਜੋਗੀਆ ਰੰਗ ਦੀ ਨਹੁੰ ਪਾਲਸ਼, ਆਦਿ ਉਸ ਦੀ ਬਾਹਰੀ ਸ਼ਖ਼ਸੀਅਤ ਨੂੰ ਇਕ ਰੰਗੀਨ ਸੰਦਰਭ ਦੇ ਰਹੀਆਂ ਸਨ। ਮਿੰਨੀ ਸਕੱਰਟ ਹੇਠਾਂ ਉਸ ਦੇ ਪੱਟ ਜਿੰਨੇ ਸੁਡੌਲ, ਖ਼ੂਬਸੂਰਤ, ਮੁਲਾਇਮ, ਜਵਾਨ ਤੇ ਦਿਲਕਸ਼ ਜਾਪਦੇ ਸਨ, ਉਂਨਾ ਹੀ ਉਸ ਦਾ ਚਿਹਰਾ ਉਮਰੋਂ ਪਹਿਲਾਂ ਪੱਕਿਆ ਹੋਇਆ ਤੇ ਘੱਟ ਦਿਲਕਸ਼ ਸੀ। ਉਸਦੀਆਂ ਅੱਖਾਂ ਵਿਚ ਬੜੀ ਖਿੱਚ ਸੀ। ਵੱਡੀਆਂ ਵੱਡੀਆਂ ਗਰੇ (ਆਸਮਾਨੀ) ਅੱਖਾਂ ਦੀ ਖ਼ੂਬਸੂਰਤੀ ਤੇ ਮਿਕਨਾਤੀਸੀ ਸ਼ਕਤੀ ਵਿਚ ਗਵਾਚੇ ਹੋਏ ਮਨੁੱਖ ਨੂੰ, ਉਸ ਦਾ ਚਿਹਰਾ ਪਿਛੋਕੜ ਵਿਚ ਚਲਾ ਗਿਆ ਜਾਪਦਾ ਸੀ।

"ਹੈਲੋ, ਮੈਂ ਹਾਂ ਮਿਸ ਕੌਕਸ, ਤੁਹਾਡੀ ਹੀ ਉਡੀਕ ਕਰ ਰਹੀ ਸਾਂ।"

"ਮੈਂ ਜੁਗਿੰਦਰ ਹਾਂ, ਉਸੇ ਸਕੂਲ ਦਾ ਅਧਿਆਪਕ, ਜਿੱਥੇ ਤੁਸੀਂ ਪੜ੍ਹਾਉਣਾ ਹੈ। ਤੁਹਾਨੂੰ ਲੈਣ ਆਇਆ ਹਾਂ, ਤੁਹਾਡਾ ਸਾਮਾਨ ਕਿੱਥੇ ਹੈ ?"

"ਸਾਮਾਨ ਕੋਈ ਏਡਾ ਨਹੀਂ, ਬਸ ਇਹ ਜਾਨ, ਕੁਝ ਕਿਤਾਬਾਂ ਤੇ ਕਪੜੇ ਹਨ। ਮੈਂ ਯੰਗ ਵਿਮਿਨ ਕਰਿਸਚੀਅਨ ਐਸੋਸੀਏਸ਼ਨ ਵਾਲਿਆਂ ਦੇ ਠਹਿਰੀ ਹੋਈ ਸਾਂ। ਚਲੋ, ਉਧਰ ਹੀ ਚਲਦੇ ਹਾਂ।"

ਅਸੀਂ ਵਾਈ.ਡਬਲਯੂ.ਸੀ.ਏ. ਵਲ ਤੁਰ ਪਏ। ਉਹ ਮੈਨੂੰ ਰਸਤਾ ਦਸਦੀ ਰਹੀ ਤੇ ਰਸਤੇ ਵਿਚ ਸਾਡੀ ਹੋਰ ਕੋਈ ਗੱਲਬਾਤ ਨਾ ਹੋ ਸਕੀ। ਇਕ ਦੋ ਵਾਰ ਮੈਂ ਨਜ਼ਰ ਚੁਕ ਕੇ ਵੇਖਿਆ, ਉਹ ਮੇਰੇ ਵਲੋਂ ਬੇਧਿਆਨ ਟ੍ਰੈਫਿਕ ਦੇ ਮੱਕੜਜਾਲ ਵਿਚ ਉਲਝੀ ਸੜਕਾਂ ਤੇ ਚੌਕਾਂ ਵਿੱਚੋਂ ਆਪਣਾ ਰਾਹ ਲੱਭਣ ਦਾ ਯਤਨ ਕਰ ਰਹੀ ਸੀ।

ਜਦੋਂ ਅਸੀਂ ਉਸ ਦਾ ਅਟੈਚੀ ਚੁਕ ਕੇ ਵਾਪਸ ਵਿਦਿਆਲੇ ਲਈ ਮੁੜੇ ਤਾਂ ਉਹ ਬੇਪਰਵਾਹ ਹੋ ਕੇ ਮੇਰੇ ਨਾਲ ਬੈਠ ਗਈ, ਜਿਵੇਂ ਸੜਕਾਂ ਦਿਸ਼ਾਵਾਂ ਤੇ ਰਾਹਾਂ ਦਾ ਮਣਾ ਮੂੰਹੀਂ ਭਾਰ ਉਸ ਦੇ ਸਿਰ ਉੱਤੋਂ ਲੱਥ ਗਿਆ ਹੋਵੇ ! ਰਸਤੇ ਵਿਚ ਪੈਂਦੇ ਕਾਫ਼ੀ ਦੇ ਬਾਗ਼ਾਂ, ਕੇਲਿਆਂ, ਕਸਾਵਿਆਂ ਤੇ ਰਾਜਮਾਹਾਂ ਦੇ ਖੇਤਾਂ ਨੂੰ ਵੇਖਦੀ ਉਹ ਕੁਦਰਤ ਦੇ ਅਨੰਤ ਦ੍ਰਿਸ਼ ਵਿਚ ਇਕ ਸਾਲਮ ਅੱਖ ਬਣੀ ਮੈਨੂੰ ਘੂਰ ਰਹੀ ਸੀ !

"ਜ਼ਰਾ ਖੜੋ ਜਾਓ ! ਮੈਂ ਇਨ੍ਹਾਂ ਖੇਤਾਂ ਦੀ ਸੁਰਖ ਮਿੱਟੀ ਨੂੰ ਆਪਣੇ ਅੰਗ ਲਾ ਲਵਾਂ—ਇਹ ਮਿੱਟੀ ਜੋ ਇਕ ਸਰੀਰ ਵਾਂਗ ਭੱਖਦੀ ਤੇ ਰਚਦੀ ਹੈ। ਮੁਆਫ਼ ਕਰਨਾ ਕੁਦਰਤ ਮੇਰੀ ਕਮਜ਼ੋਰੀ ਹੈ—ਇਹ ਬਾਗ਼, ਫੁੱਲ ਤੇ ਫਸਲਾਂ ਦਾ ਕਰਤਾਰੀ ਹੁਸਨ—ਕਿਹਾ ਜਾਦੂ ਹੈ ...।"

ਕਾਰ ਮੈਂ ਸੜਕ ਦੇ ਇਕ ਪਾਸੇ ਖੜੀ ਕਰ ਦਿੱਤੀ। ਉਹ ਦਰਵਾਜ਼ਾ ਖੋਲ੍ਹ ਕੇ ਹੇਠਾਂ ਉੱਤਰੀ ਤੇ ਫਿਰ ਸੁਰਖ਼ ਮਿੱਟੀ ਦੀ ਇਕ ਡਲੀ ਨੂੰ ਹੱਥਾਂ ਵਿਚ ਲੈ ਕੇ ਪਲੋਸਦੀ ਰਹੀ। ਫਿਰ ਉਹਨੇ ਕਾਫ਼ੀ ਦੇ ਬੂਟਿਆਂ ਉੱਤੇ ਖਿੜੀਆਂ ਚਿੱਟੀਆਂ ਕਲੀਆਂ ਨੂੰ ਛੂਹਿਆ, ਉਸ ਨੇ ਹਰੇ ਭਰੇ ਪੱਤੇ ਨਿਹਾਰੇ ਤੇ ਆਪ-ਮੁਹਾਰਾ ਹੀ ਬੋਲੀ, "ਕੁਦਰਤ ਦੀ ਫੁਲਕਾਰੀ, ਬੀਜ, ਫੁੱਲ, ਫਲ—ਇਕ ਨਿਰੰਤਰ ਸਫ਼ਰ, ਇਕ ਅਨੰਤ ਰਚਨਾ !"

ਤੇ ਫਿਰ ਜਿਵੇਂ ਉਸ ਨੂੰ ਕੁਝ ਯਾਦ ਆ ਗਿਆ ਹੋਵੇ। ਉਹ ਪਿਛਾਂਹ ਵਲ ਧੌਣ ਭੁਆ ਕੇ ਮੈਨੂੰ ਸੰਬੋਧਨ ਕਰਦਿਆਂ ਬੋਲੀ, "ਇਹ ਸਭ ਇਕ ਰਹੱਸ ਹੈ, ਜੋ ਸਮਝ ਦੀ ਸੀਮਾ ਵਿਚ ਹੁੰਦਿਆਂ ਵੀ ਉਸ ਤੋਂ ਬਾਹਰ ਹੈ। ਇਹ ਕੁਦਰਤ, ਕਾਦਰ, ਬੀਜ, ਫੁੱਲ, ਫਲ—ਕਿੱਥੋਂ ਆਏ ਹਾਂ ਅਸੀਂ ? ਕਿੱਥੇ ਜਾਣਾ ਹੈ ? ਹੁਣ ਹੈ ਨਾਂ ਹੁਣ, ਇਹ ਪਲ ਬੜਾ ਵਿਸਮੈਕਾਰੀ ਹੈ ! ਤੁਹਾਡਾ ਪਹਿਲਾ ਨਾਂ ਕੀ ਹੈ ? ਮੈਨੂੰ ਤਕੱਲਫ ਦੀ ਵਿਥ 'ਤੇ ਬੜੀ ਕੋਫਤ ਹੁੰਦੀ ਹੈ।"

"ਮੇਰਾ ਪਹਿਲਾਂ ਨਾਮ ਜੁਗਿੰਦਰ ਹੀ ਹੈ, ਤੇ ਤੁਹਾਡਾ ?"

"ਮੈਂ ਕਿੰਨੀ ਮੂਰਖ ਹਾਂ ਜੋ ਆਪਣਾ ਪਹਿਲਾਂ ਨਾਮ ਨਾ ਦਸ ਕੇ ਆਪਣੇ ਦੁਆਲੇ ਤਕੱਲਫ ਦੀ ਇਕ ਰਸਮੀ ਦੀਵਾਰ ਖੜ੍ਹੀ ਕਰ ਬੈਠੀ ਹਾਂ। ਮੈਨੂੰ ਸਭ ਦੀਵਾਰਾਂ ਨਾਲ ਨਫ਼ਰਤ ਹੈ—ਮੇਰਾ ਪਹਿਲਾ ਨਾਮ 'ਮਾਰਗਰੇਟ' ਹੈ, ਤੂੰ ਮੈਨੂੰ 'ਮੈਗੀ' ਕਹਿ ਕੇ ਬੁਲਾ ਸਕਦਾ ਹੈਂ।"

"ਹਾਂ, ਤੇ ਮੈਗੀ ਜਿੱਥੇ ਤੂੰ ਜਾ ਰਹੀ ਹੈਂ, ਉਥੇ ਕੋਈ ਦੀਵਾਰਾਂ ਨਹੀਂ—ਮੀਲਾਂ ਤੱਕ ਕਾਫ਼ੀ ਦੇ ਬਾਗ਼, ਕਾਦਰ, ਕੁਦਰਤ ਤੇ ਖੇਤਾਂ ਦਾ ਹੁਸਨ ਹੀ ਹੈ।"

"ਸੱਚ !" ਉਹ ਠਹਾਕਾ ਮਾਰ ਕੇ ਹੱਸੀ ਤੇ ਮੈਂ ਵੇਖਿਆ ਉਸ ਸਮੇਂ ਉਸ ਦੀਆਂ ਅੱਖਾਂ ਵਿਚ ਇਕ ਖਿਲੰਦੜੇ ਬੱਚੇ ਦੀ ਮੁਕਸਾਨ ਰਕਸ ਕਰ ਰਹੀ ਸੀ !

ਘਰ ਪਹੁੰਚ ਕੇ ਮੈਂ ਨੌਕਰ ਨੂੰ ਉਸ ਦਾ ਸਾਮਾਨ ਆਪਣੇ ਨਾਲ ਵਾਲੇ ਸੌਣ-ਕਮਰੇ ਵਿਚ ਰਖਣ ਲਈ ਆਖ ਕੇ ਬੈਠਣ-ਕਮਰੇ ਵਿਚ ਆ ਗਿਆ। ਆਪ-ਮੁਹਾਰਾ ਹੀ ਮੇਰੇ ਵਿਚਾਰ ਮੈਗੀ ਦੀ ਸ਼ਖ਼ਸੀਅਤ ਦੁਆਲੇ ਕੇਂਦਰਤ ਹੋਣ ਲਗ ਪਏ। ਉਸ ਵਿਚ ਇਕ ਅਜੀਬ ਜਿਹੀ ਦਿਲਕਸ਼ੀ ਸੀ, ਇਕ ਮਿਕਨਾਤੀਸੀ ਖਿੱਚ ! ਮੈਂ ਜਿਵੇਂ-ਜਿਵੇਂ ਉਸ ਦੇ ਨਜ਼ਦੀਕ ਆਉਂਦਾ ਗਿਆ, ਉਹ ਮੈਨੂੰ ਹੋਰ ਵੀ ਵਧੇਰੇ ਖ਼ੂਬਸੂਰਤ ਲੱਗਣ ਲਗ ਪਈ ਸੀ। ਉਸ ਦੀਆਂ ਅੱਖਾਂ ਵਿਚ ਵੇਖਦਿਆਂ ਇੰਝ ਮਹਿਸੂਸ ਹੁੰਦਾ ਸੀ, ਜਿਵੇਂ ਹਰ ਤੱਕਣੀ ਨਾਲ ਕੋਈ ਪਰਦਾ ਲੱਥ ਰਿਹਾ ਤੇ ਇਕ ਨਵਾਂ ਰਹੱਸ ਪ੍ਰਗਟ ਹੋ ਰਿਹਾ ਹੋਵੇ ! ਇਨ੍ਹਾਂ ਪਰਦਿਆਂ ਦਾ ਸਿਲਸਿਲਾ ਅਨੰਤ ਸੀ—ਪਰਦੇ ਤੋਂ ਬਾਅਦ ਪਰਦਾ—ਦਰਵਾਜ਼ੇ ਤੋਂ ਅੱਗੇ ਦਰਵਾਜ਼ਾ। ਉਸ ਦੀਆਂ ਖ਼ੂਬਸੂਰਤ ਲੱਤਾਂ, ਔਸਤ ਛਾਤੀਆਂ, ਗੋਰੀਆਂ ਬਾਹਾਂ, ਲੰਮੀ ਧੌਣ ਤੇ ਹਿਪਨਾਟਿਕ ਅੱਖਾਂ ਵਿਚ ਬਲਾ ਦਾ ਹੁਸਨਮਈ ਸੰਤੁਲਨ ਸੀ ! ਜਿਵੇਂ-ਜਿਵੇਂ ਮੈਂ ਉਸ ਦੇ ਨੇੜੇ ਹੁੰਦਾ ਗਿਆ, ਤਿਵੇਂ-ਤਿਵੇਂ ਉਸ ਦਾ ਚਿਹਰਾ ਪਿੱਠ-ਭੂਮੀ ਵਿਚ ਤੇ ਉਸਦੀਆਂ ਅੱਖਾਂ ਅਗਰ-ਭੂਮੀ ਵਿਚ ਆਉਂਦੀਆਂ ਗਈਆਂ। ਤੀਵੀਂ ਦੇ ਨਾਲ ਰਹਿ ਕੇ, ਉਸ ਨੂੰ ਨੇੜਿਓਂ ਤੱਕਣ ਵਿਚ ਆਪਣੀ ਕਿਸਮ ਦੀ ਹੀ ਇਕ ਖ਼ੂਬਸੂਰਤੀ ਹੈ, ਜੋ ਵਿੱਥ ਤੋਂ ਨਜ਼ਰ ਨਹੀਂ ਆਉਂਦੀ।

"ਕੀ ਗੱਲ ਹੈ ? ਬੁੱਧ ਬਣਿਆ ਬੈਠਾ ਹੈਂ ? ਜੇ ਆਖੇਂ ਤਾਂ ਗਯਾ ਦਾ ਬੋਧ-ਬ੍ਰਿਛ ਬਣ ਕੇ ਤਣ ਜਾਵਾਂ ਤੇਰੇ ਉੱਤੇ ?"

"ਨਹੀਂ, ਬੁੱਧ ਬਣਿਆਂ ਜ਼ਿੰਦਗੀ ਵਿਚ ਕੋਈ ਖਿੱਚ ਨਹੀਂ ਰਹਿਣੀ ਤੇ ਜ਼ਿੰਦਗੀ ਵਲ ਖਿੱਚੇ ਜਾਣ ਨਾਲ ਬੁੱਧ ਨਹੀਂ ਬਣਿਆ ਜਾਂਦਾ। ਇਹ ਪੰਜ ਇੰਦਰੀਆਂ ਬੜੀਆਂ ਜ਼ਾਲਮ ਹਨ—ਸਾਰਾ ਸੰਸਾਰ ਨਿਗਲ ਕੇ ਵੀ ਇਨ੍ਹਾਂ ਦੀ ਖ਼ਾਹਿਸ਼ ਨਹੀਂ ਮਰਦੀ।"

"ਤੇ ਬੁੱਧ ਕਹਿੰਦਾ ਹੈ ਕਿ ਅੰਤਿਮ ਸ਼ਾਂਤੀ ਇਨ੍ਹਾਂ ਖ਼ਾਹਿਸ਼ਾਂ ਦੇ ਮਾਰਨ ਨਾਲ ਹੀ ਪ੍ਰਾਪਤ ਹੋਵੇਗੀ। ਖ਼ਾਹਿਸ਼ਾਂ ਤੋਂ ਬਿਨਾਂ ਇਹ ਜ਼ਿੰਦਗੀ ਕਿਹੋ ਜਿਹੀ ਹੋਵੇਗੀ ?"

"ਖ਼ਾਹਿਸ਼ ਮਰੀ, ਜ਼ਿੰਦਗੀ ਖ਼ਤਮ ! ਜਿਊਂਦੇ ਜਿਸਮ ਵਿਚ ਇਕ ਮੋਈ ਲਾਸ਼ ਚੁੱਕੀ ਫਿਰਾਂਗੇ, ਜਿਸ ਦੀ ਸੜ੍ਹਿਆਂਦ ਸਾਡੇ ਨਾਲ ਸਾਡੇ ਸੰਪਰਕ ਵਿਚ ਆਉਣ ਵਾਲਿਆਂ ਨੂੰ ਵੀ ਇਕ ਜਿਊਂਦੀ ਮੌਤ ਮਾਰ ਕੇ ਰੱਖ ਦੇਵੇਗੀ !"

"ਇਹ ਗਿਆਨ, ਇਹ ਬੋਧ ਕਿੰਨਾਂ ਜ਼ਿੰਦਗੀ ਵਿਰੋਧੀ ਤੇ ਕੁਦਰਤ ਤੋਂ ਉਲਟ ਹੈ ! ਖਜੂਰਾਓ ਦੀਆਂ ਮੂਰਤੀਆਂ—ਜਿਊਂਦੇ ਭਖਦੇ ਜਿਸਮ, ਜਿਨ੍ਹਾਂ ਵਿਚ ਇਕ ਦੂਜੇ ਅੰਦਰ ਲੱਥ ਜਾਣ, ਅਭੇਦ ਹੋ ਜਾਣ ਦੀ ਲਾਲਸਾ ਹੈ, ਕਾਮ-ਆਸਣ, ਜਿਵੇਂ ਜੁਗਤ ਬਿਨਾਂ ਜੋਗ ਨਹੀਂ। ਖਜੂਰਾਓ ਦੇ ਮੰਦਰਾਂ ਵਿਚ ਲਟ-ਲਟ ਮਚਦਾ ਜਿਸਮ ਹੀ ਜਿਵੇਂ ਭਗਵਾਨ ਬਣ ਗਿਆ ਹੋਵੇ !"

"ਜੇ ਇਹ ਜਿਸਮ ਭਗਵਾਨ ਬਣ ਕੇ ਲੋਕਾਂ ਦੀ ਕਰਤਾਰੀ ਸ਼ਕਤੀ ਨੂੰ ਨਾ ਜਗਾਉਂਦੇ ਤਾਂ ਬੁੱਧ ਧਰਮ ਦੇ ਜ਼ੋਰ ਦੇ ਦੌਰ ਵਿਚ ਖ਼ਾਹਿਸ਼ਾਂ ਤੋਂ ਟੁੱਟੇ ਤੀਵੀਂ ਆਦਮੀ ਜ਼ਿੰਦਗੀ ਦੀ ਨਿਰੰਤਰ ਧਾਰਾ ਨਾਲੋਂ ਟੁੱਟ ਜਾਂਦੇ, ਜ਼ਿੰਦਗੀ ਦੀ ਤੋਰ ਰੁਕ ਜਾਂਦੀ। ਮੈਂ ਵੀ ਕਿਨ੍ਹਾਂ ਗੱਲਾਂ ਵਿਚ ਪੈ ਗਿਆਂ। ਬੈਠ, ਤੂੰ ਅਜੇ ਖੜ੍ਹੀ ਹੀ ਹੈਂ ? ਦਸ ਕੀ ਪੀਵੇਂਗੀ ? ਵਿਸਕੀ ਕਿ ਬੀਅਰ ?"

"ਬੀਅਰ ਹੀ ਠੀਕ ਰਹੇਗੀ।"

ਫਾਇਰ ਪਲੇਸ ਵਿਚ ਅੱਗ ਬਲਦੀ ਰਹੀ ਤੇ ਗੱਲ ਚਲਦੀ ਰਹੀ।

"ਮੈਗੀ, ਏਨੀ ਜ਼ਿੰਦਗੀ ਤੂੰ ਕੱਲਿਆਂ ਕੱਟ ਲਈ, ਇਸ ਸਫ਼ਰ ਵਿਚ ਇਕੱਲਿਆਂ ਤੈਨੂੰ ਕਦੇ ਥਕਾਵਟ ਮਹਿਸੂਸ ਨਹੀਂ ਹੋਈ ? ਕਿਸੇ ਦੇ ਸਾਥ ਲਈ ਜੀ ਨਹੀਂ ਕੀਤਾ ?"

"ਤੇਰਾ ਆਪਣੇ ਬਾਰੇ ਕੀ ਖ਼ਿਆਲ ਹੈ ? ਤੂੰ ਵੀ ਤਾਂ ਕੱਲਾ ਹੀ ਹੈਂ ਅਜੇ ਤਕ !"

"ਤਾਂ ਫਿਰ ਮੇਰੇ ਪ੍ਰਸ਼ਨ ਦਾ ਉੱਤਰ ਪ੍ਰਸ਼ਨ ਹੀ ਹੈ ?"

"ਨਹੀਂ, ਅਸਲ ਵਿਚ ਮੈਂ ਅਜੇ ਤਕ ਕੋਈ ਨਿਰਣਾ ਹੀ ਨਹੀਂ ਕਰ ਸਕੀ ! ਆਪਣੇ ਸੰਗ ਵਿਚ ਰਹਿ ਕੇ ਜੋ ਮਜ਼ਾ ਆਉਂਦਾ ਹੈ ਕੀ ਉਹ ਕਿਸੇ ਦੂਜੇ ਦੇ ਸੰਗ ਵਿਚ ਕਾਇਮ ਰਹਿ ਸਕੇਗਾ ? ਕਦੇ-ਕਦੇ ਅਭਿਲਾਸ਼ਾ ਤੋਂ ਸੁਤੰਤਰਤਾ (ਲਿਬਰੇਸ਼ਨ ਫਰਾਮ ਪੈਸ਼ਨ) ਬਾਰੇ ਸੋਚਦੀ ਹਾਂ, ਤਾਂ ਇੰਞ ਜਾਪਦਾ ਹੈ ਜਿਵੇਂ ਸੁਤੰਤਰਤਾ ਦਾ ਇਤਿਹਾਸ ਮਨੁੱਖ ਦੇ ਹਰ ਯੁੱਗ ਵਿਚ ਕਦੇ ਵੀ ਗ਼ੁਲਾਮੀ ਤੋਂ ਪੂਰਨ ਭਾਂਤ ਮੁਕਤ ਨਹੀਂ ਹੋ ਸਕਿਆ।"

"ਤੇਰੇ ਵਿਚ 'ਜ਼ੋਰਬਾ ਦਾ ਗਰੀਕ' ਬੋਲ ਰਿਹਾ ਹੈ।"

"ਮੈਂ ਬੜਾ ਪੜ੍ਹਿਆ ਹੈ—ਧਰਮ, ਸਾਹਿਤ, ਦਰਸ਼ਨ ਤੇ ਹੋਰ ਕਈ ਕੁਝ। ਕਦੇ-ਕਦੇ ਇੰਞ ਜਾਪਦਾ ਹੈ ਜਿਵੇਂ ਇਹ ਸਭ ਕੁਝ ਮੇਰੇ ਅੰਦਰ ਉਲਝ ਗਿਆ ਹੋਵੇ ਤੇ ਮੈਂ ਸਿਫ਼ਰ ਹੋ ਗਈ ਹੋਵਾਂ।"

"ਤੂੰ 'ਲੇਡੀ ਚੈਟਰਲੀਜ਼ ਲਵਰ' ਪੜ੍ਹੀ ਹੈ ?"

"ਪੜ੍ਹੀ ਹੈ, ਇਸੇ ਲਈ ਤਾਂ ਮੈਂ ਅਜੇ ਤਕ ਵਿਆਹ ਨਹੀਂ ਕਰਾਇਆ ਕਿ ਮੈਨੂੰ ਵੀ ਕਿਤੇ ਇਹੋ ਜਿਹੀ ਸਥਿਤੀ ਨਾਲ ਦੋ ਚਾਰ ਨਾ ਹੋਣਾ ਪਵੇ। ਉਂਞ ਲਾਰੈਂਸ ਦੀ ਗਲਪ ਵਿਚ ਬੜੀ ਜਾਨ ਹੈ। ਉਹ ਲਿੰਗ-ਭਾਵਨਾ ਤੇ ਇਸ ਦੇ ਸੰਜੋਗ ਨੂੰ ਖਜੁਰਾਓ ਦੀ ਪਵਿੱਤਰਤਾ ਤੱਕ ਲੈ ਜਾਂਦਾ ਹੈ।"

"ਹੈਨਰੀ ਮਿਲਰ ਦੇ ਨਾਵਲ 'ਟਰਾਪਿਕ ਆਫ਼ ਕੈਪਰੀਕਰਨ' ਬਾਰੇ ਤੇਰਾ ਕੀ ਵਿਚਾਰ ਹੈ ? ਮੈਨੂੰ ਤਾਂ ਉਹ ਬਿਲਕੁਲ ਨਹੀਂ ਜਚਦਾ। ਤੀਵੀਆਂ ਦੇ ਗੁਪਤ-ਅੰਗਾਂ ਦਾ ਵਰਗੀਕਰਨ ...।"

"ਨਹੀਂ, ਨਹੀਂ, ਏਥੇ ਤੂੰ ਗਲਤ ਹੈਂ। ਬੰਧਨ-ਮੁਕਤ ਸੁਤੰਤਰ ਜੀਵਨ ਦੇ ਪ੍ਰਾਕ੍ਰਿਤਕ ਤਜਰਬੇ ਨਾਲ ਲੇਖਕ ਕੋਈ ਗੱਲ ਕਹਿ ਜਾਂਦਾ ਹੈ ਤੇ ਕੋਈ ਲੁਕਾ ਲੈਂਦਾ ਹੈ। ਕਾਸ਼ ਇਹ ਪੁਸਤਕ ਕਦੇ ਮੈਂ ਲਿਖੀ ਹੁੰਦੀ, ਔਰਤ ਦੇ ਦ੍ਰਿਸ਼ਟੀਕੋਣ ਤੋਂ।"

ਗੱਲਾਂ-ਗੱਲਾਂ ਵਿਚ ਰਾਤ ਦੀ ਰੋਟੀ ਦਾ ਸਮਾਂ ਹੋ ਗਿਆ ਸੀ। ਮੈਂ ਰੋਟੀ ਤੋਂ ਪਹਿਲਾਂ ਵਿਸਕੀ ਦੇ ਦੋ ਕੁ ਟੌਟ ਪੀਣੇ ਚਾਹੁੰਦੇ ਸਾਂ। ਮੈਗੀ ਨੂੰ ਬੀਅਰ ਪੀਂਦਿਆਂ ਛੱਡ ਕੇ ਮੈਂ ਨੌਕਰ ਨੂੰ ਰੋਟੀ ਤਿਆਰ ਕਰਨ ਲਈ ਕਿਹਾ ਅਤੇ ਆਪ ਅੰਦਰੋਂ ਵਿਸਕੀ ਲੈਣ ਚਲਾ ਗਿਆ ! ਜਦੋਂ ਮੈਂ ਵਾਪਸ ਬੈਠਣ-ਕਮਰੇ ਵਿਚ ਆਇਆ ਤਾਂ ਮੈਂ ਵੇਖਿਆ ਕਿ ਮੈਗੀ ਅੱਖਾਂ ਮੀਟੀ ਆਪਣੇ ਆਪ ਬੁੜਬੁੜਾ ਰਹੀ ਸੀ, 'ਸ੍ਰਿਸ਼ਟੀ ਦੀਆਂ ਸਭ ਚੀਜ਼ਾਂ ਇਕ ਵਿਸ਼ੇਸ਼ ਢੰਗ, ਵਿਧਾਨ ਹੁਕਮ ਤੇ ਕ੍ਰਮ ਅਨੁਸਾਰ ਲਗਾਤਾਰ ਬਦਲਦੀਆਂ ਰਹਿੰਦੀਆਂ ਹਨ। ਪਰ ਮੇਰੇ ਜੀਵਨ ਵਿਚ ਕੋਈ ਬਦਲੀ ਨਹੀਂ ... 'ਜਦੋਂ ਕੋਈ ਅੰਤ ਹੁੰਦਾ ਹੈ, ਉਦੋਂ ਹੀ ਕੋਈ ਆਰੰਭ ਹੁੰਦਾ ਹੈ।' ਇਕ ਰੁੱਤ ਖ਼ਤਮ, ਦੂਜੀ ਸ਼ੁਰੂ ...।'

"ਇਹ ਤੂੰ ਕਿਹੜੀ ਮਨਬਚਨੀ ਵਿਚ ਪੈ ਗਈ ਹੈਂ। ਲੈ, ਥੋੜ੍ਹੀ ਵਿਸਕੀ ਪੀ, ਫਿਰ ਰੋਟੀ ਖਾਈਏ।"

"ਬੜਾ ਵੱਡਾ ਫ਼ਲਸਫ਼ਾ ਹੈ ਇਹ ! 'ਈ ਚਿੰਗ' (I Ching) ਪੁਸਤਕ ਈਸਾ ਤੋਂ 1150 ਵਰ੍ਹੇ ਪਹਿਲਾਂ ਚੀਨ ਵਿਚ ਲਿਖੀ ਗਈ ਸੀ। ਇਹ ਉਸੇ ਪੁਸਤਕ ਦੇ ਸੂਤਰ ਹਨ, ਜੋ ਅੱਜ ਤਕ ਜ਼ਿੰਦਗੀ 'ਤੇ ਢੁੱਕਦੇ ਹਨ। ਇਸ ਪੁਸਤਕ ਨੂੰ ਆਲੋਚਕਾਂ ਨੇ ਸ੍ਰਿਸ਼ਟੀ ਦਾ ਸਤ (ਏ ਯੂਨੀਵਰਸ ਇਨ ਮਿਨੀਏਚਰ) ਆਖਿਆ ਹੈ। ਸੁਣ ਹੋਰ ... ਚੀਜ਼ਾਂ, ਸ੍ਰਿਸ਼ਟੀ ਵਿਚ ਬਦਲਦੀਆਂ ਤੇ ਪਰੀਵਰਤਨ ਅਧੀਨ ਹਨ ਪਰ ਉਨ੍ਹਾਂ ਪਿਛਲੇ ਅਸੂਲ ਜਾਂ ਸਿਧਾਂਤ ਨਿਰੰਤਰ ਤੇ ਅਪਰਵਰਤਨ-ਸ਼ੀਲ ਹਨ—ਜੱਟਿਲਤਾ ਵਿਚ ਸਾਧਾਰਨਤਾ, ਬਦਲ ਰਹੇ ਵਿਚ ਕੁਝ ਨਾ ਬਦਲਣ ਵਾਲਾ'—ਕਿੰਨੇ ਡੂੰਘੇ ਤੇ ਸਰਵ ਵਿਆਪਕ ਵਿਚਾਰ ਹਨ ! ਹਜ਼ਾਰਾਂ ਵਰ੍ਹੇ ਪਹਿਲਾਂ ਜਿਸ ਮਨੁੱਖ ਨੇ ਇਹ ਸੋਚ ਸੋਚੀ, ਉਸ ਦੀ ਬੁੱਧੀ ਕਿੰਨੀ ਮਹਾਨ ਹੋਵੇਗੀ !"

ਵਿਸਕੀ ਪੀਂਦਿਆਂ ਨਿਰੰਤਰ ਅੰਦਰੋਂ ਬਾਹਰ ਨਿਕਲ ਰਹੀ ਮੈਗੀ ਦੀ ਸ਼ਖ਼ਸੀਅਤ ਦੇ ਹੁਸਨ ਤੇ ਜੱਟਿਲਤਾ ਨੂੰ ਮੈਂ ਹੈਰਾਨੀ ਤੇ ਪ੍ਰਸੰਸਾ ਨਾਲ ਵੇਖ ਰਿਹਾ ਸਾਂ। ਉਹ ਸਿਗਰਟ ਦੇ ਹਲਕੇ-ਹਲਕੇ ਸੂਟੇ ਖਿੱਚਦੀ ਹੋਈ ਕੰਧ ਵਲ ਵੇਖੀ ਜਾ ਰਹੀ ਸੀ, ਜਿਵੇਂ ਸਭ ਦੀਵਾਰਾਂ ਤੋੜ ਦੇਣੀਆਂ ਚਾਹੁੰਦੀ ਹੋਵੇ। ਚੁੱਪ ਦੀ ਇਸ ਭਾਸ਼ਾ ਨੂੰ ਮੈਂ

ਹੁਣ ਸੁਣ ਸਕਦਾ ਸਾਂ ਤੇ ਇਸ ਨੂੰ ਸੁਣਦਿਆਂ ਸਮੇਂ ਦੇ ਬੀਤਣ ਦਾ ਅਹਿਸਾਸ ਅਵਸਤੂ ਹੋਂਦ ਵਾਂਗ ਜਾਪਦਾ ਸੀ। ਪਰ ਇਸ ਦਾ ਕੋਈ ਸਿਰਾ ਹੱਥ ਨਹੀਂ ਸੀ ਆਉਂਦਾ। ਮੈਗੀ ਨੇ ਦੀਵਾਰ ਵਲੋਂ ਨਜ਼ਰਾਂ ਹਟਾ ਕੇ ਮੇਰੀ ਕਿਤਾਬਾਂ ਦੀ ਸ਼ੈਲਫ਼ ਵਲ ਝਾਤੀ ਮਾਰੀ। ਕਿਤਾਬਾਂ ਵਲ ਵੇਖਦਿਆਂ ਉਸਦੀਆਂ ਅੱਖਾਂ ਵਿਚ ਮੈਨੂੰ ਇਕ ਭੁੱਖੀ ਸ਼ੇਰਨੀ ਦੇ ਆਪਣੇ ਸ਼ਿਕਾਰ ਉੱਤੇ ਝਪਟਣ ਸਮੇਂ ਦਾ ਬਿੰਬ ਉਭਰਦਾ ਪ੍ਰਤੀਤ ਹੋਇਆ। ਉਸ ਨੇ ਇਕ ਕਿਤਾਬ ਚੁੱਕੀ। ਮੈਂ ਵੇਖਿਆ, ਇਹ ਪੁਸਤਕ ਸੀ 'ਡੀ ਸੇਡ' (De Sade)। ਫਿਰ ਉਹ ਆਪ-ਮੁਹਾਰਾ ਹੀ ਕਿਸੇ ਨੂੰ ਸੰਬੋਧਨ ਕੀਤੇ ਬਿਨਾਂ ਸੇਡਿਜ਼ਮ ਬਾਰੇ ਬੋਲਣ ਲਗ ਪਈ :

"ਦਰਦ ਵਿਚ ਬੜੀ ਲੱਜ਼ਤ ਹੈ। ਚਾਹੇ ਇਹ ਦਰਦ ਮਨ ਦੀ ਗਹਿਰਾਈ ਵਿੱਚੋਂ ਉੱਠੇ, ਚਾਹੇ ਤਨ ਦੇ ਤਲ 'ਚੋਂ।"

ਫਿਰ ਉਹ ਮੇਰੇ ਵਲਾਂ ਵੇਖਦੀ ਹੋਈ ਬੋਲੀ, "ਮੈਂ ਆਪਣੇ ਆਪ ਨੂੰ ਬੜਾ ਪਿੰਜਿਆ ਹੈ ਕਈ ਵਾਰ—ਸ਼ਕਤੀ ਤੋਂ ਵਧ ਵਾਹਿਆ ਹੈ, ਇਸ ਨੂੰ। ਹਜ਼ਾਰ ਵਾਰ ਆਪਣੇ ਬਖੀਏ ਉਧੇੜੇ, ਪਰ ਹਰ ਵਾਰ ਇਸ ਦੇ ਪਾਟੇ ਸਿਰਿਆਂ 'ਚੋਂ 'ਮੈਂ' ਦਾ ਸੂਰ ਹੀ ਉੱਭਰਿਆ, ਕਦੇ ਨਾ ਦੱਬਿਆ। ਇਸ ਪੁਸਤਕ ਵਿਚ ਚਾਚਾ ਐਥੇ ਮਾਰਕੁਈਸ ਲੂਈਸ ਡੀ ਸੇਡ ਨੂੰ ਕਹਿੰਦਾ ਹੈ ਕਿ 'ਕੁਦਰਤ ਕੇਵਲ 'ਮੈਂ' ਨੂੰ ਸੰਬੋਧਨ ਹੁੰਦੀ ਹੈ।' ਪਰ ਮੈਂ ਪੁੱਛਦੀ ਹਾਂ ਕਿ ਦਰਦ ਕਿਸ ਨੂੰ ਸੰਬੋਧਨ ਹੁੰਦਾ ਹੈ ? ਸਿਰਫ਼ 'ਮੈਂ' ਨੂੰ—ਜੇ 'ਮੈਂ' ਹਾਂ, ਤਾਂ ਜਗਤ ਹੈ, ਜੇ 'ਮੈਂ' ਨਹੀਂ ਤਾਂ ਕੁਝ ਨਹੀਂ।"

"ਤੇਰੇ ਨਾਲ ਮੈਂ ਵੀ ਸਹਿਮਤ ਹਾਂ, ਮੈਗੀ ... ਜੇ ਸ੍ਰਿਸ਼ਟੀ 'ਚੋਂ ਇਨਸਾਨ ਮਨਫ਼ੀ ਕਰ ਦੇਈਏ, ਤਾਂ ਬਾਕੀ ਸਿਫ਼ਰ ਹੱਥ ਆਵੇਗਾ। ਜੇ 'ਮੈਂ' ਹਾਂ ਤਾਂ ਹਰ ਸ਼ੈ ਦਾ ਕੋਈ ਅਰਥ ਹੈ, ਕੋਈ ਹੋਂਦ ਹੈ, ਜੇ 'ਮੈਂ' ਨਹੀਂ ਤਾਂ ਕੁਝ ਵੀ ਨਹੀਂ।"

ਬੋਲਦਾ-ਬੋਲਦਾ ਮੈਂ ਅਚਾਨਕ ਰੁਕ ਗਿਆ। ਉਹ ਮੇਰੇ ਵਲ ਵੇਖ ਜ਼ਰੂਰ ਰਹੀ ਸੀ, ਪਰ ਉਸ ਦਾ ਧਿਆਨ ਮੇਰੇ ਵਲ ਨਹੀਂ ਸੀ। ਉਸ ਦੇ ਹੋਂਠ ਹਿਲ ਰਹੇ ਸਨ, ਪਰ ਉਨ੍ਹਾਂ ਵਿੱਚੋਂ ਕੋਈ ਸ਼ਬਦ, ਕੋਈ ਆਵਾਜ਼ ਬਾਹਰ ਨਹੀਂ ਸੀ ਆ ਰਹੀ—ਜਿਵੇਂ ਉਨ੍ਹਾਂ ਅੰਦਰਲੇ ਸ਼ਬਦਾਂ ਤੇ ਅਰਥਾਂ ਵਿਚ ਇਕ ਜੰਗ ਛਿੜੀ ਹੋਈ ਹੋਵੇ ! ਉਸਦੀਆਂ ਅੱਖਾਂ ਮੇਰੇ ਉੱਤੇ ਟਿਕੀਆਂ ਹੋਈਆਂ ਸਨ, ਜਿਨ੍ਹਾਂ ਵਿੱਚੋਂ ਕਦੇ ਮੈਨੂੰ ਸੱਖਣੇਪਨ ਦਾ ਅਹਿਸਾਸ ਹੁੰਦਾ, ਕਦੇ ਅਮਿੱਟ ਤ੍ਰਿਸ਼ਨਾ ਤੇ ਕਦੇ ਸਥਿਰ ਸ਼ਾਂਤੀ ਦਾ। ਮੈਂ ਉਸ ਨੂੰ ਮੋਢੇ ਤੋਂ ਫੜ ਕੇ ਝੰਜੋੜਿਆ ਤਾਂ ਉਹ ਅੱਭੜਵਾਹੇ ਉੱਠੀ, "ਕੀ ਗੱਲ ਹੈ ?"

"ਇੰਞ ਜਾਪਦਾ ਹੈ, ਜਿਵੇਂ ਤੂੰ ਕਿਸੇ ਸੁਫ਼ਨੇ ਵਿੱਚੋਂ ਜਾਗੀ ਹੋਵੇਂ।"

"ਹਾਂ, ਜ਼ਿੰਦਗੀ ਇਕ ਸੁਫ਼ਨਾ ਹੀ ਤਾਂ ਹੈ, ਜਿਸ ਨੂੰ ਸਾਖਿਆਤ ਰੂਪ ਵਿਚ ਭੋਗਣ ਲਈ, ਅਸੀਂ ਚੇਤਨ ਯਤਨ ਕਰ ਰਹੇ ਹਾਂ।"

ਉਸ ਦੇ ਗਲਾਸ ਵਿਚ ਮੈਂ ਵਿਸਕੀ ਦਾ ਇਕ ਹੋਰ ਟੌਂਟ ਪਾਇਆ ਤੇ ਇਸ ਤੋਂ ਬਾਅਦ ਉਸ ਨੂੰ ਰੋਟੀ ਖਾਣ ਲਈ ਕਿਹਾ। ਰਾਤ ਅੱਧੀ ਤੋਂ ਵਧ ਬੀਤ ਚੁੱਕੀ ਸੀ। ਰੋਟੀ ਖਾ ਕੇ ਮੈਂ ਉਸ ਨੂੰ ਉਸ ਦਾ ਕਮਰਾ ਵਿਖਾਇਆ ਤੇ ਆਪ ਅੱਧਾ ਗਲਾਸ ਵਿਸਕੀ ਦਾ ਨੀਟ ਹੀ ਗਟਾ-ਗਟ ਚੜ੍ਹਾ ਗਿਆ ਤਾਂ ਕਿ ਉਸ ਦੇ ਨਸ਼ੇ ਹੇਠ ਮੈਗੀ ਦਾ ਚਿਹਰਾ ਡੁੱਬ ਜਾਵੇ ਤੇ ਮੈਂ ਰਾਤ ਚੈਨ ਨਾਲ ਸੌਂ ਸਕਾਂ।

ਮੈਂ ਅਜੇ ਬਿਸਤਰੇ ਵਿਚ ਉਸਲਵੱਟੇ ਹੀ ਲੈ ਰਿਹਾ ਸਾਂ ਕਿ ਮੈਨੂੰ ਦਰਵਾਜ਼ੇ ਉੱਤੇ ਦਸਤਕ ਸੁਣਾਈ ਦਿੱਤੀ। ਪਹਿਲਾਂ ਤਾਂ ਮੈਂ ਸੋਚਿਆ ਕਿ ਮੇਰੇ ਮਨ ਦਾ ਵਹਿਮ ਹੈ, ਪਰ ਫਿਰ ਜਦੋਂ ਦੋਬਾਰਾ ਦਸਤਕ ਹੋਈ, ਤਾਂ ਮੈਂ ਉੱਠ ਕੇ ਦਰਵਾਜ਼ਾ ਖੋਲ੍ਹਿਆ, ਮੁਹਰੇ ਮੈਗੀ ਖੜੋਤੀ ਸੀ।

"ਮੁਆਫ਼ ਕਰਨਾ ਮੈਥੋਂ ਗੁਸਤਾਖ਼ੀ ਹੋ ਗਈ। ਮੈਨੂੰ ਅਜੇ ਤਕ ਨੀਂਦਰ ਨਹੀਂ ਪਈ। ਸੋਚਿਆ ਇਸ ਗਲਤੀ ਦਾ ਖਸਾਰਾ ਹੁਣੇ ਕਰ ਲਵਾਂ। ਤੈਨੂੰ ਸ਼ੁਭ-ਰਾਤਰੀ ਚੁੰਮਣ (ਗੁਡ ਨਾਈਟ ਕਿੱਸ) ਨਹੀਂ ਦੇ ਸਕੀ। ਮੇਰੇ ਅੰਦਰ ਅਪਰਾਧ ਦੀ ਭਾਵਨਾ ਉਤਪੰਨ ਹੋ ਰਹੀ ਸੀ। ਇਸੇ ਲਈ ਤੈਨੂੰ ਜਗਾਇਆ ਹੈ।"

ਚੁੰਮਣ ਦੇ ਕੇ ਉਹ ਆਪਣੇ ਕਮਰੇ ਵਿਚ ਜਾ ਕੇ ਘੂਕ ਸੌਂ ਗਈ ਤੇ ਮੈਂ ਸਗਲਾ ਸਬੂਤ ਮਰਦ ਭੱਠੀ ਵਾਂਗ ਤਪਦਾ, ਸਾਰੀ ਰਾਤ ਸੂਲਾਂ ਉੱਤੇ ਟੰਗਿਆ ਰਿਹਾ !

ਸਵੇਰੇ ਉਹ ਚਾਹ ਦਾ ਪਿਆਲਾ ਫੜੀ ਸ਼ੁਭ ਪ੍ਰਭਾਤ ਕਹਿਣ ਆਈ ਮੇਰੇ ਮੰਜੇ ਦੀ ਪੁਆਂਦੀ ਬੈਠ ਗਈ। ਭਗਵੇਂ ਰੰਗ ਦੇ ਸੀ ਥਰੂ ਨਾਈਟ ਗਾਊਨ ਵਿਚ ਉਸ ਦਾ ਰੂਪ ਹੋਰ ਵੀ ਖਿੜ ਉੱਠਿਆ ਸੀ। ਮੈਂ ਉਸ ਨੂੰ ਪੁੱਛਿਆ, "ਮਾਪਿਆਂ ਤੋਂ ਦੂਰ, ਦੇਸ਼ੋਂ ਬਾਹਰ, ਉਸ ਨੂੰ ਏਥੇ ਇਕੱਲ ਮਹਿਸੂਸ ਨਹੀਂ ਹੁੰਦੀ, ਬੋਰਡਮ ਨਹੀਂ ਹੁੰਦੀ ?"

"ਤੂੰ ਕਮਲਾ ਹੈਂ, ਤੇਰੀ ਸੰਗਤ ਵਿਚ ਇਕੱਲ ਕਾਹਦੀ ? ਤੇ ਫਿਰ ਉਸ ਨੇ ਪਹਿਲਾਂ ਮੇਰੇ ਵਲ ਤੇ ਫਿਰ ਆਪਣੇ ਵਲ ਉਂਗਲੀ ਕਰਕੇ, ਮੁਸਕਰਾਉਂਦੇ ਹੋਇਆਂ ਕਿਹਾ, "ਇਕ ਤੇ ਇਕ ਦੁਨੀਆਂ। ਉਸ ਦੁਨੀਆਂ ਨੂੰ ਬੜਾ ਚਾਹਿਆ, ਪਰ ਇਸ ਦੁਨੀਆਂ ਦਾ ਮੋਹ ਨਾ ਗਿਆ !"

ਇਹ ਕਹਿ ਕੇ ਉਹ ਜ਼ੋਰ ਦੀ ਹੱਸੀ ਤੇ ਫਿਰ ਇਕਦਮ ਹੀ ਗੰਭੀਰ ਹੋ ਕੇ ਬੋਲੀ, "ਤੇਰੇ ਚਿਤਰ ਕਈ ਵਾਰ ਵੇਖੇ ਹਨ। ਪਰ ਇਨ੍ਹਾਂ ਸੰਬੰਧੀ ਤੇਰੇ ਨਾਲ ਗੱਲ ਕਰਨ ਦਾ ਹੌਂਸਲਾ ਨਹੀਂ ਪਿਆ। ਹਰ ਰਚਨਹਾਰ ਦਾ ਆਪਣਾ ਇਕ ਆਦਰਸ਼ਕ ਸੰਸਾਰ ਹੁੰਦਾ ਹੈ, ਜਿਸ ਨੂੰ ਉਹ ਆਪਣੀ ਰਚਨਾ ਵਿਚ ਨਿਰੂਪਣ ਕਰਦਾ ਹੈ, ਸਾਮਿਅਕ ਜੀਵਨ ਵਿਚ ਜੋ ਕੁਝ ਨਹੀਂ, ਜਾਂ ਜੋ ਕੁਝ ਇਸ ਵਿਚ ਹੋਣਾ ਚਾਹੀਦਾ ਹੈ, ਦਾ ਸੰਕੇਤ ਦੇ ਕੇ। ਪਰ ਜਦੋਂ ਮੈਂ ਤੇਰੇ ਚਿਤਰਾਂ ਦੇ ਸ਼ੀਰਸ਼ਕ ਪੜ੍ਹਦੀ ਹਾਂ : 'ਕ੍ਰੋਧ', 'ਰੇਪ', 'ਹਿੰਸਾ' ਤਾਂ ਜਾਪਦਾ ਹੈ ਤੂੰ ਇਸ ਪਰੀਭਾਸ਼ਾ ਅਧੀਨ ਨਹੀਂ ਆਉਂਦਾ।"

"ਨਹੀਂ ਮੇਰੇ, ਇਹ ਤਿੰਨੇ ਚਿਤਰ ਮਨੁੱਖ ਦੀ ਸਦੀਵੀ ਅਸ਼ਾਂਤੀ ਦੇ ਪ੍ਰਤੀਕ ਹਨ। ਚਾਹੇ ਇਹ ਅਸ਼ਾਂਤੀ ਨਿਰੋਲ ਮਾਨਸਕ ਹੈ, ਚਾਹੇ ਲਿੰਗ-ਭਾਵਨਾ ਤੋਂ ਉਤਪੰਨ, ਤੇ ਚਾਹੇ ਕਿਸੇ ਹੋਰ ਅਪ੍ਰਾਪਤੀ ਦਾ ਪ੍ਰਤੀਕਰਮ।"

"ਤੇ 'ਉਦਾਸੀ', 'ਇਕਾਂਤ', 'ਸੋਚ', 'ਸ਼ਾਂਤੀ' ਆਦਿ ਚਿਤਰ..."

"ਮੈਂ ਸਮਝਦਾ ਹਾਂ ਕਿ ਮਨੁੱਖ ਦਾ ਲਖਸ਼ ਸਦੀਵੀ ਸ਼ਾਂਤੀ ਦੀ ਢੂੰਡ ਹੈ। ਇਹ ਸ਼ਾਂਤੀ ਨਹੀਂ ਮਿਲਦੀ, ਮਨ ਉਦਾਸ ਹੋ ਜਾਂਦਾ ਹੈ, ਆਪਣੇ ਅੰਦਰ ਬਾਹਰ ਇਕ ਇਕਾਂਤ ਪਸਰਦੀ ਇਕ ਅਜਨਬੀਪਨ ਉਸਰ ਆਉਂਦਾ ਹੈ, ਮਨ ਇਸ ਅਜਨਬੀ ਸ਼ੋਰ ਦੇ ਚੁਗਿਰਦੇ ਵਿੱਚੋਂ ਕੋਈ ਨਵਾਂ ਰਾਹ ਲੱਭਣ ਲਈ ਸੋਚਦਾ ਹੈ ਤੇ ਆਪਣੇ ਲਖਸ਼, ਸ਼ਾਂਤੀ ਦੀ,ਉਸ ਦੀ ਪ੍ਰਕਿਰਤੀ ਦੀ, ਕਲਪਨਾ ਕਰਦਾ ਹੈ ..."

"ਤੇਰੇ ਇਸ ਚਿਤਰ 'ਸ਼ਾਂਤੀ' ਵਿਚਲੇ ਸਿਰ-ਰਹਿਤ ਤੀਵੀਂ ਤੇ ਆਦਮੀ ਇਕ ਦੂਜੇ ਵਿਚ ਅਭੇਦ ਹੋਏ ਕੀ ਸ਼ਾਂਤੀ ਦਾ ਸੁਝਾਅ ਦੇ ਰਹੇ ਹਨ ?"

"ਨਹੀਂ, ਕੇਵਲ ਇਸ ਗੱਲ ਦਾ ਕਿ ਸਰੀਰਕ ਪੱਧਰ ਦੀ ਸ਼ਾਂਤੀ ਛਿਣ-ਭੰਗਰੀ ਹੀ ਨਹੀਂ, ਸਗੋਂ ਅਮਿੱਟ ਤ੍ਰਿਸ਼ਨਾ ਦਾ ਸੋਮਾ ਵੀ ਹੈ। ਇਹ ਸੋਚਣ ਵਾਲਾ ਦਿਮਾਗ਼ ਸਮੇਤ ਸਿਰ ਜੇ ਜਿਸਮ ਤੋਂ ਅਲੱਗ ਕਰ ਦੇਈਏ, ਤਾਂ ਇਨਸਾਨੀ ਜਿਸਮ ਪਸ਼ੂ-ਜਿਸਮ ਵਿਚ ਤਬਦੀਲ ਹੋ ਜਾਂਦਾ ਹੈ, ਕੋਈ ਫਰਕ ਨਹੀਂ ਰਹਿੰਦਾ।"

"ਅਜਬ ਫ਼ਲਸਫ਼ਾ ਹੈ, ਦਿਮਾਗ਼ ਤੇ ਸੋਚ-ਸ਼ਕਤੀ ਹੀ ਸਭ ਅਸ਼ਾਂਤੀ ਤੇ ਆਤਮ-ਵਿਰੋਧ ਦਾ ਕੇਂਦਰ ਹਨ ਤੇ ਦਿਮਾਗ਼ ਬਿਨਾਂ ਇਨਸਾਨ, ਇਨਸਾਨ ਨਹੀਂ ਰਹਿੰਦਾ, ਪਸ਼ੂ ਬਣ ਜਾਂਦਾ ਹੈ। ਇਕ ਗੱਲ ਪੁੱਛਾਂ ? ਤੂੰ ਪਸ਼ੂ ਬਣਨਾਂ ਚਾਹੁੰਦਾ ਹੈਂ, ਕਿ ਇਨਸਾਨ ?"

"ਬੜਾ ਟੇਢਾ ਸਵਾਲ ਹੈ ਤੇ ਸ਼ਰਾਰਤੀ ਵੀ। ਤੇਰੇ ਸਾਹਮਣੇ ਆਪਣੇ ਅੰਦਰਲੇ ਪਸ਼ੂ ਤੇ ਇਨਸਾਨ ਵਿਚਕਾਰ ਬਹਿਸ ਹੁੰਦਾ, ਮੈਂ ਇਸ ਸਵਾਲ ਦਾ ਉੱਤਰ ਤੇਰੇ ਕਾਦਰ ਉੱਤੇ ਛੱਡਦਾ ਹਾਂ।"

ਉਹ ਖੁੱਲ੍ਹ ਕੇ ਹੱਸੀ ਤੇ ਇਹ ਬਹਿਸ ਇਕ ਸੁਖਾਵਾਂ ਮੋੜ ਲੈ ਕੇ ਸਮਾਪਤ ਹੋ ਗਈ।

ਮੈਂ ਤੇ ਮੈਗੀ ਇਕ ਦੂਜੇ ਸਾਹਮਣੇ ਅੰਦਰੋਂ ਬਿਲਕੁਲ ਨਗਨ ਹੋ ਚੁੱਕੇ ਸਾਂ। ਆਪਣੇ ਅਸੰਤੁਸ਼ਟ ਆਪੇ ਨੂੰ, ਉਸ ਅੱਗੇ ਨਿਵਸਤਰ ਕਰਕੇ, ਮੈਨੂੰ ਹਰ ਵਾਰ ਹੀ ਇਕ ਅਨੋਖਾ ਸੰਤੋਸ਼ ਪ੍ਰਾਪਤ ਹੁੰਦਾ ਸੀ। ਬੀਅਰ ਪੀਂਦੇ, ਰੋਟੀ ਖਾਂਦੇ, ਸੈਰ ਕਰਦੇ, ਵੱਖੋ ਵੱਖ ਕਮਰਿਆਂ ਵਿਚ ਬੈਠੇ ਅਸੀਂ ਬਿਨ ਬੋਲੇ ਹੀ ਇਕ ਦੂਜੇ ਨੂੰ ਸੁਣ

ਸਕਦੇ ਸਾਂ। ਇੰਞ ਜਾਪਦਾ ਸੀ ਜਿਵੇਂ ਸਾਨੂੰ ਇਕ ਦੂਜੇ ਦੀ ਆਦਤ ਹੋ ਗਈ ਹੋਵੇ। ਪਰ ਫਿਰ ਵੀ ਕਦੇ-ਕਦੇ ਇਕ ਖੋਹ ਜਿਹੀ ਪੈਂਦੀ ਸੀ, ਮਹਿਸੂਸ ਹੁੰਦਾ ਸੀ ਜਿਵੇਂ ਸਭ ਕੁਝ ਪ੍ਰਾਪਤ ਕਰਕੇ ਵੀ ਮੈਂ ਸੱਖਣਾ ਹੀ ਹੋਵਾਂ ! ਜਿਵੇਂ ਪਾਣੀ ਦੇ ਨਿਰਮਲ ਤਾਲਾਬ ਵਿਚ ਬੈਠਿਆਂ ਵੀ ਮੈਂ ਰੋਮ-ਰੋਮ ਪਿਆਸਾ ਹੋਵਾਂ। ਇਸ ਊਣੀ-ਊਣੀ, ਭਰੀ ਭਰੀ, ਸੱਖਣੀ ਸੱਖਣੀ ਜ਼ਿੰਦਗੀ ਵਿਚ ਇਕ ਅਜੀਬ ਕਿਸਮ ਦੀ ਖ਼ਾਹਿਸ਼ ਸੀ, ਜਿਸ ਨੂੰ ਵਾਸ਼ਨਾ ਨਹੀਂ ਕਿਹਾ ਜਾ ਸਕਦਾ ਤੇ ਇਕ ਅਜੀਬ ਕਿਸਮ ਦਾ ਸੰਤੋਸ਼, ਜਿਸ ਨੂੰ ਤ੍ਰਿਪਤੀ ਨਹੀਂ ਕਿਹਾ ਜਾ ਸਕਦਾ।

ਦਿਨ ਗੁਜ਼ਰਦੇ ਗਏ ਤੇ ਫਿਰ ਉਹ ਸਮਾਂ ਆ ਗਿਆ ਜਦੋਂ ਮੈਗੀ ਨੇ ਅਮਰੀਕਾ ਚਲੇ ਜਾਣਾ ਸੀ, ਇਕ ਹੋਰ ਸੱਧਰ, ਇਕ ਹੋਰ ਅਭਿਲਾਸ਼ਾ ਤੇ ਫਿਰ ਅਭਿਲਾਸ਼ਾ ਤੋਂ ਸੁਤੰਤਰਤਾ—ਮੈਗੀ ਨੂੰ ਆਪਣੀ ਇਸ ਭਟਕਣ ਦਾ ਕਾਰਨ ਸਮਝ ਨਹੀਂ ਸੀ ਆ ਰਿਹਾ। ਇਸੇ ਲਈ ਉਹ ਕੱਲੀ ਕਹਿਰੀ ਦੇਸ਼-ਬਦੇਸ਼ ਘੁੰਮ ਰਹੀ ਸੀ।

ਸਵੇਰੇ ਉਸ ਨੇ ਚਲੇ ਜਾਣਾ ਸੀ ਤੇ ਸ਼ਾਮੀਂ ਅਸੀਂ ਚੁੱਪ ਚਾਪ ਬੀਅਰ ਤੇ ਵਿਸਕੀ ਪੀਂਦੇ ਰਹੇ ਸਾਂ, ਜਿਵੇਂ ਸਭ ਗੱਲਾਂ ਮੁੱਕ ਗਈਆਂ ਹੋਣ। ਰਸਮੀ ਹੂੰ ਹਾਂ ਕਰਦੇ ਅਸੀਂ ਦੋਵੇਂ ਇਕ ਦੂਜ਼ੇ ਦੇ ਏਨਾ ਨੇੜੇ ਹੁੰਦੇ ਹੋਏ ਵੀ ਇਕ ਦੂਜੇ ਤੋਂ ਬਹੁਤ ਦੂਰ ਚਲੇ ਗਏ ਸਾਂ। ਇਸ ਵਾਤਾਵਰਣ ਨੂੰ ਹੋਰ ਸਹਿਣ ਨਾ ਕਰ ਸਕਣ ਕਰਕੇ ਅਸੀਂ ਆਪੋ ਆਪਣੇ ਕਮਰਿਆਂ ਵਿਚ ਚਲੇ ਗਏ। ਉਸ ਦੇ ਹੱਥ ਵਿਚ 'ਲਸਟ ਫ਼ਾਰ ਲਾਈਫ਼' ਪੁਸਤਕ ਸੀ। ਕਮਰਿਆਂ ਦੇ ਵਿਚਕਾਰ ਦੀਵਾਰ ਹੋਣ ਦੇ ਬਾਵਜੂਦ ਵੀ ਮੈਂ ਇਹ ਵੇਖ ਸਕਦਾ ਸਾਂ ਕਿ ਉਸ ਰਾਤ ਉਹ ਕਾਫ਼ੀ ਦੇਰ ਤਕ ਇਹ ਪੁਸਤਕ ਪੜ੍ਹਦੀ ਰਹੀ ਸੀ।

ਅਜੇ ਮਸਾਂ ਮੇਰੀ ਅੱਖ ਲੱਗਣ ਲੱਗੀ ਸੀ ਕਿ ਮੇਰੇ ਦਰਵਾਜ਼ੇ 'ਤੇ ਦਸਤਕ ਹੋਈ। ਮੈਂ ਉੱਠ ਕੇ ਦਰਵਾਜ਼ਾ ਖੋਲ੍ਹਿਆ। ਸੀ ਥਰੂ ਗਾਊਨ ਵਿਚ ਮੈਗੀ ਮੇਰੇ ਸਾਹਮਣੇ ਖੜੋਤੀ ਸੀ। ਉਸ ਦੇ ਹੱਥ ਵਿਚ 'ਲਸਟ ਫ਼ਾਰ ਲਾਈਫ਼' ਫੜੀ ਹੋਈ ਸੀ। ਉਹ ਮੈਨੂੰ ਸੰਬੋਧਨ ਕਰਕੇ ਬੋਲੀ, "ਇਹ ਪੁਸਤਕ ਹੈ ਨਾ, ਇਹ ਮੇਰੀ ਹੈ। ਮੈਂ ਆਪਣੇ ਕਈ ਮਿੱਤਰਾਂ ਨੂੰ ਪੜ੍ਹਨ ਲਈ ਦਿੱਤੀ ਹੈ। ਇਸ ਉੱਤੇ ਕਈ ਹੱਥਾਂ ਦੇ ਨਿਸ਼ਾਨ ਹਨ। ਥਿੰਦੇ, ਮੈਲੇ, ਸੁੰਦਰ, ਕੁਹਜੇ, ਖੁਰਦਰੇ, ਨਰਮ, ਪਿਆਰੇ, ਬੁਰੇ, ਸੁਆਰਥੀ, ਹਿਰਸੀ ਕਰੋਧੀ ਤੇ ਹਿੰਸਕ ਹੱਥਾਂ ਦੇ। ਪਰ ਇਹ ਪੁਸਤਕ ਮੈਂ ਤੈਨੂੰ ਨਹੀਂ ਦਿੱਤੀ। ਸਾਰੀ ਰਾਤ ਆਪਣੇ ਆਪ ਨਾਲ ਲੜਦੀ ਰਹੀ ਹਾਂ ਪਰ ਕੋਈ ਫੈਸਲਾ ਨਹੀਂ ਕਰ ਸਕੀ। ਇਸ ਅਨਿਰਣੇ ਦੀ ਅਵਸਥਾ ਵਿਚੋਂ ਜੋ ਦਰਦ ਉੱਠਿਆ, ਉਸ ਵਿਚ ਆਪਣੀ ਹੀ ਲੱਜ਼ਤ ਸੀ ਤੇ ਆਪਣੀ ਹੀ ਰਾਹਤ। ਇਹ ਦਰਦ ਜਦ ਕਦੇ ਵੀ ਕਿਸੇ ਇਸਤਰੀ ਦੇ ਅੰਦਰੋਂ ਸੁਹਿਰਦ ਰੂਪ ਵਿਚ ਉੱਠਦਾ ਹੈ, ਤਾਂ ਜਾਂ ਕੁਝ ਬਣਦਾ ਹੈ, ਜਾਂ ਮਿਟ ਜਾਂਦਾ ਹੈ।"

ਛਿਣ ਦੀ ਛਿਣ ਉਹ ਸਾਹ ਲੈਣ ਲਈ ਰੁਕੀ ਤਾਂ ਉਸ ਨੇ ਆਪਣਾ ਗਾਊਨ ਉਤਾਰ ਕੇ ਮੇਰੇ ਮੰਜੇ ਦੀ ਪੁਆਂਦੀ ਰੱਖਦਿਆਂ ਗੱਲ ਅੱਗੇ ਤੋਰੀ, "ਬੜੀ ਦੇਰ ਤੋਂ ਮੇਰੀ ਇੱਛਾ ਸੀ ਕਿ ਕਿਸੇ ਨੂੰ ਆਪਣੇ ਮਨ, ਆਪਣੀ ਆਤਮਾ ਵਿਚ ਇਕ ਸਦੀਵੀ ਯਾਦ, ਇਕ ਨਿਰਲੇਪ ਸੰਬੰਧ ਦੇ ਰੂਪ ਵਿਚ ਸਾਂਭਾਂ, ਸਾਂਭ ਕੇ ਰੱਖਾਂ, ਪਰ ਮੇਰੀ ਇਹ ਇੱਛਾ ਕਦੇ ਵੀ ਪੂਰੀ ਨਹੀਂ ਹੋਈ। ਰਾਤ ਦਾ ਦਰਦ ਫਿਰ ਕੁਝ ਬਨਾਉਣ ਜਾਂ ਮਿਟਾਉਣ ਤੇ ਤੁਲਿਆ ਰਿਹਾ ਤੇ ਮੈਂ ਇਹ ਪੁਸਤਕ ਫੜੀ ਅਨਿਰਣੇ ਦੀ ਅਵਸਥਾ ਵਿਚ ਤੇਰੇ ਸਾਹਮਣੇ ਆ ਖੜੋਤੀ ਹਾਂ। ਮੈਂ ਤੈਨੂੰ ਇਸ ਪੁਸਤਕ 'ਤੇ ਇਕ ਹੋਰ ਦਾਗ਼ ਵਾਂਗ ਨਹੀਂ, ਸਗੋਂ ਆਪਣੇ ਮਨ ਵਿਚ ਇਕ ਯਾਦ ਵਾਂਗ ਸਾਂਭ ਕੇ ਰੱਖਣਾ ਚਾਹੁੰਦੀ ਹਾਂ। ਉਂਞ ਜੇ ਤੇਰੀ ਇੱਛਾ ਇਸ ਪੁਸਤਕ 'ਤੇ ਇਕ ਹੋਰ ਦਾਗ਼ ਬਣਨ ਦੀ ਹੀ ਹੈ ਤਾਂ ਇਹ ਸਭ ਕੁਝ ਤੇਰੇ ਸਾਹਮਣੇ, ਤੇਰੇ ਵਾਸਤੇ ਹਾਜ਼ਰ ਹੈ।"

ਛਿਣ ਦੀ ਛਿਣ ਮੈਨੂੰ ਇੰਞ ਮਹਿਸੂਸ ਹੋਇਆ, ਜਿਵੇਂ ਉਸ ਦਾ ਸਗਲਾ ਜਿਸਮ ਪਿੱਠ-ਭੂਮੀ ਵਿਚ ਚਲਾ ਗਿਆ ਹੋਵੇ ਤੇ ਅੱਖਾਂ ਅੱਗਰਭੂਮੀ ਵਿਚ ਆ ਗਈਆਂ ਹੋਣ। ਇਹਨਾਂ ਅੱਖਾਂ ਵਿਚ ਦੋ ਅੱਥਰੂ ਲਰਜ਼ਦੇ ਮੈਂ ਅੱਜ ਪਹਿਲੀ ਵਾਰ ਵੇਖੇ ਸਨ !

# ਪਸ਼ੂ ਹੋਣ ਤਕ

ਬਸ ਇੰਵ ਹੀ ਹੁੰਦਾ ਹੈ ਮੇਰੇ ਨਾਲ। ਜੋ ਕੁਝ ਮੈਂ ਕਰਨਾ ਚਾਹੁੰਦਾ ਹਾਂ ਉਹ ਕੁਝ ਕਰ ਨਹੀਂ ਪਾਉਂਦਾ ਤੇ ਜੋ ਕੁਝ ਮੈਂ ਨਹੀਂ ਚਾਹੁੰਦਾ, ਉਹ ਕੁਝ ਆਪਣੇ ਆਪ ਹੀ ਵਾਪਰ ਜਾਂਦਾ ਹੈ—ਮੇਰੇ ਨਾਲ ! ਫਿਰ ਵੀ ਮੈਂ ਪੱਕੀ ਠਾਣੀ ਹੋਈ ਹੈ ਕਿ ਇਸ ਅਣਇੱਛਤ ਘਟਨਾ ਚੱਕਰ ਦੇ ਵਿਰੁੱਧ ਸੰਗਰਾਮ ਜ਼ਰੂਰ ਕਰਨਾ ਹੈ। ਇਕ ਬੰਦਾ, ਇਕ ਜਨਮ, ਗਿਣਤੀ ਦੇ ਕੁਝ ਸਾਲ—ਉਹਨਾਂ ਵਿੱਚੋਂ ਵੀ ਕੁਝ ਬਚਪਨ ਦੇ ਲੇਖੇ, ਕੁਝ ਬੁਢਾਪੇ ਦਾ ਸ਼ਿਕਾਰ—ਇਹ ਜਵਾਨੀ ਦਾ ਸਮਾਂ ਵੀ ਜੇ ਆਪਣਾ ਨਾ ਹੋਇਆ ਤਾਂ ਕੀ ਹੋਇਆ—ਬਿਰਥਾ ਜਨਮ !

ਸਵੇਰ ਤੋਂ ਮੇਰਾ ਜੀ ਕਰ ਰਿਹਾ ਹੈ ਕਿ ਮੈਂ ਕੋਈ ਕਹਾਣੀ ਲਿਖਾਂ ਪਰ ਕਵਿਤਾ ਦੀਆਂ ਇਹ ਤੁਕਾਂ ਮੇਰੇ ਪਿੱਛਾ ਹੀ ਨਹੀਂ ਛੱਡਦੀਆਂ :

ਪੱਤੀ ਪੱਤੀ ਕਿਰਨਾ,
ਟੁੱਟਣਾ ਕਣੀ ਕਣੀ,
ਜੇ ਰੁੱਖ ਦੀ ਜੜ੍ਹ ਬੱਦਲ,
ਤਾਂ ਰੁੱਖ ਨਹੀਂ ਬਣਨਾ !

ਗੱਲ ਬਣ ਰਹੀ ਹੈ, ਪਰ ਮੈਂ ਇਸ ਤੋਂ ਅੱਗੇ ਇਕ ਤੁਕ ਵੀ ਹੋਰ ਨਹੀਂ ਲਿਖਣੀ ਚਾਹੁੰਦਾ। ਮੇਰੇ ਜ਼ਿਹਨ ’ਤੇ ਕਹਾਣੀ ਦਾ ਭੂਤ ਸਵਾਰ ਹੈ ਤੇ ਕਵਿਤਾ ਦੀਆਂ ਇਹ ਤੁਕਾਂ ਹੱਥ ਧੋ ਕੇ ਮੇਰੇ ਪਿੱਛੇ ਪੈ ਗਈਆਂ ਹਨ। ਇਹ ਤੁਕਾਂ ਜੋ ਮੇਰੇ ਆਪਣੇ ਹੀ ਜੀਵਨ ਉੱਤੇ ਇਕ ਕਟਾਖ਼ਸ਼ ਹਨ, ਵਿਅੰਗ ਹਨ—ਆਪਣੇ ਆਪ ਦਾ ਉਪਹਾਸ ਭਲਾ ਕੋਈ ਕਿਵੇਂ ਉਡਾ ਸਕਦਾ ਹੈ ? ਅਖੇ ਜੇ ‘ਰੁੱਖ ਦੀ ਜੜ੍ਹ ਬੱਦਲ, ਤਾਂ ਰੁੱਖ ਨਹੀਂ ਬਣਨਾ।’ ਪੂਰਨ ਸੁਤੰਤਰਤਾ ਦੀ ਅਭਿਲਾਸ਼ਾ ਤੇ ਨਾ ਚਾਹੁੰਦੇ ਹੋਇਆਂ ਵੀ ਮੈਂ ਇਸ ਕਵਿਤਾ ਨੂੰ ਅੱਗੇ ਤੋਰਾਂ—ਨਹੀਂ, ਜਿਸ ਕਾਗਜ਼ ਦੇ ਟੁਕੜੇ ਉੱਤੇ ਮੈਂ ਇਹ ਤੁਕਾਂ ਲਿਖੀਆਂ ਹਨ, ਉਸ ਨੂੰ ਪੁਰਜ਼ਾ ਪੁਰਜ਼ਾ ਕਰ ਦਿੰਦਾ, ਤੇਲ ਪਾ ਕੇ ਫੂਕ ਦਿੰਦਾ ਹਾਂ, ਪਰ ਮੇਰੇ ਕੰਨਾਂ ਵਿਚ ਇਹ ਸੁਰ ਫਿਰ ਵੀ ਉੱਭਰਦਾ ਹੈ, ‘ਤਾਂ ਰੁੱਖ ਨਹੀਂ ਬਣਨਾ’ ਮੈਨੂੰ ਇੰਵ ਪ੍ਰਤੀਤ ਹੁੰਦਾ ਹੈ ਜਿਵੇਂ ਕਾਗਜ਼ ਦੇ ਬਲ ਰਹੇ ਪੁਰਜ਼ਿਆਂ ਸੌਂਹੇਂ ਮੇਰੇ ਅੰਦਰ ਸੈਆਂ ਰੁੱਖ ਉੱਗ ਪਏ ਹੋਣ, ਮੈਨੂੰ ਸਣ-ਕੱਪੜੀਂ ਅੱਗ ਲੱਗ ਗਈ ਹੋਵੇ ਅਤੇ ਮੈਂ ਦੂਰ ਖੜ੍ਹਾ ਤਮਾਸ਼ਾ ਵੇਖ ਰਿਹਾ ਹੋਵਾਂ। ਮੈਂ ਵੀ ਆਖ਼ਿਰ ਮੈਂ ਹਾਂ, ਪੱਕੇ ਇਰਾਦੇ ਨਾਲ ਸਿਰ ਨੂੰ ਝਟਕ ਦਿੰਦਾ ਹਾਂ। ਸ਼ੀਸ਼ੇ ਵਿਚ ਬਲਦੀ ਅੱਗ ਸਿਆਹੀ ਮਾਇਲ ਹੁੰਦੀ-ਹੁੰਦੀ ਅਚਾਨਕ ਗਾਇਬ ਹੋ ਜਾਂਦੀ ਹੈ !

ਟੀਨ ਦੀ ਛੱਤ ਉੱਤੇ ਹਲਕੀ ਕਿਣ-ਮਿਣ ਦੀ ਆਵਾਜ਼ ਸੁਣਾਈ ਦੇ ਰਹੀ ਹੈ। ਮੈਂ ਬਾਰੀ ਵਿੱਚੋਂ ਬਾਹਰ ਵੇਖਦਾ ਹਾਂ ਕਿ ਉੱਤਰ ਪੂਰਬ ਵਲ ਘਨਘੋਰ ਘਟਾਵਾਂ ਜੁੜਨ ਲਗ ਪਈਆਂ ਹਨ। ਇਹ ਜਾਣਦੇ ਹੋਇਆਂ ਵੀ ਕਿ ਏਥੇ ਜਦੋਂ ਵੀ ਭਾਰੀ ਤੇ ਲੰਮੀ ਵਰਖਾ ਸ਼ੁਰੂ ਹੁੰਦੀ ਹੈ, ਤਾਂ ਘਟਾ ਇਸੇ ਪਾਸਿਓਂ ਚੜ੍ਹਦੀ ਹੈ, ਮੇਰਾ ਜੀ

ਕਰਦਾ ਹੈ ਕਿ ਮੈਂ ਆਪਣੀ ਕਾਰ ਲੈ ਕੇ ਬਾਹਰ ਘੁੰਮਣ ਜਾਵਾਂ—ਅਕਾਰਨ ਘੁੰਮਣ ਵਿਚ ਵੀ ਤਾਂ ਕੋਈ ਕਾਰਨ ਹੁੰਦਾ ਹੀ ਹੈ।

ਜਾਣਦਾ ਹਾਂ ਕਿ ਵਸਦੇ ਮੀਂਹ ਹੇਠ ਏਥੋਂ ਦੀ ਸੁਰਖ ਤਿਲ੍ਹਕਣੀ ਮਿੱਟੀ ਵਿੱਚੋਂ ਲੰਘ ਕੇ ਮੇਰੀ ਕਾਰ ਮੁੜ ਕੇ ਘਰ ਵਾਪਸ ਨਹੀਂ ਆ ਸਕਦੀ। ਜੇ ਕੋਸ਼ਿਸ਼ ਕਰਕੇ ਇਸ ਨੂੰ ਲਿਆਉਣ ਦਾ ਯਤਨ ਕੀਤਾ ਵੀ ਤਾਂ ਤਿਲ੍ਹਕ ਕੇ ਹੇਠਾਂ ਡੂੰਘੀ ਖੱਡ ਵਿਚ ਜਾ ਡਿੱਗੇਗੀ ਤੇ ਜਾਂ ਉਲਟ ਜਾਵੇਗੀ। ਏਸ ਘਾਟੀ ਉੱਤੇ ਪੈਂਦੇ ਮੀਂਹ ਵਿਚ ਫਸੀਆਂ ਹੋਈਆਂ ਕਾਰਾਂ ਦੀ ਡਾਰ ਲਗ ਜਾਂਦੀ ਹੈ—ਕਈ ਡਰਾਈਵਰ ਖੱਡ ਵਿਚ ਡਿਗ ਕੇ ਮਰ ਚੁੱਕੇ ਤੇ ਕਈ ਚੜ੍ਹਾਈ ਚੜ੍ਹਨ ਦੇ ਯਤਨ ਵਿਚ ਆਪਣੀਆਂ ਕਾਰਾਂ ਦੇ ਇੰਜਨ ਸੀਜ਼ ਕਰਵਾ ਚੁੱਕੇ ਹਨ। ਇਹ ਵੀ ਜਾਣਦਾ ਹਾਂ ਕਿ ਰਸਤੇ ਵਿਚ ਹੀ ਕਾਰ ਪਾਰਕ ਕਰਕੇ ਪੱਕੀ ਸੜਕ ਤੋਂ ਦੋ ਮੀਲ ਦਾ ਕੱਚਾ ਰਸਤਾ ਤਿਲ੍ਹਕਦੇ, ਡਿਗਦੇ, ਢਹਿੰਦੇ ਮੈਨੂੰ ਪੈਦਲ ਹੀ ਤੈ ਕਰਨਾ ਪਵੇਗਾ। ਪਰ ਮੇਰੇ ਸਿਰ 'ਤੇ ਆਪਣੇ ਮਨ ਦੀ ਗੱਲ ਨੂੰ ਕਿਰਿਆਤਮਕ ਰੂਪ ਦੇਣ ਦਾ ਭੂਤ ਸਵਾਰ ਹੈ।

ਹਲਕੀ ਕਿਣ-ਮਿਣ ਵਿਚ ਮੈਂ ਖੁੱਲ੍ਹੇ ਦਰਾਂ ਵਿੱਚੋਂ ਬਾਹਰ ਨਿਕਲ, ਕਾਰ ਦਾ ਸਟੇਅਰਿੰਗ ਸੰਭਾਲ ਕੇ, ਜਿੱਧਰ ਲੈ ਜਾਏ ਸੜਕ ਉੱਧਰ ਤੁਰ ਪੈਂਦਾ ਹਾਂ। ਟਾਇਰ ਸਕਿਡ ਕਰ ਰਹੇ ਹਨ। ਪਰ ਨਿਵਾਣ ਦੇ ਰੁਖ ਮੈਂ ਸਿੱਧਾ ਹੀ ਪੱਕੀ ਸੜਕ ਤਕ ਪਹੁੰਚ ਸਕਦਾ ਹਾਂ। ਏਥੇ ਪਹੁੰਚ ਕੇ ਫਿਰ ਮੇਰੇ ਅੰਦਰ ਕੋਈ ਖੁਤ-ਖੁਤੀ ਜਿਹੀ ਹੁੰਦੀ ਹੈ ਤੇ ਮੇਰੀ ਕਾਰ ਆਪ-ਮੁਹਾਰਾ ਹੀ 'ਹੋਲ ਇਨ ਦਾ ਵਾਲ ਬਾਰ' ਸੌਂਹੇਂ ਰੁਕ ਜਾਂਦੀ ਹੈ। ਅੰਦਰ ਮਰਦਾਂ ਤੇ ਤੀਵੀਆਂ ਦੇ ਸ਼ਰਾਬੀ ਹਾਸੇ ਗੂੰਜ ਰਹੇ ਹਨ। ਬੀਅਰ ਦੀਆਂ ਬੋਤਲਾਂ ਨੂੰ ਕੁੜੀਆਂ ਦੇ ਪੈਰ ਲੱਗੇ ਹੋਏ ਹਨ !

"ਕੀ ਪੀਏਂਗਾ ?"

ਬਾਰਮੇਡ ਮੈਨੂੰ ਇਕ ਬੋਤਲ ਵਾਂਗ ਜਾਪਦੀ ਹੈ—ਬੋਤਲ ਜਿਸ ਨੂੰ ਇਕ ਖ਼ੂਬਸੂਰਤ ਕੁੜੀ ਦਾ ਚਿਹਰਾ ਤੇ ਲੱਤਾਂ ਲੱਗੀਆਂ ਹੋਈਆਂ ਹੋਣ।

ਮੇਰੇ 'ਖੁੱਲ੍ਹ ਜਾਹ' ਕਹਿਣ ਤੇ ਉਹ ਕੁੜੀ ਡੱਟਾ ਖੁੱਲ੍ਹਣ ਤੇ ਆਪ-ਮੁਹਾਰਾ ਨਿਕਲਣ ਵਾਲੀ ਝੱਗ ਵਾਂਗ ਨਿਰੰਤਰ ਹਾਸੇ ਦਾ ਰੂਪ ਬਣ ਜਾਂਦੀ ਹੈ। ਕਮਲੀ ਹੈ, ਉਸ ਨੂੰ ਪਤਾ ਹੈ ਕਿ ਬੀਅਰ ਤੇ ਤੀਵੀਂ ਦੇ ਮੁਆਮਲੇ ਵਿਚ ਮੇਰੀ ਕੋਈ ਵਿਸ਼ੇਸ਼ ਪਸੰਦ ਨਹੀਂ—ਜੋ ਹਾਜ਼ਰ ਸੋ ਕਬੂਲ। ਫਿਰ ਵੀ ਉਸ ਨੂੰ ਇਹ ਪ੍ਰਸ਼ਨ, 'ਕੀ ਪੀਏਂਗਾ ?' ਪੁੱਛਣ ਦੀ ਕਿੱਤਾ-ਕਾਰੀ ਆਦਤ ਪੈ ਚੁੱਕੀ ਹੈ। ਮੈਨੂੰ ਚੁੱਪ ਦੇਖ ਕੇ ਉਹ ਫਿਰ ਸੰਜੀਦਾ ਹੋ ਜਾਂਦੀ ਹੈ।

"ਆਈ ਲਾਈਕ ਕੋਲਡ ਬੀਅਰ ਐਂਡ ਹਾਟ ਵਿਮੈਨ।" (ਮੈਨੂੰ ਠੰਡੀ ਬੀਅਰ ਤੇ ਗਰਮ ਤੀਵੀਂ ਪਸੰਦ ਹਨ)

ਕਿਸੇ ਵੇਲੇ ਆਖੇ ਮੇਰੇ ਹੀ ਇਹ ਸ਼ਬਦ ਦੁਹਰਾਂਦੀ ਹੋਈ, ਉਹ ਹਾਸੇ ਵਿਚ ਦੂਹਰੀ ਤਿਹਰੀ ਹੁੰਦੀ ਕਾਊਂਟਰ ਵਲ ਚਲੀ ਜਾਂਦੀ ਹੈ। ਮੈਨੂੰ ਬੈਠਦਿਆਂ ਵੇਖ ਕੇ ਸਭ ਪਾਸਿਓਂ 'ਹੈਲੋ, ਚੀਅਰਜ਼' ਦੀ ਆਵਾਜ਼ ਆਉਂਦੀ ਹੈ। ਪਰ ਮੈਨੂੰ ਇਹ ਸਭ ਲੋਕ ਬੇ-ਸਿਰ ਦੇ ਧੜ ਜਾਪਦੇ ਹਨ। ਇਹਨਾਂ ਲੋਕਾਂ ਦਾ ਕੋਈ ਚਿਹਰਾ ਨਹੀਂ ਜੇ ਹੈ ਤਾਂ ਕੇਵਲ ਇਕ ਨਾਮ ਹੈ 'ਲਾਈਫਿਸਟਸ' (ਜ਼ਿੰਦਗੀ ਨੂੰ ਮਾਣਨ ਵਾਲੇ)।

ਜਦੋਂ ਮੈਂ ਬੀਅਰ ਦੀਆਂ ਤਿੰਨ-ਚਾਰ ਬੋਤਲਾਂ ਪੀ ਚੁਕਦਾ ਹਾਂ, ਤਾਂ ਉਹਨਾਂ ਲੋਕਾਂ ਲਈ ਮੇਰਾ ਚਿਹਰਾ ਵੀ ਮੇਰੇ ਧੜ ਨਾਲੋਂ ਲੱਥ ਗਿਆ ਜਾਪਦਾ ਹੈ। ਧੜਾਂ ਵਿਚ ਧੜ ਮੈਂ ਆਪਣੇ ਚਿਹਰੇ ਨੂੰ ਆਪਣੀ ਬੋਤਲ ਅਤੇ ਆਪਣੇ ਗਲਾਸ ਵਿਚ ਲੱਭਣ ਦਾ ਯਤਨ ਕਰਦਾ ਹਾਂ। ਇਸ ਉੱਤੇ ਜਵਾਨੀ ਤੋਂ ਪਹਿਲਾਂ ਹੀ ਬੁਢਾਪੇ ਦੀਆਂ ਰੇਖਾਵਾਂ ਉੱਭਰਦੀਆਂ ਵੇਖ ਕੇ ਮੈਂ ਆਪਣੇ ਅੰਤ ਤੋਂ ਪਹਿਲਾਂ ਹੀ ਗਟਾਗਟ ਗਲਾਸ ਵਿਚ ਬੀਅਰ ਦਾ ਥੱਲਾ ਲਾ ਦਿੰਦਾ ਹਾਂ। ਬਾਰਮੇਡ ਮੇਰੇ ਸਾਹਵੇਂ ਖੜ੍ਹੀ ਹੈ। ਉਸ ਨੂੰ ਪਤਾ ਹੈ ਕਿ ਮੈਨੂੰ ਬੀਅਰ ਨਾਲ ਨਸ਼ਾ ਨਹੀਂ ਹੁੰਦਾ। ਸ਼ਾਇਦ ਇਸੇ ਲਈ ਉਹ ਵੈਟ 69 (ਸਕਾਚ ਵਿਸਕੀ) ਦਾ ਅਧੀਆ ਤੇ ਜਿੰਜਰ ਏਲ ਲਿਆ ਕੇ ਮੇਰੇ ਸਾਹਵੇਂ ਰੱਖ, ਮੇਰੇ ਨਾਲ ਜੁੜ ਕੇ ਬੈਠ ਜਾਂਦੀ ਹੈ।

"ਅੱਜ ਤੈਨੂੰ ਮੇਰਾ ਇੰਤਜ਼ਾਰ ਕਰਨਾ ਹੀ ਪਵੇਗਾ। ਗਿਆਰਾਂ ਵਜੇ ਮੇਰੀ ਡਿਊਟੀ ਖ਼ਤਮ ਹੋ ਜਾਵੇਗੀ। ਫਿਰ ਮੈਂ ਤੇਰੇ ਨਾਲ ਚੱਲਾਂਗੀ।"

ਕਬਾਇਲੀ ਭਾਸ਼ਾ ਵਿਚ ਇਹ ਗੱਲ ਕਹਿੰਦੀ-ਕਹਿੰਦੀ ਉਹ ਮੇਰੀ ਵੱਖੀ ਵਿਚ ਚੂੰਢੀ ਵੱਢਦੀ ਹੋਈ ਅੰਗਰੇਜ਼ੀ ਵਿਚ ਬੋਲਦੀ ਹੈ, "ਵੈਨ ਯੂ ਆਰ ਡਰੰਕ, ਯੂ ਆਰ ਵੈਰੀ ਸਵੀਟ ਡਾਰਲਿੰਗ ! ਆਈ ਐਮ ਥਰਸਟੀ ਫਾਰ ਯੂ, ਲੁਕ ਐਟ ਐਨ ਐਂਪਟੀ ਗਲਾਸ ਐਂਡ ਪਾਰਚਿੰਗ ਲਿਪਸ।" (ਜਦੋਂ ਤੂੰ ਸ਼ਰਾਬ ਵਿਚ ਗੁੱਟ ਹੁੰਦਾ ਹੈਂ ਤਾਂ, ਤੇਰੀ ਸੰਗਤ ਆਨੰਦ ਦਾ ਸਿਖਰ ਹੁੰਦੀ ਹੈ—ਡਾਰਲਿੰਗ ! ਮੈਨੂੰ ਤੇਰੀ ਬੜੀ ਪਿਆਸ ਲੱਗੀ ਹੈ, ਵੇਖ, ਖ਼ਾਲੀ ਗਿਲਾਸ ਤੇ ਪਿਆਸੇ ਹੋਂਠ।)

ਮੈਂ ਉਸ ਨੂੰ ਤਿੰਨ-ਚਾਰ ਗੰਦੀਆਂ ਗਾਲ੍ਹਾਂ ਕੱਢ ਕੇ, ਉਸ ਦੇ ਮੌਰਾਂ ਵਿਚ ਇਕ ਧੱਫਾ ਜੜ੍ਹ ਦਿੰਦਾ ਹਾਂ। ਉਹ ਦਰਦ ਤੇ ਖ਼ੁਸ਼ੀ ਦੀ ਲੱਜ਼ਤ ਵਿਚ ਦੂਹਰੀ ਤਿਹਰੀ ਹੁੰਦੀ ਹੋਰ ਗਾਹਕਾਂ ਵਲ ਚਲੀ ਜਾਂਦੀ ਹੈ। ਅਫ਼ਰੀਕਨ ਮਯਾਰ ਅਨੁਸਾਰ ਖ਼ੂਬਸੂਰਤ ਕੁੜੀ ਹੈ, ਚੰਗੇ ਨੈਣ ਨਕਸ਼, ਕਾਲਾ ਸ਼ਾਹ ਰੰਗ, ਘੁੰਗਰਵਾਲੇ ਵਾਲ, ਗੱਠਿਆ ਹੋਇਆ ਕਾਠਾ ਤੇ ਸੰਤੁਲਤ ਜਿਸਮ, ਭਰਵੀਆਂ ਛਾਤੀਆਂ ਤੇ ਉੱਭਰੇ ਨਿਤੰਭ—ਫਿਰ ਵੀ ਕੇਵਲ ਸੱਤਰਾਂ ਸ਼ਲਿੰਗਾਂ ਲਈ ਮਹੀਨਾ ਭਰ ਏਥੇ ਜਗਰਾਤੇ ਕੱਟਦੀ, ਗਾਲ੍ਹਾਂ ਖਾਂਦੀ ਤੇ ਫੁਹਸ਼ ਮਖ਼ੌਲ ਸਹਿਨ ਕਰਦੀ ਹੈ। ਇਸ ਨੂੰ ਕਦੇ ਵੀ ਕੋਈ ਚੰਗਾ ਮਰਦ ਮਿਲ ਸਕਦਾ ਹੈ, ਜੋ ਇਸ ਨੂੰ ਘਰ ਵਸਾ ਕੇ ਆਪਣੇ ਬੱਚਿਆਂ ਦੀ ਮਾਂ ਬਨਾਉਣ ਵਿਚ ਫ਼ਖ਼ਰ ਮਹਿਸੂਸ ਕਰੇਗਾ।

ਮੈਂ ਜਦ ਵੀ ਉਸ ਨੂੰ ਇਹ ਸਮਝਾਉਣ ਦਾ ਯਤਨ ਕਰਦਾ ਹਾਂ, ਤਾਂ ਉਹ ਮੇਰੇ 'ਤੇ ਹੱਸ ਪੈਂਦੀ ਹੈ, "ਤੂੰ ਕਮਲਾ ਹੈਂ, ਪਤਨੀ ਤੇ ਮਾਂ ਬਣਨ ਵਿਚ ਏਡੀ ਕਿਹੜੀ ਕਾਹਲ ਹੈ। ਬੜੀ ਜ਼ਿੰਦਗੀ ਪਈ ਹੈ ਅਜੇ। ਕੁਝ ਮਜ਼ੇ ਤਾਂ ਕਰ ਲਈਏ। ਤੂੰ ਆਪ ਹੀ ਤਾਂ ਕਹਿੰਦਾ ਹੈਂ ਕਿ ਬੀਅਰ ਤੇ ਤੀਵੀਂ ਦੇ ਸੰਬੰਧ ਵਿਚ ਤੇਰੀ ਕੋਈ ਵਿਸ਼ੇਸ਼ ਚੋਣ ਨਹੀਂ, ਜੋ ਹਾਜ਼ਰ ਸੋ ਕਬੂਲ—ਮਰਦਾਂ ਦੇ ਸੰਬੰਧ ਵਿਚ ਮੇਰੀ ਵੀ ਕੁਝ ਐਸੀ ਹੀ ਆਦਤ ਹੈ—ਕਿਸੇ ਇਕ ਮਰਦ ਦੀ ਆਦਤ ਤਾਂ ਪੈ ਲਵੇ, ਫਿਰ ਚੋਣ ਵੀ ਕਰ ਲਵਾਂਗੀ।"

"ਤੂੰ ਪਾਗਲ ਹੈਂ, ਮਰਦ ਏਥੇ ਔਰਤਾਂ ਨੂੰ ਆਪਣੀ ਆਦਤ ਪਾਉਣ ਨਹੀਂ ਆਉਂਦੇ, ਸਗੋਂ ਬਦਲੀ (ਚੇਂਜ) ਤੇ ਆਨੰਦ ਲਈ ਆਉਂਦੇ ਹਨ। ਅੱਜ ਏਥੇ। ਕੱਲ੍ਹ ਉੱਥੇ, ਅੱਜ ਇਹ, ਕੱਲ੍ਹ ਉਹ।"

"ਠੀਕ ਹੈ—ਵਾਹਦੇ ਦੀ ਵਫ਼ਾ ਤੱਕ ਪਹੁੰਚਣ ਦੀ ਕਿਸ ਨੂੰ ਵਿਹਲ ਹੈ—ਵਾਹਦੇ ਦੇ ਹੁਸਨ ਤਕ ਜੀ ਲਈਏ ਤਾਂ ਕਾਫੀ ਹੈ।"

"ਤੂੰ ਜਾਣ ਬੁੱਝ ਕੇ ਆਪਣੇ ਆਪ ਨੂੰ ਧੋਖਾ ਦੇ ਰਹੀ ਹੈਂ ਜੇਰੀ।"

"ਜ਼ਿੰਦਗੀ ਵੀ ਤਾਂ ਇਕ ਧੋਖਾ ਹੀ ਹੈ ਮਿਸਟਰ ਹਨੀਫ਼—ਜਿੱਥੇ ਲੈ ਜਾਏ ਪਵਨ, ਉੱਥੇ ਉੱਡ ਚਲੀਏ।"

ਉਸ ਦੇ ਇਹ ਬੋਲ ਮੇਰੇ ਕੰਨਾਂ ਵਿਚ ਗੋਲੀ ਵਾਂਗ ਵੱਜਦੇ ਹਨ। ਮੇਰਾ ਚਿਹਰਾ ਬੋਤਲ ਵਿੱਚੋਂ ਉੱਠ ਕੇ ਮੇਰੇ ਧੜ 'ਤੇ ਆਣ ਟਿਕਦਾ ਹੈ। ਮੈਂ ਆਪਣੇ ਆਪ ਨੂੰ ਕਹਿੰਦਾ ਹਾਂ ਕਿ ਨਹੀਂ ਹਵਾ ਦੇ ਰੁਖ਼ ਨਹੀਂ ਉੱਡਣਾ, "ਜੇ ਰੁੱਖ ਦੀ ਜੜ੍ਹ ਬੱਦਲ, ਤਾਂ ਰੁੱਖ ਨਹੀਂ ਬਣਨਾ।"

ਮੇਰੇ ਜ਼ਿਹਨ ਵਿਚ ਸੂਲਾਂ ਉੱਗ ਆਉਂਦੀਆਂ ਹਨ ਤੇ ਮੇਰੀ ਦ੍ਰਿਸ਼ਟੀ ਇਸ ਸ਼ੋਰ ਦੇ ਮਾਹੌਲ ਵਿਚ ਲੀਰੋ-ਲੀਰ ਹੋਈ ਪਾਟ ਗਈ ਜਾਪਦੀ ਹੈ। ਵਿਸਕੀ ਦੇ ਅਧੀਏ ਦਾ ਥੱਲਾ ਲਾ ਕੇ ਮੈਂ ਇਲਿਜ਼ਬੈਥ ਬਾਰੇ ਸੋਚਦਾ ਹਾਂ ! ਪਤਾ ਨਹੀਂ ਉਹ ਮੈਨੂੰ ਏਨੀ ਚੰਗੀ ਕਿਉਂ ਲਗਦੀ ਹੈ। ਪਿਛਲੀ ਵਾਰੀ ਮੈਂ ਉਸ ਕੋਲ ਗਿਆ ਸਾਂ, ਤਾਂ ਉਹ ਨਸ਼ੇ ਵਿਚ ਚੂਰ ਮੰਜੇ 'ਤੇ ਪਈ, ਮੈਨੂੰ ਵੇਖਦਿਆਂ ਹੀ ਮੇਰੇ 'ਤੇ ਟੁੱਟ ਪਈ ਸੀ, "ਯੂ, ਸਨ ਆਫ਼ ਏ ਬਿੱਚ (ਕੁੱਤੀ ਦੇ ਪੁੱਤਰ), ਤੇਰਾ ਨਹੀਂ, ਕਿਸੇ ਹੋਰ ਦਾ ਇੰਤਜ਼ਾਰ ਕਰ ਰਹੀ ਹਾਂ। ਨਿਕਲ ਜਾ ਏਥੋਂ।"

ਇਸ ਗੱਲ ਤੇ ਹੈਰਾਨ ਹੁੰਦਿਆਂ ਕਿ ਤੀਵੀਂ ਕਿਸ ਆਸਾਨੀ ਨਾਲ ਮਰਦ ਦੇ ਭੁਲੇਵੇਂ ਆਪਣੇ ਆਪ ਨੂੰ ਗਾਲ੍ਹੀ ਕੱਢ ਲੈਂਦੀ ਹੈ, ਮੈਂ ਆਪਣਾ ਗੁੱਸਾ ਅੰਦਰੇ-ਅੰਦਰ ਪੀ ਗਿਆ। ਮੈਂ ਉਸ ਨਾਲ ਜਿੰਨੀ ਨਿਮਰਤਾ ਨਾਲ ਗੱਲ ਕੀਤੀ, ਉਹ ਉਂਨੀ ਹੀ ਅੱਗ-ਭਬੂਕਾ ਹੋਈ। ਮੇਰੀ ਹਰ ਪ੍ਰਾਰਥਨਾ ਲਈ ਉਸ ਦੇ ਕੰਨ ਬੋਲੇ ਅਤੇ ਜੀਭ

ਤਲਵਾਰ ਬਣ ਗਈ। ਨਿੰਮੋਝੂਣਾ ਜਿਹਾ ਮੈਂ ਉਥੋਂ ਪਰਤ ਆਇਆ ਸਾਂ। 'ਹੋਲ ਇਨ ਦਾ ਵਾਲ ਬਾਰ' ਵਿਚ ਆਣ ਕੇ ਸੋਚ ਰਿਹਾ ਸਾਂ ਕਿ ਇਹ 'ਦੀਵਾਰ ਵਿਚ ਗਲੀ ਬਾਰ' ਦੇ ਕੀ ਅਰਥ ਹੋਏ ?' ਐਵੇਂ ਲੋਕਾਂ ਨੂੰ ਅਜੀਬ-ਅਜੀਬ ਨਾਮ ਰੱਖਣ ਦਾ ਝੱਸ ਪਿਆ ਹੋਇਆ ਹੈ। ਨਾਂ ਵਿਚ ਕੀ ਪਿਆ ਹੈ ? ਬਾਰ, ਬਾਰ ਹੈ ਤੇ ਤੀਵੀਂ, ਤੀਵੀਂ।

ਮੇਰੇ ਸਾਹਵੇਂ ਜੇਰੀ ਖੜੋਤੀ ਸੀ। ਮਖ਼ਮੂਰ ਅੱਖਾਂ ਨਾਲ ਝੂਮਦਿਆਂ ਹੋਇਆਂ ਉਸ ਦਿਨ ਉਸ ਨੇ ਬੜੇ ਪੱਕੇ ਇਰਾਦੇ ਨਾਲ ਮੈਨੂੰ ਕਿਹਾ ਸੀ, "ਪੀਤੀ ਭਾਵੇਂ ਅੱਜ ਹੋਰਨਾਂ ਕੋਲੋਂ ਹੈ, ਪਰ ਜਾਣਾ ਤੇਰੇ ਨਾਲ ਹੀ ਹੈ—ਤੇ ਡਿਊਟੀ ਦਾ ਸਮਾਂ ਵੀ ਖ਼ਤਮ ਹੋ ਰਿਹਾ ਡਾਰਲਿੰਗ।"

ਭਾਵੇਂ ਮੈਂ ਉਸ ਦੇ ਨਾਲ ਜਾਣ ਦੀ ਇੱਛਾ ਨੂੰ ਕਾਫ਼ੀ ਦੇਰ ਤੋਂ ਟਾਲਦਾ ਆ ਰਿਹਾ ਸਾਂ—ਪਰ ਉਸ ਦਿਨ 'ਬਾਰ ਬਾਰ ਹੈ ਤੇ ਤੀਵੀਂ ਤੀਵੀਂ ਹੈ' ਦੀ ਰਟ ਵਿਚ ਮੈਂ ਮਨ ਹੀ ਮਨ ਉਸ ਦਾ ਨਾਮ ਇਲਿਜ਼ਬੈਥ ਰੱਖ ਕੇ ਉਸ ਨੂੰ ਆਪਣੇ ਘਰ ਲੈ ਆਇਆ ਸਾਂ। ਉਸ ਤੋਂ ਬਾਅਦ ਜੇਰੀ ਸਦਾ ਹੀ ਮੇਰੇ ਨਾਲ ਜਾਣ ਬਾਰੇ ਕਹਿੰਦੀ ਰਹੀ ਸੀ, ਪਰ ਮੇਰੇ ਜ਼ਿਹਨ ਤੇ ਇਲਿਜ਼ਬੈਥ ਦਾ ਭੂਤ ਸਵਾਰ ਸੀ।

ਇਹ ਜਾਣਦੇ ਹੋਇਆਂ ਵੀ ਕਿ ਉਹ ਆਪਣੇ ਦਫ਼ਤਰੋਂ ਇਕ ਮਹੀਨੇ ਦੀ ਸਥਾਨਕ ਛੁੱਟੀ (ਲੋਕਲ ਲੀਵ) ਲੈ ਕੇ ਆਪਣੇ ਮਾਪਿਆਂ ਨੂੰ ਮਿਲਣ ਏਥੋਂ ਬਹੁਤ ਦੂਰ ਗਈ ਹੋਈ ਹੈ, ਮੈਂ ਉਸ ਦੇ ਕਸਬੇ ਵਲ ਤੁਰ ਪਿਆ, ਜੋ ਏਥੋਂ ਅੱਠ ਕੁ ਮੀਲ ਦੀ ਵਿੱਥ ਉੱਤੇ ਸੀ।

ਭਾਰੀ ਮੀਂਹ ਵਿਚ ਰਾਤ ਦੇ ਸਮੇਂ ਦਸ ਪੰਦਰਾਂ ਗਜ਼ ਤੋਂ ਅੱਗੇ ਰਸਤਾ ਚੰਗੀ ਤਰ੍ਹਾਂ ਦਿਖਾਈ ਨਹੀਂ ਸੀ ਦੇ ਰਿਹਾ। ਕਾਰ ਨੂੰ ਤੀਜੇ ਗੀਅਰ ਵਿਚ ਪਾ ਕੇ ਮੈਂ ਢੱਠੇ ਅੰਬਰ ਹੇਠ ਹੌਲੀ-ਹੌਲੀ ਕਾਰ ਚਲਾਂਦਾ ਆਪਣਾ ਰਸਤਾ ਢੂੰਡ ਰਿਹਾ ਸਾਂ। ਵਿੰਡਸਕਰੀਨ 'ਤੇ ਵਾਈਪਰ ਲਗਾਤਾਰ ਚਲ ਰਹੇ ਹਨ। ਇਹਨਾਂ ਵਾਈਪਰਾਂ ਵਾਗ ਖ਼ਿਆਲਾਂ ਹੀ ਖ਼ਿਆਲਾਂ ਵਿਚ ਏਧਰੋਂ ਓਧਰ ਘੁੰਮਦਾ, ਮੈਂ ਉਹਨਾਂ ਅਨੇਕਾਂ ਕੁੜੀਆਂ ਬਾਰੇ ਸੋਚ ਰਿਹਾ ਹਾਂ, ਜੋ ਮੇਰੀ ਜ਼ਿੰਦਗੀ ਵਿਚ ਇਕ ਸਥੂਲ ਜਿਸਮ ਬਣ ਕੇ ਆਈਆਂ ਤੇ ਇਕ ਛਲਾਵੇ ਵਾਂਗ ਚਲੇ ਗਈਆਂ। ਉਹਨਾਂ ਦੀ ਭੀੜ ਤੋਂ ਦੂਰ ਪਰ੍ਹਾਂ ਤੇ ਇਕੱਲੀ ਖੜੀ ਇਹ ਇਲਿਜ਼ਬੈਥ ਹੀ ਸੀ, ਜਿਸ ਨੂੰ ਮੈਂ ਵਾਰ-ਵਾਰ ਚਾਹਿਆ ਸੀ। ਪਰ ਉਸ ਇਕ ਰਾਤ ਤੋਂ ਬਿਨਾਂ ਜਦੋਂ ਬਿਨਾਂ ਕੋਈ ਯਤਨ ਕੀਤਿਆ ਹੀ ਉਹ ਮੇਰੀ ਝੋਲੀ ਵਿਚ ਇਕ ਪੱਕੇ ਹੋਏ ਅੰਬ ਵਾਂਗ ਆਪ-ਮੁਹਾਰਾ ਹੀ ਡਿਗ ਪਈ ਸੀ, ਮੇਰੇ ਕੋਲ ਉਸ ਦੀ ਹੋਰ ਕੋਈ ਯਾਦ ਨਹੀਂ ਸੀ। ਫਿਰ ਜਦੋਂ ਵੀ ਮੈਂ ਉਸ ਨੂੰ ਮਿਲਣ ਗਿਆ ਉਸ ਨੇ ਮੇਰੇ ਵਲ ਇੰਵ ਵੇਖਿਆ ਜਿਵੇਂ ਉਸ ਨੂੰ ਉਸ ਰਾਤ ਦੀ ਯਾਦ ਹੀ ਨਾ ਹੋਵੇ—ਓਸ ਰਾਤ ਦੀ ਜਦੋਂ ਉਸ ਨੇ ਮੇਰੇ ਜਿਸਮ ਦੇ ਰੋਮ-ਰੋਮ ਨੂੰ ਜਨਮ-ਜਨਮ ਦੀਆਂ ਪਿਆਸੀਆਂ ਜੀਭਾਂ ਲਾ ਦਿੱਤੀਆਂ ਸਨ।

ਇਹਨਾਂ ਸੋਚਾਂ ਦੀ ਉਧੇੜ-ਬੁਣ ਵਿਚ ਹੀ ਉਸ ਦਾ ਘਰ ਆ ਗਿਆ ਤੇ ਮੈਂ ਕਾਰ ਖੜੀ ਕਰਕੇ ਉਸ ਦਾ ਬੂਹਾ ਖੜਕਾਉਂਦਾ ਹਾਂ। ਅੰਦਰੋਂ ਕੋਈ ਉੱਤਰ ਨਾ ਮਿਲਣ ਤੇ ਮੈਂ ਬਾਹਰ ਜੰਦਰਾ ਵੇਖ ਕੇ ਵਾਪਸ ਪਰਤ ਆਉਂਦਾ ਹਾਂ।

ਕਾਰ ਦਾ ਦਰਵਾਜ਼ਾ ਖੋਲ੍ਹਦਿਆਂ ਕਵਿਤਾ ਦੇ ਇਹ ਬੋਲ ਕਿ 'ਜੇ ਰੁੱਖ ਦੀ ਜੜ੍ਹ ਬੱਦਲ, ਤਾਂ ਰੁੱਖ ਨਹੀਂ ਬਣਨਾ' ਮੇਰੇ ਕੰਨਾਂ ਵਿਚ ਪਏ ਤਾਂ ਮੈਨੂੰ ਇੰਵ ਮਹਿਸੂਸ ਹੋਇਆ ਜਿਵੇਂ ਮੇਰੀ ਜੀਭ ਉੱਤੇ ਕੁਨੀਨ ਘੁਲ ਗਈ ਹੋਵੇ। ਬੇਬਸੀ ਦੀ ਹਾਲਤ ਵਿਚ ਮੈਂ ਵਾਪਸ ਪਰਤਿਆ ਤੇ ਕਾਰ ਨੂੰ ਪੱਕੀ ਸੜਕ ਦੇ ਇਕ ਪਾਸੇ ਖੜੀ ਕਰਕੇ ਵਸਦੇ ਮੀਂਹ ਵਿਚ ਭਿੱਜਦਾ, ਤਿਲ੍ਹਕਦਾ, ਡਿਗਦਾ ਆਪਣੇ ਘਰ ਵਲ ਪੈਦਲ ਹੀ ਤੁਰ ਪੈਂਦਾ ਹਾਂ। ਘਰ ਪਹੁੰਚਦੇ-ਪਹੁੰਚਦੇ ਮੇਰਾ ਨਸ਼ਾ ਹਰਨ ਤੇ ਹੁਲੀਆ ਵਿਗੜ ਚੁੱਕਾ ਹੈ।

"ਮਿਸਟਰ ਹਨੀਫ਼, ਅੰਦਰ ਬੜੀ ਦੇਰ ਤੋਂ ਕੋਈ ਤੁਹਾਡਾ ਇੰਤਜ਼ਾਰ ਕਰ ਰਿਹਾ ਹੈ।"

ਇਹ ਆਖ ਕੇ ਮੇਰਾ ਨੌਕਰ ਰਸੋਈ ਵਲ ਚਲਾ ਗਿਆ ਤੇ ਮੈਂ ਸਿਰ ਤੋਂ ਪੈਰਾਂ ਤਕ ਚੋਂਦਾ, ਬੈਠਣ-ਕਮਰੇ ਵਲ ਵਧਦਾ ਹਾਂ।

"ਯੂ, ਸਨ ਆਫ ਏ ਬਿੱਚ, ਅੱਜ ਇਹ ਸੋਚ ਕੇ ਆਈ ਸਾਂ ਕਿ ਜੇ ਤੂੰ ਕੋਈ ਹੋਰ ਕੁੜੀ ਨਾਲ ਲੈ ਕੇ ਆਇਆ, ਤਾਂ ਉਸ ਨੂੰ ਚੀਰ ਕੇ ਰੱਖ ਦਿਆਂਗੀ, ਘਰ ਨੂੰ ਅੱਗ ਲਾ ਦਿਆਂਗੀ।"

ਮੇਰੇ ਸਾਹਮਣੇ ਵਿਸਕੀ ਦਾ ਗਲਾਸ ਫੜੀ ਇਲਿਜ਼ਬੈਥ ਖੜ੍ਹੋਤੀ ਸੀ। ਮੇਰੇ ਜੀ ਵਿਚ ਆਉਂਦੀ ਹੈ ਕਿ ਉਸ ਨੂੰ ਧੱਕੇ, ਮੁੱਕੇ, ਠੁੱਡੇ ਮਾਰ ਕੇ ਘਰੋਂ ਬਾਹਰ ਕੱਢ ਦਿਆਂ। ਮੁੱਠੀਆਂ ਕੱਸ ਕੇ ਜਦੋਂ ਮੈਂ ਉਹਦੇ ਵਲ ਵਧਦਾ ਹਾਂ ਤਾਂ ਫਾਇਰ ਪਲੇਸ ਵਿਚ ਬਲਦੀਆਂ ਲੱਕੜਾਂ ਦੀ ਹਲਕੀ ਰੌਸ਼ਨੀ ਵਿਚ ਮੈਨੂੰ ਇੰਞ ਮਹਿਸੂਸ ਹੁੰਦਾ ਹੈ, ਜਿਵੇਂ ਇਲਿਜ਼ਬੈਥ ਦੇ ਧੜ ਤੋਂ ਉਸ ਦਾ ਚਿਹਰਾ ਗਾਇਬ ਹੋ ਚੁਕਾ ਹੈ ਤੇ ਉਸ ਦੀ ਥਾਂ ਹਿਰਸ ਅਤੇ ਵਫ਼ਾ ਦੀ ਮੂਰਤ ਬਣਿਆਂ ਇਕ ਖ਼ੂਬਸੂਰਤ ਕੁੱਤੀ ਦਾ ਚਿਹਰਾ ਮੇਰੇ ਵਲ ਘੂਰ-ਘੂਰ ਕੇ ਵੇਖ ਰਿਹਾ ਹੈ। ਛਿਣ ਦੀ ਛਿਣ ਮੈਨੂੰ ਇੰਞ ਜਾਪਿਆ, ਜਿਵੇਂ ਮੇਰੇ ਅੰਦਰ ਸੁਕੜ ਕੇ ਬੈਠਾ ਕਤੂਰਾ ਅੱਜ ਅਚਾਨਕ ਫੈਲ ਕੇ ਭਰ ਜਵਾਨ ਕੁੱਤਾ ਬਣ ਗਿਆ ਹੋਵੇ !

# ਪਾਗ਼ਲ ਕੌਣ ?

ਸਿਸਟਰ ਕਲੇਅਰ ਤੇ ਸਿਸਟਰ ਜੂਡੀ ਨੂੰ ਜਦੋਂ ਵੀ ਸਮਾਂ ਮਿਲਦਾ, ਕੌਨਵੈਂਟ ਦੇ ਕੰਮ ਤੋਂ ਵਿਹਲੀਆਂ ਹੋ ਕੇ, ਉਹ ਬਾਗ਼ ਵਿਚ ਆ ਬੈਠਦੀਆਂ ਅਤੇ ਜਾਂ ਰਸਤੇ ਦੇ ਦੋਹੀਂ ਪਾਸੀਂ ਫੁਲਦੇ-ਫਲਦੇ ਕਾਫ਼ੀ ਦੇ ਬਾਗ਼ਾਂ ਨੂੰ ਧਿਆਨ ਤੇ ਪ੍ਰਸੰਸਾ ਦੀ ਨਜ਼ਰ ਨਾਲ ਦੇਖਦੀਆਂ ਚਹਿਲ-ਕਦਮੀ ਲਈ ਬਾਹਰ ਨਿਕਲ ਪੈਂਦੀਆਂ। ਸਕੂਲ ਵਿਚ ਹੋਰ ਸਿਸਟਰਜ਼ ਵੀ ਸਨ, ਪਰ ਇਹਨਾਂ ਦੋਹਾਂ ਦੀ ਆਪਸ ਵਿਚ ਏਨੀ ਵਧੇਰੇ ਨੇੜਤਾ ਸੀ ਕਿ ਦੂਜੀਆਂ ਨਾਲ ਸਲਾਮ ਦੁਆ ਕਰਨ ਜਾਂ ਸੰਡੇ ਮਾਸ ਵਿਚ ਉਪਸਥਿਤ ਹੋਣ ਤੋਂ ਬਿਨਾਂ, ਉਹ ਹੋਰ ਕੋਈ ਜ਼ਾਹਿਰੀ ਰਿਸ਼ਤਾ ਨਹੀਂ ਸਨ ਰਖਦੀਆਂ।

ਈਸਾਈ ਸੰਤਣੀਆਂ (ਨੱਨਜ਼) ਹੋਣ ਤੇ ਨਾਤੇ ਜੋ ਕੁਝ ਵੀ ਕੌਨਵੈਂਟ ਸਕੂਲ ਵਿਚ ਉਨ੍ਹਾਂ ਨੂੰ ਨਿਸ਼ਚਿਤ ਰੂਪ ਵਿਚ ਕਰਨਾ ਪੈਂਦਾ ਸੀ, ਉਹ ਨਿਤਾ-ਪ੍ਰਤੀ ਜੀਵਨ ਦੀ ਇਕ ਸਾਧਾਰਨ ਰੁਟੀਨ ਸੀ, ਜਿਸ ਵਿਚ ਕਠਪੁਤਲੀਆਂ ਵਾਂਗ ਸਫਲਤਾ ਸਹਿਤ ਉਹ ਆਪਣਾ ਰੋਲ ਨਿਭਾ ਦਿੰਦੀਆਂ ਸਨ। ਸਿਸਟਰ ਕਲੇਅਰ ਨੇ ਕਈ ਵਾਰੀ ਸੋਚਿਆ ਸੀ ਕਿ, ਇਕ ਜਿਊਂਦੇ ਭਖਦੇ, ਸੋਚਦੇ ਤੇ ਮਹਿਸੂਸਦੇ ਜਿਸਮ ਲਈ ਕਠਪੁਤਲੀਆਂ ਵਾਲੀ ਇਹ ਸਰਦ ਰੁਟੀਨ ਕਿੰਨੀ ਗੈਰ-ਇਨਸਾਨੀ ਅਤੇ ਅਪ੍ਰਾਕ੍ਰਿਤਕ ਹੈ ! ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਕਲੇਅਰ ਜਦੋਂ ਪਹਿਲਾਂ ਪਹਿਲ ਈਸਾਈ ਸੰਤਣੀ ਬਣੀ ਸੀ ਤਾਂ ਈਸ਼ਵਰ, ਪ੍ਰਕਿਰਤੀ, ਜੀਵਨ, ਕਰਮ, ਧਰਮ, ਕਰਤਵ ਆਦਿ ਦੇ ਸੰਕਲਪ ਅਤੇ ਈਸਾ ਤੇ ਅੰਜੀਲ ਦੇ ਸਿਧਾਂਤ ਤੇ ਗਿਆਨ ਦਾ ਉਸ ਦੇ ਮਨ ਉੱਤੇ ਇਕ ਜਾਦੂ ਦਾ ਅਸਰ ਹੋਇਆ ਸੀ। ਇਹ ਸੰਸਾਰ, ਇਹ ਜੀਵਨ ਅਤੇ ਇਹਨਾਂ ਦੇ ਸਭ ਰਿਸ਼ਤੇ ਤੇ ਬੰਧਨ ਉਸ ਨੂੰ ਕੂੜੇ ਜਾਪੇ ਸਨ। ਪਰ ਫਿਰ ਪੱਕਦੀ ਉਮਰ ਤੇ ਬੀਤਦੇ ਵਰ੍ਹਿਆਂ ਦੇ ਨਾਲ ਈਸਾਈ ਸੰਤਣੀਆਂ ਦੇ ਨਿਤਾ ਪ੍ਰਤੀ ਧਾਰਮਕ ਵਿਵਹਾਰ ਵਿੱਚੋਂ ਲੰਘਦਿਆਂ ਜਿਵੇਂ-ਜਿਵੇਂ ਉਸ ਦਾ ਮਨ ਗੈਰ-ਹਾਜ਼ਰ ਰਹਿਣ ਲੱਗਾ, ਤਿਵੇਂ-ਤਿਵੇਂ ਉਸ ਦਾ ਤਨ ਇਕ ਮਸ਼ੀਨ ਬਣਦਾ ਗਿਆ—ਮਸ਼ੀਨ ਜੋ ਬਟਨ ਦੱਬਿਆਂ ਚਲਦੀ ਅਤੇ ਬਟਨ ਦੱਬਿਆਂ ਖੜ੍ਹਦੀ ਹੈ।

ਕਲੇਅਰ ਦੀ ਈਸਾਈ ਸੰਤਣੀ ਬਣਨ ਦੀ ਵਿਥਿਆ ਵੀ ਬੜੀ ਦਿਲਚਸਪ ਹੈ। ਉਹ ਭਾਰਤ ਦੇ ਗੋਆ ਪ੍ਰਾਂਤ ਵਿਚ ਗਰੀਬ ਮਾਪਿਆਂ ਦੇ ਘਰ ਪੈਦਾ ਹੋਈ ਸੀ। ਗਰੀਬੀ ਦਾ ਦੂਜਾ ਨਾਂ ਮਜਬੂਰੀ ਹੈ। ਉਸ ਦੇ ਮਾਪਿਆਂ ਨੇ ਪੈਸੇ ਦੇ ਲਾਲਚ ਵਿਚ ਉਸ ਨੂੰ ਈਸਾਈ ਸੰਤਣੀ ਬਣਾ ਦਿੱਤਾ ਸੀ। ਲੋਕ ਕਹਿੰਦੇ ਸਨ ਕਿ ਯੂਰਪ ਤੇ ਅਮਰੀਕਾ ਦੀਆਂ ਕੁੜੀਆਂ ਇਸ ਸਪੂਤਨਿਕ ਯੁੱਗ ਵਿਚ ਇੰਨਾ ਅਗਾਂਹਵਧੂ ਤੇ ਵਿਗਿਆਨਕ ਸੋਚ ਵਾਲੀਆਂ ਹੋ ਗਈਆਂ ਹਨ ਕਿ ਹੁਣ ਉਹ ਈਸਾਈ ਸੰਤਣੀਆਂ ਬਣਨਾ ਪਸੰਦ ਨਹੀਂ ਕਰਦੀਆਂ। ਉੱਥੇ ਕੋਈ ਗਈ ਗੁਜ਼ਰੀ ਜਾਂ ਸਿਧਰੀ ਹੀ ਸੰਤਣੀ ਬਣਦੀ ਸੀ ਅਤੇ ਜਾਂ ਉਹ ਬਦਸੂਰਤ ਹੋਵੇ ਤੇ ਮਰਦਾਂ ਵਿਚ ਜਿਸਦੀ ਮੰਗ ਨਾ ਹੋਵੇ। ਇਸ ਦੇ ਪ੍ਰਭਾਵ ਵਸ ਦੁਨੀਆਂ ਦੇ ਇਸਾਈ ਦੇਸ਼ਾਂ ਵਿਚ ਇਨ੍ਹਾਂ ਸੰਤਣੀਆਂ ਦੀ ਘਾਟ ਨੂੰ ਬੜੀ ਬੁਰੀ ਤਰ੍ਹਾਂ ਮਹਿਸੂਸ ਕੀਤਾ ਜਾ ਰਿਹਾ ਸੀ। ਲੋਕ ਇਹ ਵੀ ਕਹਿੰਦੇ ਸਨ ਕਿ ਕਲੇਅਰ ਦੇ ਮਾਪਿਆਂ ਨੇ ਉਸ ਨੂੰ ਵੇਚ ਦਿੱਤਾ ਸੀ।

ਕੇਰਲਾ ਵਿਚ ਵੀ ਭਾਰਤੀ ਕੁੜੀਆਂ ਦੇ ਈਸਾਈ ਸੰਤਣੀਆਂ ਬਣਨ ਲਈ ਵੇਚੇ ਜਾਣ ਦੇ ਇਕ ਸਕੈਂਡਲ ਬਾਰੇ ਪਿੱਛੇ ਜਿਹੇ ਦੁਨੀਆਂ ਦੇ ਸਭ ਅਖ਼ਬਾਰਾਂ ਵਿਚ ਵੱਡੀਆਂ-ਵੱਡੀਆਂ ਸੁਰਖ਼ੀਆਂ ਜਮਾਈਆਂ ਗਈਆਂ ਸਨ।

ਜਦੋਂ ਵੀ ਸਿਸਟਰ ਕਲੇਅਰ ਨੂੰ ਇਨ੍ਹਾਂ ਘਟਨਾਵਾਂ ਦੀ ਯਾਦ ਆਉਂਦੀ ਤਾਂ ਉਸ ਦੇ ਅੰਦਰੋਂ ਇਕ ਰੁੱਗ ਜਿਹਾ ਭਰਿਆ ਜਾਂਦਾ ! ਅਜਿਹੇ ਸਮੇਂ ਉਸ ਨੂੰ ਆਪਣੇ ਬਚਪਨ ਦਾ ਸਾਥੀ ਗੁਆਂਢੀਆਂ ਦਾ ਮੁੰਡਾ ਅਲਬਰਟ ਬਹੁਤ ਬੁਰੀ ਤਰ੍ਹਾਂ ਯਾਦ ਆਉਂਦਾ, ਜਿਸ ਨਾਲ ਉਸ ਨੇ ਆਪਣੇ ਬਚਪਨ ਦੇ ਦਿਨ ਖੇਡ ਕੇ ਗੁਜ਼ਾਰੇ ਸਨ। ਉਹ ਦ੍ਰਿਸ਼ ਤਾਂ ਅਜੇ ਵੀ ਕਦੇ-ਕਦੇ ਉਸਦੀਆਂ ਅੱਖਾਂ ਵਿਚ ਸੱਗਵੇਂ ਦਾ ਸੱਗਵਾਂ ਆਣ ਕੇ ਲਟਕ ਜਾਂਦਾ ਹੈ, ਜਦੋਂ ਉਸ ਨੂੰ ਵਿਦਾ ਕਹਿਣ ਆਏ ਲੋਕਾਂ ਵਿਚ ਅਲਬਰਟ ਵੀ ਖਲੋਤਾ ਸੀ। ਅਲਬਰਟ ਉਲਝਣ ਦਾ ਸਾਖ਼ਸ਼ਾਤ ਰੂਪ ਬਣਿਆ, ਉਸ ਨੂੰ ਵਿਦਾ ਵੀ ਨਹੀਂ ਸੀ ਆਖ ਸਕਿਆ। ਇਸ ਤੋਂ ਪਹਿਲਾਂ ਕਿ ਕਲੇਅਰ ਦੀਆਂ ਅੱਖਾਂ ਵਿਚ ਉਮੜੀ ਸਿੱਲ੍ਹ ਹੰਝੂ ਬਣ ਕੇ ਵਗ ਸਕਦੀ, ਅਲਬਰਟ ਕੰਡ ਫੇਰ ਕੇ ਇਕ ਪਾਸੇ ਨੂੰ ਤੁਰ ਗਿਆ ਸੀ। ਇਹ ਕਿਹਾ ਮੌਨ ਰੁਦਨ ਸੀ ਤੇ ਕਿਹੀ ਬੇਬਸੀ ਕਿ ਉਹ ਭਾਰਤ ਨੂੰ ਵਿਦਾ ਕਹਿਣ ਵੇਲੇ ਆਪਣੇ ਬਚਪਨ ਦੇ ਸਾਥੀ ਨਾਲ ਇਕ ਸ਼ਬਦ ਵੀ ਸਾਂਝਾ ਨਹੀਂ ਸੀ ਕਰ ਸਕੀ !

ਜਦੋਂ ਵੀ ਇਹ ਘਟਨਾ ਉਸ ਨੂੰ ਯਾਦ ਆਉਂਦੀ, ਤਾਂ ਉਸ ਦੇ ਅੰਦਰ ਆਪਣੇ ਆਪ ਵਿਰੁੱਧ, ਸਖ਼ਤ ਨਫ਼ਰਤ ਦੀ ਭਾਵਨਾ ਪੈਦਾ ਹੋ ਜਾਂਦੀ। ਕਈ ਵਾਰ ਤਾਂ ਉਸ ਨੂੰ ਇੰਞ ਮਹਿਸੂਸ ਹੁੰਦਾ ਕਿ ਉਸ ਦੇ ਜੀਵਨ ਨਾਲੋਂ ਤਾਂ ਇਕ ਵੇਸਵਾ ਦਾ ਜੀਵਨ ਹੀ ਸੌ ਗੁਣਾ ਚੰਗਾ ਹੈ, ਕਿਉਂਕਿ ਵੇਸਵਾ ਤਨ ਵੇਚਦੀ ਹੈ, ਮਨ ਨਹੀਂ ਤੇ ਉਸ ਨੂੰ ਮਨ ਵੇਚਣਾ ਪੈ ਰਿਹਾ ਸੀ। ਪਰ ਫਿਰ ਜਦੋਂ ਉਹ ਆਪਣੇ ਮਾਪਿਆਂ ਦੀ ਗਰੀਬੀ ਤੇ ਛੋਟੇ ਭੈਣ ਭਰਾਵਾਂ ਦੀਆਂ ਮਾਯੂਸ ਸੂਰਤਾਂ ਨੂੰ ਯਾਦ ਕਰਦੀ ਤਾਂ ਉਸ ਨੂੰ ਇਕ ਅਪਰਿਭਸ਼ਾਤ ਜਿਹਾ ਸੰਤੋਸ਼ ਵੀ ਪ੍ਰਾਪਤ ਹੁੰਦਾ ਕਿ ਚਲੋ ਉਸ ਦੇ ਮਨ ਦੀ ਵਿਕਰੀ ਨਾਲ ਭਾਰਤ ਬੈਠੇ ਉਸ ਦੇ ਭੈਣ ਭਰਾ ਤਾਂ ਆਰਾਮ ਦੀ ਰੋਟੀ ਖਾ ਰਹੇ ਸਨ। ਭਾਰਤ ਪੈਸੇ ਭੇਜ ਕੇ ਬਾਕੀ ਜੋ ਕੁਝ ਉਸ ਦੇ ਕੋਲ ਬਚਦਾ ਸੀ, ਉਹ ਮੁੱਛਾਂ ਤੇ ਠੋਡੀ ਵਿਚਲੀ ਦਾੜ੍ਹੀ ਨੂੰ ਸਾਫ਼ ਕਰਨ, ਤਨ ਦੇ ਚਿੱਟੇ ਚੋਗੇ ਤੇ ਸਿਰ ਦੀ ਹੁੱਡ ਨੂੰ ਬੇਦਾਗ਼ ਰੱਖਣ ਅਤੇ ਹਰ ਰੋਜ਼ ਦੀਆਂ ਸਾਧਾਰਨ ਲੋੜਾਂ ਉੱਤੇ ਖ਼ਰਚ ਹੋ ਜਾਂਦਾ ਸੀ।

ਜਦੋਂ ਵੀ ਸਿਸਟਰ ਕਲੇਅਰ ਇਹੋ ਜਿਹੀਆਂ ਸੋਚਾਂ ਤੇ ਯਾਦਾਂ ਦਾ ਸ਼ਿਕਾਰ ਹੁੰਦੀ, ਤਾਂ ਉਹ ਰਾਤ ਦੇ ਸਮੇਂ ਅਛੋਪਲੇ ਜਿਹੇ ਸਿਸਟਰ ਜੂਡੀ ਦੇ ਕਮਰੇ ਵਿਚ ਚਲੇ ਜਾਂਦੀ ਤੇ ਫਿਰ ਗੱਲਾਂ ਛਿੜ ਪੈਂਦੀਆਂ।

"ਕਲੇਅਰ, ਈਸਾ ਆਪਣੇ ਵਿਸ਼ਵਾਸ ਨੂੰ ਕਾਇਮ ਰੱਖਣ ਲਈ ਸਲੀਬ 'ਤੇ ਚੜ੍ਹੇ ਅਤੇ ਲੋਕਾਂ ਦੇ ਨਾਇਕ ਬਣ ਗਏ।"

"ਹਾਂ ਜੂਡੀ, ਈਸ਼ਵਰ, ਈਸਾ ਦੀ ਸੇਵਾ ਸਾਡਾ ਧਰਮ, ਸਾਡਾ ਕਰਮ—ਪਰ ਕੀ ਲੋੜ ਹੈ ਈਸ਼ਵਰ ਨੂੰ ਸਾਡੇ ਮਨ ਬਾਰੇ ਚਿੰਤਾ ਕਰਨ ਦੀ। ਜ਼ਿੰਦਗੀ ਭਰ ਜਿਸਮ ਸਾਂਭਦੀਆਂ ਤੇ ਮਨ ਵੇਚਦੀਆਂ ਰਹੀਆਂ—ਦੁਬਿਧਾ ਵਿਚ—ਨਾ ਆਸਥਾ—ਨਾ ਅਨਾਸਥਾ—ਪੂਰਨ ਸ਼ਾਂਤੀ ਨਾ ਪੂਰਾ ਕ੍ਰੋਧ—ਜਿੰਨਾ ਸਦੀਵੀ ਸ਼ਾਂਤੀ ਲਈ ਤਾਂਘੀਆਂ, ਉਂਨਾਂ ਹੀ ਮਨ ਵਿਚ ਕ੍ਰੋਧ ਉੱਠਿਆ। ਇਨ੍ਹਾਂ ਦੋ ਸ਼ਕਤੀਆਂ ਦੀ ਵਿਰੋਧੀ ਖਿੱਚ ਵਿਚ ਮਨ ਲੀਰੋ ਲੀਰ ਹੋਇਆ, 'ਈਸਾ, ਈਸਾ' ਜਪਦਾ ਰਿਹਾ ਤੇ ਤਨ ਬੇਦਾਗ਼ ਤਕਦਾ ਰਿਹਾ।"

"ਛਲਣੀ ਛਲਣੀ ਮਨ, ਬੇਦਾਗ ਤਨ !"

"ਮਨ ਕਿਸੇ ਇਕ ਦਾ ਹੋ ਕੇ ਵੀ ਕਿੰਤੂ-ਗ੍ਰਸਤ, ਤਨ ਕਿਸੇ ਦਾ ਨਾ ਹੋ ਕੇ ਵੀ ਚੁੱਪ !"

"ਸਵੇਰੇ ਇਸ਼ਨਾਨ ਕੀਤਾ ਤੇ ਨਿਰਮਲ ਜਿਸਮ ਮਨ ਉੱਤੇ ਟੰਗ ਦਿੱਤਾ, ਤਨ ਉੱਤੇ ਟੰਗੇ ਇਸ ਬੇਦਾਗ ਚਿੱਟੇ ਚੋਲੇ ਵਾਂਗ।"

"ਚਿੱਟਾ ਚੋਲਾ ਸਾਡੀ ਕਮਾਈ।"

"ਹੱਥ ਵਿਚ ਰੋਜ਼ਰੀ ਤੇ ਸਲੀਬ ਦਾ ਨਿਸ਼ਾਨ ! ਈਸਾ ਸਲੀਬ 'ਤੇ ਚੜ੍ਹੇ, ਅਮਰ ਹੋ ਗਏ ! ਪਰ ਜੂਡੀ, ਅਸੀਂ ਬੰਜਰ ਜਿਸਮ ਦੀ ਸਲੀਬ ਨੂੰ ਲੀਰੋ-ਲੀਰ ਹੋਏ ਮਨ ਉੱਤੇ ਚੁੱਕੀ ਫਿਰ ਰਹੀਆਂ, ਨਾ ਜੀਵੀਆਂ ਨਾ

ਹੀ ਮਰੀਆਂ ! ਕਦੇ ਕਦੇ ਸੋਚਦੀ ਹਾਂ ਕਿ ਈਸ਼ਵਰ ਨੇ ਪੂਰੇ ਛੇਆਂ ਦਿਨਾਂ ਵਿਚ ਸਾਰੀ ਸ੍ਰਿਸ਼ਟੀ—ਜੀਵ, ਪਸ਼ੂ, ਪੰਖੇਰੂ ਪ੍ਰਕ੍ਰਿਤੀ ਨੂੰ ਰਚਿਆ ਅਤੇ ਸੱਤਵੇਂ ਦਿਨ ਆਰਾਮ ਕੀਤਾ, ਪਰ ਅਸੀਂ ਕਿਹੜੇ ਰਾਹ ਤੁਰ ਪਈਆਂ ਹਾਂ, ਈਸ਼ਵਰ ਤੋਂ ਉਲਟ ? ਅਸੀਂ ਆਪਣੇ ਜਿਸਮਾਂ ਦੀ ਸਿਰਜਣ-ਸ਼ਕਤੀ ਨੂੰ ਕਦੇ ਵੀ ਮੌਕਾ ਨਾ ਦਿੱਤਾ ਕੁਝ ਰਚਨ ਦਾ, ਸਗੋਂ ਉਸ ਨੂੰ ਇਸ ਸਦਾ-ਆਰਾਮ ਦੀ ਮੌਤ ਵਰਗੀ ਸ਼ੂਨਯ ਅਵਸਥਾ ਵਿਚ ਮਨ ਉੱਤੇ ਟੰਗ ਦਿੱਤਾ ! ਕੀ ਇਹ ਈਸ਼ਵਰ ਦੀ ਕਰਤਾਰੀ ਸ਼ਕਤੀ, ਉਸ ਦੇ ਸਿਰਜਣ-ਸਿਧਾਂਤ ਦਾ ਵਿਰੋਧ ਨਹੀਂ ?"

"ਚੁੱਪ ਕਰ ਕਲੇਅਰ, ਤੂੰ ਈਸ਼ਵਰ ਤੋਂ ਬੇਮੁਖ ਹੋ ਰਹੀ ਹੈਂ। ਅਸੀਂ ਤਾਂ ਈਸਾ ਨਾਲ ਵਿਆਹੀਆਂ ਹੋਈਆਂ ਹਾਂ !"

"ਇਕ ਅਵਸਤੂ, ਵਜੂਦ ਨਾਲ ਕਿਹੀ ਸ਼ਾਦੀ ? ਸਦਾ ਕੰਵਾਰੀਆਂ ! ਕਹੁ ਜੂਡੀ ! ਕੀ ਸ਼ਾਦੀ ਕਰਨਾ ਤੇ ਜਿਸਮ ਦੀ ਜ਼ਰਖੇਜ਼ ਮਿੱਟੀ ਵਿੱਚੋਂ ਮਨੁੱਖਾ ਜੀਵਨ ਦੀ ਪ੍ਰਕਿਰਤੀ ਨੂੰ ਪੈਦਾ ਕਰਨਾ, ਸਿਰਜਣਾ ਇਕ ਨਾਪਾਕ ਕਿਰਿਆ ਹੈ ? ਜੇ ਇਹ ਨਾਪਾਕ ਹੈ, ਤਾਂ ਜ਼ਿੰਦਗੀ ਦੀ ਗਤੀ ਰੋਕ ਦੇਣੀ ਚਾਹੀਦੀ ਹੈ। ਸਭ ਦੇ ਲਿੰਗ-ਇੰਦਰੇ ਕੱਟ ਦੇਣੇ ਚਾਹੀਦੇ ਹਨ। ਜੇ ਇਹ ਨਾਪਾਕ ਹੁੰਦਾ, ਤਾਂ ਜੂਡੀ ਨਾ ਤੂੰ ਪੈਦਾ ਹੁੰਦੀ, ਨਾ ਮੈਂ, ਨਾ ਹੋਰ ਸਿਸਟਰਜ਼, ਨਾ ਫਾਦਰ, ਨਾ ਬਰੱਦਰ। ਫਿਰ ਰੱਬ ਨੂੰ ਕੌਣ ਯਾਦ ਕਰਦਾ ? ਰੱਬ ਨੂੰ ਨਾਂ ਦੇਣ ਵਾਲਾ ਜੀਵ, ਮਨੁੱਖ ਹੈ, ਇਸਤਰੀ ਹੈ, ਪੁਰਸ਼ ਹੈ। ਇਹ ਭੇਡਾਂ, ਬੱਕਰੀਆਂ, ਗਾਈਆਂ, ਇਹ ਚੀਤੇ, ਸ਼ੇਰ, ਹਾਥੀ ਇਹ ਵਣ, ਪ੍ਰਕਿਰਤੀ ਪੰਖੇਰੂ—ਇਹਨਾਂ ਵਿੱਚੋਂ ਕੌਣ ਜਪੇਗਾ ਰੱਬ ਦਾ ਨਾਮ ?"

"ਚੁੱਪ ਕਰ ਸਿਸਟਰ ! ਮੈਨੂੰ ਤਾਂ ਇਹ ਕੁਝ ਸਮਝ ਨਹੀਂ ਪੈਂਦਾ ! ਜਦੋਂ ਕੋਈ ਇੱਛਾ ਜਾਗਦੀ ਹੈ, ਖ਼ਾਹਿਸ਼ ਜਨਮ ਲੈਂਦੀ ਹੈ ਤਾਂ 'ਈਸਾ ਈਸਾ' ਜਪਣ ਲੱਗ ਪੈਂਦੀ ਹਾਂ। ਮਨ ਦੀ ਲੋੜ ਈਸਾ ਨਾਲ ਪੂਰੀ ਹੋ ਜਾਂਦੀ ਹੈ, ਪਰ ਤਨ ਦੀ ਲੋੜ ਤੇਰੇ ਬਿਨਾਂ ਨਹੀਂ ਪੂਰੀ ਹੁੰਦੀ। ਉਰੇ ਹੋ ਕਲੇਅਰ, ਵੇਖ ਜਿੰਦ ਕਿਵੇਂ ਪਾਲੇ ਨਾਲ ਲੂੰ-ਲੂੰ ਕੰਬ ਰਹੀ ਹੈ !"

ਅਜਿਹੇ ਸਮੇਂ ਸਿਸਟਰ ਕਲੇਅਰ ਆਪਣੇ ਸਾਰੇ ਕਪੜੇ ਉਤਾਰ ਕੇ ਕੰਬਲ ਹੇਠ ਲੰਮੀ ਪਈ ਜੂਡੀ ਨੂੰ ਚਿੰਮੜ ਜਾਂਦੀ। ਕੰਬਲ ਦੇ ਹੇਠਾਂ ਉਨ੍ਹਾਂ ਦੇ ਹੱਥ ਇਕ ਦੂਜੇ ਦੇ ਅੰਗਾਂ, ਅੰਗਾਂ ਦੀਆਂ ਗੋਲਾਈਆਂ ਤੇ ਗਹਿਰਾਈਆਂ ਦੀ ਭਾਸ਼ਾ ਸਮਝਦੇ ਇਕ ਦੂਜੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਜੀਬ-ਅਜੀਬ ਹਰਕਤਾਂ ਕਰਦੇ। ਉਹਨਾਂ ਦੇ ਰੁੰਧੇ ਹੋਏ ਗਲੇ ਵਿੱਚੋਂ ਹਿਸਟੀਰੀਆਈ ਅਰਧ-ਸੰਤੋਸ਼ ਦੀਆਂ ਸਿਸਕੀਆਂ ਭਰੀ ਨਿਰਾਰਥਕ ਭਾਸ਼ਾ ਦੇ ਬੋਲ ਨਿਕਲ ਕੇ ਕਮਰੇ ਦੇ ਸੁੰਨ ਖ਼ਲਾਅ ਵਿਚ ਫੈਲ ਜਾਂਦੇ। ਖੁੱਸੇ ਵਾਲ ਤੇ ਟੁੱਟੇ ਜਿਸਮ ਲੈ ਉਹ ਬਿਸਤਰੇ ਉੱਤੇ ਪਈਆਂ ਬੇਸ਼ੁਮਾਰ ਸਿਲਵਟਾਂ ਵਿਚਕਾਰ ਥੱਕ, ਹਾਰ, ਨੀਂਦਰ ਦੇ ਸੰਘਣੇ ਅਨ੍ਹੇਰੇ ਵਿਚ ਇੰਞ ਡੁੱਬ ਜਾਂਦੀਆਂ, ਜਿਵੇਂ ਆਪਣੇ ਨਿਸ਼ਾਨੇ ਦੇ ਨਜ਼ਦੀਕ ਪਹੁੰਚ ਕੇ ਕਿਸੇ ਵਿਚ ਇਕ ਕਦਮ ਹੋਰ ਪੁੱਟਣ ਦਾ ਤ੍ਰਾਣ ਤੇ ਸਾਹਸ ਨਾ ਰਿਹਾ ਹੋਵੇ ਅਤੇ ਉਹ ਘਬਰਾ ਕੇ ਡਿੱਗ ਪਵੇ, ਆਪਣੇ ਹੋਸ਼ ਖੋਹ ਬੈਠੇ !

ਸਵੇਰੇ ਫਿਰ ਉਹ ਵੀ ਬੱਝਵੀਂ ਰੁਟੀਨ, ਕਰੜੇ ਨਿਯਮ ਤੇ ਕਠਪੁਤਲੀਆਂ ਵਾਂਗ ਆਪਣਾ ਰੋਲ ਕਰਦੇ ਉਹਨਾਂ ਦੇ ਮਸ਼ੀਨੀ ਜਿਸਮ !

ਜਦੋਂ ਸਿਸਟਰ ਕਲੇਅਰ ਏਥੇ ਅਫ਼ਰੀਕਾ ਆਈ ਸੀ ਤਾਂ ਉਸ ਨੇ ਆਪਣੇ ਹੋਰ ਸਹਿਕਰਮੀਆਂ ਬਾਰੇ, ਜੋ ਵੱਖ-ਵੱਖ ਥਾਵਾਂ ਤੇ ਕੰਮ ਕਰਦੇ ਸਨ, ਅਜੀਬ ਅਜੀਬ ਗੱਲਾਂ ਸੁਣੀਆਂ ਸਨ। ਇਹਨਾਂ ਵਿੱਚੋਂ ਇਕ ਸੀ ਫਾਦਰ ਓਟੂਲ, ਜੋ ਰੋਜ਼ ਰਾਤ ਨੂੰ ਬਹੁਤ ਸਾਰੀ ਸ਼ਰਾਬ (ਵਾਈਨ) ਪੀ ਕੇ ਚੀਕਾਂ ਮਾਰਦਾ ਅਤੇ ਅਜੀਬ ਅਜੀਬ ਗੱਲਾਂ ਕਰਦਾ ਸੀ। ਲੋਕਾਂ ਨੂੰ ਉਸ ਦੀ ਨਾ ਸਮਝ ਆਉਣ ਵਾਲੀ ਭਾਸ਼ਾ (ਜੋ ਕਿਸੇ ਵੀ ਮੁਲਕ ਦੀ ਭਾਸ਼ਾ ਨਹੀਂ ਸੀ) ਤੋਂ ਉਸ ਦੇ ਪਾਗ਼ਲ ਹੋ ਜਾਣ ਦਾ ਸ਼ੱਕ ਪੈ ਗਿਆ। ਪਰ ਸਵੇਰੇ ਦਿਨ ਚੜ੍ਹੇ ਤੇ ਖ਼ਾਸ ਕਰਕੇ ਸੰਡੇ ਮਾਸ ਵਾਲੇ ਦਿਨ, ਉਸ ਦਾ ਧਾਰਮਕ ਪਰਚਾਰ ਸੁਣ ਕੇ ਉਹਨਾਂ ਨੂੰ ਉਸ ਦੇ ਪਹੁੰਚੇ ਹੋਏ ਹੋਣ ਦਾ ਯਕੀਨ ਹੋ ਗਿਆ ! ਹੁਣ ਜਦੋਂ ਵੀ ਫਾਦਰ ਓਟੂਲ ਆਪਣੇ ਅੰਦਰ ਉੱਚੀ-ਉੱਚੀ ਬੋਲਦਾ ਅਤੇ ਚੀਕਾਂ ਮਾਰਦਾ ਹੈ, ਤਾਂ ਲੋਕ ਸਮਝਦੇ ਹਨ ਕਿ ਉਹ ਇਸ ਨਾ ਸਮਝੀ ਜਾ ਸਕਣ ਵਾਲੀ ਈਸ਼ਵਰੀ ਭਾਸ਼ਾ ਵਿਚ ਈਸਾ ਤੇ ਈਸ਼ਵਰ ਨਾਲ ਮਿੱਠੀਆਂ ਮਿੱਠੀਆਂ ਗੱਲਾਂ ਕਰ ਰਿਹਾ ਹੈ ! ਫਾਦਰ ਓਟੂਲ ਦੇ ਪ੍ਰਸੰਗ ਵਿਚ ਜਦੋਂ ਸਿਸਟਰ ਕਲੇਅਰ,

ਜੂਡੀ ਨਾਲ ਸੌਣ ਸਮੇਂ ਆਪਣੀਆਂ ਘੁੱਟੀਆਂ ਘੁੱਟੀਆਂ ਸਿਸਕੀਆਂ ਤੇ ਅਜੀਬ ਬੋਲਾਂ ਦੀ ਯਾਦ ਕਰਦੀ, ਤਾਂ ਉਹ ਆਪਣੇ ਆਪ ਹੀ ਮੁਸਕਰਾ ਪੈਂਦੀ ਅਤੇ ਆਪਣੇ ਆਪ ਨੂੰ ਕਹਿੰਦੀ ਕਿ ਸ਼ੁਕਰ ਹੈ ਅਜੇ ਸਾਡਾ ਕਰਮ ਸਿਸਕੀਆਂ ਤਕ ਹੀ ਸੀਮਤ ਹੈ ਅਤੇ ਚੀਕਾਂ ਤਕ ਨਹੀਂ ਪਹੁੰਚਿਆ, ਨਹੀਂ ਤਾਂ ਆਲੇ-ਦੁਆਲੇ ਵਸਦੇ ਲੋਕਾਂ ਨੇ ਸਾਨੂੰ ਵੀ ਰੱਬ ਨੂੰ ਪਹੁੰਚੀਆਂ ਹੋਈਆਂ ਸੰਤਣੀਆਂ ਸਮਝ ਲੈਣਾ ਸੀ।"

ਇਹਨਾਂ ਦਿਨਾਂ ਵਿਚ ਹੀ ਸਿਸਟਰ ਕਲੇਅਰ ਨੇ ਇਕ ਅਫ਼ਰੀਕਨ ਸਿਸਟਰ ਐਗਨਸ ਦੇ ਗਰਭਵਤੀ ਹੋ ਕੇ ਕੌਨਵੈਂਟ ਛੱਡ ਜਾਣ ਅਤੇ ਇਕ ਅਮਰੀਕਨ ਸਿਸਟਰ ਕਲੇਮੈਂਟ ਦੇ ਚਿੱਟਾ ਚੋਲਾ ਉਤਾਰ, ਆਪਣੇ ਮਿੱਤਰ-ਮੁੰਡੇ ਨਾਲ ਨੈਰੋਬੀ ਸ਼ਹਿਰ ਵਿਚ ਮਿਨੀ ਸਕੱਰਟ ਪਾ ਕੇ ਘੁੰਮਣ ਦੀਆਂ ਖ਼ਬਰਾਂ ਵੀ ਸੁਣੀਆਂ। ਇਹ ਖ਼ਬਰਾਂ ਕੌਨਵੈਂਟ ਵਿਚ ਚੋਖੇ ਵਾਦ-ਵਿਵਾਦ ਦਾ ਵਿਸ਼ਾ ਬਣੀਆਂ ਰਹੀਆਂ। ਈਸਾਈ ਸੰਤਣੀਆਂ ਦੀ ਬਹੁ-ਗਿਣਤੀ ਦਾ ਵਿਚਾਰ ਸੀ ਕਿ ਆਪਣੇ ਵਿਸ਼ਵਾਸ ਤੋਂ ਥਿੜਕ ਕੇ ਇਹੋ ਜਿਹੀਆਂ ਹਰਕਤਾਂ ਕਰਨੀਆਂ, ਇਖ਼ਲਾਕੀ ਕਮਜ਼ੋਰੀ ਤੇ ਗਿਰਾਵਟ ਤੋਂ ਵਧ ਕੁਝ ਨਹੀਂ। ਆਪਣੇ ਮਾਨਸਕ ਉਤਾਰ ਚੜ੍ਹਾਵਾਂ ਦੇ ਵਸ ਪਈ ਸਿਸਟਰ ਕਲੇਅਰ ਨੇ ਇਹਨਾਂ ਬਹਿਸਾਂ ਦੇ ਦੌਰਾਨ ਚੁੱਪ ਹੀ ਵੱਟੀ ਰੱਖੀ, ਕਿਉਂਕਿ ਉਹ ਜਦੋਂ ਵੀ ਆਪ ਕੁਝ ਅਜਿਹਾ ਕਰਨ ਬਾਰੇ ਸੋਚਦੀ ਸੀ, ਤਾਂ ਉਸ ਦੇ ਫ਼ਰਜ਼, ਜ਼ਿੰਮੇਵਾਰੀਆਂ ਤੇ ਮਜਬੂਰੀਆਂ ਉਸ ਦਾ ਰਸਤਾ ਰੋਕ ਲੈਂਦੇ ਸਨ।

ਇਹਨਾਂ ਦਿਨਾਂ ਵਿਚ ਹੀ ਉਹਨਾਂ ਦੇ ਸਕੂਲ ਵਿਚ ਵੀ ਇਕ ਅਜੀਬ ਜਿਹੀ ਘਟਨਾ ਵਾਪਰੀ। ਨੌਵੀਂ ਜਮਾਤ ਵਿਚ ਪੜ੍ਹਦੀ ਇਕ ਅਫ਼ਰੀਕਨ ਕੁੜੀ ਦੇ ਗਰਭਵਤੀ ਹੋ ਜਾਣ ਦੀ ਖ਼ਬਰ ਸੁਣ ਕੇ, ਪਹਿਲਾਂ ਤਾਂ ਉਸ ਨੂੰ ਉਸ ਕੁੜੀ ਨਾਲ ਸਖ਼ਤ ਨਫ਼ਰਤ ਹੋਈ, ਪਰ ਜਦੋਂ ਉਸ ਨੂੰ ਪਤਾ ਲੱਗਾ ਕਿ ਵਿਆਹ ਤੋਂ ਪਹਿਲਾਂ ਅਫ਼ਰੀਕਨ ਕੁੜੀਆਂ ਦਾ ਗਰਭਵਤੀਆਂ ਹੋ ਜਾਣਾ ਭਾਰਤ ਵਾਂਗ ਫਾਹਾ ਲੈਣ ਜਾਂ ਖੂਹ ਵਿਚ ਡੁੱਬ ਮਰਨ ਵਾਲੀ ਗੱਲ ਨਹੀਂ, ਸਗੋਂ ਇਕ ਸਮਾਜ-ਪ੍ਰਵਾਣਤ ਸੱਚਾਈ ਅਤੇ ਪ੍ਰਾਕਿਰਤਕ ਕਰਮ ਹੈ, ਤਾਂ ਉਸ ਨੂੰ ਉਸ ਨਾਲ ਹਮਦਰਦੀ ਹੋ ਗਈ !

ਉਸ ਰਾਤ ਸਿਸਟਰ ਕਲੇਅਰ ਨੇ ਆਪਣੇ ਅੰਗ ਆਪ ਟੋਹ ਕੇ ਵੇਖੇ, ਉਹਨਾਂ ਦੀਆਂ ਗੋਲਾਈਆਂ ਤੇ ਗਹਿਰਾਈਆਂ ਨੂੰ ਛੂਹਿਆ, ਮਾਣਿਆਂ। ਸ਼ੀਸ਼ੇ ਦੇ ਸਾਹਵੇਂ ਖੜ੍ਹਿਆਂ ਜਿਸਮ ਤੇ ਫਿਰਦੇ ਆਪਣੇ ਹੱਥਾਂ ਵਿਚ, ਮਰਦ ਦੇ ਹੱਥਾਂ ਦੀ ਸ਼ਕਤੀ ਤੇ ਸਪਰਸ਼ ਦਾ ਅਨੁਭਵ ਕੀਤਾ। ਉਸ ਰਾਤ ਉਸ ਦਾ ਵਤੀਰਾ ਅਸਾਧਾਰਣ ਸੀ।

ਉਸ ਰਾਤ ਉਸ ਨੇ ਇਕ ਬੜਾ ਭਿਆਨਕ ਅਤੇ ਵਿਸਮੈਕਾਰੀ ਸੁਫ਼ਨਾ ਵੇਖਿਆ। ਅਲਬਰਟ ਇਕ ਭਰਵਾਂ ਗੁੰਦਵਾਂ ਪੂਰਨ ਮਰਦ ਬਣ ਕੇ ਉਸ ਦੇ ਸਾਹਮਣੇ ਖੜੋਤਾ ਸੀ ! ਫਿਰ ਉਸ ਨੂੰ ਇੰਞ ਮਹਿਸੂਸ ਹੋਇਆ ਜਿਵੇਂ ਬੜੇ ਹੀ ਮਧੁਰ ਸੰਗੀਤ ਦੀ ਲੈ ਉੱਤੇ ਉਸ ਨੂੰ ਕੋਈ ਹੌਲੀ-ਹੌਲੀ ਜਗਾ ਰਿਹਾ ਹੋਵੇ, ਬੁਲਾ ਰਿਹਾ ਹੋਵੇ—ਉਸ ਦੇ ਸਾਰੇ ਕੱਪੜੇ ਲੀਰੋ-ਲੀਰ ਕਰਕੇ ਜਿਵੇਂ ਕੋਈ ਉਸ ਨੂੰ ਸਬੂਤਿਆਂ ਹੀ ਨਿਗਲ ਜਾਣਾ ਚਾਹੁੰਦਾ ਹੋਵੇ—ਉਸ ਨੇ ਵੇਖਿਆ, ਇਕ ਮਗਰਮੱਛ ਦਾ ਜਬਾੜਾ ਖੁੱਲ੍ਹ ਰਿਹਾ ਸੀ—ਭੈਭੀਤ ਉਸ ਨੇ ਅੱਖਾਂ ਮੁੰਦ ਲਈਆਂ—ਭੈ, ਹਿੰਸਾ ਤੇ ਹੈਰਾਨੀ ਦੇ ਇਕ ਅਨੋਖੇ ਤਜਰਬੇ ਵਿੱਚੋਂ ਲੰਘਦਿਆਂ, ਉਸ ਨੂੰ ਇਕ ਰਾਹਤ ਜਿਹੀ ਮਹਿਸੂਸ ਹੋਈ। ਇਕ ਵਾਰੀ ਫਿਰ ਕਿਸੇ ਨੇ ਉਸ ਨੂੰ ਠਕੋਰ ਕੇ ਜਗਾਇਆ—ਉਸ ਨੇ ਵੇਖਿਆ ਉਸ ਦੇ ਫਟੇ ਹੋਏ ਚੋਲੇ ਹੇਠੋਂ ਉਸ ਦਾ ਜਿਸਮ ਗਾਇਬ ਹੋ ਚੁੱਕਾ ਹੈ ਅਤੇ ਉਸ ਦੇ ਹੇਠਾਂ ਕੇਵਲ ਇਕ ਸਿੱਪੀ ਪਈ ਹੈ—ਖੁੱਲ੍ਹੇ ਮੂੰਹ ਵਾਲੀ ਸਿੱਪੀ, ਜਿਸ ਦਾ ਮੂੰਹ ਇਕ ਪਿਆਸੀ ਅੱਖ ਬਣੀ ਘਟਾਟੋਪ ਅੰਬਰ ਵਲ ਟਿਕਟਿਕੀ ਲਾ ਕੇ ਵੇਖ ਰਿਹਾ ਹੋਵੇ—ਸਿਰਫ਼ ਇਕ ਬੂੰਦ ਦੀ ਉਡੀਕ ਵਿਚ। ਫਟੇ ਹੋਏ ਚੋਲੇ ਹੇਠੋਂ ਸਿੱਪੀ ਨੂੰ ਚੁੱਕਦਿਆਂ ਉਸ ਦਾ ਹੱਥ ਰੋਜ਼ਰੀ ਨੂੰ ਛੂਹ ਗਿਆ ਤੇ ਉਸ ਦੀ ਨੀਂਦਰ ਖੁੱਲ੍ਹ ਗਈ। ਪੱਟਾਂ ਵਿਚਾਲਿਓਂ ਹੱਥ ਕੱਢ ਕੇ ਉਸ ਨੇ ਰੋਜ਼ਰੀ ਦੇ ਮਣਕਿਆਂ ਨੂੰ ਹੱਥ ਨਾਲ ਘੁੰਮਾਉਂਦਿਆਂ, ਧੜਕਦੇ ਦਿਲ ਨੂੰ ਜ਼ੋਰ-ਜ਼ੋਰ ਨਾਲ 'ਈਸਾ, ਈਸਾ' ਜਪ ਕੇ ਸ਼ਾਂਤ ਕੀਤਾ।

ਦੂਜੀ ਸਵੇਰ ਉਸ ਨੂੰ ਉਹ ਗਰਭਵਤੀ ਕੁੜੀ ਵਿਚ ਸ਼ਾਂਤ ਸਿੱਪੀ ਦਾ ਰੂਪ ਨਜ਼ਰੀਂ ਆਇਆ ਤਾਂ ਉਸ ਨੇ ਕੌਨਵੈਂਟ ਦੇ ਕੰਮ ਤੋਂ ਵਿਹਲਿਆਂ ਹੋ ਕੇ ਸੁਫ਼ਨੇ ਦੀ ਸਾਰੀ ਵਿਥਿਆ ਸਿਸਟਰ ਜੂਡੀ ਨੂੰ ਜਾ ਦੱਸੀ। ਸਿਸਟਰ

ਜੂਡੀ ਨੇ ਕਿਹਾ, "ਹਟ ਕਮਲੀ, ਸੁਫ਼ਨੇ ਵੀ ਕਦੇ ਸੱਚ ਹੁੰਦੇ ਹਨ ? ਸਾਡਾ ਦਾਮਨ ਪਾਕ ਹੈ—ਮਨ ਦੀ ਲੋੜ ਤੋਂ ਵੀ ਤੇ ਤਨ ਦੀ ਲੋੜ ਤੋਂ ਵੀ। ਜਿਸ ਦੇ ਮਨ ਅੰਦਰ ਈਸਾ ਦਾ ਵਾਸਾ ਹੋਵੇ, ਉਹਨੂੰ ਕਿਸੇ ਮਰਦ ਦੀ ਛੂਹ ਦੀ ਕੀ ਲੋੜ ?"

"ਨਹੀਂ ਸਿਸਟਰ, ਇਹ ਇਕ ਧੋਖਾ ਹੈ। ਤਨ ਦੀ ਲੋੜ ਤੋਂ ਤੂੰ ਵੀ ਜਾਣੂੰ ਹੈਂ ਤੇ ਮੈਂ ਵੀ। ਬਿਸਤਰੇ ਵਿਚ ਤੇਰਾ ਸੰਗ ਕਰਕੇ ਹੁਣ ਮੇਰੀ ਸੰਤੁਸ਼ਟੀ ਨਹੀਂ ਹੁੰਦੀ। ਮੈਨੂੰ ਮਹਿਸੂਸ ਹੁੰਦਾ ਹੈ ਕਿ ਇਸ ਤੋਂ ਅੱਗੇ ਵੀ ਕੁਝ ਹੈ ਜੋ ਅਸਲੀ ਹੀ ਨਹੀਂ, ਸਗੋਂ ਕੁਦਰਤੀ ਵੀ ਹੈ। ਤੇਰਾ ਮੇਰਾ ਸੰਪਰਕ ਉਸ ਉਚੇਰੀ ਸੱਚਾਈ ਦੇ ਇਕ ਘਟੀਆ ਬਦਲ ਤੋਂ ਵਧ ਕੁਝ ਨਹੀਂ।"

"ਨਹੀਂ ਸਿਸਟਰ, ਇਹੋ ਜਿਹੀਆਂ ਗੱਲਾਂ ਨਹੀਂ ਕਰੀਦੀਆਂ। ਅਸੀਂ ਈਸਾ ਨਾਲ ਵਿਆਹੀਆਂ ਮਰਦਾਂ ਦੇ ਸੰਗ ਦੀ ਕਲਪਨਾ ਵੀ ਨਹੀਂ ਕਰ ਸਕਦੀਆਂ।"

"ਔਹ ਵੇਖ ਜੂਡੀ, ਮਾਲੀ ਟਰੈਕਟਰ ਨਾਲ ਜ਼ਮੀਨ ਵਾਹ ਰਿਹਾ ਹੈ। ਤਿੱਖੇ ਤਿੱਖੇ ਫਾਲੇ ਧਰਤੀ ਵਿਚ ਡੂੰਘੇ ਸਿਆੜ ਪੁੱਟ ਰਹੇ ਹਨ। ਧਰਤੀ ਦਾ ਮੂੰਹ ਸਿਆੜਾਂ ਰਾਹੀਂ ਸਿੱਪੀਆਂ ਵਾਂਗ ਖੁੱਲ੍ਹ ਰਿਹਾ ਹੈ। ਫਿਰ ਇਹਨਾਂ ਵਿਚ ਬੀਜ ਕਿਰਨਗੇ। ਧਰਤੀ ਤੇ ਬੀਜ ਦੀ ਸਿਰਜਣ-ਸ਼ਕਤੀ ਕੁਦਰਤ ਬਣ ਕੇ ਮੌਲ ਪਏਗੀ, ਆਪਣੇ ਪੂਰੇ ਕਰਤਾਰੀ ਰੂਪ ਵਿਚ। ਜੀਵਨ ਵਾਂਗ ਭਖ਼ਦੇ, ਫੁੱਲਦੇ, ਫਲਦੇ, ਕੁਦਰਤ ਦੇ ਇਸ ਰੂਪ ਨੂੰ ਵੇਖ ਕੇ ਮੈਨੂੰ ਇੰਞ ਜਾਪਦਾ ਹੈ, ਜਿਵੇਂ ਮੈਂ ਸ਼ੋ-ਵਿੰਡੋ (ਪ੍ਰਦਰਸ਼ਨ-ਖਿੜਕੀ) ਵਿਚ ਲੰਮੇ ਸਮੇਂ ਤੋਂ ਪਈ ਇਕ ਅਜਿਹੀ ਪੌਸ਼ਾਕ ਹੋਵਾਂ, ਜੋ ਕਿਸੇ ਦੇ ਪਹਿਨਣ ਤੋਂ ਪਹਿਲਾਂ ਹੀ ਸਟੈਂਡ ਉੱਤੇ ਲੱਗੀ ਹੌਲੀ-ਹੌਲੀ ਲਗਾਤਾਰ ਹੰਢ ਹੰਢ ਦੇ ਬੁਦ ਰਹੀ ਹੋਵਾਂ—ਸਿਸਟਰ ਜਿਵੇਂ ਮੈਂ ਇਕ ਅਜਿਹੀ, ਤੇ ਬੜੀ ਜ਼ਰਖੇਜ਼ ਧਰਤੀ ਹੋਵਾਂ, ਜਿਸ ਨੂੰ ਨਾ ਕਦੇ ਕਿਸੇ ਵਾਹਿਆ ਹੋਵੇ ਅਤੇ ਨਾ ਹੀ ਬੀਜਿਆ ਹੋਵੇ। ਧਰਤੀ ਵਿਚ ਪਾੜ ਪਾਉਂਦੇ ਉਹਨਾਂ ਹਲਾਂ ਵਲ ਵੇਖ ਕੇ ਮੇਰਾ ਜੀ ਕਰਦਾ ਹੈ ਕਿ ਕੋਈ ਆਵੇ ਤੇ ਮੈਨੂੰ ...।"

ਤੇ ਫਿਰ ਕਹਿੰਦੇ ਹਨ ਇਕ ਦਿਨ ਸਿਸਟਰ ਕਲੇਅਰ ਨੇ ਆਪਣਾ ਬੇਦਾਗ਼ ਚਿੱਟਾ ਚੋਲਾ ਲੀਰੋ-ਲੀਰ ਕਰਕੇ ਰਾਹ ਜਾਂਦੇ ਇਕ ਮਰਦ ਨੂੰ ਹੱਥ ਪਾ ਲਿਆ। ਹੁਣ ਉਹ ਮਾਨਸਿਕ ਰੋਗੀਆਂ ਦੇ ਹਸਪਤਾਲ ਵਿਚ ਜਦੋਂ ਵੀ ਜ਼ਿੰਦਗੀ ਨੂੰ ਜਿਊਣ ਹੰਢਾਉਣ ਤੇ ਚਾਅ ਨਾਲ ਭਰਪੂਰ, ਬੜੀਆਂ ਸਿਆਣੀਆਂ ਤੇ ਪਤੇ ਦੀਆਂ ਗੱਲਾਂ ਕਰਦੀ ਹੈ ਤਾਂ ਲੋਕ ਕਹਿੰਦੇ ਹਨ ਕਿ ਉਹ ਪਾਗ਼ਲ ਹੈ !

# ਰੱਸੇ ਚੱਬਣ ਵਾਲਾ ਪਸ਼ੂ

ਹੁਣ ਤਕ ਜੋ ਸੱਚ ਸੀ, ਉਹ ਭਰਮ ਬਣ ਚੁੱਕਾ ਹੈ। ਮੈਨੂੰ ਜਿਸ ਸ਼ੈ ਦਾ ਨਾਮ ਜ਼ਿੰਦਗੀ ਦੱਸਿਆ ਗਿਆ ਸੀ, ਉਸ ਦੇ ਅੰਦਰ ਝਾਤੀ ਮਾਰੀ ਤਾਂ ਮੌਤ ਹੀ ਮੌਤ ਨਜ਼ਰ ਆਈ ! ਜਿਸ ਨੂੰ ਅੱਜ ਤਕ ਖ਼ੂਬਸੂਰਤੀ ਸਮਝਦਾ ਰਿਹਾ ਸਾਂ, ਉਸ ਅੰਦਰ ਮਾਸ-ਹੀਣ ਖੋਪਰੀ ਤੇ ਪਿੰਜਰ ਝੂਲਦੇ ਵਿਖਾਈ ਦਿੱਤੇ। ਭਰਮ-ਖੰਡਤ ਦ੍ਰਿਸ਼ਟੀ ਨਾਲ ਤਸਵੀਰਾਂ 'ਚੋਂ ਅੱਖਰ ਉਠਾਉਣ ਦਾ ਯਤਨ ਕਰਦਾ ਹਾਂ—ਨਕਸ਼ ਟੁੱਟਦੇ ਹਨ। ਪਰ ਕੋਈ ਸ਼ਬਦ ਨਹੀਂ ਬਣਦਾ। ਅਰਥ ਇਕ ਨਿਰਾਰਥਕ ਕਰਮ ਵਿਚ ਬੱਝੇ ਅੱਖ ਪੁੱਟ ਕੇ, ਡੂੰਘੀਆਂ ਗ਼ਾਰਾਂ ਦਾ ਰੂਪ ਧਾਰ ਲੈਂਦੇ ਹਨ ਤੇ ਜਾਪਦਾ ਹੈ ਜਿਵੇਂ ਦਿਨ ਦੀਵੀਂ ਅਨ੍ਹੇਰ ਪੈ ਗਿਆ ਹੋਵੇ। ਆਦਮੀ ਇਕ ਸੋਚਣ ਵਾਲਾ ਪਸ਼ੂ, ਜਿਸ ਨੂੰ ਪਤਾ ਹੈ ਕਿ ਸੋਚ ਦਾ ਅੰਤ ਅਸੋਚ ਅਤੇ ਅਸੋਚ ਦਾ ਆਰੰਭ ਸੋਚ ਹੈ, ਫਿਰ ਵੀ ਸੋਚਦਾ ਹੈ।

ਸੋਚਦਾ ਹਾਂ ਕਿ ਸ਼ਾਇਦ ਮੈਂ ਕੋਈ ਭਿਆਨਕ ਸੁਫ਼ਨਾ ਵੇਖਿਆ ਹੈ। ਆਪਣੇ ਆਪ ਨੂੰ ਬੜੇ ਜ਼ੋਰ ਦੀ ਚੂੰਢੀ ਵੱਢਦਾ ਹਾਂ। ਦਰਦ ਦਾ ਅਹਿਸਾਸ ਇਕ ਵਾਰੀ ਫਿਰ ਜ਼ਿੰਦਗੀ ਦਾ ਅਹਿਸਾਸ ਬਣ ਨਿਬੜਦਾ ਹਾਂ, ਤਾਂ ਕਿਸੇ ਨਾਵਲ ਦੀ ਇਕ ਪਾਤਰ ਦੀ ਆਵਾਜ਼ ਮੇਰੇ ਕੰਨੀਂ ਪੈਂਦੀ ਹੈ।

"ਏਥੇ ਸੁੰਦਰਤਾ ਨਾਂ ਦੀ ਕੋਈ ਸ਼ੈ ਨਹੀਂ, ਜੇ ਹੈ ਤਾਂ ਕੇਵਲ ਬਰਬਾਦੀ ਹੈ ! ਅਹਿਸਾਸ ਪਿਆਰ ਵਿਚ ਨਹੀਂ ਸਗੋਂ ਦਰਦ ਅਤੇ ਤਕਲੀਫ਼ ਵਿਚ ਹੈ। ਜੇ ਤੂੰ ਮੈਨੂੰ ਮਾਰੇਂ, ਤਾਂ ਸ਼ਾਇਦ ਮੈਂ ਕੁਝ ਮਹਿਸੂਸ ਕਰਾਂ। ਮੈਨੂੰ ਇਹ ਪਤਾ ਲੱਗੇਗਾ ਕਿ ਮੈਂ ਜਿਊਂਦੀ ਹਾਂ ਤੇ ਮੈਨੂੰ ਕੋਈ ਪਿਆਰ ਕਰ ਸਕਦਾ ਹੈ। ਮੈਨੂੰ ਤਬਾਹ ਕਰਨ ਵਿਚ ਮੇਰੀ ਸਹਾਇਤਾ ਕਰ, ਮੈਂ ਤੈਨੂੰ ਪਿਆਰ ਕਰਾਂਗੀ।"

ਇਹ ਵੀ ਅਜੀਬ ਗੱਲ ਹੈ ਕਿ ਜਿਸ ਪਿਆਰ ਨੂੰ ਮੈਂ ਅੱਜ ਤਕ ਇਕ ਭਾਵ-ਵਾਚਕ ਤੇ ਅਮਰ ਸੱਚਾਈ ਸਮਝਦਾ ਰਿਹਾ ਸਾਂ, ਉਹ ਇਕ ਜਿਊਂਦੇ ਭਖਦੇ ਸਥੂਲ ਜਿਸਮ ਵਿਚ ਵਟ ਕੇ ਦੂਜੇ ਜਨਮ ਦੇ ਸੱਚ ਨੂੰ ਮੰਨਣੋਂ ਇਨਕਾਰੀ ਹੈ। ਜਦੋਂ ਮੈਨੂੰ ਸਿਰਜਣ ਵਿਚ ਤਬਾਹੀ ਤੇ ਤਬਾਹੀ ਵਿਚ ਸਿਰਜਣ ਦੇ ਤੱਤ ਨਜ਼ਰ ਆਉਂਦੇ ਹਨ ਤਾਂ ਮੇਰਾ ਰੋਮ-ਰੋਮ ਮਧੂ-ਮੱਖੀਆਂ ਦੇ ਡੰਗਾਂ ਨਾਲ ਵਿੰਨ੍ਹਿਆਂ, ਸੁੱਜ ਗਿਆ ਜਾਪਦਾ ਹੈ। ਇਸ ਡੰਗ-ਵਿੰਨ੍ਹਵੇਂ ਦਰਦ ਵਿਚ ਵੀ ਆਪਣਾ ਹੀ ਸੁਆਦ ਹੈ ! ਮਿੱਠੀ-ਮਿੱਠੀ ਝਰਿਹ ਛਿੜਦੀ ਹੈ ਤਾਂ, ਜੀ ਕਰਦਾ ਹੈ ਕਿ ਉਂਗਲਾਂ ਦੇ ਪੋਟੇ ਲਗਾਤਾਰ ਇਸੇ ਤਰ੍ਹਾਂ ਦਰਦ ਦੀ ਇਸ ਲੱਜ਼ਤ ਨਾਲ ਕਲੋਲ ਕਰਦੇ ਰਹਿਣ। ਪਰ ਸਮੇਂ ਕੋਲ ਏਨੀ ਵਿਹਲ ਕਿੱਥੇ ਕਿ ਮਨੁੱਖ ਨੂੰ ਕਦੇ ਆਪਣਾ ਆਪ ਬਣ ਲੈਣ ਦੇਵੇ। ਮਨੁੱਖ ਤਾਂ ਚਾਹੁੰਦਾ ਹੈ ਕਿ ਇੱਕੋ ਸਮੇਂ ਉਹ ਪਰਬਤ ਵੀ ਹੋਵੇ, ਦਰਿਆ ਵੀ, ਪ੍ਰਕਿਰਤੀ ਵੀ ਹੋਵੇ, ਹਵਾ ਵੀ, ਸੂਰਜ ਵੀ ਹੋਵੇ, ਸ਼ੁਦਾ ਵੀ, ਪਰ ਸਮਾਂ ਕਹਿੰਦਾ ਹੈ, "ਮੈਂ ਤੈਨੂੰ ਬੀਜ ਦਾ ਸੱਚ ਦਿੱਤਾ ਹੈ। ਤੂੰ ਬ੍ਰਿਛ ਬਣ ਕੇ ਹੰਢ ਹਾਰ, ਟੁੱਟ, ਬਲ, ਮੁੱਕ ਜਾ—ਤੇਰਾ ਅੰਕੁਰ ਵੱਤਰ ਭੂਮੀ ਵਿਚ ਇਕ ਨਵੇਂ ਰੁੱਖ ਨੂੰ ਜਨਮ ਦੇਵੇਗਾ।"

ਬੀਜ ਦੇ ਇਸ ਸੱਚ ਸੌਂਹੇਂ ਮੈਨੂੰ ਏਥੇ ਵਸਦੀ ਉਸ ਯੂਨਾਨੀ ਯੁਵਤੀ ਨਾਲ ਵਾਪਰੀ ਇਕ ਸੱਚੀ ਘਟਨਾ ਯਾਦ ਆਉਂਦੀ ਹੈ, ਜਿਸ ਨੇ ਬਿਨਾਂ ਵਿਆਹ ਕੀਤਿਆਂ ਆਪਣੇ ਯੂਨਾਨੀ ਪ੍ਰੇਮੀ ਨਾਲ ਪੂਰੇ ਦਸ ਵਰ੍ਹੇ ਗੁਜ਼ਾਰ

ਦਿੱਤੇ ਸਨ। ਉਹ ਅਕਸਰ ਉਹਨੂੰ ਕਿਹਾ ਕਰਦੀ ਸੀ, "ਤੇਰਾ ਮੇਰਾ ਸੰਬੰਧ ਸ਼ਾਦੀ ਵਰਗੇ ਰਿਵਾਜੀ ਬੰਧਨ ਦਾ ਮੁਹਤਾਜ਼ ਨਹੀਂ। ਸਾਹ ਤੂੰ ਲੈਂਦਾ ਹੈਂ, ਜ਼ਿੰਦਗੀ ਮੇਰੇ ਵਿਚ ਧੜਕਦੀ ਹੈ। ਮੇਰੀ ਇਸ ਐਸਟੇਟ, ਇਸ ਘਰ, ਇਸ ਜਿਸਮ, ਇਸ ਮਨ ਵਿਚ, ਹਰ ਥਾਂ ਹਰ ਸਮੇਂ ਤੂੰ ਹੀ ਵਸਦਾ ਹੈਂ, ਫਿਰ ਬੰਧਨ ਕਿਹੇ ? ਤੇਰਾ ਮੇਰਾ ਸੰਬੰਧ ਹਵਾ ਤੇ ਸਾਹ ਦਾ ਸੰਬੰਧ ਹੈ, ਬੱਦਲ ਤੇ ਦਰਿਆ ਦਾ ਸੰਬੰਧ ਹੈ। ਤੇਰਾ ਹੌਲੀ-ਹੌਲੀ ਖ਼ਤਮ ਹੋਣਾ, ਮੇਰਾ ਭਰਨਾ, ਤੇਰਾ ਪੁਨਰ-ਨਿਰਮਾਣ ਹੈ। ਮੇਰਾ ਦਿਲ ਕਰਦਾ ਹੈ ਕਿ ਮੇਰੇ ਦੁੱਖ ਵਿਚ ਹੀ ਨਹੀਂ, ਸਗੋਂ ਮੇਰੀ ਕੁੱਖ ਵਿਚ ਵੀ ਤੂੰ ਹੀ ਹੋਵੇਂ ਤੇ ਇਕ ਅਜਿਹਾ ਮੁੱਖ ਲੈ ਕੇ ਜੰਮੇਂ ਜਿਸ ਉੱਤੇ ਸੁਤੰਤਰ ਸੰਬੰਧਾਂ ਦਾ ਪ੍ਰਕਾਸ਼ ਹੋਵੇ।"

ਉਹਨਾਂ ਦਾ ਪਿਆਰ ਦੂਰ ਨੇੜੇ ਦੀਆਂ ਹੋਰ ਐਸਟੇਟਾਂ ਵਿਚ ਹੀ ਨਹੀਂ, ਸਗੋਂ ਨੈਰੋਬੀ ਦੇ ਹੋਟਲਾਂ, ਬਾਜ਼ਾਰਾਂ ਤੇ ਕਲੱਬਾਂ ਵਿਚ ਵੀ ਚਰਚਾ ਦਾ ਇਕ ਭਖ਼ਦਾ ਵਿਸ਼ਾ ਬਣ ਚੁੱਕਿਆ ਸੀ। ਉਹ ਦੋਵੇਂ ਕਾਰ ਪਾਰਕ ਕਰਕੇ, ਹੱਥ ਵਿਚ ਹੱਥ ਪਾਈ ਨੈਰੋਬੀ ਦੇ ਬਾਜ਼ਾਰਾਂ ਵਿਚ ਚਹਿਲ-ਕਦਮੀ ਲਈ ਨਿਕਲਦੇ ਤਾਂ ਜਵਾਨ ਮੁੰਡੇ ਕੁੜੀਆਂ ਇਕ ਆਹ ਭਰ ਕੇ ਰਹਿ ਜਾਂਦੇ ! ਉਹਨਾਂ ਦਾ ਜੀ ਕਰਦਾ ਕਿ ਉਹਨਾਂ ਦਾ ਵੀ ਅਜਿਹਾ ਹੀ ਸਾਥ ਬਣੇ। ਤੇ ਫਿਰ ਕਹਿੰਦੇ ਹਨ ਕਿ ਉਸ ਯੂਨਾਨੀ ਯੁਵਤੀ ਦੇ ਮਨ ਵਿਚ ਇਕ ਸ਼ੱਕ, ਇਕ ਭੈ ਬੈਠ ਗਿਆ, ਆਪਣੇ ਪ੍ਰੇਮੀ ਤੋਂ ਵਿੱਛੜ ਜਾਣ ਦਾ। ਜਿਵੇਂ-ਜਿਵੇਂ ਇਹ ਭੈ ਵਧਦਾ ਗਿਆ, ਤਿਵੇਂ-ਤਿਵੇਂ ਉਹ ਉਸ ਨੂੰ ਹੋਰ ਵੀ ਵਧੇਰੇ ਫੜ-ਫੜ ਰਖਦੀ। ਮਰਦ ਲਈ ਔਰਤ ਦੀ ਇਹ ਕਮਜ਼ੋਰੀ ਪਹਿਲਾਂ ਉਸ ਨੂੰ ਆਪਣੇ ਰੁਖ ਮੋਮ ਵਾਂਗ ਮੋੜਨ ਦਾ ਇਕ ਹੱਥਿਆਰ ਤੇ ਫਿਰ ਇਕ ਇਕ-ਰਸ ਇਕਾਂਗੀ ਅਕੇਵਾਂ ਬਣ ਗਈ। ਉਹ ਕਈ ਕਈ ਦਿਨ, ਕਈ-ਕਈ ਰਾਤਾਂ ਉਸ ਨੂੰ ਬਿਨਾਂ ਦੱਸਿਆਂ ਹੀ ਗਾਇਬ ਹੋ ਜਾਂਦਾ, ਕਿਤੇ ਦੂਰ ਨਿਕਲ ਜਾਂਦਾ। ਉਸ ਨੂੰ ਆਪਣੀ ਪ੍ਰੇਮਿਕਾ ਦੇ ਸ਼ੱਕ ਤੇ ਕਬਜ਼ੇ ਦੀ ਭਾਵਨਾ ਤੋਂ ਉਕਤਾਹਟ ਹੋਣ ਲੱਗ ਪਈ। ਕਦੇ-ਕਦੇ ਇੰਵ ਜਾਪਦਾ ਜਿਵੇਂ ਉਸ ਦੀ ਪ੍ਰੇਮਿਕਾ ਉਸ ਨੂੰ ਆਪਣੀ ਜੱਦੀ ਪੁਸ਼ਤੀ ਐਸਟੇਟ ਦਾ ਹੀ ਇਕ ਅੰਗ ਸਮਝਦੀ ਹੋਵੇ ਜਾਂ ਡਰਾਇੰਗ ਰੂਮ ਦਾ ਕੋਈ ਡੈਕੋਰੇਸ਼ਨ ਪੀਸ, ਜਿਸ ਨੂੰ ਜਦੋਂ ਮਰਜ਼ੀ, ਜਿੱਥੇ ਮਰਜ਼ੀ, ਜਿਵੇਂ ਜੀ ਆਇਆ ਰੱਖ ਲਿਆ—ਕੋਨ ਬਦਲ ਕੇ ਜਾਂ ਰੂਪ ਬਦਲ ਕੇ।

ਉਸ ਦੀ ਇਸ ਗ਼ੈਰ-ਹਾਜ਼ਰੀ ਨੇ ਦੋਹਾਂ ਵਿਚਕਾਰ ਲੜਾਈ, ਝੜਪ ਤੇ ਤਿੱਖੀ ਤਕਰਾਰ ਨੂੰ ਹੀ ਜਨਮ ਨਾ ਦਿੱਤਾ, ਸਗੋਂ ਉਹਨਾਂ ਦੀ ਸ਼ਰਾਬਨੋਸ਼ੀ ਦੀ ਆਦਤ ਨੂੰ ਵੀ ਵਧਾਇਆ।

ਔਰਤ-ਮਨ, ਸ਼ੰਕਾ ਦਾ ਘਰ ਹੈ। ਇਕ ਸ਼ਾਮ ਜਦੋਂ ਉਹ ਘਰ ਪਰਤਿਆ, ਤਾਂ ਉਹ ਸ਼ਰਾਬ ਪੀਂਦੀ, ਰੋਂਦੀ ਹੋਈ ਕਦੇ ਆਪਣੇ ਆਪ ਵਲ ਵੇਖ ਰਹੀ ਸੀ ਤੇ ਕਦੇ ਕੋਲ ਪਈ ਬੰਦੂਕ ਵਲ ! ਉਸ ਦੇ ਇਹ ਪੁੱਛਣ 'ਤੇ ਕਿ ਏਨੇ ਦਿਨ ਕਿੱਥੇ ਰਿਹਾ ਹੈਂ, ਉਸ ਦਾ ਪ੍ਰੇਮੀ ਗੁੱਸੇ ਵਿਚ ਅੱਗ-ਭਬੂਕਾ ਹੋਇਆ ਲਾਵੇ ਵਾਂਗ ਫੁੱਟ ਪਿਆ, "ਤੂੰ ਆਪਣੇ ਆਪ ਨੂੰ ਕੀ ਸਮਝਦੀ ਹੈਂ ? ਠੀਕ ਹੈ ਕਿ ਨਾ ਮੇਰੀ ਕੋਈ ਜਾਇਦਾਦ ਹੈ, ਨਾ ਘਰ, ਨਾ ਘਾਟ, ਪਰ ਇਸ ਦਾ ਇਹ ਮਤਲਬ ਤਾਂ ਨਹੀਂ ਕਿ ਮੈਂ ਤੇਰਾ ਜ਼ਰ-ਖ਼ਰੀਦ ਗ਼ੁਲਾਮ ਹਾਂ ! ਜਿੱਥੇ ਮਰਜ਼ੀ ਜਾਵਾਂ, ਜੋ ਮਰਜ਼ੀ ਕਰਾਂ, ਤੂੰ ਕੌਣ ਹੁੰਦੀ ਹੈਂ, ਮੈਨੂੰ ਪੁੱਛਣ ਵਾਲੀ ?"

ਯੂਨਾਨੀ ਯੁਵਤੀ ਦੇ ਹੋਂਠ ਕੰਬੇ, ਪਰ ਉਹਨਾਂ ਵਿੱਚੋਂ ਕੋਈ ਸ਼ਬਦ ਨਾ ਨਿਕਲਿਆ। ਜੋ ਕੁਝ ਉਸ ਨੇ ਕਿਣਕਾ-ਕਿਣਕਾ ਕਰਕੇ ਉਸਾਰਿਆ, ਸਿਰਜਿਆ ਸੀ, ਉਸ ਦੀਆਂ ਨਜ਼ਰਾਂ ਸੌਂਹੇਂ ਅੱਖ ਝਮੱਕੇ ਵਿਚ ਢਹਿ ਢੇਰੀ ਹੋ ਗਿਆ ! ਉਸਦੀਆਂ ਅੱਖਾਂ ਵਿਚਲੇ ਅੱਥਰੂ ਜਿੱਥੇ ਸਨ, ਉੱਥੇ ਹੀ ਰੁਕ ਕੇ ਥਿਰ ਹੋ ਗਏ। ਉਸ ਦਾ ਸਾਰਾ ਜਿਸਮ ਪੱਥਰ ਦੀ ਮੂਰਤੀ ਵਾਂਗ ਸਖ਼ਤ ਹੋ ਗਿਆ ! ਉਸ ਦੀ ਪਕੜ ਬੰਦੂਕ ਦੇ ਘੋੜੇ 'ਤੇ ਮਜਬੂਤ ਹੋ ਗਈ ਤੇ ਫਾਇਰ ਦੀ ਆਵਾਜ਼ ਨਾਲ ਉਸ ਦਾ ਪ੍ਰੇਮੀ ਖ਼ੂਨ ਵਿਚ ਲੱਥਪਥ ਫ਼ਰਸ਼ 'ਤੇ ਡਿਗ ਪਿਆ ! ਆਪਣੇ ਹੀ ਪ੍ਰੇਮੀ ਦੇ ਖ਼ੂਨ ਨੂੰ ਵੇਖ ਕੇ ਉਸ ਦੇ ਹੋਂਠਾਂ ਵਿਚ ਫਿਰ ਹਰਕਤ ਹੋਈ।

"ਜੋ ਕੁਝ ਮੈਂ ਆਪਣੇ ਲਈ ਚਿਤਵਿਆ ਸੀ, ਤੇਰੇ ਨਾਲ ਵਾਪਰ ਗਿਆ, ਤੇਰੇ ਕਾਰਨ। ਮੇਰੇ ਜਿਊਂਦੇ ਜੀ ਤੂੰ ਹੋਰ ਔਰਤਾਂ ਨਾਲ ਘੁੰਮੇਂ, ਇਸ ਦੀ ਕਲਪਨਾ ਵੀ ਨਹੀਂ ਕਰ ਸਕਦੀ। ਮੇਰੀ ਕੁੱਖ ਵਿਚ ਗੰਦੇ ਕੀੜੇ

ਵਾਂਗ ਤੇਰਾ ਜੋ ਰੂਪ ਪਲ ਰਿਹਾ ਹੈ, ਮੈਂ ਉਸ ਨੂੰ ਖ਼ਤਮ ਕਰਨਾ ਚਾਹੁੰਦੀ ਸਾਂ, ਕਿ ਮੂਹਰੇ ਤੂੰ ਆ ਗਿਆ। ਤੂੰ ਇਹ ਵੀ ਭੁੱਲ ਗਿਆ ਕਿ ਜ਼ਿੰਦਗੀ ਤੇ ਮੌਤ ਅਤੇ ਮੁਹੱਬਤ ਤੇ ਨਫ਼ਰਤ ਵਿਚ ਕੇਵਲ ਇਕ ਸ਼ਬਦ ਦੀ ਵਿੱਥ ਹੈ।"

ਬੰਦੂਕ ਦੀ ਨਾਲੀ ਦਾ ਰੁਖ਼ ਉਸ ਨੇ ਆਪਣੀ ਕੁੱਖ ਵਲ ਕੀਤਾ ਹੀ ਸੀ ਕਿ ਮਰ ਰਹੇ ਪ੍ਰੇਮੀ ਦੇ ਅੰਤਿਮ ਬੋਲ ਉਸ ਦੇ ਕੰਨਾਂ ਵਿਚ ਪਏ, "ਨਹੀਂ, ਤੂੰ ਇਹ ਨਹੀਂ ਕਰ ਸਕਦੀ। ਮਰਦਾ ਮਨੁੱਖ ਸਦਾ ਸੱਚ ਬੋਲਦਾ ਹੈ। ਤੇਰੇ ਬਿਨਾਂ ਮੈਂ ਕਿਸੇ ਹੋਰ ਨੂੰ ਕਦੇ ਵੀ ਨਹੀਂ ਚਾਹਿਆ। ਤੇਰੀ ਕਬਜ਼ੇ ਦੀ ਭਾਵਨਾਂ ਤੋਂ ਮੈਨੂੰ ਭੈ ਆਉਣ ਲੱਗ ਪਿਆ ਸੀ। ਤੈਥੋਂ ਅਲਹਿਦਾ ਹੋ ਕੇ ਬੜੇ ਭਿਆਨਕ ਸੁਫ਼ਨੇ ਆਉਂਦੇ ਸਨ, ਜਿਹਨਾਂ ਨੂੰ ਮੈਂ ਸ਼ਰਾਬ ਦੇ ਨਸ਼ੇ ਵਿਚ ਡੋਬਣ ਦਾ ਯਤਨ ਕਰਦਾ ਰਿਹਾ ਹਾਂ। ਨਹੀਂ ਤੂੰ ਇਹ ਨਹੀਂ ਕਰ ਸਕਦੀ, ਮੇਰੀ ਅਮਾਨਤ, ਮੇਰਾ ਬੀਜ, ਵਫ਼ਾ ...!"

ਮਰ ਰਹੇ ਪ੍ਰੇਮੀ ਦੀ ਖੰਡ-ਖੰਡ ਹੋ ਰਹੀ ਬਾਣੀ ਦਾ ਉਹ ਇਕ-ਇਕ ਸ਼ਬਦ ਸੁਣ, ਸਮਝ, ਮਹਿਸੂਸ ਰਹੀ ਸੀ। ਉਸ ਨੇ ਆਪਣੇ ਵਾਲ ਖੋਹ ਸੁੱਟੇ, ਕਪੜੇ ਪਾੜ ਲਏ ਤੇ ਆਪਣੇ ਪ੍ਰੇਮੀ ਨੂੰ ਗਲਵਕੜੀ ਵਿਚ ਲੈ ਕੇ ਜਦੋਂ ਉਸ ਨੇ ਕੁਝ ਆਖਣਾ ਚਾਹਿਆ ਤਾਂ ਉਸ ਦਾ ਗੱਚ ਭਰ ਆਇਆ ਅਤੇ ਫਿਰ ਉਸ ਦੇ ਸਾਹਮਣੇ ਇਕ ਢਿਲਕੀ ਹੋਈ ਗਰਦਨ ਤੇ ਪੱਥਰ ਵਾਂਗ ਥਿਰ ਦੋ ਬੇਜਾਨ ਅੱਖਾਂ ਬਾਕੀ ਰਹਿ ਗਈਆਂ ਸਨ !

ਇਕ ਰੁਖ਼, ਹੰਢ, ਹਾਰ, ਟੁੱਟ, ਬਲ, ਮੁੱਕ ਗਿਆ ਸੀ ! ਮਧੂ-ਮੱਖੀਆਂ ਦੇ ਡੰਗਾਂ ਨਾਲ ਵਿੰਨ੍ਹੇ ਹੋਏ ਮੇਰੇ ਜਿਸਮ ਉੱਤੇ ਮੇਰੇ ਹੀ ਹੱਥਾਂ ਦੇ ਪੋਟੇ ਲੱਜ਼ਤ ਭਰੇ ਦਰਦ ਨਾਲ ਜਿਵੇਂ-ਜਿਵੇਂ ਕਲੋਲ ਕਰ ਰਹੇ ਸਨ, ਤਿਵੇਂ-ਤਿਵੇਂ ਮੈਨੂੰ ਨਾ ਚਾਹੁੰਦੇ ਹੋਇਆਂ ਵੀ ਜਿਊਣ ਦੀ ਆਦਤ ਪੈ ਰਹੀ ਸੀ !

# ਸਮੁੰਦਰ ਤੇ ਰੇਤ

ਰਾਮ ਪ੍ਰਕਾਸ਼ ਨੂੰ ਏਥੇ ਆਇਆਂ ਦੋ ਵਰ੍ਹੇ ਹੋ ਚੁੱਕੇ ਹਨ। ਉਸ ਦੀ ਪਤਨੀ ਪੂਰੇ ਦੋ ਸਾਲ ਬਾਅਦ ਉਸ ਕੋਲ ਏਥੇ ਆ ਰਹੀ ਹੈ। ਉਸ ਦੇ ਸੌਹੇਂ ਰੇਤ ਦਾ ਢੇਰ, ਸੀਮਿੰਟ ਦੇ ਥੈਲੇ ਅਤੇ ਪੱਥਰ ਪਏ ਹਨ। ਉਹ ਜਦੋਂ ਵੀ ਬਣ ਰਹੇ ਇਸ ਨਵੇਂ ਮਕਾਨ ਨੂੰ ਵੇਖਣ ਆਉਂਦਾ ਹੈ, ਤਾਂ ਆਪ-ਮੁਹਾਰਾ ਹੀ ਉਸ ਦੇ ਕਦਮ ਰੇਤ ਦੇ ਢੇਰ ਵਲ ਤੁਰ ਪੈਂਦੇ ਹਨ। ਰਾਮ ਪ੍ਰਕਾਸ਼ ਰੇਤ ਦੇ ਢੇਰ ਨੂੰ ਸੱਜੇ ਹੱਥ ਨਾਲ ਛੂੰਹਦਾ ਤੇ ਫਿਰ ਸਾਰਾ ਹੱਥ ਉਸ ਅੰਦਰ ਘੁਸੇੜ ਦਿੰਦਾ ਹੈ। ਆਪਣੀ ਮੁੱਠੀ ਵਿਚ ਉਹ ਠੰਡੀ ਰੇਤ ਨੂੰ ਮਾਣਦਾ, ਮਹਿਸੂਸਦਾ ਤੇ ਫਿਰ ਹੌਲੀ-ਹੌਲੀ ਮੁੱਠ ਖੋਲ੍ਹਦਾ ਹੈ—ਰੇਤ ਦੇ ਕਿਣਕੇ ਇਕ-ਇਕ ਕਰਕੇ ਉਸ ਦੇ ਪੋਟਿਆਂ 'ਚੋਂ ਕਿਰਨ ਲੱਗ ਪੈਂਦੇ ਹਨ। ਹੱਥ, ਰੇਤ ਦਾ ਢੇਰ, ਖੁੱਲ੍ਹਦੀ ਮੁੱਠੀ 'ਚੋਂ ਕਿਰਦੇ ਰੇਤ ਦੇ ਕਿਣਕੇ—ਇਹ ਇਕ ਕ੍ਰਮ ਹੈ, ਜਿਸ ਵਿਚ ਰਾਮ ਪ੍ਰਕਾਸ਼ ਚਾਹੇ-ਅਚਾਹੇ ਆਪ ਹੀ ਰੁਝ ਜਾਂਦਾ ਹੈ। ਪੋਟਿਆਂ 'ਚੋਂ ਕਿਰਦੇ ਰੇਤ ਦੇ ਕਿਣਕੇ ਵੇਖਦਿਆਂ, ਉਸਦੀਆਂ ਅੱਖਾਂ ਸੌਹੇਂ ਰੇਤ-ਘੜੀ ਦਾ ਇਕ ਬਿੰਬ ਉਭਰਦਾ ਹੈ ਤੇ ਫਿਰ ਸਮੇਂ ਦੇ ਵਹਿਣ, ਉੱਸਰਦੇ ਢੇਰ, ਕਿਰਦੀ ਰੇਤ, ਰੇਤ-ਘੜੀ ਦੇ ਬਿੰਬ ਤੇ ਉਸ ਵਿਚ ਬੀਤਦੀ ਉਸ ਦੀ ਆਪਣੀ ਉਮਰ—ਹਾਂ ਉਸ ਦੀ ਆਪਣੀ ਉਮਰ—ਉਮਰ, ਰੇਤ, ਸਮੇਂ ਦਾ ਵਹਿਣ ਤੇ ਉਹ ... !

ਦੋ ਹੀ ਵਰ੍ਹੇ ਹੋਏ ਹਨ, ਉਸ ਨੂੰ ਏਥੇ ਆਇਆਂ। ਏਥੇ ਆਉਂਦਿਆਂ ਹੀ ਉਸ ਨੂੰ ਇਕ ਬਿਲਡਿੰਗ ਕਨਸਟਰੱਕਸ਼ਨ ਕੰਪਨੀ ਵਿਚ ਓਵਰਸੀਅਰ ਦੀ ਆਸਾਮੀ ਮਿਲ ਗਈ ਸੀ। ਨੌਕਰੀ ਤੇ ਲੱਗਣ ਅਤੇ ਭਾਰਤ ਤੋਂ ਚੱਲਣ ਦੇ ਵਿਚਕਾਰ ਇਕ ਸਮੁੰਦਰ ਹੈ ਤੇ ਸਮੁੰਦਰ ਦੀ ਤਹਿ ਵਿਚ ਛੁਪੀ ਰੇਤ, ਰੇਤ ਦੇ ਕਿਣਕੇ ! ਉਹ ਆਪ ਕੋਈ ਕਲਾਕਾਰ ਨਹੀਂ, ਪਰ ਸਮੁੰਦਰੀ ਜਹਾਜ਼ ਵਿਚ ਸਫ਼ਰ ਕਰਦਿਆਂ ਉਸ ਦੀ ਮੁਲਾਕਾਤ ਇਕ ਸਾਹਿਤਕਾਰ ਨਾਲ ਹੋ ਗਈ ਸੀ, ਜਿਸ ਦੀਆਂ ਕੁਝ ਰਚਨਾਵਾਂ ਉਸ ਨੇ ਵੀ ਪੜ੍ਹੀਆਂ ਸਨ। ਇਸ ਸਾਹਿਤਕਾਰ ਦਾ ਮੱਤ ਸੀ ਕਿ ਸਾਹਿਤ ਮਨੁੱਖ ਦੇ ਆਪੇ ਤੇ ਅਨੁਭਵ ਦਾ ਵਿਅਕਤੀਗਤ ਪ੍ਰਗਟਾਵਾ ਹੈ। ਉਹ ਭਾਰਤ ਵਿਚ ਲਿਖ-ਲਿਖ ਕੇ ਅੱਕ ਗਿਆ ਅਤੇ ਹੁਣ ਨਵੇਂ ਅਨੁਭਵ, ਨਵੀਂ ਸਿੱਕ ਦੀ ਤਲਾਸ਼ ਵਿਚ ਅਫ਼ਰੀਕਾ ਜਾ ਰਿਹਾ ਸੀ, ਤਾਂ ਕਿ ਉਸ ਦੀ ਰਚਨਾ ਵਿਚ ਤਾਜ਼ਗੀ ਆ ਸਕੇ ਤੇ ਉਹ ਇਕਾਂਗਿਤਾ ਦਾ ਸ਼ਿਕਾਰ ਹੋਣੋਂ ਬਚ ਸਕੇ। ਜਹਾਜ਼ ਦੀ ਕੈਂਟੀਨ ਤੋਂ ਬੀਅਰ ਤੇ ਵਿਸਕੀ ਪੀਂਦਿਆਂ ਰਾਮ ਪ੍ਰਕਾਸ਼ ਨਾਲ ਉਹ ਲਿੰਗ, ਵਾਸ਼ਨਾ, ਪਿਆਰ, ਜੀਵਨ, ਮੌਤ, ਹੋਂਦ ਤੇ ਸੰਘਰਸ਼ ਆਦਿ ਵਿਸ਼ਿਆਂ ਬਾਰੇ ਬੜੀ ਡੂੰਘੀ ਵਿਚਾਰ ਵਿਚ ਪੈ ਜਾਂਦਾ ਸੀ। ਪਰ ਰਾਮ ਪ੍ਰਕਾਸ਼ ਨੇ ਆਪਣੀ ਪਤਨੀ ਤੋਂ ਬਿਨਾਂ ਨਾ ਕਿਸੇ ਦਾ ਪਿਆਰ ਮਾਣਿਆ ਸੀ ਤੇ ਨਾ ਹੀ ਆਲਿੰਗਨ। ਇਸ ਲਈ ਉਸ ਸਾਹਿਤਕਾਰ ਦੀਆਂ ਗੱਲਾਂ ਵਿਚ ਉਸ ਨੂੰ ਡੂੰਘੀ ਦਿਲਚਸਪੀ ਪੈਦਾ ਹੋ ਗਈ ਸੀ—ਕਲਪਨਾ ਵਿਚ ਹੀ ਸਹੀ—ਇਕ ਅਨਜਾਣੇ ਅਨੁਭਵ ਨੂੰ ਮਾਣਨ ਦੀ ! ਸਾਹਿਤਕਾਰ ਆਪਣੇ ਆਪ ਨੂੰ ਇਕ ਸੈਲਾਨੀ ਦੇ ਰੂਪ ਵਿਚ ਪੇਸ਼ ਕਰਕੇ ਕਹਿ ਰਿਹਾ ਸੀ :

"ਸੇਲਰਜ਼ ਹੈਵ ਵਾਈਵਜ਼ ਐਟ ਐਵਰੀ ਪੋਰਟ" (ਮੱਲਾਹਾਂ ਦੀਆਂ ਤੀਵੀਆਂ ਹਰ ਬੰਦਰਗਾਹ 'ਤੇ)। ਰਾਮ

ਪ੍ਰਕਾਸ਼, ਤੇਰੀ ਦੁਨੀਆਂ ਖੂਹ ਦੇ ਡੱਡੂ ਵਾਲੀ ਹੈ। ਵੇਖ ਸਮੁੰਦਰ ਵਲ ਵੇਖ ! ਇਕ ਲਹਿਰ ਤੇ ਟਿਕੀ ਤੇਰੀ ਨਜ਼ਰ ਲਹਿਰਾਂ ਦੀ ਅਨੰਤਤਾ ਦੀ ਸਮਗਰ ਇਕਾਈ ਨੂੰ ਕਿਵੇਂ ਸਮਝ ਸਕਦੀ ਹੈ ? ਚਾਰ ਚੁਫੇਰੇ ਦੂਰ ਤਕ ਜਲ ਹੀ ਜਲ ਹੈ, ਹੈ ਕੋਈ ਸਿਰਾ ਨਜ਼ਰ ਆਉਂਦਾ ? ਫਿਰ ਵੀ ਅਸੀਂ ਜਾਣਦੇ ਹਾਂ ਕਿ ਇਸ ਦਾ ਕੋਈ ਸਿਰਾ ਜ਼ਰੂਰ ਹੈ—ਮੁੰਬਈ, ਕਰਾਚੀ, ਮੁੰਬਾਸਾ ਜਾਂ ਮਾਲਿੰਡੀ ਦਾ ਤਟ। ਇਹ ਸਿਰਫ਼ ਗਿਆਨ ਹੈ—ਪਰ ਲਹਿਰ ਨੂੰ ਅਗੇ ਤੋਰ ਰਹੀ ਇਹ ਲਹਿਰ, ਲਹਿਰ 'ਚੋਂ ਉਤਪੰਨ ਹੋ ਰਹੀ ਇਹ ਨਿਰੰਤਰ ਗਤੀ ਤੇ ਮੀਲਾਂ ਤਕ ਫੈਲਿਆ ਅਨੰਤ ਸਾਗਰ, ਜਿਸ ਵਿਚ ਸਫ਼ਰ ਕਰਦਿਆਂ ਇਸ ਸਮੇਂ ਸਾਨੂੰ ਨਾ ਆਰ ਨਜ਼ਰ ਆਉਂਦਾ ਹੈ, ਨਾ ਪਾਰ—ਇਸ ਦਾ ਆਪਣਾ ਇਕ ਵੱਖਰਾ ਹੀ ਅਨੁਭਵ ਹੈ, ਇਕ ਵੱਖਰਾ ਹੀ ਅਸਤਿਤੱਵ ਹੈ—ਸਿਰਿਆਂ ਵਿਚ ਬੱਝੇ ਹੁੰਦਿਆਂ ਵੀ ਸਿਰਿਆਂ ਤੋਂ ਆਜ਼ਾਦ ਆਪਣੀ ਗਤੀ ਦਾ—ਅਨੁਭਵ ਦੀ ਇਸ ਅਦਭੁਤਤਾ ਸੌਹੇਂ ਤਟਾਂ ਦਾ ਗਿਆਨ ਕੀ ਅਰਥ ਰਖਦਾ ਹੈ ? ਸਿਰਜਕ ਮਨੁੱਖ ਇਕ ਸੈਲਾਨੀ ਹੈ—ਜਿਸ ਦਾ ਹਰ ਤਟ ਆਪਣਾ ਹੁੰਦਿਆਂ ਵੀ ਕੋਈ ਤਟ ਨਹੀਂ ...।"

ਰਾਮ ਪ੍ਰਕਾਸ਼ ਨੂੰ ਇਹ ਬੁਝਾਰਤਾਂ, ਇਹ ਊਲ-ਜਲੂਲ ਗੱਲਾਂ ਭਾਵੇਂ ਸਮਝ ਨਹੀਂ ਪੈਂਦੀਆਂ ਸਨ, ਪਰ ਉਹ ਸਮੁੰਦਰ ਦੀ ਅਨੰਤਤਾ ਨੂੰ ਅਨੁਭਵ ਕਰਨ ਦਾ ਯਤਨ ਜ਼ਰੂਰ ਕਰ ਰਿਹਾ ਸੀ ਤੇ ਨਾਲ ਹੀ ਲਹਿਰ-ਦਰ-ਲਹਿਰ ਪਿੱਛੇ ਰਹਿੰਦੀ ਜਾਂਦੀ ਆਪਣੀ ਪਤਨੀ ਦੀ ਹੋਂਦ ਦੇ ਅਹਿਸਾਸ ਨਾਲ ਵਾਰ-ਵਾਰ ਉਭਰਦੀ ਉਸ ਦੀ ਯਾਦ ਨੂੰ ਵੀ।

ਰਸਤੇ ਵਿਚ ਸ਼ੀਸ਼ਲਜ਼ ਦਾ ਟਾਪੂ ਪੈਂਦਾ ਸੀ। ਸਾਹਿਤਕਾਰ ਨੇ ਉਸ ਨੂੰ ਦੱਸਿਆ ਕਿ ਇਹ ਟਾਪੂ ਹੁਸਨ ਦਾ ਬਾਜ਼ਾਰ ਸੀ—ਜਿਸ ਦਰ 'ਸਿਮ-ਸਿਮ' ਆਖੋ, ਹੁਸਨ ਆਪਣੇ ਖ਼ਜ਼ਾਨਿਆਂ ਸਮੇਤ ਹਾਜ਼ਰ ਹੈ ! ਗੱਲ ਦਿਲ ਗੁਰਦੇ ਤੇ ਜੇਬ ਵਿਚ ਮਾਲ ਲੈ ਕੇ 'ਸਿਮ-ਸਿਮ' ਆਖਣ ਦੀ ਹੈ। ਪਰ ਰਾਮ ਪ੍ਰਕਾਸ਼ ਉਪਰੋਂ ਚੁੱਪ ਚੁੱਪ ਹੁੰਦਾ ਹੋਇਆ ਵੀ ਅੰਦਰੋਂ ਅਤਿ ਦਾ ਡਰਿਆ ਹੋਇਆ ਸੀ। ਪਰਾਈ ਇਸਤਰੀ ਦਾ ਸੰਗ ! ਉਸ ਦੀ ਪਤਨੀ ਕੀ ਕਹੇਗੀ ? ਸਾਹਿਤਕਾਰ ਨੇ ਉਸ ਨੂੰ ਉਤੋੜਿਤੀ ਵਿਸਕੀ ਦੇ ਦੋ ਡਬਲ ਪਿਆ ਕੇ ਆਖਿਆ, "ਹੁਣ ਤੇਰੀਆਂ ਨਾੜਾਂ ਵਿਚ ਅੱਗ ਸੁਲਗ ਰਹੀ ਹੈ ਤੇ ਤੇਰੀ ਰੀੜ੍ਹ ਦੀ ਹੱਡੀ ਵਿਚ ਸਰਦੀ ਰੀਂਗ ਰਹੀ ਹੈ—ਕਿਉਂਕਿ ਤੇਰੇ ਮਨ ਵਿਚ ਦੁਬਿਧਾ ਹੈ। ਇਸ ਅੱਗ ਨਾਲ ਇਸ ਸਰਦੀ ਨੂੰ ਮਾਰਨ ਦਾ ਰਹੱਸ ਸਮਝ ਲਏਂ, ਤਾਂ ਹਰ ਸਮਾਂ ਤੇਰਾ ਸਮਾਂ, ਹਰ ਦੇਸ਼ ਤੇਰਾ ਦੇਸ਼ ਤੇ ਹਰ ਘਰ ਤੇਰਾ ਘਰ ਹੈ। ਚੱਲ ਤੁਰ ਹੇਠਾਂ ਉਤਰ ਕੇ ਬੇੜੀ ਫੜੀਏ ਤੇ ਚੱਲੀਏ ਸ਼ੀਸ਼ਲਜ਼ ਦੇ ਮੀਨਾ ਬਾਜ਼ਾਰ ਵਿਚ। ਅੱਜ ਰਾਤ ਤੂੰ ਅਲੀ ਬਾਬਾ ਹੈਂ, ਜਿਸ ਦਰ 'ਸਿਮ-ਸਿਮ', ਤਿਸ ਦਰ ਭੰਡਾਰੇ।"

ਰਾਮ ਪ੍ਰਕਾਸ਼ ਜਿਵੇਂ ਦੁਬਿਧਾ ਵਿੱਚੋਂ ਨਿਕਲ ਕੇ ਸੁਫ਼ਨੇ ਵਿਚ ਪਰਵੇਸ਼ ਕਰ ਗਿਆ ਹੋਵੇ। ਸ਼ੀਸ਼ਲਜ਼ ਦੇ ਤਟ ਤੱਕ ਪਹੁੰਚਦਿਆਂ ਉਸ ਨੇ ਦੋ-ਤਿੰਨ ਡਬਲ ਹੋਰ ਖਿੱਚ ਲਏ ਸਨ। ਉਸਦੀਆਂ ਨਾੜਾਂ ਵਿਚ ਅੱਗ ਭੜਕ ਉਠੀ ਸੀ, ਜਿਸ ਨਾਲ ਰੀੜ੍ਹ ਦੀ ਹੱਡੀ ਦੀ ਸੁੰਨ ਲਹਿਰ-ਦਰ-ਲਹਿਰ ਘਟਦੀ ਗਈ ਸੀ। ਫਿਰ ਜਦੋਂ ਸਾਹਿਤਕਾਰ ਨੇ 'ਸਿਮ-ਸਿਮ' ਆਖੀ ਤਾਂ ਸਾਹਵੇਂ ਹੁਸਨ ਦਾ ਬਜ਼ਾਰ ਖੁੱਲ੍ਹਾ ਪਿਆ ਸੀ ! ਸਾਹਿਤਕਾਰ ਨੂੰ ਬੂਹਾ ਭੇੜਦਿਆਂ ਵੇਖ ਕੇ ਰਾਮ ਪ੍ਰਕਾਸ਼ ਨੇ ਵੀ ਆਪਣਾ ਬੂਹਾ ਭੇੜ ਲਿਆ। ਜਦ ਤਨ ਜਾਗ ਪਏ ਤਾਂ ਮਨ ਦੀ ਕਿਸ ਨੂੰ ਸੁੱਧ ਰਹਿੰਦੀ ਹੈ !

ਜਦੋਂ ਉਹ ਮੀਨਾ ਬਜ਼ਾਰ ਵਿੱਚੋਂ ਬਾਹਰ ਆਇਆ, ਤਾਂ ਰਾਮ ਪ੍ਰਕਾਸ਼ ਨੂੰ ਪਹਿਲੀ ਵਾਰੀ ਅਹਿਸਾਸ ਹੋਇਆ ਕਿ ਸਾਗਰ ਦੀ ਅਨੰਤਤਾ ਦਾ ਜੋ ਭੇਦ ਸਾਗਰ ਵਿਚ ਸਫ਼ਰ ਕਰਦਿਆਂ ਉਸ ਨੂੰ ਧੁੰਦਲਾ ਜਿਹਾ ਸਮਝ ਆਇਆ ਸੀ, ਹੁਣ ਸਪੱਸ਼ਟ ਹੋ ਰਿਹਾ ਹੈ।

ਇਸ ਸਿਮਰਤੀ ਦੇ ਨਾਲ ਹੀ ਉਸ ਦੇ ਚਿਹਰੇ 'ਤੇ ਮੁਸਕਾਨ ਫੈਲ ਜਾਂਦੀ ਹੈ। ਉਸ ਨੇ ਵੇਖਿਆ ਉਸ ਦੇ ਸੌਹੇਂ ਰੇਤ ਦਾ ਢੇਰ ਪਿਆ ਹੈ ਤੇ ਉਸ ਦੇ ਸੱਜੇ ਹੱਥ ਵਿੱਚੋਂ ਇਕ-ਇਕ ਕਰਕੇ ਰੇਤ ਦੇ ਕਿਣਕੇ ਢੇਰ ਉੱਤੇ ਕਿਰ ਰਹੇ ਹਨ। ਉਸ ਨੇ ਆਲੇ-ਦੁਆਲੇ ਨਜ਼ਰ ਮਾਰੀ, ਨੈਰੋਬੀ ਸ਼ਹਿਰ ਦੀਆਂ ਖ਼ੂਬਸੂਰਤ ਇਮਾਰਤਾਂ ਤੇ ਫੁੱਲਾਂ ਦੇ ਹੁਸਨ ਨਾਲ ਲੱਦੇ ਪਾਰਕ ... ਤੇ ਉਸ ਦਾ ਮਿੱਤਰ ਜਿਸ ਨੇ ਉਸ ਨੂੰ ਏਧਰ ਮੰਗਵਾਇਆ ਸੀ। ਰਾਮ ਪ੍ਰਕਾਸ਼ ਜਦੋਂ ਮੁੰਬਾਸੇ ਤੋਂ ਹਵਾਈ ਜਹਾਜ਼ ਫੜ ਕੇ ਨੈਰੋਬੀ ਏਅਰ ਪੋਰਟ ਤੇ ਉੱਤਰਿਆ ਸੀ ਤਾਂ ਉਸ ਦੇ ਮਿੱਤਰ ਨੇ ਉਸ ਨੂੰ ਫੁੱਲਾਂ ਦੇ ਹਾਰਾਂ ਨਾਲ ਲੱਦ ਦਿੱਤਾ ਸੀ। ਹਫ਼ਤਾ ਭਰ ਲਗਾਤਾਰ ਸ਼ਰਾਬ,

ਸਿਨਮੇਂ, ਨਾਈਟ ਕਲੱਬਾਂ, ਥੀਏਟਰਜ਼, ਕੈਬਰੇ ਤੇ ਸ਼ਹਿਰ ਦੇ ਬੇਹਤਰੀਨ ਹੋਟਲਾਂ ਵਿਚ ਲੰਚ ਤੇ ਡਿਨਰ ਦਾ ਚੱਕਰ ਚਲਦਾ ਰਿਹਾ। ਹੌਲੀ-ਹੌਲੀ ਉਸ ਨੂੰ ਜ਼ਿੰਦਗੀ ਤੇ ਆਨੰਦ ਦੀ ਅਨੰਤਤਾ ਦਾ ਮਰਮ ਸਮਝ ਪੈ ਗਿਆ ਸੀ। ਉਸ ਦੇ ਮਿੱਤਰ ਨੇ ਉਸ ਦੀ ਰਿਹਾਇਸ਼ ਦਾ ਵੀ ਉਚੇਚਾ ਪ੍ਰਬੰਧ ਕੀਤਾ ਸੀ ਤਾਂ ਕਿ ਉਸ ਦੀ ਆਜ਼ਾਦੀ ਵਿਚ ਕੋਈ ਵਿਘਨ ਨਾ ਪਵੇ ! ਘਰ ਤੋਂ ਅੱਧੇ ਕੁ ਫਰਲਾਂਗ ਦੀ ਵਿੱਥ 'ਤੇ ਕੋਠੀ ਦੀ ਕੰਪਾਊਡ ਵਿਚ ਸੜਕ ਦੇ ਨਾਲ ਕਰਕੇ ਬਣੇ ਗੈਸਟ ਹਾਊਸ ਵਿਚ ਉਹ ਇਕੱਲਾ ਹੀ ਰਹਿ ਰਿਹਾ ਸੀ। ਉਸ ਦੀ ਜ਼ਰੂਰਤ ਦੀ ਹਰ ਚੀਜ਼ ਉਸ ਨੂੰ ਇਸੇ ਗੈਸਟ ਹਾਊਸ ਵਿਚ ਅਪੜਾ ਦਿੱਤੀ ਜਾਂਦੀ ਸੀ।

ਹਫ਼ਤੇ ਦੀ ਮਹਿਮਾਨ ਨਿਵਾਜ਼ੀ ਦਾ ਆਨੰਦ ਮਾਣਨ ਤੋਂ ਬਾਅਦ ਰਾਮ ਪ੍ਰਕਾਸ਼ ਨੇ ਹੌਲੀ-ਹੌਲੀ ਸ਼ਹਿਰ ਵਿਚ ਸੁਤੰਤਰ ਤੌਰ ਤੇ ਘੁੰਮਣਾ ਸ਼ੁਰੂ ਕਰ ਦਿੱਤਾ ਸੀ। ਅਜਿਹੇ ਸਮੇਂ ਅਕਸਰ ਉਸ ਦੇ ਕਦਮ ਕਿਸੇ ਕੈਬਰੇ ਜਾਂ ਨਾਈਟ ਕਲੱਬ ਵਲ ਤੁਰ ਪੈਂਦੇ ਤੇ ਵਾਪਸੀ ਉੱਤੇ ਉਸ ਦੇ ਨਾਲ ਸਦਾ ਹੀ ਕੋਈ ਕੁੜੀ ਹੁੰਦੀ। ਪਹਿਲਾਂ ਪਹਿਲ ਉਸ ਨੂੰ ਕੁੜੀ ਨਾਲ ਰਾਤ ਗੁਜ਼ਾਰ ਕੇ ਸਵੇਰੇ ਪੈਸੇ ਦੇਣ ਲੱਗਿਆਂ ਅਪਰਾਧ ਦਾ ਅਹਿਸਾਸ ਹੁੰਦਾ ਸੀ, ਪਰ ਫਿਰ ਹੌਲੀ-ਹੌਲੀ ਉਸ ਨੇ ਇਸ ਸਭ ਕੁਝ ਨੂੰ ਇਕ ਪ੍ਰਕਿਰਤਿਕ ਨੇਮ ਵਾਂਗ ਸਵੀਕਾਰ ਕਰ ਲਿਆ। ਇਕ ਦਾ ਕਿੱਤਾ ਪੈਸੇ ਲੈਣਾ ਤੇ ਖ਼ੁਸ਼ੀ ਵੰਡਣਾ ਸੀ ਅਤੇ ਦੂਜੇ ਦਾ ਕਰਤੱਵ ਖ਼ੁਸ਼ੀ ਲੈਣਾ ਤੇ ਪੈਸੇ ਦੇਣਾ। ਇੰਞ ਹੀ ਦਿਨ ਗੁਜ਼ਰਦੇ ਗਏ। ਫਿਰ ਰਾਮ ਪ੍ਰਕਾਸ਼ ਨੂੰ ਨੌਕਰੀ ਮਿਲ ਗਈ। ਆਪਣੇ ਕੰਮ ਲਈ ਰਾਮ ਪ੍ਰਕਾਸ਼ ਨੂੰ ਅਕਸਰ ਸ਼ਹਿਰੋਂ ਦੂਰ ਕਨਸਟਰੱਕਸ਼ਨ ਸਾਈਟਸ ਤੇ ਜਾਣਾ ਪੈਂਦਾ ਸੀ। ਪਰ ਆਪਣਾ ਹਰ ਸਪਤਾਹ-ਅੰਤ ਬਿਤਾਉਣ ਲਈ ਉਹ ਆਪਣੇ ਮਿੱਤਰ ਕੋਲ ਨੈਰੋਬੀ ਆਉਂਦਾ ਸੀ। ...

ਹਾਂ ਨੈਰੋਬੀ, ਨੈਰੋਬੀ ਦੀਆਂ ਨਾਈਟ ਕਲੱਬਾਂ, ਕੈਬਰੇ ਨਿਰਤ, ਕੁੜੀਆਂ ਤੇ ਗੈਸਟ ਹਾਊਸ ! ਅਜਿਹੇ ਸਮੇਂ ਉਸ ਨੂੰ ਮਹਿਸੂਸ ਹੁੰਦਾ ਜਿਵੇਂ ਉਹ ਨੈਰੋਬੀ ਵਿਚ ਨਹੀਂ ਸਗੋਂ ਇਕ ਅਨੰਤ ਸਾਗਰ ਵਿਚ ਸਫ਼ਰ ਕਰ ਰਿਹਾ ਹੋਵੇ, ਜਿਸ ਦਾ ਨਾ ਕੋਈ ਆਰ ਸੀ ਨਾ ਪਾਰ—ਤੇ ਪਾਰ ਦੀ ਇੱਛਾ ਵੀ ਕਿਸ ਨੂੰ ਸੀ ? ਸਫ਼ਰ ਜਦੋਂ ਮੰਜ਼ਲ ਬਣ ਜਾਏ, ਤਾਂ ਕਿਨਾਰੇ ਬੜੇ ਤੁੱਛ ਜਿਹੇ ਜਾਪਦੇ ਹਨ : 'ਸੇਲਰਜ਼ ਹੈਵ ਵਾਈਵਜ਼ ਐਟ ਐਵਰੀ ਪੋਰਟ।' ਉਸ ਦੇ ਚਿਹਰੇ 'ਤੇ ਇਕ ਮੁਸਕਾਨ ਫੈਲ ਗਈ ਤੇ ਉਸਦੀਆਂ ਅੱਖਾਂ ਸੌਹੇਂ ਸਮੁੰਦਰ ਦੀ ਅਨੰਤਤਾ ਦਾ ਬਿੰਬ ਉਭਰਿਆ, ਸਮੁੰਦਰ ਜਿਸ ਦੀ ਤਹਿ ਵਿਚ ਥਲ ਹੈ—ਉਸ ਦੇ ਹੱਥ ਲਗਾਤਾਰ ਰੇਤ ਦੇ ਢੇਰ ਨਾਲ ਖੇਡ ਰਹੇ ਹਨ, ਮੁੱਠੀ ਭਰਦੀ ਤੇ ਫਿਰ ਪੋਟਿਆਂ ਵਿੱਚੋਂ ਰੇਤ ਕਿਰਦੀ ਤੇ ਕਿਰਦੀ ਹੀ ਜਾਂਦੀ ...

ਤੇ ਹੁਣ ਪੂਰੇ ਦੋ ਸਾਲ ਬਾਅਦ ਉਸ ਦੀ ਪਤਨੀ ਏਥੇ ਆ ਰਹੀ ਹੈ। ਉਸ ਦੀ ਪਤਨੀ, ਜਿਸ ਨਾਲ ਉਸ ਨੇ ਅਨੇਕਾਂ ਵਾਅਦੇ ਕੀਤੇ ਸਨ—ਵਫ਼ਾ ਪਾਲਣ ਦੇ, ਪਤਨੀ-ਬਰਤਾ ਰਹਿਣ ਦੇ। ਜਿਹਦੇ ਨਾਲ ਉਸ ਨੇ ਅਟੁੱਟ ਆਤਮਕ ਤੇ ਸਰੀਰਕ ਸਾਂਝ ਦੀ ਹਾਮੀ ਭਰਦੇ ਅਨੇਕਾਂ ਪੱਤਰ ਸਾਂਝੇ ਕੀਤੇ ਸਨ। ਉਸ ਦੀ ਉਹੀ ਪਤਨੀ ਏਥੇ ਆ ਰਹੀ ਹੈ। ਜਦੋਂ ਉਸ ਦੇ ਮਿੱਤਰ ਨੇ ਉਸ ਨੂੰ ਕਿਹਾ ਸੀ ਕਿ ਘੱਟੋ-ਘੱਟ ਦੋ ਹਫ਼ਤੇ ਉਹ ਤੇ ਉਹਦੀ ਪਤਨੀ ਉਹਨਾਂ ਕੋਲ ਹੀ ਰਹਿਣਗੇ, ਇਸੇ ਗੈਸਟ ਹਾਊਸ ਵਿਚ ਤਾਂ ਉਸ ਨੂੰ ਸਾਰੀ ਰਾਤ ਗੈਸਟ ਹਾਊਸ ਵਿਚ ਨੀਂਦਰ ਨਾ ਪਈ। ਉਸ ਦੇ ਮਿੱਤਰ ਨੇ ਗੈਸਟ ਹਾਊਸ ਦੀ ਉਚੇਚੀ ਸਫ਼ਾਈ ਕਰਵਾਈ ਸੀ। ਪਲੰਘ ਦੀ ਚਾਦਰ ਬਦਲੀ ਤੇ ਸੋਫ਼ਿਆਂ ਉੱਤੇ ਨਵੇਂ ਗਿਲਾਫ਼ ਚੜ੍ਹਵਾਏ ਸਨ, ਪਰ ਸਭ ਕੁਝ ਦੇ ਹੇਠਾਂ ਜੋ ਕੁਝ ਛੁਪਿਆ ਹੋਇਆ ਸੀ, ਉਸ ਨੂੰ ਕੋਈ ਕਿਵੇਂ ਹੂੰਝ ਸਕਦਾ ਸੀ ! ਰਾਮ ਪ੍ਰਕਾਸ਼ ਨੂੰ ਸਾਰੀ ਰਾਤ ਪਾਸੇ ਮਾਰਦਿਆਂ ਬੀਤ ਗਈ। ਉਸਦੀਆਂ ਅੱਖਾਂ ਵਿਚ ਇਕ-ਇਕ ਕਰਕੇ ਉਨ੍ਹਾਂ ਕੁੜੀਆਂ ਦੇ ਬਿੰਬ ਉੱਭਰ ਕੇ ਕੱਖਾਂ ਵਾਂਗ ਰੜਕ ਰਹੇ ਸਨ, ਜਿਹਨਾਂ ਅੰਦਰ ਉਸ ਦੀ ਹੋਂਦ ਕਿਣਕਾ-ਕਿਣਕਾ ਕਰਕੇ ਨਿੱਘਰਦੀ ਗਈ ਸੀ। ਇਸ ਗੈਸਟ ਹਾਊਸ ਦੇ ਇਸ ਕਮਰੇ ਵਿਚ ਉਹ ਆਪਣੀ ਪਤਨੀ ਨਾਲ ਕਿਵੇਂ ਸੌਂ ਸਕੇਗਾ ? ਉਸ ਦੇ ਮਿੱਤਰ ਨੇ ਚਾਦਰ ਬਦਲ ਦਿੱਤੀ ਹੈ, ਸੋਫ਼ਿਆਂ ਤੇ ਨਵੇਂ ਗਿਲਾਫ਼ ਚੜ੍ਹਵਾ ਦਿੱਤੇ ਹਨ, ਫ਼ਰਸ਼ ਸਾਫ਼ ਕਰਵਾ ਦਿੱਤਾ ਹੈ, ਦਰਵਾਜ਼ਿਆਂ, ਤਾਕੀਆਂ ਦੀ ਧੂੜ ਝੜਵਾ ਦਿੱਤੀ ਹੈ, ਪਰ ਉਸ ਨਾਲ ਸੁੱਤੀਆਂ ਕੁੜੀਆਂ ਦੇ ਅਨੁਭਵ ਨੂੰ ਉਹ ਉਸ ਪਲੰਘ ਤੋਂ ਕਿਵੇਂ ਝਾੜ ਸਕੇਗਾ ? ਉਨ੍ਹਾਂ ਕੁੜੀਆਂ ਦੇ ਕਹਿਕਹੇ ਉਹ ਇਸ ਕਮਰੇ ਦੇ ਵਾਤਾਵਰਨ ਵਿੱਚੋਂ ਕਿਵੇਂ ਹੂੰਝ ਕੇ ਬਾਹਰ ਕੱਢ

ਸਕੇਗਾ ? ਸਾਰੀ ਰਾਤ ਉਹ ਉਸਲਵੱਟੇ ਲੈਂਦਾ, ਉਨ੍ਹਾਂ ਸਭ ਕੁੜੀਆਂ ਦੀ ਹੋਂਦ ਸੂਲਾਂ ਵਾਂਗ ਪਲੰਘ ਵਿੱਚੋਂ ਆਪਣੀ ਦੇਹ ਅੰਦਰ ਚੁੱਭਦੀ ਮਹਿਸੂਸ ਕਰਦਾ ਰਿਹਾ। ਉਸ ਨੂੰ ਇੰਞ ਮਹਿਸੂਸ ਹੋਇਆ, ਜਿਵੇਂ ਇਸ ਕਮਰੇ ਦੀਆਂ ਕੰਧਾਂ ਵਿਚ ਉਸਦੇ ਤੇ ਉਨ੍ਹਾਂ ਕੁੜੀਆਂ ਦੇ ਬੋਲ ਟੇਪ ਹੋ ਕੇ ਸਦਾ ਲਈ ਸਾਂਭੇ ਗਏ ਹੋਣ। ਉਹ ਜਦੋਂ ਵੀ ਏਥੇ ਆਉਂਦਾ, ਇਹ ਟੇਪ ਵੱਜਣੀ ਸ਼ੁਰੂ ਹੋ ਜਾਂਦੀ ਤੇ ਉਸ ਨੂੰ ਨੀਂਦਰ ਨਾ ਪੈਂਦੀ। ਸਾਰੀ ਰਾਤ ਜਗਰਾਤਾ ਕੱਟ ਕੇ ਸਵੇਰੇ ਉਸ ਦਾ ਜੀ ਕੀਤਾ ਕਿ ਉਹ ਆਪਣੇ ਮਿੱਤਰ ਨੂੰ ਸਾਫ਼-ਸਾਫ਼ ਕਹਿ ਦੇਵੇ ਕਿ ਉਹ ਆਪਣੀ ਪਤਨੀ ਨਾਲ ਇਸ ਗੈਸਟ ਹਾਊਸ ਵਿਚ ਬਿਲਕੁਲ ਨਹੀਂ ਸੌਂਵੇਗਾ। ਉਹ ਘਰ ਦੇ ਕਿਸੇ ਵੀ ਨਿੱਕੇ ਤੋਂ ਨਿੱਕੇ ਤੇ ਸਾਦਾ ਕਮਰੇ ਵਿਚ ਸੌਣ ਲਈ ਤਿਆਰ ਹੈ। ਇਹ ਕਿਵੇਂ ਹੋ ਸਕਦਾ ਹੈ ਕਿ ਉਹ ਉਸੇ ਕਮਰੇ ਵਿਚ ਸੌਂਵੇ, ਜਿਸ ਵਿਚ ਥਾਂ ਪਰ ਥਾਂ ਉਨ੍ਹਾਂ ਕੁੜੀਆਂ ਦੇ ਅਨੁਭਵ ਸੁਪ੍ਰਾਣ ਹੋਏ ਪਏ ਹਨ, ਜਿਨ੍ਹਾਂ ਅੰਦਰ ਕਿਣਕਾ-ਕਿਣਕਾ ਕਰਕੇ ਕਦੇ ਉਸ ਦੀ ਹੋਂਦ ਨਿੱਘਰੀ ਤੇ ਉਸ ਨੂੰ ਸਮੁੰਦਰ ਦੀ ਅਨੰਤਤਾ ਦਾ ਰਹੱਸ ਸਮਝ ਆਇਆ ਸੀ। ਸਮੁੰਦਰ ਉਸ ਦੀ ਜ਼ਿੰਦਗੀ ਦਾ ਇਕ ਸਿਰਾ ਬਣ ਕੇ ਹੁਣ ਇਕ ਤਟ ਨਾਲ ਬੱਝਣ ਨੂੰ ਫਿਰਦਾ ਹੈ, ਜਿਸ ਵਿਚ ਸਮੁੰਦਰ ਦੀ ਅਨੰਤਤਾ ਗੁਆਚਣ ਨੂੰ ਫਿਰਦੀ ਹੈ।

ਉਸ ਦੀ ਪਤਨੀ ਆ ਰਹੀ ਹੈ ! ਉਸ ਦਾ ਜੀ ਕੀਤਾ ਕਿ ਉਹ ਆਪਣੇ ਮਿੱਤਰ ਨੂੰ ਆਖ ਦੇਵੇ ਕਿ ਉਹ ਗੈਸਟ ਹਾਊਸ ਵਿਚ ਨਹੀਂ ਸੌਵੇਂਗਾ। ਫਿਰ ਉਸ ਨੇ ਸੋਚਿਆ ਕਿ ਚਲੋ ਏਅਰਪੋਰਟ ਤੇ ਪਹੁੰਚ ਕੇ ਜਾਂ ਰਸਤੇ ਵਿਚ ਉਸ ਨੂੰ ਕੱਲਿਆਂ ਕਰਕੇ ਕਹਿ ਦੇਵੇਗਾ। ਤੇ ਫਿਰ ਇਸੇ ਦੁਚਿੱਤੀ ਤੇ ਜਕੋ-ਤਕੀ ਵਿਚ ਵਿਮਾਨ ਆ ਗਿਆ। ਉਸ ਦੀ ਪਤਨੀ ਫੁੱਲਾਂ ਨਾਲ ਲੱਦੀ ਗਈ, ਜਸ਼ਨ ਸ਼ੁਰੂ ਹੋਏ ਤੇ ਉਹ ਦੋਵੇਂ ਪਤੀ-ਪਤਨੀ ਇਕ ਦੂਜੇ ਦੀ ਕਮਰ ਵਿਚ ਹੱਥ ਪਾਈਂ ਗੈਸਟ ਹਾਊਸ ਵਿਚ ਪਹੁੰਚ ਗਏ। ਇਹ ਸਭ ਕੁਝ ਏਨੀ ਤੇਜ਼ੀ ਨਾਲ ਹੋਇਆ ਕਿ ਉਸ ਨੂੰ ਕੁਝ ਸੋਚਣ, ਸਮਝਣ, ਕਹਿਣ, ਸੁਣਨ ਦਾ ਮੌਕਾ ਹੀ ਨਾ ਮਿਲਿਆ।

ਉਸ ਨੇ ਆਪਣੀ ਪਤਨੀ ਦੀਆਂ ਅੱਖਾਂ ਵਿਚ ਵੇਖੀਆ, ਦੋ ਸਾਲਾਂ ਦੀ ਲੰਮੀ ਜੁਦਾਈ ਵਿਚ ਰੁਕੀ ਹੰਝ ਦੋ ਸਾਲਾਂ ਬਾਅਦ ਹੀ ਮਿਲਣੀ ਦੀ ਮੁਸਕਾਨ ਤੇ ਇਕ ਨਿਰੰਤਰ ਧਾਰ ਬਣ ਕੇ ਵਹਿ ਤੁਰੀ ਹੈ।

ਉਹ ਬਾਥਰੂਮ ਵਿਚ ਕੱਪੜੇ ਲਾਹ ਰਹੀ, ਨ੍ਹਾ ਰਹੀ ਤੇ ਫਿਰ ਆਪਣੇ ਲੰਮੇ ਵਾਲਾਂ ਵਿਚ ਕੰਘੀ ਫੇਰ ਰਹੀ ਆਪਣੀ ਪਤਨੀ ਨੂੰ ਸੋਫ਼ੇ 'ਤੇ ਬੈਠਿਆਂ ਹੀ ਵੇਖ ਰਿਹਾ ਹੈ। ਫੁੱਲਾਂ ਵਾਲੇ ਨਾਈਟ ਗਾਊਨ ਵਿਚ ਉਸ ਦੀ ਪਤਨੀ ਪੋਲੇ ਪੈਰੀਂ ਬੈਠਣ-ਕਮਰੇ ਵਿਚ ਦਾਖ਼ਲ ਹੁੰਦੀ ਤੇ ਫਿਰ ਇਕ ਮੁਸਕਾਹਟ ਨਾਲ ਸੌਣ-ਕਮਰੇ ਵਲ ਤੁਰ ਪੈਂਦੀ ਹੈ। ਉਹ ਉੱਥੇ ਬੈਠਿਆਂ ਹੀ ਚੰਗੀ ਤਰ੍ਹਾਂ ਵੇਖ ਮਹਿਸੂਸ ਰਿਹਾ ਹੈ ਕਿ ਕਿਵੇਂ ਹੌਲੀ-ਹੌਲੀ ਆਪਣਾ ਗਾਊਨ ਉਤਾਰ ਕੇ ਉਸ ਦੀ ਪਤਨੀ ਪਲੰਘ ਉੱਤੇ ਲੇਟ ਆਪਣੇ ਉੱਤੇ ਰਜ਼ਾਈ ਲੈ ਰਹੀ ਹੈ।

ਇਕ ਅਜੀਬ ਜਿਹੇ ਅਹਿਸਾਸ ਹੇਠ ਉਹ ਵੀ ਸੌਣ-ਕਮਰੇ ਵਲ ਵਧਦਾ ਹੈ। ਅਨ੍ਹੇਰੇ ਵਿਚ ਉਸ ਦੇ ਪੈਰ ਪਲੰਘ ਤਕ ਦਾ ਰਸਤਾ ਵੇਖ ਸਕਦੇ ਹਨ, ਉਸ ਦਾ ਜਿਸਮ ਪਲੰਘ ਤੇ ਉਸ ਦੇ ਹੱਥ ਰਜ਼ਾਈ ਤਕ ਪਹੁੰਚ ਸਕਦੇ ਹਨ। ਆਪਣੇ ਜਿਸਮ ਨਾਲ ਇਕ ਹੋਰ ਭਖ਼ਦੀ ਦੇਹ ਦੇ ਅਨੁਭਵ ਹੇਠ ਉਸ ਨੂੰ ਆਪਣੀ ਹੋਂਦ ਕਿਣਕਾ-ਕਿਣਕਾ ਕਰਕੇ ਨਿੱਘਰਦੀ ਪ੍ਰਤੀਤ ਹੋਈ। ਇਕ ਅਨਜਾਣੇ ਭੈ ਦੇ ਪ੍ਰਭਾਵ ਹੇਠ ਉਸ ਨੇ ਨਾਲ ਪਏ ਸੁਲਗਦੇ ਜਿਸਮ ਦੇ ਹਰ ਇਕ ਅੰਗ ਨੂੰ ਹੱਥਾਂ ਨਾਲ ਵੇਖਣਾ ਸ਼ੁਰੂ ਕੀਤਾ। ਉਸ ਨੂੰ ਮਹਿਸੂਸ ਹੋਇਆ ਜਿਵੇਂ ਉਹ ਉਸ ਦੀ ਪਤਨੀ ਨਹੀਂ ਸਗੋਂ ਕੋਈ ਹੋਰ ਕੁੜੀ ਹੈ, ਕੋਈ ਵੇਸਵਾ ਹੈ ! ਉਸ ਦੀ ਪਤਨੀ ਕਿੱਥੇ ਗਈ ? ਉਸ ਦੀ ਨੰਗੀ ਦੇਹ ਵਿਚ ਸੂਲਾਂ ਚੁੱਭ ਗਈਆਂ ਤਾਂ ਉਹ ਤ੍ਰਭਕ ਕੇ ਪਲੰਘ ਤੋਂ ਉੱਠਿਆ ! ਉਸ ਨੇ ਸਵਿੱਚ ਆਨ ਕੀਤਾ ਤਾਂ ਕਮਰਾ ਦੂਧੀਆ ਚਾਨਣ ਨਾਲ ਜਗ ਮਗ ਹੋ ਉੱਠਿਆ ! ਪਲੰਘ 'ਤੇ ਕੋਈ ਵੀ ਨਹੀਂ ਸੀ। 'ਮੇਰੀ ਪਤਨੀ' ਉਹ ਜ਼ੋਰ ਦੀ ਚੀਕਿਆ। ਉਸ ਦੀ ਸਾਰੀ ਦੇਹ ਇਕ ਤਣਾਅ ਜਿਹੇ ਵਿਚ ਆ ਗਈ।

ਉਸ ਨੇ ਵੇਖਿਆ ਰੇਤ ਦੇ ਢੇਰ ਵਿਚ ਖੁੱਭੀ ਉਸ ਦੀ ਮੁੱਠੀ ਬੜੀ ਚੰਗੀ ਤਰ੍ਹਾਂ ਘੁੱਟੀ ਹੌਲੀ-ਹੌਲੀ ਬਾਹਰ ਨਿਕਲ ਰਹੀ ਹੈ। ਖੁੱਲ੍ਹ ਰਹੀ ਮੁੱਠ ਨਾਲ ਜਿਸਮ ਵਿੱਚੋਂ ਤਣਾਅ ਘਟ ਰਿਹਾ ਤੇ ਉਂਗਲਾਂ ਵਿੱਚੋਂ ਰੇਤ ਹੌਲੀ-ਹੌਲੀ ਰੇਤ ਦੇ ਢੇਰ ਉੱਤੇ ਕਿਣਕਾ ਕਿਣਕਾ ਕਰਕੇ ਕਿਰ ਰਹੀ ਹੈ।

# ਬਟਵਾਰਾ

ਅਸ਼ਫ਼ਾਕ ਨਾਲ ਮੇਰੀ ਪਹਿਲੀ ਮੁਲਾਕਾਤ ਤੇ ਫਿਰ ਗੂੜ੍ਹੀ ਮਿੱਤਰਤਾ ਦੀ ਵੀ ਇਕ ਅਜੀਬ ਕਹਾਣੀ ਹੈ। ਮੈਨੂੰ ਇਕ ਸੈਕੰਡ ਹੈਂਡ (ਪੁਰਾਣੀ) ਕਾਰ ਦੀ ਸਖ਼ਤ ਲੋੜ ਸੀ ਅਤੇ ਮੈਂ ਕਾਰਾਂ ਦੇ ਵਪਾਰੀਆਂ ਦੇ ਸ਼ੋ ਰੂਮਜ਼ (ਪ੍ਰਦਰਸ਼ਨ-ਕਮਰਿਆਂ) ਵਿਚ ਕਾਰਾਂ ਵੇਖਦਾ ਵੇਖਦਾ 'ਅਬਦੁੱਲ ਮੋਟਰਜ਼' ਦੇ ਸ਼ੋ ਰੂਮ ਵਿਚ ਪਹੁੰਚ ਗਿਆ। ਸਾਹਮਣੇ ਅਸ਼ਫ਼ਾਕ ਬੈਠਾ ਸੀ। ਗੋਰਾ ਚਿੱਟਾ ਰੰਗ, ਸੰਵਾਰ ਕੇ ਬਣਾਏ ਵਾਲ ਤੇ ਉੱਚਾ ਲੰਮਾ ਭਰਵਾਂ ਜਿਸਮ ਉਸ ਦੀ ਸ਼ਖ਼ਸੀਅਤ ਨੂੰ ਇਕ ਦਿਲਕਸ਼ ਰੂਪ ਦੇ ਰਹੇ ਸਨ। ਮੈਂ ਸੋਚਿਆ ਕਿ ਸ਼ਾਇਦ ਉਹ ਕੋਈ ਹਿੰਦੂ ਜਾਂ ਮੁਸਲਮਾਨ ਹੈ, ਇਸੇ ਲਈ ਮੈਂ ਏਥੇ ਪ੍ਰਚਲਤ ਹਿੰਦੀ ਤੇ ਉਰਦੂ ਦੀ ਮਿਲਗੋਭਾ ਭਾਸ਼ਾ, ਹਿੰਦੋਸਤਾਨੀ ਵਿਚ ਗੱਲ ਸ਼ੁਰੂ ਕੀਤੀ, "ਏਕ ਸੈਕੰਡ ਹੈਂਡ ਕਾਰ ਚਾਹੀਏ, ਛੇ ਸਾਤ ਹਜ਼ਾਰ ਕੀ।"

"ਬੈਠੋ, ਬੈਠੋ, ਸਰਦਾਰ ਜੀ ! ਕਿਉਂ ਆਪਣੇ ਆਪ ਨੂੰ ਤਕਲੀਫ਼ ਵਿਚ ਪਾਉਂਦੇ ਹੋ ? ਅਸੀਂ ਬੁਨਿਆਦੀ ਤੌਰ ਤੇ ਪੰਜਾਬੀ ਹਾਂ, ਚਾਹੇ ਮੁਸਲਮਾਨ ਹੋਵੀਏ ਤੇ ਚਾਹੇ ਸਿੰਘ, ਪੰਜਾਬੀ ਵਿਚ ਗੱਲ ਕਰੋ, ਇਹ ਸਾਡੀ ਮਾਦਰੀ ਜ਼ਬਾਨ ਹੈ। ਕਾਰਾਂ ਜਿੰਨੀਆਂ ਕਹੋ। ਆਸਾਨ ਕਿਸਤਾਂ ਔਰ ਜਾਇਜ਼ ਕੀਮਤ।"

ਜਦੋਂ ਪੰਜਾਬੀ ਨੂੰ ਪੰਜਾਬੀ ਮਿਲ ਜਾਏ, ਉਹਨਾਂ ਵਿਚ ਵਿਖਾਵਾ-ਵਿਵਹਾਰ ਨਾ ਰਹੇ ਅਤੇ ਮਨ ਵੀ ਮਿਲ ਜਾਏ ਤਾਂ ਸੌਦਾ ਹੋਣ ਨੂੰ ਕਿਹੜੀ ਦੇਰ ਲਗਦੀ ਹੈ ? ਅਸ਼ਫ਼ਾਕ ਨੇ ਮੈਨੂੰ ਫ਼ਰਾਂਸ ਦੀ ਬਣੀ ਹੋਈ ਪੀਜੋ 404 ਕਾਰ ਲੈਣ ਦੀ ਸਿਫ਼ਾਰਿਸ਼ ਕੀਤੀ ਅਤੇ ਦੱਸਿਆ ਕਿ ਇਸ ਕਾਰ ਦੀ ਏਥੇ ਸਦਾ ਹੀ ਬਹੁਤ ਮੰਗ ਰਹਿੰਦੀ ਹੈ। ਸਪੇਅਰ ਪਾਰਟਸ ਸਸਤੇ ਤੇ ਹਰ ਥਾਂ ਮਿਲ ਜਾਂਦੇ ਹਨ ਤੇ ਸਰਵਿਸ ਆਦਿ ਦਾ ਵੀ ਕੋਈ ਝਗੜਾ ਨਹੀਂ। ਇਹ ਵੀ ਦੱਸਿਆ ਕਿ ਇਸ ਕਾਰ ਦਾ ਮੁੜ-ਵੇਚਣ-ਮੁੱਲ (Resale Value) ਵੀ ਕਦੀ ਨਹੀਂ ਗਿਰਦਾ, ਸਗੋਂ ਦਿਨੋ ਦਿਨ ਚੜ੍ਹਦਾ ਹੀ ਜਾਂਦਾ ਹੈ। ਮੈਂ ਕਿਹਾ ਕਿ ਤੂੰ ਜਿਹੜੀ ਕਾਰ ਦੇਵੇਂ ਮੈਂ ਲੈ ਜਾਣੀ ਏ। ਦੋ-ਤਿੰਨ ਦਿਨ ਲਈ ਉਸ ਨੇ ਕਾਰ ਨੂੰ ਗੈਰਜ ਵਿਚ ਮਕੈਨਕਾਂ ਦੇ ਹਵਾਲੇ ਕਰਕੇ ਨਿੱਕੇ-ਮੋਟੇ ਸਭ ਨੁਕਸ ਦੂਰ ਕਰਵਾਏ ਤੇ ਫਿਰ ਕਾਰ ਦੀਆਂ ਚਾਬੀਆਂ ਮੈਨੂੰ ਫੜਾ ਕੇ ਕਹਿਣ ਲੱਗਾ, "ਗੱਡੀ ਚਲਾ ਕੇ ਵੇਖ ਲਵੋ। ਪੈਸਿਆਂ ਵਲੋਂ ਔਖੇ ਨਾ ਹੋਣਾ। ਜਿੰਨੇ ਦੀਆਂ ਕਹੋਂ, ਕਿਸ਼ਤਾਂ ਕਰ ਦਿਆਂਗਾ। ਕਾਰ ਵੇਚਣਾ ਮੇਰਾ ਧੰਦਾ ਹੈ, ਪਰ ਦੋਸਤ ਬਣਾਉਣਾ ਮੇਰਾ ਸ਼ੁਗਲ। ਇਹ ਨਾ ਭੁੱਲਣਾ ਇਸ ਸੌਦੇ ਨਾਲ ਇਕ ਨਵੀਂ ਦੋਸਤੀ ਵੀ ਸ਼ੁਰੂ ਹੋਈ ਹੈ।"

ਅਸ਼ਫ਼ਾਕ ਇਕ ਨੇਕ ਦਿਲ ਇਨਸਾਨ ਹੀ ਨਹੀਂ, ਸਗੋਂ ਮਿੱਤਰਾਂ ਦਾ ਮਿੱਤਰ ਅਤੇ ਸ਼ਾਹ ਖ਼ਰਚ ਮੀਜ਼ਬਾਨ ਵੀ ਸੀ। ਜਦੋਂ ਵੀ ਕਦੇ ਸ਼ਰਾਬ ਦੀ ਮਹਿਫ਼ਲ ਜੰਮਦੀ ਤਾਂ ਉਹ ਵਜਦ ਵਿਚ ਆ ਕੇ ਆਪਣੇ ਹੱਥਾਂ ਨਾਲ ਮੇਜ਼ ਉੱਤੇ ਤਬਲੇ ਦੀ ਤਾਲ ਦਿੰਦਾ ਹੋਇਆ ਮਾਹੀਆ, ਹੀਰ, ਸੈਦਾ, ਕੀਮਾਂ ਮਲਕੀ, ਮਿਰਜ਼ਾ ਤੇ ਜਿੰਦੂਆ ਗਾਉਣ ਲੱਗ ਪੈਂਦਾ ਤੇ ਫਿਰ ਅੰਤ ਵਿਚ ਕਹਿੰਦਾ, "ਪੰਜਾਬੀ ਜ਼ਬਾਨ ਬੜੀ ਅਮੀਰ ਹੈ, ਜ਼ਿੰਦਗੀ ਜਿੰਨੀ ਅਮੀਰ ! ਭੰਗੜੇ, ਗਿੱਧੇ, ਟੱਪੇ, ਬੋਲੀਆਂ, ਮਾਹੀਏ, ਢੋਲੇ ਸਾਡਾ ਵਿਰਸਾ ਹਨ। ਅਸੀਂ ਦੁਨੀਆਂ ਦੇ ਕਿਸੇ ਵੀ ਖਿੱਤੇ ਵਿਚ ਚਲੇ ਜਾਈਏ, ਸਾਡੇ ਸਾਹਾਂ ਵਿੱਚੋਂ ਹਮੇਸ਼ਾ ਹੀ ਪੰਜਾਬ ਦੀ ਖ਼ੁਸ਼ਬੂ ਆਵੇਗੀ।"

ਮੈਂ ਏਥੇ ਅਜੇ ਨਵਾਂ-ਨਵਾਂ ਆਇਆ ਸਾਂ ਤੇ ਪੰਜਾਬੀ-ਪਿਆਰ ਨਾਲ ਭਰੇ ਉਸ ਦੇ ਇਹ ਸ਼ਬਦ ਸੁਣ ਕੇ ਮੈਂ ਕਿਹਾ, "ਅਸ਼ਫ਼ਾਕ, ਮੇਰਾ ਜਨਮ ਪਾਕਿਸਤਾਨ ਦਾ ਹੈ। ਮੈਂ ਆਪਣਾ ਬਚਪਨ ਉੱਥੇ ਖੇਡਿਆ ਅਤੇ ਮੁੱਢਲੀ ਵਿਦਿਆ ਵੀ ਉੱਥੇ ਹੀ ਲਈ। ਫਿਰ ਜਦੋਂ ਬਟਵਾਰਾ ਹੋਇਆ ਤਾਂ ਪਾਕਿਸਤਾਨ ਛੱਡ ਕੇ ਭਾਰਤ ਆ ਗਿਆ, ਪਰ ਅੱਜ ਮੈਂ ਤੇਰੀ ਸੰਗਤ ਵਿਚ ਬੈਠ ਕੇ ਇਹ ਮਹਿਸੂਸ ਕੀਤਾ ਹੈ ਕਿ ਤੇਰੇ ਅੰਦਰ ਦੋਹਾਂ ਪੰਜਾਬਾਂ ਦੀ ਰੂਹ ਵੱਸਦੀ ਹੈ।"

"ਇਹ ਇਸ ਲਈ ਮਹਿੰਦਰ, ਕਿ ਪੰਜਾਬ ਇਕ ਹੈ, ਉਸ ਦੀ ਰੂਹ ਇਕ ਹੈ; ਤਹਿਜ਼ੀਬੋ ਤਮੱਦਨ ਇਕ ਹੈ। ਅਸੀਂ ਹੱਸੀਏ, ਤਾਂ ਪੰਜਾਬੀ, ਅਸੀਂ ਰੋਈਏ ਤਾਂ ਪੰਜਾਬੀ, ਅਸੀਂ ਬੋਲੀਏ, ਤਾਂ ਪੰਜਾਬੀ, ਅਸੀਂ ਤੁਰੀਏ ਤਾਂ ਪੰਜਾਬੀ। ਇਹ ਤਾਂ ਐਵੇਂ ਸਿਆਸਤ ਦੇ ਸ਼ਾਤਰ ਹੱਥਾਂ ਨੇ ਦੀਨ ਧਰਮ ਦੇ ਨਾਂ ਉੱਤੇ ਪੰਜਾਬ ਦੇ ਜਿਸਮ ਨੂੰ ਵੰਡ ਕੇ ਰੱਖ ਦਿੱਤਾ ਹੈ, ਪਰ ਇਸ ਦੇ ਦਿਲ ਅਤੇ ਇਸ ਦੀ ਰੂਹ ਨੂੰ ਕੋਈ ਨਹੀਂ ਵੰਡ ਸਕਦਾ।"

"ਹਾਂ ਅਸ਼ਫ਼ਾਕ, ਗੁਰੂ ਗ੍ਰੰਥ ਵਿਚ ਸ਼ੇਖ਼ ਫ਼ਰੀਦ ਦੇ ਸ਼ਲੋਕ ਅਜੇ ਵੀ ਦਰਜ ਹਨ। ਬਟਵਾਰਾ ਹੋਇਆ, ਤਾਂ ਕਤਲ ਹੋਏ, ਘਰ ਉੱਜੜੇ, ਮੁੜ ਵਸੇ ਪਰ ਪੰਜਾਬੀ ਸਾਹਿਤ ਦੋਹਾਂ ਪੰਜਾਬਾਂ ਵਿਚ ਸਭ ਦਾ ਸਾਂਝਾ ਤੇ ਹਰਮਨ ਪਿਆਰਾ ਰਿਹਾ। ਬੁੱਲ੍ਹੇ ਸ਼ਾਹ ਤੇ ਸ਼ਾਹ ਹੁਸੈਨ, ਵਾਰਿਸ ਤੇ ਫ਼ਜ਼ਲ ਸਭ ਸਾਡੇ ਹਨ !"

"ਜਦੋਂ ਬਟਵਾਰਾ ਹੋਇਆ, ਤਾਂ ਮੈਂ ਏਥੇ ਸਾਂ। ਐਵੇਂ ਵਕਤੀ ਜਿਹਾ ਤਣਾਅ ਆਇਆ ਸੀ ਤੇ ਫਿਰ ਬਸ ਖ਼ਤਮ। ਵਰ੍ਹਿਆਂ ਬੱਧੀ ਸਾਡੇ ਲੋਕਾਂ ਦੇ ਏਧਰ ਆ ਕੇ ਵੱਸਣ ਨਾਲ ਏਥੇ ਇਕ ਵੱਖਰੀ ਕਿਸਮ ਦੀ ਜ਼ਿੰਦਗੀ ਸ਼ੁਰੂ ਹੋਈ ਹੈ। ਮਜ਼ੇ ਦੀ ਗੱਲ ਸੁਣ, ਪਿੱਛੇ ਜਿਹੇ ਬ੍ਰਾਹਮਣਾਂ ਦਾ ਇਕ ਮੁੰਡਾ ਮੈਨੂੰ ਮਿਲਣ ਆਇਆ। ਇਹ ਮੇਰੇ ਇਕ ਮਿੱਤਰ ਦਾ ਪੁੱਤਰ ਹੈ ਤੇ ਇੰਗਲੈਂਡ ਤੋਂ ਇੰਜੀਨੀਅਰਿੰਗ ਦੀ ਡਿਗਰੀ ਲੈ ਕੇ ਆਇਆ ਹੈ। ਕਹਿਣ ਲੱਗਾ, "ਅੰਕਲ ਜੀ ! ਸ਼ਰਾਬ ਮੈਂ ਨਹੀਂ ਪੀਂਦਾ ਪਰ ਬੀਫ਼ (ਗਾਂ ਦਾ ਮਾਸ) ਜ਼ਰੂਰ ਖਾ ਲੈਂਦਾ ਹਾਂ।" ਮੈਂ ਬੜਾ ਹੱਸਿਆ ਤੇ ਹੁਣ ਤੂੰ ਮੇਰੇ ਵੀ ਬੱਚਿਆਂ ਦੀ ਗੱਲ ਸੁਣ ਲੈ, ਉਹਨਾਂ ਨੂੰ ਨਾਸ਼ਤੇ ਵਿਚ ਪੋਰਕ ਸੌਸੇਜਿਜ਼ (ਸੂਰ ਦੇ ਮਾਸ ਦੀਆਂ ਸੌਸੇਜ਼ਿਜ਼) ਬਹੁਤ ਪਸੰਦ ਹਨ ਤੇ ਮੈਨੂੰ ਖ਼ੁਦ ਨੂੰ ਸੂਰ ਦਾ ਗੋਸ਼ਤ। ਏਥੇ ਇਹੋ ਜਿਹਾ ਕੋਈ ਪਰਹੇਜ਼ ਨਹੀਂ—ਨਾ ਹੀ ਖਾਣ ਪੀਣ ਦੀਆਂ ਚੀਜ਼ਾਂ ਵਿਚ ਅਤੇ ਨਾ ਹੀ ਜ਼ਿੰਦਗੀ ਦੇ ਅਮਲ ਵਿਚ। ਏਥੋਂ ਦੇ ਬਹੁਤੇ ਏਸ਼ੀਅਨ ਬ੍ਰਿਟਿਸ਼ ਸਿਟੀਜ਼ਨ ਹਨ ਤੇ ਉਹਨਾਂ ਵਿੱਚੋਂ ਵੀ ਬਹੁਤੇ ਮੁਲਕ ਦੀ ਆਜ਼ਾਦੀ ਤੋਂ ਪਹਿਲਾਂ ਆ ਕੇ ਏਧਰ ਵੱਸੇ ਹੋਏ ਹਨ।"

ਅਸ਼ਫ਼ਾਕ ਦੀ ਇਸ ਗੱਲ ਵਿਚਲੀ ਸੱਚਾਈ ਨੂੰ ਮੈਂ ਆਪ ਵੀ ਏਥੇ ਰਹਿ ਕੇ ਮਹਿਸੂਸ ਕੀਤਾ ਸੀ। ਏਥੋਂ ਦੀ ਹਾਕੀ ਦੀ ਟੀਮ ਵਿਚ ਇਕ ਦੋ ਨੂੰ ਛੱਡ ਕੇ ਬਾਕੀ ਦੇ ਸਭ ਖਿਡਾਰੀ ਸਦਾ ਸਿੱਖ ਹੀ ਰਹੇ ਹਨ। ਜਦੋਂ ਏਥੇ ਪਾਕਿਸਤਾਨ ਦੀ ਟੀਮ ਖੇਡਣ ਆਉਂਦੀ, ਤਾਂ ਕੁਝ ਮੁਸਲਮਾਨ ਪਾਕਿਸਤਾਨ ਦੀ ਟੀਮ ਨੂੰ ਹੱਲਾ-ਸ਼ੇਰੀ ਦਿੰਦੇ ਤੇ ਜਦੋਂ ਭਾਰਤ ਜਾਂ ਪੱਛਮੀ ਜਰਮਨੀ ਦੀਆਂ ਟੀਮਾਂ ਆਉਂਦੀਆਂ ਤਾਂ ਉਹ ਕੀਨੀਆਂ ਦੀ ਟੀਮ ਦੀ ਹਿਮਾਇਤ ਕਰਦੇ। ਐਵੇਂ ਵਕਤੀ ਜਿਹੀ ਕਸ਼ਮਕਸ਼ ਹੁੰਦੀ ਤੇ ਫਿਰ ਮੈਚ ਖ਼ਤਮ ਹੋਣ ਤੇ ਹਿੰਦੂ, ਸਿੱਖ, ਮੁਸਲਮਾਨ ਸਭ ਇਕ ਵਾਰੀ ਫਿਰ ਖ਼ਾਲਿਸ ਇਨਸਾਨ ਬਣ ਜਾਂਦੇ। ਮਜ਼ੇ ਦੀ ਗੱਲ ਇਹ ਕਿ ਜੇ ਇਕ ਪਾਸੇ ਉਹਨਾਂ ਨੂੰ ਆਪਣੀ ਜਿੱਤ ਨਜ਼ਰ ਆਉਂਦੀ ਤਾਂ ਦੂਜੇ ਪਾਸੇ ਹਾਰ। ਮੇਰੇ ਏਥੇ ਹੁੰਦਿਆਂ 1971 ਵਿਚ ਹਿੰਦ-ਪਾਕ ਯੁੱਧ ਹੋਇਆ ਤੇ ਬੰਗਲਾ ਦੇਸ਼ ਬਣਿਆ। ਜੰਗ ਦੇ ਦੌਰਾਨ ਕੋਈ ਆਪਣੇ ਈਸ਼ਵਰ ਨੂੰ ਕੋਈ ਅੱਲਾ ਨੂੰ ਤੇ ਕੋਈ ਵਾਹਿਗੁਰੂ ਨੂੰ ਪ੍ਰਾਰਥਨਾ ਜਾਂ ਦੁਆ ਕਰਦਾ ਸੀ ਕਿ ਉਸ ਦਾ ਮੁਲਕ ਜਿੱਤ ਜਾਵੇ। ਜੰਗ ਤੋਂ ਬਾਅਦ ਇਹ ਤਣਾਅ ਹੌਲੀ-ਹੌਲੀ ਖ਼ਤਮ ਹੋ ਗਿਆ ਸੀ। ਜਦੋਂ ਵੀ ਇਕ ਕਮਿਊਨਿਟੀ ਦੀ ਪੱਧਰ 'ਤੇ ਏਥੇ ਕੋਈ ਗੱਲ ਚਲਦੀ ਸੀ ਤਾਂ ਏਥੋਂ ਦੇ ਸਥਾਨਕ ਅਫ਼ਰੀਕਨ ਲੋਕ ਹਿੰਦੂ, ਸਿੱਖ, ਗੋਅਨ, ਮੁਸਲਮਾਨ ਸਭ ਨੂੰ ਸਵਾਹੇਲੀ ਵਿਚ 'ਮੁਹਿੰਡੀ' ਤੇ ਅੰਗਰੇਜ਼ੀ ਵਿਚ ਏਸ਼ੀਅਨ ਕਹਿ ਕੇ ਹੀ ਸੰਬੋਧਨ ਕਰਦੇ ਸਨ। ਜ਼ਾਹਿਰਾ ਤੌਰ ਤੇ ਏਥੇ ਹਿੰਦੋਸਤਾਨ ਤੇ ਪਾਕਿਸਤਾਨ ਦੇ ਬਟਵਾਰੇ ਵਾਲੀ ਕੋਈ ਗੱਲ ਨਹੀਂ ਸੀ ਤੇ ਏਸ਼ੀਅਨਜ਼ ਦੀ

ਬਹੁ-ਗਿਣਤੀ ਸੀ ਵੀ ਬ੍ਰਿਟਿਸ਼ ਨਾਗਰਿਕਾਂ ਦੀ। ਜਦੋਂ ਵੀ ਇਹ ਸਭ ਏਸ਼ੀਆਈ ਲੋਕ ਇਸ ਪ੍ਰਸੰਗ ਵਿਚ ਸੋਚਦੇ, ਤਾਂ ਉਹਨਾਂ ਨੂੰ ਅਹਿਸਾਸ ਹੁੰਦਾ ਕਿ ਏਥੇ ਉਹ ਸਭ ਇੱਕੋ ਬੇੜੀ ਦੇ ਸਵਾਰ ਹਨ। ਉਸ ਵਿਚ ਵੰਡੀਆਂ ਪਾਉਣ ਜਾਂ ਛੇਕ ਕਰਨ ਨਾਲ ਉਹਨਾਂ ਦਾ ਆਪਣਾ ਹੀ ਨੁਕਸਾਨ ਹੋਵੇਗਾ, ਹਿੰਦੋਸਤਾਨ ਤੇ ਪਾਕਿਸਤਾਨ ਦਾ ਨਹੀਂ।

ਅਸ਼ਫ਼ਾਕ ਅਕਸਰ ਕਿਹਾ ਕਰਦਾ ਸੀ, "ਏਥੋਂ ਦੀ ਕੱਛੀ ਵੱਸੋਂ ਬੁਨਿਆਦੀ ਤੌਰ ਤੇ ਕੱਛੀ ਹੈ। ਚਾਹੇ ਕੋਈ ਮੁਸਲਮਾਨ ਹੈ, ਚਾਹੇ ਹਿੰਦੂ, ਉਸ ਨੂੰ ਗੁਜਰਾਤੀ ਵਿਚ ਹੀ ਗੱਲ ਕਰਕੇ ਮਜ਼ਾ ਆਉਂਦਾ ਹੈ, ਜਿਵੇਂ ਸਾਨੂੰ ਸਭ ਨੂੰ ਪੰਜਾਬੀ ਵਿਚ।"

ਅਸ਼ਫ਼ਾਕ ਦੀਆਂ ਇਹਨਾਂ ਗੱਲਾਂ, ਖੁੱਲ੍ਹੇ ਖੁਲਾਸੇ ਸੁਭਾ ਤੇ ਰੋਮਾਂਟਕ ਤਬੀਅਤ ਵਿੱਚੋਂ ਮੈਨੂੰ ਪੰਜਾਂ ਪਾਣੀਆਂ ਦੀ ਖੁੱਲ੍ਹ ਤੇ ਵਿਸ਼ਾਲਤਾ ਵਾਲੇ ਦੇਸ਼ ਦੇ ਦਰਸ਼ਨ ਹੋਏ ਸਨ। ਉਸ ਦੀ ਇਕ ਖ਼ੂਬਸੂਰਤ ਪਤਨੀ ਸੀ, ਦੋ ਛੋਟੇ ਛੋਟੇ ਲੜਕੇ ਤੇ ਜਵਾਨੀ ਵਿਚ ਕਦਮ ਰਖ ਰਹੀ ਇਕ ਧੀ। ਉਸ ਦੇ ਘਰ ਵਿਚ ਵੀ ਜ਼ਿੰਦਗੀ ਦੇ ਅਨੁਭਵ ਅਤੇ ਪਿਆਰ ਦੀ ਅਮੀਰੀ ਦਾ ਵਾਤਾਵਰਣ ਸੀ। ਬੇਗ਼ਮ ਅਸ਼ਫ਼ਾਕ ਪੰਜਾਬੀ ਔਰਤ ਦੀ ਸਹਿਨ-ਸ਼ੀਲਤਾ, ਕੁਰਬਾਨੀ ਅਤੇ ਸਾਊਪੁਣੇ ਦੀ ਜਿਉਂਦੀ ਜਾਗਦੀ ਮਿਸਾਲ ਸੀ। ਫਿਰ ਵੀ ਮੈਨੂੰ ਇਸ ਗੱਲ ਦੀ ਸਮਝ ਨਹੀਂ ਸੀ ਪੈਂਦੀ ਕਿ ਇਹੋ ਜਿਹੀ ਪਿਆਰੀ ਪਤਨੀ ਤੇ ਖ਼ੂਬਸੂਰਤ ਬੱਚੇ ਹੋਣ ਦੇ ਬਾਵਜੂਦ ਵੀ ਅਸ਼ਫ਼ਾਕ, ਨਸਰੀਨ ਨਾਲ ਕਿਉਂ ਇਸ਼ਕ ਕਰ ਰਿਹਾ ਹੈ ? ਨਸਰੀਨ ਵੀ ਅੰਤਾਂ ਦੀ ਸੁਹਣੀ ਤੇ ਇਸ਼ਕ ਵਿਚ ਮਰ ਮਿਟਣ ਵਾਲੀ ਇਕ ਕੰਵਾਰੀ ਕੁੜੀ ਸੀ, ਜੋ ਅਸ਼ਫ਼ਾਕ ਦੇ ਗੁਆਂਢੀ ਕਾਰ-ਡੀਲਰ ਦੀ ਆਫ਼ਿਸ-ਸੈਕਰੇਟਰੀ ਸੀ। ਮੈਂ, ਕਿਉਂਕਿ ਇਸ ਮੁਲਕ ਵਿਚ ਛੜਾ ਮਲੰਗ ਸਾਂ, ਇਸ ਲਈ ਅਸ਼ਫ਼ਾਕ ਤੇ ਨਸਰੀਨ ਦੋਵੇਂ ਅਕਸਰ ਮੇਰੇ ਕੋਲ ਸ਼ਾਂਤੀ, ਇਕਾਂਤ ਅਤੇ ਮੁਹੱਬਤ ਲਈ ਯੋਗ ਵਾਤਾਵਰਣ ਦੀ ਤਲਾਸ਼ ਵਿਚ ਆਇਆ ਕਰਦੇ ਸਨ।

ਇਸੇ ਸੰਬੰਧ ਵਿਚ ਇਕ ਦਿਨ ਮੈਂ ਅਸ਼ਫ਼ਾਕ ਨੂੰ ਤਾੜਨਾ ਕੀਤੀ ਕਿ ਉਹ ਬੜੀ ਤੇਜ਼ੀ ਨਾਲ ਗਲਤ ਦਿਸ਼ਾ ਵਲ ਵਧ ਰਿਹਾ ਹੈ ਅਤੇ ਛੇਤੀ ਹੀ ਉਹ ਥਾਂ ਆਉਣ ਵਾਲੀ ਹੈ, ਜਿੱਥੋਂ ਵਾਪਸ ਮੁੜਨਾ ਸੰਭਵ ਨਹੀਂ ਹੋਵੇਗਾ। ਮੈਂ ਕਿਹਾ, "ਤੇਰੇ ਇਸ਼ਕ ਦੀ ਪਾਲਣਾ ਤੇਰੇ ਘਰ ਦੀ ਬਰਬਾਦੀ ਬਣ ਜਾਵੇਗੀ।"

"ਕੀ ਕਰਾਂ ਯਾਰ, ਕੁਝ ਸਮਝ ਨਹੀਂ ਆਉਂਦੀ। ਮੈਨੂੰ ਆਸ਼ਕ ਮਿਜਾਜ਼ ਰੋਮਾਂਟਕ ਔਰਤ ਪਸੰਦ ਹੈ, ਪਰ ਮੇਰੀ ਬੇਗ਼ਮ ਨੂੰ ਮੇਰੇ ਬੱਚਿਆਂ ਦੀ ਮਾਂ ਬਣ ਕੇ ਜ਼ਿਆਦਾ ਖ਼ੁਸ਼ੀ ਮਿਲਦੀ ਹੈ। ਸਾਡੇ ਦੋਹਾਂ ਵਿਚ ਇਕ ਐਸਾ ਗੈਪ ਆ ਗਿਆ ਹੈ, ਜੋ ਦਿਨ ਪੁਰ ਦਿਨ ਵਧਦਾ ਹੀ ਜਾਂਦਾ ਹੈ। ਬੇਗ਼ਮ ਇਸ ਗੈਪ ਨੂੰ ਆਪਣਾ ਆਪ ਬੱਚਿਆਂ ਵਿਚ ਖਪਾ ਕੇ, ਪੂਰ ਕਰਦੀ ਹੈ ਤੇ ਮੈਂ ਨਸਰੀਨ ਨਾਲ ਇਸ਼ਕ ਕਰਕੇ। ਜੇ ਨਸਰੀਨ ਮੇਰੀ ਸ਼ਖ਼ਸੀਅਤ ਦਾ ਇਕ ਹਿੱਸਾ ਹੈ ਤਾਂ ਬੇਗ਼ਮ ਦੂਸਰਾ—ਮੈਂ ਇਹਨਾਂ ਦੋਹਾਂ ਦਾ ਸੰਗਮ, ਇਹਨਾਂ ਦੋਹਾਂ ਬਿਨਾਂ ਨਾ-ਮੁਕੰਮਲ ਹਾਂ—ਇਹ ਸੰਗਮ ਬਣਨ ਵਿਚ ਜੋ ਦੁੱਖ ਤੇ ਜੋ ਸੁੱਖ ਮੈਨੂੰ ਮਿਲਦਾ ਹੈ, ਉਹ ਮੈਂ ਹੀ ਜਾਣਦਾ ਹਾਂ, ਇਸ ਨੂੰ ਤੂੰ ਨਹੀਂ ਸਮਝ ਸਕੇਂਗਾ। ਜਿਸ ਤਨ ਲੱਗੇ ਸੋ ਤਨ ਜਾਣੇ।"

ਕਹਿੰਦੇ ਹਨ ਕਿ ਭਲੇ ਦਿਨ, ਭਲੇ ਭਾ ਲੰਘੀ ਜਾਣ ਤਾਂ ਹੀ ਭਲਾ ਹੈ ਕਿਉਂਕਿ ਜਦੋਂ ਬੁਰੇ ਦਿਨ ਆਉਂਦੇ ਹਨ, ਤਾਂ ਉਹ ਪੁੱਛ ਕੇ ਕੱਲੇ-ਕੱਲੇ ਨਹੀਂ ਆਉਂਦੇ, ਸਗੋਂ ਇਕਦਮ ਤੇ ਇਕੱਠੇ ਹੀ ਆ ਜਾਂਦੇ ਹਨ। ਮੌਤ ਵਾਂਗ ਇਨ੍ਹਾਂ ਦਾ ਕੋਈ ਸਮਾਂ ਨੀਅਤ ਨਹੀਂ ਹੁੰਦਾ। ਅਸ਼ਫ਼ਾਕ ਜਦੋਂ ਨਸਰੀਨ ਨਾਲ ਇਕ ਹਫ਼ਤੇ ਦੀਆਂ ਛੁੱਟੀਆਂ ਗੁਜ਼ਾਰ ਕੇ ਮੁੰਬਾਸੇ ਤੋਂ ਨੈਰੋਬੀ ਵਾਪਸ ਆ ਰਿਹਾ ਸੀ ਤਾਂ ਰਸਤੇ ਵਿਚ ਇਕ ਕੂਹਣੀ ਮੋੜ ਉੱਤੇ ਉਸ ਦੀ ਕਾਰ ਦਾ ਸਾਮ੍ਹਣਿਓਂ ਆ ਰਹੀ ਇਕ ਤੇਜ਼ ਰਫ਼ਤਾਰ ਕਾਰ ਨਾਲ ਹਾਦਸਾ ਹੋ ਗਿਆ। ਨਸਰੀਨ ਤਾਂ ਥਾਂ ਉਤੇ ਹੀ ਮਰ ਗਈ ਅਤੇ ਅਸ਼ਫ਼ਾਕ ਨੂੰ ਇਕ ਮਹੀਨਾ ਹਸਪਤਾਲ ਵਿਚ ਰਹਿਣਾ ਪਿਆ। ਉਹ ਬੜਾ ਉਦਾਸ ਰਹਿੰਦਾ ਸੀ। ਬੇਗ਼ਮ ਅਸ਼ਫ਼ਾਕ ਨੇ ਵੀ ਜਿਵੇਂ ਆਪਣੀ ਜ਼ਿੰਦਗੀ ਦੀ ਸਾਰੀ ਮੁਹੱਬਤ ਉਸ ਦੇ ਇਨ੍ਹਾਂ ਦੁੱਖ ਭਰੇ ਦਿਨਾਂ ਲਈ ਹੀ ਸਾਂਭ ਕੇ ਰੱਖੀ ਹੋਈ ਸੀ। ਹੌਲੀ-ਹੌਲੀ ਜ਼ਖ਼ਮ ਭਰਨ ਲੱਗ ਪਏ ਤਾਂ ਇਕ ਦਿਨ ਅਸ਼ਫ਼ਾਕ ਨੇ ਆਪ ਹੀ ਚੁੱਪ ਤੋੜੀ, "ਜਿਸ ਮੁਲਕ ਵਿਚ ਮਹਿਬੂਬ ਦੀ ਮੌਤ ਹੋ ਗਈ, ਉਹ ਮੁਲਕ ਕਬਰ ਬਰਾਬਰ ਹੈ ! ਕੋਈ

ਜਿਊਂਦੇ ਜੀ ਹਰ ਚੜ੍ਹਦੇ ਸੂਰਜ ਆਪਣੇ ਆਪ ਨੂੰ ਕਿਵੇਂ ਦਫ਼ਨ ਕਰੇ ! ਮਿੰਦਰ ਮੇਰੇ ਕੋਲੋਂ ਹੁਣ ਹੋਰ ਏਥੇ ਨਹੀਂ ਰਿਹਾ ਜਾਂਦਾ ! ਮੈਂ ਯੂਗੰਡਾ ਵਿਚ ਆਪਣੀ ਕੰਪਨੀ ਦੇ ਹੈਡ-ਆਫਿਸ, ਕੰਪਾਲਾ ਦੀ ਬਦਲੀ ਕਰਵਾ ਲਈ ਹੈ।"

ਅਸ਼ਫ਼ਾਕ ਯੂਗੰਡਾ ਚਲਾ ਗਿਆ ਤੇ ਉਸ ਦੇ ਨਾਲ ਹੀ ਚਲਾ ਗਿਆ ਮੇਰਾ ਪੰਜਾਬ ! ਫਿਰ ਵੀ ਜਦੋਂ ਕਦੇ ਸਾਨੂੰ ਵਿਹਲ ਮਿਲਦੀ ਅਸੀਂ ਇਕ ਦੂਜੇ ਨੂੰ ਮਿਲ ਲੈਂਦੇ ਸਾਂ ! ਪਿਛਲੀ ਵਾਰ ਜਦੋਂ ਮੈਂ ਕੰਪਾਲੇ ਗਿਆ ਤਾਂ ਅਸ਼ਫ਼ਾਕ ਮੈਨੂੰ ਦਸ ਰਿਹਾ ਸੀ, "ਮੈਂ ਸੋਚਿਆ, ਜੇ ਇਸੇ ਦੇਸ਼ ਵਿਚ ਰਹਿਣਾ ਹੈ, ਤਾਂ ਇਕ ਬੇਗਾਨੀ ਸ਼ਹਿਰੀਅਤ ਦਾ ਫਾਲਤੂ ਭਾਰ ਆਪਣੇ ਸਿਰ ਪੁਰ ਕਿਉਂ ਚੁਕੀ ਫਿਰਾਂ ? ਜਿਸ ਮੁਲਕ ਗਏ ਨਹੀਂ, ਜਾਣਾ ਨਹੀਂ, ਉਸ ਨਾਲ ਕੈਸਾ ਰਿਸ਼ਤਾ, ਕੈਸੀ ਵਫ਼ਾ ? ਮੈਂ ਬ੍ਰਿਟਿਸ਼ ਸ਼ਹਿਰੀਅਤ ਸੁਰੈਂਡਰ ਕਰਕੇ ਯੂਗੰਡਾ ਦੀ ਸ਼ਹਿਰੀਅਤ ਲੈਣ ਲਈ ਅਰਜ਼ੀ ਦੇ ਦਿੱਤੀ ਹੈ। ਏਥੋਂ ਦੀ ਆਬੋ ਹਵਾ, ਕੁਦਰਤੀ ਹੁਸਨ ਅਤੇ ਲੋਕਾਂ ਨਾਲ ਮੈਨੂੰ ਆਖ਼ਿਰਾਂ ਦਾ ਇਸ਼ਕ ਹੈ। ਜਿੱਥੇ ਮਨ ਨਾ ਵਸੇ ਉਹ ਘਰ (Home) ਵੀ ਮਕਾਨ ਬਣ ਕੇ ਰਹਿ ਜਾਂਦਾ ਹੈ ਤੇ ਜਿੱਥੇ ਮਨ ਵੱਸ ਜਾਏ ਉਹ ਮਕਾਨ ਵੀ ਘਰ ਬਣ ਜਾਂਦਾ ਹੈ ਤੇ ਦੇਸ਼ ਵੀ। ਯੂਗੰਡਾ ਮੇਰਾ ਘਰ ਹੈ।"

ਇਨ੍ਹਾਂ ਦਿਨਾਂ ਵਿਚ ਹੀ ਯੂਗੰਡਾ ਦੀ ਲੋਕ-ਸਰਕਾਰ ਦਾ ਤਖ਼ਤਾ ਪਲਟ ਗਿਆ ਅਤੇ ਉੱਥੇ ਇਕ ਸੈਨਿਕ ਸਰਕਾਰ ਦੀ ਸਥਾਪਨਾ ਹੋ ਗਈ। ਫਿਰ ਘਟਨਾਵਾਂ ਨੇ ਏਨੀ ਤੇਜ਼ੀ ਨਾਲ ਪਲਟਾ ਖਾਧਾ ਕਿ ਸੰਸਾਰ ਦੇ ਲੋਕ ਹੈਰਾਨ ਹੋ ਕੇ ਰਹਿ ਗਏ। ਨਵੀਂ ਸਰਕਾਰ ਨੇ ਪਹਿਲਾਂ ਸਭ ਇਜ਼ਰਾਇਲੀ ਯਹੂਦੀਆਂ ਨੂੰ ਦੇਸ਼ ਵਿੱਚੋਂ ਨਿਕਲ ਜਾਣ ਦਾ ਹੁਕਮ ਦਿੱਤਾ ਅਤੇ ਉਸ ਤੋਂ ਬਾਅਦ ਸਭ ਗੈਰ-ਯੂਗੰਡਨ ਏਸ਼ੀਆਈਆਂ ਨੂੰ ਨੱਬੇ ਦਿਨਾਂ ਦੇ ਅੰਦਰ ਅੰਦਰ ਯੂਗੰਡਾ ਛੱਡ ਕੇ ਸਦਾ ਲਈ ਚਲੇ ਜਾਣ ਦਾ ਅਲਟੀਮੇਟਮ ਦੇ ਦਿੱਤਾ। ਸੈਨਿਕ ਸਰਕਾਰ ਨੇ ਬਰਤਾਨਵੀ, ਭਾਰਤੀ ਤੇ ਪਾਕਿਸਤਾਨੀ ਸਰਕਾਰਾਂ, ਦੁਨੀਆਂ ਦੇ ਹੋਰ ਦੇਸ਼ਾਂ ਅਤੇ ਸੰਯੁਕਤ ਰਾਸ਼ਟਰ ਦੀਆਂ ਸਭ ਅਪੀਲਾਂ ਰੱਦ ਕਰ ਦਿੱਤੀਆਂ ਅਤੇ ਆਪਣੇ ਅਲਟੀਮੇਟਮ ਨੂੰ ਬਰਕਰਾਰ ਰਖਿਆ।

ਸਰਹੱਦ ਪਾਰੋਂ ਜਦੋਂ ਮੈਨੂੰ ਏਥੇ ਭਿਆਨਕ ਖ਼ਬਰਾਂ ਮਿਲਦੀਆਂ ਤਾਂ ਮੈਨੂੰ ਅਸ਼ਫ਼ਾਕ ਦੀ ਚਿੰਤਾ ਪੈ ਜਾਂਦੀ ? ਕੀ ਬੀਤੀ ਹੋਵੇਗੀ ਉਸ ਨਾਲ ? ਉਸ ਦੀ ਬੇਗ਼ਮ ਉਸ ਦੇ ਬੱਚਿਆਂ ਨਾਲ ? ਮੇਰੇ ਕਾਲਜੇ ਵਿਚ ਇਕ ਰੁੱਗ ਭਰਿਆ ਜਾਂਦਾ ਤੇ ਮੈਂ ਬਹੁਤ ਉਦਾਸ ਹੋ ਜਾਂਦਾ ! ਯੂਗੰਡਾ ਸਰਕਾਰ ਨੇ ਏਸ਼ੀਆਈਆਂ ਦੇ ਘਰ, ਜਾਇਦਾਦਾਂ, ਗਹਿਣੇ ਤੇ ਬੈਂਕ ਵਿਚ ਪਏ ਪੈਸੇ ਸਭ ਕੁਝ ਜ਼ਬਤ ਕਰ ਲਿਆ ਸੀ। ਜਿਨ੍ਹਾਂ ਨੇ ਯੂਗੰਡਾ ਦੀ ਨਾਗਰਿਕਤਾ ਲਈ ਸੀ, ਉਨ੍ਹਾਂ ਵਿੱਚੋਂ ਵੀ ਬਹੁਤਿਆਂ ਦੀ ਨਾਗਰਿਕਤਾ ਰੱਦ ਕਰਕੇ ਉਨ੍ਹਾਂ ਨੂੰ ਸਟੇਟ-ਲੈੱਸ ਸ਼ਹਿਰੀ ਬਣਾ ਦਿੱਤਾ ਸੀ ! ਨਾ ਉਹ ਹਿੰਦੋਸਤਾਨ ਜਾ ਸਕਦੇ ਸਨ, ਨਾ ਪਾਕਿਸਤਾਨ ਤੇ ਨਾ ਹੀ ਇੰਗਲੈਂਡ ! ਕਹਿੰਦੇ ਸਨ ਕਿ ਉਨ੍ਹਾਂ ਨੂੰ ਯੂਰਪ ਦੇ ਦੇਸ਼ਾਂ ਵਿਚ ਪਹਿਲਾਂ ਰਫਿਊਜ਼ੀ ਕੈਂਪਾਂ ਵਿਚ ਰੱਖਿਆ ਜਾਵੇਗਾ, ਫਿਰ ਹੌਲੀ-ਹੌਲੀ ਜਿਸ ਦੇਸ਼ ਵਿਚ ਰੁਜ਼ਗਾਰ ਦਾ ਪ੍ਰਬੰਧ ਬਣਿਆ ਉੱਥੇ ਆਬਾਦ ਕਰ ਦਿੱਤਾ ਜਾਵੇਗਾ।

ਅਸ਼ਫ਼ਾਕ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀਆਂ ਮੇਰੀਆਂ ਸਭ ਕੋਸ਼ਿਸ਼ਾਂ ਬੇਅਰਥ ਗਈਆਂ। ਜਹਾਜ਼ਾਂ ਦੇ ਜਹਾਜ਼ ਭਰੇ ਨੈਰੋਬੀ ਏਅਰ ਪੋਰਟ ਤੋਂ ਹੁੰਦੇ ਹੋਏ ਹਿੰਦੋਸਤਾਨ, ਪਾਕਿਸਤਾਨ ਤੇ ਯੂਰਪੀ ਦੇਸ਼ਾਂ ਨੂੰ ਜਾ ਰਹੇ ਸਨ; ਪਰ ਅਸ਼ਫ਼ਾਕ ਦਾ ਕੁਝ ਪਤਾ ਨਹੀਂ ਸੀ ਲੱਗ ਰਿਹਾ। ਅਲਟੀਮੇਟਮ ਖ਼ਤਮ ਹੋਣ ਵਿਚ ਤਿੰਨ ਦਿਨ ਬਾਕੀ ਰਹਿ ਗਏ ਸਨ, ਜਿਨ੍ਹਾਂ ਨੇ ਏਥੋਂ ਹੋ ਕੇ ਮੁੰਬਾਸੇ ਜਾਣਾ ਸੀ ਤੇ ਉੱਥੋਂ ਸਮੁੰਦਰੀ ਜਹਾਜ਼ ਪਕੜ ਕੇ ਬੰਬਈ ਜਾਂ ਕਰਾਚੀ ! ਮੈਂ ਸਵੇਰੇ ਹੀ ਰੇਲਵੇ ਸਟੇਸ਼ਨ ਉੱਤੇ ਚਲਾ ਗਿਆ। ਏਥੋਂ ਦੀ ਏਸ਼ੀਆਈ ਵੱਸੋਂ ਨੇ ਪਲੇਟਫਾਰਮ ਉੱਤੇ ਖਾਣ ਪੀਣ ਤੇ ਪਹਿਨਣ ਦੀਆਂ ਬੇਸ਼ੁਮਾਰ ਚੀਜ਼ਾਂ ਇਕੱਠੀਆਂ ਕੀਤੀਆਂ ਹੋਈਆਂ ਸਨ, ਤਾਂ ਕਿ ਯੂਗੰਡਾ ਤੋਂ ਉੱਜੜ ਕੇ ਜਾ ਰਹੇ ਇਨ੍ਹਾਂ ਲੋਕਾਂ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ ! ਭਾਰਤ ਵਿਚ ਬਟਵਾਰੇ ਤੋਂ ਪਹਿਲਾਂ ਦੇ ਰੇਲਵੇ ਸਟੇਸ਼ਨਾਂ ਵਾਂਗ ਏਥੇ 'ਹਿੰਦੂ ਪਾਣੀ' ਤੇ 'ਮੁਸਲਮਾਨ ਪਾਣੀ' ਵਾਲੀ ਕੋਈ ਵੰਡ ਨਹੀਂ ਸੀ। ਬੰਗਲਾ ਦੇਸ਼ੀ ਸੇਵਾਦਾਰ ਪਾਕਿਸਤਾਨੀ ਮੁਸਾਫ਼ਰ ਦੀ ਸੇਵਾ ਕਰ ਰਿਹਾ ਸੀ ਅਤੇ ਮੁਸਲਮਾਨ, ਹਿੰਦੂ

ਮੁਸਾਫ਼ਰ ਦੀ। ਸਿੰਘ ਸੇਵਾਦਾਰ ਵੀ ਖਾਣ ਪੀਣ, ਪਹਿਨਣ ਤੇ ਹੋਰ ਲੋੜ ਦੀਆਂ ਚੀਜ਼ਾਂ ਚੁੱਕੀ ਰੇਲਵੇ ਦੇ ਹਰ ਇਕ ਡੱਬੇ ਵਿਚ ਘੁੰਮ ਰਹੇ ਸਨ। ਚੀਜ਼ਾਂ ਦੀ ਐਨੀ ਭਰਮਾਰ ਹੋਣ ਦੇ ਬਾਵਜੂਦ ਵੀ ਇੰਞ ਜਾਪਦਾ ਸੀ ਜਿਵੇਂ ਸਟੇਸ਼ਨ ਉੱਤੇ ਮਾਤਮ ਛਾਇਆ ਹੋਇਆ ਹੋਵੇ। ਮੈਂ ਵੀ ਪਲੇਟਫਾਰਮ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਅਸ਼ਫ਼ਾਕ ਤੇ ਉਸ ਦੇ ਪਰਿਵਾਰ ਦੀ ਢੂੰਡ ਵਿਚ ਘੁੰਮ ਰਿਹਾ ਸਾਂ ! ਮੇਰੇ ਕੰਨਾਂ ਵਿਚ ਲੋਕਾਂ ਦੀਆਂ ਦੁੱਖ ਭਰੀਆਂ ਆਪ-ਬੀਤੀਆਂ ਗੱਲਾਂ ਪੈ ਰਹੀਆਂ ਸਨ।

"ਵੇਖੋ ਸਰਦਾਰ ਜੀ, ਜੰਮੇਂ ਉੱਥੇ, ਪਲੇ ਉੱਥੇ, ਇੰਡੀਆ ਦਾ ਨਾ ਕਦੇ ਮੂੰਹ ਵੇਖਿਆ ਨਾ ਮੱਥਾ—ਹੁਣ ਕੱਖੋਂ ਹੌਲੇ ਹੋ ਕੇ ਇੰਡੀਆ ਜਾ ਰਹੇ ਹਾਂ—ਲੋਕ ਕਹਿੰਦੇ ਹਨ ਆਪਣੇ ਮੁਲਕ ਜਾ ਰਹੇ ਹਨ।"

"ਹਿੰਦੋਸਤਾਨ ਤੋਂ ਮੈਂ ਇਕ ਕੁਲੀ ਬਣ ਕੇ ਆਇਆ ਸਾਂ ! ਏਥੇ ਆ ਕੇ ਮਿਹਨਤ ਕੀਤੀ, ਚੰਗਾ ਠੇਕੇਦਾਰ ਬਣ ਗਿਆ। ਮੇਰਾ ਇਕੋ ਇਕ ਪੁੱਤਰ ਸੀ—ਉਹ ਉਨ੍ਹਾਂ ਮਾਰ ਦਿੱਤਾ—ਕਾਰਾਂ ਖੋਹ ਲਈਆਂ, ਜਾਇਦਾਦ ਲੁੱਟ ਲਈ—ਨੂੰਹ ਨੂੰ ਮਸ਼ੀਨਗਨ ਵਿਖਾ ਕੇ ਲੈ ਗਏ। ਦੋ ਪੋਤਰੇ ਬਾਕੀ ਬਚੇ—ਇਕ ਨੌਆਂ ਸਾਲਾਂ ਦਾ ਇਕ ਗਿਆਰ੍ਹਾਂ ਸਾਲਾਂ ਦਾ। ਇਕ ਬ੍ਰਿਟਿਸ਼ ਸਿਟੀਜ਼ਨ ਸੀ, ਉਸ ਨੂੰ ਇੰਗਲੈਂਡ ਜਾਣਾ ਪਿਆ। ਦੂਜੇ ਦੀ ਸਿਟੀਜ਼ਨਸ਼ਿਪ 'ਤੇ ਉਨ੍ਹਾਂ ਨੂੰ ਸ਼ੱਕ ਪੈ ਗਿਆ ! ਉਹ ਯੂਰਪ ਦੇ ਰਫਿਊਜ਼ੀ ਕੈਂਪ ਵਿਚ ਰੁਲੇਗਾ। ਬੇਯਾਰੋ ਮਦਦਗਾਰ ਇਸ ਬੁਢਾਪੇ ਵਿਚ ਮੈਂ ਪਾਕਿਸਤਾਨ ਜਾ ਰਿਹਾ ਹਾਂ ਤੇ ਮੇਰੇ ਬਚਪਨ ਦਾ ਸਾਥੀ ਮੇਰਾ ਇਹ ਮਿੱਤਰ ਸਿੰਘ ਕੱਖੋਂ ਹੀਣਾ ਹੋ ਕੇ ਹਿੰਦੋਸਤਾਨ। ਸਾਡੇ ਭਾ ਦੇ ਹਿੰਦੋਸਤਾਨ ਤੇ ਪਾਕਿਸਤਾਨ ਅੱਜ ਬਣੇ ਹਨ।"

"ਸਭ ਵਿਸ਼ਵਾਸ ਟੁੱਟ ਗਏ ਭਾ ਜੀ ! ਇਹ ਭਗਵਾਨ ਦੀ ਮੌਤ ਹੈ ! ਸ਼ੈਤਾਨ ਦੀ ਜਿੱਤ।"

"ਬੰਗਲਾ ਦੇਸ਼ ਮੇਂ ਮੁਸਲਮਾਨੋਂ ਨੇ ਜੁ ਮੁਸਲਮਾਨੋਂ ਕੇ ਸਾਥ ਔਰ ਵੀਅਤਨਾਮ ਮੇਂ ਅਮਰੀਕੀਓਂ ਨੇ ਵੀਅਤਨਾਮੀਓਂ ਕੇ ਸਾਥ ਜੋ ਕੁਛ ਕੀਆ ਥਾ ਉਸ ਕੀ ਬਾਤੇਂ ਸੁਨੀਂ ਥੀਂ ਸ਼ੇਖ ਸਾਹਿਬ—ਰੇਪ (ਜਬਰ ਜਨਾਹ), ਵਾਇਓਲੈਂਸ (ਹਿੰਸਾ), ਆਰਸਨ (ਆਗ), ਜ਼ੁਲਮ, ਲੂਟ, ਤਬਾਹੀ—ਆਜ ਹਮ ਖ਼ੁਦ ਇਨ ਗ਼ੈਰ-ਇਨਸਾਨੀ ਔਰ ਤਬਾਹ-ਕੁਨ ਤਜਰਬੋਂ ਮੇਂ ਪਿਸ ਕਰ ਨਿਕਲੇ ਹੈਂ—ਯਿਹ ਲੜਕੀ ਹੈ ਨਾ, ਮੇਰੇ ਪਾਸ ਬੈਠੀ ਹੂਈ, ਸਿਰਫ਼ ਬਾਰ੍ਹਾਂ ਸਾਲ ਕੀ ਹੈ। ਇਸ ਕੇ ਬਾਪ ਕੋ ਇਸ ਕੇ ਸਾਮ੍ਹਣੇ ਕਤਲ ਕਰ ਦੀਆ ਗਿਆ, ਘਰ ਕੋ ਆਗ ਲਗਾ ਦੀ ਔਰ ਇਸ ਕੋ ਉਠਾ ਕੇ ਲੇ ਗਏ ! ਦੋ ਹਫ਼ਤੇ ਤਕ ਫੌਜੀਓਂ ਕੇ ਪਾਸ ਰਹੀ—ਇਸ ਕੀ ਹਾਲਤ ਦੇਖਤੇ ਹੈਂ ਆਪ—ਯਿਹ ਆਪਣੀ ਜ਼ਬਾਨ ਖੋ ਬੈਠੀ ਹੈ।"

"ਮੇਰੇ ਮੱਥੇ ਵਿਚ ਰਾਈਫ਼ਲ ਦੀ ਬੱਟ ਮਾਰ ਕੇ ਮੇਰੀ ਕੁੜੀ ਖੋਹ ਲਈ, ਅਖੇ ਹੁਣ ਸਾਡੀ ਵਾਰੀ ਹੈ—ਤੁਸੀਂ ਸਾਡੀ ਇਕਾਨੋਮੀ (Economy) ਆਰਥਿਕਤਾ ਨੂੰ ਬਹੁਤ ਚਿਰ ਚੂੰਘਿਆ ਹੈ—"

"ਮੇਰੀ ਨੂੰਹ ਨੂੰ ਕਹਿਣ ਕਿ ਨੰਗੀ ਹੋ ਜਾ, ਅਸੀਂ ਤਲਾਸ਼ੀ ਲੈਣੀ ਹੈ, ਭਾਈ ਸਾਹਿਬ ਸਾਡੇ ਸਭ ਦੇ ਸਾਮ੍ਹਣੇ—ਜਦੋਂ ਫੌਜੀਆਂ ਨੇ ਸਭ ਦੇ ਸਾਮ੍ਹਣੇ ਮੇਰੀ ਨੂੰਹ ਦੇ ਕੱਪੜੇ ਲਾਹੁਣੇ ਚਾਹੇ ਤਾਂ ਮੇਰੇ ਪੁੱਤਰ ਨੇ ਉਨ੍ਹਾਂ ਵਿੱਚੋਂ ਇਕ ਦੇ ਚੁਪੇੜ ਕੱਢ ਮਾਰੀ। ਫੌਜੀਆਂ ਨੇ ਪਹਿਲਾਂ ਉਸ ਨੂੰ ਦਬ ਕੁੱਟਿਆ, ਫਿਰ ਮੇਰੀ ਨੂੰਹ ਦੇ ਕੱਪੜੇ ਲਾਹੇ ਤੇ ਫਿਰ ਦੋਹਾਂ ਨੂੰ ਫੜ ਕੇ ਮਿਲਟਰੀ ਪੋਸਟ ਵਿਚ ਲੈ ਗਏ। ਕੁਝ ਦੇਰ ਬਾਅਦ ਸਾਨੂੰ ਇਕ ਗੋਲੀ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਫਿਰ ਅਲਫ਼ ਨੰਗੀ ਮੇਰੀ ਨੂੰਹ ਰੋਂਦੀ ਧੋਂਦੀ ਕੱਲੀ ਹੀ ਸਾਡੇ ਵਲ ਆਉਂਦੀ ਵਿਖਾਈ ਦਿੱਤੀ। ਰੱਬ ਭਲਾ ਕਰੇ ਇਸ ਸਰਦਾਰ ਦਾ, ਜਿਸ ਨੇ ਆਪਣੀ ਪੱਗ ਦੇ ਕੇ ਉਸ ਦਾ ਜਿਸਮ ਢਕਿਆ ! ਭਾਈ ਸਾਹਿਬ ਮੇਰੇ ਪੁੱਤਰ ਨੇ ਇਹ ਸਭ ਕੁਝ ਕਿਵੇਂ ਵੇਖਿਆ ਹੋਵੇਗਾ ?"

ਇਹ ਸਭ ਕੁਝ ਸੁਣ ਕੇ ਮੈਨੂੰ ਅੱਜ ਇੰਞ ਮਹਿਸੂਸ ਹੋ ਰਿਹਾ ਸੀ ਜਿਵੇਂ ਇਨਸਾਨੀ ਤਨ ਤੇ ਮਨ ਵਿਚ ਨਾਸੂਰ ਫੁੱਟ ਪਏ ਹੋਣ—ਇਨਸਾਨੀਅਤ ਕੋਹੜੀ, ਕੁਹਜੀ ਤੇ ਜ਼ਲੀਲ ਹੋ ਗਈ ਹੋਵੇ—ਮਨੁੱਖ ਪਸ਼ੂ ਬਣ ਗਿਆ ਹੋਵੇ !

"ਅੰਕਲ, ਅੰਕਲ, ਏਧਰ ਆਓ।" ਦੀ ਆਵਾਜ਼ ਸੁਣ ਕੇ ਮੈਂ ਵੇਖਿਆ, ਮੇਰੇ ਸਾਮ੍ਹਣੇ ਬੇਗ਼ਮ ਅਸ਼ਫ਼ਾਕ ਤੇ ਉਸ ਦੇ ਦੋਵੇਂ ਪੁੱਤਰ ਖੜ੍ਹੇ ਹਨ !

"ਅਸੀਂ ਤਿੰਨੇ ਮਾਂ ਪੁੱਤਰ ਇਸ ਡੱਬੇ ਦੇ ਹੋਰ ਮੁਸਾਫ਼ਰਾਂ ਨਾਲ ਰਫਿਊਜੀ ਕੈਂਪਾਂ ਵਿਚ ਆਬਾਦ ਹੋਣ ਜਾ ਰਹੇ ਹਾਂ ਭਰਾ ਜੀ, ਆਬਾਦ—"

'ਆਬਾਦ' ਸ਼ਬਦ ਉੱਤੇ ਜ਼ੋਰ ਦਿੰਦਿਆਂ ਬੇਗ਼ਮ ਦਾ ਗੱਚ ਭਰ ਆਇਆ। ਉਸ ਦੀ ਆਵਾਜ਼ ਸੰਘ ਵਿਚ ਜੰਮ ਕੇ ਰਹਿ ਗਈ। ਉਸ ਦੀਆਂ ਅੱਖਾਂ ਵਿਚ ਅੱਥਰੂਆਂ ਦੀ ਝੜੀ ਲਗ ਗਈ। ਇੰਞ ਲਗਦਾ ਸੀ, ਜਿਵੇਂ ਇਕ ਲੰਮੇ ਸਮੇਂ ਦੇ ਮੌਨ ਉਪਰੰਤ ਬੇਗ਼ਮ ਅਸ਼ਫ਼ਾਕ ਨੂੰ ਬੋਲਣ ਦੀ ਆਦਤ ਭੁੱਲ ਗਈ ਹੋਵੇ, ਜਿਵੇਂ ਕੁਝ ਕਹਿਣ ਲਈ ਉਹ ਬੜਾ ਜ਼ੋਰ ਲਾ ਕੇ ਕੁਝ ਸ਼ਬਦ ਤਲਾਸ਼ ਕਰ ਰਹੀ ਹੋਵੇ। ਉਸ ਨੂੰ ਪਤਾ ਸੀ ਕਿ ਮੈਂ ਉਸ ਨੂੰ ਕੀ ਪੁੱਛਣਾ ਚਾਹੁੰਦਾ ਹਾਂ !

"ਤੁਹਾਡੇ ਭਰਾ...ਤੇ ਤੁਹਾਡੀ ਭਤੀਜੀ...ਨੂੰ ਫੌਜੀ ਨਸਰੀਨ ਕੋਲ ਲੈ ਗਏ ਭਰਾ ਜੀ ਨਸਰੀਨ ਕੋਲ !"

ਮੈਨੂੰ ਇੰਞ ਮਹਿਸੂਸ ਹੋਇਆ, ਜਿਵੇਂ ਮੇਰੇ ਉੱਤੇ ਬਿਜਲੀ ਡਿਗ ਪਈ ਹੋਵੇ। ਮੈਂ ਜਿਊਂਦਾ ਹੀ ਭਸਮ ਹੋ ਗਿਆ ਹੋਵਾਂ। ਉਸ ਡੱਬੇ ਦੇ ਸਾਰੇ ਮੁਸਾਫ਼ਰ ਇਮੀਗਰੇਸ਼ਨ ਅਫ਼ਸਰਾਂ ਦੀ ਨਿਗਰਾਨੀ ਵਿਚ ਨੈਰੋਬੀ ਏਅਰਪੋਰਟ ਤੇ ਜਾਣ ਲਈ ਬਾਹਰ ਖੜੋਤੀਆਂ ਬੱਸਾਂ ਵਲ ਵਧ ਰਹੇ ਸਨ ! ਇਕ ਇਮੀਗਰੇਸ਼ਨ ਅਫ਼ਸਰ ਨੂੰ ਆਪਣੇ ਵਲ ਆਉਂਦਿਆਂ ਤੱਕ ਕੇ ਬੇਗ਼ਮ ਅਸ਼ਫ਼ਾਕ ਨੇ ਮੇਰੇ ਨਾਲ ਜੁੜ ਕੇ ਖੜੋਤੇ ਆਪਣੇ ਦੋਹਾਂ ਪੁੱਤਰਾਂ ਨੂੰ ਪੋਲੇ ਜਿਹੇ ਬਾਹੋਂ ਫੜ ਕੇ ਤੁਰਨ ਲਈ ਕਿਹਾ, ਤਾਂ ਮਾਸੂਮ ਬੱਚੇ ਮੇਰੀਆਂ ਉਂਗਲਾਂ ਘੁੱਟ ਕੇ ਫੜਦੇ ਹੋਏ ਫੁੱਟ-ਫੁੱਟ ਰੋ ਪਏ !

"ਸਾਨੂੰ ਏਥੇ ਰੱਖ ਲਓ ਅੰਕਲ ਜੀ, ਸਾਨੂੰ ਏਥੇ ਰੱਖ ਲਓ !!"

ਇਸ ਦ੍ਰਿਸ਼ ਨੂੰ ਹੋਰ ਵਧੇਰੇ ਸਹਿ ਸਕਣ ਦੀ ਸ਼ਕਤੀ ਨਾ ਰਖਦਿਆਂ ਜਦੋਂ ਮੈਂ ਆਪਣੀਆਂ ਸੱਜਲ ਅੱਖਾਂ ਨੂੰ ਆਪ ਹੀ ਮੁੰਦ ਲਿਆ, ਤਾਂ ਮੇਰੇ ਜ਼ਿਹਨ ਵਿਚ ਸਿਰਫ਼ ਇਕ ਹੀ ਪ੍ਰਸ਼ਨ ਸੀ ! "ਏਥੇ ਵੀ ਹੋਰ ਕਿੰਨਾ ਚਿਰ ?"

# ਚੱਕ੍ਰਵਯੂਹ

ਐਤਕੀਂ ਮੈਂ ਫਿਰ ਇੰਗਲੈਂਡ ਜਾਣਾ ਸੀ। ਤਿੰਨ ਵਰ੍ਹੇ ਪਹਿਲਾਂ ਜਦੋਂ ਮੈਂ 1968 ਵਿਚ ਇੰਗਲੈਂਡ ਗਿਆ ਸਾਂ, ਤਾਂ ਮੇਰੇ ਇਹ ਚਿਤ ਚੇਤੇ ਵੀ ਨਹੀਂ ਸੀ ਕਿ ਉੱਥੇ ਮੇਰੇ ਏਨੇ ਰਿਸ਼ਤੇਦਾਰ ਤੇ ਏਨੇ ਮਿੱਤਰ ਨਿਕਲ ਆਉਣਗੇ ਕਿ ਸਭ ਨੂੰ ਮਿਲਣਾ ਤਾਂ ਇਕ ਪਾਸੇ ਰਿਹਾ, ਸਭ ਨਾਲ ਟੈਲੀਫ਼ੋਨ 'ਤੇ ਗੱਲ ਕਰਨੀ ਵੀ ਅਸੰਭਵ ਹੋਵੇਗੀ। ਮੇਰੇ ਬਹੁਤ ਸਾਰੇ ਬੁੱਧੀਜੀਵੀ, ਪੜ੍ਹੇ ਲਿਖੇ ਅਤੇ ਲੇਖਕ ਮਿੱਤਰ ਏਥੇ ਫ਼ੈਕਟਰੀਆਂ ਤੇ ਫਾਊਂਡਰੀਆਂ ਵਿਚ ਕੰਮ ਕਰਦੇ ਹਨ, ਬਾਰਾਂ, ਬਾਰਾਂ ਘੰਟੇ ਅਤੇ ਛੇ, ਛੇ ਦਿਨ ! ਬੜੀ ਸਖ਼ਤ ਮਿਹਨਤ ਮਜ਼ਦੂਰੀ ਦੀ ਜ਼ਿੰਦਗੀ ਹੈ ਉਨ੍ਹਾਂ ਦੀ। ਇਕ ਦਿਨ ਦੀ ਛੁੱਟੀ ਤੇ ਛੇ ਦਿਨ ਮਸ਼ੀਨੀ ਜੂਨ। ਇਸ ਛੁੱਟੀ ਵਾਲੇ ਦਿਨ ਵੀ ਘਰ ਵਾਲੀ ਤੇ ਬੱਚਿਆਂ ਤੋਂ ਲੈ ਕੇ ਸਭ ਸਾਕ-ਸੰਬੰਧੀਆਂ ਤੇ ਮਿੱਤਰਾਂ ਤਕ ਨੂੰ ਮਿਲਣਾ, ਉਨ੍ਹਾਂ ਨੂੰ ਸੁਣਨਾ, ਸਮਝਣਾ ਤੇ ਹੁੰਗਾਰਾ ਭਰਨਾ ਕਿੰਨਾ ਕਠਿਨ ਕੰਮ ਹੈ। ਫਿਰ ਰਾਸ਼ਨ ਤੇ ਨਿਤਾਪ੍ਰਤੀ ਲੋੜ ਦੀਆਂ ਚੀਜ਼ਾਂ ਦੀ ਖ਼ਰੀਦ, ਘਰ ਅਤੇ ਕੱਪੜਿਆਂ ਆਦਿ ਦੀ ਸਫ਼ਾਈ ਦਾ ਕੰਮ ਵੀ ਇਸ ਇਕ ਦਿਨ ਕਰਨਾ ਹੁੰਦਾ ਹੈ। ਘਰ ਵਾਲੀਆਂ ਵਾਲੇ ਇਹ ਗਲਾਵਾਂ ਘਰ ਵਾਲੀ ਦੇ ਗਲ ਵਿਚ ਪਾ ਕੇ ਮਿੱਤਰਾਂ ਨਾਲ ਪੱਬਾਂ (ਸ਼ਰਾਬਖ਼ਾਨੇ) ਵਿਚ ਦਾਰੂ ਪੀਣ ਨਿਕਲ ਜਾਂਦੇ ਅਤੇ ਛੜੇ ਮਲੰਗ ਕਦੇ ਗੁਸਲਖ਼ਾਨੇ, ਕਦੇ ਰਸੋਈ ਕਦੇ 'ਸੌਣ-ਜੀਣ-ਬਹਿਣ-ਉੱਠਣ' ਵਾਲੇ ਇਕੋ ਇਕ ਕਮਰੇ, ਕਦੇ ਟੈਲੀਫ਼ੋਨ ਅਤੇ ਕਦੇ ਏਧਰ ਕਦੇ ਓਧਰ ਰੇਲ ਦੇ ਡੱਬਿਆਂ ਵਾਂਗ ਦਿਨ ਭਰ ਸ਼ਟਲ ਹੁੰਦੇ ਰਹਿੰਦੇ। ਇਨ੍ਹਾਂ ਮਿਹਨਤਕਸ਼ ਤੇ ਅਤਿ ਦੇ ਰੁੱਝੇ ਹੋਏ ਬਹੁਤ ਸਾਰੇ ਮਿੱਤਰਾਂ ਨੂੰ ਆਪਣੀ ਚਾਰ ਹਫ਼ਤਿਆਂ ਦੀ ਛੁੱਟੀ ਵਿਚ ਮਿਲ ਲੈਣਾ, ਕੋਈ ਆਸਾਨ ਕੰਮ ਨਹੀਂ ਸੀ। ਜ਼ਿੰਦਗੀ ਵਿਚ ਉੱਥੇ ਏਨਾ ਰੁਝੇਵਾਂ ਹੈ ਕਿ ਉਨ੍ਹਾਂ ਨੂੰ ਚੱਜ ਨਾਲ ਜਿਊਣ ਦੀ ਤਾਂ ਇਕ ਪਾਸੇ ਰਹੀ, ਸ਼ਾਇਦ ਚੱਜ ਨਾਲ ਮਰਨ ਦੀ ਵਿਹਲ ਵੀ ਨਾ ਮਿਲ ਸਕੇ।

ਫਿਰ ਵੀ ਮੈਂ ਆਪਣੀ ਪਹਿਲੀ ਯਾਤਰਾ ਦੇ ਤਜਰਬੇ ਤੋਂ ਜਾਣ ਗਿਆ ਸਾਂ ਕਿ ਕਦੋਂ, ਕਿਸ ਤਰ੍ਹਾਂ ਤੇ ਕਿੱਥੇ ਕਿਸ-ਕਿਸ ਨੂੰ ਮਿਲਣਾ ਹੈ। ਜਿਨ੍ਹਾਂ ਦਾ ਆਪਣਾ ਕਾਰੋਬਾਰ ਹੈ, ਉਨ੍ਹਾਂ ਨੂੰ ਮਿਲਣ ਦਾ ਕੀ ਹੈ, ਜਦੋਂ ਮਰਜ਼ੀ ਹੈ ਦਸਤਕ ਜਾ ਦਿਓ। ਪਰ ਜਿਹੜੇ ਫ਼ੈਕਟਰੀਆਂ ਵਿਚ ਕੰਮ ਕਰਦੇ ਹਨ—ਉਨ੍ਹਾਂ ਸਭਨਾਂ ਦੇ ਘਰੀਂ ਫ਼ੋਨ ਕਰਨੇ ਪੈਣਗੇ—ਉਨ੍ਹਾਂ ਦੀ ਡਿਊਟੀ ਦੇ ਸਮੇਂ ਅਤੇ ਛੁੱਟੀ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਤਾਂ ਕਿ ਜਿਸ ਨੂੰ ਸਾਰਾ ਦਿਨ ਜਾਂ ਅੱਧਾ ਦਿਨ ਨਾ ਮਿਲ ਸਕਾਂ ਉਸ ਨੂੰ ਫ਼ੈਕਟਰੀ ਤੋਂ ਹੀ ਵਿਹਲੇ ਸਮੇਂ ਫੜ ਕੇ ਕਿਸੇ ਨੇੜੇ ਦੀ ਪੱਬ ਵਿਚ ਬੈਠ ਦਾਰੂ ਪੀ ਕੇ ਕੁਝ ਗੱਲਾਂ ਕਰ ਸਕਾਂ। ਅਸਲ ਵਿਚ ਗੱਲਾਂ ਹੁੰਦੀਆਂ ਹੀ ਏਥੇ ਪੱਬਾਂ ਵਿਚ ਹਨ। ਘਰ ਏਨੇ ਤੰਗ, ਸਾਹ ਘੁੱਟਵੇਂ ਤੇ ਘਣ-ਵੱਸੇ (over crowded) ਹਨ ਕਿ ਉੱਥੇ ਸਾਡਾ ਹੀ ਨਹੀਂ, ਸਗੋਂ ਉਨ੍ਹਾਂ ਲੋਕਾਂ ਦਾ ਦਮ ਵੀ ਘੁੱਟਦਾ ਹੈ ਅਤੇ ਉਹ ਦਿਨ ਵਿੱਚੋਂ ਕੁਝ ਘੰਟੇ ਅਤੇ ਹਫ਼ਤੇ ਵਿੱਚੋਂ ਵਿਹਲੇ ਇਕ ਦਿਨ ਦਾ ਬਹੁਤ ਹਿੱਸਾ ਪੱਬਾਂ ਵਿਚ ਫੱਕੜ ਤੋਲ ਕੇ ਹੀ ਗੁਜ਼ਾਰਦੇ ਹਨ। ਜਿਵੇਂ, ਜਿਵੇਂ ਬੀਅਰ ਦੇ ਗਲਾਸ ਖ਼ਾਲੀ ਹੋਈ ਜਾਂਦੇ ਹਨ, ਤਿਵੇਂ ਤਿਵੇਂ ਉਨ੍ਹਾਂ ਨੂੰ ਗਲਾਂ ਉੱਤਰੀ ਆਉਂਦੀਆਂ ਹਨ, ਤੋੜਾ ਫਿਰ ਪੱਕੀ (ਵਿਸਕੀ)

'ਤੇ ਟੁੱਟਦਾ ਹੈ—ਨਸ਼ੇ ਵਿਚ ਧੁੱਤ ਹੋ ਕੇ ਉਹ ਸਭ ਆਪੋ ਆਪਣਾ ਪਸ਼ੂ ਬਾਹਰ ਕੱਢਦੇ ਹਨ—ਜੋ ਕੁਝ ਉਨ੍ਹਾਂ ਦੇ ਅੰਦਰ ਛੇ ਦਿਨ ਬਾਰਾਂ ਬਾਰਾਂ ਘੰਟੇ ਕੰਮ ਕਰਕੇ ਸਿਮਟਦਾ, ਸੁਕੜਦਾ, ਧੀਰੇ, ਧੀਰੇ ਮਰਦਾ ਰਹਿੰਦਾ ਹੈ, ਉਸ ਨੂੰ ਮੁੜ ਸੁਪ੍ਰਾਣ ਕਰਦੇ ਹਨ, ਜਵਾਨ ਕਰਦੇ ਹਨ। ਖ਼ਾਸ ਕਰ ਮੇਰੇ ਲੇਖਕ ਮਿੱਤਰ, ਜੋ ਇਨਕਲਾਬੀ ਨਕਸਲਵਾਦੀ ਤੇ ਦੁਨੀਆਂ ਦੀ ਹਰ ਨਵੀਂ ਤੋਂ ਨਵੀਂ ਹਿੰਸਾਵਾਦੀ ਲਹਿਰ ਦੇ ਆਪਣੇ ਆਪ ਨੂੰ ਸਮਰਥਕ ਜਾਂ ਪੈਰੋਕਾਰ ਸਮਝਦੇ ਹਨ, ਇਸੇ ਸਮੇਂ ਰੰਗ ਵਿਚ ਆਉਂਦੇ ਹਨ।

ਇਸ ਵਾਰੀ ਅਜੀਬ ਢੋ ਢੁੱਕਾ ਕਿ ਲੇਖਕ ਮਿੱਤਰਾਂ ਨਾਲ ਮੇਰੀ ਇਹ ਪਹਿਲੀ ਬੈਠਕ ਹੀ ਲੰਡਨ ਦੇ 'ਪੰਜਾਬ ਇੰਡੀਆ ਹੋਟਲ' ਵਿਚ ਹੋਈ, ਜਿਸ ਦੇ ਮਾਲਕ ਪੰਜਾਬੀ ਸਰਦਾਰ ਨੂੰ ਮੁਰਗ਼ ਮੁਸੱਲਮ, ਚਿਕਨ ਕਰੀ, ਮੁਰਗੇ ਦੀਆਂ ਭੁੰਨੀਆਂ ਹੋਈਆਂ ਲੱਤਾਂ ਮਸਾਲੇਦਾਰ ਚਾਂਪਾਂ, ਗੁਰਦੇ-ਕਪੂਰੇ ਅਤੇ ਕਲੇਜੀ ਵਰਗੀਆਂ ਵਿਸ਼ੇਸ਼ਤਾਈਆਂ ਆਪਣੇ ਮੀਨੂੰ ਉੱਤੇ ਹੋਣ ਦਾ ਹੀ ਮਾਣ ਨਹੀਂ ਸੀ, ਸਗੋਂ ਇਸ ਗੱਲ ਦਾ ਫ਼ਖ਼ਰ ਵੀ ਸੀ ਕਿ 1935-36 ਵਿਚ ਜਦੋਂ ਸ੍ਰ. ਊਧਮ ਸਿੰਘ ਸ਼ਹੀਦ, ਓਡਵਾਇਰ ਤੋਂ ਬਦਲਾ ਲੈਣ ਵਾਸਤੇ ਲੰਡਨ ਆਇਆ ਸੀ, ਤਾਂ ਉਹ ਅਕਸਰ ਉਸ ਨੂੰ ਮਿਲਦਾ ਹੁੰਦਾ ਸੀ। ਇਸੇ ਲਈ ਸ੍ਰ. ਊਧਮ ਸਿੰਘ ਸ਼ਹੀਦ ਦੀ ਫੋਟੋ ਵੱਡੀ ਕਰਵਾ ਕੇ ਉਸ ਨੇ ਆਪਣੇ ਛੋਟੇ ਜਿਹੇ ਪਰ ਬਹੁਤੀ ਗਾਹਕੀ ਵਾਲੇ ਹੋਟਲ ਵਿਚ ਲਾਈ ਹੋਈ ਸੀ।

ਮੇਰੇ ਲੇਖਕ ਮਿੱਤਰਾਂ ਨੇ ਫ਼ੈਸਲਾ ਕੀਤਾ ਕਿ ਸ਼ੈਕਸਪੀਅਰ ਤੇ ਮਿਲਟਨ ਦੇ ਇਸ ਦੇਸ਼ ਵਿਚ ਇਸ ਮਿਲਣੀ ਨੂੰ ਪਹਿਲਾਂ ਲੰਡਨ ਦਾ ਸਾਹਿਤਕ ਰੰਗ ਦਿੱਤਾ ਜਾਵੇ। ਫਿਰ 'ਪੰਜਾਬ ਇੰਡੀਆ ਹੋਟਲ' ਵਿਚ ਕਾਕਟੇਲ ਪਾਰਟੀ ਤੇ ਮੁਰਗ਼ਿਆਂ ਦੀਆਂ ਟੰਗਾਂ ਉਧੇੜਨ ਦੇ ਨਾਲ-ਨਾਲ ਇਕ ਦੂਜੇ ਦੀਆਂ ਲੱਤਾਂ ਵੀ ਖਿੱਚੀਆਂ ਜਾਣ। ਪ੍ਰੋਗਰਾਮ ਦਾ ਪਹਿਲਾ ਭਾਗ ਬੜਾ ਹੀ ਦਿਲਚਸਪ ਤੇ ਵਿਸਮੈਕਾਰੀ ਸੀ, ਕਿਉਂਕਿ ਇਸ ਦਾ ਸੰਬੰਧ 'ਓ ਕਲਕੱਤਾ' (Oh Calcutta) ਨਾਟਕ ਵੇਖਣ ਨਾਲ ਸੀ। ਅਸੀਂ ਇਹ ਨਗਨਵਾਦੀ ਕਾਮ-ਸੁਖਾਂਤ (Nudist Comedy) ਵੇਖਣ ਗਏ ਸਾਂ।

ਪਰਦਾ ਉਠਦਿਆਂ ਹੀ ਸਾਡੇ ਸਾਮ੍ਹਣੇ ਅਲਫ਼-ਨੰਗੇ ਮਰਦਾਂ ਤੇ ਤੀਵੀਆਂ ਦਾ ਇਕ ਦ੍ਰਿਸ਼ ਪੇਸ਼ ਕੀਤਾ ਗਿਆ, ਜੋ ਇਕੱਠੇ ਮਿਲ ਕੇ ਇਕ ਕੋਰਸ ਗੀਤ ਗਾ ਰਹੇ ਸਨ। ਮੇਰੇ ਨਾਲ ਬੈਠਾ ਮੇਰਾ ਪੱਤਰਕਾਰ ਮਿੱਤਰ ਕਹਿ ਰਿਹਾ ਸੀ, "ਵੇਖ ਲੈ ਤੂੰ, ਇਨ੍ਹਾਂ ਦਾ ਫ਼ਲਸਫ਼ਾ ਵੀ ਅਜੀਬ ਹੈ। ਇਹ ਨਗਨਵਾਦੀ ਦਰਸ਼ਨ ਦਾ ਪ੍ਰਚਾਰ ਕਰ ਰਹੇ ਹਨ ਤੇ ਕਹਿੰਦੇ ਹਨ ਕਿ ਵਿਰੋਧੀ ਲਿੰਗ (Sex) ਦਾ ਤਨ ਜਿੰਨੀ ਦੇਰ ਕਪੜਿਆਂ ਦੀ ਕੈਦ ਵਿਚ ਲੁਕਿਆ ਰਹਿੰਦਾ ਹੈ, ਓਨਾ ਚਿਰ ਮਨ ਵਿਚ ਮੈਲ ਜਮ੍ਹਾਂ ਹੁੰਦੀ ਰਹਿੰਦੀ ਹੈ। ਪਰਦੇ ਪਿੱਛੇ ਕੀ ਹੈ ? ਇਹ ਜਾਨਣ ਦੀ ਉਤਸੁਕਤਾ ਲੱਗੀ ਰਹਿੰਦੀ ਹੈ, ਜੋ ਲਿੰਗਵਾਦੀ ਭਾਵਨਾਵਾਂ ਤੇ ਗੁੰਝਲਾਂ ਨੂੰ ਜਨਮ ਦਿੰਦੀ ਹੈ। ਕੱਪੜੇ ਉਤਾਰ ਦਿਓ, ਅਲਫ਼ ਚਾਨਣ ਵਿਚ ਅਲਫ਼ ਹੋ ਜਾਓ, ਮਨ ਦੀ ਸਾਰੀ ਮੈਲ ਧੁਪ ਜਾਂਦੀ ਹੈ—ਨਾ ਮੈਲ ਰਹਿੰਦੀ ਹੈ ਨਾ ਗਿਲਟ-ਕੰਪਲੈਕਸ (ਅਪਰਾਧ-ਗਰੰਥੀ) ! ਮਨ, ਤਨ, ਨਿਰਮਲ ਤੇ ਸਵੱਛ, ਕੁਦਰਤੀ ਰੂਪ ਵਿਚ ਇਕਸੁਰ ਹੋ ਜਾਂਦੇ ਹਨ।"

"ਕੀ ਤੂੰ ਇਸ ਸਭ ਕੁਝ ਵਿਚ ਯਕੀਨ ਰੱਖਦਾ ਹੈਂ ?" ਮੈਂ ਪੁੱਛਿਆ।

"ਯਕੀਨ ਦੀ ਗੱਲ ਤੂੰ ਛੱਡ, ਹਰ ਗੱਲ ਨੂੰ ਸੁਣ, ਸਮਝ ਕੇ ਜਾਣ ਛੱਡਣਾ ਹੀ ਕੀ ਕਾਫ਼ੀ ਨਹੀਂ ?"

"ਪਰ ਮੇਰਾ ਖ਼ਿਆਲ ਹੈ ਕਿ ਬਹੁਤੇ ਲੋਕ ਏਥੋਂ ਨਗਨਵਾਦ ਦੇ ਸਿਧਾਂਤ ਦੇ ਦਰਸ਼ਨ ਸਮਝਣ ਦੀ ਥਾਂ ਜੋ ਕੁਝ ਉਹ ਆਪ ਕਰ ਸਕਣ ਦਾ ਸਾਹਸ ਨਹੀਂ ਰਖਦੇ, ਉਹ ਕੁਝ ਦੂਜਿਆਂ ਉੱਤੇ ਘਟਦਾ ਵੇਖਣ ਆਉਂਦੇ ਹਨ—ਤੇ ਜਾਂ ਫਿਰ ਮੌਜ ਮੇਲੇ ਲਈ ਗੁਪਤ-ਅੰਗ ਵੇਖਣ।"

"ਹਾਂ, ਕਿਸੇ ਹੱਦ ਤਕ ਤੂੰ ਠੀਕ ਹੀ ਹੈਂ, ਸਾਡੇ ਬਹੁਤੇ ਭਾਰਤੀ ਲੋਕ ਗੋਰੇ ਅਦਾਕਾਰਾਂ ਦੇ ਤਨ ਤੱਕ ਹੀ ਸੀਮਤ ਰਹਿ ਜਾਂਦੇ ਹਨ, ਮਨ ਤਕ ਨਹੀਂ ਜਾਂਦੇ—ਤੇ ਇਸ ਪਦਾਰਥਵਾਦੀ ਯੁੱਗ ਵਿਚ ਮਨ ਤਕ, ਆਤਮਾ ਤਕ ਜਾਣ ਦੀ ਵਿਹਲ ਵੀ ਕਿਸ ਨੂੰ ਹੈ !"

ਦ੍ਰਿਸ਼ ਬਦਲ ਚੁੱਕਾ ਸੀ! ਹੁਣ ਸਾਡੇ ਸਾਮ੍ਹਣੇ ਮੰਚ ਉੱਤੇ ਮਲਕਾ ਵਿਕਟੋਰੀਆ ਸਮੇਂ ਪਰਚੱਲਤ—ਗਲ ਤੋਂ

ਲੈ ਕੇ ਪੈਰਾਂ ਤੀਕਰ ਲੰਮੀਂ ਤੇ ਬੜੀ ਵੱਡੀ ਪੋਸ਼ਾਕ ਵਿਚ ਇਕ ਕੁੜੀ ਖਲੋਤੀ ਸੀ। ਮੰਚ ਉੱਤੇ ਹੀ ਉਸ ਦੀ ਤਾਜਪੋਸ਼ੀ ਕਰਕੇ ਉਸ ਨੂੰ ਮਲਕਾ ਵਿਕਟੋਰੀਆ ਦਾ ਰੂਪ ਦਿੱਤਾ ਗਿਆ। ਫਿਰ ਅਚਾਨਕ ਹੀ ਉਸ ਕੁੜੀ ਦੇ ਜਿਸਮ ਵਿਚ ਹਰਕਤ ਹੋਈ ਤੇ ਉਹ ਸਟੈਂਡ ਉੱਤੇ ਟੰਗੀ ਉਸ ਵਿਕਟੋਰੀਅਨ ਪੋਸ਼ਾਕ ਦੇ ਪਿਛਿਓਂ ਹਟ ਕੇ, ਅਲਫ਼ ਨੰਗੀ, ਪੋਸ਼ਾਕ ਦੇ ਖੱਬੇ ਪਾਸੇ ਆਣ ਕੇ ਖੜੋ ਗਈ। ਉਸੇ ਸਮੇਂ ਮਾਈਕਰੋਫ਼ੋਨ ਉੱਤੇ ਕਿਸੇ ਵਕਤੇ ਦੇ ਬੋਲ ਉੱਭਰੇ, ਜਿਨ੍ਹਾਂ ਦਾ ਭਾਵ ਅਰਥ ਕੁਝ ਇਸ ਤਰ੍ਹਾਂ ਸੀ :

"ਉਦੋਂ ਲੋਕ ਇਹ ਕੁਝ ਨਹੀਂ ਸਨ ਚਾਹੁੰਦੇ, ਪਰ ਰਾਇਲਟੀ ਇੰਵ ਕਰਦੀ ਸੀ, ਹੁਣ ਲੋਕ ਇਹ ਕੁਝ ਚਾਹੁੰਦੇ ਹਨ ਪਰ ਰਾਇਲਟੀ ਨਹੀਂ ਚਾਹੁੰਦੀ।" ਇਕ ਹੋਰ ਅਦਾਕਾਰ ਮਸਖ਼ਰੇ ਅੰਦਾਜ਼ ਵਿਚ ਬੋਲਿਆ :

"ਕਿਉਂਕਿ ਉਸ ਸਮੇਂ ਚੱਡੀਆਂ ਨਹੀਂ ਸਨ ਹੁੰਦੀਆਂ ਤੇ ਅੱਜ ਕੱਲ੍ਹ ਥੱਲਾ-ਰਹਿਤ ਹਾਟ ਪੈਂਟਸ ਆਮ ਹਨ।"

ਹਾਲ ਵਿਚ ਤਾਲੀਆਂ ਦੀ ਗੂੰਜ ਕੁਝ ਮੱਧਮ ਹੋਈ ਤਾਂ ਮੇਰੇ ਦੂਜੇ ਪਾਸੇ ਬੈਠਾ ਮੇਰਾ ਲੇਖਕ ਮਿੱਤਰ, ਜੋ ਭਾਰਤ ਵਿਚ ਕਦੇ ਅੰਗਰੇਜ਼ੀ ਤੇ ਦਰਸ਼ਨ ਦਾ ਪ੍ਰੋਫ਼ੈਸਰ ਅਤੇ ਇਕ ਇਨਕਲਾਬੀ ਤੇ ਅਗਾਂਹਵਧੂ ਲੇਖਕ ਸੀ, ਬੋਲਿਆ :

"ਵੇਖ ਲੈ ਯਾਰ, ਇਹ ਲੋਕ ਹੀ ਇਸ ਤਰ੍ਹਾਂ ਆਪਣੇ ਆਪ ਉੱਤੇ ਆਪਣੇ ਵਿਰਸੇ ਉੱਤੇ ਹੱਸ ਸਕਦੇ ਹਨ, ਅਸੀਂ ਨਹੀਂ ! ਲੰਡਨ ਦੇ ਹਾਈਡ ਪਾਰਕ ਵਿਚ ਜਾ ਕੇ ਤੁਸੀਂ ਜੋ ਜੀ ਆਏ ਬੋਲ ਸਕਦੇ ਹੋ-ਤੁਹਾਨੂੰ ਰਾਏ ਦੀ ਪੂਰੀ ਆਜ਼ਾਦੀ ਹੈ।"

ਮੈਂ ਕਿਹਾ, "ਨੁਕਤਾ ਤਾਂ ਇਹ ਹੈ ਕਿ ਕੀ ਤੂੰ ਇਸ ਨੂਡਿਸਟ ਕਰੇਜ਼ (ਨਗਨਵਾਦੀ ਝੱਲ) ਦੇ ਹੱਕ ਵਿਚ ਹੈਂ ਜਾਂ ਨਹੀਂ ?"

"ਮੇਰੀ ਗੱਲ ਛੱਡ, ਮੇਰੇ ਹੱਕ ਵਿਚ ਜਾਂ ਖ਼ਿਲਾਫ਼ ਹੋਣ ਨਾਲ ਇਨ੍ਹਾਂ ਦੀ ਲਹਿਰ ਉੱਤੇ ਕੀ ਅਸਰ ਪੈਣ ਲੱਗਾ ਹੈ ?"

"ਪਰ ਵਿਅਕਤੀ ਤੋਂ ਬਿਨਾਂ ਲਹਿਰ ਵੀ ਤਾਂ ਪੈਦਾ ਨਹੀਂ ਹੋ ਸਕਦੀ। ਵਿਅਕਤੀ ਹੈ, ਤਾਂ ਲਹਿਰ ਹੈ। ਉਂਵ ਵਰਤਮਾਨ ਸਮਾਜਕ ਢਾਂਚੇ ਦੇ ਕਠੋਰ ਸਦਾਚਾਰਕ ਨਿਯੰਤ੍ਰਣ ਦੇ ਖ਼ਿਲਾਫ਼ ਇਹ ਇਕ ਇਨਕਲਾਬੀ ਕਦਮ ਜ਼ਰੂਰ ਹੈ।"

"ਇਨਕਲਾਬ ਇੱਥੇ ਕਿੱਥੇ ਆ ਵੜਿਆ, ਅਸੀਂ ਤਾਂ ਏਥੇ ਕੇਵਲ ਮਨੋਰੰਜਨ ਲਈ ਆਉਂਦੇ ਹਾਂ।"

"ਇਸ ਦਾ ਅਰਥ ਇਹ ਹੋਇਆ ਕਿ ਭਾਰਤ ਤੋਂ ਆ ਕੇ ਤੇਰੇ ਮਨੋਰੰਜਨ ਦੀ ਪੱਧਰ ਵਿਚ ਇਨਕਲਾਬੀ ਤਬਦੀਲੀ ਆਈ ਹੈ। ਪਿਛਲੀ ਵਾਰੀ ਤੂੰ ਮੈਨੂੰ ਦਸਦਾ ਸੈਂ ਕਿ ਜਿੰਨਾ ਚਿਰ ਤੂੰ ਮਹੀਨੇ ਵਿਚ ਘਟੋ ਘੱਟ ਇਕ ਵਾਰੀ ਲੰਡਨ ਦੇ ਫੌਂਟਵੈਲ ਪਾਰਕ ਵਿਚ ਜਾ ਕੇ ਘੋੜਿਆਂ ਦੀ ਦੌੜ ਦਾ ਜੂਆ ਨਾ ਖੇਡੇਂ ਤੈਨੂੰ ਇੰਵ ਲਗਦਾ ਹੈ ਜਿਵੇਂ ਤੇਰੀ ਜ਼ਿੰਦਗੀ ਵਿੱਚੋਂ ਕੁਝ ਗ਼ਾਇਬ ਹੋ ਗਿਆ ਹੋਵੇ ਤੇ ਉਸ ਵਿਚ ਇਕ ਗੈਪ, ਇਕ ਖੱਪਾ ਪੈ ਗਿਆ ਹੋਵੇ !"

"ਛੱਡ ਪਰ੍ਹਾਂ ਪਿਛਲੇ ਸਾਲ ਦੀਆਂ ਗੱਲਾਂ। ਇਸ ਘੋੜ-ਦੌੜ ਨੇ ਤਾਂ ਮੇਰਾ ਥੱਲਾ ਹੀ ਲਾ ਦਿੱਤਾ ਸੀ। ਅੱਜ ਕੱਲ੍ਹ ਮੈਂ ਓਧਰ ਘੱਟ ਹੀ ਜਾਂਦਾ ਹਾਂ।"

ਨਾਟਕ ਖ਼ਤਮ ਹੋਣ ਉੱਤੇ ਇਹ ਗੱਲ ਕਰਦੇ ਅਸੀਂ 'ਇੰਡੀਆ ਪੰਜਾਬ ਹੋਟਲ' ਵਿਚ ਆ ਬੈਠੇ। ਮੈਂ ਆਪਣੇ ਲੇਖਕ ਮਿੱਤਰ ਨੂੰ ਟਕੋਰਿਆ, "ਕੀ ਹਾਲ ਹੈ ਤੇਰੀਆਂ ਸਟ੍ਰਿਪਟੀਜ਼ ਕਲੱਬਾਂ ਦਾ ?"

ਉਸ ਕਿਹਾ, "ਐਵੇਂ ਝੱਸ ਹੈ, ਭੁੱਸ ਹੈ, ਸਿਗਰਟ ਵਾਂਗ, ਤਾਸ਼ ਵਾਂਗ ... ਜਾ ਆਈਦਾ ਹੈ ਕਦੇ-ਕਦੇ। ਪਰ ਅੱਜ ਕੱਲ੍ਹ ਮੈਂ ਕੁਝ ਹੋਰ ਹਲਕੇ ਸ਼ੁਗਲ ਵੀ ਰੱਖੇ ਹੋਏ ਹਨ। ਕੱਲ੍ਹ ਬਾਟਰ ਸੀ ਪਾਰਕ ਦੇ ਫਨਫੇਅਰ ਵਿਚ ਗੋਰੀ ਤਿੰਨ ਵਾਰੀ ਨੰਗੀ ਕੀਤੀ।"

"ਉਹ ਕਿਵੇਂ ?"

"ਦਸਾਂ ਪੈਨੀਆਂ ਦੇ ਬਾਲ ਲਏ ਅਤੇ ਫਿਰ ਬਾਲ ਵਾਰੀ-ਵਾਰੀ ਐਨ ਨਿਸ਼ਾਨੇ ਉੱਤੇ ਸੁੱਟੇ। ਜਦੋਂ ਬਾਲ ਨਿਸ਼ਾਨੇ ਉੱਤੇ ਲੱਗੇ ਤਾਂ ਘੰਟੀ ਵੱਜੇ, ਜਦੋਂ ਘੰਟੀ ਵੱਜੇ, ਤਾਂ ਸਾਹਮਣੇ ਮੰਜੇ ਉੱਤੇ ਕੰਬਲ ਲੈ ਕੇ ਲੰਮੀ ਪਈ ਗੋਰੀ ਕੰਬਲ ਲਾਹ ਦੇ, ਚੱਡੀ ਤੇ ਅੰਗੀ ਸਮੇਤ ਉਂਨਾ ਚਿਰ ਸਾਡੇ ਸਾਹਮਣੇ ਘੁੰਮੀ ਜਾਏ, ਜਿੰਨਾ ਚਿਰ ਘੰਟੀ ਵੱਜਦੀ ਰਹੇ। ਬੜਾ ਮਜ਼ਾ ਆਇਆ ਯਾਰ। ਤੈਨੂੰ ਵੀ ਉੱਥੇ ਲੈ ਚਲਾਂਗਾ।"

"ਇਹ ਸ਼ੇਰਾਂ ਨੂੰ ਘਾਹ ਕਿਵੇਂ ਖਾਣਾ ਪੈ ਰਿਹਾ ਹੈ ? ਤੇਰੇ ਆਸੇ-ਪਾਸੇ ਤਾਂ ਸਦਾ ਮੇਮਾਂ ਹੁੰਦੀਆਂ ਸਨ !"

"ਛੱਡ ਯਾਰ, ਅੱਜ ਕੱਲ੍ਹ ਮੈਂ ਕੁਝ ਸਿਹਤ ਦਾ ਵਧੇਰੇ ਖ਼ਿਆਲ ਰਖਦਾ ਹਾਂ। ਢਲਦੀ ਉਮਰੇ ਇਹ ਖ਼ਿਆਲ ਕਰਨਾ ਹੀ ਪੈਂਦਾ ਹੈ। ਸਾਓਨਾ ਬਾਥ (ਭਾਫ਼ ਇਸ਼ਨਾਨ) ਲਈਦਾ ਹੈ ਅੱਜ ਕੱਲ੍ਹ। ਸੁਣ ਯਾਰ, ਇਹ 'ਓ ਕਲਕੱਤੇ' ਵਾਲੀ ਗੱਲ ਕੁਝ ਠੀਕ ਹੀ ਜਾਪਦੀ ਹੈ। ਜਦੋਂ ਪਹਿਲੀ ਵਾਰੀ ਸਾਓਨਾ ਬਾਥ ਲੈਣ ਗਿਆ, ਤਾਂ ਮੈਨੂੰ ਅਲਫ਼ ਨੰਗੇ ਮਰਦਾਂ ਵਿਚ ਆਪ ਵੀ ਅਲਫ਼ ਨੰਗਿਆਂ ਹੋ ਕੇ ਬੜੀ ਸ਼ਰਮਿੰਦਗੀ ਹੋਈ। ਪਰ ਜਦੋਂ ਮੈਂ ਵੇਖਿਆ ਕਿ ਉੱਥੇ ਜਵਾਨ, ਅਧਖੜ ਤੇ ਬੁੱਢੇ ਸਭ ਆਪੋ ਆਪਣੀ ਮੌਜ ਵਿਚ ਹਨ, ਕੋਈ ਕਿਸੇ ਵਲ ਵੇਖਦਾ ਹੀ ਨਹੀਂ ਤਾਂ ਮੈਂ ਵੀ ਕਾਇਮ ਹੋ ਗਿਆ। ਭਾਫ਼-ਇਸ਼ਨਾਨ ਤਕ ਗੱਲ ਠੀਕ ਸੀ, ਪਰ ਜਦੋਂ ਫਿਰ ਗੱਲ ਮਾਲਸ਼ ਤੇ ਆਈ ਤਾਂ ਮੇਰੀਆਂ ਹਵਾਈਆਂ ਹੀ ਉੱਡ ਗਈਆਂ। ਮੈਨੂੰ ਅਲਫ਼ ਨੰਗੇ ਨੂੰ ਨਿੱਕੇ ਜਿਹੇ ਤੌਲੀਏ ਵਿਚ ਮੰਜੇ ਉੱਤੇ ਲਿਟਾ ਕੇ ਇਕ ਟੀਨ ਏਜ਼ ਗੋਰੀ ਸਿਰ ਤੋਂ ਪੈਰਾਂ ਤਕ ਮਾਲਿਸ਼ ਕਰਨ ਲਗ ਪਈ। ਓਧਰੋਂ ਕੁਤਕੁਤੀਆਂ ਨਿਕਲਣ ਤੇ ਓਧਰੋਂ ਦਿਲ ਧੱਕ-ਧੱਕ ਕਰੇ। ਉਸ ਨੇ ਮੈਨੂੰ ਪ੍ਰੇਸ਼ਾਨੀ ਵਿਚ ਵੇਖ ਕੇ ਕਿਹਾ, "ਫੀਲ ਐਟ ਹੋਮ, ਸਰ"—ਮੇਰਾ ਵੀ ਕੁਝ ਹੌਂਸਲਾ ਵਧਿਆ ਤੇ ਮੈਂ ਉਸ ਨੂੰ ਕਿਹਾ, "ਮੈਨੂੰ ਤਾਂ ਇੰਞ ਜਾਪਦਾ ਹੈ ਜਿਵੇਂ ਸਾਓਨਾ (Sauna) ਬਾਥ ਤੇ ਮਾਲਿਸ਼ ਦਾ ਇਹ ਖ਼ਿਆਲ ਕਿਸੇ ਬਹੁਤ ਹੀ ਮਰਦ-ਮਾਰ ਹਿਰਸੀ ਤੇ ਸ਼ਾਤਰ ਔਰਤ ਦਾ ਹੈ, ਜਿਸ ਨੂੰ ਮਰਦਾਂ ਦੀਆਂ ਲਿੰਗ-ਇੰਦ੍ਰੀਆਂ ਦੀ ਖੋਜ ਵਿਚ ਦਿਲਚਸਪੀ ਸੀ।"

ਉਹ ਮੁਸਕਰਾਈ ਤੇ ਫਿਰ ਕਹਿਣ ਲਗੀ, "ਇਟ ਇਜ਼ ਜਸਟ ਨਾਰਮਲ ਸਰ। ਇਫ਼ ਮਾਈ ਬਰਦਰ ਆਰ ਮਾਈ ਫ਼ਾਦਰ ਕਮਜ਼ ਹੀਅਰ, ਐਂਡ ਦੇ ਡੂ ਕਮ, ਆਈ ਵਿਲ ਸਟਿਲ ਪ੍ਰੋਵਾਈਡ ਦੀ ਸੇਮ ਸਰਵਿਸ, ਸਰ। ਇਟ ਇਜ਼ ਮਾਈ ਡਿਊਟੀ ਸਰ।" (ਜਨਾਬ ਇਹ ਬਿਲਕੁਲ ਕੁਦਰਤੀ ਹੈ। ਜੇ ਮੇਰਾ ਭਰਾ ਜਾਂ ਮੇਰੇ ਪਿਤਾ ਵੀ ਏਥੇ ਆਵੇ ਤੇ ਉਹ ਆਉਂਦੇ ਵੀ ਹਨ, ਤਾਂ ਵੀ ਮੈਂ ਉਹਨਾਂ ਨੂੰ ਆਪਣੀ ਇਹ ਸੇਵਾ ਪ੍ਰਦਾਨ ਕਰਾਂਗੀ—ਇਹ ਮੇਰਾ ਫ਼ਰਜ਼ ਹੈ, ਜਨਾਬ !)—ਉਸ ਕੁੜੀ ਦੇ ਸ੍ਵੈ-ਭਰੋਸੇ ਨੇ ਮੇਰੇ ਅੰਦਰਲੇ ਭੈ, ਮੈਲ ਤੇ ਪ੍ਰੇਸ਼ਾਨੀ ਨੂੰ ਧੋ ਸੁੱਟਿਆ ਅਤੇ ਮੈਂ ਹਲਕਾ-ਫੁਲਕਾ ਹੋ ਕੇ ਘਰ ਪਹੁੰਚਿਆ।"

"ਪਰ ਤੇਰੀਆਂ ਅਜੋਕੀਆਂ ਲਿਖਤਾਂ ਵਿਚ ਤਾਂ ਇਹਨਾਂ ਨਵੇਂ ਤਜਰਬਿਆਂ ਦਾ ਕਿਤੇ ਕਦੇ ਵੀ ਜ਼ਿਕਰ ਨਹੀਂ ਆਉਂਦਾ। ਉਹ ਤਾਂ ਅਜੇ ਵੀ ਅੱਜ ਤੋਂ ਵੀਹ ਸਾਲ ਪੁਰਾਣੇ ਭਾਰਤੀ ਜੀਵਨ ਦਾ ਹੀ ਉਲੇਖ ਕਰਦੀਆਂ ਹਨ।"

ਮੇਰੇ ਲੇਖਕ ਮਿੱਤਰ ਦੇ ਨਾਲ ਬੈਠਾ ਨਕਸਲਵਾਦੀ ਕਵੀ ਵਿਸਕੀ ਦੇ ਗਲਾਸ ਦਾ ਥੱਲਾ ਲਾ ਕੇ ਵਿੱਚੋਂ ਹੀ ਬੋਲ ਪਿਆ, "ਮੇਰੀ ਕਵਿਤਾ ਬਾਰੇ ਤੇਰਾ ਕੀ ਖ਼ਿਆਲ ਹੈ ? ਲੇਟੈਸਟ ਹੈ। ਮੈਂ ਪਾਸ਼, ਦਰਸ਼ਨ ਖਟਕੜ ਤੇ ਲਾਲ ਸਿੰਘ ਦਿਲ ਦੀ ਲੀਹ ਨੂੰ ਏਥੇ ਇੰਗਲੈਂਡ ਵਿਚ ਰਹਿ ਕੇ ਅੱਗੇ ਤੋਰਿਆ ਹੈ। ਤੇਰੇ ਵਰਗੇ ਨਿਪੁੰਸਕ ਲੇਖਕਾਂ ਨੂੰ ਕੀ ਪਤਾ ਕਿ ਇਨਕਲਾਬ ਕੀ ਹੁੰਦਾ ਹੈ ? ਕੁਰਬਾਨੀ ਕੀ ਹੁੰਦੀ ਹੈ ? ਲਹੂ ਕੀ ਹੁੰਦਾ ਹੈ ?"

ਇਸ ਤੋਂ ਪਹਿਲਾਂ ਕਿ ਉਹ ਆਪਣੀ ਗੱਲ ਖ਼ਤਮ ਕਰ ਸਕਦਾ, ਉਸ ਨੂੰ ਹੋਟਲ ਦੇ ਮੈਨੇਜਰ ਨੇ ਕਿਹਾ ਕਿ ਤੇਰਾ ਫੋਨ ਆਇਆ ਹੈ। ਉਹ ਗੁੱਸੇ ਵਿਚ ਭਰਿਆ ਪੀਤਾ ਕਾਊਂਟਰ ਵਲ ਟੈਲੀਫ਼ੋਲ ਅਟੈਂਡ ਕਰਨ ਚਲਾ ਗਿਆ। ਮਹਿਫਲ ਵਿਚ ਕੁਝ ਦੇਰ ਲਈ ਚੁੱਪ ਵਰਤ ਗਈ। ਬੈਰੇ ਖ਼ਾਲੀ ਗਲਾਸ ਤੇ ਪਲੇਟਾਂ ਚੁੱਕ ਕੇ ਆਰਡਰ ਪ੍ਰਾਪਤ ਕਰ ਰਹੇ ਸਨ। ਇਸ ਦੌਰਾਨ ਮੈਂ ਆਪਣੇ ਨਕਸਲਵਾਦੀ ਕਵੀ ਮਿੱਤਰ ਦੀ ਟੈਲੀਫ਼ੋਨ ਤੇ ਹੋ ਰਹੀ ਗੱਲਬਾਤ ਸੁਣਨ ਦਾ ਯਤਨ ਕਰ ਰਿਹਾ ਸਾਂ।

"ਹਾਂ, ਹਾਂ, ਪੰਜਾਹ ਹਜ਼ਾਰ ਭੇਜਣਾ ਹੈ, ਹੁਣ ਪੌਂਡ ਦਾ ਕੀ ਭਾ ਹੈ ? ਤੀਹ ਤਾਂ ਥੋੜ੍ਹਾ ਹੈ-ਏਨੀ ਵੱਡੀ

ਰਕਮ ਇਕੱਠੀ ਹੀ ਭੇਜਣੀ ਹੈ-ਤੇ ਇਹ ਹੈ ਵੀ ਮੇਰੀ ਆਪਣੀ-ਜਿੱਥੇ ਇਸ ਬਲੈਕ ਵਿਚ ਆਪਣਾ ਮੂੰਹ ਏਨਾ ਕਾਲਾ ਕਰ ਰਿਹਾ ਹੈਂ, ਕੁਝ ਮੇਰਾ ਵੀ ਕਰ। ਚੱਲ ਸਾਢੇ ਤੀਹ ਸਹੀ-ਨਵੇਂ ਗਾਹਕ ਤੈਨੂੰ ਉਨੱਤੀਆਂ 'ਤੇ ਫਸਾ ਦਿਆਂਗਾ-ਧੇਲੀ ਤੇਰੀ, ਧੇਲੀ ਮੇਰੀ। ਚੰਗਾ, ਚੰਗਾ-ਇਥੇ ਮਹਿਫ਼ਲ ਜੰਮੀ ਹੋਈ ਹੈ। ਅਫ਼ਰੀਕਾ ਤੋਂ ਇਕ ਲੇਖਕ ਮਿੱਤਰ ਆਇਆ ਹੋਇਆ ਹੈ-ਵਿਸਕੀ ਤੇ ਮੁਰਗੇ ਉੱਡ ਰਹੇ ਹਨ-ਨਾਲ ਨਾਲ ਇਨਕਲਾਬੀ ਗੱਲਾਂ ਵੀ ਹੋ ਰਹੀਆਂ ਹਨ-ਬੜਾ ਮਜ਼ਾ ਆ ਰਿਹਾ ਹੈ। ਗ਼ਮ ਨਾ ਕਰ। ਆਪਾਂ ਹਰ ਪਿਛਾਂਹ-ਖਿੱਚੂ ਦੀ ਤਹਿ ਲਾ ਦਿਆਂਗੇ ...।"

ਟੈਲੀਫ਼ੋਨ ਤੋਂ ਵਿਹਲਾ ਹੋ ਕੇ ਉਹ ਕਵੀ ਮਿੱਤਰ ਪੇਸ਼ਾਬਗਾਹ ਵਲ ਚਲਾ ਗਿਆ ਤੇ ਨਵੇਂ ਆਏ ਗਿਲਾਸਾਂ ਵਿੱਚੋਂ ਵਿਸਕੀ ਦੀਆਂ ਚੁਸਕੀਆਂ ਭਰਦਿਆਂ ਮੇਰੇ ਪੱਤਰਕਾਰ ਮਿੱਤਰ ਨੇ ਫਿਰ ਗੱਲ ਤੋਰੀ, "ਅੱਜ ਕੱਲ੍ਹ ਏਥੇ ਕੋਈ ਜ਼ਿੰਦਗੀ ਨਹੀਂ। ਅਸੀਂ ਭਾਵੇਂ ਬ੍ਰਿਟਿਸ਼ ਸਿਟੀਜ਼ਨ ਬਣ ਗਏ ਹਾਂ, ਪਰ ਸੱਦਿਆ ਸਾਨੂੰ ਅਵਾਸੀ ਤੇ ਰੰਗਦਾਰ ਕਰਕੇ ਹੀ ਜਾਂਦਾ ਹੈ। ਅੰਗਰੇਜ਼ਾਂ ਦੇ ਟੋਡੀ ਮੁੰਡੇ ਕੱਲੇ-ਦੁਕੱਲੇ ਰੰਗਦਾਰ ਦੀ ਵੇਲੇ-ਕੁਵੇਲੇ ਮੁਰੰਮਤ ਵੀ ਕਰ ਦਿੰਦੇ ਹਨ।"

ਮੈਂ ਕਿਹਾ, "ਨਸਲੀ ਵਿਤਕਰਾ ਅਫ਼ਰੀਕਾ ਵਿਚ, ਜਿੱਥੇ ਮੈਂ ਰਹਿੰਦਾ ਹਾਂ, ਉੱਥੇ ਅਜੇ ਏਨਾ ਜ਼ਿਆਦਾ ਨਹੀਂ, ਪਰ ਆਸਾਰ ਨਜ਼ਰ ਆਉਂਦੇ ਹਨ, ਕਿ ਛੇਤੀ ਹੀ ਕੁਝ ਹੋਣ ਵਾਲਾ ਜ਼ਰੂਰ ਹੈ। ਤੁਹਾਨੂੰ ਏਥੇ ਕਮਾਈ ਤਾਂ ਹੈ, ਸਾਨੂੰ ਉਹ ਵੀ ਨਹੀਂ ਤੇ ਫਿਰ ਬਲੈਕ ਵਿਚ ਵੀਹ ਦੇ ਤੀਹ। ਅਸੀਂ ਤਾਂ ਉੱਥੇ ਦਿਨ ਕਟੀ ਕਰਦੇ ਹਾਂ। ਉੱਥੇ ਸਾਡਾ ਭਵਿੱਖ ਬੜਾ ਅਨਿਸ਼ਚਤ ਹੈ।"

ਏਨੇ ਚਿਰ ਨੂੰ ਨਕਸਲਵਾਦੀ ਕਵੀ ਵੀ ਪੇਸ਼ਾਬ ਕਰਕੇ ਆ ਚੁੱਕਾ ਸੀ। ਉਸ ਨੇ ਮੇਰੀ ਗੱਲ ਖ਼ਤਮ ਹੁੰਦੀ ਵੇਖ ਕੇ ਵਿਸਕੀ ਦਾ ਗਲਾਸ ਗਟਾ-ਗਟ ਚੜ੍ਹਾਇਆ ਤੇ ਫਿਰ ਕਹਿਣ ਲੱਗਾ, "ਭਵਿੱਖ ਬਣਾਏ ਜਾਂਦੇ ਹਨ, ਕੁਰਬਾਨੀਆਂ ਦੇ ਕੇ, ਇਨਕਲਾਬੀ ਕਦਮ ਚੁੱਕ ਕੇ, ਖ਼ੂਨ ਡੋਲ੍ਹ ਕੇ-ਮਾਰਕਸ, ਲੈਨਿਨ, ਮਾਓ ਤੇ ਹੋਚੀ ਮਿੰਨ ਸਾਡੇ ਚਾਨਣ-ਮੁਨਾਰੇ ਹਨ।"

ਮੈਂ ਕਿਹਾ, "ਤੈਨੂੰ ਏਥੇ ਮੁਰਗੇ ਖਾ ਕੇ ਤੇ ਸਕਾਚ ਵਿਸਕੀ ਪੀ ਕੇ ਕੀ ਪਤਾ ਲੱਗ ਸਕਦਾ ਹੈ ਕਿ ਭਾਰਤ ਵਿਚ ਨਕਸਲਵਾਦੀਆਂ ਦੀ ਜਾਨ ਉੱਤੇ ਕੀ ਬੀਤੀ ਹੈ ?"

ਇਸ ਤੋਂ ਪਹਿਲਾਂ ਕਿ ਵਿਸਕੀ ਦੇ ਗਲਾਸ ਨੂੰ ਮੂੰਹ ਨਾਲੋਂ ਅਲਹਿਦਾ ਕਰਕੇ ਕਵੀ ਮਿੱਤਰ ਕੋਈ ਗੱਲ ਕਰਦਾ, ਦੂਜਾ ਲੇਖਕ ਬੋਲਿਆ, "ਤੇ ਤੈਨੂੰ ਪਤਾ ਹੈ ਕਿ ਸਾਡੇ ਨਾਲ ਏਥੇ ਕੀ ਬੀਤਦੀ ਹੈ ? ਸਾਡੇ ਨਾਲ-ਅਸੀਂ ਜੋ ਪੜ੍ਹੇ ਲਿਖੇ ਹਾਂ, ਗਿਆਨਵਾਨ ਹਾਂ, ਬੁੱਧੀਜੀਵੀ ਹਾਂ-ਜਿਹਨਾਂ ਨੂੰ ਪਤਾ ਹੈ ਕਿ ਅੰਗਰੇਜ਼ ਸਾਨੂੰ ਗਾਲ੍ਹੀ ਕੱਢ ਰਿਹਾ ਹੈ ਤੇ ਫਿਰ ਵੀ ਅਸੀਂ ਚੁੱਪ ਰਹਿੰਦੇ ਹਾਂ-ਸਾਡੇ ਨਾਲੋਂ ਤਾਂ ਉਹ ਅਨਪੜ੍ਹ ਰੰਗਦਾਰ ਅਵਾਸੀ ਹੀ ਚੰਗੇ ਹਨ, ਜਿਹਨਾਂ ਨੂੰ ਅੰਗਰੇਜ਼ੀ ਦੀ ਸਮਝ ਨਹੀਂ ਪੈਂਦੀ ਤੇ ਉਹ ਅੰਗਰੇਜ਼ ਦੀ ਹਰ ਗਾਲ੍ਹ ਉੱਤੇ ਦੰਦ ਕੱਢ ਕੇ ਹੱਸ ਛੱਡਦੇ ਹਨ।"

ਮੈਂ ਕਿਹਾ, "ਗੱਲ ਤਾਂ ਤੇਰੀ ਬਿਲਕੁਲ ਠੀਕ ਹੈ। ਜ਼ਿੰਦਗੀ ਜੋ ਬੇਸਮਝੀ ਤੇ ਹਨੇਰੇ ਵਿਚ ਲੰਘ ਜਾਵੇ, ਉਸ ਦਾ ਕੋਈ ਅਫ਼ਸੋਸ ਨਹੀਂ ਹੁੰਦਾ। ਸਮਝਦਾਰ ਮਨੁੱਖ ਨੂੰ ਚਾਨਣ ਵਿਚ ਇਕ ਇਕ ਕਦਮ ਫੂਕ-ਫੂਕ ਕੇ ਧਰਨਾ ਪੈਂਦਾ ਹੈ—ਹਰ ਕਦਮ ਉੱਤੇ ਇਕ ਅਪਰਿਭਾਸ਼ਤ ਮੌਤ ਮਰਨੀ ਪੈਂਦੀ ਹੈ-ਚਿੰਤਕ ਮਨੁੱਖ ਇਕ ਜਨਮ ਵਿਚ ਕਿੰਨੀਆਂ ਮੌਤਾਂ ਮਰਦਾ ਹੈ, ਉਹਨਾਂ ਦੀ ਗਿਣਤੀ ਸੰਭਵ ਨਹੀਂ।"

ਹੁਣ ਤਕ ਸਾਡੇ ਕਵੀ ਨੂੰ ਸਰੂਰ ਚੜ੍ਹ ਚੁੱਕਿਆ ਸੀ ਤੇ ਉਹ ਝੂਮਦਾ ਹੋਇਆ ਬੋਲਿਆ, "ਤੂੰ ਮੌਤ ਦੀਆਂ ਹੀ ਗੱਲਾਂ ਕਰੀ ਜਾਂਦਾ ਹੈਂ, ਕੋਈ ਜ਼ਿੰਦਗੀ ਦੀ ਵੀ ਗੱਲ ਕਰ ! ਤੇਰੀ ਕਵਿਤਾ ਨਿਪੁੰਸਿਕ ਹੈ-ਉਹ ਵੇਖਦਾ ਹੈਂ—ਸ੍ਰ. ਊਧਮ ਸਿੰਘ ਸ਼ਹੀਦ ਦੀ ਫੋਟੋ ? ਅਸੀਂ ਉਸ ਵਾਂਗ ਇੱਟ ਨਾਲ ਇੱਟ ਖੜਕਾ ਦਿਆਂਗੇ।"

ਮੈਂ ਕਿਹਾ, "ਗੱਲ ਤਾਂ ਤੇਰੀ ਠੀਕ ਹੈ। ਤੂੰ ਫਾਊਂਡਰੀ ਵਿਚ ਕੰਮ ਕਰਦਾ ਹੈਂ। ਤੇਰੀ ਕਵਿਤਾ ਵਿੱਚੋਂ ਫਾਊਂਡਰੀ ਦੀ ਅੱਗ, ਅੰਗਿਆਰ ਤੇ ਤਪਸ਼ ਸਭ ਲਾਵੇ ਵਾਂਗ ਫੁੱਟਦੇ ਹਨ ਅਤੇ ਤੇਰੇ ਹੱਥਾਂ ਵਿੱਚੋਂ ਸੋਨੇ ਦੇ

ਪੌਂਡ, ਸੋਨੇ ਦੀਆਂ ਇੱਟਾਂ ਜਨਮ ਲੈਂਦੀਆਂ ਹਨ-ਵੀਹ ਦੇ ਸਾਢੇ ਤੀਹ ਬਣਾਈ ਜਾਂਦਾ ਹੈਂ, ਹੋਰ ਤੂੰ ਕੀ ਲੈਣਾ ਹੈ ?"

"ਇਹ ਆਰਥਕ ਇਨਕਲਾਬ ਹੈ। ਬਾਰਾਂ-ਬਾਰਾਂ ਘੰਟੇ ਹੱਡ-ਤੋੜਵਾਂ ਕੰਮ ਕਰੀਦਾ ਹੈ, ਓਵਰ ਟਾਈਮ ਲਾਈਦਾ ਹੈ, ਤਾਂ ਜਾ ਕੇ ਪੱਚੀ ਤੀਹ ਪੌਂਡ ਹਫ਼ਤੇ ਦੇ ਮਿਲਦੇ ਹਨ। ਰੌਲ ਕੀ ਜਾਣੇ ਚੌਲਾਂ ਦਾ ਭਾ ! ਖ਼ੂਨ ਪਸੀਨਾ ਇਕ ਕਰਕੇ ਭਾਰਤ ਵਿਚ ਘਰ ਦੀ ਗਰੀਬੀ ਨੂੰ ਲਹਿਰ-ਬਹਿਰ ਵਿਚ ਬਦਲਿਆ ਹੈ-ਏਥੇ ਵੀ ਆਪਣਾ ਮਕਾਨ ਹੈ, ਕਾਰ ਹੈ, ਆਰਾਮ ਹੈ, ਜਾਇਦਾਦ ਹੈ-ਮੌਜ ਹੈ-ਸਰਮਾਏਦਾਰ ਸਾਨੂੰ ਲੁੱਟਦਾ ਹੈ, ਅਸੀਂ ਸਰਮਾਏਦਾਰ ਨੂੰ ਲੁੱਟਦੇ ਹਾਂ-ਇਹ ਵੀ ਇਨਕਲਾਬ ...।"

ਇਸ ਤੋਂ ਪਹਿਲਾਂ ਕਿ ਉਹ ਆਪਣੀ ਗੱਲ ਪੂਰੀ ਕਰ ਸਕਦਾ, ਉਸ ਨੂੰ ਉਲਟੀ ਆ ਗਈ ਤੇ ਮਹਿਫ਼ਲ ਉੱਜੜ ਗਈ।

ਮੈਂ ਆਪਣੇ ਪੱਤਰਕਾਰ ਮਿੱਤਰ ਦੀ ਕਾਰ ਵਿਚ ਉਸ ਦੇ ਨਾਲ ਘਰ ਜਾ ਰਿਹਾ ਸਾਂ ਤਾਂ ਉਸ ਨੇ ਮੈਨੂੰ ਸੰਬੋਧਨ ਕਰਕੇ ਕਿਹਾ, "ਇਹਨਾਂ ਦੇ ਵੱਸ ਦੀ ਗੱਲ ਨਹੀਂ-ਬੀ. ਏ. ... ਐਮ. ਏ. ਕਰਕੇ, ਕਾਲਜਾਂ, ਸਕੂਲਾਂ ਵਿਚ ਧੱਕੇ ਖਾ ਕੇ ਇਹਨਾਂ ਨੂੰ ਏਥੇ ਫੈਕਟਰੀਆਂ ਵਿਚ ਮਜ਼ਦੂਰੀ ਕਰਨੀ ਪੈ ਰਹੀ ! ਉਂਵ ਏਥੇ ਇਹਨਾਂ ਨੂੰ ਇਕ ਤਸੱਲੀ ਜ਼ਰੂਰ ਹੈ ਕਿ ਇਹਨਾਂ ਕੋਲ ਪੈਸੇ ਹਨ, ਅੱਯਾਸ਼ੀ ਦਾ ਹਰ ਸਾਮਾਨ ਹੈ ਤੇ ਸ਼ੁਗਲ ਵਜੋਂ ਇਹ ਇਨਕਲਾਬੀ ਬਹਿਸਾਂ ਅਤੇ ਸਾਹਿਤਕਾਰੀ ਵੀ ਕਰ ਸਕਦੇ ਹਨ। ਪਰ ਇਹਨਾਂ ਨੂੰ ਏਥੋਂ ਦੇ ਸਾਹ ਘੁੱਟਵੇਂ ਮਾਹੌਲ, ਏਥੋਂ ਦੀ ਮਸ਼ੀਨੀ ਜ਼ਿੰਦਗੀ ਅਤੇ ਏਥੋਂ ਦੀ ਹਰ ਗੱਲ ਨਾਲ ਸਖ਼ਤ ਨਫ਼ਰਤ ਹੈ। ਏਥੋਂ ਦਾ ਜੀਵਨ ਇਕ ਮਿੱਠੀ ਕੈਦ ਹੈ, ਨਾ ਚਾਹੁੰਦੇ ਹੋਏ ਵੀ ਏਥੋਂ ਦੀਆਂ ਹਵਾਵਾਂ ਵਿਚ ਸਾਹ ਲੈਣ ਦੀ ਆਦਤ ਪੈ ਚੁੱਕੀ ਹੈ। ਏਥੋਂ ਬਚ ਕੇ ਨਿਕਲਣ ਦੇ ਸਭ ਰਸਤੇ ਬੰਦ ਹੋ ਚੁੱਕੇ ਹਨ। ਸਾਡੀ ਤਕਦੀਰ ਵਿਚ ਸੰਘਰਸ਼ ਹੈ, ਮਰਦੇ ਦਮ ਤਕ ਇਸੇ ਮਾਹੌਲ ਇਸੇ ਚੱਕ੍ਰਵਯੂਹ ਵਿਚ ਸੰਘਰਸ਼ !"

# ਹਾਥੀ ਦੇ ਦੰਦ

ਲੰਡਨ ਦੀ ਹੀਥਰੋ ਏਅਰਪੋਰਟ ਤੋਂ ਜਿਉਂ ਹੀ ਵਿਮਾਨ ਨੇ ਰੱਨਵੇਂ ਛੱਡਿਆ, ਅਸੀਂ ਸਭ ਮੁਸਾਫ਼ਰ ਸੰਘਣੇ ਬੱਦਲਾਂ ਵਿਚ ਘਿਰ ਗਏ। ਬੱਦਲਾਂ ਦੇ ਓਢਣ ਵਿਚ ਕੀਤੇ ਛਿਣ-ਭੰਗਰੇ ਇਸ ਸਫ਼ਰ ਨੇ ਜਿਵੇਂ ਸਾਡੇ ਅੰਦਰਲੀ ਸੱਚ ਤੇ ਰਹੱਸ ਦੀ ਗੁੰਝਲ ਨੂੰ ਹੋਰ ਵੀ ਪੀਡਿਆਂ ਕਰ ਦਿੱਤਾ। 33000 ਫੁੱਟ ਦੀ ਉਚਾਈ ’ਤੇ ਪਹੁੰਚ ਕੇ ਜਹਾਜ਼ ਨੇ ਜਦੋਂ ਨਿਊਯਾਰਕ ਦੀ ਜੇ. ਐੱਫ. ਕੈਨੇਡੀ ਏਅਰਪੋਰਟ ਵਲ ਰੁਖ਼ ਕੀਤਾ ਤਾਂ ਮੈਂ ਵੇਖਿਆ ਬੱਦਲ ਬਹੁਤ ਹੇਠਾਂ ਰਹਿ ਗਏ ਸਨ ਤੇ ਮੈਂ ਇਕ ਵਾਰੀ ਫਿਰ ਸੋਚਾਂ ਵਿਚ ਡੁੱਬ ਗਿਆ ਸਾਂ।

ਪੰਜ ਸਾਲ ਪਹਿਲਾਂ ਮੈਂ ਇਸੇ ਤਰ੍ਹਾਂ ਹੀ ਭਾਰਤ ਨੂੰ ਵਿਦਾ ਕਹਿ ਕੇ ਪੂਰਬੀ ਅਫ਼ਰੀਕਾ ਪਹੁੰਚਾ ਸਾਂ। ਆਪਣੇ ਦੇਸ਼ ਵਿਚ ਜੇ ਮੈਨੂੰ ਮੇਰਾ ਸਹੀ ਮੁੱਲ ਮਿਲਦਾ, ਤਾਂ ਕੀ ਲੋੜ ਸੀ ਦੇਸ਼ ਛੱਡਣ ਦੀ ? ਪੰਜ ਸਾਲ ਪੂਰਬੀ ਅਫ਼ਰੀਕਾ ਵਿਚ ਰਹਿ ਕੇ ਮਿੱਤਰ ਬਣਾਏ, ਸੰਪਰਕ ਪੈਦਾ ਕੀਤੇ, ਧਰਤੀ ਵਿਚ ਜੜ੍ਹਾਂ ਫੜੀਆਂ, ਪੌਣਾਂ ਨਾਲ ਸਾਹਾਂ ਦੀ ਸਾਂਝ ਪੈਦਾ ਕੀਤੀ ਤੇ ਫਿਰ ਇਹਨਾਂ ਦਿਨਾਂ ਵਿਚ ਹੀ ਏਥੇ ਵੀ ਹਿਲਜੁਲ ਹੁੰਦੀ ਵੇਖੀ। ਅਨੇਕਾਂ ਏਸ਼ੀਆਈ ਲੋਕ ਆਪਣੇ ਭਵਿੱਖ ਨੂੰ ਏਥੇ ਅਨਿਸ਼ਚਤ ਸਮਝਦੇ ਹੋਏ ਇੰਗਲੈਂਡ, ਅਮਰੀਕਾ, ਕੈਨੇਡਾ ਤੇ ਆਸਟ੍ਰੇਲੀਆ ਜਾਣ ਦੇ ਆਹਰ ਵਿਚ ਇਹਨਾਂ ਦੇਸ਼ਾਂ ਦੇ ਦੂਤਾਵਾਸਾਂ ਦੀ ਖ਼ਾਕ ਛਾਣ ਰਹੇ ਸਨ। ਮੈਂ ਆਪ ਵੀ ਉਹਨਾਂ ਵਿੱਚੋਂ ਇਕ ਸਾਂ। ਜਦੋਂ ਆਪਣਾ ਦੇਸ਼ ਹੀ ਛੱਡ ਦਿੱਤਾ ਤਾਂ ਪਿੱਛੇ ਕੀ ਪਰਤਣਾ ਹੋਇਆ ! ਇਹ ਦੇਸ਼ ਹੋਇਆ, ਜਾਂ ਉਹ ਦੇਸ਼, ਕੀ ਫ਼ਰਕ ਪੈਂਦਾ ਹੈ ! ਮੈਨੂੰ ਅਮਰੀਕਾ ਵਿਚ ਪੱਕੇ ਤੌਰ ਤੇ ਵੱਸਣ ਦਾ ਵੀਜ਼ਾ ਮਿਲ ਗਿਆ ਸੀ ਪਰ ਨੌਕਰੀ ਦੀ ਤਲਾਸ਼ ਮੈਨੂੰ ਉਥੇ ਜਾ ਕੇ ਆਪ ਕਰਨੀ ਪੈਣੀ ਸੀ। ਢਲਦੀ ਉਮਰ ਵਿਚ ਵਧ ਰਹੀਆਂ ਜ਼ਿੰਮੇਵਾਰੀਆਂ ਸੌਹੇਂ ਇਹ ਇਕ ਸੁਖਾਵੇਂ ਭਵਿੱਖ ਦਾ ਸੁਨੇਹਾ ਸੀ। ਬਾਵਜੂਦ ਇਸ ਖ਼ੁਸ਼ੀ ਦੇ ਵੀ ਮੇਰੇ ਮਨ ਵਿਚ ਇਕ ਅਪਰਿਭਾਸ਼ਤ ਜਿਹੇ ਦਰਦ ਦਾ ਅਹਿਸਾਸ ਸੀ। ਇਹ ਅਹਿਸਾਸ ਉਸ ਸਮੇਂ ਵੀ ਪੈਦਾ ਹੋਇਆ ਸੀ, ਜਦੋਂ ਮੈਂ ਭਾਰਤ ਨੂੰ ਵਿਦਾ ਆਖੀ ਸੀ ਤੇ ਉਸ ਦਿਨ ਵੀ ਜਦੋਂ ਮੈਂ ਪੂਰਬੀ ਅਫ਼ਰੀਕਾ ਨੂੰ ਵਿਦਾ ਕਹਿ ਕੇ ਆਇਆ ਸਾਂ। ਇਹਨਾਂ ਦੋਹਾਂ ਮੌਕਿਆਂ ਤੇ ਇੰਵ ਜਾਪਿਆ ਸੀ ਜਿਵੇਂ ਮੇਰੀ ਹੋਂਦ ਦਾ ਇਕ-ਇਕ ਸੂਖਮ ਅੰਗ ਇਹਨਾਂ ਦੋਹਾਂ ਦੇਸ਼ਾਂ ਵਿਚ ਰਹਿ ਗਿਆ ਹੋਵੇ ... ਗੁੰਗਾ, ਬੋਲਾ, ਅੰਨ੍ਹਾ-ਨਿਕਾਰਾ। ਮਨੁੱਖ ਦੀ ਹਸਤੀ ਦੇ ਅਛੋਪਲੇ ਹੀ ਇਸ ਤਰ੍ਹਾਂ ਵਿਖੰਡਤ ਹੋ ਜਾਣ ’ਤੇ ਜੋ ਖ਼ਲਾਅ ਤੇ ਊਣ ਮਹਿਸੂਸ ਹੁੰਦੀ ਹੈ ਉਹ ਮੈਨੂੰ ਵੀ ਮਹਿਸੂਸ ਹੋਈ ਸੀ। ਇਸ ਊਣ, ਇਸ ਖ਼ਲਾਅ ਇਸ ਸੱਖਣੇਪਣ ਦੇ ਸੌਹੇਂ ਖੜੋਤਿਆਂ ਮੇਰੇ ਅੰਦਰੋਂ ਇਕ ਪ੍ਰਸ਼ਨ ਵੀ ਉੱਠਿਆ ਸੀ। ‘ਕੀ ਮੈਂ ਅਮਰੀਕਾ ਜਾ ਕੇ ਉਥੋਂ ਦੀ ਧਰਤੀ ਵਿਚ ਜੜ੍ਹਾਂ ਫੜ ਸਕਾਂਗਾ ? ਹਵਾਵਾਂ ਨਾਲ ਸਾਹਾਂ ਦੀ ਸਾਂਝ ਪੈਦਾ ਕਰ ਸਕਾਂਗਾ ?’

ਮੇਰੇ ਇਕ ਮਿੱਤਰ ਨੇ ਅਮਰੀਕਾ ਦੀ ਓਹਾਇਓ (OHIO) ਸਟੇਟ ਵਿਚ ਵਸਦੇ ਆਪਣੇ ਇਕ ਵਾਕਫ਼ ਦਾ ਪਤਾ ਮੈਨੂੰ ਦਿੱਤਾ ਸੀ ਤੇ ਕਿਹਾ ਸੀ ਕਿ ਉਹ ਮੇਰੀ ਹਰ ਤਰ੍ਹਾਂ ਮਦਦ ਕਰੇਗਾ। ਇਸ ਸੱਜਣ ਦਾ ਨਾਮ ਸੁਰਿੰਦਰ ਪਾਲ ਸਿੰਘ ਸੀ ਤੇ ਕਿਸੇ ਸਮੇਂ ਮੇਰਾ ਮਿੱਤਰ ਉਸ ਦੀ ਛੋਟੀ ਸਾਲੀ ਦਾ ਬੀ. ਐੱਡ. ਵਿਚ ਸਹਿ-ਪਾਠੀ

ਰਹਿ ਚੁੱਕਾ ਸੀ। ਉਹ ਆਪ ਵੀ ਕਦੇ ਸੁਰਿੰਦਰ ਪਾਲ ਤੇ ਉਸ ਦੀ ਪਤਨੀ ਨੂੰ ਨਹੀਂ ਸੀ ਮਿਲਿਆ। ਉਸ ਨੇ ਮੈਨੂੰ ਏਨਾ ਜ਼ਰੂਰ ਦੱਸਿਆ ਸੀ, ਕਿ ਉਸ ਦੀ ਸਾਲੀ ਤੇ ਉਹਨਾਂ ਦੇ ਪਰਿਵਾਰ ਦੇ ਸਭ ਜੀ ਅਤਿ ਦੇ ਧਾਰਮਕ ਵਿਚਾਰਾਂ ਵਾਲੇ, ਰਹਿਣੀ ਬਹਿਣੀ, ਕਰਨੀ ਕਹਿਣੀ ਦੇ ਪੱਕੇ ਨਿੱਤਨੇਮੀ ਸਿੰਘ ਹਨ ! ਇਸ ਗੱਲ ਤੋਂ ਮੈਨੂੰ ਕੁਝ ਭੈ ਆਉਂਦਾ ਸੀ ਕਿ ਕੀ ਮੈਂ ਇਹੋ ਜਿਹੇ ਨੇਮੀ ਪ੍ਰੇਮੀ ਲੋਕਾਂ ਦੇ ਨਿਤਾਪ੍ਰਤੀ ਜੀਵਨ ਵਿਵਹਾਰ ਅਨੁਸਾਰ ਆਪਣੇ ਆਪ ਨੂੰ ਢਾਲ ਸਕਾਂਗਾ ! ਮੈਂ ਫੱਕਰ ਆਦਮੀ, ਵਿਸਕੀ, ਆਧੁਨਿਕ ਨਿਰਤ ਤੇ ਸੰਗੀਤ ਦਾ ਸ਼ੌਕੀਨ, ਕੀ ਉਹਨਾਂ ਵਿਚ ਖਪ ਸਕਾਂਗਾ ? ਫਿਰ ਸੋਚਿਆ ਕਿ ਥੋੜ੍ਹੇ ਸਮੇਂ ਲਈ ਇਹ ਕਿਹੜੀ ਔਖੀ ਗੱਲ ਹੈ। ਜਦੋਂ ਨੌਕਰੀ ਮਿਲ ਗਈ, ਸੁਤੰਤਰ ਰੂਪ ਵਿਚ ਆਪਣਾ ਨਵਾਂ ਜੀਵਨ ਸ਼ੁਰੂ ਕਰਾਂਗਾ, ਮੁਢੋਂ ਸੁੱਢੋਂ। ਓਨੀ ਦੇਰ ਜੈਸਾ ਰੋਮ, ਤੈਸਾ ਮੈਂ।

ਨਿਊਯਾਰਕ ਏਅਰਪੋਰਟ ਉੱਤੇ ਉਤਰਦਿਆਂ ਹੀ ਮੈਂ ਸੁਰਿੰਦਰਪਾਲ ਸਿੰਘ ਨੂੰ ਟੈਲੀਫ਼ੋਨ ਕੀਤਾ ਤੇ ਦੱਸਿਆ ਕਿ ਮੈਂ ਚਿੱਟੀਆਂ ਧਾਰੀਆਂ ਵਾਲਾ ਤਿੰਨ ਪੀਸ ਦਾ ਕਾਲਾ ਸੂਟ, ਕਾਲੇ ਰੰਗ ਦਾ ਪਲੇਨ ਓਵਰ ਕੋਟ, ਉਨਾਭੀ ਪੱਗ, ਹਿੱਪੋਸਕਿਨ ਦੇ ਡਾਰਕ ਬਰਾਊਨ ਸਫ਼ਾਰੀ ਬੂਟ ਪਾਏ ਹੋਏ ਹਨ, ਤਾਂ ਉਸ ਨੇ ਮੇਰੀ ਗੱਲ ਵਿੱਚੋਂ ਹੀ ਟੁੱਕ ਕੇ ਆਖਿਆ, "ਤੁਸੀਂ ਮਹਾਰਾਜ ਦਾ ਨਾਮ ਲੈ ਕੇ ਆ ਜਾਓ, ਪਛਾਣ ਅਸੀਂ ਆਪੇ ਲਵਾਂਗੇ। ਬੱਸ ਅਤੇ ਗੱਡੀ ਰਾਹੀਂ ਕਿਰਾਇਆ ਘੱਟ ਤੇ ਸਮਾਂ ਜ਼ਿਆਦਾ ਲੱਗੇਗਾ, ਪਰ ਪਲੇਨ ਰਾਹੀਂ ਸੈਂਤੀ ਡਾਲਰ ਲਗਦੇ ਹਨ ਤੇ ਕਲੀਵਲੈਂਡ ਤਕ ਦਾ ਚਾਰ ਪੰਜ ਸੌ ਮੀਲ ਦਾ ਸਫ਼ਰ ਘੰਟੇ ਕੁ 'ਚ ਹੀ ਨਿਪਟ ਜਾਂਦਾ ਹੈ।"

ਪੂਰੇ ਇਕ ਘੰਟੇ ਬਾਅਦ ਜਦੋਂ ਮੈਂ ਕਲੀਵਲੈਂਡ ਹਵਾਈ ਅੱਡੇ ਦੇ ਮੁਸਾਫ਼ਰਖ਼ਾਨੇ ਵਿਚ ਆਪਣਾ ਸਮਾਨ ਚੁੱਕਣ ਦੇ ਆਹਰ ਵਿਚ ਸਾਂ, ਤਾਂ ਇਕ ਕਲੀਨ ਸ਼ੇਵ ਭਾਰਤੀ ਨੇ ਮੈਨੂੰ ਸੰਬੋਧਨ ਕਰਦਿਆਂ 'ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹਿ' ਆਖਿਆ। ਮੈਂ ਅਜੇ ਹੈਰਾਨੀ ਤੇ ਵਿਸਮੈ ਵਸ ਉਸ ਨੂੰ ਪਹਿਚਾਨਣ ਦੀ ਕੋਸ਼ਿਸ਼ ਹੀ ਕਰ ਰਿਹਾ ਸਾਂ, ਕਿ ਉਸ ਨੇ ਹੱਸਦਿਆਂ ਹੋਇਆਂ ਆਖਿਆ, "ਮੈਂ ਤੁਹਾਨੂੰ ਕਿਹਾ ਨਹੀਂ ਸੀ ਕਿ ਤੁਸੀਂ ਆ ਜਾਓ, ਪਛਾਣ ਅਸੀਂ ਆਪੇ ਲਵਾਂਗੇ ? ਜਹਾਜ਼ ਤੋਂ ਉਤਰਨ ਵਾਲੇ ਤੁਸੀਂ ਹੀ ਤਾਂ ਕੱਲੇ ਸਿੰਘ ਹੋ ! ਮੈਂ ਸੁਰਿੰਦਰਪਾਲ ਸਿੰਘ ਹਾਂ।"

"ਸਤਿ ਸ੍ਰੀ ਅਕਾਲ ਭਰਾ ਜੀ, ਇਹਨਾਂ ਨੂੰ ਵੇਖ ਕੇ ਹੈਰਾਨ ਤਾਂ ਹੋਏ ਹੋਵੋਗੇ। ਚਾਰ ਮਹੀਨੇ ਪਹਿਲਾਂ ਜਦੋਂ ਇੰਡੀਆ ਗਏ ਸਾਂ, ਤਾਂ ਇਹਨਾਂ ਦੇ ਚਿਹਰੇ ਉੱਤੇ ਭਰਵਾਂ ਦਾੜ੍ਹਾ ਸੀ—ਸਿਰ 'ਤੇ ਕੇਸ ਸਨ, ਦਸਤਾਰ ਸੀ—ਪੂਰੇ ਸਿੰਘ ! ਏਥੇ ਕੁਝ ਮੌਸਮ ਕੁਝ ਮਾਹੌਲ ਹੀ ਅਜਿਹਾ ਹੈ ਕਿ ਏਥੇ ਆ ਕੇ ਇਹਨਾਂ ਨੇ ਫਿਰ... !"

ਤੇ ਫਿਰ ਆਪਣੀ ਮਿੰਨੀ ਸਕੱਰਟ ਵਲ ਵੇਖਦੀ ਹੋਈ ਸੁਰਿੰਦਰਪਾਲ ਸਿੰਘ ਦੀ ਪਤਨੀ ਬੋਲੀ, "ਮੈਂ ਸਿੱਧੀ ਕੰਮ ਤੋਂ ਆਈ ਹਾਂ, ਅੱਜ ਮੇਰੀ ਡੇ-ਸ਼ਿਫਟ ਦਾ ਆਖ਼ਿਰੀ ਦਿਨ ਸੀ। ਇਹਨਾਂ ਨੇ ਆਉਂਦੇ ਹੋਏ ਮੈਨੂੰ ਮੇਰੇ ਦਫ਼ਤਰ ਤੋਂ ਹੀ ਚੁੱਕਿਆ ਹੈ।"

"ਗੁੱਡ ਈਵਨਿੰਗ ਅੰਕਲ।"

ਅਮਰੀਕਨ ਪੋਸ਼ਾਕ ਪਾਈ ਤੇ ਬਾਬ ਹੇਅਰ ਬਣਾਈ ਮੇਰੇ ਸਾਹਵੇਂ ਸੁਰਿੰਦਰਪਾਲ ਦੀਆਂ ਦੋਵੇਂ ਨਿੱਕੀਆਂ ਪੁੱਤਰੀਆਂ ਖੜ੍ਹੋਤੀਆਂ ਸਨ।

ਕਲੀਵਲੈਂਡ ਦੇ ਹਵਾਈ ਅੱਡੇ ਤੋਂ ਸੁਰਿੰਦਰਪਾਲ ਦੇ ਘਰ ਤਕ ਦਾ ਚਾਲ੍ਹੀ ਕੁ ਮੀਲ ਦਾ ਸਫ਼ਰ ਅਸੀਂ ਉਸ ਦੀ ਪੁਰਾਣੀ ਪਰ ਵੱਡੀ ਅੱਠ ਸਿਲੰਡਰ ਵਾਲੀ ਫੋਰਡ ਕਾਰ ਵਿਚ ਤੈ ਕੀਤਾ। ਘਰ ਪਹੁੰਚਦਿਆਂ ਰਾਤ ਪੈ ਚੁੱਕੀ ਸੀ।

ਡਾਈਨਿੰਗ ਟੇਬਲ ਉੱਤੇ ਤਰੀ ਵਾਲਾ ਮੁਰਗਾ, ਹਲਕੇ ਪਤਲੇ ਫੁਲਕੇ, ਸਾਬਤ ਮਾਂਹਾਂ ਦੀ ਦਾਲ, ਹਰੀਆਂ ਮਿਰਚਾਂ ਦਾ ਅਚਾਰ ਅਤੇ ਜ਼ਰਦਾ ਆਦਿ ਵੇਖ ਕੇ ਮੈਨੂੰ ਇੰਞ ਮਹਿਸੂਸ ਹੋਇਆ, ਜਿਵੇਂ ਮੈਂ ਅਮਰੀਕਾ ਵਿਚ ਨਹੀਂ, ਸਗੋਂ ਪੰਜਾਬ ਦੇ ਕਿਸੇ ਸ਼ਹਿਰੀ ਘਰ ਵਿਚ ਬੈਠਾ ਹੋਵਾਂ ! ਦੋ ਸੌਣ-ਕਮਰਿਆਂ, ਇਕ ਸਿਟਿੰਗ ਡਾਈਨਿੰਗ ਕਮਰੇ, ਰਸੋਈ, ਬਾਥ, ਟਾਇਲੈਟ ਵਾਲੀ ਇਹ ਅਪਾਰਟਮੈਂਟ ਛੋਟੇ ਟੱਬਰ ਲਈ ਇਕ ਆਦਰਸ਼ਕ ਘਰ ਸੀ

ਤੇ ਮਜ਼ੇ ਦੀ ਗੱਲ ਇਹ ਕਿ ਬਾਹਰ ਜਿੰਨੀ ਸਰਦੀ ਸੀ ਸੈਂਟਰਲ ਹੀਟਿੰਗ ਸਿਸਟਮ ਕਰਕੇ ਅੰਦਰ ਉੱਨਾ ਹੀ ਨਿੱਘਾ ਸੀ ! ਇਕ ਸੌਣ-ਕਮਰਾ ਉਹਨਾਂ ਨੇ ਮੇਰੇ ਲਈ ਰਖਿਆ ਹੋਇਆ ਸੀ। ਸਫ਼ਰ ਦੀ ਥਕਾਵਟ ਤੇ ਵਿਮਾਨ ਵਿਚ ਪੀਤੀ ਵਿਸਕੀ ਦੇ ਨਸ਼ੇ ਦੇ ਪ੍ਰਭਾਵ ਹੇਠ ਪਲੰਘ ਉੱਤੇ ਪੈਂਦਿਆਂ ਹੀ ਮੈਨੂੰ ਨੀਂਦਰ ਆ ਗਈ।

"ਅੰਕਲ, ਅੰਕਲ, ਵੇਕ ਅਪ, ਇਟ ਇਜ਼ ਟਾਈਮ ਫਾਰ ਭੋਗ।"

ਭਾਰੇ ਸਿਰ ਨਾਲ ਉੱਠ ਕੇ ਜਦੋਂ ਮੈਂ ਬੂਹਾ ਖੋਲ੍ਹਿਆ ਤਾਂ ਅੱਗੇ ਸੁਰਿੰਦਰਪਾਲ ਦੀਆਂ ਦੋਵੇਂ ਪੁੱਤਰੀਆਂ ਖੜੋਤੀਆਂ ਸਨ। ਉਹਨਾਂ ਦੇ ਅਣਕੱਜੇ ਸਿਰਾਂ ਦੇ ਉਪਰੋਂ ਦੀ ਮੈਂ ਵੇਖ ਸਕਦਾ ਸਾਂ ਕਿ ਸੁਰਿੰਦਰਪਾਲ ਤੇ ਉਸ ਦੀ ਪਤਨੀ ਡਾਈਨਿੰਗ ਟੇਬਲ ਦੁਆਲੇ ਕੁਰਸੀਆਂ ਉੱਤੇ ਕੋਲ ਕੋਲ ਬੈਠੇ ਸਨ ਤੇ ਉਹਨਾਂ ਦੇ ਸਾਹਮਣੇ ਮੇਜ਼ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਰੱਖੀ ਹੋਈ ਸੀ। ਸੁਰਿੰਦਰਪਾਲ ਨੇ ਆਪਣਾ ਸਿਰ ਤੌਲੀਏ ਨਾਲ ਢਕਿਆ ਹੋਇਆ ਸੀ ਤੇ ਉਹ ਮੈਨੂੰ ਗੁਸਲਖ਼ਾਨੇ ਵਲ ਜਾਂਦਿਆਂ ਵੇਖ ਪਾਠ ਵਿਚੇ ਹੀ ਛੱਡ ਕੇ ਕਹਿਣ ਲਗਾ, "ਆ ਜਾਓ, ਮਹਾਰਾਜ ਦਾ ਨਾਮ ਲੈ ਕੇ, ਇਸੇ ਤਰ੍ਹਾਂ ਹੀ ਇਸ਼ਨਾਨ ਬਾਅਦ ਵਿਚ ਕਰ ਲੈਣਾ।"

ਮੈਂ ਛੇਤੀ ਛੇਤੀ ਮੂੰਹ ਧੋ, ਸਿਰ ਢਕ ਕੇ, ਝਿਜਕਦਾ ਹੋਇਆ ਸੁਰਿੰਦਰਪਾਲ ਦੇ ਖੱਬੇ ਪਾਸੇ ਉਸਦੀਆਂ ਪੁੱਤਰੀਆਂ ਦੇ ਨਾਲ ਦੀ ਖ਼ਾਲੀ ਕੁਰਸੀ ਉੱਤੇ, ਮੱਥਾ ਟੇਕ ਕੇ, ਬੈਠ ਗਿਆ। ਉਹ ਬੜੀ ਨੀਝ ਨਾਲ ਤੇ ਚੋਖਾ ਯਤਨ ਕਰ ਕੇ ਅਸ਼ੁੱਧ ਪਾਠ ਕਰ ਰਿਹਾ ਸੀ, ਜਿਸ ਦੀ ਸੋਧ ਉਸ ਦੀ ਪਤਨੀ ਨਾਲ-ਨਾਲ ਹੀ ਲਗਾਂ ਮਾਤਰਾਂ ਲਾ ਕੇ ਕਰ ਰਹੀ ਤੇ ਅਸ਼ੁੱਧ ਪਾਠ ਦੀ ਭੁੱਲ ਬਖ਼ਸ਼ਾ ਰਹੀ ਸੀ। ਜੂੰ ਤੂੰ ਕਰਕੇ ਪਾਠ ਦੀ ਸਮਾਪਤੀ ਹੋਈ ਤੇ ਫਿਰ ਅਸੀਂ ਸਭ ਅਰਦਾਸੇ ਲਈ ਉੱਠ ਖੜੋਤੇ। ਅਰਦਾਸ ਦੇ ਦੌਰਾਨ ਵੀ ਉਸ ਦੀ ਪਤਨੀ ਯੋਗ ਵਾਧੇ-ਘਾਟੇ ਕਰਕੇ ਅਰਦਾਸ ਨੂੰ ਸੋਧਦੀ ਰਹੀ, ਜਿਸ ਦੇ ਅੰਤ ਵਿਚ ਉਸ ਨੇ ਵਾਹਿਗੁਰੂ ਕੋਲ ਬੇਨਤੀ ਕੀਤੀ ਕਿ ਉਸ ਦੀ ਬੇਕਾਰੀ ਛੇਤੀ ਖ਼ਤਮ ਹੋਵੇ, ਉਸ ਨੂੰ ਤੇ ਈਸਟ ਅਫ਼ਰੀਕਾ ਤੋਂ ਆਏ ਉਸ ਦੇ ਮਹਿਮਾਨ ਨੂੰ ਛੇਤੀ ਤੋਂ ਛੇਤੀ ਚੰਗੀ ਨੌਕਰੀ ਮਿਲੇ।

ਇਸ ਤੋਂ ਬਾਅਦ ਉਸ ਦੀ ਪਤਨੀ ਨੇ ਛੋਟੀ ਕਿਰਪਾਨ ਦੀ ਥਾਂ ਟੇਬਲ ਨਾਈਫ਼ ਨੂੰ ਵੱਡੀ ਪਲੇਟ ਵਿਚ ਪਏ ਕੜਾਹ ਪਰਸ਼ਾਦ ਵਿਚ ਦੋ ਵਾਰੀ ਫੇਰਿਆ ਅਤੇ ਸਾਨੂੰ ਪਰਸ਼ਾਦ ਵਰਤਾਇਆ। ਮੈਂ ਇਸ ਸਾਰੇ ਕਰਮ ਵਿੱਚੋਂ ਇਕ ਦਿਵਾ-ਸੁਪਨ ਦੀ ਅਵਸਥਾ ਵਿਚ ਲੰਘਿਆ ਅਤੇ ਆਪਣੇ ਦੇਸ਼ ਤੋਂ ਏਡੀ ਦੂਰ ਬੈਠੇ ਇਸ ਸਿੰਘ ਪਰਿਵਾਰ ਦੇ ਧਾਰਮਕ ਵਿਸ਼ਵਾਸ ਅਤੇ ਸਿੱਖੀ ਸਿਦਕ ਦੀ ਦਾਦ ਦਿੱਤੇ ਬਗੈਰ ਨਾ ਰਹਿ ਸਕਿਆ।

ਕੁਝ ਸਮੇਂ ਬਾਅਦ ਸੁਰਿੰਦਰਪਾਲ ਸਿੰਘ ਨੇ ਜਿੱਥੇ-ਜਿੱਥੇ ਮੈਨੂੰ ਤੇ ਉਸ ਨੂੰ ਨੌਕਰੀ ਮਿਲਣ ਦੀ ਕੁਝ ਆਸ ਸੀ, ਸੌ ਕੁ ਟੈਲੀਫ਼ੋਨ ਕੀਤੇ ਅਤੇ ਫਿਰ ਮੇਰੀਆਂ ਤੇ ਆਪਣੀਆਂ ਅਰਜ਼ੀਆਂ ਨੂੰ ਬਰੀਫ਼ਕੇਸ ਵਿਚ ਸਮੇਟ ਕੇ, ਮੈਨੂੰ ਆਪਣੀ ਫੋਰਡ ਵਿਚ ਲੈ ਕੇ ਦਫ਼ਤਰਾਂ ਦੀ ਖ਼ਾਕ ਛਾਣਨ ਲਈ ਤੁਰ ਪਿਆ। ਕਲੀਵਲੈਂਡ ਦੀਆਂ ਚਾਰ-ਚਾਰ, ਪੰਜ-ਪੰਜ ਲੇਨਾਂ ਦੇ ਖੁੱਲ੍ਹੇ ਡੁੱਲ੍ਹੇ 'ਡੂਅਲ ਕੈਰੇਜ ਵੇ' ਦੀ ਭੀੜ ਵਿੱਚੋਂ ਲੰਘਦਿਆਂ ਅਸੀਂ ਗੱਲੀਂ ਪੈ ਗਏ ! ਸੁਰਿੰਦਰਪਾਲ ਨੇ ਗੱਲਾਂ ਦੀ ਲੜੀ ਤੋਰਦਿਆਂ ਆਖਿਆ, "ਅਜੀਬ ਮੁਲਕ ਹੈ ਜੀ ਇਹ—ਅੱਜ ਰਾਜੇ, ਕਲ੍ਹ ਰੰਕ ! ਚੰਗੇ ਭਲੇ ਇੰਡੀਆ ਛੁੱਟੀ ਕੱਟਣ ਗਏ ਸਾਂ, ਵਾਪਸ ਆਏ ਤਾਂ ਮੈਂ ਲੇ ਆਫ਼ (ਬੇਕਾਰ) ਹੋ ਗਿਆ। ਏਥੇ ਫਿਊਚਰ ਬੜਾ ਇਨਡੈਫੀਨਿਟ ਹੈ—ਅੱਜ ਦੀ ਅੱਜ ਕੰਮ ਠੀਕ, ਕਲ੍ਹ ਦਾ ਕੋਈ ਭਰੋਸਾ ਨਹੀਂ। ਜੇ ਮੇਰੀ ਵਾਈਫ਼ ਨੂੰ ਚਾਰ ਸੌ ਡਾਲਰ ਮੰਥਲੀ ਕੀ ਪੰਚਿੰਗ ਦੀ ਨੌਕਰੀ ਨਾ ਮਿਲਦੀ ਤਾਂ ਭੁੱਖੇ ਮਰ ਜਾਣਾ ਸੀ ! ਜਾਂਦੇ ਹੋਏ ਪੱਲਾ ਝਾੜ ਕੇ ਗਏ ਸਾਂ—ਹੁਣ ਤਾਂ ਇੰਡੀਆ ਵਾਪਸ ਜਾਣ ਜੋਗਾ ਕਿਰਾਇਆ ਵੀ ਨਹੀਂ ਸਾਡੇ ਕੋਲ !"

"ਅਮਰੀਕਨ ਸਰਕਾਰ ਜਦੋਂ ਕਿਸੇ ਨੂੰ ਪਰਮਾਨੈਂਟ ਇਮੀਗਰੇਸ਼ਨ ਦਾ ਵੀਜ਼ਾ ਦਿੰਦੀ ਹੈ ਤਾਂ ਉਸ ਦੀ ਨੌਕਰੀ ਦਾ ਪ੍ਰਬੰਧ ਕਿਉਂ ਨਹੀਂ ਕਰਦੀ ?"

"ਰਹਿਣ ਦਿਓ ਜੀ, ਏਥੇ ਬੜੀ ਕੰਟਰਾਡਿਕਸ਼ਨ ਹੈ—ਬੜਾ ਕਨਫਿਊਜਨ ਹੈ। ਅਖੇ ਏਥੇ ਸਦਾ ਲਈ ਰਹੋ ਪਰ ਤੁਹਾਡੇ ਲਈ ਨੌਕਰੀ ਕੋਈ ਨਹੀਂ—ਨੌਕਰੀ ਆਪ ਢੂੰਡੋ—ਦੋ ਮਹੀਨੇ ਹੋ ਗਏ ਹਨ, ਦਫ਼ਤਰਾਂ ਦੀ

ਖ਼ਾਕ ਛਾਣਦਿਆਂ—ਰੀਸੈਪਸ਼ਨਿਸਟ ਬੜੇ ਤਪਾਕ ਨਾਲ ਮਿਲਦੀ ਹੈ ਮੁਸਕਰਾ ਕੇ ! ਅਫ਼ਸਰ ਅਰਜ਼ੀ ਲੈ ਕੇ ਰੱਖ ਲੈਂਦਾ ਹੈ ਤੇ ਕਹਿੰਦਾ ਹੈ "ਥੈਂਕ ਯੂ ਵੈਰੀ ਮੱਚ ਫਾਰ ਯੂਅਰ ਐਪਲੀਕੇਸ਼ਨ।" ਤੇ ਫਿਰ ਅਰਜ਼ੀਆਂ ਦੇ ਢੇਰ ਵਲਾਂ ਸੰਕੇਤ ਕਰਦੇ ਕਹਿੰਦਾ ਹੈ ਕਿ, "ਵੀ ਸ਼ੈਲ ਇਨਫਾਰਮ ਯੂ ਵੈਨ ਯੂਅਰ ਟਰਨ ਕਮਜ਼'—ਪਰ ਵਾਰੀ ਕਿਹਦੀ ਆਉਂਦੀ ਹੈ!"

"ਪਰ ਤੁਸੀਂ ਤਾਂ ਕੁਆਲੀਫ਼ਾਇਡ ਹੋ ! ਭਾਰਤ ਦੇ ਗਰੈਜੂਏਟ ਹੋ ਤੇ ਫਿਰ ਅਮਰੀਕਾ ਤੋਂ ਹੀ ਤੁਸੀਂ ਡੀਜ਼ਾਇਨ ਇੰਜਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ ਹੈ—ਪੰਜ ਛੇ ਸਾਲ ਦਾ ਐਕਸਪੀਰੀਐਂਸ ਵੀ ਹੈ !"

"ਏਥੇ ਗਊ ਗਧੇ ਵਿਚ ਕੋਈ ਤਮੀਜ਼ ਨਹੀਂ। ਵਾਰੀ ਆਪੋ ਆਪਣੀ ਚਲੇ ਮਸਾਇਖ ਸੇਖ।"

ਤੇ ਫਿਰ ਉਹ ਡੂੰਘੀ ਸੋਚ ਵਿਚ ਡੁੱਬ ਗਿਆ, ਜਿਵੇਂ ਮਨ ਹੀ ਮਨ ਇਕ ਵਾਰੀ ਫਿਰ ਵਾਹਿਗੁਰੂ ਅੱਗੇ ਨੌਕਰੀ ਲਈ ਬੇਨਤੀ ਕਰ ਰਿਹਾ ਹੋਵੇ। ਫਿਰ ਅਚਾਨਕ ਹੀ ਉਸ ਨੇ ਗੱਡੀ ਰੋਕੀ ਤੇ ਮੈਨੂੰ ਇਸ਼ਾਰਾ ਕਰਕੇ ਕਹਿਣ ਲੱਗਾ, "ਇਹ 'ਲੇਕ ਇਰੀਏ' ਹੈ। ਕਲੀਵਲੈਂਡ ਨੂੰ ਕੈਨੇਡਾ ਨਾਲ ਜੋੜਦੀ ਹੈ। ਇਸ ਪਾਸੇ ਅਮਰੀਕਾ ਉਸ ਪਾਸੇ ਕੈਨੇਡਾ—ਝੀਲ ਇਕ ਹੀ ਹੈ ਪਰ ਹੱਦਾਂ ਦੋ—ਇਹ ਹੱਦਾਂ ਮਨੁੱਖ ਨੇ ਹੀ ਪਾਈਆਂ ਹਨ, ਕੁਦਰਤ ਨੇ ਨਹੀਂ। ਕੋਈ ਸਮਾਂ ਸੀ ਜਦੋਂ ਮੈਂ ਸ਼ਹਿਰ ਦੀ ਭੱਜ ਦੌੜ ਤੋਂ ਅੱਕ ਕੇ ਏਥੇ ਇਕਾਂਤ ਅਤੇ ਮਾਨਸਕ ਸ਼ਾਂਤੀ ਲਈ ਆਉਂਦਾ ਹੁੰਦਾ ਸਾਂ। ਘੰਟਿਆਂ ਬੱਧੀ ਇਸ ਦੀਆਂ ਚੜ੍ਹਦੀਆਂ ਉੱਠਦੀਆਂ ਲਹਿਰਾਂ ਨੂੰ ਵੇਖ ਕੇ ਮੇਰੇ ਮਨ ਵਿਚ ਅਨੋਖੀ ਵਿਸ਼ਾਲਤਾ ਦਾ ਅਹਿਸਾਸ ਪੈਦਾ ਹੁੰਦਾ ਸੀ। ਦੀਵਾਰਾਂ, ਤੰਗੀ, ਘੁਟਨ ਤੇ ਫਰੱਸਟਰੇਸ਼ਨ ਵਿਚ ਪਾਟੀ ਦੁਨੀਆਂ ਦੇ ਰੁਟੀਨ ਜੀਵਨ ਦੇ ਅਹਿਸਾਸ ਤੋਂ ਵੱਖਰੀ ਕਿਸਮ ਦਾ ਅਹਿਸਾਸ—ਜਿਸ ਵਿਚ ਨਾ ਕੋਈ ਇਨਹਿਬਸ਼ਨ ਹੀ ਸੀ ਤੇ ਨਾ ਹੀ ਕੋਈ ਓਬਸੈਸ਼ਨ ਤੇ ਮੈਂ ਸੋਚਦਾ ਸਾਂ ਕਿ ਆਦਮੀ ਦੀ ਤਰੱਕੀ ਤੇ ਸਿਵੇਲਾਈਜ਼ੇਸ਼ਨ ਹੀ ਉਸ ਦੀ ਫਰੀਡਮ ਨੂੰ ਹੌਲੀ-ਹੌਲੀ ਲਗਾਤਾਰ ਖ਼ਤਮ ਕਰ ਰਹੀ ਹੈ। ਉਸ ਨੂੰ ਕੁਦਰਤ ਤੋਂ ਦੂਰ ਲਿਜਾ ਰਹੀ ਹੈ !"

"ਪਰ ਮੈਂ ਤਾਂ ਸੁਣਿਆ ਹੈ ਕਿ ਅਮਰੀਕਾ ਤੇ ਕੈਨੇਡਾ ਵਿਚਕਾਰ ਇਸ ਝੀਲ ਰਾਹੀਂ ਹੀ ਸਮਗਲਿੰਗ ਦਾ ਕਾਰੋਬਾਰ ਚਲਦਾ ਹੈ ?"

"ਓ ਜੀ, ਅਮਰੀਕਾ ਦੀਆਂ ਗੱਲਾਂ ਨਿਆਰੀਆਂ ਹਨ। ਇਹ ਐਕਸਟਰੀਮਜ਼ ਦਾ ਦੇਸ਼ ਹੈ। ਏਥੇ ਗਰੀਬੀ ਵੀ ਐਕਸਟਰੀਮ ਤੇ ਹੈ ਅਤੇ ਅਮੀਰੀ ਵੀ। ਬਲੈਕ ਪੈਂਥਰਜ਼ ਦੀਆਂ ਪਿੱਠਾਂ ਵਿਚ ਗੋਲੀਆਂ ਮਾਰੀਆਂ ਜਾਂਦੀਆਂ ਹਨ, 'ਮਾਈ ਲਾ ਹੱਤਿਆ ਕਾਂਡ' ਤੇ ਵੀਅਤਨਾਮ ਦੀ ਜੰਗ ਦੇ ਖ਼ਿਲਾਫ਼ ਮੁਜ਼ਾਹਰੇ ਹੁੰਦੇ ਹਨ, ਏਥੋਂ ਦੇ ਰੈਡ ਇੰਡੀਅਨਜ਼ ਤੇ ਨੀਗਰੋਜ਼ ਅਜੇ ਤਕ ਵੀ ਡਿਸ਼ਕਰਿਮੀਨੇਸ਼ਨ ਦਾ ਸ਼ਿਕਾਰ ਹਨ। ਇਕ ਪਾਸੇ 'ਹਰੇ ਰਾਮਾ, ਹਰੇ ਕ੍ਰਿਸ਼ਨਾ' ਦੇ ਗਾਇਨ ਨਾਲ ਇੰਡੀਆ ਦੀਆਂ ਸਪਿਰਚੂਅਲ ਵੈਲਯੂਜ਼ (ਆਤਮਕ ਕੀਮਤਾਂ) ਨੂੰ ਅਪਨਾਉਣ ਦੀ ਕੋਸ਼ਿਸ਼ ਹੋ ਰਹੀ ਹੈ ਤਾਂ ਦੂਜੇ ਪਾਸੇ 'ਡੈਵਲ ਕਲਟ' ਦੇ ਪੈਰੋਕਾਰ ਸ਼ੈਤਾਨ ਦੀ ਪੂਜਾ ਕਰਦੇ ਹਨ। ਏਥੇ ਵਾਇਓਲੈਂਸ ਵੀ ਜ਼ੋਰਾਂ 'ਤੇ ਹੈ, ਅਤੇ ਨਾਨ-ਵਾਇਓਲੈਂਸ ਵੀ। ਮੇਸਨ ਟਰਾਇਲ, ਕੈਨੇਡੀ, ਕਿੰਗ ਮਰਡਰਜ਼, ਡਰੱਗ ਅਡਿੱਕਸ਼ਨ, ਹਿੱਪੀ-ਇਜ਼ਮ, ਸਪੇਸ-ਰੇਸ, ਇਨਫਲੇਸ਼ਨ ਤੇ ਪਤਾ ਨਹੀਂ ਏਥੇ ਹੋਰ ਕੀ ਕੀ ਹੁੰਦਾ ਤੇ ਹੋ ਰਿਹਾ ਹੈ। ਸਾਧਾਰਨ ਅਮਰੀਕਨ ਲੋਕ ਨੇਚਰ ਦੇ ਬੜੇ ਚੰਗੇ ਹਨ, ਬਟ ਮੋਸਟ ਆਫ਼ ਦੈਮ ਆਰ ਕਨਫਿਊਜ਼ਡ—ਦੇ ਹੈਵ ਨੋ ਡਾਇਰੈਕਸ਼ਨ ! ਸਾਡੇ ਮੁਲਕ ਵਿਚ ਘੱਟੋ ਘੱਟ ਫੇਥ ਤਾਂ ਹੈ ਲੋਕਾਂ ਵਿਚ ! ਮਹਾਰਾਜ ਦਾ ਨਾਮ ਜਪਦੇ ਹਨ ਲੋਕ। ਰੁੱਖੀ-ਸੁੱਖੀ ਖਾਇ ਕੈ ਠੰਡਾ ਪਾਣੀ ਪੀ।"

ਇੰਝ ਗੱਲਾਂ ਕਰਦੇ ਸਾਰਾ ਦਿਨ ਅਸੀਂ ਦਫ਼ਤਰਾਂ ਦੇ ਦਰ ਖੜਕਾਉਂਦੇ ਰਹੇ ਸੁਰਿੰਦਰਪਾਲ ਲੋਰੀਅਨ ਬ੍ਰਦਰਜ਼, ਸ਼ਿਪਿੰਗ ਕਾਰਪੋਰੇਸ਼ਨ, ਅਮਰੀਕਨ ਸਟੀਮ ਕੰਪਨੀ ਆਦਿ ਦੇ ਦਫ਼ਤਰਾਂ ਵਿਚ ਤੇ ਮੈਂ ਸਕੂਲਾਂ ਨਾਲ ਸੰਬੰਧਤ ਹੋਰ ਦਫ਼ਤਰਾਂ ਵਿਚ ਗਿਆ। ਨਾ ਸਾਨੂੰ ਕਿਸੇ ਨੇ ਨੌਕਰੀ ਦੀ ਹਾਮੀ ਭਰੀ ਤੇ ਨਾ ਹੀ ਕਿਸੇ ਨੇ ਇਨਕਾਰ ਕੀਤਾ। ਵਾਪਸੀ ਤੇ ਅਸੀਂ ਫੋਰਡ ਕਾਰਾਂ ਦੇ ਕਾਰਖ਼ਾਨੇ ਵਿਚ ਗਏ। ਰੀਸੈਪਸ਼ਨ ਹਾਲ ਵਿਚ ਜਦੋਂ ਉਸ ਨੇ ਇਕ ਪਲਾਸਟਿਕ ਦੀ ਪਲੇਟ ਉੱਤੇ ਲਿਖੀ ਇਹ ਇਬਾਰਤ ਪੜ੍ਹੀ ਕਿ, "ਵਿਜ਼ਡਮ ਕਮਜ਼ ਵਿਦ ਐਕਸਪੀਰੀਐਂਸ

ਐਂਡ ਐਕਸਪੀਰੀਐਂਸ ਕਮਜ਼ ਵਿਦ ਟਾਈਮ' (ਸਿਆਣਪ ਤਜ਼ਰਬੇ ਨਾਲ ਆਉਂਦੀ ਹੈ ਤੇ ਤਜ਼ਰਬਾ ਸਮਾਂ ਪਾ ਕੇ ਪ੍ਰਾਪਤ ਹੁੰਦਾ ਹੈ) ਤਾਂ ਉਹ ਮੈਨੂੰ ਸੰਬੋਧਨ ਕਰਕੇ ਕਹਿਣ ਲੱਗਾ, "ਚਲੋ ਜੀ ਚੱਲੀਏ—ਜੇ ਅਕਲ ਹੁੰਦੀ ਤਾਂ ਏਥੇ ਆਉਂਦੇ ਹੀ ਕਿਉਂ ? ਇੰਡੀਆ ਜਾਂਦੇ ਹੀ ਕਿਉਂ ? ਇਹ ਸਭ ਬਕਵਾਸ ਹੈ। ਆਦਮੀ ਜਿਸ ਅਕਲ ਦਾ ਘੁਮੰਡ ਕਰਦਾ ਹੈ, ਉਹ ਅਕਲ ਹੀ ਉਸ ਦਾ ਬੇੜਾ ਗਰਕ ਕਰ ਰਹੀ ਹੈ। ਰੱਬ ਖ਼ੈਰ ਕਰੇ ਇਨ੍ਹਾਂ ਅਕਲਮੰਦਾਂ ਉੱਤੇ !"

ਸ਼ਾਮ ਨੂੰ ਥੱਕ ਟੁੱਟ ਕੇ ਅਸੀਂ ਘਰ ਵਾਪਸ ਆ ਗਏ। ਉਹਦੀ ਪਤਨੀ ਰਾਤ ਦੀ ਰੋਟੀ ਬਣਾ ਕੇ ਆਪਣੀ ਨਾਈਟ-ਸ਼ਿਫ਼ਟ ਉੱਤੇ ਚਲੀ ਗਈ ਸੀ ਤੇ ਬੱਚੇ ਬੈੱਡ ਰੂਮ ਵਿਚ ਸਨ। ਸੁਰਿੰਦਰਪਾਲ ਰਸੋਈ ਵਿੱਚੋਂ ਠੰਡੇ ਪਾਣੀ ਦੀ ਬੋਤਲ ਅਤੇ ਦੋ ਗਲਾਸ ਲਿਆਉਂਦਾ ਹੋਇਆ ਬੋਲਿਆ, "ਮੁਆਫ਼ ਕਰਨਾ ਜੀ, ਤੁਹਾਡੀ ਕੋਈ ਸੇਵਾ ਹੀ ਨਹੀਂ ਹੋ ਸਕੀ, ਬੇਕਾਰੀ ਨੇ ਮੇਰੀ ਮੱਤ ਮਾਰੀ ਹੋਈ ਹੈ। ਮੇਰੇ ਕੋਲ ਥੋੜ੍ਹੀ ਜਿਹੀ ਕੈਨੇਡੀਅਨ ਵਿਸਕੀ ਹੈ। ਕਦੇ ਮਨ ਖ਼ੁਸ਼ ਹੁੰਦਾ ਸੀ, ਤਾਂ ਪੀਂਦਾ ਸਾਂ। ਪਰ ਹੁਣ ਵਾਈਫ਼ ਕਹਿੰਦੀ ਹੈ ਪਾਠ ਕਰੋ, ਨਸ਼ੇ, ਵਿਸ਼ੇ ਵਿਕਾਰ ਛੱਡੋ, ਮਹਾਰਾਜ ਵਿਚ ਫੇਥ ਰੱਖੋ, ਉਹ ਜ਼ਰੂਰ ਸੁਣੇਗਾ !"

"ਤੁਸੀਂ ਕਸ਼ਟ ਨਾ ਕਰੋ, ਮੈਂ ਤੁਹਾਡੇ ਕੋਲੋਂ ਸੰਗਦਾ ਹੀ ਰਿਹਾ ਹਾਂ—ਅਸਲ ਵਿਚ ਮੈਂ ਡਿਊਟੀ ਫਰੀ ਵਿਸਕੀ ਦੀਆਂ ਦੋ ਬੋਤਲਾਂ ਤੁਹਾਡੇ ਵਾਸਤੇ ਲੈ ਕੇ ਆਇਆ ਹਾਂ।"

ਉਸ ਨੇ ਨਾਂਹ ਨਾਂਹ ਕਰਦਿਆਂ ਪਹਿਲਾ ਗਲਾਸ ਪੀ ਲਿਆ ਤੇ ਫਿਰ ਜਿਵੇਂ ਜਿਵੇਂ ਵਿਸਕੀ ਦਾ ਦੌਰ ਚੱਲਦਾ ਰਿਹਾ, ਤਿਵੇਂ-ਤਿਵੇਂ ਮਾਹੌਲ ਸੁਖਾਵਾਂ ਹੁੰਦਾ ਗਿਆ।

"ਜਦੋਂ ਮੈਂ ਈਸਟ ਅਫ਼ਰੀਕਾ ਤੋਂ ਅਮਰੀਕਾ ਲਈ ਚੱਲਿਆ ਸਾਂ, ਤਾਂ ਮੇਰੇ ਦੋਸਤ ਮੈਨੂੰ ਮੁਬਾਰਕਾਂ ਦਿੰਦੇ ਤੇ ਕਹਿੰਦੇ ਸਨ ਕਿ 'ਤੂੰ ਬੜਾ ਖ਼ੁਸ਼ਕਿਸਮਤ ਹੈਂ ਜੋ ਦੁਨੀਆਂ ਦੇ ਸਭ ਤੋਂ ਅਮੀਰ ਮੁਲਕ ਚੱਲਿਆ ਹੈਂ। ਉੱਥੇ ਜਾ ਕੇ ਭੁੱਲ ਨਾ ਜਾਵੀਂ, ਸਾਨੂੰ ਵੀ ਸੱਦੀਂ।' ਪਰ ਏਥੇ ਆ ਕੇ ਮੈਂ ਅਮਰੀਕਾ ਦੀ ਹੋਰ ਹੀ ਹਾਲਤ ਵੇਖੀ ਹੈ। ਜਿੰਨਾਂ ਚਿਰ ਆਪ ਅੱਖੀਂ ਵੇਖ ਨਹੀਂ ਲਿਆ, ਮੈਨੂੰ ਇਹ ਯਕੀਨ ਨਹੀਂ ਸੀ ਆਉਂਦਾ ਕਿ ਏਥੇ ਵੀ ਏਨੇ ਗਰੀਬ ਲੋਕ ਹਨ ਜੋ ਸਰਕਾਰ ਦੁਆਰਾ ਖੋਲ੍ਹੇ ਮੁਫ਼ਤ ਰਾਸ਼ਨ ਦੇ ਸਟੋਰਾਂ ਤੋਂ ਰਾਸ਼ਨ ਲੈਣ ਲਈ ਲਾਈਨਾਂ ਵਿਚ ਖੜੋਤੇ ਰਹਿੰਦੇ ਹਨ।"

"ਓ ਜੀ, ਤਾਂ ਹੀ ਤਾਂ ਮੈਂ ਤੁਹਾਨੂੰ ਚਿੱਠੀ ਲਿਖੀ ਸੀ, ਕਿ ਇੰਗਲੈਂਡ ਤਕ ਆਏ ਹੋ, ਹੁਣ ਅਗੇ ਵੀ ਆ ਜਾਓ ਤੇ ਸਾਡਾ 'ਤੇ ਅਮਰੀਕਾ ਦਾ ਚੌੜ ਚਾਨਣ ਵੇਖ ਜਾਓ। ਇਹ ਮੁਲਕ ਜੋ ਹਰ ਸਾਲ ਸਪੇਸ ਫਲਾਈਟਸ ਤੇ ਕਈ ਮਿਲੀਅਨ ਡਾਲਰ ਖ਼ਰਚ ਕਰ ਰਿਹਾ ਹੈ, ਇਸ ਦੇ ਆਪਣੇ ਲੋਕਾਂ ਦੀ ਹਾਲਤ ਕੀ ਹੈ ? ਉਂਞ ਮੈਨੂੰ ਇਹ ਪਤਾ ਸੀ ਕਿ ਤੁਹਾਨੂੰ ਏਥੇ ਨੌਕਰੀ ਨਹੀਂ ਮਿਲਣੀ। ਜੇ ਮੈਂ ਇਸ ਤਰ੍ਹਾਂ ਲਿਖਦਾ ਤਾਂ ਤੁਸੀਂ ਝੂਠ ਸਮਝਣਾ ਸੀ।"

ਸੁਰਿੰਦਰਪਾਲ ਸਿੰਘ ਨੂੰ ਜਿਵੇਂ-ਜਿਵੇਂ ਨਸ਼ਾ ਚੜ੍ਹ ਰਿਹਾ ਸੀ ਤਿਵੇਂ-ਤਿਵੇਂ ਉਹ ਆਪਣੇ ਆਪ ਆਪਣੇ ਅੰਦਰੋਂ ਬਾਹਰ ਨਿਕਲ ਰਿਹਾ ਸੀ !

"ਦੋ ਮਹੀਨੇ ਹੋ ਗਏ ਧੱਕੇ ਖਾਂਦਿਆਂ—ਇਹ ਪਾਠ, ਇਹ ਭੋਗ, ਇਹ ਫੇਥ, ਸਭ ਬਕਵਾਸ ! ਏਨੇ ਭੋਗ ਕੀਤੇ ਅਰਦਾਸੇ ਪਾਏ—ਪਰਸ਼ਾਦ ਵਰਤਾਏ ਪਰ ਅਜੇ ਤਕ ਨੌਕਰੀ ਨਹੀਂ ਮਿਲੀ—'ਮੜੇ ਮਹਾਰਾਜ' ਨਾਂ ਦੀ ਇਸ ਦੁਨੀਆਂ ਵਿਚ ਕੋਈ ਚੀਜ਼ ਨਹੀਂ, ਸਭ ਬਕਵਾਸ ਹੈ...ਕਨਿਫਿਊਜ਼ਨ...ਫਰੱਸਟਰੇਸ਼ਨ...ਕੰਟਰਾਡਿਕਸ਼ਨ।"

ਕਹਿੰਦਾ ਕਹਿੰਦਾ ਉਹ ਸੋਫ਼ੇ 'ਤੇ ਊਂਧਾ ਹੋ ਗਿਆ। ਮੈਂ ਸੋਚ ਰਿਹਾ ਸਾਂ ਕਿ ਇਹ ਤਾਂ ਚੰਗਾ ਹੀ ਹੋਇਆ, ਜੋ ਮੈਂ ਈਸਟ ਅਫ਼ਰੀਕਾ ਤੋਂ ਅਸਤੀਫ਼ਾ ਦੇ ਕੇ ਨਹੀਂ ਸਗੋਂ ਛੁੱਟੀ ਲੈ ਕੇ ਆਇਆ ਸਾਂ, ਨਹੀਂ ਤਾਂ ਹਾਥੀ ਦੇ ਦੰਦਾਂ ਦੀ ਪਹਿਚਾਣ ਵਿਚ ਉਲਝਿਆ ਨਾ ਮੈਂ ਘਰ ਜੋਗਾ ਰਹਿਣਾ ਸੀ, ਨਾ ਘਾਟ ਜੋਗਾ !

# ਅੰਨ੍ਹੇਰਾ ਯੂਕਲਿਪਟਸ ਤੇ ਅੱਗ

ਸੁਈਡ ਕੋਟ ਉਤਾਰ ਕੇ, ਜਦੋਂ ਉਸ ਨੂੰ ਝਾੜਦਾ ਹਾਂ ਤਾਂ ਹਲਕੇ ਮੀਂਹ ਦੇ ਨਿੱਕੇ-ਨਿੱਕੇ ਟੇਪੇ ਇਕ ਦੂਜੇ ਵਿਚ ਟੁੱਟ ਕੇ, ਕੋਟ ਉੱਤੇ ਪਾਣੀ ਦੀ ਇਕ ਲੰਮੀ ਲੀਕ ਖਿੱਚਦੇ ਹੋਏ ਫ਼ਰਸ਼ 'ਤੇ ਵਗ ਪੈਂਦੇ ਹਨ। ਇਕਾਈ ਤੇ ਸਮੂਹ ਦੀ ਵੀ ਇਕ ਅਜਬ ਅੜਾਉਣੀ ਹੈ।

"ਬੂੰਦਾ ਬਾਂਦੀ ਅਜੇ ਵੀ ਹੋ ਰਹੀ ਹੈ !"

ਆਪਣੇ ਆਪ ਨੂੰ ਕਹਿੰਦਾ ਹੋਇਆ ਮੈਂ ਖਿੜਕੀ 'ਚੋਂ ਦੂਰ ਰਿਜਿਜ਼ ਦੀਆਂ ਚੜ੍ਹਾਈਆਂ ਉਤਰਾਈਆਂ ਕੱਛ ਕੇ ਕਾਫ਼ੀ ਦੇ ਬਾਗ਼ਾਂ ਨੂੰ ਸੁਰਮਈ ਬੱਦਲਾਂ ਦੇ ਹਲਕੇ ਜਿਹੇ ਧੂੰਏਂ ਵਿਚ ਲਿਪਟੇ ਹੋਏ ਤਕਦਾ ਹਾਂ। ਅਨ੍ਹੇਰਾ ਸੰਘਣਾ ਹੁੰਦਾ ਜਾ ਰਿਹਾ ਹੈ। ਨੌਕਰ ਨੇ ਮੈਨੂੰ ਬਿਨਾਂ ਪੁੱਛਿਆਂ ਹੀ ਫ਼ਾਇਰ ਪਲੇਸ ਵਿਚ ਯੂਕਲਿਪਟਸ ਦੀਆਂ ਲੱਕੜਾਂ ਦੀ ਅੱਗ ਬਾਲ ਦਿੱਤੀ ਹੈ। ਉਸ ਨੂੰ ਪਤਾ ਹੈ ਕਿ ਜਦੋਂ ਮੈਂ ਸਵੇਰ ਤੋਂ ਚੁੱਪ ਰਹਾਂ ਤੇ ਫਿਰ ਜਾਣ ਬੁੱਝ ਕੇ ਮੀਂਹ ਵਿਚ ਭਿੱਜ ਕੇ ਘਰ ਪਰਤਾਂ, ਤਾਂ ਮੈਨੂੰ ਯੂਕਲਿਪਟਸ ਦੀ ਅੱਗ ਤੋਂ ਬਿਨਾਂ ਹੋਰ ਕੁਝ ਨਹੀਂ ਚਾਹੀਦਾ। ਮੇਰੀਆਂ ਸੋਚਾਂ ਤੋਂ ਬੇਨਿਆਜ਼ ਮੇਰੇ ਹੱਥ, ਮਸ਼ੀਨੀ ਹਰਕਤ ਨਾਲ, ਅੱਗ ਨੂੰ ਬਲਦਿਆਂ ਰਖਣ ਲਈ ਆਪ-ਮੁਹਾਰਾ ਹੀ ਲੱਕੜਾਂ ਪਾਈ ਜਾਂਦੇ ਹਨ ਅਤੇ ਮੇਰੀਆਂ ਨਜ਼ਰਾਂ ਬਲਦੀ ਅੱਗ ਪਿਛਲੇ ਅਨ੍ਹੇਰੇ ਨੂੰ ਫਰੋਲਣ ਦਾ ਯਤਨ ਕਰਦੀਆਂ ਹਨ ਤਾਂ ਪ੍ਰਸ਼ਨ ਜਾਗ ਪੈਂਦੇ ਹਨ :

ਅੱਗ ਵਿਚ ਅਨ੍ਹੇਰਾ ਬਲ ਰਿਹਾ ਹੈ ?

ਕਿ ਅਨ੍ਹੇਰੇ ਵਿਚ ਅੱਗ ?

ਆਪਣੇ ਜੀਵਨ 'ਚੋਂ ਜੀ ਵਿਚਰ ਕੇ ਲੰਘਦੇ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਨੂੰ ਕੁਝ ਚਿਰ ਹੋਰ ਲਟਕਾਉਣ ਲਈ ਮੈਂ ਆਪਣੇ ਆਪ ਨੂੰ ਸੰਬੋਧਨ ਕਰਕੇ ਕਹਿੰਦਾ ਹਾਂ : "ਉਹ ਹੁਣੇ ਆਵੇਗੀ।"

ਇਹ ਵਾਕ ਮੇਰੇ ਅੰਦਰ ਕਈ ਪ੍ਰਤੀਧੁਨੀਆਂ ਜਗਾ ਦਿੰਦਾ ਹੈ ਤਾਂ ਮੈਂ ਬਲਦੀ ਅੱਗ ਵਿਚ ਕੁਝ ਹੋਰ ਬਾਲਣ ਪਾ ਦਿੰਦਾ ਹਾਂ।

"ਤੂੰ ਚਲੇ ਜਾਵੇਂਗੀ ਤਾਂ ਤੇਰੀ ਮਹਿਕ ਮੈਨੂੰ ਕਈ ਰਾਤਾਂ ਬਿਸਤਰੇ ਵਿਚ ਸੌਣ ਨਹੀਂ ਦੇਵੇਗੀ।"

ਉਸ ਨੂੰ ਕਹੇ ਆਪਣੇ ਇਹ ਸ਼ਬਦ ਕੰਨਾਂ ਵਿਚ ਗੂੰਜਦੇ ਹਨ ਤਾਂ ਮੈਂ ਮਨੁੱਖ ਤੇ ਚੰਦ ਬਾਰੇ ਸੋਚਣ ਲਗ ਜਾਂਦਾ ਹਾਂ। ਮਨੁੱਖ ਚੰਦ 'ਤੇ ਪਹੁੰਚ ਚੁੱਕਾ ਹੈ—ਉਸ ਦੇ ਪੈਰ ਚੰਦਰ-ਭੂਮੀ 'ਤੇ ਨਜ਼ਰ ਮੰਗਲ ਉੱਤੇ ਅਤੇ ਸੋਚ ਉਸ ਤੋਂ ਵੀ ਅੱਗੇ ਹੈ। ਇਕ ਰਹੱਸ ਹੱਲ ਹੁੰਦਾ ਹੈ ਤਾਂ ਦੂਸਰਾ ਸ਼ੁਰੂ ਹੋ ਜਾਂਦਾ ਹੈ। ਮੈਂ ਹਰ ਵਾਰ ਉਹਦੇ ਤਕ ਪਹੁੰਚਦਾ ਹਾਂ, ਪਰ ਉਹ ਹਰ ਵਾਰ ਹੀ ਮੈਥੋਂ ਅੱਗੇ ਨਿਕਲ ਜਾਂਦੀ ਹੈ—ਅੱਗੇ ਹੀ ਅੱਗੇ, ਜਿੱਥੇ ਪਾਰਦਰਸ਼ੀ ਸੋਝੀ ਸੌਹੇਂ ਵੀ ਅਜੇ ਅਨ੍ਹੇਰਾ ਹੀ ਅਨ੍ਹੇਰਾ ਹੈ। ਸ਼ਖ਼ਸੀਅਤ ਦੀ ਅਮੀਰ ਇਸਤਰੀ ਆਪਣੇ ਆਪ ਵਿਚ ਇਕ ਪੂਰਾ ਬ੍ਰਹਿਮੰਡ ਹੁੰਦੀ ਹੈ। ਮਨੁੱਖ ਉਸ ਦੇ ਰਹੱਸ ਦਾ ਭੇਦ ਪਾਉਂਦਾ, ਪਾਉਂਦਾ ਜਾਂ ਤਾਂ ਇਕ ਗ੍ਰਹਿ ਨੂੰ ਹੀ ਪੂਰਾ ਬ੍ਰਹਿਮੰਡ ਸਮਝ ਕੇ ਸੰਤੁਸ਼ਟ ਹੋ ਬਹਿੰਦਾ ਹੈ, ਜਾਂ ਇਸੇ ਢੂੰਡ ਵਿਚ ਦਮ ਤੋੜ ਦਿੰਦਾ ਹੈ,

ਅਤੇ ਜਾਂ ਹਾਰ ਕੇ ਆਤਮ-ਘਾਤ ਕਰ ਲੈਂਦਾ ਹੈ। ਪਰ ਇਹ ਗੱਲ ਨਹੀਂ ਰੁਕਦੀ, ਪੁਸ਼ਤ-ਦਰ-ਪੁਸ਼ਤ ਤੁਰੀ ਰਹਿੰਦੀ ਹੈ।

ਮੈਂ ਜਿੰਨਾ ਉਹਦੇ ਨਜ਼ਦੀਕ ਆਉਣ ਦਾ ਯਤਨ ਕਰਦਾ ਹਾਂ ਉਹ ਉੱਨੀ ਹੀ ਮੈਥੋਂ ਦੂਰ ਚਲੇ ਗਈ ਪ੍ਰਤੀਤ ਹੁੰਦੀ ਹੈ। ਇਕੱਲ ਵਿਚ, ਜੀਵਨ ਤੇ ਮੌਤ ਬਾਰੇ ਮੇਰੀ ਸੋਚ, ਉਹਦਾ ਪ੍ਰਸੰਗ ਲੈ ਕੇ ਇਕ ਪੀਡੀ ਗ੍ਰੰਥੀ ਦਾ ਰੂਪ ਧਾਰਨ ਕਰ ਲੈਂਦੀ ਹੈ, ਕਿਉਂਕਿ ਮੈਨੂੰ ਦੋਹਾਂ ਵਿਚ ਹੀ ਉਸ ਦੀ ਹੋਂਦ ਨਜ਼ਰ ਆਉਂਦੀ ਹੈ। ਜ਼ਿੰਦਗੀ ਤੇ ਮੌਤ ਮੇਰੇ ਅੰਦਰ ਵੀ ਹਨ, ਨਾਲ-ਨਾਲ, ਇਕ ਆਤਮ-ਵਿਰੋਧ ਵਾਂਗ ਬਾਹਰ ਵੀ ਤੇ ਉਹਦੇ ਵਿਚ ਵੀ। ਪਰ ਪਤਾ ਨਹੀਂ ਉਹਦੇ ਵਿਚ ਇਨ੍ਹਾਂ ਦੀ ਹੋਂਦ ਜਾਂ ਇਨ੍ਹਾਂ ਵਿਚ ਉਹਦੀ ਹੋਂਦ ਮੈਨੂੰ ਕਿਉਂ ਚੱਕਰਾ ਦਿੰਦੀ ਹੈ। ਇਕ-ਇਕ ਛਿਣ ਸਾਹਾਂ ਵਿਚ ਇਕ-ਇਕ ਸਾਲ ਬਣ ਕੇ ਲਟਕ ਜਾਂਦਾ ਹੈ ਤੇ ਕਦੇ ਇਕ-ਇਕ ਦਿਨ ਇਕ-ਇਕ ਛਿਣ ਦੀ ਤੇਜ਼ ਗਤੀ ਤੇ ਮੇਰੇ ਵਿੱਚੋਂ ਦੀ ਘੁੰਮਦਾ ਹੋਇਆ ਲੰਘਦਾ, ਮੈਨੂੰ ਮੇਰੇ ਕੇਂਦਰ ਦੁਆਲੇ ਬੜੀ ਤੇਜ਼ ਭੁਆਂਟਣੀ ਦੇ ਜਾਂਦਾ, ਚੱਕਰਾ ਜਾਂਦਾ ਹੈ।

ਜਦੋਂ ਮੈਂ ਕੱਲਾ ਹੁੰਦਾ ਹਾਂ, ਤਾਂ ਮੇਰੇ ਅੰਦਰੋਂ ਭੁੜਕ ਕੇ ਉਹ ਮੇਰੇ ਨਾਲ ਬਿਸਤਰੇ ਤੇ ਆ ਲੇਟਦੀ, ਬੜਾ ਖਰੂਦ ਕਰਦੀ ਹੈ। ਉਹਦੀ ਗੈਰ-ਹਾਜ਼ਰੀ ਵਿਚ ਉਹਦੀ ਹਾਜ਼ਰੀ ਦਾ ਅਹਿਸਾਸ ਬੜਾ ਭਿਆਨਕ ਹੁੰਦਾ ਹੈ।

ਜਦੋਂ ਉਹ ਕੋਲ ਹੁੰਦੀ ਹੈ, ਤਾਂ ਉਸਦੀਆਂ ਅਦਾਵਾਂ ਨੂੰ ਪਰਸ ਰਹੀ ਮੇਰੀ ਨਜ਼ਰ ਦੀ ਛੁਹ ਨਾਲ ਉਸ ਵਿੱਚੋਂ ਕਈ ਇਸਤਰੀਆਂ ਜਾਗ ਪੈਂਦੀਆਂ ਹਨ। ਉਹਦੇ ਨਕਸ਼ਾਂ ’ਚੋਂ ਮੈਂ ਆਪਣੇ ਬੀਤ ਗਏ ਤੇ ਆਪਣੇ ਭਵਿੱਖ ਦੀਆਂ ਪ੍ਰੇਮਿਕਾਵਾਂ ਦੇ ਝਾਉਲੇ ਵੇਖਦਾ ਹਾਂ।

“ਯੰਗ ਗਰਲਜ਼, ਲਾਈਕ ਓਲਡ ਮੈਂਨ, ਐਂਡ ਓਲਡ ਮੈਂਨ ਲਾਈਕ ਯੰਗ ਗਰਲਜ਼।”

ਹਾਸੇ-ਹਾਸੇ ਵਿਚ ਕਹੇ ਉਸ ਦੇ ਇਨ੍ਹਾਂ ਸ਼ਬਦਾਂ ਨਾਲ ਮੇਰੇ ਸਿਮਰਨ ਵਿਚ ਉਸ ਦਾ ਇਕ ਹੋਰ ਸ੍ਰੂਰ ਉੱਭਰਦਾ ਹੈ :

“ਤੇਰੇ ਕੋਲ ਆ ਕੇ ਇਹ ਅਹਿਸਾਸ ਹੁੰਦਾ ਹੈ, ਕਿ ਤੂੰ ਓਸ ਸੱਚ ਨੂੰ ਪਹੁੰਚ ਚੁੱਕਾ ਹੈਂ, ਜਿੱਥੇ ਆ ਕੇ ਜਿਸਮ ਪਵਿੱਤਰ ਅੰਜੀਲ ਬਣ ਜਾਂਦੇ ਹਨ—ਤਨ ਤੇ ਮਨ ਵਿਚ ਕੋਈ ਅੰਤਰ ਨਹੀਂ ਰਹਿੰਦਾ।”

ਸ਼ੀਸ਼ੇ ਵਿਚ ਤਕ ਕੇ ਜਦੋਂ ਮੈਂ ਆਪਣੀ ਮੁੱਛ ਵਿਚ ਆਏ ਧੌਲੇ ਨੂੰ ਮੋਚਣੇ ਨਾਲ ਚੁਗ ਲੈਂਦਾ ਹਾਂ ਤਾਂ ਮੇਰੇ ਕੰਨਾਂ ਵਿਚ ਸਹਿਜੇ ਹੀ ਉਸ ਦੀ ਮਸਖਰੀ ਆਵਾਜ਼ ਸੁਣਾਈ ਪੈਂਦੀ ਹੈ, “ਮੰਜੇ ਦੀ ਬੁੱਢੀ ਮੈਂ ਸਹੀ, ਪਰ ਵਾਲਾਂ ਦਾ ਬੁੱਢਾ ਤੂੰ ਹੈਂ।”

ਆਪਣੇ ਅੰਦਰਲੀ ਜਵਾਨੀ ਲਈ—ਇਕ ਜਵਾਨ ਕੁੜੀ ਦੀ ਇਹ ਪ੍ਰਸੰਸਾ ਮੇਰੇ ਅੰਦਰਲੇ ਰਾਖ਼ਸ਼ਿਸ਼ ਨੂੰ ਜਗਾ ਦਿੰਦੀ ਹੈ, ਤਾਂ ਮੈਂ ਸੇਕ ਨਾਲ ਅਚਾਨਕ ਲੂਹੀ ਗਈ ਉਂਗਲੀ ਨੂੰ ਪਿਛਾਂਹ ਖਿੱਚਦਾ ਹੋਇਆ ਕਹਿੰਦਾ ਹਾਂ, “ਉਹ ਜ਼ਰੂਰ ਆਵੇਗੀ।”

ਸ਼ੀਸ਼ੇ ਵਿਚ ਮੇਰੇ ਚਿਹਰੇ ਦੀ ਥਾਂ ਹੁਣ ਇਕ ਬੱਚੇ ਦਾ ਚਿਹਰਾ ਦਿਖਾਈ ਦੇ ਰਿਹਾ ਹੈ। ਮੈਂ ਫੇਰ ਗੌਰ ਨਾਲ ਵੇਖਦਾ ਹਾਂ—ਬੱਚੇ ਦਾ ਹੀ ਚਿਹਰਾ ਹੈ। ਸ਼ਾਇਦ ਇਹ ਵੀ ਕਿਸੇ ਮਾਨਸਕ ਗੁੰਝਲ ਦਾ ਹੀ ਪ੍ਰਤੀਕਰਮ ਹੈ। ਆਪਣੇ ਨਾਲ ਸੌਣ ਵਾਲੀ ਹਰ ਕੁੜੀ ਦੇ ਪੇਟ ’ਚੋਂ ਮੈਨੂੰ ਗਰਭ ਸੁੰਘਣ ਦੀ ਆਦਤ ਹੈ—ਜਾਂ ਸ਼ਾਇਦ ਇਸ ਲਈ ਕਿ ਜਦੋਂ ਉਹ ਮੇਰੇ ਕੋਲ ਹੁੰਦੀ ਹੈ ਤਾਂ ਉਸ ਦੇ ਚਿਹਰੇ ’ਚੋਂ ਮੈਨੂੰ ਆਪਣੀ ਪ੍ਰੇਮਿਕਾ ਦਾ ਝਾਉਲਾ ਪੈਂਦਾ ਹੈ ਅਤੇ ਉਸਦੀਆਂ ਛਾਤੀਆਂ ’ਚੋਂ ਆਪਣੀ ਮਾਂ ਦੀਆਂ ਛਾਤੀਆਂ ਦਾ—ਤੇ ਫਿਰ ਆਪ-ਮੁਹਾਰਾ ਹੀ ਮੇਰੇ ਹੋਂਠ ਉਸਦੀਆਂ ਛਾਤੀਆਂ ਨੂੰ ਲੱਗ ਜਾਂਦੇ ਹਨ ਅਤੇ ਮੇਰੇ ਅੰਗ ਉਸ ਦੇ ਅੰਗਾਂ ਵਲ ਤੁਰ ਪੈਂਦੇ ਹਨ।

ਸ਼ਰਾਬ ਦੇ ਅੰਨ੍ਹੇ ਨਸ਼ੇ ਵਿਚ ਮੈਂ ਜਦ ਵੀ ਉਸ ਨੂੰ ਕੁੱਟ ਕੇ ਰਾਤ ਬੇਹੋਸ਼ੀ ਵਿਚ ਸੁੱਤਾ, ਤਾਂ ਸਵੇਰੇ ਆਪਣੇ ਹੋਂਠ ਉਸਦੀਆਂ ਛਾਤੀਆਂ ਤੇ ਹੀ ਪਾਏ—ਤੇ ਨਾਲ ਹੀ ਉਸ ਦੀ ਇਕ ਅਤਿ ਪਿਆਰੀ ਮੁਸਕਾਨ—ਜਿਵੇਂ ਉਹ ਮੇਰੀ ਇਸ ਨਿਰਦਈ ਹਰਕਤ ਨੂੰ ਵੀ ਇਕ ਸ਼ਰਾਰਤੀ ਬੱਚੇ ਦੀ ਸ਼ਰਾਰਤ ਤੋਂ ਵਧ ਹੋਰ ਕੁਝ ਨਾ ਸਮਝਦੀ ਹੋਵੇ।

ਮੈਨੂੰ ਇੱਕੋ ਵਾਰ ਹੀ ਉਸ ਦੀ ਇਸ ਅਦਾ ’ਤੇ ਗੁੱਸਾ ਵੀ ਆਉਂਦਾ ਹੈ ਅਤੇ ਪਿਆਰ ਵੀ। ਮੇਰੀ ਨਜ਼ਰ ਸਾਹਵੇਂ ਮੇਰੀ ਪ੍ਰੇਮਿਕਾ ਦਾ ਚਿਹਰਾ ਤੇ ਮੇਰੇ ਹੋਠਾਂ ਵਿਚ ਮੇਰੀ ਮਾਂ ਦੀਆਂ ਛਾਤੀਆਂ !! ਮੇਰੇ ਅੰਦਰ ਕੁਝ ਟੁੱਟਦਾ, ਭੱਜਦਾ ਵਿਰੋਧੀ ਦਿਸ਼ਾਵਾਂ ਵਲ ਖਿੱਚ ਹੁੰਦਾ ਹੈ, ਤਾਂ ਸ਼ੀਸ਼ੇ ਵਿਚ ਬੱਚੇ ਦੇ ਅਕਸ ਦਾ ਰਹੱਸ ਸਮਝ ਆਉਂਦਾ ਆਉਂਦਾ, ਫੇਰ ਖੁੱਸ ਜਾਂਦਾ ਹੈ। ਮੇਰੇ ਅੰਦਰਲੀ ਗੰਢ ਹੋਰ ਵੀ ਪੀਡੀ ਹੋ ਜਾਂਦੀ ਹੈ।

ਮੈਂ ਫੇਰ ਸ਼ੀਸ਼ੇ ਵਿਚ ਵੇਖਦਾ ਹਾਂ। ਹੁਣ ਉੱਥੇ ਕੁਝ ਵੀ ਨਹੀਂ। ਖ਼ਾਲੀ ਸ਼ੀਸ਼ਾ ਮੇਰੇ ਵਲ ਘੂਰਦਾ ਹੋਇਆ ਮੈਨੂੰ ਸੱਖਣੇਪਨ ਦਾ ਅਹਿਸਾਸ ਦਿੰਦਾ ਹੈ। ਦਰਵਾਜ਼ੇ ’ਤੇ ਦਸਤਕ ਹੁੰਦੀ ਹੈ। ਵਾਹੋਮੇਂ ਪੁੱਛਦਾ ਹੈ, “ਉਹ ਆਈ ?”

ਤੇ ਫਿਰ ਆਪ ਹੀ ਉੱਤਰ ਦਿੰਦਾ ਹੈ, “ਉਹ ਨਹੀਂ ਆਵੇਗੀ !”

“ਉਹ ਜ਼ਰੂਰ ਆਵੇਗੀ।”

ਆਪ-ਮੁਹਾਰਾ ਹੀ ਮੇਰੇ ਮੂੰਹੋਂ ਨਿਕਲ ਜਾਂਦਾ ਹੈ ਤਾਂ ਉਹ ‘ਅੱਛਾ’ ਕਹਿ ਕੇ ਮੇਰੇ ਅੱਗੇ ਬੀਅਰ ਦੀਆਂ ਦੋ ਬੋਤਲਾਂ ਰੱਖ ਕੇ ਆਪਣੇ ਘਰ ਵਾਪਸ ਚਲਾ ਜਾਂਦਾ ਹੈ। ਇਹ ਵਾਹੋਮੇਂ ਵੀ ਅਜੀਬ ਵਿਅਕਤੀ ਹੈ। ਉਹ ਆਪਣੇ ਕਬੀਲੇ ਦੀ ਆਪਣੀ ਇਕ ਮਿੱਤਰ-ਕੁੜੀ ਨੂੰ ਅੰਤਾਂ ਦਾ ਪਿਆਰ ਕਰਦਾ ਹੈ ਤੇ ਛੇਤੀ ਹੀ ਉਸ ਨਾਲ ਵਿਆਹ ਕਰਨ ਬਾਰੇ ਵੀ ਸੋਚਦਾ ਹੈ। ਪਰ ਪਤਾ ਨਹੀਂ ਕੀ ਗੱਲ ਹੈ ਕਿ ਜਦੋਂ ਉਹ ਬਾਰ ਵਿਚ ਜਾਂਦਾ ਹੈ, ਤਾਂ ਆਪਣੇ ਆਪ ਨੂੰ ਕਾਬੂ ਤੇ ਸੀਮਾਂ ਵਿਚ ਰੱਖਣ ਦੇ ਪ੍ਰਣ ਕਰਦਾ ਹੋਇਆ ਵੀ ਬੀਅਰ ਦੀਆਂ ਦੋ ਬੋਤਲਾਂ ਪੀਣ ਉਪਰੰਤ, ਬੇਕਾਬੂ ਹੋ ਕੇ ਅੰਧਾਧੁੰਦ ਪੀਣ ਲੱਗ ਪੈਂਦਾ ਹੈ। ਰਾਤ ਦੇ ਗਿਆਰਾਂ ਵਜੇ ਤਕ ਨਸ਼ੇ ਵਿਚ ਗੁੱਟ ਉਹ ਕੋਈ ਹੋਰ ਹੀ ਵਾਹੋਮੇਂ ਹੁੰਦਾ ਹੈ। ਸਮਾਂ ਪੂਰਾ ਕਰਕੇ ਜਦੋਂ ਬਾਰ-ਮੇਡਜ਼ ਦਰਵਾਜ਼ੇ ਬੰਦ ਕਰਦੀਆਂ ਹਨ, ਤਾਂ ਉਹ ਉਨ੍ਹਾਂ ਵਿੱਚੋਂ ਹੀ ਕਿਸੇ ਇਕ ਨੂੰ ਫੜ ਕੇ ਉਸ ਨਾਲ ਉਸੇ ਦੇ ਕਮਰੇ ਵਿਚ ਹੀ ਜਾ ਸੌਂਦਾ ਹੈ। ਸਵੇਰੇ ਉਸ ਨੂੰ ਆਪਣੀ ਇਸ ਹਰਕਤ ਤੇ ਬੜਾ ਗੁੱਸਾ ਆਉਂਦਾ ਹੈ। ਉਹ ਪਸ਼ਚਾਤਾਪ ਕਰਦਾ, ਆਪਣੇ ਆਪ ਨੂੰ ਕੋਸਦਾ, ਬੁਰਾ ਭਲਾ ਕਹਿੰਦਾ, ਅੱਗੋਂ ਲਈ ਸਾਬਤ ਕਦਮੀਂ ਦੇ ਪ੍ਰਣ ਕਰਦਾ ਹੈ। ਪਰ ਜਦੋਂ ਵੀ ਉਹ ਬਾਰ ਵਿਚ ਜਾਂਦਾ ਹੈ, ਤਾਂ ਉਸ ਨਾਲ ਚਾਹੇ ਅਚਾਹੇ ਆਪ-ਮੁਹਾਰਾ ਹੀ ਇਹ ਸਭ ਕੁਝ ਵਾਪਰ ਜਾਂਦਾ ਹੈ। ਕੁਝ ਅਨੁਭਵ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਮਨੁੱਖ ਆਪਣੀ ਮਰਜ਼ੀ ਨਾਲ ਭੋਗਦਾ ਹੈ ਅਤੇ ਕੁਝ ਅਜਿਹੇ ਜੋ ਮਨੁੱਖ ਨੂੰ ਆਪਣੀ ਮਰਜ਼ੀ ਨਾਲ ਭੋਗਦੇ ਹਨ। ਵਾਹੋਮੇਂ ਦੀ ਮਿੱਤਰ-ਕੁੜੀ ਦਾ ਵਿਚਾਰ ਹੈ :

“ਜਦੋਂ ਵੀ ਉਹ ਵੇਸਵਾ ਦੇ ਜਾਵੇਗਾ ਤਾਂ ਆਪਣੇ ਕਰਮ ਲਈ ਇਕ ਨਵਾਂ ਪਸ਼ਚਾਤਾਪ ਤੇ ਮੇਰੇ ਪਿਆਰ ਲਈ ਇਕ ਹੋਰ ਪਕੇਰਾ ਪ੍ਰਣ ਲੈ ਕੇ ਆਵੇਗਾ—ਇਸ ਲਈ ਇਸ ਸੰਬੰਧ ਵਿਚ ਮੈਂ ਉਸ ਨੂੰ ਖ਼ਿਮਾਂ ਕਰ ਦਿੱਤਾ ਹੈ।”

ਕੱਲ੍ਹ ਰਾਤ ਗਿਆਰਾਂ ਵਜੇ ਤਕ ਉਹ ਮੈਨੂੰ ਨਾਲ ਲੈ ਕੇ ਬਾਰ ਵਿਚ ਬੈਠਾ ਰਿਹਾ ਸੀ। ਜਦੋਂ ਕੁੜੀਆਂ ਉੱਠ ਕੇ ਦਰਵਾਜ਼ੇ ਬੰਦ ਕਰਨ ਲੱਗੀਆਂ, ਤਾਂ ਉਸ ਨੇ ਮੈਨੂੰ ਉਨ੍ਹਾਂ ’ਚੋਂ ਇਕ ਚੁਣ ਲੈਣ ਦੀ ਜ਼ਿੱਦ ਕੀਤੀ। ਮੇਰੇ ਨਾਂਹ ਕਰਨ ਤੇ ਉਹ ਮੇਰੇ ਨਾਲ ਬਹੁਤ ਖ਼ਫ਼ਾ ਹੋਇਆ ਸੀ। ਅੱਜ ਸਵੇਰੇ ਮੇਰੇ ਕੋਲ ਉਹ ਫਿਰ ਪਸ਼ਚਾਤਾਪ ਕਰ ਰਿਹਾ ਸੀ। ਉਸ ਨੂੰ ਸਮਝ ਨਹੀਂ ਸੀ ਆਉਂਦੀ ਕਿ ਇਹ ਸਭ ਕੁਝ ਕਿਉਂ ਤੇ ਕਿਵੇਂ ਹੋ ਜਾਂਦਾ ਸੀ ?

ਮੈਂ ਵੇਖਿਆ ਸ਼ੀਸ਼ੇ ’ਚੋਂ ਚਿਹਰਾ ਫੇਰ ਗਾਇਬ ਸੀ। ਸੱਖਣੇ ਸ਼ੀਸ਼ੇ ਪਿੱਛੋਂ ਵਾਹੋਮੇਂ ਦਾ ਸੁਰ ਫੇਰ ਉੱਭਰਦਾ ਹੈ :

“ਉਹ ਆਈ ? ਉਹ ਨਹੀਂ ਆਵੇਗੀ।”

“ਉਹ ਹੁਣੇ ਆਵੇਗੀ, ਜ਼ਰੂਰ ਆਵੇਗੀ।”

ਆਪ-ਮੁਹਾਰਾ ਹੀ ਮੇਰੇ ਮੂੰਹੋਂ ਨਿਕਲਦਾ ਹੈ, “ਜਦੋਂ ਮੈਨੂੰ ਉਸ ਦੀ ਭੁੱਖ ਲੱਗਦੀ ਹੈ ਤਾਂ ਹੋਰ ਕੁਝ ਵੀ ਚੰਗਾ ਨਹੀਂ ਲੱਗਦਾ। ਉਸ ਨੂੰ ਵੀ ਮੇਰੀ ਭੁੱਖ ਲੱਗਦੀ ਹੋਵੇਗੀ। ਜਦੋਂ ਉਸ ਨੂੰ ਮੇਰੀ ਭੁੱਖ ਲੱਗੇਗੀ, ਤਾਂ ਉਹ ਜ਼ਰੂਰ ਆਵੇਗੀ।”

ਰਾਤ ਦੇ ਗਿਆਰਾਂ ਵੱਜ ਚੁੱਕੇ ਹਨ। ਮੈਨੂੰ ਆਪਣੇ ਘਰ ਵਿਚ ਹੀ ਬਾਰ ਦੇ ਦਰਵਾਜ਼ੇ ਬੰਦ ਹੋਣ ਦੀ

ਆਵਾਜ਼ ਸੁਣਾਈ ਦਿੰਦੀ ਹੈ, ਤਾਂ ਅਜੀਬ ਜਿਹੀ ਘੁਟਨ ਦੇ ਅਹਿਸਾਸ ਹੇਠ ਮੈਂ ਖਿੜਕੀ ਸਾਹਵੇਂ ਆਣ ਖੜੋਂਦਾ ਹਾਂ। ਖਿੜਕੀ ਵਿੱਚੋਂ ਉੱਚਾ ਲੰਮਾਂ ਅੰਬਰ ਛੂੰਹਦਾ, ਰੁੰਡ ਮੁੰਡ ਯੂਕਲਿਪਟਸ ਦਾ ਬ੍ਰਿਛ ਖੜ੍ਹਾ ਨਜ਼ਰ ਆਉਂਦਾ ਹੈ। ਦੋ ਸਾਲ ਪਹਿਲਾਂ ਜਦੋਂ ਮੈਂ ਏਥੇ ਆਇਆ ਸਾਂ, ਤਾਂ ਇਹ ਇਸੇ ਤਰ੍ਹਾਂ ਹੀ ਖੜਸੁਕ ਤੇ ਨਿਪੱਤਰਾ ਸੀ— ਮੇਰੀ ਇਕੱਲ ਦਾ ਸਾਥੀ, ਮੇਰੀ ਹੋਂਦ ਦਾ ਪ੍ਰਤੀਬਿੰਬ। ਫਿਰ ਮੈਂ ਜਦੋਂ ਲੰਮੀ ਵਰਖਾ ਦੀ ਛੁੱਟੀ ਕਟ ਕੇ ਵਾਪਸ ਆਇਆ, ਤਾਂ ਇਸ ਨੂੰ ਪੱਤੇ ਫੁੱਟ ਰਹੇ ਸਨ ਤੇ ਕੂਲੀਆਂ-ਕੂਲੀਆਂ, ਨਿੱਕੀਆਂ-ਨਿੱਕੀਆਂ ਸ਼ਾਖਾਂ ਵੀ। ਮੈਨੂੰ ਜਾਪਿਆ ਸੀ, ਜਿਵੇਂ ਮੈਂ ਵੀ ਇਸ ਪਰਦੇਸੀ ਧਰਤੀ ਵਿਚ ਜੜ੍ਹਾਂ ਫੜ ਲਈਆਂ ਹੋਣ ਤੇ ਮੇਰੇ ਅੰਦਰੋਂ ਵੀ ਕੁਝ ਮੌਲ ਪਿਆ ਹੋਵੇ। ਫਿਰ ਪਿਛਲੇ ਸਾਲ ਜਦੋਂ ਲੰਮੀ ਵਰਖਾ ਤੋਂ ਬਾਅਦ ਵੀ ਇਸ ਨੂੰ ਕੋਈ ਪੱਤਰ ਨਾ ਮੌਲਿਆ, ਤਾਂ ਮੈਨੂੰ ਵੀ ਆਪਣੇ ਅੰਦਰ ਕੁਝ ਝੜ ਰਿਹਾ ਪ੍ਰਤੀਤ ਹੋਇਆ ਸੀ। ਸਭ ਕਹਿੰਦੇ ਸਨ ਕਿ ਇਹਾਤੇ ਵਿੱਚੋਂ ਇਸ ਬ੍ਰਿਛ ਨੂੰ ਕਟਵਾ ਦੇਣਾ ਚਾਹੀਦਾ ਹੈ, ਪਰ ਮੈਂ ਸਭ ਦਾ ਵਿਰੋਧ ਕੀਤਾ ਤੇ ਕਿਹਾ ਸੀ, "ਨਹੀਂ, ਜੇ ਕੱਟਿਆ ਤਾਂ ਇਹ ਬਾਲਣ ਬਣ ਕੇ ਬਲ ਜਾਵੇਗਾ। ਕੁਝ ਬ੍ਰਿਛ ਐਸੇ ਵੀ ਹੁੰਦੇ ਹਨ, ਜੋ ਨਾ ਮੌਲ ਕੇ ਵੀ ਮਨੁੱਖ ਅੰਦਰ ਕੁਝ ਮੌਲਣ ਦੀ ਆਸ ਜਗਾਈ ਰੱਖਦੇ ਹਨ। ਇਹ ਜ਼ਰੂਰ ਮੌਲੇਗਾ।"

"ਉਹ ਜ਼ਰੂਰ ਆਵੇਗੀ, ਹੁਣੇ ਆਵੇਗੀ।"

ਕਹਿੰਦਾ ਹੋਇਆ ਮੈਂ ਸੁਈਡ ਕੋਟ ਪਹਿਨ ਕੇ ਘਰ ਦੇ ਦਰਵਾਜ਼ੇ ਖੁੱਲ੍ਹੇ ਛੱਡ ਬਾਹਰ ਵਲ ਤੁਰ ਪੈਂਦਾ ਹਾਂ। ਉਸ ਨੂੰ ਪਤਾ ਹੈ ਕਿ ਮੈਨੂੰ ਅਨ੍ਹੇਰੀਆਂ ਰਾਤਾਂ ਵਿਚ ਅੱਗ ਬਾਲਣ, ਜਾਂ ਤੁਰਦਿਆਂ ਰਹਿਣ ਦਾ ਸ਼ੌਕ ਹੈ। ਕਿਉਂਕਿ ਮੈਨੂੰ ਇਹ ਅਹਿਸਾਸ ਹੁੰਦਾ ਹੈ ਕਿ ਮੇਰੀ ਅੱਗ ਵਿਚ ਅਨ੍ਹੇਰਾ ਬਲ ਰਿਹਾ ਤੇ ਮੇਰੇ ਹਰ ਕਦਮ ਨਾਲ ਵਾਟ ਮੁੱਕ ਰਹੀ ਹੈ ...।

# ਹਮ-ਛਿਣ

ਹਰ ਵਾਰ ਉਹ ਕੁੜੀ ਇਸੇ ਸ਼ਹਿਰ ਵਿਚ ਗੁੰਮ ਹੁੰਦੀ ਹੈ। ਇਹ ਸ਼ਹਿਰ ਇਸ ਦੇਸ਼ ਦੀ ਰਾਜਧਾਨੀ ਹੈ, ਜਿੱਥੇ ਵੱਡੇ-ਵੱਡੇ ਗਿਰਜਿਆਂ ਤੋਂ ਲੈ ਕੇ ਚਕਲਿਆਂ ਤਕ ਸਭ ਦਾ ਕਾਰੋਬਾਰ ਚਲਦਾ ਹੈ। ਕਈ ਪੇਸ਼ਾਵਰ ਹਨ ਤੇ ਕਈ ਪੇਸ਼ਾ ਕਰਦੇ ਹਨ। ਮੁਜਰਮ ਤੇ ਡਾਕੂ ਏਥੇ ਪੂਰੀ ਸੁਹਿਰਦਤਾ ਨਾਲ ਆਪਣੀ ਬਾਤ ਪਾਉਂਦੇ ਹਨ ਤੇ ਖ਼ੁਫ਼ੀਆ ਪੁਲਸ ਵਾਲੇ ਆਪਣੀ। ਦੋਹਾਂ ਦਾ ਕਿੱਤਾ ਜੁਰਮ ਹੈ, ਇਕ ਦਾ ਜੁਰਮ ਕਰਨਾ ਤੇ ਦੂਜੇ ਦਾ ਜੁਰਮ ਫੜਨਾ। ਇਕ ਬਿਨਾਂ ਦੂਜੇ ਦੀ ਹੋਂਦ ਸੰਭਵ ਨਹੀਂ। ਕਦੇ-ਕਦੇ ਕਿਸੇ ਵੱਡੇ ਦਾਅ 'ਤੇ ਇਹ ਦੋਵੇਂ ਆਪਸ ਵਿਚ ਮਿਲ ਵੀ ਜਾਂਦੇ ਹਨ। ਮੁਜਰਮ ਫਰਾਰ ਹੋ ਜਾਣ, ਜਾਂ ਫੜੇ ਜਾਣ, ਜਾਂ ਫਾਂਸੀ ਦੇ ਤਖ਼ਤੇ 'ਤੇ ਲਟਕ ਜਾਣ, ਏਥੇ ਗੱਲ ਰੁਕਦੀ ਕਦੇ ਨਹੀਂ, ਤੁਰਦੀ ਹੀ ਰਹਿੰਦੀ ਹੈ। ਜਿਸ ਤਰ੍ਹਾਂ ਕੁੜੀ ਤੋਂ ਗੱਲ ਜੁਰਮ ਤਕ ਪਹੁੰਚੀ ਹੈ, ਉਸੇ ਤਰ੍ਹਾਂ ਜੁਰਮ ਤੋਂ ਗੱਲ ਫਿਰ ਕੁੜੀ ਵਲ ਤੁਰ ਪਈ ਹੈ।

"ਮੁਜਰਮ, ਪਾਗ਼ਲ ਤੇ ਪੈਗੰਬਰ, ਇਨ੍ਹਾਂ ਤਿੰਨਾਂ ਵਿਚ ਐਵੇਂ ਥੋੜ੍ਹਾ ਜਿਹਾ ਅੰਤਰ ਹੀ ਹੁੰਦਾ ਹੈ, ਉਂਵ ਇਨ੍ਹਾਂ ਦਾ ਆਈ.ਕਿਊ. (I.Q.) ਇਕ ਹੀ ਹੁੰਦਾ ਹੈ। ਇਕ ਦੀ ਸੋਚ ਨਿਕਾਰਾਤਮਕ, ਦੂਜੇ ਦੀ ਅੰਤਰਮੁਖੀ ਤੇ ਤੀਜੇ ਦੀ ਸਕਾਰਾਤਮਕ ਹੁੰਦੀ ਹੈ। ਤਿੰਨੇ ਆਪਣੇ ਆਪ ਨੂੰ ਧਰਮ ਦੀ ਹੱਦ ਤਕ ਸੁਹਿਰਦ ਹੁੰਦੇ ਹਨ।"

"ਤੇ ਫਿਰ ਤੂੰ ਮੁਜਰਮ ਹੋਇਆ ?"

"ਤੇਰੇ ਪਿਆਰ ਦਾ।"

"ਪਾਗ਼ਲ !"

"ਕੀ ਫ਼ਰਕ ਪੈਂਦਾ ਹੈ, ਪੈਗੰਬਰ ਬਣਨ 'ਚ ਥੋੜ੍ਹੀ ਜਿਹੀ ਕਸਰ ਰਹਿੰਦੀ ਹੈ।"

"ਤੇ ਉਹ ਕਸਰ ਮੈਂ ਪੂਰੀ ਕਰ ਦਿਆਂਗੀ, ਚੱਲ ਮੰਜੇ 'ਤੇ।"

"ਤੂੰ ਰਾਜ਼ੀ ਹੋ ਲੈ, ਕੱਲ੍ਹ ਹੀ ਤਾਂ ਟੀਕਾ ਲਗਵਾਇਆ ਹੈ ਤੇ ਕੈਪਸਿਊਲ ਤੂੰ ਅਜੇ ਦੋ ਦਿਨ ਹੋਰ ਖਾਣੇ ਹਨ। ਤੇ ਫਿਰ ਡਾਕਟਰ ...।"

"ਡਾਕਟਰ ਪਾਗ਼ਲ ਹੈ ! ਜਿਸ ਨੂੰ ਕੋਈ ਲਿੰਗ-ਰੋਗ ਨਹੀਂ ਲੱਗਾ, ਉਹ ਕੀ ਜਾਣੇ ਕਾਮ-ਭੋਗ ਦੇ ਆਨੰਦ ਦਾ ਸਿਖਰ ...।"

"ਤੂੰ ਪੈਗੰਬਰ ਬਣ ਰਹੀ ਹੈਂ ਤੇ ਮੈਂ ਫੇਰ ਪਾਗ਼ਲ।"

"ਤੇਰੇ ਪਾਗ਼ਲਪਨ ਨਾਲ ਹੀ ਤਾਂ ਮੈਨੂੰ ਇਸ਼ਕ ਹੈ। ਪਿਛਲੀ ਵਾਰ ਯਾਦ ਈ, ਡਾਕਟਰ ਦੇ ਰੋਕਣ ਤੇ ਵੀ ਅਸੀਂ ਨਹੀਂ ਰੁਕੇ ਸਾਂ ਤੇ ਤੂੰ ਆਪ ਹੀ ਕਹਿੰਦਾ ਸੈਂ ਕਿ ਤੇਰਾ ਸਾਰਾ ਆਪਾ ਇਕ ਛਿਣ ਵਿਚ ਸੁੰਗੜ ਗਿਆ ਸੀ ਤੇ ਫਿਰ ਇਸ ਛਿਣ ਪਿੱਛੇ ਅਸੀਂ ਲਗਾਤਾਰ ਟੀਕੇ ਲਗਵਾਂਦੇ ਰਹੇ ਸਾਂ।"

"ਹਾਂ ਤੇ ਸੱਚ ਉਹ ਛਿਣ ਕਿੰਨਾ ਵਿਸਮਾਦਮਈ ਸੀ—ਜਿਵੇਂ ਜ਼ਿੰਦਗੀ ਵਾਹਣ ਨਾਲੋਂ ਟੁੱਟ ਕੇ, ਛਿਣ ਦੀ ਛਿਣ, ਇਕ ਅਵਸਤੂ ਗਤੀ ਵਿਚ ਬੱਝ ਗਈ ਹੋਵੇ—ਅੰਦਰ ਹੀ ਅੰਦਰ ਇਕ ਬਿੰਦੂ ਦੁਆਲੇ ਲਗਾਤਾਰ ਚੱਕਰ ਬੰਨ੍ਹ ਰਹੀ।"

"ਤੇ ਫਿਰ ਤੂੰ ਤੇ ਮੈਂ ਕਿੰਨਾ ਚਿਰ ਹੀ ਨੀਮ-ਬੇਹੋਸ਼ੀ ਦੀ ਹਾਲਤ ਵਿਚ ਪਏ ਰਹੇ ਸਾਂ, ਇਕ ਦੂਜੇ ਦੇ ਕੋਲ ਕੋਲ। ਰੋਮ-ਰੋਮ 'ਚੋਂ ਇੱਕੋ ਸਮੇਂ ਕੁਝ ਨਿਕਲ ਰਿਹਾ ਤੇ ਰੋਮ-ਰੋਮ ਵਿਚ ਇੱਕੋ ਸਮੇਂ ਕੁਝ ਦਾਖ਼ਿਲ ਹੋ ਰਿਹਾ ਪ੍ਰਤੀਤ ਹੁੰਦਾ ਸੀ। ਜਿਸਮ ਬੇਹਿਸ, ਇਸ ਅਵਸਤੂ ਖੇਡ ਨੂੰ ਅਹਿਸਾਸ ਦੁਆਰਾ ਵੇਖ ਰਿਹਾ ਸੀ ਤੇ ਫਿਰ ਮਾਹਵਾਰੀ ...।"

"ਤੂੰ ਗੱਲ ਫੇਰ ਖ਼ੂਨ ਤੇ ਲੈ ਆਈ ਹੈਂ।"

"ਮੈਨੂੰ ਅੰਗੂਰੇ ਜ਼ਖ਼ਮ ਉਚੇੜਨ ਦੀ ਆਦਤ ਜੁ ਹੋਈ। ਕਿੰਨਾ ਸੁਆਦ ਆਉਂਦਾ ਹੈ, ਇਸ ਝਹਿਰ ਜਿਹੀ ਵਿਚ ਜ਼ਖ਼ਮ ਨੂੰ ਉਚੇੜਦਿਆਂ—ਉਚੇੜੀ ਜਾਣ ਨੂੰ ਜੀ ਕਰਦਾ ਹੈ। ਸੁਆਦ ਵਿਚ ਨਹੁੰ, ਉਂਗਲਾਂ ਤੇ ਜ਼ਖ਼ਮ—ਸਭ ਲਹੂ-ਲੁਹਾਣ ਹੋ ਜਾਂਦੇ ਹਨ।"

"ਤੇ ਪੀੜ !"

"ਪੀੜ ਬਿਨਾਂ ਸੁਆਦ ਕਾਹਦਾ !"

"ਤੂੰ ਤਾਂ ਪਾਗ਼ਲ ਹੈਂ।"

"ਤੇ ਤੂੰ ਪੈਗੰਬਰ।"

ਜ਼ੈਬਰਾ ਕਰਾਸਿੰਗ ਤੋਂ ਚਕਲਿਆਂ ਵਾਲੇ ਪਾਸੇ ਮੁੜਦਿਆਂ ਮੈਂ ਇਸ ਸ਼ਹਿਰ ਨੂੰ ਇਕ ਸਰਸਰੀ ਨਜ਼ਰ ਨਾਲ ਵੇਖਦਾ ਹਾਂ। ਹਰ ਵਾਰ ਉਹ ਕੁੜੀ ਇਸੇ ਸ਼ਹਿਰ ਵਿਚ ਗੁੰਮ ਹੁੰਦੀ ਹੈ ਤੇ ਹਰ ਵਾਰ ਮੈਂ ਆਪਣੀ ਤਲਾਸ਼ ਇਸੇ ਸ਼ਹਿਰ ਤੋਂ ਸ਼ੁਰੂ ਕਰਦਾ ਹਾਂ, ਇਹ ਜਾਣਦੇ ਹੋਇਆਂ ਵੀ ਕਿ ਉਹ ਨਹੀਂ ਮਿਲੇਗੀ।

"ਮੇਰਾ ਨਾਮ 'ਹੈਲਨ' ਨਹੀਂ 'ਗਤੀ' ਹੈ। ਤੂੰ ਕਾਰ ਨੂੰ ਫੜ ਸਕਦਾ ਹੈਂ, ਰਫ਼ਤਾਰ ਨੂੰ ਨਹੀਂ, ਵੇਖ ਅੱਜ ਮੈਂ ਤੇਰੇ ਕੋਲ ਹਾਂ। ਹੁਣ ਨੂੰ ਅਟਕਾ ਕੇ ਭੂਤ ਭਵਿੱਖ ਨੂੰ ਭੁੱਲ ਜਾ ਮੇਰੇ ਪੈਗੰਬਰ, ਨਹੀਂ ਤਾਂ ਪਾਗ਼ਲ ਹੋ ਜਾਏਂਗਾ। ਨਾ, ਨਾ, ਨਾ—ਤੈਨੂੰ ਕਈ ਵਾਰ ਆਖਿਆ ਹੈ ਕਿ ਇਹ ਸਭ ਪ੍ਰਸ਼ਨ—'ਤੂੰ ਕਿੰਨਾ ਚਿਰ ਠਹਿਰੇਂਗੀ ? ਮੁੜ ਕੇ ਕਦੋਂ ਆਵੇਂਗੀ ? ਨਾ, ਨਾ, ਏਥੇ ਹੀ ਕਟ ਸਾਰੀ ਉਮਰ'—ਵਿਅਰਥ ਹਨ। ਸਦੀਆਂ ਦੀ ਚਗਲੀ ਚਿੱਥੀ ਇਹ ਭਾਸ਼ਾ ਤੇਰੇ ਮੂੰਹੋਂ ਨਹੀਂ ਸੁੰਹਦੀ।"

"ਪਰ, ਜੇ ...।"

"ਪਰ ਜੇ, ਨਾਲ ਨਾ ਗੱਲ ਮੁਕਦੀ ਹੈ ਨਾ ਸ਼ੁਰੂ ਹੁੰਦੀ ਹੈ ਤੇ ਨਾ ਹੀ ਤੁਰਦੀ ਹੈ। ਇਹ ਵਿਚ ਵਿਚਾਲੇ ਦੀ ਅਵਸਥਾ ਹੈ—ਇਕ ਸ਼ਰਤੀਆ ਹਾਲਤ ਹੈ—ਜ਼ਿੰਦਗੀ ਸ਼ਰਤ ਨਹੀਂ, ਕਰਮ ਹੈ—ਲਗਾਤਾਰ ਕਰਮ—ਤੇ ਕਰਮ ਹੁਣ ਦਾ ਛਿਣ ਹੈ—ਹੁਣ ਦਾ ਛਿਣ—ਤੇਰੇ ਹਾਣ ਦਾ ਛਿਣ—ਮੇਰੇ ਹਾਣ ਦਾ ਛਿਣ।"

ਕਦਮ ਤੁਰ ਰਹੇ ਹਨ, ਤਲਾਸ਼ ਜਾਰੀ ਹੈ। ਤਲਾਸ਼ ਜੇ ਕੋਈ ਸਥੂਲ ਮੰਜ਼ਲ ਜਾਂ ਵਸਤ ਹੁੰਦੀ, ਤਾਂ ਇਹ ਸਫ਼ਰ ਕਦੋਂ ਦਾ ਮੁੱਕ ਗਿਆ ਹੁੰਦਾ। ਐਵੇਂ ਖੋਹ ਜਿਹੀ ਪੈਂਦੀ ਹੈ ਤੇ ਕਦਮ ਤੁਰ ਪੈਂਦੇ ਹਨ। ਜਿਸ ਥਾਂ ਤੋਂ ਕਈ ਵਾਰ ਲੰਘ ਚੁੱਕੇ ਹੁੰਦੇ ਹਾਂ, ਉਹ ਥਾਂ ਵੀ ਨਵੀਂ ਜਾਪਦੀ ਹੈ—ਹਰ ਵਾਰ ਇਕ ਨਵੇਂ ਰਹੱਸ ਨਾਲ ਭਰਪੂਰ, ਜੋ ਅਦਿੱਖ ਹੈ, ਉਸ 'ਤੇ ਨਜ਼ਰ ਲਾਈ, ਜੋ ਦਿਸਦਾ ਹੈ, ਉਸ 'ਚੋਂ ਖੋਜ ਰਹੇ, ਗੁਜ਼ਰ ਰਹੇ ਹਾਂ।

ਗੱਲ ਨਾ ਘੋੜੇ ਦੀ ਹੈ ਨਾ ਬਾਦਸ਼ਾਹ ਦੀ। ਘੋੜੇ ਨੇ ਡਿੱਗਣਾ ਸੀ, ਡਿੱਗ ਪਿਆ; ਬਾਦਸ਼ਾਹ ਨੇ ਬਦਲਣਾ ਸੀ, ਬਦਲ ਗਿਆ; ਗੱਲ ਤਾਂ ਘੋੜ-ਚਾਲ ਤੇ ਸ਼ਾਸਨ ਦੀ ਹੈ। ਸ਼ਾਸਨ ਜੁ ਅੱਜ ਘੋੜ-ਚਾਲੇ ਨਹੀਂ, ਅਪੋਲੋ-ਚਾਲੇ ਹਰ ਥਾਂ ਅ-ਸ਼ਾਸਨ ਵਲ ਵਧ ਰਿਹਾ ਹੈ। ਹਰ ਚੀਜ਼ ਆਪਣੇ ਆਪ ਵਿਚ ਆਪਣਾ ਤੋੜ ਹੁੰਦੀ ਹੈ, ਫਿਰ ਵੀ ਇਸ ਆਤਮ-ਵਿਰੋਧ ਵਿਚ ਵਿਚਰਦਿਆਂ ਕੁਝ ਜੋੜਨ ਨੂੰ ਜੀਅ ਕਰਦਾ ਹੈ। ਗੱਲ ਸਿੱਧੀ ਜਿਹੀ ਹੈ। ਸਭ ਨੇ ਮਰਨਾ ਹੈ, ਤਾਂ ਫਿਰ ਜੀਉਂਦੇ ਕਿਉਂ ਹਾਂ ? ਚਲੋ ਸਾਰੇ ਨੀਂਦ ਦੀਆਂ ਗੋਲੀਆਂ ਖਾ ਕੇ ਸਦਾ ਦੀ ਨੀਂਦ ਸੌਂ ਜਾਈਏ। ਪ੍ਰਸ਼ਨ ਉੱਠਦਾ ਹੈ, ਤਾਂ ਫਿਰ ਉਸ ਰਹੱਸ ਦਾ ਕੀ ਬਣੇਗਾ ? ਸਫ਼ਰ ਕੌਣ ਕਰੇਗਾ ? ਜੇ ਸਾਰਿਆਂ ਵਿੱਚੋਂ ਇਕ ਵੀ ਜਿਉਂਦਾ ਬਚ ਗਿਆ, ਤਾਂ ਉਹ ਪਾ ਜਾਵੇਗਾ ਇਸ ਰਹੱਸ ਨੂੰ ! ਨਹੀਂ-ਨਹੀਂ, ਮੌਤ ਬਾਰੇ ਇਹ ਸੋਚ ਬੇਕਾਰ ਹੈ, ਪਰ ਜੀਵਨ ਅਤਿ ਦਾ ਬੇਜ਼ਾਰ ਹੈ—ਮੌਤ—ਬੇਚਿੰਤੇ ਜੀਵਨ ਤੋਂ ਬੇਜ਼ਾਰ ! ਅੱਗ ਫਿਰ

ਵੀ ਬਲ ਰਹੀ ਹੈ, ਅਨ੍ਹੇਰਾ ਫਿਰ ਵੀ ਸੁਪ੍ਰਾਣ ਹੈ। ਹਰ ਲੱਕੜ ਵਿਚ ਅੱਗ ਹੁੰਦੀ ਹੈ—ਵੇਖਣ ਵਾਲੀ ਅੱਖ ਚਾਹੀਦੀ ਹੈ—ਅਸੀਂ ਐਵੇਂ ਬਾਹਰ ਭੱਜੇ ਫਿਰਦੇ ਹਾਂ, ਅੱਗ ਦੀ ਮਾਚਸ ਦੀ ਤਲਾਸ਼ ਵਿਚ। ਜਦ ਤਕ ਅੱਗ ਅੰਦਰ ਰਹਿੰਦੀ ਹੈ, ਲੱਕੜੀ ਦਾ ਵਜੂਦ ਕਾਇਮ ਰਹਿੰਦਾ ਹੈ। ਜਦੋਂ ਅੱਗ ਬਾਹਰ ਆ ਜਾਂਦੀ ਹੈ, ਤਾਂ ਲੱਕੜੀ ਬਾਲਣ ਬਣ ਕੇ ਬਲ ਜਾਂਦੀ, ਰਾਖ ਹੋ ਜਾਂਦੀ ਹੈ—ਪਰ ਅੱਗ ...।

"ਮੇਰੀ ਮਾਂ ਅੱਗ ਸੀ, ਨਿਰੀ ਜੰਗਲ ਦੀ ਅੱਗ। ਅੱਤ ਦੀ ਸੁੰਦਰ, ਭਰ ਜਵਾਨ—ਹਰ ਰਾਤ ਨਵਾਂ ਮਰਦ, ਹਰ ਦਿਨ ਨਵਾਂ ਸੂਰਜ। ਉਸ ਨੇ ਸਾਰੇ ਕਬੀਲੇ ਦੇ ਸੰਸਾਰ ਦੇ ਮਰਦਾਂ ਦਾ ਸੂਰਜ ਫੜ ਰੱਖਿਆ ਸੀ। ਲੋਕ ਕਹਿੰਦੇ ਹਨ, ਦਿਨ ਉਸ ਨੂੰ ਪੁੱਛ ਕੇ ਚੜ੍ਹਦਾ ਸੀ, ਰਾਤ ਉਸ ਨੂੰ ਦਸ ਕੇ ਪੈਂਦੀ ਸੀ। ਉਹ ਅੱਗ ਸੀ, ਇਕ ਝੁੱਗੀ ਨੂੰ ਲੱਗੀ, ਸਾਰਾ ਪਿੰਡ ਬਲ ਉੱਠਿਆ ਤੇ ਫੇਰ ਉਹ ਇਕ ਝੁੱਗੀ ਵਿਚ ਸਦਾ ਲਈ ਬੰਦ ਹੋ ਗਈ। ਇਕ ਤੋਂ ਬਾਅਦ ਇਕ, ਉਸ ਨੇ ਸੱਤ ਧੀਆਂ ਤੇ ਛੇ ਪੁੱਤਰ ਜੰਮੇ, ਸਾਂਭੇ। ਖੇਤਾਂ ਵਿਚ, ਇਨ੍ਹਾਂ ਦੇ ਪੇਟ ਭਰਨ ਲਈ, ਜਾਨ ਹੂਲ ਕੇ ਕੰਮ ਕੀਤਾ। ਇਕ ਮਰਦ ਦੀ ਵਫ਼ਾ ਨੇ, ਉਸ ਅੱਗ ਨੂੰ ਜਿਸਮ ਬਣਾ ਕੇ ਹੰਢਾ ਦਿੱਤਾ। ਹੁਣ ਉਹ ਝੁਕੀ ਹੋਈ ਹੈ, ਕਮਾਨ ਵਾਂਗੂੰ—ਫਿਰ ਵੀ ਸ਼ਾਂਭੇ ਨੂੰ ਗੁੱਡਦੀ, ਬੀਜਦੀ ਹੈ। ਉਸ ਦੇ ਹਾਣੀ ਉਸ ਨੂੰ ਵੇਖਣ ਆਉਂਦੇ ਹਨ, ਉਸ ਨੂੰ ਚਿੜਾਉਂਦੇ ਹਨ, ਤਾਂ ਉਹ ਕਹਿੰਦੀ ਹੈ, "ਇਸ ਸੁਆਹ ਹੇਠ ਹੁਣ ਕੋਈ ਚੰਗਿਆੜੀ ਨਹੀਂ ਬਚੀ, ਜੋ ਤੁਹਾਨੂੰ ਨਿੱਘ ਦੇ ਸਕੇ।" ਤੂੰ ਵੀ ਮੈਨੂੰ ਜਿਸਮ ਬਣਾ ਕੇ ਭੋਗਣਾ ਹੰਢਾਉਣਾ ਚਾਹੁੰਦਾ ਹੈਂ, ਤਾਂ ਕਿ ਮੈਂ ਵੀ ਸਾਰੀ ਉਮਰ ਭੁਗਤਦੀ-ਭੁਗਤਦੀ ਸੁਆਹ ਬਣ ਕੇ ਰਹਿ ਜਾਵਾਂ, ਠੰਡੀ ਸੁਆਹ। ਦੁਨੀਆਂ ਦੇ ਇਹ ਸਭ ਸੰਬੰਧ ਫ਼ਜ਼ੂਲ ਹਨ : ਪਤੀ, ਪਤਨੀ—ਮਾਤਾ, ਪਿਤਾ—ਬੱਚੇ ...।"

"ਮੇਰੇ ਬੱਚੇ, ਮੇਰੀ ਪਤਨੀ।"

"ਹਾਂ ਸੱਚ ਤੂੰ ਇਸ ਬਦੇਸੀ ਮਿੱਟੀ 'ਤੇ ਕੱਲਾ ਹੀ ਹੱਡ ਠੁਰਕ ਰਿਹਾ ਹੈਂ—ਆਪਣੀ ਪਤਨੀ, ਆਪਣੇ ਬੱਚੇ ਕਿਉਂ ਨਹੀਂ ਮੰਗਵਾ ਲੈਂਦਾ ? ਤੂੰ ਚੁੱਪ ਹੈਂ, ਪਰ ਤੇਰੇ ਮਸਤਕ ਤੇ ਤੇਰੇ ਅੰਦਰਲਾ ਅਪਰਾਧ ਰੇਖਾਵਾਂ ਬਣ ਕੇ ਉੱਭਰ ਆਇਆ ਹੈ। ਜੇ ਤੂੰ ਵਿਆਹ ਦੇ ਸੰਬੰਧ ਵਿਚ ਬੱਝਾ ਹੋਇਆ ਨਾ ਹੁੰਦਾ, ਤਾਂ ਤੇਰੇ ਅੰਦਰ ਅਪਰਾਧ ਦੀ ਇਹ ਭਾਵਨਾ ਨਾ ਜਾਗਦੀ। ਇਸ ਰਿਸ਼ਤੇ ਦੇ ਬੰਧਨ ਹੇਠ ਤੂੰ ਦੋ ਵਿਰੋਧੀ ਦਿਸ਼ਾਵਾਂ ਵੱਲ ਖਿੱਚ ਹੁੰਦਾ, ਅੰਦਰੇ ਅੰਦਰ ਹੌਲੀ-ਹੌਲੀ ਟੁੱਟ, ਮੁੱਕ, ਹੌਲੀ-ਹੌਲੀ ਮਰ ਰਿਹਾ ਹੈਂ, ਮੇਰੇ ਮੁਜਰਮ।"

"ਤੇਰੇ ਸੰਪਰਕ ਨੇ ਮੇਰੇ ਅੰਦਰਲੇ ਮੁਜਰਮ ਨੂੰ ਜਗਾਇਆ ਹੈ ਤੇ ਉਸ ਮੁਜਰਮ ਨੇ ਪੈਗੰਬਰ ਨੂੰ। ਪੈਗ਼ੰਬਰ ਤੈਨੂੰ ਪੁੱਛਦਾ ਹੈ ਹੈਲਨ ਤੇਰੇ ਅੰਦਰ ਇਕ ਮਰਦ ਨੂੰ ਪਾਉਣ, ਵਿਆਹ ਕਰਵਾਉਣ ਦੀ ਭਾਵਨਾ ਨਹੀਂ ਜਾਗਦੀ ?"

"ਜਾਗਦੀ ਹੈ, ਪਰ ਵਿਆਹ ਦਾ, ਇਕ ਮਰਦ ਦਾ ਸੰਬੰਧ—ਇਕ ਭਾਵਨਾ ਹੈ, ਸਾਰਾ ਜੀਵਨ ਤਾਂ ਨਹੀਂ। ਨਹੀਂ, ਨਹੀਂ ਮੈਂ ਇਹ ਜੂਆ ਨਹੀਂ ਖੇਡਣਾ। ਇਸ ਦੀ ਜਿੱਤ ਸੁਆਹ ਹੈ ਤੇ ਇਸ ਦੀ ਹਾਰ ਅਗਨੀ। ਮੈਂ ਆਪਣੀ ਅਗਨੀ ਨਹੀਂ ਹਾਰ ਸਕਦੀ। ਧਰਤੀ ਤੋਂ ਉੱਠ ਕੇ, ਮਨੁੱਖ ਚੰਦ ਤੇ ਪਹੁੰਚ ਚੁੱਕਾ ਹੈ। ਮੈਂ ਵੀ ਇਸ ਵਿਆਹ ਦੇ ਸੰਬੰਧ ਤੋਂ ਉੱਚਿਆਂ ਉੱਠ ਕੇ ਜੀਵਨ ਵੇਖਣਾ ਹੈ, ਵਿਸ਼ਾਲ ਜੀਵਨ ਜਿਸ ਦੇ ਹਰ ਕਦਮ ਤੇ ਇਕ ਰਹੱਸ ਹੈ। ਮੈਂ ਵੀ ਚੰਦ ਤਾਰਿਆਂ ਦੀ ਦੁਨੀਆਂ ਵੇਖਣੀ ਹੈ—ਦੁਨੀਆਂ ਜੋ ਬ੍ਰਹਿਮੰਡ ਜੇਡੀ ਵਿਸ਼ਾਲ ਹੈ।"

"ਪਰ ਮੈਂ ਤੇਰੀ ਅੱਗ ਨੂੰ ਸਲਾਮਤ ਰੱਖਣ ਦਾ ਵਾਅਦਾ ਕਰਦਾ ਹਾਂ। ਖ਼ੁਦ ਰਾਖ ਹੋ ਜਾਵਾਂਗਾ। ਪਰ ਤੇਰੀ ਸ਼ਮ੍ਹਾਂ ਬਲਦੀ ਰਹੇਗੀ।"

"ਤੇ ਤੇਰੇ ਬੱਚੇ, ਤੇਰੀ ਪਤਨੀ—ਲਾਸ਼ਾਂ ਤੇਰੇ ਅੰਦਰ ਸੜਦੀਆਂ ਰਹਿਣਗੀਆਂ, ਬਦਬੋ ਮੇਰੇ ਅੰਦਰ ਜਮ੍ਹਾਂ ਹੁੰਦੀ ਰਹੇਗੀ।"

"ਤਾਂ ਫਿਰ ਸਾਡਾ ਸੰਬੰਧ ਕੀ ਹੋਇਆ ?"

"ਤੇਰੇ ਮੇਰੇ ਅੰਦਰ ਦੁਨੀਆਂ ਦੇ ਹਰ ਸਥਾਪਤ ਸੰਬੰਧ, ਰਿਸ਼ਤੇ ਤੇ ਪ੍ਰਬੰਧ ਦੇ ਖ਼ਿਲਾਫ਼ ਇਕ ਵਿੱਦਰੋਹ ਜਿਹਾ ਹੈ ਤੇ ਇਨ੍ਹਾਂ ਰਿਸ਼ਤਿਆਂ ਦੇ ਚੱਕਰ-ਵਯੂਹ ਵਿਚ ਵਿਚਰਦੇ ਅਸੀਂ ਉਕਤਾ ਗਏ ਹਾਂ। ਅਸੀਂ ਇਨ੍ਹਾਂ ਤੋਂ ਬੋਰ ਹੋ ਗਏ ਹਾਂ। ਤੇਰਾ ਮੇਰਾ ਸੰਬੰਧ ਦੁਨੀਆਂ ਦੇ ਰਿਸ਼ਤਿਆਂ ਤੋਂ ਬੋਰਡਮ ਦਾ ਸੰਬੰਧ ਹੈ। ਵੇਖ ਮੈਂ ਤੇਰੇ

ਸਾਹਵੇਂ ਖੜ੍ਹੀ ਹਾਂ, ਲਟ-ਲਟ ਬਲਦੀ ਅੱਗ, ਮੇਰੇ ਆਬਨੂਸੀ ਜਿਸਮ 'ਚੋਂ ਚੰਗਿਆੜੇ ਵਰ੍ਹਦੇ ਹਨ, ਤਾਂ ਤੂੰ ਮੈਨੂੰ ਜੰਗਲ ਦੀ ਅੱਗ ਆਖ ਕੇ ਸੰਬੋਧਨ ਕਰਦਾ ਹੈਂ। ਮੈਂ ਅੱਗ ਹਾਂ—ਮੈਂ ਹੁਣ ਦੇ ਛਿਣ ਦਾ ਸੱਚ ਹਾਂ। ਮੈਨੂੰ ਪਾਉਣ ਲਈ ਭੂਤ ਭਵਿੱਖ ਨਾਲੋਂ ਟੁੱਟ ਜਾ।"

"ਟੁੱਟ ਜਾਵਾਂ ?"

"ਹਾਂ ਤੇ ਫਿਰ ਇਸ ਸੰਬੰਧ ਨੂੰ ਇਕ ਛਿਣ ਦੀ ਪਵਿੱਤਰ ਵਫ਼ਾ ਤਕ ਸੀਮਤ ਕਰ ਦੇ। ਇਸ ਛਿਣ ਨੂੰ ਚੋਰੀ ਦਾ ਛਿਣ ਕਹਿ ਲੈ ਜਾਂ ਦੁਨੀਆਂ ਦੇ ਸਥਾਪਤ ਸੰਬੰਧਾਂ ਤੋਂ ਵਿੱਦਰੋਹ ਦਾ ਛਿਣ, ਕੋਈ ਫ਼ਰਕ ਨਹੀਂ ਪੈਂਦਾ। ਸਮੇਂ ਸਮੇਂ, ਇਹ ਛਿਣ ਬਣ ਕੇ ਮੈਂ ਤੇਰੇ ਜੀਵਨ ਵਿਚ ਪੂਰੀ ਸੁਹਿਰਦਤਾ ਨਾਲ ਇਸੇ ਤਰ੍ਹਾਂ ਨਾਲ ਘਟਦੀ ਰਹਾਂਗੀ, ਸੁਹਿਰਦਤਾ ਜੋ ਅਜੋਕੇ ਜੀਵਨ ਵਿਚ ਅਲੱਭ ਹੈ।"

"ਪਰ ਮੈਂ ਤੈਨੂੰ ..."

"ਸੋਚ ਲੈ ਚੰਗੀ ਤਰ੍ਹਾਂ ਪਹਿਲਾਂ, ਨਫ਼ਰਤ ਕਰਦਾ ਹੈਂ ਕਿ ਪਿਆਰ ?"

"ਦੋਵੇਂ ਹੀ—ਪਰ ਤੂੰ ਕੀ ਹੈਂ ? ਇਸ ਨੂੰ ਨਾ ਮੇਰੀ ਨਫ਼ਰਤ ਸਮਝ ਸਕੀ ਹੈ, ਨਾ ਮੇਰਾ ਪਿਆਰ।"

"ਨਫ਼ਰਤ ਤੇ ਪਿਆਰ ਦੋਵੇਂ ਮੰਜ਼ਲਾਂ ਦੇ, ਪ੍ਰਾਪਤੀਆਂ ਦੇ ਜਾਂ ਬੱਝਵੇਂ ਵਤੀਰੇ ਦੇ ਸੰਕਲਪ ਹਨ। ਮੈਂ ਸਫ਼ਰ ਹਾਂ—ਜੋ ਤੈ ਕਰਕੇ ਵੀ ਖੋ ਦੇਈਦਾ ਹੈ—ਮੈਂ ਗਤੀ ਹਾਂ—ਤੇਰੀ ਨਫ਼ਰਤ ਜੋ ਕਦੇ ਮੇਰੇ ਲਈ ਹੁੰਦੀ ਹੈ ਤੇ ਕਦੇ ਦੁਨੀਆਂ ਦੇ ਹਰ ਸਥਾਪਤ ਸੰਬੰਧ ਤੇ ਪ੍ਰਬੰਧ ਲਈ—ਤੇਰਾ ਪਿਆਰ ਜੋ ਕਦੇ ਮੇਰੇ ਲਈ ਹੁੰਦਾ ਹੈ ਤੇ ਕਦੇ ਦੁਨੀਆਂ ਦੀ ਹਰ ਸੁੰਦਰ ਚੀਜ਼ ਲਈ—ਮੈਂ ਇਨ੍ਹਾਂ ਦੋਹਾਂ ਵਿਚਲੀ ਗਤੀ ਹਾਂ। ਤੇਰੀ ਨਫ਼ਰਤ ਤੇ ਤੇਰੇ ਪਿਆਰ, ਤੇਰੀ ਬੇਇੱਜ਼ਤੀ ਤੇ ਤੇਰੇ ਸਤਿਕਾਰ ਵਿਚਕਾਰ, ਮੈਂ ਹਾਂ—ਜਿਸ ਨੂੰ ਨਾ ਤੂੰ ਛੱਡ ਸਕਦਾ ਹੈਂ, ਨਾ ਰੱਖ ਸਕਦਾ ਹੈਂ—ਮੈਂ ਹਾਂ ਤੇਰੀ ਹਮ-ਛਿਣ।"

"ਮੇਰੀ ਹਮ-ਛਿਣ।"

ਕਹਿੰਦਾ ਹੋਇਆ ਮੈਂ ਚੌਕ ਦੇ ਵਿਚਕਾਰ ਖੜੋ ਕੇ ਦੋਹਾਂ ਪਾਸਿਆਂ ਤੋਂ ਵਾਹੋ ਦਾਹੀ ਭੱਜੇ ਆ ਰਹੇ ਟ੍ਰੈਫਿਕ ਵਲ ਵੇਖ ਕੇ ਆਪਣੀ ਤਲਾਸ਼ ਦਾ ਸਫ਼ਰ ਜਾਰੀ ਰੱਖਦਿਆਂ ਆਪਣੇ ਆਪ ਨੂੰ ਪੁੱਛਦਾ ਹਾਂ, 'ਇਹ ਸਾਰੇ ਕਿੱਧਰ ਭੱਜੇ ਜਾ ਰਹੇ ਹਨ ? ਕੀ ਇਨ੍ਹਾਂ ਨੂੰ ਵੀ ਕਿਸੇ ਹਮ-ਛਿਣ ਦੀ ਤਲਾਸ਼ ਹੈ ?'

# ਕੋਨ ਪ੍ਰਤੀਕੋਨ

"ਜ਼ਿੰਦਗੀ ਨੂੰ ਏਨਾ ਖ਼ੂਬਸੂਰਤ ਨਾ ਬਣਾ ਕਿ ਇਸ ਦੇ ਰੁਲ ਜਾਣ ਦਾ ਗ਼ਮ—ਰੇਡੀਓ-ਕੰਟਰੋਲ ਤੋਂ ਟੁੱਟੇ ਪੁਲਾੜੀ ਯਾਨ ਵਾਂਗ ਇਕ ਖ਼ਲਾਈ ਰਟਨ ਬਣ ਕੇ ਰਹਿ ਜਾਏ—ਇਕ ਪਛਤਾਵਾ ਸਿੱਕੇ ਵਾਂਗ ਰੀੜ੍ਹ ਦੀ ਹੱਡੀ ਵਿਚ ਲਹਿ ਜਾਏ।"

"ਤੂੰ ਜਿਸ ਖ਼ੂਬਸੂਰਤੀ ਤੋਂ ਮੁਨਕਰ ਹੈਂ, ਉਹ ਸੁਕਰਾਤ ਨੇ ਸਭ ਤੋਂ ਕੁਹਜੀ ਇਸਤਰੀ ਵਿਚ ਹੀ ਨਹੀਂ, ਜਾਨ-ਲੇਵਾ ਵਿਸ਼ ਵਿਚ ਵੀ ਵੇਖੀ ਸੀ। ਜੇ ਤੇਰਾ ਭਾਵ ਖ਼ਿਆਲਾਂ ਦੀ ਖ਼ੂਬਸੂਰਤੀ ਤੋਂ ਹੈ, ਤਾਂ ਮੈਨੂੰ ਇਹ ਵਿਸ਼-ਪਾਨ ਕਰ ਲੈਣ ਦੇ।"

"ਪਰ ਇਹ ਗਮਲੇ, ਇਹ ਫੁੱਲ, ਇਹ ਵੇਲਾਂ ਜੋ ਤੂੰ ਅੰਦਰ ਲਗਾ ਰਿਹਾ ਹੈਂ—ਇਨ੍ਹਾਂ ਦੀ ਤਰਤੀਬ ਬਦਲਦਾ, ਇਨ੍ਹਾਂ ਦੇ ਕੋਨ-ਪ੍ਰਤੀਕੋਨ ਨੂੰ ਜਾਂਚਦਾ, ਤੋਲਦਾ ਹੈਂ—ਇਹ ਖ਼ੂਬਸੂਰਤ ਹਨ, ਮੈਂ ਮੰਨਦਾ ਹਾਂ ਤੇ ਇਹ ਵੀ ਕਿ ਇਨ੍ਹਾਂ ਦੀ ਤਰਤੀਬ ਵਿਚ ਬਦਲੀ, ਵੰਨਗੀ ਹੀ ਨਹੀਂ ਇਕ ਨਵੇਂ ਕੋਨ ਤੋਂ ਇਕ ਨਵੀਂ ਖ਼ੂਬਸੂਰਤੀ ਵੀ ਪੈਦਾ ਕਰਦੀ ਹੈ। ਪਰ ਇਹ ਇਕ ਆਰਜ਼ੀ ਤੇ ਥੋੜ੍ਹ-ਚਿਰਾ ਫ਼ੇਜ਼ ਹੈ—ਜਦੋਂ ਇਨ੍ਹਾਂ ਨੂੰ ਬਾਹਰ ਰੱਖੇਂਗਾ, ਜਾਂ ਖੜੇਂਗਾ, ਤਾਂ ਇਨ੍ਹਾਂ ਨੂੰ ਬਾਹਰ ਦੀ ਧੁੱਪ ਲੂਹ ਸੁੱਟੇਗੀ, ਇਹ ਕੁਮਲਾ ਜਾਣਗੇ।"

"ਤੂੰ ਬਹੁਤ ਦੇਰ ਦੀ ਹੀ ਨਹੀਂ, ਬਹੁਤ ਦੂਰ ਦੀ ਗੱਲ ਵੀ ਆਖੀ ਹੈ। ਇਸ ਸਭ ਕੁਝ ਦੀ ਸੰਭਾਵਨਾ ਹੈ, ਪਰ ਇਸ ਦਾ ਹੁਣ ਦੇ ਛਿਣ ਨਾਲ ਕੀ ਸੰਬੰਧ ਹੈ ? ਮੈਨੂੰ ਹੁਣ ਦੇ ਛਿਣ ਅੰਦਰ ਵਲ ਮੁੜਿਆ ਰਹਿਣ ਦੇ। ਇਸ ਤੋਂ ਪਹਿਲਾਂ ਕਿ ਇਸ ਸਾਰੀ ਖ਼ੂਬਸੂਰਤੀ ਨੂੰ ਧੁੱਪ, ਗੜੇ, ਹਿਮ, ਵਰਖਾ ਤੇ ਦਾਵਾਨਲ ਦਾ ਸਾਮ੍ਹਣਾ ਕਰਨਾ ਪਵੇ, ਮੈਨੂੰ ਇਸ ਦੀ ਪੂਰਨਤਾ ਤਕ ਅੱਪੜ ਲੈਣ ਦੇ। ਬਾਹਰ ਕੇਵਲ ਪਰਛਾਵੇਂ ਹਨ, ਛਲਾਵੇ ਹਨ, ਬੁੱਤ ਅੰਦਰ ਹਨ—ਇਹ ਨਾ ਭੁੱਲ ਮੈਂ ਇਨ੍ਹਾਂ ਬੁੱਤਾਂ ਨੂੰ ਹੀ ਸੰਵਾਰ ਰਿਹਾ ਹਾਂ—ਸ਼ਾਇਦ ਇਨ੍ਹਾਂ 'ਚੋਂ ਹੀ ਕੋਈ ਕਿਣਕਾ ਫੁੱਟ ਪਵੇ, ਜੋ ਹਰ ਇਕ ਨੂੰ ਅੰਦਰ ਵਲ ਮੁੜਨ ਦੀ ਜਾਗ ਲਾ ਦੇਵੇ।"

"ਤੇਰੀ ਗੱਲ ਸਮਝ ਨਹੀਂ ਪੈਂਦੀ—ਇਹ ਦੁਨੀਆਂ ਦੀ ਗੱਲ ਨਹੀਂ, ਕੇਵਲ ਤੇਰੀ ਗੱਲ ਹੈ।"

"ਮੈਂ ਨਾ ਆਸਤਕ ਹਾਂ, ਨਾ ਨਾਸਤਕ—ਪਰ ਤੈਨੂੰ ਇਕ ਪ੍ਰਸ਼ਨ ਪੁੱਛਦਾ ਹਾਂ : ਕੀ ਈਸਾ ਦੀ ਗੱਲ ਕੇਵਲ ਈਸਾ ਦੀ ਗੱਲ ਸੀ ? ਕੀ ਉਸ ਨੇ ਜੋ ਬੁੱਤ ਆਪਣੇ ਅੰਦਰ ਸਿਰਜੇ ਸੰਵਾਰੇ ਸਨ, ਉਹ ਉਸ ਦੇ ਨਾਲ ਹੀ ਸਲੀਬ 'ਤੇ ਲਟਕ ਕੇ ਮਰ ਗਏ ਸਨ ? ਮੈਂ ਈਸਾ ਨਹੀਂ, ਨਾ ਈਸਾ ਬਣਨ ਦੀ ਇੱਛਾ ਹੈ—ਪਰ ਮੈਨੂੰ 'ਮੈਂ' ਤਾਂ ਬਣ ਲੈਣ ਦੇ ਛਿਣ ਦੀ ਛਿਣ—ਤੇ ਵੇਖ ਇਹ ਕਮਰਾ ..."

"ਹਾਂ, ਇਹ ਕਮਰਾ ਮੈਂ ਵੇਖ ਰਿਹਾ ਹਾਂ। ਤੂੰ ਇਸ ਦੀਆਂ ਕੰਧਾਂ, ਪਰਦਿਆਂ ਦੇ ਰੰਗ, ਉਨ੍ਹਾਂ ਦੀ ਤਰਤੀਬ ਬਦਲਦਾ ਰਹਿੰਦਾ ਹੈਂ—ਪਰ ਫ਼ਾਇਰ ਪਲੇਸ ਵਾਲੀ ਕੰਧ ਤੇ ਜੋ ਰੰਗ ਤੂੰ ਕੀਤੇ ਹਨ, ਉਨ੍ਹਾਂ ਵਿਚ ਕੋਈ ਅਨੁਪਾਤ ਨਹੀਂ, ਕੋਈ ਸੰਤੁਲਨ ਨਹੀਂ, ਤਰਤੀਬ ਨਹੀਂ। ਬਸੰਤੀ, ਜ਼ਰਦ, ਸਫ਼ੈਦ, ਕਾਲਾ ਤੇ ਵਿਚ-ਵਿਚ ਲਾਲ ਰੰਗ ਦੇ ਛਿੱਟੇ।"

"ਇਨ੍ਹਾਂ ਰੰਗਾਂ ਨੂੰ ਫ਼ਾਇਰ ਪਲੇਸ ਵਿਚ ਲੱਕੜਾਂ ਦੀ ਬਲਦੀ ਅੱਗ ਦੇ ਸੰਦਰਭ ਵਿਚ ਵੇਖੀਂ। ਲੱਕੜਾਂ ਜੋ ਇਸ ਆਧੁਨਿਕ ਨੁਮਾਇਸ਼ਗਾਹ ਨੂੰ, ਸੁਰਤੀ ਵਿਚ, ਜੰਗਲ ਨਾਲ ਜੋੜ ਦਿੰਦੀਆਂ ਹਨ। ਵੇਖ ਉਸ ਉਪਰਲੀ ਨੁੱਕਰ ਵਿਚ ਜੋ ਗੂੜ੍ਹਾ ਬਸੰਤੀ ਰੰਗ ਹੈ, ਕਿਵੇਂ ਹੇਠਾਂ ਡਿਗਦਾ-ਡਿਗਦਾ ਜ਼ਰਦ ਹੋ ਕੇ ਹੇਠਾਂ ਸਾਹਮਣੀ ਨੁੱਕਰ ਵਿਚ ਖੜਸੁੱਕ ਪੱਤੇ ਦਾ ਅਕਸ ਬਣ ਗਿਆ ਹੈ। ਇਹ ਫੁੱਟਣ ਤੋਂ ਝੜਨ, ਸੁੱਕਣ ਤਕ ਦੀ ਕਿਰਿਆ ਹੈ, ਜਿਸ 'ਤੇ ਸਿਆਹ ਰੰਗ ਹਾਵੀ ਹੈ। ਇਸ ਦੇ ਵਿਚਕਾਰ ਕਰਕੇ ਲਾਲ ਰੰਗ ਦਾ ਇਕ ਵੱਡਾ ਸਾਰਾ ਟੇਪਾ ਹੈ—ਇਹ ਲਹੂ ਦਾ ਰੰਗ ਹੈ। ਵੇਖ ਉਸ ਹੇਠਲੀ ਨੁੱਕਰ ਵਿਚ ਬਲਦੀ ਅੱਗ ਵਲਾਂ ਵੇਖ। ਜਦ ਤਕ ਅੱਗ ਬਲਦੀ ਰਹਿੰਦੀ ਹੈ, ਇਸ ਟੇਪੇ ਨੂੰ ਤੂੰ ਜ਼ਿੰਦਗੀ ਦੀ ਰੌ ਵੀ ਕਹਿ ਸਕਦਾ ਹੈਂ—ਜਜ਼ਬਾਤ ਤੇ ਪਿਆਰ ਦਾ ਵਾਹਣ ਵੀ ਅਤੇ ਅੱਖਾਂ ਵਿਚ ਉਤਰਿਆ ਰੋਹ ਵੀ, ਕ੍ਰੋਧ ਵੀ—ਰੋਹ ਜਾਂ ਕ੍ਰੋਧ, ਜਿਸ ਵਿਚ ਕੋਈ ਨਾ ਕੋਈ ਲਾਲਸਾ ਹੁੰਦੀ ਹੈ ਤੇ ਉਸ ਦੀ ਪ੍ਰਾਪਤੀ ਲਈ ਜੰਗ—ਤੇ ਉਹ ਉਸ ਉਪਰਲੀ ਨੁੱਕਰ ਵਿਚ ਇਹੋ ਟੇਪਾ ਤੂੰ ਵੇਖਦਾ ਹੈਂ, ਲਾਲ ਰੰਗ ਦਾ ਸੂਹਾ ਟੇਪਾ, ਜੋ ਬਰਫ਼ ਦੀ ਸਿਲ 'ਤੇ ਪਿਆ ਠੰਡਾ ਹੋ ਕੇ ਜੰਮ ਗਿਆ, ਸਿਆਹੀ ਮਾਇਲ ਹੋ ਗਿਆ ਹੈ—ਇਸ ਨੂੰ ਤੂੰ ਮੌਤ ਵੀ ਕਹਿ ਸਕਦਾ ਹੈਂ—ਵਿਸਾਹ-ਘਾਤ ਵੀ—ਆਤਮ ਤੇ ਅਹੰ-ਘਾਤ ਵੀ ਅਤੇ ਅਲੇਪਤਾ ਜਾਂ ਇਨਡਿਫਰੈਂਸ ਵੀ।"

"ਤੇਰੇ ਰੰਗਾਂ ਦੀ ਵਿਆਖਿਆ ਨਿਰੀ ਊਲ-ਜਲੂਲ ਹੈ। ਤੈਨੂੰ ਤਾਂ ਕੁਝ ਵੀ ਨਜ਼ਰ ਨਹੀਂ ਆਉਂਦਾ ਸਿਵਾਏ ਬਸੰਤੀ, ਜ਼ਰਦ, ਲਾਲ, ਸਿਆਹ, ਸਫ਼ੈਦ, ਰੰਗਾਂ ਦੀ ਬੇਹੰਗਮ ਝਾਕੀ ਦੇ।"

"ਮੈਂ ਫਿਰ ਤੈਨੂੰ ਇਕ ਪ੍ਰਸ਼ਨ ਪੁੱਛਦਾ ਹਾਂ : ਕੀ ਤੂੰ ਰੋਜ਼ ਅਖ਼ਬਾਰ ਪੜ੍ਹਦਾ ਹੈਂ ?"

"ਹਾਂ, ਨਿਤ ਨੇਮ—"

"ਫ਼ਾਇਰ ਪਲੇਸ ਦੀ ਇਹ ਦੀਵਾਰ ਮੇਰੀ ਅਖ਼ਬਾਰ ਹੈ—ਜੰਗਲ ਤੋਂ ਲੈ ਕੇ ਅੱਜ ਤਕ ਦਾ ਇਤਿਹਾਸ ਹੈ। ਤੂੰ ਇਨ੍ਹਾਂ ਰੰਗਾਂ ਨੂੰ ਵੇਖਦਾ ਹੈਂ, ਪੜ੍ਹਦਾ, ਸਮਝਦਾ ਨਹੀਂ। ਤੇਰੇ ਜ਼ਿਹਨ ਵਿਚ ਹਰ ਰੰਗ ਦੇ ਜੋ ਪਿਤਾ-ਪੁਰਖੀ ਅਰਥ ਭਰ ਦਿੱਤੇ ਗਏ ਹਨ, ਉਨ੍ਹਾਂ ਅਰਥਾਂ ਤੋਂ ਬਾਹਰ ਤੂੰ ਰੰਗਾਂ ਦੀ ਕੋਈ ਵੱਖਰੀ ਹਸਤੀ ਹੀ ਨਹੀਂ ਸਮਝਦਾ—ਇਹ ਤੇਰੀ ਭੁੱਲ ਹੈ। ਗੱਲ ਜੇ ਏਨੀ ਸਰਲ ਹੁੰਦੀ, ਤਾਂ ਡਾਰਵਨ ਨੂੰ ਕਸ਼ਟ ਨਾ ਕਰਨਾ ਪੈਂਦਾ। ਗੱਲ ਮਨੁੱਖ ਦੀ ਹੀ ਹੈ—ਪਰ ਕੌਨ ਬਦਲ ਗਿਆ ਹੈ। ਪ੍ਰਾਚੀਨ ਮਨੁੱਖ ਵਿਚ ਸੋਝੀ ਜਾਗੀ, ਤਾਂ ਉਸ ਨੂੰ ਤਨ ਢਕਣ ਦੀ ਚਿੰਤਾ ਹੋਈ। ਅੱਜ ਦੇ ਮਨੁੱਖ ਨੂੰ ਤਨ ਢੱਕਣ ਦੀ ਨਹੀਂ, ਸਗੋਂ ਮਨ ਢਕਣ ਦੀ ਚਿੰਤਾ ਹੈ।"

"ਹਾਂ, ਹਾਂ, ਮਨ ਢੱਕਣ ਦੀ ਚਿੰਤਾ ਹੈ। ਪਰ ਮੈਨੂੰ ਤੇਰੇ ਇਨ੍ਹਾਂ ਫੁੱਲਾਂ, ਵੇਲਾਂ, ਰੰਗਾਂ ਦੇ ਅਰਥਹੀਣ ਹੋ ਨਸ਼ਟ ਹੋ ਜਾਣ ਦੀ ਚਿੰਤਾ ਹੈ।"

"ਵੇਖ, ਇਹ ਕਮਰਾ ਏਅਰ ਕੰਡੀਸ਼ਡ ਹੀ ਨਹੀਂ, ਸਾਊਂਡ ਪਰੂਫ਼ ਵੀ ਹੈ। ਇਸ ਵਿਚ ਨਾ ਧੁੱਪ ਦਾ ਡਰ ਹੈ, ਨਾ ਵਰਖਾ ਦਾ ਤੇ ਨਾ ਹੀ ਬਾਹਰ ਦੀ ਆਵਾਜ਼ ਦਾ। ਤੇ ਉਹ ਨਾਲ ਵਾਲਾ ਕਮਰਾ ਮਸਨੂਈ ਤਪਸ਼-ਘਰ ਹੈ, ਜਿਸ ਦਾ ਤਾਪਮਾਨ ਮੇਰੇ ਹੱਥ ਵਿਚ ਹੈ। ਇੱਥੇ ਮੈਂ ਕਿਸੇ ਰੁੱਤੇ, ਕਿਸੇ ਸਮੇਂ, ਕੋਈ ਫੁੱਲ, ਕੋਈ ਫਲ ਉਗਾ ਸਕਦਾ ਹਾਂ, ਪਕਾ ਸਕਦਾ ਹਾਂ। ਮੇਰੇ ਅੰਦਰ ਸਭ ਕੁਝ ਹੈ।"

"ਪਰ ਏਥੇ ਤੂੰ ਫਿਰ ਭੁੱਲਦਾ ਹੈਂ—ਤੇਰੀਆਂ ਤੇਰੇ ਅੰਦਰ ਦੀਆਂ ਜੜ੍ਹਾਂ ਬਾਹਰ ਹਨ। ਬਾਹਰ ਜੇ ਔੜ ਲੱਗ ਗਈ, ਸੋਕਾ ਵਰਤ ਗਿਆ, ਤੇਰੀ ਨੌਕਰੀ ਟੁੱਟ ਗਈ, ਤਾਂ ਤੇਰੇ ਅੰਦਰ ਸੋਕਾ ਵਰਤ ਜਾਏਗਾ—ਸਭ ਕੁਝ ਮੁਰਝਾ ਜਾਏਗਾ—ਤੇ ਜੇ ਤੂੰ ਆਪਣਾ ਅੰਦਰ ਬਾਹਰ ਲੈ ਕੇ ਗਿਆ, ਤਾਂ ਉਹ ਉਂਵ ਸੜ ਬਲ ਜਾਏਗਾ।"

"ਇਸ ਤੋਂ ਪਹਿਲਾਂ ਕਿ ਇਹ ਕੁਝ ਵਰਤੇ—ਮੈਂ ਤੈਨੂੰ ਇਕ ਭੇਦ ਦੀ ਗੱਲ ਦਸਦਾ ਹਾਂ। ਵੇਖ ਮੇਰੇ ਵਲ—ਮੈਂ ਹੁਣ ਆਪਣੇ ਕੱਪੜੇ ਬਦਲ ਰਿਹਾ ਹਾਂ। ਆਪਣਾ ਅੰਦਰ ਲਾਹ ਕੇ ਮੈਂ ਏਥੇ ਰੱਖ ਜਾਵਾਂਗਾ—ਏਥੇ ਇਸ ਨੂੰ ਕੋਈ ਖ਼ਤਰਾ ਨਹੀਂ। ਬਾਹਰ ਜਾਣ ਲਈ ਮੈਂ ਮਖੌਟਾ ਪਹਿਨ ਲਿਆ ਹੈ, ਪਰ ਇਸ ਮਖੌਟੇ ਹੇਠ ਮੇਰੀਆਂ ਨਜ਼ਰਾਂ ਅੰਦਰ ਵਲ ਹੀ ਰਹਿੰਦੀਆਂ ਹਨ।"

"ਤੂੰ ਖਬਤੀ ਹੈਂ, ਤੂੰ ਫਿਰ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਹੈਂ ..."

"ਹਾਂ, ਤੇ ਇਹ ਇਸ ਲਈ ਕਿ ਮੈਨੂੰ ਦੁਨੀਆਂ ਤੋਂ ਕਿਸੇ ਪੁਸ਼ਟੀ ਦੀ ਲੋੜ ਨਾ ਪਵੇ। ਇਕ ਹੁੰਗਾਰਾ ਹੀ ਮੰਗੀਦਾ ਹੈ ਨਾ ਕਿਸੇ ਕੋਲੋਂ—ਉਹ ਮੈਂ ਤੇਰੇ ਤੋਂ ਲੈ ਲੈਂਦਾ ਹਾਂ—ਮੇਰੇ ਪ੍ਰਤੀਕੋਨ, ਮੇਰੇ ਸ਼ੀਸ਼ੇ।"

"ਤੇ ਹੁਣ ਕਿੱਧਰ ? ਕੋਈ ਕਾਲੀ ਕੁੜੀ ? ਕੋਈ ਕੰਵਾਰਾ ਹੁਸਨ ?"

"ਹਾਂ, ਨਹੀਂ, ਤੇ ...।"

"ਖ਼ੂਬਸੂਰਤੀ ਦੇ ਉਪਾਸ਼ਕ, ਲਿੰਗ-ਭੋਗ ਤੋਂ ਬਿਨਾਂ ਖ਼ੂਬਸੂਰਤੀ ਦੀ ਗੱਲ ਅਧੂਰੀ ਹੈ। ਕੋਈ ਨੌਜਵਾਨ ਚੱਟਾਨੀ ਹਿੱਕ ਵਾਲੀ ਕੁੜੀ ...।"

"ਇਹ ਵੀ ਇਕ ਅਜੀਬ ਪ੍ਰਸ਼ਨ ਹੈ—ਜਿਸ ਦਾ ਹੱਲ ਮੈਂ ਢੂੰਡ ਰਿਹਾ ਹਾਂ। ਕਦੇ ਮੈਨੂੰ ਆਪਣੇ ਨਾਲੋਂ ਉਮਰ ਵਿਚ ਬਹੁਤ ਛੁਟੇਰੀ ਭਰ ਜਵਾਨ ਕੁੜੀ ਦੀ ਇੱਛਾ ਸੀ। ਪਰ ਮੈਂ ਵੇਖਿਆ ਕਿ ਇਸ ਸੰਯੋਗ ਨੂੰ ਕੁੜੀ ਵਧੇਰੇ ਮਾਣਦੀ ਹੈ ਤੇ ਮਨੁੱਖ ਵਧੇਰੇ ਕਸਰਤ ਕਰਦਾ ਹੈ। ਅਧਖੜ ਹੋ ਰਹੀ ਉਮਰ ਵਿਚ, ਹਾਣ ਦੀ ਗੱਲ ਵੀ ਡਰਾਅ ਮੈਚ ਵਾਲੀ ਹੈ। ਦੋਵੇਂ ਟੀਮਾਂ ਹਫ਼ ਜਾਂਦੀਆਂ ਹਨ। ਹਾਂ ਜੇ ਕੋਈ ਗੱਲ ਹੈ ਤਾਂ ਆਪਣੇ ਨਾਲੋਂ ਜ਼ਰਾ ਵਡੇਰੀ ਉਮਰ ਦੀ ਇਸਤਰੀ ਨਾਲ ਸੰਬੰਧਾਂ ਵਿਚ ਹੈ—ਔਰਤ ਜਿਸ ਨੇ ਆਪਣੇ ਜਿਸਮ ਦੀ ਉਚੇਚੀ ਸੰਭਾਲ ਰੱਖੀ ਹੋਵੇ—ਜਿਸ ਦੀ ਅਤ੍ਰਿਪਤ ਆਤਮਾ ਵਿਚ ਅਜੇ ਵੀ ਆਪਣੇ ਅੰਦਰਲੇ ਮਰਦ ਨੂੰ, ਬਾਹਰ ਜਿਸਮ ਵਿਚ ਵੇਖਣ ਦੀ ਨਿਰੰਤਰ ਭਾਲ ਜਾਰੀ ਹੋਵੇ। ਔਰਤ ਜਿਸ ਵਿਚ ਤਿਆਗ ਹੋਵੇ—ਉਹ ਭਾਵੇਂ ਇਸ ਖੇਡ ਨੂੰ ਬਰਾਬਰ ਦਾ ਨਾ ਮਾਣੇ ਪਰ ਆਪਣੇ ਅੰਦਰਲੇ ਮਰਦ ਦੇ ਠੋਸ ਬਦਲ ਨੂੰ ਅਵੱਸ਼ ਹੀ ਬਾਗ ਅਦਨ ਪੁਚਾ ਦਿੰਦੀ ਹੈ। ਤੇ ਜੇ ਆਤਮਾ, ਆਤਮਾ ਨਾਲ ਮਿਲ ਜਾਏ, ਤਾਂ ਜਿਸਮਾਂ ਦੀ ਇਹ ਯਾਤਰਾ ਜ਼ਿਆਰਤ ਤੋਂ ਘੱਟ ਨਹੀਂ। ਮੈਂ ਇਸ ਨੂੰ ਵਰ ਕਹਿੰਦਾ ਹਾਂ, ਜੇ ਤੂੰ ਇਸ ਨੂੰ ਸਰਾਪ ਕਹਿ ਲਵੇਂ ਤਾਂ ਵੀ ਕੋਈ ਫ਼ਰਕ ਨਹੀਂ ਪੈਂਦਾ।"

"ਤੇ ਫਿਰ ਅੱਜ ਉਮਰੋਂ ਵਡੇਰੀ—"

"ਨਹੀਂ, ਨਹੀਂ, ਬੀਚ 'ਤੇ ਚੱਲਿਆਂ।"

"ਕੋਈ ਨਵੀਂ ਤਲਾਸ਼ ?"

"ਨਹੀਂ, ਕੁਝ ਨਹੀਂ, ਬਸ ਉਹ ਅੰਗ੍ਰੇਜ਼ ਔਰਤ ਲੀਜ਼ਾ—ਅਮਰੀਕਨ ਹੈ ਸ਼ਾਇਦ ਬੜੀ ਖ਼ੂਬਸੂਰਤ ਹੈ। ਰੋਜ਼ ਬੀਚ 'ਤੇ ਸਨ-ਬਾਥ (ਧੁੱਪ ਇਸ਼ਨਾਨ) ਲੈਣ ਆਉਂਦੀ ਹੈ। ਮਰਮਰੀ ਜਿਸਮ ਨੂੰ ਅੰਗੀ ਤੇ ਚੱਡੀ ਵਿੱਚੋਂ ਰੇਤ ਵਿਚ ਖੁੱਲ੍ਹਿਆਂ ਛੱਡ ਕੇ, ਵੀਰਾਨ ਤੇ ਸੱਖਣੀਆਂ ਅੱਖਾਂ ਨਾਲ ਆਲੇ-ਦੁਆਲੇ ਤੋਂ ਬੇਪਰਵਾਹ ਘੰਟਿਆਂ ਬੱਧੀ ਸਮੁੰਦਰ ਵਲ ਵੇਖਦੀ ਰਹਿੰਦੀ ਹੈ। ਸਮੁੰਦਰ ਜੋ ਨਿਰੰਤਰ ਫੈਲਦਾ, ਸੁਕੜਦਾ, ਖੌਲਦਾ ਰਹਿੰਦਾ ਹੈ, ਲਹਿਰਾਂ ਜੋ ਚੜ੍ਹਦੀਆਂ, ਲਹਿੰਦੀਆਂ ਕੰਢੇ ਨਾਲ ਟੱਕਰਾ ਕੇ ਚੱਕਰ ਦਰ ਚੱਕਰ ਦਾ ਇਕ ਨਿਰੰਤਰ ਕ੍ਰਮ ਉਤਪੰਨ ਕਰੀ ਜਾਂਦੀਆਂ ਹਨ ... ਤੇ ਮੈਂ ਅਕਸਰ ਉਸ ਦੀਆਂ ਅੱਖਾਂ ਨੂੰ ਲਹਿੰਦੇ ਸਮੁੰਦਰ ਦੀਆਂ ਲਹਿਰਾਂ ਵਿਚ ਘਿਰਦਿਆਂ, ਚਕਰਾਂਦਿਆਂ, ਅਹਿੱਲ ਤੇ ਫਿਰ ਇਕ ਟੱਕ ਹੁੰਦਿਆਂ ਵੇਖਿਆ ਹੈ। ਉਸ ਨੂੰ ਆਲੇ-ਦੁਆਲੇ ਦੀ ਕੋਈ ਖ਼ਬਰ ਨਹੀਂ ਰਹਿੰਦੀ, ਨਾ ਹੀ ਆਪਣੇ ਜਿਸਮ ਦੀ, ਜਿਵੇਂ ਉਹ ਸਮੁੰਦਰ ਕੰਢੇ ਆਪਣੀ ਮੌਤ ਦੀ ਘਟਨਾ ਦੀ ਉਡੀਕ ਵਿਚ ਸਾਲਮ ਅੱਖ ਬਣ ਕੇ ਰਹਿ ਗਈ ਹੋਵੇ। ਉਸ ਦਾ ਪਤੀ ਉਸ ਦਾ ਧਿਆਨ ਜ਼ਿੰਦਗੀ ਵੱਲ ਖਿੱਚਣ ਦੇ ਹਜ਼ਾਰ ਯਤਨ, ਤਰਲੇ ਕਰਦਾ ਹੈ। ਲੀਜ਼ਾ ਨੂੰ ਕਦੇ ਨ੍ਰਿਤ ਤੇ ਸੰਗੀਤ ਦਾ ਸ਼ੌਕ ਸੀ। ਉਸ ਦਾ ਪਤੀ ਉਸ ਕੋਲ ਉਸ ਦੇ ਮਨਚਾਹੇ ਤੇ ਲੇਟੈਸਟ ਟੇਪ ਕੀਤੇ ਸੰਗੀਤ ਨੂੰ ਸਮੁੰਦਰ ਦੇ ਨਿਰੰਤਰ ਮੌਨ ਸੰਗੀਤ ਤੇ ਉਭਰਦਿਆਂ ਛੱਡ ਜਾਂਦਾ ਹੈ—ਪਰ ਲੀਜ਼ਾ ਜਿਵੇਂ ਅਸਲੋਂ ਬੋਲੀ ਹੋ ਗਈ ਹੋਵੇ। ਲੀਜ਼ਾ ਨੂੰ ਕਦੇ ਬੱਚੇ ਜੰਮਣ, ਬੱਚੇ ਪਾਲਣ ਦਾ ਅਥਾਹ ਸ਼ੌਕ ਸੀ। ਉਸ ਦੇ ਦੋ ਨਿੱਕੇ-ਨਿੱਕੇ ਬੱਚੇ ਹਨ। ਉਸ ਦਾ ਪਤੀ ਕਦੇ ਉਨ੍ਹਾਂ ਦੋਹਾਂ ਬੱਚਿਆਂ ਨੂੰ ਉਸ ਦੇ ਕੋਲ ਖੇਡਦਿਆਂ ਛੱਡ ਜਾਂਦਾ ਹੈ, ਖੇਡਾਂ, ਖਿਡੌਣਿਆਂ ਤੇ ਉਨ੍ਹਾਂ ਤਿੰਨਾਂ ਦੇ ਮਨਪਸੰਦ ਭੋਜਨ ਦੀਆਂ ਵੰਨਗੀਆਂ ਦੇ ਨਾਲ। ਪਰ ਲੀਜ਼ਾ ਨੂੰ ਜਿਵੇਂ ਇਹ ਸਭ ਕੁਝ ਨਜ਼ਰ ਹੀ ਨਾ ਆਉਂਦਾ ਹੋਵੇ। ਉਹ ਇਸ ਸਭ

ਕੁਝ ਤੋਂ ਅਭਿੱਜ ਲਗਾਤਾਰ ਅੱਖ ਬਣੀ ਖੌਲਦੇ ਸਮੁੰਦਰ ਵਲ ਵੇਖਦੀ ਰਹਿੰਦੀ ਹੈ—ਪਤਾ ਨਹੀਂ ਕਿਸਦਾ ? ਸਮੁੰਦਰ ਦਾ ਜਾਂ ਆਪਣਾ ਅੰਤ ਵੇਖਣ ਲਈ ?"

"ਤੇ ਸ਼ਾਇਦ ਇਸੇ ਲਈ ਤੂੰ ਹਰ ਕਿਤਾਬ ਦੇ ਕੇਵਲ ਕੁਝ ਅੰਤਲੇ ਸਫ਼ੇ ਪੜ੍ਹਦਾ ਹੈਂ ਤੇ ਫਿਰ ਉਸ ਨੂੰ ਪਿਛਲੇ ਕਮਰੇ ਵਿਚ ਜਮ੍ਹਾਂ ਹੁੰਦੇ ਕਿਤਾਬਾਂ ਦੇ ਢੇਰ ਉੱਤੇ ਵਗਾਹ ਮਾਰਦਾ ਹੈਂ।"

"ਹਾਂ, ਮੈਂ ਸਮਝਦਾ ਹਾਂ ਕਿ ਹਰ ਪੁਰਸ਼ ਦੇ ਵਿਕਾਸ ਦੀ ਕਹਾਣੀ ਥੋੜ੍ਹਾ ਬਹੁਤ ਫ਼ਰਕ ਪਾ ਕੇ ਇਕ ਹੀ ਹੁੰਦੀ ਹੈ—ਵੇਖਣਾ ਇਹ ਹੈ ਕਿ ਉਸ ਦਾ ਅੰਤ ਕੀ ਹੁੰਦਾ ਹੈ। ਲੀਜ਼ਾ ਦੇ ਪ੍ਰੇਮੀ ਨੂੰ ਜਬਰੀ ਭਰਤੀ ਕਰਕੇ ਵੀਅਤਨਾਮ ਦੀ ਜੰਗ ਵਿਚ ਭੇਜ ਦਿੱਤਾ ਗਿਆ ਸੀ। ਇਕ ਸਾਧਾਰਨ ਜਿਹੀ ਘਟਨਾ ਹੈ। ਲੀਜ਼ਾ ਨੂੰ ਇਹ ਹੁਣ ਵਾਲਾ ਪਤੀ ਚੰਗਾ ਲੱਗਾ—ਉਸ ਦੇ ਸੰਗੀਤ ਤੇ ਨ੍ਰਿਤ ਦਾ ਸ਼ੌਕ ਜਾਰੀ ਰਿਹਾ—ਉਸ ਨੇ ਬੱਚੇ ਪੈਦਾ ਕੀਤੇ—ਪਾਲੇ, ਪਰ ਵੀਅਤਨਾਮ ਦੀ ਜੰਗ ਨਹੀਂ ਮੁੱਕੀ। ਛੱਡੀਏ ਇਸ ਕਥਾ ਨੂੰ—ਕਿਸੇ ਫ਼ਿਲਮ ਦੀ ਕਹਾਣੀ ਜਾਪਦੀ ਹੈ—ਮੈਂ ਲੇਟ ਹੋ ਰਿਹਾ ਹਾਂ। ਇਹ ਮੇਰੇ ਅੰਦਰਲੇ ਫੁੱਲ ਤੇ ਰੰਗ ਤੇਰੇ ਹਵਾਲੇ—ਅਲਵਿਦਾ।"

ਉਸ ਨੇ ਆਪਣਾ ਸਨ-ਬੇਦਿੰਗ ਸੂਟ ਇਕ ਥੈਲੇ ਵਿਚ ਪਾਇਆ, ਤਾਂ ਸ਼ੀਸ਼ੇ ਵਿੱਚੋਂ ਉਸ ਦਾ ਪ੍ਰਤੀਕੋਨ ਗ਼ਾਇਬ ਹੋ ਚੁੱਕਾ ਸੀ।

ਬੀਚ 'ਤੇ ਲੀਜ਼ਾ ਵੱਡੀ ਛੱਤਰੀ ਹੇਠਾਂ ਰੇਤ 'ਤੇ ਨਿੱਸਲ ਪਈ, ਦੂਰ ਸਮੁੰਦਰ ਵਲ ਘੂਰ ਰਹੀ ਸੀ। ਉਸ ਦੇ ਕੋਲ ਪਏ ਟੇਪ ਰੀਕਾਰਡਰ 'ਚੋਂ ਧੁਨਾਂ ਉੱਭਰ ਰਹੀਆਂ ਸਨ। ਕੋਲ ਹੀ ਰੇਤ ਤੇ ਕੋਈ ਬਹੁਤ ਪੁਰਾਣੀ ਅਖ਼ਬਾਰ ਪਈ ਸੀ, ਜਿਸ ਦੇ ਪਹਿਲੇ ਸਫ਼ੇ 'ਤੇ ਮੋਟੇ ਅੱਖਰਾਂ ਵਿਚ ਵੀਅਤਨਾਮੀ ਗੁਰੀਲਿਆਂ ਦੇ ਕਿਸੇ ਮਾਰੂ ਹਮਲੇ ਅਤੇ ਅਮਰੀਕਨਾਂ ਦੀ ਭਿਆਨਕ ਤਬਾਹੀ ਦੀ ਖ਼ਬਰ ਦੀ ਸੁਰਖ਼ੀ ਛਪੀ ਹੋਈ ਸੀ। ਦੋਵੇਂ ਬੱਚੇ ਖਾਣੇ ਵਾਲੀਆਂ ਛੁਰੀਆਂ ਨਾਲ ਰੇਤ ਉੱਤੇ ਆਪਣੇ-ਆਪਣੇ ਘਰਾਂ ਦੀ ਹੱਦਬੰਦੀ ਦੀ ਖੇਡ-ਖੇਡ ਰਹੇ ਸਨ ਕਿ ਅਚਾਨਕ ਇਕ ਦੀ ਹੱਦ ਦੀ ਲਕੀਰ ਦੂਜੇ ਦੀ ਹੱਦ ਵਿਚ ਜਾ ਵੜੀ ਤੇ ਫਿਰ ਉਨ੍ਹਾਂ ਦੀ ਸ਼ਾਬਦਕ ਤਕਰਾਰ ਲੜਾਈ ਵਿਚ ਬਦਲ ਗਈ, ਛੁਰੀਆਂ ਚੱਲ ਗਈਆਂ—ਬੱਚੇ ਲਹੂ ਲੁਹਾਨ ਹੋ ਗਏ—ਪਰ ਲੀਜ਼ਾ 'ਤੇ ਇਸ ਦਾ ਕੋਈ ਅਸਰ ਨਾ ਹੋਇਆ। ਉਸ ਦੀ ਪਕੜ ਅਖ਼ਬਾਰ 'ਤੇ ਪੀਡੀ ਹੁੰਦੀ ਗਈ ਤੇ ਉਸ ਦੀਆਂ ਨਜ਼ਰਾਂ ਦੂਰ ਸਮੁੰਦਰ ਵਿਚ ਚਟਾਨ ਵਾਂਗ ਉੱਭਰੀ—ਅਤੇ ਮਗਰਮੱਛ ਵਾਂਗ ਜਬਾੜੇ ਅੱਡੀ ਸਾਹਿਲ ਵਲ ਵਧੀ ਆ ਰਹੀ ਇਕ ਤੂਫ਼ਾਨੀ ਛੱਲ ਤੇ ਇਕ ਟੱਕ ਟਿਕੀਆਂ ਰਹੀਆਂ।

ਲੀਜ਼ਾ ਦੇ ਪਤੀ ਨੇ ਲਹੂ-ਲੁਹਾਨ ਬੱਚਿਆਂ ਨੂੰ ਛੁਡਾ ਕੇ ਇਕ ਦੂਜੇ ਤੋਂ ਅਲਹਿਦਾ ਕਰਦਿਆਂ ਲੀਜ਼ਾ ਨੂੰ ਵਾਲਾਂ ਤੋਂ ਫੜ ਕੇ ਝੰਜੋੜਿਆ, "ਤੈਨੂੰ ਕੀ ਹੋ ਗਿਆ ਹੈ ? ਤੂੰ ਆਪਣੇ ਬੱਚਿਆਂ ਨੂੰ ਮੌਤ ਦੇ ਮੂੰਹ ਵਿਚ ਸੁੱਟਣ ਲੱਗੀ ਸੈਂ—ਵੇਖ ਇਹ ਕਿਵੇਂ ਲਹੂ ਲੁਹਾਣ ਹੋਏ ਪਏ ਹਨ।"

ਲੀਜ਼ਾ ਨੇ ਅਖ਼ਬਾਰ ਨੂੰ ਹੱਥਾਂ ਵਿਚ ਹੋਰ ਵੀ ਵਧੇਰੇ ਘੁੱਟ ਕੇ ਫੜਦਿਆਂ ਕੁਰਲਾ ਕੇ ਜਵਾਬ ਦਿੱਤਾ, "ਇਹ ਸਭ ਕੁਝ ਆਦਿ ਜੁਗਾਦੀ ਹੈ—ਮੁੱਢ ਤੋਂ ਇਵੇਂ ਹੀ ਹੁੰਦਾ ਆ ਰਿਹਾ ਹੈ—ਬਹੁਤ ਦੇਰ ਤੋਂ ਮੈਂ ਇਹ ਇਵੇਂ ਹੀ ਵੇਖ ਰਹੀ ਹਾਂ—ਇਹ ਨ੍ਰਿਤ, ਇਹ ਸੰਗੀਤ, ਇਹ ਬੱਚੇ ਇਹ ਆਤਮਾ ਸਭ ਕੁਝ ਲਹੂ-ਲੁਹਾਨ ਹੈ।"

ਤੇ ਫਿਰ ਉਸ ਨੇ ਪਹਿਲਾਂ ਬੱਚਿਆਂ, ਫਿਰ ਆਪਣੇ ਪਤੀ ਤੇ ਅੰਤ ਵਿਚ ਆਪਣੇ ਅੰਦਰ ਵਲ ਉਂਗਲੀ ਦਾ ਇਸ਼ਾਰਾ ਕਰਦਿਆਂ ਹੌਲੀ ਜਿਹੀ ਆਖਿਆ,

"ਇਹ ਵੀਅਤਨਾਮ !"

ਤੇ ਫਿਰ ਦੂਰ ਸਮੁੰਦਰ ਵਲ ਵੇਖਦਿਆਂ, ਅਖ਼ਬਾਰ ਨਾਲ ਦੂਰ ਅਨੰਤ ਵਲ ਸੰਕੇਤ ਕਰਦਿਆਂ ਪੋਲੇ ਜਿਹੇ ਕਿਹਾ :

"ਔਹ ਵੀਅਤਨਾਮ !"

ਇਸ ਤੋਂ ਪਹਿਲਾਂ ਕਿ ਲੀਜ਼ਾ ਉਸ ਵਲ ਇਸ਼ਾਰਾ ਕਰਕੇ ਵੀ ਕਹਿੰਦੀ ਕਿ, "ਔਹ ਵੀਅਤਨਾਮ"

ਉਹ ਰੋਂਦੀ ਲੀਜ਼ਾ, ਲਹੂ-ਲੁਹਾਨ ਬੱਚਿਆਂ ਤੇ ਉਸ ਦੇ ਪਤੀ ਨੂੰ ਉੱਥੇ ਹੀ ਛੱਡ ਕੇ ਕਾਹਲੀ-ਕਾਹਲੀ ਘਰ ਪਰਤ ਆਇਆ।

"ਕੀ ਗੱਲ ਹੈ ? ਅੱਜ ਤੂੰ ਬਾਹਰੋਂ ਆ ਕੇ ਆਪਣੇ ਫੁੱਲਾਂ ਤੇ ਰੰਗਾਂ ਨੂੰ ਨਹੀਂ ਪਲੋਸਿਆ ਤੇ ਸਿੱਧਾ ਕਿਤਾਬਾਂ ਵਾਲੇ ਕਮਰੇ ਵਲ ਭੱਜਾ ਜਾ ਰਿਹਾ ਹੈਂ ?"

"ਕੁਝ ਨਾ ਪੁੱਛ !"

"ਇਹ ਕੀ ? ਤੂੰ ਸਭ ਕਿਤਾਬਾਂ ਨੂੰ ਤਰਤੀਬ ਦੇ ਕੇ ਇਕ ਕਿਤਾਬ ਨੂੰ, ਆਪਣੀ ਜ਼ਿੰਦਗੀ ਵਿਚ ਅੱਜ ਪਹਿਲੀ ਵਾਰੀ, ਪਹਿਲੇ ਸਫ਼ੇ ਤੋਂ ਪੜ੍ਹਨਾ ਕਿਉਂ ਸ਼ੁਰੂ ਕਰ ਰਿਹਾ ਹੈਂ ?"

"ਹਰ ਵਿਅਕਤੀ ਆਪਣੇ ਆਪ ਵਿਚ ਇਕ ਮੁਕੰਮਲ ਕਿਤਾਬ ਹੁੰਦਾ ਹੈ, ਤੇ ਹਰ ਕਿਤਾਬ ਆਪਣੇ ਆਪ ਵਿਚ ਇਕ ਮੁਕੰਮਲ ਵਿਅਕਤੀ, ਮੈਂ ਸਭ ਦੇ ਅੰਤ ਪੜ੍ਹ ਚੁੱਕਾ ਹਾਂ—ਆਪਣੇ ਅੰਤ ਤੋਂ ਪਹਿਲਾਂ ਮੈਨੂੰ ਇਨ੍ਹਾਂ ਸਭ ਨੂੰ ਮੁੱਢ ਤੋਂ ਪੜ੍ਹਨ ਦੀ ਆਗਿਆ ਦੇ ਦੇ। ਤੈਨੂੰ ਪਤੈ, ਲੀਜ਼ਾ ਬਾਹਰ ਨਿਕਲ ਆਈ ਹੈ—ਲੀਜ਼ਾ ਬਾਹਰ ਨਿਕਲ ਆਈ ਹੈ।"

# ਨਯਾਕੇਰੈਂਗਾ

ਅਜੇ ਮੂੰਹ ਅਨ੍ਹੇਰਾ ਜਿਹਾ ਹੀ ਸੀ ਤੇ ਮੈਂ ਬੱਦਲਵਾਏ ਆਕਾਸ਼ ਵਲ ਵੇਖ ਕੇ ਛੇਤੀ-ਛੇਤੀ ਦੋ ਚਾਰ ਬੋਤਲਾਂ ਬੀਅਰ ਦੀਆਂ ਪੀ ਕੇ ਘਰ ਵਲ ਮੁੜ ਪਿਆ। ਘਰ ਵੀ ਏਥੋਂ ਡੇਢ ਮੀਲ ਦੂਰ ਸੀ—ਸੁਕ ਪਕੇ ਵਿਚ ਤਾਂ ਠੀਕ ਸੀ ਪਰ ਜਦੋਂ ਮੀਂਹ ਪੈਂਦਾ ਸੀ ਤਾਂ ਇਸ ਮਿੱਟੀ ਵਿੱਚੋਂ ਤੁਰ ਕੇ ਲੰਘਣਾ ਕਿਹੜਾ ਸੁਖਾਲਾ ਸੀ, ਗਿੱਲੀ ਗੋਹਾ ਤੇ ਸੁੱਕੀ ਲੋਹਾ। ਇਕ ਪਾਸੇ ਢਲਵਾਨ, ਇਕ ਪਾਸੇ ਚੜ੍ਹਾਈ ਤੇ ਵਿਚਕਾਰ ਨਿੱਕੀ ਜਿਹੀ ਕੱਚੀ ਸੜਕ—ਪੈਰ-ਪੈਰ ਤੇ ਖੱਬ੍ਹਲ, ਟੋਏ ਤੇ ਤਿਲ੍ਹਕਣ—ਪੈਰ ਨੂੰ ਮੋਚ ਆ ਜਾਏ ਜਾਂ ਗੋਡਾ ਗਿੱਟਾ ਨਿਕਲ ਜਾਏ, ਕਿਸੇ ਨੂੰ ਕੀ ? ਪਿਆ ਰਹੇ ਸਵੇਰ ਤਕ ਉੱਥੇ ਹੀ। ਮੀਂਹ ਕਣੀ ਵਿਚ ਕਾਰ ਵੀ ਏਥੋਂ ਨਹੀਂ ਸੀ ਲੰਘ ਸਕਦੀ। ਅਜਿਹੇ ਸਮੇਂ ਜਦੋਂ ਮਨੁੱਖ ਨੂੰ ਆਪਣਾ ਬੋਝ ਚੁੱਕ ਕੇ ਇਹ ਚਿੱਕੜ ਕੱਛਣਾ, ਇਕ ਸਮੱਸਿਆ ਬਣ ਜਾਵੇ, ਤਾਂ ਕਿਸੇ ਮਚਕੋੜੇ ਗੋਡੇ ਜਾਂ ਨਿਕਲੇ ਗਿੱਟੇ ਵਾਲੇ ਮਨੁੱਖ ਨੂੰ ਪਿੱਠ ਤੇ ਚੁੱਕ ਕੇ ਲਿਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਨ੍ਹਾਂ ਹੀ ਸੋਚਾਂ ਵਿਚ ਤੁਰਿਆ ਜਾ ਰਿਹਾ ਸਾਂ ਕਿ ਰਸਤੇ ਵਿਚ ਪੈਂਦੇ ਨਿੱਕੇ ਜਿਹੇ ਦਰਿਆ ਕੋਲ ਪਹੁੰਚਦਿਆਂ ਹੀ ਮੇਰੇ ਕੰਨਾਂ ਵਿਚ ਅਚਾਨਕ ਇਕ ਨਸਵਾਨੀ ਜਿਹੀ ਆਵਾਜ਼ ਪਈ।

"ਵੇਖਦਾ ਕੀ ਹੈਂ ? ਦਰਿਆ ਹੈ ਦਰਿਆ—ਵਗਦਾ ਪਾਣੀ। ਕੋਈ ਟੁੱਭਾ ਲਾਵੇ, ਤੁਰਦਾ ਹੋਵੇ, ਵਗਦੇ ਪਾਣੀਆਂ ਦਾ ਕੀ ਹੈ ? ਹੂੰ ! ਬੜੇ-ਬੜੇ ਵੇਖੇ ਹਨ, ਇਸ ਉਮਰ ਵਿਚ ਕਈਆਂ ਨੂੰ ਸਤਾਇਆ ਤੇ ਕਈਆਂ ਨੂੰ ਹੰਢਾਇਆ ਹੈ। ਕਈਆਂ ਨੂੰ ਸਿਖਾਇਆ ਤੇ ਕਈਆਂ ਨੂੰ ਟੁੱਭਾ ਲਵਾਇਆ ਹੈ ਤੇ ਜਦੋਂ ਮਨ ਆਇਆ, ਕਈਆਂ ਨੂੰ ਸਵਰਗ ਵਿਖਾਇਆ ਹੈ ਇਸ ਧਰਤੀ 'ਤੇ, ਧਰਤੀ ਦਾ ਸਵਰਗ ! ਕੀ ਸਮਝਦਾ ਹੈਂ—ਦਰਿਆ ਹੈ ਦਰਿਆ, ਵਗਦਾ ਪਾਣੀ।"

ਨਸ਼ੇ ਵਿਚ ਰੱਜੀ ਉਹ ਲੁੜ੍ਹਕਦੀ ਹੋਈ ਤੁਰੀ ਜਾ ਰਹੀ ਸੀ। ਇਹ ਸੋਚਦਿਆਂ ਕਿ ਮੌਜ ਵਿਚ ਹੈ, ਮੈਂ ਆਪਣੇ ਕਦਮ ਕਾਹਲੇ ਕਰ ਲਏ, ਪਰ ਉਸ ਦੀ ਬੁੜਬੁੜਾਹਟ ਮੈਨੂੰ ਦੇਰ ਤਕ ਸੁਣਦੀ ਰਹੀ, ਜਿਸ ਦਾ ਮੈਂ ਕੋਈ ਸਿਰ ਪੈਰ ਨਾ ਪਕੜ ਸਕਿਆ।

ਦੂਜੇ ਦਿਨ ਸਵੇਰੇ ਮੈਂ ਆਪਣੇ ਇਕ ਸਹਿਕਰਮੀ ਨਾਲ ਜੋ ਇਕ ਮਾੜਚੂਆ ਜਿਹਾ ਅਫ਼ਰੀਕਨ ਸੀ, ਰਾਤ ਵਾਲੀ ਘਟਨਾ ਦੀ ਗੱਲ ਕੀਤੀ ਤਾਂ ਉਹ ਹੱਸ ਪਿਆ ਤੇ ਕਹਿਣ ਲੱਗਾ, "ਉਹ ਹੀ ਹੋਵੇਗੀ, ਹੋਰ ਕੌਣ ਹੋ ਸਕਦੀ ਹੈ ? ਬੜੀ ਚੀਜ਼ ਹੈ; ਤੂੰ ਵੀ ਕਹਿੰਦਾ ਹੋਵੇਂਗਾ ਕਿ ਮੈਂ ਅਫ਼ਰੀਕਾ ਵੇਖ ਲਿਆ ਹੈ, ਘੁੰਮ, ਫਿਰਕੇ, ਇਹ ਗੇਮ ਪਾਰਕ, ਲੈਂਡ ਸਕੇਪ, ਟੂਰਿਸਟ ਅਟਰੈਕਸ਼ਨਜ਼, ਟਰੀ ਟੌਪ, ਮਾਊਂਟ ਕੀਨੀਆਂ, ਲੇਕ ਨਾਏਵਾਸ਼ਾ ਦੀ ਫ਼ਿਸ਼ਿੰਗ, ਲੇਕ ਨਕੂਰੂ ਤੇ ਫਲੈਮਿੰਗੋ, ਨੈਰੋਬੀ ਦਾ ਸਨੇਕ ਪਾਰਕ—ਸਭ ਨੂੰ ਵੇਖ ਚੁੱਕਾ ਹੈਂ ਤੂੰ। ਪਰ ਉਸ ਬਿਨਾਂ ਤੇਰਾ ਕੀਨੀਆਂ ਦਾ ਗਿਆਨ ਤੇ ਤਜਰਬਾ ਅਜੇ ਅਧੂਰਾ ਹੈ। ਜੇ ਤੂੰ ਉਸ ਨੂੰ ਨਹੀਂ ਵੇਖਿਆ ਤਾਂ ਸਮਝ ਲੈ ਅਜੇ ਤਕ ਤੂੰ ਕੀਨੀਆਂ ਦਾ ਕੁਝ ਨਹੀਂ ਵੇਖਿਆ।"

"ਪਰ ਆਖ਼ਿਰ, ਉਹ ਹੈ ਕੌਣ ?"

ਐਮੋਸ ਡੇਹੀ ਨੂੰ ਕੋਲ ਆਉਂਦਿਆਂ ਵੇਖ ਕੇ ਉਹ ਕੰਨੀ ਕਤਰਾਉਂਦਾ ਹੋਇਆ ਬੋਲਿਆ, "ਮੈਨੂੰ ਪੀਰੀਅਡ ਲਾ ਆਉਣ ਦੇ, ਫਿਰ ਵਿਸਥਾਰ ਨਾਲ ਗੱਲ ਕਰਾਂਗੇ।"

ਐਮੋਸ ਡੇਹੀ ਮੇਰੀ ਤੇ ਕੈਰੀਊਕੀ ਦੀ ਗੱਲਬਾਤ ਦਾ ਵਿਸ਼ਾ ਸੁਣ ਕੇ ਪਹਿਲਾਂ ਤਾਂ ਖੁੱਲ੍ਹ ਕੇ ਹੱਸਿਆ ਤੇ ਫਿਰ ਕਹਿਣ ਲੱਗਾ, "ਕੈਰੀਊਕੀ ਦਾ ਇਸ਼ਾਰਾ ਨਯਾਕੇਰੈਂਗਾ ਵੱਲ ਸੀ, ਜਿਸ ਬਾਰੇ ਤੂੰ ਅੱਗੇ ਵੀ ਕਾਫ਼ੀ ਕੁਝ ਸੁਣ ਚੁੱਕਾ ਹੈਂ—ਬੜਾ ਕਾਠਾ ਚਰਿਤਰ ਹੈ। ਪਰ ਕੈਰੀਊਕੀ ਬਾਰੇ ਮੈਂ ਤੈਨੂੰ ਇਕ ਮਜ਼ੇਦਾਰ ਘਟਨਾ ਦਸਦਾ ਹਾਂ। ਇਕ ਦਿਨ ਕੈਰੀਊਕੀ ਸ਼ਰਾਬ ਪੀਣ ਨਯਾਕੇਰੈਂਗਾ ਦੇ ਡੇਰੇ ਚਲਾ ਗਿਆ। ਉਹ ਸ਼ਰਾਬ ਨਾਲ ਰੱਜੀ ਹੋਈ ਸੀ ਤੇ ਉਸ ਦਾ ਰੂਪ ਦੀਵੇ ਦੀ ਮੱਧਮ ਲੋ ਵਿਚ ਕਾਲੇ ਰੰਗ ਵਿਚੋਂ ਦਗ-ਦਗ ਕਰਦਾ ਪਿਆ ਸੀ। ਕੈਰੀਊਕੀ ਸ਼ਰਾਬ ਦਾ ਇਕ ਕੈਲਾਬਾਸ਼ ਲੈ ਕੇ ਕਮਰੇ ਦੀ ਇਕ ਗੁੱਠੇ ਬਹਿ ਕੇ ਸ਼ਰਾਬ ਪੀਣ ਲੱਗ ਪਿਆ। ਉੱਥੇ ਹੀ ਸ਼ਹਿਰ ਦੇ ਸ਼ੌਕੀਨ ਅਤੇ ਆਪਣੇ ਆਪ ਨੂੰ ਖੱਬੀ ਖਾਨ ਕਹਿੰਦੇ, ਦੋ ਨੌਜਵਾਨ ਵੀ ਸ਼ਰਾਬ ਪੀ ਰਹੇ ਸਨ। ਨਯਾਕੇਰੈਂਗਾ ਦੇ ਮਨ ਵਿਚ ਇਕ ਸ਼ਰਾਰਤ ਸੁੱਝੀ ਤੇ ਉਸ ਨੇ ਉਨ੍ਹਾਂ ਦੋਹਾਂ ਹਮ-ਪਿਆਲਾ ਦੋਸਤਾਂ ਨਾਲ ਠੱਠਾ ਮਖ਼ੌਲ ਸ਼ੁਰੂ ਕਰ ਦਿੱਤਾ। ਉਹ ਫੂਕ ਵਿਚ ਆਏ, ਆਪੋ ਆਪਣੀਆਂ ਸਿਫ਼ਤਾਂ ਦੇ ਪੁਲ ਬੰਨ੍ਹਦੇ ਗਲਾਸ ਤੇ ਗਲਾਸ ਚਾੜ੍ਹਦੇ ਹੋਏ ਨਯਾਕੇਰੈਂਗਾ ਨੂੰ ਆਪਣੇ ਵਲ ਆਕਰਸ਼ਤ ਕਰਨ ਦਾ ਯਤਨ ਕਰਦੇ ਰਹੇ ਤੇ ਫਿਰ ਨਯਾਕੇਰੈਂਗਾ ਨੇ ਜਦੋਂ ਵੇਖਿਆ ਕਿ ਹੁਣ ਲੋਹਾ ਤੱਤਾ ਹੈ ਤਾਂ ਉਹ ਦੂਜੇ ਅੰਦਰ ਚਲੀ ਗਈ। ਉਨ੍ਹਾਂ ਵਿੱਚੋਂ ਇਕ ਨੂੰ ਆਵਾਜ਼ ਦੇ ਕੇ ਉਸ ਨੇ ਆਪਣੇ ਕੋਲ ਬੁਲਾਇਆ, ਬਿਠਾਇਆ ਤੇ ਚਮਕਾਇਆ। ਉਹ ਉਸ ਨਾਲ ਧੀਮੀਂ ਆਵਾਜ਼ ਵਿਚ ਕੁਝ ਗੱਲਾਂ ਕਰਦੀ ਰਹੀ ਤੇ ਫਿਰ ਉਹ ਨੌਜਵਾਨ ਨਯਾਕੇਰੈਂਗਾ ਦੇ ਇਸ਼ਾਰੇ 'ਤੇ ਵਾਪਸ ਉਸੇ ਕਮਰੇ ਵਿਚ ਚਲਾ ਗਿਆ। ਅਤੇ ਫਿਰ ਨਯਾਕੇਰੈਂਗਾ ਨੇ ਉਸ ਦੇ ਮਿੱਤਰ ਨੂੰ ਬੁਲਾਇਆ ਤੇ ਉਸ ਦੂਜੇ ਨੌਜਵਾਨ ਦੇ ਜਜ਼ਬਾਤ ਨਾਲ ਖੇਡਦੀ ਰਹੀ ਤੇ ਪਹਿਲਾ ਕ੍ਰੋਧਵਾਨ ਹੋਇਆ ਬਾਹਰ ਸ਼ਰਾਬ ਨਾਲ ਜ਼ਹਿਰਮਾਰ ਕਰਦਾ ਰਿਹਾ। ਇਹ ਖੇਡ ਕੁਝ ਦੇਰ ਜਾਰੀ ਰਹੀ ਤੇ ਫਿਰ ਉਹ ਦੋਵੇਂ ਇਕ ਦੂਜੇ ਨਾਲ ਫਸ ਪਏ, ਘਸੁੰਨ ਮੁੱਕੀ, ਡਾਂਗ ਸੋਟਾ ਹੋਏ। ਇਸ ਲੜਾਈ ਦੇ ਦੌਰਾਨ ਨਯਾਕੇਰੈਂਗਾ ਵਾਰ-ਵਾਰ ਇਕ ਵਹਿਸ਼ੀਆਨਾ ਹਾਸਾ ਹੱਸਦੀ ਰਹੀ ਤੇ ਕੈਰੀਊਕੀ ਇਕ ਗੁੱਠ ਵਿਚ ਬੈਠਾ ਹੋਰ ਵੀ ਸੁੰਗੜਦਾ ਰਿਹਾ। ਲੜਦੇ-ਲੜਦੇ ਦੋਵੇਂ ਮਿੱਤਰ ਬਾਹਰ ਨਿਕਲ ਗਏ ਤੇ ਸ਼ਾਇਦ ਉਨ੍ਹਾਂ ਨੂੰ ਸਾਰੀ ਗੱਲ ਸਮਝ ਪੈ ਗਈ—ਜਾਂ ਫਿਰ ਸ਼ਕਤੀ ਦਾ ਫੈਸਲਾ ਨਾ ਹੁੰਦਾ ਤੱਕ ਕੇ—ਲਹੂ-ਲੁਹਾਨ ਹੋਏ, ਉਹ ਪਿੱਠਾਂ ਭੁਆ ਕੇ ਆਪੋ ਆਪਣੇ ਰਾਹੇ ਪੈ ਗਏ ਤਾਂ ਨਯਾਕੇਰੈਂਗਾ ਗਰਜੀ, "ਮਾਂ ਕੋਲੋਂ ਆਉਂਦੇ ਹਨ ਨਯਾਕੇਰੈਂਗਾ ਨਾਲ ਸੌਣ, ਬੇਸ਼ਰਮ, ਹੀਜੜੇ, ਹਰਾਮਜ਼ਾਦੇ, ਕਿਸੇ ਤਕੜੀ ਮਾਂ ਦਾ ਦੁੱਧ ਪੀਣਾ ਸੀ। ਜਾਪਦਾ ਹੈ ਬਚਪਨ ਵਿਚ ਮਾਂ ਦੇ ਥਣਾਂ ਦੀ ਥਾਂ ਗਿਟਕਾਂ ਨੂੰ ਹੀ ਸੂਟੇ ਮਾਰਦੇ ਰਹੇ ਹੋ। ਕਮੀਨੇ ..." ਤੇ ਫਿਰ ਉਸ ਦਾ ਧਿਆਨ ਕੈਰੀਊਕੀ ਵਲ ਪਿਆ, ਉਸ ਦਾ ਚਿਹਰਾ ਵੇਖ ਕੇ ਕੈਰੀਊਕੀ ਹੋਰ ਵੀ ਵਧੇਰੇ ਸਹਿਮ ਗਿਆ। ਨਯਾਕੇਰੈਂਗਾ ਪਹਿਲਾਂ ਮੁਸਕਰਾਈ ਤੇ ਫਿਰ ਬੜੀ ਮੁਹੱਬਤ ਨਾਲ ਬੋਲੀ, "ਲੈ ਫਿਰ ਕੈਰੀਊਕੀ ਅੱਜ ਤੂੰ ਹੀ ਸਿਮ-ਸਿਮ ਆਖ ਤੇ ਬੁੱਲ੍ਹੇ ਵੱਢ—ਤੂੰ ਵੀ ਕੀ ਜਾਣੇਗਾ ਕਿ ਨਯਾਕੇਰੈਂਗਾ ਨਾਲ ਵਾਹ ਪਿਆ ਸੀ।" ਤੇ ਫਿਰ ਲੋਕ ਕਹਿੰਦੇ ਹਨ ਕਿ ਸਾਰੀ ਰਾਤ ਨਯਾਕੇਰੈਂਗਾ ਕੈਰੀਊਕੀ ਨੂੰ ਹੁੱਝਾਂ ਮਾਰ ਮਾਰ ਉਠਾਂਦੀ ਤੇ ਚੇਤੰਨ ਕਰਦੀ ਰਹੀ। ਸਵੇਰੇ ਉਹ ਮੌਕਾ ਤਾੜ ਕੇ ਸਿੱਪੀ ਵਰਗਾ ਮੂੰਹ ਲਈ, ਨਿੰਬੂ ਵਾਂਗ ਨੁੱਚੜਿਆ ਆਪਣੀ ਅੱਧਮੋਈ ਹੋਂਦ ਨੂੰ ਘਸੀਟਦਾ ਉੱਥੋਂ ਅਜਿਹਾ ਭੱਜਾ ਕਿ ਅੱਜ ਤਕ ਉਸ ਨੇ ਮੁੜ ਉੱਥੇ ਜਾਣ ਦਾ ਨਾਮ ਨਹੀਂ ਲਿਆ।"

ਨਯਾਕੇਰੈਂਗਾ ਬਾਰੇ ਮੈਂ ਇਹੋ ਜਿਹੇ ਅਨੇਕਾਂ ਕਿੱਸੇ ਸੁਣ ਰਖੇ ਸਨ। ਪਰ ਉਸ ਨੂੰ ਮਿਲਣ, ਵੇਖਣ ਦਾ ਮੌਕਾ ਜੇ ਮਿਲਿਆ ਹੀ ਸੀ ਤਾਂ ਅਨ੍ਹੇਰੇ ਵਿਚ। ਉਹ ਅਮੀਰ ਮਾਪਿਆਂ ਦੇ ਘਰ ਜੰਮੀ ਸੀ। ਪੰਜਵੀਂ ਵਿਚ ਹੀ ਪੜ੍ਹਦੀ ਸੀ, ਜਦੋਂ ਉਸ ਨੂੰ ਸ਼ਰਾਬ ਪੀਣ ਦੀ ਲੱਤ ਪੈ ਗਈ ਤੇ ਫਿਰ ਸੱਤਵੀਂ ਤਕ ਪਹੁੰਚਦਿਆਂ ਪਹੁੰਚਦਿਆਂ, ਉਹ ਚੰਗੀ ਤਕੜੀ ਪਿਆਕ ਹੀ ਨਹੀਂ ਸਗੋਂ ਕਹਿੰਦੇ ਕਹਾਉਂਦੇ ਮਰਦਾਂ ਦੀ ਸ਼ਿਕਾਰੀ ਵੀ ਬਣ ਗਈ ਸੀ। ਚੌੜਾ ਚਕਲਾ ਜਿਸਮ, ਉੱਚਾ ਲੰਮਾ ਕੱਦ, ਕਾਲਾ ਸ਼ਾਹ ਰੰਗ; ਤਿਖੇ ਨਕਸ਼ ਤੇ ਸੰਗੀਤਮਈ ਅਵਾਜ਼, ਜਿਸ ਵਿਚ ਕਦੇ ਜਲਤਰੰਗ ਵਜ ਉੱਠਦੇ, ਕਦੇ ਨੁਕਰਈ ਘੰਟੀਆਂ ਦੀ ਆਵਾਜ਼ ਆ ਸ਼ਾਮਿਲ ਹੁੰਦੀ ਤੇ ਕਦੇ ਇਕ

ਅਤਿ ਭਿਆਨਕ ਸੁਰ ਉੱਭਰਦਾ ਜਿਸ ਨੂੰ ਸੁਣ ਕੇ ਰੀੜ੍ਹ ਦੀ ਹੱਡੀ ਤਕ ਦੇਹ ਸੁੰਨ ਹੋ ਜਾਂਦੀ। ਉਹ ਪੰਜਵੀਂ ਛੇਵੀਂ ਵਿਚ ਹੀ ਸੀ ਜਦੋਂ ਉਸ ਨੂੰ ਨੈਰੋਬੀ ਜਾਣ ਦਾ ਮੌਕਾ ਮਿਲਿਆ ਤੇ ਫਿਰ ਉਸ ਦੀ ਕਾਇਆ ਹੀ ਪਲਟ ਗਈ। ਸਕੂਲੋਂ ਵਿਹਲੀ ਹੁੰਦੀ, ਤਾਂ ਘਰ ਆ ਕੇ ਸਕੂਲ ਦੀ ਯੂਨੀਫਾਰਮ ਵਗਾਹ ਮਾਦਰੀ। ਟਾਈਟ ਜੀਨ ਤੇ ਘੁੱਟਵੇਂ ਬਲਾਊਜ਼ ਵਿਚ ਮਟਕ-ਮਟਕ ਤੁਰਦੀ ਉਹ ਬਾਰ ਵਲ ਜਾਂਦੀ, ਸੜਕਾਂ 'ਤੇ ਆ ਖਲੋਂਦੀ, ਹੱਥ ਵਿਚ ਖੂੰਡੀ, ਸਿਰ ਉੱਤੇ ਅੰਗ੍ਰੇਜ਼ੀ ਟੋਪੀ ਤੇ ਬੁੱਲ੍ਹਾਂ ਤੇ ਸੁਲਗਦਾ ਸਿਗਰਟ—ਉਸਦੀਆਂ ਅੱਖਾਂ ਵਿਚ ਇਕ ਸ਼ੈਤਾਨੀ ਮੁਸਕਰਾਹਟ ਜਿਹੀ ਰਕਸ ਕਰਦੀ, ਇਕ ਸ਼ਰਾਰਤ ਜਿਹੀ ਮਚਲਦੀ ਤਾਂ ਉਹ ਰਾਹ ਜਾਂਦੇ ਮਰਦ ਨੂੰ ਵੰਗਾਰਦੀ ਹੋਈ ਕਹਿੰਦੀ, "ਕੀ ਸਮਝਦਾ ਹੈਂ ਆਪਣੇ ਆਪ ਨੂੰ ? ਮੇਰਾ ਨਾਮ ਨਯਾਕੇਰੈਂਗਾ ਹੈ ਤੇ ਉਪਨਾਮ ਮਿਸਟਰ ਡੰਕਨ—ਆਕੜ, ਆਕੜ ਕੇ ਤੁਰਦਾ ਹੈਂ—ਰਾਹੇ ਰਾਹ ਪਾ ਦਿਆਂਗੀ, ਸਮਝੇ।"

ਆਦਮੀ ਨੂੰ ਖਿਝ ਆ ਜਾਂਦੀ ਤੇ ਉਹ ਅੱਗ ਭਬੂਕਾ ਹੋਇਆ ਉਸ ਨੂੰ ਗਾਲ੍ਹਾਂ ਕੱਢਦਾ, ਤਾਂ ਨਯਾਕੇਰੈਂਗਾ ਕਬਾਇਲੀ ਭਾਸ਼ਾ ਛੱਡ ਕੇ ਆਪਣੇ ਅੰਗ੍ਰੇਜ਼ੀ ਪਹਿਰਾਵੇ ਵਲ ਵੇਖਦੀ ਹੋਈ ਅੰਗ੍ਰੇਜ਼ੀ ਵਿਚ ਬੋਲਦੀ, "ਵਟ ਡੂ ਯੂ ਥਿੰਕ ਆਫ਼ ਯੂਅਰ ਸੈਲਫ ? ਆਈ ਸੇ, ਆਈ ਕੈਨ ਬੀਟ ਯੂ ਐਂਡ ਆਈ ਮੀਨ ਇਟ।"

ਜ਼ਹਿਰ ਦੇ ਘੁਟ ਭਰ-ਭਰ ਅੰਦਰੇ-ਅੰਦਰ ਉੱਬਲਦੇ ਘਸੁੰਨ ਵੱਟ ਰਹੇ ਆਦਮੀ ਦੇ ਆਪਣੇ ਉੱਤੇ ਟੁੱਟ ਪੈਣ ਤੋਂ ਪਹਿਲਾਂ ਹੀ ਉਹ ਸ਼ਰਾਰਤਨ ਮੁਸਕਰਾਂਦੀ ਹੋਈ ਕਹਿੰਦੀ, "ਡੂ ਯੂ ਥਿੰਕ ਆਈ ਐਮ ਜੋਕਿੰਗ ? ਆਈ ਮੀਨ ਬਿਜ਼ਨੈੱਸ ਮੈਨ। ਐਂਡ ਆਈ ਟੈਲ ਯੂ...ਕਮ ਵਿਦ ਮੀ...ਕਮ ਆਨ ਦਾ ਬੈੱਡ...ਆਈ ਕੈਨ ਬੀਟ ਯੂ।"

ਨੌਜਵਾਨ ਮੁੰਡਾ, ਗੁੱਸੇ, ਹੈਰਾਨੀ, ਖ਼ੁਸ਼ੀ ਤੇ ਹਉਮੈਂ ਦੇ ਮਿਲੇ ਜੁਲੇ ਪ੍ਰਭਾਵਾਂ ਹੇਠਾਂ ਨਯਾਕੇਰੈਂਗਾ ਨੂੰ ਪ੍ਰਸੰਸਾ ਨਾਲ ਵੇਖਦਾ ਹੋਇਆ ਬਾਰ ਵਲ ਲੈ ਤੁਰਦਾ।

ਇਹੋ ਜਿਹੀਆਂ ਅਨੇਕਾਂ ਕਹਾਣੀਆਂ ਨਯਾਕੇਰੈਂਗਾ ਦੇ ਨਾਮ ਨਾਲ ਸੰਬੰਧਤ ਹਨ। ਉਸ ਨੇ ਜੀਵਨ ਦੇ ਅਨੇਕਾਂ ਉਤਾਰ ਚੜ੍ਹਾ ਵੇਖੇ ਹਨ। ਮਸਾਂ ਸੱਤਵੀਂ ਤਕ ਹੀ ਪਹੁੰਚੀ ਸੀ ਕਿ ਉਸ ਨੇ ਆਪਣਾ ਘਰ ਛੱਡ ਦਿੱਤਾ ਤੇ ਨੈਰੋਬੀ ਆ ਗਈ। ਗਲੀ-ਗਲੀ, ਸ਼ਹਿਰ-ਸ਼ਹਿਰ ਘੁੰਮਦੀ ਰਹੀ ਤੇ ਫਿਰ ਅੰਤ ਵਿਚ ਉਸ ਨੇ ਏਥੇ ਆ ਡੇਰਾ ਲਾਇਆ ਸੀ। ਉਹ ਦੇਸੀ ਸ਼ਰਾਬ ਕੱਢਦੀ ਤੇ ਵੇਚਦੀ ਸੀ। ਇਸੇ ਵਿਓਪਾਰ 'ਚੋਂ ਪੈਸੇ ਵਟ ਕੇ ਉਸ ਨੇ ਸਸਤੇ ਭਾ ਆਪਣੀ ਇਹ ਝੁੱਗੀ, ਜੋ ਪਹਿਲਾਂ ਕਿਰਾਏ 'ਤੇ ਸੀ, ਤੇ ਉਸ ਦੇ ਨਾਲ ਲਗਦੀ ਜ਼ਮੀਨ ਇਕ ਬੇ-ਔਲਾਦ ਸ਼ਰਾਬੀ ਕੋਲੋਂ, ਜੋ ਪਹਿਲਾਂ ਉਸ ਦਾ ਤੇ ਉਸ ਦੀ ਸ਼ਰਾਬ ਦਾ ਗਾਹਕ ਸੀ ਤੇ ਹੁਣ ਨੌਕਰ, ਤੋਂ ਖ਼ਰੀਦ ਲਈ ਸੀ।

ਉਸ ਦੀਆਂ ਗੱਲਾਂ ਸੁਣ ਸੁਣ ਕੇ ਮੇਰੇ ਅੰਦਰ ਐਵੇਂ ਹੀ ਉਸ ਨੂੰ ਮਿਲਣ ਤੇ ਉਸ ਨਾਲ ਹੋਰ ਗੱਲਾਂ ਕਰਨ ਦੀ ਉਤਸੁਕਤਾ ਹੋ ਗਈ ਸੀ। ਇਕ ਦਿਨ ਐਵੇਂ ਹੀ ਮੈਂ ਸੈਰ ਦੇ ਪੱਜ ਉਸ ਦੇ ਡੇਰੇ ਵਲ ਜਾ ਨਿਕਲਿਆ। ਉਹ ਬਾਹਰ ਹੀ ਖੜ੍ਹੀ ਸੀ ਤੇ ਉਸ ਨੇ ਆਪ ਹੀ ਮੈਨੂੰ ਬੁਲਾ ਲਿਆ। ਉਮਰ ਉਸ ਦੀ ਭਾਵੇਂ ਤੀਹਾਂ ਦੇ ਲਗਪਗ ਜਾਂ ਕੁਝ ਉੱਪਰ ਸੀ, ਪਰ ਜਵਾਨੀ ਤੇ ਹੁਸਨ ਦੇ ਪੱਖ ਤੋਂ ਉਹ ਅਜੇ ਵੀ ਆਪਣੇ ਕਬੀਲੇ ਦੀਆਂ ਹੋਰ ਤੀਵੀਆਂ ਤੋਂ ਸਿਰ ਕੱਢਵੀਂ ਜਾਪਦੀ ਸੀ। ਜਿਸਮ ਵੀ ਉਸ ਦਾ ਪੀਡਾ ਸੀ। ਮਾੜਾ ਮੋਟਾ ਬੰਦਾ ਤਾਂ ਉਸ ਦੇ ਕੱਦ ਕਾਠ ਤੇ ਰੁਅਬ-ਦਾਅਬ ਵਾਲੇ ਚਿਹਰੇ ਵਲ ਵੇਖ ਕੇ ਹੀ ਸੁੰਗੜ ਜਾਂਦਾ ਸੀ। ਗੱਲ ਕਰਨੀ ਤੇ ਉਸ ਨਾਲ ਹੋਰ ਅੱਗੇ ਵਧਣਾ ਤਾਂ ਦੂਰ ਦੀ ਗੱਲ ਸੀ।

ਰਸਮੀਂ ਦੁਆ ਸਲਾਮ ਤੋਂ ਬਾਅਦ ਮੈਂ ਗੱਲਬਾਤ ਤੋਰਨ ਲਈ ਪੁੱਛ ਬੈਠਾ ਕਿ, "ਤੂੰ ਬੜੇ ਅਮੀਰ ਮਾਪਿਆਂ ਦੀ ਧੀ ਹੈਂ, ਜਿੰਨਾ ਚਾਹੇਂ ਪੜ੍ਹ ਸਕਦੀ ਸੈਂ, ਫਿਰ ਤੂੰ ਇਹ ਰਾਹ ਕਿਉਂ ਚੁਣਿਆ ? ਪੜ੍ਹੀ ਕਿਉਂ ਨਾ ?"

ਅਗੋਂ ਉਹ ਬੋਲੀ, "ਤੇਰਾ ਕੀ ਖ਼ਿਆਲ ਹੈ, ਜੇ ਮੈਂ ਬੀ. ਏ., ਐਮ. ਏ. ਕਰ ਜਾਂਦੀ ਤਾਂ ਮੈਨੂੰ ਮੌਤ ਨਹੀਂ ਸੀ ਆਉਣੀ ? ਆਉਣੀ ਸੀ, ਹੋਰ ਵੀ ਭਿਆਨਕ—ਜ਼ਿੰਦਗੀ ਜੋ ਅਨ੍ਹੇਰੇ ਵਿਚ ਗੁਜ਼ਰ ਜਾਏ ਚੰਗੀ ਹੀ ਨਹੀਂ ਸੁਖਾਲੀ ਵੀ ਹੁੰਦੀ ਹੈ। ਜਿੰਨਾਂ ਚਿਰ ਅੱਖ ਬੰਦ ਰਹੇ ਸੁੱਖ ਰਹਿੰਦਾ ਹੈ, ਜਦੋਂ ਅੱਖ ਖੁੱਲ੍ਹਦੀ ਹੈ ਤਾਂ ਅਨੇਕਾਂ ਝੰਜਟ ਖੜ੍ਹੇ ਹੋ ਜਾਂਦੇ ਹਨ, ਅਨੇਕਾਂ ਲਾਲਸਾਵਾਂ, ਤ੍ਰਿਸ਼ਨਾਵਾਂ, ਇੱਛਾਵਾਂ ਤੇ ਚਿੰਤਾਵਾਂ ਵਿਚ ਘਿਰ ਜਾਂਦੀ

ਹੈ ਜਾਨ। ਸਵਾਦ ਤੇ ਅਨੰਦ ਤਾਂ ਮਨ ਦਾ ਸਵਾਲ ਹੈ, ਹੋਟਲਾਂ ਤੇ ਨਾਈਟ ਕਲੱਬਾਂ ਇਕ-ਇਕ ਕਰਕੇ ਸਭ ਦਾ ਸੁਆਦ ਵੇਖ ਚੁਕੀ ਹਾਂ, ਹੁਣ ਮਨ ਏਥੇ ਆ ਟਿਕਿਆ ਹੈ। ਏਥੇ ਨੀਮ ਅਨ੍ਹੇਰੀ, ਨੀਮ ਚਾਨਣੀ ਮੇਰੀ ਆਪਣੀ ਹੀ ਦੁਨੀਆਂ ਹੈ, ਜਿਸ ਦੀ ਮੈਂ ਆਪ ਮਾਲਕ ਹਾਂ। ਮੈਂ ਇਹ ਕੀ ਗੱਲਾਂ ਲੈ ਤੁਰੀ। ਚੱਲ, ਅੰਦਰ ਚੱਲ, ਮੇਰੇ ਹੱਥਾਂ ਦੀ ਕੱਢੀ ਮੁਰਾਟੀਨਾ ਸ਼ਰਾਬ ਪੀ, ਪੈਰਸ ਦੀ ਵਾਈਨ ਭੁੱਲ ਜਾਏਂਗਾ।"

ਮੈਂ ਇਕ ਨਜ਼ਰ ਉਸ ਦੀ ਝੁੱਗੀ ਨੂੰ ਵੇਖਿਆ। ਬਾਹਰੋਂ ਬੜੀ ਖ਼ੂਬਸੂਰਤ ਜਾਪਦੀ ਸੀ। ਰੰਗ ਕੀਤੀ ਹੋਈ ਟੀਨ ਦੀਆਂ ਚਾਦਰਾਂ ਦੀ ਛੱਤ, ਲੱਕੜੀ ਦੇ ਡੰਡਿਆਂ ਦੀ ਚੌਖਟ ਵਿਚ ਸੁਰਖ਼ ਗਾਰਾ ਭਰ ਕੇ ਬਣਾਈਆਂ ਭਿੱਤ-ਨੁਮਾ ਕੰਧਾਂ, ਜਿਨ੍ਹਾਂ ਉੱਤੇ ਗੇਰੂ ਫੇਰ ਕੇ ਫੁੱਲਬੂਟੇ ਵਾਹੇ ਹੋਏ ਸਨ, ਛੱਤ ਦੇ ਹੇਠਾਂ ਨਿੱਕੇ-ਨਿੱਕੇ ਟੀਨ ਦੇ ਡੱਬਿਆਂ ਵਿਚ ਫੁੱਲ ਤੇ ਕੈਕਟਸ ਆਦਿ ਲਾ ਕੇ ਲਟਕਾਏ ਹੋਏ ਸਨ—ਘਰ ਦੇ ਆਲੇ-ਦੁਆਲੇ ਕੇਲਿਆਂ ਤੇ ਕਸਾਵਿਆਂ ਦਾ ਸੰਘਣਾ ਝੁੰਡ ਸੀ—ਉਸ ਝੁੰਡ ਦੇ ਅੰਦਰ, ਪਰ ਘਰ ਦੇ ਦਆਲੇ ਫੁੱਲਾਂ ਦੀਆਂ ਨਿੱਕੀਆਂ-ਨਿੱਕੀਆਂ ਕਿਆਰੀਆਂ ਸਨ। ਅੰਦਰ ਤਿੰਨ ਚਾਰ ਨਿੱਕੇ-ਨਿੱਕੇ ਤੇ ਇਕ ਵੱਡਾ ਕਮਰਾ ਸੀ। ਵੱਡਾ ਕਮਰਾ ਗਾਹਕਾਂ ਲਈ ਸੀ, ਜੋ ਏਥੇ ਅਨਘੜਤ ਜਿਹੇ ਲੱਕੜੀ ਦੇ ਮਧਰੇ ਬੈਂਚਾਂ ਉੱਤੇ ਬੈਠ ਕੇ ਕੈਲਾਬਾਸ਼ ਵਿਚੋਂ ਕੱਚ ਦੇ ਗਲਾਸਾਂ ਵਿਚ ਮੁਰਾਟੀਨਾ ਪੀਂਦੇ, ਸਿਗਰਟਾਂ ਫੂਕਦੇ, ਕਮਰੇ ਦੇ ਕੱਚੇ ਫਰਸ਼ ਤੇ ਕੰਧਾਂ ਨੂੰ ਆਪਣੀ ਰੌਂ ਅਨੁਸਾਰ, ਸੱਕਾਂ, ਡੱਕਿਆਂ, ਸੋਟੀਆਂ ਤੇ ਚਾਕੂਆਂ ਨਾਲ ਖੁਰਚਦੇ ਕੁਰੇਦਦੇ ਰਹਿੰਦੇ ਸਨ। ਕੰਧਾਂ ਦੀ ਖ਼ਸਤਾ ਹਾਲਤ ਨੂੰ ਨੰਗੀਆਂ ਤਸਵੀਰਾਂ ਵਾਲੇ ਕਾਮ-ਵਾਸ਼ਨਾ ਭੜਕਾਊ ਫੁਹਸ਼ ਕੈਲੰਡਰਾਂ ਨਾਲ ਢਕਣ ਦਾ ਯਤਨ ਕੀਤਾ ਗਿਆ ਸੀ। ਬਾਹਰੋਂ ਉਸ ਦਾ ਘਰ ਜਿੰਨਾ ਸ਼ਾਨਦਾਰ ਤੇ ਦਿਲਕਸ਼ ਸੀ, ਅੰਦਰੋਂ ਉੰਨਾ ਹੀ ਖੁਰਦਰਾ, ਖ਼ਸਤਾ ਤੇ ਬੇਹਾਲ। ਛੱਤ ਦੀਆਂ ਟੀਨਾਂ ਵਿੱਚੋਂ ਅੰਦਰ ਬੈਠਿਆਂ ਮੋਰੀਆਂ ਨਜ਼ਰਾਂ ਆਉਂਦੀਆਂ ਸਨ। ਇਹ ਹੀ ਹਾਲਤ ਡਿਗੂੰ ਡਿਗੂੰ ਕਰਦੀਆਂ ਕੱਲਰੀਆਂ ਹੋਈਆਂ ਕੰਧਾਂ ਦੀ ਸੀ, ਜੋ ਸ਼ਰਾਬੀਆਂ ਦੀ ਮਾਰ ਕੁਟਾਈ ਵਿਚ ਆਪ ਵੀ ਧੌਲਾ ਧੱਪਾ, ਡੰਡਾ, ਡੱਪਾ ਖਾਂਦੀਆਂ ਰਹੀਆਂ ਸਨ; ਵੱਡੇ ਕਮਰੇ ਨਾਲ ਦਾ ਛੋਟਾ ਕਮਰਾ ਉਸ ਦਾ ਜ਼ਖ਼ੀਰਾ ਸੀ, ਜਿੱਥੇ ਉਹ ਡਰੰਮਾਂ ਵਿਚ ਮੁਰਾਟੀਨਾ, ਕੈਲਾਬਾਸ਼ ਤੇ ਗਲਾਸ ਰਖਦੀ ਤੇ ਗਾਹਕਾਂ ਨੂੰ ਕੈਲਾਬਾਸ਼ਾਂ ਵਿਚ ਮੁਰਾਟੀਨਾ ਪਾ ਕੇ, ਉਚਾਈ ਦੇ ਰੁਖ ਹੇਠੋਂ ਅਧ ਤਕ ਬੰਦ ਦਰਵਾਜ਼ੇ ਦੇ ਉੱਪਰੋਂ ਦੀ, ਫੜਾਉਂਦੀ ਸੀ। ਨਾਲ ਹੀ ਇਕ ਸੌਣ-ਕਮਰਾ, ਇਕ ਬੈਠਣ-ਕਮਰਾ ਇਕ ਸਟੋਰ ਤੇ ਇਕ ਰਸੋਈ ਸੀ। ਗਾਹਕਾਂ ਨੂੰ ਨੌਕਰ ਦੇ ਹਾਵਲੇ ਕਰਕੇ ਉਹ ਮੈਨੂੰ ਬੈਠਣ-ਕਮਰੇ ਵਿਚ ਲੈ ਵੜੀ। ਉਸ ਦੇ ਗਾਹਕਾਂ ਦੀਆਂ ਨਜ਼ਰਾਂ ਵਿਚ ਮੈਂ ਆਪਣੇ ਪ੍ਰਤੀ ਇਕ ਘ੍ਰਿਣਾ ਜਿਹੀ ਵੇਖੀ, ਜਿਵੇਂ ਉਨ੍ਹਾਂ ਨੂੰ ਤੌਖਲਾ ਹੋਵੇ ਕਿ ਇਹ ਨਵਾਂ ਆਇਆ ਬਦੇਸ਼ੀ ਆਦਮੀ ਉਨ੍ਹਾਂ ਦੇ ਹੱਕ ਮਾਰ ਕੇ ਬੈਠ ਜਾਵੇਗਾ।

"ਤੇਰੇ ਲਈ ਮੇਰੇ ਕੋਲ ਬੀਅਰ ਦੀਆਂ ਕੁਝ ਬੋਤਲਾਂ ਵੀ ਹਨ, ਪਰ ਮੇਰੀ ਇੱਛਾ ਹੈ ਕਿ ਅੱਜ ਤੂੰ ਮੇਰੇ ਹੱਥਾਂ ਦੀ ਕੱਢੀ ਮੁਰਾਟੀਨਾ ਹੀ ਪੀ।"

ਮੈਂ ਕਿਹਾ ਕਿ, "ਤੂੰ ਬੀਅਰ ਰਹਿਣ ਦੇ। ਅੱਜ ਤੇਰੇ ਹੱਥਾਂ ਦੀ ਨਾਗਣੀ ਨਾਲ ਹੀ ਆਰੰਭ ਕਰਦੇ ਹਾਂ।"

ਗੱਲ ਫੇਰ ਉਸ ਦੀ ਪੜ੍ਹਾਈ ਤੇ ਉਸ ਦੇ ਮਾਪਿਆਂ ਬਾਰੇ ਤੁਰ ਪਈ ਸੀ। ਨਯਾਕੇਰੈਂਗਾ ਕੋਈ ਦਰਸ਼ਨਵੇਤਾ ਨਹੀਂ ਸੀ ਤੇ ਨਾ ਹੀ ਸਿਅਣਪੀ। ਜ਼ਿੰਦਗੀ ਦੇ ਕਠੋਰ ਸੱਚ ਵਿੱਚੋਂ ਲੰਘਦਿਆਂ ਜੋ ਕੁਝ ਉਸ ਨੇ ਖੱਟਿਆ, ਗੁਆਇਆ, ਅਨੁਭਵ ਕੀਤਾ ਤੇ ਸਮਝਿਆ ਸੀ ਉਸੇ ਦੀ ਊਲ-ਜਲੂਲੀਅਤ ਦੇ ਆਤਮ-ਵਿਰੋਧੀ ਗੋਰਖ ਧੰਦੇ ਵਿਚ ਵਿਚਰਦੀ ਹੋਈ ਵੀ, ਉਹ ਪੂਰਨ ਭਾਂਤ ਸੰਤੁਸ਼ਟ ਤੇ ਚਿੰਤਾਮੁਕਤ ਜਾਪਦੀ ਸੀ। ਵਿਦਿਆ ਭਾਵੇਂ ਉਸ ਦੀ ਸੱਤਵੀਂ ਤਕ ਹੀ ਸੀ, ਪਰ ਉਹ ਭਾਰਤ ਦੇ ਗਰੈਜੂਏਟ ਨਾਲੋਂ ਕਿਤੇ ਵਧੀਆ ਅੰਗਰੇਜ਼ੀ ਬੋਲਦੀ ਸੀ। ਆਪਣੇ ਰੌਂ ਵਿਚ ਉਹ ਆਪ-ਮੁਹਾਰਾ ਹੀ ਬੋਲੀ ਜਾ ਰਹੀ ਸੀ:

"ਅਗਿਆਨ ਹੀ ਮਾੜਾ ਹੈ ਨਾ, ਚਾਹੇ ਇਹ ਜੀਵਨ ਬਾਰੇ ਹੋਵੇ ਤੇ ਚਾਹੇ ਮੌਤ ਬਾਰੇ। ਮੈਂ ਦੋਹਾਂ ਤੋਂ ਹੀ ਸੁਚੇਤ ਹਾਂ। ਜੀਵਨ ਤੇ ਮੌਤ ਦੌ ਸ਼ਬਦ ਹਨ, ਜੋ ਇਕ ਦੂਜੇ ਨੂੰ ਅਰਥ ਦਿੰਦੇ ਹਨ, ਪਰ ਵਿਚਕਾਰ ਇਨਸਾਨ ਦੀ ਹੋਂਦ ਉੰਨਾ ਚਿਰ ਪਿੰਜ ਹੁੰਦੀ ਰਹਿੰਦੀ ਹੈ, ਜਿਨਾਂ ਚਿਰ ਉਹ ਦੋਹਾਂ ਵਿਚ ਵੰਡਿਆ ਤਣਿਆ ਹੋਇਆ ਅਨਿਰਣੇ ਦੀ ਅਵਸਥਾ ਵਿਚ ਇਨ੍ਹਾਂ ਦੋ ਸ਼ਬਦਾਂ ਨਾਲ ਹੀ ਨਹੀਂ, ਸਗੋਂ ਇਨ੍ਹਾਂ ਦੇ ਸਮਾਜਕ ਪਿਛੋਕੜ ਨਾਲ ਵੀ ਬੱਝਾ

ਰਹਿੰਦਾ ਹੈ। ਪਰ ਮੈਂ ਤਾਂ ਇਹ ਨਿਰਣਾ ਕਿਸੇ ਹੱਦ ਤਕ ਉਦੋਂ ਹੀ ਕਰ ਲਿਆ ਸੀ, ਜਦੋਂ ਮੈਂ ਪੰਜਵੀਂ ਵਿਚ ਪੜ੍ਹਦੀ ਸਾਂ—ਜੇ ਮਰਨਾ ਹੀ ਹੈ ਤਾਂ ਘਟੋ ਘੱਟ ਚੰਗੀ ਤਰ੍ਹਾਂ ਪੂਰੀ ਤਰ੍ਹਾਂ ਜੀ ਕੇ ਹੀ ਮਰਾਂਗੀ। ਮੈਂ ਘੁੱਟ-ਘੁੱਟ ਕੇ ਬੰਧਨਾਂ ਵਿਚ ਦਮ ਨਹੀਂ ਤੋੜਨਾ ਚਾਹੁੰਦੀ। ਉਦੋਂ ਭਾਵੇਂ ਇਹ ਨਿਰਣਾ ਮੇਰੇ ਨਿਮਨ ਚੇਤਨ ਮਨ 'ਚ ਹੀ ਸੀ, ਜਦੋਂ ਮੈਂ ਸੱਤਵੀਂ ਤਕ ਪਹੁੰਚ ਕੇ ਅਮੀਰ ਮਾਪਿਆਂ ਦੇ ਸਿਰ ਤੋਂ ਆਪਣਾ ਬੋਝ ਚੁਕ ਕੇ, ਉਨ੍ਹਾਂ ਦੀਆਂ ਨਜ਼ਰਾਂ ਵਿਚ ਅਵਾਰਾ ਤੇ ਆਪਣੀਆਂ ਨਜ਼ਰਾਂ ਵਿਚ ਸੁਤੰਤਰ ਹੋ ਗਈ ਸਾਂ। ਉਦੋਂ ਤੋਂ ਹੀ ਜੀਵਨ ਦੇ ਹਰ ਸਾਹ ਨਾਲ, ਅਨ੍ਹੇਰੇ 'ਚੋਂ ਹਰ ਦਵੰਦ ਬਾਹਰ ਆ ਕੇ ਛਟਦਾ ਰਿਹਾ ਤੇ ਮੇਰਾ ਇਹ ਵਿਸ਼ਵਾਸ ਅਟੱਲ ਅਤੇ ਨਿਰਣਾ ਦ੍ਰਿੜ੍ਹ ਹੁੰਦਾ ਰਿਹਾ ਹੈ। ਮੇਰੀ ਸਮੱਸਿਆ ਨਾ ਜੀਵਨ ਦੀ ਸੀ ਨਾ ਮੌਤ ਦੀ ਸੀ, ਜੇ ਸੀ ਤਾਂ ਕੇਵਲ ਸੁਤੰਤਰਤਾ ਦੀ ਸੀ; ਆਪਣੇ ਆਪ ਤੋਂ, ਤੇ ਸਭ ਤੋਂ ਸੁਤੰਤਰਤਾ ਦੀ। ਤੇ ਵੇਖ ਲੈ ਵਹਿੰਦੇ ਪਾਣੀਆਂ, ਵਗਦੀ ਹਵਾ ਤੇ ਸ਼ੂਕਦੇ ਜੰਗਲਾਂ ਵਾਂਗ ਸੁਤੰਤਰ ਹਾਂ। ਇਨ੍ਹਾਂ ਦਰਿੰਦਿਆਂ ਵਰਗੇ ਬੰਦਿਆਂ ਵਿਚ ਰਹਿੰਦਿਆਂ-ਵਿਚਰਦਿਆਂ ਜ਼ਰਾ ਵੀ ਭੈ ਮਹਿਸੂਸ ਨਹੀਂ ਹੁੰਦਾ। ਭੈ ਇਨਸਾਨ ਦੇ ਅੰਦਰ ਹੈ, ਬਾਹਰ ਨਹੀਂ। ਮੈਂ ਇਨ੍ਹਾਂ ਬੰਦਿਆਂ ਵਿਚ ਬੰਦਾ ਤੇ ਦਰਿੰਦਿਆਂ ਵਿਚ ਇਕ ਖ਼ੌਫ਼ਨਾਕ ਦਰਿੰਦਾ ਬਣ ਕੇ ਜੀਵੀ ਹਾਂ। ਇਹ ਆਉਂਦੇ ਹਨ ਏਥੇ, ਸ਼ਰਾਬ ਪੀਣ, ਮੇਰੇ ਉੱਤੇ ਆਪਣੀ ਵਡਿਆਈ ਦਾ ਰੁਅਬ ਪਾਉਣ। ਮੁਕਾਬਲੇ ਵਿਚ ਆ ਕੇ ਵਧੇਰੇ ਸ਼ਰਾਬ ਪੀਂਦੇ, ਇਕ ਦੂਜੇ ਵਲ ਕਹਿਰੀ ਨਜ਼ਰ ਨਾਲ ਵੇਖਦੇ, ਘੁਰਕਦੇ ਹਨ। ਜਿਵੇਂ-ਜਿਵੇਂ ਸ਼ਾਮ ਰਾਤ ਵਲ ਵਧਦੀ ਹੈ, ਇਨ੍ਹਾਂ ਅੰਦਰਲੀ ਦਰਿੰਦਗੀ ਵੀ ਸਿਖਰਾਂ ਛੂੰਹਦੀ ਜਾਂਦੀ ਹੈ। ਮੇਰੇ ਕਰਕੇ ਇਕ ਦੂਜੇ ਨਾਲ ਗਾਲ੍ਹੋ ਗਾਲ੍ਹ, ਘਸੁੰਨ ਮੁੱਕੀ ਹੁੰਦੇ ਹਨ—ਇਨ੍ਹਾਂ ਵਿਚ ਅਨਪੜ੍ਹ ਹੀ ਨਹੀਂ, ਸਗੋਂ ਤੇਰੇ ਵਾਂਗ ਚੰਗਾ ਚੋਖਾ ਪੜ੍ਹੇ ਲਿਖੇ ਸ਼ਹਿਰਾਂ ਵਿਚ ਨੌਕਰੀਆਂ ਕਰਦੇ ਨੌਜਵਾਨ ਜੋ ਆਪਣੇ ਆਪ ਨੂੰ ਸੱਭਯ ਸਮਝਦੇ ਹਨ, ਵੀ ਸਪਤਾਹ-ਅੰਤ ਤੇ ਆ ਸ਼ਾਮਿਲ ਹੁੰਦੇ ਹਨ। ਚਾਕੂ ਤੇ ਪਾਂਗੇ ਨਿਕਲ ਆਉਂਦੇ ਹਨ। ਫਿਰ ਵੀ ਜੇ ਫੈਸਲਾ ਨਾ ਹੋਵੇ, ਤਾਂ ਮੈਂ ਮਰਦ ਦੀ ਇਸ ਕਮਜ਼ੋਰੀ 'ਤੇ ਮੁਸਕਰਾਉਂਦੀ ਹੋਈ ਦੋਹਾਂ ਨੂੰ ਇਕ ਦੂਜੇ ਤੋਂ ਸੁਤੰਤਰ ਕਰਕੇ ਆਪਣੇ ਆਪ ਨਾਲ ਜੋੜ ਲੈਂਦੀ ਹਾਂ। ਟਾਸ ਪਾ ਕੇ ਉਨ੍ਹਾਂ ਦੀ ਵਾਰੀ ਤੇ ਸਮਾਂ ਵੰਡ ਦਿੰਦੀ ਹਾਂ। ਜ਼ਿੰਦਗੀ ਵਾਂਗ ਇਹ ਵੀ ਇਕ ਖੇਡ ਹੀ ਹੈ ਨਾ। ਇਕ ਤੂਫ਼ਾਨ ਨੂੰ ਮੁਰਾਟੀਨਾ ਦੇ ਤੇ ਦੂਜੇ ਨੂੰ ਆਪਣੇ ਹਵਾਲੇ ਕਰ ਲੈਂਦੀ ਹਾਂ। ਉਹ ਸ਼ੂਕਦਾ, ਮੱਠਾ ਹੁੰਦਾ, ਫਿਰ ਸ਼ੂਕਦਾ, ਤੇਜ਼ ਹੁੰਦਾ, ਫੂਕ ਨਿਕਲੇ ਭੁਕਾਨੇ ਵਾਂਗ ਢਿਲਕ ਜਾਂਦਾ ਹੈ। ਜਦੋਂ ਔਰਤ ਦਰਿੰਦਾ ਬਣ ਜਾਵੇ, ਤਾਂ ਉਹ ਵੱਡੇ-ਵੱਡੇ ਤੂਫ਼ਾਨ ਨਿਗਲ ਜਾਂਦੀ ਹੈ, ਇਹ ਮਰਦ ਕੀ ਹਨ ? ਜੇ ਮੈਂ ਇਨ੍ਹਾਂ ਵਿਚ, ਇਨ੍ਹਾਂ ਵਰਗੀ ਨਾ ਬਣ ਕੇ ਰਹਿੰਦੀ, ਤਾਂ ਇਹ ਸਭ ਮੈਨੂੰ ਹੁਣ ਤਕ ਖੇਰੂੰ-ਖੇਰੂੰ ਕਰ ਦਿੰਦੇ।"

"ਤੇ ਦੂਜਾ ?"

"ਜੇ ਇਸ ਦੌਰਾਨ ਸਬਰ ਨਾਲ ਬੈਠਾ ਰਹੇ, ਤਾਂ ਉਸ ਲਈ ਮੈਂ ਉਚੇਚੀ ਨਿਆਮਤ ਹੁੰਦੀ ਹਾਂ—ਇਕ ਸਾਲਮ ਸਬੂਤੀ ਔਰਤ—ਜਿਸ ਕਿਸੇ ਨੇ ਵੀ ਮੇਰੇ ਵਿੱਚੋਂ ਇਸ ਸਾਲਮ ਸਬੂਤੀ ਔਰਤ ਨੂੰ ਭੋਗਿਆ ਹੈ, ਉਸ ਦੇ ਹੋਠਾਂ 'ਤੇ ਅੱਜ ਤਕ ਮੇਰਾ ਜ਼ਿਕਰ ਹੈ; ਉਸ ਦੇ ਅੰਦਰ ਅਜੇ ਤਕ ਮੈਂ ਸੁਲਗਦੀ ਹਾਂ। ਵੇਖ, ਮੇਰੇ ਜਿਸਮ ਵਲ ਵੇਖ—ਇਤਿਹਾਸ ਦੀ ਇਕ ਪੁਸਤਕ ਹੈ—ਇਸ ਦੇ ਰੋਮ-ਰੋਮ ਤੇ ਇਨਸਾਨ ਦੀ ਦਰਿੰਦਗੀ, ਕਮੀਨਗੀ, ਹਿਰਸ, ਤ੍ਰਿਸ਼ਨਾ, ਵਹਿਸ਼ਤ, ਨਫ਼ਰਤ, ਪਿਆਰ, ਵਾਸ਼ਨਾ, ਉਪਾਸ਼ਨਾ, ਈਰਖਾ, ਇਨਸਾਨੀਅਤ ਤੇ ਹਿੰਸਾ ਆਦਿ ਸਜੀਵ ਰੂਪ ਵਿਚ ਉਕਰੀ ਹੋਈ ਹੈ। ਅਨੁਭਵ ਦੀ ਇਹ ਅਮੀਰੀ ਮੇਰਾ ਸਰਮਾਇਆ ਹੈ। ਇਹ ਮੈਨੂੰ ਕਿਵੇਂ ਪ੍ਰਾਪਤ ਹੁੰਦਾ, ਜੇ ਮੈਂ ਜ਼ਿੰਦਗੀ ਦੀ ਸੁਤੰਤਰ ਚੋਣ ਨਾ ਕਰਦੀ ? ਕਿਸੇ ਇਕ ਦੇ ਲੜ ਲਗ ਕੇ ਵਿਆਹੀ ਵਰੀ ਹੀ ਜਾ ਸਕਦੀ ਸਾਂ ਨਾ। ਵਿਆਹ ਕਰਵਾ ਕੇ ਬੱਚੇ ਜਣਦੀ ਤੇ ਅੰਤ ਵਿਚ ਉਸ ਇਕ ਮਰਦ ਦੀ ਵਫ਼ਾ ਨਾਲ ਫ਼ਾਹਾ ਲੈ ਕੇ ਮਰ ਜਾਂਦੀ।"

ਬਾਹਰ ਰੌਲਾ ਰੱਪਾ ਪੈ ਰਿਹਾ ਸੀ। ਕੋਈ ਮੈਨੂੰ ਤੇ ਨਯਾਕੇਰੈਂਗਾ ਨੂੰ ਗਾਲ੍ਹਾਂ ਕੱਢ ਰਿਹਾ, ਅੱਗ ਭਬੂਕਾ ਹੋਇਆ ਦਰਵਾਜ਼ਾ ਤੋੜ ਰਿਹਾ ਸੀ। ਨਯਾਕੇਰੈਂਗਾ 'ਤੇ ਜਿਵੇਂ ਚੰਡੀ ਸਵਾਰ ਹੋ ਗਈ ਹੋਵੇ, ਉਹ ਰੋਹ ਦਾ ਰੂਪ ਬਣ ਕੇ ਗਰਜੀ, "ਸੂਰ ਦੇ ਪੁਤਰੋ, ਹਰਾਮਜ਼ਾਦਿਓ, ਦਰਿੰਦਓ—ਤੁਹਾਨੂੰ ਉੱਠੇ ਬੈਠੇ ਦੀ ਕੋਈ ਸ਼ਰਮ ਨਹੀਂ ..."

ਮੈਂ ਵੇਖਿਆ, ਬਾਹਰ ਮਰਦ ਅੱਗ ਭਬੂਕਾ ਹੋਏ ਖੜ੍ਹੇ ਸਨ। ਨਯਾਕੇਰੈਂਗਾ ਘਸੁੰਨ ਵੱਟਦੀ ਉਨ੍ਹਾਂ ਵਲ ਵਧਦੀ ਹੋਈ ਬੋਲੀ, "ਹਿਰਸੀਓ, ਭੁੱਖ ਲੱਗੀ ਹੈ—ਆਓ, ਆਓ, ਇਕ-ਇਕ ਕਰਕੇ—ਬੱਚੂ ਬਣਾ ਕੇ ਛਡਾਂਗੀ ... ਤੂੰ ... ਤੈਨੂੰ ਚੇਤਾ ਭੁੱਲ ਗਿਆ—ਆ ਪਹਿਲਾਂ ਤੂੰ ਹੀ ਆ—ਵੇਖਾਂ ਤੇਰਾ ਮਰਦਊਪੁਣਾ—ਕਿੰਨੇ ਕੁ ਪਾਣੀਆਂ 'ਚ ਹੈਂ ? ਆਇਆ ਹੈ ਮਾਂ ਕੋਲੋਂ ਨਯਾਕੇਰੈਂਗਾ ਨਾਲ ਸੌਣ, ਆ, ਆ, ਹਰਾਮਜ਼ਾਦੇ—ਪਿੱਛੇ ਕਿਉਂ ਹਟ ਰਿਹੈਂ ? ਤੇ ਤੂੰ, ਪਰਸੋਂ ਹੀ ਮੇਰੇ ਕੋਲੋਂ ਕੁੱਟ ਖਾ ਕੇ ਗਿਆ ਸੈਂ—ਅਜੇ ਵੀ ਤੇਰੀ ਗੱਲ੍ਹ ਸੜ ਰਹੀ ਹੋਵੇਗੀ।"

ਸਾਰੇ ਸ਼ਰਾਬੀ ਨਯਾਕੇਰੈਂਗਾ ਦੀ ਵੰਗਾਰ ਸੌਹੇਂ ਇਕਦਮ ਸੁੰਨ ਹੋ ਗਏ। ਪਰ ਉਸ ਦਾ ਰੋਹ ਵਧਦਾ ਹੀ ਜਾਂਦਾ ਸੀ। ਮੈਂ ਮੌਕਾ ਤਾੜ ਕੇ ਉਸ ਦਿਨ ਤਾਂ ਉਥੋਂ ਖਿਸਕ ਆਇਆ, ਪਰ ਦੂਜੇ ਤੀਜੇ ਦਿਨ ਫਿਰ ਮੇਰੇ ਪੈਰ ਉਸ ਦੇ ਘਰ ਵਲ ਵਧ ਰਹੇ ਸਨ।

"ਤੂੰ ਡਰ ਗਿਆ ਸੈਂ—ਕਮਲਾ ਹੈਂ—।"

"ਨਹੀਂ, ਮੈਂ ਸੋਚਿਆ ਮੇਰੇ ਵਰਗੇ ਬਦੇਸ਼ੀ ਕਰਕੇ ਤੇਰਾ ਅਮਨ ਕਿਉਂ ਭੰਗ ਹੋਵੇ।"

"ਨਹੀਂ, ਇਹ ਮੇਰੀ ਜ਼ਿੰਦਗੀ ਹੈ। ਮਰਦ-ਮਰਦ ਹੀ ਹੁੰਦਾ ਹੈ, ਚਾਹੇ ਉਹ ਮੇਰੇ ਕਬੀਲੇ ਦਾ ਹੋਵੇ ਤੇ ਚਾਹੇ ਕਿਸੇ ਹੋਰ ਮੁਲਕ ਦਾ। ਤੈਨੂੰ ਜਾਣਾ ਨਹੀਂ ਸੀ ਚਾਹੀਦਾ। ਜਦ ਤਕ ਮੇਰੇ ਪ੍ਰਾਣ ਕਾਇਮ ਹਨ, ਤੇਰੀ ਹਵਾ ਵਲ ਵੀ ਵੇਖਣ ਦਾ ਕੋਈ ਹੌਂਸਲਾ ਨਹੀਂ ਕਰ ਸਕਦਾ, ਸਮਝੇ।"

"ਛੱਡ ਪਰ੍ਹੇ, ਰਾਤ ਮੁਕੀ, ਗੱਲ ਨਿਬੜੀ।"

"ਚੱਲ ਅੰਦਰ ਚੱਲ, ਤੇਰੇ ਵਾਸਤੇ ਮੈਂ ਉਚੇਚੀ ਵਿਸਕੀ ਮੰਗਵਾ ਕੇ ਰੱਖੀ ਹੋਈ ਹੈ।"

"ਕਿਸੇ ਨੂੰ ਪਿਆਰ ਵੀ ਕੀਤਾ ਜ਼ਿੰਦਗੀ ਵਿਚ, ਤੂੰ ਨਯਾਕੇਰੈਂਗਾ ?"

"ਇਹ ਵੀ ਐਵੇਂ ਇਕ ਭਰਮ ਹੈ, ਮੈਂ ਵੀ ਭੋਗਿਆ ਸੀ, ਜਦੋਂ ਸਕੂਲ ਵਿਚ ਪੜ੍ਹਦੀ ਸਾਂ—ਸ਼ਾਇਦ ਚੌਥੀ ਪੰਜਵੀਂ ਜਮਾਤ ਵਿਚ। ਬੜਾ ਹੀ ਸੁਹਣਾ ਮੁੰਡਾ ਸੀ, ਲੁੱਘ ਵਰਗਾ। ਹਾਣੀ ਸਾਂ ਅਸੀਂ, ਇੱਕੋ ਜਮਾਤ ਵਿਚ ਪੜ੍ਹਦੇ ਸਾਂ। ਇਕ ਦੂਜੇ ਦੇ ਨੇੜੇ ਹੋ ਹੋ ਬੈਠਦੇ। ਕਾਫ਼ੀ ਦੇ ਬਾਗ਼ਾਂ ਵਿਚ ਰਾਤ ਬਰਾਤੇ ਲੁਕ-ਲੁਕ ਮਿਲਦੇ, ਇਕ ਦੂਜੇ ਨਾਲ ਜਿਸਮ ਸਾਂਝਾ ਕਰਦੇ। ਉਦੋਂ ਪਿਆਰ ਦੇ ਅਰਥ ਵੀ ਸਾਡੇ ਲਈ ਕਾਮ ਦੇ ਸਮ-ਅਰਥਕ ਹੀ ਸਨ। ਇਸ ਤੋਂ ਬਿਨਾਂ ਵੀ ਸੀ ਕੁਝ, ਜੋ ਇਕ ਦੂਜੇ ਦੀ ਨੇੜਤਾ ਵਿਚ ਮਹਿਸੂਸ ਹੁੰਦਾ ਸੀ, ਪਰ ਸਮਝ ਨਹੀਂ ਸੀ ਆਉਂਦੀ। ਇਹ ਖੇਡ ਪੰਜਵੀਂ ਤਕ ਜਾਰੀ ਰਹੀ। ਅਗਲੇ ਦੋ ਸਾਲਾਂ ਵਿਚ ਮੈਂ ਕਦ-ਕਾਠ ਕੱਢ ਕੇ ਕੋਠੇ ਦਾ ਕੋਠਾ ਭਰ ਜਵਾਨ ਇਸਤਰੀ ਬਣ ਗਈ, ਪਰ ਉਹ ਮੁੰਡਾ ਨਾ ਵਧਿਆ ਨਾ ਘਟਿਆ, ਥਾਂ ਦੀ ਥਾਂ ਖੜ੍ਹਾ ਰਿਹਾ। ਇਹ ਵੀ ਕਿਹੀ ਕੁਦਰਤ ਹੈ ਕਿ ਕੁੜੀ ਰਾਤੋ-ਰਾਤ ਬਚਪਨ ਦੇ ਕੱਪੜੇ ਲਾਹ ਕੇ ਅਗਲੇ ਦਿਨ ਕੋਠੇ ਜਿੱਡੀ ਹੋ ਜਾਂਦੀ ਹੈ ਤੇ ਮਰਦ ਹੌਲੀ-ਹੌਲੀ ਵਧਦਾ ਹੈ।"

"ਹਾਂ ਤੇਰੀ ਇਹ ਗੱਲ ਠੀਕ ਹੈ ਤੇ ਸਭ ਦੇਸ਼ਾਂ 'ਤੇ ਢੁਕਦੀ ਹੈ। ਇਸੇ ਲਈ ਤਾਂ ਵਿਆਹ ਸਮੇਂ ਇਹ ਵੇਖਿਆ ਜਾਂਦਾ ਹੈ ਕਿ ਕੁੜੀ ਮੁੰਡੇ ਨਾਲੋਂ ਚਾਰ-ਪੰਜ ਸਾਲ ਛੋਟੀ ਹੋਵੇ। ਇਸ ਦਾ ਇਕ ਹੋਰ ਵੀ ਕਾਰਨ ਹੈ ਕਿ ਕੁੜੀ ਨੇ ਬੱਚੇ ਜੰਮ ਕੇ ਹੰਢ ਹਾਰ ਕੇ ਛੇਤੀ ਬੁੱਢੀ ਹੋ ਜਾਣਾ ਹੁੰਦਾ ਹੈ। ਜੇ ਉਹ ਪਹਿਲਾਂ ਹੀ ਪੱਕੀ ਉਮਰ ਦੀ ਹੋਵੇ ਤਾਂ ਬੇੜਾ ਹੀ ਬੈਠ ਜਾਵੇ। ਮੈਂ ਗੱਲ ਕਿਧਰ ਨੂੰ ਲੈ ਤੁਰਿਆਂ ? ਹਾਂ, ਦਸ ਫਿਰ ਉਸ ਮੁੰਡੇ ਦਾ ਕੀ ਹੋਇਆ ?"

"ਹੋਣਾ ਕੀ ਸੀ ? ਮੈਂ ਵਾਰ ਵਾਰ ਉਸ ਦਾ ਪਿੱਛਾ ਕਰਦੀ, ਉਸ ਨੂੰ ਬੁਲਾਉਂਦੀ ਆਪਣੇ ਵਲ ਆਕਰਸ਼ਤ ਕਰਨ ਦੇ ਯਤਨ ਕਰਦੀ ਰਹੀ ਤੇ ਇਕ ਅੱਧ ਵਾਰ ਉਨ੍ਹੀਂ ਦਿਨੀਂ ਉਹ ਮੇਰੇ ਨਾਲ ਸੁੱਤਾ ਵੀ, ਪਰ ਉਸ ਤੋਂ ਬਾਅਦ ਪਤਾ ਨਹੀਂ ਉਸ ਨੂੰ ਕੀ ਸੱਪ ਸੁੰਘ ਗਿਆ। ਮੇਰੇ ਭਰ ਜਵਾਨ ਰੂਪ ਸੌਹੇਂ ਸ਼ਾਇਦ ਉਹ ਨੀਚ-ਭਾਵ ਦਾ ਸ਼ਿਕਾਰ ਹੋ ਗਿਆ ਸੀ। ਜਿੱਥੇ ਉਹ ਖੜ੍ਹਾ ਸੀ, ਉੱਥੋਂ ਹੋਰ ਹੇਠਾਂ ਹੋਰ ਡੂੰਘਾ ਨਹੀਂ ਸੀ ਲੱਥ ਸਕਦਾ। ਫਿਰ ਮੈਂ ਜਦੋਂ ਵੀ ਉਸ ਵਲ ਵੇਖਦੀ ਉਹ ਨਜ਼ਰਾਂ ਨੀਵੀਆਂ ਕਰਕੇ ਭੱਜ ਜਾਂਦਾ—ਤੇ ਫਿਰ ਉਸ ਦੀ ਸਾਰਿਆਂ ਨੇ ਛੇੜ ਪਾ ਲਈ—ਉਸ ਨੂੰ ਸਾਰੇ ਵਿਦਿਆਰਥੀ 'ਨਯਾਕੇਰੈਂਗਾ ਦਾ ਪੁੱਤਰ' ਕਹਿ ਕੇ ਛੇੜਨ ਲੱਗ ਪਏ ਤੇ ਮੈਂ ਆਪਣੀ ਉਮਰ ਤੋਂ ਵਡੇਰੇ, ਪੂਰੇ-ਸੂਰੇ ਮਰਦਾਂ ਦੇ ਵੱਸ ਪੈ ਗਈ। ਜਿਵੇਂ-ਜਿਵੇਂ ਇਹ ਸੰਬੰਧ ਵਧਦੇ

ਗਏ, ਮੇਰਾ ਆਤਮ-ਵਿਸ਼ਵਾਸ ਵੀ ਵਧਦਾ ਗਿਆ। ਤੇ ਹੁਣ ਤੂੰ ਵੇਖ ਲੈ ਇਹ ਮਰਦਾਂ ਦੀ ਵਾਹਰ ... ਤੂੰ ਦੂਜਾ ਗਲਾਸ ਵੀ ਖ਼ਤਮ ਨਹੀਂ ਕੀਤਾ—ਚੁਕ-ਚੁਕ ਛੇਤੀ ਕਰ ... ਬੜੀ ਵਿਸਕੀ ਹੈ ਮੇਰੇ ਕੋਲ ਤੇਰੇ ਲਈ।"

ਮੇਰੇ ਗਲਾਸ ਪੀਂਦਿਆਂ-ਪੀਂਦਿਆਂ ਨਯਾਕੇਰੈਂਗਾ ਨੇ ਵੀ ਆਦਤ ਤੋਂ ਉਲਟ ਮੁਰਾਟੀਨਾ ਛੱਡ ਕੇ ਤੇਜ਼ ਵਿਸਕੀ ਦੇ ਉੱਤੋੜਿੱਤੀ ਦੋ ਗਲਾਸ ਚਾੜ੍ਹ ਲਏ। ਉਸਦੀਆਂ ਅੱਖਾਂ ਵਿਚ ਸੁਰਖ਼ ਡੋਰੇ ਉੱਭਰ ਆਏ ਸਨ।

"ਪਰ ਨਯਾਕੇਰੈਂਗਾ, ਕੀ ਤੂੰ ਇਸ ਸਭ ਕੁਝ ਨਾਲ ਸੰਤੁਸ਼ਟ ਹੈਂ ?"

"ਹਾਂ, ਨਹੀਂ ...।"

"ਬੋਲ ਨਾ, ਸੋਚੀਂ ਕਿਉਂ ਪੈ ਗਈ ? ਕੀ ਉਸ ਮੁੰਡੇ ਦੀ ਗੱਲ ਤੇਰੇ ਅੰਦਰ ਸਦਾ ਲਈ ਮੁੱਕ ਗਈ ਹੈ ?"

"ਨਹੀ, ਤਾਂ, ... ਕਦੇ-ਕਦੇ ਆਪਣੇ ਅੰਦਰ ਇਕ ਖ਼ਲਾਅ ਜਿਹਾ ਮਹਿਸੂਸ ਹੁੰਦਾ ਹੈ, ਤਾਂ ਉਸ ਮੁੰਡੇ ਦੀ ਯਾਦ ਆ ਜਾਂਦੀ ਹੈ—ਪਰ ਛੱਡ ਪਰ੍ਹਾਂ, ਇਹ ਬਚਪਨ ਦਾ ਭਰਮ ਸੀ ਖ਼ਤਮ ਹੋਇਆ। ਉਂਞ ਵੀ ਰਾਹੀਆਂ ਦੇ ਰਾਹਾਂ ਨਾਲ ਸੰਬੰਧ ਹੁੰਦੇ ਹਨ, ਪੜਾਵਾਂ ਨਾਲ ਨਹੀਂ ਤੇ ਰਾਹ ਵੀ ਕਦੇ ਰੁਕਦੇ ਹਨ ?"

"ਪਰ ਪਿਆਰ, ਨਯਾਕੇਰੈਂਗਾ ?"

"ਹਾਂ, ਪਿਆਰ, ਇਕ ਜਜ਼ਬਾ ਹੈ, ਜੋ ਕਦੇ-ਕਦੇ ਹਾਵੀ ਹੁੰਦਾ ਹੈ ਤੇ ਫਿਰ ਬਸ, ਮੇਰੇ ਅੰਦਰ ਇਸ ਦੀ ਨਿਰੰਤਰ ਤੰਦ ਕਦੇ ਨਹੀਂ ਤੁਰਦੀ। ਜਿਵੇਂ ਫੌਜਾਂ ਇਕ ਕਿਲ੍ਹਾ ਸਰ ਕਰਦੀਆਂ ਹਨ, ਜਸ਼ਨ ਮਨਾਉਂਦੀਆਂ ਤੇ ਫਿਰ ਅੱਗੇ ਤੁਰ ਪੈਂਦੀਆਂ ਹਨ, ਦੂਸਰੇ ਦੀ ਜਿੱਤ ਵਾਸਤੇ—ਕੁਝ ਇੰਞ ਹੀ ਹੈ—ਮੈਂ ਅੱਜ ਤਕ ਕਦੇ ਹਾਰ ਨਹੀਂ ਖਾਧੀ।"

"ਤੂੰ ਅੱਕਦੀ ਨਹੀਂ ਇਸ ਮਾਹੌਲ ਵਿਚ ?"

"ਨਹੀਂ ... ਹਾਂ—ਕਦੇ-ਕਦੇ ਆਪਣੇ ਅੰਦਰ ਇਕ ਇਕੱਲ ਜਿਹੀ, ਇਕ ਘੁਟਨ ਜਿਹੀ ਮਹਿਸੂਸ ਹੁੰਦੀ ਹੈ ਤੇ ਇਕ ਅਹਿਸਾਸ, ਕਿ ਜਿਵੇਂ ਮੈਂ ਇਕ ਕਿਸਮ ਦੀ ਗੁਲਾਮੀ ਤੋਂ ਸੁਤੰਤਰ ਹੋ ਕੇ ਦੂਜੀ ਕਿਸਮ ਦੀ ਗੁਲਾਮੀ ਸਹੇੜ ਲਈ ਹੈ—ਇਕ ਅਹਿਸਾਸ ਜਿਹਾ ਹੁੰਦਾ ਹੈ—ਸ਼ਾਇਦ ਇਹ ਵੀ ਮੇਰਾ ਭਰਮ ਹੀ ਹੋਵੇ।"

ਤੇ ਫਿਰ ਉਹ ਕੁਝ ਚਿਰ ਰੁਕ ਕੇ, ਬੜੀ ਗੰਭੀਰਤਾ ਨਾਲ ਆਪਣੇ ਜਿਸਮ ਦਾ ਆਪ ਹੀ ਜਾਇਜ਼ਾ ਲੈਂਦੀ ਹੋਈ ਬੋਲੀ, "ਤੇ ਫਿਰ ਇਹ ਸਭ ਕੁਝ, ਸ਼ਾਨ ਸ਼ੌਕਤ, ਜੋਬਨ ਕਦੋਂ ਕੁ ਤਕ ਰਹਿਣੇ ਹਨ।"

ਉਸ ਦਾ ਸਾਰਾ ਖਿਲੰਦੜਾਪਨ ਜਾਂਦਾ ਰਿਹਾ ਸੀ। ਉਹ ਇਕਦਮ ਗੰਭੀਰ ਹੋ ਗਈ, ਜਿਵੇਂ ਕਿਸੇ ਬਹੁਤ ਵੱਡੀ ਉਲਝਣ ਵਿਚ ਉਲਝ ਗਈ ਹੋਵੇ। ਫਿਰ ਉਹ ਮੇਰੇ ਵਲ ਅੱਖਾਂ ਭੁਆਂ ਕੇ, ਮੇਰੇ ਵਿੱਚੋਂ ਦੀ, ਮੈਥੋਂ ਬਹੁਤ ਦੂਰ ਪਰ੍ਹਾਂ ਵੇਖਦੀ ਹੋਈ ਆਪ-ਮੁਹਾਰਾ ਹੀ ਬੋਲੀ, "ਤੂੰ ਵੱਖਰਾ ਹੈਂ, ਇਨ੍ਹਾਂ ਸਭਨਾਂ ਤੋਂ ਬਹੁਤ ਵੱਖਰਾ। ਇਸੇ ਲਈ ਜੀ ਕਰਦਾ ਹੈ...ਤੇਰੇ ਵਿਚ ਇਨ੍ਹਾਂ ਵਾਲੀ ਕੋਈ ਗੱਲ ਨਹੀਂ। ਇਕ ਖਿੱਚ ਹੈ ਤੇਰੇ ਵਿਚ, ਵਖਰੇਵੇਂ ਦੀ ਖਿੱਚ, ਅਡਰੇਪਨ ਦੀ ਖਿੱਚ—ਸ਼ਾਇਦ ਤੂੰ ਆਪ ਵੀ ਇਸ ਤੋਂ ਸੁਚੇਤ ਨਹੀਂ। ਇਕ ਸਵਾਲ ਪੁੱਛਾਂ ? ਦੱਸੇਂਗਾ ? ਜਿਸ ਨੇ ਸਾਰੀ ਉਮਰ ਜਿੱਤ ਦਾ ਸੁਆਦ ਵੇਖਿਆ ਹੋਵੇ, ਜੇ ਉਸ ਦਾ ਦਿਲ ਸਾਰੀ ਉਮਰ ਦੀ ਜਿੱਤ ਨੂੰ ਕਿਸੇ ਇਕ ਅੱਗੇ ਹਾਰਨ 'ਤੇ ਕਰ ਆਵੇ, ਤਾਂ ਉਸ ਦੀ ਹਾਰ ਦਾ ਸੁਆਦ ਕਿਹੋ ਜਿਹਾ ਹੋਵੇਗਾ?"

ਨਯਾਕੇਰੈਂਗਾ ਦੀਆਂ ਅੱਖਾਂ ਵਿੱਚੋਂ ਅਥਰੂ ਛਲਕੇ ਨਹੀਂ, ਸਗੋਂ ਉੱਭਰੇ ਤੇ ਪਲਕਾਂ ਨੂੰ ਸਿੱਲ੍ਹਿਆਂ ਕਰਕੇ ਗ਼ਾਇਬ ਹੋ ਗਏ। ਕਮਾਲ ਦਾ ਜ਼ਬਤ ਸੀ ਜ਼ਾਲਮ ਵਿਚ। ਉਸਦੀਆਂ ਅੱਖਾਂ 'ਚੋਂ ਨਾ ਸੰਤੋਸ਼ ਤੇ ਨਾ ਤ੍ਰਿਪਤੀ ਦਾ ਪ੍ਰਗਟਾਵਾ ਹੋ ਰਿਹਾ ਸੀ ਅਤੇ ਨਾ ਹੀ ਤ੍ਰਿਸ਼ਨਾ ਤੇ ਹਿਰਸ ਦਾ। ਇਸ ਸਮੇਂ ਉਹ ਕੁਝ ਹੋਰ ਹੀ ਸੀ। ਫਿਰ ਉਹ ਅਚਾਨਕ ਖੁੱਲ੍ਹ ਕੇ ਹੱਸੀ ਤੇ ਹੱਸਦੀ ਹੀ ਗਈ। ਉਸ ਦਾ ਹਾਸਾ ਝੁੱਗੀ ਵਿਚ ਗੂੰਜਿਆ ਤੇ ਛਿਣ ਦੀ ਛਿਣ ਮੇਰੇ ਮਨ ਵਿਚ ਉਸ ਦੀ ਝੁੱਗੀ ਦਾ ਬਿੰਬ ਉੱਭਰਿਆ ਜੋ ਬਾਹਰੋਂ ਬੜੀ ਖ਼ੂਬਸੂਰਤ ਪਰ ਅੰਦਰੋਂ ਬੜੀ ਖਸਤਾ ਹਾਲ ਸੀ, ਡਿਗੂੰ ਡਿਗੂੰ ਕਰਦੀ। ਜੀ ਵਿਚ ਆਈ ਕਿ ਇਸ ਡਿੱਗਣ ਤੇ ਆਈ ਝੁੱਗੀ ਹੇਠਾਂ, ਜੇ ਥੰਮ੍ਹੀ ਦੇ ਦਿਆਂ ਤਾਂ ਸ਼ਾਇਦ ਕੁਝ ਦੇਰ ਹੋਰ ਕੱਢ ਜਾਏ !

# ਮਾਤਮ

ਮਾਲਤੀ ਬਚਪਨ ਤੋਂ ਹੀ ਬੜੀ ਸੁਘੜ, ਸੁਬਕ, ਸੁੰਦਰ ਤੇ ਚੰਚਲ ਨਿਕਲੀ ਸੀ। ਉਸ ਦੇ ਮਾਂ ਬਾਪ ਆਪਣੇ ਇੱਕੋ ਇਕ ਪੁੱਤਰ ਨਾਲੋਂ ਮਾਲਤੀ ਨੂੰ ਵਧੇਰੇ ਪਸੰਦ ਤੇ ਪਿਆਰ ਕਰਦੇ ਸਨ। ਕੁਝ ਇਸ ਲਈ ਕਿ ਮਾਲਤੀ ਦੀ ਆਵਾਜ਼ ਵਿਚ ਸੰਗੀਤ, ਮਿਠਾਸ ਤੇ ਆਗਿਆਕਾਰੀ ਸੀ ਤੇ ਕੁਝ ਇਸ ਲਈ ਕਿ ਉਹ ਆਪਣੇ ਨਾਲਾਇਕ ਭਰਾ ਨਾਲੋਂ, ਜੋ ਚੌਥੀ ਜਮਾਤ ਵੀ ਨਹੀਂ ਸੀ ਟਪ ਸਕਿਆ, ਪੜ੍ਹਨ ਵਿਚ ਵੀ ਵਧੇਰੇ ਲਾਇਕ ਨਿਕਲੀ ਸੀ। ਸਕੂਲੋਂ ਵਾਪਸ ਘਰ ਆਉਂਦੀ ਤਾਂ ਉਸ ਦੀ ਹਵਾ ਨਾਲ ਉਸ ਦੀਆਂ ਤਾਰੀਫ਼ਾਂ ਘਰ ਦੀ ਸਰਦਲ ਤਕ ਪਹੁੰਚਦੀਆਂ। ਘਰ ਵਿਹਲੀ ਹੁੰਦੀ, ਤਾਂ ਮਾਲਤੀ ਬਗੀਚੇ ਵਿਚ ਫੁੱਲ ਬੀਜਦੀ, ਉਨ੍ਹਾਂ ਦੀ ਦੇਖ-ਰੇਖ ਕਰਦੀ, ਉਨ੍ਹਾਂ ਨੂੰ ਉਨ੍ਹਾਂ ਦੇ ਕੁਦਰਤੀ ਰੰਗਾਂ ਤੇ ਹੁਸਨ ਵਿਚ ਕਾਗਜ਼ ਉੱਤੇ ਉਤਾਰਦੀ ਤੇ ਜੇ ਸੂਈ ਧਾਗਾ ਚੁਕ ਕੇ ਕਸੀਦਾ ਕੱਢਣ ਬੈਠਦੀ, ਤਾਂ ਧਾਗਿਆਂ ਵਿਚ ਜਾਨ ਪਾ ਦਿੰਦੀ। ਫਿਰ ਵਿਹੰਦਿਆਂ-ਵਿੰਹਦਿਆਂ ਹੀ ਉਹ ਬਰਸਾਤ ਵਿਚ ਲਗਰ ਵਾਂਗ ਵਧ ਕੇ ਕੱਦ ਕਾਠ ਵਿਚ ਆਪਣੀਆਂ ਹਾਨਣਾਂ ਸਹੇਲੀਆਂ ਨੂੰ ਬਹੁਤ ਹੇਠਾਂ ਛੱਡ ਗਈ। ਉਮਰ ਭਾਵੇਂ ਉਸ ਦੀ ਬਾਰਾਂ ਤੇਰਾਂ ਵਰ੍ਹਿਆਂ ਦੀ ਹੀ ਸੀ, ਪਰ ਵੇਖਣ ਨੂੰ ਭਰ ਜਵਾਨ ਜਾਪਦੀ ਸੀ। ਦਗ਼-ਦਗ਼ ਕਰਦਾ ਚਿਹਰਾ—ਤਿੱਖੇ ਨੈਣ ਨਕਸ਼, ਭਰਵੀਂ ਛਾਤੀ, ਕਾਠੇ ਭਾਰੇ ਨਿਤੰਭ—ਚੁਸਤ ਲਿਬਾਸ ਵਿਚ ਉਹ ਪੈਰਸ ਦੀ ਕੋਈ ਮਾਡਲ-ਕੁੜੀ ਜਾਪਦੀ ਸੀ।

ਉਸ ਦੀ ਮਾਂ ਅੰਦਰੇ-ਅੰਦਰ ਖ਼ੁਸ਼ ਹੁੰਦੀ ਹੋਈ ਵੀ ਉਸ ਦੇ ਲੋਹੜੇ ਦੇ ਰੂਪ ਰੰਗ ਵਲ ਵੇਖ ਕੇ ਸਹਿਮ ਜਾਂਦੀ ਤੇ ਭੈ ਹੇਠ ਸਹੇਲੀਆਂ ਨਾਲ ਬਾਹਰ ਜਾਂਦੀ ਮਾਲਤੀ ਦੇ ਮਸਤਕ ’ਤੇ ਕਾਲਖ ਦਾ ਟਿੱਕਾ ਲਾ ਦਿੰਦੀ ਤਾਂ ਮਾਲਤੀ ਹੱਸਦੀ ਹੋਈ ਦੂਹਰੀ ਚੌਹਰੀ ਹੋ ਜਾਂਦੀ। ਉਸ ਦੀ ਮਾਂ ਮਾਲਤੀ ਦੇ ਟਿੱਕਾ ਲੱਗੇ ਚਿਹਰੇ ਨੂੰ ਵੇਖਦੀ ਤਾਂ ਉਹ ਉਸ ਨੂੰ ਅੱਗੇ ਨਾਲੋਂ ਵੀ ਵਧੇਰੇ ਸੁਹਣਾ ਹੋ ਗਿਆ ਜਾਪਦਾ। ਹੈਰਾਨੀ, ਭੈ ਤੇ ਪ੍ਰਸੰਸਾ ਦੇ ਮਿਲੇ-ਜੁਲੇ ਪ੍ਰਭਾਵਾਂ ਹੇਠ ਉਹ ਉਸ ਦੇ ਚਿਹਰੇ ਤੋਂ ਕਾਲਖ ਦੇ ਟਿੱਕੇ ਨੂੰ ਪੂੰਝਦੀ, ਤਾਂ ਮਾਲਤੀ ਦੇ ਚਿਹਰੇ ਤੇ ਕਾਲਖ਼ ਦੀ ਇਕ ਬੇਹੰਗਮ ਝਾਕੀ ਬਿਖਰ ਜਾਂਦੀ, ਜਿਸ ਨੂੰ ਹੱਸਦੀ ਹੋਈ ਮਾਲਤੀ ਆਪਣੇ ਹੱਥਾਂ ਨਾਲ ਹੋਰ ਵੀ ਫੈਲਾ ਦਿੰਦੀ।

ਰਾਤ ਨੂੰ ਉਸ ਦੀ ਮਾਂ ਉਸ ਦੇ ਬਾਪ ਨਾਲ ਜਵਾਨ ਹੋ ਰਹੀ ਧੀ ਬਾਰੇ ਗੱਲ ਤੋਰਦੀ ਹੋਈ ਉਸ ਦੇ ਹੱਥ ਪੀਲੇ ਕਰਨ ਦੀ ਚਿੰਤਾ ਪ੍ਰਗਟ ਕਰਦੀ, ਤਾਂ ਉਹ ਉਸ ਨੂੰ ਇਹ ਕਹਿਕੇ ਟਾਲ ਦਿੰਦਾ ਕਿ ਅਜੇ ਤਾਂ ਮਾਲਤੀ ਮਸਾਂ ਅੱਠਵੀਂ ਤਕ ਪਹੁੰਚੀ ਹੈ, ਦਸਵੀਂ ਕਰ ਲਵੇ ਫਿਰ ਸੋਚਾਂਗੇ।

ਮਾਲਤੀ ਦਾ ਪਿਓ ਰੇਲਵੇ ਵਿਚ ਮੁਲਾਜ਼ਮ ਸੀ ਤੇ ਉਸ ਦੀ ਸਦਾ ਹੀ ਇਹ ਕੋਸ਼ਿਸ਼ ਰਹਿੰਦੀ ਕਿ ਉਸ ਨੂੰ ਸੈਰ ਵਾਸਤੇ ਰੇਲਵੇ ਦਾ ਮੁਫ਼ਤ ਪਾਸ ਮਾਲਤੀ ਦੀਆਂ ਛੁੱਟੀਆਂ ਦੇ ਦੌਰਾਨ ਹੀ ਮਿਲੇ। ਇਸ ਤਰ੍ਹਾਂ ਮਾਲਤੀ ਨੂੰ ਭਾਰਤ ਦੀ ਚੰਗੀ ਚੋਖੀ ਸੈਰ ਕਰਨ ਦਾ ਮੌਕਾ ਵੀ ਮਿਲਿਆ ਸੀ, ਪਰ ਉਸ ਨੂੰ ਦੱਖਣੀ ਭਾਰਤ, ਮੈਸੂਰ ਤੇ ਦਾਰਜਲਿੰਗ ਆਦਿ ਦੇ ਕਾਫ਼ੀ ਤੇ ਚਾਹ ਦੇ ਬਾਗ ਬਹੁਤ ਹੀ ਦਿਲਕਸ਼ ਲੱਗੇ ਸਨ। ਕਾਫ਼ੀ ਤੇ ਚਾਹ ਦੇ

ਬਾਗ਼ਾਂ ਦੀ ਸੈਰ ਕਰਦਿਆਂ ਕੁਦਰਤ ਦੀ ਇਸ ਵਾਦੀ ਦੇ ਅਗੰਮੀ ਹੁਸਨ ਦਾ ਪ੍ਰਭਾਵ ਸਦਾ ਲਈ ਉਸ ਦੇ ਮਨ ਉੱਤੇ ਉਕਰਿਆ ਗਿਆ ਸੀ। ਖ਼ਾਸ ਕਰ ਦਗ਼-ਦਗ਼ ਕਰਦੀਆਂ ਲਹੂ-ਬਿੰਬ ਕਾਫ਼ੀ-ਬੈਰੀਆਂ ਉਸ ਨੂੰ ਬਹੁਤ ਚੰਗੀਆਂ ਲਗਦੀਆਂ ਸਨ। ਮਾਲਤੀ ਉਹ ਚੁਗਾਵੀਆਂ, ਜੋ ਸਵੇਰ ਤੋਂ ਸ਼ਾਮ ਤਕ ਆਪਣੀਆਂ ਪਿੱਠਾਂ 'ਤੇ ਬੱਚੇ ਬੰਨ੍ਹੀ ਕਾਫ਼ੀ ਦੀਆਂ ਬੈਰੀਆਂ ਨੂੰ ਚੁਗਦੀਆਂ ਰੁਜ਼ਗਾਰ ਤੇ ਸਖ਼ਤ ਮਿਹਨਤ ਵਿਚਕਾਰ ਤਣੀ ਆਪਣੀ ਹੋਂਦ ਤੋਂ ਅਕੇਵਾਂ ਅਤੇ ਖੜੀਆਂ ਲੱਤਾਂ ਤੋਂ ਥਕੇਵਾਂ ਝਾੜ ਦੇਣ ਲਈ ਬੜੇ ਰਸੀਲੇ ਗੀਤ ਗਾਉਂਦੀਆਂ, ਗੀਤਾਂ ਵਿਚ ਕਿਸੇ ਉੱਜਲੀ ਸਵੇਰ ਦੇ ਸੁਫ਼ਨੇ ਉਣਦੀਆਂ, ਬਹੁਤ ਹੀ ਚੰਗੀਆਂ ਲੱਗਦੀਆਂ ਸਨ। ਮਾਲਤੀ ਨੂੰ ਜਾਪਦਾ ਜਿਵੇਂ ਉਨ੍ਹਾਂ ਦੇ ਗੀਤਾਂ ਵਿੱਚੋਂ ਇੱਕੋ ਸਮੇਂ ਕਾਫ਼ੀ ਦੇ ਸਫ਼ੈਦ ਫੁੱਲ ਖਿੜ ਕੇ ਹਰੀਆਂ ਤੇ ਫਿਰ ਸੁਰਖ਼ ਬੈਰੀਆਂ ਵਿਚ ਵਟ ਰਹੇ ਹੋਣ। ਉਹ ਕੁਦਰਤ, ਇਨਸਾਨ ਤੇ ਸੰਗੀਤ ਦੇ ਹੁਸਨ ਦੀ ਇਸ ਅਦਭੁਤ ਪਕੜ ਹੇਠ ਉਨ੍ਹਾਂ ਚੁਗਾਵੀਆਂ ਨਾਲ ਜਾ ਰਲਦੀ, ਕਾਫ਼ੀ ਚੁਗਦੀ, ਉਨ੍ਹਾਂ ਦੇ ਗੀਤਾਂ ਦੇ ਬੋਲ ਨਾ ਸਮਝਦੀ ਹੋਈ ਵੀ ਉਨ੍ਹਾਂ ਦੀ ਧੁਨ ਨੂੰ ਗੁਣਗੁਣਾਉਂਦੀ ਅਤੇ ਉਨ੍ਹਾਂ ਦੀਆਂ ਪਿੱਠਾਂ ਤੋਂ ਟੰਗੇ ਬੱਚਿਆਂ ਨੂੰ ਚੁੱਕ ਕੇ ਉਨ੍ਹਾਂ ਨਾਲ ਦੇਰ ਤਕ ਖੇਡਦੀ ਰਹਿੰਦੀ, ਕਦੇ ਨਾ ਅਕਦੀ। ਉਸ ਦਿਨ ਉਸ ਨੂੰ ਹੈਰਾਨੀ ਵੀ ਹੋਈ ਸੀ, ਖ਼ੁਸ਼ੀ ਵੀ ਤੇ ਕੁਦਰਤ ਦੀ ਅਥਾਹ ਸ਼ਕਤੀ 'ਤੇ ਭਰੋਸਾ ਵੀ ਉਪਜਿਆ ਸੀ, ਜਦੋਂ ਉਸ ਨੇ ਕਾਫ਼ੀ ਦੇ ਇੱਕੋ ਬੂਟੇ ਦੀ, ਇੱਕੋ ਸ਼ਾਖ਼ 'ਤੇ ਇੱਕੋ ਥਾਂ ਇੱਕੋ ਸਮੇਂ ਕੁਦਰਤ ਦੇ ਤ੍ਰੈ ਮੌਸਮ ਇਕੱਠੇ ਹੋਏ ਵੇਖੇ ਸਨ। ਇਸ ਸ਼ਾਖ਼ ਉੱਤੇ ਇਕ ਪਾਸੇ ਕਾਫ਼ੀ ਦੇ ਸਫ਼ੈਦ-ਸਫ਼ੈਦ ਫੁੱਲ ਖਿੜ ਰਹੇ ਸਨ, ਨਾਲ ਹੀ ਨਮੋਲੀਆਂ ਵਰਗੀਆਂ ਹਰੀਆਂ-ਭਰੀਆਂ ਬੈਰੀਆਂ ਸਨ ਤੇ ਉਨ੍ਹਾਂ ਦੇ ਕੋਲ ਲਹੂ-ਬਿੰਬ ਸੁਰਖ਼ ਬੈਰੀਆਂ।

ਉਹ ਕੁਦਰਤ ਦੇ ਇਸ ਕੌਤਕ ਪ੍ਰਤੀ ਹੈਰਾਨੀ ਦੀ ਪਕੜ ਵਿਚ ਹੀ ਵਿਚਰ ਰਹੀ ਸੀ ਕਿ ਉਸ ਨਾਲ ਵੀ ਇਕ ਕੌਤਕ ਵਰਤ ਗਿਆ। ਉਹ ਅਜੇ ਮੈਸੂਰ ਵਿਚ ਹੀ ਆਪਣੇ ਮਾਤਾ ਪਿਤਾ ਨਾਲ ਛੁੱਟੀਆਂ ਬਿਤਾ ਰਹੀ ਸੀ ਕਿ ਇਕ ਦਿਨ ਉਸ ਦੇ ਪਿਤਾ ਦੇ ਬਚਪਨ ਤੋਂ ਜਾਣੂੰ ਸਰਦਾਰ ਬਸੰਤ ਸਿੰਘ ਤੇ ਉਨ੍ਹਾਂ ਦੀ ਪਤਨੀ ਉਨ੍ਹਾਂ ਨੂੰ ਮਿਲਣ ਆ ਗਏ। ਉਹ ਕਈ ਸਾਲਾਂ ਬਾਅਦ ਅਫ਼ਰੀਕਾ ਤੋਂ ਇਕ ਦੋ ਮਹੀਨਿਆਂ ਲਈ ਭਾਰਤ ਦੀ ਸੈਰ ਕਰਨ, ਸਾਕ ਸਬੰਧੀਆਂ ਤੇ ਮਿੱਤਰਾਂ ਦੋਸਤਾਂ ਨੂੰ ਮਿਲਣ ਆਏ ਸਨ। ਨੈਰੋਬੀ ਵਿਚ ਉਹ ਬੜੇ ਠਾਠ-ਬਾਠ ਵਾਲੇ ਤੇ ਮਾਲਦਾਰ ਠੇਕੇਦਾਰ ਸਨ। ਆਪਣੇ ਨਾਲ ਹੀ ਉਨ੍ਹਾਂ ਨੇ ਅਫ਼ਰੀਕਾ ਤੋਂ ਪੰਜਤਾਲੀ ਹਜ਼ਾਰ ਦੀ ਨਵੀਂ ਮਰਸੇਡੀਜ਼ ਕਾਰ ਵੀ ਲਿਆਂਦੀ ਸੀ, ਜੋ ਉਨ੍ਹਾਂ ਨੇ ਆਪਣੀ ਸੈਰ ਦੇ ਖ਼ਾਤਮੇਂ ਤੇ, ਪਹਿਲਾਂ ਹੀ ਤਿਆਰ ਕੀਤੇ ਕਿਸੇ ਗਾਹਕ ਨੂੰ ਇਕ ਲੱਖ ਰੁਪਏ ਵਿਚ ਵੇਚ ਕੇ ਪੈਸੇ ਏਧਰ ਬੈਂਕ ਵਿਚ ਜਮ੍ਹਾਂ ਕਰਵਾ ਜਾਣੇ ਸਨ। ਉਸ ਦੇ ਪਿਤਾ ਦੇ ਮਿੱਤਰ ਬਸੰਤ ਸਿੰਘ ਹੋਰੀਂ ਦਸ ਰਹੇ ਸਨ ਕਿ ਅਫ਼ਰੀਕਾ 'ਚੋਂ ਪੈਸਾ ਕੱਢਣਾ ਕਿਹੜਾ ਆਸਾਨ ਹੈ। ਕਾਰਾਂ, ਮਸ਼ੀਨਰੀ, ਸੋਨੇ ਤੇ ਹੋਰ ਸੌ ਹੇਰਾ-ਫੇਰੀ ਕਰਕੇ ਉਹ ਪੰਜਵੇਂ ਚੌਥੇ ਸਾਲ ਏਥੇ ਆ ਕੇ ਨਾਲੇ ਮੇਲ ਮਿਲਾਪ ਕਰ ਜਾਂਦੇ ਹਨ, ਨਾਲੇ ਪੈਸੇ ਜਮ੍ਹਾਂ ਕਰਵਾ ਜਾਂਦੇ ਹਨ।

ਘਰ ਵਿਚ ਬੜੀ ਚਹਿਲ ਪਹਿਲ ਸੀ। ਮਾਲਤੀ ਆਪਣੇ ਪਿਤਾ ਦੇ ਮਿੱਤਰ ਤੇ ਉਸ ਦੀ ਪਤਨੀ ਦੀ ਸੇਵਾ ਕਰਦੀ ਨਾ ਥੱਕਦੀ ਤੇ ਉਹ ਵੀ ਦੋਵੇਂ ਜਣੇ ਮਾਲਤੀ ਦੇ ਸੁਹੱਪਣ ਤੇ ਆਗਿਆਕਾਰੀ ਤੇ ਪ੍ਰਾਹੁਣਚਾਰੀ ਦੀ ਵਾਰ-ਵਾਰ ਪ੍ਰਸ਼ੰਸਾ ਕਰਦੇ, ਖ਼ੁਸ਼ ਹੁੰਦੇ। ਦੋਵੇਂ ਪਰਿਵਾਰ ਇਕੱਠਿਆਂ ਹੀ ਸੈਰ ਕਰਨ ਵਾਸਤੇ ਮਰਸੇਡੀਜ਼ ਕਾਰ ਵਿਚ ਬਾਹਰ ਨਿਕਲਦੇ—ਮਿੱਤਰਾਂ ਦੋਸਤਾਂ ਨੂੰ ਮਿਲਦੇ ਤਾਂ ਮਾਲਤੀ ਦੇ ਪਿਤਾ ਦਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ।

ਇਸੇ ਸਮੇਂ ਦੇ ਦੌਰਾਨ ਇਕ ਰਾਤ ਜਦੋਂ ਖਾਣਾ ਖਾ ਕੇ ਸਭ ਆਪਣੇ-ਆਪਣੇ ਕਮਰਿਆਂ ਵਿਚ ਚਲੇ ਗਏ, ਤਾਂ ਮਾਲਤੀ ਨੂੰ ਆਪਣੀ ਮਾਤਾ ਤੇ ਆਪਣੇ ਪਿਤਾ ਦੀ ਘੁਸਰ-ਮੁਸਰ ਸੁਣਾਈ ਦਿੱਤੀ। ਉਤਸੁਕਤਾ ਵਸ ਮਾਲਤੀ ਨੇ ਦੋਹਾਂ ਕਮਰਿਆਂ ਵਿਚਕਾਰਲੇ ਦਰਵਾਜ਼ੇ ਦੀ ਝੀਥ ਨੂੰ ਆਪਣੇ ਕੰਨ ਲਾ ਦਿੱਤੇ।

"ਸੱਤ ਸਮੁੰਦਰ ਪਾਰ ਧੀ ਨੂੰ ਧੱਕਾ ਦੇਣ ਲੱਗਾ ਹੈਂ, ਆਪਣਾ ਪੜ੍ਹਿਆ ਲਿਖਿਆ ਵਿਚਾਰ ਲੈ—ਮੈਨੂੰ ਤਾਂ ਇਹ ਗੱਲ ਚੰਗੀ ਨਹੀਂ ਲਗਦੀ।"

"ਤੂੰ ਤਾਂ ਕਮਲੀ ਹੈਂ—ਬਸੰਤ ਸਿੰਘ ਨੂੰ ਮੈਂ ਬਚਪਨ ਤੋਂ ਜਾਣਦਾ ਹਾਂ। ਅਫ਼ਰੀਕਾ ਵਿਚ ਬੜੀ ਵੱਡੀ ਠੇਕੇਦਾਰੀ ਦਾ ਕੰਮ ਹੈ ਉਸ ਦਾ। ਵੱਡੇ ਮੁੰਡੇ ਨੇ ਹੀ ਉਸ ਦਾ ਇਹ ਸਾਰਾ ਕਾਰੋਬਾਰ ਸੰਭਾਲਿਆ ਹੋਇਆ ਹੈ। ਛੋਟਾ ਇੰਗਲੈਂਡ ਤੋਂ ਇੰਜੀਨੀਅਰਿੰਗ ਦਾ ਕੋਰਸ ਪੂਰਾ ਕਰਕੇ ਵਾਪਸ ਆਉਣ ਵਾਲਾ ਹੈ। ਏਥੇ ਭਾਰਤ ਵਿਚ ਕੋਈ ਐੱਮ.ਏ. ਪਾਸ ਵੀ ਢੂੰਡ ਲਿਆ ਤਾਂ ਉਹੀ ਚਾਰ ਪੰਜ ਸੌ ਦੀ ਨੌਕਰੀ ਮਿਲੇਗੀ ਉਸ ਨੂੰ, ਘਰ ਦਾ ਲੂਣ ਤੇਲ ਤੋਰਨ ਜੋਗੀ। ਨਾਲੇ ਸਬਿੰਦਰ ਦਾ ਬੇੜਾ ਵੀ ਤਰ ਜਾਏਗਾ। ਬਸੰਤ ਸਿੰਘ ਨੇ ਵਾਅਦਾ ਕੀਤਾ ਹੈ ਕਿ ਮਾਲਤੀ ਤੋਂ ਛੇਤੀ ਬਾਅਦ ਹੀ ਉਹ ਸਬਿੰਦਰ ਦਾ ਪਰਮਿਟ ਭੇਜ ਦੇਵੇਗਾ।"

"ਇਹ ਸਭ ਕੁਝ ਤਾਂ ਠੀਕ ਹੈ, ਪਰ ਮੇਰੀ ਜਾਨ ਥਰ ਥਰ ਕੰਬਦੀ ਹੈ, ਧੀ ਦਾ ਵਿਛੋੜਾ—ਬਿਗਾਨਾ ਦੇਸ਼, ਨਾ ਕੋਈ ਜਾਣੂੰ ਨਾ ਪਛਾਣੂ—ਫਿਰ ਡਾਢਿਆਂ ਨਾਲ ਮੱਥਾ ਲਾਉਣਾ ਕਿਹੜਾ ਸੁਖਾਲਾ ਹੈ। ਆਪਣਾ ਪਨ੍ਹਾਂ ਵੀ ਪਹਿਲਾਂ ਵੇਖ ਲੈਣਾ ਚਾਹੀਦਾ ਹੈ।"

"ਮੈਂ ਸਭ ਗੱਲ ਗਿਣ ਗੱਠ ਲਈ ਹੈ। ਉਨ੍ਹਾਂ ਨੂੰ ਦਾਜ ਦਹੇਜ ਉੱਕਾ ਨਹੀਂ ਚਾਹੀਦਾ—ਤਿੰਨੀਂ ਕੱਪੜੀਂ ਲੜਕੀ ਚਾਹੀਦੀ ਹੈ—ਪੈਸੇ ਦੀ ਤਾਂ ਉਨਾਂ ਕੋਲ ਅੱਗੇ ਹੀ ਕੋਈ ਥਾਹ ਨਹੀਂ।"

ਸਾਰੀ ਰਾਤ ਮਾਲਤੀ ਨੂੰ ਨੀਂਦ ਨਾ ਪਈ ਤੇ ਦੂਜੇ ਦਿਨ ਸਵੇਰੇ ਬਸੰਤ ਸਿੰਘ ਦੇ ਵੱਡੇ ਪੁੱਤਰ ਸੁਖਦੇਵ ਸਿੰਘ ਦੀ ਫੋਟੋ ਨਾਲ ਉਸ ਦੀ ਮੰਗਣੀ ਹੋ ਗਈ। ਫੋਟੋ ਤੋਂ ਤਾਂ ਉਸ ਦਾ ਹੋਣ ਵਾਲਾ ਪਤੀ ਸੁਹਣਾ ਜਾਪਦਾ ਸੀ, ਮਸ-ਫਟ ਗਭਰੂ-ਹਾਣ ਪਰਵਾਨ ਪਰ ? ਉਹ ਸੋਚਦੀ ਤਾਂ ਉਸ ਦੇ ਅੰਦਰ ਕਈ ਸੁਪਨੇ ਚੀਣਾ-ਚੀਣਾ ਹੋ ਜਾਂਦੇ। ਕਈ ਆਸਾਂ ਸੱਧਰਾਂ ਕੱਦ ਕਾਠ ਕਢਣ ਤੋਂ ਪਹਿਲਾਂ ਹੀ ਸੜ ਬਲ ਜਾਂਦੀਆਂ। ਜਦੋਂ ਉਹ ਆਪਣੇ ਮਾਂ ਬਾਪ ਦੇ ਸੁਹਿਰਦ ਫੈਸਲੇ ਤੇ ਆਪਣੇ ਨਾਲਾਇਕ ਭਰਾ ਸਬਿੰਦਰ ਦੇ ਭਵਿੱਖ ਬਾਰੇ ਸੋਚਦੀ ਤਾਂ ਕੁਝ ਕਹਿਣ-ਕਹਿਣ ਕਰਿਦਆਂ ਵੀ ਉਸ ਦੇ ਹੋਠਾਂ ਤੇ ਜੰਦਰਾ ਵੱਜ ਜਾਂਦਾ, ਇਕ ਰਾਗਣੀ ਉਸਦੇ ਹੋਠਾਂ ਤੇ ਮੌਨ ਰੁਦਨ ਵਿਚ ਵਿਲਕ ਕੇ ਰਹਿ ਜਾਂਦੀ। ਉਸ ਦੇ ਅੰਦਰ ਕਈ ਸੰਦੇਹ ਸਨ—ਓਪਰੀ ਧਰਤੀ, ਓਪਰੇ ਲੋਕ, ਓਪਰਾ ਮਰਦ, ਸਭ ਕੁਝ ਅਜਨਬੀ ਤੇ ਉਹ ਕੱਲੀ ਜਾਨ—ਉੱਥੇ ਨਾ ਕਿਸੇ ਨਾਲ ਜਾਣ ਨਾ ਪਹਿਚਾਣ। ਉਸ ਦਾ ਸਗਲਾ ਆਪਾ ਸੁੰਗੜ ਜਾਂਦਾ।

ਉਸ ਦੇ ਹੋਣ ਵਾਲੇ ਸੱਸ ਸੌਹਰਾ ਅਫ਼ਰੀਕਾ ਚਲੇ ਗਏ। ਮਾਲਤੀ ਦਸਵੀਂ 'ਚੋਂ ਪਾਸ ਹੋ ਗਈ ਤੇ ਉਸ ਦਾ ਪਾਸਪੋਰਟ ਬਣ ਗਿਆ। ਉਪਰੋਂ ਖ਼ੁਸ਼ੀ ਪ੍ਰਗਟ ਕਰਦੇ, ਅੰਦਰੋਂ ਪੁੜ-ਪੁੜ ਵਿੱਝੇ ਮਾਂ ਬਾਪ ਮਾਲਤੀ ਨੂੰ ਲੱਖ ਦਿਲਾਸੇ ਦਿੰਦੇ ਤੇ ਕਹਿੰਦੇ ਤੈਨੂੰ ਕਾਫ਼ੀ ਦੇ ਬਾਗ਼ ਹੀ ਪਿਆਰੇ ਹਨ ਨਾ, ਹੁਣ ਤੂੰ ਕਾਫ਼ੀ ਦੇ ਬਾਗ਼ਾਂ ਦੇ ਘਰ ਅਫ਼ਰੀਕਾ ਜਾ ਰਹੀ ਹੈਂ। ਜਿੱਥੇ ਸੁਖਦੇਵ ਨੇ ਅੱਜ ਕੱਲ੍ਹ ਠੇਕਾ ਲਿਆ ਹੋਇਆ ਹੈ, ਉੱਥੇ ਉਸ ਦੇ ਬੰਗਲੇ ਦੇ ਦੁਆਲੇ ਮੀਲਾਂ ਤਕ ਕਾਫ਼ੀ ਦੇ ਬਾਗ਼ਾਂ ਦੇ ਹਾਰਾਂ ਦੇ ਹਾਰ ਹਨ। ਤੇ ਉੱਥੋਂ ਕੁਝ ਦੂਰ ਚਾਹ ਦੇ ਬਾਗ਼। ਉਸ ਦਾ ਘਰ ਵੀ ਇਕ ਫਿਰਤੂ ਬੰਗਲਾ ਹੈ, ਜਿੱਥੇ ਠੇਕਾ ਲੈਂਦਾ ਹੈ, ਉੱਥੇ ਹੀ ਇਹ ਫਿਰਤੂ ਬੰਗਲਾ ਖੜਾ ਹੋ ਜਾਂਦਾ, ਜੰਗਲ ਵਿਚ ਮੰਗਲ ਲਗ ਜਾਂਦਾ ਹੈ—ਜੈਨਰੇਟਰ, ਟੀ. ਵੀ., ਰੇਡੀਓ, ਰੇਡੀਓ ਗਰਾਮ, ਫਰਿੱਜ, ਕਪੜੇ ਧੋਣ ਤੇ ਸੁਕਾਉਣ ਵਾਲੀਆਂ ਮਸ਼ੀਨਾਂ, ਰੋਜ਼ਾਨਾ ਜ਼ਰੂਰਤ ਤੇ ਕਿਚਨ ਦਾ ਹੋਰ ਸਾਰਾ ਸਮਾਨ ਹਰ ਸਮੇਂ ਉਸ ਦੇ ਫਿਰਤੂ ਬੰਗਲੇ ਵਿਚ ਮੌਜੂਦ ਰਹਿੰਦਾ ਹੈ। ਸੈਰ ਸਪਾਟੇ ਲਈ ਨਵੀਂ ਮਰਸੇਡੀਜ਼ ਕਾਰ—ਚਿਤ ਕੀਤਾ ਤਾਂ ਡੇਢ ਘੰਟੇ ਵਿਚ ਇਕ ਸੌ ਵੀਹ ਮੀਲ ਦਾ ਪੈਂਡਾ ਕਰਕੇ ਨੈਰੋਬੀ ਸੱਸ ਸੌਹਰੇ ਕੋਲ ਪਹੁੰਚ ਗਏ—ਫ਼ਿਲਮ ਵੇਖੀ—ਸੈਰ ਸਪਾਟਾ ਕੀਤਾ ਤੇ ਸਪਤਾਹ-ਅੰਤ ਕਟ ਕੇ ਸੋਮਵਾਰ ਮੁੜ ਵਾਪਸ ਕੰਮ 'ਤੇ। ਨਾਲੇ ਤੂੰ ਤਾਂ ਬੜੀ ਚੁਤਰ ਹੈਂ। ਕਾਰ ਚਲਾਉਣੀ ਸਿਖ ਲਵੇਂ, ਤਾਂ ਭਾਵੇਂ ਰੋਜ਼ ਨੈਰੋਬੀ ਦਾ ਚੱਕਰ ਮਾਰ ਆਇਆ ਕਰੇਂ।"

ਮਾਲਤੀ ਇਹ ਸਭ ਕੁਝ ਬੋਲੇ ਕੰਨਾਂ ਨਾਲ ਸੁਣ ਛੱਡਦੀ। ਉਸ ਨੇ ਜੋ ਸੁਪਨਾ ਹੁਣ ਤਕ ਉਣਿਆ ਸੀ ਉਹ ਹਕੀਕੀ ਰੂਪ ਧਾਰਨ ਤੋਂ ਪਹਿਲਾਂ ਹੀ ਸਭ ਤੋਂ ਗੁਪਤ ਰੂਪ ਵਿਚ, ਉਸਦੀਆਂ ਅੱਖਾਂ 'ਚੋਂ ਅੱਥਰੂਆਂ ਦੀ ਇਕ ਨਿਰੰਤਰ ਲੜੀ ਬਣ ਕੇ ਵਹਿ ਤੁਰਿਆ ਸੀ। ਉਸ ਦਾ ਦਰਦ ਤੇ ਉਸ ਦਾ ਭੇਦ ਕੇਵਲ ਉਸ ਦੇ ਪੱਲੇ ਇਕ ਗੰਢ ਵਾਂਗ ਸਦਾ ਲਈ ਬੱਝ ਗਿਆ ਸੀ। ਪਾਲਮ ਹਵਾਈ ਅੱਡੇ ਤੋਂ ਐਂਬਾਕਾਸੀ ਹਵਾਈ ਅੱਡੇ ਨੈਰੋਬੀ

ਤਕ ਦਾ ਸਫ਼ਰ ਭਾਵੇਂ ਸੱਤ ਸਾਢੇ ਸੱਤ ਘੰਟੇ ਦਾ ਹੀ ਸੀ, ਪਰ ਇਸ ਸਾਰੇ ਸਮੇਂ ਉਸ ਦੀ ਸਾਰੀ ਹੋਂਦ ਸੂਲੀ ਤੇ ਟੰਗੀ ਰਹੀ ਸੀ। ਅਨੇਕਾਂ ਭੈ, ਸੰਸੇ, ਸੰਦੇਹ ਉਸ ਦੇ ਅੰਦਰ ਉਪਜਦੇ ਤਾਂ ਉਹ ਕੰਬ ਕੇ ਰਹਿ ਜਾਂਦੀ। ਇਨ੍ਹਾਂ ਸਭਨਾਂ ਦੇ ਵਿਚਕਾਰ ਜਦੋਂ ਉਸ ਨੂੰ ਵਿਦਾ ਕਹਿਣ ਆਏ ਆਪਣੇ ਨਾਲਾਇਕ ਭਰਾ ਦਾ ਖ਼ੁਸ਼-ਖ਼ੁਸ਼ ਚਿਹਰਾ ਉਭਰਦਾ ਦਿਸਦਾ ਸੀ, ਤਾਂ ਉਹ ਹੋਰ ਵੀ ਵਧੇਰੇ ਸੁੰਗੜ ਕੇ ਰਹਿ ਜਾਂਦੀ।

ਨੈਰੋਬੀ ਏਅਰਪੋਰਟ ਉੱਤੇ ਉਸ ਦੇ ਸੱਸ ਸੌਹਰੇ ਤੇ ਹੋਰ ਸਾਕ ਸੰਬੰਧੀਆਂ ਨੇ ਉਸ ਨੂੰ ਇਕ ਕੀਮਤੀ ਆਯਾਤ ਵਸਤੂ ਵਾਂਗ ਚਾਈਂ-ਚਾਈਂ ਪ੍ਰਾਪਤ ਕੀਤਾ ਤੇ ਦੂਜੇ ਦਿਨ ਸਵੇਰੇ ਗੁਰਦੁਆਰੇ ਵਿਚ ਰਸਮੀਂ ਜਿਹਾ ਅਨੰਦ ਕਾਰਜ ਕਰਕੇ ਸ਼ਹਿਰ ਦੇ ਸਭ ਤੋਂ ਵਧੀਆ ਹੋਟਲ ਇੰਟਰਕੰਟੀਨੈਂਟਲ ਵਿਚ ਆਪਣੇ ਮਿੱਤਰਾਂ ਸੰਬੰਧੀਆਂ ਨੂੰ ਇਕ ਸ਼ਾਨਦਾਰ ਕਾਕਟੇਲ ਪਾਰਟੀ ਦਿੱਤੀ, ਜਿਸ ਦੀ ਰੌਣਕ ਨੂੰ ਸੰਗੀਤ ਤੇ ਨ੍ਰਿਤ ਨੇ ਹੋਰ ਵੀ ਵਧਾਇਆ।

ਰਾਤ ਪਈ ਤਾਂ ਉਸ ਦੀਆਂ ਨਜ਼ਰਾਂ ਟੱਡੀਆਂ ਦੀਆਂ ਟੱਡੀਆਂ ਰਹਿ ਗਈਆਂ—ਉਸ ਦੇ ਸਾਮ੍ਹਣੇ ਉਸ ਦਾ ਪਤੀ ਖੜ੍ਹਾ ਸੀ; ਆਪਣੇ ਪਿਤਾ ਵਰਗੇ ਭੱਦੇ ਨਕਸ਼ ਤੇ ਆਪਣੀ ਮਾਂ ਵਰਗਾ ਕਾਲਾ ਸ਼ਾਹ ਰੰਗ—ਬੀਅਰ ਪੀ ਪੀ ਬੇਸੁਰੇ ਰੂਪ ਵਿਚ ਗੋਗੜ ਛੱਡੀ ਉਹ ਖਰਖਰੀ ਦਾੜ੍ਹੀ ਦੇ ਕੰਡਿਆਂ ਵਰਗੇ ਤਰਾਸ਼ੇ ਹੋਏ ਵਾਲਾਂ ਨਾਲ ਮਨੁੱਖ ਨਾਲੋਂ ਵਧੇਰੇ ਦਿਓ ਜਾਪ ਰਿਹਾ ਸੀ। ਮਾਲਤੀ ਨੂੰ ਉਸ ਕੋਲੋਂ ਸ਼ਰਾਬ ਦੀ ਬੜੀ ਤੇਜ਼ ਤੇ ਭੈੜੀ ਬੂ ਆਈ। ਉਸ ਨੇ ਨਾ ਕੋਈ ਗੱਲ ਕੀਤੀ ਨਾ ਹੁੰਗਾਰਾ ਭਰਿਆ ਸਗੋਂ ਦਿੱਲੀ ਦੀ ਲੁੱਟ ਵਾਂਗ ਬੇਸਬਰੀ ਨਾਲ ਉਸ ਦੇ ਜਿਸਮ ਉੱਤੇ ਟੁੱਟ ਪਿਆ।

ਸਵੇਰੇ ਉਹ ਟੁੱਟੀਆਂ ਵੰਗਾਂ, ਖੁੱਸੇ ਅੰਗਾਂ ਅਤੇ ਉਲਝੇ ਵਾਲਾਂ ਨੂੰ ਕੱਠਿਆਂ ਕਰਦੀ ਉੱਠੀ ਤਾਂ ਉਸ ਦਾ ਪਤੀ ਫ਼ਰਸ਼ ਤੇ ਪਈਆਂ ਮੋਤੀਏ ਦੀਆਂ ਕਲੀਆਂ ਨੂੰ ਪੈਰਾਂ ਹੇਠ ਰੋਲਦਾ ਹੋਇਆ ਗੁਸਲਖ਼ਾਨੇ ਵਲ ਵਧ ਰਿਹਾ ਸੀ। ਮਾਲਤੀ ਨੇ ਉਸ ਦੇ ਪੈਰਾਂ ਹੇਠ ਮਿੱਧੀ ਗਈ ਮੋਤੀਏ ਦੀ ਇਕ ਕਲੀ ਚੁਕ ਕੇ ਆਪਣੀ ਤਲੀ ਤੇ ਰੱਖ ਲਈ ਤਾਂ ਉਸ ਦੇ ਕੰਨਾਂ ਵਿਚ ਆਪਣੀ ਕਿਸੇ ਸੁੰਦਰ ਸਹੇਲੀ ਤੇ ਉਸ ਦੇ ਬੇਸੁਰੇ ਕਾਲੇ ਕਲੋਟੇ ਪਤੀ ਦੇ ਸੰਬੰਧ ਵਿਚ ਆਖੇ ਹੋਏ ਆਪਣੇ ਹੀ ਇਹ ਸ਼ਬਦ ਕਿ, "ਹਾਥੀ ਤੇ ਮੋਤੀਏ ਦਾ ਕੀ ਮੇਲ" ਗੋਲੀ ਵਾਂਗ ਆ ਵੱਜੇ। ਮਿੱਧੀ ਹੋਈ ਕਲੀ ਵਲ ਵੇਖ ਕੇ ਮਾਲਤੀ ਦੀ ਘਿੱਗੀ ਬੱਝ ਗਈ। ਮੌਨ ਰੁਦਨ ਵਿਚ ਉਸ ਦੀ ਸਾਰੀ ਹੋਂਦ ਅੰਦਰੇ-ਅੰਦਰ ਮਿੱਧੀ ਤੇ ਵਲੂੰਧਰੀ ਗਈ, ਪਰ ਉਹ ਸੀ ਨਾ ਕਰ ਸਕੀ।

ਘਰ ਵਿਚ ਲਹਿਰ ਬਹਿਰ ਸੀ, ਨੌਕਰ ਚਾਕਰ ਸਨ, ਮੋਟਰਾਂ ਸਨ, ਧਨ ਦਾ ਕੋਈ ਅੰਤ ਨਹੀਂ ਸੀ—ਪਰ ਕੀ ਉਸ ਨੇ ਇਹ ਕੁਝ ਹੀ ਸੁਪਨੇ ਵਿਚ ਉਲੀਕਿਆ ਸੀ ? ਉਸ ਦਾ ਪਤੀ ਹਰ ਸ਼ਾਮ ਨਸ਼ੇ ਵਿਚ ਗੁੱਟ ਬਿਨਾਂ ਕੋਈ ਮੋਹ ਮੁਹੱਬਤ ਦੀ ਗੱਲ ਕੀਤਿਆਂ ਉਸ ਦੇ ਜਿਸਮ 'ਤੇ ਝਪਟ ਪੈਂਦਾ, ਜਿਵੇਂ ਉਸ ਨੂੰ ਅੰਗਾਂ ਦੀ ਬੋਲੀ ਤੋਂ ਬਿਨਾਂ ਹੋਰ ਕੁਝ ਵੀ ਨਾ ਆਉਂਦਾ ਹੋਵੇ—ਦਿਲ, ਮਨ, ਆਤਮਾ ਤੋਂ ਵਿਰਵੀ ਇਹ ਕਿਹੀ ਪ੍ਰੀਤ ਸੀ ? ਇਹ ਕਿਹਾ ਰਿਸ਼ਤਾ ਸੀ ? ਇਹ ਕਿਹੀ ਸ਼ਾਦੀ ਸੀ ? ਹਰ ਸ਼ਨਿਚਰ ਐਤ ਉਸ ਨੂੰ ਨੈਰੋਬੀ ਲਿਜਾਇਆ ਜਾਂਦਾ। ਸਿਨਮੇ ਵਿਖਾਏ ਜਾਂਦੇ, ਸ਼ਹਿਰ ਦੇ ਸਭ ਤੋਂ ਵਧੀਆ ਹੋਟਲਾਂ ਵਿਚ ਖਾਣਾ ਖਵਾਇਆ ਜਾਂਦਾ, ਦੁਨੀਆਂ ਭਰ ਦੇ ਯਾਤਰੂਆਂ ਲਈ ਟੂਰਿਸਟ—ਖਿੱਚ ਵਾਲੇ ਥਾਵਾਂ ਦੀ ਸੈਰ ਕਰਵਾਈ ਜਾਂਦੀ—ਪਰ ਰਾਤ ਪੈਂਦੀ ਤਾਂ ਉਹ ਹੀ ਪਾਸ਼ਵਕ ਕਰਮ, ਚਾਹੇ, ਅਚਾਹੇ, ਵਾਰ-ਵਾਰ। ਮਾਲਤੀ ਆਪਣੇ ਪਤੀ ਨਾਲ ਕੋਈ ਗੱਲ ਕਰਨ ਦਾ ਯਤਨ ਕਰਦੀ ਤਾਂ ਉਹ ਹੂੰ ਹਾਂ ਕਰਕੇ ਟਾਲ ਦਿੰਦਾ ਤੇ ਬੇਸਬਰੀ ਨਾਲ ਜਿਸਮ ਉੱਤੇ ਟੁੱਟ ਪੈਂਦਾ, ਜਿਵੇਂ ਇਹ ਲੁੱਟ ਹਰ ਰੋਜ਼ ਨਹੀਂ ਰਹਿਣੀ ਹੁੰਦੀ।

ਸੁਖਦੇਵ ਜਦੋਂ ਘੂਕ ਸੌਂ ਜਾਂਦਾ, ਤਾਂ ਉਸ ਦੀ ਦੇਹ ਨੂੰ ਘੁਰਾੜੇ ਮਾਰਦਿਆਂ ਤੱਕ ਕੇ ਮਾਲਤੀ ਦੇ ਅੰਦਰ ਇਕ ਖ਼ਲਾਅ ਜਿਹੀ ਪਸਰਨ ਲੱਗ ਜਾਂਦੀ। ਉਹ ਰੋਂਦੀ, ਪਰ ਉਸ ਦੀ ਆਵਾਜ਼ ਨਾ ਨਿਕਲਦੀ। ਆਪਣੇ ਆਪ ਤੋਂ ਅਲਹਿਦਾ ਹੋ ਕੇ ਉਹ ਆਪ ਹੀ ਆਪਣੀ ਹਾਲਤ ਤੇ ਹੱਸਦੀ ਤਾਂ ਸ਼ੀਸ਼ੇ ਵਿਚ ਕਿਸੇ ਸੁਫ਼ਨੇ ਦਾ ਇਕ ਬਿੰਬ ਉਭਰ ਕੇ ਚੀਨਾ-ਚੀਨਾ ਹੋ ਜਾਂਦਾ—ਉਸ ਦੇ ਰੋਮ-ਰੋਮ ਵਿਚ ਕੱਚ ਦੀਆਂ ਨਿੱਕੀਆਂ-ਨਿੱਕੀਆਂ ਕੀਚਰਾਂ ਖੁੱਭ ਗਈਆਂ ਜਾਪਦੀਆਂ। ਲਹੂ ਲੁਹਾਣ ਆਤਮਾ ਨਾਲ ਇਸ ਐਸ਼ ਆਰਾਮ ਤੇ ਧਨ ਧਾਮ ਦੇ

ਜੀਵਨ ਵਿਚ ਉਸ ਦਾ ਦਮ ਘੁਟਣ ਲਗ ਪੈਂਦਾ, ਤਾਂ ਉਹਦਾ ਜੀ ਕਰਦਾ ਕਿ ਗੌਤਮ ਵਾਂਗ ਇਹ ਸਭ ਕੁਝ ਤਿਆਗ ਕੇ ਉਹ ਖੂੰਖਾਰ ਦਰਿੰਦਿਆਂ ਨਾਲ ਘੁੱਗ ਵਸਦੇ ਅਫ਼ਰੀਕਾ ਦੇ ਜੰਗਲਾਂ ਵਿਚ ਨਿਰਵਾਨ ਦੀ ਤਲਾਸ਼ ਵਿਚ ਨਿਕਲ ਜਾਵੇ। ਉਹ ਬੂਹੇ ਵਲ ਕਦਮ ਪੁੱਟਦੀ, ਤਾਂ ਉਸ ਦੇ ਸਿਮਰਨ ਵਿਚ ਲਾਚਾਰ ਮਾਂ ਬਾਪ ਅਤੇ ਨਾਲਾਇਕ ਭਰਾ ਦਾ ਆਸਵੰਦ ਭਵਿੱਖ ਨਾਲ ਉੱਜਵਲ ਚਿਹਰਾ ਉਭਰਦਾ—ਉਸ ਦੇ ਪੈਰ ਮਣ-ਮਣ ਦੇ ਹੋ ਜਾਂਦੇ।

ਇਨ੍ਹਾਂ ਦਿਨਾਂ ਵਿਚ ਹੀ ਉਸ ਦੇ ਪਤੀ ਦਾ ਛੋਟਾ ਭਰਾ ਹਰਦੇਵ ਇੰਗਲੈਂਡ ਤੋਂ ਇੰਜੀਨੀਅਰਿੰਗ ਦਾ ਡਿਪਲੋਮਾ ਪ੍ਰਾਪਤ ਕਰਕੇ ਵਾਪਸ ਕੀਨੀਆ ਪਰਤ ਆਇਆ। ਜਿੰਨਾ ਉਸ ਦਾ ਪਤੀ ਕੁਹਜਾ ਸੀ, ਉਨਾਂ ਹੀ ਹਰਦੇਵ ਸੁਨੱਖਾ ਤੇ ਦਿਲਕਸ਼। ਉਸ ਦਾ ਰੰਗ ਆਪਣੇ ਪਿਓ ਵਰਗਾ ਗੋਰਾ ਚਿੱਟਾ ਤੇ ਨਕਸ਼ ਮਾਂ ਵਰਗੇ ਤਿੱਖੇ ਸਨ। ਉਸ ਦੀ ਹਰ ਗੱਲ, ਹਰ ਅਦਾ, ਹਰ ਕਦਮ ਵਿੱਚੋਂ ਸੁੱਤੇ ਸਿਧ ਹੀ ਇਕ ਕਲਾਕਾਰੀ ਦੀ ਝਲਕ ਪ੍ਰਦਰਸ਼ਤ ਹੁੰਦੀ ਸੀ। ਹਰਦੇਵ ਬੜਾ ਹਸਮੁਖ ਤੇ ਮਖ਼ੌਲੀਆ ਹੀ ਨਹੀਂ ਸੀ, ਸਗੋਂ ਉਸ ਦੀ ਸਿਮਰਤੀ ਵਿਚ ਇੰਗਲੈਂਡ ਯੂਰਪ ਤੇ ਅਫ਼ਰੀਕਾ ਦੇ ਜੀਵਨ ਤੇ ਸਮਾਜ ਸੰਬੰਧੀ ਗਿਆਨ ਦਾ ਇਕ ਅਮੁਕ ਖ਼ਜ਼ਾਨਾ ਮੌਜੂਦ ਦਸੀ।

ਹਰਦੇਵ ਕੀ ਆਇਆ, ਮਾਲਤੀ ਦੇ ਜੀਵਨ ਦਾ ਨਕਸ਼ਾ ਹੀ ਬਦਲ ਗਿਆ। ਗੱਲ-ਗੱਲ ਤੇ ਉਹ ਉਸ ਨੂੰ ਭਾਬੀ ਜੀ, ਭਾਬੀ ਜੀ ਆਖਦਾ ਨਾ ਥਕਦਾ ਤੇ ਆਪਣੀਆਂ ਗੱਲਾਂ ਦਾ ਅਮੁੱਕ ਸਿਲਸਿਲਾ ਜਾਰੀ ਰਖਦਾ, ਹੱਸਦਾ, ਮਖ਼ੌਲ ਕਰਦਾ ਝੂਮਦਾ ਰਹਿੰਦਾ। ਮਾਲਤੀ ਦੇ ਅੰਦਰਲਾ ਖ਼ਲਾਅ ਭਰਨ ਲੱਗਾ ਤਾ ਉਹ ਸੋਚਦੀ ਕਿ ਕੁਦਰਤ ਦਾ ਇਹ ਅਜੀਬ ਚਮਤਕਾਰੀ ਦੁਖਾਂਤ ਹੈ ਕਿ ਕੇਵਲ ਇਕ ਜਿਸਮ ਦੀ ਵਿੱਥ ਉੱਤੇ ਉਸ ਦਾ ਸੁਪਨਾ ਹੈ ਆਪਣੇ ਭਰ ਜੋਬਨ ਤੇ ਸਾਖ਼ਸ਼ਾਤ ਰੂਪ ਵਿਚ, ਪਰ ਨਾ ਉਹ ਉਸ ਨੂੰ ਛੂਹ ਹੀ ਸਕਦੀ ਹੈ ਤੇ ਨਾ ਪ੍ਰਾਪਤ ਕਰ ਸਕਦੀ ਹੈ। ਫਿਰ ਵੀ ਉਸ ਨੂੰ ਇਕ ਸੰਤੋਸ਼ ਸੀ, ਆਪਣੇ ਅੰਦਰਲੀ ਖ਼ਲਾਅ ਦੇ ਕਿਸੇ ਹੱਦ ਤਕ ਭਰਨ ਦਾ—ਇਕ ਜਿਸਮ ਦੀ ਵਿੱਥ ’ਤੇ ਹੀ ਸਹੀ, ਆਪਣੇ ਸੁਫਨੇ ਦੇ ਸੰਗ ਸੰਗ ਰਹਿਣ ਦਾ। ਹੋਰ ਕੁਝ ਨਹੀਂ ਤਾਂ ਹਰਦੇਵ ਮਾਲਤੀ ਦੇ ਹਰ ਰਾਤ ਦੇ ਕੌੜੇ ਤਜਰਬੇ ਦੀ ਤਲਖ਼ੀ ਨੂੰ ਦਿਨ ਭਰ, ਕਿਸੇ ਹੱਦ ਤਕ ਮਾਰਨ ਵਿਚ ਜ਼ਰੂਰ ਸਹਾਈ ਹੁੰਦਾ ਸੀ।

ਇਮਾਰਤ ਉਸਾਰੀ ਦੇ ਨਵੇਂ ਠੇਕੇ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹਰਦੇਵ ਨੂੰ ਅਜੇ ਕੁਝ ਦੇਰ ਵਿਹਲ ਸੀ ਤੇ ਉਹ ਸ਼ਹਿਰ ਦੇ ਸ਼ੋਰ ਤੋਂ ਉਕਤਾਇਆ ਹੋਇਆ ਉਨ੍ਹਾਂ ਦੇ ਨਾਲ ਹੀ ਰਹਿ ਰਿਹਾ ਸੀ। ਸਵੇਰੇ ਸੁਖਦੇਵ ਕੰਮ ਤੇ ਚਲਾ ਜਾਂਦਾ ਤਾਂ ਪਿੱਛੇ ਘਰ ਦੇ ਨੌਕਰ ਚਾਕਰ, ਮਾਲਤੀ ਤੇ ਹਰਦੇਵ ਹੀ ਰਹਿ ਜਾਂਦੇ। ਉਹ ਇਕੱਠੇ ਰੇਡੀਓਗਰਾਮ ਵਜਾਉਂਦੇ, ਟੈਲੀਵਿਜ਼ਨ ਵੇਖਦੇ—ਹੱਸਦੇ ਖੇਡਦੇ, ਠੱਠੇ ਮਖ਼ੌਲ ਵਿਚ ਸਾਰੀ ਦਿਹਾੜੀ ਗੁਜ਼ਾਰ ਦਿੰਦੇ। ਕਈ ਵਾਰ ਮਾਲਤੀ ਉਸ ਦੇ ਨਾਲ ਉੱਠਦੀਆਂ ਡਿਗਦੀਆਂ ਢਲਾਨਾਂ ਤੇ ਮੀਲਾਂ ਤਕ ਪਸਰੇ ਕਾਫ਼ੀ ਦੇ ਬਾਗ਼ਾਂ ਦੀ ਸੈਰ ਕਰਨ ਨਿਕਲ ਜਾਂਦੀ। ਉਹ ਤੇ ਹਰਦੇਵ ਕਾਫ਼ੀ ਦੇ ਬੂਟਿਆਂ ਨਾਲ ਖਹਿ ਕੇ ਲੰਘਦੇ, ਸੂਹੀਆਂ ਬਿੰਬ ਬੈਰੀਆਂ ਨੂੰ ਪਲੋਸਦੇ, ਗੱਲਾਂ ਕਰਦੇ, ਗੁਣ ਗੁਣਾਉਂਦੇ ਬਹੁਤ ਦੂਰ ਨਿਕਲ ਜਾਂਦੇ। ਇਕ ਦਿਨ ਇਕ ਨਿੱਕਾ ਜਿਹਾ ਨਾਲਾ ਟੱਪਦਿਆਂ ਮਾਲਤੀ ਦਾ ਪੈਰ ਤਿਲ੍ਹਕ ਗਿਆ, ਤਾਂ ਹਰਦੇਵ ਨੇ ਬੜੀ ਫੁਰਤੀ ਨਾਲ ਆਪਣੇ ਹੱਥਾਂ ਦਾ ਸਹਾਰਾ ਦੇ ਕੇ ਮਾਲਤੀ ਨੂੰ ਚਿੱਕੜ ਵਿਚ ਚਿੱਕੜ ਹੋਣੋਂ ਬਚਾ ਲਿਆ। ਹਰਦੇਵ ਦੇ ਹੱਥਾਂ ਦੀ ਬਿਜਲਈ ਛੂਹ ਨਾਲ ਮਾਲਤੀ ਦੀ ਸਗਲੀ ਹੋਂਦ ਝੂਣੀ ਗਈ ਤੇ ਉਸ ਨੂੰ ਇੰਞ ਜਾਪਿਆ ਜਿਵੇਂ ਉਸ ਦਾ ਦਿਲ ਉਸ ਦੇ ਕੰਨਾਂ ਵਿਚ ਉੱਚੀ-ਉੱਚੀ ਧੜਕ ਰਿਹਾ ਹੋਵੇ। ਉਸ ਦਾ ਚਿਹਰਾ ਸੂਹਾ ਬਿੰਬ ਹੋ ਗਿਆ। ਉਸ ਨੂੰ ਇੰਞ ਮਹਿਸੂਸ ਹੋਇਆ ਜਿਵੇਂ ਜੀਵਨ ਵਿਚ ਪਹਿਲੀ ਵਾਰ ਅੱਜ ਉਸ ਨੂੰ ਕਿਸੇ ਮਨੁੱਖ ਦੀ ਛੂਹ ਪ੍ਰਾਪਤ ਹੋਈ ਹੋਵੇ। ਇਸੇ ਵਿਸਮਾਦੀ ਅਵਸਥਾ ਵਿਚ ਉਹ ਘਰ ਪਹੁੰਚੀ ਤਾਂ ਉਸ ਦੇ ਹੋਠਾਂ ਤੇ ਮੂਕ ਸ਼ਬਦਾਂ ਵਿਚ ਇਕ ਰਾਗਣੀ ਥਿਰਕ ਰਹੀ ਸੀ। ਅਜਿਹੀ ਰਾਗਣੀ ਜਿਸ ਦੇ ਕੋਈ ਸ਼ਬਦ ਨਹੀਂ ਸਨ, ਅਰਥ ਨਹੀਂ ਸਨ—ਸਗੋਂ ਇਕ ਲੈਅ ਸੀ ਤੇ ਇਕ ਮਧੁਰ ਅਹਿਸਾਸ ਜਿਵੇਂ ਦੂਰ ਦਿਸਹੱਦੇ ਤੇ ਧਰਤੀ ਆਸਮਾਨ ਮਿਲ ਰਹੇ ਹੋਣ—ਜਿਵੇਂ ਮ੍ਰਿਗਜਲੀ ਨੂੰ ਕਿਸੇ ਨੇ ਸ਼ੀਸ਼ੇ ਵਿਚ ਉਤਾਰ ਕੇ ਭਰਮ ਦਾ ਸੱਚ ਪਾ ਲਿਆ ਹੋਵੇ—ਇਸ ਰਾਗਣੀ ਵਿਚ

ਫੁਟਦੇ ਝਰਨਿਆਂ ਦਾ ਸਰੋਦ ਸੀ ਤੇ ਨਿਰੰਤਰ ਵਗਦੇ ਪਾਣੀ ਦੀ ਮੱਠੀ-ਮੱਠੀ ਗਤੀ ਦਾ ਅਹਿਸਾਸ। ਹਰਦੇਵ ਦੀ ਇਕ ਛੂਹ ਨੇ ਮਾਲਤੀ ਦੇ ਅੰਦਰ ਕਿੰਨਾ ਕੁਝ ਹੀ ਮੁੜ ਕੇ ਸੁਰਜੀਤ ਕਰ ਦਿੱਤਾ ਸੀ।

ਰਸੋਈ ਵਿਚ ਉਹ ਕੁਦਰਤ ਦੀ ਇਸ ਰਾਗਣੀ ਨੂੰ ਗੁਣਗੁਣਾਉਂਦੀ ਕਿਸੇ ਅਗੰਮੀਂ ਵਹਿਣ ਵਿਚ ਵਹਿੰਦੀ ਹੋਈ ਰਾਤ ਦਾ ਖਾਣਾ ਬਣਾ ਰਹੀ ਸੀ ਕਿ ਉਸ ਨੂੰ ਆਪਣੇ ਪਤੀ ਦੀ ਮੋਟਰ ਦੀ ਆਵਾਜ਼ ਸੁਣਾਈ ਦਿੱਤੀ। ਉਸ ਦੇ ਹੋਠਾਂ ਤੇ ਮਚਲਦੀ ਰਾਗਣੀ ਟੁੱਟ ਗਈ ਤੇ ਉਹ ਫਿਰ ਕਠੋਰ ਹਕੀਕਤ ਦੇ ਪੈਰਾਂ ਵਿਚ ਧਰਤੀ ਪਰ ਚੌਫਾਲ ਡਿੱਗ ਪਈ।

ਉਸ ਦਾ ਪਤੀ ਉਸ ਨੂੰ ਜ਼ਹਿਰਖੰਦ ਨਜ਼ਰਾਂ ਨਾਲ ਵੇਖਦਾ ਫਰਿੱਜ ਵਿੱਚੋਂ ਵਿਸਕੀ ਤੇ ਪਾਣੀ ਦੀ ਬੋਤਲ ਚੁੱਕ ਹਰਦੇਵ ਨੂੰ ਨਾਲ ਲੈ ਕੇ ਬੈਠਣ-ਕਮਰੇ ਵਿਚ ਜਾ ਬੈਠਾ। ਖਾਣਾ ਪਕਾਉਂਦੀ ਮਾਲਤੀ ਨੂੰ ਪਹਿਲਾਂ ਬੂਹਾ ਭਿੜਨ ਦੀ ਆਵਾਜ਼ ਸੁਣਾਈ ਦਿੱਤੀ ਤੇ ਫਿਰ ਦੋਹਾਂ ਭਰਾਵਾਂ ਦੀ ਅਰਥ-ਹੀਣ ਘੁਸਰ-ਮੁਸਰ ਦੀ, ਜਿਸ ’ਚੋਂ ਕਦੇ-ਕਦੇ ਉਸ ਦੇ ਪਤੀ ਦੀ ਗੁੱਸੇ ਵਿਚ ਉਬਾਲੇ ਖਾਂਦੀ ਖਰ੍ਹਵੀਂ ਆਵਾਜ਼ ਉੱਭਰਦੀ ਤਾਂ ਉਹ ਕਿਸੇ ਅਨਜਾਣੇ ਭੈ ਹੇਠ ਦੱਬ ਜਾਂਦੀ। ਉਹ ਪ੍ਰਸ਼ਨ-ਚਿੰਨ੍ਹ ਬਣੀ ਇਸੇ ਅਵਸਥਾ ਵਿਚ ਖੜੋਤੀ ਸੀ ਕਿ ਉਸ ਨੂੰ ਬਿਨ ਬੁਲਾਇਆਂ ਹਰਦੇਵ ਬਾਹਰਲਾ ਦਰਵਾਜ਼ਾ ਖੋਲ੍ਹ ਕੇ ਆਪਣੀ ਕਾਰ ਲੈ ਸ਼ਹਿਰ ਵਲ ਜਾਂਦੀ ਸੜਕ ਤੇ ਤੁਰ ਪਿਆ। ਰਸੋਈ ਦੀ ਖਿੜਕੀ ’ਚੋਂ ਮਾਲਤੀ ਕੇਵਲ ਉਸ ਦੀ ਕਾਰ ਦੀ ਉੱਡਦੀ ਧੂੜ ਹੀ ਵੇਖ ਸਕੀ ਸੀ ਜੋ ਖਿੜਕੀ ਦੇ ਨਾਲ ਦੀ ਕਿਆਰੀ ਵਿਚ ਉੱਗੇ ਡੇਲੀਏ, ਪੈਂਜ਼ੀ, ਗੇਂਦੇ ਦੇ ਕਾਲੇ, ਪੀਲੇ, ਗੁਲਾਬੀ ਤੇ ਸਫ਼ੈਦ ਗੁਲਾਬ ਦੇ ਫੁੱਲਾਂ ਉੱਤੇ ਪੈ ਰਹੀ ਸੀ। ਛਿਣ ਦੀ ਛਿਣ ਉਸ ਨੂੰ ਜਾਪਿਆ ਜਿਵੇਂ ਇਹ ਸਭ ਫੁੱਲ ਮਸਨੂਈ ਹੋਣ, ਨਕਲੀ ਹੋਣ। ਅਪਰਿਭਾਸ਼ਤ ਦਰਦ ਦੇ ਅਹਿਸਾਸ ਹੇਠ ਉਸ ਨੇ ਖਿੜਕੀ ਤੋਂ ਬਾਹਰ ਮੀਲਾਂ ਤਕ ਪਸਰੇ ਕਾਫ਼ੀ ਦੇ ਬਾਗ਼ਾਂ ਵਲ ਵੇਖਿਆ। ਇਹ ਬਾਗ਼ ਉਸ ਨੂੰ ਹਿੰਦੋਸਤਾਨ ਵਿਚ ਕਿੰਨੇ ਸੁਹਣੇ, ਕਿੰਨੇ ਪਿਆਰੇ ਤੇ ਕਿੰਨੇ ਕੁਦਰਤੀ ਲੱਗਿਆ ਕਰਦੇ ਸਨ। ਉਸ ਦੇ ਅੰਦਰੋਂ ਜਿਵੇਂ ਇਕ ਰੁਗ ਜਿਹਾ ਭਰਿਆ ਗਿਆ ਤੇ ਮੌਨ ਰੁਦਨ ਵਿਚ ਗਚ ਉਸ ਦੇ ਅੰਦਰਲੀ ਨਾਰੀ ਨੂੰ ਇੰਵ ਮਹਿਸੂਸ ਹੋਇਆ ਜਿਵੇਂ ਏਥੋਂ ਦੇ ਕਾਫ਼ੀ ਦੇ ਬਾਗ਼ਾਂ ਦਾ ਹੁਸਨ ਵੀ ਅਸਲੋਂ ਹੀ ਗ਼ੈਰ-ਕੁਦਰਤੀ ਹੋਵੇ—ਇਕ ਰੋਸ ਜਿਹੇ ਤੇ ਇਕ ਰੋਹ-ਭਰੇ ਰੁਦਨ ਵਿਚ ਉਸ ਦੇ ਮੂੰਹੋਂ ਕੇਵਲ ਇਹ ਸ਼ਬਦ ਹੀ ਨਿਕਲ ਸਕੇ ਕਿ “ਕੁਦਰਤ ਵੀ ਕਿੰਨੀ ਗ਼ੈਰ-ਕੁਦਰਤੀ ਹੈ !” ਛਲਕਦੇ ਅਥਰੂਆਂ ਨਾਲ ਭਿੱਜੀਆਂ ਉਸ ਦੀਆਂ ਅੱਖਾਂ ਵਿਚ ਅਜੇ ਵੀ ਧੂੜ ਉੱਡ ਰਹੀ ਸੀ ਤੇ ਸ਼ਹਿਰ ਵਲ ਜਾਂਦੀ ਸੜਕ ’ਤੇ ਲੱਗੀਆਂ ਉਹ ਪਤਾ ਨਹੀਂ ਕਿਸ ਦਾ, ਆਪਣਾ, ਕਿ ਕੁਦਰਤ ਦਾ ਮਾਤਮ ਕਰ ਰਹੀਆਂ ਸਨ !

# ਇਡੀਪਸ ਦਾ ਪਿਓ

ਭਗਵਾਨ ਸਿੰਘ ਕਿਨਾਰੀ ਵਾਲੇ ਦੀ ਜ਼ਿੰਦਗੀ ਸਖ਼ਤ ਜੱਦੋ-ਜਹਿਦ ਦੀ ਇਕ ਸਾਖਸ਼ਾਤ ਉਦਾਹਰਣ ਸੀ। ਸਕੂਲ ਵਿਚ ਪੜ੍ਹਦਿਆਂ ਇਕ ਵਾਰੀ ਉਸ ਨੇ ਪੱਗ ਨੂੰ ਕਿਨਾਰੀ ਲਵਾ ਕੇ, ਕਿਨਾਰੀ ਵਾਲੀ ਪੱਗ ਬੰਨ੍ਹਣ ਦਾ ਰਿਵਾਜ ਤੋਰਿਆ ਸੀ ਤੇ ਉਸੇ ਸਮੇਂ ਤੋਂ ਉਸ ਨੂੰ ਭਗਵਾਨ ਸਿੰਘ ਕਿਨਾਰੀ ਵਾਲਾ ਕਿਹਾ ਜਾਣ ਲੱਗ ਪਿਆ ਸੀ। ਦਸਵੀਂ ਦਾ ਇਮਤਿਹਾਨ ਪਾਸ ਕਰਨ ਸਮੇਂ ਤਕ ਉਸ ਦੇ ਮਾਤਾ ਪਿਤਾ ਦੋਵੇਂ ਪਰਲੋਕ ਸੁਧਾਰ ਚੁੱਕੇ ਸਨ। ਉਸ ਨੂੰ ਇੰਝ ਜਾਪਿਆ ਸੀ, ਉਸ ਸਮੇਂ, ਜਿਵੇਂ ਤਪਦੇ ਸੂਰਜ ਸਾਹਵੇਂ ਮੀਲਾਂ ਤਕ ਬਲਦਾ ਮਾਰੂਥਲ ਝਾਗਣ ਲਈ ਉਹ ਨਿਥਾਵਾਂ ਕੱਲਾ ਹੀ ਰਹਿ ਗਿਆ ਸੀ। ਪਰ ਉਸ ਨੇ ਹੌਂਸਲਾ ਨਾ ਛੱਡਿਆ ਤੇ ਇਕ ਛੋਟੀ ਜਿਹੀ ਪ੍ਰੈੱਸ ਵਿਚ ਡਿਸਟ੍ਰੀਬਿਊਟਰ ਦੀ ਨੌਕਰੀ ਕਰ ਲਈ। ਡਿਸਟ੍ਰੀਬਿਊਟਰ ਤੋਂ ਕੰਪੋਜ਼ੀਟਰ, ਮਸ਼ੀਨ ਮੈਨ ਤੇ ਫਿਰ ਉਸੇ ਪ੍ਰੈੱਸ ਵਿਚ ਛਪਦੇ ਸਪਤਾਹਕ ਪਰਚੇ ਦੇ ਸਹਾਇਕ ਸੰਪਾਦਕ ਬਣਨ ਤਕ ਦਾ ਸਫ਼ਰ ਉਸ ਨੇ ਹੈਰਾਨ ਕਰ ਦੇਣ ਵਾਲੀ ਰਫ਼ਤਾਰ ਨਾਲ ਤੈ ਕੀਤਾ ਸੀ। ਮਾਲਕ ਉਸ ਉੱਤੇ ਬਹੁਤ ਖ਼ੁਸ਼ ਸਨ, ਕਿਉਂਕਿ ਦਫ਼ਤਰ ਦੀ ਚਪੜਾਸ ਤੋਂ ਲੈ ਕੇ ਸੰਪਾਦਨਾ ਅਤੇ ਡਿਸਟ੍ਰੀਬਿਊਸ਼ਨ ਤੋਂ ਲੈ ਕੇ ਮਸ਼ੀਨ-ਮੈਨ ਤਕ ਦਾ ਕੰਮ ਭਗਵਾਨ ਸਿੰਘ ਭੀੜ ਸਮੇਂ ਓਵਰ ਟਾਈਮ ਲਾ ਕੇ ਆਪ ਹੀ ਕਰ ਲੈਂਦਾ ਸੀ। ਇਸੇ ਸਮੇਂ ਦੇ ਦੌਰਾਨ ਉਸ ਨੇ ਗਿਆਨੀ ਪਾਸ ਕਰ ਲਈ ਤੇ ਫਿਰ ਗਿਆਨੀ ਦੁਆਰਾ ਬੀ. ਏ. ਤੇ ਐੱਮ. ਏ. ਦੇ ਇਮਤਿਹਾਨ ਵੀ ਪਾਸ ਕਰ ਲਏ। ਇਸ ਸਮੇਂ ਦੇ ਦੌਰਾਨ ਪ੍ਰੈੱਸ ਦਾ ਕੰਮ ਵੀ ਚੋਖਾ ਵਧ ਗਿਆ ਸੀ। ਪ੍ਰੈੱਸ ਦੇ ਮਾਲਕਾਂ ਨੇ ਕੁਝ ਸਰਕਾਰ ਤੋਂ ਕਰਜ਼ਾ ਲੈ ਕੇ ਤੇ ਕੁਝ ਪੈਸੇ ਪ੍ਰੈੱਸ ਦੇ ਮੁਨਾਫ਼ੇ 'ਚੋਂ ਪਾ ਕੇ ਸ਼ਹਿਰ ਦੀ ਮੇਨ ਸੜਕ ਉੱਤੇ ਇਕ ਵੱਡੀ ਸਾਰੀ ਇਮਾਰਤ ਤਾਮੀਰ ਕੀਤੀ ਤੇ ਲਾਰਜ ਸਕੇਲ ਉੱਤੇ ਕਾਲੀ ਤੇ ਰੰਗਦਾਰ ਛਪਾਈ ਦਾ ਕੰਮ ਸ਼ੁਰੂ ਕਰ ਦਿੱਤਾ ਅਤੇ ਨਾਲ ਹੀ ਇਕ ਹੋਰ ਮਾਸਕ ਪਰਚਾ ਵੀ ਸ਼ੁਰੂ ਕਰ ਦਿੱਤਾ। ਇਸ ਸਭ ਕੁਝ ਦੇ ਨਾਲ ਭਗਵਾਨ ਸਿੰਘ ਕਿਨਾਰੀ ਵਾਲੇ ਦੀ ਪਦਵੀ ਵੀ ਵਧ ਗਈ ਸੀ। ਉਹ ਹੁਣ ਪ੍ਰੈੱਸ ਦਾ ਜਨਰਲ ਮੈਨੇਜਰ ਅਤੇ ਦੋਹਾਂ ਪਰਚਿਆਂ ਦਾ ਸੰਪਾਦਕ ਬਣ ਗਿਆ ਸੀ ਅਤੇ ਉਸ ਨੂੰ ਹੁਣ ਸਾਰੇ 'ਕਿਨਾਰੀ ਸਾਹਿਬ' ਕਹਿ ਕੇ ਸੰਬੋਧਨ ਕਰਦੇ ਸਨ।

ਪਰਚਿਆਂ ਦੀ ਸੰਪਾਦਨਾ ਦੁਆਰਾ ਲੇਖਕ ਲੋਕ ਕਿਨਾਰੀ ਸਾਹਿਬ ਦੇ ਸੰਪਰਕ ਵਿਚ ਆਏ। ਉਨ੍ਹਾਂ ਨੇ ਇਕ ਦੋ ਮਿੱਤਰਾਂ ਦੇ ਸਹਿਯੋਗ ਨਾਲ ਪ੍ਰੈੱਸ ਮਾਲਕ ਦੀ ਸਰਪ੍ਰਸਤੀ ਹੇਠ ਇਕ 'ਸਰਬ ਕਲਾ ਸਮੀਖਿਆ ਸਦਨ' ਦੀ ਨੀਂਹ ਰਖੀ ਜਿਸ ਦਾ ਮੁੱਖ ਕਰਤੱਵ ਸਾਹਿਤ ਦੀ ਸਮੀਖਿਆ ਤੇ ਮੁਲਾਂਕਣ ਹੀ ਸੀ। ਇਸ ਸਦਨ ਦਾ ਮੀਤ ਪ੍ਰਧਾਨਗੀ ਮੰਡਲ ਤਾਂ ਹਰ ਸਾਲ ਬਦਲਦਾ ਰਹਿੰਦਾ, ਪਰ ਪਰਧਾਨ ਸਦਾ ਹੀ ਇਕ ਤਕੜੀ ਸਾਖ ਵਾਲੇ ਰਾਜਨੀਤਕ ਆਗੂ ਤੇ ਔਸਤ ਦਰਜੇ ਦੇ ਚਿਤਰਕਾਰ, ਜਿਨ੍ਹਾਂ ਨੇ ਕੁਝ ਲੋਕ-ਗੀਤ ਵੀ ਸੰਗ੍ਰਹਿ-ਬੱਧ ਕੀਤੇ ਸਨ, ਸਰਦਾਰ ਸਰਮੁਖ ਸਿੰਘ 'ਪਾਂਧੀ' ਨੂੰ ਹੀ ਥਾਪਿਆ ਜਾਂਦਾ ਅਤੇ ਸਦਨ ਦੀ ਜਨਰਲ ਸਕੱਤਰੀ ਤੇ ਹੋਰ ਸਾਰਾ ਕਾਰ ਵਿਹਾਰ ਕਿਨਾਰੀ ਸਾਹਿਬ ਆਪ ਕਰਦੇ। ਰਾਜਨੀਤਕ ਖੇਤਰ ਵਿਚ ਪਰਵੇਸ਼ ਨੇ ਕਿਨਾਰੀ

ਸਾਹਿਬ ਦਾ ਹਲਕਾ ਹੀ ਵੱਡਾ ਨਹੀਂ ਸੀ ਕੀਤਾ, ਸਗੋਂ ਉਨ੍ਹਾਂ ਦੀ ਪਹੁੰਚ ਵੀ ਵਧ ਗਈ ਸੀ। ਇਸ ਮੇਲ ਮਿਲਾਪ ਸਦਕਾ ਉਹ ਕਦੇ ਸਿਫਾਰਸ਼ ਨਾਲ ਤੇ ਕਦੇ ਕੁਝ ਹੋਰ ਢੰਗਾਂ ਨਾਲ ਆਲੇ-ਦੁਆਲੇ ਆਪਣੇ ਹਲਕੇ ਦੇ ਮਿੱਤਰਾਂ ਸੱਜਣਾਂ ਦੇ ਕਈ ਕੰਮ ਸੰਵਾਰਨ ਦੇ ਕਾਬਲ ਹੋ ਗਏ ਸਨ। ਇਸ ਦੇ ਬਾਵਜੂਦ ਵੀ ਅਰਧ ਰਾਜਨੀਤਕ ਰੁਚੀ ਵਾਲੇ ਝੋਲੀ ਚੁਕ ਜਾਂ ਨਿੰਦਾ-ਭਰਪੂਰ ਲੇਖਾਂ ਤੋਂ ਬਿਨਾਂ ਕਿਨਾਰੀ ਸਾਹਿਬ ਸਾਹਿਤਕ ਖੇਤਰ ਵਿਚ ਕੋਈ ਖ਼ਾਸ ਗੱਲ ਨਹੀਂ ਸਨ ਕਰ ਸਕੇ। ਕਿਨਾਰੀ ਸਾਹਿਬ ਆਪਣੇ ਹਰ ਕਰਮ ਤੇ ਹਰ ਰੁਝੇਵੇਂ 'ਚੋਂ ਹੀ ਪ੍ਰਾਈਵੇਟ ਉਪਯੋਗਤਾ ਲੱਭਣ ਦੇ ਆਦੀ ਸਨ ਅਤੇ 'ਸਰਬ ਕਲਾ ਸਮੀਖਿਆ ਸਦਨ' ਦੀ ਸਥਾਪਨਾ ਵੀ ਇਸੇ ਰੁਚੀ ਦਾ ਫਲ ਸੀ। ਇਨ੍ਹਾਂ ਦਿਨਾਂ ਵਿਚ ਹੀ ਉਨ੍ਹਾਂ ਦੇ ਸ਼ਹਿਰ ਦੇ ਅਕਾਸ਼ਕਾਣੀ ਕੇਂਦਰ ਵਿਚ ਪੰਜਾਬੀ ਪ੍ਰੋਡਿਊਸਰ ਦੀ ਆਸਾਮੀ ਉੱਤੇ ਇਕ ਪੰਜਾਬੀ ਲੇਖਕ ਸਦਾ ਸਿੰਘ 'ਸ਼ਾਹੂਕਾਰ' ਨੂੰ ਨਿਯੁਕਤ ਕੀਤਾ ਗਿਆ ਸੀ, ਜਿਨ੍ਹਾਂ ਨੇ ਕਿ ਇਕੋ ਸਮੇਂ ਕਵਿਤਾ, ਕਹਾਣੀ, ਨਾਟਕ, ਨਾਵਲ ਤੇ ਫੁਟਕਲ ਲੇਖਾਂ ਤੇ ਹੀ ਹੱਥ ਨਹੀਂ ਸੀ ਅਜ਼ਮਾਇਆ ਸਗੋਂ ਪ੍ਰੰਪਰਾਗਤ ਸ਼ੈਲੀ ਦਾ ਤਿਆਗ ਕਰਕੇ ਨਵੀਆਂ ਲੀਹਾਂ ਪਾਉਣ ਦਾ ਯਤਨ ਵੀ ਕੀਤਾ ਸੀ। ਕਿਨਾਰੀ ਸਾਹਿਬ ਨੇ ਆਪਣਾ ਸਾਹਿਤ ਵਿਚ ਪਰਵੇਸ਼ ਅਕਾਸ਼ਬਾਣੀ ਦੇ ਪੰਜਾਬੀ ਪ੍ਰੋਗਰਾਮਾਂ ਦੀ ਪ੍ਰਸੰਸਾਤਮਕ ਆਲੋਚਨਾ ਤੋਂ ਆਰੰਭ ਕੀਤਾ, ਜਿਸ ਨਾਲ ਇਕ ਤਾਂ ਉਨ੍ਹਾਂ ਨੂੰ ਰੇਡੀਓ ਪ੍ਰੋਗਰਾਮ ਮਿਲਣ ਲਗ ਪਏ ਤੇ ਦੂਜੇ ਸ਼ਾਹੂਕਾਰ ਸਾਹਿਬ ਨਾਲ ਪਹਿਲਾਂ ਨੇੜੇ ਦੇ ਤੇ ਫਿਰ ਘਰੋਗੀ ਸੰਬੰਧ ਸਥਾਪਤ ਹੋ ਗਏ। ਸ਼ਾਹੂਕਾਰ ਸਾਹਿਬ ਦੀ ਪ੍ਰੇਰਣਾ ਤੇ ਜਿੱਥੇ ਕਿਨਾਰੀ ਸਾਹਿਬ ਨੇ ਨਵੀਆਂ ਛਪੀਆਂ ਪੁਸਤਕਾਂ ਦੇ ਅਕਾਸ਼ਵਾਣੀ ਤੋਂ ਰੀਵਿਊ-ਪ੍ਰਸਾਰਨ ਦੁਆਰਾ ਸਮੀਖਿਆ ਦੇ ਖੇਤਰ ਵਿਚ ਪ੍ਰਵੇਸ਼ ਕੀਤਾ, ਉੱਥੇ 'ਸਰਬ ਕਲਾ ਸਮੀਖਿਆ ਸਦਨ' ਦਾ ਮੁੱਖ ਕਰਤੱਵ ਵੀ ਪ੍ਰਗਤੀਵਾਦੀ ਰੁਮਾਂਸਵਾਦੀ ਧਾਰਾ ਦੇ ਸਥਾਪਤ ਤੇ ਰੂੜ੍ਹ ਹੋ ਚੁਕੇ ਸਾਹਿਤਕਾਰਾਂ ਦੀ ਨਿਖੇਧੀ ਤੇ ਨਵੇਂ ਪ੍ਰਯੋਗਾਂ ਦੇ ਸਮਰਥਨ ਨੂੰ ਥਾਪਿਆ। ਆਪਣੇ ਸੰਪਾਦਕੀ ਲੇਖਾਂ ਵਿਚ ਕਿਨਾਰੀ ਸਾਹਿਬ ਨੇ ਜਿੱਥੇ ਪ੍ਰਗਤੀਵਾਦੀ ਰੁਮਾਂਸਵਾਦੀ ਧਾਰਾ ਦੀ ਨਿੱਜੀ ਅਨੁਭਵ ਤੋਂ ਕੋਰੀ ਤੇ ਫ਼ਰਜ਼ ਕਰਕੇ ਕੀਤੀ ਰਚਨਾ ਤੇ ਉਸ ਦੇ ਬੁੱਸ ਕੇ ਖੜੋਤ ਦਾ ਸ਼ਿਕਾਰ ਹੋ ਚੁੱਕੇ ਬਿੰਬ-ਵਿਧਾਨ ਤੇ ਮਾਨਵੀਕਰਨਕ ਪ੍ਰਤੱਖਣ-ਕਿਰਿਆ ਦੀ ਕੜੀ ਆਲੋਚਨਾ ਸ਼ੁਰੂ ਕਰ ਦਿੱਤੀ, ਉੱਥੇ ਸ਼ਾਹੂਕਾਰ ਸਾਹਿਬ ਦੀ ਰਚਨਾਂ ਨੂੰ ਕੇਂਦਰ ਮਿਥ ਕੇ ਨਵੇਂ-ਪ੍ਰਯੋਗਾਂ ਦੁਆਰਾ ਨਵੀਂ ਪੀੜ੍ਹੀ ਦੀ ਨਵੀਂ ਧਾਰਾ ਦੀ ਸਥਾਪਨਾ ਦੀ ਰੂਪ ਰੇਖਾ ਨੂੰ ਵੀ ਸਿਧਾਂਤਕ ਪੱਧਰ ਉੱਤੇ ਉਘਾੜਨਾ ਆਰੰਭ ਦਿੱਤਾ। ਇਨ੍ਹਾਂ ਦਿਨਾਂ ਵਿਚ ਹੀ ਉਨ੍ਹਾਂ ਨਵੇਂ ਲੇਖਕਾਂ ਨੂੰ ਜੋ ਸਥਾਪਤ ਲੇਖਕਾਂ ਵਲੋਂ ਸਵੀਕ੍ਰਿਤੀ ਪ੍ਰਾਪਤ ਕਰਨੋਂ ਅਸਮਰਥ ਰਹੇ ਸਨ ਤੇ ਆਪਣੇ ਆਪ ਨੂੰ ਕਰੁੱਧ ਜਾਂ ਰੁਸ਼ਟ ਯੁਵਕ ਆਖਦੇ ਸਨ, ਨਾਲ ਲੈ ਕੇ ਸ਼ਾਹੂਕਾਰ ਸਾਹਿਬ ਦੀ ਨਸੀਹਤ ਉੱਤੇ ਕਿਨਾਰੀ ਸਾਹਿਬ ਨੇ ਪ੍ਰਗਤੀਵਾਦੀ ਲੇਖਕਾਂ ਦੇ 'ਕੇਂਦਰੀ ਸੰਘ' ਵਿਚ ਘੁਸਪੈਠ ਕਰਕੇ ਉਸ ਨੂੰ ਸਿਧਾਂਤਕ ਤੇ ਸੰਗਠਨਕ ਪੱਧਰਾਂ ਉੱਤੇ ਖੇਰੂੰ-ਖੇਰੂੰ ਕਰਨ ਦੀ ਯੋਜਨਾ ਬਣਾਈ। 'ਕੇਂਦਰੀ ਸੰਘ' ਦੀ ਕੋਈ ਗੋਸ਼ਟੀ ਹੁੰਦੀ ਤਾਂ ਕਿਨਾਰੀ ਸਾਹਿਬ ਆਪਣੇ ਰੁਸ਼ਟ ਟੋਲੇ ਨੂੰ ਨਾਲ ਲੈ ਕੇ ਇਸ ਗੋਸ਼ਟੀ ਤੇ ਜਾ ਧਾਵਾ ਬੋਲਦੇ। ਉਹ ਆਪਣੇ ਧੂੰਆਂ ਧਾਰ ਭਾਸ਼ਨ ਦੁਆਰਾ ਉੱਚੀ ਆਵਾਜ਼ ਵਿਚ ਵਾਰ-ਵਾਰ ਮੇਜ਼ ਉੱਤੇ ਮੁੱਕੇ ਮਾਰ ਕੇ ਪ੍ਰਗਤੀਵਾਦੀ ਲੇਖਕਾਂ ਤੇ ਆਲੋਚਕਾਂ ਦੀ ਭੁਗਤ ਸੁਆਰਦੇ ਤੇ ਨਵੀਂ ਉੱਭਰ ਰਹੀ ਧਾਰਾ ਦੀ ਰੂਪ ਰੇਖਾ ਦਾ ਪ੍ਰਭਾਵ ਦਰਸ਼ਕਾਂ ਉੱਤੇ ਉਤਪੰਨ ਕਰਨ ਦਾ ਯਤਨ ਕਰਦੇ, ਤਾਂ ਉਨ੍ਹਾਂ ਦੇ ਕੁਝ ਪਿੜ ਪੱਲੇ ਨਾ ਪੈਂਦਾ। ਹਾਂ, ਦੋਹਾਂ ਧਿਰਾਂ ਵਿਚ ਹੰਗਾਮਾ ਜ਼ਰੂਰ ਮਚ ਜਾਂਦਾ ਤੇ ਫਿਰ ਕਿਨਾਰੀ ਸਾਹਿਬ ਦੀ ਸੰਪਾਦਨਾ ਹੇਠ ਛਪ ਰਹੇ ਪਰਚਿਆਂ ਵਿਚ ਨਵੀਂ ਧਾਰਾ ਦੀ ਵਿਜੈ ਦੀਆਂ ਸੁਰਖੀਆਂ ਮੋਟੇ ਅੱਖਰਾਂ ਵਿਚ ਲਾਈਆਂ ਜਾਂਦੀਆਂ। 'ਕੇਂਦਰੀ ਸੰਘ' ਦੀ ਜਨਰਲ ਇਲੈਕਸ਼ਨ ਵਿਚ ਭਾਵੇਂ ਕਿਨਾਰੀ ਸਾਹਿਬ ਉਸ ਸੰਘ ਉੱਤੇ ਗਣਤੰਤਰਕ ਢੰਗ ਨਾਲ ਕਬਜ਼ਾ ਕਰਨੋਂ ਅਸਮਰਥ ਰਹੇ, ਪਰ ਉਸ ਸੰਘ ਦੇ ਨਵੇਂ ਲੇਖਕਾਂ ਦੇ ਇਕ ਵੱਡੇ ਭਾਗ ਨੂੰ ਸੰਘ ਨਾਲੋਂ ਤੋੜ ਕੇ ਆਪਣੇ ਸਦਨ ਵਿਚ ਸ਼ਾਮਿਲ ਕਰਨ ਵਿਚ ਜ਼ਰੂਰ ਕਾਮਯਾਬ ਹੋ ਗਏ। ਗੁਰਸਰਨ ਸਿੰਘ, ਤੇਜਵੰਤ ਸਿੰਘ 'ਵਿਰਦੀ', ਕੁਲਤਾਰ 'ਚਾਤ੍ਰਿਕ', ਅਵਿਜੈ 'ਮੈਣੀ', ਖ਼ੁਸ਼ਵੰਤ 'ਮੁਕਤ', ਹਰਬਖ਼ਸ਼ 'ਹਰਵਾਲਵੀ' ਬਲਬੀਰ ਸਿੰਘ 'ਬਾਂਗ' ਤੇ ਜਸਪਾਲ ਸਿੰਘ 'ਕਸਰਤ' ਆਦਿ ਬਹੁਤ ਸਾਰੇ ਨਵੇਂ ਲੇਖਕ ਉਨ੍ਹਾਂ ਦੇ ਨਾਲ

ਆ ਜੁੜੇ ਤੇ ਉਨ੍ਹਾਂ ਦਾ ਦਾਰੂ ਪਾਣੀ ਚੰਗੀ ਤਰ੍ਹਾਂ ਤੁਰਨ ਲਗ ਪਿਆ। ਕੇਂਦਰੀ ਸੰਘ ਦਿਨ ਪ੍ਰਤੀਦਿਨ ਕਮਜ਼ੋਰ ਹੁੰਦਾ ਹੁੰਦਾ ਕਮਿਊਨਿਸਟ ਪਾਰਟੀ ਦੇ ਦੋ ਧੜਿਆਂ ਵਿਚ ਪਾਟ ਜਾਣ ਨਾਲ ਅਸਲੋਂ ਹੀ ਜਾਮ ਹੋ ਕੇ ਰਹਿ ਗਿਆ।

ਹੁਣ ਕਿਨਾਰੀ ਸਾਹਿਬ ਦਾ ਬੋਲ-ਬਾਲਾ ਸੀ। ਉਨ੍ਹਾਂ ਨੇ ਸਦਨ ਦੁਆਰਾ ਸਰਕਾਰੀ ਗਰਾਂਟਾਂ ਲੈ ਕੇ ਨਵੇਂ ਲੇਖਕਾਂ ਦੀਆਂ ਸਮੂਹਿਕ ਪ੍ਰਾਪਤੀਆਂ ਨੂੰ ਪ੍ਰਦਰਸ਼ਤ ਕਰਦੀਆਂ ਲਿਖਤਾਂ ਦੇ ਸੰਗ੍ਰਹਿ ਪ੍ਰਕਾਸ਼ਤ ਕਰਨੇ ਅਰੰਭ ਕਰ ਦਿੱਤੇ। ਕਵਿਤਾ, ਕਹਾਣੀ, ਨਾਟਕ, ਨਾਵਲ ਤੇ ਵਾਰਤਕ ਸਾਹਿਤ ਦੇ ਖੇਤਰ ਵਿਚ ਹਰ ਸਾਲ ਦੀਆਂ ਸਰਵੋਤਮ ਕਿਰਤਾਂ ਨੂੰ ਪੁਰਸਕਾਰ ਤੇ ਮਾਣ-ਪੱਤਰ ਦੇਣੇ ਅਰੰਭ ਕਰ ਦਿੱਤੇ। ਇਨ੍ਹਾਂ ਕੰਮਾਂ ਲਈ ਵੱਡੇ-ਵੱਡੇ ਸਮਾਗਮਾਂ ਦਾ ਆਯੋਜਨ ਹੁੰਦਾ, ਚੰਦੇ ਇਕੱਠੇ ਕੀਤੇ ਜਾਂਦੇ ਤੇ ਸਰਕਾਰੀ ਗਰਾਂਟਾਂ ਦੀ ਯੋਗ ਵਰਤੋਂ ਕੀਤੀ ਜਾਂਦੀ—ਇਸ ਨਾਲ ਕਿਨਾਰੀ ਸਾਹਿਬ ਦਾ ਮਾਣ ਮਹੱਤਵ ਹੀ ਨਾ ਵਧਿਆ, ਸਗੋਂ ਉਨ੍ਹਾਂ ਦੇ ਨਿੱਜੀ ਬੈਂਕ ਬੈਲੰਸ ਵਿਚ ਵੀ ਤਕੜਾ ਵਾਧਾ ਹੋਣ ਲਗ ਪਿਆ।

ਨਵੀਂ ਪੀੜ੍ਹੀ ਦੇ ਲੇਖਕ ਕਿਨਾਰੀ ਸਾਹਿਬ ਕੋਲ ਆਪਣੀਆਂ ਪੁਸਤਕਾਂ ਰੀਵਿਊ ਲਈ ਲੈ ਕੇ ਆਉਂਦੇ ਤੇ ਸ਼ਾਮ ਦੀ ਬੈਠਕ ਉਸ ਪੁਸਤਕ ਉੱਤੇ ਲਾਉਣ ਲਈ ਇਕ ਅੱਧੀ ਦਾਰੂ ਦੀ ਬੋਤਲ ਵੀ ਲੈ ਆਉਂਦੇ। ਕਿਨਾਰੀ ਸਾਹਿਬ ਅਜੋਕੇ ਉਦਯੋਗਕ ਤੇ ਮਸ਼ੀਨੀ ਯੁੱਗ ਦੇ ਅੰਤਰਗਤ ਉੱਸਰ ਵਿਚਰ ਰਹੀਆਂ ਨਵੀਆਂ ਕੀਮਤਾਂ ਦੇ ਸੰਦਰਭ ਵਿਚ ਨਵਿਆਂ ਲੇਖਕਾਂ ਦੀਆਂ ਰਚਨਾਵਾਂ ਦੀ ਪ੍ਰਸੰਸਾਤਮਕ ਆਲੋਚਨਾ ਕਰਦੇ। ਉਨ੍ਹਾਂ ਦੀਆਂ ਰਚਨਾਵਾਂ ਦੀ ਵਿਆਖਿਆ ਦੁਆਰਾ ਉਹ ਉਸ ਵਿੱਚੋਂ ਅਜਿਹੇ ਅਦਭੁਤ ਤੱਤ ਲੱਭਦੇ, ਜਿਹੜੇ ਕਿ ਉਨ੍ਹਾਂ ਲੇਖਕਾਂ ਲਈ ਆਪ ਵੀ ਕੋਲੰਬਸ ਵਾਂਗ ਇਕ ਨਵੀਂ ਲੱਭਤ ਹੁੰਦੇ ਤੇ ਉਹ ਵਿਸਮੈ-ਵਸ ਕਦੇ ਕਿਨਾਰੀ ਜੀ ਵਲ ਵੇਖਦੇ, ਕਦੇ ਆਪਣੀ ਰਚਨਾ ਵੱਲ ਤੇ ਕਦੇ ਕਿਨਾਰੀ ਜੀ ਦੀ ਆਲੋਚਨਾਂ ਵੱਲ। ਉਨ੍ਹਾਂ ਦੀਆਂ ਅੱਖਾਂ ਵਿੱਚੋਂ ਹੈਰਾਨੀ ਪੜ੍ਹ ਕੇ ਕਿਨਾਰੀ ਜੀ ਬੜੇ ਭਾਵ ਪੂਰਨ ਤੇ ਰਾਜ਼ਦਾਰਾਨਾਂ ਢੰਗ ਨਾਲ ਉਨ੍ਹਾਂ ਨੂੰ ਸੰਬੋਧਨ ਕਰਕੇ ਆਖਦੇ :

"ਇਹ ਹੀ ਤਾਂ ਰਚਨਾਤਮਕ ਆਲੋਚਨਾ ਹੈ—ਇਸ ਦਾ ਸੰਬੰਧ, ਜਾਂ ਇੰਞ ਕਹੋ ਇਸ ਦੀ ਜੜ੍ਹ ਲੇਖਕ ਦੇ ਅਵਚੇਤਨ ਵਿਚ ਹੁੰਦੀ ਹੈ—ਅਵਚੇਤਨ ਦੁਆਰਾ ਰਚਨ-ਕਿਰਿਆ ਦੀ ਆਮਦ ਦੇ ਕ੍ਰਮ ਦੁਆਰਾ ਸਿਰਜੇ ਇਨ੍ਹਾਂ ਗੁਣਾਂ ਤੋਂ ਕਈ ਵਾਰ ਲੇਖਕ ਚੇਤਨ ਪੱਧਰ ਤੇ ਆਪ ਵੀ ਅਗਿਆਤ ਹੁੰਦਾ ਹੈ। ਇਸੇ ਲਈ ਤਾਂ ਤੀਜੀ ਅੱਖ ਵਾਲੇ ਆਲੋਚਕ ਦੀ ਲੋੜ ਪੈਂਦੀ ਹੈ।"

ਆਪਣੀ ਗੱਲ ਨੂੰ ਠੀਕ ਥਾਂ ਬੈਠ ਗਈ ਵੇਖ ਕੇ ਤੇ ਨਵੇਂ ਲੇਖਕਾਂ ਤੋਂ ਪ੍ਰਸੰਸਾ ਪ੍ਰਾਪਤ ਕਰਕੇ ਕਿਨਾਰੀ ਜੀ ਹੌਲੇ ਰੌਂ ਵਿਚ ਆ ਕੇ ਗੱਲ ਫਿਰ ਅਜੋਕੇ ਮਸ਼ੀਨੀ ਯੁੱਗ, ਤੇ ਉਸ ਦੇ, ਉਨ੍ਹਾਂ ਦੀਆਂ ਰਚਨਾਵਾਂ ਨਾਲ ਸੰਬੰਧ ਵਲੋਂ ਦੀ ਘੁਮਾ ਕੇ ਆਪਣੇ ਉੱਤੇ ਲੈ ਆਉਂਦੇ : "ਇਹ ਸਭ ਮਸ਼ੀਨ ਦੀ ਹੀ ਕਿਰਪਾ ਹੈ ਜੀ, ਨਵੇਂ ਸਾਹਿਤ ਦੀ ਧਾਰਾ ਬੱਝ ਗਈ ਹੈ ਤੇ ਇਸ ਦਾ ਆਧਾਰ ਜੀਵਨ ਦਾ ਮਸ਼ੀਨੀਕਰਨ ਤੇ ਸਮਾਜ ਦਾ ਉਦਯੋਗੀਕਰਨ ਹੀ ਹੈ। ਸਾਡੇ ਵਲ ਹੀ ਵੇਖ ਲਓ, ਪ੍ਰੈੱਸ ਦੀ ਛੋਟੀ ਮਸ਼ੀਨ ਤੋਂ ਤੁਰੇ ਸਾਂ, ਅੱਜ ਵੱਡੀ ਮਸ਼ੀਨ ਤੇ ਹੀ ਨਹੀਂ ਬੈਠੇ ਸਗੋਂ ਦੋ ਪਰਚਿਆਂ, ਸਦਨ ਅਤੇ ਹੋਰ ਕਈ ਕਿੱਤਾ ਤੇ ਅਕਿੱਤਾਕਾਰੀਕ ਕੰਮਾਂ ਦੀ ਆਪ ਕੇਂਦਰੀ ਮਸ਼ੀਨ ਬਣੇ ਬੈਠੇ ਹਾਂ।"

ਕਿਨਾਰੀ ਸਾਹਿਬ ਜਿਸ ਸਭਾ ਸੋਸਾਇਟੀ ਜਾਂ ਸਮਾਗਮ ਵਿਚ ਜਾਂਦੇ, ਉਨ੍ਹਾਂ ਦਾ ਉਚੇਚਾ ਮਾਣ ਕੀਤਾ ਜਾਂਦਾ। ਜਾਂ ਉਹ ਸਮਾਗਮ ਦਾ ਉਦਘਾਟਨ ਕਰਦੇ ਜਾਂ ਪਰਧਾਨਗੀ ਤੇ ਜਾਂ ਕਿਸੇ ਮੱਤਭੇਦ ਵਾਲੀ ਗੋਸ਼ਟੀ ਵਿਚ ਬਹਿਸ ਦਾ ਆਰੰਭ ਕਰਦੇ। ਉਨ੍ਹਾਂ ਦੇ ਪ੍ਰਸੰਸਕਾਂ ਦਾ ਘੇਰਾ ਵੀ ਨੌਜਵਾਨ ਨਰ ਲੇਖਕਾਂ ਤੋਂ ਲੈ ਕੇ ਇਸਤਰੀ ਲੇਖਕਾਂ ਤਕ ਵਿਸਤਰਤ ਹੋ ਗਿਆ ਸੀ, ਜਿਨ੍ਹਾਂ ਨੇ ਕਿ ਕਿਨਾਰੀ ਸਾਹਿਬ ਨੂੰ ਇਕ ਨਵੀਂ ਪ੍ਰੇਰਨਾ ਹੀ ਨਹੀਂ ਸਗੋਂ ਇਕ ਨਵਾਂ ਬਲ ਵੀ ਪ੍ਰਦਾਨ ਕੀਤਾ ਸੀ। ਉਹ ਜਦੋਂ ਵੀ ਕੋਈ ਬਹਿਸ ਸ਼ੁਰੂ ਕਰਦੇ ਤਾਂ ਪ੍ਰਗਤੀਵਾਦੀ ਲੇਖਕਾਂ ਦੇ ਵਿਗਠਨ ਤੋਂ ਹੀ ਸ਼ੁਰੂ ਕਰਦੇ ਤੇ ਫਿਰ ਨਿੱਕੀ ਮਸ਼ੀਨ ਤੋਂ ਵੱਡੀ ਮਸ਼ੀਨ ਤਕ ਪਹੁੰਚੇ ਆਪਣੇ ਵਿਕਾਸ ਦਾ ਹਵਾਲਾ ਦੇ ਕੇ ਹੁਲਾਰੇ ਜਿਹੇ ਵਿਚ ਆ ਕੇ ਕਹਿੰਦੇ :

"ਅਜੋਕਾ ਯੁੱਗ ਮਸ਼ੀਨੀ ਯੁੱਗ ਹੈ। ਇਕ ਪੁਰਜ਼ਾ ਟੇਢਾ ਹੋ ਜਾਏ, ਟੁੱਟ ਜਾਏ ਜਾਂ ਖੜ੍ਹ ਜਾਏ ਤਾਂ ਸਾਰੀ ਦੀ ਸਾਰੀ ਮਸ਼ੀਨ ਹੀ ਪੈਰਾਲਾਈਜ਼ ਹੋ ਜਾਂਦੀ ਹੈ, ਸਮਾਜ ਦਾ ਵਿਕਾਸ ਰੁਕ ਜਾਂਦਾ ਹੈ। ਸਾਡਾ ਸਭ ਦਾ ਵਿਕਾਸ ਸਮੂਹ ਦੀ ਕੇਂਦਰਤ ਗਤੀ ਤੇ ਵੀ ਨਿਰਭਰ ਹੈ ਅਤੇ ਪੁਰਜ਼ੇ ਦੀ ਨਿੱਜੀ ਉਪਯੋਗਤਾ ਤੇ ਵੀ। ਸੋ ਜਿੱਥੇ ਨਿੱਜ ਨੂੰ ਸੁਸ਼ਕਤ ਕਰਨ ਦੀ ਲੋੜ ਹੈ, ਉੱਥੇ ਨਾਲ ਹੀ ਅਜੋਕੀ ਮਸ਼ੀਨਰੀ ਵਿਚ ਆਪਣੀ ਥਾਂ ਨਿਯੁਕਤ ਕਰਕੇ ਲੋੜੀਂਦਾ ਯੋਗਦਾਨ ਪਾਉਣ ਦੀ ਵੀ ਅਵਸ਼ਕਤਾ ਹੈ। ਅੱਜ ਦੇ ਸਿਰਜਕ ਵਿਅਕਤੀ ਵਿਚ ਪਿਛਲੇ ਲੇਖਕਾਂ ਵਾਲਾ ਨਿੱਜ ਤੇ ਪਰ ਵਾਲਾ ਫ਼ਰਜ਼ੀ ਆਤਮ-ਵਿਰੋਧ ਨਹੀਂ ਹੈ, ਸਗੋਂ ਉਹ ਜੀਵਨ ਦੇ ਪ੍ਰਾਕ੍ਰਿਤਕ ਨੇਮ ਅਨੁਸਾਰ ਨਿੱਜ ਤੇ ਪਰ ਦੀ ਦੂਹਰੀ ਯਾਤਰਾ ਨੂੰ ਨਾਲੋ ਨਾਲ ਹੀ ਤੈ ਕਰਦਾ ਹੈ।"

ਉਨ੍ਹਾਂ ਦੀਆਂ ਦਲੀਲਾਂ ਉੱਤੇ ਉਨ੍ਹਾਂ ਦੇ ਮਿੱਤਰ ਤੇ ਦੁਸ਼ਮਣ ਅਤੇ ਪ੍ਰਸੰਸਕ ਤੇ ਨਿੰਦਕ ਇੱਕੋ ਸਮੇਂ ਹੈਰਾਨ ਹੁੰਦੇ, ਤਾਂ ਉਹ ਆਪਣਾ ਰੁਖ਼ ਗਾਗਾਰਨ ਤੇ ਸ਼ੈਪਰਡ ਦੀ ਖ਼ਲਾਈ ਯਾਤਰਾ ਵਲ ਕਰਕੇ ਨੀਲ ਆਰਮ ਸਟ੍ਰੌਂਗ ਤੇ ਐਡਵਿਨ ਅਲਡ੍ਰਰਿਨ ਦੀ ਚੰਦਰ-ਫੇਰੀ ਤਕ ਦੇ ਹਵਾਲੇ ਦਿੰਦੇ, ਵੱਡੇ-ਵੱਡੇ ਸ਼ਹਿਰਾਂ ਵਿਚ ਨਾਈਟ ਕਲੱਬਾਂ, ਕੈਬਰੇ ਨ੍ਰਿਤਾਂ ਤੇ ਕਾਫ਼ੀ ਹਾਊਸਾਂ ਦੇ ਪੱਛਮੀ ਪ੍ਰਭਾਵ ਹੇਠ ਉੱਸਰ ਰਹੀ ਨਵੀਂ ਤੇ ਲਚਕਦਾਰ ਨੈਤਿਕ-ਪ੍ਰਥਾ 'ਚੋਂ ਹੁੰਦੇ ਹੀਟਰ, ਟੋਸਟਰ, ਰੇਡੀਓ, ਟੈਲੀਵਿਜ਼ਨ, ਪ੍ਰੈਸ਼ਰ ਕੁੱਕਰ, ਫਰਿੱਜ, ਮਸਨੂਈ ਤਪਸ਼-ਘਰ ਤੇ ਕੋਲਡ ਸਟੋਰੇਜ਼ ਆਦਿ ਦੁਆਰਾ ਘਰੋਗੀ ਜ਼ਿੰਦਗੀ ਦੇ ਮਸ਼ੀਨੀਕਰਨ ਤਕ ਆ ਪਹੁੰਚਦੇ। ਅੰਤ ਵਿਚ ਆਪਣੇ ਹੁਣੇ ਹੁਣੇ ਖ਼ਰੀਦੇ ਨਵੇਂ ਸਕੂਟਰ ਦੀ ਮਨ ਹੀ ਮਨ ਵਿਚ ਪੁਰਾਣੀ ਸਾਈਕਲ ਨਾਲ ਤੁਲਨਾ ਕਰਕੇ ਮਸ਼ੀਨ ਸੌਂਹੇਂ ਸਮੇਂ ਤੇ ਸਥਾਨ ਦੀ ਸੁੰਗੜ ਰਹੀ ਵਿੱਥ ਦਾ ਹਵਾਲਾ ਦੇ ਕੇ ਸਮੇਂ ਤੇ ਫਾਸਲੇ ਦੇ ਨਵੇਂ ਸੰਕਲਪ ਦੀ ਚਰਚਾ ਕਰਦੇ-ਕਰਦੇ ਕਹਿੰਦੇ ਕਿ ਅੱਜ ਅਸੀਂ ਇਕ ਥਾਂ ਤੋਂ ਦੂਜੀ ਥਾਂ ਦਾ ਫ਼ਾਸਲਾ ਮੀਲਾਂ ਤੇ ਕਿਲੋਮੀਟਰਾਂ ਵਿਚ ਨਹੀਂ, ਸਗੋਂ ਘੰਟਿਆਂ, ਮਿੰਟਾਂ ਤੇ ਦਿਨਾਂ ਦੇ ਪ੍ਰਸੰਗ ਵਿਚ ਮਿਥਦੇ ਹਾਂ। ਚੰਦ ਸਾਥੋਂ ਦਸ ਦਿਨ ਵਾਪਸੀ ਅਤੇ ਪੰਜ ਦਿਨ ਦੀ ਇਕਹਿਰੀ ਯਾਤਰਾ ਦੇ ਫ਼ਾਸਲੇ ਉੱਤੇ ਹੈ ਤੇ ਛਾਉਣੀ ਦਾ ਹਸਪਤਾਲ ...

ਛਾਉਣੀ ਦੇ ਹਸਪਤਾਲ ਦਾ ਨਾਮ ਲੈਂਦੇ ਹੀ ਉਹ ਆਪ ਮੁਸਕਰਾ ਪੈਂਦੇ ਤੇ ਨਾਲ ਹੀ ਉਨ੍ਹਾਂ ਦੇ ਪ੍ਰਸੰਸਕ ਸਰੋਤੇ ਵੀ। ਕਿਉਂਕਿ ਛਾਉਣੀ ਵਾਲੀ ਖ਼ੂਬਸੂਰਤ ਵਿਧਵਾ ਤੇ ਸਾਹਿਤ ਦੀ ਮੱਸ ਰੱਖਣ ਵਾਲੀ ਨਰਸ ਨਾਲ ਕਿਨਾਰੀ ਸਾਹਿਬ ਦੇ ਮੁਆਸ਼ਕੇ ਦੀ ਖ਼ਬਰ ਬੜੀ ਆਮ ਹੋ ਚੁੱਕੀ ਸੀ ਤੇ ਸਾਰੇ ਜਾਣਦੇ ਸਨ ਕਿ—ਕਿਨਾਰੀ ਸਾਹਿਬ ਦੇ ਸਕੂਟਰ ਨੇ ਇਹ ਵਿੱਥ ਕਾਫ਼ੀ ਘਟਾ ਦਿੱਤੀ ਸੀ। ਹੁਣ ਪੌਣਾ ਘੰਟਾ ਲੱਤਾਂ ਮਾਰਨ ਦੀ ਥਾਂ ਦਸਾਂ ਮਿੰਟਾਂ ਵਿਚ ਹੀ ਉਸ ਨੂੰ ਲੰਚ ਸਮੇਂ ਜਾ ਮਿਲਦੇ, ਕੁਝ ਹਿਰਸੀ ਗੱਲਾਂ ਝਾੜਦੇ, ਘਰ ਆ ਕੇ ਲੰਚ ਕਰਦੇ ਤੇ ਮੁੜ ਸਮੇਂ ਸਿਰ ਦਫ਼ਤਰ ਪਹੁੰਚ ਜਾਂਦੇ। ਸ਼ਾਮ ਨੂੰ ਉਹ ਫਿਰ ਨਰਸ ਕੋਲ ਪਹੁੰਚ ਜਾਂਦੇ, ਕਿਸੇ ਹੋਟਲ ਦਾ ਕਮਰਾ ਨਿੱਘਾ ਕਰਦੇ ਜਾਂ ਕੈਬਰੇ ਨ੍ਰਿਤ ਵੇਖਦੇ ਤੇ ਉਸ ਨਾਲ ਡਿਨਰ ਲੈ ਕੇ ਵਾਪਸ ਘਰ ਪਰਤ ਆਉਂਦੇ।

ਅਧਖੜ ਉਮਰ ਵਿਚ ਚਾਰ ਬੱਚਿਆਂ ਦੇ ਬਾਪ ਬਣ ਕੇ, ਕਿਨਾਰੀ ਸਾਹਿਬ ਦੇ ਇਸ ਇਸ਼ਕ ਨੇ ਜਿਵੇਂ ਉਨ੍ਹਾਂ ਅੰਦਰ ਕੋਈ ਨਵੀਂ ਰੂਹ ਫੂਕ ਦਿੱਤੀ ਸੀ। ਉਹ ਆਪਣੇ ਆਪ ਨੂੰ ਵਸਮੇਂ ਦੀ ਜਵਾਨੀ ਵਿਚ ਰੰਗ ਕੇ ਅੰਦਰੋਂ ਬਾਹਰੋਂ ਇਕ ਹੋਣ ਦਾ ਯਤਨ ਕਰਦੇ। ਉਸ ਨਰਸ ਨੂੰ ਆਪਣੇ ਗਿਆਨ ਨਾਲ ਪ੍ਰਭਾਵਤ ਕਰਨ ਲਈ ਯੂਨਾਨ ਦੇ ਸੁਨਾਤਨੀ ਨਾਟਕਾਂ ਤੋਂ ਲੈ ਕੇ ਭਾਰਤ ਤਕ ਦੀਆਂ ਪੁਸਤਕਾਂ ਨੂੰ ਧਿਆਨ ਨਾਲ ਪੜ੍ਹਦੇ ਤੇ ਫਿਰ, ਇਨ੍ਹਾਂ ਦੋਹਾਂ ਦੇ ਮਿਲਵੇਂ ਤੱਤਾਂ ਨੂੰ ਸਦਾ ਸਿੰਘ 'ਸ਼ਾਹੂਕਾਰ' ਤਕ ਦੀ ਆਧੁਨਿਕ ਨਾਟਕ ਪ੍ਰਥਾ ਵਿਚ ਵਿਦਮਾਨ ਦੱਸ ਕੇ ਉਸ ਦੀ ਰਚਨਾ 'ਚੋਂ ਹਵਾਲੇ ਦਿੰਦੇ।

ਇਕ ਦਿਨ ਉਹ ਸੋਫ਼ੋਕਲੀਜ਼ ਦੇ ਯੂਨਾਨੀ ਮਿਥਿਹਾਸ ਤੇ ਆਧਾਰਤ ਤਿੰਨ ਨਾਟਕ 'ਰਾਜਾ ਇਡੀਪਸ', 'ਇਡੀਪਸ ਕੋਲੋਨਸ ਵਿਖੇ' ਅਤੇ 'ਐਂਟੀ ਗੌਨ' ਪੜ੍ਹ ਕੇ ਹਟੇ ਸਨ ਕਿ ਉਨ੍ਹਾਂ ਨੂੰ ਇਕ ਫੁਰਨਾ ਫੁਰਿਆ ਕਿ ਕਿਉਂ ਨਾ ਆਪਣੇ ਮਿੱਤਰ ਸਦਾ ਸਿੰਘ 'ਸ਼ਾਹੂਕਾਰ' ਦੇ ਨਵੇਂ ਛਪੇ ਪੰਜਾਬੀ ਨਾਟਕ ਵਿੱਚੋਂ ਇਡੀਪਸ ਗ੍ਰੰਥੀ ਨੂੰ ਲੱਭ ਕੇ ਇਸਦਾ ਮਿਥਿਆ ਦੇ ਪ੍ਰਸੰਗ ਵਿਚ ਨਹੀਂ ਸਗੋਂ ਅਜੋਕੇ ਯੁੱਗ ਦੀ ਮਸ਼ੀਨੀ ਨੈਤਿਕਤਾ ਦੇ ਕੋਣ ਤੋਂ

ਗੰਭੀਰ ਅਧਿਅਨ ਪ੍ਰਸਤੁਤ ਕੀਤਾ ਜਾਵੇ। ਇਹ ਗੱਲ ਉਨ੍ਹਾਂ ਨੇ ਆਪਣੇ ਸਾਰੇ ਸਾਹਿਤਕ ਮਿੱਤਰਾਂ ਦੋਸਤਾਂ ਨੂੰ ਵੀ ਦੱਸੀ ਤੇ ਵਿਸ਼ੇਸ਼ ਕਰਕੇ ਇਸ ਦੀ ਰੂਪ ਰੇਖਾ ਸੰਬੰਧੀ ਆਪਣੀ ਪ੍ਰੇਮਿਕਾ ਨਰਸ ਨਾਲ ਵਿਸਥਾਰ ਪੂਰਵਕ ਵਿਚਾਰ ਕੀਤੀ। ਉਹ ਸੋਚ ਰਹੇ ਸਨ ਕਿ Ismene ਦੇ ਇਸ ਕਥਨ ਕਿ ਜਿਨ੍ਹਾਂ ਦੇਵਤਿਆਂ ਨੇ ਤੈਨੂੰ ਹੇਠਾਂ ਸੁੱਟਿਆ ਸੀ ਜੇ ਉਹ ਅੱਜ ਤੈਨੂੰ ਫਿਰ ਉਪਰ ਲੈ ਆਉਣ' ਦੇ ਉੱਤਰ ਵਿਚ ਇਡੀਪਸ ਦਾ ਇਹ ਕਹਿਣਾ ਕਿ 'ਜਵਾਨੀ ਗਵਾ ਕੇ ਬੁਢਾਪੇ ਨੂੰ ਇਨਾਮ, ਇਕ ਘਟੀਆ ਪੂਰਤੀ ਹੈ।' ਇਡੀਪਸ ਦੇ ਸਰਬਰਾਹੇ ਦੁਖਾਂਤ ਦੀ ਹੀ ਤਸਵੀਰ ਨਹੀਂ ਪੇਸ਼ ਕਰਦਾ, ਸਗੋਂ ਉਸ ਦੇ ਇਸ ਪੂਰਵ-ਕਥਨ ਦੀ ਵੀ ਕਿ 'ਦੁੱਖ, ਸਮੇਂ ਅਤੇ ਸ਼ਾਹੀ ਖ਼ੂਨ—ਇਨ੍ਹਾਂ ਤਿੰਨ ਅਧਿਆਪਕਾਂ ਨੇ ਮੈਨੂੰ, ਸੰਤੋਖ ਤੇ ਸਬਰ ਦੀ ਸਿੱਖਿਆ ਦਿੱਤੀ ਹੈ', ਦੀ ਪੁਸ਼ਟੀ ਵੀ ਕਰਦਾ ਹੈ ਅਤੇ ਇਸ 'ਚੋਂ ਆਪਣੇ ਦੁਖਾਂਤ ਪ੍ਰਤੀ ਉਸ ਦਾ ਪ੍ਰਤੀਕਰਮ ਵੀ ਰੂਪਮਾਨ ਹੁੰਦਾ ਹੈ। ਪਰ ਜੋਕਾਸਟਾ ਦਾ, ਅੱਜ ਦੀ ਜੋਕਾਸਟਾ ਦਾ ਇਸ ਘਟਨਾ ਪ੍ਰਤੀ ਕੀ ਪ੍ਰਤੀਕਰਮ ਹੋਵੇਗਾ। ਆਤਮ-ਹੱਤਿਆ ? ਨਹੀਂ— ਅੱਜ ਦੇ ਮਸ਼ੀਨੀ ਯੁੱਗ ਦੇ ਇਡੀਪਸ ਦੇ ਇਸ ਕਰਮ ਪ੍ਰਤੀ ਅੱਜ ਦੀਆਂ ਬਦਲੀਆਂ ਹੋਈਆਂ ਨੈਤਿਕ ਕੀਮਤਾਂ ਦੇ ਪ੍ਰਸੰਗ ਵਿਚ ਉਸ ਦੇ ਮਾਤਾ ਪਿਤਾ ਦਾ ਕੀ ਪ੍ਰਤੀਕਰਮ ਹੋਵੇਗਾ ? ਉਨ੍ਹਾਂ ਨੇ ਆਪਣੀ ਪ੍ਰੇਮਿਕਾ ਨੂੰ ਦੱਸਿਆ ਕਿ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਉਹ ਆਪਣੇ ਮਿੱਤਰ ਸ਼ਾਹੂਕਾਰ ਸਾਹਿਬ ਦੇ ਨਵੇਂ ਨਾਟਕ ਵਿੱਚੋਂ ਬੜੀ ਮਿਹਨਤ ਨਾਲ ਖੋਜ ਰਹੇ ਹਨ। ਕਾਮ ਤੇ ਆਚਰਨ ਪ੍ਰਤੀ ਇਹ ਇਕ ਨਵੀਂ ਪਹੁੰਚ ਹੋਵੇਗੀ ਅਤੇ ਅਜੋਕੀ ਆਲੋਚਨਾ ਦੀ ਇਕ ਮਹੱਤਵਪੂਰਨ ਪ੍ਰਾਪਤੀ। ਉਨ੍ਹਾਂ ਦੀ ਗੱਲ ਅਜੇ ਏਥੇ ਹੀ ਪਹੁੰਚੀ ਸੀ ਕਿ ਅਚਾਨਕ ਉਨ੍ਹਾਂ ਦੀ ਨਜ਼ਰ ਆਪਣੇ ਨਾਲ ਆਏ ਪਰ ਬਾਹਰ ਸਕੂਟਰ ਕੋਲ ਖੜੇ ਬਰਾਬਰ ਦੇ ਭਰ ਜਵਾਨ ਆਪਣੇ ਪੁੱਤਰ ਨਵਤੇਜ ਉੱਤੇ ਪਈ ਤਾਂ ਗੱਲ ਨੂੰ ਏਥੇ ਹੀ ਛੱਡ ਕੇ ਉਨ੍ਹਾਂ ਨੇ ਨਵਤੇਜ ਨੂੰ ਹੱਥ ਦੇ ਇਸ਼ਾਰੇ ਨਾਲ ਆਪਣੇ ਕੋਲ ਬੁਲਾਇਆ :

"ਨਵਤੇਜ ਪੁੱਤਰ, ਇਹ ਬੀਬੀ ਜੀ ਏਥੇ ਨਰਸ ਹਨ ਤੇ 'ਸਰਬ ਕਲਾ ਸਮੀਖਿਆ ਸਦਨ' ਦੇ ਮੀਤ-ਸਕੱਤਰ ਵੀ। ਤੇਰੀ ਮਾਤਾ ਜੀ ਨੂੰ ਇਨ੍ਹਾਂ ਦੀ ਦਵਾਈ ਨਾਲ ਹੀ ਆਰਾਮ ਆਉਂਦਾ ਹੈ। ਜਦੋਂ ਵੀ ਘਰ ਕੋਈ ਬੀਮਾਰ ਹੋਵੇ ਤੂੰ ਛਾਉਣੀ ਆ ਕੇ ਇਨ੍ਹਾਂ ਕੋਲੋਂ ਦੁਆਈ ਲੈ ਜਾਇਆ ਕਰ। ਨਾਲੇ ਸਕੂਟਰ 'ਤੇ ਕਿਹੜੀ ਦੇਰ ਲੱਗਦੀ ਹੈ। ਜਿੰਨਾ ਚਿਰ ਸ਼ਹਿਰ ਦੇ ਸਿਵਲ ਹਸਪਤਾਲ ਦੀ ਲਾਈਨ ਵਿਚ ਖੜ੍ਹ ਕੇ ਤੇਰੀ ਵਾਰੀ ਆਉਣੀ ਹੈ, ਉਸ ਤੋਂ ਕਿਤੇ ਪਹਿਲਾਂ ਤੂੰ ਏਥੋਂ ਵਿਹਲਾ ਹੋ, ਦੁਆਈ ਲੈ ਕੇ ਘਰ ਪਹੁੰਚ ਸਕਦਾ ਹੈਂ।"

ਇਹ ਕਹਿ ਕੇ ਕਿਨਾਰੀ ਸਾਹਿਬ ਨਰਸ ਵੱਲ ਅੱਖ ਦਬ ਕੇ ਮੁਸਕਰਾਏ ਅਤੇ ਫਿਰ ਉਸ ਨਾਲ ਸਦਾ ਸਿੰਘ ਸ਼ਾਹੂਕਾਰ ਦੇ ਨਵੇਂ ਨਾਟਕ ਬਾਰੇ ਬਹਿਸ ਵਿਚ ਪੈ ਗਏ। ਉਨ੍ਹਾਂ ਦੀ ਪ੍ਰੇਮਿਕਾ ਨਰਸ ਹੀ ਨਹੀਂ, ਸਗੋਂ ਜੋ ਕੋਈ ਵੀ ਉਨ੍ਹਾਂ ਦੇ ਇਹ ਵਿਚਾਰ ਸੁਣਦਾ, ਬੜਾ ਪ੍ਰਭਾਵਤ ਹੁੰਦਾ। ਮੈਨੂੰ ਵੀ ਗਾਹੇ-ਬਗਾਹੇ ਕਿਨਾਰੀ ਸਾਹਿਬ ਆਪਣੇ ਪੱਤਰਾਂ ਰਾਹੀਂ ਆਪਣੇ ਨਵੇਂ ਖ਼ਰੀਦੇ ਸਕੂਟਰ, ਸਦਨ ਦੀਆਂ ਸਰਗਰਮੀਆਂ, ਨਰਸ ਨਾਲ ਇਸ਼ਕ ਅਤੇ ਸ਼ਾਹੂਕਾਰ ਸਾਹਿਬ ਦੇ ਨਵੇਂ ਨਾਟਕ ਵਿੱਚੋਂ ਇਡੀਪਸ ਗ੍ਰੰਥੀ ਲੱਭਣ ਤੇ ਉਸ ਦੇ ਨਵੇਂ ਕੋਨ ਤੋਂ ਵਿਵੇਚਨ ਕਰਨ ਦੀ ਯੋਜਨਾ ਬਾਰੇ ਲਿਖਦੇ ਰਹੇ ਸਨ।

ਹੁਣ ਜਦੋਂ ਮੈਂ ਚਾਰ-ਪੰਜ ਸਾਲਾਂ ਬਾਅਦ ਭਾਰਤ ਦੀ ਸੰਖੇਪ ਫੇਰੀ ਤੇ ਵਾਪਸ ਜਾ ਰਿਹਾ ਸਾਂ, ਤਾਂ ਮੇਰੇ ਅੰਦਰ ਇਕ ਉਤਸੁਕਤਾ ਇਕ ਜਗਿਆਸਾ ਸੀ ਕਿਨਾਰੀ ਸਾਹਿਬ ਨੂੰ ਇਨ੍ਹਾਂ ਸਰਗਰਮੀਆਂ ਵਿਚ ਵਿਚਰਦਿਆਂ ਵੇਖਣ ਤੇ ਇਡੀਪਸ ਗ੍ਰੰਥੀ ਦੇ ਪ੍ਰਸ਼ਨ ਦੇ ਨਵੇਂ ਹੱਲ ਤੇ ਉੱਤਰ ਨੂੰ ਸੁਣਨ ਦੀ। ਮੈਂ ਸੋਚ ਰਿਹਾ ਸਾਂ ਕਿ ਆਪਣੀ ਇਸ ਥੋੜ੍ਹ-ਚਿਰੀ ਯਾਤਰਾ ਦੇ ਦੌਰਾਨ ਸ਼ਹਿਰ ਵਿਚ ਤੇ ਨੇੜੇ ਤੇੜੇ ਦੀਆਂ ਥਾਵਾਂ ਤੇ ਜਾਣ ਲਈ ਕਿਨਾਰੀ ਸਾਹਿਬ ਦਾ ਸਕੂਟਰ ਮਿਲ ਜਾਏਗਾ ਤੇ ਦੂਰ ਦੀ ਯਾਤਰਾ ਲਈ ਸ਼ਾਹੂਕਾਰ ਸਾਹਿਬ ਦੀ ਕਾਰ।

ਕਿਨਾਰੀ ਸਾਹਿਬ ਲੰਚ-ਬਰੇਕ ਤੋਂ ਕੁਝ ਚਿਰ ਪਹਿਲਾਂ ਹੀ ਮੈਨੂੰ ਆਪਣੇ ਦਫ਼ਤਰ ਵਿਚ ਮਿਲ ਪਏ। ਮੈਨੂੰ ਅਚਾਨਕ ਮਿਲ ਕੇ ਉਨ੍ਹਾਂ ਨੂੰ ਹੈਰਾਨੀ ਵੀ ਹੋਈ ਤੇ ਖ਼ੁਸ਼ੀ ਵੀ। ਜਦੋਂ ਉਹ ਆਪਣੇ ਕਾਗ਼ਜ਼ ਬਰੀਫ਼-ਕੇਸ ਵਿਚ ਸਮੇਟ ਕੇ ਪੌੜੀਆਂ ਉਤਰਨ ਲੱਗੇ ਤਾਂ ਮੈਂ ਉਨ੍ਹਾਂ ਨੂੰ ਪੁੱਛਿਆ :

“ਸ਼ਾਹੂਕਾਰ ਸਾਹਿਬ ਦੇ ਨਾਟਕ ਵਿੱਚੋਂ ਇਡੀਪਸ ਗ੍ਰੰਥੀ ਦਾ ਨਵਾਂ ਵਿਵੇਚਨ ਕਿੱਥੋਂ ਕੁ ਤਕ ਪਹੁੰਚਾ ਹੈ ?”

“ਕੁਛ ਨਾ ਪੁੱਛ ਸੂਰਜ ਪ੍ਰਕਾਸ਼ ਸਿੰਘ, ਇਸ ਇਡੀਪਸ ਨੇ ਤਾਂ ਸਾਡਾ ਭੱਠਾ ਹੀ ਬਿਠਾ ਦਿੱਤਾ ਹੈ, ਉਮਰ ਭਰ ਦੀ ਸਖ਼ਤ ਜੱਦੋ-ਜਹਿਦ ਤੇ ਪ੍ਰਾਪਤੀ ਉੱਤੇ ਪਾਣੀ ਫੇਰ ਦਿੱਤਾ ਹੈ—ਇਹ ਮਸ਼ੀਨ—ਇਸ ਮਸ਼ੀਨੀ ਯੁੱਗ ਵਿਚ ਇਡੀਪਸ ਕੰਪਲੈਕਸ ਵਾਲੀ ਗੱਲ ਉਲਟੀ ਹੋ ਕੇ ਸਾਡੇ ਗਲ ਆ ਪਈ ਹੈ।”

ਉਨ੍ਹਾਂ ਦੇ ਬੁਝਾਰਤਨੁਮਾ ਉੱਤਰ ’ਤੇ ਮੈਂ ਹੱਸਿਆ ਤਾਂ ਉਹ ਹੋਰ ਵੀ ਵਧੇਰੇ ਗੰਭੀਰ ਹੋ ਕੇ ਸਾਈਕਲ ਸ਼ੈੱਡ ਵਲ ਵਧੇ। ਜੇਬ ਵਿੱਚੋਂ ਚਾਬੀ ਕੱਢ ਕੇ ਉਨ੍ਹਾਂ ਨੂੰ ਸਾਈਕਲ ਦਾ ਜੰਦਰਾ ਖੋਲ੍ਹਦਿਆਂ ਵੇਖ ਕੇ ਹੈਰਾਨ ਹੁੰਦਿਆਂ ਮੈਂ ਪੁੱਛਿਆ,

“ਕਿਨਾਰੀ ਸਾਹਿਬ, ਤੁਹਾਡਾ ਨਵਾਂ ਸਕੂਟਰ ਕਿੱਧਰ ਗਿਆ ?”

“ਇਸ ਮਸ਼ੀਨ, ਇਸ ਸਕੂਟਰ ਨੇ ਤਾਂ ਸਾਡਾ ਬੇੜਾ ਹੀ ਗਰਕ ਕਰ ਦਿੱਤਾ ਹੈ। ਵੇਖੋ ਨਾਂ, ਸਾਡਾ ਪੁੱਤਰ, ਸਾਡਾ ਹੀ ਸਕੂਟਰ ਤੇ ਸਾਡੀ ਹੀ ਨਰਸ ਨਾਲ ਇਸ਼ਕ। ਤੌਬਾ-ਤੋਬਾ, ਮੈਂ ਸਕੂਟਰ ਵੇਚ ਦਿੱਤਾ ਹੈ ਸੂਰਜ ਪ੍ਰਕਾਸ਼ ਸਿੰਘ ਜੀ, ਹੁਣ ਮਾਰਦਾ ਫਿਰੇ ਪੈਦਲ ਟੱਕਰਾਂ, ਸਾਨੂੰ ਕੀ ?”

# ਵਿਅਕਤੀ ਬਨਾਮ ਕੌਮ

ਏਥੇ ਆਇਆਂ ਉਸ ਨੂੰ ਅਜੇ ਇਕ ਮਹੀਨਾ ਹੀ ਹੋਇਆ ਸੀ ਤੇ ਉਹ ਸੋਚ ਰਿਹਾ ਸੀ ਕਿ ਇਕ ਸਮੁੰਦਰ, ਜਿਸ ਨੂੰ ਹਿੰਦ ਮਹਾਂਸਾਗਰ ਕਹਿੰਦੇ ਹਨ, ਦੀ ਵਿੱਥ, ਤੇ ਜ਼ਿੰਦਗੀ ਕਿੰਨੀ ਵੱਖਰੀ ਤੇ ਵੰਨਗੀ ਵਾਲੀ ਹੈ। ਸੁਰਖ਼ ਧਰਤੀ ਦੇ ਵਾਸੀ ਇਹ ਕਾਲੇ ਲੋਕ ਉਸ ਨੂੰ ਪਹਿਲਾਂ ਬੜੇ ਓਪਰੇ-ਓਪਰੇ ਜਾਪੇ ਸਨ ਅਤੇ ਅਰਬੀ ਨਵਾਬਾਂ ਬਾਰੇ ਬਣੀਆਂ ਫ਼ਿਲਮਾਂ ’ਚ ਵੇਖੇ ਕਠੋਰ ਹਿਰਦੇ ਵਾਲੇ ਜਸ਼ੀ ਗ਼ੁਲਾਮਾਂ ਦਾ ਚਿੱਤਰ ਉਸ ਦੇ ਸਿਮਰਨ ਵਿਚ ਉਭਰਦਾ ਤਾਂ ਇਕ ਅਜਨਬੀ ਜਿਹੇ ਭੈ ਦਾ ਪਰਛਾਵਾਂ ਉਸ ਨੂੰ ਆਪਣੇ ਅੰਦਰ ਰੀਂਗਦਾ ਹੋਇਆ ਪ੍ਰਤੀਤ ਹੁੰਦਾ ਅਤੇ ਉਸ ਦੀ ਰੀੜ੍ਹ ਦੀ ਹੱਡੀ ਵਿਚ ਉਸ ਨੂੰ ਹਿੰਮ ਲੱਥ ਗਈ ਜਾਪਦੀ। ਘੁੰਗਰਾਲੇ ਵਾਲ, ਕਾਲੀ ਆਬਨੂਸੀ ਚਮਕਦੀ ਚਮੜੀ, ਬੇਢੱਬਾ ਚਪਟਾ ਨੱਕ, ਮੋਟੇ ਜਾਮਨੀ ਬੁੱਲ੍ਹ ਤੇ ਉੱਚੇ ਲੰਮੇ ਚੌੜੇ ਚਕਲੇ, ਮੋਟੇ ਠੁੱਲ੍ਹੇ ਜਿਸਮਾਂ ਵਲ ਵੇਖ ਕੇ ਉਹ ਅੰਦਰ ਹੀ ਅੰਦਰ ਸਹਿਮ ਜਾਂਦਾ। ਇਹ ਕਿਹੀ ਰੁਜ਼ਗਾਰ ਦੀ ਚਿੰਤਾ ਸੀ, ਜੋ ਉਸ ਨੂੰ ਏਥੇ ਲੈ ਆਈ ਸੀ—ਮਿੱਤਰਾਂ, ਨਾਤਿਆਂ ਨਾਲੋਂ ਤੋੜ ਕੇ, ਖ਼ੂਨ ਨਾਲੋਂ ਵਿਛੋੜ ਕੇ। ਉਸ ਨੂੰ ਇਹ ਸਮਝ ਨਹੀਂ ਸੀ ਆਉਂਦੀ ਕਿ ਉਸ ਦੇ ਮਨ ਦੀ ਇਹ ਹਾਲਤ ਵਿਛੋੜੇ ਕਰਕੇ ਹੈ ਜਾਂ ਪਛਤਾਵੇ ਕਰਕੇ, ਭੈ ਕਾਰਨ ਹੈ ਜਾਂ ਚਿੰਤਾ ਕਾਰਨ—ਸਭ ਕੁਝ ਗਡਮਡ ਹੋ ਗਿਆ ਸੀ ਅਤੇ ਫਿਰ ਉਹ ਇਕੱਲਾ ਸੀ, ਜਿਸ ਅੰਦਰ ਜੇ ਕਦੇ ਕੰਬਲ ਨੂੰ ਛੱਡਣ ਦੀ ਇੱਛਾ ਜਾਗਦੀ ਸੀ, ਤਾਂ ਦੇਸ਼ ਦੀ ਭੁੱਖ ਅਤੇ ਆਪਣੀ ਬੇਕਦਰੀ ਵਲ ਵੇਖ ਕੇ ਹੌਂਸਲਾ ਨਹੀਂ ਸੀ ਪੈਂਦਾ। ਉਂਞ ਇਹ ਕੰਬਲ ਵੀ ਉਸ ਨੂੰ ਨਹੀਂ ਸੀ ਛੱਡਦਾ—ਇਸ ਵਿਚ ਇਤਨੀ ਖਿੱਚ ਸੀ ਕਿ ਇਸ ਨੂੰ ਛੱਡਣ ਬਾਰੇ ਸੋਚਦਿਆਂ ਹੀ ਉਸ ਨੂੰ ਝੁਣਝੁਣੀ ਆ ਜਾਂਦੀ ਸੀ। ਭਾਰਤ ਵਿਚ ਲਾ ਪਾ ਕੇ ਉਸ ਨੂੰ ਦੋ ਕੁ ਸੌ ਰੁਪਏ ਮਹੀਨਾ ਮਿਲਦੇ ਸਨ ਤੇ ਏਥੇ ਦੋ ਹਜ਼ਾਰ, ਜਿਸ ਦਾ ਸਿੱਧਾ ਅਰਥ ਇਹ ਸੀ ਕਿ ਏਥੋਂ ਦੇ ਇਕ ਮਹੀਨੇ ਦੀ ਕਮਾਈ ਲਈ ਉਸ ਨੂੰ ਭਾਰਤ ਵਿਚ ਜਾ ਕੇ ਏਥੇ ਨਾਲੋਂ ਆਪਣੀ ਉਮਰ ਦਾ ਦਸ ਗੁਣਾ ਵਧੇਰੇ ਖ਼ਰਚਣਾ ਪੈਣਾ ਸੀ, ਫ਼ਜ਼ੂਲ। ਕੰਬਲ ਉਸ ਨੂੰ ਖਿੱਚ ਰਿਹਾ ਸੀ ਤੇ ਭੈ ਉਸ ਦੇ ਅੰਦਰ ਸੁਕੜ ਰਿਹਾ ਸੀ, ਫੈਲ ਰਿਹਾ ਸੀ।

ਉਸ ਦੇ ਘਰ ਦੇ ਇਕ ਪਾਸੇ ਢਲਾਨ ਸੀ, ਧੁਰ ਨੀਵਾਣ ਤਕ ਜਾਂਦੀ ਅਤੇ ਫਿਰ ਨੀਵਾਣ ਤੋਂ ਉਤਾਂਹ ਚੜ੍ਹਦੀ ਬਣਦੀ-ਬਣਦੀ ਇਕ ਸਿਖਰ ਤਕ ਪਹੁੰਚਦੀ—ਇਸ ਉੱਤੇ ਕਾਫ਼ੀ ਦੇ ਬਾਗ਼ਾਂ ਦੇ ਨਾਲ ਰਾਜਮਾਹਾਂ, ਮੱਕੀ, ਕੇਲਿਆਂ, ਕਸਾਵਿਆਂ, ਯਾਮਜ਼ ਤੇ ਸ਼ਕਰ-ਕੰਦੀਆਂ ਦੇ ਚੜ੍ਹਾਈਆਂ ਉਤਰਾਈਆਂ ਕੱਛਦੇ ਹਾਰਾਂ ਦੇ ਹਾਰ ਸਨ ਅਤੇ ਦੂਜੇ ਪਾਸੇ ਵੀ ਇਸੇ ਸਿਲਸਿਲੇ ਦੀ ਇਕ ਅਮੁੱਕ ਲੜੀ ਸੀ, ਜਿਸ ਵਿਚ ਅੰਬਰ ਛੂੰਹਦੇ ਸਫ਼ੈਦਿਆਂ ਦੇ ਪਰਛਾਵੇਂ ਏਥੋਂ ਦੀ ਰਾਤ ਨੂੰ ਹੋਰ ਵੀ ਵਧੇਰੇ ਭਿਆਨਕ ਬਣਾ ਦਿੰਦੇ ਸਨ। ਉਹ ਸਕੂਲ ਦੀ ਕੰਪਾਊਂਡ ਵਿਚ ਰਾਤ ਨੂੰ ਖਾਣੇ ਤੋਂ ਬਾਅਦ ਸੈਰ ਕਰਨ ਗਿਆ ਕੁਦਰਤ ਦੀ ਇਸ ਅਤਿ ਪਿਆਰੀ ਤੇ ਭਿਆਨਕ ਰੂਪ ਰੇਖਾ ਨੂੰ ਵੇਖ ਕੇ ਅਚੰਭੇ ਵਿਚ ਪੈ ਜਾਂਦਾ। ਉਸ ਨੇ ਆਪਣੇ ਦੇਸ਼ ਵਿਚ ਕਾਲੀਆਂ ਬੋਲੀਆਂ ਰਾਤਾਂ ਵਿਚ ਇਕੱਲਿਆਂ ਮੀਲਾਂ ਸਫ਼ਰ ਕੀਤਾ ਸੀ—ਸਿਵਿਆਂ, ਝਿੜੀਆਂ, ਬਰੇਤਿਆ ਤੇ ਝੱਲਾਂ ਵਿੱਚੋਂ ਲੰਘਦਿਆਂ ਉਸ ਨੂੰ

ਕਦੇ ਵੀ ਭੈ ਮਹਿਸੂਸ ਨਹੀਂ ਸੀ ਹੋਇਆ। ਉਹ ਕਹਿੰਦਾ ਹੁੰਦਾ ਸੀ ਕਿ ਭੈ ਮਨੁੱਖ ਦੇ ਅੰਦਰ ਹੈ, ਬਾਹਰ ਨਹੀਂ ਅਤੇ ਇਸ ਨੂੰ ਅੰਦਰ ਹੀ ਮਾਰਿਆ ਜਾ ਸਕਦਾ ਹੈ। ਇਕ ਵਾਰ ਮਾਰ ਲਓ ਤਾਂ ਭਿਆਨਕ ਚੀਜ਼ ਦਿਲਕਸ਼ ਅਤੇ ਪਿਆਰੀ ਹੋ ਜਾਂਦੀ ਹੈ : ਜ਼ਿੰਦਗੀ ਹੀ ਨਹੀਂ, ਮੌਤ ਵੀ।

ਉਹ ਨੈਰੋਬੀ ਤੋਂ ਬਹੁਤ ਦੂਰ ਰੀਜ਼ਰਵ ਏਰੀਏ ਦੇ ਇਕ ਸਰਕਾਰੀ ਸਕੂਲ ਵਿਚ ਅਧਿਆਪਕ ਸੀ। ਭਾਰਤ ਵਿਚ ਬੀ.ਏ., ਐੱਮ. ਏ. ਦੀ ਵੀ ਕੋਈ ਪੁੱਛ ਪ੍ਰਤੀਤ ਨਹੀਂ ਸੀ, ਪਰ ਏਥੇ ਕੈਂਬਰਿਜ਼ ਓ ਲੈਵਲ ਨੂੰ ਖ਼ਾਸ ਮਹੱਤਵ ਪ੍ਰਾਪਤ ਸੀ। ਇਸੇ ਲਈ ਸ਼ਾਇਦ ਉਸ ਵਰਗੇ ਅਨੇਕਾਂ ਅਧਿਆਪਕ ਏਥੇ ਆ ਕੇ ਆਪਣੀ ਪੂਰੀ ਕਦਰ ਪਈ ਮਹਿਸੂਸ ਕਰਦੇ ਸਨ। ਇਸ ਕਦਰ ਦੇ ਅਹਿਸਾਸ ਹੇਠ ਉਸ ਨੂੰ ਅੱਜ ਆਪਣੇ ਆਪ 'ਤੇ ਗੌਰਵ ਮਹਿਸੂਸ ਹੋ ਰਿਹਾ ਸੀ।

ਪਹਿਲਾਂ-ਪਹਿਲ ਉਸ ਨੂੰ ਭੈ ਦੇ ਨਾਲ ਹੀ ਜੜ੍ਹ-ਹੀਣਤਾ ਦਾ ਅਹਿਸਾਸ ਵੀ ਹੋਇਆ ਸੀ, ਪਰ ਹੁਣ ਹੌਲੀ-ਹੌਲੀ ਉਸ ਦੀ ਸੰਗਤ ਦਾ ਸਰਕਲ ਵਡੇਰਾ ਹੋ ਰਿਹਾ ਸੀ, ਉਹ ਇਸ ਨਵੀਂ ਧਰਤੀ ਵਿਚ ਜੜ੍ਹਾਂ ਪਕੜ ਰਿਹਾ ਸੀ—ਉਸ ਅੰਦਰਲੇ ਰੁੰਡ ਮਰੁੰਡ ਸੁੰਞੇਂ ਸੱਖਣੇ ਰੁੱਖ ਨੂੰ ਪੱਤਰ ਮੌਲ ਰਹੇ ਸਨ—ਉਹ ਹੁਣ ਕੱਲਾ-ਕੱਲਾ ਸੱਖਣਾ-ਸੱਖਣਾ ਨਹੀਂ ਸੀ ਰਿਹਾ। ਉਸ ਦਾ ਘਰ ਜਿਸ ਨੂੰ ਉਹ ਪਹਿਲਾਂ ਮਕਾਨ ਕਹਿ ਕੇ ਆਪਣੇ ਦੇਸ਼, ਆਪਣੇ ਘਰ ਦੇ ਵਿਛੋੜੇ ਦਾ ਦਰਦ ਅਨੁਭਵ ਕਰਿਆ ਕਰਦਾ ਸੀ—ਹੁਣ ਬਿਲਕੁਲ ਘਰ ਜਾਪਣ ਲੱਗ ਪਿਆ ਸੀ। ਇਸ ਘਰ ਦੇ ਹਰ ਕਮਰੇ ਵਿਚ ਉਸ ਨੂੰ ਆਪਣੀ ਹੋਂਦ ਵੱਸੀ ਹੋਈ ਪ੍ਰਤੀਤ ਹੁੰਦੀ ਤਾਂ ਉਹ ਕਹਿ ਉੱਠਦਾ—'ਆਪਣੇ ਸੰਗ 'ਚ ਕਦੇ ਆਦਮੀ ਕੱਲਾ ਨਹੀਂ ਹੁੰਦਾ।' ਮਕਾਨ ਤੋਂ ਘਰ ਤੱਕ ਦੇ ਇਸ ਸਫ਼ਰ ਤਕ ਉਸ ਨੂੰ ਕਾਫ਼ੀ ਮਾਨਸਕ ਉਤਾਰ ਚੜ੍ਹਾ ਤੇ ਕਸ਼ਟ ਵਿੱਚੋਂ ਗੁਜ਼ਰਨਾ ਪਿਆ ਸੀ। ਹੁਣ ਉਹ ਮਹਿਸੂਸ ਕਰਦਾ ਸੀ ਕਿ ਘਰ ਤੇ ਦੇਸ਼ ਦੇ ਸੰਕਲਪ ਅਤੇ ਅਰਥ, ਸ਼ਬਦਾਂ, ਮਕਾਨ ਜਾਂ ਧਰਤੀ ਵਿਚ ਨਹੀਂ ਸਗੋਂ ਮਨੁੱਖ ਦੇ ਆਪਣੇ ਅੰਦਰ ਵਸਦੇ ਹਨ—'ਮਨ ਪ੍ਰਦੇਸੀ ਜੇ ਥੀਆ ਸਭ ਦੇਸ ਪਰਾਏ।'

ਇਹ ਲੋਕ, ਇਹ ਧਰਤੀ ਤੇ ਇਹ ਮਕਾਨ ਉਸ ਨੂੰ ਹੁਣ ਸਭ ਚੰਗੇ-ਚੰਗੇ, ਆਪਣੇ-ਆਪਣੇ ਲੱਗਣ ਲਗ ਪਏ ਸਨ। ਰੰਗ ਚਾਹੇ ਕਾਲਾ ਹੋਵੇ, ਚਾਹੇ ਗੋਰਾ ਤੇ ਚਾਹੇ ਗੰਦਮੀ, ਹਰ ਇਕ ਵਿਚ ਆਪਣੀ ਖ਼ੂਬਸੂਰਤੀ ਹੈ। ਅਫ਼ਰੀਕਨ ਕੁੜੀਆਂ ਦੇ ਕਾਲੇ ਕਾਠੇ ਜਿਸਮਾਂ ਦੀ ਆਪਣੀ ਹੀ ਖ਼ੂਬਸੂਰਤੀ ਸੀ। ਇਨ੍ਹਾਂ ਦੀ ਅੱਗ ਜੰਗਲ ਦੀ ਅੱਗ ਸੀ, ਜੋਬਨ ਦੀ ਪੂਰਨ ਤੇ ਭਰਪੂਰ ਖੁੱਲ੍ਹ ਖੇਡ ਇਸ ਦਾ ਇਕ ਅਟੁੱਟ ਅੰਗ ਸੀ। ਭਾਰਤੀ ਕੁੜੀਆਂ ਦੀ ਅੱਗ ਗਿੱਲੇ ਗੋਹਟੇ ਦੀ ਅੱਗ ਸੀ—ਅੰਦਰ ਹੀ ਅੰਦਰ ਧੁਖਣ ਵਾਲੀ—ਪਤੀ, ਪਤਨੀ ਬਣ ਕੇ ਵੀ ਕਾਮ-ਸੰਬੰਧਾਂ ਬਾਰੇ ਪੂਰੇ-ਪੂਰੇ ਸੰਕੋਚ ਤੇ ਅਜਨਬੀਪਨ ਨਾਲ ਭਰਪੂਰ : ਜਿਵੇਂ ਹਰ ਰਾਤ ਹੀ ਸ਼ਾਦੀ ਦੀ ਪਹਿਲੀ ਰਾਤ ਹੋਵੇ—ਜਿਵੇਂ ਹਰ ਰਾਤ ਹੀ ਕਿਸੇ ਅਜਨਬੀ ਕਰਮ ਵਿਚੋਂ ਲੰਘ ਰਹੇ ਹੋਈਏ। ਪਰ ਏਥੇ ਕਾਮ ਇਕ ਪ੍ਰਾਕ੍ਰਿਤਕ ਪ੍ਰਗਟਾਵਾ ਸੀ—ਇਕ ਲੋੜ ਸੀ, ਜਿਸਮ ਦੀਆਂ, ਹੋਂਦ ਦੀਆਂ ਹੋਰ ਲੋੜਾਂ ਵਾਂਗ ਤੇ ਫਿਰ ਸੰਕੋਚ ਕਾਹਦਾ ? ਉਸ ਨੂੰ ਇਹ ਸਭ ਕੁਝ ਚੰਗਾ-ਚੰਗਾ, ਆਪਣਾ-ਆਪਣਾ, ਲੱਗਣ ਲੱਗ ਪਿਆ ਸੀ।

ਉਹ ਇਕ ਡੇਢ ਮੀਲ ਤੇ ਵਾਕਿਆ ਬਾਰ ਵਲ ਪੈਦਲ ਹੀ, ਬੀਅਰ ਪੀਣ ਲਈ, ਰੁਖ਼ ਕਰਦਾ ਤਾਂ ਕੋਈ ਕਾਰ, ਬੱਸ ਜਾਂ ਲਾਰੀ ਵਾਲਾ ਉਸ ਨੂੰ ਉਚੇਚੇ ਤੌਰ ਤੇ ਰੁਕ ਕੇ ਫਰੀ ਲਿਫ਼ਟ ਦੇ ਦਿੰਦਾ ਤੇ ਨਾਲ ਹੀ ਟੁੱਟੀ ਫੁੱਟੀ ਅੰਗਰੇਜ਼ੀ ਵਿਚ ਆਪਣੇ ਸਾਥੀ ਨੂੰ ਦਸਦਾ ਕਿ ਇਹ ਸਿੰਘ ਸਾਡੇ ਸਕੂਲ ਵਿਚ ਮਾਸਟਰ ਹੈ, ਸਾਡੇ ਬੱਚਿਆਂ ਨੂੰ ਪੜ੍ਹਾਉਂਦਾ ਹੈ। ਸਾਰੇ ਸਿੰਘ ਬਹੁਤ ਚੰਗੇ ਹਨ। ਅਸੀਂ ਇਨ੍ਹਾਂ ਨੂੰ ਕਦੇ ਵੀ ਕਿਸੇ ਦੁਕਾਨ ਤੇ ਸੌਦਾ ਵੇਚਦੇ ਨਹੀਂ ਤੱਕਿਆ। ਜਾਂ ਇਹ ਮਾਸਟਰ ਹਨ ਜਾਂ ਡਾਕਟਰ, ਇਲੈਕਟ੍ਰੀਸ਼ਨ, ਡਰਾਈਵਰ, ਇੰਜੀਨੀਅਰ ਤੇ ਟੈਕਨੀਸ਼ਨ। ਜੋਗਿੰਦਰ ਸਿੰਘ, ਸਿੰਬਾ ਯਾ ਕੀਨੀਆਂ (ਕੀਨੀਆਂ ਦਾ ਸ਼ੇਰ), ਜਿਸ ਨੇ ਈਸਟ ਅਫ਼ਰੀਕਨ ਸਫ਼ਾਰੀ ਵਿਚ ਕਾਰ-ਦੌੜ ਦਾ ਪਹਿਲਾ ਇਨਾਮ ਜਿੱਤ ਕੇ ਸਾਡੇ ਤੇ ਸਾਡੇ ਦੇਸ਼ ਦਾ ਸਿਰ ਉੱਚਾ ਕੀਤਾ ਹੈ। ਫਿਰ ਮੱਖਣ ਸਿੰਘ ਹੈ ਜੋ ਐਮਰਜੈਂਸੀ ਵੇਲੇ ਸਾਡੇ ਲੋਕਾਂ ਦੇ ਨਾਲ ਰਲ ਕੇ ਸਾਡੀ ਆਜ਼ਾਦੀ ਲਈ ਅੰਗਰੇਜ਼ਾਂ ਦੇ ਨਾਲ ਲੜਿਆ ਅਤੇ ਸਾਡੇ ਪਰਧਾਨ ਜੋਮੋਂ ਕਨਿਆਟਾ ਜਿੰਨਾਂ ਸਮਾਂ ਹੀ ਡੀਟੈਨਸ਼ਨ ਵਿਚ ਰਿਹਾ।

ਇਹ ਸਭ ਕੁਝ ਸੁਣ ਕੇ ਉਨ੍ਹਾਂ ਦਿਆਂ ਚਿਹਰਿਆਂ ਤੋਂ ਖ਼ਲੂਸ ਤੇ ਆਦਰ ਦੇ ਪ੍ਰਭਾਵ ਪੜ੍ਹ ਕੇ ਉਸ ਨੂੰ ਮਾਣ ਵੀ ਹੁੰਦਾ ਤੇ ਖ਼ੁਸ਼ੀ ਵੀ।

ਉਹ ਬਾਰ ਵਿਚ ਪਹੁੰਚਦਾ ਤਾਂ ਲੋਕੀਂ ਉਸ ਨੂੰ ਤਰ੍ਹਾਂ-ਤਰ੍ਹਾਂ ਦੇ ਪ੍ਰਸ਼ਨ ਪੁੱਛਦੇ, ਉਸ ਦੇ ਦੇਸ਼, ਉਸ ਦੇ ਘਰ, ਕੌਮ ਤੇ ਕਬੀਲੇ ਬਾਰੇ। ਉਹ ਸਭ ਨੂੰ ਖ਼ੁਸ਼ੀ-ਖ਼ੁਸ਼ੀ ਨਜਿੱਠਦਾ। ਜੇ ਕੋਲ ਫਾਲਤੂ ਪੈਸੇ ਹੁੰਦੇ ਤਾਂ ਉਹ ਸਭ ਲਈ ਬੀਅਰ ਦਾ ਇਕ ਰਾਊਂਡ ਆਰਡਰ ਕਰ ਦਿੰਦਾ ਤੇ ਜਦੋਂ ਉਸ ਕੋਲ ਪੈਸੇ ਨਾ ਹੁੰਦੇ ਤਾਂ ਸਭ ਉਸ ਨੂੰ ਮੱਲੋ-ਮੱਲੀ ਬੀਅਰ ਆਫ਼ਰ ਕਰਨ ਦਾ ਯਤਨ ਕਰਦੇ, ਖ਼ਾਸ ਕਰ ਮਹੀਨੇ ਦੇ ਆਰੰਭ ਵਿਚ ਜਦੋਂ ਉਨ੍ਹਾਂ ਨੂੰ ਤਨਖ਼ਾਹ ਮਿਲੀ ਹੁੰਦੀ।

ਨੌਜਵਾਨ ਮੁੰਡੇ, ਜੋ ਬੇਰੁਜ਼ਗਾਰ ਸਨ, ਕਿਤੇ ਦਿਹਾੜੀ ਕਰਕੇ ਕੁਝ ਪੈਸੇ ਕਮਾਉਂਦੇ ਤਾਂ ਸਿੱਧੇ ਬਾਰ ਵਿਚ ਆ ਧਮਕਦੇ—ਉਨ੍ਹਾਂ ਅੰਦਰ ਜ਼ਿੰਦਗੀ ਨੂੰ ਮਾਣਨ ਦਾ ਚਾਅ ਸੀ, ਸੰਗੀਤ ਤੇ ਨ੍ਰਿਤ ਨਾਲ ਅਤਿ ਦੀ ਮੁਹੱਬਤ ਸੀ। ਉਨ੍ਹਾਂ ਕੋਲ ਪੈਸੇ ਨਾ ਵੀ ਹੁੰਦੇ ਤਾਂ ਵੀ ਉਹ ਉਸ ਨੂੰ ਬਾਰ ਅੰਦਰ ਦਾਖ਼ਲ ਹੁੰਦਿਆਂ ਵੇਖ ਕੇ ਅਛੋਪਲੇ ਹੀ ਅੰਦਰ ਆ ਵੜਦੇ। ਉਹ ਉਨ੍ਹਾਂ ਦੀਆਂ ਅੱਖਾਂ ’ਚੋਂ ਨ੍ਰਿਤ ਤੇ ਸੰਗੀਤ ਦੀ ਲਾਲਸਾ ਪੜ੍ਹ ਕੇ ਜਿਊਕ ਬਾਕਸ ਵਿਚ ਇਕ ਸ਼ਲਿੰਗ ਦਾ ਸਿੱਕਾ ਪਾ ਦਿੰਦਾ ਤੇ ਫਿਰ ਉਨ੍ਹਾਂ ਦੇ ਹਰਮਨ ਪਿਆਰੇ ਗੀਤਾਂ ਦੇ ਰੀਕਾਰਡ ਵਜਾਉਣ ਲਈ ਅੱਖਰ-ਕੁੰਜੀ ਤੇ ਅੰਕ-ਕੁੰਜੀ ਦੱਬਦਾ ਤਾਂ ਉਹ ਸਭ ਸ਼ੁਕਰਾਨੇ ਭਰੀਆਂ ਨਜ਼ਰਾਂ ਨਾਲ ਉਸ ਨੂੰ ਵੇਖਦੇ ਹੋਏ ਜਿਊਕ ਬਾਕਸ ’ਚੋਂ ਉਭਰਦੇ ਸੰਗੀਤ ਅਨੁਸਾਰ ਨ੍ਰਿਤ ਕਰਦੇ ਉਸ ਨੂੰ ਬਾਰ ਦੀ ਕਿਸੇ ਕੁੜੀ ਨਾਲ ਨ੍ਰਿਤ ਕਰਨ ਲਈ ਆਖਦੇ ਤੇ ਕਦੀ ਕੋਈ ਮਨਚਲਾ ਗਭਰੂ ਉਸ ਨਾਲ ਆਪ ਹੀ ਨ੍ਰਿਤ ਕਰਨ ਲੱਗ ਪੈਂਦਾ। ਉਸ ਨੂੰ ਪੰਜਾਬੀ ਲੋਕ-ਨ੍ਰਿਤ ਦੀ ਸੂਝ ਵੀ ਸੀ ਤੇ ਜਾਚ ਵੀ। ਇਨ੍ਹਾਂ ਸਵਾਹੇਲੀ ਤੇ ਕਿਕੂਯੂ ਭਾਸ਼ਾਵਾਂ ਦੇ ਗੀਤਾਂ ਦੇ ਬੋਲ ਉਸ ਦੀ ਸਮਝ ਵਿਚ ਘੱਟ ਹੀ ਆਉਂਦੇ ਪਰ ਉਹ ਸੰਗੀਤ ਦੀ ਧੁਨ ਪਕੜ ਕੇ ਆਪਣੇ ਅੰਗਾਂ ਨੂੰ ਸੁਤੰਤਰ ਪਰ ਸੰਗੀਤ-ਯੁਕਤ-ਮੁਦ੍ਰਾਵਾਂ ਵਿਚ ਵਹਿ ਜਾਣ ਦਿੰਦਾ, ਉਹ ਅੰਗਰੇਜ਼ੀ-ਨੁਮਾ ਕਿਕੂਯੂ ਨ੍ਰਿਤ ਨੂੰ ਪੰਜਾਬੀਆ ਲੈਂਦਾ। ਤੇ ਅਕਸਰ ਕਹਿੰਦਾ ਕਿ ਨ੍ਰਿਤ ਕਦਮ ਗਿਣ-ਗਿਣ ਕੇ ਨੱਚਣ ਦਾ ਨਾਮ ਨਹੀਂ, ਸਗੋਂ ਸੰਗੀਤਕ ਧੁਨ ਅਨੁਸਾਰ ਜਿਸਮ ਨੂੰ ਖੁੱਲ੍ਹਿਆਂ ਛੱਡ ਦੇਣ ਦੀ ਯੁਕਤੀ ਹੈ। ਜੋ ਵੀ ਉਸ ਨਾਲ ਨੱਚਦਾ, ਹੁੱਬ ਹੁੱਬ ਬਹਿੰਦਾ, ਉਸ ਦੀ ਤੇ ਸਾਰੇ ਸਿੰਘਾਂ ਦੀ ਤਾਰੀਫ਼ ਕਰਦਾ। ਬਾਰ ਦੀਆਂ ਤੇ ਹੋਰ ਨੌਜਵਾਨਾਂ ਨਾਲ ਆਈਆਂ ਉਨ੍ਹਾਂ ਦੀਆਂ ਮਿੱਤਰ-ਕੁੜੀਆਂ ਉਸ ਦੇ ਚੌੜੇ ਚਕਲੇ ਜਿਸਮ, ਲੰਮੇ-ਲੰਮੇ ਵਾਲਾਂ, ਭਰਵੀਂ ਤੇ ਤਰਾਸ਼ੀ ਹੋਈ ਦਾੜ੍ਹੀ, ਗੰਦਮੀਂ ਰੰਗਤ ਅਤੇ ਸੁੰਦਰ ਪਗੜੀ ਵਲ ਵੇਖ ਕੇ ਉਸ ਦੀ ਪ੍ਰਸੰਸਾ ਕਰਦੀਆਂ। ਨੌਜਵਾਨ ਮੁੰਡੇ ਉਸ ਨੂੰ ਆਪਣੀਆਂ ਮਿੱਤਰ-ਕੁੜੀਆਂ ਨਾਲ ਨੱਚ ਲੈਣ ਦੀ ਖੁੱਲ੍ਹ ਦਿੰਦੇ, ਖ਼ੁਸ਼ ਹੁੰਦੇ।

ਬਾਰ ਵਿਚ ਅੱਧੀ ਰਾਤ ਤਕ ਨ੍ਰਿਤ ਬੀਅਰ ਤੇ ਸੰਗੀਤ ਦਾ ਦੌਰ ਚਲਦਾ ਰਹਿੰਦਾ। ਕਦੇ ਕੋਈ ਅੱਖੜ ਸੁਭਾ ਦਾ ਯੁਵਕ ਕਿਸੇ ਨਾਲ ਝਗੜ ਪੈਂਦਾ, ਲੜਨ ਲਈ ਕੱਪੜਿਆਂ ਤੋਂ ਬਾਹਰ ਹੋ ਜਾਂਦਾ ਤਾਂ ਉਹ ਉਸ ਨੂੰ ਸਮਝਾ ਕੇ ਕਹਿੰਦਾ ਕਿ ਬਾਰ ਵਿਚ ਆਨੰਦ ਮਾਣਨ ਤੇ ਮਨ-ਪਰਚਾਵੇ ਲਈ ਆਈਦਾ ਹੈ ਨਾ ਕਿ ਝਗੜੇ ਕਰਨ ? ਜੇ ਤੂੰ ਸ਼ਕਤੀ ਦਾ ਨਿਰਣਾ ਹੀ ਕਰਨਾ ਹੈ, ਤਾਂ ਆ ਸਪੋਰਟਸਮੈਨਸ਼ਿਪ ਨਾਲ ਕਰੀਏ। ਉਹ ਦੋਹਾਂ ਲੜਨ ਵਾਲੀਆਂ ਧਿਰਾਂ ਨੂੰ ਆਮ੍ਹੋ ਸਾਮ੍ਹਣੇ ਬਿਠਾ ਲੈਂਦਾ ਤੇ ਫਿਰ ਕੂਹਣੀਆਂ ਮੇਜ਼ ’ਤੇ ਟਿਕਾ ਕੇ ਇਕ ਦੂਜੇ ਦੇ ਪੰਜੇ ਪਕੜਨ ਦੀ ਹਦਾਇਤ ਕਰਦਾ। ਉਨ੍ਹਾਂ ਦੋਹਾਂ ’ਚੋਂ ਜਿਹੜਾ ਦੂਜੇ ਦੀ ਬਾਂਹ ਨੂੰ ਦਬਾ ਕੇ ਪੰਜੇ ਦੀ ਪਿੱਠ ਮੇਜ਼ ’ਤੇ ਲਾ ਦਿੰਦਾ ਉਹ ਜਿੱਤ ਜਾਂਦਾ। ਉਨ੍ਹਾਂ ਦੋਹਾਂ ਦੀ ਪੇਸ਼ਾਨੀ ਤੇ ਮੁੜ੍ਹਕੇ ਦੇ ਕਤਰੇ ਉੱਭਰ ਆਉਂਦੇ। ਇਸ ਮੁੜ੍ਹਕੇ ਦੀ ਸਾਂਝ ਵਿਚ ਉਨ੍ਹਾਂ ਨੂੰ ਆਪਣੀ ਲੜਾਈ ਭੁੱਲ ਜਾਂਦੀ ਤੇ ਇਹ ਦਸਤ-ਪੰਜਾ ਮਨ ਪਰਚਾਵੇ ਦੀ ਇਕ ਖੇਡ ਬਣ ਜਾਂਦਾ। ਉਹ ਸਾਰੇ ਉਸ ਨਾਲ ਦਸਤ-ਪੰਜਾ ਲੈਣ ਦੀ ਪੇਸ਼ਕਸ਼ ਕਰਦੇ। ਕਦੇ ਉਹ ਹੱਸ ਕੇ ਟਾਲ ਜਾਂਦਾ ਤੇ ਕਦੇ ਕਿਸੇ ਹੱਟੇ ਕੱਟੇ ਨੌਜਵਾਨ ਦਾ ਪੰਜਾ ਅੱਖ ਫੋਰੇ ਵਿਚ ਮੇਜ਼ ’ਤੇ ਲਾ ਕੇ ਸਭ ਨੂੰ ਅਚੰਭੇ ਵਿਚ ਪਾ ਦਿੰਦਾ। ਉਹ ਕਹਿੰਦੇ ਸਿੰਘ ਬਹੁਤ ਤਕੜੇ ਹਨ, ਇਹ ਜੂਡੋ ਵੀ ਜਾਣਦੇ ਹਨ। ਬੜੀ ਤਕੜੀ ਤੇ ਦਲੇਰ ਕੌਮ ਹੈ ਸਾਡੇ ਵਾਂਗ, ਕਿਕੂਯੂ ਵੀ ਕੀਨੀਆਂ ਦੇ ਸਿੰਘ ਹਨ।

ਹਫ਼ਤੇ ਦੇ ਅੰਤ ਵਿਚ ਹਰ ਸ਼ਨਿਚਰਵਾਰ ਨੈਰੋਬੀ ਤੇ ਹੋਰ ਨਿੱਕੇ-ਨਿੱਕੇ ਕਸਬਿਆਂ ਵਿਚ ਨੌਕਰੀ ਕਰਦੇ ਪੜ੍ਹੇ ਲਿਖੇ ਨੌਜਵਾਨ ਛੁੱਟੀ ਕੱਟਣ ਏਥੇ ਵਾਪਸ ਆਉਂਦੇ ਤਾਂ ਉਹ ਉਸ ਨਾਲ ਅੰਤਰ-ਰਾਸ਼ਟਰੀ ਰਾਜਨੀਤੀ ਅਤੇ ਆਪਣੇ ਦੇਸ਼ ਦੀ ਸਥਿਤੀ ਬਾਰੇ ਬਹਿਸ ਵਿਚ ਪੈ ਜਾਂਦੇ। ਕੋਈ ਕਹਿੰਦਾ, "ਮਿਸਟਰ ਸਿੰਘ ! ਇਹ ਸ਼ਾਹ ਤੇ ਪਟੇਲ ਬਹੁਤ ਭੈੜੇ ਹਨ। ਇਨ੍ਹਾਂ ਏਸ਼ੀਅਨ ਵਿਓਪਾਰੀਆਂ ਨੇ ਸਾਡੇ ਅਨਪੜ੍ਹ ਤੇ ਅਨਜਾਣ ਸਾਦਾ-ਲੋਹ ਲੋਕਾਂ ਦਾ ਖ਼ੂਨ ਚੂਸ ਕੇ ਲੱਖਾਂ ਸ਼ਲਿੰਗ ਬੈਂਕਾਂ ਵਿਚ ਜਮ੍ਹਾਂ ਕਰ ਲਏ ਹਨ—ਕੋਠੀਆਂ ਪਾ ਲਈਆਂ ਹਨ। ਆਜ਼ਾਦੀ ਮਿਲ ਗਈ ਹੈ, ਪਰ ਸਾਡੇ ਲੋਕ ਅਜੇ ਵੀ ਗਰੀਬ ਦੇ ਗਰੀਬ ਹਨ ਤੇ ਇਹ ਏਸ਼ੀਅਨ ਵਿਓਪਾਰੀ ਅਜੇ ਵੀ ਦਿਨੋ ਦਿਨ ਅਮੀਰ ਹੋ ਰਹੇ ਹਨ। ਸਾਨੂੰ ਇਨ੍ਹਾਂ ਨਾਲ ਨਫ਼ਰਤ ਹੈ।"

ਤਾਂ ਉਹ ਉੱਤਰ ਦਿੰਦਾ, "ਵਿਓਪਾਰੀ ਦਾ ਨਾ ਕੋਈ ਧਰਮ ਹੁੰਦਾ ਹੈ, ਨਾ ਕੌਮ, ਨਾ ਦੇਸ਼, ਨਾ ਕਬੀਲਾ— ਉਹ ਕੇਵਲ ਵਿਓਪਾਰੀ ਹੁੰਦਾ ਹੈ, ਜਿਸ ਨੇ ਘੱਟ ਮੁੱਲ 'ਤੇ ਚੀਜ਼ ਖ਼ਰੀਦ ਕੇ ਵੱਧ ਮੁੱਲ 'ਤੇ ਵੇਚਣੀ ਹੁੰਦੀ ਹੈ— ਦੋਹਾਂ ਪਾਸਿਆਂ ਤੋਂ ਆਪਣੀ ਰੋਟੀ ਚੋਪੜਨੀ ਹੁੰਦੀ ਹੈ—ਵਿਓਪਾਰੀ ਚਾਹੇ ਗੰਦਮੀ ਹੋਵੇ, ਚਾਹੇ ਚਿੱਟਾ ਤੇ ਚਾਹੇ ਕਾਲਾ—ਉਸ ਦੀ ਨੀਅਤ ਇਕ ਹੁੰਦੀ ਹੈ—ਰੁਚੀ ਇਕ ਹੁੰਦੀ ਹੈ।"

"ਨਹੀਂ ਮਿਸਟਰ ਸਿੰਘ ਇਹ ਏਸ਼ੀਅਨ ਵਿਓਪਾਰੀ ..."

"ਮੈਂ ਤੁਹਾਡੇ ਨਾਲ ਸਹਿਮਤ ਹਾਂ ਕਿ ਇਨ੍ਹਾਂ ਕੱਛੀਆਂ ਗੁਜਰਾਤੀਆਂ ਨੇ ਏਥੇ ਸੈਂਟ ਪਰਸੈਂਟ ਨਫ਼ਾ ਵੀ ਕਮਾਇਆ ਹੈ। ਇਹ ਤੁਹਾਨੂੰ ਹੀ ਨਹੀਂ ਸਾਨੂੰ ਵੀ ਲੁੱਟਦੇ ਹਨ। ਇਨ੍ਹਾਂ ਨਾਲ ਸੌਦੇਬਾਜ਼ੀ ਕਰਦਿਆਂ 200 ਸ਼ਲਿੰਗ ਦੱਸੇ ਮੁੱਲ ਦੀ ਚੀਜ਼ ਜੇ ਭਾ ਕਰਕੇ 125 ਸ਼ਲਿੰਗ ਤੇ ਲੈ ਆਓ ਤਾਂ ਵੀ ਤੁਹਾਡੇ ਮਨ ਵਿਚ ਇਹ ਸੰਦੇਹ ਰਹਿੰਦਾ ਹੈ ਕਿ ਕਾਸ਼ ਮੈਂ ਉਸ ਨੂੰ ਆਖ਼ਿਰ ਪਰਵਾਨਤ ਕੀਮਤ 100 ਜਾਂ 75 ਸ਼ਲਿੰਗ ਕਹਿੰਦਾ ਤਾਂ ਵੀ ਉਸ ਨੇ ਮੰਨ ਜਾਣਾ ਸੀ, ਪਰ ਦੂਜੇ ਪਾਸੇ ਵੀ ਵੇਖੋ—ਵਿਓਪਾਰ ਦੀ ਅਫ਼ਰੀਕਨਾਈਜ਼ੇਸ਼ਨ ਹੇਠ ਜੋ ਅਫ਼ਰੀਕਨ ਵਿਓਪਾਰੀ ਅੱਗੇ ਆਏ ਹਨ ਕੀ ਉਹ ਵੀ ਇਹੋ ਕੁਝ ਹੀ ਨਹੀਂ ਕਰ ਰਹੇ ? ਆਜ਼ਾਦੀ ਮਿਲਣ ਤੋਂ ਬਾਅਦ ਕੀ ਤੁਸੀਂ ਇਹ ਅਨੁਭਵ ਨਹੀਂ ਕਰ ਰਹੇ ਕਿ ਮੇਰੇ ਦੇਸ਼ ਭਾਰਤ ਵਾਂਗ ਏਥੇ ਵੀ ਸਰਮਾਏਦਾਰੀ ਅਜੇ ਤਕ ਕਾਇਮ ਹੈ, ਕੀ ਹੋਇਆ ਜੇ ਚਿੱਟੇ ਅੰਗਰੇਜ਼ ਦੀ ਥਾਂ ਕਾਲੇ ਅੰਗਰੇਜ਼ ਨੇ ਤੇ ਏਸ਼ੀਅਨ ਵਿਓਪਾਰੀ ਦੀ ਥਾਂ ਅਫ਼ਰੀਕਨ ਵਿਓਪਾਰੀ ਨੇ ਲੈ ਲਈ ਹੈ ?"

ਤਾਂ ਉਹ ਸਾਰੇ ਲਾਜਵਾਬ ਹੋ ਜਾਂਦੇ ਤੇ ਆਪਣੇ ਆਲੇ-ਦੁਆਲੇ ਰਾਤੋ-ਰਾਤ ਅਮੀਰ ਹੋਏ ਆਪਣੇ ਕਬੀਲੇ ਦੇ ਲੋਕਾਂ ਤੇ ਝਾਤ ਮਾਰ ਕੇ ਉਸ ਨਾਲ ਸਹਿਮਤ ਹੋ ਜਾਂਦੇ, ਤੇ ਪੁੱਛਦੇ ਕਿ ਇਨ੍ਹਾਂ ਹੋਰ ਏਸ਼ੀਅਨਜ਼ ਨਾਲੋਂ ਸਿੰਘ ਕਿਉਂ ਵੱਖਰੇ ਹਨ ? ਇਨ੍ਹਾਂ ਨੂੰ ਏਥੇ ਸਾਰੇ ਕਿਉਂ ਪਸੰਦ ਕਰਦੇ ਹਨ ? ਤਾਂ ਉਹ ਜਵਾਬ ਦਿੰਦਾ ਕਿ ਇਹ ਇਸ ਲਈ ਕਿ ਇਨ੍ਹਾਂ ਦੀ ਬਹੁ-ਗਿਣਤੀ ਸ਼ਿਲਪ ਜਾਂ ਮਜ਼ਦੂਰੀ ਕਰਦੀ ਹੈ, ਤਕਨੀਕੀ, ਜਿਸਮਾਨੀ, ਮਸ਼ੀਨੀ ਜਾਂ ਦਿਮਾਗ਼ੀ। ਇਨ੍ਹਾਂ ਦੇ ਮੁੜ੍ਹਕੇ ਵਿਚ ਤੁਹਾਨੂੰ ਆਪਣਾ ਮੁੜ੍ਹਕਾ ਨਜ਼ਰ ਆਉਂਦਾ ਹੈ। ਇਹ ਮੁੜ੍ਹਕੇ ਦੀ ਸਾਂਝ ਹੈ।

ਕਦੇ-ਕਦੇ ਉਹ ਬਾਰ ਦੇ ਮਾਹੌਲ ਤੋਂ ਤਬਦੀਲੀ ਪ੍ਰਾਪਤ ਕਰਨ ਲਈ ਰਿੱਜਿਜ਼ ਉੱਤੇ ਖਿੱਲਰੀਆਂ ਝੁੱਗੀਆਂ ਵਲ ਨਿਕਲ ਤੁਰਦਾ। ਕੋਈ ਬੁੱਢਾ ਉਸ ਨੂੰ ਕਿਕੂਯੂ ਭਾਸ਼ਾ ਵਿਚ ਉਸ ਦਾ ਹਾਲ-ਚਾਲ ਪੁੱਛਦਾ, ਗਰੀਟ ਕਰਦਾ ਤਾਂ ਅੱਗੋਂ ਉਹ ਵੀ ਕਿਕੂਯੂ ਭਾਸ਼ਾ ਵਿਚ ਹੀ ਉਸ ਨੂੰ ਉਸ ਦੀ ਖ਼ਬਰਸਾਰ ਪੁੱਛਦਾ ਤਾਂ ਬੁੱਢਾ ਖਿੜ ਪੁੜ ਜਾਂਦਾ ਅਤੇ ਕਿਕੂਯੂ ਕਾਰਾ ਸਿੰਘਾ (ਕਿਕੂਯੂ ਸਿੰਘ) ਕਹਿ ਕੇ ਸੰਬੋਧਨ ਕਰਦਾ ਅਤੇ ਆਪਣੀ ਪਤਨੀ ਨੂੰ ਉਸ ਵਾਸਤੇ ਮੁਰਾਟੀਨਾ ਵਾਲਾ ਕੈਲਾਬਾਸ਼ ਲਿਆਉਣ ਲਈ ਕਹਿੰਦਾ। ਉਹ ਦੋਵੇਂ ਇਕੱਠੇ ਬੈਠ ਕੇ ਕੈਲਾਬਾਸ਼ 'ਚੋਂ ਪਸ਼ੂਆਂ ਦੇ ਸਿੰਗਾਂ ਵਿਚ ਮੁਰਾਟੀਨਾ ਪਾ ਕੇ ਪੀਂਦੇ ਗੱਲਾਂ ਕਰਦੇ, ਜਿਨ੍ਹਾਂ ਦੀ ਉਸ ਨੂੰ ਬਹੁਤ ਘੱਟ ਸਮਝ ਪੈਂਦੀ, ਪਰ ਉਹ ਹੂੰ ਹਾਂ ਕਰਦਾ ਆਪਣੇ ਖ਼ਿਆਲਾਂ ਵਿਚ ਖੋ ਜਾਂਦਾ। ਮੁਰਾਟੀਨਾ ਦੀ ਕਦੇ ਉਹ ਫ਼ਰਾਂਸ ਦੀ ਵਾਈਨ ਨਾਲ ਤੇ ਕਦੇ-ਕਦੇ ਲਾਹਣ ਨਾਲ ਤੁਲਨਾ ਕਰਦਾ। ਸ਼ਹਿਦ, ਖੰਡ, ਗੰਨੇ ਦੇ ਰਸ ਤੇ ਰਾਮਤੋਰੀ ਦੀ ਸੁੱਕੀ ਛਿੱਲ ਵਰਗੇ ਮੁਰਾਟੀਨਾ ਰੁੱਖ ਦੇ ਫਲ ਦੀ ਛਿੱਲ ਨੂੰ ਪਾਣੀ ਦੇ ਟੀਨ ਵਿਚ ਘੋਲ ਕੇ ਅੱਜ ਰੱਖ ਦਿਓ ਤੇ ਕੱਲ੍ਹ ਇਹ ਮੁਰਾਟੀਨਾ

ਪੀ ਲਓ। ਕਿੰਨਾ ਸਾਦਾ ਤਰੀਕਾ ਸੀ, ਨਸ਼ਾ ਬਨਾਉਣਾ ਦਾ। ਮੁਰਾਟੀਨਾ ਪੀਂਦਿਆਂ ਦੇ ਮੂਹਰੇ ਘਰ ਦੀ ਸੁਆਣੀ ਗਦੇਰੀ ਦੀਆਂ ਪਲੇਟਾਂ ਲਿਆ ਰੱਖਦੀ। ਮੱਕੀ ਤੇ ਰਾਜਮਾਹਾਂ ਦੇ ਉਬਲੇ ਦਾਣਿਆਂ ਦੇ ਇਸ ਨਮਕੀਨ ਕਿਕੂਯੂ ਭੋਜਨ ਨੂੰ ਚੱਖਦਿਆਂ ਉਸ ਨੂੰ ਆਪਣੇ ਦੇਸ਼ ਦੀਆਂ ਬੱਕਲੀਆਂ ਦੀ ਯਾਦ ਆ ਜਾਂਦੀ। ਬੁੱਢਾ ਤੇ ਉਸ ਦੇ ਘਰ ਦੇ ਸਭ ਜੀ ਖ਼ੁਸ਼ ਹੁੰਦੇ ਤੇ ਕਹਿੰਦੇ ਕਿ ਇਹ ਸਿੰਘ ਅੰਗਰੇਜ਼ਾਂ ਵਾਂਗ ਸਾਥੋਂ ਓਪਰਾ ਨਹੀਂ, ਸਗੋਂ ਸਾਡੇ ਵਾਂਗ ਹੀ ਸਾਡਾ ਹੈ।

ਸਟਾਫ਼ ਦੇ ਮੈਂਬਰ ਤੇ ਸਕੂਲ ਦੇ ਵਿੱਦਿਆਰਥੀ ਵੀ ਉਸ ਉੱਤੇ ਬਹੁਤ ਖ਼ੁਸ਼ ਸਨ। ਆਪਣੇ ਸਾਥੀ ਅਧਿਆਪਕਾਂ ਨਾਲ ਉਹ ਕਿਸੇ ਵੀ ਵਿਸ਼ੇ ਉੱਤੇ ਡੂੰਘੀ ਵਿਚਾਰ ਕਰ ਸਕਦਾ ਸੀ ਅਤੇ ਗਾਹੇ-ਬਗਾਹੇ ਉਨ੍ਹਾਂ ਨੂੰ ਸਮੂਹਕ ਪਾਰਟੀਆਂ ਦੀ ਆਫ਼ਰ ਕਰਦਾ ਰਹਿੰਦਾ ਸੀ। ਇਸ ਤਰ੍ਹਾਂ ਆਪਸੀ ਰੋਟੇਸ਼ਨ ਦੁਆਰਾ ਇਹ ਸਮੂਹਕ ਪਾਰਟੀ ਏਥੋਂ ਦਾ ਇਕ ਨਿਯਮ ਬਣ ਗਈ ਸੀ। ਸਕੂਲ ਦੇ ਵਿੱਦਿਆਰਥੀ ਉਸ ਦੇ ਹਰਮਨ ਪਿਆਰਿਆਂ ਹੋਣ ਦੇ ਦੈਨਿਕ ਪੱਤਰ ਸਨ। ਜਦੋਂ ਉਹ ਸਾਹਿਤ ਪੜ੍ਹਾਉਂਦਾ ਤਾਂ ਉਨ੍ਹਾਂ ਨੂੰ ਇੰਵ ਜਾਪਦਾ ਜਿਵੇਂ ਉਸ ਨੇ ਉਨ੍ਹਾਂ ਸਾਹਵੇਂ ਸਾਹਿਤਕਾਰੀ ਨਹੀਂ, ਸਗੋਂ ਜ਼ਿੰਦਗੀ ਦੀ ਸਮੁੱਚੀ ਕਿਤਾਬ ਖੋਲ੍ਹ ਕੇ ਰੱਖ ਦਿੱਤੀ ਹੋਵੇ—ਉਨ੍ਹਾਂ ਅੰਦਰ ਨਵੀਂ ਰੌਸ਼ਨੀ ਦਾ ਸੂਰਜ ਫੁੱਟ ਆਇਆ ਹੋਵੇ ਤੇ ਉਹ ਸ਼ਬਦਾਂ ਤੇ ਅਰਥਾਂ ਦੇ ਜ਼ਿੰਦਗੀ ਆਏ ਕਰਮ ਦਾ ਇਕ ਅੰਗ ਬਣ ਗਏ ਹੋਣ। ਇਹ ਵਿੱਦਿਆਰਥੀ ਉਸ ਦੀ ਪ੍ਰਸੰਸਾ ਨੂੰ ਮੀਲਾਂ ਤਕ ਲੈ ਗਏ। ਉਹ ਬਹੁਤ ਪ੍ਰਸੰਨ ਸੀ। ਉਸ ਨੇ ਆਪਣੇ ਲਈ ਨਹੀਂ ਸਗੋਂ ਸਾਰੇ ਹੀ ਸਿੰਘਾਂ ਲਈ ਏਥੇ ਆ ਕੇ ਆਦਰ ਪੈਦਾ ਕੀਤਾ ਸੀ।

ਪਰ ਇਕ ਦਿਨ ਉਸ ਨੂੰ ਬੜਾ ਅਚੰਭਾ ਹੋਇਆ, ਜਦੋਂ ਇਕ ਅਧਖੜ ਕਿਕੂਯੂ ਨੇ ਉਸ ਵਲ ਵੇਖਦਿਆਂ ਉੱਚੀ-ਉੱਚੀ ਜ਼ਹਿਰ ਉੱਗਲਦਿਆਂ ਉਸ ਉੱਤੇ ਸ਼ਾਊਟ ਕੀਤਾ, ਜਿਸ ਵਿੱਚੋਂ ਉਸ ਦੇ ਪੱਲੇ ਇਹ ਹੀ ਪਿਆ ਕਿ ਅਸੀਂ ਆਪਣੀ ਧਰਤੀ ਉੱਤੇ ਸਿੰਘਾਂ ਤੇ ਪੰਜਾਬੀਆਂ ਨੂੰ ਨਹੀਂ ਰਹਿਣ ਦੇਣਾ, ਅਸੀ਼ ਇਨ੍ਹਾਂ ਨੂੰ ਨਫ਼ਰਤ ਕਰਦੇ ਹਾਂ। ਅੱਗੋਂ ਜੋ ਕੁਝ ਉਸ ਨੇ ਬੁਰਾ ਭਲਾ ਆਖਿਆ ਉਸ ਦੇ ਕੁਝ ਪੱਲੇ ਨਾ ਪਿਆ। ਛਿਣ ਦੀ ਛਿਣ ਉਸ ਦੇ ਅੰਦਰ ਇਕ ਸੰਦੇਹ ਇਕ ਪ੍ਰਸ਼ਨ ਜਾਗਿਆ ਕਿ ਜੋ ਪ੍ਰਸਿੱਧੀ ਤੇ ਮਾਣ ਸਤਿਕਾਰ ਉਸ ਨੂੰ ਏਥੇ ਮਿਲਿਆ ਸੀ ਕੀ ਉਹ ਇਕ ਭਰਮ ਸੀ ? ਇਸ ਤੋਂ ਪਹਿਲਾਂ ਕਿ ਉਹ ਇਸ ਦਾ ਉੱਤਰ ਲੱਭਦਾ, ਬਾਰ ਦੇ ਮਾਲਕ ਤੇ ਹੋਰ ਸਭ ਨੇ ਅਧਖੜ ਪੁਰਸ਼ ਨੂੰ ਧੱਕੇ ਮਾਰ ਕੇ ਬਾਰ ਵਿੱਚੋਂ ਬਾਹਰ ਕੱਢਦਿਆਂ ਉਸ ਨੂੰ ਏਥੇ ਮੁੜ ਕਦੇ ਨਾ ਆਉਣ ਦੀ ਹਦਾਇਤ ਕੀਤੀ। ਉਸ ਨੇ ਉਨ੍ਹਾਂ ਨੂੰ ਲੱਖ ਰੋਕਿਆ ਤੇ ਕਿਹਾ ਕਿ ਤੁਸੀਂ ਬਹੁਤ ਬੁਰਾ ਕੀਤਾ ਹੈ, ਮੇਰੇ ਦੇਸ਼ ਵਿਚ ਵੀ ਸ਼ਰਾਬ ਪੀ ਕੇ ਲੋਕ ਇਸੇ ਤਰ੍ਹਾਂ ਖਰੂਦ ਕਰਦੇ ਹਨ। ਉਨ੍ਹਾਂ ਸਭਨਾਂ ਨੇ ਤੇ ਖ਼ਾਸ ਕਰ ਬਾਰ ਦੇ ਮੈਨੇਜਰ ਨੇ ਉਸ ਕੋਲੋਂ ਉਚੇਚੀ ਮੁਆਫ਼ੀ ਮੰਗੀ ਤੇ ਕਿਹਾ, "ਮਿਸਟਰ ਸਿੰਘ ! ਫ਼ੀਲ ਐਟ ਹੋਮ, ਵੀ ਆਰ ਵੈਰੀ ਸੌਰੀ—ਹੀ ਇਜ਼ ਇਨਸੇਨ—ਵੀ ਲਾਈਕ ਯੂ, ਵੀ ਲਾਈਕ ਆਲ ਸਿੰਘਜ਼ ਟੂ ਬੀ ਇਨ ਕੀਨੀਆਂ।"

ਗੱਲ ਆਈ ਗਈ ਹੋ ਗਈ ਪਰ ਉਸ ਦੇ ਜ਼ਿਹਨ ਵਿਚ ਇਸ ਅਧਖੜ ਕਿਕੂਯੂ ਦਾ ਕਿਰਦਾਰ ਤੇ ਵਤੀਰਾ ਇਕ ਘੁੰਡੀ ਬਣ ਕੇ ਰਹਿ ਗਿਆ ਅਤੇ ਉਹ ਸੋਚਣ ਲੱਗ ਪਿਆ ਕਿ ਇਸ ਦਾ ਕੀ ਕਾਰਨ ਹੋਵੇਗਾ ? ਉਸ ਦੇ ਇਕ ਅਫ਼ਰੀਕਨ ਮਿੱਤਰ ਨੇ ਇਕ ਵਾਰ ਬੜੀ ਗੰਭੀਰਤਾ ਨਾਲ ਉਸ ਨੂੰ ਕਿਹਾ ਸੀ ਕਿ ਇਹ ਏਸ਼ੀਅਨ ਲੋਕ ਸਾਡੀਆਂ ਕੁੜੀਆਂ ਨਾਲ ਨੱਚ ਕੇ ਤੇ ਸੌਂ ਕੇ ਬਹੁਤ ਪ੍ਰਸੰਨ ਹੁੰਦੇ ਹਨ ਪਰ ਆਪਣੀਆਂ ਕੁੜੀਆਂ ਨਾਲ ਸਾਨੂੰ ਗੱਲ ਵੀ ਨਹੀਂ ਕਰਨ ਦਿੰਦੇ। ਉਨ੍ਹਾਂ ਨੂੰ ਲੁਕੋ ਲੁਕੋ ਕੇ ਚਾਰ ਦੀਵਾਰੀ ਦੇ ਅੰਦਰ ਰੱਖਦੇ ਹਨ ਤੇ ਕੁੜੀਆਂ ਵੀ ਅਜਿਹੀਆਂ ਹਨ ਕਿ ਸਾਡੇ ਵਲ ਮੂੰਹ ਨਹੀਂ ਕਰਦੀਆਂ, ਅਤਿ ਦੀਆਂ ਐਂਟੀ ਸੋਸ਼ਲ।

ਉਹ ਸੋਚ ਰਿਹਾ ਸੀ ਕਿ ਸ਼ਾਇਦ ਅਫ਼ਰੀਕਨ ਕੁੜੀਆਂ ਨਾਲ ਖੁੱਲ੍ਹਮ ਖੁੱਲ੍ਹਾ ਨ੍ਰਿਤ ਕਰਨ ਅਤੇ ਮਿੱਤਰ-ਚਾਰਾ ਗੰਢਣ ਕਰਕੇ ਹੀ ਉਸ ਅਧਖੜ ਕਿਕੂਯੂ ਤੇ ਉਸ ਵਰਗੇ ਕੁਝ ਹੋਰ ਲੋਕਾਂ ਦੇ ਮਨ ਵਿਚ ਉਸ ਪ੍ਰਤੀ ਨਫ਼ਰਤ ਜਾਗੀ ਹੋਵੇ।

ਦੂਜੀ ਵਾਰੀ ਫੇਰ ਉਸੇ ਅਧਖੜ ਮਨੁੱਖ ਨੇ ਉਸ ਉੱਤੇ ਸ਼ਾਊਟ ਕੀਤਾ ਅਤੇ ਇਸ ਵਾਰੀ ਫਿਰ ਉਸ ਨੂੰ ਤੇ ਹੋਰ ਸਿੰਘਾਂ ਨੂੰ ਨਾ ਕੇਵਲ ਬੁਰਾ ਭਲਾ ਕਿਹਾ ਤੇ ਗਾਲ੍ਹਾਂ ਹੀ ਕੱਢੀਆਂ ਸਗੋਂ ਆਪਣੇ ਨਿਤੰਭਾਂ ਤੇ ਹੱਥ ਲਾ-ਲਾ ਕੇ ਉਹ ਵਾਰ-ਵਾਰ 'ਸਿੰਘ' ਕਹਿੰਦਾ ਅਤੇ ਉਸ ਵਲ ਵੇਖ ਕੇ ਜ਼ਮੀਨ ਉੱਤੇ ਥੁੱਕਦਾ ਸੀ। ਦੂਜਿਆਂ ਦੇ ਫੜਨ ਦੇ ਬਾਵਜੂਦ ਵੀ ਉਸ ਵਲ ਝਈਆਂ ਲੈ-ਲੈ ਕੇ ਝਪਟਦਾ ਸੀ ਅਤੇ ਫਿਰ ਜਦੋਂ ਉਹ ਆਪਣੇ ਨਿਤੰਭਾਂ ਉੱਤੇ ਹੱਥ ਲਾਉਂਦਾ ਤਾਂ ਉਸ ਦਾ ਗੁੱਸਾ ਹੋਰ ਵੀ ਭੜਕ ਉੱਠਦਾ ਉਹ ਕਹਿਰਵਾਨ ਹੋ ਜਾਂਦਾ।

ਉਹ ਬੜਾ ਹੈਰਾਨ ਸੀ, ਇਸ ਸਥਿਤੀ ਤੇ ਕਿ ਆਖ਼ਰ ਉਸ ਤੋਂ ਕੀ ਖ਼ੁਨਾਮੀ ਹੋ ਗਈ ਹੈ ? ਉਹ ਇਸ ਅਧਖੜ ਕਿਕੂਯੂ ਨੂੰ ਬਿਲਕੁਲ ਨਹੀਂ ਸੀ ਜਾਣਦਾ ਅਤੇ ਇਹ ਉਸ ਨਾਲ ਉਸ ਦੀ ਦੂਜੀ ਦੁਖਾਂਤਕ ਭੇਂਟ ਸੀ। ਉਹ ਇਸੇ ਸੋਚ ਵਿਚ ਗ਼ਲਤਾਨ ਸੀ ਕਿ ਉਸ ਦੇ ਇਕ ਅਤਿ ਨਿਕਟ ਅਫ਼ਰੀਕਨ ਮਿੱਤਰ ਨੇ ਉਸ ਨੂੰ ਬਾਹੋਂ ਫੜ ਕੇ ਬਾਰ ਵਿਚ ਲਿਆਂਦਾ ਅਤੇ ਬੀਅਰ ਦਾ ਆਰਡਰ ਦੇ ਕੇ ਕਹਿਣ ਲੱਗਾ, "ਇਹ ਪਾਗ਼ਲ ਹੈ, ਤੂੰ ਚਿੰਤਾ ਨਾ ਕਰ। ਇਹ ਕਿਸੇ ਸਿੰਘ ਮਿਸਤਰੀ ਤੋਂ ਲੋਹੇ ਦਾ ਕੰਮ ਸਿੱਖਦਾ ਹੁੰਦਾ ਸੀ। ਕੰਮ ਸਿੱਖਦਿਆਂ ਕਿਤੇ ਇਸ ਤੋਂ ਕੋਈ ਗੰਭੀਰ ਗਲਤੀ ਹੋ ਗਈ ਤਾਂ ਭੱਠੀ ਤੇ ਬੈਠੇ ਉਸ ਸਿੰਘ ਨੇ ਗੁੱਸੇ ਵਿਚ ਆ ਕੇ ਤੱਤਾ-ਤੱਤਾ ਲੋਹਾ ਇਸ ਦੇ ਨਿਤੰਭਾਂ ਉੱਤੇ ਲਾ ਦਿੱਤਾ। ਉਸ ਦਿਨ ਤੋਂ ਹੀ ਜਦ ਇਹ ਕਿਸੇ ਸਿੰਘ ਨੂੰ ਵੇਖਦਾ ਹੈ ਤਾਂ ਸਭ ਸਿੰਘਾਂ ਨੂੰ ਬੁਰਾ-ਭਲਾ ਕਹਿੰਦਾ ਹੋਇਆ ਉਸ ਉੱਤੇ ਸ਼ਾਊਟ ਕਰਨ ਲਗ ਪੈਂਦਾ ਹੈ। ਕੀ ਤੂੰ ਵੀ ਇਸ ਇਕ ਕਿਕੂਯੂ ਵਲ ਵੇਖ ਕੇ ਬਾਕੀ ਸਾਰਿਆਂ ਬਾਰੇ ਵੀ ਭੈੜੀ ਰਾਏ ਬਣਾ ਲਵੇਂਗਾ ?"

# ਆਦਿ ਸੱਚ, ਜੁਗਾਦਿ ਸੱਚ

ਉਹ ਆਪਣੇ ਦੇਸ਼ ਦਾ ਇਕ ਮਹਾਨ ਸਾਇੰਸਦਾਨ ਹੀ ਨਹੀਂ, ਸਗੋਂ ਇਕ ਸੰਸਾਰ ਪ੍ਰਸਿੱਧ ਹਸਤੀ ਵੀ ਸੀ। ਜਦੋਂ ਤੋਂ ਉਹ ਆਪਣੇ ਦੇਸ਼ ਦੇ ਪ੍ਰਮਾਣੂ ਸ਼ਕਤੀ ਕਮਿਸ਼ਨ ਦਾ ਮੁਖੀ ਬਣਿਆ ਸੀ, ਉਸ ਦੇ ਮਨ ਵਿਚ ਤਰ੍ਹਾਂ-ਤਰ੍ਹਾਂ ਦੇ ਵਿਚਾਰ ਪਨਪ ਰਹੇ ਸਨ। ਉਸ ਨੇ ਧਾਰਮਕ ਦਰਸ਼ਨ ਤੋਂ ਲੈ ਕੇ ਹੀਗਲ, ਕਿਰਕਗਾਰਦ, ਸਾਰਤ ਤੇ ਰਸਲ ਆਦਿ ਤਕ ਦੇ ਵਿਚਾਰਾਂ ਦਾ ਅਧਿਐਨ ਕੀਤਾ ਸੀ। ਇਨ੍ਹਾਂ ਦੇ ਫ਼ਲਸਫ਼ੇ ਨੂੰ ਮਨੁੱਖ ਦੇ ਆਦਿ ਜੁਗਾਦਿ ਵਿਕਾਸ ਤੇ ਇਤਿਹਾਸ ਦੇ ਪੰਨਿਆਂ ਤੇ ਫੈਲਾ ਕੇ ਵੇਖਿਆ ਸੀ। ਧਰਮ ਬਾਰੇ ਤਾਂ ਉਹ ਇਸ ਨਤੀਜੇ ਤੇ ਪਹੁੰਚਿਆ ਸੀ ਕਿ ਇਹ ਇਕ ਰਹੱਸ ਹੈ, ਇਕ ਫ਼ਰਜ਼ੀ ਕਹਾਣੀ ਜੋ ਮਨੁੱਖ ਦੇ ਆਦਿ ਤੇ ਵਿਕਾਸ ਨੂੰ ਅੰਧ ਵਿਸ਼ਵਾਸ ਦੀਆਂ ਭੁੱਲ-ਭੁਲੱਈਆਂ ਦੀ ਅੰਨ੍ਹੀ ਦਿਸ਼ਾ ਵਿਚ ਲਿਜਾ ਖੜਿਆਂ ਕਰਦੀ ਹੈ। ਜਿੱਥੇ ਨਾ ਰੱਬ ਦੀ ਹਾਂ-ਵਾਚਕ ਸ਼ਕਤੀ ਦਾ ਹੀ ਨਿਰਣਾਜਨਕ ਨਿਆਏ ਹੁੰਦਾ ਸੀ ਤੇ ਨਾ ਹੀ ਸ਼ੈਤਾਨ ਦੀ ਨਾਂਹ-ਵਾਚਕ ਤਬਾਹ-ਕੁਨ ਸ਼ਕਤੀ ਦਾ ਅਤੇ ਨਾ ਹੀ ਇਨ੍ਹਾਂ ਦੋਹਾਂ ਦੀ ਸਹਿ-ਹੋਂਦ ਤੇ ਸਮਝੌਤੇ ਦਾ ਭੇਦ ਹੀ ਪੱਲੇ ਪੈਂਦਾ ਸੀ। ਧਰਮ ਦੀ ਸਿੱਖਿਆ ਦਾ ਕਾਰਨ ਉਸ ਨੇ ਸਮਝ ਲਿਆ ਸੀ ਕਿ ਮਨੁੱਖ ਨੇ ਆਪਣਾ ਆਦਿ ਜਾਣਨਾ ਚਾਹਿਆ, ਤਾਂ ਇਤਿਹਾਸ ਦੀ ਠੋਸ ਗਵਾਹੀ ਨਾ ਮਿਲਦੀ ਵੇਖਕੇ, ਉਹ ਆਪਣੇ ਅੰਧ-ਵਿਸ਼ਵਾਸ ਦਾ ਇਕ ਕਾਲਪਨਿਕ ਸੰਸਾਰ ਮਿਥ ਬੈਠਾ—ਆਪਣੇ ਤੋਂ ਵਡੇਰੀ ਕਿਸੇ ਸ਼ਕਤੀ ਦੇ ਰਹੱਸ ਵਿਚ ਆਪਣੀ ਜਗਿਆਸਾ ਧਾਰ ਕੇ ਸੰਤੁਸ਼ਟ ਹੋ ਬੈਠਾ। ਧਾਰਮਕ ਨੈਤਿਕਤਾ ਦੇ ਕਾਰਨ ਨੂੰ ਵੀ ਉਸ ਨੇ ਚੰਗੀ ਤਰ੍ਹਾਂ ਸਮਝ ਲਿਆ ਸੀ। ਮਨੁੱਖ ਨੇ ਨਦੀਆਂ, ਨਾਲਿਆਂ, ਪਰਬਤਾਂ, ਚੰਦ, ਤਾਰਿਆਂ ਤੇ ਵਣਾਂ, ਬ੍ਰਿਛਾਂ ਨੂੰ ਇਕ ਲੰਮੀ ਉਮਰ ਭੋਗਦੇ ਵੇਖਿਆ, ਤਾਂ ਉਸ ਅੰਦਰ ਵੀ ਇਸ ਸਦੀਵਤਾ ਨੂੰ ਪ੍ਰਾਪਤ ਕਰਨ ਦੀ ਇੱਛਾ ਮੌਲੀ। ਇਸ ਲਈ ਉਸ ਨੇ ਤਨ ਮਨ ਦੀ ਸੁੱਚਮ ਤੇ ਨੈਤਿਕ ਅਭਿਆਸ ਦੁਆਰਾ ਆਤਮਾ ਦੀ ਸ਼ੁੱਧੀ 'ਤੇ ਬਲ ਦੇ ਕੇ, ਪਦਾਰਥ ਦੇ ਦਵੰਧ ਵਿੱਚੋਂ ਨਿਕਲਣ ਤੇ ਆਤਮਾ ਨੂੰ ਪਰਮਾਤਮਾ ਵਿਚ ਅਭੇਦ ਕਰਕੇ ਨਿਰਵਾਨ ਦੀ ਹੀ ਨਹੀਂ ਸਗੋਂ ਇਕ ਸਦੀਵੀ ਸੌਂਦਰਯ ਦੀ ਇੱਛਾ ਵੀ ਕੀਤੀ।

ਅੱਜ ਆਤਮਕ ਸ਼ਕਤੀਆਂ ਦੇ ਟਾਕਰੇ ਤੇ ਪਦਾਰਥਕ ਸ਼ਕਤੀਆਂ ਅਤੇ ਅੰਧ-ਵਿਸ਼ਵਾਸ ਦੇ ਟਾਕਰੇ ਤੇ ਦਲੀਲ ਤੇ ਗਿਆਨ ਵਿਗਿਆਨ ਨੇ ਇਸ ਕਦਰ ਤੇਜ਼ੀ ਨਾਲ ਉੱਨਤੀ ਕੀਤੀ ਹੈ ਕਿ ਮਨੁੱਖ ਨੂੰ ਧਾਰਮਕ ਨਿਰਵਾਣ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਪ੍ਰਮਾਣੂ ਦੀ ਭਿਆਨਕ ਹੋਣੀ ਤੇ ਵਿਸਫੋਟ ਤੋਂ ਬਾਅਦ ਉਤਪੰਨ ਹੋਣ ਵਾਲੇ ਸਦੈਵੀ ਅਨ੍ਹੇਰ ਵਿਚ ਆਪਣੇ ਆਦਿ, ਵਿਕਾਸ ਅਤੇ ਅੰਤ ਦੇ ਤਿੰਨੇ ਸਿਰੇ ਸਦਾ ਲਈ ਗੁੰਮ ਜਾਣ ਦਾ ਸੰਸਾ ਪੈਦਾ ਹੋ ਗਿਆ ਹੈ। ਜਦੋਂ ਉਹ ਹੀਰੋਸ਼ੀਮਾ ਅਤੇ ਨਾਗਾਸਾਕੀ 'ਚੋਂ ਹੁੰਦਾ-ਹੁੰਦਾ ਆਪਣੀ ਪ੍ਰਮਾਣੂ ਸ਼ਕਤੀ ਕਮਿਸ਼ਨ ਦੀ ਉੱਚ ਪਦਵੀ ਤੇ ਝਾਤ ਮਾਰਦਾ, ਤਾਂ ਉਸ ਨੂੰ ਇੰਞ ਜਾਪਦਾ ਜਿਵੇਂ ਉਹ ਇਸ ਮਾਣ ਮਹੱਤਵ ਵਾਲੀ ਕੁਰਸੀ ਤੇ ਨਹੀਂ ਸਗੋਂ ਇਕ ਭਿਆਨਕ ਪ੍ਰਮਾਣੂ ਭੱਠੀ ਤੇ ਬੈਠਾ ਹੈ, ਜਿਸ ਦਾ ਵਿਸਫ਼ੋਟ ਕਿਸੇ ਸਮੇਂ ਵੀ ਸੰਭਵ ਹੋ ਸਕਦਾ ਹੈ। ਇਨ੍ਹਾਂ ਸੋਚਾਂ ਦੇ ਪ੍ਰਭਾਵ-ਵਸ ਉਸ ਦੇ ਜ਼ਿਹਨ ਵਿਚ ਇਕ ਛਣਾਕਾ ਜਿਹਾ ਹੁੰਦਾ ਤੇ ਉਸ ਨੂੰ ਆਪਣੇ

ਅਸਤਿੱਤਵ ਦੇ ਨਾਲ ਹੀ ਸਾਰਤ ਦੇ ਅਸਤਿੱਤਵਵਾਦ ਤੋਂ ਲੈ ਕੇ ਰੂਸ, ਚੀਨ ਦੇ ਸਮਾਜਵਾਦ ਅਤੇ ਅਮਰੀਕਾ ਦੇ ਪੂੰਜੀਵਾਦ ਤਕ ਸਭ ਦੇ ਚੀਥੜੇ ਉੱਡਦੇ ਨਜ਼ਰ ਆਉਂਦੇ; ਜਿਨ੍ਹਾਂ ਦੇ ਨਿਸ਼ਾਨ ਇਤਿਹਾਸ ਦੇ ਪੰਨਿਆਂ ਨੂੰ ਗੂੜ੍ਹੇ ਸੁਰਖ਼ ਰੰਗਾਂ ਵਿਚ ਰੰਗ ਕੇ ਸਦਾ ਲਈ ਤਾਰੀਕੀ ਵਿਚ ਸੁਟ ਜਾਂਦੇ—ਅਗਾਮੀਂ ਇਤਿਹਾਸਕਾਰਾਂ, ਪੁਰਾਲੇਖ ਖੋਜੀਆਂ ਤੇ ਡਾਰਵਨਾ ਲਈ—ਆਦਮੀ ਤੋਂ ਸੱਖਣੀ ਸ਼ੂਨਯ ਹੋਈ ਇਸ ਧਰਤੀ ਉੱਤੇ ਇਸ ਵਿਕਾਸ ਦੀ ਤਬਾਹੀ ਦੀ ਭੁੱਲੀ ਵਿਸਰੀ ਲੜੀ ਲੱਭਣ ਲਈ।

ਉਹ ਵੇਖਦਾ ਕਿ ਉਸ ਦੇ ਕੱਪੜੇ ਤੇ ਹੱਥ ਸਭ ਲਹੂ-ਲੁਹਾਨ ਹਨ—ਉਸ ਦਾ ਕਮਰਾ ਰੱਤੋ-ਰੱਤ ਹੈ—ਆਪਣੀ ਪ੍ਰਯੋਗਸ਼ਾਲਾ ਵਿਚ ਉਸ ਨੂੰ ਪ੍ਰਮਾਣੂ ਦਾ ਵਿਸਫ਼ੋਟ ਹੀ ਨਹੀਂ ਸਗੋਂ ਸਗਲੀ ਧਰਤੀ ਤੇ ਪਸਰੀ ਜਨ-ਸੰਖਿਆ ਦਾ ਵਿਸਫ਼ੋਟ ਹੁੰਦਾ ਨਜ਼ਰ ਆਉਂਦਾ ਤਾਂ ਉਹ ਸਿਰ ਤੋਂ ਪੈਰਾਂ ਤੀਕ ਇਸ ਅਪਰਾਧ-ਭਾਵਨਾ ਨਾਲ ਕੰਬ ਜਾਂਦਾ। ਉਹ ਸੋਚਦਾ ਕਿ ਇਸ ਸ਼ਸਤਰ-ਦੌੜ, ਇਸ ਖ਼ਲਾਈ ਖੋਜ ਦਾ ਮੁਕਾਬਲਾ ਕਿਸ ਅਰਥ ? ਇਹ ਚੰਦ ਤਾਰਿਆਂ ਦੀ ਦੁਨੀਆਂ ਵਿਚ ਜਾਂ ਵੱਸਣ ਦੇ ਦਾਈਏ ਬੰਨ੍ਹਦਾ ਮਨੁੱਖ ਅਚੇਤ ਹੀ ਲਗਾਤਾਰ ਉਸ ਟਹਿਣੀ ਨੂੰ ਕੱਟੀ ਜਾ ਰਿਹਾ ਹੈ, ਜਿਸ ਉੱਤੇ ਉਹ ਆਪ ਬੈਠਾ ਹੈ। ਇਹ ਜਾਣਦੇ ਹੋਇਆਂ ਵੀ ਕਿ ਹੇਠਾਂ ਇਕ ਵਿਕਰਾਲ ਪਾਤਾਲ ਹੈ, ਜਿਸ ਵਿਚ ਸਿਆਹ ਨਾਗ ਰੀਂਗਦੇ ਫਿਰਦੇ ਹਨ। ਜਿਸ ਵਿਚ ਦਾਖ਼ਲ ਹੋ ਕੇ ਬੰਦਾ ਫ਼ਨਾਹ ਤਾਂ ਹੋ ਸਕਦਾ ਹੈ, ਵਾਪਸ ਕਦੇ ਨਹੀਂ ਮੁੜ ਸਕਦਾ।

ਉਸ ਦੀ ਸੋਚ ਇਨ੍ਹਾਂ ਵਹਿਣਾਂ ਵਿਚ ਹੀ ਅਮਰੀਕਾ ਪਹੁੰਚ ਗਈ। ਉਹ ਸੋਚਦਾ ਕਿ ਧਰਤੀ ਉੱਤੇ ਨਿਤ ਅਨੇਕਾਂ ਲੋਕ ਭੁੱਖ, ਬੀਮਾਰੀ ਤੇ ਗਰੀਬੀ ਦਾ ਸ਼ਿਕਾਰ ਹੋ ਕੇ ਮਰ ਰਹੇ ਹਨ ਤੇ ਅਨੇਕਾਂ ਮਿਲੀਅਨ ਡਾਲਰ ਹਰ ਵਰ੍ਹੇ ਚੰਦਰ-ਯੋਜਨਾ ਤੇ ਖ਼ਲਾਈ ਦੌੜ ’ਤੇ ਖ਼ਰਚੇ ਜਾ ਰਹੇ ਹਨ। ਅਜੀਬ ਮਜ਼ਾਕ ਹੈ ਮਨੁੱਖਤਾ ਦੇ ਇਸ ਦੁਖਾਂਤ ਦਾ। ਫਿਰ ਉਹ ਆਪਣੇ ਆਪ ਬਾਰੇ ਸੋਚਣ ਬੈਠ ਜਾਂਦਾ। ਉਸ ਦੀ ਆਪਣੀ ਹੋਂਦ ਕੀ ਹੈ ? ਇਸ ਦਾ ਮੰਤਵ ਕੀ ਹੈ ? ਉਸ ਦੇ ਜ਼ਿਹਨ ਵਿਚ ਆਪਣੇ ਇਕ ਕਵੀ ਮਿੱਤਰ ਦੇ ਬੋਲ ਸੁਪ੍ਰਾਣ ਹੋ ਜਾਂਦੇ : “ਅਸੀਂ ਜੀਊਣ ਲਈ ਜੰਮਦੇ, ਪਰ ਮਰਨ ਲਈ ਜਿਊਂਦੇ, ਮਾਰੂਥਲ ਨੂੰ ਭੋਗਦੇ, ਹਰ ਪਲ, ਹਰ ਛਿਣ, ਵਰਤਮਾਨ ਵਿਚ ਵਿਅਰਥ ਹੋ ਰਹੇ ਹਾਂ।” ਉਸ ਨੂੰ ਜੀਵਨ ਤੇ ਮੌਤ ਵਿਚਕਾਰ ਤਣੀ ਹੋਂਦ ਦੀ ਇਸ ਊਲ-ਜਲੂਲੀਅਤ ’ਤੇ ਇਕ ਝੁਣਝੁਣੀ ਜਿਹੀ ਆ ਜਾਂਦੀ। ਉਸ ਦਾ ਲੂੰ-ਲੂੰ, ਵਿੰਨ੍ਹਿਆਂ-ਵਿੰਨ੍ਹਿਆਂ, ਖਿੰਡਿਆ-ਖਿੰਡਿਆ ਜਾਪਦਾ ਤੇ ਉਹ ਮਹਿਸੂਸ ਕਰਦਾ ਜਿਵੇਂ ਉਸ ਦੀ ਉਮਰ ਦੀ ਸਾਰੀ ਪ੍ਰਾਪਤੀ ਉੱਤੇ ਇਕ ਸਿਆਹ ਰੰਗ ਫਿਰ ਗਿਆ ਹੋਵੇ। ਮੇਜ਼ ਤੇ ਪਏ ਖੋਜ-ਪੱਤਰਾਂ ਉੱਤੇ ਮੌਤ ਦੇ ਸਿਆਹ ਹਾਸ਼ੀਏ ਤੋਂ ਅੱਗੇ ਬਿਜਲੀ-ਖੰਭਿਆਂ ਤੇ ਟੰਗੇ ਦੋ ਹੱਡੀਆਂ ਤੇ ਖੋਪਰੀ ਵਾਲੇ ਖ਼ਤਰੇ ਦੇ ਨਿਸ਼ਾਨ ਝੂਲਦੇ ਨਜ਼ਰ ਆਉਂਦੇ—ਬਿਜਲੀ ਦੀ ਇਕ ਨੰਗੀ ਤਾਰ ਸਾਰੀ ਧਰਤੀ ਉੱਤੇ ਇਕ ਜਾਲ ਜਿਹਾ ਉਣ ਰਹੀ ਪ੍ਰਤੀਤ ਹੁੰਦੀ ਤੇ ਦੂਜੇ ਛਿਣ ਹੀ ਦਿਨ ਨੂੰ ਅੰਨ੍ਹੀ ਜਨ-ਸੰਖਿਆ ਚਮਗਿੱਦੜਾਂ ਵਾਂਗ ਅਣਗਿਣਤ ਪਿੰਜਰਾਂ ਦਾ ਇਕ ਸਮੂਹਿਕ ਪਿੰਜਰ ਬਣ ਇਸ ਜਾਲ ਵਿਚ ਫਸ ਕੇ ਪੁੱਠੀ ਲਟਕਦੀ ਨਜ਼ਰ ਆਉਂਦੀ ਅਤੇ ਫਿਰ ਇਕ ਵਿਸਫ਼ੋਟ ਸੁਣਾਈ ਦਿੰਦਾ—ਇਕ ਸੰਘਣਾ ਅਨ੍ਹੇਰਾ ਪਸਰਿਆ ਪ੍ਰਤੀਤ ਹੁੰਦਾ—ਉਸ ਨੂੰ ਜਾਪਦਾ ਜਿਵੇਂ ਮਹਾਤਮਾ ਬੁੱਧ, ਈਸਾ, ਗੁਰੂ ਨਾਨਕ, ਮਾਰਤਨ ਲੂਥਰ ਕਿੰਗ ਤੇ ਹੋਚੀ ਮਿੰਨ੍ਹ ਦੇ ਨਾਲ ਹੀ ਹਿਟਲਰ, ਚੰਗੇਜ਼, ਮਸੋਲੀਨੀ, ਮਾਓ, ਜੌਨਸਨ, ਨਿਕਸਨ ਤੇ ਬਰੈਜ਼ਨੇਵ ਇਕ-ਇਕ ਕਰਕੇ ਉਸ ਦੇ ਅੰਦਰ ਸਦਾ ਲਈ ਦਮ ਤੋੜ ਗਏ ਹੋਣ। ਉਸ ਦੀ ਦੇਹ ਸੁੰਨ ਹੋ ਜਾਂਦੀ। ਉਸ ਦੀ ਰੀੜ੍ਹ ਦੀ ਹੱਡੀ ਵਿਚ ਪਾਰਾ ਲੱਥ ਗਿਆ ਜਾਪਦਾ।

ਪਰ ਦਫ਼ਤਰ ਦੀ ਰੁਟੀਨ, ਲੰਚ-ਬਰੇਕ, ਚਪੜਾਸੀ, ਕਾਗ਼ਜ਼ਾਂ ਦੀ ਤੋਰ ਤੇ ਹੋਰ ਸਰਕਾਰੀ ਕੰਮਾਂ ਦੀ ਭੇਡ-ਚਾਲ ਉਸ ਨੂੰ ਇਸ ਸਥਿਤੀ ’ਚੋਂ ਮੁੜ ਜਗਾ ਦਿੰਦੇ। ਹੋਂਦ ? ਹੋਂਦ ਦਾ ਮੰਤਵ ? ਕੀ ਉਹ ਕਾਮੂੰ ਦੇ ਆਊਟਸਾਈਡਰ ਵਾਂਗ ਮੌਤ, ਜੀਵਨ, ਪਿਆਰ, ਕਾਮ ਆਦਿ ਨੂੰ ਇਨਡਿਫਰੈਂਟ (ਅਲੇਪ) ਹੋ ਜਾਵੇ ? ਕੀ ਉਹ ਟੋਬਿਟ ਯਹੂਦੀ ਵਾਂਗ ਦੁਖ-ਸੁਖ ਤੇ ਇਸ ਮਾਨਸਕ ਖਿੱਚੋਤਾਣ ਨੂੰ ਖ਼ੁਦਾ ਦਾ ਹੁਕਮ ਸਮਝ ਕੇ ਇਸ ਵਿੱਚੋਂ ਨਿਰਲੇਪ ਰੂਪ ਵਿਚ ਲੰਘਦਿਆਂ ਵਿਸ਼ਵਾਸ ਦਾ ਸੰਤੁਲਨ ਕਾਇਮ ਰੱਖੀ ਰਖੇ ? ਜਾਂ ਫਿਰ ਆਤਮ-ਹੱਤਿਆ

ਕਰ ਲਵੇ ? ਪਹਿਲਾ ਪ੍ਰਸ਼ਨ ਉਸ ਅੰਦਰ ਸ਼ੂਨਯ ਦਾ ਅਹਿਸਾਸ ਪੈਦਾ ਕਰਦਾ, ਦੂਜਾ ਅੰਧ-ਵਿਸ਼ਵਾਸ ਦਾ ਤੇ ਤੀਜਾ ਭਾਂਜ ਅਤੇ ਹਾਰ ਦਾ। ਇਨ੍ਹਾਂ ਪ੍ਰਸ਼ਨਾਂ ਸੌਹੇਂ ਉਸ ਦੇ ਸਿਮਰਨ ਵਿਚ ਫਿਰ ਇਕ ਸੂਰ ਉਭਰਦਾ : ਪ੍ਰਮਾਣੂ ਸ਼ਕਤੀ ਕਮਿਸ਼ਨ। ਉਹ ਸੋਚਦਾ ਕਿ ਜੇ ਉਹ ਆਪਣੀ ਹੋਂਦ ਦੀ ਊਲ-ਜਲੂਲੀਅਤ ਦੇ ਚੱਕਰ ਵਿੱਚੋਂ ਨਹੀਂ ਨਿਕਲ ਸਕਦਾ, ਤਾਂ ਜ਼ਿੰਦਗੀ ਦੇ ਨਿਰੰਤਰ ਕ੍ਰਮ ਤੇ ਉਸ ਦੇ ਬੀਜ-ਪੌਦਾ-ਬੀਜ ਵਾਲੇ ਸੂਤਰ ਦੀ ਗਤੀ ਨੂੰ ਕਾਇਮ ਰੱਖਣ ਵਿਚ ਤਾਂ ਸਹਾਈ ਹੋ ਸਕਦਾ ਹੈ। ਜ਼ਿੰਦਗੀ ਦੇ ਵਾਹਨ ਦਾ ਹੰਢ ਹਾਰ ਅੰਤ ਹੋ ਜਾਣਾ ਅਵਸ਼ਕ ਹੈ, ਪਰ ਜ਼ਿੰਦਗੀ ਦਾ ਨਿਰੰਤਰ ਪਰਵਾਹ ਤਾਂ ਕਾਇਮ ਰਖਿਆ ਜਾ ਸਕਦਾ ਹੈ। ਜੇ ਇਨ੍ਹਾਂ ਕੌਮਾਂ, ਵਾਦਾਂ, ਰੰਗਾਂ, ਨਸਲਾਂ ਤੇ ਨਿਜ਼ਾਮਾਂ ਦੇ ਬਿਖੇੜੇ ਨੂੰ ਮਾਰ ਕੇ ਇਕ ਸਾਂਝੀ ਮਾਨਵਤਾ ਦਾ ਨਿਰਮਾਣ ਸੰਭਵ ਹੋ ਸਕੇ ਤਾਂ ਹੀ ਸਭ ਨੂੰ ਸੁਖ ਦਾ ਸਾਹ ਆ ਸਕਦਾ ਹੈ।

ਇਨ੍ਹਾਂ ਵਿਚਾਰਾਂ ਦੇ ਪ੍ਰਭਾਵ ਹੇਠ ਉਸ ਦੇ ਅੰਦਰ ਇਕ ਨਵੀਂ ਖੋਜ, ਇਕ ਨਵੇਂ ਪ੍ਰਯੋਗ ਦਾ ਫੁਰਨਾ ਫੁਰਿਆ। ਉਹ ਸੋਚਦਾ ਕਿ ਇਹ ਇਕ ਜੁਰਮ ਹੋਵੇਗਾ। ਇਕ ਭਿਆਨਕ ਜੁਰਮ ਜਿਸ ਲਈ ਕਾਨੂੰਨ ਉਸ ਨੂੰ ਕਦੇ ਮੁਆਫ਼ ਨਹੀਂ ਕਰੇਗਾ। ਕੀ ਹੋਇਆ ਜੇ ਉਹ ਇਕ ਉੱਚ ਅਧਿਕਾਰੀ ਹੈ। ਕਾਨੂੰਨ ਦੀਆਂ ਨਜ਼ਰਾਂ ਵਿਚ ਛੋਟੇ ਵੱਡੇ ਸਭ ਇਕ ਸਮਾਨ ਹੁੰਦੇ ਹਨ। ਪਰ ਫਿਰ ਉਹ ਸੋਚਦਾ ਕਿ ਉਸ ਦੇ ਅੰਦਰ ਜੋ ਵਿਚਾਰ ਜਨਮ ਲੈ ਰਹੇ ਹਨ, ਜੇ ਉਨ੍ਹਾਂ ਦੀ ਪੁਸ਼ਟੀ ਇਸ ਤਜਰਬੇ ਨਾਲ ਹੋ ਜਾਏ ਤਾਂ ਫਿਰ ਉਸ ਨੂੰ ਆਪਣੇ ਹਸ਼ਰ ਦਾ ਕੋਈ ਡਰ ਨਹੀਂ। ਸਮਝ ਲਵੇਗਾ ਕਿ ਇਕ ਹੋਰ ਈਸਾ ਸੂਲੀ ਤੇ ਚੜ੍ਹ ਗਿਆ। ਅੰਧ-ਵਿਸ਼ਵਾਸ ਦਾ ਈਸਾ ਨਹੀਂ, ਗਿਆਨ, ਵਿਗਿਆਨ ਤੇ ਦਲੀਲ ਦਾ ਈਸਾ।

ਸਭ ਕੁਝ ਸੋਚ ਵਿਚਾਰ ਕੇ ਉਸ ਨੇ ਆਪਣੇ ਪ੍ਰਯੋਗ ਦਾ ਆਯੋਜਨ ਕੀਤਾ। ਆਪਣੀ ਸ਼ਖ਼ਸੀਅਤ ਤੇ ਇਕ ਨਕਾਬ ਪਾ ਕੇ ਉਹ ਮੁਜਰਮਾਂ ਦੀ ਦੁਨੀਆਂ ਵਿਚ ਜਾ ਵੜਿਆ। ਮੁਜਰਮ ਜੋ ਆਪਣੇ ਕਿੱਤੇ ਨੂੰ ਆਪਣੀ ਹੋਂਦ ਦੀ ਹੱਦ ਤਕ ਸੁਹਿਰਦ ਹੁੰਦੇ ਹਨ। ਇਨ੍ਹਾਂ ਦਿਨਾਂ ਵਿਚ ਹੀ ਉਸ ਦੇ ਦੇਸ਼ ਦੀਆਂ ਅਖ਼ਬਾਰਾਂ ਵਿਚ ਵੱਖ ਵੱਖ ਕਬੀਲਿਆਂ, ਨਸਲਾਂ, ਭਾਸ਼ਾਵਾਂ ਤੇ ਰੰਗਾਂ ਦੇ ਨਿੱਕੇ-ਨਿੱਕੇ ਬੱਚਿਆਂ ਦੇ ਅਗਵਾ ਹੋਣ ਦੀਆਂ ਖ਼ਬਰਾਂ ਛਪੀਆਂ। ਨਿੱਕੇ-ਨਿੱਕੇ ਬੱਚੇ ਜਿਨ੍ਹਾਂ ਦੇ ਮੂੰਹ ਵਿਚ ਜਾਂ ਮਾਂ ਦਾ ਦੁੱਧ ਸੀ ਤੇ ਜਾਂ ਅਰਥਹੀਣ ਆਵਾਜ਼—ਜਿਨ੍ਹਾਂ ਦੀ ਆਵਾਜ਼ ਅਜੇ ਇਕ ਸ਼ਬਦ ਵੀ ਨਹੀਂ ਬਣ ਸਕੀ ਸੀ—ਜਿਨ੍ਹਾਂ ਦੀਆਂ ਲੱਤਾਂ ਤੇ ਬਾਹਾਂ ਪੰਘੂੜੇ ਤੇ ਪਿਆਂ ਹੀ ਹਿੱਲ ਸਕਦੀਆਂ ਸਨ, ਇਕ ਮਾਸੂਮ ਜਿਹੀ ਖੇਡ-ਮਈ ਹਰਕਤ ਦੇ ਰੂਪ ਵਿਚ। ਜਿਨ੍ਹਾਂ ਦੀ ਮੁੱਠੀ ਜੇ ਖੁੱਲਦੀ ਸੀ ਤਾਂ ਦੁਨੀਆਂ ਦੇ ਪਦਾਰਥ ਸੁਕੜ ਜਾਂਦੇ ਸਨ—ਤੇ ਜੇ ਬੰਦ ਹੁੰਦੀ ਸੀ ਤਾਂ ਜ਼ਿੰਦਗੀ ਦੀ ਸ਼ੂਨਯਤਾ ਦਾ ਭੇਦ ਇਕ ਘੁਟਨ ਜਿਹੀ ਵਿਚ ਸੁੰਗੜਦਾ ਜਾਪਦਾ ਸੀ। ਬੱਚੇ, ਜਿਨ੍ਹਾਂ ਦੀਆਂ ਅੱਖਾਂ ਵਿਚ ਜੇ ਰੁਦਨ ਸੀ ਤਾਂ ਨਿਰਛਲ, ਜਿਨ੍ਹਾਂ ਦੀਆਂ ਬੁੱਲ੍ਹੀਆਂ 'ਤੇ ਜੇ ਮੁਸਕਾਨ ਸੀ ਤਾਂ ਭੋਲੀ—ਇਸ ਮੁਸਕਾਨ ਤੇ ਇਸ ਨਿਰਛਲਤਾ ਸੌਹੇਂ ਦੁਨੀਆਂ ਦੀ ਸਾਰੀ ਪੈਗੰਬਰੀ ਤੇ ਜੁਰਮ ਸੁਕੜ ਕੇ ਇਤਿਹਾਸ ਦੇ ਇਕ ਆਦਿ ਜੁਗਾਦੀ ਨੁਕਤੇ ਵਿਚ ਸਿਮਟਦੇ ਨਜ਼ਰ ਆਉਂਦੇ ਸਨ—ਨੁਕਤਾ ਜਿਸ ਨੂੰ ਕੋਈ ਅੰਡ-ਕੋਸ਼ ਜਾਂ ਅੰਡਾ ਕਹਿ ਲੈਂਦਾ ਹੈ ਤੇ ਕੋਈ ਬਾਗ਼ੇ-ਅਦਨ ਦੇ ਮਿਥਿਹਾਸ ਨਾਲ ਜਾ ਮਿਲਾਉਂਦਾ ਹੈ ਅਤੇ ਕੋਈ ਇਸ ਨੂੰ ਮਾਦੇ ਤੇ ਚੇਤੰਨਤਾ ਦੇ ਰਿਸ਼ਤੇ ਤਕ ਲੈ ਜਾਂਦਾ ਹੈ।

ਸਾਰੇ ਦੇਸ਼ ਵਿਚ ਇਹ ਖ਼ਬਰਾਂ ਜੰਗਲ ਦੀ ਅੱਗ ਵਾਂਗ ਮਚ ਉੱਠੀਆਂ। ਉਸ ਦੇ ਅੰਦਰ ਵੀ ਪਹਿਲਾਂ-ਪਹਿਲ ਇਨ੍ਹਾਂ ਖ਼ਬਰਾਂ ਨੂੰ ਪੜ੍ਹ ਕੇ ਕੁਝ ਹਿੱਲਿਆ, ਕੁਝ ਸਹਿਮਿਆ ਸੀ। ਪਰ ਫਿਰ ਉਸ ਦੀਆਂ ਨਜ਼ਰਾਂ ਤੇ ਇਸ ਖ਼ਬਰ ਪ੍ਰਤੀ ਸਦਾ ਲਈ ਕਾਲੀ ਪੱਟੀ ਬੱਝ ਗਈ। ਉਹ ਅਖ਼ਬਾਰ ਪੜ੍ਹਦਾ ਪਰ ਉਸ ਨੂੰ ਨਾ ਇਹ ਖ਼ਬਰਾਂ ਨਜ਼ਰ ਆਉਂਦੀਆਂ ਨਾ ਲੋਕਾਂ ਦੀ ਹਾਹਾਕਾਰ ਸੁਣਾਈ ਦਿੰਦੀ ਅਤੇ ਨਾ ਹੀ ਸੰਪਾਦਕਾਂ ਦੇ ਇਸੇ ਸੰਬੰਧ ਵਿਚ ਆਪਣੇ ਪਰਚੇ ਦੀ ਵਿਕਰੀ ਵਧਾਉਣ ਲਈ ਮਸਾਲਾ ਲਾ-ਲਾ ਕੇ ਲਿਖੇ ਸੰਪਾਦਕੀ ਲੇਖ ਹੀ ਨਜ਼ਰੀਂ ਪੈਂਦੇ।

ਜਦੋਂ ਉਹ ਦੂਰ ਪਹਾੜਾਂ ਵਿਚ ਆਪਣੀ ਸੈਂਕੜੇ ਏਕੜਾਂ ਤੇ ਪਸਰੀ ਐਸਟੇਟ ਵਿਚ ਬਣੀ ਕਿਲ੍ਹਾ-ਨੁਮਾ ਪ੍ਰਯੋਗਸ਼ਾਲਾ, ਜੋ ਕਿ ਕਿਸੇ ਸਮੇਂ ਉਸ ਦੇ ਜਾਗੀਰਦਾਰ ਮਾਪਿਆਂ ਦਾ ਕਿਲ੍ਹਾ ਸੀ, ਵਿਚ ਆਪਣੇ ਤਜਰਬੇ ਨੂੰ ਹੌਲੀ-ਹੌਲੀ ਪਰਵਾਨ ਚੜ੍ਹਦਿਆਂ ਵੇਖਦਾ ਤਾਂ ਉਸ ਨੂੰ ਅਕਹਿ ਖ਼ੁਸ਼ੀ ਪ੍ਰਾਪਤ ਹੁੰਦੀ।

ਉਸ ਦੀ ਪ੍ਰਯੋਗਸ਼ਾਲਾ ਸਾਊਂਡ ਪਰੂਫ਼ ਸੀ। ਇਸ ਦਾ ਤਾਪਮਾਨ ਤੇ ਹੋਰ ਹਰ ਕੰਮ ਯੰਤਰਾਂ ਦੇ ਵਸੀਕਰਨ ਵਿਚ ਸੀ। ਉਹ ਕਦੇ ਟੈਲੀਵਿਜ਼ਨ ਸਕਰੀਨ ਉੱਤੇ ਅਤੇ ਕਦੇ ਦੂਰਬੀਨ ਰਾਹੀਂ ਇਸ ਤਜਰਬੇ ਨੂੰ ਵੱਖ-ਵੱਖ ਪੜਾਵਾਂ ਵਿੱਚੋਂ ਗੁਜ਼ਰਦਿਆਂ ਤਕਦਾ ਤੇ ਨੋਟ ਲੈਂਦਾ ਰਹਿੰਦਾ। ਉਸ ਨੇ ਵੇਖਿਆ ਸੀ ਕਿ ਨਿਤਾਪ੍ਰਤੀ ਵਿਗਿਆਨਕ ਸੂਤਰ ਅਨੁਸਾਰ ਦਿੱਤੇ ਜਾ ਰਹੇ ਭੋਜਨ ਉੱਤੇ ਪਹਿਲਾਂ ਇਹ ਬੱਚੇ ਝਪਟਦੇ ਸਨ, ਲੁੱਟ ਦੇ ਮਾਲ ਵਾਂਗ—ਫਿਰ ਹੌਲੀ-ਹੌਲੀ ਇਨ੍ਹਾਂ ਵਿਚ ਸਹਿਜ ਆ ਗਿਆ ਸੀ ਤੇ ਸਹਿ-ਹੋਂਦ ਦੀ ਭਾਵਨਾ। ਪ੍ਰਾਚੀਨ ਮਨੁੱਖ ਵਾਂਗ ਹੀ ਪਹਿਲਾਂ ਇਨ੍ਹਾਂ ਨੇ ਇਸ਼ਾਰਿਆਂ ਤੇ ਫਿਰ ਆਵਾਜ਼ਾਂ ਰਾਹੀਂ ਆਪਣੀ ਇਕ ਸਾਂਝੀ ਬੋਲੀ ਸਿਰਜ ਲਈ ਸੀ। ਫਿਰ ਇਨ੍ਹਾਂ ਵਿਚ ਨੰਗੇਜ ਦੀ ਚੇਤਨਾ ਜਾਗੀ ਸੀ ਤੇ ਪ੍ਰਯੋਗਸ਼ਾਲਾ ਵਿਚ ਮੁਹੱਈਆ ਕੀਤੀ ਗਈ ਸਮਗਰੀ ਦੁਆਰਾ ਇਨ੍ਹਾਂ ਨੇ ਪੱਤਿਆਂ, ਸੱਕਾਂ ਆਦਿ ਦੁਆਰਾ ਤਨ ਢਕਣੇ ਅਤੇ ਨਿੱਕੇ ਘਰ ਬਨਾਉਣੇ ਸ਼ੁਰੂ ਕਰ ਦਿੱਤੇ ਸਨ। ਉਨ੍ਹਾਂ ਵਿਚ ਜਿੱਥੇ ਇਕ ਸਾਂਝੀ ਬੋਲੀ, ਸਾਂਝਾ ਸੱਭਿਆਚਾਰ, ਸਾਂਝੀ ਨੈਤਿਕਤਾ ਅਤੇ ਸਾਂਝਾ ਸਮਾਜਕ ਵਿਵਹਾਰ ਉੱਸਰ ਰਿਹਾ ਸੀ, ਉੱਥੇ ਨਾਲ ਹੀ ਉਨ੍ਹਾਂ ਵਿਚ ਆਪਣੇ ਆਲੇ ਦੁਆਲੇ ਅਤੇ ਆਦਿ ਤੇ ਵਿਕਾਸ ਨੂੰ ਜਾਣਨ ਦੀ ਉਤਸੁਕਤਾ ਵੀ ਪੈਦਾ ਹੋਈ ਸੀ। ਰੋਜ਼ ਆਉਂਦੀ ਸਾਮਗਰੀ ਦੇ ਸੋਮੇ ਨੂੰ ਲੱਭਣ ਲਈ ਉਨ੍ਹਾਂ ਨੇ ਸਮਾਂ ਵੰਡ ਕੇ ਵਾਰੋ ਵਾਰੀ ਜਾਗਣਾ ਸ਼ੁਰੂ ਕਰ ਦਿੱਤਾ ਸੀ। ਉਹ ਆਪਣੇ ਤਜਰਬੇ ਨੂੰ ਵੇਖ-ਵੇਖ ਖ਼ੁਸ਼ ਹੋ ਰਿਹਾ ਸੀ। ਉਸ ਨੇ ਆਪਣੀ ਪ੍ਰਯੋਗਸ਼ਾਲਾ ਵਿਚ ਰੂਸ ਤੇ ਅਮਰੀਕਾ ਦੀ ਵਿੱਥ ਮੇਟ ਲਈ ਸੀ। ਇਕ ਨਵੀਂ ਦੁਨੀਆਂ, ਇਕ ਨਵੀਂ ਜਨ-ਸੰਖਿਆ ਦੇ ਸਾਕਾਰ ਚਿਤਰ ਦੀ ਰੂਪ ਰੇਖਾ ਉਸ ਦੇ ਸਾਹਵੇਂ ਉਘੜ ਰਹੀ ਸੀ।

ਉਹ ਸੋਚ ਰਿਹਾ ਸੀ ਕਿ ਇਸ ਧਰਤੀ ਵਿਚ ਸਭ ਦੀਆਂ ਲੋੜਾਂ ਪੂਰੀਆਂ ਕਰਨ ਦੀ ਸ਼ਕਤੀ ਹੈ। ਸੰਸਾਰ ਦੇ ਜਿਸ ਹਿੱਸੇ ਵਿਚ ਕੁਝ ਵਧ ਹੈ, ਉਥੋਂ ਜਿਸ ਹਿੱਸੇ ਵਿਚ ਕੁਝ ਘਟ ਹੈ, ਲਿਜਾ ਕੇ ਉੱਥੋਂ ਦੀ ਥੁੜ੍ਹ ਪੂਰੀ ਕੀਤੀ ਜਾ ਸਕਦੀ ਹੈ। ਸਭ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਰਹਿਣ, ਪਰ ਸ਼ਕਤੀ ਕੁਝ ਹੱਥਾਂ ਵਿਚ ਜਮ੍ਹਾਂ ਨਾ ਹੋਵੇ, ਫਿਰ ਦੁਨੀਆਂ ਦੇ ਸਭ ਵਾਦ-ਵਿਤਕਰੇ ਮਿਟ ਸਕਦੇ ਤੇ ਇਕ ਸਰਬ ਸਾਂਝੇ ਭਾਈਚਾਰੇ ਦਾ ਜਨਮ ਹੋ ਸਕਦਾ ਹੈ। ਉਸ ਦੀ ਪ੍ਰਯੋਗਸ਼ਾਲਾ ਦੀ ਨਵੀਂ ਦੁਨੀਆਂ ਵਾਂਗ ਬੱਚਿਆਂ ਨੇ ਆਪਣਾ ਇਕ ਨਵਾਂ ਭਾਈਚਾਰਾ ਉਸਾਰ ਲਿਆ ਸੀ, ਜਿਸ ਵਿਚ ਨਾ ਕੋਈ ਵਾਦ-ਵਿਤਕਰਾ ਸੀ, ਨਾ ਪ੍ਰਮਾਣੂ ਸ਼ਕਤੀ ਦਾ ਭੈ।

ਉਹ ਆਪਣੇ ਪ੍ਰਯੋਗ ਦੀਆਂ ਮੁੱਢਲੀਆਂ ਸਫ਼ਲਤਾਵਾਂ ਦੇ ਨਸ਼ੇ ਹੇਠ ਨੌਕਰਾਂ ਨੂੰ ਨੀਯਤ ਸਮੇਂ ਤੇ ਮਸ਼ੀਨਾਂ ਵਿਚ ਲੋੜੀਂਦੀ ਸਾਮਗਰੀ ਰਖ ਕੇ ਨੇਮ ਅਨੁਸਾਰ ਬਟਨ ਦਬਦੇ ਰਹਿਣ ਆਦਿ ਦੀਆਂ ਹਦਾਇਤਾਂ ਦੇ ਕੇ ਦੇਸ਼ ਦੇ ਹੋਰ ਖੋਜ-ਕੇਂਦਰਾਂ ਦਾ ਦੌਰਾ ਕਰਨ ਚਲਾ ਗਿਆ। ਨੌਕਰ ਆਪਣੇ ਮਾਲਕ ਦੇ ਇਸ ਅਜੀਬ ਸੁਭਾ ਤੋਂ ਭਲੀ ਪ੍ਰਕਾਰ ਜਾਣੂੰ ਸਨ ਤੇ ਉਸਦੀਆਂ ਅਜਿਹੀਆਂ ਅਜੀਬ ਹਰਕਤਾਂ ਤੇ ਹੁਣ ਹੈਰਾਨ ਨਹੀਂ ਸਨ ਹੁੰਦੇ। ਨਾ ਹੀ ਉਨ੍ਹਾਂ ਅੰਦਰ ਉਸ ਦੇ ਅਜਿਹੇ ਖ਼ਬਤ ਦਾ ਭੇਦ ਜਾਣਨ ਦੀ ਜਗਿਆਸਾ ਹੀ ਉਤਪੰਨ ਹੁੰਦੀ ਸੀ। ਉਹ ਤਾਂ ਕਾਮ ਤੇ ਦਾਮ ਨਾਲ ਹੀ ਸੰਬੰਧ ਰਖਦੇ ਸਨ।

ਪਰ ਫਿਰ ਵੀ ਜਦੋਂ ਮਾਲਕ ਸਿਰ ਤੇ ਨਾ ਹੋਵੇ ਤਾਂ ਖੁੱਲ੍ਹ-ਖੇਡ ਤੇ ਆਜ਼ਾਦੀ ਮਾਣਨ ਲਈ ਤਾਂ ਹਰ ਇਕ ਦਾ ਜੀ ਕਰ ਆਉਂਦਾ ਹੈ। ਪਹਿਲਾਂ ਪ੍ਰਯੋਗਸ਼ਾਲਾ ਵਿਚ ਮਸ਼ੀਨੀ ਢੰਗ ਨਾਲ ਭੇਜੇ ਜਾਣ ਵਾਲੇ ਭੋਜਨ ਵਿਚ ਬੇਕਾਇਦਗੀ ਆਈ ਤੇ ਫਿਰ ਉਸ ਦੀ ਮਿਕਦਾਰ ਵਿਚ। ਸੁਆਦੀ ਮਾਸ ਦੀ ਖ਼ੁਸ਼ਬੂ ਜਦੋਂ ਉਨ੍ਹਾਂ ਦੀਆਂ ਨਾਸਾਂ ਨੂੰ ਚੜ੍ਹਦੀ ਤਾਂ ਉਨ੍ਹਾਂ ਦੇ ਮੂੰਹ ਵਿਚ ਪਾਣੀ ਆ ਜਾਂਦਾ। ਉਸ ਦੀ ਗ਼ੈਰ ਹਾਜ਼ਰੀ ਵਿਚ ਨੌਕਰ ਗੁਲਛੱਰੇ ਉਡਾ ਰਹੇ ਸਨ। ਜਦੋਂ ਮਾਮੂਲ ਤੋਂ ਉਲਟ ਇਸ ਵਾਰ ਉਨ੍ਹਾਂ ਦਾ ਮਾਲਕ ਨਾ ਹੀ ਛੇਤੀ ਮੁੜ ਕੇ ਆਇਆ ਤੇ ਨਾ ਉਸ ਨੇ ਮੁੜਨ ਦੀ ਕੋਈ ਇਤਲਾਹ ਹੀ ਦਿੱਤੀ, ਤਾਂ ਉਨ੍ਹਾਂ ਦੀਆਂ ਵਾਗਾਂ ਹੋਰ ਵੀ ਖੁੱਲ੍ਹ ਗਈਆਂ ਅਤੇ ਉਨ੍ਹਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਆਪਣੀ ਗਰੀਬੀ ਦੇ ਦਿਨ ਭੁੱਲ ਗਏ। ਹੁਣ ਉਨ੍ਹਾਂ ਕੋਲ ਹਰ ਚੀਜ਼ ਦੀ ਖੁੱਲ੍ਹ ਖੇਡ ਸੀ—ਮੌਜ ਸੀ।

ਫਿਰ ਅਚਾਨਕ ਇਕ ਦਿਨ ਉਹ ਆ ਗਿਆ। ਸਭ ਨੂੰ ਹੱਥਾਂ ਪੈਰਾਂ ਦੀਆਂ ਪੈ ਗਈਆਂ। ਉਸ ਦੀ ਜੀਪ ਦੀ ਧੂੜ ਦੂਰੋਂ ਹੀ ਉਭੱਰਦੀ ਵੇਖ ਕੇ ਪਹਾੜੀਏ ਨੌਕਰਾਂ ਨੇ ਸਭ ਕੁਝ ਕਾਹਲੀ-ਕਾਹਲੀ ਸੂਤਰ ਕਰਨ

ਦਾ ਯਤਨ ਕੀਤਾ ਸੀ, ਪਰ ਫਿਰ ਵੀ ਉਹ ਆਪਣੇ ਅੰਦਰਲੀ ਅਪਰਾਧ-ਭਾਵਨਾ ਕਾਰਨ ਬਾਹਰੀ ਘਬਾਰਹਟ ਨੂੰ ਨਾ ਛੁਪਾ ਸਕੇ।

ਸਭ ਦੀ ਸਾਹਿਬ ਸਲਾਮ ਦਾ ਲਾਪਰਵਾਹੀ ਨਾਲ ਜਵਾਬ ਦੇ ਕੇ ਉਹ ਪ੍ਰਯੋਗਸ਼ਾਲਾ ਦੇ ਨਿਰੀਖਸ਼ਨ ਭਵਨ ਵਿਚ ਟੈਲੀਵਿਜ਼ਨ ਸੌਹੇਂ ਜਾ ਬੈਠਾ। ਟੈਲੀਵਿਜ਼ਨ ਦੀ ਸਕਰੀਨ ਉੱਤੇ ਉਸ ਨੂੰ ਪਹਿਲਾਂ ਖ਼ੂਨ ਦੇ ਛਿੱਟੇ ਉੱਭਰਦੇ ਨਜ਼ਰ ਆਏ ਤੇ ਫਿਰ ਲਾਸ਼ਾਂ ਦੇ ਅੰਬਾਰ। ਇਸ ਸਭ ਕੁਝ ਨੂੰ ਵੇਖ ਕੇ ਉਸ ਦੇ ਸੌਹੇਂ ਛਿਣ ਦੀ ਛਿਣ ਪ੍ਰਾਚੀਨ ਮਨੁੱਖ ਤੇ ਤਕੜੇ ਦੀ ਹੋਂਦ ਬਣਾਈ ਰਖਣ ਦੀ ਸਮਰੱਥਾ ਦੇ ਸਿਧਾਂਤ ਤੋਂ ਲੈ ਕੇ ਅੱਜ ਤਕ ਦੇ ਮਨੁੱਖ ਦਾ ਖ਼ੂਨੀ ਚਿਤਰ ਉਭਰਿਆ ਤੇ ਫਿਰ ਕੋਲਰਿਜ ਦੇ ਏਨਸ਼ੈਂਟ ਮੈਰੀਨਰ (ਪ੍ਰਾਚੀਨ ਮੱਲਾਹ) ਦਾ ਭਿਆਨਕ ਸਾਇਆ ਹੀਰੋਸ਼ੀਮਾ ਤੇ ਨਾਗਾਸਾਕੀ ਦੇ ਵਿਸਫ਼ੋਟ ਦੇ ਖ਼ੂਨ ਖ਼ਰਾਬੇ ’ਚੋਂ ਹੁੰਦਾ-ਹੁੰਦਾ ਉਸ ਦੀ ਪ੍ਰਯੋਗਸ਼ਾਲਾ ਤੇ ਛਾ ਗਿਆ ਅਤੇ ਜਿਵੇਂ ਉਸ ਦੇ ਕੀਤੇ ਕਰਾਏ ਤੇ ਪਾਣੀ ਫਿਰ ਗਿਆ ਹੋਵੇ।

ਨੌਕਰਾਂ ਦੀ ਬੇਧਿਆਨੀ, ਬੇਈਮਾਨੀ ਤੇ ਹਵਸ, ਮਸ਼ੀਨੀ ਨੁਕਸ, ਖ਼ੁਰਾਕ ਵਿਚ ਬੇਕਾਇਦਗੀ ਤੇ ਕਮੀ, ਹੋਂਦ ਲਈ ਸੰਘਰਸ਼, ਕਾਮ ਤੇ ਕਤਲ, ਪਦਾਰਥ ਤੇ ਅਤ੍ਰਿਪਤੀ—ਕਿੰਨਾਂ ਕੁਝ ਹੀ ਉਲਝ ਕੇ ਜ਼ਿਹਨ ਵਿਚ ਇਕ ਗੋਰਖਧੰਦਾ ਜਿਹਾ ਬਣ ਗਿਆ। ਉਸ ਨੂੰ ਜਾਪਿਆ ਜਿਵੇਂ ਉਸ ਦਾ ਇਹ ਤਜਰਬਾ, ਇਹ ਸੁਪਨਾ ਹਕੀਕਤ ਦਾ ਪੂਰਵ-ਰੂਪ ਨਹੀਂ ਸਗੋਂ ਪ੍ਰਤੀ-ਰੂਪ ਸਿੱਧ ਹੋਇਆ ਹੈ। ਉਸ ਨੇ ਫਿਰ ਟੈਲੀਵਿਜ਼ਨ ਦੀ ਸਕਰੀਨ ਵਲ ਵੇਖਿਆ—ਮਾਸ ਦੇ ਲੋਥੜਿਆਂ, ਲਹੂ ਦੇ ਛਿੱਟਿਆਂ ਅਤੇ ਹੱਡੀਆਂ ਦੇ ਅੰਬਾਰ ਵਿਚਕਾਰ ਕੋਲਰਿਜ ਦੇ ਪ੍ਰਾਚੀਨ ਤੇ ਭਿਆਨਕ ਮੱਲਾਹ ਦਾ ਪਰਛਾਵਾਂ ਸੁਕੜ ਕੇ ਉਸ ਨੂੰ ਇਕੋ-ਇਕ ਬਚਦੇ ਬੱਚੇ ਦੇ ਵਜੂਦ ਵਿਚ ਸਿਮਟ ਕੇ ਆਪਣੇ ਵਲ ਬੜੀਆਂ ਗੈਰ-ਇਨਸਾਨੀ ਤੇ ਖ਼ੂੰਖ਼ਾਰ ਨਜ਼ਰਾਂ ਨਾਲ ਝਾਕਦਾ ਨਜ਼ਰੀਂ ਆਇਆ। ਉਸ ਦੇ ਹੱਥ ਵਿਚ ਇਨਸਾਨੀ ਹੱਡੀ ਤੇ ਮੂੰਹ ਵਿਚ ਇਨਸਾਨੀ ਮਾਸ ਵੇਖ ਕੇ ਉਹ ਸਿਰ ਤੋਂ ਪੈਰਾਂ ਤੱਕ ਕੰਬ ਗਿਆ।

ਪ੍ਰਯੋਗਸ਼ਾਲਾ ਦੇ ਬਾਹਰ ਸਭ ਨੌਕਰ ਚਾਕਰ ਆਪਣੇ ਮਾਲਕ ਦੀ ਅਚਾਹੀ ਹਾਜ਼ਰੀ ਅਤੇ ਆਪਣੀ ਬਦਨਸੀਬੀ ਦਾ ਮਾਤਮ ਕਰ ਰਹੇ ਸਨ।

# ਕੁਰਬਾਨੀ ਦਾ ਬੱਕਰਾ

ਮੋਹਨ ਸਿੰਘ ਦੇ ਦੋਹਾਂ ਕੰਨਾਂ ਉੱਤੇ ਝਾਕਦੀ ਦੋ ਨੁੱਕਰੀ ਪਗੜੀ ਵਾਂਗ, ਪਿਤਾ ਪੁਰਖੀ ਧਾਰਮਕ ਤੇ ਨੈਤਿਕ ਸੰਸਕਾਰ ਵੀ ਉਸ ਦੇ ਜ਼ਿਹਨ ਉੱਤੇ ਧਰ ਦਿੱਤੇ ਗਏ ਸਨ। ਇਹ ਉਸ ਦੀ ਪੂਰੀ ਸੁਰਤ ਤੋਂ ਪਹਿਲਾਂ ਦੀ ਗੱਲ ਹੈ, ਜਦੋਂ ਉਹ ਅਜੇ ਨਿੱਕਾ ਜਿਹਾ ਬਾਲ ਹੀ ਸੀ, ਉਸ ਦੇ ਬਾਬਾ ਜੀ ਮੂੰਹ ਵਿਚ ਪਾਠ ਕਰਦੇ-ਕਰਦੇ ਉਸ ਦੇ ਸਿਰ ਉੱਤੇ ਦੋ ਨੁੱਕਰੀ ਪਗੜੀ ਬੰਨ੍ਹ ਦਿੰਦੇ, ਉਸ ਦੀ ਮਾਂ ਉਸ ਦੇ ਤੇੜ ਰੇਬ ਕਛਹਿਰਾ ਤੇ ਕਲੀਆਂ ਵਾਲਾ ਕੁੜਤਾ ਪਾ ਕੇ ਉਸ ਨੂੰ ਨਿਤਨੇਮ ਦੇ ਵੇਲੇ ਗੁਰਦੁਆਰੇ ਲੈ ਜਾਂਦੀ। ਘਰ ਜਦੋਂ ਵੀ ਮੌਕਾ ਬਣਦਾ ਉਸ ਦੀ ਮਾਂ ਧੂਫ, ਧੁਖਾ ਪਾਠ ਕਰਦੇ ਬਾਬਾ ਜੀ ਦੇ ਅੱਗੇ ਹੱਥ ਜੋੜ ਕੇ ਬੈਠਣ ਤੇ ਪਾਠ ਸੁਣਨ ਲਈ ਆਖਦੀ। ਪਾਠ ਮੁਕਾ ਕੇ, ਅਰਦਾਸਾ ਕਰਕੇ, ਬਾਬਾ ਜੀ ਉਸ ਨੂੰ ਪਤਾਸਿਆਂ ਦਾ ਪਰਸ਼ਾਦ ਦਿੰਦੇ, ਪਿਆਰ ਕਰਦੇ ਅਤੇ ਫਿਰ ਉਪਦੇਸ਼ ਕਰਨ ਬੈਠ ਜਾਂਦੇ। ਧਰਮ ਦੀ ਖ਼ਾਤਰ ਦਿੱਤੀਆਂ ਕੁਰਬਾਨੀਆਂ ਤੇ ਧਰਮ ਦੇ ਮਾਣ ਮਹੱਤਵ ਨਾਲ ਸੰਬੰਧਤ ਕਥਾ ਵਿਥਿਆ ਸੁਣਾਉਂਦੇ। ਸਭ ਕੁੜੀਆਂ ਨੂੰ ਧੀਆਂ ਭੈਣਾਂ ਸਮਝਣ, ਉੱਚਾ ਸੁੱਚਾ ਆਚਰਨ ਧਾਰਨ ਕਰਕੇ, ਸਦਾ ਹੀ ਅਕਾਲ ਪੁਰਖ ਵਾਹਿਗੁਰੂ ਨਾਲ ਲਿਵ ਲਾਈ ਰੱਖਣ ਤੇ ਉਸ ਦਾ ਨਾਮ ਜਪਦੇ ਰਹਿਣ ਦੀ ਪ੍ਰੇਰਨਾ ਦਿੰਦੇ। ਆਪਣੀ ਜੀਭ ਉੱਤੇ ਪਤਾਸਿਆਂ ਦੀ ਮਿਠਾਸ ਅਤੇ ਸੁੰਘਣ-ਸ਼ਕਤੀ ਨੂੰ ਧੂਫ ਦੀ ਸੁਗੰਧ ਦੇ ਚੰਗਿਆਂ ਲੱਗਣ ਤੋਂ ਬਿਨਾਂ ਉਸ ਦੀ ਬਾਲ-ਸੂਝ ਦੇ ਹੋਰ ਕੁਝ ਵੀ ਪਿੜ ਪੱਲੇ ਨਾ ਪੈਂਦਾ।

ਉਹ ਅਜੇ ਪ੍ਰਾਇਮਰੀ ਸਕੂਲ ਵਿਚ ਹੀ ਪੜ੍ਹਦਾ ਸੀ ਕਿ ਉਸ ਦੇ ਮਾਤਾ ਪਿਤਾ ਅਫ਼ਰੀਕਾ ਚਲੇ ਗਏ। ਉਸ ਨੂੰ ਦੋ ਵੇਲੇ ਗੁਰਦੁਆਰੇ ਲੈ ਜਾਣ ਦੀ ਜ਼ਿੰਮੇਵਾਰੀ ਉਸ ਦੀ ਦਾਦੀ ਨੇ ਸੰਭਾਲ ਲਈ। ਜੋਬਨ ਹੰਢ ਭੋਗ ਸੱਖਣੇ ਹੋ ਚੁੱਕੇ ਦਾਦਾ ਦਾਦੀ ਵਿਚ ਸਿਵਾਏ ਕਠੋਰ ਨੈਤਿਕਤਾ ਤੇ ਧਾਰਮਕ ਉਪਦੇਸ਼ ਦੇ ਉਸ ਵਾਸਤੇ ਹੋਰ ਰਹਿ ਹੀ ਕੀ ਗਿਆ ਸੀ। ਜਦੋਂ ਉਸ ਦੇ ਸਾਥੀ ਬਾਹਰ ਖੁੱਲ੍ਹ-ਖੇਡ ਮਾਣ ਰਹੇ ਹੁੰਦੇ ਤਾਂ ਉਸ ਨੂੰ ਜਾਂ ਗੁਰਦੁਆਰੇ ਜਾਣ ਲਈ ਤਿਆਰ ਕੀਤਾ ਜਾ ਰਿਹਾ ਹੁੰਦਾ, ਜਾਂ ਬਾਬਾ ਜੀ ਦਾ ਪਾਠ ਤੇ ਉਪਦੇਸ਼ ਸੁਣਨ ਲਈ। ਇਹ ਉਪਦੇਸ਼ ਧਾਰਮਕ ਤੇ ਨੈਤਿਕ, ਵੀ ਉਸ ਨੇ ਰੇਬ ਕਛਹਿਰੇ, ਚੂੜੀਦਾਰ ਪਜਾਮੇਂ, ਕਲੀਆਂ ਵਾਲੇ ਕੁੜਤੇ, ਕਮਰਕੱਸੇ, ਦੋ ਨੁੱਕਰੀ ਪਗੜੀ ਅਤੇ ਗਾਤਰੇ ਸਮੇਤ ਲੱਕ ਉੱਤੇ ਲਟਕਦੀ ਛੋਟੀ ਕਿਰਪਾਨ ਵਾਂਗ ਹੀ ਪਹਿਨ ਲਿਆ ਸੀ। ਉਸ ਦੇ ਪਹਿਰਾਵੇ ਤੇ ਉਸ ਦੀ ਕਿਰਪਾਨ ਵਲ ਇਸ਼ਾਰੇ ਕਰ-ਕਰ ਕੇ ਮੁੰਡੇ ਉਸ ਨੂੰ ਟਿੱਚਰਾਂ ਕਰਦੇ, ਮਖ਼ੌਲ ਉਡਾਉਂਦੇ ਪਰ ਸਭ ਦੀ ਸੁਣੀ ਅਨਸੁਣੀ ਕਰਕੇ ਉਹ ਨਾਮ ਜਪਣ, ਵੰਡ ਛਕਣ, ਲੋਭ ਮੋਹ ਹੰਕਾਰ ਨੂੰ ਮਾਰਨ ਤੇ ਇਸ ਸਭ ਕੁਝ ਨੂੰ ਬਿਨਾਂ ਸਮਝਣ ਤੋਂ ਹੀ ਤੋਤਾ ਰਟਨ ਵਾਂਗ "ਮਨ ਜੀਤੇ ਜਗ ਜੀਤ" ਦੀ ਰੱਟ ਲਗਾਈ ਰੱਖਦਾ।

ਬਚਪਨ ਦੇ ਸਪਾਰਟਨ ਅਭਿਆਸ ਵਿੱਚੋਂ ਲੰਘ ਕੇ, ਜਿਵੇਂ-ਜਿਵੇਂ ਉਸ ਦੀ ਮਸ ਫੁੱਟਣ ਲੱਗੀ, ਉਸ ਦੇ ਅੰਗਾਂ ਵਿਚ ਪਰਿਵਰਤਨ ਆਉਣ ਲੱਗਾ, ਸਮਝ ਵਿਚ ਅੰਧ-ਵਿਸ਼ਵਾਸ ਦੀ ਥਾਂ ਦਲੀਲ ਪਰਵੇਸ਼ ਕਰਨ ਲੱਗੀ ਤਾਂ ਉਸ ਨੂੰ ਆਪਣੇ ਆਂਤਰਕ ਤੇ ਬਾਹਰੀ ਪਹਿਰਾਵੇ ਉੱਤੇ ਕਿੰਤੂ ਹੋਣ ਲੱਗ ਪਿਆ। ਉਹ ਸੋਚਦਾ ਕਿ ਘੋੜਿਆਂ

ਦੇ ਯੁੱਗ ਵਿਚ ਰੇਬ ਕਛਹਿਰਾ, ਚੂੜੀਦਾਰ ਪਜਾਮਾ, ਕਲੀਆਂ ਵਾਲਾ ਕੁੜਤਾ, ਕਮਰ ਕੱਸਾ, ਸਿਰੀ ਸਾਹਿਬ ਤੇ ਪਟਕਾ ਆਦਿ ਤਾਂ ਭਲਾ ਠੀਕ ਸਨ, ਪਰ ਏਸ ਹਵਾਈ ਜਹਾਜ਼ਾਂ, ਟੈਂਕਾਂ ਤੇ ਬੰਬਾਂ ਦੇ ਜ਼ਮਾਨੇ ਵਿਚ ਇਨ੍ਹਾਂ ਦਾ ਕੀ ਅਰਥ ਹੈ ? ਪਰ ਹੌਂਸਲਾ ਕਰਕੇ ਵੀ ਉਹ ਇਹ ਸਭ ਕੁਝ ਬਾਬਾ ਜੀ ਅੱਗੇ ਨਾ ਆਖ ਸਕਦਾ ਅਤੇ ਉਨ੍ਹਾਂ ਦੇ ਉਪਦੇਸ਼ ਨੂੰ ਸਤਿਬਚਨ ਕਹਿ ਕੇ ਚਾਹੇ ਅਚਾਹੇ ਮੰਨ ਲੈਂਦਾ।

ਜਦੋਂ ਉਸ ਦੇ ਬਾਬਾ ਜੀ ਬੱਕਰੇ, ਬੱਕਰੀਆਂ ਦੇ ਇੱਜੜ 'ਚੋਂ ਜਵਾਨ ਹੋ ਰਹੇ ਬੱਕਰੇ ਛਾਂਟ ਕੇ ਉਨ੍ਹਾਂ ਨੂੰ ਖੱਸੀ ਕਰਵਾਉਂਦੇ ਤਾਂ ਉਸ ਨੂੰ ਆਪਣੇ ਅੰਦਰ ਇਕ ਦਰਦ ਜਿਹਾ ਮਹਿਸੂਸ ਹੁੰਦਾ ਤਾਂ ਉਹ ਕਹਿੰਦਾ ਕਿ ਬਾਬਾ ਜੀ ਤੁਸੀਂ ਇਸ ਤਰ੍ਹਾਂ ਕਿਉਂ ਕਰਦੇ ਹੋ ? ਬਾਬਾ ਜੀ ਉੱਤਰ ਦਿੰਦੇ, "ਬੇਟਾ, ਲਿੰਗ-ਭਾਵਨਾ ਪਸ਼ੂ ਬਿਰਤੀ ਹੈ। ਜਦੋਂ ਮਨੁੱਖ ਇਸ ਦੇ ਕਾਬੂ ਆ ਜਾਏ ਤਾਂ ਉਸ ਨੂੰ ਧੀ ਭੈਣ ਦੀ ਤਮੀਜ਼ ਨਹੀਂ ਰਹਿੰਦੀ, ਬਿਲਕੁਲ ਇਨ੍ਹਾਂ ਭੇਡਾਂ ਬੱਕਰੀਆਂ ਤੇ ਗਾਈਆਂ ਮਹੀਆਂ ਵਾਂਗ। ਇਸੇ ਲਈ ਛੇਲੇ ਜਦੋਂ ਜਵਾਨ ਹੁੰਦੇ ਹਨ, ਤਾਂ ਉਨ੍ਹਾਂ ਨੂੰ ਖੱਸੀ ਕਰਵਾ ਦੇਈਦਾ ਹੈ। ਇਸ ਤਰ੍ਹਾਂ ਇੱਜੜ ਵਿਚ ਗੰਦ ਵੀ ਨਹੀਂ ਪੈਂਦਾ ਤੇ ਖੱਸੀ ਹੋਏ ਛੇਲੇ ਮੋਟੇ ਬੱਕਰੇ ਬਣ ਕੇ ਜ਼ਿਆਦਾ ਮੁੱਲ ਦੇ ਹੋ ਜਾਂਦੇ ਹਨ। ਇਸੇ ਤਰ੍ਹਾਂ ਜੇ ਮਨੁੱਖ ਆਪਣੀ ਹਿਰਸ ਤੇ ਲਿੰਗ-ਭਾਵਨਾ ਨੂੰ ਮਾਰ ਲੈਣ ਤਾਂ ਉਹ ਸੱਚੇ-ਸੁੱਚੇ ਸੰਤ ਬਣ ਕੇ ਅਕਾਲ ਪੁਰਖ ਵਾਹਿਗੁਰੂ ਦੇ ਦਰਬਾਰ ਵਿਚ ਵਧੇਰੇ ਮੁੱਲ ਪਾਉਣਗੇ।"

"ਪਰ ਬਾਬਾ ਜੀ, ਗੁਰੂ ਮਹਾਰਾਜ ਤਾਂ ਵਿਆਹੇ ਹੋਏ ਸਨ ?"

"ਹਾਂ, ਹਾਂ ਪੁੱਤਰ, ਉਮਰ ਦੀ ਇਕ ਅਵਸਥਾ ਵਿਚ ਜਾ ਕੇ ਵਿਆਹ ਰਚਾਇਆ ਜਾ ਸਕਦਾ ਹੈ, ਧਾਰਮਕ ਰਹੁ ਰੀਤ ਅਨੁਸਾਰ। ਪਰ ਉਸ ਅਵਸਥਾ ਤੋਂ ਪਹਿਲਾਂ ਲਿੰਗ-ਭੋਗ ਵਰਜਤ ਹੈ। ਅਸੀਂ ਭੇਡਾਂ ਬੱਕਰੀਆਂ ਨਹੀਂ ਹਾਂ—ਸਾਨੂੰ ਧੀਆਂ ਭੈਣਾਂ ਦੀ ਤਮੀਜ਼ ਚਾਹੀਦੀ ਹੈ। ਸਭ ਤੇਰੀਆਂ ਧੀਆਂ ਭੈਣਾਂ ਹਨ—ਵਾਹਿਗੁਰੂ ਵਲ ਧਿਆਨ ਲਾਇਆ ਕਰ—ਇਹ ਖ਼ਾਹਿਸ਼ਾਂ ਵਿਸ਼-ਗੰਦਲਾਂ ਹਨ—ਇਨ੍ਹਾਂ ਨੂੰ ਮਾਰ ਕੇ ਹੀ ਮਨ ਸ਼ੁੱਧ ਰਹਿ ਸਕਦਾ ਹੈ। ਇਹ ਸੱਚੇ ਹਿਰਦੇ ਤੋਂ ਵਾਹਿਗੁਰੂ ਦਾ ਨਾਮ ਜਪ ਕੇ ਮਰ ਜਾਂਦੀਆਂ ਹਨ।"

ਜਦੋਂ ਵਾਹਿਗੁਰੂ ਦੀ ਗੱਲ ਚਲਦੀ ਤਾਂ ਮੋਹਨ ਸਿੰਘ ਨੂੰ ਇਹ ਸਮਝ ਨਾ ਪੈਂਦੀ ਕਿ ਗੁਰੂ ਮਹਾਰਾਜ ਨੇ ਆਪਣੀ ਬਾਣੀ ਵਿਚ ਆਪਣੇ ਆਪ ਨੂੰ ਇਸਤਰੀ ਅਤੇ ਵਾਹਿਗੁਰੂ ਨੂੰ ਪੁਰਖ ਜਾਂ ਮਰਦ ਕਿਉਂ ਫ਼ਰਜ਼ ਕੀਤਾ ਹੈ ? ਗੁਰੂ ਸਾਹਿਬ ਬਾਲ ਬੱਚਿਆਂ ਤੇ ਪਤਨੀ ਵਾਲੇ ਸਨ, ਉਹ ਇਸਤਰੀ ਕਿਵੇਂ ਹੋਏ ? ਤੇ ਉਸ ਦੇ ਬਾਬਾ ਜੀ ਦਾ ਇਹ ਕਹਿਣਾ ਕਿ ਇਹ ਗੱਲ ਆਤਮਾ ਦੀ ਹੈ ਅਤੇ ਆਤਮਾ ਇਸਤਰੀ ਹੀ ਹੈ ਤਾਂ ਤੀਵੀਆਂ ਦੀ ਆਤਮਾ, ਮਰਦਾਂ ਤੋਂ ਉਲਟ, ਮਰਦ ਹੋਣੀ ਚਾਹੀਦੀ ਹੈ। ਤੇ ਫਿਰ ਮਰਦ ਦਾ ਅਕਾਲ ਪੁਰਖ ਨਾਲ ਤੇ ਇਸਤਰੀ ਦਾ ਇਸਤਰੀ ਨਾਲ ਸੰਜੋਗ—ਇਹ ਸਭ ਕੁਝ ਬਾਬਾ ਜੀ ਨੂੰ ਪੁੱਛਣ ਦਾ ਯਤਨ ਕੀਤਾ ਤਾਂ ਅੱਗੋਂ ਬਾਬਾ ਜੀ ਨੇ ਜੁੱਤੀ ਲਾਹ ਲਈ ਤੇ ਨਾਲ ਹੀ ਉਸ ਨੂੰ ਕਰੜੀ ਡਾਂਟ ਵੀ ਸੁਣਾਈ, "ਬਦਤਮੀਜ਼, ਗੁਰੂ ਸਾਹਿਬਾਨ ਬਾਰੇ ਇਹੋ ਜਿਹੀਆਂ ਗੱਲਾਂ ਕਰਦਾ ਹੈਂ, ਸ਼ਰਮ ਨਹੀਂ ਆਉਂਦੀ !"

ਤੇ ਫਿਰ ਆਪਣੇ ਗੁੱਸੇ 'ਤੇ ਕੁਝ ਕਾਬੂ ਪਾਉਂਦੇ ਹੋਏ ਬੋਲੇ, "ਇਹ ਸਭ ਕੁਝ ਗੁਰੂ ਸਾਹਿਬ ਕਹਿ ਗਏ ਹਨ, ਇਸ ਲਈ ਸਤਿ ਹੈ, ਇਸ ਨੂੰ ਸਤਿ ਬਚਨ ਕਹਿ ਕੇ ਮੰਨਣਾ ਚਾਹੀਦਾ ਹੈ।"

ਉਸ ਦਿਨ ਤੋਂ ਪੰਜਾਂ ਕੱਕਿਆਂ ਵਾਂਗ ਹੀ ਉਸ ਨੇ ਸਤਿਬਚਨ ਵੀ ਪਹਿਨ ਲਿਆ ਤਾਂ ਉਸ ਅੰਦਰਲੀ ਜਗਿਆਸਾ, ਦਲੀਲ ਤੇ ਖ਼ਿਆਲ ਸਭ ਹੌਲੀ-ਹੌਲੀ ਦਮ ਤੋੜਨ ਲੱਗ ਪਏ। ਉਸ ਅੰਦਰ ਅਜੀਬ ਤਬਦੀਲੀ ਆ ਰਹੀ ਸੀ। ਉਸ ਦੀ ਕਾਮ-ਚੇਸ਼ਟਾ ਉਸ ਦੇ ਕਠੋਰ ਨੈਤਿਕ ਪਹਿਰਾਵੇ ਸੌਹੇਂ ਆਕੀ ਹੁੰਦੀ ਜਾਪਦੀ ਸੀ। ਉਸ ਦੇ ਕੰਨਾਂ ਵਿਚ ਅਜਿਹੇ ਸਮੇਂ ਬਾਬਾ ਜੀ ਦਾ ਉਪਦੇਸ਼ ਗੂੰਜਦਾ ਤਾਂ ਉਸ ਦੇ ਅੰਦਰ ਇਕ ਦਰਦ ਜਿਹਾ ਜਾਗਦਾ, ਇਕ ਬੇਵਸੀ ਜਿਹੀ ਉਪਜਦੀ ਕਿ ਜੇ ਉਸ ਦੇ ਬਾਬਾ ਜੀ ਨੂੰ ਇਸ ਦੀ ਸੂਹ ਲੱਗ ਗਈ ਤਾਂ ਉਹ ਉਸ ਦੇ ਜਿਸਮ ਨੂੰ ਪਿੰਜ ਸੁੱਟਣਗੇ, ਉਸ ਨੂੰ ਵੀ ਬੱਕਰੇ ਵਾਂਗ ਖੱਸੀ ਕਰਵਾ ਦੇਣਗੇ। ਉਹ ਸਹਿਮ ਜਾਂਦਾ, ਉਸ ਦੇ ਅੰਦਰ ਦਾ ਸੰਸਾਰ ਛਿਣ ਦੀ ਛਿਣ ਇਕਦਮ ਸੁੰਗੜ ਕੇ ਸੁੰਨ ਹੋ ਜਾਂਦਾ। ਕਾਮ-ਚੇਸ਼ਟਾ ਦੀ ਅੱਗ

ਫਿਰ ਭੜਕਦੀ ਉਸ ਦੇ ਅੰਦਰ, ਫਿਰ ਇਕ ਯੁੱਧ ਛਿੜਦਾ ਤੇ ਵਿਚ ਵਿਚਾਲੇ ਉਹ ਫੈਲਦਾ ਸੁਕੜਦਾ ਲਹੂ ਲੁਹਾਣਾ ਹੁੰਦਾ, ਹੰਭ ਹੁਟ ਡਿਗ ਪੈਂਦਾ, ਚੌਫਾਲ।

ਜਦੋਂ ਤੋਂ ਉਸ ਨੇ ਆਪਣੇ ਤੋਂ ਉਮਰ ਵਿਚ ਛੋਟੇ ਮੁੰਡਿਆਂ ਨੂੰ ਪਰਮਾਤਮਾ ਨਾਲ ਲਿਵ ਲਾਉਣ ਤੇ ਬਾਬਾ ਜੀ ਦਾ ਉਪਦੇਸ਼ ਸੁਣਨ ਲਈ ਘਰ ਲਿਆਉਣਾ ਸ਼ੁਰੂ ਕੀਤਾ ਸੀ, ਉਦੋਂ ਤੋਂ ਬਾਬਾ ਜੀ ਬਹੁਤ ਪ੍ਰਸੰਨ ਸਨ। ਉਹ ਮੋਹਨ ਸਿੰਘ ਨੂੰ ਧਰਮ-ਪੁੱਤਰ ਕਹਿੰਦੇ, ਉਸ ਨੂੰ ਤੇ ਉਸ ਦੇ ਸਾਥੀਆਂ ਨੂੰ ਉਪਦੇਸ਼ ਦਿੰਦੇ, ਪਰਸ਼ਾਦ ਵਰਤਾਉਂਦੇ ਫੁੱਲੇ ਨਾ ਸਮਾਉਂਦੇ।

ਬਾਬਾ ਜੀ ਤੋਂ ਵਿਹਲਿਆਂ ਹੋ ਕੇ ਉਹ ਉਨ੍ਹਾਂ ਨੂੰ ਇਕ-ਇਕ ਕਰਕੇ ਆਪਣੇ ਕਮਰੇ ਵਿਚ ਲਿਆਉਂਦਾ, ਉਨ੍ਹਾਂ ਨੂੰ ਰੰਗ ਬਿਰੰਗੀਆਂ ਪੈਨਸਲਾਂ, ਕੰਘੀਆਂ ਤੇ ਹੋਰ ਤੁਹਫੇ ਦਿੰਦਾ। ਬਾਬਾ ਜੀ ਨੂੰ ਇਹ ਸਭ ਕੁਝ ਚੰਗਾ-ਚੰਗਾ ਲੱਗਦਾ।

ਮੋਹਨ ਸਿੰਘ ਵਿਚ ਸਮ-ਲਿੰਗ-ਭੋਗ ਦੀ ਵਧਦੀ ਰੁਚੀ ਨੂੰ ਵੇਖ ਕੇ ਸਭ ਮਾਪਿਆਂ ਨੇ ਆਪਣੇ ਬੱਚੇ ਉਸ ਨਾਲ ਜਾਣੋ ਰੋਕ ਲਏ। ਹੁਣ ਉਹ ਫੇਰ ਕੱਲਾ ਰਹਿ ਗਿਆ ਸੀ। ਉਹ ਪੜ੍ਹਦਾ, ਪਾਠ ਕਰਦਾ, ਪਰ ਉਸ ਦਾ ਮਨ ਕਾਮ-ਚੇਸ਼ਟਾ ਵਿਚ ਹੀ ਲੱਗਾ ਰਹਿੰਦਾ। ਉਹ ਗੁਸਲਖ਼ਾਨੇ ਵਿਚ ਘੰਟਾ-ਘੰਟਾ ਭਰ ਇਸ਼ਨਾਨ ਕਰਦਾ, ਮੂੰਹ ਵਿਚ ਬੁੜਬੁੜਾਉਂਦਾ ਰਹਿੰਦਾ ਤੇ ਇਸ ਸਮੇਂ ਦੇ ਦੌਰਾਨ ਕਈ ਵਾਰੀ ਵਕਫ਼ੇ ਤੇ ਉੱਚੀ-ਉੱਚੀ ਬੋਲਦਾ "ਤੇਰਾ ਨਾਂ ਲੈ ਕੇ, ਓ ਤੇਰਾ ਨਾਂ ਲੈ ਕੇ।" ਤਾਂ ਹਰ ਵਾਰ ਹੀ ਆਪਣੇ ਹੱਥਾਂ ਵਿਚ ਇਕ ਲਿਜਲਿਜੀ ਕਚ੍ਰਿਆਂਦ ਮਹਿਸੂਸ ਕਰਕੇ, ਆਪਣੀ ਫੈਲ ਢਿਲਕ ਰਹੀ ਦੇਹੀ ਵਾਂਗ ਉਸ ਦੀ ਆਵਾਜ਼ ਮੱਧਮ ਬੁੜਬੁੜਾਹਟ ਵਿਚ ਬਦਲ ਜਾਂਦੀ। ਇਸ਼ਨਾਨ ਕਰਦਿਆਂ ਨਿਤਨੇਮ ਮੁਸ਼ਠ-ਮੈਥੁਨ ਦਾ ਇਹ ਸਿਲਸਿਲਾ ਜਾਰੀ ਰਹਿੰਦਾ।

ਉਸ ਦੇ ਦਾਦਾ ਦਾਦੀ ਖ਼ੁਸ਼ ਸਨ ਕਿ ਉਨ੍ਹਾਂ ਦਾ ਪੋਤਰਾ ਆਵਾਰਾਗਰਦੀ ਨਹੀਂ ਕਰਦਾ। ਘਰ ਬੈਠ ਕੇ ਸਕੂਲ ਦਾ ਕੰਮ ਕਰਦਾ ਹੈ ਜਾਂ ਬਾਬਾ ਜੀ ਦਾ ਉਪਦੇਸ਼ ਸੁਣਦਾ ਹੈ। ਇਸ਼ਨਾਨ ਕਰਦਾ ਤੇ ਵਿਹਲੇ ਸਮੇਂ ਨਾਮ ਜਪਦਾ ਹੈ, ਕਦੇ ਉੱਚੀ ਕਦੇ ਹੌਲੀ। ਦਸਵੀਂ ਦੇ ਇਮਤਿਹਾਨ ਤੋਂ ਪਹਿਲਾਂ ਮੋਹਨ ਸਿੰਘ ਨੇ ਬਹੁਤ ਪਾਠ ਕੀਤਾ ਸੀ, ਅਰਦਾਸੇ ਕੀਤੇ, ਸੁਖਣਾ ਸੁਖੀਆਂ ਸਨ ਪਰ ਉਹ ਫਿਰ ਵੀ ਫੇਲ੍ਹ ਹੋ ਗਿਆ ਸੀ। ਬਾਬਾ ਜੀ ਨੇ ਕਿਹਾ ਕਿ ਬੇਟਾ ਤੇਰੇ ਪਾਠ ਤੇਰੀ ਬਿਰਤੀ ਦੀ ਲਗਨ ਵਿਚ ਕਿਤੇ ਕਮੀ ਰਹਿ ਗਈ ਸੀ, ਨਹੀਂ ਤਾਂ ਤੂੰ ਕਦੇ ਫੇਲ੍ਹ ਨਾ ਹੁੰਦਾ।

ਇਸ ਸਾਲ ਮੋਹਨ ਸਿੰਘ ਨੇ ਸਰਬ-ਸ਼ਕਤੀਮਾਨ ਵਾਹਿਗੁਰੂ ਦਾ ਜਾਂ ਨਾਮ ਹੀ ਜਪਿਆ ਸੀ ਤੇ ਜਾਂ ਫਿਰ ਲਗਾਤਾਰ ਪਾਠ ਹੀ ਕੀਤਾ ਸੀ। ਅਰਦਾਸੇ ਕੀਤੇ ਸੁੱਖਣਾਂ ਸੁੱਖੀਆਂ। ਫਲਸਰੂਪ ਉਹ ਪਿਛਲੇ ਸਾਲ ਵਾਂਗ ਦੋ ਮਜ਼ਮੂਨਾਂ ਵਿਚ ਫੇਲ੍ਹ ਹੋਣ ਦੀ ਥਾਂ ਇਸ ਸਾਲ ਸਾਰਿਆਂ ਵਿੱਚੋਂ ਹੀ ਫੇਲ੍ਹ ਹੋ ਗਿਆ ਸੀ। ਆਪਣੇ ਪੁੱਤਰ ਤੇ ਮੋਹਨ ਸਿੰਘ ਦੇ ਪਿਓ ਦੇ, ਮੋਹਨ ਸਿੰਘ ਦੀ ਪੜ੍ਹਾਈ ਵਲੋਂ ਅਣਗਹਿਲੀ ਦੇ ਡਰ ਹੇਠ ਜਦੋਂ ਅੱਧਾ ਸੇਰ ਦੁੱਧ ਘਿਓ ਛਕ ਕੇ ਬੇਸੁਰੇ ਰੂਪ ਵਿਚ ਮੋਟੇ ਹੋਏ ਮੋਹਨ ਸਿੰਘ ਨੂੰ ਡਾਂਟਣਾ ਚਾਹਿਆ ਤਾਂ ਅੱਗੋਂ ਮੋਹਨ ਸਿੰਘ ਬੋਲਿਆ, "ਗੁਰੂ ਨਾਨਕ ਮਹਾਰਾਜ ਕਿਹੜੇ ਸਕੂਲਾਂ ਵਿਚ ਪੜ੍ਹ ਕੇ ਪਾਸ ਹੋਏ ਸਨ। ਬਾਬਾ ਜੀ ਮੈਂ ਹੁਣ ਸਕੂਲ ਨਹੀਂ ਜਾਣਾ।"

ਮੋਹਨ ਸਿੰਘ ਦੇ ਬਾਪ ਨੇ, ਜਿਸ ਦਾ ਅਫ਼ਰੀਕਾ ਵਿਚ ਚੰਗਾ ਵਿਓਪਾਰ ਚੱਲ ਪਿਆ ਸੀ, ਮੋਹਨ ਸਿੰਘ ਨੂੰ ਆਪਣੇ ਕੰਮ ਕਾਰ ਦੇ ਹਿਸਾਬ-ਕਿਤਾਬ ਤੇ ਦੇਖ ਭਾਲ ਲਈ ਅਫ਼ਰੀਕਾ ਬੁਲਾ ਲਿਆ—ਅਫ਼ਰੀਕਾ, ਜਿੱਥੇ ਨੌਜਵਾਨ ਮੁੰਡੇ ਕੁੜੀਆਂ ਪਹਿਲੀ ਮੁਲਾਕਾਤ ਨੂੰ, ਸ਼ਾਦੀ ਤੋਂ ਪਹਿਲਾਂ ਹੀ, ਪਹਿਲੀ ਰਾਤ ਬਣਾ ਲੈਂਦੇ ਅਤੇ ਹਰ ਰਾਤ ਨਵੀਂ ਸ਼ਾਦੀ ਦੀ ਖੁੱਲ੍ਹ ਮਾਣਦੇ ਸਨ, ਮੋਹਨ ਸਿੰਘ ਲਈ ਨਵੀਂ ਖੁੱਲ੍ਹ ਦੀ ਥਾਂ ਕਰੜੀ ਪਾਬੰਦੀ ਦਾ ਵਾਤਾਵਰਣ ਬਣ ਕੇ ਰਹਿ ਗਿਆ।

ਸੜਕਾਂ ਤੇ ਕੰਘੀ ਪਾਈ ਤੁਰੇ ਜਹੇ ਰਹੇ ਖੁੱਲ੍ਹ ਖੇਡ ਮਾਣਦੇ ਨੌਜਵਾਨ ਅਫ਼ਰੀਕਨ ਮੁੰਡੇ ਕੁੜੀਆਂ ਨੂੰ ਬਾਰਾਂ ਕਲੱਬਾਂ ਵਿਚ ਜਾ ਕੇ ਬੀਅਰ ਪੀਂਦਿਆਂ, ਨ੍ਰਿਤ ਕਰਦਿਆਂ ਵੇਖ ਕੇ ਅਤੇ ਉਨ੍ਹਾਂ ਦੀ ਹਮ-ਬਿਸਤਰੀ ਦੀ ਖੁੱਲ੍ਹ

ਦੀਆਂ ਗੱਲਾਂ ਸੁਣ-ਸੁਣ ਕੇ ਮੋਹਨ ਸਿੰਘ ਜਿਵੇਂ-ਜਿਵੇਂ ਅੰਦਰੋਂ-ਅੰਦਰ ਸੁੰਗੜਾ ਗਿਆ, ਤਿਵੇਂ ਤਿਵੇਂ ਏਥੇ ਦੇ ਖ਼ਾਲਸ ਤੇ ਗੋਕੇ ਦੁੱਧ ਘਿਓ ਨਾਲ ਫੈਲ-ਫੈਲ ਕੇ ਇਸ ਨਵੇਂ ਵਾਤਾਵਰਣ ਵਿਚ ਥਿੰਦਾ ਘੜਾ ਬਣਦਾ ਗਿਆ। ਉਸ ਨੂੰ ਇੰਞ ਜਾਪਦਾ ਕਿ ਉਹ ਅੱਗੇ ਨਾਲੋਂ ਵੀ ਵਡੇਰੀ ਕੈਦ ਵਿਚ ਆ ਗਿਆ ਹੈ। ਇਕ ਦਿਨ ਉਹ ਗੁਆਂਢੀ ਮੁੰਡਿਆਂ ਨਾਲ ਸੈਰ ਕਰਨ ਗਿਆ ਤਾਂ ਉਸ ਦੇ ਪਿਤਾ ਨੇ ਉਸ ਨੂੰ ਕੰਨੋਂ ਫੜ ਕੇ ਡਾਂਟਦਿਆਂ ਕਿਹਾ, "ਤੂੰ ਵੀ ਉਨ੍ਹਾਂ ਵਾਂਗ ਹੀ ਸ਼ਰਾਬੀ ਕਬਾਬੀ ਤੇ ਵੈਲੀ ਬਣਨਾ ਹੈ—ਉਨ੍ਹਾਂ ਵਾਂਗ ਬਾਨ੍ਹੀਆਂ (ਕਾਲੀਆਂ ਤੀਵੀਆਂ) ਦੇ ਜਾ ਕੇ ਕੰਜਰਪੁਣਾ ਕਰਨਾ ਹੈ। ਤੈਨੂੰ ਸ਼ਰਮ ਆਉਣੀ ਚਾਹੀਦੀ ਹੈ।"

ਉਸ ਦਿਨ ਤੋਂ ਮੋਹਨ ਸਿੰਘ ਗੁਰਦੁਆਰਾ, ਦੁਕਾਨ, ਗੁਰਦੁਆਰਾ, ਘਰ ਤੇ ਪਿਤਾ ਦੇ ਹਰ ਹੁਕਮ ਸੌਹੇਂ ਸਤਿਬਚਨ ਦੇ ਚੱਕਰ ਵਿਚ ਬੱਝ ਗਿਆ। ਕਦੇ ਗੁਰਦੁਆਰੇ ਅਤੇ ਕਦੇ ਉਹ ਲੰਗਰ ਦੀ ਸੇਵਾ ਕਰਦਾ, ਕਦੇ ਜੋੜਿਆਂ ਦੀ ਤੇ ਕਦੇ ਗ੍ਰੰਥੀਆਂ ਦੀ। ਦੁੱਧ, ਘਿਓ, ਛੁਹਾਰੇ, ਦਾਖਾਂ, ਕੂਜਾ ਮਿਸ਼ਰੀ ਤੇ ਕੜਾਹ ਪਰਸ਼ਾਦ ਛਕ-ਛਕ ਕੇ ਜਿੰਨਾ ਉਹ ਬਾਹਰੋਂ ਫੈਲ ਰਿਹਾ ਸੀ, ਉਨਾਂ ਹੀ ਉਸ ਦਾ ਅੰਦਰ ਸੁੰਗੜ ਰਿਹਾ ਸੀ। ਪਹਿਲਾਂ ਪਹਿਲ ਉਹ ਤੜਕਸਾਰ ਘਰ ਦੇ ਸਭ ਜੀਆਂ ਤੋਂ ਪਹਿਲਾਂ ਉੱਠ ਕੇ ਘੰਟਾ ਭਰ 'ਤੇਰਾ ਨਾਂ ਲੈ ਕੇ' ਇਸ਼ਨਾਨ ਕਰਦਾ ਹੁੰਦਾ ਸੀ, ਪਰ ਹੁਣ ਉਸ ਨੂੰ ਆਪਣੇ ਆਪ 'ਤੇ ਸੁਸਤੀ ਹਾਵੀ ਹੋਈ ਜਾਪਦੀ, ਦੇਹ ਤੇ ਦੇਹ ਦਾ ਹਰ ਅੰਗ ਸੁੱਤਾ-ਸੁੱਤਾ ਜਾਪਦਾ ਢਿੱਲਾ, ਢਿੱਲਾ—ਉਸ ਦੀ ਮਾਂ ਉਸ ਨੂੰ ਹਾਕਾਂ ਮਾਰ ਕੇ ਉਠਾਲਦੀ ਤਾਂ ਉਹ ਢਿੱਲਮ-ਢਿੱਲੀ ਦੇਹ ਨੂੰ ਸੰਭਾਲਦਾ ਕਾਹਲੀ-ਕਾਹਲੀ ਆਪਣੀ ਦੇਹ ਤੇ ਪਾਣੀ ਸੁੱਟਦਾ ਤੇ ਗੁਰਦੁਆਰੇ ਜਾ ਵੜਦਾ।

ਇਕ ਦਿਨ ਐਵੇਂ ਦੁਕਾਨ ਦਾ ਕੰਮ ਮੁਕਾ ਵਾਪਸੀ 'ਤੇ ਗੁਰਦੁਆਰਿਓਂ ਹੋ ਕੇ ਕੇ ਉਹ ਗੋਅਨਜ਼ (Goans) ਦੀ ਗਲੀ ਅੱਗੇ ਖੜ੍ਹ ਕੇ ਮੁੰਡਿਆਂ ਨਾਲ ਗੱਲੀਂ ਪੈ ਗਿਆ ਤਾਂ ਉਸ ਦੀ ਮਾਂ ਲੋਹੇ ਲਾਖੀ ਹੋ ਕੜਕ ਕੇ ਬੋਲੀ, "ਵੇ ਉਹ ਤਾਂ ਰੰਡੀ ਦਾ ਮਕਾਨ ਹੈ। ਨਖਸਮੀਂ, ਖਸਮ ਦੇ ਹੁੰਦਿਆਂ ਹੀ ਰੰਡੀ ਹੋ ਗਈ ਹੈ—ਉਸ ਦਾ ਖਸਮ ਹੇਠਾਂ ਸਿਗਰਟ ਲਾਈ ਗੋਗੜ 'ਤੇ ਹੱਥ ਫੇਰਦਾ ਰਹਿੰਦਾ ਹੈ ਤੇ ਉਪਰ ਚੁਬਾਰੇ ਵਿਚ ਇਕ ਚੜ੍ਹਦਾ ਇਕ ਉਤਰਦਾ ਉਸ ਅੱਗੇ ਸ਼ਰਾਬ ਧਰ ਕੇ ਚਲਾ ਜਾਂਦਾ ਹੈ। ਇਨ੍ਹਾਂ ਦੇ ਵਿਆਹ ਤੋਂ ਝਟ ਹੀ ਬਾਅਦ ਪਹਿਲਾਂ ਇਹ ਕੰਮ ਚੋਰੀ ਛੁੱਪੇ ਹੁੰਦਾ ਰਿਹਾ ਤੇ ਫਿਰ ਖੁੱਲ੍ਹਮ ਖੁੱਲ੍ਹਾ। ਤੇ ਹੁਣ ਉਹ ਕਾਲਿਆਂ ਨਾਲ ਵੀ ਖੇਹ ਖਾਣ ਲਗ ਪਈ ਹੈ।"

ਉਸ ਦੇ ਪਿਓ ਨੂੰ ਵੀ ਗੁੱਸਾ ਆ ਗਿਆ, "ਉਹ ਜਿਨ੍ਹਾਂ ਨਾਲ ਤੂੰ ਗੱਲਾਂ ਕਰਦਾ ਸੈਂ, ਨਾ ਹਿੰਦੂ ਹਨ, ਨਾ ਮੁਸਲਮਾਨ, ਨਾ ਸਿੱਖ, ਉਨ੍ਹਾਂ ਦਾ ਕੋਈ ਦੀਨ ਈਮਾਨ ਨਹੀਂ। ਦਾੜ੍ਹੀਆਂ ਕੱਟੀਆਂ ਹੋਈਆਂ ਹਨ—ਕਾਲਿਆਂ ਤੇ ਗੋਰਿਆਂ ਨਾਲ ਬਹਿ ਕੇ ਗਊ ਦਾ ਮਾਸ ਖਾਂਦੇ, ਸਿਗਰਟਾਂ ਤੇ ਸ਼ਰਾਬ ਪੀਂਦੇ ਹਨ। ਇਹ ਮੁਸਲਮਾਨਾਂ ਤੇ ਬਾਮ੍ਹਣਾਂ ਦੇ ਮੁੰਡੇ ਚੋਰੀ-ਚੋਰੀ ਗਊ, ਸੂਰ ਸਭ ਕੁਝ ਰਗੜ ਜਾਂਦੇ ਹਨ, ਤੂੰ ਵੀ ਇਨ੍ਹਾਂ ਕੰਜਰਾਂ ਵਿਚ ਰਲਣਾ ਹੈ, ਜਿਨ੍ਹਾਂ ਦਾ ਨਾ ਕੋਈ ਧਰਮ ਹੈ, ਜਿਨ੍ਹਾਂ ਨੂੰ ਨਾ ਕਿਸੇ ਦੀ ਧੀ ਦੀ ਪਹਿਚਾਣ ਹੈ, ਨਾ ਭੈਣ ਦੀ।"

ਉਨ੍ਹਾਂ ਮੁੰਡਿਆਂ 'ਚੋਂ ਇਕ ਦੀ ਕਹੀ ਇਹ ਗੱਲ ਕਿ ਭਾਰਤ ਵਿਚ ਅਨੇਕਾਂ ਲੰਡਰ ਅਵਾਰਾ ਗਾਈਆਂ ਫਸਲਾਂ ਉਜਾੜਦੀਆਂ ਫਿਰਦੀਆਂ ਹਨ ਤੇ ਹਿੰਦੂ ਗਊ-ਹੱਤਿਆ ਲਈ ਕੁਰਲਾ ਰਹੇ, ਮੁਸਲਮਾਨਾਂ ਦੇ ਗਲ ਪੈ ਰਹੇ, ਮਜ਼੍ਹਬੀ ਫਸਾਦ ਖੜ੍ਹੇ ਕਰ ਰਹੇ ਹਨ, ਜੇ ਭਾਰਤ ਵਿਚ ਸਾਰੇ ਗਊ ਤੇ ਸੂਰ ਖਾਣ ਲਗ ਪੈਣ, ਅੰਗਰੇਜ਼ਾਂ ਤੇ ਕਾਲਿਆਂ ਵਾਂਗ, ਤਾਂ ਨਾ ਖ਼ੁਰਾਕ ਦੀ ਸਮੱਸਿਆ ਰਹੇ, ਨਾ ਧਰਮ ਦਾ ਝਗੜਾ, ਮਾਸ, ਮਾਸ ਹੀ ਹੁੰਦਾ ਹੈ, ਗਊ ਦਾ ਹੋਇਆ ਜਾਂ ਸੂਰ ਦਾ—ਸਮਝ ਪੈਂਦੀ ਪੈਂਦੀ ਫੇਰ ਉਲਝ ਗਈ ਸੀ। ਕੋਈ ਕਾਲੀ ਕੁੜੀ ਉਸ ਨੂੰ ਮਖ਼ੌਲ ਕਰਦੀ, ਉਸ ਦੀ ਕਾਮ-ਚੇਸ਼ਟਾ ਨੂੰ ਜਗਾਉਂਦੀ ਤਾਂ ਉਹ ਆਪਣੇ ਅੰਦਰਲੀ ਖ਼ਲਾਅ ਦੇ ਪ੍ਰਭਾਵ ਨੂੰ ਮਾਰਨ ਲਈ 'ਵਾਹਿਗੁਰੂ-ਵਾਹਿਗੁਰੂ' ਕਰਨ ਲਗ ਜਾਂਦਾ।

ਇਨ੍ਹਾਂ ਦਿਨਾਂ ਵਿਚ ਹੀ ਉਸ ਤੋਂ ਪੁੱਛੇ ਬਗੈਰ ਹੀ ਉਸ ਦੀ ਮੰਗਣੀ ਉਨ੍ਹਾਂ ਦੀ ਬਰਾਦਰੀ ਦੀ ਇਕ ਕੁੜੀ ਨਾਲ ਕਰ ਦਿੱਤੀ ਗਈ। ਕੁੜੀ ਬੜੀ ਸੋਹਣੀ ਸੀ ਤੇ ਮੋਹਨ ਸਿੰਘ ਦੀ ਵੇਖੀ ਹੋਈ। ਪਹਿਲਾਂ-ਪਹਿਲ ਜਦੋਂ ਉਹ ਆਇਆ ਸੀ ਤਾਂ ਉਸ ਨੇ ਉਹਦਾ ਨਾਂ ਲੈ ਕੇ ਵੀ, ਕਈ ਵਾਰ ਗੁਸਲਖ਼ਾਨੇ ਵਿਚ ਘੰਟਾ-ਘੰਟਾ ਗੁਜ਼ਾਰਿਆ

ਸੀ। ਹੁਣ ਉਸ ਦੇ ਮਨ ਵਿਚ ਅਜਬ ਦੁਬਿਧਾ ਸੀ—ਆਪਣੀ ਬਰਾਦਰੀ ਦੀ ਧੀ ਭੈਣ ਨਾਲ ਵਿਆਹ—? ਉਹ ਖ਼ੁਸ਼ੀ ਗਮੀ ਤੇ ਸੱਖਣੇਪਨ ਦੇ ਰਲਗਡ ਜਿਹੇ ਪ੍ਰਭਾਵਾਂ ਅਧੀਨ ਆਪਣੀ ਮਾਂ ਨੂੰ ਆਪਣਾ ਵਿਆਹ ਨਾ ਕਰਾਉਣ ਦੀ ਇੱਛਾ ਪ੍ਰਗਟ ਕਰਨੀ ਚਾਹੁੰਦਾ ਹੋਇਆ ਵੀ ਇਹ ਕਹਿਣ ਦਾ ਹੌਂਸਲਾ ਨਾ ਕਰ ਸਕਿਆ।

ਵਿਆਹ ਦੇ ਦਿਨ ਨੇੜੇ ਆਉਂਦੇ ਗਏ। ਉਨ੍ਹਾਂ ਦੇ ਘਰ ਗੌਣ ਗਾਏ ਜਾਣ ਲੱਗੇ ਪਰ ਮੋਹਨ ਸਿੰਘ ਡੌਰ ਭੌਰ ਜਿਹਾ, ਡਰਿਆ ਡਰਿਆ, ਸਹਿਮਿਆਂ, ਸਹਿਮਿਆਂ ਤੇ ਘਾਬਰਿਆ ਰਹਿੰਦਾ। ਹਰ ਕਿਸੇ ਨੂੰ ਸਤਿ ਬਚਨ ਕਹਿੰਦਾ ਹੋਇਆ ਪਗੜੀ 'ਚੋਂ ਝਾਕਦੀਆਂ ਲਟੂਰੀਆਂ ਨੂੰ ਸੰਭਾਲਦਾ ਰਹਿੰਦਾ।

ਮੋਹਨ ਸਿੰਘ ਨੂੰ ਵੱਟਣਾ ਲੱਗਣ ਲੱਗਾ ਤਾਂ ਉਸ ਨੂੰ ਜ਼ਨਾਨੇ ਹੱਥਾਂ ਦੀ ਛੂਹ ਨਾਲ ਆਪਣੀ ਦੇਹ ਰੀੜ੍ਹ ਦੀ ਹੱਡੀ ਤਕ ਸੁੰਨ ਹੋ ਗਈ ਜਾਪਦੀ, ਸਾਹ ਫੁੱਲਣ ਲਗ ਪੈਂਦਾ, ਅੰਗ ਸੌਂ ਜਾਂਦੇ। ਉਸ ਦੀ ਮਾਂ ਨੇ ਉਸ ਨੂੰ ਇਸ਼ਨਾਨ ਕਰਨ ਤੋਂ ਬਾਅਦ ਉਸ ਦੇ ਸੁਰਮਾਂ ਪੁਆਇਆ ਤੇ ਉਸ ਨੂੰ ਸ਼ੀਸ਼ੇ ਸੌਹੇਂ ਖੜ੍ਹ ਕੇ ਦਸਤਾਰ ਸਜਾਉਣ ਲਈ ਕਿਹਾ।

ਬਾਹਰ ਘੋੜੀ ਖੜ੍ਹੀ ਸੀ। ਜਾਂਞੀ ਤਿਆਰ ਸਨ ਪਰ ਮੋਹਨ ਸਿੰਘ ਦੀ ਦਸਤਾਰ ਸੀ ਕਿ ਸਜਣ ਵਿਚ ਨਹੀਂ ਸੀ ਆਉਂਦੀ। ਮੋਹਨ ਸਿੰਘ ਨੇ ਸ਼ੀਸ਼ੇ ਵਿਚ ਵੇਖਿਆ ਉਸ ਨੂੰ ਆਪਣੇ ਪਰਛਾਵੇਂ ਦੀ ਥਾਂ ਆਪਣੀ ਹੋਣ ਵਾਲੀ ਪਤਨੀ ਦਾ ਅਕਸ ਨਜ਼ਰ ਆਇਆ—ਅਜੇ ਉਹ ਇਸ ਨੂੰ ਵੇਖ ਹੀ ਰਿਹਾ ਸੀ ਕਿ ਇਹ ਅਕਸ ਉਸ ਗੋਅਨ ਦੇ ਅਕਸ ਵਿਚ ਬਦਲ ਗਿਆ ਤੇ ਉਸ ਨੂੰ ਆਪਣੇ ਨਲਾਂ ਵਿਚ ਇਕ ਦਰਦ ਜਿਹਾ ਮਹਿਸੂਸ ਹੋਇਆ। ਉਸ ਨੇ ਆਪਣੇ ਕੱਛੇ ਵਿਚ ਹੱਥ ਮਾਰਦਿਆਂ ਸ਼ੀਸ਼ੇ ਵਿਚ ਵੇਖਿਆ ਤਾਂ ਉਸ ਸ਼ੀਸ਼ੇ ਵਿਚ ਇਕ ਪਰਛਾਵਾਂ ਜਿਹਾ ਢਿਲਕ ਕੇ ਬੱਕਰੇ ਦੇ ਅਕਸ ਵਿਚ ਬਦਲਦਾ ਹੋਇਆ ਨਜ਼ਰੀਂ ਪਿਆ। ਉਸ ਨੇ ਧਿਆਨ ਨਾਲ ਵੇਖਿਆ। ਇਹ ਤਾਂ ਉਹੀ ਉਸੇ ਵਰਗਾ ਮੋਟਾ ਡਾਢਾ ਸੰਤ ਬੱਕਰਾ ਸੀ, ਜੋ ਬਚਪਨ ਤੋਂ ਹੀ ਲਗਾਤਾਰ, ਹੌਲੀ-ਹੌਲੀ, ਖੱਸੀ ਹੁੰਦਾ ਚਲਿਆ ਆ ਰਿਹਾ ਸੀ।

# ਇਕ ਸੁਤੰਤਰ ਛਿਣ

ਸ਼ਾਮ ਲਾਲ ਨੂੰ ਅਫ਼ਰੀਕਾ ਆਇਆਂ ਮਸਾਂ ਪੰਜ ਛੇ ਵਰ੍ਹੇ ਹੀ ਹੋਏ ਸਨ। ਪਰ ਇਨ੍ਹਾਂ ਪੰਜਾਂ-ਛੇਆਂ ਵਰ੍ਹਿਆਂ ਵਿਚ ਉਸ ਨੇ ਚੋਖੇ ਪੈਸੇ ਜੋੜ ਲਏ ਸਨ। ਭਾਰਤ ਵਿਚ ਹੁੰਦਿਆਂ ਆਪਣੇ ਘਰ ਦੀਆਂ ਧਾਰਮਕ ਤੇ ਸਦਾਚਾਰਕ ਕੀਮਤਾਂ ਤੇ ਕਠੋਰ ਨਿਯੰਤ੍ਰਣ ਹੇਠਾਂ ਉਸ ਦੀ ਜਵਾਨੀ ਬਚਪਨ ਦੀ ਚੋਰੀ ਛੁਪੇ ਦੀ ਮੁੰਡੇਬਾਜ਼ੀ ਦੇ ਤਜਰਬੇ ਤਕ ਹੀ ਸੀਮਤ ਸੀ। ਫਿਰ ਉਸ ਦਾ ਵਿਆਹ ਹੋ ਗਿਆ, ਜਿਵੇਂ ਅਨਜਾਣ ਡਰਾਈਵਰ ਦੇ ਹੱਥ ਕਿਸੇ ਚਾਲੂ ਬੱਸ ਫੜਾ ਦਿੱਤੀ ਹੋਵੇ। ਪਤਨੀ ਉਸ ਨੂੰ ਬੜੀ ਡਾਢੀ ਟੱਕਰੀ ਸੀ। ਹਰ ਸਮੇਂ ਜੋਕ ਵਾਂਗ ਚੰਮੜੀ ਰਹਿੰਦੀ, "ਅਹਿ ਕਰੋ, ਅਹਿ ਨਾ ਕਰੋ—ਇੰਞ ਕਰੋ—ਤੁਹਾਨੂੰ ਕੋਈ ਚੱਜ ਹੀ ਨਹੀਂ—ਮਿੱਟੀ ਦੇ ਮਾਧੋ ਹੋ, ਬਸ", ਦੀ ਮੁਹਾਰਨੀ ਉਸ ਦੇ ਘਰ ਵੜਦਿਆਂ ਹੀ ਸ਼ੁਰੂ ਹੋ ਜਾਂਦੀ। ਉਸ ਨੂੰ ਇੰਞ ਜਾਪਦਾ ਜਿਵੇਂ ਬਚਪਨ ਦੀ ਮੁੰਡੇਬਾਜ਼ੀ ਦਾ ਬਦਲਾ ਉਸ ਦੀ ਪਤਨੀ ਉਸ ਨਾਲ ਵਿਆਹ-ਬਾਜ਼ੀ ਕਰਕੇ ਲੈ ਰਹੀ ਹੋਵੇ। ਵਿਆਹ ਹੋਣ ਤੋਂ ਬਾਅਦ ਸ਼ਾਮ ਲਾਲ ਦਾ ਆਪਾ ਲਗਾਤਾਰ ਇਕ ਅਨਜਾਣੇ ਭੈ ਤੇ ਸਹਿਮ ਦੇ ਅਹਿਸਾਸ ਹੇਠਾਂ ਅੰਦਰੇ ਅੰਦਰ ਸੁੰਗੜਦਾ ਰਿਹਾ ਸੀ। ਆਪਣੀ ਪਤਨੀ ਵਲ ਵੇਖ ਕੇ ਉਸ ਨੂੰ ਐਵੇਂ ਕਮਜ਼ੋਰੀ ਜਿਹੀ ਤੇ ਹੀਣਤਾ ਦਾ ਅਹਿਸਾਸ ਹੁੰਦਾ ਅਤੇ ਫਿਰ ਉਹ ਚਾਹੇ-ਅਚਾਹੇ ਨੱਕ ਵਿਚ ਨਕੇਲ ਪੁਆ ਲੈਂਦਾ।

ਅਫ਼ਰੀਕਾ ਆ ਕੇ, ਪਹਿਲਾ ਸਾਲ, ਪਤਨੀ ਤੋਂ ਸੁਤੰਤਰ ਰੂਪ ਵਿਚ ਵਿਚਰਦਿਆਂ, ਉਸ ਨੂੰ ਬੜਾ ਮਜ਼ਾ ਆਇਆ ਸੀ। ਜਿਵੇਂ ਪਿੰਜਰੇ ਵਿਚ ਚਿਰਾਂ ਦੇ ਡੱਕੇ ਚੂਹੇ ਨੂੰ ਬਾਹਰ ਕੱਢ ਦੇਈਏ ਤਾਂ ਉਹ ਟਪੂਸੀਆਂ ਮਾਰਦਾ, ਏਧਰ ਓਧਰ ਦੌੜਦਾ ਹੈ—ਸ਼ਾਮ ਲਾਲ ਨੇ ਵੀ ਇੰਞ ਹੀ ਟਪੂਸੀਆਂ ਮਾਰੀਆਂ—ਰੰਗ ਬਰੰਗੀਆਂ ਤੀਵੀਆਂ ਨਾਲ ਜਿਸਮ ਸਾਂਝਾ ਕੀਤਾ, ਅੱਜ ਏਥੇ, ਕੱਲ੍ਹ ਓਥੇ। ਜ਼ਿੰਦਗੀ ਬੜੇ ਅਨੰਦ ਵਿਚ ਗੁਜ਼ਰ ਰਹੀ ਸੀ, ਆਪਣੇ ਪੂਰੇ ਵੇਗ ਵਿਚ, ਉਸ ਨੂੰ ਇੰਞ ਪ੍ਰਤੀਤ ਹੋਇਆ ਸੀ, ਜਿਵੇਂ ਉਸ ਨੂੰ ਜਵਾਨੀ ਏਥੇ ਆ ਕੇ ਹੀ ਚੜ੍ਹੀ ਹੋਵੇ। ਜਿਸ ਦਿਸ਼ਾ ਵਲ ਵੇਖਦਾ ਉਸ ਨੂੰ ਬੁਲਾਵਾ ਮਿਲਦਾ ਤੇ ਉਹ ਸਿਕੰਦਰ ਵਾਂਗ ਹਰ ਰਣ ਸਰ ਕਰਨ ਦੇ ਸੁਫ਼ਨੇ ਵੇਖਦਾ, ਬਾਰਾਂ, ਹੋਟਲਾਂ ਤੇ ਨਾਈਟ ਕਲੱਬਾਂ ਵਿਚ ਘੁੰਮਦਾ ਨਿਤ ਨਵੀਆਂ ਕੁੜੀਆਂ ਆਪਣੀ ਉਮਰ ਦੇ ਅੱਧ ਤੇ ਅੱਧ ਤੋਂ ਵੀ ਥੱਲੇ ਰਹਿੰਦੀਆਂ ਕੁੜੀਆਂ ਨੂੰ ਭੋਗਦਾ, ਅਫ਼ਰੀਕਾ ਨੂੰ ਦਾਦ ਦਿੰਦਾ।

ਤੇ ਫਿਰ ਸਾਲ ਬਾਅਦ ਉਸ ਦੀ ਪਤਨੀ ਆ ਗਈ—ਉਸ ਦੇ ਜੀਵਨ ਤੇ ਉਸ ਦੀ ਸੁਤੰਤਰਤਾ ਦੇ ਚਮਕਦਾਰ ਪੱਖ ਉੱਤੇ ਇਕ ਤਾਰੀਕ ਸਾਏ ਵਾਂਗ ਛਾ ਗਈ। ਹੁਣ ਉਹ ਫਿਰ ਪਿੰਜਰੇ ਵਿਚ ਬੰਦ ਸੀ। ਉਹ ਫਿਰ ਸੁੰਗੜ ਗਿਆ ਤੇ ਲਗਾਤਾਰ ਸੁੰਗੜਦਾ ਹੀ ਗਿਆ। ਆਪਣੀ ਪਤਨੀ ਵਲ ਵੇਖ ਕੇ ਉਸ ਦਾ ਸਾਰਾ ਆਤਮ-ਵਿਸ਼ਵਾਸ ਖੁੱਸ ਗਿਆ ਸੀ। ਕਦੇ-ਕਦੇ ਉਸ ਦੇ ਅੰਦਰ ਬਗਾਵਤ ਦਾ ਖ਼ਿਆਲ ਜਾਗਦਾ, ਪਰ ਫਿਰ ਉਹ ਆਪਣੀ ਪਤਨੀ ਬਾਰੇ ਸੋਚ ਕੇ ਕੰਬ ਜਾਂਦਾ। ਉਸ ਦੀ ਪਤਨੀ ਉਸ ਨੂੰ ਕੋਸਦੀ ਤੇ ਕਹਿੰਦੀ, "ਹੁਣ ਅਸੀਂ ਚਾਰ ਜੀ ਹਾਂ, ਦੋਵੇਂ ਮੁੰਡੇ ਸਕੂਲ ਪੜ੍ਹਨ ਜਾਂਦੇ ਹਨ, ਘਰ ਵੀ ਅੱਗੇ ਨਾਲੋਂ ਵੱਡਾ ਹੈ—ਫਿਰ ਵੀ ਪੈਸੇ ਜ਼ਿਆਦਾ ਬਚਦੇ ਹਨ। ਪਰ ਸਾਲ ਏਥੇ ਕੱਲਿਆਂ ਰਹਿ ਕੇ ਤੁਸੀਂ ਕੀ ਕਰਦੇ ਰਹੇ ਹੋ ? ਕੁਝ ਵੀ ਨਹੀਂ ਬਚਾਇਆ। ਇਹ

ਮਰਦ ਦੀ ਜ਼ਾਤ ਵੀ ਬੜੀ ਚੰਦਰੀ ਹੈ—ਜ਼ਰੂਰ ਕਾਲੀਆਂ ਕੁੜੀਆਂ 'ਤੇ ਪੈਸੇ ਪੱਟੇ ਹੋਣਗੇ ਜਾਂ ਸ਼ਰਾਬ ਦੇ ਮੂੰਹ—ਮੈਨੂੰ ਪਤਾ ਹੈ ਸਭ ਏਥੇ ਇਹ ਹੀ ਖੇਹ ਖਾਂਦੇ ਹਨ।"

ਸ਼ਾਮ ਲਾਲ ਕਸਮਾਂ ਖਾਂਦਾ, ਉਸ ਨੂੰ ਯਕੀਨ ਦੁਆਂਦਾ, ਆਪਣੀ ਵਫ਼ਾ ਦੇ ਵਾਸਤੇ ਪਾਉਂਦਾ ਤੇ ਸੋਚਦਾ ਕਿ ਜੇ ਉਸ ਦੀ ਪਤਨੀ ਨੂੰ ਪਤਾ ਲੱਗ ਗਿਆ ਤਾਂ ਬੁਰੀ ਗੱਲ ਹੋਵੇਗੀ। ਅੱਗੇ ਤਾਂ ਜੋ ਹੋਇਆ ਸੋ ਹੋਇਆ, ਜੇ ਹੁਣ ਵੀ ਇਹ ਕਥਾ ਜਾਰੀ ਰਹੀ, ਤਾਂ ਉਸ ਦੀ ਪਤਨੀ ਵੀ ਆਕੀ ਹੋ ਸਕਦੀ ਹੈ। ਦਿਨ ਦਿਹਾੜੇ ਨਕ ਕੱਟੀ ਜਾਵੇਗੀ। ਦਫ਼ਤਰੋਂ ਘਰ ਤੇ ਘਰੋਂ ਦਫ਼ਤਰ, ਪੂਰੇ ਸਮੇਂ ਤੇ ਉਸ ਦਾ ਕੋਹਲੂ ਦੇ ਬੈਲ ਵਾਲਾ ਚੱਕਰ ਜਾਰੀ ਰਹਿੰਦਾ।

ਇਨ੍ਹਾਂ ਪੰਜਾਂ-ਛੇਆਂ ਸਾਲਾਂ ਵਿਚ ਉਸ ਦੀ ਪਤਨੀ, ਲਗਾਤਾਰ, ਉਸ ਨੂੰ ਭਾਰਤ ਜਾ ਕੇ ਆਪਣੇ ਮਾਂ ਬਾਪ ਨਾਲ ਮੇਲ ਕਰ ਆਉਣ ਬਾਰੇ ਕਹਿੰਦੀ ਰਹੀ ਸੀ। ਸ਼ਾਮ ਲਾਲ ਦਾ ਵੀ ਆਪਣੇ ਮਾਂ ਬਾਪ ਨਾਲ ਬਹੁਤ ਪਿਆਰ ਸੀ ਤੇ ਇਹ ਅਹਿਸਾਸ ਵੀ ਕਿ ਸਿਆਣੇ ਸਰੀਰ ਹਨ, ਕਿਸੇ ਵੇਲੇ ਵੀ ਉਨ੍ਹਾਂ ਦੇ ਸੁਆਸ ਪੂਰੇ ਹੋ ਸਕਦੇ ਹਨ। ਪਰ ਜਦੋਂ ਉਹ ਏਥੇ ਆ ਕੇ ਪ੍ਰਾਪਤ ਕੀਤੀ ਆਪਣੀ ਇਕ ਸਾਲ ਦੀ ਸੁਤੰਤਰਤਾ ਬਾਰੇ ਸੋਚਦਾ ਤੇ ਉਸ ਨੂੰ ਆਪਣੀ ਗੈਰ-ਹਾਜ਼ਰੀ ਵਿਚ ਆਪਣੀ ਪਤਨੀ ਉੱਤੇ ਲਾਗੂ ਕਰਨ ਦਾ ਯਤਨ ਕਰਦਾ ਤਾਂ ਉਹ ਹੋਰ ਵੀ ਸੁੰਗੜ ਜਾਂਦਾ ਅਤੇ ਭਾਰਤ ਜਾਣ ਦਾ ਪ੍ਰੋਗਰਾਮ ਅੱਗੇ ਹੀ ਅੱਗੇ ਪਾਈ ਜਾਂਦਾ। ਉਹ ਆਪਣੇ ਆਪ ਨੂੰ ਸਮਝਾਉਂਦਾ ਕਿ ਮਾਂ ਬਾਪ ਦਾ ਮੇਲ ਤਾਂ ਠੀਕ ਹੈ, ਪਰ ਜੇ ਪਿੱਛੋਂ ਪਤਨੀ ਚੌੜ ਹੋ ਗਈ ਤਾਂ ਕੀ ਬਣੇਗਾ ? ਪਤਨੀ ਬਾਰੇ ਇੰਞ ਸੋਚਣ ਦਾ ਅਸਲ ਕਾਰਨ ਵੀ ਉਸ ਦੀ ਆਪਣੀ ਕਮਜ਼ੋਰੀ ਤੇ ਹੀਣਤਾ ਹੀ ਸੀ। ਉਸ ਦੀ ਪਤਨੀ ਨੇ ਵੀ ਕੀ ਵੇਖਿਆ ਸੀ : ਦਬੇਲ ਤੇ ਕਮਜ਼ੋਰ ਮਰਦ !

ਸ਼ਾਮ ਲਾਲ ਨੂੰ ਹੁਣ ਇੱਕੋ ਇਕ ਲਗਨ ਸੀ ਤੇ ਉਹ ਸੀ ਪੈਸੇ ਜਮ੍ਹਾਂ ਕਰਨ ਦੀ। ਇਸ ਨਾਲ ਉਸ ਨੂੰ ਨਸ਼ਾ ਜਿਹਾ ਵੀ ਚੜ੍ਹ ਜਾਂਦਾ ਸੀ ਤੇ ਸੰਤੁਸ਼ਟੀ ਵੀ ਹੁੰਦੀ ਸੀ। ਦਸ ਹਜ਼ਾਰ, ਵੀਹ ਹਜ਼ਾਰ, ਤੀਹ ਹਜ਼ਾਰ ਕਰਕੇ ਬੈਂਕ ਬੈਲੰਸ ਲਗਾਤਾਰ ਵਧ ਰਿਹਾ ਸੀ। ਹਰ ਮਹੀਨੇ ਜਦੋਂ ਉਹ ਬੈਂਕ ਸਟੇਟਮੈਂਟ ਵੇਖਦਾ ਤਾਂ ਉਸ ਨੂੰ ਸਰੂਰ ਜਿਹਾ ਆ ਜਾਂਦਾ ਤੇ ਉਹ ਆਪਣੇ ਆਪ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਾਲੋਂ ਵੀ ਵਧੇਰੇ ਖ਼ੁਸ਼ਹਾਲ ਤੇ ਖ਼ੁਸ਼ਕਿਸਮਤ ਸਮਝਦਾ।

ਪੈਸੇ ਜਮ੍ਹਾਂ ਕਰਨ ਦਾ ਸ਼ੌਕ ਉਸ ਨੂੰ ਇਕ ਦਾਇਮੀ ਰੋਗ ਵਾਂਗ ਚੰਮੜ ਗਿਆ ਸੀ ਤੇ ਕਈ ਦਿਨਾਂ ਤੋਂ ਉਹ ਆਪਣੀ ਪਤਨੀ ਨੂੰ ਵੀ ਟਾਈਪਿੰਗ ਤੇ ਸ਼ਾਰਟਹੈਂਡ ਸਿਖ ਲੈਣ ਦੀ ਪ੍ਰੇਰਨਾ ਦੇ ਰਿਹਾ ਸੀ। ਦੋ-ਤਿੰਨ ਮਹੀਨੇ ਲਾ ਕੇ ਉਹ ਵੀ ਚੰਗੇ ਚੋਖੇ ਪੈਸੇ ਕਮਾਉਣ ਦੇ ਯੋਗ ਹੋ ਜਾਵੇਗੀ। ਪਰ ਉਸ ਦੀ ਪਤਨੀ ਘਰ ਵਿਚ ਨੌਕਰਾਣੀ ਰੱਖਣ ਦੇ ਸਖ਼ਤ ਵਿਰੁਧ ਸੀ ਤੇ ਸ਼ਾਮ ਲਾਲ ਨੂੰ ਮਰਦ ਨੌਕਰ ਦੇ ਖ਼ਿਆਲ ਨਾਲ ਹੀ ਕਾਂਬਾ ਛਿੜ ਜਾਂਦਾ ਸੀ। ਅੰਤ ਨੌਕਰਾਣੀ ਰੱਖ ਲਈ ਗਈ। ਸ਼ਾਮ ਲਾਲ ਦੀ ਪਤਨੀ ਉਸ ਵਲ ਨਫ਼ਰਤ ਦੀ ਨਿਗਾਹ ਨਾਲ ਵੇਖਦੀ ਤੇ ਸੋਚਦੀ ਕਿ ਸ਼ਾਮ ਲਾਲ ਇਸ ਉੱਤੇ ਕਦੇ ਵੀ ਲੱਟੂ ਨਹੀਂ ਹੋ ਸਕਦਾ। ਕਾਲਾ ਸ਼ਾਹ ਰੰਗ, ਚਿੱਟੇ ਦੰਦ, ਭਰਵਾਂ ਗੁੰਦਵਾਂ, ਪਹਿਲਵਾਨੀ ਜਿਸਮ—ਨਿਰੀ ਚੁੜੇਲ ਜਾਪਦੀ ਸੀ। ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਖ਼ੂਬਸੂਰਤੀ ਰੰਗ ਵਿਚ ਨਹੀਂ ਹੁੰਦੀ, ਸਗੋਂ ਅੰਗਾਂ ਦੇ ਅਨੁਪਾਤ ਤੇ ਨਕਸ਼ਾਂ ਦੇ ਸਮੀਕਰਨ ਵਿਚ ਹੁੰਦੀ ਹੈ। ਭਾਰਤੀ ਖ਼ੂਬਸੂਰਤੀ ਦਾ ਰੰਗ ਵਾਲਾ ਮਿਆਰ ਏਥੇ ਨਹੀਂ ਸੀ ਢੁੱਕਦਾ। ਏਥੇ ਉਸ ਨੇ ਵੀ ਕਈ ਚੁੰਨ੍ਹੀਆਂ ਜਿਹੀਆਂ ਮੇਮਾਂ ਵੇਖੀਆਂ ਸਨ, ਉਨ੍ਹਾਂ ਵਿਚ ਜ਼ਰਾ ਮਾਸਾ ਵੀ ਖ਼ੂਬਸੂਰਤੀ ਨਹੀਂ ਸੀ, ਹਾਂ ਚੰਮ ਜ਼ਰੂਰ ਚਿੱਟਾ ਸੀ। ਉਂਞ ਵੀ ਸਾਡੇ ਲੋਕਾਂ ਲਈ ਮੇਮ ਦਾ ਮੇਮ ਹੋਣਾ ਹੀ ਆਪਣੇ ਆਪ ਵਿਚ ਇਕ ਵੱਡੀ ਤੇ ਖ਼ੂਬਸੂਰਤ ਗੱਲ ਸੀ।

ਸ਼ਾਮ ਲਾਲ ਕਾਰ 'ਤੇ ਦਫ਼ਤਰ ਜਾਂਦਿਆਂ ਰਸਤੇ ਵਿਚ ਪੈਂਦੇ ਕਾਮਰਸ ਸਕੂਲ ਵਿਖੇ ਆਪਣੀ ਪਤਨੀ ਨੂੰ ਲਾਹ ਜਾਂਦਾ ਤੇ ਲੰਚ ਬਰੇਕ ਸਮੇਂ ਉਸ ਨੂੰ ਵਾਪਸ ਘਰ ਆਪਣੇ ਨਾਲ ਲੈ ਜਾਂਦਾ। ਉਸ ਦੀ ਅੱਖ ਨੌਕਰਾਣੀ ਦੀ ਅਸਾਧਾਰਨ ਖ਼ੂਬਸੂਰਤੀ ਨੂੰ ਚੁੰਬਕ ਵਾਂਗ ਚਿਪਕੀ ਹੋਈ ਸੀ, ਪਰ ਉਹ ਆਪਣੀ ਪਤਨੀ ਵਲ ਵੇਖ

ਕੇ ਨੀਵੀਂ ਪਾ ਲੈਂਦਾ ਤੇ ਸੋਚਦਾ ਕਿ ਏਥੇ ਏਸ ਘਰ ਵਿਚ ਮੌਕਾ ਨਹੀਂ ਲੱਗ ਸਕਦਾ ਤੇ ਜੇ ਲੱਗ ਵੀ ਜਾਵੇ ਤਾਂ ਬੁਰੀ ਗੱਲ ਹੈ—ਸੌ ਦਿਨ ਚੋਰ ਦਾ ਇਕ ਦਿਨ ਸਾਧ ਦਾ। ਘਰ ਦਾ ਅਮਨ ਚੈਨ ਭੰਗ ਹੋ ਜਾਵੇਗਾ। ਉਂਝ ਵੀ ਨੌਕਰਾਣੀ ਨਾਲ ਇਹ ਖੁੱਲ੍ਹ ਲੈਣੀ ਵਾਜਬ ਨਹੀਂ ਸੀ। ਉਸ ਦੀ ਪਤਨੀ ਐਵੇਂ ਵਿਖਾਂਦ ਖੜਾ ਕਰ ਦੇਵੇਗੀ। ਪਰ ਮਨ ਚੰਚਲ ਦਾ ਕੋਈ ਕੀ ਕਰੇ। ਕਿਸੇ ਬਾਰੇ ਸੋਚਣ ਤੋਂ ਤਾਂ ਕੋਈ ਕਿਸੇ ਨੂੰ ਨਹੀਂ ਰੋਕ ਸਕਦਾ।

ਇਨ੍ਹਾਂ ਦਿਨਾਂ ਵਿਚ ਹੀ ਸ਼ਾਮ ਲਾਲ ਦੀ ਮਾਤਾ ਦੀ ਮੌਤ ਹੋ ਗਈ। ਦਿਲ ਦਾ ਦੌਰਾ ਪਿਆ ਤੇ ਪ੍ਰਾਣ ਪੂਰੇ ਹੋ ਗਏ। ਉਹ ਅੰਤਮ ਸਮੇਂ ਤਕ ਸ਼ਾਮ ਲਾਲ ਦੇ ਦਰਸ਼ਨਾਂ ਨੂੰ ਤਾਂਘਦੀ ਮਰ ਗਈ। ਸ਼ਾਮ ਲਾਲ ਦੀਆਂ ਅੱਖਾਂ ਸੌਹੇਂ ਮੌਤ ਦੀ ਤਾਰ ਪਈ ਸੀ। ਤਾਰ ਪੜ੍ਹਦਿਆਂ ਹੀ ਉਸ ਨੂੰ ਇਕ ਧੱਕਾ ਜਿਹਾ ਲੱਗਾ ਤੇ ਫਿਰ ਉਹ ਆਪਣੀ ਅਤਿ ਪਿਆਰੀ ਮਾਂ ਦੀ ਯਾਦ ਵਿਚ ਉੱਚੀ-ਉੱਚੀ ਧਾਹਾਂ ਮਾਰ ਕੇ ਰੋਣ ਲੱਗ ਪਿਆ ਤੇ ਲਗਾਤਾਰ ਰੋਂਦਾ ਹੀ ਗਿਆ। ਉਹ ਆਪਣੇ ਆਪ ਨੂੰ ਕੋਸ ਰਿਹਾ ਸੀ। ਕੀ ਲਾਭ ਹੈ ਇਸ ਪੈਸੇ ਦਾ ? ਕਿਸ ਅਰਥ ਹੈ ਇਹ ਧਨ ਦੌਲਤ ? ਉਸ ਦੀ ਮਾਂ ਉਸ ਦੇ ਮੇਲ ਲਈ ਤਾਂਘਦੀ ਮਰ ਗਈ ਸੀ, ਉਹ ਮਾਂ, ਜਿਸ ਨੇ ਉਸਦੀਆਂ ਅਤਿ ਭਿਆਨਕ ਤੇ ਤਾਰੀਕ ਰਾਤਾਂ ਵਿਚ ਉਸ ਨੂੰ ਚਾਨਣੀ ਦਾ ਗੀਤ ਸੁਣਾਇਆ ਸੀ। ਉਹ ਮਾਂ, ਜਿਸ ਨੇ ਤਪਦੇ ਬਲਦੇ ਸੂਰਜ ਹੇਠਾਂ ਉਸ ਨੂੰ ਆਪਣੀ ਮਮਤਾ ਦੀ ਸੰਘਣੀ ਛਾਂ ਦਿੱਤੀ ਸੀ ਅਤੇ ਦੁਨੀਆਂ ਦੀ ਹਰ ਊਜ ਤੋਂ ਬਚਾਉਣ ਲਈ ਉਸ ਨੂੰ ਸਦਾ ਹੀ ਆਪਣੀ ਬੁੱਕਲ ਵਿਚ ਛੁਪਾ ਲਿਆ ਸੀ—ਹਾਂ, ਉਹ ਮਾਂ ਮਰ ਗਈ ਸੀ। ਚਿੱਠੀ ਤੇ ਚਿੱਠੀ ਆਉਂਦੀ ਰਹੀ ਸੀ ਕਿ ਸ਼ਾਮ ਲਾਲ ਇਕ ਵਾਰ ਆ ਕੇ ਮੇਲਾ ਕਰ ਜਾਵੇ ਤਾਂ ਉਸ ਦੀ ਮਾਤਾ ਦੇ ਸੁਆਸ ਸੁਖਾਲੇ ਹੋ ਸਕਦੇ ਹਨ। ਸੜ ਗਏ ਭਾਗ ਸ਼ਾਮ ਲਾਲ ਦੇ, ਅੱਖਾਂ 'ਤੇ ਮਾਇਆ ਦੀ ਪੱਟੀ ਬੱਝ ਗਈ, ਅੰਨ੍ਹਾਂ ਹੋ ਗਿਆ, ਸ਼ਾਮ ਲਾਲ। ਸ਼ਾਮ ਲਾਲ, ਭਾਲ ਲਵੇ ਹੁਣ ਕੋਈ ਹੋਰ ਮਾਂ, ਖ਼ਰੀਦ ਲਵੇ ਹੁਣ ਕੋਈ ਹੋਰ ਮਾਂ ਇਸ ਧਨ ਦੌਲਤ ਨਾਲ !

ਸ਼ਾਮ ਲਾਲ ਦਾ ਦਿਮਾਗ਼ ਫਟਣ ਨੂੰ ਕਰਦਾ ! ਤਿੰਨ ਦਿਨ ਨਾ ਉਸ ਨੇ ਕੁਝ ਖਾਧਾ ਨਾ ਪੀਤਾ। ਉਸਦੀਆਂ ਧਾਹਾਂ ਨਾਲ ਉਸ ਦੀ ਘਿੱਗੀ ਬੱਝ ਗਈ। ਮੌਨ ਰੁਦਨ ਵਿਚ ਹਉਕੇ ਭਰਦਿਆਂ ਉਸ ਦੇ ਅੱਥਰੂ ਵਗ ਪੈਂਦੇ, ਇਕ ਨਿਰੰਤਰ ਵਹਿਣ ਵਿਚ। ਅਫ਼ਸੋਸ ਕਰਨ ਵਾਲੇ ਆਉਂਦੇ ਤਾਂ ਉਹ ਹਉਕੇ ਭਰਦਾ, ਰੋਂਦਾ, ਅੰਦਰ ਮੰਜੇ ਤੇ ਪੁੱਠਾ ਜਾ ਲੇਟਦਾ। ਅਫ਼ਸੋਸ ਕਰਨ ਵਾਲੇ ਉਸ ਦੀ ਪਤਨੀ ਨਾਲ ਹੀ ਅਫ਼ਸੋਸ ਕਰਕੇ ਚਲੇ ਜਾਂਦੇ। ਸ਼ਾਮ ਲਾਲ ਦੀ ਬੜੀ ਬੁਰੀ ਹਾਲਤ ਸੀ।

ਅੱਜ ਸਵੇਰ ਤੋਂ ਹੀ ਉਹ ਕੁਝ ਖ਼ਾਮੋਸ਼ ਸੀ। ਉਸ ਦੀ ਪਤਨੀ ਨੇ ਸੋਚਿਆ ਕਿ ਉਹ ਸ਼ਾਮ ਲਾਲ ਲਈ ਮੰਡੀ ਤੋਂ ਉਸ ਦੇ ਮਨ ਭਾਉਂਦੀਆਂ ਸਬਜ਼ੀਆਂ ਤੇ ਫਲ ਲੈ ਆਵੇ। ਮੰਡੀ ਵੀ ਕਿਹੜੀ ਨੇੜੇ ਸੀ, ਪੂਰੀ ਮੀਲ। ਉਹ ਝੋਲਾ ਲੈ ਕੇ ਮੰਡੀ ਵਲ ਤੁਰ ਪਈ। ਅਜੇ ਉਹ ਅੱਧ ਵਿਚ ਹੀ ਪਹੁੰਚੀ ਸੀ ਕਿ ਉਸ ਦੇ ਪੈਰ ਪਿਛਾਂਹ ਵਲ ਪਰਤ ਪਏ, ਪਤਾ ਨਹੀਂ ਕਿਉਂ ? ਐਵੇਂ ਇਕ ਅਹਿਸਾਸ ਜਿਹੇ ਦੇ ਪ੍ਰਭਾਵ ਹੇਠ ਉਹ ਘਰ ਵਲ ਮੁੜ ਪਈ।

ਕਾਹਲੀ ਵਿਚ ਸ਼ਾਮ ਲਾਲ ਤੋਂ ਨਾ ਬੂਹਾ ਬੰਦ ਹੋਇਆ ਸੀ ਅਤੇ ਨਾ ਹੀ ਖਿੜਕੀ ਦਾ ਪਰਦਾ ਹੀ ਖਿੱਚ ਹੋਇਆ ਸੀ। ਨੌਕਰਾਣੀ ਬੈਠਣ-ਕਮਰੇ ਵਿਚ ਆਈ ਤਾਂ ਛਿਣ ਦੀ ਛਿਣ ਉਸ ਨੂੰ ਆਪਣਾ ਆਪ ਇਕ ਭੁੱਖੇ ਸ਼ੇਰ ਵਰਗਾ ਜਾਪਿਆ—ਫੇਰ ਕੀ ਸੀ ਉਹ ਉਸ ਉੱਤੇ ਝਪਟ ਪਿਆ। ਨੌਕਰਾਣੀ ਤਾਂ ਅਗੇ ਹੀ ਨੀਮ ਰਾਜ਼ੀ ਸੀ ਤੇ ਬੱਚੇ ਪੜ੍ਹਨ ਗਏ ਹੋਏ ਸਨ, ਫਿਰ ਕਾਹਦਾ ਭੈ ਸੀ ? ਫਿਰ ਜਦੋਂ ਸ਼ਾਮ ਲਾਲ ਦੀ ਪਤਨੀ ਆਈ ਤਾਂ ਉਸ ਨੇ ਸ਼ਾਮ ਲਾਲ ਨੂੰ ਖਿੜਕੀ ਵਿੱਚੋਂ ਮੈਟਿੰਗ ਉੱਤੇ ਪਈ ਨੌਕਰਾਣੀ ਦੇ ਐਨ ਉਪਰ ਝੁਕੇ ਹੋਏ ਵੇਖਿਆ ਸੀ। ਉਸ ਦੇ ਕਦਮਾਂ ਦੀ ਪੈਛੜ ਸੁਣ ਕੇ ਨੌਕਰਾਣੀ ਉਸ ਦੇ ਹੇਠੋਂ ਨਿਕਲ ਕੇ ਰਸੋਈ ਵਿਚ ਚਲੀ ਗਈ ਸੀ ਤੇ ਸ਼ਾਮ ਲਾਲ ਪੈਂਟ ਦੇ ਬਟਨ ਬੰਦ ਕਰਨੇ ਵੀ ਭੁੱਲ ਗਿਆ ਸੀ।

ਬਾਹਰ ਘੰਟੀ ਖੜਕੀ, ਕੋਈ ਅਫ਼ਸੋਸ ਕਰਨ ਆਇਆ ਸੀ। ਲਹੂ ਦੇ ਘੁੱਟ ਭਰਦਿਆਂ ਸ਼ਾਮ ਲਾਲ ਦੀ

ਪਤਨੀ ਆਪਣੀ ਰੁਹਾਂਸੀ ਤੇ ਗੁੱਸੇ ਵਿਚ ਕੰਬਦੀ ਆਵਾਜ਼ ਵਿਚ ਆਉਣ ਵਾਲੀ ਨਾਲ ਆਪ-ਮੁਹਾਰੇ ਹੀ ਅਫ਼ਸੋਸ ਕਰਨ ਲੱਗ ਪਈ, "ਹਾਂ ਭੈਣ ਜੀ ਕੀ ਦੱਸੀਏ ਤੁਹਾਨੂੰ, ਇਨ੍ਹਾਂ ਨੂੰ ਆਪਣੇ ਮਾਤਾ ਜੀ ਨਾਲ ਬਹੁਤ ਪਿਆਰ ਸੀ—ਤਿੰਨ ਦਿਨ ਹੋ ਗਏ ਹਨ ਇਨ੍ਹਾਂ ਨੂੰ ਰੋਂਦਿਆਂ, ਧਾਹਾਂ ਮਾਰਦਿਆਂ, ਹਉਕੇ ਭਰਦਿਆਂ—ਰੋਟੀ ਪਾਣੀ ਨੂੰ ਹੱਥ ਨਹੀਂ ਲਾਇਆ।"

"ਹਾਂ ਭੈਣੇ ਰੋਟੀ ਕਿੱਥੋਂ ਸੁੱਝਦੀ ਹੈ ? ਮਾਪਿਆਂ ਦਾ ਦੁੱਖ ਬੜਾ ਡਾਢਾ ਹੁੰਦਾ ਹੈ। ਵਿਚਾਰੇ !"

"ਹਾਂ ਭੈਣੇ ਬੜਾ ਡਾਢਾ ਹੁੰਦਾ ਹੈ।"

ਨੌਕਰਾਣੀ ਵਲ ਵੇਖ ਕੇ 'ਡਾਢਾ' ਸ਼ਬਦ ਬੋਲਦਿਆਂ ਸ਼ਾਮ ਲਾਲ ਦੀ ਪਤਨੀ ਦੇ ਗੁੱਸੇ ਵਿਚ ਦੰਦ ਕਰੀਚੇ ਗਏ ਤੇ ਉਸਦੀਆਂ ਅੱਖਾਂ ਵਿਚ ਬੈਠਣ-ਕਮਰੇ ਵਿਚ ਕੁਝ ਚਿਰ ਪਹਿਲਾਂ ਵਾਪਰੀ ਘਟਨਾ ਦਾ ਦ੍ਰਿਸ਼, ਕਮਰੇ ਤੋਂ ਸੁਤੰਤਰ ਰੂਪ ਵਿਚ, ਥਿਰ ਹੋ ਕੇ ਲਟਕ ਗਿਆ।

# ਬਦਲਾ

"ਕੁੱਤੀ, ਕਮੀਨੀ, ਹਰਾਮਜ਼ਾਦੀ ... ਫਿਰ ਲੈ ਆਈ ਏਂ ਦੋਜ਼ਖ ਮੇਰੇ ਲਈ ... ਤੈਨੂੰ ਸ਼ਰਮ ਨਹੀਂ ਆਉਂਦੀ—ਬੇਈਮਾਨ—ਪਿਛਲੀ ਵਾਰੀ ਮੈਂ ਤੈਨੂੰ ਕਿਹਾ ਸੀ ਕਿ ਇਹ ਆਖ਼ਰੀ ਵਾਰ ਹੈ—ਜੇ ਤੂੰ ਫਿਰ ਇਸ ਤਰ੍ਹਾਂ ਕੀਤਾ ਤਾਂ ਮੈਂ ਤੇਰੀ ਕੋਈ ਸਹਾਇਤਾ ਨਹੀਂ ਕਰਾਂਗਾ—ਠੁੱਡ ਮਾਰ ਕੇ ਬਾਹਰ ਕੱਢ ਦਿਆਂਗਾ—ਨਿਕਲ ਜਾ ਪਾਜੀ ..."

"ਮਾਰ ਜਿੰਨਾ ਜੀ ਕਰਦਾ ਹੈ—ਕੁੱਤੇ ... ਹਰਾਮਜ਼ਾਦੇ ... ਮਾਰ ਹੋਰ ਮਾਰ ... ਜਦ ਤਕ ਤੇਰੇ ਹੱਥ ਨਾ ਟੁੱਟ ਜਾਣ। ਇਸ ਵਾਰ ਮੈਂ ਨਹੀਂ, ਇਸ ਸਭ ਕੁਝ ਦਾ ਤੂੰ ਜ਼ਿੰਮੇਵਾਰ ਹੈਂ—ਤੂੰ ਜੋ ਆਪਣੇ ਆਪ ਨੂੰ ਫ਼ਰਿਸ਼ਤਾ ਸਮਝਦਾ ਹੈਂ—ਗੰਦੀ ਨਾਲੀ ਦਾ ਕੀੜਾ ਹੈਂ—ਅੱਧੀ ਅੱਧੀ ਰਾਤ ਬਾਰ ਵਿਚ ਉਨ੍ਹਾਂ ਕੰਜਰੀਆਂ ਨਾਲ ਬੀਅਰ ਪੀਂਦਾ ਹੈਂ—ਉਨ੍ਹਾਂ 'ਚੋਂ ਹੀ ਕਿਸੇ ਇਕ ਤੇ ਲੱਟੂ ਹੋਇਆ ਪਿਆ ਹੈਂ ਤੇ ਮੈਨੂੰ ਠੁੱਡਾ ਮਾਰ ਕੇ ਕੱਢ ਦੇਣ ਲਈ ਬਹਾਨਾ ਘੜ ਲਿਆ ਹੈ—ਅਖੇ ਮੈਂ ਜ਼ਿੰਮੇਵਾਰ ਹਾਂ। ਇਸ ਸਭ ਕੁਝ ਦਾ ਜ਼ਿੰਮੇਵਾਰ ਤੂੰ ਹੈਂ, ਜਾਂ ਉਹ ਕੰਜਰੀਆਂ ਜੋ ਜਣੇ ਖਣੇ ਦੇ ਹੇਠ ਪੈਂਦੀਆਂ ਹਨ।"

"ਨੀਚ—ਇਹ ਦੂਸ਼ਣ ਲਾਉਣ ਤੋਂ ਪਹਿਲਾਂ ਤੇਰੀ ਜ਼ਬਾਨ ਕਿਉਂ ਨਾ ਸੜ ਗਈ—ਤੂੰ ਵੀ ਮੇਰੇ ਬਾਰੇ ਇੰਝ ਸੋਚ ਸਕਦੀ ਹੈਂ ? ਮੈਂ ਸੋਚਦਾ ਸਾਂ ਕਿ ਬੁਰਾਈ ਦੇ ਅੰਦਰ ਵੀ ਕਿਤੇ ਚੰਗਿਆਈ ਲੁਕੀ ਹੋਈ ਹੁੰਦੀ ਹੈ—ਪਰ ਨਹੀਂ—ਤੂੰ ਅੰਦਰੋਂ ਬਾਹਰੋਂ ਇਕ ਪਾਪ ਹੈਂ, ਨੀਚਤਾ ਹੈਂ, ਤੇਰੀ ਭੁੱਖ ਇਕ ਮਨੁੱਖ ਨਾਲ ਤ੍ਰਿਪਤ ਨਹੀਂ ਹੋ ਸਕਦੀ—ਤੈਨੂੰ ਮਰਦਾਂ ਦੀ ਵਾਹਰ ਚਾਹੀਦੀ ਹੈ—ਇਸ ਵਾਰ ਜੋ ਕੀੜੇ ਤੇਰੇ ਅੰਦਰ ਸੁਲਗ ਰਹੇ ਹਨ, ਮੈਂ ਤੈਨੂੰ ਉਨ੍ਹਾਂ ਦੇ ਹਵਾਲੇ ਕਰਦਾ ਹਾਂ ਤੇ ਉਨ੍ਹਾਂ ਦੇ ਵੀ ਜੋ ਤੈਨੂੰ ਇਹ ਸਭ ਕੁਝ ਦਿੰਦੇ ਹਨ। ਤੂੰ ਕੀੜੇ ਪੈ, ਕੋਹੜੀ ਹੋ, ਸਿਸਕ-ਸਿਸਕ ਕੇ ਮਰੇਂਗੀ ਤਾਂ ਮੈਂ ਖ਼ੁਸ਼ ਹੋਵਾਂਗਾ, ਹੱਸਾਂਗਾ ਤੇ ਵੇਖਾਂਗਾ ਕਿ ਕੌਣ ਤੈਨੂੰ ਇਸ ਗੰਦਗੀ ਤੋਂ ਮੁਕਤੀ ਬਖ਼ਸ਼ਦਾ ਹੈ। ਤੇਰੇ ਮਗਰਮੱਛ ਦੇ ਅੱਥਰੂ ਮੇਰੇ ਲਈ ਬੇਅਸਰ ਹਨ ...।"

"ਨਹੀਂ, ਤੂੰ ਇੰਝ ਨਹੀਂ ਕਰ ਸਕਦਾ, ਤੂੰ ਉਨ੍ਹਾਂ ਵਰਗਾ ਨਹੀਂ ਹੋ ਸਕਦਾ—ਤੂੰ ... ਤੂੰ ... ਮੈਨੂੰ ਸਮਝ ਨਹੀਂ ਆਉਂਦੀ ... ਤੂੰ ... ਮੇਰੇ ਮਾਂ ਬਾਪ ਖ਼ੁਸ਼ ਹੁੰਦੇ ਹਨ ਘੜੀ ਦੀ ਘੜੀ—ਜਦੋਂ ਮੈਂ ਤੇਰੇ ਕੋਲੋਂ ਉਨ੍ਹਾਂ ਲਈ ਰਸਦ ਲੈ ਕੇ ਜਾਂਦੀ ਹਾਂ—ਉਨ੍ਹਾਂ ਦੀਆਂ ਗਰਜ਼ਾਂ ਪੂਰੀਆਂ ਕਰਦੀ ਹਾਂ—ਪਰ ਫਿਰ ਜਦੋਂ ਉਹ ਢਿੱਡ ਭਰ ਲੈਂਦੇ ਹਨ, ਤਾਂ ਤੈਨੂੰ ਗਾਲ੍ਹਾਂ ਕੱਢਦੇ ਹਨ—ਬਲੱਡੀ ਮੁਜ਼ੂੰਗੂ (ਅੰਗਰੇਜ਼), ਈਡੀਅਟ ਤੇ ਪਤਾ ਨਹੀਂ ਹੋਰ ਕੀ ਕੀ ਕਹਿੰਦੇ ਹਨ। ਮੈਨੂੰ ਮਜਬੂਰ ਕਰਦੇ ਹਨ ਕਿ ਮੈਂ ਤੈਨੂੰ ਧੋਖਾ ਦਿਆਂ, ਦੋਹੀਂ ਹੱਥੀਂ ਲੁੱਟਾਂ—ਤੇ ਕਹਿੰਦੇ ਹਨ—ਅਸੀਂ ਅਫ਼ਰੀਕਨ ਹਾਂ—ਇਨ੍ਹਾਂ ਅੰਗਰੇਜ਼ਾਂ ਨੇ ਸਾਨੂੰ ਬਹੁਤ ਚਿਰ ਲੁੱਟਿਆ ਹੈ—ਹੁਣ ਸਾਡੀ ਵਾਰੀ ਹੈ—ਇਹ ਸਭ ਕੁਝ ਸੁਣਦਿਆਂ ਕਰਦਿਆਂ ਕਈ ਵਾਰ ਮੇਰਾ ਜੀ ਕਾਹਲਾ ਪੈ ਜਾਂਦਾ ਹੈ ਤਾਂ ਮੈਂ ਸੋਚਦੀ ਹਾਂ ਕਿ ਸਾਰੇ ਅੰਗਰੇਜ਼ ਇੱਕੋ ਜਿਹੇ ਨਹੀਂ ਹੁੰਦੇ—ਮੇਰੀ ਆਤਮਾ 'ਤੇ ਇਕ ਬੋਝ ਜਿਹਾ ਪੈਂਦਾ ਹੈ—ਮੈਂ ਨਾਂਹ ਕਰਦੀ ਹਾਂ ਤਾਂ ਮੇਰੇ ਘਰ ਕੁੱਟ ਪੈਂਦੀ ਹੈ—ਮੈਂ ਫਿਰ ਤੇਰੇ ਵਲ ਆ ਜਾਂਦੀ ਹਾਂ—ਪਰ ਮੇਰੀ ਆਤਮਾ—ਮੇਰੀ ਜ਼ਮੀਰ।"

"ਆਤਮਾ ਤੇ ਜ਼ਮੀਰ ਨਾਮ ਦੇ ਸ਼ਬਦ ਵਰਤਣ ਤੋਂ ਤਾਂ ਪਰਹੇਜ਼ ਕਰ—ਤੇਰੀ ਆਤਮਾ ਤੇਰੀ ਜ਼ਮੀਰ ਮਰ ਚੁੱਕੀ ਹੈ—ਤੂੰ ਕੇਵਲ ਜਿਸਮ ਹੈਂ—ਤੇਰੇ ਵਿਚ ਪਸ਼ੂਆਂ ਵਾਲੀਆਂ ਕੇਵਲ ਤਿੰਨ ਪਰਵਿਰਤੀਆਂ ਹਨ : ਕਾਮ, ਭੁੱਖ ਤੇ ਰੋਹ ... ਤੂੰ ਪਸ਼ੂ ਹੈਂ—ਤੈਨੂੰ ਕਈ ਵਾਰ ਆਖਿਆ ਹੈ ਕਿ ਜੇ ਤੇਰੇ ਕਬੀਲੇ ਦਾ ਕੋਈ ਮੁੰਡਾ ਤੈਨੂੰ ਪਿਆਰ ਕਰਦਾ ਹੈ ਤੇ ਤੂੰ ਉਸ ਨੂੰ, ਤਾਂ ਛੱਡ ਮੇਰਾ ਖਹਿੜਾ—ਉਸ ਮੁੰਡੇ ਨਾਲ ਵਿਆਹ ਕਰਵਾ ਲੈ—ਮੈਂ ਉਸ ਮੁੰਡੇ ਦੀ ਤੇਰੇ ਮਾਪਿਆਂ ਨੂੰ ਬਰਾਈਡ ਪ੍ਰਾਈਸ ਅਦਾ ਕਰਨ ਵਿਚ ਸਹਾਇਤਾ ਕਰ ਦਿਆਂਗਾ।"

"ਨਹੀਂ ਇਹ ਵੀ ਇਕ ਭਰਮ ਸੀ—ਬੜਾ ਚਿਰ ਭੋਗ ਲਿਆ ਹੈ—ਨਾ ਮਾਪੇ ਚਾਹੁੰਦੇ ਹਨ, ਨਾ ਮੁੰਡੇ। ਇਹ ਮੁੰਡੇ—ਇਹ ਸਭ ਗੰਦੇ ਕੀੜੇ ਹਨ—ਜਦੋਂ ਤੇਰੇ ਕੋਲੋਂ ਮੁਫ਼ਤ ਬੀਅਰ ਪੀਂਦੇ ਹਨ, ਤੇਰੀਆਂ ਸਿਫ਼ਤਾਂ ਕਰਦੇ, ਅਫ਼ਰੀਕਨਾਂ ਵਿਚ ਫੁੱਲ-ਫੁੱਲ ਬਹਿੰਦੇ ਹਨ। ਪਰ ਪਿੱਠ ਪਿੱਛੇ ਤੈਨੂੰ ਗਾਲ੍ਹੀਆਂ ਕੱਢਦੇ ਹਨ, ਅਖੇ ਇਹ ਹਰਾਮਜ਼ਾਦਾ ਸਾਡੀਆਂ ਕੁੜੀਆਂ ਮਾਂਜਦਾ ਹੈ। ਮੈਨੂੰ ਕਹਿੰਦੇ ਹਨ ਕਿ ਤੈਨੂੰ ਸ਼ਰਮ ਨਹੀਂ ਆਉਂਦੀ, ਮੁਜ਼ੂੰਗੂ ਨਾਲ ਯਾਰੀ ਗੰਢਦਿਆਂ। ਕੀ ਤੇਰੇ ਕਬੀਲੇ ਦੇ ਮਰਦ ਸਾਰੇ ਦੇ ਸਾਰੇ ਨਾਮਰਦ ਹੋ ਗਏ ਹਨ ? ਉਹ ਤੇਰੀ ਜਵਾਨੀ ਲੁੱਟ ਕੇ, ਤੇਰਾ ਜਿਸਮ ਖੋਖਲਾ ਕਰਕੇ ਵਾਪਸ ਇੰਗਲੈਂਡ ਚਲਾ ਜਾਵੇਗਾ ਤੇ ਤੂੰ ਸਾਰੀ ਉਮਰ ਲਈ ਏਥੇ ਨਰਕ ਭੋਗਦੀ, ਭੱਠ ਝੋਕਦੀ ਰਹਿ ਜਾਏਂਗੀ। ਤੈਨੂੰ ਉਸ ਕੋਲੋਂ ਕੀ ਮਿਲਦਾ ਹੈ ? ਬੀਅਰ, ਚੰਗੇ ਫੈਸ਼ਨੇਬਲ ਕੱਪੜੇ, ਪੈਸੇ, ਸਿਨਮੇਂ, ਸੈਰ ਸਪਾਟਾ ਤੇ ਅੱਯਾਸ਼ੀ—ਤੈਨੂੰ ਐਸ਼ ਚਾਹੀਦੀ ਹੈ, ਕਿ ਜ਼ਿੰਦਗੀ ਤੇ ਭਵਿੱਖ ? ਅਸੀਂ ਤੇਰਾ ਭਵਿੱਖ ਹਾਂ, ਜ਼ਿੰਦਗੀ ਹਾਂ। ਸਾਡੇ ਬਾਲ ਬੱਚੇ ਹੋਣਗੇ, ਘਰ ਹੋਵੇਗਾ, ਤੇ ਖ਼ੁਸ਼ਹਾਲੀ—ਤੇ ਮੈਂ ਇਸ ਚੰਗੇ ਭਵਿੱਖ ਦੇ ਮਗਰ ਲੱਗ ਜਾਂਦੀ ਹਾਂ। ਇਸ ਕੱਚੇ ਧਾਗੇ ਦੇ ਸਹਾਰੇ ਇਕ ਪਹਾੜ 'ਤੇ ਚੜ੍ਹਨ ਦਾ ਯਤਨ ਕਰਦੀ ਹਾਂ—ਪਰ ਇਹ ਧਾਗਾ ਇਕ ਰਾਤ ਵਿਚ ਹੀ ਟੁੱਟ ਜਾਂਦਾ ਹੈ ਤੇ ਫਿਰ ਮੈਂ ਹੇਠਾਂ ਚਿੱਤ ਪਈ ਹੁੰਦੀ ਹਾਂ—ਬੇਬਸ, ਬੇਸਹਾਰਾ—ਮੇਰੇ ਕਬੀਲੇ ਦੇ ਮੁੰਡੇ ਜਦੋਂ ਹਰ ਹਫ਼ਤੇ ਸ਼ਹਿਰ ਦੀਆਂ ਕੰਜਰੀਆਂ ਨਾਲ ਸੌਂ-ਸੌਂ ਸੁਆਦ ਬਦਲੀ ਲਈ ਪਿੰਡ ਵਾਪਸ ਪਰਤਦੇ ਹਨ, ਤਾਂ ਉਨ੍ਹਾਂ ਦੀ ਅੱਖ ਸਭ ਤੋਂ ਸੋਹਣੀ ਜਵਾਨ ਤੇ ਸਭ ਵਲੋਂ ਚਾਹੀ ਜਾਣ ਵਾਲੀ ਕੁੜੀ ਤੇ ਹੁੰਦੀ ਹੈ। ਉਹ ਉਸ ਨਾਲ ਬੀਅਰ ਪੀਂਦੇ, ਨੱਚਦੇ ਤੇ ਰਾਤ ਨੂੰ ਉਸ ਦੇ ਜਿਸਮ ਵਿੱਚੋਂ ਲੰਘ ਕੇ, ਸਵੇਰੇ ਉਸ ਨੂੰ ਠੁੱਡੇ ਮਾਰ ਕੇ ਬਾਹਰ ਕੱਢ ਦਿੰਦੇ ਹਨ ਅਤੇ ਸਭ ਨੂੰ ਕਹਿੰਦੇ ਹਨ ਕਿ ਉਹ ਤਾਂ ਮਲਾਯਾ (ਕੰਜਰੀ) ਹੈ। ਇਕ ਸ਼ਾਮ ਦੀ ਮਿੱਤਰ-ਕੁੜੀ, ਇਕ ਰਾਤ ਦੀ ਪਤਨੀ ਬਣ-ਬਣ ਕੇ, ਇਸ ਭਾਰ ਹੇਠ ਮੈਂ ਆਪਣੀ ਜਵਾਨੀ ਦੇ ਤਿੰਨ ਕੀਮਤੀ ਵਰ੍ਹੇ ਤੇ ਪੰਦਰਾਂ ਮਰਦ ਭੋਗ ਭੁਗਤ ਚੁੱਕੀ ਹਾਂ। ਪਰ ਉਹ ਭਵਿੱਖ, ਜੀਵਨ, ਬੱਚੇ, ਘਰ...ਸਭ ਧੋਖਾ ਸੀ। ਮੈਂ ਫਿਰ ਚਿੱਤ ਪਈ ਹਾਂ। ਰਾਤ ਕਿਸ ਤਰ੍ਹਾਂ ਮੇਰੇ ਪਾਸੇ ਭੰਨੇ ਹਨ—ਉਸ ਨੂੰ ਸ਼ਰਾਬ ਚਾਹੀਦੀ ਹੈ।—ਪਿਓ ਦੀ ਨਸਵਾਰ ਮੁੱਕ ਗਈ ਹੈ, ਤੇ ਮਾਂ ਦੇ ਮੂਹਰੇ ਠੰਡਾ ਚੁੱਲ੍ਹਾ ਪਿਆ ਹੈ। ਮਾਰ, ਤੂੰ ਵੀ ਰੱਜ ਕੇ ਮਾਰ ਲੈ—ਤੂੰ ਵੀ ਮੇਰੇ ਤੇ ਰਹਿਮ ਕਿਉਂ ਕਰੇਂ ?

"ਨਹੀਂ, ਤੇਰਾ ਮੇਰਾ ਕੀ ਸੰਬੰਧ ਹੈ ? ਤੂੰ ਨਿਕਲ ਜਾ ਏਥੋਂ ..."

"ਨਹੀਂ, ਤੂੰ ਮੈਨੂੰ ਕੀੜੇ ਪੈ ਕੇ ਮਰਦਿਆਂ ਨਹੀਂ ਵੇਖ ਸਕਦਾ—ਤੂੰ ਹੀ ਮੇਰੀ ਮਦਦ ਕਰ ਸਕਦਾ ਹੈਂ, ਮੈਨੂੰ ਇਸ ਜ਼ਿੱਲਤ 'ਚੋਂ ਬਾਹਰ ਕੱਢਣ ਲਈ।"

"ਮੇਰਾ ਤੇਰਾ ਕੀ ਰਿਸ਼ਤਾ ਹੈ ? ਨਾ ਮੈਂ ਤੇਰਾ ਬਾਪ ਹਾਂ, ਨਾ ਭੈਣ, ਨਾ ਭਰਾ, ਨਾ ਮਿੱਤਰ-ਮੁੰਡਾ, ਨਾ ਪਤੀ, ਨਾ ਮਾਂ।"

"ਨਹੀਂ ਤੂੰ ਮੇਰਾ ਮਾਂ, ਬਾਪ, ਭੈਣ, ਭਰਾ, ਪਤੀ, ਮਿੱਤਰ-ਮੁੰਡਾ, ਸਭ ਕੁਝ ਹੈਂ।"

"ਤੈਨੂੰ ਪਿਛਲੀ ਵਾਰੀ ਆਖਿਆ ਸੀ ਕਿ ਜੇ ਤੂੰ ਫਿਰ ਉਸ ਕੋਲ ਗਈ ਤਾਂ ਮੈਂ ਤੇਰੀ ਕੋਈ ਮਦਦ ਨਹੀਂ ਕਰਨੀ—ਤੂੰ ਇਕ ਮਰਦ ਨਾਲ ਸੰਤੁਸ਼ਟ ਨਹੀਂ ਹੋ ਸਕਦੀ—ਤੂੰ ਚਲੀ ਜਾ—ਉਸੇ ਕੋਲ—ਉਸ ਕੋਲ ਆਪਣੇ ਲਈ ਤਾਂ ਪੈਸੇ ਨਿਕਲ ਆਉਂਦੇ ਹਨ, ਤੇਰੇ ਲਈ ਕਿਉਂ ਨਹੀਂ ?"

"ਤੇਰੇ ਸਿਰ ਦੀ ਸੌਂਹ ਮੈਂ ਇਸ ਵਾਰ ਉਸ ਕੋਲ ਨਹੀਂ ਗਈ। ਇਹ ਹੋਰ ਮੁੰਡਾ ਸੀ—ਅਲੂਆਂ, ਥੋੜ੍ਹ-ਉਮਰਾ, ਪਰ ਭਰ ਜਵਾਨ—ਵੇਖਣ ਨੂੰ ਭੋਲਾ ਭਾਲਾ—ਬੜੀਆਂ ਮਿੱਠੀਆਂ ਗੱਲਾਂ ਕਰਦਾ ਸੀ—ਬੜੇ ਪਿਆਰੇ ਪੱਤਰ

ਲਿਖਦਾ ਸੀ। ਵਿਆਹ ਦੇ ਵਾਅਦੇ—ਪਿਆਰ ਦੇ ਤਰਲੇ, ਮੇਰੇ ਹੁਸਨ, ਮੇਰੇ ਨਕਸ਼ਾਂ, ਮੇਰੀ ਜਵਾਨੀ ਦੀਆਂ ਤਾਰੀਫ਼ਾਂ—ਤਰਲੇ—ਜਿਵੇਂ ਮੇਰੇ ਬਿਨਾਂ ਉਸ ਅੰਦਰਲੀ ਜ਼ਿੰਦਗੀ ਦਾ ਸੋਮਾਂ ਸੁੱਕ ਜਾਏਗਾ। ਮੈਂ ਫਿਰ ਧੋਖਾ ਖਾ ਗਈ—ਉਹ ਵੀ ਦੂਜਿਆਂ ਵਾਂਗ ਹੀ ਨਿਕਲਿਆ—ਸ਼ਹਿਰ ਦੀਆਂ ਕੰਜਰੀਆਂ ਤੋਂ ਲਿਆਂਦੀ ਸੁਗਾਤ ਮੈਨੂੰ ਦੇ ਕੇ ਤੁਰਦਾ ਹੋਇਆ ਤੇ ਹੁਣ ਮੇਰੇ ਅੰਦਰ ਕਿਰਮ ਸੁਲਗ ਰਹੇ ਹਨ—ਪੇਸ਼ਾਬ ਕਰਨ ਜਾਂਦੀ ਹਾਂ ਤਾਂ ਚੀਰ ਪੈਂਦੇ ਹਨ, ਜਾਨ ਨਿਕਲਦੀ ਹੈ।"

"ਤੇਰੇ ਜਿਸਮ ਵਿਚ ਚੀਰ ਪੈਂਦੇ ਹਨ ਤਾਂ ਕੀ ਹੋਇਆ ? ਮੇਰੀ ਆਤਮਾ, ਮੇਰਾ ਵਿਸ਼ਵਾਸ ਪੁੜ-ਪੁੜ ਵਿੱਝਾ ਪਿਆ ਹੈ—ਮੇਰੇ ਅੰਦਰ ਮੌਨ ਰੁਦਨ ਦਾ ਇਕ ਤੂਫ਼ਾਨ ਸਿਸਕ ਰਿਹਾ ਹੈ। ਕੀ ਤੂੰ ਹਰ ਵਾਰ ਹੀ ਮੇਰੇ ਨਾਲ ਇਸ ਤਰ੍ਹਾਂ ਕਰ ਸਕਦੀ ਹੈਂ ? ਮੇਰਾ ਸਿਰ ਫਟਣ ਨੂੰ ਕਰਦਾ ਹੈ—ਤੂੰ ਚਲੀ ਜਾ, ਮੇਰਾ ਸਿਰ ਫਟਣ ਨੂੰ ਕਰਦਾ ਹੈ—ਤੇਰੇ ਮਾਪਿਆਂ ਨੂੰ, ਤੈਨੂੰ ਕਿੰਨੇ ਪੈਸੇ ਚਾਹੀਦੇ ਹਨ ? ਦੱਸ—ਤੂੰ ਪੈਸੇ ਲੈ ਤੇ ਚਲੀ ਜਾ, ਮੈਂ ਤੇਰਾ ਮੂੰਹ ਵੀ ਨਹੀਂ ਵੇਖਣਾ ਚਾਹੁੰਦਾ—ਤੂੰ ਇਸਤਰੀ ਨਹੀਂ ਪਸ਼ੂ ਹੈਂ—ਜਦੋਂ ਜੀ ਕੀਤਾ ਜਿਸ ਨਾਲ ਵੀ ਜਿੱਥੇ ਮਰਜ਼ੀ ...।"

"ਨਹੀਂ ਮੈਨੂੰ ਕੋਈ ਪੈਸਾ ਨਹੀਂ ਚਾਹੀਦਾ—ਤੇਰੀ ਹਾਲਤ ਹੁਣ ਮੈਂ ਸਮਝਦੀ ਹਾਂ—ਮੈਂ ਪਸ਼ੂ ਹੀ ਸਹੀ,—ਪਸ਼ੂਆਂ ਵਿਚ ਵੀ ਸੰਗ ਸਾਥ ਦਾ ਅਹਿਸਾਸ ਹੁੰਦਾ ਹੈ—ਉਹ ਜੇ ਤੈਨੂੰ ਗਾਲ੍ਹਾਂ ਕੱਢਦੇ ਹਨ—ਮੈਂ ਉਨ੍ਹਾਂ ਤੋਂ ਤੇਰਾ ਤੇ ਆਪਣਾ ਬਦਲਾ ਲਵਾਂਗੀ।"

"ਬਦਲਾ ?"

"ਹਾਂ ਬਦਲਾ—ਤੂੰ ਮੈਨੂੰ ਇਸੇ ਹਾਲਤ ਵਿਚ ਦੋ-ਤਿੰਨ ਹਫ਼ਤੇ ਦੀ ਛੁੱਟੀ ਦੇ ਦੇ—ਮੈਂ ਉਨ੍ਹਾਂ ਸਭ 'ਚੋਂ ਇਕ-ਇਕ ਦੇ ਨਾਲ ਨੱਚਾਂਗੀ—ਇਕ-ਇਕ ਦੇ ਨਾਲ ਜਾਵਾਂਗੀ—ਇਕ-ਇਕ ਦੇ ਨਾਲ ਸੌਵਾਂਗੀ—ਫਿਰ ਮੈਂ ਉਨ੍ਹਾਂ ਦੇ ਸਾਮ੍ਹਣੇ ਸਿਰਫ਼ ਤੇਰੇ ਨਾਲ ਨੱਚਾਂਗੀ—ਸਿਰਫ਼ ਤੇਰੇ ਨਾਲ ਜਾਵਾਂਗੀ, ਸਿਰਫ਼ ਤੇਰੇ ਨਾਲ ਸੌਵਾਂਗੀ—ਜਦੋਂ ਮੈਂ ਉਨ੍ਹਾਂ ਦੇ ਕਿਰਮ, ਇਕ-ਇਕ ਕਰਕੇ ਉਨ੍ਹਾਂ ਨੂੰ ਮੋੜ ਚੁੱਕੀ ਹੋਵਾਂਗੀ—ਫਿਰ ਤੂੰ ਮੇਰਾ ਇਲਾਜ ਕਰਵਾਈਂ, ਆਖ਼ਿਰੀ ਵਾਰ—ਤੇਰੇ ਨਾਲ ਨੱਚਦਿਆਂ, ਜਾਂਦਿਆਂ ਵੇਖ ਕੇ ਉਹ ਸਭ ਮੈਨੂੰ ਨਫ਼ਰਤ ਕਰਦੇ ਹੋਏ ਵੀ ਪਹਿਲਾਂ ਸਾਨੂੰ ਸੰਦੇਹ ਤੇ ਹੈਰਾਨੀ ਭਰੀਆਂ ਨਜ਼ਰਾਂ ਨਾਲ ਵੇਖਣਗੇ—ਆਪਣੇ ਅੰਦਰ ਪੈ ਰਹੇ ਚੀਰਾਂ ਤੇ ਦਰਦ ਨੂੰ ਮਾਰਨ ਲਈ ਤੈਨੂੰ ਮੂਰਖ ਤੇ ਮੈਨੂੰ ਕੰਜਰੀ ਕਹਿਣਗੇ। ਤੇ ਫਿਰ ਹੌਲੀ-ਹੌਲੀ ਤੇਰੇ ਨਾਲ ਈਰਖਾ ਤੇ ਆਪਣੇ ਆਪ ਨਾਲ ਨਫ਼ਰਤ ਕਰਨ ਲੱਗ ਜਾਣਗੇ। ਵੇਖ ਮੈਂ ਅਜੇ ਵੀ ਜਵਾਨ ਹਾਂ—ਇਸ ਜਿਸਮ ਵਿਚ ਅਜੇ ਵੀ ਅੱਗ ਹੈ, ਹੁਸਨ ਹੈ।"
ਬਦਲੇ ਦੀ ਅੱਗ ਵਿਚ ਬਲਦੀ, ਉਹ ਏਡੀ ਸੁਹਣੀ ਲੱਗ ਰਹੀ ਸੀ, ਜਿੰਨੀ ਅੱਗੇ ਕਦੇ ਵੀ ਨਹੀਂ ...।

# ਐਵਰੀ ਮੈਨਜ਼ ਵਾਟਰ

ਬੰਬਈ ਦੀ ਬੰਦਰਗਾਹ ਛੱਡਿਆਂ ਜਹਾਜ਼ ਨੂੰ ਅੱਧੇ ਘੰਟੇ ਤੋਂ ਵੱਧ ਸਮਾਂ ਹੋ ਚੁੱਕਿਆ ਸੀ। ਪਰ ਮੇਰੇ ਕੰਨਾਂ ਵਿਚ ਅਜੇ ਤੱਕ ਵੀ ਉਸ ਦੇ ਤੁਰਨ ਸਮੇਂ ਦਾ ਸਾਇਰਨ ਗੂੰਜ ਰਿਹਾ ਸੀ। ਮੇਰੀਆਂ ਅੱਖਾਂ ਵਿਚ ਅਜੇ ਵੀ ਬੰਦਰਗਾਹ ਦੇ ਵੇਵਿੰਗ-ਬੇਸ ਉੱਤੇ ਖੜੋਤੇ ਮੈਨੂੰ ਅੰਤਿਮ ਵਿਦਾ ਕਹਿ ਰਹੇ ਮੇਰੇ ਮਿੱਤਰ ਦੇ ਅੱਥਰੂ ਲਟਕ ਰਹੇ ਸਨ। ਮੇਰੀ ਸਿਮਰਤੀ ਵਿਚ ਡੈੱਕ 'ਤੇ ਖੜੋਤੇ ਅਨੇਕਾਂ ਯਾਤਰੂ ਵਾਰੋ ਵਾਰੀ ਉੱਭਰ ਰਹੇ ਸਨ, ਜਿਨ੍ਹਾਂ ਨਾਲ ਮੇਰੀ ਕੋਈ ਵੀ ਜ਼ਾਤੀ ਜਾਣ ਪਹਿਚਾਣ ਨਹੀਂ ਸੀ, ਪਰ ਫਿਰ ਵੀ ਇਕ ਸਾਂਝ ਸੀ—ਇਕ ਅਜਨਬੀ ਜਿਹੀ ਸਾਂਝ—ਮੁੰਬਾਸੇ ਤਕ ਇਕੱਠਿਆਂ ਸਫ਼ਰ ਕਰਨ ਦੀ ਸਾਂਝ।

ਜਹਾਜ਼ ਦੇ ਤੁਰਨ ਤੋਂ ਪਹਿਲਾਂ ਸਭ ਯਾਤਰੂਆਂ ਨੇ ਜਹਾਜ਼ ਦੇ ਦੁਆਲੇ ਇਕੱਠੀਆਂ ਹੋਈਆਂ ਛੋਟੀਆਂ ਵੱਡੀਆਂ ਮੱਛੀਆਂ ਅਤੇ ਜਲ ਦੇ ਹੋਰ ਜਾਨਵਰਾਂ ਨੂੰ ਬੜੀ ਡੂੰਘੀ ਨੀਝ ਨਾਲ ਤੱਕਿਆ ਸੀ ਤੇ ਫਿਰ ਉਹ ਕਿੰਨਾ ਚਿਰ ਲਗਾਤਾਰ ਇਸ ਤਰ੍ਹਾਂ ਹੀ ਤੱਕਦੇ ਰਹੇ ਸਨ। ਮੈਂ ਵੀ ਉਨ੍ਹਾਂ ਵਿੱਚੋਂ ਇਕ ਸਾਂ। ਫਿਰ ਕਿਸੇ ਨੇ ਭੋਜਨ ਦਾ ਇਕ ਟੁਕੜਾ ਜਲ ਵਿਚ ਸੁੱਟਿਆ। ਸਾਗਰ ਦੇ ਸ਼ਾਂਤ ਜਲ ਵਿਚ ਇਕ ਹਲ-ਚਲ ਜਿਹੀ ਪੈਦਾ ਹੋਈ। ਜਲ ਦੀ ਡੋਲਦੀ ਹੋਈ ਸਤਹ ਹੇਠ ਉਸ ਇਕ ਟੁਕੜੇ ਨੂੰ ਪ੍ਰਾਪਤ ਕਰਨ ਲਈ ਮੱਛੀਆਂ ਵਿਚਕਾਰ ਇਕ ਜਦੋ-ਜਹਿਦ ਦਾ ਅਰੰਭ ਹੋਇਆ। ਫਿਰ ਵੇਖੋ ਵੇਖੀ ਇਸ ਤਮਾਸ਼ੇ ਨੂੰ ਜਾਰੀ ਰੱਖਣ ਲਈ ਹਰ ਇਕ ਨੇ ਜਲ ਵਿਚ ਭੋਜਨ ਦੇ ਟੁਕੜੇ ਸੁੱਟਣੇ ਸ਼ੁਰੂ ਕਰ ਦਿੱਤੇ। ਜਲ ਦੀ ਸਤਹ ਉੱਤੇ, ਮੱਛੀਆਂ ਦੀ ਜੱਦੋਜਹਿਦ ਦੇ ਕਾਰਨ, ਦਾਇਰੇ ਬਣ-ਬਣ ਮਿਟ ਰਹੇ ਸਨ ਤੇ ਉਨ੍ਹਾਂ ਦਾਇਰਿਆਂ ਦੀ ਬਣ-ਬਣ ਮਿਟ ਰਹੀ ਨਿਰੰਤਰ ਪ੍ਰਕਿਰਿਆ ਵਿਚ ਮੇਰਾ ਆਪਣਾ ਜ਼ਿਹਨ ਉਲਝਿਆ ਹੋਇਆ ਸੀ। ਕੁਝ ਯਾਤਰੂ ਭੋਜਨ ਦੇ ਟੁਕੜੇ ਹਵਾ ਵਿਚ ਉਲਾਰ ਕੇ ਸੁੱਟਦੇ ਤਾਂ ਕਈ ਪਰਿੰਦੇ ਉਸ ਇਕ ਟੁਕੜੇ ਨੂੰ ਹਵਾ ਵਿਚ ਹੀ ਬੋਚ ਲੈਣ ਲਈ ਉਸ ਉੱਤੇ ਝਪਟਦੇ ਹੋਏ ਆਪਸ ਵਿਚ ਟਕਰਾ ਕੇ ਵਿਫਲ ਜਲ ਦੀ ਸਤਹ ਉੱਤੇ ਡਿਗ ਪੈਂਦੇ ਤੇ ਫਿਰ ਭੋਜਨ ਦਾ ਉਹ ਇਕ ਟੁਕੜਾ ਜਲ ਦੀ ਸਤਹ ਹੇਠ ਜੱਦੋ-ਜਹਿਦ ਦੀ ਇਕ ਨਵੀਂ ਵਿਥਿਆ ਛੇੜ ਦਿੰਦਾ। ਛਿਣ ਦੀ ਛਿਣ ਮੈਨੂੰ ਇਸ ਤਰ੍ਹਾਂ ਪ੍ਰਤੀਤ ਹੋਇਆ ਸੀ, ਜਿਵੇਂ ਵਿਫਲ ਡਿਗਿਆ ਉਹ ਪਰਿੰਦਾ ਮੈਂ ਹੀ ਹੋਵਾਂ। ਬੇਅੰਤ ਮੱਛੀਆਂ, ਮੈਨੂੰ ਆਪਣੇ ਮਸਤਕ ਵਿਚ, ਮੂੰਹ ਅੱਡੀ ਜ਼ਿੰਦਗੀ ਤੇ ਮੌਤ ਦੀ ਇਕ ਭਿਆਨਕ ਜੱਦੋ-ਜਹਿਦ ਵਿਚ ਜੁਟੀਆਂ ਹੋਈਆਂ ਪ੍ਰਤੀਤ ਹੋਈਆਂ।

ਤਿਊਰਾਏ ਮਸਤਕ ਨਾਲ ਮੈਂ ਵੇਖਿਆ ਤਾਂ ਬੰਬਈ ਇਕ ਨੁਕਤੇ ਵਿਚ ਸਿਮਟੀ ਹੋਈ ਨਜ਼ਰ ਆਈ। ਚਾਰ ਚੁਫੇਰੇ ਜਲ ਹੀ ਜਲ ਸੀ, ਕਾਲਾ ਬੋਲਾ ਸਮੁੰਦਰ ਖੌਲ ਰਿਹਾ ਸੀ ਤੇ ਜਹਾਜ਼ ਡੀਜ਼ਲ ਇੰਜਣ ਦੇ ਮੱਧਮ ਜਿਹੇ ਸ਼ੋਰ ਦੇ ਸੰਗੀਤ ਦੀ ਤਾਲ 'ਤੇ, ਉਠਦੀਆਂ ਲਹਿੰਦੀਆਂ ਲਹਿਰਾਂ ਨਾਲ, ਅਠਖੇਲੀਆਂ ਕਰਦਾ ਆਪਣੀ ਸੇਧ ਵਿਚ ਅੱਗੇ ਹੀ ਅੱਗੇ ਵਧੀ ਜਾ ਰਿਹਾ ਸੀ।

ਮੈਂ ਸੋਚ ਰਿਹਾ ਸੀ ਕਿ ਆਖ਼ਿਰ ਇਹ ਜੱਦੋ-ਜਹਿਦ ਕਦੇ ਖ਼ਤਮ ਵੀ ਹੋਵੇਗੀ ? ਇਹ ਮ੍ਰਿਗ-

ਤ੍ਰਿਸ਼ਨਾ ਮੈਨੂੰ ਕਿੱਥੇ-ਕਿੱਥੇ ਭਟਕਾਈ ਫਿਰੇਗੀ ? ਆਪਣੇ ਦੇਸ਼ ਵਿਚ ਅਧ-ਭੁੱਖਿਆਂ ਰਹਿ ਕੇ ਵੀ, ਭੁੱਖ ਨਾਲ ਘੁਲਦਿਆਂ, ਮੈਂ ਹਾਰ ਨਹੀਂ ਮੰਨੀ। ਅੰਤਿਮ ਛਿਣ ਤਕ ਲੜਿਆ ਸਾਂ ਤੇ ਹੁਣ ਹਿੰਦੋਸਤਾਨ ਦੀ ਇਸੇ ਭੁੱਖ ਦੀ ਲੜਾਈ ਅਫ਼ਰੀਕਾ ਦੀ ਧਰਤੀ ਉੱਤੇ ਲੜਨ ਜਾ ਰਿਹਾ ਸਾਂ। ਲੜਾਈ ਉਹ ਹੀ ਸੀ, ਪਰ ਅਖਾੜਾ ਬਦਲ ਗਿਆ ਸੀ।

ਇਕ-ਇਕ ਕਰਕੇ ਸਭ ਬੁੱਢੇ ਤੇ ਅਧਖੜ ਯਾਤਰੂ ਜਹਾਜ਼ ਦੇ ਡੈੱਕ ਉੱਤੋਂ ਉੱਤਰ ਕੇ ਹੇਠਾਂ ਆਪਣੇ-ਆਪਣੇ ਬੰਕ ਉੱਤੇ ਆਰਾਮ ਕਰਨ ਵਾਸਤੇ ਜਾ ਰਹੇ ਸਨ। ਕੁਝ ਸ਼ੋਖ ਜਿਹੇ ਮੁੰਡੇ ਕੁੜੀਆਂ ਕੁਝ ਦੇਰ ਲਹਿਰਾਂ ਦੇ ਨਾਲ ਮਚਲਦੇ ਮੇਲ੍ਹਦੇ ਹੋਏ, ਤੇਜ਼ੀ ਨਾਲ ਚਮਕ ਰਹੇ ਸੂਰਜ ਦੀ ਤਾਬ ਨਾ ਲਾ ਕੇ, ਕੈਂਟੀਨ ਵਲ ਕੋਲਡ ਡਰਿੰਕਸ ਪੀਣ ਵਾਸਤੇ ਚਲੇ ਗਏ। ਡੈੱਕ ਉੱਤੇ ਜਿੱਥੇ ਕਿਤੇ ਮਾੜਾ ਮੋਟਾ ਸ਼ੇਡ ਸੀ ਉੱਥੇ ਕੋਈ-ਕੋਈ ਯਾਤਰੂ ਖੜ੍ਹਾ, ਜਾਂ ਕੁਰਸੀ ਉੱਤੇ ਅਧ-ਲੇਟਿਆ ਜਿਹਾ ਬੈਠਾ ਨਜ਼ਰ ਆ ਰਿਹਾ ਸੀ। ਉਂਞ ਡੈੱਕ ਦੀ ਪਹਿਲਾਂ ਵਾਲੀ ਰੌਣਕ ਦੀ ਥਾਂ ਹੁਣ ਵੀਰਾਨੀ ਨੇ ਮੱਲ ਲਈ ਸੀ। ਮੈਂ ਵੇਖਿਆ, ਬੈਂਚ ਨਾਲ ਢੋ ਲਾਈ ਬਹੁਤ ਦੇਰ ਤੋਂ ਉਹ ਇਕੱਲਾ ਹੀ ਬੈਠਾ ਸੀ, ਡੂੰਘੀਆਂ ਸੋਚਾਂ ਵਿਚ ਗ਼ਲਤਾਨ। ਮੈਂ ਜਦੋਂ ਦੱਬੇ ਪੈਰੀਂ ਉਸ ਦੇ ਕੋਲ ਪਹੁੰਚ ਗਿਆ, ਤਾਂ ਵੀ ਉਸ ਨੂੰ ਕੋਈ ਪਤਾ ਨਾ ਲੱਗਾ। ਫਿਰ ਮੈਂ ਸਮੁੰਦਰ ਦੇ ਖੌਲਦੇ ਹੋਏ ਪਾਣੀ ਵਲ ਵੇਖ ਕੇ ਖੰਘਦਿਆਂ ਹੋਇਆਂ ਉਹਦੇ ਵਲ ਵੇਖਿਆ। ਬੇਧਿਆਨੇ ਹੀ ਉਸ ਨੇ ਆਪਣੇ ਖ਼ਿਆਲਾਂ ਵਿੱਚੋਂ ਜਾਗ ਕੇ ਮੇਰੇ ਵਲ ਵੇਖਿਆ, ਤਾਂ ਆਪ-ਮੁਹਾਰਾ ਉਹਦੇ ਮੂੰਹੋਂ 'ਹੈਲੋ' ਨਿਕਲਿਆ। ਉਸ ਦੀ 'ਹੈਲੋ' ਦਾ ਉੱਤਰ ਦੇ ਕੇ ਮੈਂ ਉਸ ਦੇ ਕੋਲ ਹੀ ਬੈਂਚ ਉੱਤੇ ਬੈਠ ਗਿਆ। ਕੁਝ ਦੇਰ ਸਾਡੇ ਦੋਹਾਂ ਵਿਚਕਾਰ ਇਕ ਅਜਨਬੀ ਜਿਹੀ ਚੁੱਪ ਛਾਈ ਰਹੀ ਤੇ ਫਿਰ ਅਸੀਂ ਐਵੇਂ ਹੀ ਇਕ ਦੂਜੇ ਨਾਲ ਏਧਰ-ਓਧਰ ਦੀਆਂ ਗੱਲਾਂ ਮਾਰਨ ਲੱਗ ਪਏ। ਇਕ ਦੂਜੇ ਦੇ ਨਾਂ ਥਾਂ ਤੋਂ ਵਾਕਫ਼ ਨਾ ਹੁੰਦਿਆਂ ਹੋਇਆਂ ਵੀ ਸਾਡੇ ਵਿਚਕਾਰ ਇਕ ਓਪਰੀ ਜਿਹੀ ਜਾਣ ਪਛਾਣ ਉੱਸਰਨ ਲਗ ਪਈ। ਗੱਲਾਂ ਹੀ ਗੱਲਾਂ 'ਚੋਂ ਮੈਨੂੰ ਪਤਾ ਲਗਾ ਕਿ ਮੇਰੇ ਵਾਂਗ ਹੀ ਉਸ ਦੀ ਵੀ ਇਹ ਪਹਿਲੀ ਸਮੁੰਦਰੀ ਯਾਤਰਾ ਸੀ, ਭਾਵੇਂ ਕਿ ਮੈਥੋਂ ਉਲਟ ਉਹ ਕਈ ਵਾਰ ਅਫ਼ਰੀਕਾ ਤੋਂ ਭਾਰਤ ਤਕ ਹਵਾਈ ਸਫ਼ਰ ਕਰ ਚੁੱਕਾ ਸੀ। ਉਸ ਨੂੰ ਸਮੁੰਦਰੀ ਸਫ਼ਰ ਤੋਂ ਸਖ਼ਤ ਨਫ਼ਰਤ ਸੀ। ਉਸ ਦੇ ਮਨ ਵਿਚ ਸਮੁੰਦਰੀ ਸਫ਼ਰ ਦਾ ਭੈ ਇਕ ਪੀਡੀ ਗੁੰਥੀ ਬਣ ਕੇ ਬਹੁਤ ਡੂੰਘਾ ਲੱਥ ਚੁੱਕਾ ਸੀ। ਇਹ ਤਾਂ ਉਸ ਦੀ ਗਲਤੀ ਸੀ ਜਾਂ ਅਗਿਆਨਤਾ ਕਿ ਉਸ ਨੇ ਅਫ਼ਰੀਕਾ ਤੋਂ ਹਿੰਦੋਸਤਾਨ ਇਕ ਮਹੀਨੇ ਦੀ ਛੁੱਟੀ ਕੱਟਣ ਵਾਸਤੇ ਤੁਰਨ ਤੋਂ ਪਹਿਲਾਂ ਰੀਟਰਨ ਟਿਕਟ ਨਹੀਂ ਸੀ ਲਿਆ। ਹੁਣ ਹਿੰਦੋਸਤਾਨ ਦਾ ਕਾਨੂੰਨ ਬਦਲ ਚੁੱਕਾ ਸੀ। ਹਵਾਈ ਜਹਾਜ਼ ਦੀ ਸੀਟ ਬੁੱਕ ਕਰਵਾਉਣ ਲਈ ਰੀਜ਼ਰਵ ਬੈਂਕ ਦੀ ਮਨਜ਼ੂਰੀ ਲੈਣੀ ਪੈਂਦੀ ਸੀ ਤੇ ਮਨਜ਼ੂਰੀ ਦੇ ਮਿਲਣ ਤੋਂ ਪਹਿਲਾਂ ਉਸ ਦੀ ਛੁੱਟੀ ਖ਼ਤਮ ਹੋ ਜਾਣੀ ਸੀ। ਇਸ ਲਈ ਮਜਬੂਰਨ ਇਸ ਲੰਮੇ ਚੌੜੇ ਚੱਕਰ ਵਿਚ ਪੈਣ ਦੀ ਥਾਂ ਉਸ ਨੂੰ ਸਮੁੰਦਰੀ ਜਹਾਜ਼ ਦੀ ਥਰਡ ਕਲਾਸ ਵਿਚ ਸਫ਼ਰ ਕਰਨਾ ਪੈ ਗਿਆ ਸੀ। ਇਸ ਸਫ਼ਰ ਨਾਲ ਉਸ ਦੇ ਚਿਹਰੇ ਉੱਤੇ ਮੌਤ ਵਰਗੀ ਸਰਦ ਤੇ ਗੰਭੀਰ ਖ਼ਾਮੋਸ਼ੀ ਛਾਈ ਹੋਈ ਸੀ, ਅਤੇ ਉਸਦੀਆਂ ਅੱਖਾਂ ਵਿਚ ਮਿਲੀ ਜੁਲੀ ਚਿੰਤਾ ਅਤੇ ਡੂੰਘੀ ਉਦਾਸੀ ਦੀ ਇਕ ਪਰਛਾਈਂ ਹਰ ਸਮੇਂ ਲਰਜ਼ਦੀ ਰਹਿੰਦੀ ਸੀ।

ਲੰਚ ਦੀ ਘੰਟੀ ਵੱਜੀ ਤਾਂ ਅਸੀਂ ਦੋਵੇਂ ਜਣੇ ਉੱਠ ਕੇ ਡਾਈਨਿੰਗ ਹਾਲ ਵਲ ਵਧੇ। ਰਸਤੇ ਵਿਚ ਹੀ ਸਾਨੂੰ ਦੋ ਹੋਰ ਜ਼ਿੰਦਾ-ਦਿਲ, ਲਾਪਰਵਾਹ ਯਾਤਰੂਆਂ ਨੇ ਘੇਰ ਕੇ ਆਪੇ ਹੀ ਸਾਡੇ ਨਾਲ ਆਪਣਾ ਪਰਿਚਯ ਕਰਵਾਇਆ ਤੇ ਫੇਰ ਖੁੱਲ੍ਹ ਕੇ ਹੱਸ ਪਏ। ਉਨ੍ਹਾਂ ਦਾ ਹਾਲ ਸੁਣ ਕੇ ਮੇਰੇ ਸਾਥੀ ਦਾ ਚਿਹਰਾ ਹੋਰ ਵੀ ਗੰਭੀਰ ਹੋ ਗਿਆ। ਉਨ੍ਹਾਂ ਦੋਹਾਂ ਵਿਚੋਂ ਇਕ ਅੱਧੇ ਕੁ ਗੰਜੇ ਸਿਰ ਵਾਲਾ ਹਸੂੰ-ਹਸੂੰ ਕਰਦਾ ਮਨੁੱਖ ਸੀ, ਜੋ ਕੀਨੀਆਂ ਦੇ ਕਿਸੇ ਸੈਕੰਡਰੀ ਸਕੂਲ ਵਿਚ ਅਧਿਆਪਕ ਸੀ। ਦੂਜਾ ਇਕ ਸਜਿਆ-ਧਜਿਆ ਰਾਮਗੜ੍ਹੀਆ ਸਿੰਘ ਸੀ, ਜੋ ਹਰ ਸਾਲ ਆਪਣੇ ਰਿਸ਼ਤੇਦਾਰਾਂ ਦੇ ਸੱਦੇ ਉੱਤੇ ਅਫ਼ਰੀਕਾ ਦੀ ਯਾਤਰਾ ਕਰਨ ਵਾਸਤੇ ਜਾਂਦਾ ਸੀ। ਉਂਞ ਦਿੱਲੀ ਦੇ ਕਿਸੇ ਸਰਕਾਰੀ ਮਹਿਕਮੇ ਵਿਚ ਉਹ ਇਕ ਅਕਾਊਂਟੈਂਟ ਸੀ। ਇਕ ਦੂਜੇ ਦੇ ਅਸਲੀ ਨਾਮ ਮਗਰ ਨਾ ਜਾ ਕੇ, ਅਸੀਂ ਗੰਜੇ ਅਧਿਆਪਕ ਨੂੰ 'ਚਾਚਾ' ਅਤੇ ਰਾਮਗੜ੍ਹੀਏ ਸਿੰਘ ਨੂੰ 'ਭਾਈਆ'

ਕਹਿਣ ਲੱਗ ਪਏ। ਮੇਰੇ ਸਾਥੀ ਨੂੰ ਸਾਰੇ ਉਸ ਦਾ ਨਾਮ ਸ਼ਿੰਦਰ ਕਹਿ ਕੇ ਬੁਲਾਉਂਦੇ ਤੇ ਮੈਨੂੰ 'ਕਵੀ' ਕਹਿ ਕੇ। ਭਾਈਆ ਮੈਨੂੰ ਸੰਬੋਧਨ ਕਰਕੇ ਕਹਿ ਰਿਹਾ ਸੀ, "ਕਵੀਆ ! ਤੂੰ ਬੜੇ ਗ਼ਲਤ ਸਮੇਂ ਅਫ਼ਰੀਕਾ ਜਾ ਰਿਹਾ ਹੈਂ। ਹੁਣ ਅੰਗਰੇਜ਼ ਦੇ ਰਾਜ ਵਾਲੀ ਗੱਲ ਨਹੀਂ ਰਹੀ। ਅਫ਼ਰੀਕਾ ਦੇ ਸਭ ਮੁਲਕ ਇਕ-ਇਕ ਕਰਕੇ ਆਜ਼ਾਦ ਹੋ ਰਹੇ ਹਨ। ਦਿਨ ਪੁਰ ਦਿਨ ਅਫ਼ਰੀਕਾ 'ਚੋਂ ਪੈਸਾ ਬਾਹਰ ਭੇਜਣ ਉੱਤੇ ਪਾਬੰਦੀਆਂ ਸਖ਼ਤ ਹੋ ਰਹੀਆਂ ਹਨ। ਜੇ ਘਰ ਘਾਟ ਛੱਡ ਕੇ ਆਪਣੇ ਪਰਵਾਰ ਲਈ ਚਾਰ ਪੈਸੇ ਵੀ ਨਹੀਂ ਭੇਜੇ ਜਾ ਸਕਦੇ, ਤਾਂ ਕੀ ਲਾਭ ਹੈ ਆਪਣੇ ਦੇਸ਼ ਵਿਚ ਵਰ੍ਹਿਆਂ ਦੀ ਪੱਕੀ ਨੌਕਰੀ ਨੂੰ ਛੱਡ ਕੇ ਆਪਣਾ ਸਾਰਾ ਭਵਿਖਤ ਖ਼ਤਰੇ ਵਿਚ ਪਾਉਣ ਦਾ।"

ਮੇਰੇ ਮਸਤਕ ਉੱਤੇ ਉੱਭਰੀਆਂ ਚਿੰਤਾ ਦੀਆਂ ਰੇਖਾਵਾਂ ਵਲ ਵੇਖ ਕੇ 'ਚਾਚਾ' ਬੋਲ ਪਿਆ, "ਓਏ ਫ਼ਿਕਰ ਨਾ ਕਰ, ਅਸੀਂ ਸਭ ਮਾਸਟਰ ਤੇ ਹੋਰ ਸਰਕਾਰੀ ਕਰਮਚਾਰੀ ਆਪਣੀ ਅੱਧੀ ਤਨਖ਼ਾਹ ਸਰਕਾਰੀ ਮਨਜ਼ੂਰੀ ਲੈ ਕੇ ਕਾਨੂੰਨਨ ਹਿੰਦੋਸਤਾਨ ਭੇਜ ਸਕਦੇ ਹਾਂ। ਬਾਕੀ ਦੀ ਅੱਧੀ ਤਨਖ਼ਾਹ ਐਸ਼-ਪ੍ਰਸਤੀ ਲਈ ਕਾਫ਼ੀ ਹੈ—ਬਸ ਫਿਫਟੀ-ਫਿਫਟੀ—ਭਾਰਤ ਵਿਚ ਮਾਸਟਰ ਦੀ ਜੂਨ ਗਧੇ ਦੀ ਜੂਨ ਹੈ—ਫੋਕੀ ਸ਼ਾਨ ਤੇ ਭੁੱਖ—ਅਫ਼ਰੀਕਾ ਵਿਚ ਮਾਸਟਰ ਦੀ ਤਨਖ਼ਾਹ, ਪੰਜਾਬ ਦੇ ਮੁੱਖ ਮੰਤਰੀ ਜਿੰਨੀ ਹੈ—ਸਮਝੇ ! ਜਿਹੜੇ ਚਾਰ ਸਾਲ ਲਗਣਗੇ ਉਹ ਹੀ ਸਹੀ !"

ਭਾਈਏ ਨੇ ਗੱਲ ਜਾਰੀ ਰੱਖਦਿਆਂ ਆਖਿਆ, "ਪਰ ਵਿਉਪਾਰੀਆਂ ਤੇ ਹੋਰ ਕਿੱਤਿਆਂ ਦੇ ਅਮੀਰ ਆਦਮੀਆਂ ਦਾ ਬੁਰਾ ਹਾਲ ਹੈ। ਮੇਰੇ ਰਿਸ਼ਤੇਦਾਰ ਹਰ ਵਰ੍ਹੇ ਮੈਨੂੰ ਏਸੇ ਲਈ ਅਫ਼ਰੀਕਾ ਸੱਦਦੇ ਹਨ ਕਿ ਮੈਂ ਆਨੇ ਬਹਾਨੇ, ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਦਾ ਪੈਸਾ ਅਫ਼ਰੀਕਾ ਵਿੱਚੋਂ ਕੱਢ ਕੇ ਹਿੰਦੋਸਤਾਨ ਪਹੁੰਚਾਵਾਂ। ਜਦੋਂ ਮੈਂ ਅਫ਼ਰੀਕਾ ਤੋਂ ਵਾਪਸ ਮੁੜਦਾ ਹਾਂ, ਤਾਂ ਮੇਰੇ ਕੋਲ ਨਕਦੀ ਤੋਂ ਇਲਾਵਾ ਸੋਨਾ, ਟੇਪ ਰਿਕਾਰਡਰ, ਪਸਤੌਲ, ਟ੍ਰਾਂਜਿਸਟਰ, ਮਸ਼ੀਨਰੀ ਤੇ ਪਤਾ ਨਹੀਂ ਹੋਰ ਕਿਸ-ਕਿਸ ਚੀਜ਼ ਦਾ ਇਕ-ਇਕ ਨਗ ਹੁੰਦਾ ਹੈ। ਇਕ ਨਗ ਉੱਤੇ ਕਸਟਮ ਨਹੀਂ ਲਗਦਾ। ਮੇਰੇ ਆਉਣ ਜਾਣ ਦਾ ਸਾਰਾ ਖ਼ਰਚਾ ਕੱਢ ਕੇ ਵੀ ਉਹ ਘਾਟੇ ਵਿਚ ਨਹੀਂ ਰਹਿੰਦੇ ਤੇ ਮੇਰੀ ਹਰ ਸਾਲ ਮੁਫ਼ਤ ਵਿਚ ਸੈਰ ਹੋ ਜਾਂਦੀ ਹੈ।"

'ਚਾਚੇ' ਨੇ ਕਿਹਾ, "ਸ਼ਿੰਦਰ ਚੁੱਪ ਕਿਉਂ ਹੈਂ ? ਇਹ ਜਹਾਜ਼ ਕਰਾਚੀ ਤੇ ਸ਼ੀਸ਼ਲਜ਼ ਦੇ ਜ਼ਜ਼ੀਰੇ ਤੋਂ ਹੋ ਕੇ ਜਾਣਾ ਹੈ। ਪੂਰੇ ਤੇਰਾਂ ਦਿਨਾਂ ਦਾ ਸਫ਼ਰ ਹੈ। ਇੰਞ ਚੁੱਪ ਰਹਿ ਕੇ ਤਾਂ ਤੂੰ ਆਪਣੇ ਆਪ ਨੂੰ ਅੰਦਰੇ-ਅੰਦਰ ਖ਼ਤਮ ਕਰ ਲਵੇਂਗਾ।"

ਮੌਤ ਦਾ ਜ਼ਿਕਰ ਸੁਣ ਕੇ ਉਹ ਕੁਝ ਤ੍ਰਭਕਿਆ ਤੇ ਫਿਰ ਅਸੀਂ ਚਾਰੇ ਕਾਹਲੇ ਕਾਹਲੇ ਕਦਮੀਂ ਜਹਾਜ਼ ਦੀ ਕੈਂਟੀਨ ਵਲ ਤੁਰ ਪਏ। ਇਸ ਤੋਂ ਪਹਿਲਾਂ ਕਿ ਕੈਂਟੀਨ ਬੰਦ ਹੁੰਦੀ, 'ਚਾਚੇ' ਨੇ ਚਾਰ ਡਬਲ ਵਿਸਕੀ ਤੇ ਚਾਰ ਹੀ ਐਮਸਟਲ ਬੀਅਰ ਦੇ ਟਿਨ ਖ਼ਰੀਦ ਲਏ।

"ਲਓ ਪਿਆਰੀਓ ! ਪੀਓ ਤੇ ਸਾਰੇ ਗ਼ਮ ਇਸ ਪਿਆਲੇ ਵਿਚ ਡੋਬ ਦਿਓ। ਸੁਣਾ ਵਈ 'ਕਵੀਆ' ਕੋਈ ਸ਼ਿਅਰ, ਸ਼ਰਾਬ ਦਾ ਸ਼ਿਅਰ, ਕੋਈ ਅੱਗ ਦਾ ਸ਼ਿਅਰ, ਹੁਸਨ ਦਾ ਸ਼ਿਅਰ, ਕੋਈ ਇਸ਼ਕ ਦਾ ਸ਼ਿਅਰ।"

ਮੇਰੇ ਬੋਲਣ ਤੋਂ ਪਹਿਲਾਂ ਹੀ 'ਭਾਈਆ' ਵਜਦ ਵਿਚ ਆ ਕੇ ਸਹਿਗਲ ਦੇ ਗਾਏ ਹੋਏ ਪੰਜਾਬੀ ਗੀਤ ਦੇ ਬੋਲ ਗਾਉਣ ਲਗ ਪਿਆ :

ਮਾਹੀ ਨਾਲ ਜੇ ਅੱਖ ਲੜਦੀ ਕਦੇ ਨਾ,
ਬਿਨਾਂ ਪੀਤਿਆਂ ਮਸਤੀ ਚੜ੍ਹਦੀ ਕਦੇ ਨਾ।

ਮੈਂ ਤੇ 'ਚਾਚਾ' ਦੋਵੇਂ ਭਾਈਏ ਦੇ ਇਸ ਗੀਤ ਵਿਚ ਸ਼ਾਮਿਲ ਹੋ ਗਏ, ਪਰ ਸ਼ਿੰਦਰ ਅਜੇ ਵੀ ਚੁੱਪ ਸੀ। 'ਚਾਚੇ' ਨੂੰ ਗਾਉਂਦੇ ਸਮੇਂ ਤਰ੍ਹਾਂ-ਤਰ੍ਹਾਂ ਦੇ ਮੂੰਹ ਬਣਾਉਂਦਿਆਂ ਵੇਖ ਕੇ ਸ਼ਰਾਬ ਦੇ ਹਲਕੇ ਜਿਹੇ ਨਸ਼ੇ ਹੇਠ ਸ਼ਿੰਦਰ ਵੀ ਮੁਸਕਰਾ ਪਿਆ ਤਾਂ 'ਭਾਈਏ' ਨੇ ਬੜੀ ਉੱਚੀ ਲੰਮੀ ਹੇਕ ਵਿਚ 'ਬੋਲੇ ਸੋ ਨਿਹਾਲ' ਦਾ ਜੈਕਾਰਾ ਛੱਡਿਆ ਜਿਸ ਦੇ ਉੱਤਰ ਵਿਚ 'ਸਾ' ਸ੍ਰੀ ਅਕਾਲ' ਕਹਿਣ ਲਈ ਸ਼ਿੰਦਰ ਵੀ ਸਾਡੇ ਨਾਲ

ਸ਼ਾਮਿਲ ਹੋ ਗਿਆ। ਰੋਟੀ ਖਾਂਦੇ ਹੋਏ ਬਹੁਤ ਸਾਰੇ ਯਾਤਰੂ ਸਾਡੇ ਵੱਲ ਵੇਖ ਕੇ ਮੁਸਕਰਾ ਪਏ, ਪਰ ਕੁਝ ਬੁੱਢਿਆਂ ਨੇ ਕਦੇ ਸਾਡੇ ਵਲ ਤੇ ਕਦੇ ਧੀਆਂ ਧਿਆਣੀਆਂ ਨੂੰ ਰੋਟੀ ਖਾਂਦਿਆਂ ਵੇਖ ਕੇ ਮੱਥੇ ਉੱਤੇ ਤਿਊੜੀਆਂ ਪਾ ਲਈਆਂ।

ਜਹਾਜ਼ ਦੀ ਬੰਕ ਕਲਾਸ ਵਿਚ ਬਹੁਤੇ ਪੰਜਾਬੀ ਤੇ ਕੁਝ ਕੱਛੀ ਗੁਜਰਾਤੀ ਹੀ ਸਨ। ਉਨ੍ਹਾਂ ਵਿਚ ਵੀ ਪੰਜਾਬੀਆਂ ਦੀ ਗਿਣਤੀ ਜ਼ਿਆਦਾ ਸੀ—ਜੋ ਕਿਸੇ ਸਮੇਂ ਮਿਸਤਰੀ ਦੇ ਰੂਪ ਵਿਚ ਅਫ਼ਰੀਕਾ ਗਏ ਸਨ ਤੇ ਹੁਣ ਮਾੜੇ ਮੋਟੇ ਤੇ ਕਈ ਤਾਂ ਤਕੜੇ ਠੇਕੇਦਾਰ ਬਣ ਬੈਠੇ ਸਨ। ਕੱਛੀ ਬਹੁਤੇ ਵਿਓਪਾਰੀ ਸਨ। ਇਨ੍ਹਾਂ ਨਾਲ ਸਾਨੂੰ ਕੋਈ ਸਰੋਕਾਰ ਨਹੀਂ ਸੀ। ਤੇਰਾਂ ਦਿਨ ਦੀ ਲੰਮੀ ਯਾਤਰਾ ਪੂਰੀ ਕਰਨ ਲਈ ਸਾਡੀ ਚੌਂਹਾਂ ਦੀ ਬਹੁਤ ਹੀ ਦਿਲਚਸਪ ਸੰਗਤ ਬਣ ਗਈ ਸੀ। ਅਸੀਂ ਚਾਰੇ ਇਕੱਠੇ ਹੀ ਨਾਸ਼ਤਾ ਕਰਦੇ, ਤਾਸ਼ ਖੇਡਦੇ, ਸ਼ਰਾਬ ਪੀਂਦੇ, ਲੰਚ ਕਰਦੇ, ਲਤੀਫ਼ੇ ਸੁਣਦੇ, ਸੁਣਾਉਂਦੇ ਦੇਰ ਰਾਤ ਤਕ ਡੈੱਕ ’ਤੇ ਬੈਠੇ ਸਮੁੰਦਰ ਦੇ ਕਾਲੇ-ਬੋਲੇ ਪਾਣੀ ਨੂੰ ਘੂਰਦੇ ਰਹਿੰਦੇ।

ਜਹਾਜ਼ ਵਿਚ ਵਿਸਕੀ ਸਿੰਗਲ ਜਾਂ ਡਬਲ ਟੌਟ ਦੇ ਰੂਪ ਵਿਚ ਵਿਕਦੀ ਸੀ। ਇਸ ਲਈ ਸਾਨੂੰ ਹਰ ਵਾਰ ਆਪਣੇ ਗਲਾਸ ਖ਼ਤਮ ਕਰਕੇ ਹੇਠਾਂ ਕੈਂਟੀਨ ਤੱਕ ਜਾਣਾ ਪੈਂਦਾ ਸੀ। ‘ਚਾਚੇ’ ਨੇ ਜਹਾਜ਼ ਦੇ ਕਰਿਊ ਦੇ ਕਿਸੇ ਮੈਂਬਰ ਨਾਲ ਪੰਜ ਸ਼ਲਿੰਗੀ ਵੱਢੀ ਦਾ ਗਾਂਢਾ ਸਾਂਢਾ ਕਰਕੇ ਹਰ ਰੋਜ਼ ਵਿਸਕੀ ਦੀ ਪੂਰੀ ਬੋਤਲ ਲੈਣ ਦਾ ਪ੍ਰਬੰਧ ਕਰ ਲੈਣ ਦੀ ਸੂਚਨਾ ਦਿੰਦੇ ਹੋਏ ਸਾਨੂੰ ਦੱਸਿਆ ਕਿ ਇਹ ਸਭ ਹੈਨ ਤਾਂ ਆਖ਼ਿਰ ਹਿੰਦੋਸਤਾਨੀ ਹੀ—ਕੀ ਹੋਇਆ ਜੇ ਜਹਾਜ਼ ਦੇ ਮੁਲਾਜ਼ਮ ਹਨ।

ਵਿਸਕੀ, ਬੀਅਰ ਤੇ ਆਪੋ-ਆਪਣੇ ਗਲਾਸ ਲੈ ਕੇ ਅਸੀਂ ਚਾਰੇ ਜਣੇ ਹਰ ਰੋਜ਼ ਨੇਮ ਨਾਲ ਜਹਾਜ਼ ਦੇ ਲੰਗਰ ਦੇ ਮੋਟੇ-ਮੋਟੇ ਸੰਗਲਾਂ ਤੋਂ ਜ਼ਰਾ ਪਰ੍ਹਾਂ ਹਟਵੇਂ ਜਹਾਜ਼ ਦੇ ਮੂਹਰਲੇ ਸਿਰੇ ਦੀ ਨੁੱਕਰ ਨੂੰ ਅੱਧ ਵਿਚਕਾਰ ਲੈ ਕੇ ਡਠੇ ਹੋਏ ਬੈਂਚ ਉੱਤੇ ਬੈਠਦੇ ਅਤੇ ਫਿਰ ਵਿਸਕੀ ਅਤੇ ਬੀਅਰ ਦੀਆਂ ਚੁਸਕੀਆਂ ਭਰਦੇ ਹੋਏ ਵਿਸ਼ਾਲ ਸਮੁੰਦਰ ਵਲ ਵੇਖਦੇ ਗੱਪਾਂ ਮਾਰਦੇ ਰਹਿੰਦੇ।

“ਸ਼ਿੰਦਰ ਵੇਖ, ਜਹਾਜ਼ ਦੀ ਮੂਹਰਲੀ ਨੁੱਕਰ ਜਿਵੇਂ-ਜਿਵੇਂ ਪਾਣੀ ਨੂੰ ਚੀਰਦੀ ਹੋਈ ਤੇਜ਼ੀ ਨਾਲ ਅੱਗੇ ਵਧ ਰਹੀ ਹੈ, ਤਿਵੇਂ-ਤਿਵੇਂ ਪਿੱਛੇ ਝੱਗੋ ਝੱਗ ਹੋਏ ਪਾਣੀ ਉੱਤੇ ਸੂਰਜ ਕਈ ਰੰਗਾਂ ਦੀ ਚਿਤਰਕਾਰੀ ਕਰ ਰਿਹਾ ਹੈ। ਇੰਵ ਜਾਪਦਾ ਹੈ, ਜਿਵੇਂ ਜਹਾਜ਼ ਦੀ ਗਤੀ ਤੇ ਸੂਰਜ ਦੀ ਰੌਸ਼ਨੀ ਨੇ ਇੰਦਰ ਧਨੁਸ਼ ਦੇ ਸਭ ਰੰਗ ਸੁਰਜੀਤ ਕਰ ਦਿੱਤੇ ਹੋਣ। ਤੇ ਔਹ ਵੇਖ ...।”

ਖੌਲ ਰਹੇ ਸਮੁੰਦਰ ਵਿਚ ਬਹੁਤ ਦੂਰ ਪਰਬਤ ਵਾਂਗ ਜਹਾਜ਼ ਤੋਂ ਕਈ ਗੁਣਾ ਉੱਚੀ ਉੱਠੀ ਇਕ ਛੱਲ ਵਲ ਇਸ਼ਾਰਾ ਕਰਦੇ ਹੋਇਆਂ ਮੈਂ ਕਿਹਾ ਤਾਂ ਉਹ ਬੋਲਿਆ, “ਮੌਤ ... ਇਹ ਛੱਲ ਮਗਰਮੱਛ ਦੇ ਜਬਾੜੇ ਵਾਂਗ ਵਧਦੀ-ਵਧਦੀ ਇਸ ਜਹਾਜ਼ ਨੂੰ ਸਬੂਤੇ ਦਾ ਸਬੂਤਾ ਨਿਗਲ ਲਏਗੀ ਤਾਂ ਅਸੀਂ ਸਭ ਇਸ ਕਾਲੇ ਬੋਲੇ ਸਮੁੰਦਰ ਦੇ ਸੰਘ ’ਚੋਂ ਹੇਠਾਂ ਲੱਥ ਕੇ ਸਦਾ ਲਈ ਇਸ ਦੇ ਪੇਟ ਵਿਚ ਸਮਾ ਜਾਵਾਂਗੇ।”

ਉਸਦੀਆਂ ਅੱਖਾਂ ਵਿਚ ਡੂੰਘਾ ਭੈ ਸੀ ਤੇ ਉਸਦੇ ਚਿਹਰੇ ਤੇ ਉਦਾਸੀ ਦੀ ਇਕ ਸਰਦ ਪਰਛਾਈਂ। ਉਸ ਨੇ ਉਸ ਛੱਲ ਵੱਲ ਪਿੱਠ ਕਰਕੇ ਮੇਰੇ ਵਲ ਵੇਖਦੇ ਹੋਏ ਆਪਣੀ ਗੱਲ ਜਾਰੀ ਰੱਖੀ, “ਤੈਨੂੰ ਪਤਾ, ਇਸੇ ਲਈ ਮੈਂ ਸਮੁੰਦਰ ਦਾ ਸਫ਼ਰ ਨਹੀਂ ਸਾਂ ਕਰਦਾ। ਮੇਰੇ ਪਿਤਾ ਜੀ ... ਮੇਰੇ ਪਿਤਾ ਜੀ ਵੀ ...!”

ਕਹਿੰਦਿਆਂ-ਕਹਿੰਦਿਆਂ ਉਸ ਦੀਆਂ ਅੱਖਾਂ ਭਰ ਆਈਆਂ ਤੇ ਉਸ ਦੀ ਆਵਾਜ਼ ਗੱਚ ਹੋ ਗਈ !

“ਹਾਂ, ਹਾਂ, ਬੋਲ ਤੇਰੇ ਪਿਤਾ ਜੀ ਨੂੰ ਕੀ ਹੋਇਆਂ—ਬੋਲ ਨਾ, ਚੁੱਪ ਕਿਉਂ ਕਰ ਗਿਆ ਹੈਂ...ਬੋਲ...।”

ਉਹਨੇ ਇਕ ਡੂੰਘਾ ਤੇ ਠੰਡਾ ਹਉਕਾ ਭਰਦੇ ਹੋਇਆ ਆਖਿਆ, “ਮੈਂ ਓਦੋਂ ਅਜੇ ਛੋਟਾ ਜਿਹਾ ਬੱਚਾ ਹੀ ਸਾਂ, ਜਦੋਂ ਮੇਰੇ ਪਿਤਾ ਜੀ ਸਾਡੇ ਨਾਲ ਇਸੇ ਸਮੁੰਦਰ ਵਿਚ ਤੇ ਇਹੋ ਜਿਹੇ ਜਹਾਜ਼ ਵਿਚ ਹੀ ਸਫ਼ਰ ਕਰ ਰਹੇ ਸਨ ਕਿ ਮੇਰੇ ਤੇ ਮੇਰੇ ਮਾਤਾ ਜੀ ਦੇ ਵਿਹੰਦਿਆਂ ਹੀ ਡੈੱਕ ਦੀਆਂ ਪੌੜੀਆਂ ਚੜ੍ਹਦੇ ਹੋਇਆਂ ਉਨ੍ਹਾਂ ਦੇ ਦਿਲ ਦੀ ਹਰਕਤ ਬੰਦ ਹੋ ਗਈ। ਉਨ੍ਹਾਂ ਨੂੰ ਦਿਲ ਦੀ ਬੀਮਾਰੀ ਸੀ। ਮੇਰੇ ਮਾਤਾ ਜੀ ਦੀਆਂ ਧਾਹਾਂ ਨਿਕਲ

ਗਈਆਂ। ਵੇਖਾ-ਵੇਖੀ ਮੈਂ ਵੀ ਰੋਣ ਲਗ ਪਿਆ। ਮੇਰੀ ਬਾਲ-ਸੂਝ ਲਈ ਮੌਤ ਦਾ ਇਹ ਪਹਿਲਾ ਤੇ ਅਤਿ ਭਿਆਨਕ ਤਜਰਬਾ ਸੀ, ਜਿਹਦੇ ਅਰਥ ਮੌਤ ਦੇ ਅਸਲ ਅਰਥਾਂ ਨਾਲੋਂ ਕਈ ਗੁਣਾਂ ਗੰਭੀਰ ਤੇ ਡਰਾਉਣੇ ਬਣ ਕੇ ਮੇਰੇ ਮਨ ਉੱਤੇ ਸਦਾ ਲਈ ਇਕ ਚੀਕਦੀ ਹੋਈ ਡੂੰਘੀ ਲੀਕ ਵਾਹ ਗਏ ਸਨ। ਸਾਡੇ ਲੱਖ ਤਰਲੇ ਲੈਣ ਦੇ ਬਾਵਜੂਦ ਜਹਾਜ਼ ਦੇ ਕਰਮਚਾਰੀਆਂ ਨੇ ਸਾਡੇ ਵੇਖਦੇ-ਵੇਖਦੇ ਹੀ ਪਿਤਾ ਜੀ ਦੀ ਲਾਸ਼ ਨੂੰ ਸਮੁੰਦਰ ਦੇ ਹਵਾਲੇ ਕਰ ਦਿੱਤਾ—ਮੱਛੀਆਂ ਤੇ ਮਗਰਮੱਛਾਂ ਦਾ ਭੋਜਨ ਬਣਨ ਲਈ ਤੇ ਹੁਣ ਉਹ ਛੱਲ ... ਤੇ ਮੈਨੂੰ ਇੰਞ ਜਾਪਦਾ ਹੈ, ਜਿਵੇਂ ਹੁਣ ਮੇਰੀ ਹੀ ਵਾਰੀ ਹੈ—ਮੈਂ ਇਸ ਸਮੁੰਦਰ ਤੋਂ ਬਚ ਕੇ ਕਦੇ ਵੀ ਵਾਪਸ ਅਫ਼ਰੀਕਾ ਨਹੀਂ ਜਾ ਸਕਾਂਗਾ।"

ਇਹ ਕਹਿ ਕੇ ਉਹ ਤ੍ਰਭਕਿਆ ਤੇ ਫਿਰ ਉਸ ਨੇ ਮੇਰੇ ਵਲੋਂ ਅੱਖਾਂ ਭੁਆਂ ਕੇ ਉਸ ਛੱਲ ਵਲ ਵੇਖਿਆ ਜੋ ਨੇੜੇ ਆਉਂਦੀ-ਆਉਂਦੀ, ਮਲਕੜੇ ਜਿਹੇ ਹੇਠਾਂ ਉੱਤੇ ਡੋਲਦੇ ਹੋਏ ਜਹਾਜ਼ ਨੂੰ ਰਸਤਾ ਦਿੰਦੀ ਹੋਈ ਨੀਵੀਂ ਹੋ ਕੇ ਉਸ ਦੇ ਹੇਠੋਂ ਦੀ ਦੂਜੇ ਪਾਸੇ ਲੰਘ ਗਈ ਸੀ।

ਮੈਂ ਆਖਿਆ, "ਜੀਵਨ ਤੇ ਮੌਤ ਦੀ ਖੇਡ ਵੀ ਇਸੇ ਤਰ੍ਹਾਂ ਹੈ। ਦ੍ਰਿੜ੍ਹ ਇਰਾਦੇ ਵਾਲੇ ਜਦੋਂ ਜੀਵਨ ਲਈ ਜੱਦੋ-ਜਹਿਦ ਕਰਦੇ ਹਨ, ਤਾਂ ਮੌਤ ਵੀ ਆਪਣੇ ਅਰਥ ਬਦਲ ਲੈਂਦੀ ਹੈ। ਵੇਖਿਆ ਈ ਕਿਵੇਂ ਉਸ ਛੱਲ ਨੇ ਲਿਫ ਕੇ ਸਾਡੇ ਜਹਾਜ਼ ਨੂੰ ਰਸਤਾ ਦਿੱਤਾ ਹੈ। ਇਸ ਲਈ ਕਿ ਅਸੀਂ ਸਭ ਪਰਦੇਸ ਵਿਚ ਆਪਣੇ ਦੇਸ਼ ਦੀ ਭੁੱਖ ਦਾ ਘੋਲ ਘੁਲਣ ਜਾ ਰਹੇ ਹਾਂ। ਇਹ ਕਾਲਾ ਬੋਲਾ ਤੇ ਉਬਲਦਾ ਹੋਇਆ ਸਾਗਰ—ਲਹਿਰਾਂ ਦੇ ਇਹ ਪਰਬਤੀ ਉਤਾਰ ਚੜ੍ਹਾ—ਇਹ ਮੀਲਾਂ ਤਕ ਪਸਰਿਆ ਹੋਇਆ ਪਾਣੀ ਹੀ ਪਾਣੀ, ਜਿਸ ਨੂੰ ਕਦੇ ਅਸਗਾਹ ਸਮਝਿਆ ਜਾਂਦਾ ਸੀ, ਅੱਜ ਮਨੁੱਖ ਨੇ ਗਾਹ ਸੁੱਟਿਆ ਹੈ। ਮੇਰੇ ਅੰਦਰ ਵਾਸਕੋ-ਡੇ-ਗਾਮਾ ਦਾ ਸਦੀਆਂ ਪੁਰਾਣਾ ਚਿਤਰ ਮੁੜ ਸੁਰਜੀਤ ਹੋ ਰਿਹਾ ਹੈ—ਸੁਣ, ਇਸ ਸਮੁੰਦਰ ਦੀ ਮੌਨ ਭਾਸ਼ਾ ਨੂੰ ਸੁਣ ਤੇ ਮਹਿਸੂਸ ਕਰ। ਇਸ ਵਿਚੋਂ ਅਮਰੀਕਨ ਲੇਖਕ ਹੈਮਿੰਗਵੇ ਦਾ 'ਬੁੱਢਾ ਮਨੁੱਖ' ਆਪਣੇ ਲਹੂ-ਓ-ਲਹੂ ਹੱਥਾਂ ਸਮੇਤ ਮਛਲੀਆਂ ਨਾਲ ਜੱਦੋ-ਜਹਿਦ ਕਰਦਾ ਹੋਇਆ ਅਜੇ ਵੀ ਪੁਕਾਰ-ਪੁਕਾਰ ਕੇ ਕਹਿ ਰਿਹਾ ਹੈ ਕਿ 'ਮਨੁੱਖ ਨੂੰ ਤਬਾਹ ਤੇ ਬਰਬਾਦ ਤਾਂ ਕੀਤਾ ਜਾ ਸਕਦਾ ਹੈ, ਪਰ ਹਰਾਇਆ ਕਦੇ ਨਹੀਂ ਜਾ ਸਕਦਾ।' ਸੁਣ ਧਿਆਨ ਨਾਲ ਸੁਣ, ਇਸੇ ਸਮੁੰਦਰ 'ਚੋਂ 'ਯੂਲੇਸਿਸ' ਦੇ ਸ਼ਬਦ ਉਭੱਰ ਰਹੇ ਹਨ : 'ਟੂ ਸਟਰਾਈਵ, ਟੂ ਸੀਕ, ਟੂ ਫਾਈਂਡ, ਐਂਡ ਨਾਟ ਟੂ ਯੀਲਡ।'

"ਪਰ ਮੇਰੇ ਪਿਤਾ ਜੀ—ਇਸੇ ਸਮੁੰਦਰ ਵਿਚ ... ਤੇ ਹੁਣ ਮੈਂ ... ਮੈਨੂੰ ਤਾਂ ਇਹ ਸਮੁੰਦਰ ਦੀਆਂ ਛੱਲਾਂ ਮੌਤ ਦੇ ਜਬਾੜੇ ਵਾਂਗ ਜਾਪਦੀਆਂ ਹਨ। ਮੈਨੂੰ ਇਸ ਸਮੁੰਦਰ ਦੀਆਂ ਲਹਿਰਾਂ ਦੀ ਖੌਲਦੀ ਹੋਈ ਭਿਆਨਕ ਚੁੱਪ 'ਚੋਂ ਮੌਤ ਦੀ ਨਿਰੰਤਰ ਤੇ ਅਟੱਲ ਆਵਾਜ਼ ਤੋਂ ਬਿਨਾਂ ਹੋਰ ਕੁਝ ਵੀ ਸੁਣਾਈ ਨਹੀਂ ਦੇ ਰਿਹਾ—ਮੌਤ ਜੋ ਹਰ ਵਿਅਕਤੀ ਦਾ ਅੰਤ ਹੈ—ਮਨੁੱਖ ਦੀ ਸਾਰੀ ਜੱਦੋਜਹਿਦ ਦੀ ਪ੍ਰਾਪਤੀ 'ਮੌਤ' ਦੇ ਇਸ ਇਕ ਸ਼ਬਦ ਵਿਚ ਹੀ ਸੁੰਗੜ ਕੇ ਹਮੇਸ਼ਾ-ਹਮੇਸ਼ਾ ਲਈ ਦਮ ਤੋੜ ਦਿੰਦੀ ਹੈ ਤੇ ਜੀਵਨ ... ਤੇ ਜੀਵਨ ਜੋ ਇਸ ... ਜੋ ਇਸ..."

ਅਜੇ ਸ਼ਿੰਦਰ ਨੇ ਆਪਣੀ ਗੱਲ ਪੂਰੀ ਨਹੀਂ ਸੀ ਕੀਤੀ, ਕਿ ਜਹਾਜ਼ ਦੀ ਘੰਟੀ ਵੱਜ ਉੱਠੀ।

"ਇਹ ਤਾਂ ਖ਼ਤਰੇ ਦੀ ਘੰਟੀ ਜਾਪਦੀ ਹੈ। ਸ਼ਾਇਦ ਜਹਾਜ਼ ਵਿਚ ਕੋਈ ਨੁਕਸ ਪੈ ਗਿਆ ਹੈ। ਵੇਖੋ ਸਮੁੰਦਰ ਵੀ ਅੱਜ ਕਿੰਨਾ ਰਫ਼ ਹੈ ਤੇ ਜਹਾਜ਼ ਕਿਵੇਂ ਡੋਲ ਰਿਹਾ ਹੈ। ਜ਼ਰੂਰ ਇੰਞਣ ਵਿਚ ਕੋਈ ਖ਼ਰਾਬੀ ਪੈ ਗਈ ਹੋਵੇਗੀ ਤੇ ਫਿਰ ਅਸੀਂ ਸਭ ਮੌਤ ਦੇ ਹਵਾਲੇ !"

ਕੁਝ ਦੇਰ ਤੋਂ ਸਾਡੀਆਂ ਗੱਲਾਂ ਸੁਣ ਰਹੇ 'ਭਾਈਏ' ਨੇ ਮੇਰੇ ਵਲ ਇਕ ਅੱਖ ਦਬਾ ਕੇ ਅਤੇ ਸ਼ਿੰਦਰ ਵਲ ਮੁਸਕਰਾ ਕੇ ਤੱਕਦੇ ਹੋਇਆਂ ਕਿਹਾ, ਤਾਂ ਸ਼ਿੰਦਰ ਨੇ ਇੰਞ ਬੋਲਣਾ ਸ਼ੁਰੂ ਕੀਤਾ ਜਿਵੇਂ ਕੋਈ ਸੁਪਨੇ ਵਿਚ ਬੁੜਾ ਰਿਹਾ ਹੋਵੇ, "ਇਸੇ ਲਈ ਮੈਂ ਸਮੁੰਦਰੀ ਜਹਾਜ਼ ਵਿਚ ਸਫ਼ਰ ਨਹੀਂ ਸਾਂ ਕਰਦਾ। ਜੇ ਨਾ ਕਰਦਾ, ਤਾਂ ਵੀ ਕੀ ਹੁੰਦਾ। ਇਕ ਦਿਨ ਤਾਂ ਮਰਨਾ ਹੀ ਸੀ ! ਇਹ ਜੀਵਨ ਨਿਰਾਰਥਕ ਹੈ। ਅਸੀਂ ਸਭ ਜਿਊਣ ਲਈ ਜੰਮਦੇ ਪਰ ਮਰਨ ਲਈ ਜਿਊਂਦੇ ਹਾਂ।" ਸਮੁੰਦਰ ਵਲ ਇਸ਼ਾਰਾ ਕਰਦੇ ਹੋਏ ਉਸ ਨੇ ਕਿਹਾ।

"ਇਹ ਜੀਵਨ ਇਸ 'ਨੋ ਮੈਨਜ਼ ਵਾਟਰ' ਦੀ ਤਰ੍ਹਾਂ ਹੀ ਹੈ—ਕਿਸੇ ਦਾ ਨਹੀਂ। ਮੌਤ ਅਟੱਲ ਹੈ।"

"ਐਨਾ ਨਿਰਾਸ਼ ਨਹੀਂ ਹੋਈਦਾ—ਜੀਵਨ ਦਾ ਨਿਰੰਤਰ ਪ੍ਰਵਾਹ ਮੌਤ ਤੋਂ ਬਹੁਤ ਵਧੇਰੇ ਬਲਵਾਨ ਹੈ—ਤੇਰਾ ਪਿਤਾ ਤੇਰੇ ਵਿਚ ਜੀ ਰਿਹਾ ਹੈ ਤੇ ਤੂੰ ਆਪਣੇ ਪੁੱਤਰ ਵਿਚ। ਜੀਵਨ ਦਾ ਇਹ ਚੱਕਰ ਇਸੇ ਤਰ੍ਹਾਂ ਚੱਲਦਾ ਰਹਿੰਦਾ ਹੈ।"

ਮੇਰੇ ਇਹ ਕਹਿਣ ਤੇ ਉਹ ਫਿਰ ਬੋਲਿਆ, "ਮਨੁੱਖ ਲਈ ਇਕ ਫੋਕੀ ਤੇ ਅੰਤਮ ਤਸੱਲੀ ਤੋਂ ਵਧ ਇਹ ਦਲੀਲ ਕੋਈ ਅਰਥ ਨਹੀਂ ਰੱਖਦੀ...ਇਹ ਜੀਵਨ ਹੂੰ...ਇਹ 'ਨੋ ਮੈਨਜ਼ ਵਾਟਰ' ਤੋਂ ਵਧ ਕੁਝ ਨਹੀਂ।"

ਪੌੜੀ ਚੜ੍ਹ ਕੇ ਸਾਡੇ ਕੋਲ ਆ ਰਹੇ 'ਚਾਚੇ' ਦੇ ਕੰਨੀਂ ਸ਼ਿੰਦਰ ਦੇ ਇਹ ਬੋਲ ਪਏ ਤਾਂ ਉਹ ਪਹਿਲਾਂ ਬਹੁਤ ਖੁੱਲ੍ਹ ਕੇ ਹੱਸਿਆ ਤੇ ਫਿਰ ਉਸ ਨੇ ਹੱਥ ਵਿਚ ਫੜੀ ਹੋਈ ਵਿਸਕੀ ਦੀ ਬੋਤਲ ਨੂੰ ਖ਼ਾਲਸ ਰਿੰਦਾਨਾ ਅੰਦਾਜ਼ ਵਿਚ ਛਲਕਾ ਕੇ ਗਲਾਸ ਵਿਚ ਪਾਉਂਦੇ ਹੋਏ ਕਿਹਾ, "ਬੜੀ ਛੇਤੀ ਜ਼ਿੰਦਗੀ ਤੋਂ ਉਕਤਾ ਗਿਆ ਹੈਂ ? ਅਜੇ ਤਾਂ ਤੂੰ ਗੋੜ੍ਹੇ 'ਚੋਂ ਪੂਣੀ ਵੀ ਨਹੀਂ ਛੋਹੀ। ਇਹ ਤਾਂ ਜਹਾਜ਼ ਦੇ ਮੁਸਾਫ਼ਰਾਂ ਲਈ ਖ਼ਤਰੇ ਸਮੇਂ ਸਾਮ੍ਹਣਾ ਕਰਨ ਵਾਸਤੇ ਰੀਹਰਸਲ ਕਰਨ ਦੀ ਘੰਟੀ ਹੈ। ਵੇਖ, ਐਧਰ ... ਐਵਰੀ ਮੈਨਜ਼ ਵਾਟਰ ..."

ਕਹਿੰਦੇ ਹੋਏ ਚਾਚੇ ਨੇ ਸਮੁੰਦਰ ਵਲ ਵੇਖਦੇ ਸ਼ਿੰਦਰ ਦਾ ਮੂੰਹ ਆਪਣੇ ਵਲ ਭੁਆ ਕੇ ਉਸ ਦੇ ਬੁੱਲ੍ਹਾਂ ਨੂੰ ਵਿਸਕੀ ਦਾ ਗਲਾਸ ਲਾ ਦਿੱਤਾ ਤੇ ਫਿਰ ਚਾਰੇ ਮਿੱਤਰ ਕਾਲੇ ਬੋਲੇ ਸਮੁੰਦਰ ਨੂੰ, ਜ਼ਿੰਦਗੀ ਨਾਲ ਭਰਪੂਰ ਇਕ ਟਿੱਚਰ ਕਰਦੇ ਹੋਏ, ਖੁੱਲ੍ਹ ਕੇ, ਉੱਚੀ-ਉੱਚੀ ਤੇ ਫਿਰ ਕਿੰਨਾ ਚਿਰ ਹੀ ਹੱਸਦੇ ਰਹੇ।

# ਅੰਦਰ ਵਲ ਖੁੱਲ੍ਹਦਾ ਬੂਹਾ

ਉਹ ਸਾਡੇ ਸਕੂਲ ਵਿਚ ਨਵੀਂ-ਨਵੀਂ ਆਈ ਸੀ। ਮਧਰਾ ਕੱਦ, ਗੋਰਾ ਚਿੱਟਾ ਸੁਰਖੀ ਦੀ ਭਾ ਮਾਰਦਾ ਚਿਹਰਾ, ਹਰੀਆਂ ਅੱਖਾਂ, ਕੱਟੇ ਹੋਏ ਭੂਰੇ ਵਾਲ ਜਿਨ੍ਹਾਂ ਦੀ ਇਕ ਲਿਟ ਉਸ ਦੀ ਸੱਜੀ ਅੱਖ 'ਤੇ ਢਿਲਕੀ ਰਹਿੰਦੀ। ਚੀਚੀ ਤੇ ਉਸ ਦੇ ਨਾਲ ਦੀ ਉਂਗਲ ਵਿਚਕਾਰ ਉਸ ਲਿਟ ਨੂੰ ਲੈ ਕੇ ਉਹ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਉਤਾਂਹ ਕਰਦੀ ਰਹਿੰਦੀ, ਬਿੰਦ ਦੀ ਬਿੰਦ ਉਸ ਦੀਆਂ ਅੱਖਾਂ ਵਿਚ ਹਰੀ ਰੌਸ਼ਨੀ ਚਮਕਦੀ, ਇਕ ਮੁਸਕਰਾਹਟ ਜਿਹੀ ਰਕਸ ਕਰਦੀ ਤੇ ਉਹ ਲਿਟ ਫੇਰ ਹੇਠਾਂ ਡਿਗ ਪੈਂਦੀ। ਉਸ ਦਾ ਜਿਸਮ ਬੜਾ ਸੁਡੌਲ ਤੇ ਵਿਉਂਤ ਵਿਚ ਸੀ, ਜਿਵੇਂ ਜਿਮਨਾਸਟਕ ਦੁਆਰਾ ਕਮਾਇਆ ਹੋਇਆ ਹੋਵੇ। ਦੋ ਸਾਲ ਹੋਏ ਉਹ ਤੇ ਉਸ ਦਾ ਪਤੀ ਏਥੇ ਆਏ ਸਨ। ਉਸ ਦੇ ਪਤੀ ਨੂੰ ਕੀਨੀਆਂ ਸਰਕਾਰ ਨੇ ਐਕਸ ਪੈਟਰੀਆਟ ਟਰਮਜ਼ ਤੇ ਜਕਰਾਂਡਾ ਕਾਫ਼ੀ ਰੀਸਰਚ ਸਟੇਸ਼ਨ ਦੇ ਰੀਸਰਚ ਵਿਭਾਗ ਦੇ ਮੁਖੀ ਦੇ ਰੂਪ ਵਿਚ ਰੈਕਰੂਟ ਕੀਤਾ ਸੀ। ਉਸ ਦਾ ਪਤੀ ਡਾਕਟਰ ਸਮਿੱਥ ਕਾਫੀ ਦੀ ਉਪਜ ਵਧਾਉਣ ਅਤੇ ਇਸ ਦੀਆਂ ਬੀਮਾਰੀਆਂ ਦੀ ਰੋਕਥਾਮ 'ਤੇ ਰੀਸਰਚ ਕਰ ਰਿਹਾ ਸੀ। ਉਹ ਘਰ 'ਕੱਲੀ ਸੀ। ਉਸ ਨੇ ਸੋਚਿਆ ਕਿ ਵਿਹਲੇ ਬਹਿ-ਬਹਿ ਬੋਰ ਹੋਣ ਨਾਲੋਂ ਕਿਸੇ ਸਕੂਲ ਦੀ ਨੌਕਰੀ ਹੀ ਕਰ ਲੈਣੀ ਚਾਹੀਦੀ ਹੈ। ਉਹ ਆਪ ਵੀ ਬਾਇਓਲੋਜੀ ਦੀ ਗਰੈਜੂਏਟ ਸੀ ਤੇ ਸਾਡੇ ਸਕੂਲ ਦਾ ਤੁਰਦਾ ਫਿਰਦਾ ਸ਼ਿੰਗਾਰ—ਇਕ ਜੀਵਤ ਸੁਹਜ।

(Terminal) ਟਰਮੀਨਲ ਛੁੱਟੀਆਂ ਤੋਂ ਬਾਅਦ ਜਦੋਂ ਪਹਿਲੀ ਵਾਰ ਉਹ ਸਾਡੇ ਸਕੂਲ ਆਈ ਤਾਂ ਅਸੀਂ ਬੜੇ ਹੈਰਾਨ ਹੋਏ ਕਿ ਸ਼ਹਿਰ ਤੋਂ ਦੂਰ ਅੱਪ ਕੰਟਰੀ ਦੇ ਇਸ ਰੀਜ਼ਰਵ ਏਰੀਏ ਵਿਚ ਕੌਣ ਆਇਆ ਹੈ ! ਕੋਈ ਅਮੀਰ ਯਾਤਰੂ ਹੀ ਹੋ ਸਕਦੀ ਹੈ। ਫਿਰ ਅਸੀਂ ਉਸ ਨੂੰ ਹਰੇ ਰੰਗ ਦੀ ਫ਼ੋਰਡ ਕੋਰਟੀਨਾ ਕਾਰ 'ਚੋਂ ਉਤਰਦਿਆਂ ਵੇਖਿਆ, ਉਸ ਨੇ ਹਰੀਆਂ ਤੇ ਚਿੱਟੀਆਂ ਧਾਰੀਆਂ ਵਾਲੀ ਟਾਈਟ ਸਕਰਟ ਪਹਿਨੀ ਹੋਈ ਸੀ, ਹਾਈ ਹੀਲ ਦੀ ਹਰੀ ਗੁਰਗਾਬੀ, ਕੰਨਾਂ ਵਿਚ ਹਰੇ ਰੰਗ ਦੀਆਂ ਵੱਡੀਆਂ-ਵੱਡੀਆਂ ਪਲਾਸਟਕ ਦੀਆਂ ਵਾਲੀਆਂ, ਸੱਜੇ ਹੱਥ ਦੀ ਚੀਚੀ 'ਤੇ ਹਰੇ ਨਗ ਵਾਲੀ ਸੋਨੇ ਦੀ ਮੁੰਦਰੀ, ਹੱਥਾਂ ਵਿਚ ਹਰੇ ਰੰਗ ਦਾ ਹੈਂਡ ਬੈਗ, ਸਾਨੂੰ ਸਾਰਿਆਂ ਨੂੰ ਇਕ ਹਰੀ ਮੁਸਕਰਾਹਟ ਨਾਲ ਗਰੀਟ ਕਰਕੇ ਉਹ ਸਿੱਧੀ ਹੈਡ ਮਾਸਟਰ ਦੇ ਦਫ਼ਤਰ ਵਿਚ ਚਲੀ ਗਈ। ਟੀ-ਬਰੇਕ ਸਮੇਂ ਉਹ ਸਾਡੇ ਸਕੂਲ ਦੀ ਨਵੀਂ ਅਧਿਆਪਕਾ ਦੇ ਰੂਪ ਵਿਚ ਸਟਾਫ਼ ਰੂਮ ਵਿਚ ਸਾਡੇ ਨਾਲ ਚਾਹ ਦੀਆਂ ਹਲਕੀਆਂ ਚੁਸਕੀਆਂ ਭਰਦੀ ਹੋਈ ਮੁਸਕਰਾ ਰਹੀ ਸੀ !

ਮੈਨੂੰ ਉਸ ਦਾ ਅੰਦਾਜ਼, ਹਲਕੀ-ਹਲਕੀ ਮੁਸਕਰਾਹਟ ਤੇ ਕਲਰ ਸਕੀਮ, ਸਭ ਕੁਝ ਬੜਾ ਚੰਗਾ-ਚੰਗਾ ਲੱਗਾ ਸੀ। ਪਰ ਉਸੇ ਬਾਅਦ-ਦੁਪਹਿਰ ਜਦੋਂ ਨਵੇਂ ਸਿਰਿਓਂ ਵਿਸ਼ੇ ਵੰਡ ਕੇ ਟਾਈਮ ਟੇਬਲ ਬਨਾਉਣ ਦਾ ਸਮਾਂ ਆਇਆ ਤਾਂ ਉਸ ਦੀ ਮੁਸਕਰਾਹਟ ਅਚਾਨਕ ਗ਼ਾਇਬ ਹੋ ਗਈ। ਚਿਹਰਾ ਗੰਭੀਰਤਾ ਵਿਚ ਤਣ ਗਿਆ, ਅੱਖਾਂ ਵਿਚ ਸਖ਼ਤੀ ਦੀ ਝਲਕ ਨਜ਼ਰ ਆਈ, ਮੈਂ ਕਿਹਾ ਕਿ ਤੂੰ ਦਸਵੀਂ ਗਿਆਰ੍ਹਵੀਂ ਦਾ ਅੰਗ੍ਰੇਜ਼ੀ ਸਾਹਿਤ ਲੈ-ਲੈ ਤੇ ਮੈਂ ਇਤਿਹਾਸ ਤੇ ਅੰਗ੍ਰੇਜ਼ੀ ਭਾਸ਼ਾ ਪੜ੍ਹਾ ਦਿਆਂਗਾ। ਕੁਝ ਮੇਰਾ ਭਾਰ ਘੱਟ ਜਾਵੇਗਾ, ਕੁਝ ਤੈਨੂੰ

ਦਿਲਚਸਪੀ ਮਿਲ ਜਾਏਗੀ। ਉਹ ਕਹਿਣ ਲੱਗੀ, ਮੈਂ ਸਾਹਿਤ ਨਹੀਂ ਪੜ੍ਹਾ ਸਕਦੀ, ਇਹ ਮੈਨੂੰ ਬਿਲਕੁਲ ਪਸੰਦ ਨਹੀਂ। ਮੈਂ ਸੋਚ ਰਿਹਾ ਸਾਂ ਕਿ ਅਜੀਬ ਕੁੜੀ ਹੈ, ਅੰਗ੍ਰੇਜ਼ ਹੋ ਕੇ ਅੰਗ੍ਰੇਜ਼ੀ ਸਾਹਿਤ ਨੂੰ ਨਾਪਸੰਦ ਕਰਦੀ ਹੈ। ਖ਼ੈਰ ਸਾਹਿਤ ਤੇ ਇਤਿਹਾਸ ਮੈਂ ਲੈ ਲਏ। ਅੰਗ੍ਰੇਜ਼ੀ ਭਾਸ਼ਾ ਤੇ ਬਾਇਓਲੋਜੀ ਲੈ ਕੇ ਉਸ ਦੀ ਮੁਸਕਰਾਹਟ ਫਿਰ ਵਾਪਸ ਪਰਤ ਆਈ।

ਦੋ ਕੁ ਹਫ਼ਤੇ ਅਸੀਂ ਇਕ ਦੂਜੇ ਤੋਂ ਐਵੇਂ ਕਟੇ-ਕਟੇ ਰਹੇ, ਫਿਰ ਇਕ ਦੂਜੇ ਦੀ ਹੋਂਦ ਦਾ ਮੱਠਾ-ਮੱਠਾ ਅਹਿਸਾਸ ਚੰਗਾ ਚੰਗਾ ਲੱਗਣ ਲੱਗ ਪਿਆ।

"ਤੂੰ ਮੈਨੂੰ ਟੈਨਸ (Tense) ਸਿਖਾ ਦੇ !" ਉਸ ਨੇ ਮੇਰੇ ਵਲ ਮੁਸਕਰਾ ਕੇ ਵੇਖਦਿਆਂ ਕਿਹਾ। ਮੈਂ ਸੋਚਿਆ ਮਖੌਲ ਕਰ ਰਹੀ ਹੈ।

"ਨਹੀਂ ਸੱਚ, ਮੈਂ ਮਹਿਸੂਸ ਕਰ ਸਕਦੀ ਹਾਂ ਕਿ ਵਾਕ ਗ਼ਲਤ ਹੈ ਜਾਂ ਠੀਕ, ਪਰ ਮੇਰੀ ਵਿਆਕਰਣ ਬੜੀ ਕਮਜ਼ੋਰ ਹੈ ਤੇ ਹੁਣ ਮੈਨੂੰ ਇਹ ਟੈਨਸ ਤੇ ਵਿਆਕਰਣ ਪੜ੍ਹਾਉਣੇ ਪੈਣਗੇ—ਜੋ ਮੈਨੂੰ ਕਦੇ ਵੀ ਪਸੰਦ ਨਹੀਂ ਆਏ।"

"ਉਸ ਦਿਨ ਤਾਂ ਤੂੰ ਅੜ ਕੇ ਅੰਗਰੇਜ਼ੀ ਭਾਸ਼ਾ ਲਈ ਸੀ। ਤੈਨੂੰ ਕਿਹਾ ਸੀ ਕਿ ਸਾਹਿਤ ਲੈ ਲੈ, ਦਿਲਚਸਪ ਵਿਸ਼ਾ ਹੈ ਤੇ ਨਾਲੇ ਹੈਮਿੰਗਵੇ, ਸਟੇਨ ਬੈਕ, ਸ਼ੈਕਸਪੀਅਰ, ਬਰਨਾਰਡ ਸ਼ਾਅ—ਚੇਨੁਆ ਅਚੇਬੀ, ਬਰਾਈਡੀ, ਨੈਵਲ ਸ਼ਿਊਟ ..."

"ਬਸ ਬਸ—ਮੈਂ ਇਨ੍ਹਾਂ ਨੂੰ ਪੜ੍ਹ ਸਕਦੀ ਹਾਂ—ਪੜ੍ਹਾ ਨਹੀਂ ਸਕਦੀ। ਸਾਹਿਤ ਨੂੰ ਮਾਨਣਾ ਤੇ ਪਸੰਦ ਨਾ-ਪਸੰਦ ਕਰਨਾ ਇਕ ਜ਼ਾਤੀ ਮੁਆਮਲਾ ਹੈ। ਇਸ ਨੂੰ ਪੜ੍ਹਾਉਣ ਦਾ ਕੀ ਲਾਭ ? ਨਾਲੇ ਉਂਵ ਵੀ ਮੈਨੂੰ ਸ਼ਾਅ ਬਿਲਕੁਲ ਹੀ ਚੰਗਾ ਨਹੀਂ ਲੱਗਦਾ—ਸਾਰੀ ਉਮਰ ਟੀਟੋਟਲਰ ਰਹਿ ਕੇ ਜ਼ਿੰਦਗੀ ਦੇ ਬਿਹਤਰੀਨ ਤਜਰਬੇ ਤੋਂ ਸਨਿਆਸ ਲੈ ਕੇ—ਉਹ ਲਿਖ ਵੀ ਕੀ ਸਕਦਾ ਸੀ ? ਕਠੋਰ ਨੈਤਿਕਤਾ ਹੀ ਕਠੋਰ ਪੁਰਸ਼ ਕੋਲੋਂ ਸੰਭਵ ਸੀ—'ਸੀਜ਼ਰ ਐਂਡ ਕਲਿਓਪੈਟੇਰਾ' ਵਿਚ ਉਹ ਆਪਣੇ ਪਾਤਰਾਂ ਨੂੰ ਸਮਝਣ, ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਵਿਅਕਤਿਤਵ ਅਨੁਸਾਰ ਉਸਾਰਨ ਦੀ ਥਾਂ ਸਭ ਨੂੰ ਕਠਪੁਤਲੀਆਂ ਵਾਂਗ ਨਚਾਉਂਦਾ ਹੈ—ਆਪਣੀ ਕਠੋਰ ਨੈਤਿਕਤਾ ਤੇ ਕਲੀਮੈਂਸੀ (Clemency) ਦੀ ਸਜ਼ਾ ਦਿੰਦਾ ਹੈ—ਛੀ-ਛੀ-ਛੀ—ਇਹ ਕਲੀਮੈਂਸੀ ਭਲਾ ਕੀ ਹੋਈ ? ਜ਼ਿੰਦਗੀ ਕਦੇ ਕਿਸੇ ਤੇ ਤਰਸ—ਰਹਿਮ ਕਰਦੀ ਹੈ ? ਉਸ ਨੇ ਕਲਿਓਪੈਟੇਰਾ ਦਾ ਨਹੀਂ ਸਗੋਂ ਆਪਣਾ ਤੇ ਆਪਣੀ ਸੂਝ ਦਾ ਮਜ਼ਾਕ ਉਡਾਇਆ ਹੈ। ਉਹ ਕੀ ਜਾਣੇ ਇਸਤਰੀ ਦੇ ਦਿਲ ਨੂੰ ..."

"ਅੱਛਾ, ਅੱਛਾ, ਬਸ ਕਰ—ਤੂੰ ਤਾਂ ਮੈਨੂੰ ਹੀ ਪੜ੍ਹਾਉਣਾ ਸ਼ੁਰੂ ਕਰ ਦਿੱਤਾ।"

"ਖਿਮਾ ਕਰਨਾ", ਕਹਿ ਕੇ ਉਹ ਹੱਸ ਪਈ ਤੇ ਫਿਰ ਅਚਾਨਕ ਉਸਦੀਆਂ ਅੱਖਾਂ ਵਿਚ ਇਕ ਗੰਭੀਰ ਪਰਛਾਈਂ ਲਰਜ਼ੀ ਤੇ ਉਸ ਦੀ ਮੁਸਕਰਾਹਟ ਚੁਰਾ ਕੇ ਲੈ ਗਈ। ਦੋ-ਤਿੰਨ ਦਿਨ ਉਹ ਮੇਰੇ ਕੋਲੋਂ ਨਜ਼ਰ ਚੁਰਾਉਂਦੀ ਰਹੀ ਤੇ ਇਕ ਦਿਨ ਆਪੇ ਹੀ ਗੱਲ ਤੋਰਦੀ ਹੋਈ ਬੋਲੀ, "ਇਹ ਥਾਂ ਬੜੀ ਡੱਲ ਤੇ ਇਕੱਲੀ ਹੈ, ਸ਼ਹਿਰ ਤੋਂ ਦੂਰ—ਨਾ ਤੇਰੇ ਕੋਲ ਕਾਰ ਹੈ ਨਾ ਏਥੇ ਕੋਈ ਅਜਿਹਾ ਸਾਧਨ ਮਿਲਦਾ ਹੈ, ਜਿਸ ਨਾਲ ਤੂੰ ਨੈਰੋਬੀ ਜਾ ਸਕੇਂ—ਫ਼ਿਲਮ, ਥੀਏਟਰ ਵੇਖ ਕੇ ਵਾਪਸ ਆ ਸਕੇਂ। ਜੇ ਸਾਧਨ ਮਿਲ ਵੀ ਜਾਏ ਤਾਂ ਮੀਂਹ ਕਣੀ ਵਿਚ ਏਥੋਂ ਦੀਆਂ ਕੱਚੀਆਂ ਸੜਕਾਂ ਤੇ ਸੁਰਖ਼ ਚਿੱਕੜ 'ਚੋਂ ਫੋਰ ਵੀਲ ਡਰਾਈਵ ਵੀ ਬੜੀ ਮੁਸ਼ਕਲ ਨਾਲ ਨਿਕਲ ਸਕਦੀ ਹੈ। ਮੈਂ ਹੈਰਾਨ ਹਾਂ ਕਿ ਤੂੰ ਏਥੇ ਕਿਵੇਂ ਰਹਿੰਦਾ ਹੈਂ ? ਕੀ ਕਰਦਾ ਹੈਂ ?"

"ਕੁਝ ਨਹੀਂ। ਸ਼ਾਮ ਨੂੰ ਇਸ ਬਦਲਾਏ ਆਕਾਸ਼ ਵਲ ਵਿਹੰਦਾ, ਇਨ੍ਹਾਂ ਉੱਠਦੀਆਂ ਡਿਗਦੀਆਂ, ਚੜ੍ਹਦੀਆਂ, ਲਹਿੰਦੀਆਂ ਰਿਜਿਜ਼ ਨਾਲ ਘੁੰਮਦਾ, ਫਿਰਦਾ, ਕਾਫ਼ੀ ਦੇ ਬਾਗ਼ਾਂ 'ਚੋਂ ਲੰਘਦਾ, ਸੂਤ ਕੱਤਦੀਆਂ ਛੱਲੀਆਂ ਦੇ ਪੈਰਾਂ ਵਿਚ ਉੱਗੇ ਰਾਜਮਾਹਾਂ, ਆਲੂਆਂ ਤੇ ਸ਼ਕਰ-ਕੰਦੀਆਂ ਨੂੰ ਘੂਰਦਾ, ਥੱਕ ਟੁੱਟ ਕੇ ਘਰ ਆ ਜਾਂਦਾ ਹਾਂ। ਟਾਈਮ ਕਿਲਿੰਗ ਲਈ ਸੈਰ ਕਰਦਿਆਂ ਲੋਕਾਂ ਦੇ ਜੀਵਨ ਨੂੰ ਵੇਖਣਾ, ਸਮਝਣਾ, ਮੇਰਾ ਇਕ ਅਣਚਾਹਿਆ ਰੁਝੇਵਾਂ ਹੈ।"

"ਤੇ ਜਦੋਂ ਮੀਂਹ ਪੈਂਦਾ ਹੈ, ਬਿਜਲੀ ਲਿਸ਼ਕਦੀ ਹੈ, ਬੱਦਲ ਗਰਜਦੇ ਹਨ, ਤੈਨੂੰ ਕੱਲੇ ਨੂੰ ਏਥੇ ਡਰ ਨਹੀਂ ਆਉਂਦਾ ? ਨਾ ਇਹ ਲੋਕ ਤੇਰੀ ਬੋਲੀ ਸਮਝਦੇ ਹਨ, ਨਾ ਤੂੰ ਇਨ੍ਹਾਂ ਦੀ। ਹੁੰਗਾਰਿਆਂ ਤੋਂ ਸੱਖਣਾ ਘਰ ਤੈਨੂੰ ਖਾਣ ਨੂੰ ਨਹੀਂ ਆਉਂਦਾ ..."

"ਹਾਂ ਜਦੋਂ ਮੀਂਹ ਪੈਂਦਾ ਹੈ, ਬਿਜਲੀ ਲਿਸ਼ਕਦੀ ਹੈ, ਬੱਦਲ ਗਰਜਦੇ ਹਨ, ਤਾਂ ਮੈਨੂੰ ਆਪਣੇ ਦੇਸ਼ ਦੇ ਅੰਬਾਂ ਦੇ ਬਾਗ਼ ਯਾਦ ਆਉਂਦੇ ਹਨ, ਭਾਰੀ ਬਰਸਾਤਾਂ ਯਾਦ ਆਉਂਦੀਆਂ ਹਨ। ਜੀਭ 'ਤੇ ਅੰਬਾਂ ਦਾ ਰਸ ਘੁਲ ਜਾਂਦਾ ਹੈ। ਸਾਹਾਂ ਵਿਚ ਸੁਗੰਧ ਜਾਗ ਪੈਂਦੀ ਹੈ ਤੇ ਕੰਨਾਂ ਵਿਚ ਅੰਬਾਂ ਦੇ ਗੀਤ ਗੂੰਜਦੇ ਹਨ। ਬਚਪਨ ਵਿਚ ਅੰਬਾਂ ਦੀਆਂ ਗਿਟਕਾਂ ਤੋਂ ਬਣਾਈਆਂ ਪੀਪਣੀਆਂ ਦਾ ਸੰਗੀਤ ਮੇਰੇ ਰੋਮ-ਰੋਮ 'ਚੋਂ ਫੁਟ ਪੈਂਦਾ ਹੈ ਤੇ ਮੈਂ ਕਵਿਤਾ ਲਿਖਣ ਬੈਠ ਜਾਂਦਾ ਹਾਂ। ਤੇਰੇ ਵਰਗੀਆਂ ਖ਼ੂਬਸੂਰਤ ਕੁੜੀਆਂ ਦੀਆਂ ਕਹਾਣੀਆਂ ਲਿਖਦਾ ਹਾਂ ਤੇ ..."

"ਕਿਹੋ ਜਿਹੀਆਂ ਕਹਾਣੀਆਂ ਲਿਖਦਾ ਹੈਂ—ਸੋਸ਼ਲ, ਮਨੋਵਿਗਿਆਨਕ ?"

"ਕਹਾਣੀਆਂ, ਮਨੁੱਖ ਦੇ ਗੁਨਾਹਾਂ ਦੀਆਂ, ਮਾਈ ਹੱਵਾ ਅਤੇ ਸੱਪ ਦੀਆਂ ਜਿਹੜਾ ਰੋਜ਼ ਉਸ ਦੀ ਅੱਡੀ 'ਤੇ ਲੜਦਾ ਹੈ, ਉਸ ਦੀਆਂ ਤੇ ਉਸ ਜ਼ਹਿਰ ਦੀਆਂ ਜੋ ਚੜ੍ਹ ਕੇ ਵੀ ਨਹੀਂ ਚੜ੍ਹਦਾ ...।"

"ਬੁਝਾਰਤਾਂ ਨਾ ਪਾ, ਠੀਕ ਠੀਕ ਦਸ।"

"ਬਸ ਇਹੋ ਮਨੁੱਖ ਅੰਦਰ ਬੈਠੇ ਪਸ਼ੂ ਦੀਆਂ, ਮੁਜਰਮ ਦੀਆਂ, ਇਸਤਰੀ ਅੰਦਰਲੇ ਉਸ ਮਰਦ ਦੀਆਂ, ਜਿਸ ਦੀ ਤਲਾਸ਼ ਸਾਰੀ ਉਮਰ ਦੀ ਭਟਕਣ ਦਾ ਦਰਦ ਉਸ ਦੇ ਪੱਲੇ ਪਾ ਜਾਂਦੀ ਹੈ। ਉਹ ਤੁਰਦੀ ਹੈ, ਲੁੜ੍ਹਕਦੀ ਹੈ, ਡਿਗਦੀ ਹੈ, ਫਿਰ ਉੱਠਦੀ ਹੈ, ਭਟਕਦੀ ਹੈ, ਉਹ ਮਰਦ ਨਹੀਂ ਮਿਲਦਾ। ਉਹ ਰੋਂਦੀ ਹੈ, ਪਰ ਉਸ ਦੀ ਆਵਾਜ਼ ਨਹੀਂ ਨਿਕਲਦੀ। ਉਹ ਹੱਸਦੀ ਹੈ, ਤਾਂ ਉਸ ਦੀਆਂ ਨਜ਼ਰਾਂ ਵਿਚ ਆਪਣੇ ਆਪ 'ਤੇ ਸੰਦੇਹ ਜਾਗਦਾ ਹੈ। ਬਸ ਇਸੇ ਬੇ-ਆਵਾਜ਼ ਰੁਦਨ ਦੀਆਂ ਕਹਾਣੀਆਂ।"

"ਅੱਛਾ", ਕਹਿ ਕੇ ਉਸ ਨੇ ਉੱਭਾ ਜਿਹਾ ਸਾਹ ਲਿਆ ਤੇ ਫਿਰ ਆਪਣਾ ਪੀਰੀਅਡ ਲੈਣ ਚਲੀ ਗਈ।

ਦੂਜੇ ਦਿਨ ਸਵੇਰ ਤੋਂ ਮੇਰੇ ਸੱਤੇ ਪੀਰੀਅਡ ਲੱਗੇ ਹੋਏ ਸਨ। ਬਹੁਤ ਰੁਝੇਵਾਂ ਸੀ। ਟੀ-ਬਰੇਕ ਵੇਲੇ ਵੀ ਉਸ ਨਾਲ ਕੋਈ ਗੱਲ ਨਾ ਕਰ ਸਕਿਆ। ਆਖ਼ਰੀ ਪੀਰੀਅਡ ਦੇ ਸ਼ੁਰੂ ਹੁੰਦਿਆਂ ਜ਼ਿਹਨ ਤੋਂ ਇਕ ਬੋਝ ਜਿਹਾ ਲੱਥ ਗਿਆ। ਬਾਹਰ ਹਲਕੀ ਵਰਖਾ, ਭਾਰੇ ਮੀਂਹ ਵਿਚ ਬਦਲ ਗਈ ਸੀ। ਬਿਜਲੀ ਲਿਸ਼ਕ ਰਹੀ ਸੀ, ਬੱਦਲ ਗਰਜ ਰਹੇ ਸਨ। ਹਲਕੀ-ਹਲਕੀ ਸਰਦੀ ਸੁਖਾਵੀਂ ਜਿਹੀ ਲੱਗ ਰਹੀ ਸੀ।

"ਅੱਜ ਤੂੰ ਕਵਿਤਾ ਲਿਖੇਂਗਾ ?"

ਉਸ ਦੇ ਹੱਥ ਵਿਚ ਅਫ਼ਰੀਕਨ ਮੈਗਜ਼ੀਨ ਦਾ ਤਾਜ਼ਾ ਅੰਕ ਸੀ, ਜਿਸ ਵਿਚ ਮੇਰੀ ਇਕ ਕਵਿਤਾ ਛਪੀ ਸੀ, ਅਨੁਵਾਦ ਹੋ ਕੇ ਤੇ ਦੂਜੇ ਹੱਥ ਵਿਚ ਟਾਈਪ ਕੀਤੀਆਂ ਕਵਿਤਾਵਾਂ ਦੇ ਕੁਝ ਪੰਨੇ ਸਨ। ਮੈਂ ਹੈਰਾਨ ਸਾਂ ਕਿ ਮੇਰੀਆਂ ਕਵਿਤਾਵਾਂ ਇਹ ਕਿੱਥੋਂ ਚੁੱਕ ਲਿਆਈ ਹੈ।

"ਤੇਰੀਆਂ ਕਵਿਤਾਵਾਂ ਕਲਰਕ ਟਾਈਪ ਕਰ ਰਿਹਾ ਸੀ। ਮੈਂ ਉਸ ਤੋਂ ਇਕ-ਇਕ ਕਾਪੀ ਆਪਣੇ ਲਈ ਬਣਵਾ ਲਈ ਹੈ। ਆਸ ਹੈ ਖਿਮਾਂ ਕਰੇਂਗਾ। ਮੈਂ ਵੀ ਕਵਿਤਾ ਲਿਖਦੀ ਹੁੰਦੀ ਸਾਂ ਕਾਲਜ ਵਿਚ, ਪਰ ਹੁਣ ਇੰਞ ਜਾਪਦਾ ਹੈ, ਜਿਵੇਂ ਉਹ ਔਰਤ ਮੇਰੇ ਅੰਦਰੋਂ ਮਰ ਗਈ ਹੋਵੇ। ਅਨੇਕਾਂ ਤੁਕਾਂ ਦੇ ਅੱਖਰ ਟੁੱਟਦੇ ਭੱਜਦੇ ਮੈਨੂੰ ਤੇ ਮੇਰੀ ਸੋਚ ਨੂੰ ਇਕ ਸੰਘਣੀ ਸੁੰਞ ਤੇ ਸ਼ੂਨਯ ਵਿਚ ਸੁੱਟ ਜਾਂਦੇ ਹਨ। ਪਰ ਇਹ ਸਭ ਕੁਝ ਸਹਿਣ, ਕੁਝ ਨਾ ਕਹਿਣ ਦੀ ਹੁਣ ਆਦਤ ਜਿਹੀ ਬਣ ਗਈ ਹੈ। ਪਰ ਤੂੰ ਇਹੋ ਜਿਹੀਆਂ ਕਵਿਤਾਵਾਂ ਕਿਉਂ ਲਿਖਦਾ ਹੈਂ ? ਕੀ ਇਹੋ ਜਿਹਾ ਜੀਵਨ ਜਿਊ ਕੇ ਜੋ ਸਿਤਮ ਤੂੰ ਆਪਣੇ ਆਪ 'ਤੇ ਕਰ ਰਿਹਾ ਹੈਂ, ਉਹ ਕਾਫ਼ੀ ਨਹੀਂ ?"

"ਮੇਰੀ ਇਕੱਲ, ਮੇਰੀਆਂ ਕਵਿਤਾਵਾਂ, ਪਤਾ ਨਹੀਂ ਇਹ ਸਭ ਕੁਝ ਕੀ ਹੈ ? ਸਭ ਕੁਝ ਆਪ-ਮੁਹਾਰਾ ਹੀ ਹੋ ਜਾਂਦਾ ਹੈ, ਕੁਝ ਸਮਝ ਨਹੀਂ ਆਉਂਦਾ, ਇਹ ਕੀ ਚੱਕਰ ਹੈ ? ਕਈ ਵਾਰ ਸੋਚਦਾ ਹਾਂ ਕਿ ਇਹ

ਝਖ ਮਾਰਨੀ ਛੱਡ ਦਿਆਂ, ਪਰ ਇਹ ਬੱਦਲ, ਕਣੀਆਂ, ਬਿਜਲੀ, ਮੇਰਾ ਦੇਸ਼, ਦੇਸ਼ ਦੇ ਅੰਬ, ਅੰਬਾਂ ਦੇ ਗੀਤ, ਕਿੰਨਾ ਕੁਝ ਜ਼ਿਹਨ ਵਿਚ ਉਲਝ ਜਾਂਦਾ ਹੈ।"

"ਤੂੰ ਏਨਾ ਕੱਲਾ ਹੈਂ, ਆਪਣੇ ਅੰਦਰ ! ਮੈਨੂੰ ਤਾਂ ਤੇਰੀਆਂ ਕਵਿਤਾਵਾਂ ਪੜ੍ਹ ਕੇ ਕੰਬਣੀ ਛਿੜ ਜਾਂਦੀ ਹੈ, ਆਪਣੇ ਆਪ ਤੋਂ ਭੈ ਆਉਣ ਲਗ ਪੈਂਦਾ ਹੈ। ਅੰਦਰੇ ਅੰਦਰ ਧੀਮੀਂ ਮੌਤ ਮਰਨਾ, ਮੌਨ ਹਾਦਸਿਆਂ ਵਿਚ ਪੀੜ ਹੋਣਾ ਤੇ ਫਿਰ ਸਭ ਕੁਝ ਜਰੀ ਜਾਣਾ, ਕਿੰਨਾ ਕੁਝ ਹੈ ਤੇਰੀ ਕਵਿਤਾ ਵਿਚ। ਤੇਰੇ ਅੰਦਰਲੇ ਹਾਦਸੇ ਬੜੇ ਭਿਆਨਕ ਹਨ। ਕੀ ਸੱਚ ਮੁੱਚ ਤੂੰ ਏਨਾ ਕੱਲਾ ਹੈਂ ? ਤੇਰੀ ਬੀਵੀ ਹੈ, ਬੱਚੇ ਹਨ ਉਨ੍ਹਾਂ ਬਾਰੇ ਸੋਚਿਆ ਕਰ, ਇੰਵ ਆਪਣੇ ਆਪ ਨੂੰ ਮਾਰੀ ਜਾਣ ਦਾ ਕੀ ਫਾਇਦਾ ..."

ਬਾਹਰ ਘਟਾ ਟੋਪ ਬੱਦਲਾਂ ਦੀ ਗਰਜ ਸੁਣ ਕੇ ਉਹ ਸੁੰਗੜ ਜਿਹੀ ਗਈ। ਮੂਸਲਾਧਾਰ ਮੀਂਹ ਵਲ ਵੇਖ ਕੇ ਉਹ ਕਹਿਣ ਲੱਗੀ, "ਉਹ, ਅੱਜ ਮੈਂ ਕਿਵੇਂ ਜਾਵਾਂਗੀ ? ਡਾਕਟਰ ਸਮਿੱਥ ਵੀ ਕੁਝ ਦਿਨਾਂ ਲਈ ਬਾਹਰ ਦੌਰੇ ਤੇ ਗਏ ਹੋਏ ਹਨ; ਹੋਰ ਰੀਸਰਚ ਸਟੇਸ਼ਨਾਂ ਦਾ ਮੁਆਇਨਾਂ ਕਰਨ। ਘਰ ਕੋਈ ਨਹੀਂ ਤੇ ਮੀਂਹ...।"

"ਤੂੰ ਏਥੇ ਹੀ ਸੌਂ ਜਾਈਂ ਮੇਰੇ ਕੋਲ।"

ਉਸ ਦੀਆਂ ਅੱਖਾਂ ਵਿਚ ਛਿਣ ਦੀ ਛਿਣ ਇਕ ਦੁਬਿਧਾ ਜਿਹੀ ਜਗ ਕੇ ਬੁਝ ਗਈ ਤੇ ਫਿਰ ਅਸੀਂ ਸਕੂਲ ਤੋਂ ਅੱਧੇ ਕੁ ਫਰਲਾਂਗ ਤੇ ਬਣੇ ਸਟਾਫ ਕੁਆਰਟਰਾਂ ਵਲ ਛਤਰੀਆਂ ਤਾਣ ਕੇ ਤੁਰ ਪਏ।

"ਪਤਾ ਨਹੀਂ ਇਹ ਇਕੱਲ ਕੀ ਹੈ ? ਮੇਰੇ ਪਤੀ ਹਨ ਡਾਕਟਰ ਸਮਿੱਥ। ਮੈਂ ਉਨ੍ਹਾਂ ਦੇ ਨਾਲ ਰਹਿੰਦੀ ਹਾਂ ਫਿਰ ਵੀ ਕਦੇ ਇਹ ਅਹਿਸਾਸ ਨਹੀਂ ਹੋਇਆ ਕਿ ਮੈਨੂੰ ਉਨ੍ਹਾਂ ਦਾ ਕੋਈ ਸਾਥ ਹੈ ! ਖ਼ਬਤੀ ਹਨ ਬਿਲਕੁਲ—ਹਰ ਵੇਲੇ ਕਾਫ਼ੀ, ਬਾਟਨੀ (Botany) ਰੀਸਰਚ, ਕਾਫ਼ੀ ਬੈਰੀ ਡਿਜ਼ੀਜ਼ੀ ਤੇ ਪੌਦਿਆਂ ਦੀਆਂ ਗੱਲਾਂ—ਵਿਆਹ ਬਾਟਨੀ ਦੇ ਪੌਦਿਆਂ ਦੀਆਂ ਬੀਮਾਰੀਆਂ ਦੀ ਰੀਸਰਚ ਨਹੀਂ ਹੁੰਦਾ। ਕੁਝ ਹੋਰ ਹੁੰਦਾ ਹੈ। ਜਦੋਂ ਮੈਂ ਇਹ ਸੋਚਦੀ ਹਾਂ ਤਾਂ ਮੈਨੂੰ ਇੰਵ ਜਾਪਦਾ ਹੈ, ਜਿਵੇਂ ਮੈਂ ਵੀ ਡਾਕਟਰ ਸਮਿੱਥ ਦੀ ਪ੍ਰਯੋਗਸ਼ਾਲਾ ਦੀ ਕੋਈ ਚੀਜ਼ ਹੋਵਾਂ, ਪ੍ਰਯੋਗ ਕੀਤਾ ਤੇ ਫਿਰ ਸੁੱਟ ਦਿੱਤਾ ਤੇ ਭੁੱਲ ਗਏ। ਇਸ ਅਹਿਸਾਸ ਨਾਲ ਮੇਰੇ ਅੰਦਰ ਇਕ ਖੋਹ ਜਿਹੀ ਪੈਣ ਲੱਗ ਪੈਂਦੀ ਹੈ, ਇਕ ਸੁੰਨ ਜਿਹੀ ਪਸਰਨ ਲੱਗ ਪੈਂਦੀ ਹੈ, ਪਤਾ ਨਹੀਂ ਕਿਉਂ ?"

"ਤੇ ਫਿਰ ਤੂੰ ਇਸ ਸੁੰਞ ਨੂੰ ਕਿਵੇਂ ਭਰਦੀ ਹੈਂ ?"

"ਘਰ ਦੇ ਪਲਾਟ ਵਿਚ ਸਬਜ਼ੀਆਂ ਬੀਜ ਕੇ, ਫੁੱਲ ਉਗਾ ਕੇ, ਉਨ੍ਹਾਂ ਨੂੰ ਪਾਣੀ ਦੇ ਕੇ, ਗੁੱਡ ਕੇ।"

"ਤੇ ਜਦੋਂ ਮੀਂਹ ਪੈਂਦਾ ਹੈ, ਬਿਜਲੀ ਲਿਸ਼ਕਦੀ ਹੈ ਤੇ ਬੱਦਲ ਗਰਜਦੇ ਹਨ ..."

"ਸਵੈਟਰ ਬੁਣ ਕੇ, ਨਹੀਂ ਉਧੇੜ ਕੇ—ਮੇਰੇ ਕੋਲ ਬਹੁਤ ਸਾਰੇ ਸਵੈਟਰ ਹਨ। ਕਈਆਂ ਦੀ ਵਾਰੀ ਤਾਂ ਕਈ, ਕਈ ਮਹੀਨੇ ਨਹੀਂ ਆਉਂਦੀ। ਫਿਰ ਨਵੇਂ ਬੁਣੇ ਸਵੈਟਰਾਂ ਨੂੰ ਮੈਂ ਉਧੇੜਦੀ ਹਾਂ—ਉਧੇੜਦੀ ਹਾਂ, ਫਿਰ ਬੁਣਦੀ ਹਾਂ। ਹੁਣ ਤਾਂ ਕਦੇ ਕਦੇ ਮੈਨੂੰ ਇੰਵ ਜਾਪਦਾ ਹੈ, ਜਿਵੇਂ ਮੈਂ ਉਸੇ ਇਕ ਸਵੈਟਰ ਨੂੰ ਮੁੜ-ਮੁੜ ਕੇ ਉਧੇੜ ਰਹੀ ਹਾਂ, ਜਿਸ ਨੂੰ ਮੈਂ ਅਜੇ ਤਕ ਕਦੇ ਪਹਿਨ ਕੇ ਵੀ ਨਹੀਂ ਵੇਖਿਆ। ਇਹ ਸਭ ਕੁਝ ਵੀ ਮੈਂ ਪਤੀ ਵਾਂਗ, ਆਦਤ ਵਾਂਗ ਕਬੂਲ ਕਰ ਲਿਆ ਹੈ। ਕਦੇ ਕਦੇ ਦਮ ਘੁੱਟਦਾ ਹੈ, ਨਫ਼ਰਤ ਜਿਹੀ ਜਾਗਦੀ ਹੈ, ਆਪਣੇ ਆਪ ਨਾਲ, ਸਭ ਨਾਲ, ਪਰ ਕੀ ਕਰਾਂ ?"

ਅਸੀਂ ਘਰ ਪਹੁੰਚ ਗਏ ਸਾਂ। ਚਾਰ ਚੁਫੇਰੇ ਹਲਕਾ-ਹਲਕਾ ਅਨ੍ਹੇਰਾ ਪਸਰ ਰਿਹਾ ਸੀ। ਨੌਕਰ ਹਰੀਕੇਨ ਲੈਂਪ ਜਗਾ ਕੇ ਡਰਾਇੰਗ-ਰੂਮ ਵਿਚ ਲੈ ਆਇਆ। ਮੈਂ ਉਸ ਨੂੰ ਕਿਹਾ ਕਿ ਲੈਂਪ ਦੀ ਕੋਈ ਲੋੜ ਨਹੀਂ, ਤੂੰ ਯੂਕਲਿਪਟਸ ਦੀਆਂ ਲੱਕੜੀਆਂ ਲੈ ਕੇ ਆ। ਫਾਇਰ-ਪਲੇਸ 'ਚੋਂ ਯੂਕਲਿਪਟਸ ਦੀ ਅੱਗ ਦੀ ਹਲਕੀ-ਹਲਕੀ ਰੌਸ਼ਨੀ ਕਮਰੇ ਵਿਚ ਪਰਛਾਵੇਂ ਜਗਾ ਰਹੀ ਸੀ, ਹਿਲਾ ਰਹੀ ਸੀ। ਮੇਰੇ ਸਾਹਵੇਂ ਸੋਫ਼ੇ 'ਤੇ ਬੈਠ ਕੇ ਉਹ ਇਨ੍ਹਾਂ ਪਰਛਾਵਿਆਂ ਨੂੰ ਘੂਰਨ ਲੱਗ ਪਈ—ਵੱਖ ਵੱਖ ਚੀਜ਼ਾਂ ਦੇ ਪਰਛਾਵੇਂ—ਕੰਧਾਂ ਤੇ ਲਗੀਆਂ ਤਸਵੀਰਾਂ ਦੇ ਪਰਛਾਵੇਂ, ਮੇਰੇ ਤੇ ਉਸ ਦੇ ਪਰਛਾਵੇਂ, ਫਾਇਰਪਲੇਸ ਵਿਚ ਲਟ-ਲਟ ਬਲਦੀ ਅੱਗ ਦੇ ਲਾਂਬੂਆਂ ਦੇ ਸੀਤ ਪਰਛਾਵੇਂ ...

"ਕੀ ਪੀਏਂਗੀ ?"

"ਜਿੰਨਾਂ ਚਿਰ ਤੇਰੇ ਨਾਲ ਗੱਲਾਂ ਕਰਨੀਆਂ ਹਨ ਸ਼ੈਰੀ ਜਾਂ ਪੋਰਟ 'ਤੇ ਸੌਣ ਤੋਂ ਕੁਝ ਦੇਰ ਪਹਿਲਾਂ ਸਕਾਚ।"

ਉਸ ਨੇ ਸਿਗਰਟ ਦਾ ਧੂੰਆਂ ਡੈਕੋਰੇਸ਼ਨ ਪੀਸ ਤੇ ਉਸ ਦੇ ਪਰਛਾਵੇਂ ਵਿਚਕਾਰ ਛੱਡਦੇ ਹੋਇਆਂ ਆਖਿਆ, ਮੈਨੂੰ ਇੰਞ ਜਾਪਿਆ ਜਿਵੇਂ ਉਹ ਪਰਛਾਵੇਂ ਨੂੰ ਵਜੂਦ ਤੋਂ ਅਲੱਗ ਕਰਨ ਦਾ ਯਤਨ ਕਰ ਰਹੀ ਹੋਵੇ। ਮੈਂ ਕਿਹਾ ਕਿ ਇਕ ਸਿਗਰਟ ਤੂੰ ਮੈਨੂੰ ਵੀ ਦੇ ਦੇ। ਉਹ ਸਿਗਰਟ ਮੇਰੇ ਵਲ ਵਧਾਉਂਦੀ ਹੋਈ ਬੋਲੀ, "ਪਰ ਤੇਰੇ ਧਰਮ ਦੇ ਲੋਕ ਤਾਂ ਸਿਗਰਟ ਨਹੀਂ ਪੀਂਦੇ ਤੇ ਤੂੰ ...।"

"ਉਹ ਲਹੂ ਪੀਂਦੇ ਹਨ ... ਤ੍ਰਿਪਤੀ ਦਾ ... ਕਿਸੇ ਇੱਛਾ, ਕਿਸੇ ਭਾਵਨਾ, ਕਿਸੇ ਜਜ਼ਬੇ ਦਾ ਖ਼ੂਨ ਕਰਕੇ ਤੇ ਮੈਂ ਸਿਗਰਟ ਪੀਂਦਾ ਹਾਂ, ਅੰਦਰੇ-ਅੰਦਰ ਸੜ ਕੇ, ਧੁਖ ਕੇ, ਮਰ ਕੇ ..."

"ਤੂੰ ਫੇਰ ਕਵਿਤਾ ਲਿਖਣ ਲੱਗ ਪਿਆ ਹੈਂ !" ਵਿਸਕੀ ਦੇ ਗਲਾਸ ਨੂੰ ਇੱਕੋ ਡੀਕੇ ਚਾੜ੍ਹ ਕੇ ਉਹ ਕਹਿਣ ਲੱਗੀ, "ਮੈਨੂੰ ਰਾਤ ਸਮੇਂ ਇਹੋ ਜਿਹੀ ਕਵਿਤਾ ਤੋਂ ਬਹੁਤ ਡਰ ਆਉਂਦਾ ਹੈ। ਪਤਾ ਨਹੀਂ ਕਿਉਂ ?"

ਆਖ ਕੇ ਉਸ ਨੇ ਸੋਫ਼ੇ ਨੂੰ ਫਾਇਰਪਲੇਸ ਦੇ ਨੇੜੇ ਖਿੱਚਿਆ। ਮੈਂ ਗਲਾਸ ਵਿਚ ਜਿੰਜਰਏਲ ਤੇ ਵਿਸਕੀ ਮਿਲਾ ਕੇ ਉਸ ਨੂੰ ਫੜਾਈ। ਉਹ ਗਲਾਸ ਫੜਦਿਆਂ ਮੇਰੇ ਡੌਲਿਆਂ ਵਿਚ ਫਰਕਦੀਆਂ ਮੱਛੀਆਂ ਤੇ ਮੇਰੇ ਵਜੂਦ ਦੀ ਸ਼ਕਤੀ ਵਲ ਇਕ ਟਕ ਵੇਖਦੀ ਹੋਈ ਹੋਰ ਵੀ ਵਧੇਰੇ ਉਦਾਸ ਹੋ ਗਈ। ਉਸਦੀਆਂ ਅੱਖਾਂ ਦੇ ਹਰੇ ਰੰਗ ਦੁਆਲੇ ਗਹਿਰੀ ਸੁਰਖ਼ੀ ਇਕੱਠੀ ਹੋ ਰਹੀ ਸੀ। ਮੈਨੂੰ ਇੰਞ ਜਾਪਿਆ ਜਿਵੇਂ ਉਹ ਮੈਥੋਂ ਬਹੁਤ ਦੂਰ ਚਲੀ ਗਈ ਹੋਵੇ, ਗੁਆਚ ਗਈ ਹੋਵੇ, ਆਪਣੇ ਸੰਸਾਰ ਵਿਚ !

ਫਾਇਰਪਲੇਸ ਦੀ ਅੱਗ ਦੇ ਦਹਿਕਦੇ ਕੋਲੇ ਬੁਝ ਕੇ ਸੁਆਹ ਦੀ ਤਹਿ ਹੇਠ ਸਰਦ ਹੋ ਗਏ ਸਨ। ਹਲਕੀ-ਹਲਕੀ ਸਰਦੀ ਹੱਡਾਂ ਵਿਚ ਰੀਂਗਦੀ ਹੋਈ ਪ੍ਰਤੀਤ ਹੋ ਰਹੀ ਸੀ।

ਮੈਂ ਉਸ ਨੂੰ ਮੋਢਿਆਂ ਤੋਂ ਝੂਣ ਕੇ ਜਗਾਉਂਦਿਆਂ ਆਖਿਆ ਕਿ ਚੱਲ ਹੁਣ ਸੌਂਈਏ, ਰਾਤ ਬਹੁਤ ਬੀਤ ਚੁੱਕੀ ਹੈ। ਉਹ ਜਿਵੇਂ ਕਿਸੇ ਸੁਪਨੇ 'ਚੋਂ ਹੜਬੜਾ ਕੇ ਉੱਠੀ ਹੋਵੇ। ਉਸ ਦੇ ਚਿਹਰੇ ਤੋਂ ਮੁਸਕਰਾਹਟ ਗ਼ਾਇਬ ਸੀ ਤੇ ਉਸ ਦੀ ਥਾਂ ਗੁੱਸੇ ਦੀਆਂ ਰੇਖਾਵਾਂ ਉੱਭਰ ਆਈਆਂ ਸਨ।

"ਤੂੰ ਮੈਨੂੰ ਕੀ ਸਮਝਦਾ ਹੈਂ ? ਮੈਂ ਉਸ ਟਾਈਪ ਦੀ ਔਰਤ ਨਹੀਂ, ਸਮਝੇ !"

ਉਹ ਮੇਰੇ ਹੱਥ ਨੂੰ ਝਟਕਦੀ ਹੋਈ ਬੋਲੀ। ਮੈਂ ਹੈਰਾਨ ਸਾਂ ਕਿ ਅਚਾਨਕ ਉਸ ਨੂੰ ਹੋ ਕੀ ਗਿਆ ਹੈ ? ਮੈਂ ਕਿਹਾ ਕਿ ਨੌਕਰ ਨੇ ਤੇਰਾ ਬਿਸਤਰਾ ਅਲੱਗ ਕਮਰੇ ਵਿਚ ਲਾ ਦਿੱਤਾ ਹੈ, ਆ ਤੈਨੂੰ ਕਮਰਾ ਵਿਖਾ ਦਿਆਂ।

"ਨਹੀਂ, ਐਡੇ ਵੱਡੇ ਘਰ ਵਿਚ, ਮੈਂ ਕੱਲੀ ਕਿਵੇਂ ਸੌਂ ਸਕਦੀ ਹਾਂ—ਬੱਦਲ, ਬਿਜਲੀ, ਗਰਜ—ਮੈਨੂੰ ਡਰ ਲੱਗਦਾ ਹੈ। ਕਮਰਾ ਮੈਨੂੰ ਕੱਲੀ ਨੂੰ ਖਾ ਜਾਵੇਗਾ। ਮੈਂ ਕੱਲੀ ਨਹੀਂ ਸੌਂ ਸਕਦੀ। ਡਾਕਟਰ ਸਮਿੱਥ ਵੀ ਕਈ ਵਾਰ ਮੈਨੂੰ ਕੱਲੀ ਨੂੰ ਸੁੱਤੀ ਛੱਡ ਕੇ ਨਾਲ ਦੇ ਕਮਰੇ ਦੀ ਪ੍ਰਯੋਗਸ਼ਾਲਾ ਵਿਚ ਚਲੇ ਜਾਂਦੇ ਹਨ। ਮੈਨੂੰ ਡਰ ਲਗਦਾ ਹੈ, ਮੈਂ ਚੀਕ ਮਾਰ ਕੇ ਉਠਦੀ ਹਾਂ—ਤਾਂ ਵੇਖਦੀ ਹਾਂ, ਉਹ ਮੇਰੇ ਵਲ ਪਿੱਠ ਭੁਆ ਕੇ ਘੂਕ ਸੁੱਤੇ ਪਏ ਹਨ—ਜਿਵੇਂ ਅੱਜ ਦਾ ਪ੍ਰਯੋਗ ਖ਼ਤਮ ਕਰ ਚੁੱਕੇ ਹੋਣ। ਇਕ ਠੰਡੀ ਲਾਸ਼ ਦੇ ਸੰਕਲਪ ਨਾਲ ਮੈਂ ਕੰਬ ਜਾਂਦੀ ਹਾਂ। ਸੁਪਨੇ ਦੀ ਇਹ ਕਠੋਰ ਹਕੀਕਤ ਇੱਕੋ ਮੰਜੇ ਤੇ ਪਿਆਂ ਸਾਡੇ ਦੋਹਾਂ ਵਿਚਕਾਰ ਇਕ ਦੀਵਾਰ ਖੜ੍ਹੀ ਕਰ ਦਿੰਦੀ ਹੈ, ਦੋ ਕਮਰੇ ਉਸਾਰ ਦਿੰਦੀ ਹੈ, ਨਹੀਂ-ਨਹੀਂ ਮਿਸਟਰ ਸਿੰਘ, ਮੈਂ ਕੱਲੀ ਨਹੀਂ ਸੌਂ ਸਕਦੀ।"

ਮੈਂ ਆਪਣੇ ਮੰਜੇ ਤੇ ਪਿਆ ਵੇਖ ਰਿਹਾ ਸਾਂ। ਉਸ ਨੇ ਸੁਪਨਈ ਅੱਖਾਂ ਨਾਲ ਆਦਮ ਕੱਦ ਸ਼ੀਸ਼ੇ ਵਿਚ ਵੇਖਦਿਆਂ, ਆਪਣੇ ਸਭ ਕਪੜੇ ਉਤਾਰੇ। ਆਪਣੇ ਅੰਗਾਂ ਦੀਆਂ ਗੋਲਾਈਆਂ ਨੂੰ ਟੋਹਿਆ, ਘੁੱਟਿਆ, ਜਾਂਚਿਆ—ਇਕ ਸਰਦ ਜਿਹਾ ਹਉਕਾ ਭਰਿਆ ਤੇ ਫਿਰ ਮੁਸਕਰਾਈ—ਫਿਰ ਪੋਲੇ-ਪੋਲੇ ਕਦਮ ਤੁਰਦੀ, ਜਿਵੇਂ ਸੁਪਨੇ ਵਿਚ ਤੁਰ ਰਹੀ ਹੋਵੇ, ਮੇਰੇ ਬਿਸਤਰੇ ਵਲ ਵਧੀ। ਮੇਰੀ ਬਲੈਂਕਟ ਦਾ ਲੜ ਚੁਕ ਕੇ ਚੁੱਪ ਕਰਕੇ ਮੇਰੇ ਨਾਲ ਲੰਮੀਂ ਪੈ ਗਈ। ਸਰਦੀ ਤੋਂ ਬਚਾਉਣ ਲਈ ਮੈਂ ਉਸ ਦੇ ਮੋਢੇ 'ਤੇ ਬਲੈਂਕਟ ਦੇਣ ਦਾ ਯਤਨ ਕੀਤਾ।

“ਨਹੀਂ ... ਨਹੀਂ”, ਕਹਿੰਦੀ ਹੋਈ ਉਹ ਪਿੱਠ ਭੁਆ ਕੇ ਸਿਸਕੀਆਂ ਭਰਨ ਲੱਗ ਪਈ। ਮੈਂ ਹੈਰਾਨ ਸਾਂ ਕਿ ਉਸ ਨੂੰ ਹੋ ਕੀ ਗਿਆ ਹੈ !

ਮੇਰੀ ਹੈਰਾਨੀ ਦੇ ਨਾਲ-ਨਾਲ ਉਸਦੀਆਂ ਸਿਸਕੀਆਂ ਦੀ ਆਵਾਜ਼ ਉੱਚੀ ਹੋ ਕੇ ਮੌਨ ਰੁਦਨ ਵਿਚ ਡੁੱਬ ਗਈ। ਉਸ ਦੀ ਅਚਨਚੇਤੀ ਛੂਹ ਤੋਂ ਮੈਨੂੰ ਅਹਿਸਾਸ ਹੋਇਆ, ਜਿਵੇਂ ਉਹ ਆਪਣੇ ਅੰਦਰ ਦੀ ਸਰਦੀ ਵਿਚ ਲੂੰ-ਲੂੰ ਕੰਬ ਰਹੀ ਹੋਵੇ। ਫਿਰ ਉਸ ਨੇ ਪਾਸਾ ਪਰਤ ਕੇ ਮੇਰੇ ਵਲ ਮੂੰਹ ਕੀਤਾ। ਮੇਰੇ ਚਿਹਰੇ ਨੂੰ ਆਪਣੇ ਹੱਥਾਂ ਵਿਚ ਲੈ ਕੇ ਸਿੱਲ੍ਹੀਆਂ ਅੱਖਾਂ ਨਾਲ ਵੇਖਦੀ ਹੋਈ ਬੋਲੀ।

“ਖਿਮਾ ਕਰਨਾ ਮਿਸਟਰ ਸਿੰਘ। ਮੈਨੂੰ ਬਹੁਤ ਅਫ਼ਸੋਸ ਹੈ, ਜਿਸ ਦੀਵਾਰ ਦੀ ਵਿੱਥ ’ਤੇ ਅਸੀਂ ਪਏ ਹਾਂ, ਉਸ ’ਚੋਂ ਇਕ ਬੂਹਾ ਅੰਦਰ ਵਲ ਵੀ ਖੁੱਲ੍ਹਦਾ ਹੈ। ਉਸੇ ਬੂਹੇ ਦੀ ਸਾਂਝ ਮੈਂ ਤੈਥੋਂ ਮੰਗਦੀ ਹਾਂ। ਕੀ ਮੈਨੂੰ ਆਗਿਆ ਦੇਵੇਂਗਾ ਕਿ ਕਦੇ ਕਦੇ ਮੈਂ ਤੇਰੇ ਕੋਲ ਇਸੇ ਰੂਪ ਵਿਚ, ਇਸੇ ਤਰ੍ਹਾਂ ਆ ਸਕਾਂ ? ਫਿਰ ਵੱਖੋ ਵੱਖਰੇ ਕਮਰਿਆਂ ’ਚ ਸੁੱਤਿਆਂ ਵੀ ਮੈਨੂੰ ਇਹ ਅਹਿਸਾਸ ਰਹੇਗਾ ਕਿ ਹਰ ਦੀਵਾਰ ’ਚੋਂ ਇਕ ਬੂਹਾ ਅੰਦਰ ਵੱਲ ਵੀ ਖੁੱਲ੍ਹਦਾ ਹੈ ...। ਮੈਨੂੰ ਅੰਦਰ ਵਲ ਖੁੱਲ੍ਹਦੇ ਬੂਹੇ ਦੀ ਸਾਂਝ ਦੇ-ਦੇ ... ਮੈਂ ਹੋਰ ਕੁਝ ਨਹੀਂ ... ਮੰਗਦੀ ...।”

ਉਸ ਦੀ ਗੱਚ ਹੋਈ ਆਵਾਜ਼ ਅਜੇ ਵੀ ਮੇਰੇ ਕੰਨਾਂ ਵਿਚ ਗੂੰਜ ਰਹੀ ਹੈ !

# ਸ਼ਹਿਰ ਵਿਚ ਜੰਗਲ

ਵਿੱਦਿਆਰਥੀਆਂ ਨੇ ਸਕੂਲ-ਬੱਸ ਦੇ ਤੁਰਦਿਆਂ ਹੀ ਆਪਣੀ ਕਿਕੂਯੂ ਭਾਸ਼ਾ ਵਿਚ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਹਨ। ਮੁੰਡੇ ਕੁੜੀਆਂ ਅੱਖਾਂ ਨਚਾਉਂਦੇ ਹੋਏ ਵਾਰੋ ਵਾਰੀ ਗੀਤ ਦੇ ਬੋਲ ਚੁੱਕ ਰਹੇ ਹਨ :

"ਰਿਰੇਆ ਕਿਮਵਾਨਾ ਕਾਨੀਨੀ ਨਾ ਨੀਯੇ, ਕਾਇਰੇਤੂ ਕਾਨੀਨੀ ਵੌਏਗਿਰੇ ਦੁਕਾਡਿਗਾ ਨਾ ਨੀਯੇ ਦਿਗਾਗੁਤੀਗਾ ਕੁਰਾਯਾ ਨਾ ਗਵੇਟੂ ਏਤੀਨੀ।"

(ਜਦੋਂ ਮੈਂ ਇਕ ਛੋਟੀ ਜਿਹੀ ਕੁੜੀ ਸਾਂ ਤੇ ਤੂੰ ਇਕ ਛੋਟਾ ਜਿਹਾ ਮੁੰਡਾ, ਤੂੰ ਕਸਮ ਖਾਧੀ ਸੀ ਕਿ ਤੂੰ ਮੈਨੂੰ ਨਹੀਂ ਛੱਡੇਂਗਾ ਤੇ ਮੈਂ ਵੀ ਕਸਮ ਖਾਧੀ ਸੀ ਤੈਨੂੰ ਨਾ ਛੱਡਣ ਦੀ। ਇਹ ਮੇਰੇ ਘਰ ਤੋਂ ਬਹੁਤ ਦੂਰ ਲੋਕੇਸ਼ਨ ਅਠਾਰਾਂ ਫੋਰਟ ਹਾਲ ਦੀ ਗੱਲ ਹੈ।)

ਅੱਗੋਂ ਮੁੰਡਿਆਂ ਨੇ ਗੀਤ ਦੇ ਬੋਲ ਬੋਚ ਲਏ :

"ਨਿਟਵਾਰੀਯਰੀਏ ਨਾ ਥੋਗੂਓ ਹਾ ਡੁਯਿਨੋ ਹਾ ਕੁਰਾਸ਼ੀਓ ਗਿਮੂਨੇ ਇੰਗੇਰਾ ਬੂਜ਼ੀ ਨਾ ਗੋਂਬੇ ਦਾਰਾਸ਼ੀਏ, ਰਾਨੇਤੇ ਨਾਂ ਮੌਂਡੂ ਵਾਨਾਰੂਓਨਾ ਕੁਰਾਯਾ ਨਾ ਗਵੇਟੂ ਏਤੀਨੀ।"

(ਅਸੀਂ ਤੇਰੇ ਪਿਤਾ ਨਾਲ ਬਰਾਈਡ-ਪਰਾਈਸ ਦੀ ਗੱਲ ਕੀਤੀ, ਮੈਂ ਉਸ ਨੂੰ ਆਪਣੇ ਘਰ ਤੋਂ ਬਹੁਤ ਦੂਰ ਲੋਕੇਸ਼ਨ ਅਠਾਰਾਂ ਫੋਰਟ ਹਾਲ ਵਿਚ ਗਾਂਈਆਂ ਤੇ ਬੱਕਰੀਆਂ ਦਿੱਤੀਆਂ। ਮੈਂ ਖ਼ੁਸ਼ੀ-ਖ਼ੁਸ਼ੀ ਉਸ ਮਨੁੱਖ ਵਾਂਗ ਇਹ ਬਰਾਈਡ-ਪਰਾਈਸ ਅਦਾ ਕੀਤੀ, ਜਿਸ ਨੇ ਜ਼ਿੰਦਗੀ ਵਿਚ ਮੁਸ਼ਕਲਾਂ ਦਾ ਅਨੁਭਵ ਕੀਤਾ ਹੋਵੇ।"

ਤੇ ਫਿਰ ਬੱਸ ਦੀ ਸਭ ਤੋਂ ਪਿਛਲੀ ਸੀਟ 'ਤੇ ਬੈਠੇ ਜਰੋਗੇ ਨੇ ਇਕ ਦਰਦਨਾਕ ਗੀਤ ਛੇੜਿਆ :

"ਉਸ ਬ੍ਰਿਛ ਦੇ ਹੇਠਾਂ ਵਸਦੇ ਮੀਂਹ ਵਿਚ ਮੇਰੀ ਮਿੱਤਰ-ਕੁੜੀ ਮੇਰਾ ਇੰਤਜ਼ਾਰ ਕਰਿਆ ਕਰਦੀ ਸੀ। ਇਸ ਵਾਰ ਗਿਆ ਤਾਂ ਉਹ ਮਰ ਚੁੱਕੀ ਸੀ। ਹੁਣ ਮੈਂ ਆਪਣੀ ਮੌਤ ਦੇ ਦਿਨ ਤਕ ਓਸ ਬ੍ਰਿਛ ਦੇ ਹੇਠ ਇਹ ਗੀਤ ਗਾਉਂਦਾ ਰਹਾਂਗਾ।"

ਇਸ ਗੀਤ ਦੇ ਖ਼ਤਮ ਹੁੰਦਿਆਂ ਹੀ ਬੱਸ ਵਿਚ ਚੁੱਪ ਵਰਤ ਗਈ। ਛਿਣ ਦੀ ਛਿਣ ਸਭ ਨੇ ਇਕ ਬੇਪਛਾਣ ਜਿਹੀ ਉਦਾਸੀ ਦਾ ਅਨੁਭਵ ਕੀਤਾ ਤੇ ਫਿਰ ਦੂਜੇ ਛਿਣ ਹੀ ਸੜਕ 'ਤੇ ਤੁਰੀਆਂ ਆਉਂਦੀਆਂ ਕੁੜੀਆਂ ਵਲ ਵੇਖ ਕੇ ਕਿਸੇ ਸ਼ਰਾਰਤੀ ਮੁੰਡੇ ਨੇ ਬੜਾ ਗਰਮ ਗੀਤ ਛੁਹ ਦਿੱਤਾ। ਸਭ ਜਣੇ ਉੱਚੇ ਬੋਲਾਂ ਨਾਲ ਇਸ ਗੀਤ ਵਿਚ ਸ਼ਾਮਿਲ ਹੋ ਗਏ। ਫਿਰ ਜਦੋਂ ਵੀ ਕੋਈ ਕੁੜੀ ਰਸਤੇ ਵਿਚ ਨਜ਼ਰ ਆਉਂਦੀ, ਤਾਂ ਮੁੰਡਿਆਂ ਦੀਆਂ ਅੱਖਾਂ ਵਿਚ ਜਵਾਲਾ ਜਿਹੀ ਮਚਦੀ, ਉਨ੍ਹਾਂ ਦੇ ਗਰਮ ਗੀਤ ਦੇ ਸੁਰ ਹੋਰ ਉੱਚੇ ਹੁੰਦੇ ਤੇ ਇਸ਼ਾਰਿਆਂ ਨਾਲ ਉਹ ਉਸ ਕੁੜੀ ਨੂੰ ਹਸਾ ਦਿੰਦੇ ਤੇ ਫਿਰ ਬੱਸ ਸਭ ਦੇ ਬੇਬਾਕ ਹਾਸੇ ਨਾਲ ਗੂੰਜ ਉੱਠਦੀ।

ਮੇਰੇ ਨਾਲ ਬੈਠੀ ਬਾਇਓਲੋਜੀ ਦੀ ਅਧਿਆਪਕਾ ਅੰਗਰੇਜ਼ ਕੁੜੀ, ਮਿਸ ਮੇਰੀ, ਪਤਾ ਨਹੀਂ ਕਿਨ੍ਹਾਂ ਖ਼ਿਆਲਾਂ ਵਿਚ ਗੁਆਚੀ ਹੋਈ ਹੈ। ਬੱਸ ਰਿਜਿਜ਼ ਦੀਆਂ ਸਟੀਪ ਚੜ੍ਹਾਈਆਂ ਚੜ੍ਹਦੀ ਉੱਤਰਦੀ ਜਦੋਂ ਵੀ ਕੂਹਣੀ ਮੋੜ ਕੱਟਦੀ ਹੈ ਤਾਂ ਮੈਂ ਅਜਾਣੇ ਹੀ ਉਸ ਉੱਤੇ ਝੁਕ ਜਾਂਦਾ ਹਾਂ, ਸਹਿਵਨ ਹੀ ਮੇਰੀ ਬਾਂਹ ਸੀਟ ਦੀ ਢੋ ਤੋਂ

ਡਿਗ ਕੇ ਉਸ ਦੇ ਮੋਢਿਆਂ ਤੋਂ ਦੀ ਵਲੀ ਜਾਂਦੀ ਹੈ। ਉਸ ਦਿਆਂ ਗੋਡਿਆਂ ਤੋਂ ਉੱਪਰ ਅੱਧੇ ਪੱਟਾਂ ਤੱਕ ਨੰਗੀਆਂ ਲੱਤਾਂ 'ਚੋਂ ਮੈਨੂੰ ਸੇਕ ਜਿਹਾ ਆਉਣ ਲੱਗ ਪੈਂਦਾ ਹੈ।

"ਸੌਰੀ ! ਮਿਸ ਮੇਰੀ", ਮੈਂ ਰਸਮੀ ਤੌਰ ਤੇ ਕਹਿੰਦਾ ਹਾਂ।

"ਇਟ'ਸ ਆਲ ਰਾਈਟ", ਕਹਿੰਦੀ ਹੋਈ ਉਹ ਮੇਰੇ ਹੋਰ ਵੀ ਨੇੜੇ ਆ ਜਾਂਦੀ ਹੈ। ਡੀਜ਼ਲ ਬੱਸ ਦਾ ਇੰਜਣ ਚੜ੍ਹਾਈਆਂ ਦੀਆਂ ਉਚਾਣਾਂ ਤੇ ਬਹੁਤ ਸ਼ੋਰ ਪਾਉਣ ਲੱਗ ਪੈਂਦਾ ਹੈ। ਅਸੀਂ ਦੋਵੇਂ ਐਵੇਂ ਇਕ ਦੂਜੇ ਦੀਆਂ ਅੱਖਾਂ ਵਿਚ ਵੇਖਦੇ ਹੋਏ ਆਪਣੇ ਅੰਦਰ ਦੇ ਸ਼ੋਰ ਤੇ ਸ਼ਬਦ, ਸਭ ਨੂੰ ਦਬਾ ਦਿੰਦੇ ਹਾਂ। ਚੜ੍ਹਾਈ ਦੇ ਸਿਖ਼ਰ 'ਤੇ ਪਹੁੰਚ ਕੇ ਬੱਸ ਦਾ ਸ਼ੋਰ ਕੁਝ ਮੱਧਮ ਹੁੰਦਾ ਹੈ। ਡਰਾਈਵਰ ਐਕਸਲਰੇਟਰ ਨੂੰ ਕੁਝ ਰੀਲੀਫ਼ ਦਿੰਦਾ ਹੈ, ਵਿੱਦਿਆਰਥੀਆਂ ਦੀਆਂ ਆਵਾਜ਼ਾਂ ਫੇਰ ਉੱਭਰਦੀਆਂ ਹਨ। ਮਿਸ ਮੇਰੀ ਬੱਸ ਦੀ ਤਾਕੀ 'ਚੋਂ ਦੂਰ ਢਲਵਾਨਾਂ ਵਿਚ ਲੱਥਦੇ ਕਾਫ਼ੀ ਦੇ ਬਾਗ਼ਾਂ ਨੂੰ ਬੜੀ ਗੰਭੀਰ ਦ੍ਰਿਸ਼ਟੀ ਨਾਲ ਵੇਖਦੀ ਹੈ ਤੇ ਮੈਂ ਉਸ ਦੇ ਹੈਂਡ ਬੈਗ ਨੂੰ ਫੋਲਣ ਲਗ ਪੈਂਦਾ ਹਾਂ। ਇਕ ਕਿਤਾਬ ਤੇ ਚੜ੍ਹੇ ਖ਼ੂਬਸੂਰਤ ਰੈਪਰ ਨੂੰ ਵੇਖ ਕੇ ਮੈਂ ਉਹ ਕਿਤਾਬ ਚੁੱਕ ਲੈਂਦਾ ਹਾਂ, "ਲੇਡੀ ਚੈਟਰਲੀਜ਼ ਲਵਰ" ਮੈਂ ਹੈਰਾਨ ਹੁੰਦਾ ਹਾਂ ਕਿ ਉਸ ਨੇ ਇਹ ਕਿਤਾਬ ਇਸ ਤਰ੍ਹਾਂ ਕਿਉਂ ਲੁਕਾ ਰੱਖੀ ਹੈ। ਹੁਣ ਮੈਂ ਇਸ ਰੈਪਰ ਹੇਠ ਛੁਪੀ ਕਿਤਾਬ ਨੂੰ ਨਹੀਂ ਸਗੋਂ ਆਪਣੇ ਸੌਹੇਂ ਵਸਤਰਾਂ ਹੇਠ ਲੁਕੀ ਬੈਠੀ ਲੇਡੀ ਚੈਟਰਲੀ ਨੂੰ ਢੂੰਡਣ ਘੋਖਣ ਦਾ ਯਤਨ ਕਰਦਾ ਹਾਂ। ਮੇਰੇ ਹੱਥ ਵਿਚ ਕਿਤਾਬ ਵੇਖ ਕੇ ਉਹ ਲੱਜਿਆਉਣ ਦੀ ਐਕਟਿੰਗ ਕਰਦੀ ਹੈ ਤਾਂ ਮੈਂ ਉਸ ਨਾਲ ਲੇਡੀ ਚੈਟਰਲੀ ਦਾ ਕਿੱਸਾ ਛੋਹ ਬਹਿੰਦਾ ਹਾਂ।

"ਆਈ ਐੱਮ ਨਾਟ ਏ ਕਰਿਟਿਕ", ਕਹਿਕੇ ਉਹ ਟਾਲ ਜਾਂਦੀ ਹੈ ਤੇ ਕਹਿੰਦੀ ਹੈ ਕਿ ਲਿਖਤ ਕੇਵਲ ਪੜ੍ਹਨ ਤੇ ਐਂਜਾਏ (Enjoy) ਕਰਨ ਲਈ ਹੁੰਦੀ ਹੈ। ਮੈਂ ਲੁਕਮਾਂ ਦਿੰਦਾ ਹਾਂ 'ਤੇ ਜ਼ਿੰਦਗੀ ਮਾਣਨ ਲਈ।' ਮੈਂ ਉਸ ਦੇ ਮੋਢਿਆਂ ਤੋਂ ਦੀ ਹੱਥ ਫੇਰਦਾ ਹੋਇਆ ਐਂਜਾਏ ਕਰਨ ਲੱਗ ਪੈਂਦਾ ਹਾਂ। ਉਹ ਹੋਰ ਸਿਮਟ ਜਾਂਦੀ ਹੈ। ਸਾਹਮਣੀ ਸੀਟ ਤੇ ਬੈਠਾ ਹੋਇਆ ਵਿੱਦਿਆਰਥੀ ਸਾਨੂੰ ਪ੍ਰਸੰਸਾ ਦੀ ਨਜ਼ਰ ਨਾਲ ਵੇਖਦਾ ਹੋਇਆ ਮੁਸਕਰਾਂਦਾ ਤੇ ਆਪਣੀ ਸਾਥਣ ਦੀ ਸਕਰਟ ਦੇ ਅੰਦਰ ਆਪਣਾ ਹੱਥ ਲੈ ਜਾਂਦਾ ਹੈ। ਉਹ ਉਸਦੇ ਹੋਰ ਨਜ਼ਦੀਕ ਹੋ ਜਾਂਦੀ ਹੈ। ਪਤਾ ਨਹੀਂ ਲੱਗਦਾ ਇਸ ਭਰੀ ਬੱਸ ਵਿਚ ਕੌਣ ਕਿਸ ਨੂੰ ਕਨਸੈਸ਼ਨ ਦੇ ਰਿਹਾ ਹੈ। ਡਰਾਇਵਰ ਚੋਰ ਅੱਖ ਨਾਲ ਸ਼ੀਸ਼ੇ ਵਿੱਚੋਂ ਸਭ ਕੁਝ ਵੇਖ ਰਿਹਾ ਹੈ। ਅਚਾਨਕ ਬਰੇਕ ਲੱਗਦੀ ਹੈ ਅਤੇ ਅਸੀਂ ਸਭ ਇਕ ਝਟਕੇ ਨਾਲ ਇਕ ਦੂਜੇ ਤੇ ਡਿਗਦੇ ਹੋਏ ਮੁੜ ਆਪਣੇ ਆਪ ਵਿਚ ਆ ਜਾਂਦੇ ਹਾਂ। ਡਰਾਈਵਰ ਦੀ ਅਣਗਹਿਲੀ ਦੀ ਚੋਰੀ ਫੜੀ ਜਾਂਦੀ ਹੈ, ਤਾਂ ਉਹ ਝੇਂਪ ਜਾਂਦਾ ਹੈ। ਸੜਕ ਤੇ ਖੜ੍ਹੀ ਹੋਈ ਕੁੜੀ ਆਪਣੀ ਬਚੀ ਹੋਈ ਜਾਨ ਨੂੰ ਆਵਾਜ਼ ਵਿਚ ਵਸਾ ਕੇ ਉੱਚੀ-ਉੱਚੀ ਡਰਾਈਵਰ ਨੂੰ ਗਾਲ੍ਹਾਂ ਕੱਢਦੀ ਹੈ ਤਾਂ ਅਸੀਂ ਮੁੰਡਿਆਂ ਦੇ ਹਾਸੇ ਨਾਲ ਸਿਰਫ਼ ਮੁਸਕਰਾ ਦਿੰਦੇ ਹਾਂ।

ਦੋ ਘੰਟੇ ਦੇ ਸਫ਼ਰ ਉਪਰੰਤ ਅਸੀਂ ਨੈਰੋਬੀ ਦੇ ਨੈਸ਼ਨਲ ਗੇਮ-ਪਾਰਕ ਵਿਚ ਪਹੁੰਚ ਜਾਂਦੇ ਹਾਂ। ਵਿੱਦਿਆਰਥੀ ਜੰਗਲੀ ਜਾਨਵਰ ਵੇਖਣ ਲਈ ਬੜੇ ਉਤਸੁਕ ਹਨ। ਉਨ੍ਹਾਂ ਦੇ ਚਿਹਰੇ ਮੈਨੂੰ ਬੱਸ ਵਿਚ ਰਹਿ ਗਏ ਜਾਪਦੇ ਹਨ ਤੇ ਅੱਖਾਂ ਬਦਲੀਆਂ ਹੋਈਆਂ। ਮਿਸ ਮੇਰੀ ਦੇ ਚਿਹਰੇ 'ਤੇ ਇਕ ਬੜਾ ਸਰਦ ਜਿਹਾ ਠਰ੍ਹੰਮਾਂ ਤੇ ਪ੍ਰੋਫ਼ੈਸ਼ਨਲ ਪੋਰਟਫੋਲਿਓ ਤਣ ਜਾਂਦਾ ਹੈ। ਹੁਣ ਮੈਨੂੰ ਉਹ ਬਿਲਕੁਲ ਬਾਇਓਲੋਜੀ ਦੀ ਇਕ ਪੁਸਤਕ ਪ੍ਰਤੀਤ ਹੁੰਦੀ ਹੈ। ਗਾਈਡ ਸਾਨੂੰ ਐਨੀਮਲ ਆਰਫ਼ਨੇਜ਼ (Animal orphanage) ਵਲ ਲੈ ਜਾਂਦਾ ਹੈ, ਜਿਥੇ ਜਾਲੀਦਾਰ ਕੈਬਨਾਂ ਵਿਚ ਵੱਖ-ਵੱਖ ਜੰਗਲੀ ਜਾਨਵਰ ਡੱਕੇ ਹੋਏ ਹਨ। ਵਿੱਦਿਆਰਥੀ ਜਾਲੀਆਂ ਨਾਲ ਲਟਕਦੀਆਂ ਪਲੇਟਾਂ ਤੇ ਚੀਤਾ, ਚਿੰਪਾਜ਼ੀ, ਹਿੱਪੋ, ਰ੍ਹਾਈਨੋ ਆਦਿ ਨਾਮ ਪੜ੍ਹਦੇ ਹੋਏ ਬੜੀ ਘੋਖ ਤੇ ਦਿਲਚਸਪੀ ਨਾਲ ਜਾਨਵਰਾਂ ਨੂੰ ਵੇਖ ਰਹੇ ਹਨ। ਮਿਸ ਮੇਰੀ ਕੱਲੇ-ਕੱਲੇ ਜਾਨਵਰ ਬਾਰੇ ਵਿੱਦਿਆਰਥੀਆਂ ਨੂੰ ਕੁਝ ਦੱਸ ਰਹੀ ਹੈ ਤੇ ਮੈਂ ਅੰਬ ਚੂਪਦੇ ਬਾਂਦਰ ਦੀਆਂ ਮਸਖਰੀਆਂ ਅੱਖਾਂ ਵਿਚ ਵੇਖ ਕੇ ਮੁਸਕਰਾ ਦਿੰਦਾ ਹਾਂ। ਬਬਰ ਸ਼ੇਰ, ਗੈਂਡਾ, ਜੰਗਲੀ ਸੂਰ, ਹਿਰਨ, ਜ਼ਿਰਾਫ਼ ਸਭ ਮੈਨੂੰ ਵੇਖ ਰਹੇ ਹਨ। ਜਿਵੇਂ ਇਹ ਸਭ ਕੁਝ ਉਨ੍ਹਾਂ ਦੀ ਆਦਤ ਬਣ ਗਿਆ ਹੋਵੇ, ਕਿੱਤਾ ਬਣ ਗਿਆ ਹੋਵੇ। ਹਰਨੀ ਦਾ ਛੋਟਾ ਜਿਹਾ ਬੱਚਾ ਸ਼ੇਰ ਦੇ ਕੈਬਨ ਨਾਲ ਦੀ ਜਾਲੀਦਾਰ

ਪਾਰਟੀਸ਼ਨ ਦੇ ਨਾਲ-ਨਾਲ ਚੁੰਗੀਆਂ ਭਰਦਾ ਹੈ, ਤਾਂ ਸ਼ੇਰ ਉਸ ਦੇ ਨਾਲ ਨਾਲ ਭੱਜਦਾ ਹੋਇਆ, ਉਸ ਉੱਤੇ ਝਪਟਣ ਦਾ ਯਤਨ ਕਰਦਾ ਹੈ। ਫਿਰ ਇਹ ਖੇਡ ਕੁਝ ਦੇਰ ਜਾਰੀ ਰਹਿੰਦੀ ਹੈ ਅਤੇ ਅੰਤ ਹਰਨੀ ਦਾ ਬੱਚਾ ਤੇ ਸ਼ੇਰ ਦੋਵੇਂ ਜਾਲੀ ਨਾਲ ਬੂਥੀ ਜੋੜ ਕੇ ਇਕ ਦੂਜੇ ਦੇ ਸੌਂਹੇਂ ਬੈਠ ਜਾਂਦੇ ਹਨ। ਵਿੱਦਿਆਰਥੀ ਹੱਸ ਪੈਂਦੇ ਹਨ। ਮੈਨੂੰ ਇੰਞ ਲੱਗਦਾ ਹੈ, ਜਿਵੇਂ ਇਸ ਛੋਟੀ ਜਿਹੀ ਕੈਦ ਨੇ ਇਨ੍ਹਾਂ ਜਾਨਵਰਾਂ ਨੂੰ ਕੁਝ ਸੱਭਯ ਬਣਾ ਦਿੱਤਾ ਹੋਵੇ।

ਇਕ ਵਿੱਦਿਆਰਥੀ ਖਚਰੀਆਂ ਅੱਖਾਂ ਨਾਲ ਮੇਰੇ ਵਲ ਵੇਖਦਾ ਹੋਇਆ ਪੁੱਛਦਾ ਹੈ ਕਿ ਨਰ ਅਤੇ ਮਦੀਨ ਸ਼ੇਰ ਕਿਵੇਂ ਨਖੇੜੇ ਜਾ ਸਕਦੇ ਹਨ ? ਮੈਂ ਸ਼ਰਾਰਤੀ ਮੁਸਕਰਾਹਟ ਨਾਲ ਉਸ ਨੂੰ ਮਿਸ ਮੇਰੀ ਵਲ ਭੇਜ ਦਿੰਦਾ ਹਾਂ। ਉਸ ਦੇ ਚਿਹਰੇ ਦੇ ਸਰਦ ਠੰਰੂਮੇ 'ਤੇ ਕੋਈ ਫ਼ਰਕ ਨਹੀਂ ਪੈਂਦਾ ਤੇ ਉਹ ਉਸੇ ਪ੍ਰੋਫ਼ੈਸ਼ਨਲ ਡੀਸੈਂਸੀ ਨਾਲ ਵਿੱਦਿਆਰਥੀ ਨੂੰ ਸਭ ਕੁਝ ਸਮਝਾ ਰਹੀ ਹੈ। ਮੈਨੂੰ ਆਪਣੇ ਆਪ 'ਤੇ ਗੁੱਸਾ ਆ ਰਿਹਾ ਹੈ।

ਐਨੀਮਲ ਆਰਫ਼ਨੇਜ ਵੇਖਣ ਉਪਰੰਤ ਅਸੀਂ ਸਭ ਤਿੰਨ, ਪੰਦਰਾਂ ਸੀਟਰ ਵੈਨਾਂ ਵਿਚ ਬੈਠ ਕੇ ਗੇਮ-ਪਾਰਕ ਵੇਖਣ ਲਈ ਤੁਰ ਪੈਂਦੇ ਹਾਂ ਜੋ ਉਚਾਣਾਂ ਨਿਵਾਣਾਂ, ਬ੍ਰਿਛਾਂ ਝਾੜੀਆਂ ਦੇ ਕਈ ਵਰਗ ਮੀਲ ਖੇਤਰਫਲ ਵਿਚ ਫੈਲਿਆ ਹੋਇਆ ਹੈ। ਇਸ ਵਿਚ ਸ਼ੇਰ, ਚੀਤੇ, ਹਿਰਨ ਆਦਿ ਹੋਰ ਸਭ ਜੰਗਲੀ ਜਾਨਵਰ ਆਪੋ ਆਪਣੇ ਝੁੰਡਾਂ ਵਿਚ ਵਿਸ਼ੇਸ਼ ਥਾਵਾਂ 'ਤੇ ਖੁੱਲ੍ਹੇ ਫਿਰਦੇ ਹਨ। ਗੇਮ-ਪਾਰਕ ਦੇ ਪ੍ਰਬੰਧਕਾਂ ਨੇ ਥਾਂ ਪਰ ਥਾਂ ਸਾਈਨ ਬੋਰਡ ਲਾਏ ਹੋਏ ਹਨ, ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਸ਼ੇਰਾਂ ਦਾ ਵਾਸਾ ਇਸ ਪਾਸੇ ਹੈ ਤੇ ਚੀਤਿਆਂ ਦਾ ਉਸ ਪਾਸੇ। ਅਸੀਂ ਇਨ੍ਹਾਂ ਖੁੱਲ੍ਹੇ ਫਿਰਦੇ ਜੰਗਲੀ ਜਾਨਵਰਾਂ ਨੂੰ ਵੈਨ ਦੇ ਸ਼ੀਸ਼ਿਆਂ ਵਿੱਚੋਂ ਗਹੁ ਨਾਲ ਵੇਖਦੇ, ਤਸਵੀਰਾਂ ਖਿੱਚਦੇ ਹਾਂ। ਇਨ੍ਹਾਂ ਦੇ ਚਿਹਰਿਆਂ ਤੇ ਅੱਖਾਂ ਵਿੱਚੋਂ ਮੈਨੂੰ ਵਧੇਰੇ ਖੁੱਲ੍ਹ ਅਤੇ ਆਜ਼ਾਦੀ ਦੀ ਝਲਕ ਵਿਖਾਈ ਦਿੰਦੀ ਹੈ। ਪਤਾ ਨਹੀਂ ਆਰਫ਼ਨੇਜ ਦੇ ਜਾਨਵਰਾਂ ਨਾਲੋਂ ਏਥੇ ਖੁੱਲ੍ਹੀ ਹਵਾ ਵਿਚ ਮੈਨੂੰ ਇਹ ਕਿਉਂ ਵਧੇਰੇ ਚੰਗੇ ਲਗਦੇ ਹਨ ? ਪਰ ਫਿਰ ਮੈਂ ਸੋਚਦਾ ਹਾਂ ਕਿ ਇਹ ਵੀ ਪੂਰਨ ਭਾਂਤ ਆਜ਼ਾਦ ਨਹੀਂ, ਸਗੋਂ ਇਕ ਵਡੇਰੀ ਤੇ ਖੁੱਲ੍ਹੀ ਕੈਦ ਵਿਚ ਹਨ। ਗੇਮ-ਪਾਰਕ ਦੀ ਵਲਗਣ ਇਨ੍ਹਾਂ ਦੀ ਆਜ਼ਾਦੀ ਦੀ ਅੰਤਮ ਸੀਮਾਂ ਹੈ।

ਹਜ਼ਾਰਾਂ ਯਾਤਰੂ ਵੱਖ-ਵੱਖ ਦੇਸ਼ਾਂ ਤੋਂ ਹਰ ਵਰ੍ਹੇ ਏਥੇ ਆਉਂਦੇ ਹਨ। ਇਹ ਕਿਸੇ 'ਤੇ ਨਹੀਂ ਝੱਪਟਦੇ। ਕਾਰਾਂ ਦੀ ਆਵਾਜ਼ ਸੁਣ ਕੇ ਖ਼ਤਰੇ ਦੇ ਭੈ ਨਾਲ ਭੱਜਦੇ ਨਹੀਂ, ਸਗੋਂ ਬਿਨਾਂ ਕਿਸੇ ਵਿਤਕਰੇ ਤੋਂ ਆਪਣੇ ਵੇਖਣ ਵਾਲਿਆਂ ਵਲ ਕੋਲ ਖੜੋਤੇ ਵੇਖੀ ਜਾਂਦੇ ਹਨ। ਮੈਨੂੰ ਇਹ ਪ੍ਰੋਫ਼ੈਸ਼ਨਲ ਕਾਸਮੋਪਾਲੀਟਨ ਜਾਪਦੇ ਹਨ। ਇਨ੍ਹਾਂ ਦੀ ਦੇਖਭਾਲ 'ਤੇ ਆਉਣ ਵਾਲਾ ਸਾਰਾ ਖ਼ਰਚ ਯਾਤਰੂਆਂ ਵਲੋਂ ਹੀ ਹੁੰਦਾ ਹੈ।

ਇਕ ਝਟਕੇ ਨਾਲ ਇਹ ਖ਼ਿਆਲ ਝਟਕ ਕੇ ਮੈਂ ਸਾਹਮਣੇ ਬੈਠੇ ਸ਼ੇਰ ਤੇ ਸ਼ੇਰਨੀ ਵਲ ਵੇਖਣ ਲਗ ਜਾਂਦਾ ਹਾਂ। ਇਕ ਖ਼ੂਬਸੂਰਤ ਫ਼ਰੈਂਚ ਜੋੜਾ ਆਪਣੀ ਵੌਕਸਵੈਗਨ 'ਚੋਂ ਇਨ੍ਹਾਂ ਦੀ ਤਸਵੀਰ ਲੈ ਰਿਹਾ ਹੈ। ਇਹ ਜਿਵੇਂ ਉਸ ਤਸਵੀਰ ਲਈ ਪੋਜ਼ ਬਣਾਈ ਖੜੋਤੇ ਹਨ। ਇਹ ਖੂੰਖਾਰ ਜਾਨਵਰ ਕਿੰਨੇ ਸੱਭਯ ਹੋ ਗਏ ਹਨ ! ਮੈਂ ਸੋਚਦਾ ਹਾਂ। ਸਾਮ੍ਹਣੇ ਲੱਗੇ ਸਾਈਨ ਬੋਰਡ 'ਤੇ ਮੇਰੀ ਨਜ਼ਰ ਪੜ੍ਹਦੀ ਹੈ "ਡੋਂਟ ਡਿਸਟਰਬ ਦਾ ਐਨੀਮਲਜ਼" (ਜਾਨਵਰਾਂ ਨੂੰ ਨਾ ਛੇੜੋ) ਇਸ ਨੂੰ 'ਡੌਂਟ ਡਿਸਟਰਬ ਅਸ' ਕਰਕੇ ਪੜ੍ਹਦਾ ਹੋਇਆ ਮੈਂ ਜਾਨਵਰਾਂ ਦੀ ਸੱਭਿਅਤਾ ਨੂੰ ਦਾਦ ਦਿੰਦਾ ਹਾਂ। ਨਾਲ ਦੀ ਵੈਨ 'ਚੋਂ ਮਿਸ ਮੇਰੀ ਦੀ ਆਵਾਜ਼ ਆਉਂਦੀ ਹੈ ਕਿ ਲੰਚ ਦਾ ਸਮਾਂ ਹੋ ਗਿਆ ਹੈ, ਹੁਣ ਨੈਰੋਬੀ ਸ਼ਹਿਰ ਚੱਲੀਏ, ਕਿਉਂਕਿ ਲੰਚ ਉਪਰੰਤ ਉੱਥੇ ਵਿੱਦਿਆਰਥੀਆਂ ਨੂੰ ਕਾਫ਼ੀ ਦੀ ਫ਼ੈਕਟਰੀ ਵਿਖਾਉਣੀ ਹੈ।

ਸਕੂਲ-ਬੱਸ ਵਿਚ ਬੈਠ ਕੇ ਅਸੀਂ ਸਭ ਨੈਰੋਬੀ ਸ਼ਹਿਰ ਪਹੁੰਚ ਜਾਂਦੇ ਹਾਂ। ਦੋ ਘੰਟੇ ਦੀ ਲੰਚ-ਬਰੇਕ ਹੈ ਤੇ ਹਰ ਕੋਈ ਆਪੋ ਆਪਣਾ ਰਸਤਾ ਢੂੰਡ ਰਿਹਾ ਹੈ। ਮਿਸ ਮੇਰੀ ਆਪਣੇ ਮਿੱਤਰ-ਮੁੰਡੇ ਦੀ ਕਾਰ ਵਿਚ ਬੈਠ ਕੇ ਚਲੀ ਗਈ ਹੈ। ਵਿੱਦਿਆਰਥੀ ਆਪਣੇ ਨਾਲ ਲਿਆਂਦੀ ਗਦੇਰੀ (ਰਾਜਮਾਹਾਂ ਤੇ ਮੱਕੀ ਦੀਆਂ ਉਬਲੀਆਂ ਹੋਈਆਂ ਬੱਕਲੀਆਂ ਦਾ ਕਿਕੂਯੂ ਨਮਕੀਨ ਭੋਜਨ) ਦੇ ਡੱਬੇ ਸੰਭਾਲਦੇ ਹੋਏ ਸਿਟੀ ਪਾਰਕ ਵਲ ਵਧ ਰਹੇ ਹਨ।

ਮੈਂ ਬ੍ਰਿਛਾਂ ਤੇ ਝਾੜੀਆਂ ਵਰਗੀਆਂ ਸੰਘਣੀਆਂ ਇਮਾਰਤਾਂ ਵਿਚ ਹੜ੍ਹ ਵਾਂਗ ਵਹਿ ਰਹੇ ਟ੍ਰੈਫ਼ਿਕ ’ਚੋਂ ਲੰਘਦਾ ਹੋਇਆ ਨਿਊ ਸਟਾਨਲੇ ਹੋਟਲ ਵਲ ਲੰਚ ਕਰਨ ਤੁਰ ਪੈਂਦਾ ਹਾਂ। ਉੱਪਰ ਜਾਣ ਦੀ ਥਾਂ ਹੇਠਾਂ ਹੀ “ਦਾ ਥਾਰਨ ਟਰੀ” ਦੀ ਪੰਜ ਨੁਕਰੀ ਓਪਨ ਮੁਸਤਤੀਲ ਹੇਠ ਕਿੱਕਰ ਦੇ ਬ੍ਰਿਛ ਦੁਆਲੇ ਟਿਕਾਏ ਸਟੀਲ ਦੇ ਫਰਨੀਚਰ ਤੇ ਜੁੜੀ ਭੀੜ ਵਲ ਵੇਖਦਾ ਹਾਂ। ਇਕ ਖ਼ਾਲੀ ਮੇਜ਼ ਲੱਭ ਕੇ ਵੇਟਰ ਨੂੰ ਸੌਸੇਜਿਜ਼, ਸੈਂਡਵਿਚਿਜ਼, ਐੱਗ ਪਾਈ ਤੇ ਕਾਫ਼ੀ ਦਾ ਆਰਡਰ ਦੇ ਕੇ ਬੀਅਰ ਦੀਆਂ ਚੁਸਕੀਆਂ ਭਰਨ ਲੱਗ ਜਾਂਦਾ ਹਾਂ।

ਅਖ਼ਬਾਰ ਦੇ ਪੰਨਿਆਂ ਤੇ ਦੌੜਦੀ ਮੇਰੀ ਨਜ਼ਰ ਨੂੰ ਇਕ ਧੱਕਾ ਜਿਹਾ ਵੱਜਦਾ ਹੈ ! ਨੈਰੋਬੀ ਵਿਚ ਦਿਨ ਦਿਹਾੜੇ ਇਕ ਜਿਊਲਰ ਦੀ ਦੁਕਾਨ ’ਤੇ ਡਾਕਾ—ਡਾਕੂ ਚੋਰੀ ਕੀਤੀ ਹੋਈ ਜ਼ੈਫਰ ਕਾਰ ਵਿਚ ਮਾਲਕ ਤੇ ਉਸ ਦੀ ਪਤਨੀ ਨੂੰ ਪਾਂਗਿਆਂ (ਤਲਵਾਰ ਵਰਗਾ ਹੱਥਿਆਰ ਜੋ ਗੋਡੀ ਕਰਨ ਦੇ ਕੰਮ ਆਉਂਦਾ ਹੈ) ਨਾਲ ਜ਼ਖ਼ਮੀ ਕਰਕੇ ਪੰਜਾਹ ਹਜ਼ਾਰ ਪੌਂਡ ਦੇ ਜ਼ੇਵਰ, ਜਿਊਲਰੀ ਤੇ ਨਕਦੀ ਲੁੱਟ ਕੇ ਲੈ ਗਏ। ਮਾਲਕ ਦੀ ਹਾਲਤ ਨਾਜ਼ਕ !”

ਮੇਰੀਆਂ ਅੱਖਾਂ ਅਖ਼ਬਾਰ ਵਿਚ ਖੁੱਭ ਜਾਂਦੀਆਂ ਹਨ। ਤੇ ਉਨ੍ਹਾਂ ਨੂੰ ਮੇਰੇ ਕੰਨ ਲੱਗ ਜਾਂਦੇ ਹਨ। ਮੈਂ ਸੁਣ ਰਿਹਾ ਹਾਂ।

“ਸਕੂਲ ਵਿਚ ਪੜ੍ਹਦੀ ਗਿਆਰਾਂ ਸਾਲ ਦੀ ਇਕ ਕੁੜੀ ਨਾਲ ਜ਼ਬਰਦਸਤੀ ਮੂੰਹ ਕਾਲਾ ਕਰਕੇ ਕਿਸੇ ਨੇ ਉਸ ਦਾ ਗਲਾ ਘੁੱਟ ਦਿੱਤਾ। ਪੁਲਿਸ ਕਾਤਲ ਦੀ ਤਲਾਸ਼ ਵਿਚ !”

ਅਖ਼ਬਾਰ ਤੋਂ ਉਤਾਂਹ ਨਜ਼ਰ ਚੁਕ ਕੇ ਵੇਖਦਾ ਹਾਂ ਤਾਂ ਇਮਾਰਤਾਂ ਦੇ ਜੰਗਲ ਵਿਚ ਵਿਛੀਆਂ ਸੜਕਾਂ ਤੇ ਟ੍ਰੈਫ਼ਿਕ ਦਾ ਹੜ੍ਹ ਤੇ ਸ਼ੋਰ ਉਸੇ ਰਫ਼ਤਾਰ ਵਿਚ ਵਹਿ ਰਹੇ ਹਨ। ਇਹ ਦੁਨੀਆਂ ਕਿਸ ਪਾਸੇ ਭੱਜੀ ਜਾ ਰਹੀ ਹੈ ? ਸਾਮ੍ਹਣੇ ਇਕ ਖ਼ੂਬਸੂਰਤ ਅਤਾਲਵੀ ਕੁੜੀ ਬੈਠੀ ਸਿਗਰਟ ਦੇ ਕੱਸ਼ ਲੈ ਰਹੀ ਹੈ। ਉਸ ਦੀਆਂ ਲੱਤਾਂ ਨਿਤੰਭਾਂ ਦੇ ਹੇਠਲੇ ਹਿੱਸੇ ਤੱਕ ਨੰਗੀਆਂ ਹਨ। ਉਸ ਦੀ ਮਿੰਨੀ ਸਕਰਟ ਨਿਤੰਭਾਂ ਨੂੰ ਘੁੱਟਦੀ ਹੋਈ ਉੱਪਰ ਵਲ ਵਧ ਕੇ ਇਕਦਮ ਬੈਕਲੈਸ ਹੋ ਗਈ ਹੈ। ਛਿਣ ਦੀ ਛਿਣ ਮੈਂ ਅੱਖਾਂ ਨਾਲ ਇਹ ਪਰਦਾ ਵੀ ਚੁੱਕ ਦਿੰਦਾ ਹਾਂ ਤੇ ਮਨ ਹੀ ਮਨ, ਮਿੰਨੀ ਸਕਰਟ ਇਕਾਨੌਮੀ ਦੇ ਖ਼ਿਆਲ ਦੀ ਦਾਦ ਦਿੰਦਾ ਹਾਂ। ਪਰ ਦੂਜੇ ਛਿਣ ਹੀ ਜਦੋਂ ਮੈਂ ਫਿਰ ਉਸ ਦੇ ਅਰਧ ਨਗਨ ਸਰੀਰ ਵਲ ਵੇਖਦਾ ਹਾਂ ਤਾਂ ਇੰਵ ਪ੍ਰਤੀਤ ਹੁੰਦਾ ਹੈ ਜਿਵੇਂ ਸਾਡੀ ਸੱਭਿਅਤਾ ਬੜੀ ਤੇਜ਼ੀ ਨਾਲ ਮੁੜ ਜੰਗਲ ਦੀ ਜ਼ਿੰਦਗੀ ਵਲ ਪਰਤ ਰਹੀ ਹੋਵੇ।

ਮੇਰੇ ਬਾਜ਼ੂ ਵਿਚ ਬੈਠਾ ਸੱਠ ਸਾਲਾ ਬੁੱਢਾ ਅੰਗਰੇਜ਼ ਕੁੱਕੜ ਦੀ ਲੱਤ ਨੂੰ ਦੰਦਾਂ ਨਾਲ ਉਧੇੜਦਾ ਹੋਇਆ ਕਿੰਨੇ ਚਿਰ ਤੋਂ ਹੀ ਸਾਹਮਣੇ ਬੈਠੀ ਟੀਨ-ਏਜ਼ ਕੁੜੀ ਦੀਆਂ ਨੰਗੀਆਂ ਲੱਤਾਂ ਤੇ ਬਲਾਊਜ਼ ’ਚੋਂ ਡੁੱਲ੍ਹ-ਡੁੱਲ੍ਹ ਪੈਂਦੀਆਂ ਛਾਤੀਆਂ ਵਲ ਹਿਰਸ ਭਰੀ ਨਜ਼ਰ ਨਾਲ ਵੇਖ ਰਿਹਾ ਹੈ। ਉਸ ਦੀ ਹਿਰਸੀ ਨਜ਼ਰ ਜਦੋਂ ਉਸ ਕੁੜੀ ਦੀਆਂ ਛਾਤੀਆਂ ਤੋਂ ਹੁੰਦੀ ਹੋਈ ਉਸ ਦੀਆਂ ਨੰਗੀਆਂ ਲੱਤਾਂ ’ਤੇ ਪਹੁੰਚਦੀ ਹੈ, ਤਾਂ ਉਹ ਕੁੱਕੜ ਦੀਆਂ ਲੱਤਾਂ ਨੂੰ ਬੜੇ ਜ਼ੋਰ ਨਾਲ ਦੰਦਾਂ ਨਾਲ ਉਧੇੜਦਾ ਹੈ ਤੇ ਮੈਨੂੰ ਇੰਵ ਜਾਪਦਾ ਹੈ ਜਿਵੇਂ ਉਹ ਕੁੱਕੜ ਦੀ ਲੱਤ ਨਹੀਂ ਸਗੋਂ ਉਸ ਕੁੜੀ ਦੀਆਂ ਲੱਤਾਂ ਉਧੇੜ ਰਿਹਾ ਹੋਵੇ।

ਅਤਾਲਵੀ ਆਰਟਿਸਟ ਇਸ ਉਡੀਕ ਵਿਚ ਹੈ ਕਿ ਕਦੋਂ ਉਸ ਦੇ ਸੌਹੇਂ ਬੈਠੀ ਕੁੜੀ ਖੱਬੀ ਲੱਤ ਤੋਂ ਸੱਜੀ ਲੱਤ ਨੂੰ ਚੁਕ ਕੇ ਲੱਤ ਦੀ ਬਦਲੀ ਕਰੇ ਤਾਂ ਜੋ ਨੰਗੇ ਪੱਟਾਂ ਤੋਂ ਤਿਲਕਦੀ ਉਸ ਦੀ ਨਜ਼ਰ ਦਾ ਜਬਾੜ੍ਹਾ ਅਗੇਰੇ ਹੋ ਕੇ ਭਰਪੂਰ ਬੁਰਕੀ ਭਰ ਸਕੇ। ਮੈਨੂੰ ਇੰਵ ਜਾਪਿਆ ਜਿਵੇਂ ਹਰ ਕੋਈ ਇੱਥੇ ਜੰਗਲੀ ਜਾਨਵਰਾਂ ਵਾਂਗ ਆਪਣੇ-ਆਪਣੇ ਸ਼ਿਕਾਰ ’ਤੇ ਘਾਤ ਲਾਈ ਬੈਠਾ ਹੈ !

ਸਾਹਮਣੇ ਇਕ ਏਸ਼ੀਅਨ ਕੁੜੀ ਗਿੱਟਿਆਂ ਤੋਂ ਮੋਢਿਆਂ ਤਕ ਚੁਸਤ ਲਿਬਾਸ ਵਿਚ ਸਜੀ ਬੈਠੀ ਬੜਾ ਗਰਮ ਸੈਕਸੀ ਨਾਵਲ ਪੜ੍ਹਦੀ ਹੋਈ ਸਟਰਾ ਨਾਲ ਪੇਪਰ ਬੈਗ ’ਚੋਂ ਆਈਸ ਕੋਲਡ ਦੁੱਧ ਪੀ ਰਹੀ ਹੈ। ਜਿਵੇਂ ਆਪਣੇ ਭਾਵਾਂ ਨੂੰ ਠੰਢਿਆਂ ਕਰਨ ਦਾ ਯਤਨ ਕਰ ਰਹੀ ਹੋਵੇ।

ਗਲ ਵਿਚ ਪਲਮਦੇ ਵਾਲਾਂ ਨੂੰ ਇਕ ਝਟਕਾ ਦੇ ਕੇ ਕੁਰਸੀ ਤੋਂ ਉੱਠਦਿਆਂ ਬੀਟਨਿਕ ਯੁਵਕ ਨੇ ਸਭ

ਦੇ ਵੇਖਦਿਆਂ ਆਪਣੀ ਮਿੱਤਰ ਕੁੜੀ ਨੂੰ ਗੱਲਵਕੜੀ ਵਿਚ ਲੈ ਕੇ ਜਦੋਂ ਪੰਜ ਮਿੰਟੀ ਚੁੰਮਣ ਦਿੱਤਾ, ਤਾਂ ਮੈਨੂੰ ਆਪਣੀ ਜ਼ਬਾਨ ਦਾ ਸੁਆਦ ਬਦਲਿਆ ਹੋਇਆ ਪ੍ਰਤੀਤ ਹੋਇਆ।

ਇਕ ਅੱਧਖੜ ਅੰਗਰੇਜ਼ ਔਰਤ ਹੋਰ ਥਾਂ ਖ਼ਾਲੀ ਨਾ ਵੇਖ ਕੇ ਤੇ "ਐਕਸਕਿਊਜ਼ ਮੀ" (ਖ਼ਿਮਾਂ ਕਰਨਾ) ਕਹਿੰਦੀ ਹੋਈ ਕੁਰਸੀ ਖਿੱਚ ਕੇ ਮੇਰੀ ਮੇਜ਼ ਤੇ ਬੈਠ ਗਈ ਹੈ। ਹੌਲੀ-ਹੌਲੀ ਉਸ ਦਾ ਗੋਡਾ ਮੇਰੇ ਗੋਡਿਆਂ ਨਾਲ ਆ ਜੁੜਦਾ ਹੈ। ਉਸ ਦੀਆਂ ਸੁਰਖ਼ ਅੱਖਾਂ ਵਲ ਵਹਿੰਦਿਆਂ ਮੈਨੂੰ ਉਸ ਤੋਂ ਹਿਰਸ ਤੇ ਵਿਸਕੀ ਦੀ ਬੋ ਆਉਂਦੀ ਹੈ।

ਉਹ ਆਪਣੇ ਪੱਟ ਦੇ ਭੁਲਾਵੇਂ ਮੇਰੇ ਪੱਟ 'ਤੇ ਪੋਲੀ ਜਿਹੀ ਖਾਜ ਕਰਦੀ ਹੋਈ ਮੁਸਕਰਾਉਂਦੀ ਹੈ ਤਾਂ ਮੈਨੂੰ ਉਸ ਦੀਆਂ ਅੱਖਾਂ ਵਿਚ ਅਤ੍ਰਿਪਤ ਲੋਚਾ ਦੀ ਜੁਆਲਾ ਭੜਕਦੀ ਨਜ਼ਰ ਆਉਂਦੀ ਹੈ। ਛਿਣ ਦੀ ਛਿਣ ਮੈਨੂੰ ਉਸ ਦੇ ਧੜ 'ਤੇ ਇਕ ਖੂੰਖਾਰ ਬਿੱਲੀ ਦਾ ਚਿਹਰਾ ਨਜ਼ਰ ਆਉਂਦਾ ਹੈ ਤੇ ਫਿਰ ਮੇਰੇ ਸਿਮਰਨ ਵਿਚ ਪਿਕਾਸੋ ਦੀ ਉਹ ਪੇਂਟਿੰਗ ਉੱਭਰਦੀ ਹੈ ਜਿਸ ਵਿਚ ਉਸ ਨੇ ਮਨੁੱਖਾਂ ਤੇ ਤੀਵੀਆਂ ਦੇ ਧੜਾਂ 'ਤੇ ਜਾਨਵਰਾਂ ਦੇ ਸਿਰ ਬਣਾਏ ਹੋਏ ਹਨ। ਇਸੇ ਵਹਿਣ ਵਿਚ ਮੁੜ ਕੁਰਸੀਆਂ ਦੁਆਲੇ ਜੁੜੀ ਭੀੜ ਵਲ ਵੇਖਦਾ ਹਾਂ, ਤਾਂ ਮੈਨੂੰ ਹਰ ਇਕ ਦੇ ਧੜ 'ਤੇ ਜੰਗਲੀ ਜਾਨਵਰਾਂ ਦੇ ਸਿਰ ਉੱਗ ਆਏ ਮਹਿਸੂਸ ਹੁੰਦੇ ਹਨ। ਉਨ੍ਹਾਂ ਦੇ ਦੁਆਲੇ ਸ਼ਹਿਰ ਦੀਆਂ ਇਮਾਰਤਾਂ ਇਕ ਸੰਘਣੇ ਜੰਗਲ ਦੇ ਰੂਪ ਵਿਚ ਨਜ਼ਰ ਆਉਂਦੀਆਂ ਹਨ, ਜਿਨ੍ਹਾਂ ਵਿਚ ਹਰ ਕੋਈ ਆਪਣੇ ਸ਼ਿਕਾਰ 'ਤੇ ਘਾਤ ਲਾਈ ਬੈਠਾ ਹੈ। ਮੈਂ ਆਪਣੇ ਪੱਟ ਤੇ ਕੁਤਕੁਤਾੜੀਆਂ ਕੱਢ ਰਹੀ ਮੇਮ ਦੇ ਹੱਥ ਨੂੰ ਝਟਕ ਕੇ ਸ਼ਹਿਰ ਦੇ ਇਸ ਜੰਗਲ ਵਿੱਚੋਂ ਭੱਜ ਜਾਣ ਦੀ ਸੋਚਦਾ ਹਾਂ, ਤਾਂ ਉਹ ਮੇਰਾ ਹੱਥ ਘੁੱਟਦੀ ਹੋਈ ਮੇਰੇ ਲਈ ਡਬਲ ਵਿਸਕੀ ਤੇ ਆਪਣੇ ਲਈ ਡਬਲ ਜਿਨ ਦਾ ਆਰਡਰ ਦੇ ਕੇ ਮੁਸਕਰਾਉਂਦੀ ਹੋਈ ਮੇਰੇ ਵਲ ਤੱਕਦੀ ਹੈ। ਛਿਣ ਦੀ ਛਿਣ ਮੈਨੂੰ ਇੰਵ ਜਾਪਦਾ ਹੈ, ਜਿਵੇਂ ਸ਼ਹਿਰ ਦਾ ਜੰਗਲ ਮੇਰੇ ਜ਼ਿਹਨ ਵਿਚ ਉੱਗ ਆਇਆ ਹੈ। ਮੈਂ ਸਿਰ ਨੂੰ ਝਟਕਾ ਦੇ ਕੇ ਏਥੋਂ ਨੱਸ ਜਾਣ ਬਾਰੇ ਸੋਚਦਾ ਹੋਇਆ ਉਸ ਅੱਧਖੜ ਮੇਮ ਵਲ ਵੇਖਦਾ ਹਾਂ, ਜਿਸਦੀ ਪਕੜ ਮੇਰੇ ਹੱਥ 'ਤੇ ਹੋਰ ਵੀ ਸਖ਼ਤ ਹੋ ਗਈ ਹੈ, ਤਾਂ ਮੈਨੂੰ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਉਸ ਦੇ ਮੱਥੇ 'ਤੇ ਸਾਈਨ ਬੋਰਡ ਉੱਭਰ ਆਇਆ ਹੋਵੇ : "ਡੌਂਟ ਡਿਸਟਰਬ ਦਾ ਐਨੀਮਲਜ਼"

ਚਾਰ ਚੁਫੇਰੇ ਵੇਖਦਾ ਹਾਂ ਤਾਂ ਹਰ ਮੇਜ਼ ਦੁਆਲੇ ਬੈਠੇ ਚਿਹਰਿਆਂ 'ਤੇ ਸਾਈਨ ਬੋਰਡ ਉੱਭਰਦੇ ਪ੍ਰਤੀਤ ਹੁੰਦੇ ਹਨ : "ਡੌਂਟ ਡਿਸਟਰਬ ਅਸ।"

# ਅਪਰਾਧ-ਮੁਕਤ

ਪ੍ਰੀਤਮ ਸਿੰਘ ਨੂੰ ਇੰਗਲੈਂਡ ਆਇਆਂ ਪੰਜ ਛੇ ਵਰ੍ਹੇ ਹੋ ਗਏ ਸਨ। ਉਹ ਗੁਰੂ ਘਰ ਦਾ ਨੇਮੀ ਪ੍ਰੇਮੀ ਸਿੰਘ ਸੀ, ਪੰਜਾਂ ਕੱਕਿਆਂ ਨਾਲ ਸਜਿਆ ਹੋਇਆ। ਹਰਨਾਮ ਕੌਰ, ਉਸ ਦੀ ਪਤਨੀ, ਨੂੰ ਬੜਾ ਮਾਣ ਸੀ ਕਿ ਉਸ ਦਾ ਪਤੀ ਵਿਆਹ ਤੋਂ ਪਹਿਲਾਂ ਵੀ ਬੜਾ ਸਾਊ, ਕਮਾਊ ਤੇ ਜਤਿ ਸਤਿ ਵਾਲਾ ਮਨੁੱਖ ਸੀ। ਪਿੰਡ ਦੇ ਹੋਰ ਮਰਦਾਂ ਵਾਂਗ ਉਸ ਨੇ ਨਿਆਈਆਂ ਵਿਚ ਘਾਹ ਖੋਤਦੀਆਂ ਤੀਵੀਆਂ ਨਾਲ ਖੇਹ ਨਹੀਂ ਸੀ ਖਾਧੀ। ਜਦੋਂ ਉਹ ਇੰਗਲੈਂਡ ਪਹੁੰਚਿਆ ਤਾਂ ਉਸ ਦਾ ਇਕ 'ਕੱਕਾ' ਗਾਤਰੇ ਸਮੇਤ ਲੱਥ ਕੇ ਪਹਿਲਾਂ ਹੀ ਕੰਘੇ ਵਿਚ ਸਿਮਟ ਚੁੱਕਾ ਸੀ। ਏਥੇ ਆ ਕੇ ਦਾੜ੍ਹੀ ਮੁੱਛਾਂ ਤੇ ਪਗੜੀ ਸਮੇਤ ਨੌਕਰੀ ਲੱਭਣ ਵਿਚ ਉਸ ਨੂੰ ਬੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਤੇ ਲੰਮਾਂ ਚਿਰ ਉਡੀਕਣਾ ਪਿਆ। ਏਥੋਂ ਤੱਕ ਕਿ ਉਸ ਦੇ ਸਾਕ ਸੰਬੰਧੀ ਤੇ ਸੱਜਣ ਮਿੱਤਰ ਵੀ ਉਸ ਦੇ ਵਿਹਲਿਆਂ ਰਹਿਣ ਤੋਂ ਅੱਕ ਗਏ। ਉਹ ਕਹਿੰਦੇ ਕਿ ਜੈਸਾ ਦੇਸ਼, ਵੈਸਾ ਭੇਸ। ਇਸ ਵਿਚ ਕਾਹਦੀ ਸੰਗ ਹੈ। ਘਰ ਘਾਟ ਛੱਡਿਆ ਹੈ, ਕਮਾਈ ਕਰਨ ਲਈ, ਨਾ ਕਿ ਦਾੜ੍ਹੀ ਮੁੱਛਾਂ ਰੱਖਣ ਲਈ। ਪਰ ਪ੍ਰੀਤਮ ਸਿੰਘ ਨੂੰ ਹਜਾਮਤ ਕਰਵਾਉਣ ਬਾਰੇ ਸੋਚਦਿਆਂ ਹੀ ਕੰਬਣੀ ਛਿੜ ਜਾਂਦੀ। ਹਰਨਾਮ ਕੌਰ ਨੇ ਅੱਥਰੂਆਂ ਵਿਚ ਭਿੱਜੀ ਗੜੁੱਚ ਆਵਾਜ਼ ਨਾਲ ਵਿਦਾ ਵੇਲੇ ਉਸ ਤੋਂ ਦੋ ਬਚਨ ਲਏ ਸਨ, ਪੰਜਾਂ ਕੱਕਿਆਂ ਨੂੰ ਕਾਇਮ ਰੱਖਣ ਦਾ ਤੇ ਗੋਰੀਆਂ ਤੋਂ ਦੂਰ ਰਹਿ ਕੇ ਆਪਣੇ ਗ੍ਰਿਹਸਥੀ-ਧਰਮ ਨੂੰ ਪਾਲਣ ਦਾ।

ਉਹ ਜਿਸ ਫੈਕਟਰੀ ਵਿਚ ਗਿਆ ਨੌਕਰੀ ਪ੍ਰਾਪਤ ਕਰਨ ਲਈ, ਦਾੜ੍ਹੀ ਮੁੱਛਾਂ ਤੇ ਪੱਗ ਉਸ ਦੇ ਰਾਹ ਦੀ ਰੁਕਾਵਟ ਬਣ ਗਈਆਂ। ਲੰਮੀਂ ਬੇਕਾਰੀ ਦਾ ਜੀਵਨ ਭੋਗਦਿਆਂ ਸਾਕ ਸੰਬੰਧੀਆਂ ਤੇ ਮਿੱਤਰਾਂ ਦੇ ਤਾਨ੍ਹੇ ਮੇਹ੍ਣੇ ਹੋਰ ਲੰਮੀ ਦੇਰ ਤਕ ਸਹਿੰਦੇ ਰਹਿਣ ਦੀ ਸ਼ਕਤੀ ਵੀ ਉਸ ਤੋਂ ਖੁੱਸਦੀ ਜਾ ਰਹੀ ਸੀ। ਉਸ ਦੇ ਇਕ ਲੰਗੋਟੀਏ ਯਾਰ ਨੇ ਇਕ ਦਿਨ ਉਸ ਨੂੰ ਨਸ਼ੇ ਵਿਚ ਗੁੱਟ ਕਰਕੇ ਨਾਈ ਦੇ ਸਾਹਮਣੇ ਲਿਆ ਬਿਠਾਇਆ। ਇਸ ਤਰ੍ਹਾਂ ਸਿੱਖੀ ਸਿਦਕ ਤੋਂ ਉਸ ਨੂੰ ਆਜ਼ਾਦੀ ਪ੍ਰਾਪਤ ਹੋਈ, ਤਾਂ ਉਸ ਦੇ ਮਿੱਤਰ ਨੇ ਉਸ ਦੇ ਦਗ਼ ਦਗ਼ ਕਰਦੇ ਚਿਹਰੇ ਵਲ ਸੈਨਤ ਕਰਕੇ ਕਿਹਾ, "ਕਿਉਂ ? ਬਣ ਗਿਐਂ ਨਾ ਗਭਰੂ ਮੁੜ ਕੇ ?"

ਪਰ ਪ੍ਰੀਤਮ ਸਿੰਘ ਨੂੰ ਇਹ ਸਭ ਕੁਝ ਓਪਰਾ-ਓਪਰਾ, ਪਰਾਇਆ-ਪਰਾਇਆ ਲੱਗਾ ਤੇ ਉਹ ਸ਼ੀਸ਼ੇ ਵਲ ਬਿਟਰ-ਬਿਟਰ ਵੇਖਦਾ ਘਰ ਪਰਤ ਆਇਆ। ਉਸ ਰਾਤ ਉਸ ਨੂੰ ਇਸ ਤਰ੍ਹਾਂ ਲੱਗਾ ਜਿਵੇਂ ਉਹ ਆਪਣੇ ਨਾਲ ਨਹੀਂ ਸਗੋਂ ਕਿਸੇ ਬੇਗਾਨੇ ਚਿਹਰੇ ਨਾਲ ਸੁੱਤਾ ਹੋਵੇ। ਅੰਦਰੋ ਅੰਦਰ ਨਮੋਸ਼ੀ ਦਾ ਮਾਰਿਆ, ਉਹ ਕਿਸੇ ਨੂੰ ਕੁਝ ਕਹਿ ਵੀ ਨਾ ਸਕਿਆ। ਦੂਜੇ ਦਿਨ ਉਸ ਦੇ ਮਿੱਤਰਾਂ ਨੇ ਯਤਨ ਕਰਕੇ ਉਸ ਨੂੰ ਇਕ ਫਾਊਂਡਰੀ ਵਿਚ ਕੰਮ ਦੁਆ ਦਿੱਤਾ। ਦੋ-ਚਾਰ ਕੁ ਦਿਨ ਉਸ ਨੂੰ ਆਪਣਾ ਆਪ ਅਜਨਬੀ ਜਿਹਾ ਲਗਦਾ ਰਿਹਾ, ਪਰ ਫਿਰ ਕੰਮ ਦੇ ਜਾਨ-ਤੋੜਵੇਂ ਚੱਕਰ ਵਿਚ ਇਹ ਸਭ ਕੁਝ ਜੀਵਨ ਦਾ ਇਕ ਅੰਗ ਬਣ ਗਿਆ।

ਸਵੇਰੇ ਪੰਜ ਵਜੇ ਉੱਠ ਕੇ ਉਹ ਸ਼ੇਵ ਕਰਦਾ, ਸ਼ੀਸ਼ੇ ਵਿਚ ਆਪਣੇ ਚਿਹਰੇ ਨੂੰ ਦਾਦ ਦਿੰਦਾ, ਹੱਥ ਮੂੰਹ ਧੋਂਦਾ ਤੇ ਬਰੇਕ ਫਾਸਟ ਕਰਕੇ ਗਰਮ ਕੱਪੜਿਆਂ ਵਿਚ ਲਿਪਟਿਆ ਬਰਫ਼ ਤੋਂ ਬਚਦਾ ਬਚਾਂਦਾ ਸਵੇਰੇ ਛੇ ਵਜੇ

ਕੰਮ 'ਤੇ ਪਹੁੰਚ ਜਾਂਦਾ। ਸ਼ਾਮ ਨੂੰ ਛੇ ਵਜੇ ਉਸ ਦੀ ਸ਼ਿਫ਼ਟ ਖ਼ਤਮ ਹੁੰਦੀ। ਬਾਰਾਂ ਘੰਟਿਆਂ ਦੀ ਹੱਡ-ਤੋੜਵੀਂ ਮਿਹਨਤ ਉਪਰੰਤ ਉਹ ਘਰ ਪਰਤਦਾ, ਰੋਟੀ ਟੁੱਕ ਪਕਾਉਂਦਾ ਤੇ ਭੱਜਾ ਟੁੱਟਾ ਸੌਂ ਜਾਂਦਾ। ਲਾ ਪਾ ਕੇ ਐਤਵਾਰ ਵਿਹਲ ਮਿਲਦੀ ਤਾਂ ਉਹ ਨਿੱਕੇ ਮੋਟੇ ਕੰਮਾਂ, ਰਾਸ਼ਨ ਆਦਿ ਖ਼ਰੀਦਣ ਵਿਚ ਗੁਜ਼ਰ ਜਾਂਦੀ। ਛੇ ਮਹੀਨੇ ਉਸ ਨੇ ਸੂਰਜ ਨਾ ਵੇਖਿਆ। ਫੈਕਟਰੀ ਤੋਂ ਘਰ, ਘਰੋਂ ਫੈਕਟਰੀ। ਇੰਗਲੈਂਡ ਦੀ ਯਾਂਤਰਕ ਜ਼ਿੰਦਗੀ ਵਿਚ ਉਹ ਇਕ ਮਸ਼ੀਨ ਦਾ ਪੁਰਜ਼ਾ ਬਣ ਕੇ ਰਹਿ ਗਿਆ। ਵਾਹ ਲੱਗਦੀ ਸ਼ਨਿਚਰਵਾਰ ਓਵਰ ਟਾਈਮ ਲਗਾ ਕੇ ਉਹ ਵਧ ਤੋਂ ਵਧ ਪੈਸੇ ਕਮਾਉਣ ਦਾ ਯਤਨ ਕਰਦਾ। ਉਸ ਦੇ ਮਿੱਤਰ ਉਸ ਦੇ ਕਮਾਊ ਤੇ ਸੰਗਾਊ ਸੁਭਾ 'ਤੇ ਮਸ਼ਕਰੀ ਕਰਦੇ ਤੇ ਕਹਿੰਦੇ ਕਿ ਹੁਣ ਰਾਹੇ ਰਾਹ ਪੈ ਗਿਆ ਹੈਂ, ਬਸ ਇਕ ਕਸਰ ਬਾਕੀ ਹੈ ਤੇ ਉਹ ਝੇਂਪ ਜਾਂਦਾ।

ਗੋਰੀਆਂ ਮੇਮਾਂ ਦੀਆਂ ਖ਼ੂਬਸੂਰਤ ਨੰਗੀਆਂ ਲੱਤਾਂ ਤੇ ਭਖ਼ਦੇ ਚਿਹਰਿਆਂ ਵਲ ਵੇਖ ਕੇ ਉਸ ਦੇ ਅੰਦਰ ਜਿਵੇਂ ਚੂੰਢੀ ਜਿਹੀ ਭਰੀ ਜਾਂਦੀ ਤੇ ਬਚਪਨ ਵਿਚ ਸੁਣੀਆਂ ਕੋਹ-ਕਾਫ਼ ਦੀਆਂ ਪਰੀਆਂ ਬਾਰੇ ਕਹਾਣੀਆਂ ਉਸ ਦੀ ਸਿਮਰਤੀ ਵਿਚ ਮੁੜ ਸਾਕਾਰ ਹੋ ਜਾਂਦੀਆਂ। ਉਹ ਸੋਚਦਾ ਕਿ ਕੀ ਇਹ ਮੇਮਾਂ ਕੋਹ-ਕਾਫ਼ ਦੀਆਂ ਪਰੀਆਂ ਨਾਲੋਂ ਘੱਟ ਹਨ ? ਫਿਰ ਉਸ ਦੇ ਸਿਮਰਨ ਦਾ ਹਰਨਾਮ ਕੌਰ ਨਾਲ ਕੀਤਾ ਵਾਅਦਾ ਜਾਗ ਪੈਂਦਾ ਤਾਂ ਉਹ "ਵਾਹਿਗੁਰੂ ਵਾਹਿਗੁਰੂ" ਕਰਨ ਲੱਗ ਪੈਂਦਾ, ਜਿਵੇਂ ਮੰਦੇ ਖ਼ਿਆਲਾਂ ਨੂੰ ਏਸ ਟੇਕ ਨਾਲ ਮਨੋਂ ਕੱਢਣ ਦਾ ਯਤਨ ਕਰ ਰਿਹਾ ਹੋਵੇ।

ਫਿਰ ਉਸ ਨੂੰ ਜੈਮੁਨੀ ਤੇ ਕਪਲਮੁਨੀ ਜਿਹੇ ਰਿਖੀਆਂ ਦੀਆਂ ਕਥਾਵਾਂ ਯਾਦ ਆਉਂਦੀਆਂ ਤੇ ਉਹ ਮਨ ਹੀ ਮਨ ਵਿਚ ਕਹਿੰਦਾ ਕਿ ਕਾਮ ਦੇ ਵੇਗ ਨੂੰ ਤਾਂ ਰਿਖੀ ਮੁਨੀ ਵੀ ਨਾ ਠੱਲ੍ਹ ਸਕੇ ! ਮੈਂ ਕੀਹਦੇ ਪਾਣੀਹਾਰ ਹਾਂ ? ਅਜਬ ਦੁਬਿਧਾ ਸੀ ! ਹਰਨਾਮ ਕੌਰ ਨਾਲ ਕੀਤੇ ਸਿੱਖੀ ਸਿਦਕ ਵਾਲੇ ਇਕ ਕੌਲ ਤੋਂ ਤਾਂ ਉਹ ਫਿਰ ਗਿਆ ਸੀ, ਪਰ ਦੂਜੇ ਤੋਂ ਉਹ ਨਹੀਂ ਸੀ ਫਿਰਨਾ ਚਾਹੁੰਦਾ। ਪਹਿਲਾਂ ਤਾਂ ਭਲਾ ਬੇਗਾਨੇ ਵੱਸ ਸੀ ਦੂਜਾ ਤਾਂ ਉਸ ਦੇ ਆਪਣੇ ਆਪ ਤੇ ਨਿਰਭਰ ਸੀ।

ਉਸ ਦੇ ਮਿੱਤਰ ਉਸ ਨੂੰ ਆ ਕੇ ਦਸਦੇ ਕਿ ਰਾਤ ਜਦੋਂ ਉਹ ਗੋਰੀ ਨਾਲ ਸੁੱਤੇ ਤਾਂ ਸਵਰਗ ਦੇ ਹੁਲਾਰੇ ਆ ਗਏ। ਇਹ ਸੁਣ ਕੇ ਉਹ ਅੰਦਰੇ ਅੰਦਰ ਝੂਰਿਆ ਜਾਂਦਾ। ਡੇਢ ਸਾਲ ਹੋ ਚਲਿਆ ਸੀ, ਉਸ ਨੂੰ ਹਰਨਾਮ ਕੌਰ ਦੇ ਕੌਲ ਨੂੰ ਨਿਭਾਉਂਦਿਆਂ, ਪਰ ਉਸ ਦੇ ਮਿੱਤਰ ਉਸ ਤੇ ਟਕੋਰਾਂ ਕਰਦੇ ਰਹਿੰਦੇ ਤੇ ਕਹਿੰਦੇ ਕਿ ਪ੍ਰੀਤਮ ਸਿਆਂ ! ਲੈ-ਲੈ ਨਜ਼ਾਰੇ ਚਾਰ ਦਿਨ, ਮੁੜ ਕੇ ਇਹ ਜੀਵਨ ਕਿੱਥੋਂ ਮਿਲਣਾ ਹੈ !

ਦੋ ਹਫ਼ਤੇ ਦੀਆਂ ਸਾਲਾਨਾ ਛੁੱਟੀਆਂ ਵਿਚ ਉਹ ਤੇ ਉਸ ਦੇ ਮਿੱਤਰ ਆਪਣੇ ਸੰਬੰਧੀਆਂ ਕੋਲ ਲੰਡਨ ਆ ਟਿਕੇ। ਸ਼ਾਮ ਨੂੰ ਸ਼ੇਵ ਕਰਨ ਉਪਰੰਤ ਵਧੀਆ ਸੂਟ ਪਾ ਕੇ ਭੂ-ਨਿਮਨ ਟ੍ਰੇਨ ਫੜ ਕੇ ਪਿਕਾਡਲੀ ਸਰਕਸ ਪਹੁੰਚ ਗਏ। ਗਲੀਆਂ ਬਾਜ਼ਾਰਾਂ ਦੀਆਂ ਝਮ-ਝਮ ਕਰਦੀਆਂ ਇਸ਼ਤਿਹਾਰੀ ਰੌਸ਼ਨੀਆਂ 'ਚੋਂ ਲੰਘਦਿਆਂ, ਚਿੱਟੀਆਂ ਖ਼ੂਬਸੂਰਤ ਕੁੜੀਆਂ ਵੱਲ ਵੇਖਦਿਆਂ ਪ੍ਰੀਤਮ ਸਿੰਘ ਨੂੰ ਛਿਣ ਦੀ ਛਿਣ ਇੰਵ ਮਹਿਸੂਸ ਹੋਇਆ ਜਿਵੇਂ ਲੰਡਨ ਦਾ ਇਹ ਫੈਸ਼ਨ-ਪ੍ਰਸਤ ਇਲਾਕਾ ਹੀ ਸਵਰਗ ਹੋਵੇ। ਉਸ ਦੇ ਮਿੱਤਰ ਉਸ ਨੂੰ ਨਾਲ ਲੈ ਕੇ ਏਥੋਂ ਦੀਆਂ ਸਟ੍ਰਿਪਟੀਜ਼ ਕਲੱਬਾਂ 'ਚੋਂ ਇਕ ਵਿਚ ਲੈ ਆਏ ! ਵਿਸਕੀ ਤੇ ਬਰਾਂਡੀ ਦੇ ਵੱਡੇ-ਵੱਡੇ ਘੁੱਟ ਭਰਦਿਆਂ ਉਹ ਡੌਰ ਭੌਰ ਜਿਹਾ ਆਲੇ ਦੁਆਲੇ ਵੇਖ ਰਿਹਾ ਸੀ ਕਿ ਹਾਲ ਦੀਆਂ ਬੱਤੀਆਂ ਬੁਝ ਗਈਆਂ ਤੇ ਸਾਮ੍ਹਣੇ ਸਟੇਜ ਤੇ ਸੰਗੀਤ ਦਾ ਇਕ ਛਣਾਕਾ ਜਿਹਾ ਹੋਇਆ। ਰੌਸ਼ਨੀ ਦੇ ਰੰਗ ਬਦਲਦੇ ਹਾਲੇ ਵਿਚ ਘਿਰੀ ਇਕ ਖ਼ੂਬਸੂਰਤ ਅੰਗਰੇਜ਼ ਕੁੜੀ ਸੰਗੀਤ ਦੇ ਸੁਰਾਂ ਤੇ ਥਿਰਕਦੀ ਹੋਈ ਅੱਖਾਂ ਨਚਾ, ਕੁੱਲ੍ਹੇ ਮਟਕਾ ਰਹੀ ਸੀ। ਦੋ ਤਿੰਨ ਵਾਰ ਨ੍ਰਿਤ ਕਰਦੀ ਹੋਈ ਉਹ ਪ੍ਰੀਤਮ ਸਿੰਘ ਹੁਰਾਂ ਦੇ ਮੇਜ਼ ਕੋਲ ਆਈ। ਪ੍ਰੀਤਮ ਸਿੰਘ ਦੀ ਠੋਡੀ ਨੂੰ ਉਂਗਲ ਨਾਲ ਉਤਾਂਹ ਚੁੱਕ ਕੇ ਉਸ ਨੇ ਉਸਦੀਆਂ ਅੱਖਾਂ ਵਿਚ ਸ਼ਰਾਰਤੀ ਮੁਸਕਰਾਹਟ ਨਾਲ ਘੂਰਿਆ ਤਾਂ ਪ੍ਰੀਤਮ ਸਿੰਘ ਪਾਣੀ-ਪਾਣੀ ਹੋ ਗਿਆ। ਫਿਰ ਇਕ-ਇਕ ਕਰਕੇ ਉਸ ਕੁੜੀ ਨੇ ਆਪਣੇ ਜਿਸਮ ਤੋਂ ਸਭ ਕਪੜੇ ਉਤਾਰ ਦਿੱਤੇ। ਪ੍ਰੀਤਮ ਸਿੰਘ ਦੀਆਂ ਉਤਸੁਕਤਾ ਭਰਪੂਰ ਅੱਖਾਂ ਉਸ ਦੀ ਅੰਗੀ ਤੇ ਚੱਡੀ ਨੂੰ ਚੰਬੜੀਆਂ ਹੋਈਆਂ ਸਨ ਤੇ ਉਨ੍ਹਾਂ ਵਿਚਕਾਰ ਗੋਰੇ ਚਿੱਟੇ ਚੰਮ ਦੀਆਂ ਭਰਪੂਰ ਗੋਲਾਈਆਂ ਦੁਆਲੇ ਘੁੰਮਦੀ ਉਸ ਦੀ ਨਜ਼ਰ ਇਕ

ਅਨੋਖਾ ਜਿਹਾ ਵਿਸਮਾਦ ਮਹਿਸੂਸ ਕਰ ਰਹੀ ਸੀ। ਉਸ ਨੇ ਚੋਰ ਅੱਖ ਨਾਲ ਆਲੇ ਦੁਆਲੇ ਵੇਖਿਆ ਕਿ ਕੋਈ ਉਸ ਨੂੰ ਵੇਖਦਾ ਤਾਂ ਨਹੀਂ ? ਸੰਗੀਤ ਦਾ ਇਕ ਛਣਾਕਾ ਜਿਹਾ ਹੋਇਆ ਤਾਂ ਉਸ ਕੁੜੀ ਨੇ ਬੜੇ ਅੰਦਾਜ਼ ਨਾਲ ਮੁਸਕਰਾ ਕੇ ਆਪਣੀ ਅੰਗੀ ਉਤਾਰੀ ਤੇ ਫਰਸ਼ ਤੇ ਸੁੱਟ ਦਿੱਤੀ ! ਜਦੋਂ ਸਾਜ਼ਿੰਦੇ ਸੰਗੀਤ ਨੂੰ ਬੜੇ ਉੱਚੇ ਸੁਰਾਂ ਵਿਚ ਇਕ ਖਿੱਚ ਤੇ ਲੈ ਗਏ ਤਾਂ ਉਸ ਕੁੜੀ ਨੇ ਆਪਣੀ ਚੱਡੀ ਵੀ ਉਤਾਰ ਦਿੱਤੀ। ਉਹ ਉਸ ਦੇ ਸਾਮ੍ਹਣੇ ਅਲਫ਼ ਨੰਗੀ ਤਣੀ ਖੜ੍ਹੋਤੀ ਸੀ !

ਤਾਲੀਆਂ ਦੀ ਗੂੰਜ ਵਿਚ ਜਦੋਂ ਹਾਲ ਦੀਆਂ ਬੱਤੀਆਂ ਜਗੀਆਂ ਤਾਂ ਉਸ ਦੇ ਮਿੱਤਰ ਇਹ ਵੇਖ ਕੇ ਬਹੁਤ ਹੱਸੇ ਕਿ ਪ੍ਰੀਤਮ ਸਿੰਘ ਅੱਖਾਂ ਬੰਦ ਕਰੀ "ਵਾਹਿਗੁਰੂ ਵਾਹਿਗੁਰੂ" ਕਰ ਰਿਹਾ ਸੀ। ਉਨ੍ਹਾਂ 'ਚੋਂ ਇਕ ਨੇ ਪ੍ਰੀਤਮ ਸਿੰਘ ਦੇ ਮੋਢੇ 'ਤੇ ਬੜੇ ਜ਼ੋਰ ਨਾਲ ਥਾਪੀ ਮਾਰਦਿਆਂ ਕਿਹਾ, "ਪ੍ਰੀਤਮ ਸਿਆਂ, ਅਜੇ ਤਾਂ ਬਿਸਮਿੱਲਾ ਹੀ ਹੋਈ ਹੈ, ਅੱਗੇ ਵੇਖ ਕੀ ਹੁੰਦਾ ਹੈ !"

ਫਿਰ ਉਸੇ ਤਰ੍ਹਾਂ ਇਕ-ਇਕ ਕਰਕੇ ਛੇ ਕੁੜੀਆਂ ਹੋਰ ਆਈਆਂ ! ਇਕ ਦੂਜੀ ਤੋਂ ਸੁਹਣੀਆਂ ਅੱਗ ਦੀਆਂ ਮੂਰਤਾਂ ! ਸੰਗੀਤ ਦੀ ਧੁਨ ਤੇ ਥਿਰਕਦਿਆਂ ਉਨ੍ਹਾਂ ਆਪਣੇ ਸਭ ਵਸਤਰ ਉਤਾਰੇ ਤੇ ਮੌਨ ਵਿਚ ਡੁੱਬਦੇ ਸੰਗੀਤ ਨਾਲ ਸਟੇਜ ਤੋਂ ਗ਼ਾਇਬ ਹੋ ਗਈਆਂ। ਪ੍ਰੀਤਮ ਸਿੰਘ ਦਾ ਨਸ਼ਾ ਦੋ-ਆਤਸ਼ਾ ਹੋ ਚੁੱਕਾ ਸੀ ! ਉਸ ਦੇ ਮਿੱਤਰਾਂ ਨੇ ਉਸ ਨੂੰ ਉਠਾਇਆ ਤੇ ਕਲੱਬ ਦੇ ਬਗਲ ਵਿਚ ਬਣੀ ਇਕ ਹੋਰ ਇਮਾਰਤ ਵਿਚ ਲੈ ਗਏ। ਉਥੇ ਉਨ੍ਹਾਂ ਚੌਂਹਾਂ ਲਈ ਚਾਰ ਕੁੜੀਆਂ ਇੰਤਜ਼ਾਰ ਕਰ ਰਹੀਆਂ ਸਨ। ਉਸ ਦੇ ਇਕ ਮਿੱਤਰ ਨੇ ਉਸ ਨੂੰ ਮੋਢੇ ਤੋਂ ਫੜ ਕੇ ਇਕ ਕੁੜੀ ਸਮੇਤ ਇਕ ਛੋਟੇ ਜਿਹੇ ਕੈਬਨ ਵਿਚ ਧੱਕ ਕੇ ਬਾਹਰੋਂ ਕੁੰਡੀ ਲਾ ਦਿੱਤੀ ! ਉਸ ਦੇ ਤਿੰਨਾਂ ਮਿੱਤਰਾਂ ਦੇ ਹਾਸੇ ਵਿਚ ਬਾਹਰ ਖੜੀਆਂ ਤਿੰਨ ਕੁੜੀਆਂ ਦਾ ਹਾਸਾ ਵੀ ਸ਼ਾਮਿਲ ਹੋ ਗਿਆ ਤੇ ਫਿਰ ਇਕ-ਇਕ ਕਰਕੇ ਤਿੰਨ ਹੋਰ ਕੈਬਨਾਂ ਦੀਆਂ ਬੱਤੀਆਂ ਰੌਸ਼ਨ ਹੋਈਆਂ।

ਪ੍ਰੀਤਮ ਸਿੰਘ ਲਈ ਉਹ ਇਮਤਿਹਾਨ ਦੀ ਰਾਤ ਸੀ। ਉਸ ਦੀ ਮਰਦਾਨਗੀ ਅੱਗੇ ਉਸ ਦਾ ਇਕਰਾਰ ਹਾਰ ਗਿਆ ਤੇ ਇਸ ਹਾਰ ਨੂੰ ਉਸ ਨੇ ਰਿਸ਼ੀਆਂ ਮੁਨੀਆਂ ਦੀ ਹਾਰ ਦੇ ਰੂਪ ਵਿਚ ਸਵੀਕਾਰ ਕਰ ਲਿਆ। ਉਹ ਰਾਤ ਉਸ ਦੀ ਇਕ ਕੀਮਤੀ ਯਾਦ ਬਣ ਗਈ, ਕਿਉਂਕਿ ਉਸ ਤੋਂ ਬਾਅਦ ਉਸ ਦੇ ਜੀਵਨ ਦਾ ਇਕ ਨਵਾਂ ਆਰੰਭ ਹੋਇਆ। ਉਸ ਤੋਂ ਬਾਅਦ ਉਸ ਨੇ ਕਦੇ ਵੀ ਕੋਈ ਸੰਗ-ਸੰਕੋਚ ਮਹਿਸੂਸ ਨਾ ਕੀਤੀ। ਇਸ ਸਭ ਕੁਝ ਨੂੰ ਉਸ ਨੇ ਇਕ ਪ੍ਰਾਕ੍ਰਿਤਕ ਲੋੜ ਦੇ ਰੂਪ ਵਿਚ ਅਪਣਾ ਲਿਆ। ਇਨ੍ਹਾਂ ਪੰਜਾਂ ਸਾਲਾਂ ਵਿਚ ਉਹ ਕਈ ਦਰਜਨ ਕੁੜੀਆਂ ਨਾਲ ਸੌਂ ਚੁੱਕਾ ਸੀ। ਕਦੇ-ਕਦੇ ਜਦੋਂ ਉਹ ਹਰਨਾਮ ਕੌਰ ਬਾਰੇ ਸੋਚਦਾ ਤਾਂ ਉਸ ਦੇ ਅੰਦਰ ਇਕ ਅਪਰਾਧ ਦੀ ਭਾਵਨਾ ਸਿਰ ਚੁੱਕਦੀ ਤੇ ਉਹ ਆਪਣੇ ਆਪ ਨੂੰ ਆਪਣੇ ਵਚਨ ਤੋਂ ਫਿਰਿਆ, ਕੱਖੋਂ ਹੌਲਾ ਹੋਇਆ ਮਹਿਸੂਸ ਕਰਦਾ। ਆਪਣੀ ਪ੍ਰਾਕ੍ਰਿਤਕ ਲੋੜ ਦੇ ਪ੍ਰਸੰਗ ਵਿਚ ਜਦੋਂ ਉਹ ਹਰਨਾਮ ਕੌਰ ਨੂੰ ਆਪਣੀ ਕਲਪਨਾ ਵਿਚ ਆਪਣੇ ਵਾਲਾ ਰਾਹ ਧਾਰਨ ਕਰੀ ਵੇਖਦਾ ਤਾਂ ਉਸ ਨੂੰ ਆਪਣੀ ਅਣਖ ਮਿੱਟੀ ਵਿਚ ਮਿਲ ਗਈ ਪ੍ਰਤੀਤ ਹੁੰਦੀ। ਉਸ ਦਾ ਜੀ ਕਾਹਲਾ ਪੈ ਜਾਂਦਾ ਕਿ ਉਹ ਛੇਤੀ ਤੋਂ ਛੇਤੀ ਹਰਨਾਮ ਕੌਰ ਨੂੰ ਵੀ ਆਪਣੇ ਕੋਲ ਬੁਲਾ ਲਵੇ ਤੇ ਇਸ ਅਪਰਾਧ ਦੀ ਜ਼ਿੰਦਗੀ ਨੂੰ ਸਦਾ-ਸਦਾ ਲਈ ਵਿਦਾ ਆਖ ਦੇਵੇ। ਪਰ ਫਿਰ ਉਹ ਆਪਣੇ ਬੁੱਢੇ ਮਾਂ ਬਾਪ ਤੇ ਸ਼ਰੀਕਾਂ ਦੇ ਮਿਹਣਿਆਂ ਬਾਰੇ ਸੋਚਦਾ, ਜਿਨ੍ਹਾਂ ਨੇ ਹਰ ਗਲੀ ਵਿਹੜੇ ਉਸ ਨੂੰ ਇਹ ਕਹਿ ਕੇ ਭੰਡਣਾ ਸੀ ਕਿ ਆਪਣੀ ਪਤਨੀ ਦੀ ਖਿੱਚ ਵਿਚ ਉਸ ਨੇ ਆਪਣੇ ਮਾਂ ਬਾਪ ਦਾ ਬੁਢਾਪਾ ਵੀ ਨਾ ਵੇਖਿਆ, ਆਖ਼ਰੀ ਡੰਗੋਰੀ ਖੋਹ ਕੇ ਉਨ੍ਹਾਂ ਦਾ ਬੁਢਾਪਾ ਰੋਲ ਦਿੱਤਾ। ਉਹ ਕਿੱਥੇ ਸ਼ਰੀਕਾਂ ਦੇ ਦਰ ਤੇ ਰੁਲਦੇ ਫਿਰਨਗੇ ! ਬੀਮਾਰ ਠਮਾਰ ਹੋਏ ਤਾਂ ਕੌਣ ਉਨ੍ਹਾਂ ਦੀ ਟਹਿਲ ਸੇਵਾ ਕਰੇਗਾ ? ਇਨ੍ਹਾਂ ਖ਼ਿਆਲਾਂ ਵਿਚ ਉਸ ਦਾ ਸਗਲਾ ਆਪਾ ਝੂਣਿਆ ਜਾਂਦਾ। ਅਜਿਹੇ ਛਿਣਾਂ ਵਿਚ ਉਸ ਦੇ ਮਨ ਅੰਦਰਲੀ ਅਪਰਾਧ-ਗ੍ਰੰਥੀ ਹੋਰ ਵੀ ਵਧੇਰੇ ਪੀਡੀ ਹੋ ਜਾਂਦੀ !

ਪਰ ਜਦੋਂ ਖ਼ੂਨ ਮੂੰਹ ਨੂੰ ਲੱਗ ਜਾਏ ਤਾਂ ਕਿੱਥੇ ਹਟ ਹੁੰਦਾ ਹੈ ! ਘੜੀ ਦੀ ਘੜੀ ਇਹ ਸੋਚਾਂ ਜਾਗਦੀਆਂ ਤੇ ਫਿਰ ਉਸ ਦੀ ਪ੍ਰਾਕ੍ਰਿਤਿਕ ਲੋੜ ਸਾਹਵੇਂ ਦਮ ਤੋੜ ਦਿੰਦੀਆਂ। ਇਸੇ ਵੇਗ ਵਿਚ ਹੌਲੀ-ਹੌਲੀ ਉਸ ਦੇ ਅੰਦਰਲੀ

ਇਹ ਅਪਰਾਧ ਦੀ ਭਾਵਨਾ ਬਿਲਕੁਲ ਹੀ ਖ਼ਤਮ ਹੋ ਗਈ। ਹੁਣ ਉਹ ਵੀ ਭਾਰਤ ਤੋਂ ਆਏ ਨਵੇਂ ਮਿੱਤਰਾਂ ਨੂੰ 'ਜੈਸਾ ਦੇਸ਼, ਵੈਸਾ ਭੇਸ' ਕਹਿ ਕੇ ਰੰਗ-ਰਲੀਆਂ ਮਨਾਉਣ ਲਈ ਨਾਲ ਲੈ ਤੁਰਦਾ ਸੀ। ਕਾਮ ਦੀ ਤ੍ਰਿਪਤੀ ਉਸ ਵਾਸਤੇ ਇਕ ਪ੍ਰਾਕ੍ਰਿਤਕ ਲੋੜ ਬਣ ਗਈ ਸੀ।

ਇਨ੍ਹਾਂ ਪੰਜਾਂ ਸਾਲਾਂ ਵਿਚ ਉਸ ਨੂੰ ਹਰਨਾਮ ਕੌਰ ਦੇ ਪੱਤਰ ਆਉਂਦੇ ਰਹੇ ਕਿ "ਘਰੋਗੀ ਗਰੀਬੀ ਖ਼ੁਸ਼ਹਾਲੀ ਵਿਚ ਬਦਲ ਗਈ ਹੈ। ਦੁਆਸਵੇਂ ਪੱਕੇ ਪਾ ਲਏ ਹਨ। ਵੀਹ ਏਕੜ ਜ਼ਮੀਨ ਖ਼ਰੀਦ ਕੇ ਟਿਊਬਵੈੱਲ ਲਾ ਦਿੱਤਾ ਹੈ। ਪਿੰਡ ਵਿਚ ਬੜਾ ਮਾਣ ਤੇ ਸਤਿਕਾਰ ਹੈ। ਪ੍ਰਾਇਮਰੀ ਸਕੂਲ ਦਾ ਮਾਸਟਰ, ਜੋ ਡਾਕ ਦਾ ਕੰਮ ਵੀ ਕਰਦਾ ਹੈ, ਮਨੀਆਰਡਰ, ਰਜਿਸਟਰੀ ਤੇ ਹੋਰ ਪੱਤਰ ਘਰ ਆ ਕੇ ਦੇ ਜਾਂਦਾ ਹੈ। ਵੇਲੇ ਕੁਵੇਲੇ ਸਰਕਾਰੀ ਡਿਸਪੈਂਸਰੀ ਦਾ ਡਾਕਟਰ ਵੀ ਘਰ ਫੇਰਾ ਮਾਰ ਜਾਂਦਾ ਹੈ। ਆਏ ਗਏ ਅਫ਼ਸਰਾਂ ਦੀ ਬੜੀ ਸੇਵਾ ਕਰਦੇ ਹਾਂ।"

ਪ੍ਰੀਤਮ ਸਿੰਘ ਨੇ ਇਨ੍ਹਾਂ ਪੰਜਾਂ ਸਾਲਾਂ ਵਿਚ ਹੱਡ-ਭੰਨਵੀਂ ਮਿਹਨਤ ਨਾਲ ਬਹੁਤ ਕਮਾਈ ਕੀਤੀ ਸੀ। ਫਾਊਂਡਰੀ ਵਿਚ ਕੰਮ ਕਰਦਿਆਂ ਉਹਦੇ ਹੱਥਾਂ 'ਤੇ ਰੱਟਣ ਪੈ ਗਏ ਸਨ ਤੇ ਕਾਲਖ਼ ਚਮੜੀ ਦਾ ਪੱਕਾ ਹਿੱਸਾ ਬਣ ਗਈ ਸੀ। ਇਨ੍ਹੀਂ ਦਿਨੀਂ ਬਲੈਕ ਵਿਚ ਹਿੰਦੋਸਤਾਨ ਪੈਸੇ ਭੇਜਣ ਲਈ ਪੌਂਡ ਦੀ ਕੀਮਤ ਵੀ ਤੀਹ ਤੋਂ ਪੈਂਤੀ ਰੁਪਏ ਤਕ ਹੁੰਦੀ ਸੀ। ਓਵਰ ਟਾਈਮ ਲਾ ਕੇ ਉਹ ਹਫ਼ਤੇ ਦੇ ਤੀਹ ਪੈਂਤੀ ਪੌਂਡ ਕਮਾ ਲੈਂਦਾ ਸੀ। ਉਸ ਨੇ ਖ਼ੂਬ ਕਮਾਈ ਕੀਤੀ ਤੇ ਹਿੰਦੋਸਤਾਨ ਬਹੁਤ ਪੈਸੇ ਭੇਜੇ ! ਉਹ ਖ਼ੁਸ਼ ਸੀ ਕਿ ਪਿੱਛੇ ਉਸ ਦੀ ਚੰਗੀ ਜਾਇਦਾਦ ਬਣ ਗਈ ਸੀ। ਇਲਾਕੇ ਵਿਚ ਮਾਣ ਸਤਿਕਾਰ ਵਧ ਗਿਆ ਸੀ। ਉਹ ਮਾਸਟਰ ਤੇ ਡਾਕਟਰ ਜੋ ਕਦੇ ਗਰੀਬ ਕਿਸਾਨ ਸਮਝ ਕੇ ਉਸ ਨਾਲ ਬੋਲਦੇ ਵੀ ਨਹੀਂ ਸਨ, ਅੱਜ ਉਹ ਆਪ ਚੱਲ ਕੇ ਉਸ ਦੇ ਘਰ ਜਾਂਦੇ ਸਨ। ਇਹ ਸੋਚ ਕੇ ਉਹ ਅੰਦਰੇ ਅੰਦਰ ਹੱਸਦਾ ਤੇ ਕਹਿੰਦਾ ਕਿ ਸਭ ਮਾਇਆ ਦੀ ਖੇਡ ਹੈ !

ਏਨਾ ਕੁਝ ਹੋਣ ਦੇ ਬਾਵਜੂਦ ਵੀ ਜਦੋਂ ਉਹ ਕਿਸੇ ਗੋਰੀ ਨਾਲ ਸੌਂ ਕੇ ਮੁੜਦਾ ਤਾਂ ਉਸ ਦੇ ਅੰਦਰ ਇਕ ਖ਼ਲਾਅ ਜਿਹੀ ਪਸਰਨ ਲਗ ਪੈਂਦੀ ਤੇ ਉਹ ਸੋਚਦਾ ਕਿ ਹਰਨਾਮ ਕੌਰ ਦਾ ਵਚਨ ਤੋੜ ਕੇ ਉਸ ਨੇ ਚੰਗਾ ਨਹੀਂ ਕੀਤਾ। ਇਹ ਖ਼ਿਆਲ ਹੋਰ ਵੀ ਵਧੇਰੇ ਦੁਖਾਵਾਂ ਹੋ ਜਾਂਦਾ, ਜਦੋਂ ਉਹ ਸੋਚਦਾ ਕਿ ਕਿਤੇ ਹਰਨਾਮ ਕੌਰ ਵੀ ਪਿੱਛੇ ਇਹੀ ਕੰਮ ਨਾ ਕਰਨ ਲਗ ਪਈ ਹੋਵੇ। ਫਿਰ ਹਰਨਾਮ ਕੌਰ ਦੇ ਕੌਲਾਂ ਕਰਾਰਾਂ ਵਾਲੀਆਂ ਚਿੱਠੀਆਂ ਪੜ੍ਹ ਕੇ ਉਸ ਦਾ ਕੁਝ ਧਰਵਾਸ ਬੱਝ ਜਾਂਦਾ। ਫਿਰ ਉਹ ਰਿਸ਼ੀਆਂ ਮੁਨੀਆਂ ਬਾਰੇ ਸੋਚਦਾ ਤੇ ਆਪਣੀ ਅਤ੍ਰਿਪਤ ਲੋਚਾ ਬਾਰੇ ! ਇਨ੍ਹਾਂ ਹੀ ਖ਼ਿਆਲਾਂ ਵਿਚ ਜਦੋਂ ਉਸ ਦੀ ਸੋਚ ਇਸ ਨੁਕਤੇ 'ਤੇ ਪਹੁੰਚਦੀ ਕਿ ਚਲੋ ਹੋਰ ਤਾਂ ਸਭ ਠੀਕ ਠਾਕ ਹੈ, ਜੇ ਮੇਰੇ ਪਿੱਛੋਂ ਕਿਤੇ ਹਰਨਾਮ ਕੌਰ ਨੂੰ ਬੱਚਾ ਬੱਚੀ ਹੋ ਗਿਆ ਤਾਂ ਭਾਈਚਾਰੇ ਵਿਚ ਨੱਕ ਵੱਢਿਆ ਜਾਵੇਗਾ, ਸਾਰੀ ਇੱਜ਼ਤ ਮਿੱਟੀ ਵਿਚ ਮਿਲ ਜਾਵੇਗੀ, ਤਾਂ ਉਸ ਨੂੰ ਕੋਈ ਰਾਹ ਨਾ ਲੱਭਦਾ ! ਅੰਗਰੇਜ਼ਾਂ ਬਾਰੇ ਉਸ ਨੇ ਸੁਣਿਆ ਸੀ ਕਿ ਏਥੇ ਬਹੁਤ ਗਿਣਤੀ ਵਿਚ ਹਰ ਵਰ੍ਹੇ ਹਰਾਮ ਦੇ ਬੱਚੇ ਪੈਦਾ ਹੁੰਦੇ ਹਨ, ਜਿਨ੍ਹਾਂ ਦੀ ਪਰਵਰਿਸ਼ ਦਾ ਜ਼ਿੰਮਾ ਵੀ ਸਰਕਾਰ ਦੇ ਸਿਰ ਹੈ ਅਤੇ ਸਮਾਜ ਵੀ ਨਾ ਅਜਿਹੇ ਬੱਚੇ ਤੇ ਨਾਂ ਅਜਿਹੀ ਮਾਂ ਨੂੰ ਘ੍ਰਿਣਾ ਦੀ ਨਜ਼ਰ ਨਾਲ ਵੇਖਦਾ ਹੈ। ਏਥੇ ਭਾਵੇਂ ਲੋਕ ਇਹ ਕੁਝ ਮਾਈਂਡ ਨਹੀਂ ਸਨ ਕਰਦੇ ਪਰ ਭਾਰਤ ਵਿਚ ਇਹ ਸਭ ਕੁਝ ਡੁੱਬ ਮਰਨ ਦੇ ਤੁੱਲ ਸੀ। ਛਿਣ ਦੀ ਛਿਣ ਹੀ ਉਹ ਅਪਰਾਧੀ ਭਾਵਨਾ ਹੇਠ ਇਸ ਜ਼ਿੰਦਗੀ ਤੋਂ ਤੋਬਾ ਕਰਦਾ ਪਰ ਦੂਜੇ ਛਿਣ ਹੀ ਉਸ ਦੀ ਕਾਮ ਲੋਚਾ ਉਸ ਉੱਤੇ ਹਾਵੀ ਹੋ ਜਾਂਦੀ। ਗੋਰੇ, ਚਿੱਟੇ, ਨੰਗੇ ਜਿਸਮਾਂ ਦੀ ਖਿੱਚ ਉਸ ਨੂੰ ਮਿਕਨਾਤੀਸ ਵਾਂਗ ਆਪਣੇ ਵਲ ਖਿੱਚ ਲੈਂਦੀ ਅਤੇ ਉਸ ਅੰਦਰਲਾ ਸਾਰਾ ਭਾਰਤੀ ਸਦਾਚਾਰ ਲੁਪਤ ਅੰਗ ਵਿਚ ਸੁਕੜ ਕੇ ਬੇਜ਼ਾਨ ਹੋ ਜਾਂਦਾ !

ਪੰਜਾਂ ਸਾਲਾਂ ਬਾਅਦ ਉਹ ਭਾਰਤ ਪਹੁੰਚਿਆ ਤਾਂ ਉਸ ਦੇ ਮਿੱਤਰਾਂ-ਸੱਜਣਾਂ, ਸਾਕ ਸੰਬੰਧੀਆਂ ਆਦਿ ਨੇ ਉਹਦਾ ਬੜਾ ਨਿੱਘਾ ਸੁਆਗਤ ਕੀਤਾ। ਜਿਹਦੇ ਨਾਲ ਉਹਦਾ ਕੂਣ ਸਹਿਣ ਵੀ ਨਹੀਂ ਸੀ, ਉਹ ਵੀ ਉਸ ਨੂੰ ਅੱਗੋਂ ਵਲਾ ਪਾ ਕੇ ਮਿਲਿਆ। ਉਸ ਦੇ ਮਹਿਲਾਂ ਵਰਗੇ ਘਰ ਦੀ ਸਾਰੇ ਹੀ ਪ੍ਰਸੰਸਾ ਕਰਦੇ ਸਨ। ਹਰਨਾਮ ਕੌਰ ਉੱਤੇ ਵੀ ਲੋਹੜੇ ਦਾ ਜੋਬਨ ਚੜ੍ਹਿਆ ਹੋਇਆ ਸੀ। ਇਕ ਸੂਟ ਲਾਹੁੰਦੀ, ਦੂਜਾ ਪਾਉਂਦੀ ! ਹਾਰ ਸ਼ਿੰਗਾਰ

ਵਿਚ ਸਜੀ ਹੋਈ ਉਹ ਪਰੀ ਜਾਪਦੀ ਸੀ ! ਇਹ ਸਭ ਕੁਝ ਵੇਖ ਕੇ ਉਸ ਨੂੰ ਬੜਾ ਆਨੰਦ ਆਇਆ। "ਕਮਾਈ ਹੋਵੇ ਤਾਂ ਲੋਕਾਂ ਨੂੰ ਨਜ਼ਰ ਆਵੇ", ਉਹ ਹੁੱਬ ਹੁੱਬ ਕੇ ਕਹਿੰਦਾ।

ਜਿਵੇਂ ਜਿਵੇਂ ਉਸ ਦੇ ਵਾਪਸ ਇੰਗਲੈਂਡ ਜਾਣ ਦੇ ਦਿਨ ਨੇੜੇ ਆਉਂਦੇ ਗਏ, ਉਹ ਚਿੰਤਾਤੁਰ ਹੁੰਦਾ ਗਿਆ। ਇੰਗਲੈਂਡ ਤੋਂ ਹੀ ਉਹ ਧਾਰ ਕੇ ਆਇਆ ਸੀ ਕਿ ਵਾਪਸ ਆਉਣ ਤੋਂ ਪਹਿਲਾਂ ਹਰਨਾਮ ਕੌਰ ਦਾ ਕੋਈ ਨਾ ਕੋਈ ਬੰਦੋਬਸਤ ਜ਼ਰੂਰ ਕਰਨਾ ਹੈ। ਮਨ ਦਾ ਕੀ ਭਰੋਸਾ ? ਮੈਲਾ ਹੁੰਦਿਆਂ ਕੋਈ ਦੇਰ ਨਹੀਂ ਲੱਗਦੀ। ਇਹ ਵੀ ਕੋਈ ਐਸੀ ਗੱਲ ਨਹੀਂ ਪਰ ਜੇ ਬੱਚਾ-ਬੱਚੀ ਹੋ ਗਿਆ ਤਾਂ ਸਭ ਕੁਝ ਮਿੱਟੀ ਵਿਚ ਮਿਲ ਜਾਵੇਗਾ ! ਜਦੋਂ ਵੀ ਉਹ ਸ਼ਹਿਰ ਗਿਆ ਡਾਕਟਰ ਦੇ ਜ਼ਰੂਰ ਜਾਂਦਾ ਰਿਹਾ। ਡਾਕਟਰ ਨੇ ਉਸ ਨੂੰ ਦੱਸਿਆ ਸੀ ਕਿ ਪਰਵਾਰ ਨਿਯੋਜਨ ਵਾਲੇ ਸਰਕਾਰੀ ਡਾਕਟਰ ਹਸਪਤਾਲਾਂ ਵਿਚ ਕੈਂਪ ਲਾਉਂਦੇ ਅਤੇ ਉੱਥੇ ਪਿੰਡਾਂ ਥਾਵਾਂ ਦੀਆਂ ਤ੍ਰੀਮਤਾਂ ਦੇ ਮੁਫ਼ਤ ਲੂਪ ਫਿੱਟ ਕਰਦੇ ਹਨ। ਇਹ ਗੱਲ ਉਸ ਨੇ ਇੰਗਲੈਂਡ ਵਿਚ ਵੀ ਸੁਣੀ ਸੀ। ਪਰ ਲੋਕ ਕੀ ਕਹਿਣਗੇ ? "ਪਤੀ ਇੰਗਲੈਂਡ ਜਾ ਰਿਹਾ ਹੈ, ਪਤਨੀ ਨੂੰ ਲੂਪ ਲੁਆ ਕੇ !" ਇਸ ਵਿਚਾਰ ਨਾਲ ਉਹ ਅੰਦਰੇ ਅੰਦਰ ਝੂਰਿਆਂ ਗਿਆ। ਫਿਰ ਉਸ ਨੇ ਮੁੱਢੋਂ ਸੁੱਢੋਂ ਇਸ ਵਿਸ਼ੇ ਤੇ ਵਿਚਾਰ ਕੀਤੀ ਤਾਂ ਉਸ ਨੂੰ ਪ੍ਰਤੀਤ ਹੋਇਆ ਕਿ ਉਸ ਦੀ ਗੈਰ-ਹਾਜ਼ਰੀ ਵਿਚ ਬੱਚਾ-ਬੱਚੀ ਹੋਣ ਨਾਲੋਂ ਲੂਪ ਲੁਆਉਣ ਵਾਲੀ ਗੱਲ, ਲੋਕਾਂ ਦੀ ਚਰਚਾ ਲਈ ਘੱਟ ਗੰਭੀਰ ਹੈ। ਉਹ ਕਹਿ ਸਕਦਾ ਹੈ ਕਿ ਅਜੇ ਕਿਹੜੀ ਉਮਰ ਲੰਘ ਗਈ ਹੈ ? ਅਜੇ ਉਨ੍ਹਾਂ ਨੂੰ ਬੱਚਾ ਨਹੀਂ ਚਾਹੀਦਾ ! ਉਂਵ ਵੀ ਬੱਚਾ ਹੋਣ ਤੋਂ ਬਾਅਦ ਘਰੇਲੂ ਜੀਵਨ ਯਾਂਤਰਕ ਜਿਹਾ ਗਲ ਪਿਆ ਢੋਲ ਬਣ ਜਾਂਦਾ ਹੈ। ਪਹਿਲਾਂ ਵਾਲੇ ਜਵਾਨੀ ਦੇ ਚੋਹਲ-ਚੋਂਚਲੇ ਤੇ ਮਸ਼ਕਰੀਆਂ ਜਾਂਦੀਆਂ ਰਹਿੰਦੀਆਂ ਹਨ। ਘਰੋਗੀ ਜ਼ਿੰਦਗੀ ਜ਼ਿੰਮੇਵਾਰੀਆਂ ਦੇ ਬੋਝ ਹੇਠ ਇਕ ਰੁਟੀਨ ਜਿਹੀ ਬਣ ਕੇ ਰਹਿ ਜਾਂਦੀ ਹੈ। ਉਂਵ ਵੀ ਸ਼ਾਇਦ ਇੰਗਲੈਂਡ ਵਿਚ ਹਰਨਾਮ ਕੌਰ ਦਾ ਕੌਲ ਨਾ ਨਿਭਾ ਸਕਣ ਕਰਕੇ ਉਸ ਦੇ ਮਨ ਵਿਚ ਏਥੇ ਆ ਕੇ ਮੁੜ ਅਪਰਾਧ ਦੀ ਭਾਵਨਾ ਜਾਗ ਪਈ ਸੀ ਜੋ ਦਿਨ ਪ੍ਰਤੀ ਦਿਨ ਇਕ ਪੀਡੀ ਗ੍ਰੰਥੀ ਦਾ ਰੂਪ ਧਾਰਨ ਕਰ ਰਹੀ ਸੀ ! ਇਸ ਅਪਰਾਧ ਕੀ ਭਾਵਨਾ ਨੂੰ ਸ਼ਾਂਤ ਕਰਨ ਲਈ ਉਹ ਆਪਣੇ ਤਰਕ ਤੇ ਦਲੀਲ ਨੂੰ ਮੁੜ ਘਿੜ ਲੂਪ ਦੀ ਅਵੱਸ਼ਕਤਾ ਉੱਤੇ ਹੀ ਕੇਂਦਰਿਤ ਹੋਇਆ ਪ੍ਰਤੀਤ ਕਰਦਾ ਸੀ।

ਇਹ ਜਾਣ ਕੇ ਉਸ ਨੂੰ ਬੜੀ ਪ੍ਰਸੰਨਤਾ ਹੋਈ ਕਿ ਉਨ੍ਹਾਂ ਦੇ ਪਿੰਡ ਦੀ ਡਿਸਪੈਂਸਰੀ ਵਿਚ ਵੀ ਏਸ ਹਫ਼ਤੇ ਕੈਂਪ ਲੱਗ ਰਿਹਾ ਹੈ। ਉਸ ਨੇ ਇਹ ਗੱਲ ਹਰਨਾਮ ਕੌਰ ਕੋਲੋਂ ਵੀ ਚੋਰੀ ਰੱਖੀ ਤਾਂ ਕਿ ਉਹ ਉਸ ਦੇ ਮਨ ਦਾ ਚੋਰ ਨਾ ਫੜ ਲਵੇ।

ਇਨ੍ਹਾਂ ਦਿਨਾਂ ਵਿਚ ਪਿੰਡ ਦਾ ਮਾਸਟਰ ਤੇ ਡਿਸਪੈਂਸਰੀ ਦਾ ਡਾਕਟਰ ਉਸ ਦੇ ਘਰ ਆ ਕੇ ਕਈ ਵਾਰ ਨਸ਼ਾ ਪਾਣੀ ਪੀ ਗਏ ਸਨ। ਹਰਨਾਮ ਕੌਰ ਨੱਕ ਤੱਕ ਘੁੰਡ ਕੱਢੀ, ਉਨ੍ਹਾਂ ਵਲ ਅੱਧੀ ਕੁ ਪਿੱਠ ਵੱਟੀ, ਪ੍ਰੀਤਮ ਸਿੰਘ ਕੋਲ ਉਨ੍ਹਾਂ ਦੋਹਾਂ ਦੀਆਂ ਸਿਫ਼ਤਾਂ ਕਰਦੀ ਰਹੀ ਕਿ ਉਹ ਕਿਸ ਤਰ੍ਹਾਂ ਵੇਲੇ ਕੁਵੇਲੇ ਉਸ ਦੀ ਮਦਦ ਕਰਦੇ ਰਹੇ ਸਨ। ਉਹ ਦੋਵੇਂ ਵੀ ਨੀਵੀਂ ਪਾਈਂ ਹਰਨਾਮ ਕੌਰ ਦੁਆਰਾ ਛੱਤੇ ਗਏ ਮਕਾਨ ਤੇ ਪ੍ਰੀਤਮ ਸਿੰਘ ਦੀ ਜਾਇਦਾਦ ਦੀਆਂ ਸਿਫ਼ਤਾਂ ਦੇ ਪੁੱਲ ਬੰਨ੍ਹਦੇ ਰਹੇ। ਇਨ੍ਹਾਂ ਦਿਨਾਂ ਵਿਚ ਭਾਵੇਂ ਪ੍ਰੀਤਮ ਸਿੰਘ ਡਾਕਟਰ ਦੇ ਕਾਫੀ ਨੇੜੇ ਹੋ ਗਿਆ ਸੀ, ਪਰ ਲੂਪ ਬਾਰੇ ਉਸ ਨਾਲ ਗੱਲ ਕਰਨ ਦਾ ਉਸ ਦਾ ਹੌਂਸਲਾ ਨਹੀਂ ਸੀ ਪਿਆ। ਉਂਵ ਵੀ ਇਹ ਹਾਸੋ-ਹੀਣੀ ਗੱਲ ਸੀ। ਉਹ ਆਪ ਇੰਗਲੈਂਡ ਜਾ ਰਿਹਾ ਸੀ ਤੇ ਪਿੱਛੇ ਲੂਪ ਦੀ ਕੀ ਲੋੜ ਸੀ ? ਇਹ ਤਾਂ ਆਪਣੀ ਭੰਡੀ ਆਪ ਕਰਨ ਵਾਲੀ ਗੱਲ ਸੀ।

ਇਨ੍ਹਾਂ ਹੀ ਸੋਚਾਂ ਵਿਚ ਕੈਂਪ ਦਾ ਦਿਨ ਆ ਗਿਆ। ਜੱਕੋ ਤੱਕੀ ਵਿਚ ਉਹ ਆਪਣੇ ਲਈ ਦਵਾ ਲੈਣ ਦੇ ਬਹਾਨੇ ਹਰਨਾਮ ਕੌਰ ਨੂੰ ਪਿੰਡ ਦੇ ਹਸਪਤਾਲ ਲੈ ਆਇਆ। ਬਾਹਰ ਹਸਪਤਾਲ ਵਿਚ ਕਾਫ਼ੀ ਭੀੜ ਸੀ। ਪਿੰਡ ਦੇ ਆਦਮੀ ਤੇ ਤੀਵੀਆਂ ਵਾਰੋ ਵਾਰੀ ਚਿਕ ਚੁੱਕ ਕੇ ਅੰਦਰ ਜਾ ਰਹੇ ਸਨ। ਵਾਰੀ ਆਈ ਤੇ ਪ੍ਰੀਤਮ ਸਿੰਘ ਵੀ ਚਿਕ ਚੁੱਕ ਕੇ ਅੰਦਰ ਜਾ ਵੜਿਆ। ਸਾਹਮਣੇ ਉਨ੍ਹਾਂ ਦੇ ਜ਼ਿਲ੍ਹੇ ਦੇ ਸ਼ਹਿਰ ਤੋਂ ਆਈ ਪਰਵਾਰ ਨਿਯੋਜਨ ਦੀ ਡਾਕਟਰ ਬੈਠੀ ਸੀ। ਉਸ ਦੇ ਇਸ਼ਾਰੇ 'ਤੇ ਇਕ ਨਰਸ ਬਾਹਰੋਂ ਹਰਨਾਮ ਕੌਰ ਨੂੰ ਬੁਲਾਉਣ ਚਲੀ

ਗਈ ! ਪ੍ਰੀਤਮ ਸਿੰਘ ਨੇ ਸ਼ੁਕਰ ਕੀਤਾ ਕਿ ਇਸ ਸਮੇਂ ਪਿੰਡ ਦਾ ਡਾਕਟਰ ਵੀ ਨੇੜੇ ਤੇੜੇ ਨਹੀਂ ਸੀ। ਹਰਨਾਮ ਕੌਰ ਨੂੰ ਅੰਦਰ ਆਉਂਦਿਆਂ ਵੇਖ ਕੇ ਪ੍ਰੀਤਮ ਸਿੰਘ ਦੇ ਕੁਝ ਕਹਿਣ ਤੋਂ ਪਹਿਲਾਂ ਹੀ ਲੇਡੀ ਡਾਕਟਰ ਨੇ ਹਰਨਾਮ ਕੌਰ ਨੂੰ ਸੰਬੋਧਨ ਕਰਕੇ ਪੁੱਛਿਆ, "ਕਿਉਂ ਹਰਨਾਮ ਕੌਰੇ, ਹੁਣ ਤਾਂ ਕੋਈ ਤਕਲੀਫ ਨਹੀਂ ?" ਪ੍ਰੀਤਮ ਸਿੰਘ ਨੇ ਉਸ ਦੀ ਗੱਲ ਟੁਕਦੇ ਹੋਏ ਕਿਹਾ :

"ਮੈਂ ਕਿਹਾ ਜੀ ਇਹਦੇ ਲੂਪ ..."

"ਹਾਂ, ਹਾਂ, ਮੈਂ ਸਮਝਦੀ ਹਾਂ—ਤੁਸੀਂ ਫ਼ਿਕਰ ਨਾ ਕਰੋ। ਪਿਛਲੇ ਸਾਲ ਦੋ ਵਾਰ ਇਸ ਦੀ ਲੂਪ ਬਦਲਣੀ ਪਈ ਸੀ। ਫਿੱਟ ਨਹੀਂ ਸੀ ਬੈਠੀ ਤੇ ਕਦੇ-ਕਦੇ ਦਰਦ ਦੇ ਨਾਲ ਖ਼ੂਨ ਆਉਣ ਲੱਗ ਪੈਂਦਾ ਸੀ। ਕਿਉਂ ਹਰਨਾਮ ਕੌਰੇ, ਐਸ ਸਾਲ ਤਾਂ ਕੋਈ ਤਕਲੀਫ਼ ਨਹੀਂ ਹੋਈ ?"

ਨੱਕ ਤਕ ਘੁੰਡ ਕੱਢੀ ਹਰਨਾਮ ਕੌਰ ਧਰਤੀ ਵਿਚ ਬੁੱਤ ਵਾਂਗ ਗੱਡੀ ਖੜੋਤੀ ਸੀ ਅਤੇ ਸਾਹਮਣੇ ਬੂਹੇ ਵਿਚ ਡੌਰ-ਭੌਰ ਜਿਹਾ ਪਿੰਡ ਦਾ ਡਾਕਟਰ ਖੜੋਤਾ ਬਿਟਰ ਬਿਟਰ ਤੱਕ ਰਿਹਾ ਸੀ !

ਛਿਣ ਦੀ ਛਿਣ ਪ੍ਰੀਤਮ ਸਿੰਘ ਨੂੰ ਜਾਪਿਆ ਜਿਵੇਂ ਉਸ ਉੱਤੇ ਸੌ ਘੜੇ ਪਾਣੀ ਪੈ ਗਿਆ ਹੋਵੇ ਤੇ ਉਸ ਦੀ ਆਨ-ਸ਼ਾਨ ਮਿਲਖ ਮਲਕੀਅਤ ਸਭ ਮਿੱਟੀ ਵਿਚ ਮਿਲ ਗਈ ਹੋਵੇ ! ਪਰ ਦੂਜੇ ਛਿਣ ਹੀ ਉਹ "ਵਾਹਿਗੁਰੂ ਵਾਹਿਗੁਰੂ" ਕਰਦਾ ਕੁਰਸੀ ਤੋਂ ਉੱਠ ਖੜੋਤਾ ਤੇ ਉਸ ਨੂੰ ਇੰਵ ਪ੍ਰਤੀਤ ਹੋਇਆ ਜਿਵੇਂ ਲੰਡਨ ਵਿਚ ਕੀਤੇ ਉਸ ਦੇ ਸਾਰੇ ਅਪਰਾਧ ਧੁਲ ਗਏ ਹੋਣ। ਉਹ ਆਪਣੇ ਆਪ ਨੂੰ ਹੌਲਾ ਫੁੱਲ ਮਹਿਸੂਸ ਕਰ ਰਿਹਾ ਸੀ !

# ਪਿੱਠ ਦੀ ਸਾਂਝ

ਮਿਸਟਰ ਜਰੋਗੇ ਦੇ ਘਰ ਅੱਜ ਫੇਰ ਆਫ਼ਟਰ ਸਪਰ ਪਾਰਟੀ ਸੀ। ਬਹੁਤ ਸਾਰੇ ਮਿੱਤਰ ਆਪਣੀਆਂ ਪਤਨੀਆਂ ਜਾਂ ਮਿੱਤਰ-ਕੁੜੀਆਂ ਦੇ ਨਾਲ ਆ ਰਹੇ ਸਨ। ਰਾਤ ਦੇ ਅੱਠ ਵਜੇ ਤੋਂ ਦਿਨ ਦੇ ਚੜ੍ਹਾ ਤਕ ਬੀਅਰ, ਨ੍ਰਿਤ ਅਤੇ ਸੰਗੀਤ ਦਾ ਦੌਰ ਚਲਣਾ ਸੀ। ਮਿਸਟਰ ਜਰੋਗੇ ਨੇ ਇਸ ਵਾਰੀ ਉਚੇਚੇ ਤੌਰ ਤੇ ਬੀਅਰ ਦੇ ਛੇ ਕੇਸਾਂ ਤੋਂ ਬਿਨਾਂ ਇਸਤਰੀਆਂ ਵਾਸਤੇ ਮਾਰਟੇਨੀ ਤੇ ਸ਼ੈਰੀ ਅਤੇ ਗਰਾੜੀ ਕਿਸਮ ਦੇ ਰਿੰਦਾਂ ਵਾਸਤੇ ਵਿਸਕੀ ਦਾ ਪ੍ਰਬੰਧ ਵੀ ਕੀਤਾ ਸੀ। ਮਿਸਿਜ਼ ਜਰੋਗੇ ਨੇ ਆਪਣੇ ਨੌਕਰਾਂ ਨੂੰ ਉਚੇਚੇ ਤੌਰ ਤੇ ਬੱਕਰਾ ਜ਼ਿਬ੍ਹਾ ਕਰਨ ਅਤੇ ਉਸ ਨੂੰ ਵਿਸ਼ੇਸ਼ ਕਿਕੂਯੂ ਢੰਗ ਨਾਲ ਕੋਲਿਆਂ ਉੱਤੇ ਭੁੰਨਣ ਦੀ ਹਦਾਇਤ ਕੀਤੀ ਸੀ।

ਮਿਸਟਰ ਜਰੋਗੇ ਆਪ ਬੜੀ ਦਿਲਚਪਸੀ ਨਾਲ ਨੌਕਰਾਂ ਦੀ ਨਿਗਰਾਨੀ ਕਰ ਰਿਹਾ ਸੀ ਕਿ ਉਹ ਕਿਧਰੇ ਉੱਕ ਨਾ ਜਾਣ। ਇਕ ਤੇਜ਼ ਛੁਰੀ ਨਾਲ ਬੱਕਰੇ ਦੀ ਸ਼ਾਹ ਰਗ ਕੱਟ ਕੇ ਉਸ ਦਾ ਸਾਰਾ ਖ਼ੂਨ ਇਕ ਪਤੀਲੇ ਵਿਚ ਇਕੱਠਾ ਕਰ ਲਿਆ ਗਿਆ। ਖੱਲ ਲਾਹੁਣ ਉਪਰੰਤ ਬੱਕਰੇ ਦੇ ਔਸਤ ਦਰਜੇ ਦੇ ਟੁਕੜੇ ਕਰਕੇ, ਉਨ੍ਹਾਂ ਨੂੰ ਦਹਿਕ ਰਹੇ ਕੋਲਿਆਂ ਉੱਤੇ ਰੱਖੀ ਲੋਹੇ ਦੀ ਜਾਲੀ ਉਪਰ ਥੋੜ੍ਹਾ ਥੋੜ੍ਹਾ ਲੂਣ ਲਾ ਕੇ ਭੁੰਨਿਆ ਜਾਣ ਲੱਗ ਪਿਆ। ਮਾਸ ਦੇ ਨਰਮ ਟੁਕੜਿਆਂ ਤੇ ਚਰਬੀ ਨੂੰ ਇਕ ਅਲਹਿਦਾ ਪਤੀਲੇ ਵਿਚ ਪਾ ਕੇ ਅੱਗ ਉੱਤੇ ਫ਼ਰਾਈ ਕੀਤਾ ਗਿਆ ਤੇ ਫਿਰ ਇਹ ਸਭ ਕੁਝ ਖ਼ੂਨ ਵਾਲੇ ਪਤੀਲੇ ਵਿਚ ਉਲੱਦ ਦਿੱਤਾ ਗਿਆ। ਮਾਸ ਦੇ ਕੁਝ ਹੋਰ ਨਰਮ ਟੁਕੜੇ ਜੋ ਹੁਣ ਤੱਕ ਕੋਲਿਆਂ ਉੱਤੇ ਰੋਸਟ ਹੋ ਚੁੱਕੇ ਸਨ, ਵੀ ਖ਼ੂਨ ਵਾਲੇ ਪਤੀਲੇ ਵਿਚ ਪਾ ਦਿੱਤੇ ਗਏ। ਇਹ ਵੇਖ ਕੇ ਮਿਸਟਰ ਜਰੋਗੇ ਨੇ ਸੰਤੁਸ਼ਟੀ ਵਿਚ ਸਿਰ ਹਿਲਾਇਆ ਤੇ ਮਾਸ ਵਾਲਾ ਪਤੀਲਾ ਅੰਦਰ ਮਿਸਿਜ਼ ਜਰੋਗੇ ਦੇ ਹਵਾਲੇ ਕਰਨ ਲਈ ਆਖਿਆ।

ਘਰ ਵਿਚ ਉਚੇਚੇ ਤੌਰ ਤੇ ਸਫ਼ਾਈ ਕਰਕੇ ਹਰ ਚੀਜ਼ ਕਰੀਨੇ ਨਾਲ ਸਜਾਈ ਗਈ ਸੀ। ਬਾਰੀਆਂ ਦਰਵਾਜ਼ਿਆਂ ਦੇ ਪਰਦੇ ਨਵੇਂ ਖ਼ਰੀਦੇ ਗਏ ਸਨ। ਟੇਪ ਰੀਕਾਰਡਰ 'ਤੇ ਵਜਾਉਣ ਲਈ ਆਧੁਨਿਕ ਪੱਛਮੀ ਸੰਗੀਤ ਅਤੇ ਸਵਾਹੇਲੀ ਸੰਗੀਤ ਦੇ ਨਵੇਂ-ਨਵੇਂ ਟੇਪ ਖ਼ਰੀਦੇ ਗਏ ਸਨ। ਹਰ ਚੀਜ਼ ਵਿਚ ਹੀ ਕੁਝ ਉਚੇਚ ਦਿਸਦੀ ਸੀ। ਪਰ ਫਿਰ ਵੀ ਕੁਝ ਘਾਟ ਜਿਹੀ ਪ੍ਰਤੀਤ ਹੰਦੀ ਸੀ। ਉਨ੍ਹਾਂ ਦੇ ਘਰ ਅਨੇਕਾਂ ਪਾਰਟੀਆਂ ਹੋਈਆਂ ਸਨ। ਪਰ ਇਹੋ ਜਿਹੀ ਉਚੇਚ ਅੱਗੇ ਕਦੇ ਨਹੀਂ ਸੀ ਕੀਤੀ ਅਤੇ ਨਾ ਹੀ ਉਨ੍ਹਾਂ ਨੂੰ ਕਦੇ ਕੋਈ ਘਾਟ ਪ੍ਰਤੀਤ ਕੀਤੀ ਸੀ। ਪਰ ਅੱਜ ਪਤਾ ਨਹੀਂ ਕੀ ਗੱਲ ਸੀ ਕਿ ਘਰ ਵਿਚ ਸਭ ਕੁਝ ਜ਼ਰੂਰਤ ਤੋਂ ਵਧੇਰੇ ਅਤੇ ਔਸਤ ਤੋਂ ਵਧੀਆ ਹੋਣ ਦੇ ਬਾਵਜੂਦ ਵੀ ਨਾ ਉਹ ਰੌਣਕ ਸੀ, ਨਾ ਉਹ ਨਿੱਘ ਅਤੇ ਨਾ ਹੀ ਉਹ ਮਾਹੌਲ ! ਇਕ ਘੁਟਨ ਜਿਹੀ ਸੀ, ਇਕ ਭੇਦ ਭਰੀ ਚੁੱਪ, ਇਕ ਇਕਾਂਗਿਤਾ ਅਤੇ ਇਕ ਨੀਰਸ ਜਿਹਾ ਚਾਅ ! ਹਰ ਕੋਈ ਤੁਰਦਾ ਹੋਇਆ ਵੀ ਆਪੋ ਆਪਣੀ ਥਾਂ 'ਤੇ ਥਿਰ ਖੜੋਤਾ ਹੋਇਆ ਜਾਪਦਾ ਸੀ। ਨਾ ਇਕ ਕਦਮ ਅੱਗੇ, ਨਾ ਇਕ ਕਦਮ ਪਿੱਛੇ, ਥਾਂ ਦੀ ਥਾਂ ਵਿੱਥ ਦੀ ਵਿੱਥ ਉਵੇਂ ਹੀ ਕਾਇਮ ਸੀ !

ਵਿਆਹ ਤੋਂ ਪਹਿਲਾਂ ਮਿਸਟਰ ਤੇ ਮਿਸਿਜ਼ ਜਰੋਗੇ ਦੇ ਇਸ਼ਕ ਦੇ ਬੜੇ ਚਰਚੇ ਸਨ। ਉਨ੍ਹਾਂ ਦਿਨਾਂ ਵਿਚ

ਸੈਕੰਡਰੀ ਤਕ ਵਿੱਦਿਆ ਕੋਈ ਵਿਰਲਾ ਵਾਂਝਾ ਅਫ਼ਰੀਕਨ ਹੀ ਪ੍ਰਾਪਤ ਕਰਦਾ ਸੀ। ਕੁੜੀਆਂ ਵਾਸਤੇ ਤਾਂ ਇਹ ਅਸਲੋਂ ਅਸੰਭਵ ਸੀ। ਮਿਸਿਜ਼ ਤੇ ਮਿਸਟਰ ਜਰੋਗੇ ਵਿਆਹ ਤੋਂ ਪਹਿਲਾਂ ਇਕੱਠੇ ਹੀ ਨੈਰੋਬੀ ਪੜ੍ਹਦੇ ਸਨ। ਦੋਹਾਂ ਦੇ ਮਾਪੇ ਮਾਲੀ ਤੌਰ ਤੇ ਬਹੁਤ ਤਕੜੇ ਸਨ। ਸਕੂਲ ਵਿਚ ਪੜ੍ਹਦਿਆਂ ਹੀ ਇਨ੍ਹਾਂ ਦਾ ਆਪਸ ਵਿਚ ਪਿਆਰ ਹੋ ਗਿਆ। ਆਪਸੀ ਖਿੱਚ ਦਿਨ ਪੁਰ ਦਿਨ ਵਧਦੀ ਗਈ। ਮਿਸਿਜ਼ ਜਰੋਗੇ ਨੇ ਹੁਣ ਤੱਕ ਬਣੇ ਆਪਣੇ ਸਭ ਮਿੱਤਰ ਮੁੰਡੇ ਆਪਣੀ ਸਿਮਰਤੀ ਵਿੱਚੋਂ ਕੱਢ ਦਿੱਤੇ। ਮਿਸਟਰ ਜਰੋਗੇ ਨੇ ਆਪਣੀਆਂ ਸਭ ਮਿੱਤਰ-ਕੁੜੀਆਂ ਦੇ ਨਾਮ ਉੱਤੇ ਲੀਕ ਫੇਰ ਦਿੱਤੀ ਤੇ ਫਿਰ ਜਦੋਂ ਵੀ ਵੇਖੋ ਦੋਵੇਂ ਜਣੇ ਸਿਨੇਮੇ ’ਚ ਇਕੱਠੇ, ਨਿਊ ਸਟਾਨਲੇ ਹੋਟਲ ’ਚ ਇਕੱਠੇ ਤੇ ਬਾਰ ਵਿਚ ਇਕੱਠੇ। ਹਰ ਸਵੇਰ ਦਿਨ ਦਾ ਸਫ਼ਰ ਇਕ ਦੂਜੇ ਦਾ ਮੂੰਹ ਵੇਖ ਕੇ ਸ਼ੁਰੂ ਕਰਦੇ। ਹਰ ਰਾਤ ਇਕ ਦੂਜੇ ਨੂੰ ਵੇਖ ਕੇ ਦਿਨ ਦਾ ਸਫ਼ਰ ਸਮਾਪਤ ਕਰਦੇ ਅਤੇ ਰਾਤ ਦੇ ਹਨੇਰੇ ਵਿਚ ਪਿਆਰ ਜਗਾ ਕੇ ਦੋ ਭੋਲੇ ਬੱਚਿਆਂ ਵਾਂਗ ਇਕ ਦੂਜੇ ਦੀਆਂ ਬਾਹਾਂ ਵਿਚ ਸੌਂ ਜਾਂਦੇ।

ਦੋਹਾਂ ਨੇ ਆਪਣੀ ਵਿੱਦਿਆ ਪੂਰੀ ਕਰਨ ਉਪਰੰਤ ਆਪੋ ਆਪਣੇ ਮਾਪਿਆਂ ਨਾਲ ਵਿਆਹ ਦੀ ਗੱਲ ਛੇੜੀ। ਕਿਕੂਯੂ ਕਬੀਲੇ ਦੀ ਰਸਮ ਅਨੁਸਾਰ ਮਿਸਟਰ ਜਰੋਗੇ ਨੂੰ ਬਰਾਈਡ ਪ੍ਰਾਈਸ ਦੇ ਰੂਪ ਵਿਚ ਤਕੜੀ ਰਕਮ ਅਦਾ ਕਰਨੀ ਪੈਣੀ ਸੀ। ਮਿਸਿਜ਼ ਜਰੋਗੇ ਦੇ ਘਰ ਦਿਆਂ ਦੀ ਮੰਗ ਉਨ੍ਹਾਂ ਦੋਹਾਂ ਦੇ ਅੰਦਾਜ਼ੇ ਤੋਂ ਕਿਤੇ ਵਧੇਰੇ ਸੀ। ਜਿੰਨਾ ਚਿਰ ਬਰਾਈਡ ਪ੍ਰਾਈਸ ਅਦਾ ਨਹੀਂ ਹੁੰਦੀ, ਵਿਆਹ ਅਸੰਭਵ ਸੀ। ਉਨ੍ਹਾਂ ਦਿਨਾਂ ਵਿਚ ਬਹੁਤ ਹੀ ਘੱਟ ਅਫ਼ਰੀਕਨ ਪੜ੍ਹੇ ਲਿਖੇ ਮਿਲਦੇ ਸਨ। ਮਿਸਟਰ ਜਰੋਗੇ ਨੂੰ ਇਕ ਬਹੁਤ ਹੀ ਚੰਗੀ ਨੌਕਰੀ ਮਿਲ ਗਈ। ਤਿੰਨ ਸਾਲ ਉਸ ਨੇ ਅਫ਼ਰੀਕਨ ਸਮਾਜ ਦੀ ਹਰ ਅੱਯਾਸ਼ੀ ਵੱਲ ਕੰਡ ਫੇਰ ਕੇ ਪੈਸੇ ਜੋੜੇ। ਜਦੋਂ ਉਸ ਦੇ ਹੋਰ ਸਾਥੀ ਬਾਹਰ ਜਾਣ ਲਈ ਉਤਾਵਲੇ ਹੁੰਦੇ, ਤਾਂ ਉਹ ਟਿਊਸ਼ਨਾਂ ਪੜ੍ਹਾ ਰਿਹਾ ਹੁੰਦਾ। ਜਦੋਂ ਲੋਕ ਸੌਂ ਰਹੇ ਹੁੰਦੇ ਤਾਂ ਉਹ ਪ੍ਰੈਸ ਵਲੋਂ ਆਏ ਪਰੂਫ ਵੇਖ ਰਿਹਾ ਹੁੰਦਾ। ਇਸ ਦੌਰਾਨ ਤਪੱਸਿਆ ਦੇ ਇਸ ਅਕਾ ਦੇਣ ਵਾਲੇ ਸਫ਼ਰ ਵਿਚ ਜੇ ਕਿਤੇ ਕੋਈ ਲੱਜ਼ਤ ਦਾ ਛਿਣ ਸੀ ਤਾਂ ਉਹ ਸੀ ਮਿਸਿਜ਼ ਜਰੋਗੇ ਦਾ ਮਿਲਾਪ। ਮਿਸਿਜ਼ ਜਰੋਗੇ ਦੇ ਘਰ ਦਿਆਂ ਨੂੰ ਇਹ ਪਸੰਦ ਨਹੀਂ ਸੀ ਕਿ ਉਨ੍ਹਾਂ ਦੀ ਕੁੜੀ ਨੌਕਰੀ ਕਰੇ। ਜਦੋਂ ਵੀ ਉਸ ਦਾ ਜੀ ਕਰਦਾ ਉਹ ਆਪਣੇ ਘਰੋਂ ਸੱਤਰ ਮੀਲ ਦਾ ਪੈਂਡਾ ਮਾਰ ਕੇ ਮਿਸਟਰ ਜਰੋਗੇ ਕੋਲ ਨੈਰੋਬੀ ਪਹੁੰਚਦੀ ਤੇ ਕਈ-ਕਈ ਦਿਨ ਉਸ ਨਾਲ ਰਹਿ ਕੇ ਫਿਰ ਵਾਪਸ ਚਲੀ ਜਾਂਦੀ। ਇਸ ਨਾਲ ਮਿਸਟਰ ਜਰੋਗੇ ਦੇ ਇਰਾਦੇ ਨੂੰ ਹੋਰ ਵੀ ਵਧੇਰੇ ਦ੍ਰਿੜ੍ਹਤਾ ਮਿਲਦੀ ਤੇ ਉਹ ਆਪਣੀ ਤਪੱਸਿਆ ਦੇ ਰਸਤੇ ਉੱਤੇ ਬੜੀ ਸਾਬਤ ਕਦਮੀਂ ਨਾਲ ਨਿਰੰਤਰ ਤੁਰਿਆ ਜਾਂਦਾ।

ਫਿਰ ਪੂਰੀ ਸਜ ਧਜ ਤੇ ਮਰਦਾਵੀਂ ਸ਼ਾਨ ਨਾਲ ਮਿਸਟਰ ਜਰੋਗੇ ਨੇ ਆਪਣਾ ਵਿਆਹ ਕਰਵਾਇਆ। ਬਰਾਈਡ ਪ੍ਰਾਈਸ ਵਜੋਂ ਉਸ ਨੇ ਇਕ ਸੌ ਗਾਈਆਂ, ਡੇਢ ਸੌ ਬੱਕਰੀਆਂ, ਪੰਜਾਹ ਭੇਡਾਂ, ਤਿੰਨ ਹਜ਼ਾਰ ਸ਼ਲਿੰਗ ਨਕਦ ਅਤੇ ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਤੁਹਫੇ ਆਪਣੇ ਸੌਹਰਿਆਂ ਨੂੰ ਭੇਂਟ ਕੀਤੇ। ਸਾਰੇ ਰਿਸ਼ਤੇਦਾਰਾਂ ਤੇ ਸਾਕਾਂ ਸੰਬੰਧੀਆਂ ਨੂੰ ਪਹਿਲਾਂ ਟੀ ਪਾਰਟੀ ਤੇ ਉਸੇ ਸ਼ਾਮ ਬੀਅਰ ਤੇ ਮਾਸ ਦੇ ਅਮੁੱਕ ਭੰਡਾਰ ਨਾਲ ਨਿਹਾਲ ਕੀਤਾ। ਉਨ੍ਹਾਂ ਦਾ ਵਿਆਹ ਵੀ ਸਾਰੇ ਇਲਾਕੇ ਵਿਚ ਪਿਆਰ ਅਤੇ ਸ਼ਾਨ ਦੀ ਇਕ ਮਿਸਾਲ ਬਣ ਗਿਆ।

ਉਨ੍ਹਾਂ ਦਾ ਵਿਆਹੁਤਾ ਜੀਵਨ ਵੀ ਰਵਾਂ ਰਵੀਂ ਬਹੁਤ ਸ਼ਾਨ ਨਾਲ ਗੁਜ਼ਰਿਆ ਸੀ। ਪੰਜ ਸਾਲ ਦੀ ਮਦੋਨੀ ਅਤੇ ਤਿੰਨ ਸਾਲ ਦਾ ਜਾਰਜ, ਦੋਵੇਂ ਬੱਚੇ, ਉਨ੍ਹਾਂ ਨੂੰ ਦੁਨੀਆਂ ਦੀ ਕਿਸੇ ਵੀ ਕੀਮਤੀ ਵਸਤ ਨਾਲੋਂ ਵਧ ਪਿਆਰੇ ਸਨ। ਘਰ ਦਾ ਕੰਮ ਕਰਨ ਲਈ ਦਫ਼ਤਰ ਦੇ ਨੌਕਰ ਚਾਕਰ ਸਨ। ਫਿਰ ਵੀ ਮਿਸਟਰ ਜਰੋਗੇ ਨੇ ਆਪਣੀ ਪਤਨੀ ਦੀ ਸਹਾਇਤਾ ਲਈ ਸੋਲ੍ਹਾਂ ਕੁ ਸਾਲ ਦੀ ਇਕ ਖ਼ੂਬਸੂਰਤ ਕੁੜੀ ਆਇਆ ਦੇ ਤੌਰ ਤੇ ਰੱਖ ਲਈ।

ਇਨ੍ਹਾਂ ਦਿਨਾਂ ਵਿਚ ਹੀ ਦੇਸ਼ ਆਜ਼ਾਦ ਹੋ ਗਿਆ ਅਤੇ ਅਫ਼ਰੀਕਨ ਅਫ਼ਸਰਾਂ ਦੀਆਂ ਪਤਨੀਆਂ ਵਿਚ ਨੌਕਰੀ ਕਰਨ ਦਾ ਰਿਵਾਜ਼ ਵਧਣ ਲਗ ਪਿਆ। ਮਿਸਟਰ ਜਰੋਗੇ ਨੂੰ ਇਹ ਗੱਲ ਪਸੰਦ ਨਹੀਂ ਸੀ, ਪਰ ਉਸ ਦੇ ਨਾਲ ਦੇ ਅਫ਼ਸਰਾਂ ਨੂੰ ਅਮੀਰ ਹੁੰਦੇ ਵੇਖ ਕੇ ਮਿਸਿਜ਼ ਜਰੋਗੇ ਨੇ ਆਖਿਆ ਕਿ ਇਸ ਵਿਚ ਕੀ ਬੁਰਾਈ

ਹੈ ? ਇਸ ਜੱਦੋ-ਜਹਿਦ ਵਿਚ ਜੇ ਅਸੀਂ ਪਿੱਛੇ ਰਹਿ ਗਏ ਤਾਂ ਸਾਰੀ ਉਮਰ ਦਾ ਪਸ਼ਚਾਤਾਪ ਪੱਲੇ ਪੈ ਜਾਏਗਾ ! ਸਾਰੇ ਅਫਸਰ ਤੇ ਹੋਰ ਕਰਮਚਾਰੀ ਆਪੋ ਆਪਣੇ ਖੇਤਰ ਵਿਚ ਜਾਇਜ਼ ਨਾਜਾਇਜ਼ ਤਰੀਕੇ ਨਾਲ ਵੱਧ ਤੋਂ ਵੱਧ ਪੈਸੇ ਬਣਾ ਕੇ ਆਜ਼ਾਦੀ ਦਾ ਫਲ ਪ੍ਰਾਪਤ ਕਰ ਰਹੇ ਸਨ। ਦਿਨੋਂ ਦਿਨ ਬੈਂਕ ਬੈਲੈਂਸ ਵਧ ਰਹੇ ਸਨ। ਦੇਸ਼ ਛੱਡ ਕੇ ਜਾ ਰਹੇ ਕੁਝ ਯੂਰਪੀਅਨ ਤੇ ਏਸ਼ੀਅਨ ਲੋਕਾਂ ਦੇ ਸ਼ਾਂਬੇ (ਫਾਰਮ) ਤੇ ਬੰਗਲੇ ਸਸਤੇ ਭਾਅ ਵਿਕਦੇ ਵੇਖ ਕੇ ਹਰ ਕੋਈ ਖ਼ਰੀਦਣ ਦੇ ਆਹਰ ਵਿਚ ਜੁੱਟਿਆ ਹੋਇਆ ਸੀ।

ਅੰਤ ਮਿਸਟਰ ਜਰੋਗੇ ਨੇ ਆਪਣੀ ਪਤਨੀ ਨੂੰ ਨੌਕਰੀ ਕਰਨ ਦੀ ਸਹਿਮਤੀ ਦੇ ਦਿੱਤੀ ਤੇ ਕਿਹਾ ਕਿ ਪਹਿਲਾਂ ਉਹ ਸਟੈਨੋ ਟਾਈਪਿਸਟ ਤੇ ਆਫਿਸ ਸੈਕ੍ਰੇਟਰੀ ਦਾ ਕੋਰਸ ਕਰ ਲਵੇ। ਹਰ ਰੋਜ਼ ਮਿਸਟਰ ਜਰੋਗੇ ਆਪਣੇ ਘਰ ਦੇ ਬਿਲਕੁਲ ਹੀ ਨੇੜੇ ਵਾਕਿਆ ਆਪਣੇ ਦਫ਼ਤਰ ਪੈਦਲ ਜਾਂਦਾ ਤੇ ਉਨ੍ਹਾਂ ਦੀ ਪਤਨੀ ਕਾਰ ਲੈ ਕੇ ਆਪਣੇ ਸਕੂਲ ! ਬੱਚੇ ਪਿਛੋਂ ਆਇਆ ਕੋਲ ਰਹਿੰਦੇ। ਜਦੋਂ ਮਨ ਕਾਹਲਾ ਪੈਂਦਾ ਮਿਸਟਰ ਜਰੋਗੇ ਦਫ਼ਤਰ 'ਚੋਂ ਕੁਝ ਵਿਹਲ ਕੱਢ ਕੇ ਘਰ ਆ ਕੇ ਆਪਣੇ ਬੱਚਿਆਂ ਨੂੰ ਵੇਖ ਜਾਂਦਾ। ਸਵੇਰ ਦੀ ਗਈ ਉਨ੍ਹਾਂ ਦੀ ਪਤਨੀ ਅਕਸਰ ਸ਼ਾਮ ਪਿਆਂ ਹੀ ਘਰ ਵਾਪਸ ਆਉਂਦੀ। ਘਰ ਆਉਂਦਿਆਂ ਹੀ ਉਹ ਆਪਣੇ ਬੱਚਿਆਂ ਨੂੰ ਘੁੱਟ ਘੁੱਟ ਗਲ ਨਾਲ ਲਾਉਂਦੀ। ਉਨ੍ਹਾਂ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ, ਉਨ੍ਹਾਂ ਦੇ ਸਾਫ ਸੁਥਰੇ ਕਪੜਿਆਂ ਨੂੰ ਲਾਹ ਕੇ ਹੋਰ ਨਵੇਂ ਕਪੜੇ ਪਾਉਂਦੀ ਹੋਈ ਆਇਆ ਨੂੰ ਬੱਚਿਆਂ ਦੀ ਸੰਭਾਲ ਬਾਰੇ ਜ਼ਰੂਰੀ ਹਦਾਇਤਾਂ ਕਰਦੀ। ਮਿਸਟਰ ਜਰੋਗੇ ਉਸ ਨੂੰ ਉਸ ਦੀ ਪੜ੍ਹਾਈ, ਉਸ ਦੇ ਥਕੇਵੇਂ, ਅਰਾਮ ਤੇ ਲੰਚ ਬਾਰੇ ਅਨੇਕਾਂ ਪ੍ਰਸ਼ਨ ਪੁੱਛਦਾ ਹੋਇਆ ਉਸ ਨੂੰ ਗਲਵਕੜੀ ਵਿਚ ਲੈ ਕੇ ਬਹੁਤ ਪਿਆਰ ਕਰਦਾ। ਘਰ ਜਦੋਂ ਕੋਈ ਪਾਰਟੀ ਹੁੰਦੀ ਤਾਂ ਇਹ ਪਤਾ ਹੁੰਦਿਆਂ ਵੀ ਕਿ ਉਨ੍ਹਾਂ ਨੇ ਕੀ ਬਣਾਉਣਾ ਤੇ ਕੀ ਖ਼ਰੀਦਣਾ ਹੈ, ਉਹ ਕਈ-ਕਈ ਘੰਟੇ ਸਲਾਹਾਂ ਕਰਦੇ ਨਾ ਥੱਕਦੇ। ਪਰ ਅੱਜ ਸਭ ਕੁਝ ਵਿਚ ਉਚੇਚ ਹੋਣ ਦੇ ਬਾਵਜੂਦ ਵੀ ਦੋਹਾਂ ਨੇ ਇਕ ਦੂਜੇ ਨਾਲ ਕੋਈ ਸਲਾਹ ਨਹੀਂ ਸੀ ਕੀਤੀ। ਮਿਸਿਜ਼ ਜਰੋਗੇ ਬਾਜ਼ਾਰ ਗਈ ਤਾਂ ਨਵੇਂ ਪਰਦੇ ਤੇ ਹੋਰ ਡੈਕੋਰੇਸ਼ਨ ਦਾ ਸਮਾਨ ਖ਼ਰੀਦ ਲਿਆਈ। ਮਿਸਟਰ ਜਰੋਗੇ ਬਜ਼ਾਰ ਗਿਆ ਤਾਂ ਨਵੇਂ ਟੇਪ, ਵਿਸਕੀ, ਵਾਈਨ ਤੇ ਬੀਅਰ ਖ਼ਰੀਦ ਲਿਆਇਆ ਪਰ ਇਸ ਦੇ ਬਾਵਜੂਦ ਵੀ ਘਰ ਵਿਚ ਕੋਈ ਨਿੱਘ, ਕੋਈ ਅਪਣੱਤ ਨਹੀਂ ਸੀ। ਇਕ ਤਣਾ ਤਣੀ ਜਿਹੀ ਸੀ ਜਿਵੇਂ ਹਰ ਚੀਜ਼ ਆਪਣੇ ਥਾਂ ਤੇ ਖੜ੍ਹੀ ਹੋਵੇ, ਇਕ ਤਣਾਅ, ਇਕ ਖਿਚਾਅ ਵਿਚ !

ਫਿਰ ਹੌਲੀ-ਹੌਲੀ ਇਕ-ਇਕ ਕਰਕੇ ਮਹਿਮਾਨ ਆਉਣੇ ਸ਼ੁਰੂ ਹੋ ਗਏ। ਮਿਸਟਰ ਤੇ ਮਿਸਿਜ਼ ਜਰੋਗੇ ਦਰਵਾਜ਼ੇ ਕੋਲ ਖੜੋ ਕੇ ਹਰ ਇਕ ਨੂੰ ਜੀ ਆਇਆਂ ਕਹਿ ਕੇ ਮੁਸਕਰਾਉਣ ਦਾ ਯਤਨ ਕਰ ਰਹੇ ਸਨ। ਪਰ ਉਨ੍ਹਾਂ ਦੀ ਮੁਸਕਾਨ, ਉਨ੍ਹਾਂ ਦੇ ਸ਼ਬਦਾਂ ਵਿਚ, ਅੱਜ ਉਹ ਨਿੱਘ ਨਹੀਂ ਸੀ, ਉਹ ਖ਼ਲੂਸ ਨਹੀਂ ਸੀ। ਮਹਿਮਾਨਾਂ ਨੇ ਸ਼ਾਇਦ ਇਸ ਗੱਲ ਨੂੰ ਨੋਟ ਨਹੀਂ ਸੀ ਕੀਤਾ, ਪਰ ਉਹ ਦੋਵੇਂ ਜ਼ਰੂਰ ਮਹਿਸੂਸ ਕਰ ਰਹੇ ਸਨ ਕਿ ਉਨ੍ਹਾਂ ਦੀ ਆਵਾਜ਼ ਖੋਖਲੀ ਹੈ। ਇਸੇ ਲਈ ਹਰ ਨਵੇਂ ਮਹਿਮਾਨ ਨੂੰ ਜੀ ਆਇਆਂ ਕਹਿਣ ਲਈ ਉਹ ਜਦ ਵੀ ਆਪਣੀ ਆਵਾਜ਼ ਤੇ ਮੁਸਕਾਨ ਵਿਚ ਖ਼ਲੂਸ ਪੈਦਾ ਕਰਨ ਦਾ ਯਤਨ ਕਰਦੇ ਤਾਂ ਆਪਣੇ ਆਪ ਨੂੰ ਹੋਰ ਵਧੇਰੇ ਬਣਾਵਟੀ ਤੇ ਓਪਰੇ ਜਾਪਦੇ।

ਸਭ ਮਹਿਮਾਨ ਪਹੁੰਚ ਚੁੱਕੇ ਸਨ। ਹਲਕਾ-ਹਲਕਾ ਸੰਗੀਤ ਸਭ ਦੇ ਚਿਹਰਿਆਂ ਉੱਤੇ ਮੁਸਕਰਾਹਟ ਤੇ ਅੰਗਾਂ ਵਿਚ ਥਿਰਕਣ ਉਤਪੰਨ ਕਰ ਰਿਹਾ ਸੀ। ਮਿਸਟਰ ਜਰੋਗੇ ਨੇ ਹਰ ਕਿਸੇ ਨੂੰ ਉਸ ਦੀ ਪਸੰਦ ਅਨੁਸਾਰ ਡ੍ਰਿੰਕਸ ਆਫ਼ਰ ਕੀਤੇ ਤੇ ਮਿਸਿਜ਼ ਜਰੋਗੇ ਨੇ ਖ਼ੂਨ ਵਿਚ ਸਰਦ ਹੋ ਚੁੱਕੇ ਮਾਸ ਦੇ ਟੁਕੜੇ। ਹਰ ਕੋਈ ਮਾਸ ਦੇ ਟੁਕੜੇ ਨੂੰ ਖ਼ੂਨ ਵਿਚ ਭਿਓਂ ਕੇ ਮੂੰਹ ਵਿਚ ਪਾਉਂਦਾ ਹੋਇਆ ਤਾਰੀਫ਼ ਕਰਦਾ "ਵੈਰੀ ਸਵੀਟ"।

ਜਿਸ ਕਿਸੇ ਨੇ ਮੰਗ ਕੀਤੀ ਮਿਸਿਜ਼ ਜਰੋਗੇ ਨੇ ਉਸੇ ਨਾਲ ਨ੍ਰਿਤ ਦਾ ਇਕ ਰਾਊਂਡ ਨੱਚਿਆ। ਪਾਰਟੀ ਵਿਚ ਉਨ੍ਹਾਂ ਦੇ ਮਿੱਤਰਾਂ ਤੇ ਸੰਬੰਧੀਆਂ ਤੋਂ ਇਲਾਵਾ ਮਿਸਟਰ ਜਰੋਗੇ ਦੇ ਇਕ ਦੋ ਅਫ਼ਸਰ ਵੀ ਆਪਣੀਆਂ ਪਤਨੀਆਂ ਸਮੇਤ ਸ਼ਾਮਿਲ ਸਨ। ਉਨ੍ਹਾਂ ਵਿਚ ਹੀ ਮਿਸਿਜ਼ ਜਰੋਗੇ ਦੀ ਭੈਣ ਸੀ, 'ਮਿਸ ਚੈਰੇਟੀ' ਜੋ ਉਚੇਚੇ ਤੌਰ ਤੇ ਆਪਣੇ ਇਕ ਮੁਸਲਮਾਨ ਮਿੱਤਰ-ਮੁੰਡੇ ਤੇ ਆਪਣੇ ਦੋ ਬੱਚਿਆਂ ਸਮੇਤ ਆਈ ਸੀ। ਸਾਰੇ ਜਣੇ ਕੁਝ

ਦੇਰ ਡ੍ਰਿੰਕਸ ਲੈਂਦੇ, ਮਾਸ ਖਾਂਦੇ ਆਪਸ ਵਿਚ ਗੱਲਾਂ ਕਰਦੇ ਤੇ ਫਿਰ ਨ੍ਰਿਤ ਕਰਨ ਲਈ ਸੋਫ਼ਿਆਂ ਤੋਂ ਉੱਠ ਖੜੋਂਦੇ। ਰਾਤ ਦੇ ਬਾਰਾਂ ਵਜ ਚੁਕੇ ਸਨ। ਕੁਝ ਮਹਿਮਾਨਾਂ ਤੇ ਨਸ਼ਾ ਭਾਰੀ ਹੋ ਰਿਹਾ ਸੀ। ਹੁਣ ਸਭ ਨਸ਼ਾ ਪੀਣ, ਮਾਸ ਖਾਣ ਅਤੇ ਆਪਣੇ ਕਾਰਨਰ ਵਿਚ ਬੈਠੇ ਇਕ ਦੂਜੇ ਨਾਲ ਗੱਪਾਂ ਮਾਰਨ ਵਿਚ ਮਗਨ ਸਨ। ਸੰਗੀਤ ਦੇ ਹਲਕੇ-ਹਲਕੇ ਸੁਰ ਅਜੇ ਵੀ ਉੱਭਰ ਰਹੇ ਸਨ। ਮਿਸਿਜ਼ ਜਰੋਗੇ ਤੇ ਮਿਸ ਚੈਰੇਟੀ ਖਿਮਾਂ ਮੰਗਦੀਆਂ ਹੋਈਆਂ ਬੱਚਿਆਂ ਨੂੰ ਸੁਆਉਣ ਲਈ ਅੰਦਰ ਬੈੱਡ-ਰੂਮ ਵਿਚ ਚਲੀਆਂ ਗਈਆਂ ਤਾਂ ਮਿਸ ਚੈਰੇਟੀ ਨੇ ਗੱਲ ਛੇੜੀ—

"ਫਿਰ ਕੀ ਬਣਿਆਂ ਮਿਸਟਰ ਜਰੋਗੇ ਦੇ ਕੇਸ ਦਾ ?"

ਮਿਸਿਜ਼ ਜਰੋਗੇ ਨੇ ਬੜੇ ਗੰਭੀਰ ਸੁਰ ਵਿਚ ਉੱਤਰ ਦਿੱਤਾ, "ਸਾਡੀ ਆਇਆ ਨੇ ਚੀਫ਼ ਦੀ ਕੋਰਟ ਵਿਚ ਜਾ ਕੇ ਬਿਆਨ ਦਿੱਤੇ ਹਨ ਕਿ ਉਸ ਦੇ ਪੇਟ ਵਿਚ ਜਰੋਗੇ ਦਾ ਬੱਚਾ ਹੈ। ਜਰੋਗੇ ਪਹਿਲਾਂ ਕੋਰਟ ਵਿਚ ਹਾਜ਼ਰ ਹੋਣ ਤੋਂ ਟਾਲ ਮਟੋਲ ਕਰਦਾ ਰਿਹਾ ਪਰ ਅੰਤ ਉਸ ਨੂੰ ਹਾਜ਼ਰ ਹੋਣਾ ਹੀ ਪਿਆ। ਚੀਫ਼ ਨੇ ਬੱਚੇ ਦੀ ਪਰਵਰਿਸ਼ ਲਈ ਉਸ ਨੂੰ ਇਕ ਹਜ਼ਾਰ ਸ਼ਲਿੰਗ ਨਕਦ ਆਇਆ ਨੂੰ ਅਦਾ ਕਰਨ ਲਈ ਆਖਿਆ ਤੇ ਇਨਸਾਨੀ ਤੌਰ ਤੇ ਸਮੇਂ-ਸਮੇਂ ਹੋਰ ਸਹਾਇਤਾ ਕਰਨ ਲਈ ਵੀ। ਕੇਸ ਤਾਂ ਮੁੱਕ ਗਿਆ ਹੈ, ਪਰ ਘਰ ਦਾ ਸਾਰਾ ਚੈਨ ਜਾਂਦਾ ਰਿਹਾ ਹੈ। ਚੈਰੇਟੀ, ਮੈਨੂੰ ਤਾਂ ਅਜੇ ਵੀ ਵਿਸ਼ਵਾਸ ਨਹੀਂ ਆਉਂਦਾ ਕਿ ਇਹ ਸੱਚ ਹੈ। ਜਰੋਗੇ ਨੇ ਕਿੰਨੀ ਤਪੱਸਿਆ ਕੀਤੀ ਸੀ, ਮੈਨੂੰ ਪ੍ਰਾਪਤ ਕਰਨ ਲਈ, ਕਿੰਨਾ ਪਿਆਰ ਦਿੱਤਾ ਮੈਨੂੰ, ਮੇਰੇ ਬੱਚਿਆਂ ਨੂੰ ਤੇ ਫਿਰ ਪਤਾ ਨਹੀਂ ਅਚਾਨਕ ਕੀ ਹੋ ਗਿਆ !"

"ਤੂੰ ਤਾਂ ਕਮਲੀ ਹੈਂ, ਇਹ ਸਭ ਮਰਦ ਇਸੇ ਤਰ੍ਹਾਂ ਦੇ ਹੁੰਦੇ ਹਨ ! ਸਾਡਾ ਸਮਾਜ ਵੀ ਕੁਝ ਇਸੇ ਤਰ੍ਹਾਂ ਦਾ ਹੈ। ਵਿਆਹ ਤੋਂ ਪਹਿਲਾਂ ਇਸਤਰੀ ਮਰਦ ਦੋਹਾਂ ਨੂੰ ਬੜੀ ਖੁੱਲ੍ਹ ਹੈ। ਜਿਸ ਨੂੰ ਮਰਜ਼ੀ ਹੈ ਮਿੱਤਰ ਬਣਾਉਣ, ਜਿਸ ਨਾਲ ਮਰਜ਼ੀ ਹੈ ਸੌਣ। ਪਰ ਜਦੋਂ ਵਿਆਹ ਹੋ ਜਾਂਦਾ ਹੈ ਤਾਂ ਇਸਤਰੀ ਲਈ ਆਪਣੇ ਪਤੀ ਤੋਂ ਬਿਨਾਂ ਹੋਰ ਸਭ ਦਰਵਾਜ਼ੇ ਬੰਦ ਹੋ ਜਾਂਦੇ ਹਨ। ਉਹ ਕੇਵਲ ਇਕ ਮਰਦ ਦੀ ਪਤਨੀ ਬਣ ਕੇ ਰਹਿ ਜਾਂਦੀ ਹੈ। ਮਰਦ ਫਿਰ ਵੀ ਖੁੱਲ੍ਹਾਂ ਮਾਣਦੇ ਹਨ। ਵੇਸਵਾ ਦੇ ਜਾਣ ਜਾਂ ਕਿਸੇ ਹੋਰ ਨਾਲ ਸੌਣ, ਕੋਈ ਪੁੱਛਣ ਵਾਲਾ ਨਹੀਂ। ਇਹ ਤਾਂ ਉਸ ਆਇਆ ਨੂੰ ਗਰਭ ਹੋ ਗਿਆ, ਨਾ ਉਹ ਚੀਫ਼ ਦੀ ਕੋਰਟ ਵਿਚ ਜਾਂਦੀ, ਨਾ ਤੈਨੂੰ ਪਤਾ ਲੱਗਦਾ ! ਕੋਰਟ ਨੇ ਵੀ ਕੀ ਨਿਆਂ ਕੀਤਾ ਹੈ ! ਐਡੇ ਵੱਡੇ ਦੋਸ਼, ਐਡੀ ਵੱਡੀ ਬੇਵਫਾਈ ਦੀ ਸਜ਼ਾ ਕੇਵਲ ਇਕ ਹਜ਼ਾਰ ਸ਼ਲਿੰਗ ਜੁਰਮਾਨਾ ਹੈ। ਛੀ ... ਛੀ ... ਸਭ ਕਾਨੂੰਨ ਮਰਦਾਂ ਦੇ ਹੀ ਬਣਾਏ ਹੋਏ ਹਨ। ਇਹ ਮਰਦ ਜ਼ਾਤ !"

"ਮੈਂ ਤਾਂ ਸੋਚਦੀ ਹਾਂ ਸਭ ਕਸੂਰ ਮੇਰਾ ਹੀ ਹੈ। ਨਾ ਮੈਂ ਜਰੋਗੇ ਨੂੰ ਕੋਰਸ ਕਰਕੇ ਨੌਕਰੀ ਕਰਨ ਲਈ ਕਹਿੰਦੀ, ਨਾ ਇਹ ਪੁਆੜਾ ਪੈਂਦਾ। ਕੋਰਸ ਪੂਰਾ ਕਰਨ ਸਮੇਂ ਤੱਕ ਤਾਂ ਮੈਨੂੰ ਉੱਕਾ ਹੀ ਸ਼ੱਕ ਨਹੀਂ ਸੀ। ਜਦੋਂ ਮੈਂ ਥੱਕੀ ਟੁੱਟੀ ਘਰ ਆਉਂਦੀ, ਉਹ ਮੈਨੂੰ ਪਿਆਰ ਕਰਦਾ ਨਾ ਥੱਕਦਾ। ਮੇਰੇ ਥਕੇਵੇਂ, ਮੇਰੇ ਆਰਾਮ ਬਾਰੇ ਪੁੱਛਦਾ। ਮੈਂ ਤਾਂ ਇਹ ਸੋਚ ਵੀ ਨਹੀਂ ਸਾਂ ਸਕਦੀ।"

"ਤੇ ਹੁਣ ਤੈਨੂੰ ਨੌਕਰੀ ਕਰਦਿਆਂ ਵੀ ਦੋ ਸਾਲ ਹੋ ਚੱਲੇ ਹਨ, ਤਾਂ ਤੈਨੂੰ ਕਿਹੜਾ ਪਤਾ ਲੱਗਾ ਹੈ ? ਅਸਲ ਵਿਚ ਇਹ ਵਿਆਹ ਹੀ ਬਕਵਾਸ ਹੈ। ਵਿਆਹ ਕਾਹਦੇ ਲਈ ਕਰੀਦਾ ਹੈ, ਬੱਚੇ ਪੈਦਾ ਕਰਨ ਲਈ, ਮਨੁੱਖੀ ਨਸਲ ਨੂੰ ਅੱਗੇ ਤੋਰਨ ਲਈ। ਮੇਰੇ ਵਲ ਵੇਖ, ਮੇਰੇ ਦੋ ਬੱਚੇ ਹਨ। ਮੈਂ ਕਿਸੇ ਨਾਲ ਵਿਆਹ ਨਹੀਂ ਕੀਤਾ। ਮੈਂ ਕਿਸੇ ਇਕ ਨਾਲ ਸਾਰੀ ਉਮਰ ਲਈ ਕਿਉਂ ਬੱਝਾਂ ? ਬੱਚੇ ਤਾਂ ਵਿਆਹ ਤੋਂ ਬਿਨਾਂ ਵੀ ਪੈਦਾ ਕੀਤੇ ਜਾ ਸਕਦੇ ਹਨ ਤੇ ਸਮਾਜ ਨੂੰ ਵੀ ਇਸ ਉੱਤੇ ਕੋਈ ਇਤਰਾਜ਼ ਨਹੀਂ। ਮੇਰਾ ਪਹਿਲਾ ਬੱਚਾ ਇਕ ਮਜ਼ੂੰਗੋ (ਅੰਗਰੇਜ਼) ਤੋਂ ਹੈ ਤੇ ਦੂਸਰਾ ਇਕ ਕਿਕੂਯੂ ਤੋਂ। ਦੋਵੇਂ ਚੰਗੇ ਅਹੁਦਿਆਂ 'ਤੇ ਲੱਗੇ ਹੋਏ ਹਨ ਤੇ ਬੱਚਿਆਂ ਦੀ ਪਰਵਰਿਸ਼ ਲਈ ਮਾਇਕ ਸਹਾਇਤਾ ਦੇ ਰਹੇ ਹਨ। ਮੈਂ ਆਪ ਵੀ ਨੌਕਰੀ ਕਰਦੀ ਹਾਂ। ਚੰਗਾ ਹੰਢਾਈਦਾ ਹੈ, ਕੋਈ ਬੰਧਨ ਨਹੀਂ, ਮਨ ਮਰਜ਼ੀ ਦੀ ਆਜ਼ਾਦੀ ਹੈ, ਹੁਣ ਮੈਨੂੰ ਇਹ ਹੱਟਾ ਕੱਟਾ ਮੁਸਲਮਾਨ ਮੁੰਡਾ ਪਸੰਦ ਆਇਆ ਹੈ ਤਾਂ ਮੈਂ ਇਸ ਨਾਲ ਮਿੱਤਰਤਾ ਗੰਢ ਲਈ ਹੈ। ਤੂੰ ਵਿਆਹ ਕਰਕੇ ਜ਼ਿੰਦਗੀ ਦੀ ਸਭ ਤੋਂ ਵੱਡੀ

ਬੇਵਕੂਫ਼ੀ ਕੀਤੀ ਹੈ। ਅਸਲ ਵਿਚ, ਮਨੁੱਖਾ ਨਸਲ ਨੂੰ ਅੱਗੇ ਤੋਰਨ ਲਈ ਵਿਆਹ ਦੀ ਇਹ ਇਨਸਟੀਟਿਊਸ਼ਨ (ਸੰਸਥਾ) ਹੁਣ ਆਊਟ ਆਫ ਡੇਟ ਹੋ ਚੁੱਕੀ ਹੈ।"

"ਤੇਰੀ ਗੱਲ ਮੈਨੂੰ ਸਮਝ ਤਾਂ ਪੈਂਦੀ ਹੈ, ਪਰ ਹੁਣ ਕੀਤਾ ਕੀ ਜਾਵੇ ? ਪਰਸੋਂ ਮੈਂ ਉਸ ਨਾਲ ਉਸ ਦੀ ਬੇਵਫਾਈ ਦਾ ਸ਼ਿਕਵਾ ਕੀਤਾ ਤਾਂ ਸ਼ਰਾਬ ਦੇ ਨਸ਼ੇ ਵਿਚ ਅੱਗ ਭਬੂਕਾ ਹੋ ਕੇ ਉਹ ਮੈਨੂੰ ਏਥੋਂ ਤਕ ਕਹਿ ਗਿਆ ਕਿ ਸਭ ਮਰਦ ਇਵੇਂ ਹੀ ਕਰਦੇ ਹਨ। ਤੈਨੂੰ ਮੈਂ ਕੱਢ ਕੇ ਨਹੀਂ ਲਿਆਂਦਾ। ਗਾਈਆਂ ਬੱਕਰੀਆਂ ਦੇ ਕੇ ਖ਼ਰੀਦਿਆ ਹੈ। ਤੈਨੂੰ ਇਸ ਘਰ ਇਸੇ ਰੂਪ ਵਿਚ ਰਹਿਣਾ ਪਵੇਗਾ। ਇਹੋ ਜਿਹੇ ਸਵਾਲਾਂ 'ਤੇ ਪ੍ਰਾਚੀਨ ਸਮੇਂ ਵਿਚ, ਸਾਡੇ ਮਨੁੱਖ, ਪਤਨੀ ਨੂੰ ਕੁੱਟਿਆ ਕਰਦੇ ਸਨ। ਹੁਣ ਅਸੀਂ ਸੁਤੰਤਰ ਤੇ ਸੱਭਯ ਹੋ ਗਏ ਹਾਂ। ਇਸ ਲਈ ਮੈਨੂੰ ਮਜਬੂਰ ਨਾ ਕਰ ਕਿ ਮੈਨੂੰ ਤੇਰੇ ਉੱਤੇ ਹੱਥ ਚੁੱਕਣਾ ਪਵੇ। ... ਅੱਜ ਤੱਕ ਉਸ ਨੇ ਕਦੀ ਵੀ ਵਿਸਕੀ ਨੂੰ ਮੂੰਹ ਨਹੀਂ ਸੀ ਲਾਇਆ, ਪਰ ਹੁਣ ਉਹ ਰੋਜ਼ ਰਾਤ ਨੂੰ ਦੇਰ ਕਰਕੇ ਵਿਸਕੀ ਦੇ ਨਸ਼ੇ ਵਿਚ ਬੇਸੁਧ ਹੋ ਕੇ ਆਉਂਦਾ ਹੈ। ਮੇਰੇ ਨਾਲ ਲੜ ਕੇ ਸੌਂਦਾ ਹੈ। ਪਰ ਸਵੇਰੇ ਫਿਰ ਮੈਨੂੰ ਉਸਦੀਆਂ ਅੱਖਾਂ ਬਦਲੀਆਂ ਹੋਈਆਂ ਨਜ਼ਰ ਆਉਂਦੀਆਂ ਹਨ। ਮੈਨੂੰ ਇੰਞ ਜਾਪਦਾ ਹੈ, ਜਿਵੇਂ ਹਰ ਸਵੇਰ ਮੈਨੂੰ ਉਹ ਗਾਈਆਂ ਤੇ ਬੱਕਰੀਆਂ ਨਾਲ ਤੋਲਦਾ ਹੈ। ਤੂੰ ਹੀ ਦਸ ਮੈਂ ਕੀ ਕਰਾਂ ? ਕਿਥੇ ਜਾਵਾਂ ?"

"ਅਜੇ ਵੀ ਸਮਾਂ ਹੈ, ਮੁਕਾ ਇਸ ਟੰਟੇ ਨੂੰ। ਘਰ ਦਿਆਂ ਨੂੰ ਕਹਿ ਕੇ ਉਸ ਦੀਆਂ ਗਾਈਆਂ ਤੇ ਬੱਕਰੀਆਂ ਵਾਪਸ ਕਰ ਤੇ ਰੋਜ਼-ਰੋਜ਼ ਦੇ ਕਲੇਸ਼ ਦਾ ਫਾਹਾ ਵੱਢ ! ਹੁਣ ਤੂੰ ਆਤਮ-ਨਿਰਭਰ ਹੈਂ, ਤੈਨੂੰ ਕਿਸ ਗੱਲ ਦਾ ਫਿਕਰ ਹੈ ?"

"ਪਰ ਇਨ੍ਹਾਂ ਬੱਚਿਆਂ ਦਾ ਕੀ ਬਣੇਗਾ ? ਇਹ ਉਸ ਨੂੰ ਬਹੁਤ ਪਿਆਰੇ ਹਨ ਤੇ ਮੈਨੂੰ ਵੀ !"

"ਕਾਨੂੰਨ ਅਨੁਸਾਰ ਬੱਚੇ ਤੇਰੇ ਕੋਲ ਹੀ ਰਹਿਣਗੇ ਤੇ ਹੌਲੀ-ਹੌਲੀ ਤੇਰੇ ਕੋਲ ਉਸ ਤੋਂ ਬਿਨਾਂ ਇਕੱਲੇ ਰਹਿਣ ਗਿੱਝ ਜਾਣਗੇ। ਮੈਨੂੰ ਤਾਂ ਵਿਆਹ ਸ਼ਾਦੀ ਦਾ ਇਹ ਝੰਜਟ ਅਸਲੋਂ ਨਿਰਰਾਥਕ ਜਾਪਦਾ ਹੈ।"

ਬੱਚਿਆਂ ਨੂੰ ਸੁਆ ਕੇ ਦੋਵੇਂ ਜਣੀਆਂ, ਡੂੰਘੀ ਸੋਚ ਵਿਚ, ਮੁੜ ਟੇਬਲ ਰੂਮ ਵਿਚ ਮਹਿਮਾਨਾਂ ਕੋਲ ਆ ਗਈਆਂ। ਕੁਝ ਮਹਿਮਾਨ ਖਿਮਾਂ ਮੰਗ ਕੇ ਜਾ ਚੁੱਕੇ ਸਨ। ਕੁਝ ਸੋਫ਼ਿਆਂ ਤੇ ਬੈਠੇ ਊਂਘ ਰਹੇ ਸਨ। ਕੁਝ ਜਰੋਗੇ ਨਾਲ ਡ੍ਰਿੰਕਸ ਲੈਂਦੇ ਹੋਏ ਸ਼ੀਸ਼ਿਆਂ 'ਚੋਂ ਛਣ ਛਣ ਆ ਰਹੀ ਪਹੁ-ਫੁਟਾਲੇ ਦੀ ਰੌਸ਼ਨੀ ਦਾ ਆਨੰਦ ਮਾਣ ਰਹੇ ਸਨ। ਪਹੁ-ਫੁਟਾਲਾ ਪੂਰੇ ਜੋਬਨ ਤੇ ਆਇਆ, ਤਾਂ ਸਭ ਨੇ ਖ਼ੁਸ਼ੀ ਦਾ ਨਾਅਰਾ ਮਾਰਿਆ। ਊਂਘ ਰਹੇ ਮਹਿਮਾਨ ਵੀ ਜਾਗ ਪਏ। ਫਿਰ ਸਭ ਨੇ ਆਪੋ ਆਪਣੇ ਗਲਾਸਾਂ 'ਚੋਂ ਸਿਪ ਕਰਦੇ ਹੋਇਆਂ ਸੰਗੀਤ ਦੇ ਸੁਰਾਂ ਤੇ ਵਿਦਾਇਗੀ ਨ੍ਰਿਤ ਕਰਨਾ ਸ਼ੁਰੂ ਕਰ ਦਿੱਤਾ।

ਨ੍ਰਿਤ ਦੀ ਸਮਾਪਤੀ ਉਪਰੰਤ ਇਕ-ਇਕ ਕਰਕੇ ਸਭ ਮਹਿਮਾਨ ਚਲੇ ਗਏ, ਪਰ ਘਰ ਅੰਦਰ ਅਜੇ ਤੱਕ ਵੀ ਹਰ ਇਕ ਚੀਜ਼ ਥਾਂ ਦੀ ਥਾਂ ਖੜ੍ਹੀ ਸੀ ! ਤਣਾਅ ਉਸੇ ਤਰ੍ਹਾਂ ਕਾਇਮ ਸੀ। ਨਾ ਜਰੋਗੇ ਕੁਝ ਬੋਲਿਆ ਤੇ ਨਾ ਮਿਸਿਜ਼ ਜਰੋਗੇ ਤੇ ਚੈਰੇਟੀ !

* * *

ਇਨ੍ਹਾਂ ਦਿਨਾਂ ਵਿਚ ਹੀ ਚੈਰੇਟੀ ਤੇ ਮਿਸਿਜ਼ ਜਰੋਗੇ ਇਕ ਦੋ ਵਾਰ ਇਸ ਸੰਬੰਧ ਵਿਚ ਆਪਣੇ ਮਾਤਾ ਪਿਤਾ ਕੋਲ ਵੀ ਜਾ ਆਈਆਂ ਸਨ। ਐਤਵਾਰ ਛੁੱਟੀ ਦਾ ਦਿਨ ਸੀ। ਜਰੋਗੇ ਰਾਤ ਦੇਰ ਨਾਲ ਪਰਤਿਆ ਹੋਣ ਕਰਕੇ ਅਜੇ ਤੱਕ ਵੀ ਸੁੱਤਾ ਪਿਆ ਸੀ। ਗਿਆਰਾਂ ਵੱਜ ਚੁੱਕੇ ਸਨ। ਉਸ ਨੇ ਮੂੰਹ ਹੱਥ ਧੋ ਕੇ ਬਰੱਸ਼ ਕੀਤਾ ਤੇ ਬਾਹਰ ਲਾਅਨ ਵਿਚ ਟਹਿਲਣ ਲਈ ਕਦਮ ਉਠਾਏ। ਬਾਹਰ ਗਾਈਆਂ ਤੇ ਬੱਕਰੀਆਂ ਖੜੀਆਂ ਵੇਖ ਕੇ ਜਿਵੇਂ ਉਸ ਨੂੰ ਵਿਸ਼ਵਾਸ ਨਾ ਆਇਆ ਹੋਵੇ ਕਿ ਇੰਞ ਵੀ ਹੋ ਸਕਦਾ ਹੈ, ਉਹ ਅੰਦਰੇ ਅੰਦਰ ਖਿੱਚਿਆ ਧਰੀਕਿਆ ਗਿਆ !

"ਇਹ ਹਨ ਤੇਰੀਆਂ ਗਾਈਆਂ ਤੇ ਬੱਕਰੀਆਂ, ਸਾਂਭ ਇਨ੍ਹਾਂ ਨੂੰ ਤੇ ਮੈਨੂੰ ਮੇਰੀ ਆਜ਼ਾਦੀ ਦੇ ਦੇ ! ਮੈਂ ਹੋਰ ਬਹੁਤੀ ਦੇਰ ਇਹ ਕੁਝ ਨਹੀਂ ਸਹਾਰ ਸਕਦੀ, ਸਮਝੇ ?"

ਜਰੋਗੇ ਚੁੱਪ ਸੀ, ਪਰ ਮਿਸਿਜ਼ ਜਰੋਗੇ ਵਾਰ-ਵਾਰ ਚੈਰੇਟੀ ਵਲ ਵੇਖਦੀ ਹੋਈ ਉਸ ਉੱਤੇ ਵਰ੍ਹ ਰਹੀ ਸੀ। ਸ਼ੋਰ ਸੁਣ ਕੇ ਮਦੋਨੀ ਤੇ ਜਾਰਜ ਵੀ ਬਾਹਰ ਆ ਗਏ। ਜਰੋਗੇ ਨੇ ਆਪਣੀ ਪਤਨੀ ਵੱਲ ਪਿੱਠ ਭੁਆ ਲਈ। ਮਿਸਿਜ਼ ਜਰੋਗੇ ਨੇ ਇਸ ਨੂੰ ਆਪਣੀ ਹੱਤਕ ਸਮਝਦੇ ਹੋਇਆਂ ਉਸ ਵਲ ਪਿੱਠ ਭੁਆ ਲਈ। ਚੈਰੇਟੀ ਮਿਸਿਜ਼ ਜਰੋਗੇ ਨੂੰ ਛੇਤੀ ਚੱਲਣ ਵਾਸਤੇ ਆਖ ਰਹੀ ਸੀ। ਚੈਰੇਟੀ ਦੇ ਵਾਰ-ਵਾਰ ਕਹਿਣ ਉੱਤੇ ਮਿਸਟਰ ਤੇ ਮਿਸਿਜ਼ ਜਰੋਗੇ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਉਨ੍ਹਾਂ ਦੋਹਾਂ ਦੀ ਪਿੱਠ ਉੱਤੇ ਅੱਖਾਂ ਉੱਗ ਆਈਆਂ ਹੋਣ ਤੇ ਉਹ ਇਕ ਦੂਜੇ ਨੂੰ ਵੇਖ ਰਹੇ ਹੋਣ ਕਿ ਕੌਣ ਪਹਿਲਾਂ ਤੁਰਦਾ ਹੈ ! ਉਨ੍ਹਾਂ ਦੋਹਾਂ ਦੀਆਂ ਪਿੱਠਾਂ ਵਿਚਕਾਰ ਜੇ ਵਿੱਥ ਸੀ ਤਾਂ ਕੇਵਲ ਜਾਰਜ ਦੇ ਖੜੋਣ ਜੋਗੀ। ਹੌਲੀ-ਹੌਲੀ ਤੁਰਦਾ ਜਾਰਜ ਉਨ੍ਹਾਂ ਦੋਹਾਂ ਦੇ ਵਿਚਕਾਰ ਆ ਖੜੋਤਾ ਅਤੇ ਉਸ ਨੇ ਆਪਣੇ ਮਾਸੂਮ ਬੋਲਾਂ ਵਿਚ 'ਮੰਮੀ ਤੇ ਡੈਡੀ' ਦੋਹਾਂ ਨੂੰ ਸੰਬੋਧਨ ਕਰਦੇ ਹੋਇਆਂ ਉਨ੍ਹਾਂ ਦੋਹਾਂ ਦੇ ਹੱਥਾਂ ਦੀ ਇਕ-ਇਕ ਉਂਗਲੀ ਫੜ ਲਈ ਤੇ ਝੂਮਣ ਲੱਗ ਪਿਆ ! ਝੂਮਦੇ ਹੋਏ ਜਾਰਜ ਦੇ ਹੱਥਾਂ ਦੇ ਸਪਰਸ਼ ਨੇ ਉਨ੍ਹਾਂ ਦੋਹਾਂ ਦੀਆਂ ਪਿੱਠਾਂ ਵਿਚਕਾਰ ਇਕ ਅਨੋਖੀ ਸਾਂਝ ਪੈਦਾ ਕਰ ਦਿੱਤੀ। ਜਾਰਜ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਜਕੜ ਦਿੱਤਾ ਸੀ ਕਿ ਉਹ ਵਿਰੋਧੀ ਦਿਸ਼ਾ ਵਲ ਇਕ ਕਦਮ ਪੁੱਟਣ ਦੀ ਜੁਰੱਅਤ ਵੀ ਨਹੀਂ ਸਨ ਕਰ ਰਹੇ।

ਚੈਰੇਟੀ ਦੂਰ ਖੜੋਤੀ ਉਨ੍ਹਾਂ ਨੂੰ ਘੂਰ ਰਹੀ ਸੀ, ਪਰ ਉਹ ਦੋਵੇਂ ਆਪਣੀ ਪਿੱਠ ਉੱਤੇ ਉੱਗੀਆਂ ਅੱਖਾਂ ਨਾਲ ਦੋਹਾਂ ਪਿੱਠਾਂ ਵਿਚਕਾਰਲੀ ਇਸ ਸਾਂਝ ਨੂੰ ਬੜੇ ਗਹੁ ਨਾਲ ਵੇਖ ਰਹੇ ਸਨ !

# ਪੈਰਸ ਦੀ ਕੁੜੀ

"ਲੰਡਨ ਤੋਂ ਡੋਵਰ ਤਕ ਕਿੰਨਾਂ ਸਮਾਂ ਲੱਗੇਗਾ ?" ਉੱਚੇ ਕੱਦ ਤੇ ਇਕਹਿਰੇ ਜਿਸਮ ਵਾਲੇ ਕਵੀ ਨੇ ਇੰਗਲੈਂਡ ਦੇ ਵਾਸੀ ਆਪਣੇ ਮਿੱਤਰ ਪੰਜਾਬੀ ਸਪਤਾਹਕ ਦੇ ਸੰਪਾਦਕ ਨੂੰ ਪੁੱਛਿਆ ਜੋ ਕਿ ਔਸਤ ਕੱਦ ਵਾਲਾ ਇਕ ਸਾਧਾਰਨ ਜਿਹਾ ਵਿਅਕਤੀ ਸੀ। ਸੰਪਾਦਕ ਨੇ ਆਪਣੀ ਕਾਰ ਚੈੱਕ ਕਰਦੇ ਹੋਇਆਂ ਉੱਤਰ ਦਿੱਤਾ :

"ਬਸ ਤਿੰਨ ਚਾਰ ਘੰਟੇ। ਸਭ ਠੀਕ ਹੈ। ਬੈਠੋ, ਹੌਲੀ-ਹੌਲੀ ਚੱਲਾਂਗੇ। ਤਿੰਨ ਵਜੇ ਫੈਰੀ ਫੜ ਕੇ, ਚਾਰ ਵਜੇ ਫਰਾਂਸ ਦੀ ਬੰਦਰਗਾਹ, 'ਬੁਲਾਇਨ' ਪਹੁੰਚ ਜਾਵਾਂਗੇ।"

"ਫ਼ਰਾਂਸ, ਪੈਰਸ ! ਹਾਏ ਪੈਰਸ ਦੀਆਂ ਕੁੜੀਆਂ !" ਇਸ ਵਾਰ ਕਵੀ ਤੇ ਸੰਪਾਦਕ ਦੇ ਦੋ ਹੋਰ ਸਾਥੀਆਂ, ਜਿਨ੍ਹਾਂ ਵਿਚੋਂ ਇਕ ਮੱਧਰੇ ਜਿਹੇ ਕੱਦ ਦਾ ਛੀਟਕਾ ਜਿਹਾ ਕਹਾਣੀਕਾਰ ਸੀ ਅਤੇ ਇਕ ਕਸਰਤੀ ਜਿਸਮ ਵਾਲਾ ਗੱਠਿਆ ਹੋਇਆ ਉੱਚਾ ਲੰਮਾ ਚਿਤਰਕਾਰ, ਨੇ ਇੱਕ ਵਾਰੀ ਦਿਲ 'ਤੇ ਹੱਥ ਰੱਖ ਕੇ ਆਖਿਆ। ਕਾਰ ਤੋਰਦਿਆਂ ਸੰਪਾਦਕ ਬੋਲਿਆ, "ਹਾਏ ! ਪੈਰਸ ਦੀਆਂ ਪਰੀਆਂ !"

ਪੈਰਸ ਦੁਨੀਆਂ ਦਾ ਸਭ ਤੋਂ ਖ਼ੂਬਸੂਰਤ ਸ਼ਹਿਰ, ਜਿਸ ਦੇ ਹੁਸਨ ਬਾਰੇ ਮੁੱਦਤ ਤੋਂ ਸੁਣਦੇ ਆ ਰਹੇ ਹਾਂ, ਅੱਜ ਸਾਡੇ ਕਦਮਾਂ ਵਿਚ ਹੋਵੇਗਾ ਪਰ ਪੈਰਸ ਦੀ ਕੁੜੀ... ?" ਹਉਕਾ ਜਿਹਾ ਭਰਦੇ ਹੋਏ ਕਵੀ ਨੇ ਸੰਪਾਦਕ ਵਲ ਵੇਖਿਆ।

"ਗ਼ਮ ਨਾ ਕਰ ਪਿਆਰੇ, ਪੈਰਸ ਵਿਚ ਕੁੜੀਆਂ ਦਾ ਕੋਈ ਘਾਟਾ ਨਹੀਂ। ਲੰਡਨ ਵਿਚ ਪਿਕਾਡਲੀ ਤੇ ਪੈਰਸ ਵਿਚ ਪਿਗਾਲ।"

"ਜਿਵੇਂ ਕਦੇ ਦਿੱਲੀ ਵਿਚ ਜੀ. ਬੀ. ਰੋਡ ਅਤੇ ਆਗਰੇ ਵਿਚ ਫੁਲੱਟੀ ਬਾਜ਼ਾਰ ਸੀ।" ਕਹਾਣੀਕਾਰ ਨੇ ਡੂੰਘਾ ਸਾਹ ਭਰਦੇ ਹੋਏ ਆਖਿਆ।

"ਸੀ ਨਹੀਂ ਪਿਆਰੇ, ਹੈ ! ਮੈਂ ਤਾਂ ਪੈਰਸ ਦੇ ਪਿਛੋਕੜ ਵਿਚ ਪੈਰਸ ਦੀ ਕੁੜੀ ਦਾ ਪੋਟਰੇਟ ਬਣਾਵਾਂਗਾ, ਜੋ ਮੇਰਾ ਸ਼ਾਹਕਾਰ ਹੋਵੇਗਾ, ਮੋਨਾਲਿਜ਼ਾ ਵਾਂਗ।"

"ਤੇ ਮੈਂ ਇਕ ਕਵਿਤਾ ਲਿਖਾਂਗਾ। ਕਵਿਤਾ, ਜਿਸ ਵਿਚ ਉਸ ਦੇ ਭਖ਼ਦੇ ਅੰਗਾਂ ਤੇ ਲਟ-ਲਟ ਮੱਚਦੀ ਜਵਾਲਾ ਦਾ ਜ਼ਿਕਰ ਹੋਵੇਗਾ। ਕਵਿਤਾ ਜੋ ਮੇਰੇ ਆਪਣੇ ਨਿੱਜੀ ਅਨੁਭਵ ਦੀ ਸਿਰਜਣਾ ਹੋਵੇਗੀ। ਕਵਿਤਾ, ਜਿਸ ਦੇ ਹਰ ਸ਼ਬਦ ਵਿੱਚੋਂ ਮਨੁੱਖ ਦੀ ਆਦਿ-ਜੁਗਾਦੀ ਅਤ੍ਰਿਪਤੀ, ਲੋਚਾ ਡੁੱਲ੍ਹ-ਡੁੱਲ੍ਹ ਪਵੇਗੀ। ਕਵਿਤਾ, ਜਿਸ ਵਿੱਚੋਂ ਮੈਂ ਬੋਲਾਂਗਾ, ਅੱਜ ਦਾ ਮਨੁੱਖ ਬੋਲੇਗਾ।"

"ਤੇ ਮੈਂ ਇਕ ਕਹਾਣੀ ਲਿਖਾਂਗਾ, ਇਕ ਲੰਮੀ ਕਹਾਣੀ, ਅਦਨ ਦੇ ਬਾਗ਼ ਦੇ ਵਰਜਤ ਫਲ ਤੋਂ ਲੈ ਕੇ ਅੱਜ ਦੇ ਮਨੁੱਖ ਦੇ ਨੈਤਿਕ ਵਿਵਹਾਰ ਤਕ। ਕਹਾਣੀ ਜਿਸ ਵਿਚ ਮੇਰੇ ਅੰਦਰਲਾ ਆਦਮ ਵਰਜਤ ਫਲ ਖਾਣ ਉਪਰੰਤ ਆਪਣੀਆਂ ਖੁੱਲ੍ਹ ਚੁੱਕੀਆਂ ਅੱਖਾਂ ਨੂੰ ਮੁੜ ਮੁੰਦ ਲੈਣ ਲਈ ਤੜਪੇਗਾ। ਅੱਖਾਂ ਜੋ ਅੱਜ ਦੀ ਚਕਾਚੌਂਧ ਕਰ ਦੇਣ ਵਾਲੀ ਰੌਸ਼ਨੀ ਵਿਚ ਹਰ ਪਲ, ਹਰ ਛਿਣ ਅੰਦਰੇ ਅੰਦਰ ਉਸ ਨੂੰ ਅਪਰਾਧ-ਗ੍ਰੰਥੀ ਵਿਚ ਨਪੀੜ

ਰਹੀਆਂ ਹਨ। ਜੋ ਉਹ ਵੇਖਦਾ ਹੈ, ਕਹਿ ਨਹੀਂ ਸਕਦਾ। ਜੋ ਉਹ ਕਹਿੰਦਾ ਹੈ, ਕਰ ਨਹੀਂ ਸਕਦਾ। ਬਸ ਇਹੋ ਕਹਾਣੀ, ਇਕ ਲੰਮੀ ਕਹਾਣੀ ਜਿਸ ਦੀ, ਪ੍ਰਕਿਰਤੀ, ਚਿੰਤਨ ਤੇ ਵਿਕਾਸ ਨਾਲ, ਦਿਨ ਪ੍ਰਤੀ ਦਿਨ ਪੀਡੀ ਤੇ ਜੱਟਿਲ ਹੁੰਦੀ ਜਾ ਰਹੀ ਹੈ।"

"ਤੇ ਮੈਂ ਆਪਣੇ ਸਪਤਾਹਕ ਲਈ ਇਕ ਯਾਤਰਾ-ਲੇਖ ਲਿਖਾਂਗਾ। ਇਹ ਵੇਖ ਕੇ ਕਿ ਕਿਵੇਂ ਹਿੰਦੋਸਤਾਨ ਦੇ ਰਾਜੇ ਮਹਾਰਾਜੇ ਪੈਰਸ ਵਿਚ ਆ ਕੇ ਹਿੰਦੋਸਤਾਨ ਦੀ ਦੌਲਤ ਰੋੜ੍ਹਦੇ ਰਹੇ ਸਨ। ਆਖ਼ਿਰ ਉਹ ਕਿਹੜੀ ਖਿੱਚ ਸੀ ? ਹਾਏ ਜੇ ਕਿਤੇ ਉਹ ਖਿੱਚ ਮੈਨੂੰ ਵੀ ਮਿਲ ਜਾਵੇ, ਤਾਂ ਜ਼ਿੰਦਗੀ ਬਣ ਜਾਵੇ !"

ਸੰਪਾਦਕ ਤੋਂ ਛੁੱਟ ਬਾਕੀ ਤਿੰਨ ਜਣੇ ਅਫ਼ਰੀਕਾ ਤੋਂ ਇਕ ਮਹੀਨੇ ਵਾਸਤੇ ਇੰਗਲੈਂਡ ਤੇ ਯੂਰਪ ਦੀ ਯਾਤਰਾ ਕਰਨ ਵਾਸਤੇ ਆਏ ਸਨ। ਇਸ ਤਰ੍ਹਾਂ ਗੱਲਾਂ ਕਰਦੇ ਇਹ ਚਾਰੇ ਮਿੱਤਰ ਲੰਡਨ ਦੇ ਗੁੰਜਾਨ ਆਬਾਦ ਇਲਾਕੇ ਨੂੰ ਛਡ ਕੇ ਹੁਣ ਕੈਂਟ ਦੇ ਖ਼ੂਬਸੂਰਤ ਤੇ ਖੁੱਲ੍ਹੇ-ਡੁੱਲ੍ਹੇ ਇਲਾਕੇ ਵਿਚ ਪਰਵੇਸ਼ ਕਰ ਰਹੇ ਸਨ। ਅਗਸਤ ਮਹੀਨੇ ਦੀ ਕੋਸੀ-ਕੋਸੀ ਸਰਦੀ ਤੇ ਨਿਖਰੀ ਹੋਈ ਧੁੱਪ ਵਿਚ ਕੈਂਟ ਦੀ ਹਰੀ-ਭਰੀ ਲੈਂਡਸਕੇਪ ਧੁਪੀ-ਧੁਪੀ ਲੱਗਦੀ ਸੀ। ਵਿੰਗ ਵਲ ਖਾਂਦੀ ਸੜਕ ਨਾਲ ਉਚਾਣਾ ਨੀਵਾਣਾਂ ਚੜ੍ਹਦੇ ਉੱਤਰਦੇ ਚਾਰੇ ਮਿੱਤਰ ਬਾਹਰ ਦੀ ਕੁਦਰਤੀ ਖ਼ੂਬਸੂਰਤੀ ਤੋਂ ਬਿਲਕੁਲ ਅਭਿੱਜ ਰਹਿ ਕੇ ਸਫ਼ਰ ਕਰ ਰਹੇ ਸਨ। ਹਰ ਇਕ ਦੀਆਂ ਅੱਖਾਂ ਪੈਰਸ ਦੀ ਕੁੜੀ ਨੇ ਮੱਲ ਰਖੀਆਂ ਸਨ।

"ਯਾਰ ਇਹ ਗੱਲ ਬੜੀ ਅਜੀਬ ਹੈ, ਜਦੋਂ ਅਸੀਂ ਅਫ਼ਰੀਕਾ ਪਹੁੰਚੇ ਤਾਂ ਪਹਿਲਾਂ-ਪਹਿਲਾਂ ਕਾਲੇ ਰੰਗ ਦੀਆਂ ਘੁੰਗਰਾਲੇ ਵਾਲਾਂ ਵਾਲੀਆਂ ਕੁੜੀਆਂ ਬੜੀਆਂ ਭੱਦੀਆਂ ਜਿਹੀਆਂ ਜਾਪੀਆਂ ਸਨ। ਪਰ ਫਿਰ ਹੌਲੀ-ਹੌਲੀ ਇਨ੍ਹਾਂ ਦੀ ਪਹਿਚਾਣ ਹੋਣ ਲਗ ਪਈ ਤੇ ਉਨ੍ਹਾਂ ਪ੍ਰਤੀ ਖਿੱਚ ਦਿਨ ਪ੍ਰਤੀ ਦਿਨ ਵਧਦੀ ਗਈ। ਮੇਰੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਇਸੇ ਕਾਲੇ ਹੁਸਨ ਦਾ ਭਖਦਾ ਜ਼ਿਕਰ ਹੈ।"

"ਤੇ ਫਿਰ ਲੰਡਨ ਆ ਕੇ ਗੋਰੀਆਂ ਮੇਮਾਂ ਦੇ ਮਰਮਰੀ ਜਿਸਮਾਂ ਦੀ ਇਕ ਇਕ ਛੁਹ ਇਕ-ਇਕ ਕਹਾਣੀ ਬਣ ਕੇ ਮੇਰੇ ਅੰਦਰੋਂ ਆਪ-ਮੁਹਾਰਾ ਫੁੱਟ ਪਈ। ਇਹ ਅੰਗਰੇਜ਼ ਕਿਸੇ ਸਮੇਂ ਸਾਡੇ ਉੱਤੇ ਹਕੂਮਤ ਕਰਦੇ ਸਨ। ਆਪਣੇ ਹੇਠ ਅੰਗਰੇਜ਼ ਡਰਾਈਵਰ ਦੀ ਟੈਕਸੀ ਅਤੇ ਫਿਰ ਗੋਰੀ ਮੇਮ ਦਾ ਅਨੁਭਵ ਕਰਕੇ ਪਹਿਲੀ ਵਾਰ ਮੈਨੂੰ ਇੰਵ ਪ੍ਰਤੀਤ ਹੋਇਆ, ਜਿਵੇਂ ਸਦੀਆਂ ਦੀ ਗੁਲਾਮੀ ਪਿੱਛੋਂ ਹਿੰਦੋਸਤਾਨ ਅੱਜ ਅਜ਼ਾਦ ਹੋਇਆ ਹੋਵੇ !"

"ਤੇ ਹੁਣ ਸਭ ਦੀਆਂ ਅੱਖਾਂ ਪੈਰਸ ਦੀ ਕੁੜੀ 'ਤੇ ਲੱਗੀਆਂ ਹੋਈਆਂ ਹਨ। ਕਿਉਂ ? ਹਾਏ ! ਮਨੁੱਖ ਦੀ ਕਮਜ਼ੋਰੀ।"

ਕਹਿੰਦੇ ਹੋਏ ਸੰਪਾਦਕ ਨੇ ਡੋਵਰ ਐਂਟਰੈਂਸ ਚੈੱਕ ਪੋਸਟ 'ਤੇ ਪਾਸਪੋਰਟ ਤੇ ਹੋਰ ਜ਼ਰੂਰੀ ਕਾਗਜ਼ਾਤ ਆਦਿ ਚੈੱਕ ਕਰਵਾਏ ਤੇ ਫਿਰ ਕਾਰ ਫੈਰੀ ਵਿਚ ਪਾਰਕ ਕਰਕੇ ਚਾਰੇ ਮਿੱਤਰ ਉੱਪਰ ਫੈਰੀ ਦੀ ਸੈਲੂਨ ਬਾਰ ਵਿਚ ਜਾ ਬੈਠੇ। ਵਿਸਕੀ ਦੀਆਂ ਚੁਸਕੀਆਂ ਭਰਦਿਆਂ, ਉਨ੍ਹਾਂ ਨੇ ਆਲੇ ਦੁਆਲੇ ਝਾਤ ਮਾਰੀ। ਅਮਰੀਕਨ, ਆਸਟ੍ਰੇਲੀਅਨ ਤੇ ਹੋਰ ਮੁਲਕਾਂ ਦੇ ਯਾਤਰੂ ਆਪਣੇ-ਆਪਣੇ ਮੇਜ਼ 'ਤੇ ਆਪਣਾ-ਆਪਣਾ ਸੰਸਾਰ ਸਿਰਜੀ ਬੈਠੇ, ਆਪਣੇ ਆਪਣੇ ਜਾਮ ਵਿਚ ਮਗਨ ਸਨ। ਖ਼ੂਬਸੂਰਤ ਜਵਾਨ ਕੁੜੀਆਂ, ਛੋਟੇ-ਛੋਟੇ ਬੱਚੇ, ਬੁੱਢੇ-ਬੁੱਢੀਆਂ ਅਤੇ ਅਧਖੜ ਸਭ ਆਪਣੇ ਗਲਾਸਾਂ 'ਚੋਂ ਚੁਸਕੀਆਂ ਭਰਦੇ ਹੋਏ ਸ਼ੀਸ਼ਿਆਂ 'ਚੋਂ ਛਣ-ਛਣ ਆ ਰਹੇ ਇੰਗਲਿਸ਼ ਚੈਨਲ ਦੇ ਸੁਹਾਵਣੇ ਦ੍ਰਿਸ਼ ਨੂੰ ਵੇਖ ਰਹੇ ਸਨ।

"ਜ਼ਿੰਦਗੀ ਤਾਂ ਇਨ੍ਹਾਂ ਲੋਕਾਂ ਦੀ ਹੈ ! ਨਾ ਫ਼ਿਕਰ, ਨਾ ਫਾਕਾ। ਜਦੋਂ ਜੀ ਕੀਤਾ ਜਿੱਧਰ ਮਰਜ਼ੀ ਤੁਰ ਪਏ। ਅਸੀਂ ਲੋਕ ਤਾਂ ਨਰਕ ਭੋਗਦੇ ਹਾਂ। ਪੰਜ ਸਾਲ ਹੋ ਗਏ ਹਨ ਇੰਗਲੈਂਡ ਵਿਚ ਆਇਆਂ। ਪਹਿਲਾਂ ਫ਼ੈਕਟਰੀ ਵਿਚ ਦੋ ਸਾਲ ਮੂੰਹ ਸਿਰ ਕਾਲਾ ਕੀਤਾ, ਹੁਣ ਪਰਚਾ ਕੱਢਿਆ ਹੈ। ਬੜੇ ਪੈਸੇ ਕਮਾਏ, ਪਰ ਘਰ ਦੀ ਕਬੀਲਦਾਰੀ ਦੀਆਂ ਮਜਬੂਰੀਆਂ ਸੌਹੇਂ ਹੌਂਸਲਾ ਨਹੀਂ ਪਿਆ ਕਿ ਕਿਸੇ ਹੋਰ ਦੇਸ਼ ਦੀ ਸੈਰ ਹੀ ਕਰ ਆਈਏ। ਹੁਣ ਤੁਸੀਂ ਆਏ ਹੋ, ਤਾਂ ਮਰਕਲਾਂਦਿਆਂ ਨਾਲ ਤੁਰ ਪਿਆ ਹਾਂ।"

ਸੰਪਾਦਕ ਦੇ ਉੱਤਰ ਵਿਚ ਚਿੱਤਰਕਾਰ ਬੋਲਿਆ, "ਅਸੀਂ ਭਾਰਤੀ ਲੋਕ ਆਪਣੀ ਜਵਾਨੀ ਦਾ ਬਿਹਤਰੀਨ

ਸਮਾਂ ਕਿਰਸ ਕਰ-ਕਰ ਕੇ ਪੈਸੇ ਜੋੜਨ ਵਿਚ ਗੁਜ਼ਾਰ ਦਿੰਦੇ ਹਾਂ ਤੇ ਜਦੋਂ ਚਾਰ ਪੈਸੇ ਕੋਲ ਹੁੰਦੇ ਹਨ ਤਾਂ ਅਸੀਂ ਬੁੱਢੇ ਹੋ ਚੁੱਕੇ ਹੁੰਦੇ ਹਾਂ, ਮੁੰਡੇ ਕੁੜੀਆਂ ਜਵਾਨ ਹੋ ਜਾਂਦੇ ਹਨ। ਉਨ੍ਹਾਂ ਦੀ ਪੜ੍ਹਾਈ ਤੇ ਵਿਆਹ ਸ਼ਾਦੀ ਦੀ ਜ਼ਿੰਮੇਵਾਰੀ ਆ ਪੈਂਦੀ ਹੈ। ਇਸ ਤਰ੍ਹਾਂ ਸਾਡੀ ਉਮਰ ਕੋਹਲੂ ਦੇ ਬੈਲ ਵਾਂਗ ਗੁਜ਼ਰ ਜਾਂਦੀ ਹੈ, ਨੀਰਸ, ਫਿੱਕੀ ਇਕਾਂਗੀ !"

"ਯਾਰ ! ਇਨ੍ਹਾਂ ਦਾ ਸੋਸ਼ਲ ਸੈੱਟ-ਅੱਪ ਹੋਰ ਹੈ। ਨੈਤਿਕ ਤੇ ਸਮਾਜਕ ਕੀਮਤਾਂ ਵੱਖਰੀਆਂ ਹਨ। ਨਾ ਬੱਚਿਆਂ ਦੀ ਪੜ੍ਹਾਈ ਦਾ ਫ਼ਿਕਰ, ਨਾ ਵਿਆਹ ਸ਼ਾਦੀ ਦਾ, ਨਾ ਬੁਢਾਪੇ ਦਾ। ਉਮਰ ਦਾ ਹਰ ਪੜਾਅ ਸੁਰੱਖਿਅਤ ਹੈ। ਇੰਗਲੈਂਡ ਵਿਚ ਜੇ ਤੁਸੀਂ ਬੇਕਾਰ ਹੋ ਤਾਂ ਭੁੱਖੇ ਨਹੀਂ ਮਰਦੇ। ਸਰਕਾਰ ਵਲੋਂ ਤੁਹਾਨੂੰ ਬੇਕਾਰੀ ਅਲਾਊਂਸ ਮਿਲ ਜਾਂਦਾ ਹੈ। ਬੀਮਾਰੀ ਵੇਲੇ ਮੁਫ਼ਤ ਇਲਾਜ ਹੁੰਦਾ ਹੈ। ਵਿਆਹ, ਸ਼ਾਦੀ, ਪੜ੍ਹਾਈ ਤੇ ਕੋਈ ਖ਼ਰਚ ਨਹੀਂ ਤਾਂ ਫਿਕਰ ਕਾਹਦਾ ?"

ਕਵੀ ਦੀ ਗੱਲ ਨੂੰ ਜਾਰੀ ਰੱਖਦਿਆਂ ਕਹਾਣੀਕਾਰ ਬੋਲਿਆ, "ਫਿਰ ਅਸੀਂ ਕਿਉਂ ਨਹੀਂ ਸੋਚਦੇ ਆਪਣੇ ਸਮਾਜ ਨੂੰ ਬਦਲਣ ਬਾਰੇ। ਬੁਰੀਆਂ ਤੇ ਆਊਟ ਆਫ਼ ਡੇਟ ਕੀਮਤਾਂ ਦਾ ਤਿਆਗ ਜ਼ਰੂਰੀ ਹੈ।"

"ਅਜੇ ਤਾਂ ਅਸੀਂ ਭੁੱਖ ਨੰਗ ਨਾਲ ਘੁਲ ਰਹੇ ਹਾਂ। ਬੇਕਾਰੀ ਦਾ ਸਾਹਮਣਾ ਕਰ ਰਹੇ ਹਾਂ। ਕਾਲ-ਪੀੜਤ ਹਾਂ ਤੇ ਫਿਰ ਸਮਾਜਵਾਦੀ ਨਜ਼ਾਮ ਦਾ ਨਾਅਰਾ ਦੇ ਕੇ ਵੀ ਏਨੇ ਪ੍ਰਤੀਗਾਮੀ ਹਾਂ ਕਿ ਇਸ ਪਲ ਪਲ ਨਿੱਘਰ ਰਹੇ ਸਮਾਜਕ ਢਾਂਚੇ ਦੀ ਘੁਟਨ ਵਿੱਚੋਂ ਨਿਕਲ ਕੇ ਬਾਹਰ ਖੁੱਲ੍ਹੀ ਹਵਾ ਵਿਚ ਆਉਣ ਦੀ ਥਾਂ, ਇਸੇ ਦੇ ਹੇਠਾਂ ਮਰ ਮਿਟਣ ਲਈ ਤਤਪਰ ਜਾਪਦੇ ਹਾਂ।"

ਸੰਪਾਦਕ ਦੇ ਇਸ ਕਥਨ 'ਤੇ ਆਲੋਚਨਾ ਕਰਦੇ ਹੋਏ ਚਿੱਤਰਕਾਰ ਬੋਲਿਆ, "ਛੱਡ ਪਰ੍ਹੇ ਏਸ ਭਾਸ਼ਨ ਨੂੰ। ਵੇਖ ਸਾਹਮਣੀ ਕੁੜੀ ਕਿੰਨੀ ਹੁਸੀਨ ਹੈ ! ਜਦੋਂ ਫੈਰੀ ਡੋਲਦੀ ਹੈ, ਤਾਂ ਸ਼ੀਸ਼ੇ 'ਚੋਂ ਨਜ਼ਰ ਆਉਂਦੀ ਕਿਸੇ ਝੱਗੋ-ਝੱਗ ਛੱਲ ਦੇ ਪਿਛੋਕੜ 'ਚੋਂ ਉਸ ਦਾ ਚਿਹਰਾ ਕਿੰਨਾ ਦਿਲਕਸ਼ ਜਾਪਦਾ ਹੈ, ਫੇਅਰੀ, ਪਰੀ ਚਿਹਰਾ !"

ਉਸ ਕੁੜੀ ਨੂੰ ਡੈੱਕ ਵਲ ਜਾਂਦਿਆਂ ਵੇਖ ਕੇ ਚਾਰੇ ਮਿੱਤਰ ਉੱਠ ਕੇ ਉਸ ਦੇ ਮਗਰ ਹੋ ਤੁਰੇ ਤੇ ਚਿੱਤਰਕਾਰ ਨੇ ਗੱਲ ਜਾਰੀ ਰਖਦੇ ਹੋਏ ਕਿਹਾ, "ਕੁਦਰਤ ਦਾ ਹੁਸਨ, ਪਰੀ-ਚਿਹਰਾ ਤੇ ਸਾਡੇ ਜਜ਼ਬਾਤ ਦੀ ਤਰਜਮਾਨੀ ਕਰਦੀ ਹੋਈ ਰਫ਼ ਇੰਗਲਿਸ਼ ਚੈਨਲ ! ਤੁਸੀਂ ਇਹ ਕੀਮਤੀ ਸਮਾਂ ਫ਼ਜ਼ੂਲ ਬਹਿਸ ਵਿਚ ਗਵਾ ਰਹੇ ਹੋ !"

ਫੈਰੀ ਬਹੁਤ ਡੋਲ ਰਹੀ ਸੀ। ਪਰ ਸਭ ਯਾਤਰੂ ਫੈਰੀ ਨਾਲ ਟਕਰਾ ਕੇ ਡੈੱਕ ਤਕ ਪਹੁੰਚਦੀਆਂ ਸਮੁੰਦਰ ਦੀਆਂ ਛੱਲਾਂ ਨਾਲ ਹਲਕਾ-ਹਲਕਾ ਭਿੱਜ ਕੇ ਇਕ ਅਨੋਖਾ ਵਿਸਮਾਦ ਜਿਹਾ ਅਨੁਭਵ ਕਰ ਰਹੇ ਸਨ। ਚਾਰੇ ਮਿੱਤਰ ਆਪਣੀਆਂ ਭਿੱਜੀਆਂ ਹੋਈਆਂ ਪੱਗਾਂ ਨੂੰ ਸੰਵਾਰਦੇ ਆਪਣੇ ਚਿਹਰਿਆਂ ਨੂੰ ਪੂੰਝਦੇ ਹੋਏ ਜੀਭ ਉੱਤੇ ਪਾਣੀ ਦਾ ਲੂਣਾ-ਲੂਣਾ ਸੁਆਦ ਮਾਣ ਰਹੇ ਸਨ ਤੇ ਆਲੇ-ਦੁਆਲੇ ਖੜੋਤੀਆਂ ਹੁਸੀਨ ਕੁੜੀਆਂ ਵਲ ਹਿਰਸ ਭਰੀ ਨਜ਼ਰ ਨਾਲ ਵੇਖਦਿਆਂ ਕਵੀ ਨੇ ਕਿਹਾ, "ਵਾਟਰ ਵਾਟਰ ਐਵਰੀ ਵੇਅਰ, ਬਟ ਨਾਟ ਏ ਡਰਾਪ ਟੂ ਡਰਿੰਕ !" (Water Water every where, but not a drop to drink)

ਸਾਹਮਣੇ ਫ਼ਰਾਂਸ ਦੀ ਬੰਦਰਗਾਹ, 'ਬੁਲਾਇਨ' ਨਜ਼ਰ ਆ ਰਹੀ ਸੀ। ਫੈਰੀ ਦੇ ਲੰਗਰ ਸੁੱਟਦਿਆਂ ਹੀ ਸਭ ਯਾਤਰੂ ਇਕ ਦੂਜੇ ਨੂੰ ਭੁੱਲ ਕੇ ਆਪੋ ਆਪਣੀਆਂ ਕਾਰਾਂ ਵਲ ਵਧ ਰਹੇ ਸਨ। ਚੌਹਾਂ ਮਿੱਤਰਾਂ ਦੇ ਮਨ ਵਿਚ ਛੇਤੀ ਛੇਤੀ ਪੈਰਸ ਪਹੁੰਚਣ ਦੀ ਕਾਹਲ ਸੀ। ਸਫ਼ਰ ਵੀ ਚਾਰ-ਪੰਜ ਘੰਟੇ ਤੋਂ ਘੱਟ ਨਹੀਂ ਸੀ। ਸੰਪਾਦਕ ਨੇ ਐਕਸਲਰੇਟਰ ਤੇ ਜ਼ੋਰ ਦਿੰਦਿਆਂ ਇਹ ਰਾਤ ਕਿਤੇ ਰਸਤੇ ਵਿਚ ਹੀ ਕੱਟਣ ਲਈ ਕਿਹਾ ਤਾਂ ਬਾਕੀ ਤਿੰਨਾਂ ਮਿੱਤਰਾਂ ਨੇ ਉਸ ਦੀ ਇਹ ਤਜਵੀਜ਼ ਰੱਦ ਕਰਦੇ ਹੋਇਆਂ ਕਿਹਾ ਕਿ ਵਾਪਸੀ ਤੇ ਇਸ ਸਮੁੰਦਰ ਕੰਢੇ ਦੀ ਖ਼ੂਬਸੂਰਤੀ ਦਾ ਜਲਵਾ ਵੀ ਵੇਖ ਲਵਾਂਗੇ; ਹੁਣ ਤਾਂ ਜ਼ਿਹਨ ਵਿਚ ਪੈਰਸ ਤੇ ਪੈਰਸ ਦੀ ਕੁੜੀ ਹੀ ਘੁੰਮ ਰਹੀ ਹੈ। ਜਿਵੇਂ-ਜਿਵੇਂ ਪੈਰਸ ਨੇੜੇ ਆ ਰਿਹਾ ਸੀ ਤਿਵੇਂ-ਤਿਵੇਂ ਉਨ੍ਹਾਂ ਦਾ ਮੌਨ ਪੀਡਾ ਹੁੰਦਾ ਜਾ ਰਿਹਾ ਸੀ। ਉਨ੍ਹਾਂ ਦੇ ਅੰਦਰ ਪੈਰਸ ਦੀ ਕੁੜੀ ਦੇ ਤਸੱਵਰ ਨੇ ਇਕ ਸ਼ੋਰ ਜਿਹਾ ਉਤਪੰਨ ਕਰ ਦਿੱਤਾ ਸੀ। ਪੈਰਸ ਪੰਜਾਹ ਮੀਲ,

ਪੈਰਸ ਤੀਹ ਮੀਲ, ਪੈਰਸ ਵੀਹ ਮੀਲ ... ਤੇ ਫਿਰ ਪੈਰਸ ਦੀਆਂ ਖੁੱਲ੍ਹੀਆਂ ਸੜਕਾਂ ਤੇ ਲੱਗੀਆਂ ਟਿਊਬ-ਲਾਈਟਾਂ ਦਾ ਦੂਧੀਆ ਚਾਨਣ, ਜਿਵੇਂ ਇਸ ਸ਼ਹਿਰ ਉੱਤੇ ਕਿਸੇ ਨੇ ਖ਼ੂਬਸੂਰਤੀ ਦਾ ਜਾਦੂ ਕਰ ਦਿੱਤਾ ਹੋਵੇ।

"ਲੰਡਨ ਦੇ ਮੁਕਾਬਲੇ 'ਤੇ ਪੈਰਸ ਵਧੇਰੇ ਖੁੱਲ੍ਹਾ, ਸਾਫ਼ ਸੁਥਰਾ, ਖ਼ੂਬਸੂਰਤ ਤੇ ਆਧੁਨਿਕ ਹੈ।" ਕਹਿੰਦੇ ਹੋਇਆਂ ਸੰਪਾਦਕ ਨੇ ਕਾਰ ਨੂੰ ਸੜਕ ਤੋਂ ਇਕ ਪਾਸੇ ਕਰਕੇ ਪਾਰਕ ਕਰ ਦਿੱਤਾ। ਰਾਤ ਦੇ ਨੌਂ ਵਜ ਚੁਕੇ ਸਨ। ਸੜਕਾਂ 'ਤੇ ਖ਼ੂਬਸੂਰਤ ਕੁੜੀਆਂ ਤੇ ਮਨੁੱਖ ਚਹਿਲ-ਕਦਮੀਂ ਕਰਦੇ ਹੋਏ ਬਾਰਾਂ ਵਲ ਵਧ ਰਹੇ ਸਨ।

"ਸਭ ਤੋਂ ਪਹਿਲਾਂ ਸਾਨੂੰ ਆਪਣੇ ਉਸ ਮਿੱਤਰ ਦਾ ਟਿਕਾਣਾ ਲੱਭਣਾ ਚਾਹੀਦਾ ਹੈ, ਜਿਸ ਨੂੰ ਅਸੀਂ ਕਿਸੇ ਹੋਟਲ ਵਿਚ ਆਪਣੇ ਲਈ ਕਮਰੇ ਰੀਜ਼ਰਵ ਕਰਵਾਉਣ ਲਈ ਰਿੰਗ ਕੀਤਾ ਸੀ, ਤਾਂ ਕਿ ਸਿਰ ਢਕਣ ਲਈ ਕੋਈ ਟਿਕਾਣਾ ਹੋ ਸਕੇ।"

ਸੰਪਾਦਕ ਦੇ ਉੱਤਰ ਵਿਚ ਕਵੀ ਬੋਲਿਆ, "ਤੇ ਫਿਰ ਇਹ ਖੁੱਲ੍ਹੀਆਂ ਸੜਕਾਂ, ਟੂਣੇਹਾਰੀਆਂ ਰੌਸ਼ਨੀਆਂ, ਪੈਰਸ ਦੀਆਂ ਕੁੜੀਆਂ ਤੇ ਅਸੀਂ !"

ਉਹ ਚਾਰੇ ਜਣੇ ਨੇੜੇ ਦੀ ਇਕ ਬਾਰ ਵਿਚ ਗਏ। ਅੱਧੇ ਘੰਟੇ ਵਿਚ ਛੇਆਂ ਸੱਤਾਂ ਬੰਦਿਆਂ ਨਾਲ ਗੱਲ ਬਾਤ ਕਰਨ ਦਾ ਯਤਨ ਕੀਤਾ ਪਰ ਵਿਫਲ। ਇਨ੍ਹਾਂ ਚੌਹਾਂ ਨੂੰ ਫ਼ਰਾਂਸੀਸੀ ਨਹੀਂ ਸੀ ਆਉਂਦੀ ਅਤੇ ਉਨ੍ਹਾਂ ਨੂੰ ਅੰਗਰੇਜ਼ੀ। ਅਜਬ ਦੁਬਿਧਾ ਸੀ। ਬਾਰ ਦੇ ਮੈਨੇਜਰ ਨੇ ਉਨ੍ਹਾਂ ਦੀਆਂ ਪੱਗਾਂ ਵਲ ਵੇਖ ਕੇ ਇੰਡੀਅਨ ਹਾਈ ਕਮਿਸ਼ਨ ਦਾ ਨੰਬਰ ਮਿਲਾ ਕੇ ਫ਼ੋਨ ਉਨ੍ਹਾਂ ਨੂੰ ਫੜਾ ਦਿੱਤਾ। ਜੋ ਕੁੜੀ ਡਿਊਟੀ ਤੇ ਸੀ ਉਸ ਨੂੰ ਨਾ ਹਿੰਦੀ ਆਉਂਦੀ ਸੀ ਨਾ ਅੰਗਰੇਜ਼ੀ। ਚੌਹਾਂ ਨੂੰ ਬੜੀ ਖਿਝ ਆਈ ਕਿ ਇਹ ਅਜੀਬ ਇੰਡੀਅਨ ਹਾਈ ਕਮਿਸ਼ਨ ਹੈ। ਵਾਈਨ ਔਫਰ ਕਰ ਰਹੇ ਫ਼ਰਾਂਸੀਸੀ ਮਨੁੱਖਾਂ ਨੂੰ ਇਕ ਮੁਸਕਰਾਹਟ ਨਾਲ ਸੌਰੀ ਕਹਿੰਦੇ ਹੋਏ ਚਾਰੇ ਮਿੱਤਰ ਬਾਹਰ ਸੜਕ ਤੇ ਆ ਗਏ। ਓਪਰਾ ਸ਼ਹਿਰ, ਆਪ ਅਜਨਬੀ, ਦੁਭਾਸ਼ੀਏ ਦੀ ਅਣਹੋਂਦ, ਕਿੱਧਰ ਜਾਣ ? ਕਿਸ ਨੂੰ ਪੁੱਛਣ ?

ਚਿੱਤਰਕਾਰ ਨੇ ਆਪਣੇ ਚਿੰਤਾਤੁਰ ਸਾਥੀਆਂ ਨੂੰ ਨਜ਼ਰ-ਅੰਦਾਜ਼ ਕਰਦਿਆਂ ਬੜੀ ਲਾਪਰਵਾਹੀ ਨਾਲ ਤਿੰਨ ਚਾਰ ਰਾਹਗੀਰਾਂ ਨਾਲ ਅੰਗਰੇਜ਼ੀ ਵਿਚ ਗੱਲ ਕਰਨ ਦਾ ਯਤਨ ਕੀਤਾ ਪਰ ਵਿਫ਼ਲ ! ਆਖ਼ਰ ਉਸ ਨੂੰ ਇਕ ਬਹੁਤ ਹੀ ਸੁੰਦਰ ਕੁੜੀ ਤੁਰੀ ਆਉਂਦੀ ਨਜ਼ਰ ਆਈ, ਜਿਸ ਦੇ ਲੰਮੇ ਖ਼ੁਸ਼ਕ ਅਵਾਰਾ ਵਾਲ ਉਸ ਦੇ ਮੋਢਿਆਂ ਉੱਤੇ ਝੂਲ ਰਹੇ ਸਨ। ਹੌਂਸਲਾ ਕਰਕੇ ਇਸ ਵਾਰ ਫਿਰ ਚਿੱਤਰਕਾਰ ਨੇ ਇਸ ਕੁੜੀ ਨਾਲ ਗੱਲ ਕੀਤੀ ਤਾਂ ਉਹ ਟੁੱਟੀ ਫੁੱਟੀ ਅੰਗਰੇਜ਼ੀ ਜਾਣਦੀ ਸੀ। ਚਿੱਤਰਕਾਰ ਦੀਆਂ ਅੱਖਾਂ ਵਿਚ ਵੇਖਦੇ ਹੋਇਆਂ ਉਸ ਕੁੜੀ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਮਿੱਤਰ ਦੇ ਸਿਰਨਾਵੇਂ ਤੇ ਪਹੁੰਚਾਉਣ ਦਾ ਵਾਅਦਾ ਕੀਤਾ। ਫਿਰ ਉਸ ਨੇ ਚਿੱਤਰਕਾਰ ਦੇ ਭਰਵੇਂ ਜੁੱਸੇ ਤੇ ਪਗੜੀ ਵਲ ਵੇਖ ਕੇ ਬੜੀ ਹੀ ਮਾਸੂਮ ਮੁਸਕਰਾਹਟ ਨਾਲ ਆਪਣੇ ਵਾਲਾਂ ਨੂੰ ਸਮੇਟ ਕੇ ਸਿਰ ਤੇ ਸਕਾਰਫ਼ ਬੰਨ੍ਹਦੇ ਹੋਏ ਆਖਿਆ, "ਆਈ ... ਜਸਟ ਲਾਈਕ ਯੂ ... ਪੀਪਲ ਸੀ ਐਂਡ ਲਾਫ਼ ... ਏ ਸਿੰਘ ਗਰਲ।"

ਚਾਰੇ ਮਿੱਤਰ ਉਸ ਕੁੜੀ ਦੇ ਬੇਬਾਕ ਹਾਸੇ ਵਿਚ ਸ਼ਾਮਿਲ ਹੁੰਦੇ ਹੋਏ ਕਾਰ ਵਿਚ ਬੈਠ ਗਏ। ਉਹ ਸੰਪਾਦਕ ਨੂੰ ਰਾਹ ਵਿਖਾ ਰਹੀ ਸੀ। ਅੱਧਾ ਪੌਣਾ ਘੰਟਾ ਸੜਕਾਂ ਤੇ ਘੁੰਮਦਿਆਂ ਹੋ ਗਿਆ, ਤਾਂ ਉਸ ਕੁੜੀ ਨੇ ਕਿਹਾ ਕਿ ਪਹਿਲਾਂ ਮੇਰੇ ਘਰ ਚਲੋ ਮੈਂ ਆਪਣੇ ਕਪੜੇ ਬਦਲਣੇ ਹਨ ਤੇ ਫਿਰ ਉਥੋਂ ਹੀ ਤੁਹਾਡੇ ਮਿੱਤਰ ਦੇ ਘਰ ਫ਼ੋਨ ਕਰਾਂਗੀ। ਉਸ ਦੀ ਇਸ ਗੱਲ 'ਤੇ ਉਹ ਸਭ ਸਹਿਮ ਜਿਹੇ ਗਏ। ਸੰਪਾਦਕ ਕਹਿ ਰਿਹਾ ਸੀ, "ਪੈਰਸ ਦੀ ਕੁੜੀ ਦੇ ਆਸ਼ਕੋ, ਕਿਤੇ ਗਲ ਦੇ ਕਪੜੇ ਹੀ ਨਾ ਲੁਹਾ ਕੇ ਜਾਇਓ ਏਥੋਂ। ਮੈਨੂੰ ਤਾਂ ਇਹ ਕੁੜੀ ਵੇਸਵਾ ਜਾਪਦੀ ਹੈ। ਉਂਜ ਕਿਹੜੀ ਕੁੜੀ ਰਾਤ ਦੇ ਦਸ ਵਜੇ ਇਸ ਤਰ੍ਹਾਂ ਚਾਰ ਸਿੱਖਾਂ ਨਾਲ ਤੁਰਨ ਦਾ ਹੌਂਸਲਾ ਕਰ ਸਕਦੀ ਹੈ। ਇਹ ਜ਼ਰੂਰ ਕਿਸੇ ਨਾ ਕਿਸੇ ਬਿਪਤਾ ਵਿਚ ਫਸਾਏਗੀ।"

"ਗੱਲ ਤਾਂ ਠੀਕ ਹੈ, ਜੇ ਸਾਨੂੰ ਇਹ ਆਪਣੇ ਅੱਡੇ ਤੇ ਲੈ ਗਈ ਤਾਂ ਇਹਦੇ ਨਾਲ ਦੇ ਦਲਾਲ ਤੇ ਬਦਮਾਸ਼ ਸਾਨੂੰ ਕਿਸੇ ਵੀ ਮੁਸ਼ਕਲ ਵਿਚ ਪਾ ਸਕਦੇ ਹਨ। ਪੁਲਸ ਦੇ ਹਵਾਲੇ ਕਰ ਸਕਦੇ ਹਨ, ਲੁੱਟ ਸਕਦੇ ਹਨ।"

ਇਨ੍ਹਾਂ ਸ਼ਬਦਾਂ ਵਿਚ ਜਦੋਂ ਕਵੀ ਨੇ ਸੰਪਾਦਕ ਦੀ ਹਾਮੀ ਭਰੀ ਤਾਂ ਕਹਾਣੀਕਾਰ ਬੋਲਿਆ, "ਸਾਲਿਓ, ਕੁੜੀ-ਕੁੜੀ ਹੀ ਹੁੰਦੀ ਹੈ। ਚਾਹੇ ਪੈਰਸ ਦੀ ਹੋਵੇ ਤੇ ਚਾਹੇ ਲੰਡਨ ਦੀ। ਤੌੜੀਆਂ ਰੰਗ ਬਿਰੰਗੀਆਂ, ਥੱਲੇ ਇਕੋ ਜਿਹੇ। ਕੀ ਐਵੇਂ ਝਖ ਮਾਰ ਰਹੇ ਹੋ ! ਇਨ੍ਹਾਂ ਔਰਤਾਂ ਦਾ ਕੋਈ ਭਰੋਸਾ ਨਹੀਂ।"

ਉਨ੍ਹਾਂ ਤਿੰਨਾਂ ਦੀਆਂ ਅੱਖਾਂ ਵਿਚ ਡੂੰਘੀ ਚਿੰਤਾ ਦੀਆਂ ਰੇਖਾਵਾਂ ਉੱਭਰਦੀਆਂ ਵੇਖ ਕੇ ਚਿੱਤਰਕਾਰ ਨੇ ਵੇਖਿਆ, ਉਹ ਕੁੜੀ ਅਗਲੀ ਸੀਟ ਤੋਂ ਪਿੱਠ ਭੁਆ ਕੇ ਉਸ ਵਲ ਵੇਖ ਰਹੀ ਸੀ। ਉਸ ਦੀਆਂ ਅੱਖਾਂ ਵਿਚ ਬੜੀ ਦਿਲਕਸ਼ ਤੇ ਮਾਸੂਮ ਮੁਸਕਰਾਹਟ ਸੀ। ਪੋਲੇ ਜਿਹੇ ਉਸ ਦੇ ਹੱਥ ਨੂੰ ਘੁੱਟਦਿਆਂ ਉਸ ਕੁੜੀ ਨੇ ਆਖਿਆ, "ਵੀ ਆਰ ਜਸਟ ਨੀਅਰ।"

"ਗ਼ਮ ਨਾ ਕਰੋ ਦੋਸਤੋ, ਹੁਣ ਤਾਂ ਕਸ਼ਤੀ ਲਹਿਰਾਂ ਦੇ ਹਵਾਲੇ ਕਰ ਦਿਓ। ਹੋਰ ਕੋਈ ਚਾਰਾ ਨਹੀਂ, ਜੇ ਇਹ ਕੁੜੀ ਵੀ ਹੱਥੋਂ ਖਿਸਕ ਗਈ, ਤਾਂ ਸਾਰੀ ਰਾਤ ਭਟਕਦੇ ਫਿਰਾਂਗੇ। ਨਾਲੇ ਵੇਖੋ ਇਸ ਦੀਆਂ ਅੱਖਾਂ ਕਿੰਨੀਆਂ ਮਾਸੂਮ ਹਨ ! ਇਸ ਦੇ ਅਵਾਰਾ ਖ਼ੁਸ਼ਕ ਵਾਲ, ਸੁਰਖ਼ੀ ਦੀ ਭਾਹ ਮਾਰਦਾ ਖ਼ੂਬਸੂਰਤ ਮਰਮਰੀ ਚਿਹਰਾ, ਸੁਡੌਲ ਜਿਸਮ ਦੀਆਂ ਭਰਪੂਰ ਗੋਲਾਈਆਂ, ਹੋਂਠਾਂ ਤੇ ਰਕਸ ਕਰਦੀ ਬਚਗਾਨਾ ਮੁਸਕਰਾਹਟ, ਇਹੀ ਤਾਂ ਪੈਰਸ ਦੀ ਕੁੜੀ ਹੈ, ਮੇਰੇ ਚਿੱਤਰ ਦੀ ਆਤਮਾ !"

"ਚੱਲ ਸਾਲੇ ਰੋਮਾਂਟਕ ਹੀਰੋ, ਆਪ ਤਾਂ ਮਰਨਾ ਹੀ ਹੈ ਨਾਲ ਸਾਨੂੰ ਵੀ ਮਰਵਾਏਂਗਾ", ਕਵੀ ਚਿੜ੍ਹ ਕੇ ਬੋਲਿਆ, ਤਾਂ ਉਸ ਕੁੜੀ ਨੇ ਸੰਪਾਦਕ ਨੂੰ ਇਕ ਵੱਡੀ ਸਾਰੀ ਬਿਲਡਿੰਗ ਦੇ ਬਗਲ ਵਿਚ ਕਾਰ ਰੋਕਣ ਲਈ ਕਿਹਾ। ਸੰਪਾਦਕ ਡੈਂਬਰਿਆ ਹੋਇਆ ਸਟੇਅਰਿੰਗ ਤੇ ਹੱਥ ਧਰੀ ਬੈਠਾ ਸੀ। ਉਹ ਕੁੜੀ ਉਨ੍ਹਾਂ ਨੂੰ ਨਾਲ ਆਉਣ ਲਈ ਕਹਿ ਰਹੀ ਸੀ। ਕਿਸੇ ਨੂੰ ਹੇਠਾਂ ਉੱਤਰਨ ਦਾ ਹੌਂਸਲਾ ਨਾ ਕਰਦੇ ਵੇਖ ਕੇ ਚਿੱਤਰਕਾਰ ਉਸ ਦੇ ਨਾਲ ਹੋ ਤੁਰਿਆ। ਬਾਹਰਲਾ ਵੱਡਾ ਗੇਟ ਲੰਘ ਕੇ ਉਸ ਕੁੜੀ ਨੇ ਉਸ ਨੂੰ ਬਾਲਕਨੀ 'ਚ ਡੱਠੀਆਂ ਕੁਰਸੀਆਂ ਤੇ ਬੈਠ ਕੇ ਇੰਤਜ਼ਾਰ ਕਰਨ ਲਈ ਆਖਿਆ ਤੇ ਆਪ ਅੰਦਰ ਚਲੀ ਗਈ। ਏਨੇ ਨੂੰ ਪੈਰ ਮਲਦਾ ਹੋਇਆ ਸੰਪਾਦਕ ਵੀ ਉੱਥੇ ਪਹੁੰਚ ਗਿਆ। ਉਹ ਬਾਲਕਨੀ 'ਚੋਂ ਲੰਘ ਕੇ ਅੰਦਰ ਕਮਰੇ ਵਿਚ ਆਏ ਤਾਂ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ! ਚਾਰ ਫ਼ਰਾਂਸੀਸੀ ਇਕ ਮੇਜ਼ ਦੁਆਲੇ ਬੈਠੇ ਸ਼ਰਾਬ ਪੀ ਤੇ ਤਾਸ਼ ਖੇਡ ਰਹੇ ਸਨ।

"ਹੁਣ ਤਾਂ ਫਸ ਗਏ ਬਈ ਚਿੱਤਰਕਾਰਾ ! ਇਹ ਉਸ ਦਾ ਘਰ ਕਿਵੇਂ ਹੋ ਸਕਦਾ ਹੈ ? ਕੋਈ ਜੂਏਖ਼ਾਨਾਂ ਜਾਪਦਾ ਹੈ ! ਛੇਤੀ ਕਰ ਇੱਥੋਂ ਨਿਕਲ ਚੱਲੀਏ।"

ਏਨੇ ਚਿਰ ਨੂੰ ਉਹ ਕੁੜੀ ਜ਼ਰਦ ਰੰਗ ਦੀ ਪੱਤਝੜੀ ਪੋਸ਼ਾਕ ਵਿਚ ਇਕ ਫੁੱਲ ਵਾਂਗ ਟਹਿਕਦੀ ਉਸ ਕਮਰੇ ਵਿਚ ਦਾਖ਼ਲ ਹੋਈ ਤੇ ਉਸ ਨੇ ਦੱਸਿਆ ਕਿ ਇਹ ਇਕ ਕਲੱਬ ਹੈ ਤੇ ਇਸ ਦੇ ਬਗਲ ਵਿਚ ਨਿੱਕੇ-ਨਿੱਕੇ ਰਿਹਾਇਸ਼ੀ ਕਮਰੇ ਬਣੇ ਹੋਏ ਹਨ। ਉਸ ਕੁੜੀ ਨੇ ਉਨ੍ਹਾਂ ਦੇ ਮਿੱਤਰ ਦੇ ਮੌਂਟਰੀਅਲ ਦੇ ਰਿਹਾਇਸ਼ੀ ਪਤੇ ਤੇ ਫ਼ੋਨ ਕਰਕੇ ਪਤਾ ਕਰ ਲਿਆ ਸੀ ਕਿ ਉਹ ਸਭ ਉਨ੍ਹਾਂ ਨੂੰ ਉਡੀਕ-ਉਡੀਕ ਕੇ ਕਿਸੇ ਦੇ ਘਰ ਖਾਣੇ ਤੇ ਚਲੇ ਗਏ ਸਨ, ਪਰ ਜਾਣ ਤੋਂ ਪਹਿਲਾਂ ਉਨ੍ਹਾਂ ਲਈ ਫੈਮਿਲੀ ਹੋਟਲ ਵਿਚ ਕਮਰੇ ਬੁਕ ਕਰਵਾ ਗਏ ਸਨ।

ਜਦੋਂ ਉਹ ਉਸ ਕੁੜੀ ਸਮੇਤ ਬਾਹਰ ਆਏ ਤਾਂ ਕਾਰ ਵਿਚ ਡਰੇ ਦੁਬਕੇ ਬੈਠੇ ਕਹਾਣੀਕਾਰ ਤੇ ਕਵੀ ਨੇ ਇਕੱਠਿਆਂ ਹੀ ਕਿਹਾ :

ਵਾਰਸ ਰੰਨ ਫ਼ਕੀਰ ਤਲਵਾਰ ਘੋੜਾ
ਚਾਰੇ ਥੋਕ ਇਹ ਕਿਸੇ ਦਾ ਮਿੱਤ ਨਾਹੀਂ।

ਚਿੱਤਰਕਾਰ, ਜਿਸ ਦੇ ਹੱਥਾਂ ਵਿਚ ਹੱਥ ਪਾ ਕੇ ਉਹ ਕੁੜੀ ਤੁਰ ਰਹੀ ਸੀ, ਨੇ ਉਸ ਨੂੰ ਦੱਸਿਆ ਕਿ ਉਸ ਦੇ ਮਿੱਤਰ ਉਨ੍ਹਾਂ ਵਲ ਵੇਖ ਕੇ ਗਾ ਰਹੇ ਸਨ।

"ਸਾਲੇ ਚਿੱਤਰਕਾਰਾ ! ਐਵੇਂ ਨਾ ਹੀਰੋ ਬਣੀ ਜਾ। ਪੈਰਸ ਦੀਆਂ ਕੁੜੀਆਂ ਹਰ ਪੱਗ ਵਾਲੇ ਨੂੰ ਮਹਾਰਾਜਾ ਸਮਝ ਕੇ, ਉਸ ਦੇ ਨੇੜੇ ਆਉਣ ਦਾ ਯਤਨ ਕਰਦੀਆਂ ਹਨ, ਪੈਸੇ ਦੇ ਲਾਲਚ ਵਿਚ। ਸਵੇਰੇ ਪਤਾ ਲੱਗੂ ਜਦ

ਜੇਬ੍ਹ ਖ਼ਾਲੀ ਹੋਊ।" ਸੰਪਾਦਕ ਨੇ ਚਿੜ੍ਹ ਕੇ ਆਖਿਆ ਤੇ ਨਾਲ ਹੀ ਉਸ ਨੂੰ ਇਹ ਅਹਿਸਾਸ ਵੀ ਕਰਵਾਇਆ ਕਿ ਖ਼ਜ਼ਾਨਚੀ ਹੋਣ ਦੇ ਨਾਤੇ ਉਨ੍ਹਾਂ ਸਭ ਦੇ ਪੈਸੇ ਵੀ ਉਸ ਕੋਲ ਹੀ ਹਨ।

ਚਿੱਤਰਕਾਰ ਇਕ ਨਸ਼ੇ ਜਿਹੇ ਵਿਚ ਕਹਾਣੀਕਾਰ ਨਾਲ ਪੈਰਸ ਦੀ ਕੁੜੀ ਦਾ ਪਰੀਚਯ ਕਰਵਾਉਂਦਾ ਹੋਇਆ ਆਖ ਰਿਹਾ ਸੀ, "ਇਹ ਮਿੱਸ ਡਲਾਇਲਾ ਹੈ ਤੇ ਪੈਰਸ ਦੀ ਇਕ ਬਹੁਤ ਵੱਡੀ ਫ਼ਰਮ ਵਿਚ ਮਾਡਲ-ਗਰਲ ਦਾ ਕੰਮ ਕਰਦੀ ਹੈ। ਅੱਜ ਦੀ ਰਾਤ ਇਹ ਸਾਨੂੰ ਪੈਰਸ ਵਿਖਾਏਗੀ ਤੇ ਸਾਡੇ ਕੋਲ ਹੀ ਸੌਂਵੇਗੀ। ਕੱਲ੍ਹ ਦੀ ਇਸ ਨੇ ਛੁੱਟੀ ਲੈ ਲਈ ਹੈ ਤੇ ਪਰਸੋਂ ਐਤਵਾਰ ਹੈ। ਕੀ ਖ਼ਿਆਲ ਹੈ ਪਿਆਰੇ ਕਹਾਣੀਕਾਰ ? ਇਸਦੀਆਂ ਅੱਖਾਂ ਨਾਲ ਪੈਰਸ ਵੇਖ ਕੇ ਬੜਾ ਅਨੰਦ ਆਵੇਗਾ।"

ਅੰਗਰੇਜ਼ੀ ਵਿਚ ਉਸ ਦੀ ਇਹ ਵਾਰਤਾਲਾਪ ਸੁਣ ਕੇ ਉਹ ਕੁੜੀ ਖੁੱਲ੍ਹ ਕੇ ਹੱਸੀ ਤੇ ਚਿੱਤਰਕਾਰ ਦੇ ਹੋਰ ਵੀ ਨੇੜੇ ਸਿਮਟ ਆਈ।

"ਸਾਲਾ ਸੈਮਸਨ, ਕਮੀਨਾ, ਉਸ ਨੂੰ ਪੈਸੇ ਵਿਖਾ ਕੇ ਉਸ ਉੱਤੇ ਰੁਅਬ ਪਾ ਬੈਠਾ ਹੈ।" ਕਵੀ ਵਿਸ਼ ਭਰੇ ਲਹਿਜੇ ਵਿਚ ਬੋਲਿਆ।

ਹੋਟਲ ਤਕ ਪਹੁੰਚਦਿਆਂ ਉਹ ਤਿੰਨੇ ਜਣੇ ਕ੍ਰਿਝਦੇ ਹੋਏ ਚਿੱਤਰਕਾਰ ਨਾਲ ਉਲਝ ਰਹੇ ਸਨ। ਹੋਟਲ ਵਿਚ ਸਮਾਨ ਰੱਖ ਕੇ ਉਹ ਤਿੰਨੇ ਪੈਰਸ ਦੀ ਸੈਰ ਕਰਨ ਲਈ ਨਿਕਲ ਪਏ।

"ਮਿੱਸ ਡਲਾਇਲਾ, ਸਾਨੂੰ ਪੈਰਸ ਦੇ ਸਭ ਤੋਂ ਵਧੀਆ ਹੋਟਲ ਵਿਚ ਲੈ ਚੱਲ, ਤੂੰ ਪੈਰਸ ਦੀ ਰਾਣੀ ਹੈਂ, ਤੇਰੇ ਨਾਲ ਅਸੀਂ ਘਟੀਆ ਹੋਟਲ ਵਿਚ ਖਾਣਾ ਨਹੀਂ ਖਾ ਸਕਦੇ।"

ਕਵੀ ਉਸ ਦੇ ਹੱਥਾਂ ਨੂੰ ਆਪਣੇ ਹੱਥਾਂ ਵਿਚ ਘੁੱਟਦਾ ਹੋਇਆ ਕਹਿ ਰਿਹਾ ਸੀ। ਉਸ ਕੁੜੀ ਨੇ ਕਿਹਾ ਕਿ ਐਵੇਂ ਪੈਸੇ ਬਰਬਾਦ ਕਰਨ ਦਾ ਕੀ ਲਾਭ ? ਔਸਤ ਦਰਜੇ ਦੇ ਹੋਟਲ ਵਿਚ ਵੀ ਤੁਹਾਨੂੰ ਵਧੀਆ ਖਾਣਾ ਮਿਲ ਸਕਦਾ ਹੈ। ਕਹਾਣੀਕਾਰ ਨੇ ਵਿਸਕੀ ਦਾ ਪੌਣਾ ਗਿਲਾਸ ਖ਼ਾਲੀ ਕਰਦਿਆਂ ਆਖਿਆ,

"ਤੂੰ ਪੈਰਸ ਦਾ ਹੁਸਨ ਹੈਂ, ਤੇਰੇ ਨਾਲ ਹੁਸੀਨ ਥਾਂ ਤੇ ਹੀ ਬੈਠਿਆ ਜਾ ਸਕਦਾ ਹੈ। ਸਾਨੂੰ ਕਿਸੇ ਗੱਲ ਦੀ ਪਰਵਾਹ ਨਹੀਂ, ਬਸ ਤੇਰੀ ਖ਼ੁਸ਼ੀ, ਤੇਰਾ ਸੰਗ ਚਾਹੀਦਾ ਹੈ।"

ਸੰਪਾਦਕ ਜਿਸ 'ਤੇ ਵਿਸਕੀ ਦਾ ਨਸ਼ਾ ਕੁਝ ਵਧੇਰੇ ਹੀ ਹਾਵੀ ਹੋ ਗਿਆ ਸੀ ਕਹਿਣ ਲੱਗਾ, "ਤੂੰ ਮੇਰੇ ਦਿਲ ਦੀ ਰਾਣੀ ਏਂ, ਅੱਜ ਦੀ ਰਾਤ ਸਾਡੀ ਕੀਮਤੀ ਰਾਤ ਹੈ, ਮੈਂ ਤੈਨੂੰ ਪਿਆਰ ਕਰਦਾ ਹਾਂ, ਕਿਉਂ?"

"ਅੱਗੇ ਵੇਖ, ਐਕਸੀਡੈਂਟ ਨਾ ਕਰ ਦੇਈਂ। ਇਹ ਗੀਅਰ ਨਹੀਂ ਮਿੱਸ ਡਲਾਇਲਾ ਦੇ ਪੱਟ ਹਨ, ਜਿਨ੍ਹਾਂ ਤੇ ਤੂੰ ਹੱਥ ਫੇਰ ਰਿਹਾ ਹੈਂ।"

ਚਿੱਤਰਕਾਰ ਨੇ ਅੰਗਰੇਜ਼ੀ ਵਿਚ ਕਿਹਾ ਤਾਂ ਚਾਰੇ ਜਣੇ ਆਪਸੀ ਖਿੱਚੋਤਾਣ ਨੂੰ ਛੱਡ ਕੇ ਮਿਸ ਡਲਾਇਲਾ ਦੇ ਹਾਸੇ ਵਿਚ ਸ਼ਾਮਿਲ ਹੋ ਗਏ।

ਰਾਤ ਅੱਧੀ ਤੋਂ ਵੱਧ ਟਪ ਚੁੱਕੀ ਸੀ। ਹੋਟਲ ਪਹੁੰਚੇ ਤਾਂ ਚਾਰੇ ਮਿੱਤਰ ਆਪੋ ਆਪਣੇ ਡਬਲ ਬੈੱਡ ਵਾਲੇ ਕਮਰੇ ਵਲ ਵਧਦੇ ਹੋਏ ਹਿਰਸ ਭਰੀ ਨਜ਼ਰ ਨਾਲ ਮਿਸ ਡਲਾਇਲਾ ਨੂੰ ਵੇਖ ਰਹੇ ਸਨ। ਸਭ ਨੂੰ ਗੁਡ-ਨਾਈਟ ਕਹਿੰਦੀ ਹੋਈ ਉਹ ਚਿੱਤਰਕਾਰ ਦੇ ਕਮਰੇ ਵਿਚ ਦਾਖ਼ਲ ਹੋ ਗਈ।

ਦੂਜੇ ਦਿਨ ਉਸ ਨੇ ਉਨ੍ਹਾਂ ਨੂੰ ਲੇਟਿਨ ਕੁਆਰਟਰਜ਼, ਕਲਿਓ ਪੈਟਰਾਜ਼ ਨੀਡਲ, ਨੋਤਰਦਾਮ, ਪੈਰਸ ਦੀਆਂ ਰੱਖਾਂ, ਵਿਕਟਰੀ ਗੇਟ, ਨੈਪੋਲੀਅਨ ਦੀ ਯਾਦਗਾਰ, ਕਿਰਤੀ ਕਲਾਕਾਰਾਂ ਦੀ ਬਸਤੀ ਅਤੇ ਚਰਚ ਆਫ਼ ਸੇਕਰਡ ਹਾਰਟ ਆਦਿ ਥਾਵਾਂ ਦੀ ਯਾਤਰਾ ਕਰਵਾਈ। ਸ਼ਾਮ ਪੈਂਦਿਆਂ ਸੇਨ ਨਦੀ ਦੇ ਕੰਢੇ-ਕੰਢੇ ਪੈਦਲ ਸੈਰ ਕਰਦੇ ਹੋਏ ਉਹ ਆਈਫ਼ਲ ਟਾਵਰ ਕੋਲ ਪਹੁੰਚ ਗਏ। ਸੰਪਾਦਕ, ਕਵੀ ਤੇ ਕਹਾਣੀਕਾਰ ਅੰਦਰੋਂ ਅੰਦਰ ਤਣੇ ਖੜੋਤੇ ਇਸ ਗੱਲ ਤੇ ਬਜ਼ਿੱਦ ਸਨ ਕਿ ਉਹ ਸਭ ਵਾਰੋ-ਵਾਰੀ ਇਸ ਕੁੜੀ ਨਾਲ ਸੌਣਗੇ। ਉਨ੍ਹਾਂ ਦੇ ਵਿਚਾਰ ਅਨੁਸਾਰ ਉਹ ਕੁੜੀ ਮਾਡਲ-ਗਰਲ ਹੋਣ ਦਾ ਦੰਭ ਕਰ ਰਹੀ ਸੀ ਤੇ ਅਸਲ ਵਿਚ ਵੇਸਵਾ ਸੀ। ਰਾਤ ਨੂੰ ਉਹ ਹੋਟਲ ਪਹੁੰਚੇ, ਤਾਂ ਉਹ ਕੁੜੀ ਫਿਰ ਚਿੱਤਰਕਾਰ ਨਾਲ ਘੁਲ ਮਿਲ ਕੇ ਸ਼ੋਖ ਗੱਲਾਂ ਕਰ ਰਹੀ ਸੀ।

"ਸਾਲੇ ਸੈਲਫਿਸ਼ ! ਇਸ ਨੂੰ ਛੱਡ ਦੇਹ, ਨਹੀਂ ਤਾਂ ਲੜਾਈ ਹੋ ਜਾਵੇਗੀ।" ਕਵੀ ਤਮਕ ਕੇ ਬੋਲਿਆ।

"ਮੈਨੂੰ ਕੋਈ ਇਤਰਾਜ਼ ਨਹੀਂ, ਇਸ ਨੂੰ ਪੁੱਛ ਲੈ।" ਕਹਿ ਕੇ ਚਿੱਤਰਕਾਰ ਹੇਠਾਂ ਮੈਨੇਜਰ ਨੂੰ ਖਾਣੇ ਦਾ ਆਰਡਰ ਦੇਣ ਚਲਾ ਗਿਆ। ਵਾਪਸੀ ਉੱਤੇ ਉਹ ਪੌੜੀਆਂ ਦੇ ਅੱਧ ਵਿਚ ਹੀ ਸੀ ਕਿ ਉਸ ਦੇ ਕੰਨੀ ਮਿਸ ਡਲਾਇਲਾ ਦੀ ਆਵਾਜ਼ ਪਈ ਜੋ ਸੰਪਾਦਕ ਨਾਲ ਉਲਝ ਰਹੀ ਸੀ :

"ਆਈ ਐੱਮ ਨਾਟ ਏ ਕਾਲ-ਗਰਲ। ਵਟ ਡੂ ਯੂ ਥਿੰਕ ? ਆਈ ਵਿਲ ਗੋ ਜਸਟ ਨਾਊ।"

"ਓ ਨੋ, ਨੋ, ਡੋਂਟ ਬੀ ਐਂਗਰੀ, ਮਾਈ ਫਰੈਂਡ ਇਜ਼ ਏ ਬਿਟ ਡਰੰਕ।"

"ਬਟ ...।"

ਕਹਿ ਕੇ ਡਲਾਇਲਾ ਨੇ ਆਪਣੇ ਹੋਂਠ ਘੁੱਟ ਲਏ। ਉਸ ਦੀਆਂ ਅੱਖਾਂ ਮੌਨ ਵਿਚ ਦਬਾਏ ਗੁੱਸੇ ਨਾਲ ਸਿੱਲ੍ਹੀਆਂ ਹੋ ਗਈਆਂ। ਚਿੱਤਰਕਾਰ ਨੇ ਖਿਮਾ ਮੰਗਦੇ ਹੋਇਆਂ ਉਸ ਨੂੰ ਸ਼ਾਂਤ ਕੀਤਾ ਤੇ ਕਿਹਾ ਕਿ ਮੇਰੇ ਮਿੱਤਰ ਵੀ ਅੱਜ ਦੀ ਰਾਤ ਕਿਸੇ ਪੈਰਸ ਦੀ ਕੁੜੀ ਦਾ ਸੰਗ ਕਰਨਾ ਚਾਹੁੰਦੇ ਹਨ।

"ਇਟ ਇਜ਼ ਏ ਮਾਈਨਰ ਥਿੰਗ। ਕਮ ਵਿਦ ਮੀ, ਆਈ ਵਿਲ ਗੈਟ ਯੂ ਮੈਨੀ ਗਰਲਜ਼।"

ਪਿਗਾਲ ਪਹੁੰਚ ਕੇ ਜਦੋਂ ਪੈਸਿਆਂ ਦੀ ਗਿਣਤੀ ਕੀਤੀ ਤਾਂ ਤਿੰਨਾਂ ਮਿੱਤਰਾਂ ਦੀ ਆਰਜ਼ੂ ਪੂਰੀ ਕਰਨ ਲਈ ਚਾਲ੍ਹੀ ਫ਼ਰਾਂਕ ਘਟਦੇ ਸਨ। 'ਟ੍ਰੈਵਲਰਜ਼' ਚੈੱਕ ਇਸ ਵੇਲੇ ਕੈਸ਼ ਨਹੀਂ ਸੀ ਹੋ ਸਕਦਾ। ਉਹ ਸਭ ਰੋਹ ਭਰੀਆਂ ਨਜ਼ਰਾਂ ਨਾਲ ਚਿੱਤਰਕਾਰ ਨੂੰ ਵੇਖ ਰਹੇ ਸਨ, ਜਿਵੇਂ ਇਸ ਸਭ ਕੁਝ ਦਾ ਦੋਸ਼ੀ ਉਹ ਹੀ ਹੋਵੇ। ਚਿੱਤਰਕਾਰ ਨੇ ਉਨ੍ਹਾਂ ਵਲ ਮੁਸਕਰਾ ਕੇ ਵੇਖਦੇ ਹੋਇਆਂ ਮਿਸ ਡਲਾਇਲਾ ਨੂੰ ਚਾਲੀ ਫਰਾਂਕ ਦੇਣ ਲਈ ਆਖਿਆ ਤਾਂ ਉਸ ਨੇ ਆਪਣਾ ਪਰਸ ਉਸ ਨੂੰ ਫੜਾ ਦਿੱਤਾ।

* * *

ਹੁਣ ਚੌਹਾਂ ਮਿੱਤਰਾਂ ਦੀ ਆਪਸੀ ਖਿੱਚੋਤਾਣ ਘਟ ਚੁੱਕੀ ਸੀ। ਪੈਰਸ ਵਿਚ ਅੱਜ ਉਨ੍ਹਾਂ ਦਾ ਆਖ਼ਰੀ ਦਿਨ ਸੀ।

ਚਿੱਤਰਕਾਰ ਦੇ ਕਹਿਣ ਤੇ ਮਿਸ ਡਲਾਇਲਾ ਉਨ੍ਹਾਂ ਨੂੰ ਪੈਰਸ ਦੀ ਹੱਦ ਲੰਘਾ ਕੇ ਬੁਲਾਇਨ ਵਾਲੀ ਸੜਕ ਤਕ ਛੱਡ ਕੇ ਆਉਣਾ ਮੰਨ ਗਈ ਸੀ। ਪਰ ਚਿੱਤਰਕਾਰ ਅਜਬ ਦੁਬਿਧਾ ਦਾ ਸ਼ਿਕਾਰ ਸੀ ਕਿ ਜੇ ਉਹ ਕੁੜੀ ਵੇਸਵਾ ਨਹੀਂ ਤਾਂ ਉਸ ਨੇ ਉਨ੍ਹਾਂ ਚੌਹਾਂ ਵਿੱਚੋਂ ਉਸ ਦੀ ਹੀ ਚੋਣ ਕਿਉਂ ਕੀਤੀ ਸੀ ? ਪਿਆਰ ? ਇਹ ਗੱਲ ਉਹ ਉਸ ਨੂੰ ਪੁੱਛਣੀ ਚਾਹੁੰਦਾ ਸੀ। ਪਰ ਉਸ ਦਾ ਹੌਂਸਲਾ ਨਹੀਂ ਸੀ ਪੈਂਦਾ। ਜਿਵੇਂ-ਜਿਵੇਂ ਕਾਰ ਪੈਰਸ ਦੀ ਬਾਹਰਲੀ ਸੀਮਾਂ ਵਲ ਵਧ ਰਹੀ ਸੀ, ਉਸ ਅੰਦਰਲੀ ਦੁਬਿਧਾ ਦੀ ਇਹ ਗੁੰਥੀ ਹੋਰ ਵੀ ਵਧੇਰੇ ਪੀਡੀ ਹੋ ਰਹੀ ਸੀ। ਕਵੀ ਕਹਿ ਰਿਹਾ ਸੀ :

"ਯਾਰ ! ਜਦੋਂ ਅਫ਼ਰੀਕਾ ਗਏ ਤਾਂ ਅਫ਼ਕਰੀਨ ਕੁੜੀ ਨਾਲ ਸੌਣ ਨੂੰ ਜੀ ਕੀਤਾ, ਇੰਗਲੈਂਡ ਗਏ ਤਾਂ ਮੇਮ ਨਾਲ, ਪੈਰਸ ਪਹੁੰਚੇ ਤਾਂ ਪੈਰਸ ਦੀ ਕੁੜੀ ਨਾਲ ! ਇਹ ਕੀ ਬਕਵਾਸ ਹੈ ? ਸਭ ਕੁੜੀਆਂ ਇਕੋ ਜਿਹੀਆਂ ਹੁੰਦੀਆਂ ਹਨ ! ਆਦਮੀ ਦੀ ਤ੍ਰਿਸ਼ਨਾ ਕਦੇ ਸ਼ਾਂਤ ਵੀ ਹੋਵੇਗੀ ?"

"ਐਵੇਂ ਮਨ ਦੀ ਭਟਕਣਾ ਹੈ, ਇਕ ਓਪਰੀ ਜਿਹੀ ਖਿੱਚ, ਮੇਰੀ ਕਹਾਣੀ ਬਣ ਗਈ ਹੈ, ਪਰ ਅੰਦਰ ਅਪਰਾਧ ਦੀ ਗੁੰਥੀ ਹੋਰ ਵੀ ਪੀਡੀ ਹੋ ਗਈ ਹੈ।"

"ਇਹ ਅਪਰਾਧ ਦੀ ਵਿਥਿਆ ਤਾਂ ਅਦਨ ਦੇ ਬਾਗ਼ ਤੋਂ ਸ਼ੁਰੂ ਹੋਈ ਸੀ। ਅਸੀਂ ਸਭ ਇਸੇ ਦਾ ਸਰਾਪ ਭੋਗ ਰਹੇ ਹਾਂ। ਮੇਰੇ ਪਰਚੇ ਲਈ ਵੀ ਖ਼ਾਸਾ ਦਿਲਚਸਪ ਮਸਾਲਾ ਮਿਲ ਗਿਆ ਹੈ। ਚਾਰ-ਪੰਜ ਕਿਸ਼ਤਾਂ ਵਿਚ ਯਾਤਰਾ ਲੇਖ ਲਿਖਾਂਗਾ। ਖ਼ੂਬ ਵਿਕਰੀ ਹੋਵੇਗੀ।"

ਗੱਲਾਂ ਹੀ ਗੱਲਾਂ ਵਿਚ ਪੈਰਸ ਦੀ ਹੱਦ ਆ ਗਈ ਤੇ ਫਿਰ ਬੁਲਾਇਨ ਵਾਲੀ ਸੜਕ ਵੀ। ਚਿੱਤਰਕਾਰ ਚੁੱਪ-ਗੜੁੱਪ ਅਜੇ ਵੀ ਦੁਬਿਧਾ ਵਿਚ ਬੈਠਾ ਸੀ। ਮਿਸ ਡਲਾਇਲਾ ਉਸ ਦੇ ਮਿੱਤਰਾਂ ਨਾਲ ਵਾਰੋ-ਵਾਰੀ ਫੋਟੋ ਖਿਚਵਾ ਰਹੀ ਸੀ। ਵਿਹਲੀ ਹੋ ਕੇ ਜਦੋਂ ਉਹ ਉਸ ਦੇ ਕੋਲ ਆਈ ਤਾਂ ਉਹ ਉਸ ਨੂੰ ਆਪਣੀ ਘੁੱਟਵੀਂ ਗਲਵਕੜੀ

ਵਿਚ ਲੈ ਕੇ ਬੋਲੀ, "ਮਿਸਟਰ ਸਿੰਘ, ਯੂ ਆਰ ਵੈਰੀ ਨਾਈਸ, ਆਈ ਲਾਈਕ ਯੂ।" ਜੱਕੋ-ਤੱਕੀ ਵਿਚ ਚਿੱਤਰਕਾਰ ਨੇ ਉਸ ਕੁੜੀ ਨੂੰ ਇਕ ਪਾਸੇ ਹੋ ਕੇ ਉਸ ਦੀ ਗੱਲ ਸੁਣਨ ਲਈ ਆਖਿਆ ਤਾਂ ਉਹ ਲੂੰ-ਲੂੰ ਮੁਸਕਰਾਉਂਦੀ ਮਚਲਦੀ ਹੋਈ ਉਸ ਦੇ ਨਾਲ ਹੋ ਤੁਰੀ।

ਆਪਣੇ ਕੰਬਦੇ ਬੋਲਾਂ ਤੇ ਟੁੱਟੇ-ਫੁੱਟੇ ਸ਼ਬਦਾਂ ਵਿਚ ਚਿੱਤਰਕਾਰ ਨੇ ਉਸ ਕੁੜੀ ਨੂੰ ਪੁੱਛਿਆ ਕਿ ਸਾਡੇ ਚੌਹਾਂ ਵਿੱਚੋਂ ਆਖ਼ਿਰ ਤੂੰ ਮੇਰੀ ਚੋਣ ਕਿਉਂ ਕੀਤੀ ?

ਉੱਤਰ ਦੇਣ ਤੋਂ ਪਹਿਲਾਂ ਮਿਸ ਡਲਾਇਲਾ ਨੇ ਭਰਪੂਰ ਨਜ਼ਰ ਨਾਲ ਉਸ ਦੇ ਪੀਡੇ ਤੇ ਗੱਠੇ ਹੋਏ ਜਿਸਮ ਨੂੰ ਵੇਖਿਆ ਤੇ ਫਿਰ ਬੋਲੀ, "ਨਥਿੰਗ, ਇਟ ਇਜ਼ ਜਸਟ ਨਾਰਮਲ ! ਆਈ ਵਾਂਟਡ ਟੂ ਸੀ ਏ ਸਿੰਘ, ਐਂਡ ਯੂ ... ਐਂਡ ਯੂ ...।"

(ਕੁਝ ਵੀ ਨਹੀਂ, ਇਹ ਤਾਂ ਬੜੀ ਸਾਧਾਰਨ ਜਿਹੀ ਗੱਲ ਹੈ। ਮੈਂ ਵੇਖਣਾ ਸੀ ਕਿ ਸਿੰਘ ਕਿਹੋ ਜਿਹੇ ਹੁੰਦੇ ਨੇ ਤੇ ਤੂੰ ... ਤੇ ਤੂੰ ...)

ਆਖ ਕੇ ਇਕ ਸ਼ਰਾਰਤੀ ਮੁਸਕਾਨ ਨਾਲ ਉਸ ਨੇ ਉਸ ਦੇ ਮੱਛੀਆਂ ਫਰਕਾਉਂਦੇ ਡੌਲੇ ਤੇ ਇਕ ਚੂੰਢੀ ਭਰੀ ਤੇ ਫਿਰ ਉੱਚੀ-ਉੱਚੀ ਹੱਸਦੀ ਹੋਈ ਉਸ ਦੇ ਨਾਲ ਚਿਮਟ ਗਈ !

# ਮਾਣਸ ਜਨਮ

ਧਨੀ ਸਿੰਘ ਬੜਾ ਸਾਧਾਰਨ ਜਿਹਾ ਸਾਦਾ ਲੌ ਮਨੁੱਖ ਸੀ। ਹਰ ਸਮੇਂ ਗਿੱਟਿਆਂ ਤੱਕ ਲੰਮੇ ਭਗਵੇਂ ਚੋਲੇ ਵਿਚ ਲਿਪਟਿਆ, ਰੁਦਰਾਖ ਦੀ ਮਾਲਾ ਫੇਰਦਿਆਂ ਉਹ ਪਾਠ ਕਰਦਾ ਰਹਿੰਦਾ। ਲੰਮੀ ਦਾੜ੍ਹੀ, ਭਗਵੇਂ ਰੰਗ ਦੀ ਘੋਟ ਕੇ ਬੰਨ੍ਹੀ ਪੱਗ ਤੇ ਲੱਕੜ ਦੀਆਂ ਖੜਾਵਾਂ ਉਸ ਦੀ ਸ਼ਖ਼ਸੀਅਤ ਦੀ ਇਕ ਹੋਰ ਵਿਸ਼ੇਸ਼ਤਾ ਸਨ। ਪਿੰਡ ਦੇ ਸਾਰੇ ਲੋਕ ਉਸ ਦੇ ਸਾਊ ਸੁਭਾ ਤੇ ਧਾਰਮਕ ਬਿਰਤੀ ਦੀ ਬੜੀ ਉਸਤਤ ਕਰਦੇ ਸਨ। ਉਹ ਪਿੰਡ ਦਾ ਗ੍ਰੰਥੀ ਸੀ। ਸਵੇਰੇ ਸ਼ਾਮ ਨੇਮ ਨਾਲ ਗੁਰਦੁਆਰੇ ਜਾ ਕੇ ਮਰਯਾਦਾ ਅਨੁਸਾਰ ਪਾਠ ਕਰਦਾ ਤੇ ਅੰਤ ਵਿਚ ਜੁੜੀ ਸੰਗਤ ਨੂੰ ਮਾਣਸ ਜਨਮ ਦੇ ਮਹੱਤਵ ਤੇ ਇਸ ਦੇ ਉਦੇਸ਼ ਬਾਰੇ ਉਪਦੇਸ਼ ਕਰਦਾ ਹੋਇਆ ਕਹਿੰਦਾ, "ਮਾਣਸ ਜਨਮ ਅਮੋਲਕ ਹੀਰਾ ਹੈ, ਇਸ ਨੂੰ ਅੰਵਾਈਂ ਨਹੀਂ ਗੁਆਉਣਾ ਚਾਹੀਦਾ, ਚੁਰਾਸੀ ਲੱਖ ਜੂਨ ਭੁਗਤ ਕੇ ਮਨੁੱਖਾ ਜੂਨ ਪ੍ਰਾਪਤ ਹੁੰਦੀ ਹੈ, ਜੂਨਾਂ ਦੇ ਚੱਕਰ 'ਚੋਂ ਮੁਕਤੀ ਪ੍ਰਾਪਤ ਕਰਨ ਲਈ ਮਾਣਸ ਨੂੰ ਸਦਾ ਹੀ ਅਕਾਲ ਪੁਰਖ ਵਾਹਿਗੁਰੂ ਨਾਲ ਲਿਵ ਲਾ ਕੇ ਨੇਕ ਕੰਮ ਕਰਨੇ ਤੇ ਉਸ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ, ਤਾਂ ਜੋ ਇਹ ਜੀਵਨ ਸਫ਼ਲਾ ਹੋਵੇ ਤੇ ਬੰਦੇ ਨੂੰ ਮੋਖ ਪ੍ਰਾਪਤ ਹੋ ਸਕੇ।"

ਸਵੇਰੇ ਜਦੋਂ ਉਹ ਪਿੰਡ ਦੇ ਘਰਾਂ ਦਾ ਗਜਾ ਕਰਨਾ ਜਾਂਦਾ ਤਾਂ ਉਸ ਦੇ ਇਕ ਹੱਥ ਵਿਚ ਰੁਦਰਾਖ ਦੀ ਮਾਲਾ ਤੇ ਦੂਜੇ ਵਿਚ ਕਾਸਾ ਹੁੰਦਾ। ਦੋਹਾਂ ਮੋਢਿਆਂ 'ਤੇ ਰਸਦ ਇਕੱਠੀ ਕਰਨ ਲਈ ਦੋ ਝੋਲੇ ਲਟਕ ਰਹੇ ਹੁੰਦੇ। ਤੁਰਦੇ ਸਮੇਂ ਉਸ ਦੇ ਪੈਰਾਂ ਦੀਆਂ ਖੜਾਵਾਂ ਇਕ ਅਜੀਬ ਜਿਹਾ ਤਾਲ ਪੈਦਾ ਕਰਦੀਆਂ ਅਤੇ ਇਸ ਤਾਲ ਦੇ ਪਿਛੋਕੜ ਵਿੱਚੋਂ ਉਸ ਦੀ ਮਹੀਨ ਤੇ ਸੰਗੀਤਮਈ ਆਵਾਜ਼ ਨਿਕਲਦੀ, "ਮਾਣਸ ਜਨਮ ਅਮੋਲਕ ਹੀਰਾ !" ਇਸ ਤੁਕ ਨੂੰ ਕਦੇ ਉੱਚੀ ਕਦੇ ਲੰਮੀ ਹੇਕ ਵਿਚ ਬਦਲ-ਬਦਲ ਕੇ ਗਾਉਂਦਾ ਹੋਇਆ ਉਹ ਘਰੋ-ਘਰੀ ਜਾਂਦਾ ਅਤੇ ਰਸਦ ਇਕੱਠੀ ਕਰਕੇ ਗੁਰਦੁਆਰੇ ਦੇ ਬਗਲ ਵਿਚ ਬਣੇ ਆਪਣੇ ਘਰ ਵਾਪਸ ਆ ਜਾਂਦਾ।

ਗਜੇ ਦੀ ਰਸਦ ਤੇ ਗੁਰਦੁਆਰੇ ਦੇ ਦਿਨੋ-ਦਿਨ ਘਟ ਰਹੇ ਚੜ੍ਹਾਵੇ ਨਾਲ ਉਸ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਹੁੰਦਾ ਸੀ। ਦਿਨੋ ਦਿਨ ਤੇਜ਼ੀ ਨਾਲ ਵਧ ਰਹੀ ਮਹਿੰਗਾਈ ਸੌਹੋਂ ਉਸ ਦੀ ਆਮਦਨ ਦਾ ਇਹ ਸਾਧਨ ਬੜਾ ਸੀਮਤ ਤੇ ਡੰਗ-ਟਪਾਈ ਵਾਲਾ ਹੀ ਸੀ। ਜਦੋਂ ਕਿਤੇ ਉਸ ਨੂੰ ਕਿਸੇ ਦੇ ਘਰ ਅਖੰਡ ਪਾਠ ਜਾਂ ਵਿਆਹ ਸ਼ਾਦੀ 'ਤੇ ਕੀਰਤਨ ਕਰਨ ਦਾ ਅਵਸਰ ਪ੍ਰਾਪਤ ਹੁੰਦਾ ਤਾਂ ਉਹ ਬਹੁਤ ਹੀ ਪ੍ਰਸੰਨ ਹੁੰਦਾ। ਪਿੰਡ ਦੀਆਂ ਸੁਆਣੀਆਂ ਜਦੋਂ ਉਸ ਕੋਲ ਹੱਥ ਹੌਲਾ ਕਰਵਾਉਣ ਜਾਂ ਕਿਸੇ ਬੱਚੇ ਦਾ ਝਾੜਾ ਕਰਵਾਉਣ ਆਉਂਦੀਆਂ ਤਾਂ ਉਹ ਆਪਣੀ ਆਮਦਨੀ ਦੇ ਇਸ ਵਾਧੇ ਅਤੇ ਆਪਣੇ ਮਹੱਤਵ ਦਾ ਅਹਿਸਾਸ ਕਰਕੇ ਆਪੇ ਵਿਚ ਨਾ ਮਿਉਂਦਾ।

ਉਸ ਦਾ ਟੱਬਰ ਤਕੜਾ ਭਾਰਾ ਸੀ। ਸਾਲ-ਸਾਲ ਦੇ ਫ਼ਰਕ 'ਤੇ ਜੰਮੇਂ ਅੱਠ ਬੱਚੇ ਦਿਨੋ ਦਿਨ ਵੱਡੇ ਹੋ ਰਹੇ ਸਨ। ਉਸ ਦੀ ਪਤਨੀ, ਧਨ ਕੌਰ ਜਦੋਂ ਕਿਤੇ ਘਰ ਦੀ ਤੰਗੀ ਵਲ ਵੇਖ ਕੇ ਗੁੱਸੇ ਵਿਚ ਆਉਂਦੀ ਤਾਂ ਅੱਧ-ਭੁਖੇ ਹੋਰ ਰੋਟੀ ਮੰਗ ਰਹੇ ਬੱਚੇ ਨੂੰ ਕੁੱਟਦੀ ਹੋਈ ਗਾਲ੍ਹਾਂ ਕੱਢਦੀ ਤੇ ਇਸ ਸਭ ਕੁਝ ਦਾ ਜ਼ਿੰਮੇਵਾਰ ਧਨੀ

ਸਿੰਘ ਨੂੰ ਹੀ ਆਖਦੀ, ਜਿਸ ਨੇ ਉਸ ਵਾਸਤੇ ਇਹ ਚੌਣਾ ਜੰਮ ਕੇ ਰੱਖ ਦਿੱਤਾ ਸੀ। ਪਰ ਧਨੀ ਸਿੰਘ ਦੀ ਮਾਨਸਕ ਸ਼ਾਂਤੀ ਵਿਚ ਕੋਈ ਫ਼ਰਕ ਨਾ ਪੈਂਦਾ ਤੇ ਉਹ ਸਮਾਧੀ ਲਾਈ ਪਾਠ ਕਰਦਾ ਰਹਿੰਦਾ।

ਕਦੇ-ਕਦੇ ਜਦੋਂ ਉਹ ਘਰ ਦੀ ਤੰਗੀ ਤੇ ਵਾਧੇ ਪਏ ਬੱਚਿਆਂ ਵਲ ਵੇਖਦਾ ਤਾਂ ਉਸ ਦੀ ਨਜ਼ਰ ਰੇਬ ਕੱਛੇ ਪਾਈ ਨੰਗੇ ਪੇਟ ਘੁੰਮ ਰਹੇ ਬੱਚਿਆਂ ਦੇ ਪੇਟ ਤੇ ਅਟਕ ਕੇ ਰਹਿ ਜਾਂਦੀ। ਉਸ ਨੂੰ ਇੰਞ ਪ੍ਰਤੀਤ ਹੁੰਦਾ ਜਿਵੇਂ ਬੱਚਿਆਂ ਦੇ ਪੇਟ ਵਧ ਰਹੇ ਹੋਣ ਤੇ ਬਾਕੀ ਅੰਗ ਸੁਕੜ ਰਹੇ। ਫਿਰ ਵਧਦਾ-ਵਧਦਾ ਇਹ ਪੇਟ ਇੰਨਾ ਵੱਡਾ ਹੋ ਜਾਂਦਾ ਕਿ ਉਸ ਨੂੰ ਪੇਟ ਤੋਂ ਬਿਨਾਂ ਹੋਰ ਕੁਝ ਵੀ ਨਜ਼ਰ ਨਾ ਆਉਂਦਾ। ਆਪਣੀ ਆਮਦਨ ਦੇ ਸੰਦਰਭ ਵਿਚ ਉਹ ਆਪਣੇ ਬੱਚਿਆਂ ਦੀ ਗਿਣਤੀ ਅੱਠ ਪੇਟਾਂ ਦੇ ਰੂਪ ਵਿਚ ਕਰਦਾ ਹੋਇਆ ਆਪਣੇ ਪੇਟ ਤੇ ਹੱਥ ਫੇਰਦਾ ਅਤੇ ਗਾਉਣ ਲੱਗ ਪੈਂਦਾ : "ਮਾਣਸ ਜਨਮ ਅਮੋਲਕ ਹੀਰਾ !"

ਲਗਦੀ ਵਾਹ ਧਨ ਕੌਰ ਵੀ ਪਿੰਡ ਦੀਆਂ ਸੁਆਣੀਆਂ ਦੀਆਂ ਨਿੱਕੀਆਂ ਨਿੱਕੀਆਂ ਸੌ ਬੁੱਤੀਆਂ ਕਰਦੀ ਹੋਈ ਕੁਝ ਨਾ ਕੁਝ ਘਰ ਲੈ ਕੇ ਹੀ ਮੁੜਦੀ। ਅੱਠ, ਸੱਤ ਤੇ ਛੇ ਸਾਲ ਦੇ ਬੱਚੇ ਰੋਜ਼ ਘਾਹ ਖੋਤਣ ਜਾਂਦੇ। ਕੁਝ ਘਾਹ ਉਹ ਆਪਣੀ ਵੱਛੀ ਨੂੰ ਪਾਉਂਦੇ ਤੇ ਕੁਝ ਉਹ ਵੇਚ ਦਿੰਦੇ। ਸਰਫ਼ੇ ਦੇ ਇਸ ਗੁਜ਼ਾਰੇ ਤੋਂ ਤੰਗ ਆ ਕੇ ਧਨ ਕੌਰ ਕਈ ਵਾਰ ਧਨੀ ਸਿੰਘ ਨੂੰ ਆਖਦੀ ਕਿ ਇਹ ਭਾਈਪੁਣਾ ਛੱਡ ਕੇ ਸ਼ਹਿਰ ਕੋਈ ਚੱਜ ਦਾ ਕੰਮ ਲੱਭੇ ਤਾਂ ਕਿ ਆਮਦਨੀ ਦਾ ਕੋਈ ਪੱਕਾ ਸਾਧਨ ਬਣ ਸਕੇ। ਗੁਰਦੁਆਰੇ ਦੇ ਚੜ੍ਹਾਵੇ ਤੇ ਅਖੰਡ ਪਾਠਾਂ ਆਦਿ ਦੀ ਆਮਦਨੀ ਬਹੁਤ ਅਨਿਸਚਿਤ ਸੀ। ਕਦੇ ਜ਼ਿਆਦਾ, ਕਦੇ ਘੱਟ ਕਦੇ ਉੱਕਾ ਹੀ ਨਾ। ਪਰ ਦੱਸ ਪੇਟ ਹਰ ਰੋਜ਼ ਰੋਟੀ ਮੰਗਦੇ ਸਨ। ਜਦੋਂ ਵੀ ਧਨ ਕੌਰ ਉਸ ਨੂੰ ਅਨਿਸਚਤ ਆਮਦਨੀ ਵਾਲਾ ਇਹ ਕਿੱਤਾ ਛੱਡ ਕੇ ਸ਼ਹਿਰ ਦਾ ਕੰਮ ਢੂੰਡਣ ਲਈ ਕਹਿੰਦੀ ਤਾਂ ਧਨੀ ਸਿੰਘ ਅਗੋਂ ਉਸ ਨੂੰ ਕਹਿੰਦਾ, "ਤੂੰ ਤਾਂ ਕਮਲੀ ਹੈ, ਏਸ ਮਾਣਸ ਜਨਮ ਵਿਚ ਸਾਨੂੰ ਮਹਾਰਾਜ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ, ਇਹ ਮੌਕਾ ਕਿਸੇ ਭਾਗਾਂ ਵਾਲੇ ਨੂੰ ਹੀ ਪ੍ਰਾਪਤ ਹੁੰਦਾ ਹੈ, ਜਿਸ ਨੇ ਇਹ ਜੀਵ ਬਖ਼ਸ਼ੇ ਹਨ, ਉਹ ਇਨ੍ਹਾਂ ਦੇ ਦਾਣੇ ਪਾਣੀ ਦਾ ਪ੍ਰਬੰਧ ਵੀ ਕਰੇਗਾ। ਇਹ ਬੰਦੇ ਦੇ ਵੱਸ ਦੀ ਗੱਲ ਥੋੜ੍ਹੀ ਹੈ ? ਜੋ ਕੁਝ ਹੁੰਦਾ ਹੈ, ਵਾਹਿਗੁਰੂ ਦੇ ਹੁਕਮ ਨਾਲ ਹੀ ਹੁੰਦਾ ਹੈ।"

ਅੱਗੋਂ ਧਨ ਕੌਰ ਉਸ ਨਾਲ ਝਗੜ ਪੈਂਦੀ ਤੇ ਕਹਿੰਦੀ, "ਸਾਲ ਸਾਲ ਦੇ ਫ਼ਰਕ ਨਾਲ ਚੌਣਾ ਜੰਮ ਕੇ ਰੱਖ ਦਿੱਤਾ ਹੈ, ਇਨ੍ਹਾਂ ਦਾ ਪੇਟ ਭਰਨ ਬਾਰੇ ਵੀ ਕੁਝ ਸੋਚ ਕਿ ਮਾਲਾ ਹੀ ਫੇਰਦਾ ਰਹੇਂਗਾ ?"

ਧਨੀ ਸਿੰਘ ਸਭ ਕੁਝ ਸ਼ਾਂਤ ਚਿੱਤ ਨਾਲ ਸੁਣ ਕੇ ਕਹਿੰਦਾ ਕਿ ਇਹ ਸਭ ਪਰਮਾਤਮਾ ਦੀ ਲੀਲ੍ਹਾ ਹੈ। ਧਨ ਕੌਰ ਝਗੜ-ਝਗੜ ਕੇ ਥੱਕ ਜਾਂਦੀ ਤੇ ਫਿਰ ਰੋਟੀ ਟੁੱਕ ਦੇ ਆਹਰ ਵਿਚ ਜੁਟੀ ਖਾੜ-ਖਾੜ ਭਾਂਡੇ ਖੜਕਾਉਂਦੀ ਹੋਈ ਬੁੜ-ਬੁੜ ਕਰਦੀ ਰਹਿੰਦੀ। ਰਾਤ ਪੈਂਦੀ ਤਾਂ ਅੰਨ ਪਾਣੀ ਛਕ ਕੇ ਸਭ ਬੱਚੇ ਆਪੋ ਆਪਣੇ ਗਧੋਲਿਆ ਵਿਚ ਜਾ ਸੌਂਦੇ। ਧਨੀ ਸਿੰਘ ਆਪਣੇ ਮੰਜੇ ਤੇ ਸਮਾਧੀ ਲਾਈ ਪਾਠ ਕਰਦਾ ਰਹਿੰਦਾ। ਧਨ ਕੌਰ ਭਾਂਡਾ ਟੀਂਡਾ ਸਾਂਭ ਕੇ ਥੱਕੀ ਟੁੱਟੀ ਤੇ ਗੁੱਸੇ ਵਿਚ ਬੁੜ-ਬੁੜ ਕਰਦੀ ਹੋਈ ਆਪਣੀ ਮੰਜੀ ਤੇ ਜਾ ਪੈਂਦੀ।

ਧਨੀ ਸਿੰਘ ਉਸ ਨੂੰ ਪੋਲੇ ਜਿਹੇ ਬੁਲਾਉਂਦਾ ਤਾਂ ਉਹ ਆਪਣੇ ਗਧੋਲੇ ਵਿਚ ਹੋਰ ਵੀ ਸੁੰਗੜ ਜਾਂਦੀ। ਫਿਰ ਧਨੀ ਸਿੰਘ ਉੱਚੀ ਹੇਕ ਲਾ ਕੇ ਬਦਲਵੇਂ ਸੁਰਾਂ ਵਿਚ ਗਾਉਣਾ ਸ਼ੁਰੂ ਕਰਦਾ : "ਮਾਣਸ ਜਨਮ ਅਮੋਲਕ ਹੀਰਾ।" ਵਾਰ-ਵਾਰ ਇਹ ਤੁਕ ਧਨ ਕੌਰ ਦੇ ਕੰਨਾਂ ਵਿਚ ਪੈਂਦੀ ਤਾਂ ਉਹ ਘੇਸ ਵੱਟੀ ਕੁਝ ਚਿਰ ਬਾਅਦ ਅੰਦਰੇ ਅੰਦਰ ਮੁਸਕਰਾਉਣ ਲਗ ਪੈਂਦੀ। ਰੋਜ਼ ਉਹ ਪ੍ਰਣ ਕਰਦੀ ਕਿ ਐਸ ਸਾਲ ਹੋਰ ਬੱਚਾ ਨਹੀਂ ਹੋਣ ਦੇਣਾ। ਇਸ ਨਰਕ ਦੇ ਜੀਵਨ ਵਿਚ ਇਕ ਹੋਰ ਜੀਵ ਦਾ ਵਾਧਾ ਨਹੀਂ ਕਰਨਾ। ਪਰ ਜਦੋਂ ਵਾਰ-ਵਾਰ ਉਸ ਦੇ ਕੰਨਾਂ ਵਿਚ ਧਨੀ ਸਿੰਘ ਦੇ ਗਾਉਣ ਦੀ ਆਵਾਜ਼ ਪੈਂਦੀ ਤਾਂ ਉਹ ਅੰਦਰੇ ਅੰਦਰ ਮੁਸਕਰਾਏ ਬਿਨਾਂ ਨਾ ਰਹਿ ਸਕਦੀ, ਕਿਉਂਕਿ ਉਸ ਨੂੰ ਪਤਾ ਸੀ ਕਿ ਹੁਣ ਧਨੀ ਸਿੰਘ ਅੱਗੇ ਕੀ ਕਰੇਗਾ।

ਜਦੋਂ ਧਨੀ ਸਿੰਘ ਵੇਖਦਾ ਕਿ ਬੱਚੇ ਸੌਂ ਗਏ ਹਨ ਤਾਂ ਉਹ ਦੱਬੇ ਪੈਰੀਂ ਧਨ ਕੌਰ ਦੀ ਮੰਜੀ ਦੇ ਸਿਰ੍ਹਾਣੇ ਬੈਠ ਕੇ ਹੌਲੀ-ਹੌਲੀ ਲਾਡ ਭਰੀ ਆਵਾਜ਼ ਵਿਚ ਵਾਰ-ਵਾਰ ਗਾਉਂਦਾ : "ਮਾਣਸ ਜਨਮ ਅਮੋਲਕ ਹੀਰਾ।" ਤਾਂ ਧਨ ਕੌਰ ਆਪਣੇ ਹਾਸੇ ਨੂੰ ਦੱਬਦੀ ਹੋਈ ਓਪਰੇ ਗੁੱਸੇ ਨਾਲ ਕਹਿੰਦੀ :

"ਜਾਹ ਮਰ ਪਰ੍ਹੇ, ਮੈਨੂੰ ਹੋਰ ਨਾ ਸਤਾ। ਬੱਚੇ ਜਾਗਦੇ ਆ ਤੇ ਮੈਂ ਇਸ ਚੌਣੇ ਵਿਚ ਹੋਰ ਵਾਧਾ ਨਹੀਂ ਕਰਨਾ ਚਾਹੁੰਦੀ।"

ਧਨੀ ਸਿੰਘ ਉਸ ਦੇ ਪੇਟ ਤੇ ਮਲਕੜੇ ਜਿਹੇ ਕੁਤਕੁਤਾੜੀ ਕੱਢਦਾ ਹੋਇਆ ਫੇਰ ਉਹੋ ਹੀ ਤੁਕ ਵਾਰ-ਵਾਰ ਗਾਉਂਦਾ ਤਾਂ ਧਨ ਕੌਰ ਹੱਸ ਪੈਂਦੀ ਤੇ ਫਿਰ ਪੋਲੇ ਪੈਰੀਂ ਧਨੀ ਸਿੰਘ ਨਾਲ ਉਸ ਦੇ ਕਮਰੇ ਵਿਚ ਪਹੁੰਚ ਜਾਂਦੀ।

ਪਹਿਲੇ ਤਿੰਨ ਬੱਚੇ ਪੈਦਾ ਹੋਣ ਤੋਂ ਬਾਅਦ ਰਾਤ ਵੇਲੇ ਦੀ ਇਹ ਘਟਨਾ ਉਨ੍ਹਾਂ ਲਈ ਇਕ ਪ੍ਰਾਕ੍ਰਿਤਕ ਨੇਮ ਬਣ ਗਈ ਸੀ। ਤ੍ਰਿਕਾਲਾਂ ਵੇਲੇ ਜਦੋਂ ਧਨੀ ਸਿੰਘ ਇਹ ਤੁਕ ਵਾਰ-ਵਾਰ ਗਾਉਂਦਾ ਤਾਂ ਧਨ ਕੌਰ ਨੂੰ ਮਾਣਸ ਜਨਮ ਬਾਰੇ ਕੀਤਾ ਉਸ ਦਾ ਸਾਰਾ ਉਪਦੇਸ਼ ਏਸ ਇਕ ਛਿਣ ਵਿਚ ਸੁੰਗੜਿਆ ਹੋਇਆ ਪ੍ਰਤੀਤ ਹੁੰਦਾ। ਇਹ ਛਿਣ ਜੋ ਹਰ ਰਾਤ ਦਿਨ ਦੇ ਹੱਡ ਤੋੜਵੇਂ ਧੰਦੇ ਤੇ ਗੁੱਸੇ ਭਰੇ ਬੱਕੜਵਾਹ ਤੋਂ ਬਾਅਦ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਸੀ। ਧਨ ਕੌਰ ਨੂੰ ਜਾਪਦਾ ਕਿ ਇਹ ਛਿਣ ਹੀ ਮੁਕਤੀ ਦਾ ਛਿਣ ਹੈ। ਇਸ ਤੋਂ ਮੁਕਤੀ ਪ੍ਰਾਪਤ ਕੀਤੇ ਬਿਨਾਂ ਨੀਂਦ ਅਸੰਭਵ ਹੈ। ਫਿਰ ਸਭ ਕੁਝ ਭੁੱਲ ਭੁਲਾ ਕੇ ਉਹ ਧਨੀ ਸਿੰਘ ਦੇ ਮੰਜੇ ਤੇ ਜਾ ਸੌਂਦੀ।

ਇਨ੍ਹਾਂ ਦਿਨਾਂ ਵਿਚ ਹੀ ਭਾਰਤ ਸਰਕਾਰ ਨੇ ਪਰਿਵਾਰ ਨਿਯੋਜਨ ਤੇ ਜ਼ੋਰਾਂ ਸ਼ੋਰਾਂ ਨਾਲ ਅਮਲ ਕਰਨਾ ਸ਼ੁਰੂ ਕਰ ਦਿੱਤਾ ਸੀ। ਇਕ ਪਾਸੇ ਮਰਦ ਸਟੈਰੇਲਾਈਜ਼ ਕੀਤੇ ਜਾ ਰਹੇ ਸਨ ਤੇ ਦੂਜੇ ਪਾਸੇ ਇਸਤਰੀਆਂ ਦੇ ਲੂਪ ਲਾਏ ਜਾ ਰਹੇ ਸਨ। ਲੋਕਾਂ ਦੇ ਮਨ ਵਿਚ ਅਜੀਬ-ਅਜੀਬ ਤਰ੍ਹਾਂ ਦੀਆਂ ਗੁੰਝਲਾਂ ਉਤਪੰਨ ਹੋ ਰਹੀਆਂ ਸਨ। ਲੂਪ ਲੁਆ ਕੇ ਇਸਤਰੀ ਆਪਣੇ ਪਤੀ ਦੀ ਗੈਰ-ਹਾਜ਼ਰੀ ਵਿਚ ਬਿਨਾਂ ਕਿਸੇ ਭੈ ਤੋਂ ਕਿਸੇ ਵੀ ਮਰਦ ਦਾ ਸੰਗ ਕਰ ਸਕਦੀ ਸੀ। ਸਟੈਰੇਲਾਈਜ਼ ਹੋਇਆ ਮਰਦ ਗ੍ਰਹਿਸਥ ਧਰਮ ਦੀ ਵਫ਼ਾ ਤੋਂ ਮੁਕਤ ਹੋ ਕੇ ਭ੍ਰਿਸ਼ਟਾਚਾਰ ਵਿਚ ਪੈ ਸਕਦਾ ਸੀ। ਪਤੀ ਪਤਨੀ ਸਭ ਇਕ ਦੂਜੇ ਨੂੰ ਸ਼ੱਕ ਦੀ ਨਿਗਾਹ ਨਾਲ ਵੇਖ ਰਹੇ ਸਨ। ਸਿਆਣੇ ਤੇ ਪੜ੍ਹੇ ਲਿਖੇ ਲੋਕ ਆਰਥਕ ਪਹਿਲੂ ਤੋਂ ਪਰਿਵਾਰ ਨਿਯੋਜਨ ਦੇ ਮਹੱਤਵ ਨੂੰ ਸਮਝਦੇ ਹੋਏ ਵੀ ਮਾਨਸਕ ਪੱਖ ਤੋਂ ਦੁਖੀ ਸਨ। ਪਰਿਵਾਰ ਨਿਯੋਜਨ ਦੀ ਦੁਰਵਰਤੋਂ ਭ੍ਰਿਸ਼ਟਾਚਾਰ ਨੂੰ ਯਾਂਤਰਕ ਨਿਆਏ ਤੇ ਆਧਾਰ ਦੇ ਕੇ ਅਜੋਕੀ ਨੈਤਿਕਤਾ ਨੂੰ ਨਿਘਾਰ ਸਕਦੀ ਸੀ, ਪਰ ਧਨੀ ਸਿੰਘ ਨੂੰ ਇਨ੍ਹਾਂ ਸੋਚਾਂ ਨਾਲ ਕੋਈ ਸਰੋਕਾਰ ਨਹੀਂ ਸੀ। ਘਰ ਦੀ ਗਰੀਬੀ ਨੂੰ ਵੀ ਉਸ ਨੇ ਉਸੇ ਤਰ੍ਹਾਂ ਪ੍ਰਾਕ੍ਰਿਤਕ ਰੂਪ ਵਿਚ ਸਵੀਕਾਰ ਕਰ ਲਿਆ ਸੀ ਜਿਵੇਂ ਅੱਠ ਬੱਚਿਆਂ ਦੇ ਜਨਮ ਨੂੰ। ਉਹ ਤਾਂ ਸਗੋਂ ਕਹਿੰਦਾ ਸੀ ਕਿ ਕੁਦਰਤ ਦੀ ਇਸ ਖੇਡ ਵਿਚ ਮਨੁੱਖ ਨੂੰ ਦਖ਼ਲ ਨਹੀਂ ਦੇਣਾ ਚਾਹੀਦਾ। ਕਦੇ-ਕਦੇ ਉਹ ਆਪਣੇ ਕੋਲ ਪਰਿਵਾਰ ਨਿਯੋਜਨ ਸੰਬੰਧੀ ਰਾਏ ਲੈਣ ਆਏ ਲੋਕਾਂ ਨੂੰ ਕਹਿੰਦਾ ਕਿ ਜੰਮਣ ਮਰਨ ਤਾਂ ਸਭ ਪ੍ਰਮਾਤਮਾ ਦੇ ਹੱਥ ਵਿਚ ਹੈ। ਉਸ ਦੇ ਇਸ ਹੁਕਮ ਵਿਚ ਰੁਕਾਵਟ ਪਾਉਣੀ ਧਰਮ ਦੇ ਅਸੂਲਾਂ ਦੇ ਵਿਰੁੱਧ ਹੈ। ਜਿਸ ਨੇ ਸ੍ਰਿਸ਼ਟੀ ਸਾਜੀ ਹੈ, ਜੀਵ ਪੈਦਾ ਕੀਤੇ ਹਨ, ਉਹ ਉਨ੍ਹਾਂ ਦੇ ਅੰਨ ਪਾਣੀ ਦਾ ਪ੍ਰਬੰਧ ਵੀ ਕਰੇਗਾ।

ਇਨ੍ਹਾਂ ਦਿਨਾਂ ਵਿਚ ਹੀ ਧਨ ਕੌਰ ਨੌਵੇਂ ਬੱਚੇ ਨੂੰ ਜਨਮ ਦੇ ਕੇ ਸਵਾ ਮਹੀਨਾ ਪੂਰਾ ਕਰਨ ਉਪਰੰਤ ਮੁੜ ਚੌਂਕੇ ਚੜ੍ਹ ਬੈਠੀ ਸੀ। ਪਿੰਡ ਦੀਆਂ ਇਸਤ੍ਰੀਆਂ, ਜਿਨ੍ਹਾਂ ਨੇ ਪਰਿਵਾਰ ਨਿਯੋਜਨ ਤੋਂ ਲਾਭ ਉਠਾਇਆ ਸੀ, ਜਦੋਂ ਧਨ ਕੌਰ ਨੂੰ ਇਸ ਦੇ ਲਾਭ ਬਾਰੇ ਦੱਸਦੀਆਂ ਤਾਂ ਉਹ ਧਨੀ ਸਿੰਘ ਨਾਲ ਗੱਲ ਕਰਦੀ। ਅੰਦਰੇ ਅੰਦਰ ਇਸ ਦੀ ਲੋੜ ਨੂੰ ਸਮਝਦੇ ਹੋਏ ਵੀ ਉਹ ਇਸ ਨੂੰ ਧਰਮ ਦੇ ਵਿਰੁੱਧ ਆਖ ਕੇ ਵਿਸਾਰ ਦਿੰਦੇ। ਪਿੰਡ ਦੇ ਲਗਪਗ ਅੱਧੇ ਤੋਂ ਵੱਧ ਮਰਦਾਂ ਤੀਵੀਆਂ ਨੇ ਪਰਿਵਾਰ ਨਿਯੋਜਨ ਤੋਂ ਲਾਭ ਉਠਾਇਆ ਸੀ। ਇਨ੍ਹਾਂ ਦਿਨਾਂ ਵਿਚ ਹੀ ਧਨੀ ਸਿੰਘ ਦੇ ਪਿੰਡ ਵਿਚ ਫਿਰ ਪਰਿਵਾਰ ਨਿਯੋਜਨ ਦਾ ਕੈਂਪ ਲੱਗ ਰਿਹਾ ਸੀ। ਪਿੰਡ ਦੇ ਪੰਚਾਇਤੀ, ਨੰਬਰਦਾਰ ਤੇ ਹੋਰ ਸਮਝਦਾਰ ਲੋਕ ਕੱਲੇ ਕੱਲੇ ਘਰ ਜਾ ਕੇ ਪਰਿਵਾਰ ਨਿਯੋਜਨ ਦੇ ਹੱਕ ਵਿਚ ਪਰਚਾਰ ਕਰ ਰਹੇ ਸਨ। ਜਿਸ ਦੇ ਵੀ ਦੋ ਤੋਂ ਵਧੇਰੇ ਬੱਚੇ ਸਨ ਉਸ ਨੂੰ ਉਸ ਦੀ ਆਪਣੀ ਆਰਥਕਤਾ ਤੇ ਦੇਸ਼ ਦੀ ਨਿੱਤ ਵਧ ਰਹੀ ਆਬਾਦੀ ਸੌਹੋਂ ਘਟ ਰਹੇ ਉਤਪਾਦਨ ਦੀ ਦਲੀਲ ਦੇ ਕੇ ਪਰਿਵਾਰ ਨਿਯੋਜਨ ਲਈ ਮਨਾਇਆ ਜਾ ਰਿਹਾ ਸੀ। ਏਸੇ ਗੇੜ ਵਿਚ ਧਨੀ ਸਿੰਘ ਵੀ ਆ ਗਿਆ। ਸਾਰੇ ਜਣੇ ਠੱਠੇ ਮਖ਼ੌਲ ਵਿਚ ਉਸ ਦੇ ਦੁਆਲੇ ਹੋ ਗਏ ਤੇ ਕਹਿਣ ਲੱਗੇ, "ਲੋਕਾਂ ਨੂੰ ਤਾਂ ਪੰਜ-ਪੰਜ ਧੀਆਂ ਤੋਂ ਬਾਅਦ ਜਾ ਕੇ ਕਿਤੇ ਇਕ ਪੁੱਤਰ ਦਾ ਮੂੰਹ

ਵੇਖਣਾ ਮਿਲਦਾ ਹੈ, ਪਰ ਤੈਨੂੰ ਤਾਂ ਨੌਂ ਸਾਲਾਂ ਵਿਚ ਨੌਂ ਪੁੱਤਰ ਮਿਲ ਗਏ ਹਨ ! ਹੋਰ ਤੈਨੂੰ ਕੀ ਚਾਹੀਦਾ ਹੈ ?"

ਧਨੀ ਸਿੰਘ ਨੇ ਆਪਣੇ ਬੱਚਿਆਂ ਦੀ ਗਿਣਤੀ 'ਤੇ ਝੇਂਪਦੇ ਹੋਏ ਕਿਹਾ ਕਿ ਇਹ ਸਭ ਕੁਦਰਤ ਦੇ ਅਖ਼ਤਿਆਰ ਹੈ। ਇਸ ਵਿਚ ਬੰਦੇ ਦਾ ਕੀ ਵੱਸ ? ਪਿੰਡ ਦੇ ਪੰਚਾਇਤੀਆਂ ਨੇ ਦਲੀਲ ਦਿੱਤੀ ਕਿ ਸਾਇੰਸ ਦੀ ਉੱਨਤੀ ਨੇ ਤੇ ਰੀਸਰਚ ਨੇ ਹੁਣ ਕੁਦਰਤ ਦੇ ਨੇਮਾਂ ਵਿਚ ਦਖ਼ਲ ਦੇਣਾ ਸ਼ੁਰੂ ਕਰ ਦਿੱਤਾ ਹੈ। ਪਰਿਵਾਰ ਨਿਯੋਜਨ ਇਸ ਦੀ ਇਕ ਪ੍ਰਤੱਖ ਉਦਾਹਰਣ ਹੈ। ਧਨੀ ਸਿੰਘ ਨੇ ਬਥੇਰਾ ਕਿਹਾ ਕਿ ਇਹ ਸਭ ਧਰਮ ਦੇ ਉਲਟ ਹੈ, ਪਰ ਉਸ ਦੀ ਕੋਈ ਪੇਸ਼ ਨਾ ਗਈ। ਸਾਰੇ ਜਣੇ ਧਨੀ ਸਿੰਘ ਨੂੰ ਵਰਗਲਾ ਕੇ ਕੈਂਪ ਵਿਚ ਲੈ ਗਏ।

ਧਨੀ ਸਿੰਘ ਦੇ ਅੰਦਰ ਇਕ ਅਸ਼ਾਂਤ ਝੱਖੜ ਝੁੱਲ ਰਿਹਾ ਸੀ। ਉਹ ਬਾਹਰੋਂ ਭਾਵੇਂ ਚੁੱਪ ਸੀ, ਪਰ ਆਪਣੇ ਅੰਦਰ ਦੇ ਸ਼ੋਰ ਦੀ ਰੱਸਾਕਸ਼ੀ ਵਿਚ ਬਿੰਦ ਬਿੰਦ ਖਿੱਚਿਆ, ਧਰੀਕਿਆ, ਤਣਿਆ ਜਾ ਰਿਹਾ ਸੀ। ਜੇ ਉਹ ਓਪਰੇਸ਼ਨ ਕਰਵਾਉਣ ਬਾਰੇ ਸੋਚਦਾ ਤਾਂ ਉਸ ਦੇ ਅੰਦਰ ਚੂੰਢੀ ਭਰੀ ਜਾਂਦੀ ਕਿ ਜੇ ਸਾਰੇ ਹੀ ਬੱਚੇ ਮਰ ਗਏ ਤਾਂ ਕੀ ਬਣੇਗਾ ? ਉਂਜ ਹੀ ਇਹ ਗੱਲ ਉਸ ਨੂੰ ਧਰਮ ਤੋਂ ਉਲਟ ਜਾਪਦੀ ਸੀ। ਉਹ ਸੋਚ ਰਿਹਾ ਸੀ ਕਿ ਜੇ ਉਸ ਨੇ ਕੁਦਰਤ ਦੇ ਇਸ ਨੇਮ ਵਿਚ ਰੁਕਾਵਟ ਪਾਈ ਤਾਂ ਉਸ ਦੀ ਹੁਣ ਤੱਕ ਦੀ ਸਾਰੀ ਸਾਧਨਾ ਵਿਫ਼ਲ ਮਿੱਟੀ ਵਿਚ ਮਿਲ ਜਾਵੇਗੀ। ਫਿਰ ਉਹ ਆਪਣੀ ਨਿੱਘਰਦੀ ਆਰਥਕ ਹਾਲਤ, ਅੰਨ ਦੀ ਥੋੜ੍ਹ ਤੇ ਨਿਤਾਪ੍ਰਤੀ ਵਧ ਰਹੀ ਮਹਿੰਗਾਈ ਬਾਰੇ ਸੋਚਦਾ ਤਾਂ ਉਸ ਨੂੰ ਪੰਚਾਇਤੀਆਂ ਦੀ ਗੱਲ ਵੀ ਸਾਰਥਕ ਜਾਪਦੀ। ਕਿਉਂਕਿ ਵੱਡੇ ਹੋ ਰਹੇ ਬੱਚਿਆਂ ਲਈ ਜਿੱਥੇ ਵਧੇਰੇ ਭੋਜਨ ਦੀ ਲੋੜ ਸੀ, ਉੱਥੇ ਨਾਲ ਹੀ ਵਿੱਦਿਆ 'ਤੇ ਵੀ ਖ਼ਰਚ ਹੋਣਾ ਸੀ। ਇਸੇ ਮਾਨਸਕ ਰੱਸਾਕਸ਼ੀ ਵਿਚ ਉਸ ਦੀ ਵਾਰੀ ਆ ਗਈ ਤਾਂ ਉਸ ਨੇ ਆਪਣੀਆਂ ਹੰਭੀਆਂ ਹੋਈਆਂ ਲੱਤਾਂ ਤੇ ਖੜ੍ਹੇ ਹੁੰਦਿਆਂ ਆਲੇ-ਦੁਆਲੇ ਬੈਠੇ ਹੋਰ ਬੰਦਿਆਂ ਵਲ ਝਾਤੀ ਮਾਰੀ ਤਾਂ ਸਹਿਜੇ ਹੀ ਉਸ ਦੇ ਮੂੰਹੋਂ ਨਿਕਲਿਆ : "ਇਹ ਮਾਣਸ।" ਇਹ ਕਹਿੰਦਿਆਂ ਹੀ ਉਸ ਦੇ ਸਿਮਰਨ ਵਿਚ ਉਸ ਦੀ ਮਨਪਸੰਦ ਤੁਕ : "ਮਾਣਸ ਜਨਮ ਅਮੋਲਕ ਹੀਰਾ" ਦੇ ਬੋਲ ਉੱਚੇ ਹੋਏ ਤੇ ਨਾਲ ਹੀ ਉਸ ਅੰਦਰ ਇਕ-ਇਕ ਕਰਕੇ ਉਸ ਦੇ ਸਾਰੇ ਧਾਰਮਕ ਸੰਸਕਾਰ ਅਨੁਪ੍ਰਾਣਤ ਹੋ ਗਏ।

ਜਦੋਂ ਉਹ ਅੰਦਰ ਪਹੁੰਚਿਆ ਤਾਂ ਡਾਕਟਰ ਨੇ ਉਸ ਨੂੰ ਭਗਵਾਂ ਚੋਲਾ ਉਤਾਰ ਕੇ ਓਪਰੇਸ਼ਨ ਥੀਏਟਰ ਵਿਚ ਪਰਵੇਸ਼ ਕਰਨ ਲਈ ਆਖਿਆ। ਧਨੀ ਸਿੰਘ ਨੇ ਝਿਜਕਦੇ ਹੋਏ ਕਿਹਾ, "ਜੀ ਮੈਂ ਓਪਰੇਸ਼ਨ ਨਹੀਂ ਕਰਵਾਉਣਾ ਚਾਹੁੰਦਾ।"

"ਪਰ ਪਿੰਡ ਦੇ ਪਤਵੰਤਿਆਂ ਨੇ ਤੇਰਾ ਨਾਮ ਲਿਸਟ ਵਿਚ ਸ਼ਾਮਿਲ ਕੀਤਾ ਹੋਇਆ ਹੈ। ਉਂਜ ਵੀ ਤੇਰੇ ਨੌਂ ਬੱਚੇ ਹਨ। ਤੈਨੂੰ ਆਪਣੇ ਪਰਿਵਾਰ ਦੀ ਬਿਹਤਰੀ ਲਈ ਕੁਝ ਫ਼ਿਕਰ ਕਰਨਾ ਚਾਹੀਦਾ ਹੈ। ਇਸ ਤੋਂ ਵੱਡੇ ਪਰਿਵਾਰ ਦਾ ਬੋਝ ਝੱਲਣ ਦੇ ਤੂੰ ਕਾਬਲ ਨਹੀਂ।"

"ਜੀ ਉਹ ਤਾਂ ਠੀਕ ਹੈ, ਪਰ ਮੈਨੂੰ ਸਮਝ ਨਹੀਂ ਆਉਂਦੀ ਮੈਂ ਕੀ ਕਰਾਂ ? ਜਿਵੇਂ ਤੁਸੀਂ ਕਹਿੰਦੇ ਹੋ ਠੀਕ ਹੈ, ਪਰ ਡਾਕਟਰ ਸਾਹਿਬ ! ਤੁਸੀਂ ਹੀ ਦੱਸੋ ਕਿ ਕੁਦਰਤ ਦੇ ਹੁਕਮ ਅਨੁਸਾਰ ਜਿਸ ਰੂਹ ਨੇ ਚੁਰਾਸੀ ਭੁਗਤ ਕੇ ਮੇਰੇ ਦੁਆਰਾ ਮਨੁੱਖਾ ਚੋਲਾ ਧਾਰਨ ਕਰਨਾ ਹੈ, ਉਸ ਦਾ ਕੀ ਬਣੇਗਾ ? ਨਹੀਂ, ਡਾਕਟਰ ਸਾਹਿਬ ! ਮੈਨੂੰ ਆਪਣਾ ਕੋਈ ਫ਼ਿਕਰ ਨਹੀਂ, ਜੇ ਚਿੰਤਾ ਹੈ ਤਾਂ ਉਸ ਰੂਹ ਦੀ ਹੈ। ਹੁਣ ਤੁਸੀਂ ਹੀ ਦੱਸੋ ਮੈਂ ਕੀ ਕਰਾਂ ? ਮਾਣਸ ਜਨਮ ਵਾਰ-ਵਾਰ ਨਹੀਂ ਮਿਲਦਾ।"

ਮਾਣਸ ਜਨਮ ਦਾ ਜ਼ਿਕਰ ਕਰਿਦਆਂ ਹੀ ਧਨੀ ਸਿੰਘ ਦੇ ਸਿਮਰਨ ਵਿਚ ਧਨ ਕੌਰ ਦਾ ਚਿੱਤਰ ਉਭਰਿਆ ਤਾਂ ਉਸ ਨੇ ਮਿੰਨ੍ਹੀ ਮੁਸਕੜੀ ਹੱਸ ਰਹੇ ਡਾਕਟਰ ਦੀ ਪਰਵਾਹ ਕੀਤੇ ਬਿਨਾਂ ਇਕ ਅਨੋਖੇ ਜਿਹੇ ਵਿਸਮਾਦ ਦਾ ਅਨੁਭਵ ਕੀਤਾ ਤੇ ਫਿਰ ਆਪ ਮੁਹਾਰਾ ਹੀ ਉਹ ਝੂਮ-ਝੂਮ ਕੇ ਗਾਉਣ ਲਗ ਪਿਆ :

"ਮਾਣਸ ਜਨਮ, ਅਮੋਲਕ ਹੀਰਾ ।

ਮਾਣਸ ਜਨਮ, ਅਮੋਲਕ ਹੀਰਾ।"

# ਤਰਸ ਦੇ ਪਾਤਰ

ਜਿੰਨੀ ਵਾਰ ਮੈਂ ਸ੍ਰੀ ਤੇ ਸ੍ਰੀਮਤੀ ਗੁਰਬਚਨ ਨੂੰ ਮਿਲਣ ਗਿਆ, ਇਹ ਹੀ ਪ੍ਰਭਾਵ ਲੈ ਕੇ ਆਇਆ ਕਿ ਇਨ੍ਹਾਂ ਦਾ ਸਾਥ ਟੁੱਟਾ ਕਿ ਟੁੱਟਾ ! ਖਾਣੇ ਦੀ ਮੇਜ਼, ਸਟਡੀ ਜਾਂ ਲਾਅਨ ਵਿਚ ਚਾਹ ਪੀਂਦਿਆਂ, ਜਦੋਂ ਵੀ ਮੈਂ ਵੇਖਿਆ ਉਨ੍ਹਾਂ ਨੂੰ ਝਗੜਦੇ ਹੀ ਵੇਖਿਆ। ਇਕ ਦੂਜੇ ਨੂੰ ਤਿਸਰਕਾਰਦੇ, ਇਕ ਦੂਜੇ ਨਾਲ ਬੱਝੇ ਰਹਿਣ ਦਾ ਆਪੋ ਆਪਣਾ ਅਹਿਸਾਨ ਜਤਾਉਂਦੇ। ਸ੍ਰੀਮਤੀ ਗੁਰਬਚਨ ਆਪਣੇ ਪਤੀ ਦੇ ਭੱਦੇ, ਮੋਟੇ, ਬੇਡੌਲ ਤੇ ਕਾਬੂ ਤੋਂ ਬਾਹਰ ਜਿਸਮ ਦੀ ਕੜੀ ਨਿੰਦਾ ਕਰਦੀ ਹੋਈ ਕਹਿੰਦੀ :

"ਵੇਖੋ ਭਰਾ ਜੀ, ਇਨ੍ਹਾਂ ਨੂੰ ਕੋਈ ਚੱਜ ਵੀ ਹੈ ? ਚਾਹ ਪੀਣ ਲੱਗਦੇ ਹਨ ਤਾਂ ਖੰਡਦਾਨੀ ਤੋਂ ਕੱਪ ਤਕ ਚਮਚੇ ਨਾਲ ਖੰਡ ਲਿਜਾਂਦੇ ਲਿਜਾਂਦੇ ਅੱਧੀ ਮੇਜ਼ ਉੱਤੇ ਹੀ ਡੋਲ੍ਹ ਦਿੰਦੇ ਹਨ। ਸਿਗਰਟ ਦੀ ਰਾਖ਼, ਰਾਖ਼ਦਾਨੀ ਵਿਚ ਜਾਣ ਦੀ ਥਾਂ ਖੰਡਦਾਨੀ 'ਚੋਂ ਹੁੰਦੀ ਹੋਈ ਸਾਰੇ ਮੇਜ਼ 'ਤੇ ਖਿੱਲਰ ਜਾਂਦੀ ਹੈ। ਮਸਾਂ-ਮਸਾਂ ਮੈਂ ਨੌਕਰਾਣੀ ਤੋਂ ਸਫ਼ਾਈ ਕਰਵਾਉਂਦੀ ਹਾਂ, ਪਰ ਇਹ ਬਾਹਰੋਂ ਦਨਦਨਾਉਂਦੇ ਹੋਏ ਚਿੱਕੜ-ਗਾਰੇ ਨਾਲ ਲਿੱਬੜੇ ਬੂਟਾਂ ਸਮੇਤ ਡਰਾਇੰਗ ਰੂਮ ਦੀ ਮੈਟਿੰਗ ਉੱਤੇ ਆ ਧਮਕਦੇ ਹਨ। ਇਹ ਨਹੀਂ ਕਿ ਬੂਟ ਲਾਹ ਲਈਏ ਜਾਂ ਡਸਟ ਪੈਡ ਨਾਲ ਹੀ ਸਾਫ਼ ਕਰ ਲਈਏ। ਰੋਜ਼ ਕਹਿੰਦੀ ਹਾਂ ਕਿ ਸਵੇਰੇ ਉੱਠ ਕੇ ਸ਼ੇਵ ਕਰੋ, ਨਹਾਓ, ਵਾਲ ਬਣਾਓ, ਚੰਗੇ ਕਪੜੇ ਪਾਓ, ਤੁਹਾਡੀ ਸ਼ਖ਼ਸੀਅਤ ਵਿਚ ਕੋਈ ਖਿੱਚ, ਕੋਈ ਦਿਲਕਸ਼ੀ ਪੈਦਾ ਹੋਵੇ। ਪਰ ਇਨ੍ਹਾਂ ਦੇ ਸਿਰ ਜੂੰ ਵੀ ਨਹੀਂ ਸਰਕਦੀ। ਬੜੀਆਂ ਗੰਦੀਆਂ ਆਦਤਾਂ ਹਨ ਇਨ੍ਹਾਂ ਦੀਆਂ। ਸਵੇਰੇ ਸੌ ਤਰਲਾ ਕਰਕੇ ਉਠਾਉਂਦੀ ਹਾਂ ਕਿ ਉਠੋ ਤਿਆਰ ਹੋਵੋ, ਦੇਹ ਸੰਵਾਰੋ, ਪਰ ਇਹ ਦਿਨ ਚੜ੍ਹੇ ਤਕ ਅੱਖਾਂ ਮਲਦੇ ਸੁੱਤੇ ਰਹਿੰਦੇ ਹਨ ਤੇ ਫਿਰ ਜਦੋਂ ਅਖ਼ਬਾਰ ਵਾਲਾ ਆਉਂਦਾ ਹੈ ਤਾਂ ਉੱਠਦੇ ਹਨ, ਅੱਖਾਂ ਮਲਦੇ ਹੋਏ ਬੈੱਡ ਟੀ ਦਾ ਕੱਪ ਤੇ ਅਖ਼ਬਾਰ ਲੈ ਕੇ ਲੈਵੇਟਰੀ ਵਿਚ ਜਾ ਵੜਦੇ ਹਨ। ਵੈਸਟਰਨ ਟਾਈਪ ਲੈਵੇਟਰੀ ਤਾਂ ਕੀ ਬਣਵਾ ਲਈ ਹੈ, ਈਸਟਰਨ ਆਦਤਾਂ ਵੀ ਭੁੱਲਦੇ ਜਾ ਰਹੇ ਹਨ। ਮੈਂ ਵਾਰ-ਵਾਰ ਆਵਾਜ਼ ਦਿੰਦੀ ਹਾਂ ਕਿ ਨ੍ਹਾਉਣ ਲਈ ਪਾਣੀ ਗਰਮ ਹੈ, ਛੇਤੀ ਕਰੋ, ਅਖ਼ਬਾਰ ਫੇਰ ਪੜ੍ਹ ਲੈਣਾ, ਪਰ ਇਹ ਹਿੱਲਦੇ ਤੱਕ ਨਹੀਂ। ਸੁੜ੍ਹਕੇ ਮਾਰ-ਮਾਰ ਚਾਹ ਪੀਂਦੇ ਹੋਏ ਅਖ਼ਬਾਰ ਦਾ ਪਾਠ ਕਰੀ ਜਾਂਦੇ ਹਨ। ਫਿਰ ਜਦੋਂ ਉੱਠਦੇ ਹਨ ਤਾਂ ਆਉਂਦੇ ਹੋਏ ਫਲੱਸ਼ ਦਾ ਪਾਣੀ ਛੱਡਣਾ ਵੀ ਭੁੱਲ ਜਾਂਦੇ ਹਨ, ਛੀ ਛੀ ਛੀ, ਕਿੰਨੀਆਂ ਗੰਦੀਆਂ ਆਦਤਾਂ ਹਨ ! ਕੋਈ ਸਲੀਕਾ ਨਹੀਂ। ਮੈਂ ਤਾਂ ਰੋਂਦੀ ਹਾਂ ਆਪਣੇ ਕਰਮਾਂ ਨੂੰ। ਕਿਹਦੇ ਨਾਲ ਵਾਹ ਪੈ ਗਿਆ !"

ਏਨੀਆਂ ਗੱਲਾਂ ਦੇ ਦੌਰਾਨ ਸ੍ਰੀ ਗੁਰਬਚਨ ਇਕ ਵਾਰੀ ਵੀ ਨਜ਼ਰ ਚੁੱਕ ਕੇ ਉਤਾਂਹ ਨਹੀਂ ਵੇਖਦੇ, ਜਿਵੇਂ ਇਹ ਸਭ ਕੁਝ ਸੁਣਨ ਲਈ ਉਹ ਹਰ ਸਮੇਂ ਹੀ ਤਿਆਰ ਰਹਿੰਦੇ ਹੋਣ। ਮੋਟੇ ਸ਼ੀਸ਼ਿਆਂ ਤੇ ਭੱਦੇ ਫਰੇਮ ਵਾਲੀ ਐਨਕ 'ਚੋਂ ਘੂਰ ਘੂਰ ਵੇਖਦੇ ਹੋਏ ਚੁੱਪਚਾਪ ਕਿਤਾਬ ਪੜ੍ਹੀ ਜਾਂਦੇ ਹਨ। ਉਨ੍ਹਾਂ ਨੂੰ ਚੁੱਪ ਵੇਖ ਕੇ ਸ੍ਰੀਮਤੀ ਗੁਰਬਚਨ ਆਪਣੀਆਂ ਗੱਲਾਂ ਫੇਰ ਸ਼ੁਰੂ ਕਰ ਦਿੰਦੇ ਹਨ :

"ਕੱਲ੍ਹ ਅਸੀਂ ਬੱਸਾਂ ਦੇ ਅੱਡੇ ਤੱਕ ਜਾਣਾ ਸੀ ! ਕੱਚੇ ਰਾਹ ਵਿਚ ਮੀਂਹ ਪੈਣ ਕਰਕੇ ਤਿਲ੍ਹਕਣ ਹੋਈ-ਹੋਈ

ਸੀ। ਮੈਂ ਹਜ਼ਾਰ ਵਾਰ ਕਿਹਾ ਕਿ ਅੱਗੇ ਵੇਖ ਕੇ ਦੇਹ ਸੰਭਾਲ ਕੇ ਤੁਰੇ। ਪਰ ਇਹ ਉਠ ਵਾਂਗ ਮੂੰਹ ਚੁੱਕੀ ਆਪਣੇ ਪੈਰਾਂ ਨੂੰ ਭੁੱਲ ਕੇ ਤਿੰਨ ਵਾਰ ਤਿਲ੍ਹਕ ਕੇ ਡਿੱਗੇ ! ਸਾਰੇ ਕੱਪੜੇ ਲਬੇੜ ਲਏ ! ਤਿੰਨੇ ਵਾਰ ਕੱਪੜੇ ਬਦਲਣ ਅਸੀਂ ਘਰ ਵਾਪਸ ਆਏ ਤੇ ਫੇਰ ਜਾ ਹੀ ਨਾ ਸਕੇ। ਫੋਸੜ ਹਨ ਨਿਰੇ ਫੋਸੜ ! ਇਨ੍ਹਾਂ ਵਿਚ ਉੱਕੀ ਹੀ ਜਾਨ ਨਹੀਂ।"

ਸ੍ਰੀ ਗੁਰਬਚਨ ਕਿਤਾਬ ਵਲੋਂ ਅੱਖਾਂ ਹਟਾ, ਮੱਥੇ ਤਿਊੜੀਆਂ ਚੜ੍ਹਾ ਕੇ ਆਪਣੀ ਭੱਦੀ ਆਵਾਜ਼ ਵਿਚ ਗੁੱਸਾ ਭਰ ਕੇ ਕਹਿੰਦੇ ਹਨ, "ਚੁੱਪ ਵੀ ਕਰ ਕਿ ਕੰਨ ਖਾਈ ਜਾਏਂਗੀ ! ਪਤਾ ਨਹੀਂ ਤੈਨੂੰ ਕਾਂ ਦੀ ਜ਼ਬਾਨ ਕਿੱਥੋਂ ਮਿਲ ਗਈ ! ਕਿਹੋ ਜਿਹੀ ਛਿਪਕਲੀ ਨਾਲ ਵਿਆਹ ਹੋ ਗਿਆ। ਨਾ ਅਕਲ, ਨਾ ਜ਼ਬਾਨ ਨੂੰ ਲੁਗਾਮ ! ਹੱਡੀਆਂ ਦੀ ਮੁੱਠ ! ਸਿਰ 'ਚ ਧੌਲੇ ਆ ਚੱਲੇ ਹਨ, ਪਰ ਇਸ ਨੂੰ ਅਕਲ ਨਾ ਆਈ !"

"ਸ਼ਰਮ ਨਹੀਂ ਆਉਂਦੀ ਮੇਰੇ ਧੌਲੇ ਪੁਣਦਿਆਂ ! ਇਹ ਧੌਲੇ ਤਾਂ ਨਜ਼ਲੇ ਦੇ ਹਨ। ਆਪਣੀ ਪੀੜ੍ਹੀ ਹੇਠ ਸੋਟਾ ਫੇਰੋ ਤਾਂ ਪਤਾ ਲੱਗੇ, ਸਾਰਾ ਸਿਰ ਚਿੱਟਾ ਹੋਇਆ ਪਿਆ ਹੈ ! ਮਾਪਿਆਂ ਨੇ ਜਵਾਨ ਜਹਾਨ ਧੀ ਅਧਖੜ ਦੇ ਮੱਥੇ ਮਾਰੀ। ਕੁਝ ਵੀ ਨਾ ਸੋਚਿਆ। ਮੇਰੇ ਸਾਰੇ ਚਾਅ ਤਾਂ ਉਸੇ ਦਿਨ ਮੱਠੇ ਪੈ ਗਏ ਸਨ, ਜਦੋਂ ਮੈਂ ਵਿਆਹ ਵਾਲੇ ਦਿਨ ਜਨੇਤ ਦੇ ਮੋਹਰੇ ਸਿਹਰਾ ਬੰਨ੍ਹੀਂ ਇਸ ਦੇਹ ਜਿਹੀ ਨੂੰ ਤੁਰਦੇ ਵੇਖਿਆ ! ਕਾਲਾ ਰੰਗ, ਨਾ ਮੂੰਹ ਨਾ ਮੱਥਾ !"

ਤੇ ਫਿਰ ਸ੍ਰੀ ਗੁਰਬਚਨ ਖਿਝ ਜਾਂਦੇ। ਉੱਚੀ-ਉੱਚੀ ਦਬਕੇ ਮਾਰਦੇ, ਤਲਾਕ ਦੇਣ ਦੀ ਧਮਕੀ ਦਿੰਦੇ, ਅੱਗੋਂ ਸ੍ਰੀਮਤੀ ਗੁਰਬਚਨ ਵੀ ਘੱਟ ਨਹੀਂ ਕਰਦੇ ਤੇ ਅੰਤ ਥੱਕ ਹਾਰ ਕੇ ਨੀਵੀਂ ਪਾਈ ਸ੍ਰੀ ਗੁਰਬਚਨ ਕਿਤਾਬ ਨੂੰ ਫ਼ਰਸ਼ ਤੇ ਪਟਕਾ ਮਾਰਦੇ ਤੇ ਬੈੱਡਰੂਮ ਵਿਚ ਜਾ ਕੇ ਅੰਦਰੋਂ ਕੁੰਡਾ ਲਾ ਲੈਂਦੇ। ਸਟਡੀ ਵਿਚ ਉਨ੍ਹਾਂ ਦੀ ਪਤਨੀ ਉੱਚੀ-ਉੱਚੀ ਰੋਂਦੀ ਆਪਣੇ ਵਾਲ ਖੋਂਹਦੀ ਤੇ ਆਪਣੇ ਸਿਰ ਦੇ ਧੌਲਿਆਂ ਨੂੰ ਸੌ ਸੌ ਸਲਵਾਤਾਂ ਸੁਣਾਉਂਦੀ ਤੇ ਕਹਿੰਦੀ ਕਿ ਜੇ ਬੁੱਢੇ ਨਾਲ ਹੀ ਵਾਹ ਪਿਆ ਸੀ ਤਾਂ ਇਨ੍ਹਾਂ ਚੰਦਰਿਆਂ ਨੇ ਵੀ ਕੋਈ ਵਫ਼ਾ ਨਹੀਂ ਕੀਤੀ, ਜਵਾਨੀ ਵਿਚ ਹੀ ਆ ਗਏ !

ਇਹ ਨਾਟਕ ਮੈਂ ਇਕ ਨਹੀਂ ਅਨੇਕ ਵਾਰ ਵੇਖਿਆ ਸੀ ਤੇ ਹਰ ਵਾਰੀ ਹੀ ਸੋਚਿਆ ਸੀ ਕਿ ਹੁਣ ਤੱਕ ਉਹ ਅਲਹਿਦਾ ਹੋ ਚੁੱਕੇ ਹੋਣਗੇ। ਕਲਪਨਾ ਵਿਚ ਮੈਂ ਉਨ੍ਹਾਂ ਦੇ ਝਗੜੇ ਨੂੰ ਕੁੱਟ-ਕੁਟਾਪੇ ਤੇ ਤਲਾਕ ਤਕ ਪਹੁੰਚਦੇ ਵੇਖਦਾ, ਪਰ ਜਦੋਂ ਉਨ੍ਹਾਂ ਨੂੰ ਮੁੜ ਇਕੱਠੇ ਰਹਿ ਰਹੇ ਵੇਖਦਾ, ਤਾਂ ਬੜੀ ਹੈਰਾਨੀ ਹੁੰਦੀ !

ਸ੍ਰੀਮਤੀ ਗੁਰਬਚਨ ਤਿੱਖੇ ਨਕਸ਼ਾਂ ਵਾਲੀ ਸੁਬਕ ਤੇ ਪਤਲੀ ਜਿਹੀ ਨੌਜਵਾਨ ਤੀਵੀਂ ਸੀ, ਆਪਣੇ ਪਤੀ ਤੋਂ ਦਸ ਵਰ੍ਹੇ ਛੋਟੀ। ਨਜ਼ਲੇ ਕਾਰਨ ਉਸ ਦੇ ਸਿਰ ਵਿਚ ਵਕਤੋਂ ਪਹਿਲਾਂ ਧੌਲੇ ਆ ਗਏ ਸਨ। ਸ੍ਰੀ ਗੁਰਬਚਨ ਨਾਲ ਉਸ ਦੇ ਵਿਆਹ ਦੀ ਕਹਾਣੀ ਵੀ ਅਜੀਬ ਸੀ। ਸ੍ਰੀ ਗੁਰਬਚਨ ਆਦਿ ਧਰਮੀਆਂ ਦੇ ਪਰਿਵਾਰ ਵਿੱਚੋਂ ਸਨ। ਸਖ਼ਤ ਮਿਹਨਤ ਤੇ ਉੱਦਮ ਨਾਲ ਉਹ ਐੱਮ. ਏ. ਤੱਕ ਪੜ੍ਹੇ। ਫਿਰ ਪੀ. ਸੀ. ਐੱਸ. ਕਰਕੇ ਐਗਜ਼ੈਕਟਿਵ ਅਫ਼ਸਰ ਬਣ ਗਏ। ਇਸ ਦੌਰਾਨ ਉਨ੍ਹਾਂ ਦੇ ਹਾਣ ਦੀਆਂ ਸਭ ਕੁੜੀਆਂ ਵਿਆਹ ਕਰਵਾ ਕੇ ਚਾਰ-ਚਾਰ ਪੰਜ-ਪੰਜ ਬੱਚਿਆਂ ਦੀਆਂ ਮਾਵਾਂ ਬਣ ਚੁੱਕੀਆਂ ਸਨ। ਜਦੋਂ ਉਹ ਪੜ੍ਹਦੇ ਸਨ, ਤਾਂ ਉਨ੍ਹਾਂ ਨੂੰ ਬੜੇ ਰਿਸ਼ਤੇ ਆਏ, ਪਰ ਹੁਣ ਜਦੋਂ ਉਹ ਅਫ਼ਸਰ ਬਣ ਚੁੱਕੇ ਸਨ ਤਾਂ ਉਨ੍ਹਾਂ ਨੂੰ ਆਪਣੀ ਬਰਾਦਰੀ 'ਚੋਂ ਕੋਈ ਪੜ੍ਹੀ ਲਿਖੀ ਕੁੜੀ ਨਹੀਂ ਸੀ ਮਿਲ ਰਹੀ। ਦੂਜੀ ਬਰਾਦਰੀ ਵਾਲੇ ਰਿਸ਼ਤਾ ਕਰਨ ਲਈ ਤਿਆਰ ਨਹੀਂ ਸਨ। ਸ੍ਰੀਮਤੀ ਗੁਰਬਚਨ ਦੇ ਮਾਪਿਆਂ ਨੇ ਵੀ ਉਨ੍ਹਾਂ ਨੂੰ ਚੰਗਾ ਪੜ੍ਹਾਇਆ ਸੀ। ਉਹ ਵੀ ਕਿਸੇ ਪੜ੍ਹੇ ਲਿਖੇ ਤੇ ਚੰਗੇ ਅਹੁਦੇ ਤੇ ਲੱਗੇ ਹੋਏ ਮੁੰਡੇ ਦੀ ਤਲਾਸ਼ ਵਿਚ ਸਨ। ਪਹਿਲਾਂ ਤਾਂ ਉਨ੍ਹਾਂ ਨੂੰ ਕੋਈ ਮੁੰਡਾ ਹੀ ਨਾ ਮਿਲਿਆ ਤੇ ਜਦੋਂ ਮਿਲਿਆ ਹੀ ਤਾਂ ਉਹ ਸ੍ਰੀ ਗੁਰਬਚਨ ਸਨ, ਅਜੀਬ ਸਮਝੌਤਾ ਸੀ ਸੰਜੋਗ ਦਾ !

ਵਿਆਹ ਤੋਂ ਬਾਅਦ ਸ੍ਰੀਮਤੀ ਗੁਰਬਚਨ ਦੇ ਧੌਲੇ ਹੋਰ ਵੀ ਵਧਣ ਲੱਗ ਪਏ. ਤੇ ਸ੍ਰੀ ਗੁਰਬਚਨ ਦਾ ਮੋਟਾਪਾ। ਉਨ੍ਹਾਂ ਦੇ ਔਲਾਦ ਕੋਈ ਨਹੀਂ ਸੀ। ਸ੍ਰੀਮਤੀ ਗੁਰਬਚਨ ਗੁਆਂਢੀਆਂ ਦੇ ਬੱਚਿਆਂ ਵਲ ਹਸਰਤ ਭਰੀ ਨਿਗਾਹ ਨਾਲ ਵੇਖਦੇ ਤਾਂ ਉਨ੍ਹਾਂ ਦੇ ਅੰਦਰੋਂ ਹਉਕਾ ਜਿਹਾ ਨਿਕਲ ਜਾਂਦਾ।

ਜਦੋਂ ਸ੍ਰੀ ਗੁਰਬਚਨ ਦਫ਼ਤਰ ਚਲੇ ਜਾਂਦੇ ਤਾਂ ਸ੍ਰੀਮਤੀ ਗੁਰਬਚਨ ਦੂਜੀ ਮੰਜ਼ਲ ਦੇ ਬਰਾਮਦੇ ਹੇਠ ਕੁਰਸੀ ਡਾਹ ਕੇ ਬੈਠ ਜਾਂਦੇ। ਉਨ੍ਹਾਂ ਦੇ ਗੁਆਂਢੀ ਸ੍ਰੀ ਸੱਭਰਵਾਲ ਦੀ ਤ੍ਰੀਮਤ ਬੜੀ ਸੁੰਦਰ ਤੇ ਭਰਵੇਂ ਜੁੱਸੇ ਦੀ ਮਾਲਕ ਸੀ। ਜਦੋਂ ਸੱਭਰਵਾਲ ਆਪਣੇ ਕਮਜ਼ੋਰ ਜਿਸਮ ਨੂੰ ਮੋਟੇ ਕੱਪੜਿਆਂ ਵਿਚ ਸਮੇਟੀ ਦਫ਼ਤਰ ਚਲੇ ਜਾਂਦੇ ਤਾਂ ਉਨ੍ਹਾਂ ਦੀ ਤ੍ਰੀਮਤ ਨੂੰ ਮਿਲਣ ਵਾਸਤੇ ਇਕ ਤਿੱਖੇ ਨਕਸ਼ਾਂ ਤੇ ਪੀਡੇ ਜਿਸਮ ਵਾਲਾ ਹੱਟਾ-ਕੱਟਾ ਮੁੰਡਾ ਆਉਂਦਾ। ਇਕ ਕੰਧ ਦੀ ਵਿੱਥ ਤੋਂ ਸ੍ਰੀਮਤੀ ਗੁਰਬਚਨ ਨੂੰ ਉਨ੍ਹਾਂ ਦੋਹਾਂ ਦੇ ਖ਼ੁਮਾਰ ਆਲੂਦਾ ਹਾਸਿਆਂ ਦੀ ਗੂੰਜ ਸੁਣਾਈ ਦਿੰਦੀ, ਤੇ ਉਨ੍ਹਾਂ ’ਚੋਂ ਉਹ ਉਸ ਮੁੰਡੇ ਦੇ ਮੱਛੀਆਂ ਫਰਕਾਉਂਦੇ ਡੌਲਿਆਂ ਦੀ ਵਲਗਣ ਵਿਚ ਵਲੀ ਹੋਈ ਸ੍ਰੀਮਤੀ ਸੱਭਰਵਾਲ ਦੇ ਸਾਰੇ ਜਿਸਮ ਨੂੰ ਖੁੱਲ੍ਹਦਿਆਂ, ਬੰਦ ਹੁੰਦਿਆਂ, ਧੜਕਦਿਆਂ, ਸਾਹ ਲੈਂਦਿਆਂ ਮਹਿਸੂਸ ਕਰਦੇ ਤਾਂ ਉਨ੍ਹਾਂ ਦੇ ਰੋਮ-ਰੋਮ ’ਚੋਂ ਇਕ ਦਰਦ ਜਿਹੇ ਦੀ ਲਹਿਰ ਉੱਠਦੀ।

ਚਾਰ ਵਜੇ ਸ੍ਰੀ ਸੱਭਰਵਾਲ ਦੇ ਆਉਣ ਤੋਂ ਪਹਿਲਾਂ-ਪਹਿਲਾਂ ਜਦੋਂ ਉਹ ਮੁੰਡਾ ਕਾਹਲੀ ਕਦਮਾਂ ਨਾਲ ਕਾਰੀਡੋਰ ’ਚੋਂ ਹੋ ਕੇ ਗੇਟ ਪਾਰ ਕਰਦਾ, ਸ੍ਰੀਮਤੀ ਸੱਭਰਵਾਲ ਦੀਆਂ ਸ਼ੁਅਲਾ ਜੁਆਲਾ ਹੋਈਆਂ ਅੱਖਾਂ ਅੰਦਰ ਝੁੱਲ ਰਹੀ ਅਸ਼ਾਂਤ ਤ੍ਰਿਸ਼ਨਾਂ ਵਲ ਵੇਖ ਕੇ, ਸ੍ਰੀਮਤੀ ਗੁਰਬਚਨ ਦਾ ਸਗਲਾ ਆਪਾ ਪਿੰਜਿਆ ਜਾਂਦਾ।

ਸ੍ਰੀਮਤੀ ਗੁਰਬਚਨ ਦੀ ਵੀ ਅਜੀਬ ਕਥਾ ਸੀ। ਸਕੂਲ ਵਿਚ ਪੜ੍ਹਦਿਆਂ ਵਿਆਹ ਤੋਂ ਪਹਿਲਾਂ ਇਕ ਵਾਰੀ ਉਨ੍ਹਾਂ ਨੂੰ ਗਰਭ ਹੋ ਗਿਆ ਸੀ। ਬਦਨਾਮੀ ਦੇ ਡਰ ਤੋਂ ਉਨ੍ਹਾਂ ਦੇ ਮਾਪਿਆਂ ਨੇ ਦਿੱਲੀ ਲਿਜਾ ਕੇ ਉਨ੍ਹਾਂ ਦਾ ਗਰਭਪਾਤ ਕਰਵਾ ਦਿੱਤਾ ਸੀ। ਉਸ ਤੋਂ ਬਾਅਦ ਸ੍ਰੀਮਤੀ ਗੁਰਬਚਨ ਨੂੰ ਲੇਕੋਰੀਏ ਤੇ ਹਲਕੇ ਜਿਹੇ ਪੈੜੇ ਦੀ ਸ਼ਿਕਾਇਤ ਹੋ ਗਈ ਸੀ। ਕਦੇ ਕਦੇ ਉਨ੍ਹਾਂ ਦਾ ਜੀ ਕਰਦਾ ਕਿ ਉਹ ਵੀ ਸ੍ਰੀਮਤੀ ਸੱਭਰਵਾਲ ਵਾਂਗ ਅਸ਼ਾਂਤ ਤ੍ਰਿਸ਼ਨਾ ਨੂੰ ਸ਼ਾਂਤ ਕਰਨ ਦਾ ਕੋਈ ਹੱਲ ਢੂੰਡ ਲੈਣ। ਪਰ ਫਿਰ ਲੇਕੋਰੀਏ, ਪੈੜੇ ਤੇ ਧੌਲੇ ਵਾਲਾਂ ਦਾ ਖ਼ਿਆਲ ਆਉਂਦਿਆਂ ਹੀ ਉਹ ਸੋਚਦੇ ਮੈਨੂੰ ਕੌਣ ਪਰਵਾਨ ਕਰੇਗਾ ? ਤੇ ਜੇ ਸ੍ਰੀ ਗੁਰਬਚਨ ਨੂੰ ਪਤਾ ਲੱਗ ਗਿਆ ਤਾਂ ਉਹ ਵੀ ਹੱਥੋਂ ਨਿਕਲ ਜਾਣਗੇ। ਉਹ ਸੋਚਦੇ ਕਿ ‘ਫਿਰ ਵੀ ਵਿਚਾਰੇ ਕਿੰਨੇ ਚੰਗੇ ਹਨ। ਜਦੋਂ ਵੀ ਮੈਂ ਢਿੱਲੀ ਹੁੰਦੀ ਹਾਂ ਰਸੋਈ ਤੋਂ ਲੈ ਕੇ, ਘਰ ਦੀ ਸਫ਼ਾਈ ਤਕ ਦਾ ਸਾਰਾ ਕੰਮ ਉਹ ਆਪ ਕਰਦੇ। ਸਵੇਰੇ ਉੱਠ ਕੇ ਉਸ ਲਈ ਬੈੱਡ ਟੀ ਲੈ ਕੇ ਆਉਂਦੇ। ਇਲਾਜ ਤੇ ਹਰ ਮਹੀਨੇ ਕਿੰਨਾ ਹੀ ਖ਼ਰਚ ਕਰ ਦਿੰਦੇ। ਏਨੀ ਸੇਵਾ ਤੇ ਦੇਖ ਭਾਲ ਤਾਂ ਕਿਸੇ ਦੀ ਹਸਪਤਾਲ ਵਿਚ ਵੀ ਨਹੀਂ ਹੋ ਸਕਦੀ ! ਵਿਚਾਰੇ ... !” ਉਹ ਸੋਚਦੇ।

ਸ੍ਰੀ ਗੁਰਬਚਨ ਕਈ ਵਾਰੀ ਮੈਨੂੰ ਆਪਣੀ ਪਤਨੀ ਦੀ ਵਫ਼ਾ ਦੀਆਂ ਗੱਲਾਂ ਦਸ ਚੁੱਕੇ ਸਨ ਤੇ ਆਪਣੇ ਆਪ ਨੂੰ ਕਈ ਵਾਰੀ ਕੋਸਦੇ ਵੀ ਸਨ ਕਿ ਉਹ ਇਹੋ ਜਿਹੀ ਵਫ਼ਾਦਾਰ ਪਤਨੀ ਦੇ ਕਾਬਲ ਨਹੀਂ ਹਨ। ਉਨ੍ਹਾਂ ਨੇ ਮੈਨੂੰ ਦੱਸਿਆ ਕਿ ਇਕ ਵਾਰ ਉਨ੍ਹਾਂ ਨੇ ਹੋਟਲ ਵਿਚ ਕਮਰਾ ਰੀਜ਼ਰਵ ਕਰਵਾਇਆ ਤੇ ਵੇਸਵਾ ਦੀ ਉਡੀਕ ਵਿਚ ਸ਼ਰਾਬ ਪੀਣ ਲੱਗ ਪਏ ! ਜਦੋਂ ਉਹ ਆਈ ਤਾਂ ਉਹ ਊਂਘ ਰਹੇ ਸਨ ! ਉਸ ਵਲ ਵੇਖ ਕੇ ਉਨ੍ਹਾਂ ਦੀਆਂ ਤ੍ਰੇਲੀਆਂ ਛੁੱਟ ਗਈਆਂ, ਸਾਹ ਫੁੱਲਣ ਲਗ ਪਿਆ, ਦਿਲ ਦੀ ਧੜਕਨ ਤੇਜ਼ ਹੋ ਗਈ ਤੇ ਉਹ ਉਸ ਨੂੰ ਇਕ ਲਫ਼ਜ਼ ਕਹੇ ਬਿਨਾ ਹੋਟਲ ਤੋਂ ਭੱਜ ਆਏ ! ਮੈਂ ਉਨ੍ਹਾਂ ਨੂੰ ਕਿਹਾ ਕਿ ਇਹੋ ਜਿਹੇ ਕੰਮ ਤਾਂ ਹੌਂਸਲੇ ਨਾਲ ਹੀ ਹੁੰਦੇ ਹਨ। ਉਹ ਕਹਿਣ ਲੱਗੇ, “ਠੀਕ ਐ ਸ਼ਰਮਾ ਜੀ, ਪਰ ਪੁਲਿਸ ਦਾ ਡਰ, ਬੇਇੱਜ਼ਤੀ ... ਤੇ ਨਾਲੇ ਪਤਾ ਨਹੀਂ ਕੀ ਗੱਲ ਹੈ ਕਿ ਹਰ ਤੀਵੀਂ ਵਲ ਵੇਖ ਕੇ ਮੈਨੂੰ ਉਂਜ ਹੀ ਲਿਜ-ਲਿਜੀ ਕਚ੍ਹਿਆਂਦ ਜਿਹੀ ਆਉਣ ਲਗ ਪੈਂਦੀ ਹੈ, ਫੁੱਲਦੇ ਸਾਹਾਂ ਵਿਚ ਦੁਰਗੰਧ ਜਿਹੀ ਭਰ ਜਾਂਦੀ ਹੈ !”

ਮੈਂ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਅਜਿਹੇ ਸਮੇਂ, ਅਫ਼ੀਮ, ਡਰੱਗਜ਼ ਜਾਂ ਸ਼ਰਾਬ ਬੜੀ ਸਹਾਇਤਾ ਕਰਦੀ ਹੈ।

“ਨਹੀਂ ਸ਼ਰਮਾ ਜੀ, ਸ਼ਰਾਬ ਪੀ ਕੇ ਮੈਨੂੰ ਨੀਂਦ ਆਉਣ ਲੱਗ ਪੈਂਦੀ ਹੈ, ਸੌਣ ਨੂੰ ਜੀ ਕਰਦਾ ਹੈ।”

“ਹੈਰਾਨੀ ਹੈ ਗੁਰਬਚਨ ਜੀ ! ਮਾਸਾ ਅਫੀਮ ਖਾ ਕੇ ਤੇ ਸ਼ਰਾਬ ਪੀ ਕੇ ਮੇਰੇ ਅੰਦਰ ਤਾਂ ਜਿਵੇਂ ਅਨੇਕਾਂ ਮਰਦ ਜਾਗ ਪੈਂਦੇ ਹਨ, ਅਨੇਕਾਂ ਰਾਖ਼ਸ਼ਿਸ਼ਾਂ ਦੀ ਸ਼ਕਤੀ ਆ ਜਾਂਦੀ ਹੈ, ਇਹੋ ਜਿਹੇ ਸਮੇਂ ਮਨੁੱਖ ਦਾ

ਰਾਖ਼ਸ਼ਿਸ਼ ਬਣਨਾ ਬਹੁਤ ਜ਼ਰੂਰੀ ਹੈ। ਬੇਗਾਨੀ ਤੀਵੀਂ ਤੇ ਸ਼ਰਾਬ ਜਦੋਂ ਇਕੱਠੇ ਹੋ ਜਾਣ ਤਾਂ ਦੋਹਾਂ ਨੂੰ ਬੇਦਰਦੀ ਨਾਲ ਹੀ ਵਰਤਣਾ ਪੈਂਦਾ ਹੈ।"

ਕਹਿ ਕੇ ਮੈਂ ਸ੍ਰੀ ਗੁਰਬਚਨ ਵਲ ਗਲਾਸ ਵਧਾਇਆ। ਉਹ ਨਹੀਂ-ਨਹੀਂ ਕਰਦੇ ਸ਼ਰਾਬ ਦਾ ਗਲਾਸ ਗਟ-ਗਟ ਚੜ੍ਹਾ ਗਏ ਤੇ ਫਿਰ ਰੋਹ ਵਿਚ ਆ ਕੇ ਕਹਿਣ ਲੱਗੇ, "ਸ਼ਰਮਾ ਜੀ ! ਮੇਰੀ ਪਤਨੀ ਬਹੁਤ ਚੰਗੀ ਹੈ। ਅਸੀਂ ਭਾਵੇਂ ਲੜ ਪਈਏ ਪਰ ਸਾਡਾ ਪਿਆਰ ਬਹੁਤ ਹੈ। ਉਹ ਬੜੀ ਵਫ਼ਾਦਾਰ ਹੈ। ਵਿਚਾਰੀ ਬੀਮਾਰ ਰਹਿੰਦੀ ਹੈ, ਫਿਰ ਵੀ ਚੰਗੀ ਲੱਗਦੀ ਹੈ। ਸਵੇਰੇ ਜਦੋਂ ਮੈਂ ਪੌੜੀਆਂ ਉੱਤਰ ਕੇ ਕਾਰ ਵਿਚ ਬੈਠਦਾ ਹਾਂ, ਤਾਂ ਉਹ ਜੰਗਲੇ ਕੋਲ ਖੜੋ ਕੇ, ਮੈਨੂੰ ਵਿਦਾ ਕਰਦੀ ਹੈ, ਉੰਨੀ ਦੇਰ ਉੱਥੇ ਖੜੋਤੀ ਮੈਨੂੰ ਵੇਵ ਕਰਦੀ ਰਹਿੰਦੀ ਹੈ, ਜਿੰਨੀ ਦੇਰ ਕਿ ਕਾਰ ਅੱਖੋਂ ਉਹਲੇ ਨਹੀਂ ਹੋ ਜਾਂਦੀ। ਜਦੋਂ ਮੈਂ ਸ਼ਾਮ ਨੂੰ ਚਾਰ ਵਜੇ ਤੋਂ ਬਾਅਦ ਵਾਪਸ ਆਉਂਦਾ ਹਾਂ ਤਾਂ ਉਹ ਉੱਥੇ ਹੀ ਖੜ੍ਹੀ ਮੇਰਾ ਇੰਤਜ਼ਾਰ ਕਰ ਰਹੀ ਹੁੰਦੀ ਹੈ। ਸਾਡੇ ਗੁਆਂਢੀ ਸੱਭਰਵਾਲ ਦੀ ਤ੍ਰੀਮਤ ਨੇ ਕਦੇ ਵੀ ਸ੍ਰੀ ਸੱਭਰਵਾਲ ਨੂੰ ਇਸ ਤਰ੍ਹਾਂ ਵਿਦਾ ਨਹੀਂ ਆਖੀ ਤੇ ਨਾ ਰੀਸੀਵ ਹੀ ਕੀਤਾ ਹੈ। ਸ਼ਰਮਾ ਜੀ, ਮੈਂ ਤਾਂ ਹੁਣ ਵੇਸਵਾ ਬਾਰੇ ਸੋਚਣਾ ਹੀ ਛੱਡ ਦਿੱਤਾ ਹੈ।"

ਅੱਜ ਮੈਂ ਸ੍ਰੀ ਤੇ ਸ੍ਰੀਮਤੀ ਗੁਰਬਚਨ ਨੂੰ ਘਰ ਖਾਣੇ ਤੇ ਬੁਲਾਇਆ ਹੈ। ਦੋਵੇਂ ਬੜੇ ਬਣ-ਫਬ ਕੇ ਆਏ ਹਨ। ਮੈਂ ਨੌਕਰ ਨੂੰ ਸ੍ਰੀ ਗੁਰਬਚਨ ਤੇ ਆਪਣੇ ਵਾਸਤੇ ਸ਼ਰਾਬ ਅਤੇ ਉਨ੍ਹਾਂ ਦੀ ਸ੍ਰੀਮਤੀ ਲਈ ਪਾਈਨ ਐਪਲ ਜੂਸ ਲਿਆਉਣ ਲਈ ਕਹਿੰਦਾ ਹਾਂ। ਦੋਵੇਂ ਚੀਜ਼ਾਂ ਆ ਗਈਆਂ ਹਨ। ਦੋ ਗਲਾਸਾਂ ਵਿਚ ਸ਼ਰਾਬ ਸੋਡਾ ਤੇ ਬਰਫ਼ ਮਿਕਸ ਕਰਕੇ ਮੈਂ ਇਕ ਗਲਾਸ ਸ੍ਰੀ ਗੁਰਬਚਨ ਵਲ ਵਧਾ ਦੇਂਦਾ ਹਾਂ। ਉਹ ਹਿਚਕਿਚਾਉਂਦੇ ਹੋਏ ਗਲਾਸ ਫੜ ਲੈਂਦੇ ਹਨ। ਸ੍ਰੀਮਤੀ ਗੁਰਬਚਨ ਉਨ੍ਹਾਂ ਨੂੰ ਗੁੱਸੇ ਨਾਲ ਘੂਰਦੇ ਹੋਏ ਪਾਈਨ ਐਪਲ ਜੂਸ ਦੀ ਜ਼ਹਿਰ ਮਾਰ ਕਰ ਰਹੇ ਹਨ। ਏਨੇ ਵਿਚ ਕੁਝ ਹੋਰ ਦੋਸਤ ਆ ਸ਼ਾਮਲ ਹੁੰਦੇ ਹਨ। ਦੌਰ ਤੇ ਦੌਰ ਚਲਦਾ ਹੈ। ਮੈਂ ਹੈਰਾਨ ਹਾਂ ਕਿ ਸ੍ਰੀ ਗੁਰਬਚਨ ਗਲਾਸ ਤੇ ਗਲਾਸ ਚੜ੍ਹਾ ਰਹੇ ਹਨ। ਬਾਹਰ ਬੱਦਲ ਤੇ ਅਨ੍ਹੇਰਾ ਗਹਿਰੇ ਹੋ ਰਹੇ ਹਨ। ਦੋਸਤ ਉੱਠ ਕੇ ਚਲੇ ਗਏ ਹਨ। ਸ੍ਰੀਮਤੀ ਗੁਰਬਚਨ ਦੇ ਵਾਰ-ਵਾਰ ਕਹਿਣ ਤੇ ਨੌਕਰ ਨੇ ਖਾਣਾ ਲੱਗਾ ਦਿੱਤਾ ਹੈ। ਸ੍ਰੀਮਤੀ ਗੁਰਬਚਨ ਆਪਣੇ ਪਤੀ ਨੂੰ, ਸ਼ਰਾਬ ਛੱਡ ਕੇ, ਖਾਣਾ ਖਾਣ ਲਈ ਕਹਿ ਰਹੇ ਹਨ।

"ਉੱਠੋ ਵੀ ਖਾਣਾ, ਠੰਡਾ ਹੋ ਰਿਹਾ ਹੈ। ਜ਼ਿਆਦਾ ਪੀ ਕੇ ਤੁਸੀਂ ਘੁਰਾੜੇ ਮਾਰ-ਮਾਰ ਮੇਰੀ ਨੀਂਦ ਖ਼ਰਾਬ ਕਰਨੀ ਹੈ।"

ਪਰ ਅਸੀਂ ਪੀਈ ਜਾ ਰਹੇ ਹਾਂ। ਅਚਾਨਕ ਸ੍ਰੀਮਤੀ ਗੁਰਬਚਨ ਦੇ ਅੰਗਾਂ ਦੇ ਘੁੰਡ ਮੁੜ ਜਾਂਦੇ ਹਨ, ਉਨ੍ਹਾਂ ਦਾ ਜਿਸਮ ਅੰਦਰੂਨੀ ਸਰਦੀ ਦੇ ਕਾਂਬੇ ਵਿਚ ਠੰਡਾ ਪੈ ਕੇ ਕੁਰਸੀ ਵਿਚ ਲੁੜ੍ਹਕ ਜਾਂਦਾ ਹੈ, ਆਨੇ ਉਤਾਂਹ ਚੜ੍ਹ ਜਾਂਦੇ ਹਨ, ਦੰਦਲ ਪੈ ਜਾਂਦੀ ਹੈ ! ਮੈਂ ਤੇ ਸ੍ਰੀ ਗੁਰਬਚਨ ਛੇਤੀ-ਛੇਤੀ ਸ੍ਰੀਮਤੀ ਗੁਰਬਚਨ ਨੂੰ ਸੰਭਾਲਣ ਦਾ ਯਤਨ ਕਰਦੇ ਹਾਂ, ਪਰ ਉਹ ਕੁਝ ਨਹੀਂ ਬੋਲਦੇ। ਚਮਚੇ ਨਾਲ ਉਨ੍ਹਾਂ ਦੀ ਦੰਦਲ ਪੁੱਟ ਕੇ ਮੈਂ ਪਾਣੀ ਦੀਆਂ ਕੁਝ ਬੂੰਦਾਂ ਉਨ੍ਹਾਂ ਦੇ ਮੂੰਹ ਵਿਚ ਪਾਉਂਦਾ ਹਾਂ। ਉਹ ਅੱਖਾਂ ਪੁੱਟਦੇ ਹਨ, ਅੱਖਾਂ ਤੇ ਅੰਗਾਂ ਨਾਲ ਅਜੀਬ-ਅਜੀਬ ਹਰਕਤਾਂ ਕਰਦੇ ਹਨ। ਸ੍ਰੀ ਗੁਰਬਚਨ ਕਹਿ ਰਹੇ ਹਨ, "ਸ਼ਰਮਾ ਜੀ ! ਮੁਆਫ਼ ਕਰਨਾ, ਮੇਰੀ ਪਤਨੀ ਨੂੰ ਫਿਰ ਹਿਸਟੀਰੀਏ ਦਾ ਦੌਰਾ ਪੈ ਗਿਆ ਹੈ, ਵਿਚਾਰੀ !"

ਮੈਂ ਉਨ੍ਹਾਂ ਦੀ ਪਤਨੀ ਨੂੰ ਚੁੱਕ ਕੇ ਉਨ੍ਹਾਂ ਲਈ ਨੀਅਤ ਬੈੱਡ-ਰੂਮ ਵਿਚ ਲਿਜਾ ਕੇ ਇਕ ਮੰਜੇ ਤੇ ਲਿਟਾ ਦਿੰਦਾ ਹਾਂ। ਸ੍ਰੀ ਗੁਰਬਚਨ ਘਬਰਾਹਟ ਵਿਚ ਆਪਣਾ ਸੂਟ ਲਾਹ ਕੇ, ਬਨੈਨ ਕਛਹਿਰੇ ਸਮੇਤ ਆਪਣੀ ਪਤਨੀ ਦੇ ਮੰਜੇ ਤੇ ਬਹਿੰਦੇ ਹੋਏ, ਰਜ਼ਾਈ ਗੋਡਿਆਂ ਤੇ ਲੈ ਕੇ ਕਹਿੰਦੇ ਹਨ, "ਡੌਂਟ ਵਰੀ ਸ਼ਰਮਾ ਜੀ, ਆਈ ਐਮ ਵੈਰੀ ਸੌਰੀ, ਇਹ ਹੁਣੇ ਠੀਕ ਹੋ ਜਾਣਗੇ, ਤੁਸੀਂ ਰੈਸਟ ਕਰੋ।"

ਇਹ ਸੁਣ ਕੇ ਸ੍ਰੀਮਤੀ ਗੁਰਬਚਨ ਅੱਖਾਂ ਪੁੱਟਦੇ ਹੋਏ ਪਹਿਲਾਂ ਮੇਰੇ ਵਲ ਤੇ ਫਿਰ ਆਪਣੇ ਪਤੀ ਵਲ ਵੇਖਦੇ ਹਨ। ਮੈਂ ਉਨ੍ਹਾਂ ਦਾ ਦਰਵਾਜ਼ਾ ਭੇੜ ਕੇ ਆਪਣੇ ਕਮਰੇ ਵਿਚ ਆ ਜਾਂਦਾ ਹਾਂ। ਸ਼ਰਾਬ ਦੀ ਬੋਤਲ ਇਕ ਨਿਵਸਤਰ ਤੀਵੀਂ ਵਾਂਗ ਮੇਰੇ ਸਾਮ੍ਹਣੇ ਪਈ ਹੈ !

ਨਾਲ ਦੇ ਕਮਰੇ ਵਿੱਚੋਂ ਕੰਧਾਂ ਨੂੰ ਕੰਨ ਲਾਉਂਦੀ ਹੋਈ ਸ੍ਰੀਮਤੀ ਗੁਰਬਚਨ ਦੀਆਂ ਸਿਸਕੀਆਂ ਦੀ ਆਵਾਜ਼ ਉੱਭਰਦੀ ਹੈ, ਮੈਂ ਹੈਰਾਨ ਹਾਂ, ਸ੍ਰੀ ਗੁਰਬਚਨ ਕਹਿ ਰਹੇ ਹਨ, "ਡਾਰਲਿੰਗ ਪਲੀਜ਼, ਹੋਸ਼ ਵਿਚ ਆਓ, ਵੇਖੋ ਅਹਿ ਵੇਖੋ, ਮੈਂ ਸੌਂਦਾ ਨਹੀਂ, ਪ੍ਰਾਮਿਜ਼।"

"ਨਹੀਂ-ਨਹੀਂ, ਤੁਸੀਂ ਹਰ ਵਾਰੀ ਹੀ ਇਸ ਤਰ੍ਹਾਂ ਕਹਿੰਦੇ ਹੋ ਤੇ ਫਿਰ ਸ਼ਰਾਬ ਦੇ ਬਹਾਨੇ ਪਾਸਾ ਵੱਟ ਕੇ ਘੁਰਾੜੇ ਮਾਰਨ ਲੱਗ ਪੈਂਦੇ ਹੋ। ਤੁਹਾਨੂੰ ਕੀ ਹੋ ਗਿਆ ਹੈ ? ਤੁਹਾਡੀ ਦੇਹ ਵਿਚ ਜਾਨ ਹੀ ਨਹੀਂ ਰਹੀ। ਨਿਰੀ ਮਿੱਟੀ !"

"ਨਹੀਂ-ਨਹੀਂ, ਪਲੀਜ਼ ਡਾਰਲਿੰਗ, ਬੜੀ ਬੇਇੱਜ਼ਤੀ ਹੋਵੇਗੀ, ਹੌਲੀ ਬੋਲੋ, ਹੋਸ਼ ਕਰੋ, ਕੰਧਾਂ ਦੇ ਵੀ ਕੰਨ ਹੁੰਦੇ ਹਨ, ਮੈਂ ... ਮੈਂ ਸੌਂਦਾ ਨਹੀਂ।"

ਸ੍ਰੀ ਗੁਰਬਚਨ ਦੇ ਘੁਰਾੜਿਆਂ ਦੀ ਆਵਾਜ਼ ਨਾਲ ਮੇਰੇ ਅੰਗਾਂ ਵਿਚ ਤਣਾਅ ਤੇ ਮੇਰੇ ਜ਼ਿਹਨ ਵਿਚ ਇਕ ਨੀਮ-ਨਿਪੁੰਸਕ ਮਰਦ ਦਾ ਚਿੱਤਰ ਉੱਭਰਦਾ ਹੈ।

"ਵਿਚਾਰੇ !" ਕਹਿ ਕੇ ਮੈਂ ਮੁਸਕਰਾ ਪੈਂਦਾ ਹਾਂ !

# ਸੁਪਨਾ ਜਿਉਂ ਸੰਸਾਰ

ਅੱਜ ਫੇਰ ਉਹ ਉਦਾਸ ਸੀ, ਉਦਾਸ ਤੇ ਉਪਰਾਮ, ਆਪਣੇ ਆਪ ਤੋਂ, ਸਭ ਤੋਂ। ਅੰਦਰ ਕੋਈ ਸੁੰਞ ਜਿਹੀ ਪੱਸਰੀ ਹੋਈ ਸੀ, ਪੱਸਰ ਕੇ ਤਣੀ ਹੋਈ, ਵਿਚ ਵਿਚਾਲੇ ਉਸ ਦੀ ਹੋਂਦ ਤਣ-ਤਣ ਖਿੱਚ ਹੋ ਰਹੀ ਸੀ। ਦੋ ਸਾਲ ਹੋ ਗਏ ਸਨ ਉਸ ਨੂੰ ਏਥੇ ਆਇਆਂ, ਪਰ ਇਸ ਸੁੰਞ ਤੇ ਇਸ ਜ਼ਿਹਨੀ ਤਣਾਅ ਦਾ ਕਾਰਨ ਉਸ ਨੂੰ ਅਜੇ ਤਕ ਵੀ ਸਮਝ ਨਹੀਂ ਸੀ ਆਇਆ। ਅਜਿਹੇ ਸਮੇਂ ਜਦੋਂ ਉਹ ਨੈਰੋਬੀ ਸ਼ਹਿਰ ਦੀਆਂ ਵਿਸ਼ਾਲ ਸੜਕਾਂ ਦੁਆਲੇ ਜਗ-ਮਗ ਕਰਦੀਆਂ ਦੁਧੀਆ ਤੇ ਪੀਲੀਆਂ ਜ਼ਰਦ ਬੱਤੀਆਂ ਵਿੱਚੋਂ ਲੰਘਦਾ, ਤਾਂ ਉਸ ਨੂੰ ਇੰਞ ਮਹਿਸੂਸ ਹੁੰਦਾ ਜਿਵੇਂ ਕਾਲਖ ਦੇ ਇਸ ਭਿਆਨਕ ਪੈਂਡੇ ਵਿਚ ਖ਼ਿਜ਼ਾਂ ਦਾ ਪੀਲਾ ਜ਼ਰਦ, ਖ਼ੁਸ਼ਕ ਤੇ ਭੁਰ ਭੁਰ ਪੈਂਦਾ ਸਾਰਾ ਰੰਗ ਉਸ ਅੰਦਰ ਉੱਤਰ ਆਇਆ ਹੋਵੇ। ਦੁਧੀਆ ਬੱਤੀ ਦਾ ਨਿਰਛਲ ਚਾਨਣ ਆਪਣੇ ਆਪ ਤੇ ਇਕ ਮਜ਼ਾਕ ਜਾਪਦਾ। ਉਸ ਦੇ ਕਦਮ ਮਸ਼ੀਨੀ ਗਤੀ ਵਿਚ ਬੱਝੇ ਆਪਣੇ ਆਪ ਰੈਂਡੇਵੂ (Rendezvous) ਦੇ ਸਾਹਮਣੇ ਆ ਕੇ ਰੁਕ ਗਏ।

ਕਾਫ਼ੀ-ਹਾਲ ਦੀ ਪਾਰਟੀਸ਼ਨ ਲੰਘ ਕੇ ਉਹ ਸਿੱਧਾ ਬਾਰ ਵਿਚ ਜਾ ਵੜਿਆ। ਕਾਊਂਟਰ ’ਤੇ ਅਫ਼ਰੀਕਨ ਬੈਰੇ ਦੇ ਕੋਲ ਖੜੋਤੇ ਅੰਗਰੇਜ਼ ਮਾਲਕ ਨੂੰ ਵੇਖ ਕੇ ਉਸ ਨੂੰ ਅਜੀਬ ਜਿਹਾ ਅਹਿਸਾਸ ਹੋਇਆ, ਜਿਵੇਂ ਉਹਰੂ (ਆਜ਼ਾਦੀ) ਤੋਂ ਬਾਅਦ ਵੀ ਏਥੇ ਅਜੇ ਤੱਕ ਕਲੋਨੀਅਲ ਹੈਂਗ ਓਵਰ ਹੋਵੇ। ਜਿਊਕ ਬਾਕਸ ਵਿਚ ਕਿਸੇ ਨੇ ਇਕ ਸ਼ਲਿੰਗ ਦਾ ਸਿੱਕਾ ਪਾਇਆ, ਤਿੰਨ ਵਾਰ ਬਟਨ ਦਬਣ ਦੀ ‘ਕਲਿੱਕ, ਕਲਿੱਕ, ਕਲਿੱਕ’ ਦੀ ਆਵਾਜ਼ ਆਈ ਤੇ ਫਿਰ ਹਲਕੇ ਜਿਹੇ ‘ਕਲਿੱਕ’ ਦੀ ਆਵਾਜ਼ ਤੋਂ ਬਾਅਦ ਇਕ ਰੀਕਾਰਡ ਦੀਆਂ ਪੱਛਮੀਂ ਧੁਨਾਂ ਉੱਭਰਨੀਆਂ ਸ਼ੁਰੂ ਹੋਈਆਂ ਤਾਂ ਨਾਲ ਹੀ ਸਾਮ੍ਹਣੀ ਮੇਜ਼ ਤੋਂ ਚਾਰ ਅਫ਼ਰੀਕਨ ਹਾਸੇ ਉੱਭਰੇ, ਇਕੋ ਘੁੱਟ ਵਿਚ ਪੀਤੇ ਸਕਾਚ ਦੇ ਚਾਰ ਜਾਮ ਉਨ੍ਹਾਂ ਸਾਮ੍ਹਣੇ ਖ਼ਾਲੀ ਪਏ ਸਨ, ਇੰਜ ਲੱਗਦਾ ਸੀ ਜਿਵੇਂ ਉਨ੍ਹਾਂ ਚਾਰ ਸ਼ੌਕੀਨ ਪਿਆਕਾਂ ਨੇ ਹੁਣੇ ਹੁਣੇ ਬੀਅਰ ਤੋਂ ਵਿਸਕੀ ਵਲ ਸ਼ਿਫਟ ਕੀਤਾ ਹੋਵੇ, ਕਿਉਂਕਿ ਅਫ਼ਰੀਕਨਾਂ ਦੀ ਬਹੁ-ਗਿਣਤੀ ਬੀਅਰ ਹੀ ਪੀਂਦੀ ਹੈ। ਸਕਾਚ ਦੀ ਤਲਖ਼ੀ ਦੇ ਅਹਿਸਾਸ ਨੂੰ ਸ਼ਾਇਦ ਉਨ੍ਹਾਂ ਨੇ ਹਾਸੇ ਵਿਚ ਡੋਬਣ ਦਾ ਯਤਨ ਕੀਤਾ ਸੀ। ਇਕ ਅਫ਼ਰੀਕਨ ਜੋੜਾ ਉੱਠਿਆ ਤੇ ਜਿਊਕ ਬਾਕਸ ਸੌਹੇਂ ਆ ਕੇ ਟਵਿਸਟ ਕਰਨ ਲੱਗ ਪਿਆ। ਉਸ ਦੇ ਨਾਲ ਹੀ ਬੀਟਲ ਟਾਈਪ ਵਾਲਾਂ ਵਾਲੇ ਦੋ ਨਵਯੁਵਕ ਅੰਗਰੇਜ਼ ਮੁੰਡੇ, ਕੁੜੀਆਂ ਵਰਗੀ ਸ਼ਕਲ ਬਣਾਈ, ਮੁੰਡਿਆਂ ਵਰਗੀਆਂ ਦੋ ਕੁੜੀਆਂ ਨਾਲ ਬੈਠੇ ਬੀਅਰ ਦੀਆਂ ਚੁਸਕੀਆਂ ਭਰਦੇ, ਮੁਸਕਰਾਉਂਦੇ ਹੋਏ ਇਕ ਦੂਜੇ ਦੇ ਅੰਗ ਪਲੋਸਦੇ, ਪੱਟਾਂ ਵਿਚ ਪੱਟ ਫਸਾਈ ਬੈਠੇ ਰੌਲੇ ਰੱਪੇ ਦੇ ਇਸ ਅਸ਼ਾਂਤ ਸਾਗਰ ਵਿਚ ਇਕ ਸ਼ਾਂਤ ਟਾਪੂ ਦੀ ਨਿਆਈਂ ਆਪਣੇ ਆਪ ਵਿਚ ਮਗਨ ਸਨ। ਇਸ ਸਭ ਕੁਝ ਨਾਲੋਂ ਟੁੱਟੇ ਹੋਏ, ਨਿਰੋਲ ਆਪਣੇ ਆਪ ਵਿਚ। ਸਹਿਜ ਸੁਭਾ ਉਸ ਦਾ ਹੱਥ ਦਿਲ ਤੇ ਚਲਾ ਗਿਆ ਤੇ ਉਸ ਦੇ ਅੰਦਰੋਂ ਇਕ ਹਉਕਾ ਜਿਹਾ ਨਿਕਲ ਗਿਆ। ਅੰਦਰ ਦੀ ਖੋਹ ਹੋਰ ਵਧ ਗਈ ਤੇ ਇਕ ਸੁੰਨ, ਖ਼ਲਾਅ ਜਿਹੀ ਪਸਰਦੀ, ਤਣਦੀ ਹੋਈ ਮਹਿਸੂਸ ਹੋਈ। ਜਦੋਂ ਵੀ ਉਹ ਕੋਈ ਖ਼ੂਬਸੂਰਤ ਔਰਤ ਵੇਖਦਾ, ਜੋ ਉਸ ਅੰਦਰਲੀ ਔਰਤ ਨਾਲ ਮੇਲ ਖਾਂਦੀ ਹੋਵੇ ਤਾਂ

ਉਸ ਦੇ ਅੰਦਰਲੀ ਖ਼ਲਾਅ ਹੋਰ ਵੀ ਵਧ ਜਾਂਦੀ। ਉਸ ਦੀ ਜਾਨ ਤੇ ਬਣ ਆਉਂਦੀ। ਇਸ ਭਟਕਣ ਨੂੰ ਕੋਈ ਮੰਜ਼ਲ ਮਿਲਦੀ ਵੀ ਹੈ ਕਿ ਨਹੀਂ ? ਕਿੰਨਾ ਕੁ ਚਿਰ ? ਹੋਰ ਹੁਣ ਕਿੰਨਾਂ ਕੁ ਚਿਰ ?

ਅਫ਼ਰੀਕਨ ਬੈਰੇ ਦੀਆਂ ਘੂਰਦੀਆਂ ਨਜ਼ਰਾਂ ਵਲੋਂ ਮੂੰਹ ਭੁਆ ਕੇ ਉਸ ਨੇ ਸਾਮ੍ਹਣੇ ਪਾਰਟੀਸ਼ਨ ਵਲ ਵੇਖਦਿਆ ਹੋਇਆ ਕਿਹਾ :

"ਹੈਨੇਸੀ ਬਰਾਂਡੀ, ਟੂ ਡਬਲਜ਼ ਡਰਾਈ" ਜਿਵੇਂ ਆਪਣੇ ਅੰਦਰ ਕਿਸੇ ਨੂੰ ਸਿਰ ਚੁੱਕਦਿਆਂ ਵੇਖ ਕੇ ਉਹ ਖ਼ਲਾਅ ਨੂੰ ਸੰਬੋਧਨ ਕਰ ਰਿਹਾ ਹੋਵੇ। ਬੀਟਲ ਨੁਮਾ ਮੁੰਡਿਆਂ ਦੇ ਬੁੱਲ੍ਹਾਂ 'ਤੇ ਨਿੰਮ੍ਹੀਂ ਜਿਹੀ ਮਸ਼ਕਰੀ ਮੁਸਕਰਾਹਟ ਵਾਂਗ ਬਿਖਰ ਗਈ, ਜਿਸ ਨੂੰ ਉਨ੍ਹਾਂ ਦੀਆਂ ਮਿੱਤਰ ਕੁੜੀਆਂ ਨੇ ਆਪਣੀਆਂ ਸਬਜ਼ ਭਾਅ ਮਾਰਦੀਆਂ ਗਹਿਰੀਆਂ ਨੀਲੀਆਂ ਅੱਖਾਂ ਵਿੱਚੋਂ ਰੀਫ਼ਲੈਕਟ ਕਰਕੇ ਉਸ ਦੇ ਅੰਦਰਲੀ ਸੁੰਨ ਨੂੰ ਹੋਰ ਵੀ ਵਧਾ ਦਿੱਤਾ।

ਅਫ਼ਰੀਕਨ ਬੈਰਾ ਆਈਸ ਕਿਊਬਜ਼ ਤੇ ਫਰਿਜ਼ਡ ਪਾਣੀ ਦੀ ਬੋਤਲ ਦੇ ਨਾਲ ਅੱਧ ਤਕ ਬਰਾਂਡੀ ਨਾਲ ਭਰਿਆ ਵੱਡਾ ਗੌਬਲੈਟ ਲੈ ਆਇਆ ਤੇ ਨਾਲ ਹੀ ਬਿੱਲ। ਬਿੱਲ ਪੇ ਕਰਨ ਉਪਰੰਤ ਬੈਰੇ ਦੇ ਇਕ ਸ਼ਲਿੰਗੀ ਸਲਾਮ ਨੂੰ ਨਜ਼ਰ-ਅੰਦਾਜ਼ ਕਰਦਿਆਂ ਉਸ ਨੇ ਬਰਫ਼ ਤੇ ਪਾਣੀ ਦੇ ਵਿਚਾਲਿਓਂ ਬਰਾਂਡੀ ਦਾ ਗੋਬਲੈਟ ਚੁੱਕ ਕੇ ਗਟਾ-ਗਟ ਚੜ੍ਹਾ ਲਿਆ। ਹੈਨੇਸੀ ਦੇ ਤਲਖ਼ ਸੁਆਦ ਦੀ ਬਾਕੀ ਨੂੰ ਉਹ ਹੌਲੀ-ਹੌਲੀ ਜੀਭ ਤੇ ਮਾਣਦਾ ਹੋਇਆ ਚੁੱਪ ਚਾਪ ਉੱਠ ਕੇ ਬਾਹਰ ਵਲ ਤੁਰ ਪਿਆ। ਖੋਜਾ ਮਸਜਿਦ ਦੇ ਕਲਾਕ ਨੇ ਦਸ ਵਜਾਏ ਤਾਂ ਉਹ ਛਿਣ ਦੀ ਛਿਣ ਰੁਕ ਕੇ ਸਮੇਂ ਦੀ ਤੇਜ਼ ਰਫ਼ਤਾਰ ਵਿਚ ਤੇਜ਼ੀ ਨਾਲ ਦੌੜ ਰਹੀਆਂ ਕਾਰਾਂ ਦੀ ਗਤੀ ਨੂੰ ਵੇਖਦਾ ਰਿਹਾ।

ਸਵੈਕਾਰ ਟ੍ਰੈਫਿਕ ਲਾਈਟਸ ਦੀ ਸੁਰਖ਼ ਰੌਸ਼ਨੀ ਨੇ ਉਸ ਵਲੋਂ ਆਉਂਦੀਆਂ ਕਾਰਾਂ ਦੀ ਗਤੀ ਨੂੰ ਜਾਮ ਕਰ ਦਿੱਤਾ, ਤਾਂ ਫੁਟਪਾਥ ਤੋਂ ਉੱਤਰ ਕੇ ਉਸ ਨੇ, ਪੈਡਸਟਰੀਅਨ ਟਰੈਕ 'ਚੋਂ ਲੰਘਦਿਆਂ ਸੜਕ ਪਾਰ ਕੀਤੀ। ਸਾਮ੍ਹਣੇ 'ਫ਼ਰੈਂਡਜ਼ ਕਾਰਨਰ' ਸੀ, ਜਿਸ ਦੇ ਕਾਊਂਟਰ ਤੇ ਇਕ ਏਸ਼ੀਅਨ ਕੁੜੀ ਦੀ ਹਰ ਗਾਹਕ ਵਾਸਤੇ ਵੇਸ਼ੀਆਨਾ ਮੁਸਕਰਾਹਟ ਪਸਰੀ ਹੋਈ ਸੀ। ਉਸ ਦੇ ਮਨ ਵਿਚ ਅਜੀਬ ਜਿਹੀ ਖੁਤਖੁਤੀ ਹੋਈ। ਕਾਸ਼ ! ਕਿਤੇ ਮੁਸਕਰਾਹਟ ਦੀ ਥਾਂ ਇਹ ਕੁੜੀ ਆਪ ਵੇਸਵਾ ਹੁੰਦੀ ! ਆਵਾਜ਼ ਦੀ ਭੀੜ 'ਚੋਂ ਲੰਘਦਿਆਂ ਉਸ ਨੇ ਉਸ ਕੁੜੀ ਦੀ 'ਹੈਲੋ' ਤੇ ਬਰਾਡ ਸਮਾਈਲ ਨੂੰ 'ਵਾਟ ਸਿਕਸਟੀ ਨਾਈਨ, ਟੂ ਡਬਲਜ਼' ਦੇ ਆਰਡਰ ਨਾਲ ਬੰਦ ਕਰ ਦਿੱਤਾ। ਸਾਹਮਣੇ ਕਲਾਕ 'ਤੇ ਅਜੇ ਸਿਰਫ਼ ਸਾਢੇ ਦਸ ਵਜੇ ਸਨ। ਗਿਆਰਾਂ ਵਜੇ ਬਾਰ ਬੰਦ ਹੋ ਜਾਏਗੀ ਤੇ ਅਜੇ ਰਾਤ ਜੀਵਨ ਦੇ ਅਮੁਕ ਪੈਂਡੇ ਵਾਂਗ ਉਸ ਦੀ ਇਕੱਲ ਉੱਤੇ ਪਸਰੀ ਖੜੋਤੀ ਸੀ। ਉਸ ਨੇ ਗਲਾਸ ਖ਼ਤਮ ਕਰਦਿਆਂ ਵਾਟ ਸਿਕਸਟੀ ਨਾਈਨ ਦੀਆਂ ਦੋ ਛੋਟੀਆਂ ਸ਼ੀਸ਼ੀਆਂ ਖ਼ਰੀਦ ਕੇ ਜੇਬ੍ਹ ਵਿਚ ਪਾ ਲਈਆਂ। ਫਿਰ ਇਸ ਰਾਮ ਰੌਲੇ ਦੇ ਸੈਲਾਬ ਵਿੱਚੋਂ ਦੀ ਤੈਰਦਾ ਹੋਇਆ ਉਹ ਸੜਕ ਤੇ ਆਣ ਖੜੋਤਾ। ਪਤਾ ਨਹੀਂ ਇਕ ਥਾਂ ਟਿਕ ਕੇ ਬੈਠਣ ਵਿਚ ਉਸ ਨੂੰ ਕਿਉਂ ਘਬਰਾਹਟ ਹੋ ਰਹੀ ਸੀ ! ਆਪ-ਮੁਹਾਰਾ ਹੀ ਉਸ ਦੇ ਕਦਮ ਸਾਮ੍ਹਣੇ ਪਾਰਕ ਕੀਤੀ ਆਪਣੀ ਕਾਰ ਵਲ ਵਧੇ।

"ਹੈਲੋ ਮਿਸਟਰ ਸਿੰਘ।"

ਇਕ ਆਵਾਜ਼ ਨੇ ਉਸ ਦਾ ਰਸਤਾ ਰੋਕ ਲਿਆ ! ਉਸ ਨੂੰ ਨਹੀਂ ਸੀ ਪਤਾ ਕਿ ਇਹ ਕੁੜੀ ਕੌਣ ਹੈ ? ਪਰ ਉਸ ਦੀ ਮੁਸਕਰਾਹਟ ਤੇ ਸਰੇ ਬਜ਼ਾਰ ਨਿਰਸੰਕੋਚ ਘੁੱਟਵੀਂ ਗਲਵਕੜੀ ਨੇ ਉਸ ਦੇ ਖ਼ੂਨ ਨੂੰ ਹਰਕਤ ਵਿਚ ਲੈ ਆਂਦਾ।

"ਓ. ਕੇ. ਕਮ ਆਨ।" ਕਹਿ ਕੇ ਉਹ ਉਸ ਨੂੰ ਆਪਣੀ ਕਾਰ ਤਕ ਲੈ ਆਇਆ। ਇਸ ਵੇਲੇ ਉਸ ਦਾ ਜ਼ਿਹਨ ਕੁਝ ਵੀ ਸੁਣਨ ਲਈ ਤਿਆਰ ਨਹੀਂ ਸੀ। ਪਰ ਟੁੱਟੀ-ਫੁੱਟੀ ਸੁਹੇਲੀ ਤੇ ਅੰਗਰੇਜ਼ੀ ਵਿਚ ਹੁੰਦੀਆਂ ਉਸ ਕੁੜੀ ਦੀਆਂ ਗੱਲਾਂ ਮੁਕਣ ਵਿਚ ਹੀ ਨਹੀਂ ਸਨ ਆਉਂਦੀਆਂ। ਉਸ ਨੂੰ ਇਹ ਜਾਣ ਕੇ ਬਹੁਤ ਹੈਰਾਨੀ ਹੋਈ ਕਿ ਕੱਲ੍ਹ ਰਾਤ ਉਹ ਇਸੇ ਕੁੜੀ ਨਾਲ ਸੁੱਤਾ ਸੀ ਤੇ ਅੱਜ ਵੀ ਉਹ ਵਾਅਦੇ ਅਨੁਸਾਰ ਉਸ ਦੀ ਕਾਰ ਕੋਲ ਉਸ ਦਾ ਇੰਤਜ਼ਾਰ ਕਰ ਰਹੀ ਸੀ। ਕੱਲ੍ਹ ਦੀ ਰਾਤ ਉਸ ਦੇ ਸਿਮਰਨ ਵਿੱਚੋਂ ਬਿਲਕੁਲ ਗੈਰ-ਹਾਜ਼ਰ ਸੀ

ਤੇ ਉਹ ਕੁੜੀ ਕਹਿ ਰਹੀ ਸੀ, "ਮਿਸਟਰ ਸਿੰਘ ਯੂ ਆਰ ਵੰਡਰ ਫੁਲ, ਰੀਅਲੀ ਸਵੀਟ, ਆਈ ਰੀਅਲੀ ਐਂਜਾਇਡ (Enjoyed) ਲਾਸਟ ਨਾਈਟ ਵਿਦ ਯੂ ... ਯੂ ਨੋ ਮਾਈ ਪ੍ਰਾਪਰ ਮੋਮੈਂਟ।"

ਕਹਿੰਦੀ ਹੋਈ ਉਹ ਉਸ ਦੇ ਨਾਲ ਚੰਮੜ ਗਈ, ਉਸ ਦੇ ਸਾਹਾਂ 'ਚੋਂ ਬੀਅਰ ਦੀ ਗੰਧ ਆ ਰਹੀ ਸੀ।

"ਬਟ ਦੀਜ਼ ਪੀਪਲ ... ਦੇ ਕਮ ਜਸਟ ਲਾਈਕ ਕਸਟਮਰਜ਼ ... ਦੇ ਡੋਂਟ ਨੋ ਐਨੀ ਥਿੰਗ ਡਾਰਲਿੰਗ ... ਆਈ ਐਮ ਨਾਟ ਏ ਪ੍ਰੋਸਟੀਚਿਊਟ ... ਬਟ ਆਈ ਲਾਈਕ ਯੂ, ਲਾਈਕ ਐਨੀ ਥਿੰਗ ਆਫ਼ ਮਾਈ ਲਾਈਫ।"

ਇਹ ਮਰਾਗੋਲੀ ਕਬੀਲੇ ਦੀ ਕੁੜੀ ਸੀ। ਉਸ ਦਾ ਮਿੱਤਰ ਮੁੰਡਾ ਉਸ ਨਾਲ ਸਮਾਜਕ ਤੌਰ ਤੇ ਵਿਆਹ ਕਰਵਾਉਣ ਲਈ ਉਸ ਦੇ ਮਾਪਿਆਂ ਨੂੰ ਬਰਾਈਡ ਪ੍ਰਾਈਸ ਨਹੀਂ ਸੀ ਦੇ ਸਕਿਆ ਤੇ ਫਿਰ ਉਹ ਦੋਵੇਂ ਆਪਣਾ ਇਲਾਕਾ ਛੱਡ ਕੇ ਕੰਮ ਦੀ ਭਾਲ ਤੇ ਇਕੱਠੇ ਰਹਿਣ ਲਈ ਨੈਰੋਬੀ ਆ ਗਏ ਸਨ। ਏਥੇ ਆ ਕੇ ਉਹ ਮੁੰਡਾ ਕੁਝ ਚਿਰ ਇਕ ਫੈਕਟਰੀ ਵਿਚ ਕੰਮ ਕਰਦਾ ਤੇ ਉਸ ਨਾਲ ਰਹਿੰਦਾ ਰਿਹਾ। ਫਿਰ ਇਕ ਦਿਨ ਅਚਾਨਕ ਕਿਸੇ ਹੋਰ ਕੁੜੀ ਨੂੰ ਨਾਲ ਲੈ ਕੇ ਉਹ ਨੈਰੋਬੀ ਵਿਚ ਕਿਧਰੇ ਗੁਆਚ ਗਿਆ। ਉਹ ਉਸ ਦੀ ਤਲਾਸ਼ ਕਰਦੀ ਰਹੀ ਪਰ ਵਿਫ਼ਲ, ਹੁਣ ਉਹ ਉਦਰਪੂਰਤੀ ਲਈ ਕਿਸੇ ਦਫ਼ਤਰ ਵਿਚ ਪਾਰਟ ਟਾਈਮ ਕੰਮ ਤੇ ਸੋਫ਼ਿਸਟੀਕੇਟਿਡ ਪ੍ਰੋਸਟੀਚਿਊਸ਼ਨ ਕਰ ਰਹੀ ਸੀ। ਪਿਛਲੀ ਰਾਤ ਉਹ ਉਸ ਕੁੜੀ ਨਾਲ ਉਸ ਦੇ ਘਰ ਸੌਂ ਕੇ ਵਾਪਸ ਆ ਗਿਆ ਸੀ, ਪਰ ਉਸ ਨੂੰ ਉੱਕਾ ਹੀ ਯਾਦ ਨਹੀਂ ਸੀ। ਅੱਗੇ ਵੀ ਕਈ ਵਾਰ ਇਵੇਂ ਹੀ ਹੋਇਆ ਸੀ। ਇਹੋ ਜਿਹੀਆਂ ਕਹਾਣੀਆਂ ਉਸ ਨੇ ਸੁਣੀਆਂ ਸਨ। ਪਰ ਉਸ ਨੂੰ ਤਾਂ ਸਵੇਰੇ ਉੱਠਦਿਆਂ ਕੇਵਲ ਇਹ ਹੀ ਯਾਦ ਹੁੰਦਾ ਸੀ ਕਿ ਉਸ ਦੀ ਜ਼ਬਾਨ ਤੇ ਸ਼ਰਾਬ ਦੀ ਤਲਖ਼ੀ ਦਾ ਅਹਿਸਾਸ, ਸਿਰ ਭਾਰਾ ਤੇ ਗਲਾ ਖ਼ੁਸ਼ਕ ਸੀ। ਆਪਣੇ ਫ਼ਲੈਟ ਵਿਚ ਉਹ 'ਕੱਲਾ ਹੀ ਰਹਿੰਦਾ ਸੀ। ਅੱਜ ਸਵੇਰੇ ਵੀ ਇਵੇਂ ਹੀ ਹੋਇਆ ਸੀ।

ਉਸ ਦਾ ਫ਼ਲੈਟ ਆ ਗਿਆ ਸੀ। ਉਸ ਨੇ ਕਾਰ ਨੂੰ ਲਾਕ ਕੀਤਾ ਤੇ ਉਸ ਕੁੜੀ ਨੂੰ ਨਾਲ ਲੈ ਕੇ ਸਿੱਧਾ ਸੌਣ ਕਮਰੇ ਵਲ ਵਧਿਆ। ਫਰਿੱਜ ਵਿੱਚੋਂ ਬੀਅਰ ਕੱਢ ਕੇ ਉਸ ਨੇ ਉਸ ਕੁੜੀ ਨੂੰ ਦਿੱਤੀ ਤੇ ਆਪ ਨਿੱਕੀ ਬੋਤਲ ਵਿੱਚੋਂ ਸਕਾਚ ਦੀਆਂ ਹਲਕੀਆਂ-ਹਲਕੀਆਂ ਚੁਸਕੀਆਂ ਲੈਣ ਲੱਗ ਪਿਆ।

ਕਮਰੇ ਦੇ ਦੂਧੀਆ ਚਾਨਣ ਵਿਚ ਉਸ ਕੁੜੀ ਦੇ ਕਾਲੇ ਲਿਸ਼ਕਵੇਂ ਤੇ ਸਡੌਲ ਜਿਸਮ ਵਿਚ ਬਲਾ ਦੀ ਖਿੱਚ ਮਹਿਸੂਸ ਹੋ ਰਹੀ ਸੀ। ਨਾਰੰਗੀਆਂ ਵਰਗੀਆਂ ਉੱਭਰੀਆਂ ਹੋਈਆਂ ਗੋਲ, ਤਿੱਖੀਆਂ ਸਖ਼ਤ ਕਾਲੀਆਂ ਸ਼ਾਹ ਛਾਤੀਆਂ ਉਸ ਨੂੰ ਆਪਣੀ ਹਿੱਕ ਵਿਚ ਧਸਦੀਆਂ ਹੋਈਆਂ ਮਹਿਸੂਸ ਹੋਈਆਂ ! ਕਮਾਏ ਹੋਏ ਸੁਡੌਲ ਤੇ ਪੀਡੇ ਅੰਗ ! ਬੀਅਰ ਖ਼ਤਮ ਕਰਕੇ ਉਸ ਕੁੜੀ ਨੇ ਉਸਦੀਆਂ ਅੱਖਾਂ ਵਿਚ ਵੇਖਿਆ। ਬੜੀਆਂ ਖ਼ੂਬਸੂਰਤ ਅੱਖਾਂ, ਝੀਲ ਵਾਂਗ ਡੂੰਘੀਆਂ, ਚੰਚਲ, ਸ਼ੋਖ ਤੇ ਮੁਸਕਾਉਂਦੀਆਂ ਹੋਈਆਂ !

"ਮਿਸਟਰ ਸਿੰਘ, ਪਲੀਜ਼ ... !"

ਉਹ ਉਸ ਦੇ ਨੰਗੇ ਜਿਸਮ ਨਾਲ ਲੱਗਦਿਆਂ ਹੀ ਉਸ ਦੀ ਗਲਵਕੜੀ ਵਿਚ ਸਮਾ ਗਈ। ਉਸ ਦੀ ਛਾਤੀ ਤੇ ਉੱਗੇ ਸੰਘਣੇ ਵਾਲਾਂ ਨਾਲ ਖੇਡਦੀ ਰਹੀ ਤੇ ਫਿਰ ਆਪਣੇ ਲਗ ਪਗ ਰੋਡੇ ਸਿਰ ਤੇ, ਹੱਥ ਫੇਰਦਿਆਂ ਆਪਣੇ ਕੁੰਡਲਾਂ ਨੂੰ ਦੋ ਕੁ ਇੰਚ ਤਕ ਖਿੱਚ ਕੇ ਨਾਕਾਮ ਛੱਡਦੀ ਹੋਈ, ਉਸ ਦੇ ਸਿਰ ਦੇ ਲੰਮੇ-ਲੰਮੇ ਵਾਲਾਂ ਦੀ ਕੰਘੀ ਆਪਣੀਆਂ ਉਂਗਲਾਂ ਨਾਲ ਕਰਦੀ ਰਹੀ। ਉਸ ਦੇ ਗੁੱਟੇ ਨੂੰ ਖੋਲ੍ਹ ਕੇ, ਵਾਲਾਂ ਨੂੰ ਨਾਪਦੀ ਦਾੜ੍ਹੀ ਨੂੰ ਚੁੰਮਦੀ ਰਹੀ !

ਉਸ ਦਾ ਹੱਥ ਅਚਾਨਕ ਉਸ ਕੁੜੀ ਦੇ ਲੱਕ ਤੱਕ ਗਿਆ ਤਾਂ ਉਸ ਨੇ ਉਸ ਦੇ ਲੱਕ ਦੁਆਲੇ ਕੁਝ ਮਹਿਸੂਸ ਕੀਤਾ। ਹਰੇ, ਨੀਲੇ, ਪੀਲੇ, ਜੋਗੀਆਂ, ਲਾਲ ਤੇ ਚਿੱਟੇ ਰੰਗ ਦੇ ਬੀਡਜ਼ (ਮਣਕੇ) ਦੀਆਂ ਪੰਜ ਛੇ ਲੜੀਆਂ ਉਸ ਦੇ ਲੱਕ ਦੁਆਲੇ ਵਲੀਆਂ ਹੋਈਆਂ ਸਨ। ਉਹ ਇਨ੍ਹਾਂ ਬੀਡਜ਼ ਨਾਲ ਖੇਡਣ ਲੱਗ ਪਿਆ। ਇਨ੍ਹਾਂ ਬੀਡਜ਼ ਨੂੰ ਵੇਖਦਿਆਂ-ਵੇਖਦਿਆਂ ਉਸ ਨੂੰ ਅੱਜ ਤੋਂ ਕੁਝ ਸਮਾਂ ਪਹਿਲਾਂ ਦੀਆਂ ਮਾਰਗੋਲੀ ਕੁੜੀਆਂ ਨਜ਼ਰ ਆਈਆਂ, ਜਿਹੜੀਆਂ ਜੰਗਲਾਂ ਵਿਚ ਬਣੀਆਂ ਝੁੱਗੀਆਂ ਵਿਚ ਨੰਗੀਆਂ ਰਹਿੰਦੀਆਂ ਸਨ ਤੇ ਉਨ੍ਹਾਂ ਦੇ ਲੱਕ

ਦੁਆਲੇ ਕੇਵਲ ਇਹ ਬੀਡਜ਼ ਹੀ ਹੁੰਦੇ ਸਨ। ਫਿਰ ਹੌਲੀ-ਹੌਲੀ ਬੀਡਜ਼ ਤੇ ਕੌਡੀਆਂ ਦੀ ਬੁਣੀ ਹੋਈ ਝਾਲਰ ਛਾਤੀਆਂ ਵਿਚਾਲਿਓਂ ਲੰਘ ਕੇ, ਮੋਢਿਆਂ ਉੱਤੋਂ ਦੀ ਹੁੰਦੀ ਹੋਈ ਇਨ੍ਹਾਂ ਦੇ ਲੱਕ ਦੁਆਲੇ ਵਲੇ ਬੀਡਜ਼ ਵਿਚ ਆ ਫਸੀ ਤੇ ਹੇਠਾਂ ਇਕ ਤੜਾਗੀ !

ਪਰ ਅੱਜ ਵੀ ਇਹ ਆਧੁਨਿਕ ਮਾਰਗੋਲੀ ਕੁੜੀਆਂ ਆਧੁਨਿਕ ਭੂਸ਼ਣਾਂ ਹੇਠਾਂ ਆਪਣੇ ਵਿਰਸੇ ਦੀ ਕਾਮ ਦੀ ਖੁੱਲ੍ਹ ਖੇਡ ਵਾਲੀ ਜ਼ਿੰਦਗੀ ਦੀ ਯਾਦ ਨੂੰ ਇਕ ਝਾਲਰ ਦੇ ਰੂਪ ਵਿਚ ਇਕ ਤਮਗੇ ਵਾਂਗ ਲੱਕ ਦੁਆਲੇ ਵਲੀ ਫਿਰਦੀਆਂ ਹਨ। ਜਿਸ ਮੁੰਡੇ ਨਾਲ ਜੀ ਕੀਤਾ ਰਾਤ ਨੂੰ ਜਿਸਮ ਦਾ ਨਿੱਘ ਸਾਂਝਾ ਕਰ ਲਿਆ। ਕਿੰਨੀ ਖੁੱਲ੍ਹ ਸੀ ਇਨ੍ਹਾਂ ਦੇ ਜੀਵਨ ਵਿਚ ! ਪਰ ਸਮੇਂ ਦੇ ਬਦਲਣ ਨਾਲ ਲੋੜਾਂ ਸਾਹਵੇਂ ਸਾਧਨਾਂ ਦੇ ਸੁੰਗੜਨ ਕਰਕੇ ਲਿੰਗ-ਅੰਗਾਂ ਦੀ ਤ੍ਰਿਪਤੀ ਦੀ ਇਹ ਖੁੱਲ੍ਹ ਪਿੰਡਾਂ ਥਾਵਾਂ ਨੂੰ ਛੱਡ ਕੇ, ਸ਼ਹਿਰਾਂ ਵਿਚ ਵੇਸਵਾਈ ਦਾ ਰੂਪ ਧਾਰਨ ਕਰ ਗਈ ਸੀ। ਦਫ਼ਤਰਾਂ ਵਿਚ ਕੰਮ ਕਰਦੀਆਂ ਜਾਂ ਬੇਰੋਜ਼ਗਾਰ ਅਨੇਕਾਂ ਕੁੜੀਆਂ ਅੱਜ ਨੈਰੋਬੀ ਵਿਚ ਇਹ ਕੁਝ ਕਰ ਰਹੀਆਂ ਹਨ। ਇਸ ਖ਼ਿਆਲ ਦੇ ਨਾਲ ਹੀ ਉਸ ਨੂੰ ਇਕ ਕਚਿਆਂਦ ਜਿਹੀ ਦਾ ਅਹਿਸਾਸ ਹੋਇਆ ਤੇ ਉਸ ਦੀ ਖ਼ਲਾਅ ਹੋਰ ਵੀ ਵਧ ਗਈ। ਆਪਣੇ ਨਾਲ ਪਈ ਕੁੜੀ ਦਾ ਜਿਸਮ ਠੰਡਾ ਸੀਤ ਜਾਪਣ ਲਗ ਪਿਆ ! ਆਪਣੀਆਂ ਨਾੜਾਂ ਵਿਚ ਲਹੂ ਦੀ ਰਵਾਨੀ ਉਸ ਨੂੰ ਮੱਠੀ ਪੈਂਦੀ ਜਾਪੀ !

ਉਸ ਦੇ ਹੱਥ ਆਪ-ਮੁਹਾਰਾ ਹੀ ਉਸ ਦੇ ਬੀਡਜ਼ ਵਲੋਂ ਖਿੱਚੇ ਗਏ। ਜਿਵੇਂ ਜਿਵੇਂ ਉਹ ਉਸ ਤੋਂ ਦੂਰ ਹਟਦਾ ਗਿਆ, ਤਿਵੇਂ-ਤਿਵੇਂ ਉਹ ਉਸ ਦੇ ਹੋਰ ਵਧੇਰੇ ਨਜ਼ਦੀਕ ਆਉਂਦੀ ਗਈ।

"ਨੋ ਨੋ ਮਿਸਟਰ ਸਿੰਘ, ਪਲੀਜ਼ ਡੋਂਟ ਬੀ ਕਰੂਅਲ ! ਡੋਂਟ ਥਿੰਕ ਮੀ ਲਾਈਕ ਅਦਰਜ਼। ਆਈ ਐਮ ਨਾਟ ਏ ਪ੍ਰੌਸਟੀਚਿਊਟ, ਪਲੀਜ਼ ..." ਉਸ ਨੇ ਜ਼ਿੰਦਗੀ ਦੇ ਸਾਰੇ ਤਰਲੇ ਨੂੰ ਅੱਖਾਂ ਵਿਚ ਵਸਾ ਕੇ ਆਖਿਆ। ਉਸ ਦੀਆਂ ਅੱਖਾਂ ਵਿਚ ਹਰ ਰਾਤ ਅਤ੍ਰਿਪਤ ਸੁੱਤੀ ਇਸਤਰੀ ਦੀ ਸਦੀਆਂ ਦੀ ਦੱਬੀ ਹੋਈ ਉਹ ਜੁਆਲਾ ਮਚ ਰਹੀ ਸੀ, ਜਿਸ ਨੂੰ ਆਪਣੀ ਤ੍ਰਿਪਤੀ ਉਪਰੰਤ ਮਰਦ ਸਦਾ ਹੀ ਨਜ਼ਰ-ਅੰਦਾਜ਼ ਕਰਦਾ ਆਇਆ ਹੈ। ਛਿਣ ਦੀ ਛਿਣ ਉਸ ਨੂੰ ਲੱਗਾ ਜਿਵੇਂ ਇਹ ਉਹੀ ਇਸਤਰੀ ਹੈ ਜਿਸ ਦੀ ਉਹ ਇਕ ਮੁੱਦਤ ਤੋਂ ਤਲਾਸ਼ ਕਰ ਰਿਹਾ ਸੀ। ਬਿਲਕੁਲ ਉਹੀ ਉਸ ਦੇ ਅੰਦਰਲੀ ਤ੍ਰੀਮਤ ਦੇ ਹਾਣ ਪਰਵਾਣ ! ਪਰ ਉਹ ਅਜਬ ਦੁਬਿਧਾ ਦਾ ਸ਼ਿਕਾਰ ਸੀ !

"ਮਿਸ ਸਾਰਾ ! ਸੌਰੀ ਪਲੀਜ਼, ਅੱਜ ਮੈਂ ਤੀਜੀ ਯਾਤਰਾ ਨਹੀਂ ਕਰ ਸਕਾਂਗਾ। ਪੈਸੇ ਨਹੀਂ ਹਨ।" ਕਹਿੰਦਿਆਂ ਉਸ ਨੇ ਆਪਣੀ ਜੇਬ੍ਹ ਵਿਚ ਬਚਦਾ ਇਕ ਪੌਂਡ ਦਾ ਨੋਟ ਉਹਦੇ ਵਲ ਵਧਾਇਆ।

"ਨੋ, ਨੋ, ਨੋ, ਆਈ ਵਾਂਟ ਯੂ, ਨਾਟ ਯੂਅਰ ਮਨੀ ...", ਕਹਿੰਦੀ ਹੋਈ ਉਹ ਉਸ ਦੀ ਛਾਤੀ ਵਿਚ ਸਿਰ ਦੇ ਕੇ ਫਿੱਸ ਪਈ !

ਜਦੋਂ ਉਹ ਸਵੇਰੇ ਉੱਠਿਆ ਤਾਂ ਉਸ ਨੂੰ ਇੰਞ ਜਾਪਿਆ ਜਿਵੇਂ ਉਹ ਬੜੇ ਖ਼ੂਬਸੂਰਤ ਪਰ ਤਲਖ਼ ਅੰਤ ਵਾਲੇ ਸੁਪਨੇ 'ਚੋਂ ਜਾਗਿਆ ਹੋਵੇ। ਸੁਪਨੇ ਦੀ ਇਸ ਸਿਮਰਤੀ ਵਿਚ ਹੀ ਉਸ ਦਾ ਹੱਥ ਆਪਣੀ ਛਾਤੀ ਤੇ ਪਏ ਵੀਹ ਸ਼ਲਿੰਗ ਦੇ ਨੋਟ ਨੂੰ ਛੁਹਿਆ ! ਵੀਹ ਸ਼ਲਿੰਗ ਦੇ ਉਸ ਗਿੱਲੇ ਜਿਹੇ ਨੋਟ ਨੂੰ ਹੱਥਾਂ ਵਿਚ ਘੁਟ ਕੇ ਉਸ ਨੂੰ ਇਵੇਂ ਮਹਿਸੂਸ ਹੋਇਆ ਜਿਵੇਂ ਉਹ ਰਾਤ ਸਾਰਾ ਨਾਲ ਨਹੀਂ ਸਗੋਂ ਇਸ ਨੋਟ ਨਾਲ ਸੁੱਤਾ ਹੋਵੇ। ਆਪਣੇ ਨਗਨ ਸਰੀਰ ਨੂੰ ਗਾਊਨ ਨਾਲ ਲਪੇਟਦਿਆਂ ਉਸ ਨੂੰ ਜਾਪਿਆ ਜਿਵੇਂ ਉਸ ਦੇ ਜ਼ਿਹਨ ਵਿਚ ਇਕ ਧਮਾਕਾ ਜਿਹਾ ਹੋਇਆ ਹੋਵੇ ਤੇ ਉਹ ਉੱਚੀ-ਉੱਚੀ ਸਾਰਾ ਨੂੰ ਆਵਾਜ਼ਾਂ ਮਾਰਦਾ ਬਾਹਰ ਦੇ ਗੇਟ ਵਲ ਭੱਜ ਤੁਰਿਆ !

# ਮਸ਼ੀਨਾਂ ਤੇ ਆਤਮ-ਹੀਣ ਹੁੰਦੇ ਵਿਅਕਤੀ

ਮੈਂ ਤੇ ਗੁਰਦਿਆਲ ਬੜੇ ਗੂੜ੍ਹੇ ਮਿੱਤਰ ਹੁੰਦੇ ਸਾਂ। ਇਹ ਸੰਨ 1956 ਦੀ ਗੱਲ ਹੈ ਜਦੋਂ ਚੀਜ਼ਾਂ ਦੇ ਭਾਅ ਅੱਜ ਨਾਲੋਂ ਬਹੁਤ ਸਸਤੇ ਹੁੰਦੇ ਸਨ। ਅਸੀਂ ਦੋਵੇਂ ਜਣੇ ਜੂਨੀਅਰ ਬੇਸਿਕ ਪਾਸ ਕਰਕੇ ਆਪੋ ਆਪਣੇ ਪਿੰਡਾਂ ਦੇ ਨੇੜੇ ਸਕੂਲਾਂ ਵਿਚ ਅਧਿਆਪਕ ਲੱਗ ਗਏ ਸਾਂ। ਇਕ ਜੱਟਾਂ ਦੇ ਮੁੰਡੇ ਤੇ ਦੂਜੇ ਘਰ ਦੇ ਨੇੜੇ ਹੀ ਅਧਿਆਪਕ, ਸਾਡੀ ਦੋਹਾਂ ਦੀ ਬੜੀ ਸ਼ਾਨ ਸੀ। ਦਾਣਾ ਫੱਕਾ ਘਰ ਦਾ ਤੇ ਸਾਢੇ ਸਤਾਨਵੇ ਰੁਪਏ ਮਹੀਨਾ ਤਨਖ਼ਾਹ—ਜੇਬ੍ਹ ਖ਼ਰਚ। ਨਾ ਘਰ ਦੇ ਕੁਝ ਮੰਗਦੇ, ਨਾ ਅਸੀਂ ਕੁਝ ਦਿੰਦੇ। ਨਿਤ ਨਵੇਂ ਕੱਪੜੇ, ਨਿਤ ਨਵੇਂ ਫੈਸ਼ਨ। ਉਸ ਦਾ ਸਕੂਲ ਮੈਥੋਂ ਡੇਢ ਮੀਲ ਤੇ ਪਿੰਡ ਢਾਈ ਮੀਲ ਸੀ। ਜਦੋਂ ਜੀ ਕਰਦਾ ਅਸੀਂ ਸਾਈਕਲ ਚੁਕ ਕੇ ਇਕ ਦੂਜੇ ਵਲ ਤੁਰ ਪੈਂਦੇ। ਉਸ ਦੇ ਘਰ ਦੇ ਅਸਲੋਂ ਅਨਪੜ੍ਹ ਤੇ ਖ਼ੂਬ ਦਾਰੂ ਕੱਢਦੇ, ਪੀਂਦੇ ਸਨ। ਮੇਰੇ ਘਰ ਦੇ ਪੜ੍ਹੇ ਲਿਖੇ ਤੇ ਸ਼ਰਾਬ ਤੋਂ ਪਰਹੇਜ਼ ਕਰਦੇ ਸਨ। ਉਸ ਦੀ ਮੇਰੀ ਸਾਂਝ ਵੀ ਅਜੀਬ ਸੀ। ਮੈਂ ਉਸ ਤੋਂ ਦਾਰੂ ਕੱਢਣ ਤੇ ਪੀਣ ਦੀ ਆਦਤ ਸਿੱਖੀ ਅਤੇ ਉਸ ਨੇ ਮੇਰੇ ਕੋਲੋਂ ਪ੍ਰਾਈਵੇਟ ਤੌਰ ਤੇ ਇਮਤਿਹਾਨ ਪਾਸ ਕਰਨ ਦੀ।

ਉਹ ਬੜਾ ਹਸਮੁਖ, ਮਖ਼ੌਲੀਆ, ਜ਼ਿੰਦਾਦਿਲ ਤੇ ਯਾਰਾਂ ਦਾ ਯਾਰ ਸੀ। ਯਾਰ ਲਈ ਸਭ ਕੁਝ ਕਰ ਗੁਜ਼ਰਨ ਵਾਲਾ-ਜਾਨ ਤੱਕ ਦੇ ਦੇਣ ਵਾਲਾ ਉਹ ਇਕ ਅਤਿ ਦਾ ਮਿਲਾਪੜਾ ਤੇ ਨਿੱਘਾ ਵਿਅਕਤੀ ਸੀ। ਮੈਂ ਜਦੋਂ ਉਸ ਦੇ ਸਕੂਲ ਜਾਣਾ ਤਾਂ ਉਸ ਨੇ ਮੁੰਡੇ ਕਮਰਿਆਂ ਵਿਚ ਤਾੜ ਕੇ ਮਾਨੀਟਰਾਂ ਦੇ ਹਵਾਲੇ ਕਰ ਦੇਣੇ ਤੇ ਮੈਨੂੰ ਨਾਲ ਲੈ ਕੇ ਬਾਹਰ ਖੁੱਲ੍ਹੀ ਹਵਾ ਵਿਚ ਪਿੱਪਲ ਹੇਠਾਂ ਆਣ ਬੈਠਣਾ। ਸਕੂਲ ਭਾਵੇਂ ਉਸ ਦਾ ਇਨਸਪੈਕਟਰ ਆਇਆ ਹੋਵੇ, ਉਸ ਨੇ ਕਦੇ ਪਰਵਾਹ ਨਹੀਂ ਸੀ ਕੀਤੀ। ਮੇਰੇ ਵਲ ਵੇਖਦਿਆਂ ਹੀ ਉਹ ਸਾਰੇ ਕੰਮ ਛੱਡ ਕੇ ਵਿਹਲਾ ਹੋ ਜਾਂਦਾ ਤੇ ਕਹਿੰਦਾ, "ਜਰਨੈਲ, ਇਹ ਇਨਸਪੈਕਟਰ ਆਖ਼ਿਰ ਦੇਸੀ ਬੰਦੇ ਹੀ ਹਨ। ਇਕ ਬੋਤਲ ਠੇਕੇ ਦੀ, ਚੌਂਹ ਅੰਡਿਆਂ ਦੀ ਭੁਰਜੀ ਤੇ ਇਕ ਕੁੱਕੜ ਇਨ੍ਹਾਂ ਦਾ ਮੂੰਹ ਬੰਦ ਕਰਨ ਲਈ ਕਾਫੀ ਹਨ। ਫਿਰ ਇਨ੍ਹਾਂ ਤੋਂ ਜਿਹੋ ਜਿਹੀ ਮਰਜ਼ੀ ਹੈ ਲਾਗ ਬੁਕ ਲਿਖਵਾ ਲਓ। ਇਹ ਜੋ ਹੁਣ ਸਾਡਾ ਇਨਸਪੈਕਟਰ ਹੈ—ਦੁੱਧ ਵਿਚ ਛੁਹਾਰੇ ਤੇ ਖਜੂਰਾਂ ਪੁਆ ਕੇ ਹੀ ਖ਼ੁਸ਼ ਹੋ ਜਾਂਦਾ ਹੈ। ਹਫ਼ਤੇ ਦੇ ਹਫ਼ਤੇ ਸਰ੍ਹੋਂ ਦਾ ਸਾਗ, ਛੱਲੀਆਂ ਤੇ ਹੋਰ ਨਿਕ-ਸੁਕ—ਲਾਗੀਆਂ ਨੂੰ ਨਹੀਂ ਇਹ ਚੀਜ਼ਾਂ ਦੇਈਦੀਆਂ ? ਬੱਸ ਇਵੇਂ ਹੀ ਸਮਝ ਲੈ।"

ਇਹ ਗੱਲਾਂ ਕਰਦੇ ਹੀ ਅਸੀਂ ਦੋਵੇਂ ਉਨ੍ਹਾਂ ਦੇ ਪਿੰਡ ਪਹੁੰਚ ਜਾਂਦੇ। ਬੈਠਕ ਦੇ ਮੁੱਢ ਹੀ ਢੇਰ ਵਿਚ ਦੱਬੀ ਭੂੰਡੀ ਰੰਗੀ ਖ਼ਾਲਸ ਦੇਸੀ ਸ਼ਰਾਬ ਦੀ ਬੋਤਲ ਪੁੱਟ ਕੇ ਤੇ ਧੋ ਸੁਆਰ ਕੇ ਉਹ ਮੇਰੇ ਸੌਂਹੇਂ ਆਣ ਬਹਿੰਦਾ ਤੇ ਫਿਰ ਅਸੀਂ ਗੰਢੇ ਤੇ ਅਚਾਰ ਨਾਲ ਮੂੰਹ ਸੁਆਦ ਕਰਦੇ ਦੇਰ ਤਕ ਨਸ਼ਾ ਪੀਂਦੇ ਗੱਪਾਂ ਮਾਰਦੇ ਰਹਿੰਦੇ। ਏਨਾ ਫ਼ਰਕ ਜ਼ਰੂਰ ਪਿਆ ਕਿ ਮੈਂ ਉਸ ਨੂੰ ਗਰਾੜੀ ਕਿਸਮ ਦੇ ਸ਼ਰਬੀ ਤੋਂ ਕਾਫੀ ਹੇਠਾਂ ਲੈ ਆਂਦਾ ਤੇ ਉਸ ਨੇ ਮੈਨੂੰ ਸ਼ੌਕੀਨ ਪਿਆਕਾਂ ਤੋਂ ਥੋੜ੍ਹਾ ਉੱਪਰ।

ਇਸ ਦੌਰਾਨ ਵਿਚ ਅਸੀਂ ਲਗਾਤਾਰ ਹਰ ਵਰ੍ਹੇ ਇਮਤਿਹਾਨ ਦਿੰਦੇ ਰਹੇ। ਮੈਂ ਉਸ ਤੋਂ ਦੋ ਸਾਲ ਅੱਗੇ ਸਾਂ ਤੇ ਉਹ ਮੈਥੋਂ ਦੋ ਸਾਲ ਪਿੱਛੇ। ਚਾਰ ਸਾਲ ਬਾਅਦ ਮੈਂ ਐੱਮ. ਏ. ਕਰਕੇ ਵੀ ਪ੍ਰਾਇਮਰੀ ਸਕੂਲ ਦੀ

ਪਹਿਲੀ ਪੱਕੀ ਜਮਾਤ ਨੂੰ ਪੜ੍ਹਾ ਰਿਹਾ ਸਾਂ ਤੇ ਉਹ ਬੀ. ਏ. ਕਰਕੇ ਵੀ ਸਿੰਗਲ-ਟੀਚਰ ਸਕੂਲ ਦੀ ਹੈਡਮਾਸਟਰੀ, ਮਾਸਟਰੀ ਤੇ ਚਪੜਾਸ, ਸਭ ਕੁਝ ਕਰ ਰਿਹਾ ਸੀ। ਕਦੇ-ਕਦੇ ਅਸੀਂ ਦੋਵੇਂ ਆਪਣੀ ਬੇਕਦਰੀ ਬਾਰੇ ਸੋਚਦੇ ਤਾਂ ਬੜੀ ਨਿਰਾਸ਼ਾ ਹੁੰਦੀ। ਉਸ ਦਾ ਜੀ ਕਾਹਲਾ ਪੈ ਜਾਂਦਾ ਤੇ ਉਹ ਕਹਿੰਦਾ, "ਦਸਵੀਂ ਕਰਕੇ ਪ੍ਰਾਇਮਰੀ ਸਕੂਲ ਦੀ ਮੁਣਸ਼ੀਗੀਰੀ ਤੇ ਕੋਈ ਇਤਰਾਜ਼ ਨਹੀਂ ਸੀ, ਪਰ ਹੁਣ ਬੀ. ਏ. ਕਰਕੇ ਇਹ ਕੁਝ ਨਹੀਂ ਹੋ ਸਕਦਾ। ਮੇਰੇ ਨਾਲ ਦੇ ਅਨਪੜ੍ਹਾਂ ਨੇ ਇੰਗਲੈਂਡ ਜਾ ਕੇ ਲੱਖਾਂ ਰੁਪਏ ਦੀ ਜਾਇਦਾਦ ਬਣਾ ਲਈ ਹੈ। ਪਰ ਮੈਂ ਚਾਰ ਸਾਲਾਂ ਤੋਂ ਉਸੇ ਹੀ ਟੁੱਟੀ ਹੋਈ ਕੁਰਸੀ ਤੇ ਬੈਠਾ ਹਾਂ। ਇਨ੍ਹਾਂ ਚੌਂਹ ਸਾਲਾਂ ਵਿਚ ਚੀਜ਼ਾਂ ਦੇ ਭਾ ਕਿੰਨੇ ਵਧ ਗਏ ਹਨ। ਸ਼ਰਾਬ ਕੱਢਣ ਲਈ ਅੱਗੇ ਘਰ ਦਾ ਗੁੜ ਮੁੱਕਦਾ ਨਹੀਂ ਸੀ ਹੁੰਦਾ—ਹੁਣ ਘਰ ਵਾਲੇ ਮਹਿੰਗਾਈ ਦੇ ਦੁੱਖੋਂ ਸਾਰੇ ਦਾ ਸਾਰਾ ਕਮਾਦ ਮਿੱਲ 'ਚ ਸੁੱਟ ਦਿੰਦੇ ਹਨ। ਸ਼ਰਾਬ ਲਈ ਸੀਰਾ ਤੇ ਗੁੜ ਮੁੱਲ ਲੈਣਾ ਪੈਂਦਾ ਹੈ, ਦੁੱਧ ਹੱਟੀਏਂ ਜਾ ਵੜਦਾ ਹੈ—ਹਰ ਚੀਜ਼ ਦੇ ਭਾ ਨੂੰ ਅੱਗ ਲੱਗੀ ਹੋਈ ਹੈ, ਨਹੀਂ ਜਰਨੈਲ, ਹੁਣ ਇਹ ਸਭ ਕੁਝ ਨਹੀਂ ਸਹਿ ਹੁੰਦਾ। ਜ਼ਰੂਰ ਕੁਝ ਕਰਨਾਂ ਪਵੇਗਾ।"

ਤੇ ਫਿਰ ਅਚਾਨਕ ਉਸ ਨੇ ਮੈਨੂੰ ਇੰਗਲੈਂਡ ਦੀ ਕਿਸੇ ਯੂਨੀਵਰਸਿਟੀ ਤੋਂ ਐਡਮਿਸ਼ਨ ਮੰਗਵਾ ਕੇ ਪਾਸਪੋਰਟ ਬਣਵਾ ਲੈਣ ਦੀ ਸੂਚਨਾ ਦਿੱਤੀ। ਇੰਗਲੈਂਡ ਜਾਣ ਤੋਂ ਪਹਿਲਾਂ ਉਹ ਕਹਿਣ ਲੱਗਾ, "ਤੇਰੇ ਸੰਗ ਵਿਚ ਪੜ੍ਹ ਕੇ ਇੰਨਾ ਫ਼ਾਇਦਾ ਜ਼ਰੂਰ ਹੋਇਆ ਹੈ ਕਿ ਮੈਨੂੰ ਇੰਗਲੈਂਡ ਜਾਣ ਲਈ ਗਿੱਦੜ-ਪਰਵਾਨਾ ਮਿਲ ਗਿਆ ਹੈ।"

ਉਨ੍ਹੀਂ ਦਿਨੀਂ ਪੜ੍ਹੇ ਲਿਖੇ ਯੂਨੀਵਰਸਿਟੀ ਦੀ ਐਡਮਿਸ਼ਨ ਮੰਗਵਾ ਕੇ ਇੰਗਲੈਂਡ ਪਹੁੰਚ ਜਾਂਦੇ ਸਨ ਤੇ ਫਿਰ ਉੱਥੇ ਜਾ ਕੇ ਪੜ੍ਹਨ ਦੀ ਥਾਂ ਫੈਕਟਰੀਆਂ ਵਿਚ ਕੰਮ ਕਰਨ ਲੱਗ ਪੈਂਦੇ ਸਨ। ਗੁਰਦਿਆਲ ਵੀ ਦਲਾਲਾਂ ਦੇ ਦਸੇ ਹੋਏ ਇਸੇ ਢੰਗ ਦੁਆਰਾ ਇੰਗਲੈਂਡ ਪਹੁੰਚਿਆ ਤੇ ਉਸ ਨੇ ਪਹਿਲੇ ਤਿੰਨ ਮਹੀਨਿਆਂ ਵਿਚ ਮੈਨੂੰ ਪੰਜ ਛੇ ਪੱਤਰ ਲਿਖੇ, ਜਿਨ੍ਹਾਂ ਤੋਂ ਪਤਾ ਲੱਗਾ ਕਿ ਉਹ ਕਿਸੇ ਫਾਊਂਡਰੀ ਵਿਚ ਬਾਰਾਂ ਘੰਟੇ ਜਾਨ ਹੂਲ ਕੇ ਚੰਗੇ ਪੈਸੇ ਕਮਾਉਣ ਲੱਗ ਪਿਆ ਸੀ। ਜ਼ਿੰਦਗੀ ਭਾਰਤ ਨਾਲੋਂ ਬੜੀ ਮੁਸ਼ਕਲ ਸੀ ਪਰ ਉਹ ਹੌਲੀ-ਹੌਲੀ ਆਪਣੇ ਆਪ ਨੂੰ ਹਾਲਾਤ ਅਨੁਸਾਰ ਢਾਲਣ ਦਾ ਯਤਨ ਕਰ ਰਿਹਾ ਸੀ।

ਫਿਰ ਅਚਾਨਕ ਉਸ ਦੇ ਪੱਤਰ ਆਉਣੇ ਬੰਦ ਹੋ ਗਏ ਤੇ ਉਹ ਵੀ ਮੇਰੇ ਹੋਰ ਬਹੁਤ ਸਾਰੇ ਮਿੱਤਰਾਂ ਵਾਂਗ ਇੰਗਲੈਂਡ ਦੇ ਜੀਵਨ ਵਿਚ ਗੁੰਮ ਹੋ ਕੇ ਮੇਰੇ ਲਈ ਇਕ ਤਲਖ਼ ਯਾਦ ਬਣ ਕੇ ਰਹਿ ਗਿਆ। ਪਰ ਇਕ ਖ਼ੁਸ਼ੀ ਸੀ ਕਿ ਪਿੱਛੇ ਉਸ ਦੇ ਘਰ ਲਹਿਰਾਂ ਬਹਿਰਾਂ ਸਨ। ਪੰਜਾਂ ਛੇਆਂ ਸਾਲਾਂ ਵਿਚ ਕਮਾਈ ਕਰਕੇ ਉਸ ਨੇ ਪਿੱਛੇ ਧਨ ਦੀਆਂ ਧਾਂਕਾਂ ਲਾ ਦਿੱਤੀਆਂ ਸਨ। ਉਸ ਦੇ ਮਾਪਿਆ ਨੇ ਕੱਚੇ ਕੋਠੇ ਢਾਹ ਕੇ ਤਿਆਸਵੇਂ ਪੱਕੇ ਪਾ ਲਏ ਸਨ। ਖੂਹ ਉੱਤੇ ਡੰਗਰਾਂ ਲਈ ਵੱਡੇ-ਵੱਡੇ ਦਲਾਨ ਛੱਤ ਕੇ ਪੱਕੀਆਂ ਖੁਰਲੀਆਂ ਬਣਾ ਦਿੱਤੀਆਂ ਗਈਆਂ ਸਨ। ਦੋਹਾਂ ਖੂਹਾਂ ਉੱਤੇ ਟਿਊਬਵੈੱਲ ਲੱਗ ਗਏ ਸਨ। ਉਸ ਦੇ ਤਿੰਨੇ ਅਨਪੜ੍ਹ ਭਰਾ ਹੁਣ ਟਰੈਕਟਰ ਲੈਣ ਬਾਰੇ ਸੋਚ ਰਹੇ ਸਨ। ਲਾਗੇ-ਚਾਗੇ ਦੇ ਸਭ ਵਿਕਾਊ ਖੇਤ ਉਨ੍ਹਾਂ ਨੇ ਮਹਿੰਗੇ ਸਸਤੇ ਭਾ ਖ਼ਰੀਦ ਕੇ ਚੰਗੀ ਜਾਇਦਾਦ ਬਣਾ ਲਈ ਸੀ। ਨਿਆਈਆਂ ਦੀ ਬੈਠਕ ਤੇ ਹਵੇਲੀ ਸਾਮ੍ਹਣੇ ਹਰ ਵੇਲੇ ਤਿੰਨ ਵਧੀਆ ਕਿਸਮ ਦੀਆਂ ਲਵੇਰੀਆਂ ਮੱਝਾਂ ਖੜ੍ਹੀਆਂ ਰਹਿੰਦੀਆਂ ਸਨ। ਪਰ ਇਸ ਸਭ ਕੁਝ ਨੇ ਮੇਰੇ ਕੋਲੋਂ ਮੇਰਾ ਇਕ ਅਤਿ ਪਿਆਰਾ ਮਿੱਤਰ ਖੋਹ ਲਿਆ ਸੀ।

ਛੇ ਸਾਲਾਂ ਵਿਚ ਭੁੱਖ ਨਾਲ ਘੁਲਦਿਆਂ ਜਦੋਂ ਮੈਨੂੰ ਵੀ ਥਾਂ ਪਰ ਥਾਂ ਟੱਕਰਾਂ ਮਾਰਨ ਉਪਰੰਤ ਕੋਈ ਚੱਜ ਦੀ ਨੌਕਰੀ ਨਾ ਮਿਲੀ, ਤਾਂ ਮੈਨੂੰ ਵੀ ਗੁਰਦਿਆਲ ਵਾਲਾ ਹੀ ਰਾਹ ਅਪਨਾਉਣਾ ਪਿਆ। ਇਹ ਗੱਲ ਵੱਖਰੀ ਹੈ ਕਿ ਸਮੇਂ ਨੇ ਮੈਨੂੰ ਅਫ਼ਰੀਕਾ ਵਿਚ ਲਿਆ ਸੁੱਟਿਆ ਤੇ ਮੇਰਾ ਕਿੱਤਾ ਵੀ ਮਜ਼ਦੂਰੀ ਨਾ ਹੋ ਕੇ ਵਿੱਦਿਆ ਦੇ ਕੰਮ ਨਾਲ ਹੀ ਜੁੜਿਆ ਰਿਹਾ। ਇੱਥੇ ਤਨਖ਼ਾਹ ਹੀ ਕਾਫੀ ਨਹੀਂ ਸਗੋਂ ਵਿਹਲ ਵੀ ਬਹੁਤ ਸੀ।

* * *

ਭਾਰਤ ਹੁੰਦਿਆਂ ਜੇ ਹਫ਼ਤੇ ਪਿੱਛੋਂ ਜਲੰਧਰ ਜਾਣਾ ਹੁੰਦਾ ਸੀ ਤਾਂ ਕਿਰਾਏ ਭਾੜੇ ਬਾਰੇ ਸੋਚ ਕੇ ਸੰਧੇ ਪੈ ਜਾਂਦੇ ਸਨ। ਪਰ ਏਥੋਂ ਦੀ ਵਿਹਲ ਤੇ ਪੈਸੇ ਸੌਹੇਂ ਇੰਗਲੈਂਡ ਤੇ ਯੂਰਪ ਪਿੰਡੋਂ ਜਲੰਧਰ ਜਿੰਨੇ ਫ਼ਾਸਲੇ ਤੋਂ ਵੀ

ਕਿਤੇ ਨੇੜੇ ਜਾਪਦੇ ਸਨ। ਏਥੇ ਆਉਣ ਤੋਂ ਦੋ ਸਾਲ ਬਾਅਦ ਜਦੋਂ ਮੈਂ ਇਕ ਮਹੀਨੇ ਦੀ ਇੰਗਲੈਂਡ ਤੇ ਯੂਰਪ ਦੀ ਯਾਤਰਾ ਵਾਸਤੇ ਨੈਰੋਬੀ ਦੇ ਏਅਰਪੋਰਟ ਤੋਂ ਫਲਾਈ ਕੀਤਾ ਤਾਂ ਮੇਰੀ ਸਿਮਰਤੀ ਵਿਚ ਉਹ ਸਾਰੇ ਮਿੱਤਰ ਘੁੰਮ ਰਹੇ ਸਨ, ਜਿਨ੍ਹਾਂ ਨੂੰ ਇਕ-ਇਕ ਕਰਕੇ ਇੰਗਲੈਂਡ ਨੇ ਮੇਰੇ ਕੋਲੋਂ ਖੋਹ ਲਿਆ ਸੀ। ਉਨ੍ਹਾਂ ਸਭਨਾਂ ਵਿੱਚੋਂ ਗੁਰਦਿਆਲ ਦਾ ਹਸਮੁਖ, ਲਾਪਰਵਾਹ ਤੇ ਜ਼ਿੰਦਗੀ ਨਾਲ ਭਰਪੂਰ ਚਿਹਰਾ ਵਾਰ ਵਾਰ ਮੇਰੇ ਸਿਮਰਨ ਵਿਚ ਇਕ ਵਿਲੱਖਣ ਢੰਗ ਨਾਲ ਉੱਭਰਦਾ, ਤਾਂ ਮੈਂ ਆਪਣੇ ਆਪ ਮੁਸਕਰਾ ਪੈਂਦਾ ਕਿ ਗੁਰਦਿਆਲ ਤੇ ਬਾਕੀ ਦੇ ਹੋਰ ਮਿੱਤਰ ਕਿੰਨੇ ਹੈਰਾਨ ਹੋਣਗੇ ਇਹ ਜਾਣ ਕੇ ਕਿ ਮੈਂ ਵੀ ਇੰਗਲੈਂਡ ਪਹੁੰਚ ਗਿਆ ਹਾਂ। ਉਹ ਮੈਨੂੰ ਅਨੇਕਾਂ ਪ੍ਰਸ਼ਨ ਕਰਨਗੇ : ਤੂੰ ਇੱਥੇ ਕਿਵੇਂ ? ਕੰਮ ਦੀ ਭਾਲ ਵਿਚ ? ਰੁਜ਼ਗਾਰ ਦੀ ਤਲਾਸ਼ ? ਤੈਨੂੰ ਤਾਂ ਉਦੋਂ ਹੀ ਕਿਹਾ ਸੀ ਕਿ ਛੱਡ ਪਰੇ ਇਸ ਮਾਸਟਰੀ ਨੂੰ ਤੇ ਇੰਗਲੈਂਡ ਜਾਣ ਦੀ ਕੋਸ਼ਿਸ਼ ਕਰ, ਪਰ ਤੇਰੇ ਕੰਨੀਂ ਜੂੰ ਨਾ ਸਰਕੀ ! ਚਲੋ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਭਾਰਤ ਵਿਚ ਰਹਿਣਾ ਤਾਂ ਭੁੱਖ ਨਾਲ ਘੁਲਣਾ, ਨਰਕ ਭੋਗਣਾ ਹੈ !

ਮੈਂ ਸੋਚ ਰਿਹਾ ਸਾਂ ਕਿ ਸਭ ਮਿੱਤਰ ਤੇ ਖ਼ਾਸ ਕਰ ਗੁਰਦਿਆਲ ਆਪਣਾ ਸਾਰਾ ਕੰਮ ਕਾਰ ਛੱਡ ਕੇ ਮੇਰਾ ਸਵਾਗਤ ਕਰਨਗੇ। ਥਾਓਂ ਥਾਈਂ ਮੈਨੂੰ ਨਾਲ ਲੈ ਕੇ ਘੁੰਮਣਗੇ, ਇੰਗਲੈਂਡ ਦੀ ਸੈਰ ਕਰਾਉਣਗੇ। ਮੈਂ ਸੋਚ ਰਿਹਾ ਸਾਂ ਕਿ ਏਨੇ ਮਿੱਤਰਾਂ ਨੂੰ ਕਿਵੇਂ ਸੰਤੁਸ਼ਟ ਕਰਾਂਗਾ ? ਮੇਰੇ ਕੋਲ ਤਾਂ ਮਸਾਂ ਚਾਰ ਹਫ਼ਤੇ ਸਨ, ਤੇ ਹਰ ਕੋਈ ਮੈਨੂੰ ਆਪਣੇ ਕੋਲ ਘੱਟੋ-ਘੱਟ ਇਕ ਹਫ਼ਤਾ ਰੱਖਣ ਦੀ ਸਿਫ਼ਾਰਸ਼ ਕਰੇਗਾ। ਮੈਂ ਤਾਂ ਇਨ੍ਹਾਂ ਚਾਰ ਹਫ਼ਤਿਆਂ ਵਿੱਚੋਂ ਵੀ ਕੁਝ ਦਿਨ ਫ਼ਰਾਂਸ ਜਾਣ ਦਾ ਪ੍ਰੋਗਰਾਮ ਬਣਾ ਕੇ ਆਇਆ ਸਾਂ।

ਇਸੇ ਕਸ਼ਮਕਸ਼ ਵਿਚ ਮੈਂ ਲੰਡਨ ਪਹੁੰਚ ਗਿਆ। ਆਪਣੇ ਇੰਗਲੈਂਡ ਵਾਸੀ ਮਿੱਤਰਾਂ ਬਾਰੇ ਜੋ ਤਸਵੀਰ ਮੇਰੇ ਮਨ ਵਿਚ ਬਣੀ ਸੀ, ਉਹ ਏਥੇ ਪਹੁੰਚਦਿਆਂ ਹੀ ਮਾਂਦ ਪੈ ਗਈ। ਜਿਸ ਮਿੱਤਰ ਕੋਲ ਮੈਂ ਲੰਡਨ ਠਹਿਰਿਆ ਸਾਂ, ਉਹ ਸਵੇਰੇ ਛੇ ਵਜੇ ਕੰਮ ਤੇ ਜਾ ਕੇ ਸ਼ਾਮ ਨੂੰ ਸੱਤ ਕੁ ਵਜੇ ਘਰ ਵਾਪਸ ਆਉਂਦਾ ਸੀ। ਵਾਹ ਲਗਦੀ ਉਹ ਸਨਿਚਰਵਾਰ ਵੀ ਓਵਰ ਟਾਈਮ ਲਾ ਲੈਂਦਾ ਸੀ। ਸਵੇਰੇ ਚਾਰ ਵਜੇ ਉੱਠ ਕੇ ਉਹ ਮੇਰੇ ਤੇ ਆਪਣੇ ਵਾਸਤੇ ਨਾਸ਼ਤਾ, ਲੰਚ ਅਤੇ ਰਾਤ ਦਾ ਖਾਣਾ ਸਭ ਕੁਝ ਇਕੱਠਾ ਹੀ ਤਿਆਰ ਕਰਕੇ, ਮੈਨੂੰ ਸੁੱਤੇ ਨੂੰ ਛੱਡ ਕੇ ਫ਼ੈਕਟਰੀ ਵਿਚ ਕੰਮ ਕਰਨ ਲਈ ਚਲਾ ਜਾਂਦਾ ਸੀ। ਸੱਤ ਵਜੇ ਵਾਪਸ ਆਉਂਦਾ, ਤਾਂ ਉਸ ਕੋਲ ਹਰ ਰੋਜ਼ ਨਵੀਂ ਕਿਸਮ ਦੀ ਵਿਸਕੀ ਜਾਂ ਕੋਈ ਹੋਰ ਸ਼ਰਾਬ ਹੁੰਦੀ ! ਅਸੀਂ ਅੱਧੀ ਰਾਤ ਤੱਕ ਪੀਂਦੇ ਗੱਪਾਂ ਮਾਰਦੇ ਰਹਿੰਦੇ। ਮੈਂ ਹੈਰਾਨ ਸਾਂ ਕਿ ਉਹ ਏਨੀ ਪੀ ਕੇ ਤੇ ਏਨਾ ਚਿਰ ਜਾਗਦਾ ਰਹਿ ਕੇ ਕਿਵੇਂ ਹਰ ਰੋਜ਼ ਕੰਮ ਤੇ ਜਾਂਦਾ ਸੀ। ਉਸ ਦੀ ਜ਼ਿੰਦਗੀ ਦੀ ਹਰਕਤ ਮੈਨੂੰ ਘੜੀ ਦੀਆਂ ਸੂਈਆਂ ਦੇ ਨਾਲ ਇਕ ਦਾਇਰੇ ਵਿਚ ਬੱਝੀ ਹੋਈ ਪ੍ਰਤੀਤ ਹੋਈ—ਗਿਣੀ ਮਿੱਥੀ, ਸੀਮਤ ਤੇ ਉਹ ਹੀ ਵਾਰ-ਵਾਰ ! ਉਸ ਦੇ ਜਾਣ ਪਿੱਛੋਂ ਮੈਂ ਟੈਲੀਫੋਨ ਤੇ ਕੁਝ ਦੋਸਤਾਂ ਨੂੰ ਕਾਨਟੈਕਟ ਕਰਨ ਦਾ ਯਤਨ ਕੀਤਾ, ਪਰ ਬੇਅਰਥ ! ਘੰਟੀ ਵਜਦੀ ਰਹਿੰਦੀ, ਕੋਈ ਰਿਸੀਵਰ ਨਾ ਚੁੱਕਦਾ। ਚੁੱਕਦਾ ਵੀ ਕਿਵੇਂ ? ਆਦਮੀ ਤੀਵੀਆਂ ਸਭ ਸਵੇਰੇ ਉੱਠ ਕੇ ਕੰਮਾਂ ਤੇ ਚਲੇ ਜਾਂਦੇ ਸਨ। ਸਕੂਲਾਂ ਵਿਚ ਪੜ੍ਹਦੇ ਬੱਚੇ ਵੀ ਸਨਿਚਰਵਾਰ ਕਿਸੇ ਨਾ ਕਿਸੇ ਫ਼ੈਕਟਰੀ ਵਿਚ ਖ਼ਾਲੀ ਬੋਤਲਾਂ ਧੋਣ ਜਾਂ ਲੇਬਲ ਲਾਉਣ ਵਾਸਤੇ ਜਾਂਦੇ ਤੇ ਕੁਝ ਨਾ ਕੁਝ ਲੈ ਕੇ ਹੀ ਮੁੜਦੇ। ਹਰ ਕੋਈ ਪੈਸੇ ਦੇ ਆਹਰ ਵਿਚ ਰੁੱਝਾ ਹੋਇਆ ਸੀ। ਹਰ ਕਿਸੇ ਦੀ ਹਰਕਤ ਬੜੀ ਤੇਜ਼ ਰਫ਼ਤਾਰ ਪਰ ਇੱਕੋ ਹੀ ਇਕਾਂਗੀ ਚੱਕਰ ਵਿਚ ਬੱਝੀ ਹੋਈ ਸੀ, ਘੜੀ ਦੀਆਂ ਸੂਈਆਂ ਵਾਂਗ। ਮੈਂ ਜਿਸ ਕੋਲ ਗਿਆ ਵਧੀਆ ਤੋਂ ਵਧੀਆ ਸ਼ਰਾਬ ਪੀਣ ਨੂੰ ਮਿਲੀ; ਪਰ ਦਿਲ ਦਾ ਨਿੱਘ ਤੇ ਜ਼ਿੰਦਗੀ ਦਾ ਹੁਲਾਰਾ ਹਰ ਥਾਂ ਗੈਰ-ਹਾਜ਼ਰ ਸੀ। ਮੇਰੇ ਮਿੱਤਰ ਨੇ ਦੱਸਿਆ ਕਿ "ਐਵੇਂ ਨਾ ਟੈਲੀਫੋਨ ਖੜਕਾ ਕੇ ਪੈਸੇ ਜ਼ਾਇਆ ਕਰ। ਕਿਸੇ ਨੂੰ ਵੀ ਟੈਲੀਫੋਨ ਕਰਨ ਦਾ ਠੀਕ ਸਮਾਂ ਰਾਤ ਨੂੰ ਅੱਠ ਵਜੇ ਤੋਂ ਬਾਅਦ ਹੈ। ਜੇ ਤੇਰਾ ਮਿੱਤਰ ਪੱਬ ਵਿਚ ਵੀ ਹੋਵੇਗਾ ਤਾਂ ਉਸ ਦੀ ਪਤਨੀ ਜ਼ਰੂਰ ਘਰ ਮਿਲ ਜਾਵੇਗੀ, ਸੁਨੇਹਾ ਲੈਣ ਵਾਸਤੇ।"

ਫਿਰ ਮੈਂ ਜਿਸ ਨੂੰ ਵੀ ਫੋਨ ਕੀਤਾ, ਉਸ ਨੇ ਇਹੀ ਕਿਹਾ ਕਿ "ਤੇਰੇ ਆਉਣ ਦੀ ਬਹੁਤ ਖ਼ੁਸ਼ੀ ਹੈ,

ਮੌਜਾਂ ਲੱਗ ਗਈਆਂ।" ਹਰ ਕਿਸੇ ਨੇ ਮੈਨੂੰ ਸਨਿਚਰ ਤੇ ਐਤਵਾਰ ਦੀ ਰਾਤ ਇਕੱਠਿਆਂ ਗੁਜ਼ਾਰਨ ਦਾ ਸੱਦਾ ਦਿੱਤਾ, ਕਿਉਂਕਿ ਹੋਰ ਕਿਸੇ ਦਿਨ ਵੀ ਉਹ ਵਿਹਲੇ ਨਹੀਂ ਸਨ। ਇਸ ਕੰਪਟੀਸ਼ੀਨ ਦੇ ਸਮੇਂ ਵਿਚ ਕੰਮ 'ਤੇ ਨਾ ਜਾਣ ਦਾ ਮਤਲਬ ਸੀ ਰੁਜ਼ਗਾਰ ਨੂੰ ਜਾਣ ਬੁਝ ਕੇ ਲੱਤ ਮਾਰਨੀ। ਪਰ ਮੇਰੇ ਕੋਲ ਤਾਂ ਕੇਵਲ ਚਾਰ ਹੀ ਸਪਤਾਹ-ਅੰਤ (Week-end) ਸਨ। ਕਿਸ-ਕਿਸ ਕੋਲ ਜਾਵਾਂਗਾ ? ਕਿਸ-ਕਿਸ ਨੂੰ ਰਾਜ਼ੀ ਕਰਾਂਗਾ?

ਲੰਡਨ ਮੈਂ ਸਾਰਾ ਘੁੰਮਿਆ ! ਕਦੇ ਕੱਲਿਆਂ ਤੇ ਕਦੇ ਕਿਸੇ ਉਸ ਮਿੱਤਰ ਨਾਲ ਜਿਹਦਾ ਐਤਵਾਰ ਦੀ ਥਾਂ ਹਫ਼ਤੇ ਦਾ ਕੋਈ ਹੋਰ ਦਿਨ ਵਿਹਲਾ ਹੁੰਦਾ ਸੀ। ਸੜਕਾਂ 'ਤੇ ਦੁਵੱਲੀ ਵਗਦੇ ਟ੍ਰੈਫਿਕ, ਭੱਜ ਦੌੜ, ਕਾਹਲ, ਉੱਚੇ ਬੋਲਾਂ ਦੀ ਥਾਂ ਸਭ ਦੇ ਚਿਹਰੇ 'ਤੇ ਸਰਦ ਠਰ੍ਹੰਮੇ ਨੂੰ ਵੇਖ ਕੇ ਮੈਨੂੰ ਇੰਵ ਜਾਪਿਆ ਜਿਵੇਂ ਮੈਂ ਪੁਤਲਿਆਂ ਦੇ ਦੇਸ਼ ਵਿਚ ਆ ਗਿਆ ਹੋਵਾਂ। ਭੂ-ਨਿਮਨ ਟਰੇਨ ਵਿਚ ਅੰਤਾਂ ਦਾ ਰਸ਼ ਹੁੰਦਾ, ਪਰ ਮਜਾਲ ਹੈ ਜੇ ਤੁਹਾਨੂੰ ਕਿਸੇ ਦੀ ਅਵਾਜ਼ ਸੁਣਾਈ ਦੇ ਜਾਏ। ਕੋਈ ਮੈਗਜ਼ੀਨ ਪੜ੍ਹ ਰਿਹਾ ਸੀ, ਕੋਈ ਅਖ਼ਬਾਰ, ਕੋਈ ਸੋਚਾਂ ਵਿਚ ਗ਼ਲਤਾਨ ਸੀ ਤੇ ਕੋਈ ਆਪਣੇ ਕਿੱਤੇ ਨਾਲ ਸੰਬੰਧਤ ਕਾਗ਼ਜ਼ਾਂ ਦੀ ਪੜਤਾਲ ਕਰ ਰਿਹਾ ਸੀ। ਸਟੇਸ਼ਨ ਆਉਂਦਾ, ਗੱਡੀ ਰੁਕਦੀ, ਸਵੈਕਾਰ ਦਰਵਾਜ਼ੇ ਖੁੱਲ੍ਹਦੇ, ਤਾਂ ਭੀੜ ਹੇਠਾਂ ਉਤਰਦੀ, ਭੀੜ ਦੀ ਭੀੜ ਡੱਬੇ ਵਿਚ ਦਾਖ਼ਲ ਹੁੰਦੀ। ਬਿਲਕੁਲ ਸਵੈਕਾਰ ਦਰਵਾਜ਼ੇ ਦੇ ਖੁਲ੍ਹਣ ਤੇ ਬੰਦ ਹੋਣ ਵਾਂਗ। ਕੁਝ ਦਿਨਾਂ ਬਾਅਦ ਮੈਨੂੰ ਇੰਜ ਜਾਪਣ ਲੱਗ ਪਿਆ ਕਿ ਮੈਂ ਕੋਈ ਇਕ ਚਿਹਰਾ ਨਹੀਂ ਸਗੋਂ ਭੀੜ ਦੀ ਭੀੜ ਹੀ ਦੇਖ ਰਿਹਾ ਹਾਂ ਤੇ ਕਦੇ ਕਦੇ ਇੰਜ ਜਾਪਦਾ, ਜਿਵੇਂ ਹਰ ਥਾਂ ਮੈਨੂੰ ਇੱਕੋ ਹੀ ਚਿਹਰਾ ਵਾਰ-ਵਾਰ ਨਜ਼ਰ ਆ ਰਿਹਾ ਹੋਵੇ, ਸਰਦ, ਅਵਾਕ, ਗੰਭੀਰ, ਬੇਜਾਨ ਤੇ ਕਿਸੇ ਵੀ ਹਾਵ ਭਾਵ ਤੋਂ ਕੋਰਾ, ਅਸਲੋਂ ਸੱਖਣਾ ਤੇ ਸਪਾਟ !

ਇਨ੍ਹਾਂ ਤੁਰਦੇ ਫਿਰਦੇ ਬੇਜਾਨ ਪੁਤਲਿਆਂ ਵਿਚ ਮੇਰਾ ਜੀ ਕਾਹਲਾ ਪੈਣ ਲੱਗ ਪਿਆ। ਮੈਂ ਸੋਚ ਰਿਹਾ ਸਾਂ ਕਿ ਜੇ ਕਿਤੇ ਗੁਰਦਿਆਲ ਮਿਲ ਜਾਏ, ਤਾਂ ਇਸ ਅਕੇਵੇਂ, ਇਸ ਬੋਰਡਮ ਤੋਂ ਨਿਜ਼ਾਤ ਮਿਲੇ। ਗੁਰਦਿਆਲ ਨੇ ਤਾਂ ਭਾਰਤ ਵਿਚ ਵੀ ਕਦੇ ਆਪਣੇ ਇਨਸਪੈਕਟਰਾਂ ਦੀ ਪਰਵਾਹ ਨਹੀਂ ਸੀ ਕੀਤੀ। ਉਸ ਨੇ ਏਥੇ ਵਿਹਲੇ ਹੋਣ ਦਾ ਕੋਈ ਨਾ ਕੋਈ ਰਾਹ ਲੱਭ ਲਿਆ ਹੋਵੇਗਾ ! ਨਾ ਵੀ ਲੱਭਾ ਹੋਵੇ ਤਾਂ ਵੀ ਉਹ ਮੇਰੇ ਲਈ ਸਾਰੇ ਕੰਮ ਛੱਡ ਦੇਵੇਗਾ। ਉਸ ਨੂੰ ਪਤਾ ਤਾਂ ਲੱਗੇ ਕਿ ਮੈਂ ਏਥੇ ਹਾਂ, ਫਿਰ ਤਾਂ ਉਹ ਸਿਰ ਦੇ ਭਾਰ ਭੱਜਾ ਆਵੇਗਾ। ਪਰ ਉਸ ਦਾ ਪਤਾ ਕਿਵੇਂ ਲੱਗੇ ਕਿ ਉਹ ਕਿੱਥੇ ਹੈ ?

ਆਖ਼ਿਰ ਮੇਰੀ ਯਾਤਰਾ ਦੇ ਤੀਜੇ ਹਫ਼ਤੇ ਵਿਚ ਉਸ ਦੇ ਪਿੰਡ ਦੇ ਇਕ ਮੁੰਡੇ ਤੋਂ ਉਸ ਦਾ ਟੈਲੀਫ਼ੋਨ ਨੰਬਰ ਮਿਲਿਆ। ਉਹ ਬਰਮਿੰਘਮ ਤੋਂ ਅੱਗੇ ਵਿਲਨਹਾਲ ਰਹਿੰਦਾ ਸੀ, ਜੋ ਲੰਡਨ ਤੋਂ ਕਾਰ ਦੁਆਰਾ ਚਾਰ ਘੰਟੇ ਦਾ ਰਸਤਾ ਸੀ। ਦੋ-ਤਿੰਨ ਵਾਰ ਯਤਨ ਕਰਨ ਉਪਰੰਤ ਆਖ਼ਰ ਉਹ ਫ਼ੋਨ ਤੇ ਮਿਲ ਹੀ ਗਿਆ। ਸੱਤ ਵਜੇ ਦੇ ਕਰੀਬ ਉਸ ਨਾਲ ਗੱਲ ਹੋਈ ! ਉਹੀ ਉੱਚਾ ਬੇਬਾਕ ਹਾਸਾ, ਗੱਲਾਂ ਵਿਚ ਜਿਉਂਦੀ ਜਾਗਦੀ ਲਾਪਰਵਾਹੀ ਤੇ ਮੇਰੇ ਬਾਰੇ ਅਨੇਕਾਂ ਪ੍ਰਸ਼ਨਾਂ ਦੀ ਭਰਮਾਰ ! ਉਸ ਦੇ ਸਭ ਪ੍ਰਸ਼ਨ ਮੈਂ ਇਹ ਕਹਿ ਕੇ ਠੱਪ ਦਿੱਤੇ ਕਿ ਸਭ ਗੱਲਾਂ ਇਕੱਠੇ ਬੈਠ ਕੇ ਕਰਾਂਗੇ। ਮੇਰੇ ਕੋਲ ਸਮਾਂ ਥੋੜ੍ਹਾ ਹੈ, ਇਕ-ਦੋ ਹੋਰ ਮਿੱਤਰਾਂ ਨੂੰ ਮਿਲਣਾ ਹੈ, ਵਾਪਸੀ ਦੀ ਤਿਆਰੀ ਕਰਨੀ ਹੈ ਤੇ ਕੁਝ ਹੋਰ ਜ਼ਰੂਰੀ ਕੰਮ। ਅੱਜ ਦੀ ਰਾਤ ਵਿਹਲੀ ਹੈ। ਉਸ ਨੇ ਕਿਹਾ ਕਿ ਅੱਜ ਮੇਰੀ ਨਾਈਟ ਸ਼ਿਫ਼ਟ ਹੈ, ਪਰ ਤੂੰ ਚਾਲੇ ਪਾ ਦੇ, ਤੇਰੇ ਆਉਣ ਤਕ ਮੈਂ ਰੇਖ 'ਚ ਮੇਖ ਮਾਰ ਕੇ ਛੁੱਟੀ ਮਾਰਨ ਦਾ ਯਤਨ ਕਰਦਾ ਹਾਂ।

ਮੈਂ ਤੇ ਮੇਰੇ ਚਾਚੇ ਦਾ ਲੜਕਾ ਦੋਵੇਂ ਜਣੇ ਉਸ ਦੀ ਕਾਰ ਵਿਚ ਵਿਲਨਹਾਲ ਲਈ ਤੁਰ ਪਏ। ਮੇਰੇ ਚਾਚੇ ਦਾ ਲੜਕਾ ਵੀ ਕਿਸੇ ਕੈਮੀਕਲਜ਼ ਦੀ ਫ਼ੈਕਟਰੀ ਵਿਚ ਬਾਰਾਂ ਘੰਟੇ ਕੰਮ ਕਰਦਾ ਸੀ ਦੇ ਇਸ ਤੋਂ ਇਲਾਵਾ ਸਵੇਰੇ ਪੰਜ ਵਜੇ ਉੱਠ ਕੇ ਆਪਣੀ ਵੈਨ (Van) ਵਿਚ ਪਹਿਲਾਂ ਆਪਣੇ ਇਲਾਕੇ ਦੀਆਂ ਪੰਜਾਬੀ ਇਸਤਰੀਆਂ ਨੂੰ ਕਿਸੇ ਸੋਡਾ ਜੂਸ ਫ਼ੈਕਟਰੀ ਵਿਚ ਛੱਡ ਕੇ ਆਉਂਦਾ ਸੀ ਤੇ ਸ਼ਾਮ ਨੂੰ ਆਪਣਾ ਕੰਮ ਖ਼ਤਮ ਕਰਕੇ ਉਨ੍ਹਾਂ ਨੂੰ ਘਰੋ-ਘਰੀ ਛੱਡਣ ਜਾਂਦਾ ਸੀ ! ਇਹ ਉਸ ਦੀ ਆਮਦਨ ਦਾ ਉੱਪਰਲਾ ਸਾਧਨ ਸੀ। ਫ਼ੈਕਟਰੀ ਤੋਂ ਉਸ ਨੇ ਬੀਮਾਰੀ ਦੇ ਬਹਾਨੇ ਪਹਿਲਾਂ ਹੀ ਛੁੱਟੀ ਲੈ ਲਈ ਸੀ ਤੇ ਵੈਨ ਦੀ ਜ਼ਿੰਮੇਵਾਰੀ ਇਕ ਦਿਨ ਲਈ ਆਪਣੇ ਕਿਸੇ ਹੋਰ ਮਿੱਤਰ ਦੇ ਸਿਰ ਪਾ ਕੇ ਉਹ ਮੇਰੇ ਲਈ ਮਸਾਂ ਇਕ ਦਿਨ ਵਿਹਲਾ ਕਰ ਸਕਿਆ ਸੀ ! ਮੈਂ ਹੈਰਾਨ

ਸਾਂ ਕਿ ਲੋਕ ਇੱਥੇ ਕਿਸ ਤਰ੍ਹਾਂ ਮਸ਼ੀਨ ਵਾਂਗ ਕੰਮ ਕਰਦੇ ਸਨ ! ਭਾਰਤ ਬੈਠਿਆਂ ਇੰਗਲੈਂਡ ਸਵਰਗ ਜਾਪਦਾ ਸੀ। ਖ਼ਾਸ ਕਰ ਪਿਛਲੇ ਵਾਰਸਾਂ ਨੂੰ ਜਿਨ੍ਹਾਂ ਨੂੰ ਧੜਾ-ਧੜ ਪੈਸੇ ਪਹੁੰਚ ਰਹੇ ਸਨ। ਭਾਰਤ ਦਾ ਅਨਪੜ੍ਹ ਜੱਟ ਵੀ ਆਪਣੇ ਪੁੱਤਰ ਦੀ ਕਮਾਈ ਦੇ ਸਿਰ 'ਤੇ ਲੱਠੇ ਦੇ ਖੜਕਵੇਂ ਚਾਦਰੇ ਉੱਪਰ ਟੈਰੀਲੀਨ ਦੀ ਵਲਾਇਤੀ ਕਮੀਜ਼ ਪਾ ਕੇ ਹਲ ਵਾਹੁੰਦਾ ਤੇ ਮੋਢੇ ਨਾਲ ਲਟਕਦੇ ਟ੍ਰਾਂਜਿਸਟਰ ਨੂੰ ਸੁਣਦਾ ਹੋਇਆ ਵਲਾਇਤ ਦੇ ਸਵਰਗੀ ਜੀਵਨ ਤੇ ਬਹਾਰਾਂ ਦੇ ਸੋਹਲੇ ਗਾਉਂਦਾ ਨਹੀਂ ਸੀ ਥੱਕਦਾ। ਉਸ ਨੂੰ ਇਹ ਕੀ ਪਤਾ ਸੀ ਕਿ ਓਧਰਲੀ ਜ਼ਿੰਦਗੀ ਕਿੰਨੀ ਔਖੀ ਤੇ ਕਿੰਨੀ ਓਪਰੀ ਹੈ। ਮਹੀਨਿਆਂ ਬੱਧੀ ਸੂਰਜ ਦੇਖਣਾ ਨਸੀਬ ਨਹੀਂ ਸੀ ਹੁੰਦਾ। ਘਰੋਂ ਫ਼ੈਕਟਰੀ, ਫ਼ੈਕਟਰੀ ਤੋਂ ਪੱਬ, ਤੇ ਪੱਬ ਤੋਂ ਘਰ ! ਉਹੀ ਨਿਰੰਤਰ ਚੱਕਰ ਚਾਹੇ-ਅਚਾਹੇ ਵਾਰ-ਵਾਰ, ਚਾਹੇ ਕੋਈ ਪੜ੍ਹਿਆ ਹੋਇਆ ਸੀ ਤੇ ਚਾਹੇ ਅਨਪੜ੍ਹ, ਜਿਸ ਦੇ ਹੱਡਾਂ ਵਿਚ ਜਾਨ ਸੀ ਓਵਰ ਟਾਈਮ ਲਾ ਕੇ, ਭਾਰਾ ਕੰਮ ਕਰਕੇ ਜ਼ਿਆਦਾ ਕਮਾਈ ਕਰ ਲੈਂਦਾ ਸੀ। ਇਨ੍ਹਾਂ ਦੀ ਜ਼ਿੰਦਗੀ ਵਿਚ ਜੇ ਕੋਈ ਸਵਰਗੀ ਛਿਣ ਸੀ ਤਾਂ ਉਹ ਕੇਵਲ ਹਫ਼ਤੇ ਬਾਅਦ ਕਿਸੇ ਗੋਰੀ ਨਾਲ ਹਮ-ਬਿਤਰੀ ਕਰਕੇ 'ਵਲਾਇਤ ਦਾ ਨਜ਼ਾਰਾ' ਦੇਖਣ ਤਕ ਹੀ ਸੀਮਤ ਸੀ।

ਇਨ੍ਹਾਂ ਹੀ ਸੋਚਾਂ ਵਿਚ ਅਸੀਂ ਗਿਆਰਾਂ ਕੁ ਵਜੇ ਵਿਲਨਹਾਲ ਪਹੁੰਚ ਗਏ। ਅਸੀਂ ਦਰਵਾਜ਼ੇ ਦੀ ਘੰਟੀ ਵਜਾਈ ਤਾਂ ਅੰਦਰੋਂ ਗੁਰਦਿਆਲ ਟੈਲੀਫ਼ੋਨ 'ਤੇ ਗੱਲਾਂ ਕਰਦਾ ਸੁਣਾਈ ਦਿੱਤਾ।

"ਮੇਰੇ ਮਿੱਤਰ ਅਫ਼ਰੀਕਾ ਤੋਂ ਆਏ ਹਨ, ਉਨ੍ਹਾਂ ਕੋਲ ਮੇਰੇ ਵਾਸਤੇ ਕੇਵਲ ਅੱਜ ਦੀ ਰਾਤ ਹੈ, ਅੱਜ ਮੈਂ ਨਹੀਂ ਆ ਸਕਾਂਗਾ। ਖ਼ਿਮਾਂ ਕਰਨਾ, ਜੇ ਵਿਹਲ ਹੈ, ਤਾਂ ਤੁਸੀਂ ਵੀ ਆ ਜਾਓ। ਵਿਸਕੀ ਤੇ ਮੁਰਗੇ ਦਾ ਜਸ਼ਨ ਸ਼ੁਰੂ ਕਰਨ ਲੱਗੇ ਹਾਂ, ਨਿਹਾਲ ਕਰ ਦਿਆਂਗੇ।"

ਫਿਰ ਉਹ ਕੁਝ ਉਸ ਪਾਸਿਉਂ ਸੁਣਦਾ ਰਿਹਾ ਤੇ ਮੈਂ ਸੋਚ ਰਿਹਾ ਸਾਂ ਕਿ ਬੰਦਾ ਉਵੇਂ ਦਾ ਉਵੇਂ ਕਾਇਮ ਹੈ ਤੇ ਇਸ ਨੂੰ ਚੋਗਾ ਪਾਉਣਾ ਆਉਂਦਾ ਹੈ। ਇਹ ਜਾਣ ਕੇ ਅਤਿਅੰਤ ਸੰਤੁਸ਼ਟਤਾ ਹੋਈ ਕਿ ਚਲੋ ਇੰਗਲੈਂਡ ਵਾਸੀ ਮਿੱਤਰਾਂ ਵਿੱਚੋਂ ਇਕ ਤਾਂ ਅਜਿਹਾ ਮਿਲਿਆ, ਜਿਸ ਵਿਚ ਸਾਹ ਸਤ ਬਾਕੀ ਹੈ, ਜਿਸ ਵਿਚ ਜ਼ਿੰਦਗੀ ਅਜੇ ਧੜਕਦੀ ਹੈ। ਉਹ ਫੇਰ ਬੋਲਣ ਲੱਗਾ, "ਨਹੀਂ ਨਹੀਂ, ਪਲੀਜ਼, ਮੈਂ ਮੰਨਦਾ ਹਾਂ ਕਿ ਇਸ ਮਸ਼ੀਨ ਤੇ ਹਰ ਇਕ ਬੰਦਾ ਕੰਮ ਨਹੀਂ ਕਰ ਸਕਦਾ। ਜੈਰੀ ਤੁਹਾਡੇ ਨਾਲ ਹੈ, ਕੋਈ ਹੋਰ ਵੀ ਓਵਰ ਟਾਈਮ ਲਈ ਤਿਆਰ ਹੋ ਸਕਦਾ ਹੈ। ਕੋਈ ਪ੍ਰਬੰਧ ਕਰੋ, ਮੈਂ ਕੱਲ੍ਹ ਦਿਨੇ ਉਸ ਦੀ ਸ਼ਿਫ਼ਟ ਲਾ ਦਿਆਂਗਾ। ਪੰਜਾਂ ਸਾਲਾਂ ਦੇ ਲੰਮੇ ਸਮੇਂ ਬਾਅਦ ਅੱਜ ਆਪਣੇ ਮਿੱਤਰ ਨੂੰ ਮਿਲਿਆ ਹਾਂ, ਫਿਰ ਪਤਾ ਨਹੀਂ ਇਹ ਮੌਕਾ ਕਦੋਂ ਨਸੀਬ ਹੋਣਾ ਹੈ !"

ਫਿਰ ਕੁਝ ਚਿਰ ਹੂੰ ਹਾਂ ਕਰਕੇ ਉਸ ਨੇ ਟੈਲੀਫ਼ੋਨ ਰੱਖ ਦਿੱਤਾ ਤੇ ਖਿੜੇ ਚਿਹਰੇ ਨਾਲ ਉੱਚੀ-ਉੱਚੀ ਹੱਸਦਾ ਹੋਇਆ ਸਾਡੇ ਵਲ ਵਧਿਆ ਤੇ ਦੋਹਾਂ ਨੂੰ ਘੁੱਟ ਘੁੱਟ ਜੱਫੀ ਵਿਚ ਲੈ ਕੇ ਮਿਲਿਆ।

"ਜਰਨੈਲ, ਏਥੇ ਭਾਰਤ ਵਾਲੀ ਖੁੱਲ੍ਹ ਖੇਡ ਨਹੀਂ। ਛੇ ਦਿਨ ਬਾਰਾਂ ਘੰਟੇ ਜਾਨਵਰਾਂ ਵਾਂਗ ਜਾਨ ਤੋੜ ਕੇ ਕੰਮ ਕਰਦੇ ਹਾਂ, ਤਾਂ ਜਾ ਕੇ ਹਫ਼ਤੇ ਦੇ ਤੀਹ ਪੈਂਤੀ ਪੌਂਡ ਬਣਦੇ ਹਨ, ਪਰ ਦਿਲ ਦੀ, ਆਤਮਾ ਦੀ ਖ਼ੁਸ਼ੀ ਨਹੀਂ ਮਿਲਦੀ। ਭਾਰਤ ਵਿਚ ਚੰਗੀ ਜਾਇਦਾਦ ਬਣਾ ਲਈ ਹੈ, ਹੁਣ ਦੋ ਹਜ਼ਾਰ ਪੌਂਡ ਦਾ ਇਹ ਘਰ ਖ਼ਰੀਦਿਆ ਹੈ। ਕਾਰ ਹੈ, ਘਰ ਵਿਚ ਐਸ਼ੋ ਆਰਾਮ ਤੇ ਡੈਕੋਰੇਸ਼ਨ ਦਾ ਹਰ ਆਧੁਨਿਕ ਸਮਾਨ ਹੈ, ਸਭ ਵਿਖਾਵਾ ਹੈ ਆਉਣ ਵਾਲਿਆਂ ਲਈ। ਏਥੇ ਕਿਸ ਨੂੰ ਵਿਹਲ ਹੈ ਵਾਲ ਪੇਪਰ ਤੇ ਆਰਟਿਸਟਿਕ ਡੀਜ਼ਾਇਨ ਦੀ ਸਲਾਹੁਤਾ ਕਰਨ ਜਾਂ ਉਸ ਦੀ ਸੁੰਦਰਤਾ ਨੂੰ ਮਾਣਨ ਦੀ ? ਮੈਟਿੰਗ ਦੀ ਕਲਰ ਸਕੀਮ ਤੇ ਫ਼ਰਨੀਚਰ ਦੀਆਂ ਗੋਲਾਈਆਂ ਦੇ ਹੁਨਰ, ਸੌਹੇਂ ਆਪਣੀ ਜ਼ਿੰਦਗੀ ਕਲਾ-ਹੀਣ, ਨੀਰਸ, ਫਿੱਕੀ, ਓਪਰੀ ਤੇ ਖੋਖਲੀ ਜਾਪਦੀ ਹੈ। ਜਦੋਂ ਘਰ ਕੋਈ ਆਉਂਦਾ ਹੈ ਤਾਂ ਟੈਲੀਵੀਯਨ ਦੀ ਸਕਰੀਨ ਤੇ ਪਰਛਾਵੇਂ ਰੀਂਗਦੇ ਹਨ, ਕੁਝ ਹਰਕਤ ਹੁੰਦੀ ਹੈ, ਨਹੀਂ ਤਾਂ ਇਹ ਉਂਜ ਦਾ ਉਂਜ ਹੀ ਪਿਆ ਰਹਿੰਦਾ ਹੈ। ਐਤਵਾਰ ਘਰ ਦੇ ਨਿੱਕੇ ਮੋਟੇ ਕੰਮਾਂ, ਟੁਟੀਆਂ ਭੱਜੀਆਂ ਚੀਜ਼ਾਂ ਦੀ ਮੁਰੰਮਤ, ਕੰਧਾਂ ਦੀ ਟੀਪ ਆਦਿ ਕੰਮਾਂ ਵਿਚ ਨਿਕਲ ਜਾਂਦਾ ਹੈ। ਏਥੇ ਭਾਰਤ ਵਾਂਗ ਨਹੀਂ ਕਿ ਝਬ ਦੇ ਕੇ ਮਿਸਤਰੀ ਬੁਲਾ ਲਓ। ਹਰ ਕੰਮ ਆਪਣੇ ਹੱਥੀਂ ਆਪ ਕਰਨਾ ਪੈਂਦਾ ਹੈ। ਲੇਬਰ ਬਹੁਤ ਮਹਿੰਗੀ ਹੈ। ਏਥੇ ਵੀ ਮੈਂ ਘੜੀ ਵੇਖਦਾ ਹੋਇਆ ਰਸੋਈ ਵਿਚ ਖੜ੍ਹ ਕੇ ਭਾਰਤ ਵਾਂਗ ਹੀ ਕਾਹਲੀ-ਕਾਹਲੀ ਹੱਥ ਉੱਤੇ ਰਖ ਕੇ ਹੀ ਰੋਟੀ ਖਾਂਦਾ ਹਾਂ। ਬਾਰਾਂ ਘੰਟੇ

ਦੀ ਕਰੜੀ ਮਜ਼ਦੂਰੀ ਨਾਲ ਭੱਜ ਕੇ, ਸ਼ਰਾਬ ਵਿਚ ਧੁੱਤ ਹੋ ਕੇ, ਤੇ ਜੋ ਮਿਲੇ, ਖਾ ਕੇ ਘੂਕ ਸੌਂ ਜਾਈਦਾ ਹੈ, ਅਗਲੇ ਦਿਨ ਦੀ ਤਿਆਰੀ ਲਈ !"

"ਫਿਰ ਛੱਡ ਕਿਉਂ ਨਹੀਂ ਦਿੰਦਾ ਇਹ ਮੁਲਕ ? ਚੱਲ ਵਾਪਸ ਹਿੰਦੋਸਤਾਨ।"

"ਨਹੀਂ ਪਿਆਰੇ, ਹੁਣ ਮੈਥੋਂ ਆਪਣੇ ਦੇਸ਼ ਜਾ ਕੇ ਸਵਾ ਸੌ ਰੁਪਏ ਦੀ ਮਾਸਟਰੀ ਨਹੀਂ ਹੋਣੀ। ਤੇ ਨਾ ਹੀ ਢੇਰ ਮਾਰਕਾ ਸ਼ਰਾਬ ਪੀ ਹੋਣੀ ਹੈ। ਏਥੋਂ ਦੀ ਸਖ਼ਤ ਜ਼ਿੰਦਗੀ ਦੀ ਮਿੱਠੀ ਕੈਦ ਹੱਡਾਂ ਵਿਚ ਰਚ ਗਈ ਹੈ। ਕਦੇ -ਕਦੇ ਮਨ ਕਾਹਲਾ ਪੈ ਜਾਂਦਾ ਹੈ, ਪਰ ਇਸ ਚੱਕਰਵਯੂਹ ਵਿੱਚੋਂ ਨਿਕਲਣ ਦਾ ਕੋਈ ਰਸਤਾ ਨਜ਼ਰ ਨਹੀਂ ਆਉਂਦਾ।"

"ਕਿਸੇ ਸਕੂਲ ਜਾਂ ਕਿਸੇ ਦਫ਼ਤਰ ਵਿਚ ਨੌਕਰੀ ਕਿਉਂ ਨਹੀਂ ਲੱਭਣਾ ? ਆਖ਼ਿਰ ਤੂੰ ਗਰੈਜੂਏਟ ਹੈਂ !"

"ਏਥੇ ਗਊ ਗਧੇ ਵਿਚ ਕੋਈ ਤਮੀਜ਼ ਨਹੀਂ, ਪਿਆਰੇ। ਵਾਈਟ ਕੌਲਰ ਜਾਬਜ਼ ਉੱਤੇ ਪੈਸੇ ਨਹੀਂ ਬਣਦੇ ਤੇ ਫ਼ੈਕਟਰੀ ਵਿਚ ਗਊ ਗਧਾ ਸਭ ਇਕ ਰੱਸੇ ਨੂੜੇ ਜਾਂਦੇ ਹਨ।"

ਪੰਦਰਾਂ-ਵੀਹਾਂ ਮਿੰਟਾਂ ਵਿਚ ਹੀ ਅਸੀਂ ਹੇਗ ਦੀ ਪੂਰੀ ਬੋਤਲ ਪੀ ਚੁੱਕੇ ਸਾਂ। ਏਨੇ ਨੂੰ ਉਸ ਦਾ ਫੋਰਮੈਨ ਤੇ ਜੈਰੀ ਵੀ ਆ ਗਏ। ਗੁਰਦਿਆਲ ਨੇ ਇਕ ਬੋਤਲ ਹੋਰ ਕੱਢ ਲਿਆਂਦੀ। ਜੈਰੀ ਤੇ ਫੋਰਮੈਨ ਉਸ ਬੋਤਲ ਉੱਤੇ ਇੱਲਾਂ ਵਾਂਗ ਝਪਟ ਪਏ, ਜਿਵੇਂ ਇਹ ਉਨ੍ਹਾਂ ਦਾ ਨਿੱਤ ਦਾ ਕਸਬ ਹੋਵੇ। ਸਾਡੇ ਵੇਖਦਿਆਂ-ਵੇਖਦਿਆਂ ਹੀ ਉਨ੍ਹਾਂ ਦੋਹਾਂ ਨੇ ਪੌਣੀ ਬੋਤਲ ਸੰਘ ਹੇਠਾਂ ਉਤਾਰ ਲਈ। ਫੋਰਮੈਨ ਮੈਨੂੰ ਸੰਬੋਧਨ ਕਰਕੇ ਬੋਲਿਆ, "ਤੁਸੀਂ ਇੰਗਲੈਂਡ ਨੂੰ ਪਸੰਦ ਕਰਦੇ ਹੋ ?"

ਮੈਂ ਉਸ ਦੇ ਇਸ ਸਵਾਲ ਵਿਚ ਲੁਕੇ ਗੁੱਝੇ ਤਨਜ਼ ਨੂੰ ਮਹਿਸੂਸ ਕੀਤੇ ਬਿਨਾਂ ਨਾ ਰਹਿ ਸਕਿਆ, ਤਨਜ਼ ਤਾਂ ਹਰ ਸਰਮਾਏਦਾਰ ਮੁਲਕ ਆਪਣੇ ਤੇ ਆਧਾਰਤ ਹਰ ਦੂਜੇ ਮੁਲਕ ਦੇ ਵਾਸੀ ਤੇ ਕਰਦਾ ਹੈ।

"ਇੱਥੇ ਹੀ ਰਹਿ ਜਾਣ ਦਾ ਇਰਾਦਾ ਤਾਂ ਨਹੀਂ ?"

ਉਸ ਨੇ ਮੈਨੂੰ ਚੁੱਪ ਵੇਖ ਕੇ ਸੰਦੇਹ-ਪੂਰਨ ਢੰਗ ਨਾਲ ਫੇਰ ਪੁੱਛਿਆ, ਮੈਂ ਸੋਚ ਰਿਹਾ ਸਾਂ ਕਿ ਸ਼ਾਇਦ ਉਹ ਵੀ ਮੈਨੂੰ ਉਨ੍ਹਾਂ ਅਨੇਕਾਂ ਭਾਰਤੀਆਂ ਵਿੱਚੋਂ ਇਕ ਸਮਝਦਾ ਹੈ, ਜਿਹੜੇ ਏਥੇ ਸੈਰ ਕਰਨ ਦੇ ਬਹਾਨੇ ਜਾਂ ਹੋਰ ਨਾਜਾਇਜ਼ ਤਰੀਕੇ ਨਾਲ ਆਏ ਤੇ ਮੁੜ ਕੇ ਕਦੇ ਨਾ ਗਏ ! ਮੈਂ ਕਿਹਾ, "ਨਾ ਤਾਂ ਮੇਰਾ ਏਥੇ ਰਹਿਣ ਦਾ ਇਰਾਦਾ ਹੈ ਤੇ ਨਾ ਹੀ ਮੈਨੂੰ ਇੰਗਲੈਂਡ ਦਾ ਮਸ਼ੀਨੀ ਜੀਵਨ ਪਸੰਦ ਹੈ।"

"ਪਰ ਤੇਰਾ ਮਿੱਤਰ ਤੇ ਇਸ ਵਰਗੇ ਕਈ ਹੋਰ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਏਥੇ ਜਾਇਜ਼ ਨਾਜਾਇਜ਼ ਤਰੀਕੇ ਨਾਲ ਦਾਖ਼ਲ ਹੋਣ ਲਈ ਉਤਾਵਲੇ ਹਨ। ਸਾਡਾ ਮੁਲਕ ਵੀ ਹੁਣ ਰੰਗਦਾਰ ਹੁੰਦਾ ਜਾ ਰਿਹਾ ਹੈ।"

ਉਸ ਨੇ ਵਿਸਕੀ ਦੀ ਤਲਖ਼ੀ ਨੂੰ ਦੰਦਾਂ ਵਿਚ ਕਰੀਚ ਕੇ ਆਪਣੇ ਅੰਦਰਲੇ ਨਸਲ ਤੇ ਰੰਗ ਦੇ ਵਿਤਕਰੇ ਉੱਤੇ ਜ਼ੋਰ ਦਿੰਦੇ ਹੋਏ ਆਖਿਆ।

"ਮੈਂ ਅਫ਼ਰੀਕਾ ਵਿਚ ਬੜੀ ਖੁੱਲ੍ਹ ਮਾਣ ਰਿਹਾ ਹਾਂ, ਹੋਰ ਅਨੇਕਾਂ ਅੰਗਰੇਜ਼ਾਂ ਵਾਂਗ, ਜੋ ਇੰਗਲੈਂਡ ਦੀ ਘੁਟਨ ਨੂੰ ਪਸੰਦ ਨਹੀਂ ਕਰਦੇ ਤੇ ਅਫ਼ਰੀਕਾ ਵਿਚ ਜਾ ਵੱਸੇ ਹਨ। ਪੈਸੇ ਏਥੇ ਨਾਲੋਂ ਜ਼ਿਆਦਾ ਹਨ, ਚੀਜ਼ਾਂ ਸਸਤੀਆਂ ਤੇ ਸਹੂਲਤਾਂ ਵਧੇਰੇ ਹਨ। ਕੰਮ ਵੀ ਮੇਰਾ ਪੜ੍ਹੇ ਲਿਖੇ ਬੰਦਿਆਂ ਵਾਲਾ ਹੈ, ਮੈਂ ਏਥੇ ਆ ਕੇ ਫ਼ੈਕਟਰੀ ਦੀ ਭੇਡ ਚਾਲ ਵਿਚ ਕਿਉਂ ਪਵਾਂ ?"

ਗੁਰਦਿਆਲ ਕਹਿਣ ਲੱਗਾ, "ਜਰਨੈਲ ਛੱਡ ਪਰੇ, ਇਸ ਨਾਲ ਬਹਿਸ ਵਿਚ ਨਾ ਪੈ ! ਇਹ ਸਾਲੀ ਦੁੱਧ ਵਿਚ ਮੱਖੀ ਹੈ ! ਉਂਜ ਵੀ ਬਰਮਿੰਘਮ ਤੇ ਵੁਲਵਰਹੈਂਪਟਨ ਦੇ ਸਭ ਲੋਕ ਈਨੋਕ ਪਾਵਲ ਦੀਆਂ ਨਸਲੀ ਵਿਤਕਰੇ ਵਿਚ ਸੜਦੀਆਂ ਧੂੰਆਂਧਾਰ ਤਕਰੀਰਾਂ ਸੁਣ ਕੇ ਇਸ ਵਾਂਗ ਹੀ ਕੁਝ ਵਧੇਰੇ ਕਲਰ ਕਾਨਸ਼ਿਅਸ਼ (Colour Conscious) ਹੋ ਚੁੱਕੇ ਹਨ। ਏਥੇ ਭਾਰਤੀਆਂ ਲਈ ਵਾਤਾਵਰਣ ਸੁਖਾਵਾਂ ਨਹੀਂ। ਬਹੁਤ ਸਖ਼ਤੀ ਕਰਦੇ ਹਨ। ਇਕ ਦਿਨ ਕੰਮ ਤੇ ਨਾ ਜਾਓ, ਛੁੱਟੀ ! ਪਰ ਕੀ ਕਰੀਏ, ਹੋਰ ਕਿਤੇ ਏਨੀ ਕਮਾਈ ਵਾਲਾ ਕੰਮ ਨਹੀਂ ਲੱਭਦਾ।"

"ਮਿਸਟਰ ਗੁਰਦਿਆਲ, ਤੈਨੂੰ ਕੰਮ 'ਤੇ ਜਾਣਾ ਹੀ ਪਵੇਗਾ। ਜੈਰੀ ਦੀ ਤਬੀਅਤ ਠੀਕ ਨਹੀਂ। ਤੂੰ ਛੇਤੀ-ਛੇਤੀ ਤਿਆਰ ਹੋ।"

ਗੁਰਦਿਆਲ ਦੇ ਮਿੰਨਤ ਸਮਾਜਤ ਕਰਦਿਆਂ ਉਹ ਉੱਠ ਕੇ ਟਾਏਲੈਟ ਵਿਚ ਚਲਾ ਗਿਆ ਤੇ ਫਿਰ ਵਾਪਸੀ ਤੇ ਉਸ ਦੀ ਪਤਨੀ ਨਾਲ, ਜੋ ਅੰਗਰੇਜ਼ੀ ਨਹੀਂ ਸੀ ਜਾਣਦੀ, ਰਸੋਈ ਵਿਚ ਜਾ ਕੇ ਫੁਹਸ਼ ਮਖ਼ੌਲ ਅਤੇ ਹੱਥੀਂ ਚੁਹਲ ਕਰਨ ਲੱਗ ਪਿਆ। ਉਹ ਵਿਚਾਰੀ ਡੌਰ ਭੌਰ ਜਿਹੀ, ਸੁੰਗੜੀ ਹੋਈ ਉਸ ਵਲ ਵੇਖਦੀ ਹੋਈ, ਰੋਣਹਾਕੀ ਹੋ ਕੇ ਕਹਿ ਰਹੀ ਸੀ, "ਪਤਾ ਨਹੀਂ ਭਰਾ ਜੀ, ਇਹ ਕਿਹੋ ਜਿਹਾ ਮੁਲਕ ਹੈ। ਮੈਂ ਤਾਂ ਸ਼ਰਮ ਨਾਲ ਪਾਣੀ-ਪਾਣੀ ਹੁੰਦੀ ਜਾਂਦੀ ਹਾਂ ਤੇ ਇਹ ਹਰ ਦੂਜੇ ਤੀਜੇ ਇਸ ਕੰਜਰ ਨੂੰ ਏਥੇ ਲੈ ਆਉਂਦੇ ਹਨ, ਬੇਸ਼ਰਮ ! ਇਹੋ ਜਿਹੇ ਓਵਰ ਟਾਈਮ ਤੋਂ ਕੀ ਲੈਣਾ ਹੈ ? ਇਹੋ ਜਿਹੀ ਕਮਾਈ ਦੇ ਸਿਰ ਸਵਾਹ, ਜਦੋਂ ਨੌਂਹਾਂ ਧੀਆਂ ਦੀ ਇੱਜ਼ਤ ਹੀ ਨਾ ਰਹੀ ਤਾਂ ਇਹ ਪੌਂਡ ਫੂਕਣੇ ਹਨ। ਇੰਡੀਆ ਵਿਚ ਆਪਣੇ ਘਰੋਂ ਕਦੇ ਪਰਦਾ ਕੀਤੇ ਬਿਨਾਂ ਬਾਹਰ ਨਹੀਂ ਸਾਂ ਨਿਕਲੇ, ਪਰ ਏਥੇ ..."

"ਏਥੋਂ ਦਾ ਰਿਵਾਜ ਹੋਰ ਹੈ, ਸਮਝੀ ! ਹੁਣ ਸਾਨੂੰ ਭਾਰਤ ਵਾਲੀ ਜਹਾਲਤ ਛੱਡ ਦੇਣੀ ਚਾਹੀਦੀ ਹੈ ਤੇ ਸੋਸਾਇਟੀ ਵਿਚ ਮੂਵ ਕਰਨਾ ਸਿੱਖਣਾ ਚਾਹੀਦਾ ਹੈ। ਅਜੇ ਨਵੀਂ-ਨਵੀਂ ਆਈ ਹੈਂ। ਗ਼ਮ ਨਾ ਕਰ ਹੌਲੀ-ਹੌਲੀ ਤੂੰ ਵੀ ਘਾਸੇ ਪੈ ਜਾਵੇਂਗੀ। ਇੰਗਲੈਂਡ ਨੇ ਤਾਂ ਵੱਡੇ-ਵੱਡੇ ਘਸਾ ਦਿੱਤੇ !"

ਕਾਹਲੀ-ਕਾਹਲੀ ਰੋਟੀ ਨਿਗਲਦਾ ਹੋਇਆ ਗੁਰਦਿਆਲ ਖਸਿਆਨੀ ਜਿਹੀ ਹਾਸੀ ਹੱਸਦਾ ਹੋਇਆ ਕਹਿ ਰਿਹਾ ਸੀ, "ਜਰਨੈਲ, ਜੇ ਤੂੰ ਆਖੇਂ ਤਾਂ ਮੈਂ ਕੰਮ ਤੇ ਨਹੀਂ ਜਾਂਦਾ ! ਪਰ ਇਹ ਬੜਾ ਭੈੜਾ ਬੰਦਾ ਹੈ। ਨੌਕਰੀਓਂ ਵੀ ਜਵਾਬ ਮਿਲ ਸਕਦਾ ਹੈ ਤੇ ਇਹੋ ਜਿਹੀ ਵਧੇਰੇ ਓਵਰ ਟਾਈਮ ਤੇ ਚੰਗੀ ਕਮਾਈ ਵਾਲੀ ਨੌਕਰੀ ਮੁੜ ਕੇ ਕਿੱਥੋਂ ਲੱਭਣੀ ਹੈ ! ਮੈਂ ਕੋਸ਼ਿਸ਼ ਕਰਾਂਗਾ ਕਿ ਆਪਣਾ ਅੱਜ ਦਾ ਓਵਰ ਟਾਈਮ ਕਿਸੇ ਹੋਰ ਨੂੰ ਦੇ ਕੇ ਸਵੇਰੇ ਸੱਤ ਅੱਠ ਵਜੇ ਵਾਪਸ ਆ ਸਕਾਂ, ਫਿਰ ਆਪਾਂ ਰੱਜ ਕੇ ਗੱਲਾਂ ਕਰਾਂਗੇ। ਮੁਆਫ਼ ਕਰੀਂ ਯਾਰ ਬੇਬਸੀ ਹੈ। ਉਂਜ ਤੇਰੇ ਨਾਲੋਂ ਮੈਨੂੰ ਹੋਰ ਕੌਣ ਚੰਗਾ ਹੈ ? ਦਸ ਫਿਰ ਕਿਵੇਂ ਕਰੀਏ ?"

ਸਵੇਰੇ ਅਸੀਂ ਹਰ ਹਾਲਤ ਵਿਚ ਵਾਪਸ ਜਾਣਾ ਸੀ, ਕਿਉਂਕਿ ਫ਼ਰਾਂਸ ਜਾਣ ਲਈ ਡੋਵਰ ਤੋਂ ਬੁਲਾਇਨ ਤਕ ਦੀਆਂ ਫੈਰੀ ਦੀਆਂ ਸੀਟਾਂ ਬੁਕ ਕਰਵਾਈਆਂ ਹੋਈਆਂ ਸਨ। ਮੈਂ ਉਸ ਦਾ ਦਿਲ ਰੱਖਣ ਲਈ ਇਸ ਗੱਲ ਨੂੰ ਤੇ ਪੰਜ ਸਾਲ ਬਾਅਦ ਦੀ ਇਸ ਮਿਲਣੀ ਦੇ ਦਰਦ ਭਰੇ ਦੁਖਾਂਤ ਨੂੰ ਲੁਕਾਉਂਦੇ ਹੋਏ ਅੱਖਾਂ 'ਚ ਭਰ ਆਏ ਅੱਥਰੂਆਂ ਨੂੰ ਅੰਦਰੇ ਅੰਦਰ ਪੀ ਕੇ ਕਿਹਾ, "ਕੋਈ ਨਹੀਂ, ਤੂੰ ਕੰਮ ਤੇ ਜਾਹ। ਸਵੇਰੇ ਆਪਾਂ ਰੱਜ ਕੇ ਗੱਲਾਂ ਬਾਤਾਂ ਕਰਾਂਗੇ। ਰੋਜ਼ੀ ਨੂੰ ਕਦੇ ਲੱਤ ਨਹੀਂ ਮਾਰਨੀ ਚਾਹੀਦੀ।"

* * *

ਰਾਤ ਭਰ ਉਹ ਸੁੱਤਾ ਨਹੀਂ ਸੀ। ਸਵੇਰੇ ਉਹ ਅੱਠ ਕੁ ਵਜੇ ਆਇਆ, ਤਾਂ ਅਸੀਂ ਘੂਕ ਸੁੱਤੇ ਪਏ ਸਾਂ। ਜਦੋਂ ਨੌਂ ਕੁ ਵਜੇ ਮੇਰੀ ਅੱਖ ਖੁੱਲ੍ਹੀ ਤਾਂ ਮੈਂ ਵੇਖਿਆ ਉਹ ਮੇਰੇ ਨਾਲ ਹੀ ਮੰਜੇ ਉੱਤੇ ਭੱਜਾ ਟੁੱਟਾ ਗੂੜ੍ਹੀ ਨੀਂਦ ਸੁੱਤਾ ਹੋਇਆ ਸੀ।

ਉਸ ਦੀ ਪਤਨੀ ਨੇ ਬਥੇਰਾ ਕਿਹਾ ਕਿ ਮੈਂ "ਉਨ੍ਹਾਂ ਨੂੰ ਜਗਾਉਂਦੀ ਹਾਂ, ਤੁਸੀਂ ਤਾਂ ਆਪਣੇ ਦੁਖ-ਸੁਖ ਦੀ ਕੋਈ ਗੱਲ ਵੀ ਨਹੀਂ ਕੀਤੀ ਤੇ ਹੁਣ ਤੁਰ ਚੱਲੇ ਹੋ ! ਇਹ ਠੀਕ ਨਹੀਂ, ਫਿਰ ਪਤਾ ਨਹੀਂ ਕਦੋਂ ਮੇਲੇ ਹੋਣ !"

ਪਰ ਮੈਂ ਆਪਣੇ ਆਪ ਨੂੰ ਤੇ ਉਸ ਨੂੰ ਝੂਠੀ ਤਸੱਲੀ ਦਿੰਦੇ ਹੋਏ ਕਿਹਾ, "ਨਹੀਂ, ਉਸ ਨੂੰ ਸੁੱਤਾ ਰਹਿਣ ਦਿਓ ! ਫ਼ਰਾਂਸ ਤੋਂ ਪਰਤ ਕੇ ਫਿਰ ਮੈਂ ਇਕ ਅੱਧ ਦਿਨ ਲਈ ਆਉਣ ਦੀ ਕੋਸ਼ਿਸ਼ ਕਰਾਂਗਾ।"

ਪਰ ਜਦੋਂ ਉਸ ਦੀ ਪਤਨੀ ਉਸ ਨੂੰ ਜਗਾਉਣ 'ਤੇ ਤੁਲ ਗਈ ਤਾਂ ਮੈਨੂੰ ਕਹਿਣਾ ਹੀ ਪਿਆ, "ਨਹੀਂ, ਨਹੀਂ ਭਰਜਾਈ ਜੀ, ਇੰਜ ਨਾ ਕਰੋ। ਆਪਣਾ ਟਾਈਮ ਪੂਰਾ ਕਰਕੇ ਤਾਂ ਹਰ ਮਸ਼ੀਨ ਵੀ ਆਰਾਮ ਮੰਗਦੀ ਹੈ। ਇਹ ਤਾਂ ਜਿਊਂਦਾ ਜਾਗਦਾ ਮਨੁੱਖ ਹੈ। ਇਸ ਵੇਲੇ ਇਸ ਨੂੰ ਆਰਾਮ ਦੀ ਸਖ਼ਤ ਜ਼ਰੂਰਤ ਹੈ। ਵੇਖੋ ਕਿਵੇਂ ਘੂਕ ਤੇ ਅਡੋਲ ਸੁੱਤਾ ਪਿਆ ਹੈ, ਖੜੋਤੀ ਹੋਈ ਮਸ਼ੀਨ ਵਾਂਗ !"

ਇਹ ਆਖ ਕੇ ਅਸੀਂ ਡੁੱਬੇ ਹੋਏ ਦਿਲ ਨਾਲ ਉੱਥੋਂ ਲੰਡਨ ਲਈ ਤੁਰ ਪਏ !

# ਜਲ ਮਹਿ ਕਮਲ ਅਲੇਪ

ਮੈਨੂੰ ਨੈਰੋਬੀ ਨੌਕਰੀ ਕਰਦਿਆਂ ਮਸਾਂ ਇਕ ਵਰ੍ਹਾ ਹੋਇਆ ਸੀ ਤੇ ਮੇਰੇ ਮਿੱਤਰ ਤਰਸੇਮ ਨੂੰ ਦੋ ਵਰ੍ਹੇ। ਉਸ ਦੀ ਰਿਹਾਇਸ਼ ਭਾਵੇਂ ਨੈਰੋਬੀ ਹੀ ਸੀ, ਪਰ ਉਹ ਹਰ ਰੋਜ਼ ਆਪਣੀ ਕਾਰ 'ਤੇ ਵੀਹ ਕੁ ਮੀਲ ਸਫ਼ਰ ਕਰਕੇ ਇਕ ਸੈਕੰਡਰੀ ਸਕੂਲ ਵਿਚ ਪੜ੍ਹਾਉਣ ਜਾਂਦਾ ਸੀ। ਰਾਹ ਕੱਚਾ ਤੇ ਚਿੱਕੜ-ਗਾਰੇ ਕਾਰਨ ਤਿਲ੍ਹਕਣ ਹੋਣ ਕਰਕੇ ਮੀਂਹ ਕਣੀ ਵਿਚ ਉਹ ਕਦੇ ਕਦਾਈਂ ਉਸੇ ਸਕੂਲ ਦੇ ਸਟਾਫ਼ ਕੁਆਰਟਰਜ਼ ਵਿਚ ਰਹਿ ਰਹੇ ਆਪਣੇ ਇਕ ਸਹਿਕਰਮੀਂ ਕੋਲ ਵੀ ਰਹਿ ਪੈਂਦਾ ਸੀ। ਉਸ ਦਾ ਵਿਆਹ ਹੋਇਆਂ ਮਸਾਂ ਪੰਜ ਕੁ ਵਰ੍ਹੇ ਹੋਏ ਸਨ। ਉਸ ਦੀ ਪਤਨੀ ਤੇ ਇੱਕੋ ਇਕ ਬੱਚਾ ਦੋਵੇਂ ਜਣੇ ਭਾਰਤ ਹੀ ਰਹਿੰਦੇ ਸਨ। ਮੈਂ ਹੁਣ ਲਗਪਗ ਛੜਾ ਛੜਾਂਗ ਹੀ ਸਾਂ। ਆਪਣੀ ਪਤਨੀ ਨਾਲ ਮੇਰੀ ਅਣਬਣ ਹੋ ਚੁੱਕੀ ਸੀ। ਜੇ ਸਾਲ ਖੰਡ ਤਕ ਛੱਡ ਛਡਾਈ ਤਕ ਨੌਬਤ ਨਾ ਵੀ ਪਹੁੰਚੀ ਤਾਂ ਲੰਮੇ ਸਮੇਂ ਤਕ ਮੇਰਾ ਦੇਸ਼ ਵਾਪਸ ਜਾਣ ਦਾ ਕੋਈ ਇਰਾਦਾ ਨਹੀਂ ਸੀ। ਏਥੋਂ ਦੇ ਹਾਲਾਤ ਵੀ ਬੜੇ ਅਨਿਸ਼ਚਤ ਤੇ ਅਸਥਿਰ ਸਨ। ਇਸੇ ਲਈ ਤਰਸੇਮ ਵੀ ਆਪਣੇ ਪਰਿਵਾਰ ਨੂੰ ਏਧਰ ਮੰਗਵਾਉਣ ਦੀ ਥਾਂ, ਉਨ੍ਹਾਂ ਨੂੰ ਦੇਸ਼ ਵਿਚ ਰਖ ਕੇ ਏਧਰੋਂ ਵੱਧ ਤੋਂ ਵੱਧ ਪੈਸਾ ਹਿੰਦੋਸਤਾਨ ਭੇਜਣ ਦੇ ਯਤਨ ਵਿਚ ਸੀ, ਤਾਂ ਕਿ ਜੇ ਦੋਂਹ ਚੌਂਹ ਸਾਲਾਂ ਨੂੰ ਵਾਪਸ ਦੇਸ਼ ਪਰਤਣਾ ਹੀ ਪਵੇ ਤਾਂ ਉੱਥੇ ਮੁੱਢੋਂ ਸੁੱਢੋਂ ਜ਼ਿੰਦਗੀ ਸ਼ੁਰੂ ਕਰਨ ਲਈ ਕੋਈ ਬੁਨਿਆਦ ਬੱਝ ਸਕੇ। ਅਸੀਂ ਦੋਵੇਂ ਜਣੇ ਨੇਮ ਨਾਲ ਹਰ ਮਹੀਨੇ ਆਪਣੀ ਤਨਖ਼ਾਹ ਦਾ ਅੱਧ, ਇਕ ਹਜ਼ਾਰ ਸ਼ਲਿੰਗ ਹਿੰਦੁਸਤਾਨ ਭੇਜ ਰਹੇ ਸਾਂ ਤੇ ਬਾਕੀ ਦਾ ਬਚਦਾ ਇਕ ਹਜ਼ਾਰ ਸ਼ਲਿੰਗ ਏਧਰ ਵਾਹ-ਵਾਹ ਰਸੀਲੀ, ਰੰਗੀਨ ਤੇ ਦਿਲਚਸਪ ਜ਼ਿੰਦਗੀ ਬਤੀਤ ਕਰਨ ਲਈ ਕਾਫ਼ੀ ਸੀ।

ਸੋਮਵਾਰ ਤੋਂ ਲੈ ਕੇ ਸ਼ੁਕਰਵਾਰ ਤਕ ਪੰਜ ਦਿਨ ਸਾਨੂੰ ਦੋਹਾਂ ਨੂੰ ਹੀ ਸਿਰ ਖੁਰਕਣ ਦੀ ਵਿਹਲ ਵੀ ਨਹੀਂ ਸੀ ਮਿਲਦੀ। ਪਰ ਸਨਿਚਰ ਅਤੇ ਐਤਵਾਰ ਅਸੀਂ ਕਾਫ਼ੀ ਵਿਹਲੇ ਹੁੰਦੇ ਸਾਂ। ਇਸ ਵਿਹਲ ਦੇ ਸਮੇਂ ਨੂੰ ਗੁਜ਼ਾਰਨ ਲਈ ਸ਼ਹਿਰ ਵਿਚ ਆਵਾਰਾ-ਗਰਦੀ ਕਰਨ ਤੋਂ ਬਿਨਾਂ ਹੋਰ ਕੋਈ ਵੀ ਕੰਮ ਨਹੀਂ ਸੀ ਲੱਭਦਾ। ਸਨਿੱਚਰਵਾਰ ਸਵੇਰੇ ਹੀ ਤਰਸੇਮ ਆ ਢੁੱਕਦਾ ਤੇ ਫਿਰ ਅਸੀਂ ਦੋਵੇਂ ਜਣੇ ਨੈਰੋਬੀ ਦਿਆਂ ਬਾਜ਼ਾਰਾਂ ਤੇ ਸੜਕਾਂ ਦੀ ਗਸ਼ਤ ਕਰਨ ਤੁਰ ਪੈਂਦੇ। ਨਿਊ ਸਟਾਨਲੇ ਹੋਟਲ ਵਿਚ ਕਾਫ਼ੀ ਪੀ ਕੇ ਸਾਨੂੰ ਬੜਾ ਮਜ਼ਾ ਆਉਂਦਾ, ਕਿਉਂਕਿ ਏਥੇ ਇਕ ਸ਼ਲਿੰਗ ਦੀ ਕਾਫ਼ੀ ਦੇ ਨਾਲ ਵੱਖ-ਵੱਖ ਦੇਸ਼ਾਂ ਦੀਆਂ ਕੁੜੀਆਂ ਦੀਆਂ ਅੱਧੇ ਪੱਟਾਂ ਤੱਕ ਨੰਗੀਆਂ ਲੱਤਾਂ ਅਤੇ ਟੈਰੀਲੀਨ 'ਚੋਂ ਡੁੱਲ੍ਹ-ਡੁੱਲ੍ਹ ਪੈਂਦੀਆਂ ਛਾਤੀਆਂ ਮੁਫ਼ਤ ਵਿਚ ਹੀ ਵੇਖ ਲੈਂਦੇ ਸਾਂ। ਪੋਸ਼ਾਕਾਂ ਦੇ ਨਵੇਂ ਫ਼ੈਸ਼ਨ, ਵਾਲਾਂ ਦੀ ਨਵੀਂ ਬਣਤਰ, ਨੇਲ ਪਾਲਿਸ਼, ਜੁੱਤੀ, ਸਕਰਟ, ਸਕਾਰਫ਼ ਤੇ ਲਿਪਸਟਿਕ ਤੋਂ ਲੈ ਕੇ ਹੈਂਡ ਬੈਗ ਤੇ ਝਿੰਮਣੀਆਂ ਅਤੇ ਪਲਕਾਂ ਤਕ ਦੀ ਲੇਟੈਸਟ ਕਲਰ ਸਕੀਮ, ਹਿੱਪੀ ਤੇ ਬੀਟਨਿਕ ਅੰਗਰੇਜ਼ ਮੁੰਡੇ ਕੁੜੀਆਂ ਦੇ ਏਸ ਸਪਤਾਹ ਦੇ ਸਵਾਂਗ ਰੂਪੀ ਪਹਿਰਾਵੇ ਤੋਂ ਲੈ ਕੇ ਉਨ੍ਹਾਂ ਦੇ ਲੰਮੇਂ ਚੁੰਮਣ ਦੀ ਲੇਟੈਸਟ ਸ਼ੈਲੀ ਆਦਿ ਤਕ ਦਾ ਗਿਆਨ ਸਾਨੂੰ ਏਥੇ ਆ ਕੇ ਸਹਿਜ ਸੁਭਾਅ ਹੋ ਜਾਂਦਾ ਸੀ। ਜਿਵੇਂ-ਜਿਵੇਂ ਦੁਪਹਿਰ ਹੋਣ ਲੱਗਦੀ, ਅਸੀਂ "ਲੋਬਸਟਰ ਪਾਟ" (Lobster Pot) ਦੇ ਭੂ-ਨਿਮਨ ਤੇ ਨੀਮ-ਅਨ੍ਹੇਰੇ ਤਹਿਖ਼ਾਨਿਆਂ 'ਚੋਂ ਕਿਸੇ ਇਕ

ਵਿਚ ਬੈਠ ਕੇ ਬੀਅਰ ਪੀਣ ਲੱਗ ਪੈਂਦੇ। ਤਰਸੇਮ ਨੂੰ ਇਸ ਨੀਮ ਚਾਨਣੇ ਵਿਚ ਬੀਅਰ ਪੀਣ ਦਾ ਬੜਾ ਮਜ਼ਾ ਆਉਂਦਾ ਸੀ। ਲੱਕੜ ਦੇ ਸਾਧਾਰਨ ਜਿਹੇ ਫੱਟਿਆਂ ਸੌਹੇਂ ਇਸ ਬਾਰ ਦੇ ਪ੍ਰਬੰਧਕਾਂ ਨੇ ਬੀਅਰ ਦੇ ਵੱਡੇ-ਵੱਡੇ ਲੱਕੜ ਦੇ ਖ਼ਾਲੀ ਬੈਰਲ ਰਖ ਕੇ ਉਨ੍ਹਾਂ ਤੋਂ ਮੇਜ਼ਾਂ ਦਾ ਕੰਮ ਲਿਆ ਹੋਇਆ ਸੀ। ਕੰਧਾਂ ਉੱਤੇ ਪੁਰਾਣੇ ਜ਼ਮਾਨੇ ਦੇ ਸ਼ਸਤਰ, ਨੇਜ਼ੇ, ਤਲਵਾਰ, ਕੁਹਾੜੀ, ਢਾਲ ਆਦਿ ਲਟਕਾਏ ਹੋਏ ਸਨ। ਅੱਜ ਦੇ ਆਧੁਨਿਕ ਪ੍ਰਦਰਸ਼ਨਕਾਰੀ ਯੁੱਗ ਵਿਚ ਵੀ ਸਜਾਵਟ ਦਾ ਇਹ ਪ੍ਰਾਚੀਨ ਸਮਾਨ ਇਕ ਨਵਾਂ ਮਾਹੌਲ ਉਸਾਰੀ ਬੈਠਾ ਸੀ, ਜਿਸ ਨਾਲ ਸਾਨੂੰ ਦੋਹਾਂ ਨੂੰ ਬੜਾ ਮੋਹ ਸੀ।

ਸ਼ਾਮ ਪੈਂਦਿਆਂ ਅਸੀਂ 'ਫਰੈਂਡਜ਼ ਕਾਰਨਰ' ਜਾਂ 'ਲੀਡੋਜ਼ ਹੋਟਲ' ਵਲ ਨਿਕਲ ਪੈਂਦੇ। ਜਿਵੇਂ-ਜਿਵੇਂ ਸ਼ਾਮ ਵੇਲੇ, ਪਰਛਾਵੇਂ ਲੰਮੇ ਤੇ ਸੰਘਣੇ ਹੋ ਹੋ ਕੇ ਅਨ੍ਹੇਰੇ ਵਿਚ ਸਿਮਟਦੇ ਜਾਂਦੇ, ਤਿਵੇਂ-ਤਿਵੇਂ ਇਨ੍ਹਾਂ ਦੋਹਾਂ ਥਾਵਾਂ 'ਤੇ ਜਿੰਦਗੀ ਜਾਗਦੀ ਹਰਕਤ ਵਿਚ ਆਉਂਦੀ। ਅਫ਼ਰੀਕਨ, ਏਸ਼ੀਅਨ ਤੇ ਯੂਰਪੀਅਨ ਮੁੰਡੇ ਕੁੜੀਆਂ ਬੀਅਰ ਤੇ ਵਿਸਕੀ ਦੀਆਂ ਚੁਸਕੀਆਂ ਭਰਦੇ ਆਲੇ-ਦੁਆਲੇ ਵਿਹੰਦੇ ਅੱਖ ਮਟੱਕਾ ਸ਼ੁਰੂ ਕਰ ਦਿੰਦੇ। ਗਾਹਕਾਂ ਦੀ ਤਲਾਸ਼ ਵਿਚ ਸਜ-ਧਜ ਕੇ ਆਈਆਂ ਆਧੁਨਿਕ ਵੇਸਵਾਵਾਂ ਅੱਖਾਂ ਹੀ ਅੱਖਾਂ ਨਾਲ ਸੌਦਾ ਕਰਦੀਆਂ ਤੇ ਫਿਰ ਆਪਣੇ ਗਾਹਕਾਂ ਨੂੰ ਨਾਲ ਲੈ ਕੇ ਮੁੱਢ ਵਿਚ ਹੀ ਵਾਕਿਆ ਹਾਜੀ ਲਾਜ ਵਿਚ ਜਾ ਵੜਦੀਆਂ। ਦਸ ਸ਼ਲਿੰਗ ਕਮਰੇ ਦੇ ਤੇ ਵੀਹ-ਵੀਹ ਸ਼ਲਿੰਗ ਬੁੱਕਲ ਨਿੱਘੀ ਕਰਨ ਦੇ, ਦੇ ਕੇ ਅੱਥਰਾ ਮਰਦ ਆਪਣੇ ਅੰਦਰਲਾ ਪਸ਼ੂ ਸ਼ਾਂਤ ਕਰਕੇ ਮੁੜ ਨਿੰਮੋਝੂਣਾ ਜਿਹਾ ਇਨ੍ਹਾਂ ਦੋਹਾਂ 'ਚੋਂ ਕਿਸੇ ਇਕ ਰੈਸਤੋਰਾਂ ਵਿਚ ਆ ਬੈਠਦਾ। ਦੇਰ ਤੱਕ ਅਸੀਂ ਦੋਵੇਂ ਇਹ ਰੰਗਰਲੀਆਂ ਮਾਣਦੇ, ਇਨ੍ਹਾਂ ਵਿਚ ਜਿਊਂਦੇ ਵਿਚਰਦੇ, ਮੁੜ ਘਰ ਪਰਤ ਆਉਂਦੇ।

ਐਤਵਾਰ ਸਵੇਰੇ ਅਸੀਂ ਦੋਵੇਂ ਜਣੇ ਨੇਮ ਨਾਲ ਗੁਰਦੁਆਰੇ ਜਾਂਦੇ ਅਤੇ ਪਰਸ਼ਾਦ ਲੈ ਕੇ ਮੁੜ ਦੇਰ ਰਾਤ ਤਕ ਸਨਿੱਚਰਵਾਰ ਵਾਲਾ ਸਿਲਸਿਲਾ ਸ਼ੁਰੂ ਕਰ ਦਿੰਦੇ। ਅਜਿਹੇ ਸਮੇਂ ਕਿਸੇ ਸ਼ੋਖ ਜਿਹੀ ਚੰਚਲ ਕੁੜੀ ਵਲ ਵੇਖ ਕੇ ਤਰਸੇਮ ਕਹਿੰਦਾ, "ਮੀਤੇ, ਵੇਖ ! ਨਿਰੀ ਅੱਗ ਹੈ, ਤੁਰਦੀ ਫਿਰਦੀ ਅੱਗ ! ਸੌਂਹ ਰੱਬ ਦੀ, ਜਿਸਮ ਇਨ੍ਹਾਂ ਕਾਲੀਆਂ ਕੁੜੀਆਂ ਦਾ, ਐਵੇਂ ਨਹੀਂ ਚਿੱਟੇ ਇਨ੍ਹਾਂ ਪਿੱਛੇ ਸ਼ੁਦਾਈ ਹੋਏ ਫਿਰਦੇ ! ਗੱਠਿਆ ਹੋਇਆ ਕਾਠਾ ਜਿਸਮ, ਨਾਰੰਗੀ ਵਰਗੀਆਂ ਤਿੱਖੀਆਂ ਸਖ਼ਤ ਛਾਤੀਆਂ ਤੇ ਰੇਸ਼ਮ ਵਰਗੀ ਮੁਲਾਇਮ ਚਮੜੀ ! ਸਾਡੀਆਂ ਜ਼ਨਾਨੀਆਂ ਤਾਂ ਨਿਰਾ ਚੰਮ ਦੇ ਰੰਗ ਦਾ ਹੁਸਨ ਹਨ, ਸਰਦ, ਪੋਲੀਆਂ ਤੇ ਸੁਸਤ, ਨੀਰਸ, ਢਿੱਲੜ ਤੇ ਹਰ ਵੇਲੇ ਥੱਕੀਆਂ-ਥੱਕੀਆਂ। ਪਰ ਇਹ ਅਫ਼ਰੀਕਨ ਕੁੜੀਆਂ ਤਾਂ ਸ਼ੁਅਲਾ, ਜਵਾਲਾ ਹਨ, ਚੁਸਤ ਤੇ ਜ਼ਿੰਦਗੀ ਦੇ ਹਰ ਖਰੂਦ ਨਾਲ ਭਰਪੂਰ, ਇਨ੍ਹਾਂ ਵਿਚ ਕਿੰਨੀ ਸੈਕਸ-ਅਪੀਲ ਹੈ !"

"ਨਹੀਂ ਤਰਸੇਮ ਔਹ ਵੇਖ ! ਸਾਮ੍ਹਣੇ ਬੈਠੀ ਖੋਜਣ ਮਾੜੀ ਹੈ ? ਵੇਖ ਕਿਵੇਂ ਬਾਬ ਹੇਅਰ ਬਣਾਈ ਤਣੀ ਬੈਠੀ, ਚੁੰਮ-ਚੁੰਮ ਕੇ ਬੀਅਰ ਪੀ ਰਹੀ ਹੈ !"

"ਇਕ ਦਮ ਪੱਕਾ ਮਾਲ ! ਉਂਜ ਵੀ ਇਹ ਕਿਸੇ ਖੋਜੇ ਨਾਲ ਹੀ ਜਾਏਗੀ। ਏਥੇ ਸਾਡੀ ਦਾਲ ਗਲਣੀ ਮੁਸ਼ਕਲ ਹੈ। ਕੋਈ ਪੰਜਾਬੀ ਜਾਂ ਅਫ਼ਰੀਕਨ ਨਗ ਹੀ ਲੱਭਣਾ ਪਵੇਗਾ।"

"ਵੇਖ ! ਉਸ ਕੁੜੀ ਵਲ ਤਰਸੇਮ, ਇਹ ਕੋਈ ਪੇਸ਼ਾਵਰ ਵੇਸਵਾ ਤਾਂ ਨਹੀਂ ਜਾਪਦੀ। ਸ਼ਾਇਦ ਸ਼ੌਕੀਆ ਹੀ ਏਥੇ ਆਈ ਹੋਵੇ !"

"ਓਏ ਝੱਲੇ ! ਨੈਰੋਬੀ ਦੀਆਂ ਬਹੁਤੀਆਂ ਕੁੜੀਆਂ ਅਰਧ-ਵੇਸਵਾ ਹਨ। ਦਿਨੇ ਦਫ਼ਤਰਾਂ ਵਿਚ ਕੰਮ ਕਰਦੀਆਂ ਹਨ ਤੇ ਰਾਤੀਂ ਗਾਹਕ ਭਾਲਦੀਆਂ ਹਨ। ਇਹ ਸਭ ਪਾਵਰਟੀ ਆਫ਼ ਲਗਜ਼ਰੀ (Poverty of Luxury) ਦਾ ਸ਼ਿਕਾਰ ਹਨ। ਨਾਈਟ ਕਲੱਬਾਂ ਤੇ ਮਹਿੰਗੇ ਕਾਰਨਰਾਂ (Corners) ਵਿਚ ਜਾ ਕੇ ਵਧੀਆ ਡ੍ਰਿੰਕਸ ਲੈਣ ਦੀ ਇਨ੍ਹਾਂ ਨੂੰ ਲੱਤ ਪੈ ਚੁਕੀ ਹੈ। ਅੱਯਾਸ਼ੀ ਇਹ ਛੱਡ ਨਹੀਂ ਸਕਦੀਆਂ ਤੇ ਤਨਖ਼ਾਹ ਵਿਚ ਇਹ ਸਭ ਕੁਝ ਚੱਲ ਨਹੀਂ ਸਕਦਾ, ਫਿਰ ਤੂੰ ਹੀ ਦੱਸ ਕੀ ਕਰਨ ?"

ਸਾਮ੍ਹਣੇ ਸਾੜ੍ਹੀ ਬੰਨ੍ਹੀਂ ਆਉਂਦੀ ਮਹਿੰਦਰੋ ਵਲ ਵੇਖ ਕੇ ਅਸੀਂ ਦੋਵੇਂ ਜਣੇ ਚੁੱਪ ਹੋ ਗਏ। ਮਹਿੰਦਰੋ ਬਾਰੇ ਮੈਂ ਬਹੁਤ ਕੁਝ ਸੁਣ ਚੁੱਕਾ ਸਾਂ। ਉਹ ਪੰਜਾਬੀ ਰਾਮਗੜ੍ਹੀਆ ਪਰਿਵਾਰ ਨਾਲ ਸਬੰਧ ਰਖਦੀ ਸੀ ਤੇ ਹੁਣ

ਉਦਰ-ਪੂਰਤੀ ਲਈ ਉਸ ਨੇ ਪੇਸ਼ਾ ਕਰਨਾ ਸ਼ੁਰੂ ਕਰ ਦਿੱਤਾ ਸੀ। ਪੰਜਾਬੀ ਗਾਹਕਾਂ ਵਿਚ ਉਸ ਦੀ ਬੜੀ ਮੰਗ ਸੀ। ਅਫ਼ਰੀਕਨ ਮੁੰਡੇ ਵੀ ਬੀਅਰ ਦੀਆਂ ਚੁਸਕੀਆਂ ਭਰਦੇ ਹੋਏ ਜੇਬ੍ਹਾਂ ਛਣਕਾਉਂਦੇ ਇਸ ਸਜੀ-ਧਜੀ ਖ਼ੂਬਸੂਰਤ ਹੂਰ ਵਲ ਲਲਚਾਈਆਂ ਹੋਈਆਂ ਨਜ਼ਰਾਂ ਨਾਲ ਵੇਖਦੇ ਹੋਏ ਮੁਸਕਰਾਉਂਦੇ !

ਇਨ੍ਹਾਂ ਦਿਨਾਂ ਵਿਚ ਹੀ ਕੀਨੀਆਂ ਤੇ ਪੂਰਬੀ ਅਫ਼ਰੀਕਾ ਦੇ ਹੋਰ ਦੇਸ਼ਾਂ ਤੋਂ ਏਸ਼ੀਅਨ ਐਗਜ਼ੌਡਸ (Asian Exodus) ਕਾਰਨ ਹਜ਼ਾਰਾਂ ਦੀ ਗਿਣਤੀ ਵਿਚ ਏਸ਼ੀਅਨ ਅਫ਼ਰੀਕਾ ਛੱਡ ਕੇ ਇੰਗਲੈਂਡ ਜਾਂ ਭਾਰਤ ਵਿਚ ਜਾ ਵਸੇ ਸਨ। ਕੁਝ, ਜੋ ਇਸ ਦੇਸ਼ ਦੇ ਸ਼ਹਿਰੀ ਨਹੀਂ ਸਨ ਤੇ ਜਿਨ੍ਹਾਂ ਦੇ ਵਰਕ ਪਰਮਿਟ (Work Permit) ਦਾ ਅਜੇ ਤੱਕ ਕੋਈ ਫ਼ੈਸਲਾ ਨਹੀਂ ਸੀ ਹੋਇਆ, ਅਫ਼ਰੀਕਾ ਛੱਡਣ ਲਈ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਏਸ਼ੀਅਨਜ਼ ਤੇ ਨਾਨ-ਸਿਟੀਜ਼ਨਜ਼ ਵਾਸਤੇ ਸਾਰੇ ਦੇਸ਼ ਵਿਚ ਹਾਲਾਤ ਅਸਥਿਰ ਅਤੇ ਅਨਿਸ਼ਚਤ ਜਿਹੇ ਜਾਪਦੇ ਸਨ। ਸਰਕਾਰ ਕੇਵਲ ਉਨ੍ਹਾਂ ਬਦੇਸ਼ੀਆਂ ਨੂੰ ਹੀ ਰੱਖਣਾ ਚਾਹੁੰਦੀ ਸੀ, ਜੋ ਨਾਗਰਿਕ ਬਣ ਚੁੱਕੇ ਸਨ ਤੇ ਜਾਂ ਜਿਨ੍ਹਾਂ ਦੀ ਯੋਗਤਾ ਦੇ ਕੀਨੀਆਂ ਵਾਸੀ ਨਹੀਂ ਸਨ ਮਿਲ ਸਕਦੇ। ਮਹਿੰਦਰੋ ਵਲ ਵੇਖ ਕੇ ਤਰਸੇਮ ਨੇ ਮੈਨੂੰ ਪੁੱਛਿਆ, "ਕਿਉਂ ਮੀਤੇ ! ਹੁਣ ਤੇਰੀ ਮਹਿੰਦਰੋ ਦਾ ਕੀ ਬਣੇਗਾ ? ਕਿਤੇ ਇਹ ਵੀ ਏਸ਼ੀਅਨ ਐਗਜ਼ੌਡਸ ਦੀ ਲਪੇਟ ਵਿਚ ਆ ਗਈ ਤਾਂ ਸਾਡੇ ਪੰਜਾਬੀ ਭਰਾਵਾਂ ਦਾ ਬੁਰਾ ਹਾਲ ਹੋਵੇਗਾ।"

"ਨਹੀਂ ਤਰਸੇਮ, ਇਹਨੂੰ ਏਥੋਂ ਕੌਣ ਕੱਢਣ ਲੱਗਾ ਹੈ ? ਇਸ ਕੋਲ ਤਾਂ ਇੰਟਰਨੈਸ਼ਨਲ ਵਰਕ ਪਰਮਿਟ ਹੈ। ਇਹੋ ਜਿਹੀਆਂ ਤੀਵੀਆਂ ਨੂੰ ਤਾਂ ਇੰਟਰਨੈਸ਼ਨਲ ਸਿਟੀਜ਼ਨਸ਼ਿਪ ਮਿਲ ਜਾਣੀ ਚਾਹੀਦੀ ਹੈ। ਇਹੀ ਤਾਂ ਅਸਲ ਕਾਸਮੋਪਾਲੀਟਨ (Cosmopolitan) ਹਨ। ਹਰ ਕਿਸੇ ਲਈ, ਹਰ ਸਮੇਂ, ਬਿਨਾਂ ਭੇਦ ਭਾਵ ਤੋਂ।"

"ਗੱਲ ਤਾਂ ਤੇਰੀ ਠੀਕ ਹੈ। ਏਥੇ ਆ ਕੇ ਦੇਸ਼, ਨਸਲ, ਕਬੀਲੇ ਤੇ ਰੰਗ ਦੇ ਸਭ ਵਿਤਕਰੇ ਮਿਟ ਜਾਂਦੇ ਹਨ। ਦੋਂਹ ਸਾਲਾਂ ਵਿਚ ਮੈਂ ਏਥੇ ਏਸ਼ੀਅਨ, ਯੂਰਪੀਅਨ, ਅਫ਼ਰੀਕਨ, ਸ਼ੀਸ਼ਲਜ਼ ਤੇ ਦੋਗਲੀਆਂ ਕੁੜੀਆਂ ਦਾ ਸੰਗ ਮਾਣਿਆ ਹੈ। ਜੇ ਸਾਰੇ ਦੇਸ਼ ਇਸ ਲੀਹ ਉੱਤੇ ਸੋਚਣ ਲੱਗ ਪੈਣ ਤਾਂ ਨਸਲ ਤੇ ਰੰਗ ਦੇ ਸਭ ਵਿਤਕਰੇ ਮਿਟ ਸਕਦੇ ਹਨ। ਇਸ ਥਾਂ ਆ ਕੇ ਸਭ ਇਕ ਹੋ ਜਾਂਦੇ ਹਨ, ਕਿਉਂ ਕੀ ਖ਼ਿਆਲ ਹੈ ?"

ਅਸੀਂ ਦੋਵੇਂ ਜਣੇ ਠਹਾਕਾ ਮਾਰ ਕੇ ਹੱਸ ਪਏ ਤੇ ਫਿਰ ਮੈਂ ਕਿਹਾ, "ਗੱਲ ਤਾਂ ਤੇਰੀ ਬਾਦਲੀਲ ਹੈ। ਮਹਿੰਦਰੋ ਦੀ ਏਥੇ ਵੀ ਉੱਨੀ ਹੀ ਲੋੜ ਹੈ ਜਿੰਨੀ ਭਾਰਤ ਜਾਂ ਇੰਗਲੈਂਡ ਵਿਚ। ਤੇ ਇਸ ਵੇਲੇ ਮੈਨੂੰ ਤਾਂ ਇੰਜ ਜਾਪਦਾ ਹੈ ਜਿਵੇਂ ਮੈਨੂੰ ਇਸ ਦੀ ਸਭ ਤੋਂ ਵਧੇਰੇ ਲੋੜ ਹੈ।"

ਤਰਸੇਮ ਨਾਲ ਦੇ ਮੇਜ਼ 'ਤੇ ਬੈਠੀ ਖ਼ੂਬਸੂਰਤ ਅਫ਼ਰੀਕਨ ਕੁੜੀ ਨੂੰ ਉਠਾ ਕੇ ਨਾਲ ਲਿਜਾਂਦਾ ਹੋਇਆ ਬੋਲਿਆ, "ਚੰਗਾ, ਗੁੱਡ ਲੱਕ। ਮੈਨੂੰ ਅੱਜ ਨਸਲ ਤੇ ਰੰਗ ਦਾ ਵਿਤਕਰਾ ਮੇਟ ਕੇ ਕਾਸਮੋਪਾਲੀਟਨ ਬਣ ਲੈਣ ਦੇ।"

ਮਹਿੰਦਰੋ ਨੂੰ ਨਾਲ ਲੈ ਕੇ ਮੈਂ ਵੀ ਹਾਜੀ ਲਾਜ਼ ਵਿਚ ਆ ਟਿਕਿਆ, ਤਾਂ ਉਹ ਬੋਲੀ, "ਇਹ ਤੁਹਾਡਾ ਦੋਸਤ ਕਿੰਨਾ ਬਦਤਮੀਜ਼ ਹੈ। ਕਾਲੀ ਨੂੰ ਨਾਲ ਲੈ ਤੁਰਿਆ ਹੈ।"

"ਇਸ ਵਿਚ ਕੀ ਮਾੜੀ ਗੱਲ ਹੈ ? 'ਮਨ ਮਿਲੇ ਦਾ ਮੇਲਾ ਤੇ ਗੁਰ ਮਿਲੇ ਦਾ ਚੇਲਾ।' ਉਂਜ ਵੀ ਉਹ ਆਜ਼ਾਦ ਤਬੀਅਤ ਮੌਜੀ ਆਦਮੀ ਹੈ। ਉਹਨੂੰ ਕਾਲੀਆਂ ਕੁੜੀਆਂ ਬਹੁਤ ਪਸੰਦ ਹਨ।"

"ਛੀ-ਛੀ-ਛੀ, ਅੱਜ ਕਲ੍ਹ ਤਾਂ ਲੋਕਾਂ ਦਾ ਦੀਨ-ਈਮਾਨ ਹੀ ਨਹੀਂ ਰਿਹਾ। ਪਤਾ ਨਹੀਂ ਇਨ੍ਹਾਂ ਨੂੰ ਕੀ ਮਾਰ ਵੱਗ ਗਈ ਹੈ। ਆਪਣੇ ਧਰਮ, ਆਪਣੀ ਜ਼ਾਤ, ਆਪਣੀ ਬਰਾਦਰੀ ਨੂੰ ਭੁੱਲਦੇ ਹੀ ਜਾ ਰਹੇ ਹਨ ! ਮੇਰੇ ਪਤੀ ਨੇ ਵੀ ਇਨ੍ਹਾਂ ਹੀ ਕਾਲੀਆਂ ਦੇ ਮਗਰ ਲੱਗ ਕੇ ਪਹਿਲਾਂ ਸਾਰਾ ਘਰ ਰੋੜ੍ਹਿਆ ਤੇ ਫਿਰ ਕੰਮਕਾਰ ਛੱਡ ਕੇ ਵੈਲੀ ਬਣ ਬੈਠਾ। ਹਰ ਰੋਜ਼ ਘਰ ਵਿਚ ਭੁੱਖ, ਪਿੱਟ ਪਟਾਕਾ ਤੇ ਫਿਰ ਮਜਬੂਰਨ ਮੈਨੂੰ ਉਸ ਦੇ ਵੈਲ ਦਾ ਮੂੰਹ ਡੰਮ੍ਹਣ ਲਈ ਇਹ ਪੇਸ਼ਾ ਕਰਨਾ ਪਿਆ। ਤਿੰਨ ਸਾਲ ਹੋ ਗਏ ਹਨ, ਉਸ ਨੂੰ ਘਰ ਬੈਠਿਆਂ। ਸਵੇਰ ਸ਼ਾਮ ਉਸ ਦੇ ਸਿਰ੍ਹਾਣੇ ਸ਼ਰਾਬ ਪਈ ਰਹਿੰਦੀ ਹੈ ! ਜਿਸ ਦਿਨ ਮੈਂ ਸ਼ਰਾਬ ਨਾ ਲਿਆ ਸਕਾਂ, ਉਸ ਤੋਂ ਮਾਰ ਖਾਣੀ ਪੈਂਦੀ ਹੈ। ਉਸ ਦੀ ਹਰ ਸੋਚ ਮਰ ਚੁੱਕੀ ਹੈ। ਜੇ ਕੋਈ ਅਹਿਸਾਸ ਬਾਕੀ ਹੈ ਤਾਂ ਸਿਰਫ਼

ਸ਼ਰਾਬ ਦਾ। ਮੈਂ ਬਾਂਝ ਹੀ ਸਹੀ, ਆਖ਼ਿਰ ਮੈਂ ਵੀ ਔਰਤ ਹਾਂ। ਕਈ ਵਾਰ ਬੁੱਕਲ ਵਿਚ ਮੂੰਹ ਦੇ ਕੇ ਘੰਟਿਆਂ ਬੱਧੀ ਰੋਂਦੀ ਰਹਿੰਦੀ ਹਾਂ, ਇਹ ਚੇਤੇ ਕਰ ਕਰ ਕੇ ਪਹਿਲਾਂ ਉਹ ਕਿੰਨਾਂ ਚੰਗਾ ਹੁੰਦਾ ਸੀ। ਅਸੀਂ ਦੋਵੇਂ ਜਣੇ ਨੇਮ ਨਾਲ ਹਰ ਐਤਵਾਰ ਗੁਰਦੁਆਰੇ ਜਾਂਦੇ ਸਾਂ ! ਮਹਾਰਾਜ ਦਾ ਪਾਠ ਸੁਣਦੇ, ਪਰਸ਼ਾਦ ਲੈਂਦੇ ਤੇ ਲੰਗਰ ਛਕ ਕੇ ਸ਼ਾਂਤ ਚਿਤ ਘਰ ਪਰਤ ਆਉਂਦੇ ਸਾਂ। ਕਿੰਨੀ ਸ਼ਾਂਤੀ ਸੀ ਘਰ ਵਿਚ ... ਪਰ ਹੁਣ ...”

ਕਹਿ ਕੇ ਉਹ ਡੁਸਕਣ ਲਗ ਪਈ। ਮੈਂ ਉਸ ਨੂੰ ਵਿਸਕੀ ਦੇ ਡਬਲ ਟੌਟ ਵਾਲੀ ਛੋਟੀ ਬੋਤਲ ਫੜਾਈ ਤਾਂ ਉਹ ਉਸ ਨੂੰ ਬਿਨਾਂ ਪਾਣੀ ਤੋਂ ਇੱਕੋ ਸਾਹੇ ਸੁੱਕੀ ਹੀ ਡੀਕ ਕੇ ਆਪਣੀਆਂ ਸੁਰਖ਼ ਅੱਖਾਂ ਮਲਦੀ ਹੋਈ ਬੋਲੀ, “ਹੁਣ ਹਾਰੇ ਹੋਏ ਜਵਾਰੀਏ ਵਾਂਗ ਉਸ ਦੀ ਸਾਰੀ ਖੇਡ ਖ਼ਤਮ ਹੋ ਚੁੱਕੀ ਹੈ ਤੇ ਮੈਂ ਇਕੱਲੀ ਰਹਿ ਗਈ ਹਾਂ ਜੱਦੋ-ਜਹਿਦ ਕਰਨ ਵਾਸਤੇ, ਆਪਣਾ ਤੇ ਉਸ ਦਾ ਢਿੱਡ ਭਰਨ ਵਾਸਤੇ, ਉਸ ਲਈ ਸ਼ਰਾਬ ਲਿਆਉਣ ਵਾਸਤੇ। ਪਰ ਸੱਚ ਜਾਣੀਂ ਤਿੰਨ ਸਾਲ ਹੋ ਚੱਲੇ ਹਨ ਮੈਨੂੰ ਇਸ ਪੇਸ਼ੇ ਵਿਚ ਪਿਆਂ। ਅਜੇ ਤਕ ਮੈਂ ਇਕ ਵਾਰੀ ਵੀ ਆਪਣੇ ਧਰਮ, ਸਿਦਕ ਤੋਂ ਕਦੇ ਨਹੀਂ ਡੋਲੀ। ਭੁੱਖ ਝੱਲੀ ਹੈ, ਕੁੱਟ ਖਾਧੀ ਹੈ, ਪਰ ਉਸ ਮਹਾਰਾਜ ਦਾ ਨਾਮ ਲੈ ਕੇ ਆਪਣਾ ਧਰਮ ਜ਼ਰੂਰ ਕਾਇਮ ਰਖਿਆ ਹੈ। ਰੋਜ਼ ਸਵੇਰੇ ਗੁਰੂ ਮਹਾਰਾਜ ਦੀ ਤਸਵੀਰ ਦੇ ਦਰਸ਼ਨ ਕਰਦੀ ਹਾਂ, ਨਿਤਨੇਮ ਨਾਲ ਹਰ ਐਤਵਾਰ ਗੁਰਦੁਆਰੇ ਜਾਂਦੀ ਹਾਂ, ਤੇ ਮੈਨੂੰ ਸੌਂਹ ਹੈ ਆਪਣੀ ਇਸ ਦੇਹ ਦੀ, ਆਪਣੀ ਇਸ ਜਾਨ ਦੀ, ਜੇ ਅੱਜ ਤੱਕ ਮੈਂ ਕਿਸੇ ਮੁਸਲਮਾਨ ਨਾਲ ਖੇਹ ਖਾਧੀ ਹੋਵੇ। ਪਰ ਤੇਰਾ ਮਿੱਤਰ ... ਹੂੰ ... ਪਤਾ ਨਹੀਂ ਅੰਨ੍ਹੀਂ ਹੋਈ ਦੁਨੀਆ ਕਿਸ ਪਾਸੇ ਵਲ ਭੱਜੀ ਜਾ ਰਹੀ ਹੈ ! ਆਪਣਾ ਦੀਨ, ਈਮਾਨ, ਆਪਣਾ ਭਰੋਸਾ ਗਵਾ ਕੇ ਮਨੁੱਖ ਨੂੰ ਕਦੇ ਵੀ ਸ਼ਾਂਤੀ ਨਹੀਂ ਮਿਲ ਸਕਦੀ, ਕਦੇ ਵੀ ਨਹੀਂ ...।”

ਮਹਿੰਦਰੋ ਦੀਆਂ ਅੱਖਾਂ ਵਲੋਂ ਨਜ਼ਰ ਭੁਆ ਕੇ ਮੈਂ ਬਾਰੀ ਦਾ ਪਰਦਾ ਚੁਕ ਕੇ ਵੇਖਿਆ, ਨਾਲ ਦੇ ਕਮਰੇ ਵਿੱਚੋਂ, ਨਸਲ ਤੇ ਰੰਗ ਦਾ ਵਿਤਕਰਾ ਮਿਟਾ ਕੇ, ਤਰਸੇਮ ਕਾਸਮੋਪਾਲੀਟਨ ਬਣਿਆ, ਮੁਸਕਰਾਉਂਦਾ ਹੋਇਆ ਬਾਹਰ ਨਿਕਲ ਰਿਹਾ ਸੀ !

# ਵਿਕੱਥਾ

ਕਈ ਦਿਨਾਂ ਤੋਂ ਸੁਦੀਪ ਦੀ ਇਹੀ ਹਾਲਤ ਸੀ। ਸ਼ਰਾਬ, ਸਿਗਰਟ ਤੇ ਕਾਫ਼ੀ ... ਦਫ਼ਤਰ ਦਾ ਸਮਾਂ ਉਸ ਨੂੰ ਮੁੱਕਣ 'ਚ ਨਾ ਆਉਂਦਾ। ਘਰ ਜਾਣ ਦੀ ਥਾਂ, ਉਹ ਦਫ਼ਤਰੋਂ ਸਿੱਧਾ ਕਦੇ ਕਾਫ਼ੀ ਹਾਊਸ ਤੇ ਕਦੇ ਬੀਅਰ ਬਾਰ ਵਿਚ ਜਾ ਬੈਠਦਾ। ਸ਼ਰਾਬ ਦੇ ਦੋ ਚਾਰ ਪੈਗ ਪੀਂਦਿਆਂ ਪੀਂਦਿਆਂ ਉਹ ਸਿਗਰਟਾਂ ਦੀ ਪੂਰੀ ਦੀ ਪੂਰੀ ਡੱਬੀ ਫੂਕ ਦਿੰਦਾ ਤੇ ਧੂੰਏਂ ਦੇ ਛੱਲੇ ਉਡਾਉਂਦਾ ਉਡਾਉਂਦਾ ਇਨ੍ਹਾਂ ਛੱਲਿਆਂ ਵਿਚ ਹੀ ਗੁੰਮ ਜਾਂਦਾ। ਕਿਤਨੀ ਘੁੰਮਣ ਘੇਰੀ ਸੀ ਇਨ੍ਹਾਂ ਛੱਲਿਆਂ ਵਿਚ—ਉਸ ਨੂੰ ਜ਼ੋਰ ਦੀ ਭੁਆਂਟਣੀ ਜਿਹੀ ਆ ਜਾਂਦੀ ਤੇ ਛੱਲਾ ਘੁੰਮਦਾ-ਘੁੰਮਦਾ ਹਵਾ ਵਿਚ ਘੁਲ ਜਾਂਦਾ। ਕਿੰਨੀ ਛਿਣ-ਭੰਗਰੀ ਹੋਂਦ ਹੈ ਇਸ ਛੱਲੇ ਦੀ। ਪਲ ਦੀ ਪਲ ਘੁਮੇਟਾ ਬੰਨ੍ਹਿਆ ਤੇ ਫਿਰ ਹਵਾ ਵਿਚ ਰਲ ਗਏ। ਜਿਵੇਂ ਉਹ ਇਸ ਸੰਸਾਰ ਵਿਚ ਆ ਕੇ ਵੀ ਕਦੇ ਨਾ ਆਇਆ ਹੋਵੇ। ਸਿਗਰਟ ਦਾ ਸੇਕ ਉਸ ਦੀਆਂ ਉਂਗਲਾਂ ਨੂੰ ਮਹਿਸੂਸ ਹੁੰਦਾ ਤੇ ਉਹ ਚੌਂਕ ਉਠਦਾ—ਫਿਰ ਇਕ ਹੋਰ ਸਿਗਰਟ ਸੁਲਗਾ ਲੈਂਦਾ—ਫੇਰ ਉਹੀ ਧੂੰਆਂ—ਉਹੀ ਛੱਲੇ—ਤੇ ਛੱਲਿਆਂ ਦੀ ਮਿਟਦੀ ਬਣਦੀ ਹੋਂਦ ਵਿਚ ਗੁਆਚਦੀ ਹੋਂਦ, ਨਿਰਹੋਂਦ ਦੀਆਂ ਫ਼ਲਸਫ਼ੀ ਸੋਚਾਂ। ਉਹ ਅਕਸਰ ਇਹ ਸੋਚਦਾ ਕਿ ਇਹ ਸਿਗਰਟ ਦਾ ਧੂੰਆਂ ਸਿਗਰਟ ਨਾਲੋਂ ਨਾਤਾ ਤੋੜ—ਉਸ ਦੇ ਮੂੰਹ ਵਿਚ ਇਕ ਤਲਖ਼ੀ ਜਿਹੀ ਦਾ ਅਹਿਸਾਸ ਛੱਡ ਕੇ ਹਵਾ ਵਿਚ ਗੁੰਮ ਹੋ ਜਾਂਦਾ ਹੈ—ਸਿਗਰਟ ਇਸ ਦਾ ਮੂਲ ਸੀ—ਪਰ ਇਹ ਫਿਰ ਵੀ ਸਿਗਰਟ ਨਾਲ ਬੱਝਾ ਹੋਇਆ ਨਹੀਂ ਸੀ।—ਕਿਤਨੀ ਆਜ਼ਾਦੀ ਸੀ ਇਸ ਛੱਲੇ ਨੂੰ ਹਵਾ ਵਿਚ। ਸਿਗਰਟ ਧੁਖਦੀ-ਧੁਖਦੀ ਮੁੱਕ ਜਾਂਦੀ ਸੀ ਤੇ ਫਿਰ ਇਕ ਹੋਰ ਸਿਗਰਟ—ਜੇ ਕਦੇ ਇਹ ਸਿਗਰਟ ਅਮੁੱਕ ਹੁੰਦੀ, ਤਾਂ ਸ਼ਾਇਦ ਸੁਦੀਪ ਇਸ ਨੂੰ ਕਦੇ ਵੀ ਨਾ ਪੀਂਦਾ। ਹੁਣ ਵੀ ਕਈ ਵਾਰ ਉਹ ਅੱਧ ਪੀਤੀ ਸਿਗਰਟ ਦੀ ਇਕ-ਰਸੀ ਤੇ ਇਕਾਂਗਿਤਾ ਤੋਂ ਅੱਕ ਕੇ, ਉਸ ਨੂੰ ਐਸ਼ਟਰੇ ਵਿਚ ਮਸਲ ਸੁੱਟਦਾ ਤੇ ਫਿਰ ਇਕ ਹੋਰ ਨਵੀਂ ਸਿਗਰਟ ਸੁਲਗਾ ਲੈਂਦਾ। ਹਰ ਨਵੀਂ ਸਿਗਰਟ 'ਚ ਇਕ ਨਵੀਂ ਤਲਖ਼ੀ ਹੁੰਦੀ ਹੈ ਤੇ ਪੁਰਾਣੀ ਤਲਖ਼ੀ ਨੂੰ ਹੀ ਹੋਠ ਲਾਈ ਰਖਣੇ—ਕਿਤਨਾ ਅਕੇਵਾਂ ਹੈ ਇਸ ਵਿਚ ! ਸਿਗਰਟ, ਇਕ ਹੋਰ ਸਿਗਰਟ ਤੇ ਫਿਰ ਇਕ ਹੋਰ—ਪੈਗ ਤੇ ਫਿਰ ਇਕ ਹੋਰ ਪੈਗ। ਇਹੀ ਤਾਂ ਜੀਵਨ ਹੈ।

ਅੱਜ ਫੇਰ ਉਸ ਨੇ ਰੱਜ ਕੇ ਸ਼ਰਾਬ ਪੀਤੀ ਤੇ ਕਾਫ਼ੀ ਹਾਊਸ ਵਿਚ ਆ ਬੈਠਾ। ਉਹ ਘੂਰ-ਘੂਰ ਕੇ ਹਾਲ ਵਲ ਵੇਖ ਰਿਹਾ ਸੀ। ਹਾਲ ਦੀਆਂ ਸਭ ਮੇਜ਼ਾਂ ਕੁਰਸੀਆਂ ਭਰੀਆਂ ਪਈਆਂ ਸਨ। ਸਭ ਚਿਹਰੇ ਉਸ ਨੂੰ ਆਪਣੇ ਜਾਪੇ। ਬਿੰਦ ਦੀ ਬਿੰਦ ਉਸ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ, ਜਿਵੇਂ ਉਸ ਦਾ ਆਪਾ ਫੈਲ ਕੇ ਕਾਫ਼ੀ ਹਾਊਸ ਦੇ ਭਰੇ ਹੋਏ ਹਾਲ ਵਿਚ ਪਸਰ ਗਿਆ ਹੋਵੇ ਤੇ ਉਸ ਦੇ ਭਿੰਨ ਭਿੰਨ ਚਿਹਰੇ ਅਨੇਕ ਰੂਪ ਧਾਰ ਕੇ ਮੇਜ਼ਾਂ ਦੁਆਲੇ ਸਰਗੋਸ਼ੀਆਂ ਕਰ ਰਹੇ ਹੋਣ। ਈਰਖਾ, ਪਿਆਰ, ਨਫ਼ਰਤ, ਗ਼ਮ, ਖ਼ੁਸ਼ੀ, ਰੁਦਨ, ਕਹਿਕਹੇ, ਨਿੰਦਿਆ, ਉਸਤਤ, ਭੈ, ਦੁਸ਼ਮਣੀ, ਮਿੱਤਰਤਾ, ਆਸ, ਨਿਰਾਸ਼, ਕਾਮ, ਆਦਰਸ਼—ਕਿੰਨਾ ਕੁਝ ਖਿੱਲਰਿਆ ਪਿਆ ਸੀ ਉਸ ਦੇ ਅੰਦਰ—ਜੋ ਏਥੇ ਅਨੇਕ ਰੂਪ ਧਾਰਨ ਕਰੀ ਬੈਠਾ ਸੀ। ਕਾਫ਼ੀ ਹਾਊਸ ਵਿਚ ਉਹ ਕਿਤਨਾ ਵੱਡਾ ਸੀ। ਕਾਫ਼ੀ ਹਾਊਸ ਦੀ ਹਰ ਇਕ ਮੇਜ਼ ਉੱਤੇ ਉਸ ਦੇ ਚਿਹਰੇ ਬੋਲ ਰਹੇ ਸਨ। ਗੱਲਾਂ

ਦਾ ਤਣਾਅ, ਚਿਹਰਿਆਂ ਦੇ ਨਕਸ਼ਾਂ ਨੂੰ ਤਣ ਕੇ ਰੂਪ-ਵਿਗਾੜ ਕਰ ਰਿਹਾ ਸੀ। ਕਿਧਰੇ ਮਨ ਦੀ ਸ਼ਾਂਤੀ ਚਿਹਰੇ ਦੀ ਗੰਭੀਰਤਾ ਨੂੰ ਉੱਜਲ ਕਰ ਰਹੀ ਸੀ ਤੇ ਕਿਧਰੇ ਉੱਜਲੇ ਸ਼ਬਦਾਂ ਦੇ ਪਰਦੇ ਹੇਠ ਮੈਲੇ ਅਰਥ ਆਪਣੇ ਮਨੋਰਥ ਨੂੰ ਪ੍ਰਾਪਤ ਹੋ ਰਹੇ ਸਨ। ਖੱਚਾ-ਖੱਚ ਭਰੇ ਹੋਏ ਇਸ ਹਾਲ ਵਿਚ ਫਿਰ ਵੀ ਕਿਤਨੀ ਇਕੱਲਤਾ ਸੀ, ਕਿਤਨਾ ਸਕੂਨ ਸੀ, ਕਿਤਨੀ ਇਕਾਂਤ ਸੀ ! ਹਰ ਇਕ ਮੇਜ਼ ਉੱਤੇ ਇਕ ਨਵੀਂ ਦੁਨੀਆਂ ਸੀ, ਇਕ ਨਵਾਂ ਦ੍ਰਿਸ਼ ਸੀ ਅਤੇ ਜ਼ਿੰਦਗੀ ਦਾ ਕੋਈ ਨਵੇਲਾ ਰੂਪ ਸੀ ! ਉਹ ਖੂੰਜੇ ਦੀ ਮੇਜ਼ ਉੱਤੇ ਬੈਠਾ ਖ਼ਲਾਅ ਵਲ ਘੂਰ ਰਿਹਾ ਸੀ। ਧੂੰਏਂ ਦੇ ਛੱਲੇ ਉਸ ਦੀਆਂ ਨਜ਼ਰਾਂ ਨਾਲ ਟੱਕਰਾ ਕੇ ਪਾਸ਼-ਪਾਸ਼ ਹੋ ਰਹੇ ਸਨ। ਇਕ ਤੋਂ ਬਾਅਦ ਦੂਸਰੀ ਸਿਗਰਟ—ਇਕ ਤੋਂ ਬਾਅਦ ਦੂਸਰਾ ਛੱਲਾ—ਇਕ ਤੋਂ ਬਾਅਦ ਦੂਸਰਾ ਚਿਹਰਾ—ਪਿਆਰ, ਨਫ਼ਰਤ, ਦ੍ਵੈਤ, ਅਪਣੱਤ—ਤੇ ਹੋਰ ਬਹੁਤ ਕੁਝ ! ਮਨੁੱਖ ਇਕਸਾਰ ਇਕਾਂਗਿਤਾ ਨਹੀਂ ਹੈ—ਪਰ ਇਹ ਸੁਸ਼ੀਲ ਕਿਉਂ ਉਸ ਦੇ ਜੀਵਨ ਨੂੰ ਜੋਕ ਵਾਂਗ ਚੰਮੜੀ ਹੋਈ ਹੈ ?

ਉਹ ਹੀ ਸੁਸ਼ੀਲ—ਉਹੀ ਗੱਲਾਂ—ਉਹੀ ਇਕ-ਰਸ ਤੇ ਨਿਰੰਤਰ ਪਿਆਰ-ਆਰਾਧਨਾ। ਨਾ ਉਤਾਰ, ਨਾ ਚੜ੍ਹਾ। ਸੁਸ਼ੀਲ ਨੇ ਤਾਂ ਕੇਵਲ ਉਸ ਦੇ ਪ੍ਰਭੂ-ਰੂਪ ਨੂੰ ਹੀ ਤੱਕਿਆ ਸੀ। ਪਰ ਉਹ ਨਿਰਾ ਪ੍ਰਭੂ-ਰੂਪ ਨਹੀਂ ਸੀ ਬਣਨਾ ਚਾਹੁੰਦਾ। ਉਹ ਤਾਂ ਚਾਹੁੰਦਾ ਸੀ ਕਿ ਉਹ ਉਸ ਨੂੰ ਇਕ ਮਨੁੱਖ ਸਮਝੇ—ਮਨੁੱਖ, ਜਿਸ ਵਿਚ ਪੁੰਨ ਵੀ ਹੈ ਤੇ ਪਾਪ ਵੀ, ਵਰ ਵੀ ਹੈ ਤੇ ਸਰਾਪ ਵੀ। ਤ੍ਰਿਪਤੀ ਵੀ ਹੈ ਤੇ ਪਿਆਸ ਵੀ। ਮਨੁੱਖ, ਜਿਸ ਵਿਚ ਨਫ਼ਰਤ ਹੈ, ਪਿਆਰ ਹੈ, ਨੀਚਤਾ ਹੈ, ਉੱਚਤਾ ਹੈ। ਪਰ ਸੁਸ਼ੀਲ ਉਸ ਨੂੰ ਕੇਵਲ ਭਗਵਾਨ ਹੀ ਸਮਝਦੀ ਸੀ। ਜੇ ਉਹ ਗਾਲ੍ਹਾਂ ਕੱਢਦਾ, ਤਾਂ ਵੀ ਭਗਵਾਨ—ਜੇ ਉਹ ਉਸ ਨੂੰ ਕੁੱਟਦਾ ਮਾਰਦਾ, ਤਾਂ ਵੀ ਭਗਵਾਨ—ਜੇ ਚੁੱਪ ਰਹਿੰਦਾ, ਤਾਂ ਵੀ ਭਗਵਾਨ। ਸੁਸ਼ੀਲ ਕੁੱਟ ਮਾਰ ਗਾਲ੍ਹੀ-ਗਲੋਚ ਤੇ ਨਫ਼ਰਤ ਸਾਹਵੇਂ ਉਵੇਂ ਦਾ ਉਵੇਂ ਅਡੋਲ ਆਪਣੀ ਪ੍ਰਭੂ-ਭਗਤੀ ਵਿਚ ਲੀਨ ਰਹਿੰਦੀ। ਉਸ ਦੇ ਭਗਵਾਨ ਨੂੰ ਸਭ ਵਰ ਪ੍ਰਾਪਤ ਸਨ, ਪਰ ਉਸ ਨੂੰ ਸਭ ਸਰਾਪ। ਉਹ ਇਨ੍ਹਾਂ ਸਰਾਪਾਂ ਦੀ ਕਾਲਖ ਆਪਣੀ ਸਾਧਨਾ ਨਾਲ ਧੋ ਰਹੀ ਸੀ। ਪਹਿਲਾਂ ਪਹਿਲ ਸੁਸ਼ੀਲ ਮਾਰ ਕੁੱਟ ਵੇਲੇ ਕੁਝ ਚੀਕ ਚਹਾੜਾ ਪਾਉਂਦੀ ਸੀ ਤੇ ਫਿਰ ਇਹ ਕਹਿਣ ਲੱਗ ਪਈ ਕਿ "ਹੋਰ ਮਾਰ ਲਓ—ਹੋਰ ਮਾਰ ਲਓ"—ਪਰ ਹੁਣ ਤਾਂ ਜਿਵੇਂ ਉਸ ਦੇ ਮੂੰਹ ਵਿਚ ਘੁੰਗਣੀਆਂ ਪੈ ਗਈਆਂ ਸਨ। ਉਹ ਚੁੱਪ ਚਾਪ ਕਸੀਸ ਵੱਟ ਕੇ ਮਾਰ ਖਾ ਲੈਂਦੀ। ਇਹ ਸਮਝ ਕੇ ਕਿ "ਹੋਰ ਮਾਰ ਲਓ" ਜਿਵੇਂ ਭਗਵਾਨ ਦੇ ਕਰਮ ਵਿਚ ਪਹਿਲਾਂ ਹੀ ਦਾਖ਼ਿਲ ਹੈ। ਸੁਦੀਪ ਦਾ ਜੀਅ ਕਰਦਾ ਕਿ ਸੁਸ਼ੀਲ ਉਸ ਨੂੰ ਨਫ਼ਰਤ ਕਰੇ, ਉਸ ਦੇ ਮੂਹਰੇ ਬੋਲੇ—ਉਸ ਨੂੰ ਸ਼ਰਾਬੀ, ਆਵਾਰਾ ਤੇ ਹੋਰ ਜੋ ਜੀ ਆਵੇ ਕਹੇ। ਤੇ ਉਸ ਦੇ ਅੰਦਰ ਦੀ ਬਹੁ-ਮੁਖੀ ਤ੍ਰੀਮਤ ਇਸ ਪ੍ਰਭੂ-ਭਗਤੀ ਦੇ ਭਰਮ-ਜਾਲ ਨੂੰ ਤੋੜ ਦੇਵੇ—ਪਰ ਸੁਸ਼ੀਲ ਅਡੋਲ ਸੀ।

ਸੁਦੀਪ ਤੇ ਸੁਸ਼ੀਲ ਦਾ ਵਿਆਹ ਹੋਇਆਂ ਮਸਾਂ ਪੰਜ ਕੁ ਸਾਲ ਹੋਏ ਸਨ। ਵਿਆਹ ਤੋਂ ਬਾਅਦ ਇਕ ਡੇਢ ਸਾਲ ਚੰਗਾ ਲੰਘਿਆ। ਪਰ ਬਾਅਦ ਵਿਚ ਸੁਦੀਪ ਨੂੰ ਇੰਜ ਮਹਿਸੂਸ ਹੋਇਆ, ਜਿਵੇਂ ਉਸ ਦੇ ਪਰ ਕਿਸੇ ਨੇ ਕੁਤਰ ਸੁੱਟੇ ਹੋਣ। ਜਿਵੇਂ ਉਸ ਦੀ ਉਡਾਰੀ ਕਿਸੇ ਨੇ ਵਿੰਨ੍ਹ ਸੁੱਟੀ ਹੋਵੇ। ਤੇ ਉਸ ਉੱਤੇ ਫਿਰ ਉਹੀ ਵਿਆਹ ਤੋਂ ਪਹਿਲਾਂ ਵਾਲੇ ਦਿਨਾਂ ਦਾ ਭੂਤ ਸਵਾਰ ਹੋ ਗਿਆ। ਫੁੱਲਾਂ ਨਾਲ ਗਦ-ਗਦ ਕਰਦੇ ਬਾਗ਼ਾਂ ਵਿਚ ਘੁੰਮਦੀ ਤਿਤਲੀ ਉਸ ਨੂੰ ਸੋਹਣੀ ਲੱਗਦੀ। ਫੁੱਲ-ਫੁੱਲ ਤੇ ਬਹਿ ਬਹਿ ਉੱਡਦਾ ਭੌਰਾ, ਉਸ ਨੂੰ ਚੰਗਾ ਲੱਗਦਾ। ਆਪਣਾ ਇਕਸਾਰ, ਇਕ-ਰਸ ਤੇ ਇਕਾਂਗਿਕ ਜੀਵਨ ਉਸ ਨੂੰ ਖਾਊਂ ਵੱਢੂੰ ਕਰਦਾ ਰਹਿੰਦਾ।

ਉਹ ਇੰਜ ਮਹਿਸੂਸ ਕਰਦਾ, ਜਿਵੇਂ ਉਸ ਉੱਤੇ ਕਿਸੇ ਨੇ ਗ਼ੁਲਾਮ ਆਜ਼ਾਦੀ ਦਾ ਬੋਝ ਠੋਸ ਦਿੱਤਾ ਹੋਵੇ। ਉਹ ਆਪਣੇ ਵਿਆਹੁਤਾ ਜੀਵਨ ਦੀ ਆਜ਼ਾਦੀ ਨੂੰ ਇਕਸਾਰ ਗ਼ੁਲਾਮੀ ਨਾਲ ਸੀਮਾਂ ਬੱਧ ਹੋਈ ਮਹਿਸੂਸ ਕਰਦਾ। ਇਕ ਪਿੰਜਰੇ ਵਿਚ ਕੈਦ, ਇਕ ਫੁੱਲ ਨਾਲ ਬੱਝਾ ਹੋਇਆ। ਇਕਸਾਰ ਸੁੰਦਰਤਾ ਦੇ ਦਰਸ਼ਨ ਦਾ ਰੋਜ਼ਾਨਾ ਅਭਿਆਸ ਵੀ ਕਈ ਵਾਰ ਅਕੇਵੇਂਦਾਰ ਹੋ ਜਾਂਦਾ ਹੈ। ਘਰ ਵਿਚ ਉਸ ਦਾ ਜੀਅ ਨਾ ਲੱਗਦਾ। ਯਾਰਾਂ ਦੀ ਗਿਣੀ ਮਿੱਥੀ ਮਹਿਫ਼ਲ ਵਿਚ ਮੁੜ ਮੁੜ ਉਹੀ ਤੰਗੀ ਤੁਰਸ਼ੀ ਦੀਆਂ ਗੱਲਾਂ ਵੀ ਉਸ ਨੂੰ ਨਹੀਂ ਸਨ ਜਚਦੀਆਂ। ਯਾਰਾਂ ਦੇ ਉੱਜਲੇ ਸ਼ਬਦਾਂ ਵਿਚ ਵਿਆਪਕ ਮੈਲੇ ਅਰਥਾਂ ਦੀ ਹੋਂਦ ਉਸ ਨੂੰ ਖਟਕਦੀ ਰਹਿੰਦੀ।

ਇਸ ਲਈ ਸ਼ਰਾਬ, ਸਿਗਰਟ ਤੇ ਕਾਫ਼ੀ—ਇਹ ਹੀ ਉਸ ਦੀ ਮਹਿਫ਼ਿਲ ਸੀ। ਮੁੱਕ ਰਹੀ ਸਿਗਰਟ ਦੇ ਸੇਕ ਨਾਲ ਉਹ ਤ੍ਰਭਕਿਆ ਤੇ ਉਸ ਨੇ ਉਸ ਨੂੰ ਐਸ਼ਟਰੇ ਵਿਚ ਮਲ ਕੇ ਇਕ ਹੋਰ ਸਿਗਰਟ ਸੁਲਗਾ ਲਈ। ਧੂੰਆਂ, ਛੱਲੇ ਤੇ ਸੋਚਾਂ ਦੀ ਲੜੀ ਫਿਰ ਤੁਰ ਪਈ।

ਪੰਛੀ ਕਿਤਨੇ ਆਜ਼ਾਦ ਹੁੰਦੇ ਹਨ ! ਖੁੱਲ੍ਹੀਆਂ ਉਡਾਰੀਆਂ ਖੁੱਲ੍ਹੇ ਸੰਬੰਧ, ਕਦੇ ਕਿਸੇ ਨਾਲ ਗੁਟਕਦੇ ਫਿਰਨਾ ਕਦੇ ਕਿਸੇ ਨਾਲ—ਖੁੱਲ੍ਹੇ ਅੰਬਰ, ਖੁੱਲ੍ਹੀ ਹਵਾ—ਨਵੇਂ ਸਾਥ, ਨਵੇਂ ਅਹਿਸਾਸ ਤੇ ਨਵੇਂ ਜੋੜੇ—ਕਿਤਨੀ ਵੰਨ ਸੁਵੰਨਤਾ ਹੈ ! ਕਿਤਨੀ ਆਜ਼ਾਦੀ ! ਅੱਜ ਏਥੇ ਘਰ ਬਣਾਇਆ—ਅੰਡੇ ਦਿੱਤੇ, ਬੱਚੇ ਕੱਢੇ ਤੇ ਫਿਰ ਉੱਡ ਗਏ—ਕੱਲ੍ਹ ਕਿਸੇ ਹੋਰ ਦਾ ਸੰਗ—ਨਵਾਂ ਆਲ੍ਹਣਾ, ਨਵਾਂ ਸੰਗ ਤੇ ਨਵੀਂ ਉਡਾਰੀ।

ਪਿਛਲੇ ਸਾਲ ਇਨ੍ਹਾਂ ਦਿਨਾਂ ਵਿਚ ਹੀ ਉਸ ਦੇ ਘਰ ਕਿਤਾਬਾਂ ਵਾਲੀ ਅਲਮਾਰੀ ਉਪਰਲੇ ਝਰੋਖੇ ਵਿਚ ਕਬੂਤਰਾਂ ਦੇ ਇਕ ਜੋੜੇ ਨੇ ਆਪਣਾ ਘਰ ਬਣਾਇਆ ਸੀ। ਉਹ ਰੋਜ਼ ਉਨ੍ਹਾਂ ਨੂੰ ਚੋਗਾ ਪਾਉਂਦਾ ਤੇ ਫਿਰ ਹੌਲੀ-ਹੌਲੀ ਉਹ ਕਬੂਤਰ ਉਸ ਨਾਲ ਹਿਲ ਮਿਲ ਗਏ ਸਨ। ਉਹ ਉਨ੍ਹਾਂ ਨੂੰ ਦਾਣਿਆਂ ਨਾਲ ਰਜਾ ਦਿੰਦਾ, ਪਾਣੀ ਪਿਆ ਦਿੰਦਾ, ਪਰ ਉਹ ਏਥੇ ਟਿਕ ਕੇ ਨਾ ਬਹਿੰਦੇ, ਉਡਾਰੀ ਮਾਰਨ ਲਈ, ਥਾਂ ਥਾਂ ਦਾਣਾ ਚੁਗਣ ਲਈ, ਫਿਰ ਵੀ ਉੱਡ ਜਾਂਦੇ। ਕਬੂਤਰਾਂ ਦਾ ਉਹ ਜੋੜਾ ਉਸ ਨੂੰ ਬਹੁਤ ਪਿਆਰਾ ਲੱਗਦਾ ਸੀ। ਉਹ ਰੋਜ਼ ਸ਼ਾਮ ਨੂੰ ਇਨ੍ਹਾਂ ਦੀ ਉਡੀਕ ਕਰਦਾ, ਇਨ੍ਹਾਂ ਨੂੰ ਵੇਖਦਾ, ਇਨਾਂ ਨਾਲ ਗੱਲਾਂ ਕਰਦਾ, ਖ਼ਿਆਲਾਂ ਵਿਚ ਇਨ੍ਹਾਂ ਨਾਲ ਉੱਡਦਾ, ਇਨ੍ਹਾਂ ਦਾ ਸੰਗ ਮਾਣਦਾ।

ਇਕ ਦਿਨ ਬੜੇ ਹੀ ਪਿਆਰ ਨਾਲ ਉਸ ਨੇ ਕਬੂਤਰਾਂ ਦੇ ਪਰਾਂ ਉੱਤੇ ਲਾਲ ਰੰਗ ਲਾ ਕੇ ਉਨ੍ਹਾਂ ਦੇ ਪੈਰਾਂ ਵਿਚ ਝਾਂਜਰਾਂ ਪਾ ਦਿੱਤੀਆਂ ਸਨ, ਨਿਸ਼ਾਨੀ ਵਜੋਂ। ਉਸ ਨੇ ਇਨ੍ਹਾਂ ਕਬੂਤਰਾਂ ਦੇ ਜੋੜੇ ਦਾ ਨਾਮ 'ਰਾਂਗਲਾ ਜੋੜਾ' ਰੱਖਿਆ। ਉਨ੍ਹਾਂ ਦੇ ਕਲੋਲ ਤੱਕ ਕੇ ਉਹ ਆਨੰਦ ਮਾਣਦਾ ਰਹਿੰਦਾ। ਪੰਛੀ ਕਿਤਨੇ ਆਜ਼ਾਦ ਹਨ—ਨਵੇਂ ਅੰਬਰ, ਨਵੇਂ ਸੰਗ, ਨਵੇਂ ਘਰ, ਨਵੀਂ ਉਡਾਰੀ ! ਪਰ ਇਹ ਸੁਸ਼ੀਲ !—ਇਹ ਤਾਂ ਉਸ ਦੇ ਜੀਵਨ ਨੂੰ ਜੋਕ ਵਾਂਗ ਚੰਮੜ ਗਈ ਹੈ। ਇਹ ਵੀ ਭਲਾ ਕੀ ਹੋਇਆ ਕਿ ਮਨੁੱਖ ਸਾਰੀ ਉਮਰ ਇਕ ਤੀਵੀਂ ਨਾਲ, ਉਸਦੀ ਸ਼ਖ਼ਸੀਅਤ ਦੇ ਕਿਸੇ ਇਕ ਰੂਪ ਨਾਲ ਹੀ ਬੱਝਾ ਰਹੇ। ਕਿਤਨੀ ਨਫ਼ਰਤ ਹੈ ਇਸ ਇਕਸਾਰ ਪਿਆਰ ਵਿਚ !

ਪੈਂਡੂਲਮ ਕਲਾਕ ਨੇ ਦਸ ਵਜਾਏ ਤੇ ਇਸ ਦੇ ਨਾਲ ਹੀ ਉਸ ਦੇ ਖ਼ਿਆਲਾਂ ਦਾ ਸਿਲਸਿਲਾ ਟੁੱਟ ਗਿਆ। ਸਾਰੇ ਦਾ ਸਾਰਾ ਕਾਫ਼ੀ ਹਾਊਸ ਖ਼ਾਲੀ ਹੋ ਗਿਆ। ਕੁਝ ਬੈਰੇ ਤਾਕੀਆਂ ਬੰਦ ਕਰ ਰਹੇ ਸਨ। ਇਕ ਬੈਰਾ ਉਸ ਦੇ ਸਾਹਵੇਂ ਬਿੱਲ ਲਈ ਖਲੋਤਾ ਸੀ। ਡੌਰ ਭੌਰੇ ਜਿਹੇ ਉਸ ਨੇ ਬਿੱਲ ਅਦਾ ਕੀਤਾ ਤੇ ਸਿਗਰਟ ਸੁਲਗਾ ਕੇ ਘਰ ਵਲ ਨੂੰ ਤੁਰ ਪਿਆ। ਮੋੜਾਂ ਘੇੜਾਂ ਵਿਚ ਸੜਕ ਦੇ ਕਿਨਾਰੇ ਬੱਤੀਆਂ ਦੀ ਲੰਮੀਂ ਕਤਾਰ ਇਕ ਉਲਝੀ ਹੋਈ ਰੇਖਾ ਪ੍ਰਤੀਤ ਹੁੰਦੀ ਸੀ, ਜੋ ਦੂਰ ਕਿਤੇ ਅਨ੍ਹੇਰੇ ਵਿਚ ਗੁੰਮ ਹੋ ਰਹੀ ਹੋਵੇ।

ਪਿਛਲੀ ਰਾਤ ਉਸ ਨੇ ਸ਼ਰਾਬ ਦੇ ਨਸ਼ੇ ਵਿਚ ਸੁਸ਼ੀਲ ਨੂੰ ਹੱਦੋਂ ਵੱਧ ਕੁੱਟਿਆ ਸੀ—ਪਰ ਉਹ ਨਾ ਕੁਝ ਕੂਈ, ਨਾ ਬੋਲੀ—ਉਸ ਦੀਆਂ ਅੱਖਾਂ ਅਭਾਵ, ਤੇ ਉਸਦਾ ਚਿਹਰਾ ਸਪਾਟ ਸੀ। ਅਤੇ ਉਹ ਇਕ ਪੱਥਰ ਦੀ ਮੂਰਤੀ ਵਾਂਗ ਉਸ ਦੇ ਸਾਹਵੇਂ ਖੜ੍ਹੀ ਕੁੱਟ ਖਾਂਦੀ ਰਹੀ ਸੀ, ਡਿਗਦੀ ਢਹਿੰਦੀ।

ਸੁਦੀਪ ਦਾ ਜੀ ਕਰਦਾ ਸੀ ਕਿ ਸੁਸ਼ੀਲ ਰੋਵੇ, ਕੁਰਲਾਵੇ ਤੇ ਉਸ ਨੂੰ ਬੁਰਾ ਭਲਾ ਕਹੇ। ਰਾਤ ਦੇਰ ਨਾਲ ਆਉਣ ਦਾ ਕਾਰਨ ਪੁੱਛੇ। ਉਸ ਦੇ ਵਾਰ-ਵਾਰ ਉਠਦੇ ਹੱਥਾਂ ਨੂੰ ਰੋਕੇ। ਪਰ ਸੁਸ਼ੀਲ ਇਨ੍ਹਾਂ ਸੋਚਾਂ ਤੋਂ ਬੇਨਿਆਜ਼ ਸੀ। ਉਸ ਦੀ ਚੁੱਪ ਸੁਦੀਪ ਨੂੰ ਹੋਰ ਵੀ ਭਿਆਨਕ ਲੱਗੀ ਤੇ ਉਹ ਹੋਰ ਵੀ ਵਧੇਰੇ ਕਹਿਰਵਾਨ ਹੋ ਗਿਆ ਸੀ। ਸਵੇਰੇ ਉਹ ਸੁਸ਼ੀਲ ਦੀ ਪੱਥਰਾਈ ਹੋਈ ਤੱਕਣੀ ਵਲ ਅੱਖ ਭਰ ਕੇ ਨਾ ਵੇਖ ਸਕਿਆ ਤੇ ਨਾਸ਼ਤਾ ਕੀਤੇ ਬਿਨਾਂ ਹੀ ਘਰੋਂ ਬਾਹਰ ਨਿਕਲ ਗਿਆ। ਹੁਣ ਉਹ ਇਨ੍ਹਾਂ ਹੀ ਸੋਚਾਂ ਵਿਚ ਅਤੇ ਸ਼ਰਾਬ ਦੇ ਨਸ਼ੇ ਵਿਚ ਗੁੱਟ ਘਰ ਨੂੰ ਪਰਤ ਰਿਹਾ ਸੀ।

ਘਰ ਪਹੁੰਚਦਿਆਂ, ਡਰਾਇੰਗ ਰੂਮ ਦੀ ਬੱਤੀ ਜਗਾਉਂਦਿਆਂ ਹੀ, ਉਸ ਦੇ ਕੰਨਾਂ ਵਿਚ ਕੋਈ ਆਵਾਜ਼ ਜਿਹੀ ਪਈ। ਜਿਵੇਂ ਕਿਸੇ ਨੇ ਪਰ ਫੜਫੜਾਏ ਹੋਣ। ਸਾਮ੍ਹਣੇ ਕਿਤਾਬਾਂ ਦੀ ਅਲਮਾਰੀ ਉੱਤੇ ਉਸ ਨੂੰ ਕਬੂਤਰਾਂ

ਦਾ ਜੋੜਾ ਨਜ਼ਰ ਆਇਆ। ਉਸ ਨੂੰ ਪਿਛਲੇ ਸਾਲ ਵਾਲੇ ਕਬੂਤਰ ਯਾਦ ਆਏ, ਜੋ ਬੱਚੇ ਕੱਢ ਕੇ ਉੱਡ ਪੁੱਡ ਗਏ ਸਨ। ਉਸ ਦੇ ਮਨ ਵਿਚ ਆਈ ਕਿ ਵੇਖੀਏ ਇਹ, ਉਹੀ ਕਬੂਤਰ ਹਨ ਕਿ ਕੋਈ ਹੋਰ ਨਵਾਂ ਜੋੜਾ ਹੈ ! ਕਾਹਲੀ ਨਾਲ ਉਸ ਨੇ ਕਦਮ ਪੁੱਟੇ। ਉਸ ਦੇ ਪੈਰ ਕਿਸੇ ਚੀਜ਼ ਨਾਲ ਟਕਰਾਏ ਤੇ ਉਹ ਲੜਖੜਾ ਗਿਆ। ਉਹਦੇ ਅੱਗੇ ਮੈਟਿੰਗ ਉੱਤੇ ਪਾਲੇ ਨਾਲ ਸੁੰਗੜੀ ਹੋਈ ਸੁਸ਼ੀਲ ਪਈ ਸੀ। ਸ਼ਾਇਦ ਉਡੀਕਦਿਆਂ-ਉਡੀਕਦਿਆਂ ਉਸ ਦੀ ਅੱਖ ਲੱਗ ਗਈ ਸੀ। ਉਸ ਵਲ ਵੇਖ ਕੇ ਪਹਿਲੀ ਵਾਰ ਉਸ ਨੂੰ ਸਰਦੀ ਦਾ ਅਹਿਸਾਸ ਹੋਇਆ। ਉਸ ਦਾ ਸਾਰਾ ਨਸ਼ਾ ਹਰਨ ਹੋ ਚੁੱਕਾ ਸੀ।

ਸੁਦੀਪ ਨੇ ਸੁਸ਼ੀਲ ਨੂੰ ਝੂਣ ਕੇ ਜਗਾਇਆ। ਉਹ ਹੜਬੜਾ ਕੇ ਉਠ ਬੈਠੀ। ਤਰਸ ਤੇ ਪਿਆਰ ਦੀ ਮੂਰਤ ਬਣੀ ਉਹ ਉਸ ਦੇ ਸਾਹਮਣੇ ਅਵਾਕ ਖਲੋਤੀ ਸੀ। ਉਸਦੀਆਂ ਨਜ਼ਰਾਂ ਦੀ ਪਥਰੀਲੀ ਤੱਕਣੀ ਨੇ ਸੁਦੀਪ ਦੇ ਜਿਸਮ ਵਿਚ ਕਾਂਬੇ ਦੀ ਲਹਿਰ ਛੇੜ ਦਿੱਤੀ।

"ਸੁਸ਼ੀਲ ! ਤੈਨੂੰ ਪਾਲਾ ਨਹੀਂ ਲੱਗਦਾ ?"

ਉਹ ਫਿਰ ਵੀ ਚੁੱਪ ਖੜੋਤੀ ਰਹੀ ਤੇ ਫਿਰ ਝੁਕ ਕੇ ਸੁਦੀਪ ਦੇ ਬੂਟਾਂ ਦੇ ਤਸਮੇਂ ਖੋਲ੍ਹਣ ਲੱਗ ਪਈ ! ਸੁਦੀਪ ਨੂੰ ਇਉਂ ਲੱਗਾ ਜਿਵੇਂ ਉਸ ਦੇ ਅੰਦਰੋਂ ਕਿਸੇ ਨੇ ਰੁੱਗ ਭਰ ਲਿਆ ਹੋਵੇ।

ਉਸ ਨੇ ਸੁਸ਼ੀਲ ਨੂੰ ਮੋਢਿਆਂ ਤੋਂ ਫੜ ਕੇ ਉਠਾਉਂਦਿਆਂ ਕਿਹਾ—"ਆ ਸੁਸ਼ੀਲ ! ਵੇਖੀਏ ! ਉਸ ਅਲਮਾਰੀ ਉੱਤੇ ਕਬੂਤਰਾਂ ਦਾ ਨਵਾਂ ਜੋੜਾ ਆਇਆ ਹੈ।" ਫਿਰ ਉਹ ਸੁਸ਼ੀਲ ਨੂੰ ਅਲਮਾਰੀ ਤਕ ਲੈ ਗਿਆ। ਉਸ ਨੇ ਕਬੂਤਰਾਂ ਦੇ ਜੋੜੇ ਵਲ ਵੇਖਿਆ ਤੇ ਫਿਰ ਉਧਰੋਂ ਨਜ਼ਰ ਹਟਾ ਕੇ ਸੁਸ਼ੀਲ ਵਲ ਵੇਖਣ ਲੱਗ ਪਿਆ—ਜਿਵੇਂ ਉਹ ਕਹਿਣਾ ਚਾਹੁੰਦਾ ਹੋਵੇ ਕਿ "ਵੇਖ ਸੁਸ਼ੀਲ ! ਇਹ ਤਾਂ ਪਿਛਲੇ ਸਾਲ ਵਾਲਾ ਹੀ 'ਰਾਂਗਲਾ ਜੋੜਾ' ਹੈ ! ਵੇਖ ਤਾਂ ਸਹੀ ਉਹੀ ਰੰਗ ਤੇ ਉਹੀ ਝਾਂਜਰਾਂ।"

ਪਰ ਉਸ ਦੀ ਆਵਾਜ਼ ਜਿਵੇਂ ਸੰਘ ਵਿਚ ਰੁਕ ਗਈ ਸੀ ਤੇ ਉਸ ਦੇ ਹੋਂਠ ਅਵਾਕ ਸਨ। ਸੁਸ਼ੀਲ ਦੀਆਂ ਅੱਖਾਂ ਸਪਾਟ ਤੇ ਅਭਾਵ ਸਨ। ਉਸ ਦੀ ਪੱਥਰਾਈ ਹੋਈ ਤੱਕਣੀ ਵਲ ਵੇਖ ਕੇ ਉਸ ਦੇ ਜਿਸਮ ਵਿਚ ਸਰਦੀ ਦੀ ਲਹਿਰ ਫਿਰ ਗਈ। ਕਬੂਤਰ ਗੁਟਕ ਰਹੇ ਸਨ। ਉਨ੍ਹਾਂ ਦੇ ਗੁਟਕਣ ਦੀ ਆਵਾਜ਼ ਨੇ ਕਮਰੇ ਦੀ ਫ਼ਿਜ਼ਾਂ ਨੂੰ ਰਾਂਗਲੇ ਸੰਗੀਤ ਵਿਚ ਰੰਗ ਦਿੱਤਾ ਸੀ। ਪਰ ਇਸ ਸੰਗੀਤ ਦੀ ਵਿੱਥ 'ਤੇ ਖੜੋਤੇ ਸੁਦੀਪ ਦੇ ਹੋਠ ਅਵਾਕ ਤੇ ਸੁਸ਼ੀਲ ਦੀਆਂ ਅੱਖਾਂ ਨਿਰਭਾਵ ਤੇ ਸਪਾਟ ਸਨ !

# ਜਦੋਂ ਸੁੰਦਰਤਾ ਦਰਸ਼ਨ ਦੇਵੇ

"ਧਾਂਤ ਪੈਂਦੀ ਹੈ ? ਸੁਪਨ-ਦੋਸ਼ ਹੋ ਜਾਂਦਾ ਹੈ ?"

ਸ਼ਾਮ ਦੇ ਘੁਸਮੁਸੇ ਵਿਚ ਉਸ ਨੇ ਮੇਰੇ ਵਲ ਡੂੰਘੀ ਤੱਕਣੀ ਸੁੱਟਦਿਆਂ ਆਪਣਾ ਤੀਸਰਾ ਰਸਮੀ ਪ੍ਰਸ਼ਨ ਦੁਹਰਾਇਆ।

"ਤਾਂ ਕੀ ਨਾਤਾਕਤੀ ਹੈ ?"

ਮੋਟੇ ਤੇ ਮੈਲੇ ਜਿਹੇ ਸ਼ੀਸ਼ਿਆਂ ਵਾਲੀ ਭੱਦੀ ਜਿਹੀ ਐਨਕ ਪਿੱਛੇ ਧੁੰਦਲਾਈਆਂ ਨਜ਼ਰਾਂ ਨੂੰ ਜਿਉਂ ਹੀ ਮੇਰੀ ਪਹਿਚਾਣ ਹੋਈ, ਉਹ ਆਪ ਮੁਹਾਰਾ ਹੀ ਖਿੜ-ਖਿੜਾ ਕੇ ਹੱਸ ਪਿਆ।

"ਉਹ ਹੋ ! ਸਰਦਾਰ ਜੀ, ਇਹ ਤੁਸੀਂ ਹੋ ! ਬੁਢੇਪੇ ਕਰਕੇ ਤੇ ਕੁਝ ਅੱਖ ਵਿਚ ਚਿੱਟਾ ਪੈ ਜਾਣ ਕਰਕੇ ਨਜ਼ਰ ਕਮਜ਼ੋਰ ਹੋ ਗਈ ਹੈ। ਮੁਆਫ਼ ਕਰਨਾ, ਮੈਂ ਤੁਹਾਨੂੰ ਪਹਿਚਾਣ ਨਹੀਂ ਸਕਿਆ।"

ਇਹ ਮੇਰੀ ਉਸ ਨਾਲ ਤੀਸਰੀ ਜਾਂ ਚੌਥੀ ਮੁਲਾਕਾਤ ਸੀ। ਹਰ ਵਾਰੀ ਉਸ ਨੇ ਮੈਨੂੰ ਇਹੀ ਪ੍ਰਸ਼ਨ ਦੁਹਰਾਏ ਸਨ। ਅਸੀਂ ਭਾਵੇਂ ਇਨ੍ਹਾਂ ਮੁਲਾਕਾਤਾਂ ਨਾਲ ਕਾਫ਼ੀ ਬੇ-ਤਕੱਲਫ਼ ਹੋ ਗਏ ਸਾਂ, ਪਰ ਤਾਂ ਵੀ ਉਹ ਆਪਣੇ ਇਹ ਪ੍ਰਸ਼ਨ ਜ਼ਰੂਰ ਦੁਹਰਾ ਦਿੰਦਾ ਸੀ—ਜਿਵੇਂ ਕਿ ਇਸ ਟੇਪ ਉੱਤੇ ਕੇਵਲ ਇਹੋ ਹੀ ਆਵਾਜ਼ ਟੇਪ ਹੋਈ ਹੋਵੇ। ਇਸ ਤੋਂ ਬਿਨਾਂ ਤੁਸੀਂ ਕੁਝ ਹੋਰ ਸੁਣ ਹੀ ਨਾ ਸਕਦੇ ਹੋਵੋ। ਦੋ ਵਾਰ ਤਾਂ ਮੈਂ ਉਸ ਕੋਲੋਂ ਐਵੇਂ ਹੀ ਧਾਂਤ ਤੇ ਨਾਤਾਕਤੀ ਦੀ ਦਵਾਈ ਲੈ ਗਿਆ—ਭਾਵੇਂ ਕਿ ਮੈਂ ਇਹ ਸਭ ਕੁਝ, ਉਹਦੇ ਨਿਕਟ ਹੋਣ ਲਈ ਹੀ ਕੀਤਾ ਸੀ। ਤੀਸਰੀ ਵਾਰ ਜਦੋਂ ਮੈਂ ਆਇਆ, ਤਾਂ ਉਹ ਇਸਤਰੀ ਪੁਰਸ਼ ਲਿੰਗ ਸੰਬੰਧਾਂ ਬਾਰੇ ਮੇਰੇ ਨਾਲ ਬਹੁਤ ਹੱਦ ਤਕ ਖੁੱਲ੍ਹ ਗਿਆ ਸੀ ਤੇ ਫਿਰ ਇਹ ਖੁੱਲ੍ਹ ਹੋਰ ਵੀ ਵਧੇਰੇ ਵਿਸਤ੍ਰਿਤ ਹੁੰਦੀ ਗਈ।

ਮੁਕੰਦਪੁਰ ਤੋਂ ਬੰਗਿਆਂ ਤਕ ਜਾਂਦੀ ਪੱਕੀ ਸੜਕ ਦੇ ਛੇ ਮੀਲ ਦੇ ਟੋਟੇ ਦੇ ਵਿਚਕਾਰ ਜਿਹੇ ਕਰਕੇ, ਸੜਕ ਤੋਂ ਜ਼ਰਾ ਪਿਛਾਂਹ ਹੱਟ ਕੇ ਦੋ ਕੁ ਵਰਗ ਗਜ਼ ਥਾਂ ਤੇ ਬਣੀ ਦੋ ਢਾਈ ਗਜ਼ ਉੱਚੀ, ਕੱਚੀ ਜਿਹੀ ਛਤੜੀ ਵਿਚ ਉਹ ਕੱਲਾ ਹੀ ਰਹਿ ਰਿਹਾ ਸੀ। ਇਕ ਪਾਸੇ ਲੱਕੜੀ ਦੇ ਫੱਟੇ ਉੱਤੇ ਰੰਗ-ਬਰੰਗੀਆਂ ਤੇ ਘਸਮੈਲੀਆਂ ਜਿਹੀਆਂ ਸ਼ੀਸ਼ੀਆਂ ਵਿਚ ਕੁਝ ਦਵਾਈਆਂ ਪਈਆਂ ਸਨ ਤੇ ਉਸ ਦੇ ਨਾਲ ਹੀ ਹੇਠਾਂ ਜ਼ਮੀਨ ਉੱਤੇ ਇਕ ਸਫ਼ ਵਿਛੀ ਹੋਈ ਸੀ। ਇਸ ਛਤੜੀ ਨੂੰ ਕੋਈ ਤਾਕੀ ਦਰਵਾਜ਼ਾ ਨਹੀਂ ਸੀ। ਬੱਸ ਮੁਹਰਲੇ ਪਾਸਿਉਂ ਇਹ ਖੁੱਲ੍ਹੀ ਸੀ। ਦੂਰ-ਦੂਰ ਤਕ ਆਬਾਦੀ ਦੇ ਕੋਈ ਨਿਸ਼ਾਨ ਨਹੀਂ ਸਨ। ਛਤੜੀ ਦੇ ਪਿਛਲੇ ਪਾਸੇ ਇਕ ਖੂਹ ਸੀ, ਜਿੱਥੇ ਦੂਜੇ ਚੌਥੇ ਜ਼ਿੰਮੀਂਦਾਰ ਆਉਂਦਾ ਤੇ ਦੁਪਹਿਰੀਂ ਕੰਮ ਛੱਡ ਕੇ ਘੜੀ ਭਰ ਲਈ ਉਸ ਕੋਲ ਆ ਸੁਸਤਾਉਂਦਾ।

ਮੈਂ ਉਸ ਵਲ ਇਕ ਭਰਪੂਰ ਤੱਕਣੀ ਸੁੱਟੀ। ਸਾਧਾਰਨ ਜਿਹੇ ਅੱਧੋਰਾਣ ਕੱਪੜਿਆਂ ਵਿਚ ਉਹ ਮਧਰੇ ਕੱਦ ਦਾ ਇਕ ਮਨੁੱਖ ਸੀ। ਦਾੜ੍ਹੀ ਮੁੱਛ ਤੋਂ ਬਿਲਕੁਲ ਕੋਰਾ ਤੇ ਝੁਰੜਾਇਆ ਚਿਹਰਾ। ਠੋਡੀ ਉੱਤੇ ਗਿਣਤੀ

ਦੇ ਕੁਝ ਵਾਲ—ਜਿਨ੍ਹਾਂ ਨੂੰ ਉਹ ਕੱਟਣ ਦੀ ਥਾਂ ਹੱਥ ਨਾਲ ਹੀ ਪੁੱਟ ਛੱਡਦਾ ਸੀ। ਅੱਜ ਉਹ ਮੈਨੂੰ ਮਾਮੂਲ ਤੋਂ ਕੁਝ ਉਲਟ ਨਜ਼ਰ ਆਇਆ।

ਮੇਰੀ ਵਲ ਵੇਖਦਿਆਂ ਉਸ ਨੇ ਫਿਰ ਪੁੱਛਿਆ, "ਕਿਉਂ ਜੀ, ਕੁਝ ਫ਼ਰਕ ਪਿਆ ?"

"ਡਾਕਟਰ ਸਾਹਿਬ ! ਅੱਜ ਮੈਂ ਆਪਣੀ ਨਬਜ਼ ਵਿਖਾਉਣ ਨਹੀਂ, ਸਗੋਂ ਤੁਹਾਡੀ ਨਬਜ਼ ਵੇਖਣ ਆਇਆ ਹਾਂ।"

"ਕੀ ਮਤਲਬ ?" ਉਹ ਠਿਠਕ ਕੇ ਬੋਲਿਆ।

"ਮੁਆਫ਼ ਕਰਨਾ, ਮੈਂ ਜ਼ਰਾ ...", ਕਹਿ ਕੇ ਉਸ ਨੇ ਖੂੰਝੇ ਵਿਚ ਪਈ ਬੋਤਲ ਵਿੱਚੋਂ ਪੰਜ-ਚਾਰ ਘੁੱਟ ਭਰੇ ਤੇ ਫਿਰ ਭੈੜਾ ਜਿਹਾ ਮੂੰਹ ਬਣਾ ਕੇ ਚੁੱਪ ਹੋ ਗਿਆ। ਸ਼ਰਾਬ ਦੀ ਤੇਜ਼ ਬੂ ਇਸ ਨਿੱਕੀ ਜਿਹੀ ਕੋਠੜੀ ਵਿਚ ਫੈਲ ਗਈ।

"ਹਾਂ ਤੇ ਫਿਰ ਡਾਕਟਰ ਸਾਹਿਬ ! ਇਸ ਉਜਾੜ ਆਬਾਦੀ ਪਿੱਛੇ ਕੀ ਰਾਜ਼ ਹੈ ? ਮੈਂ ਵੀ ਜ਼ਰਾ ਸੁਣਾਂ।" ਉਸ ਦੀ ਛਤੜੀ ਵਲ ਇਸ਼ਾਰਾ ਕਰ ਕੇ ਮੈਂ ਗੁੱਝੀ ਮਸ਼ਕਰੀ ਨਾਲ ਕਿਹਾ।

"ਸਰਦਾਰ ਜੀ, ਬਹੁਤ ਲੰਮੀ ਕਹਾਣੀ ਹੈ—ਸੋਚਦਾ ਹਾਂ ਕਿ ਇਨ੍ਹਾਂ ਤੰਦਾਂ ਨੂੰ ਮੁੜ ਉਧੇੜਨ ਦਾ ਕੀ ਫ਼ਾਇਦਾ। ... ਤੁਸੀਂ ਵੀ ਪੀ ਲਓ ਨਾ।" ਉਹਨੇ ਦੋ ਚਾਰ ਘੁੱਟ ਹੋਰ ਭਰਦਿਆਂ ਬੋਤਲ ਤੇ ਗਲਾਸੀ ਮੇਰੇ ਵਲ ਸਰਕਾ ਦਿੱਤੇ।

"ਡਾਕਟਰ ਸਾਹਿਬ ਅੱਜ ਤੁਹਾਨੂੰ ਇਹ ਪਿਆਲੇ ਦੀ ਸਾਂਝ ਜ਼ਿੰਦਗੀ ਦੀ ਸਾਂਝ ਵਿਚ ਬਦਲਣੀ ਹੀ ਪਵੇਗੀ।"

ਤੇ ਫਿਰ ਜਿਵੇਂ ਹੀ ਉਸ ਦੀਆਂ ਧੁੰਦਲੀਆਂ ਅੱਖਾਂ ਵਿਚ ਇਕਰਾਰ ਦੀ ਝਲਕ ਨਜ਼ਰ ਆਈ, ਮੈਂ ਵੀ ਕੌੜਾ ਘੁੱਟ ਭਰ ਲਿਆ। ਉਸ ਦੀ ਗਾਥਾ ਦੀਆਂ ਤੰਦਾਂ ਆਪ-ਮੁਹਾਰਾ ਉੱਧੜ ਰਹੀਆਂ ਸਨ।

"ਸਰਦਾਰ ਜੀ ! ਇਸ ਕਹਾਣੀ ਦੀਆਂ ਤੰਦਾਂ ਬਹੁਤ ਲੰਬੀਆਂ ਹਨ। ਪਰ ਸਮਝ ਨਹੀਂ ਆਉਂਦੀ ਕਿ ਕਿੱਥੋਂ ਸ਼ੁਰੂ ਕਰਾਂ। ਇਸ ਦਾ ਆਰੰਭ ਕਦੋਂ ਹੋਇਆ ? ਊਂ ... ਆਂ ਊਂ ਅੱਛਾ ਫਿਰ ... ਹਾਂ ... ਤੇ ਸਰਦਾਰ ਜੀ ! ਮੈਂ ਉਦੋਂ ਅੱਠਵੀਂ ਸ਼੍ਰੇਣੀ ਵਿਚ ਹੀ ਸਾਂ, ਜਦੋਂ ਘਰਦਿਆਂ ਨੇ ਮੇਰਾ ਵਿਆਹ ਕਰ ਦਿੱਤਾ ... ਨਹੀਂ, ਨਹੀਂ ਸਗੋਂ ਮੇਰੀ ਮਰਜ਼ੀ ਤੋਂ ਉਲਟ ਮੇਰਾ ਵਿਆਹ ਕਰ ਦਿੱਤਾ। ਸ਼ਾਇਦ ਮੈਂ ਉਸ ਵੇਲੇ ਚੌਦਾਂ ਪੰਦਰਾਂ ਸਾਲਾਂ ਦਾ ਸਾਂ। ਮੇਰੀ ਬੀਵੀ ਬਹੁਤ ਹੀ ਖ਼ੂਬਸੂਰਤ ਸੀ। ਹੱਥ ਲਾਇਆਂ ਮੈਲੀ ਹੁੰਦੀ ਸੀ। ਇੰਜ ਜਾਪਦਾ ਸੀ, ਜਿਵੇਂ ਉਸ ਕਾਦਰ ਨੇ ਇਸ ਹੁਸਨ ਨੂੰ ਕਿਤੇ ਵਿਹਲੇ ਵਕਤ ਬੈਠ ਕੇ ਬਣਾਇਆ ਹੋਵੇ। ਮੈਂ ਵਿਆਹ ਵਾਲੇ ਦਿਨ ਹੀ ਉਸ ਨੂੰ ਵੇਖ ਲਿਆ ਸੀ। ਉਹ ਆਈ ਤੇ ਇਕ ਦਿਨ ਸਾਡੇ ਘਰ ਰਹਿ ਕੇ ਵਾਪਸ ਪੇਕੇ ਚਲੀ ਗਈ, ਪਰ ਮੇਰਾ ਅੰਦਰੋਂ ਅੰਦਰ ਉਸ ਨਾਲ ਅਜਿਹਾ ਇਸ਼ਕ ਪੈ ਗਿਆ ਕਿ ਉਸ ਖ਼ੂਬਸੂਰਤੀ ਦੀ ਮੂਰਤ ਬਿਨਾਂ ਇਕ ਪਲ ਕੱਟਣਾ ਵੀ ਇਕ ਉਮਰ ਦੇ ਬਰਾਬਰ ਜਾਪਦਾ ਸੀ।

"ਇਹ ਇਸ਼ਕ ਜਨੂੰਨ ਦੀ ਹੱਦ ਤੱਕ ਵਧ ਗਿਆ। ਮੈਂ ਉਸ ਨੂੰ ਬੜੇ ਲੰਬੇ ਲੰਬੇ ਖ਼ਤ ਲਿਖੇ। ਜੁਦਾਈ ਦੀਆਂ ਲੰਬੀਆਂ ਰਾਤਾਂ ਦੇ ਵਾਸਤੇ ਪਾਏ ਤੇ ਉਸ ਦੇ ਮੁਹੱਬਤ ਭਰੇ ਬੇਚੈਨ ਹੁੰਗਾਰਿਆਂ ਨੇ ਮੇਰੇ ਦਿਲ ਦੀ ਅੱਗ ਨੂੰ ਹੋਰ ਵੀ ਵਧੇਰੇ ਮਚਾ ਦਿੱਤਾ।

"ਦੋ ਤਿੰਨ ਸਾਲ ਬਾਅਦ ਜਦੋਂ ਮੈਟਰਿਕ ਦਾ ਇਮਤਿਹਾਨ ਪਾਸ ਕਰ ਲਿਆ, ਤਾਂ ਸਾਡੇ ਘਰਦਿਆਂ ਨੇ ਮੇਰੇ ਮੁਕਲਾਵੇ ਦੀ ਗੱਲ ਤੋਰੀ। ਮੈਂ ਅਜਬ ਦੁਬਿਧਾ ਵਿਚ ਫਸਿਆ ਹੋਇਆ ਸਾਂ। ਇਕ ਪਾਸੇ ਉਸ ਸੁੰਦਰੀ ਨੂੰ ਮਿਲਣ ਦੀ ਇੱਛਾ ਵਿਚ ਬੇਤਾਬ ਸਾਂ ਤੇ ਇਕ ਪਾਸੇ ਮੇਰੀਆਂ ਹੋਰ ਉਲਝਣਾਂ ਸਨ, ਜਿਨ੍ਹਾਂ ਵਿਚ ਮੈਂ ਬੁਰੀ ਤਰ੍ਹਾਂ ਫਸਿਆ ਹੋਇਆ ਆਪਣੇ ਆਪ ਨੂੰ ਅਜੇ ਇਸ ਕੰਮ ਦੇ ਕਾਬਲ ਨਹੀਂ ਸਾਂ ਸਮਝਦਾ। ਪਰ ਫਿਰ ਵੀ ਇਸ ਦਿਲ ਦਾ ਕੋਈ ਕੀ ਕਰੇ ? ਉਲਝਣਾਂ ਉੱਤੇ ਇਸ਼ਕ ਦੇ ਜਨੂੰਨ ਨੇ ਕਾਬੂ ਪਾ ਲਿਆ।"

ਉਹ ਹੁੰਗਾਰੇ ਲਈ ਜ਼ਰਾ ਰੁਕਿਆ ਤੇ ਫਿਰ ਬੋਲਿਆ, "ਮੇਰਾ ਮੁਕਲਾਵਾ ਆ ਗਿਆ। ਰਾਤ ਦਿਨ ਮੈਂ

ਉਸ ਸੁੰਦਰੀ ਨੂੰ ਦੇਵੀ ਦੀ ਪਵਿੱਤਰ ਮੂਰਤੀ ਸਮਝ ਕੇ, ਉਸ ਦੀ ਪੂਜਾ ਕਰਦਾ ਰਿਹਾ। ਉਸ ਦੇ ਕੋਲ ਮੈਨੂੰ ਇਕ ਅਜੀਬ ਜਿਹਾ ਸਰੂਰ ਹਾਸਿਲ ਹੁੰਦਾ ਤੇ ਮੈਂ ਸਾਰੀ-ਸਾਰੀ ਰਾਤ ਉਸ ਨਾਲ ਇਸ਼ਕ ਦੀਆਂ ਗੱਲਾਂ ਕਰਦਿਆਂ ਲੰਘਾ ਦਿੰਦਾ। ਉਹ ਵੀ ਹੁੰਗਾਰਾ ਭਰਦੀ ਰਹਿੰਦੀ।

"ਪਰ ਮਹੀਨੇ ਖੰਡ ਵਿਚ ਹੀ ਉਸ ਦੇ ਹੁੰਗਾਰੇ ਮੱਧਮ ਪੈ ਗਏ। ਉਹ ਖੋਈ ਖੋਈ ਜਿਹੀ ਰਹਿਣ ਲੱਗ ਪਈ। ਮੇਰੀਆਂ ਗੱਲਾਂ ਦੀ ਰਫ਼ਤਾਰ ਉਹੋ ਹੀ ਰਹਿੰਦੀ—ਕੱਠੇ ਜਿਊਣ, ਕੱਠੇ ਮਰਨ ਦੇ ਇਕਰਾਰ ਉਹੋ ਹੀ ਰਹਿੰਦੇ, ਪਰ ਉਹ ਪਾਸਾ ਵੱਟ ਕੇ ਅੱਖਾਂ ਮੀਟ ਕੇ ਘੂਕ ਸੌਂ ਜਾਂਦੀ ਤੇ ਕਦੇ-ਕਦੇ ਹਉਕੇ ਭਰਨ ਲੱਗਦੀ। ਮੈਨੂੰ ਆਪਣੇ ਇਸ਼ਕ ਤੇ ਯਕੀਨ ਸੀ ਪਰ ਉਹਦੇ ਵਲ ਵੇਖ ਕੇ ਮੈਨੂੰ ਗਹਿਰੀ ਚੋਟ ਲੱਗੀ ਤੇ ਮੇਰਾ ਇਸ਼ਕ ਇਕਦਮ ਪਾਗਲਪਨ ਦੀ ਸ਼ਕਲ ਇਖ਼ਤਿਆਰ ਕਰ ਗਿਆ।

"ਮੈਂ ਪਹਿਲਾਂ ਨਾਲੋਂ ਵੀ ਵਧੇਰੇ ਸ਼ਿੱਦਤ ਨਾਲ ਉਸ ਨੂੰ ਚੁੰਮਦਾ। ਉਸ ਦੇ ਮਰਮਰੀ ਜਿਸਮ ਨੂੰ ਘੁੱਟ-ਘੁੱਟ ਆਪਣੀ ਦੇਹ ਨਾਲ ਲਾਉਂਦਾ। ਉਸ ਦੇ ਨਿੱਘੇ ਨਿੱਘੇ ਅੰਗ ਮੇਰੀ ਠਰੀ ਹੋਈ ਦੇਹ ਨੂੰ ਸੁਹਣੇ-ਸੁਹਣੇ ਲੱਗਦੇ। ਉਸ ਦੀਆਂ ਮੀਨਾਰਾਂ ਵਰਗੀਆਂ ਤਿੱਖੀਆਂ ਛਾਤੀਆਂ ਮੇਰੀ ਦੇਹ ਵਿਚ ਧਸਦੀਆਂ ਹੋਈਆਂ ਪ੍ਰਤੀਤ ਹੁੰਦੀਆਂ ਤੇ ਮੇਰੇ ਅੰਦਰ ਵਿਸਮਾਦ ਦੀ ਇਕ ਲਹਿਰ ਜਿਹੀ ਫਿਰ ਜਾਂਦੀ। ਨਗਨ ਚਾਨਣੀ ਜਿਹੀ ਉਹ ਮੇਰੀ ਬੁੱਕਲ ਵਿਚ ਪਈ ਇਕ ਘਾਇਲ ਪੰਛੀ ਵਾਂਗ ਸਹਿਮੀਂ ਹੋਈ ਚੁੱਪ ਦੀ ਚੁੱਪ ਪਈ ਰਹਿੰਦੀ। ਤੇ ਮੈਂ—ਤੇ ਮੈਂ ਸੋਚਦਾ ਕਿ ..."

ਕੋਲ ਪਈ ਬੋਤਲ ਵਿੱਚੋਂ ਉਸ ਨੇ ਇਕ ਪੈੱਗ ਹੋਰ ਚੜ੍ਹਾਇਆ ਤੇ ਫਿਰ ਅਰਕ ਨਾਲ ਮੂੰਹ ਪੂੰਝਦਾ ਹੋਇਆ ਬੋਲਿਆ, "ਤੇ ਜਦੋਂ ਕਿਤੇ ਅੱਧੀ ਰਾਤੀਂ ਅਚਾਨਕ ਮੇਰੀ ਨੀਂਦ ਖੁੱਲ੍ਹਦੀ, ਤਾਂ ਉਸ ਨੂੰ ਹੌਲੀ-ਹੌਲੀ ਹਉਕੇ ਭਰਦਿਆਂ ਵੇਖ ਕੇ ਮੈਂ ਸੋਚਣ 'ਤੇ ਮਜਬੂਰ ਹੋ ਜਾਂਦਾ ਕਿ ਮੇਰੇ ਇਸ਼ਕ ਨਾਲੋਂ ਵੀ ਵਧੇਰੇ ਇਸ ਨੂੰ ਹੋਰ ਕਿਹੜੀ ਚੀਜ਼ ਦੀ ਜ਼ਰੂਰਤ ਹੈ ? ਉਸ ਵਲ ਹਸਰਤ ਭਰੀ, ਨਿਗਾਹ ਨਾਲ ਵੇਖ ਕੇ ਮੈਂ ਅੰਦਰੇ ਅੰਦਰ ਕੁੜ੍ਹਦਾ ਰਹਿੰਦਾ ਤੇ ਮੇਰੀ ਨਾਕਾਮੀ ਮੈਨੂੰ ਮੂੰਹ ਚਿੜ੍ਹਾਉਂਦੀ ਰਹਿੰਦੀ। ਮੈਂ ਬੜਾ ਪਰੇਸ਼ਾਨ ਸਾਂ। ਮੇਰੇ ਅੰਦਰ ਮਾਨਸਕ ਗੁੰਝਲਾਂ ਦਾ ਇਕ ਬੇਹੂਦਾ ਜਿਹਾ ਤਾਣਾ ਪੇਟਾ ਤਣਿਆ ਹੋਇਆ ਸੀ। ਇਕ ਪਾਸੇ ਹੁਸਨ ਦੀ ਮੂਰਤ ਸੀ ਜਿਸ ਦੀ ਮੈਂ ਇਕ ਪਵਿੱਤਰ ਦੇਵੀ ਵਾਂਗ ਉਪਾਸ਼ਨਾ ਕਰਦਾ ਸਾਂ ਤੇ ਸੋਚਦਾ ਸਾਂ ਕਿ ਕੀ ਮੇਰੀ ਦੇਵੀ ਮੇਰੇ ਉੱਤੇ ਨਹੀਂ ਤੁਰੱਠੇਗੀ ? ਕੀ ਇਹ ਮੈਨੂੰ ਛੱਡ ਤਾਂ ਨਹੀਂ ਜਾਵੇਗੀ ? ਤੇ ਦੂਜੇ ਪਾਸੇ ਮੇਰੀ ਨਾਕਾਬਲੀਅਤ ਸੀ—ਉਸ ਦੇ ਹਉਕੇ ਸਨ, ਹੰਝੂ ਸਨ—ਉਹ ਹੰਝੂ ਜਿਨ੍ਹਾਂ ਨੂੰ ਅਸੰਤੁਸ਼ਟ ਇਸਤ੍ਰੀ ਹਵਾ ਲੁਆਉਣ ਤੋਂ ਪਹਿਲਾਂ ਹੀ ਅੰਦਰੋਂ ਅੰਦਰ ਪੀ ਜਾਂਦੀ ਹੈ। ਅਜਬ ਦੁਬਿਧਾ ਸੀ।"

ਉਹ ਸਾਹ ਲੈਣ ਲਈ ਜ਼ਰਾ ਕੁ ਰੁਕਿਆ ਤੇ ਫਿਰ ਬੜੀ ਭਿਆਨਕ ਜਿਹੀ ਆਵਾਜ਼ ਵਿਚ ਬੋਲਿਆ, "ਤੇ ਫਿਰ ਇਕ ਦਿਨ ਅਚਾਨਕ ਉਹ ਗੁਆਂਢੀਆਂ ਦੇ ਜਵਾਨ ਮੁੰਡੇ ਨਾਲ ਘਰੋਂ ਨੱਸ ਗਈ। ਉਸ ਦਿਨ ਮੈਨੂੰ ਅਹਿਸਾਸ ਹੋਇਆ ਕਿ ਔਰਤ ਨੂੰ ਨਿਰਾ ਗੱਲ ਬਾਤੀਂ ਇਸ਼ਕ ਹੀ ਨਹੀਂ, ਸਗੋਂ ਕਿਸੇ ਹੋਰ ਚੀਜ਼ ਦੀ ਵੀ ਜ਼ਰੂਰਤ ਹੁੰਦੀ ਹੈ।"

ਉਹਨੇ ਹਉਕੇ ਭਰਦਿਆਂ ਬਿੰਦ ਦੀ ਬਿੰਦ ਅੱਖਾਂ ਮੁੰਦ ਲਈਆਂ ਤੇ ਫਿਰ ਮੈਨੂੰ ਇਸ ਤਰ੍ਹਾਂ ਜਾਪਿਆ ਜਿਵੇਂ ਉਸ ਦੀ ਆਵਾਜ਼ ਕਿਸੇ ਅੰਨ੍ਹੇਰੀ ਗ਼ਾਰ ਵਿੱਚੋਂ ਆ ਰਹੀ ਹੋਵੇ।

"ਹਾਂ ਤੇ ਸਰਦਾਰ ਜੀ—ਉਸ ਦੇ ਅਚਾਨਕ ਉੱਧਲ ਜਾਣ 'ਤੇ ਮੇਰੇ ਵਿਸ਼ਵਾਸ ਨੂੰ ਅਜਿਹੀ ਸੱਟ ਲੱਗੀ ਕਿ ਮੇਰੇ ਉੱਤੇ ਪਾਗਲਪਨ ਸਵਾਰ ਹੋ ਗਿਆ। ਫਿਰ ਦੋ ਸਾਲ ਦੇ ਅਰਸੇ ਵਿਚ ਜੋ ਕੁਝ ਹੋਇਆ ਉਸ ਦੇ ਸੰਸਕਾਰਾਂ ਤੋਂ ਮੇਰੀ ਯਾਦਦਾਸ਼ਤ ਬਿਲਕੁਲ ਕੋਰੀ ਹੈ। ਲੋਕੀ ਦਸਦੇ ਹਨ ਕਿ ਮੇਰਾ ਦਿਮਾਗ਼ੀ ਤਵਾਜ਼ਨ ਵਿਗੜ ਗਿਆ ਸੀ ਤੇ ਉਸ ਹਾਲਤ ਵਿਚ ਮੈਨੂੰ ਕਿਸੇ ਨੇ ਕਹਿ ਦਿੱਤਾ ਸੀ ਕਿ ਮੇਰੀ ਬੀਵੀ ਅੱਠ ਸੱਤ ਮੀਲ ਤੇ ਵਾਕਿਆ ਕਸਬੇ ਤੋਂ ਲਾਰੀ ਵਿਚ ਬੈਠ ਕੇ ਕਿਧਰੇ ਚਲੀ ਗਈ ਹੈ। ਫਿਰ ਉਨ੍ਹਾਂ ਦੇ ਦੱਸਣ ਅਨੁਸਾਰ ਮੈਂ—ਨਿੱਤ ਨੇਮ ਦੋ ਸਾਲ ਤੱਕ ਉਸ ਅੱਡੇ 'ਤੇ ਸਵੇਰੇ ਹੀ ਪਹੁੰਚ ਜਾਂਦਾ ਰਿਹਾ ਤੇ ਖੋਈਆਂ-ਖੋਈਆਂ ਅੱਖਾਂ ਨਾਲ ਕੱਲੀ-ਕੱਲੀ

ਲਾਰੀ ਦੀ ਕੱਲੀ-ਕੱਲੀ ਸਵਾਰੀ ਵੇਖਦਾ ਰਿਹਾ। ਜਦੋਂ ਸ਼ਾਮ ਨੂੰ ਆਖ਼ਰੀ ਲਾਰੀ ਲੰਘ ਜਾਂਦੀ ਤਾਂ ਮੈਂ ਘਰ ਨੂੰ ਮੁੜ ਆਉਂਦਾ। ਮੈਨੂੰ ਇਸ ਸਭ ਕੁਝ ਦਾ ਪਤਾ ਨਹੀਂ। ਮੈਂ ਤਾਂ ਆਪਣੇ ਬਾਰੇ ਜਿਵੇਂ ਲੋਕਾਂ ਤੋਂ ਸੁਣਿਆ ਹੈ, ਤਿਵੇਂ ਹੀ ਤੁਹਾਨੂੰ ਦੱਸ ਰਿਹਾ ਹਾਂ।

"ਲੋਕ ਕਹਿੰਦੇ ਨੇ ਕਿ ਮੈਂ ਕੱਲੀ-ਕੱਲੀ ਸਵਾਰੀ ਨੂੰ ਬੜੇ ਗਹੁ ਨਾਲ ਵੇਖਦਾ ਸਾਂ ਤੇ ਉਸ ਦੇ ਚਿਹਰੇ ਵਿੱਚੋਂ ਆਪਣੀ ਉੱਧਲੀ ਹੋਈ ਬੀਵੀ ਦੇ ਨਕਸ਼ਾਂ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰਦਾ ਸਾਂ। ਤੇ ਫਿਰ ਨਾਕਾਮ ਪਿੰਡ ਪਰਤ ਆਉਂਦਾ ਸਾਂ। ਇਕ ਦਿਨ ਅਚਾਨਕ ਕਿਸੇ ਇਸਤਰੀ ਵਲ ਵੇਖ ਕੇ ਮੈਂ ਲਾਰੀ ਦੇ ਮਗਰ ਮਗਰ ਭੱਜਿਆ, ਮੇਰਾ ਪੈਰ ਉੱਖੜਿਆ ਤੇ ਮੈਂ ਡਿੱਗ ਪਿਆ। ਮੇਰਾ ਮੱਥਾ ਜ਼ੋਰ ਨਾਲ ਇਕ ਇਟ ਵਿਚ ਵੱਜਿਆ ਤੇ ਕਾਫ਼ੀ ਸਾਰਾ ਖ਼ੂਨ ਨਿਕਲਿਆ। ਮਹੀਨਾ ਭਰ ਹਸਪਤਾਲ ਵਿਚ ਮੇਰਾ ਬਹੁਤ ਇਲਾਜ ਕੀਤਾ ਗਿਆ ਤੇ ਜਦੋਂ ਮੈਂ ਰਾਜ਼ੀ ਹੋ ਕੇ ਘਰ ਆਇਆ ਤਾਂ ਇਹ ਦੋ ਸਾਲ ਬਾਅਦ ਦਾ ਵਾਕਿਆ ਹੈ। ਬਸ ਮੈਨੂੰ ਤਾਂ ਏਨਾ ਹੀ ਯਾਦ ਹੈ। ਮੇਰੀ ਯਾਦ-ਸ਼ਕਤੀ ਵਿਚ ਇਹ ਦੋ ਸਾਲ ਦਾ ਖੱਪਾ ਮੈਨੂੰ ਆਪਣੇ ਮੱਥੇ ਉੱਤੇ ਜ਼ਖ਼ਮ ਦੇ ਇਸ ਨਿਸ਼ਾਨ ਨੂੰ ਵੇਖ ਕੇ ਯਾਦ ਆ ਜਾਂਦਾ ਹੈ। ਤੇ ਫਿਰ ਸਰਦਾਰ ਜੀ ਆਪਣੇ ਦਿਲ ਉਤੇ ਸਬਰ ਦੀ ਸਿਲ ਰੱਖ ਲਈ। ਉਸੇ ਦਿਨ ਇਰਾਦਾ ਕਰ ਲਿਆ ਕਿ ਮੈਂ ਇਸ ਪਾਪ ਦਾ ਪ੍ਰਾਸ਼ਚਿਤ ਕਰਾਂਗਾ।"

"ਕਿਹੜਾ ਪਾਪ ?" ਮੈਂ ਪੁੱਛਿਆ।

"ਪਾਪ ਹੀ ਹੈ ਨਾਕਾਬਲ (ਨਾਮਰਦ) ਮਰਦ ਦਾ ਕਾਬਲ ਇਸਤਰੀ ਨਾਲ ਸ਼ਾਦੀ ਕਰਨਾ। ਮੈਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਮੈਂ ਸ਼ਾਦੀ ਦੇ ਕਾਬਲ ਨਹੀਂ ਸਾਂ—ਹਾਂ ਸੁੰਦਰਤਾ ਲਈ ਇਸ਼ਕ ਮੇਰੇ ਦਿਲ ਵਿਚ ਅਜੇ ਵੀ ਕਾਇਮ ਹੈ ਤੇ ਇਸੇ ਲਈ ਮੈਂ ਸੋਚਿਆ ਹੈ ਕਿ ਮੇਰੇ ਵਰਗੇ ਅਧੂਰੇ ਮਨੁੱਖ ਨੂੰ ਇਸ ਪਾਪ ਦਾ ਪ੍ਰਾਸ਼ਚਿਤ ਜ਼ਰੂਰ ਕਰਨਾ ਚਾਹੀਦਾ ਹੈ। ਸੰਨਿਆਸੀਆਂ ਦੇ ਮਗਰ ਫਿਰ-ਫਿਰ ਕੇ ਮੈਂ ਜੜ੍ਹੀਆਂ ਬੂਟੀਆਂ ਦੀ ਵਾਕਫ਼ੀਅਤ ਹਾਸਿਲ ਕੀਤੀ। ਸ਼ਾਸਤਰ ਤੇ ਵੈਦਿਕ ਗ੍ਰੰਥ ਪੜ੍ਹੇ। ਲਿੰਗ-ਅੰਗਾਂ ਦੀ ਪ੍ਰਕ੍ਰਿਤੀ ਤੇ ਸ਼ਕਤੀ ਸੰਬੰਧੀ ਪੂਰਾ-ਪੂਰਾ ਗਿਆਨ ਹਾਸਿਲ ਕੀਤਾ ਤੇ ਫਿਰ ਹਿਕਮਤ ਸ਼ੁਰੂ ਕੀਤੀ।"

ਇਸ ਤੋਂ ਅੱਗੇ ਉਸ ਦੀ ਕਹਾਣੀ ਮੇਰੀਆਂ ਅੱਖਾਂ ਦੇ ਸਾਹਮਣੇ ਹੀ ਸੀ। ਰੋਜ਼ ਉਸ ਕੋਲ ਲਿੰਗ ਰੋਗੀਆਂ ਦਾ ਮੇਲਾ ਲੱਗਾ ਰਹਿੰਦਾ ਸੀ। ਉਹ ਬਹੁਤ ਸਸਤਾ ਇਲਾਜ ਕਰਦਾ ਸੀ। ਲੋੜਵੰਦਾਂ ਨੂੰ ਦਵਾਈ ਮੁਫ਼ਤ ਵੀ ਦੇ ਦਿੰਦਾ ਸੀ। ਪੰਜ ਕੁ ਸਾਲ ਇਕ ਇਲਾਕੇ ਵਿਚ ਰਹਿੰਦਾ ਤੇ ਫਿਰ ਥਾਂ ਬਦਲ ਲੈਂਦਾ। ਪਰ ਜਿਸ ਤਰ੍ਹਾਂ ਮੈਂ ਉਸ ਬਾਰੇ ਸੁਣਿਆ ਸੀ ਉਸ ਅਨੁਸਾਰ ਮੈਨੂੰ ਉਸ ਦੀ ਸ਼ਖ਼ਸੀਅਤ ਕੁਝ ਗੁੰਝਲਦਾਰ ਜਿਹੀ ਹੀ ਲੱਗਦੀ ਸੀ। ਇਕ ਪਾਸੇ ਤਾਂ ਉਹ ਅਨੇਕਾਂ ਰੋਗੀਆਂ ਨੂੰ ਕਾਬਲ ਬਣਾ ਕੇ ਪ੍ਰਾਸ਼ਚਿਤ ਕਰ ਰਿਹਾ ਸੀ ਤੇ ਦੂਜੇ ਪਾਸੇ ਇਕ ਨਵਾਂ ਪਾਪ ਆਰੰਭ ਕਰ ਰਿਹਾ ਸੀ। ਮੈਂ ਪੁੱਛ ਹੀ ਬੈਠਾ, "ਪਰ ਡਾਕਟਰ ਸਾਹਿਬ ਮੈਂ ਤਾਂ ਸੁਣਿਆ ਹੈ ਕਿ ਤੁਸੀਂ ਕਈ ਅਣਖਿੜੀਆਂ ਡੋਡੀਆਂ ਦਾ ਗਲਾ ਸੰਸਾਰ ਦੇ ਬਾਗ਼ ਵਿਚ ਆਉਣ ਤੋਂ ਪਹਿਲਾਂ, ਗਰਭ ਵਿਚ ਹੀ ਘੁਟ ਛੱਡਦੇ ਹੋ। ਇਹ ਤਾਂ ਤੁਸੀਂ ਇਕ ਹੋਰ ਵਡੇਰਾ ਪਾਪ ਕਰ ਰਹੇ ਹੋ।"

"ਨਹੀਂ ਸਰਦਾਰ ਜੀ, ਤੁਸੀਂ ਭੁੱਲ ਰਹੇ ਹੋ। ਔਰਤ ਨੂੰ ਕੀ ਚੱਟੀ ਪਈ ਹੈ ਕਿ ਉਹ ਮਰਦ ਦੇ ਹਿੱਸੇ ਦਾ ਗੁਨਾਹ ਵੀ ਆਪ ਹੀ ਚੁੱਕੀ ਫਿਰੇ।"

"ਪਰ ਇਸਤਰੀ ਵੀ ਤਾਂ ਗੁਨਾਹ ਵਿਚ ਬਰਾਬਰ ਦੀ ਸ਼ਰੀਕ ਹੁੰਦੀ ਹੈ।"

"ਠੀਕ ਹੈ ! ਪਰ ਇਸ ਦਾ ਮਤਲਬ ਇਹ ਨਹੀਂ ਕਿ ਉਹ ਮਰਦ ਦੇ ਹਿੱਸੇ ਦੇ ਗੁਨਾਹ ਦਾ ਬੋਝ ਵੀ ਆਪ ਹੀ ਢੋਵੇ। ਮਰਦ ਵਿਚ ਇਹ ਵਾਧਾ ਹੈ ਕਿ ਉਹ ਗੁਨਾਹ ਕਰਦਾ ਹੈ, ਪਰ ਉਸ ਦੇ ਗੁਨਾਹ ਦਾ ਬੋਝ ਕਿਸੇ ਦੂਸਰੇ ਨੂੰ ਚੁੱਕਣਾ ਪੈਂਦਾ ਹੈ—ਉਸ ਦੇ ਕਲੰਕ ਦਾ ਟਿੱਕਾ ਕਿਸੇ ਹੋਰ ਨੂੰ ਲਾਉਣਾ ਪੈਂਦਾ ਹੈ। ਇਸੇ ਲਈ ਉਹ ਜਾਬਰ ਹੈ। ਪਰ ਔਰਤ ਵਿਚ ਇਹ ਘਾਟਾ ਹੈ ਕਿ ਆਪਣੇ ਗੁਨਾਹ ਦੀ ਜ਼ਿੰਮੇਵਾਰੀ ਤਾਂ ਉਸ ਨੇ ਲੈਣੀ ਹੀ ਹੁੰਦੀ ਹੈ—ਉਸ ਨੂੰ ਦੂਜੇ ਦਾ ਹਿੱਸਾ ਵੀ ਸਵੀਕਾਰ ਕਰਨਾ ਪੈਂਦਾ ਹੈ। ਇਸ ਲਈ ਉਹ ਮਜ਼ਲੂਮ

ਹੈ। ਮੈਂ ਪੁੱਛਦਾ ਹਾਂ ਕਿ ਉਹ ਮਰਦ ਦੇ ਹਿੱਸੇ ਦਾ ਗੁਨਾਹ ਚੁੱਕ ਕੇ ਆਪਣੀ ਜ਼ਿੰਦਗੀ ਨੂੰ ਬੇਅਰਥ ਬਰਬਾਦ ਕਿਉਂ ਕਰੇ ?"

ਉਸ ਦੇ ਉਤੇਜਿਤ ਬੋਲਾਂ ਵਿਚ ਲੋਹੜੇ ਦਾ ਰੋਹ ਆ ਗਿਆ। ਮੈਂ ਗੱਲ ਨੂੰ ਟਾਲਣ ਲਈ ਪੁੱਛਿਆ ਕਿ ਡਾਕਟਰ ਸਾਹਿਬ ਤੁਹਾਨੂੰ ਤੁਹਾਡੀ ਬੀਵੀ ਦਾ ਮੁੜ ਕੇ ਕੋਈ ਪਤਾ ਲੱਗਾ ਕਿ ਨਹੀਂ ?

ਉਸ ਨੇ ਬਾਕੀ ਬਚਦੀ ਸ਼ਰਾਬ ਨੂੰ ਇੱਕੋ ਸਾਹੇ ਪੀ ਕੇ ਮੇਰਾ ਹੱਥ ਫੜਦਿਆਂ ਕਿਹਾ, "ਨਹੀਂ ਸਰਦਾਰ ਜੀ—ਪਤਾ ਨਹੀਂ ਇਸ ਪ੍ਰਾਸ਼ਚਿਤ ਦੀ ਉਮਰ ਅਜੇ ਕਿੰਨੀ ਕੁ ਹੈ—ਇਸ ਭਟਕਣ ਨੂੰ ਕੋਈ ਸਾਹਿਲ ਮਿਲਣਾ ਵੀ ਹੈ ਕਿ ਨਹੀਂ—ਪਤਾ ਨਹੀਂ ਪਰ ...।"

ਉਹ ਬਹੁਤ ਭਾਵੁਕ ਹੋ ਗਿਆ ਤੇ ਉਸ ਦਾ ਗਲਾ ਜਿਵੇਂ ਗੱਚ ਹੋ ਗਿਆ ਸੀ।

"ਪਰ ਜਦੋਂ ਵੀ ਮੇਰੇ ਕੋਲ ਕੋਈ ਮੇਰੇ ਵਰਗਾ ਮਰੀਜ਼ ਇਲਾਜ ਲਈ ਆ ਜਾਂਦਾ ਹੈ ਤਾਂ ਮੈਨੂੰ ਆਪਣੀ ਬੀਵੀ ਦੀ ਯਾਦ ਆ ਜਾਂਦੀ ਹੈ—ਉਸ ਦੇ ਦਰਸ਼ਨ ਹੋ ਜਾਂਦੇ ਹਨ—ਖ਼ਿਆਲਾਂ ਹੀ ਖ਼ਿਆਲਾਂ ਵਿਚ ! ਤੇ ਮੈਂ ਉਸ ਮਰੀਜ਼ ਨੂੰ ਪਹਿਲਾ ਸਵਾਲ ਇਹੀ ਕਰਦਾ ਹਾਂ ਕਿ ਤੂੰ ਕਿਤੇ ਸ਼ਾਦੀ ਤਾਂ ਨਹੀਂ ਕੀਤੀ ?"

ਉਸਦੀਆਂ ਸੁਰਖ਼ ਅੱਖਾਂ ਵਿਚ ਅੱਥਰੂਆਂ ਦੇ ਮੋਟੇ-ਮੋਟੇ ਕਤਰੇ ਲਰਜ਼ ਰਹੇ ਸਨ—ਪਰ ਉਸ ਦੇ ਹੱਥ ਅਜੇ ਵੀ ਬਰਫ਼ ਵਾਂਗ ਸੀਤ ਪਏ ਸਨ, ਬਰਫ਼ ਵਾਂਗ, ਬਿਲਕੁਲ ਬਰਫ਼ ਵਾਂਗ !

# ਜੁਰਮ ਦੇ ਪਾਤਰ

ਕਪਿਲ ਦੀ ਪਤਨੀ ਬੜੀ ਕੁਲਹਿਣੀ, ਕੁਲੱਛਣੀ, ਕੁਚੱਜੀ, ਕੁਹਜੀ, ਅਨਪੜ੍ਹ ਅਤੇ ਅਸੱਭਯ ਸੀ। ਆਬਨੂਸੀ ਰੰਗ, ਭੱਦੇ ਨਕਸ਼, ਮੋਟੇ-ਮੋਟੇ ਬੁੱਲ੍ਹ, ਝੀਖਾਂ ਵਰਗੀਆਂ ਅੱਖਾਂ, ਫੀਨਾ ਨੱਕ ਅਤੇ ਬੇਡੌਲ ਸਰੀਰ। ਜਦੋਂ ਰੌਂ ਵਿਚ ਆ ਕੇ ਨਰਮੀ ਨਾਲ ਬੋਲਣ ਦਾ ਯਤਨ ਵੀ ਕਰਦੀ ਤਾਂ ਇੰਜ ਜਾਪਦਾ, ਜਿਵੇਂ ਝਗੜ ਰਹੀ ਹੋਵੇ। ਜਦੋਂ ਆਪਣੀ ਖਰ੍ਹਵੀਂ ਆਵਾਜ਼ ਵਿਚ ਝਗੜਦੀ ਤਾਂ ਇਉਂ ਜਾਪਦਾ ਜਿਵੇਂ ਭੂਚਾਲ ਆ ਗਿਆ ਹੋਵੇ। ਨਾ ਉਸ ਨੂੰ ਬੈਠਣ ਦਾ ਚੱਜ ਸੀ, ਨਾ ਬੋਲਣ ਦਾ ਸਲੀਕਾ, ਨਾ ਤੁਰਨ ਦੀ ਜਾਚ। ਉਹ ਬਿਲਕੁਲ ਉਜੱਡ ਤੇ ਜਾਹਲ ਸੀ। ਜਦੋਂ ਹੱਸਦੀ ਤਾਂ ਸਾਰੀ ਬੱਤੀਸੀ ਬਾਹਰ ਨਿਕਲ ਆਉਂਦੀ ਤੇ ਬਾਹਰ ਆਕਾਸ਼ ਨਿਰਮਲ ਹੁੰਦਿਆਂ ਵੀ ਅੰਦਰ ਘਨਘੋਰ ਬੱਦਲ ਗਰਜਦੇ ਸੁਣਦੇ। ਜਦੋਂ ਸੋਫ਼ੇ ਉੱਤੇ ਬੈਠਦੀ ਤਾਂ ਦੋਵੇਂ ਅੱਡੀਆਂ ਨਿਤੰਭਾਂ ਹੇਠਾਂ ਦੇ ਕੇ, ਗੋਡੇ ਬਗਲਾਂ ਨੂੰ ਚੌੜੇ ਕਰਕੇ, ਢੋਹ ਲਾ ਕੇ, ਅੱਧੀ ਕੁ ਲੰਮੀਂ ਪੈ ਜਾਂਦੀ। ਸਾਮ੍ਹਣੇ ਬੈਠਣ ਵਾਲੇ ਨੂੰ ਭਾਵੇਂ ਸ਼ਰਮ ਆਵੇ, ਪਰ ਉਸ ਨੂੰ ਕੋਈ ਫ਼ਰਕ ਨਾ ਪੈਂਦਾ। ਕਪਿਲ ਨਾਲ ਵਿਆਹ ਦਾ ਇਹ ਅਨਿਆਂ ਉਦੋਂ ਹੀ ਹੋ ਗਿਆ ਸੀ ਜਦੋਂ ਉਹ ਅਜੇ ਸੱਤਵੀਂ ਅੱਠਵੀਂ ਵਿਚ ਹੀ ਪੜ੍ਹਦਾ ਸੀ। ਉਸ ਦੇ ਦਾਦੇ ਦੀ ਮਰਨ ਤੋਂ ਪਹਿਲਾਂ ਇੱਕੋ ਹੀ ਇੱਛਾ ਸੀ ਕਿ ਕਪਿਲ ਦਾ ਵਿਆਹ ਉਸ ਦੇ ਇਕ ਮਿੱਤਰ ਦੀ ਪੋਤਰੀ ਨਾਲ ਹੋ ਜਾਵੇ। ਕਪਿਲ ਇਨ੍ਹਾਂ ਗੱਲਾਂ ਤੋਂ ਬਿਲਕੁਲ ਅਨਜਾਣ ਤੇ ਸਾਊ ਮੁੰਡਾ ਸੀ। ਉਸ ਨੇ ਚਾਈਂ-ਚਾਈਂ ਵਿਆਹ ਕਰਵਾਇਆ ਤਾਂ ਉਸ ਦੇ ਦਾਦੇ ਦੇ ਸ੍ਵਾਸ ਸੁਖਾਲੇ ਹੋ ਗਏ।

ਪੜ੍ਹਾਈ ਵਿਚ ਕਪਿਲ ਬੜਾ ਹੁਸ਼ਿਆਰ ਸੀ। ਇਸੇ ਲਈ ਉਸ ਦੇ ਮਾਪਿਆਂ ਨੇ ਲੜਕੀ ਵਾਲਿਆਂ ਦੇ ਜ਼ੋਰ ਦੇਣ ਤੇ ਵੀ ਕਪਿਲ ਦੀ ਪੜ੍ਹਾਈ ਵਿਚ ਗ੍ਰਹਿਸਥ ਜੀਵਨ ਦਾ ਵਿਘਨ ਨਾ ਪੈਣ ਦਿੱਤਾ। ਕਾਲਜ ਦੀ ਪੜ੍ਹਾਈ ਖ਼ਤਮ ਕਰਨ ਉਪਰੰਤ ਉਸ ਨੇ ਕਾਮਰਸ ਦੀ ਡਿਗਰੀ ਪ੍ਰਾਪਤ ਕੀਤੀ ਤੇ ਫਿਰ ਇਕ ਵੱਡੀ ਬਿਜ਼ਨਿਸ ਫ਼ਰਮ ਦਾ ਮੈਨੇਜਰ ਨਿਯੁਕਤ ਹੋ ਗਿਆ।

ਮਾਪਿਆਂ ਨੇ ਲੜਕੀ ਵਾਲਿਆਂ ਦੇ ਜ਼ੋਰ ਦੇਣ ’ਤੇ, ਉਸ ਨੂੰ ਇਕ ਸਾਊ ਪੁੱਤਰ ਵਾਂਗ ਆਪਣੀ ਪਤਨੀ ਲਿਆਉਣੀ ਹੀ ਪਈ। ਉਸ ਦੀ ਪਹਿਲੀ ਰਾਤ ਹੀ ਵਿਯੋਗ ਰਾਤ ਵਿਚ ਬਦਲ ਗਈ। ਉਸ ਦੇ ਸਾਰੇ ਚਾਅ ਮੱਠੇ ਪੈ ਗਏ। ਜਦੋਂ ਆਪਣੇ ਆਲੀਸ਼ਾਨ ਘਰ ਵਿਚ ਉਹ ਇਸ ਪ੍ਰੇਤ ਜਿਹੇ ਨੂੰ ਘੁੰਮਦਿਆਂ ਵੇਖਦਾ, ਤਾਂ ਉਸ ਦਾ ਅੰਦਰੋਂ ਅੰਦਰ ਰੁੱਗ ਭਰਿਆ ਜਾਂਦਾ—ਉਸ ਦਾ ਜੀਵਨ-ਸਾਥ ਦਾ ਸੁਫ਼ਨਾ ਚੀਨਾ-ਚੀਨਾ ਹੋ ਕੇ ਖਿੰਡ ਪੁੰਡ ਜਾਂਦਾ। ਉਹ ਕ੍ਰੋਧ ਨਾਲ ਬੇਹਾਲ ਹੋ ਜਾਂਦਾ।

ਜਦੋਂ ਉਹ ਹੋਰ ਫ਼ਰਮਾਂ ਦੇ ਆਪਣੇ ਸਹਿਕਰਮੀ ਮਿੱਤਰਾਂ ਅਤੇ ਆਪਣੇ ਕਿੱਤੇ ਦੇ ਹੋਰ ਸਾਥੀਆਂ ਦੇ ਘਰੀਂ ਜਾਂਦਾ, ਤਾਂ ਉਨ੍ਹਾਂ ਦੀਆਂ ਖ਼ੂਬਸੂਰਤ ਪਤਨੀਆਂ ਤੇ ਸ਼ਾਨਦਾਰ ਘਰੇਲੂ ਜ਼ਿੰਦਗੀ ਵਲ ਵੇਖ ਕੇ, ਉਸ ਦਾ ਹਉਕਾ ਜਿਹਾ ਨਿਕਲ ਜਾਂਦਾ। ਜਦੋਂ ਉਹ ਉਸ ਨੂੰ ਪੁੱਛਦੇ ਕਿ ਮਿਸਿਜ਼ ਕਪਿਲ ਕਿਉਂ ਨਹੀਂ ਆਏ ? ਤਾਂ ਉਹ ਛਿੱਥਾ ਜਿਹਾ ਪੈ ਕੇ ਝੇਂਪ ਜਾਂਦਾ। ਆਪਣੀ ਪਤਨੀ ਨਾਲ ਨਾ ਉਹ ਕਿਸੇ ਦੇ ਘਰ ਜਾ ਸਕਦਾ ਸੀ, ਨਾ ਕਲੱਬ

ਵਿਚ, ਨਾ ਬਾਜ਼ਾਰ ਤੇ ਨਾ ਹੀ ਸਿਨਮੇਂ। ਲੋਕ ਕੀ ਕਹਿਣਗੇ ? ਨਾ ਹੀ ਉਹ ਆਪਣੇ ਘਰ ਕਿਸੇ ਨੂੰ ਬੁਲਾ ਸਕਦਾ ਸੀ। ਆਪਣੇ ਹੱਥੀਂ ਆਪਣਾ ਚੌੜ ਚਾਨਣ ਕੋਈ ਕਿਵੇਂ ਵਿਖਾਏ ? ਉਹ ਕਿਸੇ ਅੱਗੇ ਮੂੰਹ ਦੇਣ ਜੋਗਾ ਨਹੀਂ ਸੀ।

ਸ਼ਾਮ ਨੂੰ ਜਦੋਂ ਹੁਸੀਨ ਜੋੜੇ ਹੱਥ ਵਿਚ ਹੱਥ ਪਾਈ ਜੀ. ਟੀ. ਰੋਡ ਅਤੇ ਨਹਿਰੂ ਗਾਰਡਨ ਵਿਚ ਚਹਿਲ-ਕਦਮੀਂ ਕਰਦੇ ਤਾਂ ਉਸ ਨੂੰ ਇੰਜ ਜਾਪਦਾ ਜਿਵੇਂ ਉਸ ਦੇ ਜੀਵਨ ਦਾ ਵਧੀਆ ਅੱਧ ਨਰਕ ਕੁੰਡ ਵਿਚ ਬਲ ਰਿਹਾ ਹੋਵੇ ਤੇ ਬਾਕੀ ਦਾ ਅੱਧ ਇਕ ਨਾਸੂਰ ਬਣ ਕੇ ਪ੍ਰਾਸ਼ਚਿਤ ਕਰ ਰਿਹਾ ਹੋਵੇ। ਸ਼ਾਮ ਨੂੰ ਜਦੋਂ ਉਹ ਬੀਅਰ ਬਾਰ ਵਿਚ ਬੈਠਦਾ ਤਾਂ ਨਾਲ ਦੇ ਕੈਬਨਾਂ ਵਿੱਚੋਂ ਸ਼ੋਖ ਕੁੜੀਆਂ ਤੇ ਮੁੰਡਿਆਂ ਦੇ ਨੀਮ ਸ਼ਰਾਬੀ ਹਾਸਿਆਂ ਦੀ ਗੂੰਜ ਉਸ ਦੇ ਅੰਦਰ ਦੇ ਖ਼ਲਾਅ ਨੂੰ ਹੋਰ ਵੀ ਵਧੇਰੇ ਵਿਸਤਰਤ ਕਰ ਦਿੰਦੀ। ਉਹ ਆਪਣੇ ਆਪ ਤੋਂ ਬੇਜ਼ਾਰ ਹੋਇਆ ਆਪਣੇ ਆਪ ਤੋਂ ਆਪਣਾ ਬੋਝ ਲਾਹੁਣ ਲਈ ਵਿਸਕੀ ਦੇ ਕਈ ਡਬਲ ਪੈੱਗ ਇੱਕੋ ਸਾਹੇ ਚੜ੍ਹਾ ਕੇ ਨਸ਼ੇ ਵਿਚ ਗੁਟ ਹੋ ਘਰ ਜਾ ਸੌਂਦਾ।

ਉਸ ਦੇ ਅੰਦਰ ਅਨੇਕਾਂ ਚਾਅ ਸਨ। ਕੋਈ ਕੁੜੀ ਉਸ ਨਾਲ ਬੈਠ ਕੇ ਬੀਅਰ ਪੀਵੇ, ਕਲੱਬ ਵਿਚ ਜਾਵੇ, ਡਾਂਸ ਕਰੇ ਤੇ ਫਿਰ ਇਕੱਠਿਆਂ ਡਾਂਸ ਕਰਦੇ ਕਦਮਾਂ ਦੀ ਗਤੀ ਏਨੀ ਤੇਜ਼ ਹੋ ਜਾਏ ਕਿ ਸਮੇਂ ਦੀ ਰਫ਼ਤਾਰ ਇਕਦਮ ਜਾਮ ਹੋ ਗਈ ਜਾਪੇ ! ਉਸ ਨੇ ਆਪਣੇ ਅੰਦਰਲੀ ਤ੍ਰੀਮਤ ਦੀ ਕਈ ਵਾਰ ਕਲਪਨਾ ਕੀਤੀ ਸੀ ਤੇ ਉਹ ਅਕਸਰ ਸੋਚਦਾ ਸੀ ਕਿ ਕੋਈ ਸੁਬਕ ਜਿਹੀ ਕੁੜੀ ਹੋਵੇ, ਸੁਡੌਲ ਤੇ ਸੁੰਦਰ ਜਿਸਮ ਵਾਲੀ, ਸਲੀਕੇ ਵਾਲੀ। ਚੁਸਤ ਪੋਸ਼ਾਕ ’ਚੋਂ ਜਿਸ ਦੇ ਅੰਗਾਂ ਦੀਆਂ ਗੋਲਾਈਆਂ ਡੁੱਲ੍ਹ-ਡੁੱਲ੍ਹ ਪੈਣ। ਗਜ਼-ਗਜ਼ ਲੰਮੇ ਵਾਲਾਂ ਵਾਲੀ ਗੱਲ ਉਸ ਨੂੰ ਬਿਲਕੁਲ ਦਕੀਆਨੂਸੀ ਜਾਪਦੀ ਸੀ। ਉਹ ਚਾਹੁੰਦਾ ਸੀ ਕਿ ਉਸ ਦੇ ਬਾਬ ਹੇਅਰ ਹੋਣ ਤੇ ਜਦੋਂ ਉਹ ਸੜਕ ’ਤੇ ਇਕੱਠੇ ਕੰਘੀ ਪਾ ਕੇ ਤੁਰਨ ਤਾਂ ਲੋਕ ਉਨ੍ਹਾਂ ਵੱਲ ਵੇਖਣ, ਵੇਖਦੇ ਹੀ ਰਹਿ ਜਾਣ। ਅਜਿਹੀ ਕੁੜੀ ਜਿਸ ਨਾਲ ਵਿਸਕੀ ਪੀਂਦਿਆਂ ਉਹ ਬੁੱਲ੍ਹਾਂ ਤੇ ਪਿਆਲਿਆਂ ਦਾ ਅੰਤਰ ਭੁੱਲ ਜਾਏ। ਨਿੰਮ੍ਹੀਂ-ਨਿੰਮ੍ਹੀਂ ਮੁਸਕੜੀ, ਹਲਕੀ-ਹਲਕੀ ਗੱਲ, ਮੌਨ ਸੰਕੇਤਾਂ ’ਚੋਂ ਡੁੱਲ੍ਹਦੇ ਮਚਲਦੇ ਹੋਏ ਅਰਥ, ਤੇ ਨੈਣਾਂ ’ਚ ਨਗਨ ਨ੍ਰਿਤ ਕਰਦੀ ਉਸ ਦੀ ਆਤਮਾ ਰੋਮ-ਰੋਮ ’ਚੋਂ ਅਨੇਕਾਂ ਸੋਮਿਆਂ ਵਾਂਗ ਫੁੱਟ ਕੇ ਉਸ ਨੂੰ ਆਪਣੇ ਆਲਿੰਗਣ ਵਿਚ ਲੈ ਲਵੇ, ਉਸ ਆਲਿੰਗਣ ਵਿਚ—ਜਿੱਥੇ ਆ ਕੇ—ਆਤਮਾ ਤੇ ਜਿਸਮ ਦੀ ਦੀਵਾਰ ਖ਼ਤਮ ਹੋ ਜਾਂਦੀ ਹੈ—ਜਿਸਮ, ਜਿਸਮ ਨਹੀਂ ਰਹਿੰਦਾ ਤੇ ਆਤਮਾ, ਆਤਮਾ ਨਹੀਂ ਰਹਿੰਦੀ। ਜਿੱਥੇ ਸਥੂਲ ਅੰਗਾਂ ਦੀ ਛੁਹ ਇਕ ਐਸੇ ਤਰਲ ਤੇ ਸੂਖਮ ਸੰਸਾਰ ਵਿਚ ਪਰਵੇਸ਼ ਕਰਦੀ ਹੈ, ਜਿਸ ਦਾ ਰਾਹ ਹਰ ਛਿਣ ਇਕ ਸਾਖਸ਼ਾਤ, ਪੂਰਨ ਤੇ ਜੀਵਤ ਆਨੰਦ ਹੁੰਦਾ ਹੈ। ਜਿੱਥੇ ਹੋਂਦ ਦੇ ਅਹਿਸਾਸ ਨਾਲੋਂ, ਹੋਂਦ ਦਾ ਸੁਆਦ ਵਧੇਰੇ ਹੁੰਦਾ ਹੈ। ਪਰ ਏਥੇ ਹਾਲਤ ਇਹ ਸੀ ਕਿ ਉਸ ਦੀ ਪਤਨੀ ਜ਼ਿੰਦਗੀ ਤੇ ਸਮੇਂ ਦੋਹਾਂ ਨੂੰ ਆਪਣੀ ਮੁੱਠੀ ਵਿਚ ਘੁੱਟੀ ਬੈਠੀ ਸੀ। ਨਾ ਜ਼ਿੰਦਗੀ ਦੇ ਬੀਤਣ ਦਾ ਅਹਿਸਾਸ ਹੁੰਦਾ ਸੀ, ਅਤੇ ਨਾ ਸਮੇਂ ਦੀ ਤੋਰ ਦਾ ! ਅਜਬ ਖ਼ਲਾਅ ਜਿਹਾ ਸੀ ! ਪਲ ਛਿਣ ਇਕ ਇਕ ਉਮਰ ਵਾਂਗ ਜਾਪਦੇ ਸਨ ਤੇ ਇਕ-ਇਕ ਉਮਰ ਛੱਪੜ ਦੇ ਬੁੱਸੇ ਪਾਣੀਆਂ ਵਾਂਗ ਬਿਲਕੁਲ ਪ੍ਰਵਾਹ-ਹੀਣ ਤੇ ਖੜੋਤੀ ਹੋਈ ਸੀ !

ਹਰ ਵਾਰ ਹੀ ਉਹ ਆਪਣੀ ਪਤਨੀ ਨੂੰ ਵੇਖਦਾ ਤੇ ਹਰ ਵਾਰ ਹੀ ਉਸ ਨੂੰ ਇਉਂ ਜਾਪਦਾ ਜਿਵੇਂ ਉਸ ਦੇ ਅੰਦਰ ਉਸ ਦਾ ਆਪਣਾ ਆਪ ਮਰ ਗਿਆ ਹੋਵੇ ! ਰੋਜ਼-ਰੋਜ਼ ਦੀ ਇਸ ਜੀਵਤ ਮੌਤ ਨੇ ਉਸ ਦੇ ਅੰਦਰ ਆਪਣੀ ਪਤਨੀ ਲਈ ਸਖ਼ਤ ਨਫ਼ਰਤ ਉਤਪੰਨ ਕਰ ਦਿੱਤੀ। ਖੜੋਤੀ ਜ਼ਿੰਦਗੀ ਵਿਚ ਲਮਕ ਕੇ ਠਹਿਰੇ ਹੋਏ ਸਮੇਂ ਨੇ ਫਿਰ ਅਚਾਨਕ ਤੇ ਬੜੀ ਤੇਜ਼ ਰਫ਼ਤਾਰੀ ਨਾਲ ਇਕ ਦਿਨ ਅਜਿਹਾ ਪਲਟਾ ਖਾਧਾ ਕਿ ਉਸ ਦੇ ਜੀਵਨ ਤੇ ਉਸ ਦੇ ਘਰ ਦਾ ਨਕਸ਼ਾ ਹੀ ਬਦਲ ਗਿਆ।

ਉਸ ਦੀ ਪਤਨੀ ਬੀਮਾਰ ਸੀ, ਸਖ਼ਤ ਬੀਮਾਰ। ਕਈ ਦਿਨਾਂ ਤੋਂ ਨਾ ਉਹ ਬਿਸਤਰੇ ਨੂੰ ਛੱਡਦੀ ਸੀ ਤੇ ਨਾ ਹੀ ਬੀਮਾਰੀ ਉਸ ਨੂੰ, ਜਿਵੇਂ ਉਸ ਦੀ ਪਤਨੀ ਦੀ ਲਮਕਦੀ ਹੋਈ ਜ਼ਿੰਦਗੀ ਰੋਗਾਂ ਨੂੰ ਆਪਣੀ ਹੋਂਦ ਜਤਾਉਣ ਵਾਸਤੇ ਜ਼ਰੂਰੀ ਜਾਪਦੀ ਹੋਵੇ। ਪਰ ਕਪਿਲ ਦੀ ਸਹਿਨ-ਸ਼ਕਤੀ ਇਸ ਨਰਕ ਦੇ ਖ਼ਾਤਮੇ ਦੇ ਲੰਮੇ

ਇੰਤਜ਼ਾਰ ਤੋਂ ਜਵਾਬ ਦੇ ਗਈ ਤੇ ਫਿਰ ਇਕ ਰਾਤ ਉਸ ਨੇ ਆਪਣੀ ਪਤਨੀ ਨੂੰ ਨੀਂਦ ਦੀਆਂ ਗੋਲੀਆਂ ਦੀ ਓਵਰ ਡੋਜ਼ ਦੇ ਕੇ ਆਪਣੇ ਜੀਵਨ ਦੇ ਇਸ ਤਾਮਸ ਪੱਖ ਦਾ ਸਦਾ ਲਈ ਖ਼ਾਤਮਾ ਕਰ ਦਿੱਤਾ। ਸਵੇਰੇ ਜਦੋਂ ਉਸ ਨੇ ਵੇਖਿਆ ਕਿ ਉਸ ਦੀ ਜਾਹਲ ਪਤਨੀ ਸਦਾ ਦੀ ਨੀਂਦ ਸੁੱਤੀ ਪਈ ਹੈ, ਤਾਂ ਉਹ ਮਨ ਹੀ ਮਨ ਹੱਸਿਆ ਤੇ ਕੁਝ ਪਸ਼ੇਮਾਨ ਵੀ ਹੋਇਆ ਕਿ ਉਸ ਨੇ ਇਸ ਮੁਕਤੀ ਦੇ ਛਿਣ ਨੂੰ ਏਨਾ ਚਿਰ ਕਿਉਂ ਲਮਕਾਈ ਰਖਿਆ ? ਇਹ ਸਭ ਕੁਝ ਅੱਜ ਤੋਂ ਬਹੁਤ ਦੇਰ ਪਹਿਲਾਂ ਹੋ ਜਾਣਾ ਚਾਹੀਦਾ ਸੀ। ਜੇ ਕੋਈ ਨਰਕ ਹੈ ਤਾਂ ਉਸ ਨੂੰ ਕੋਈ ਮਰ ਕੇ ਤਾਂ ਭੋਗ ਸਕਦਾ ਹੈ, ਪਰ ਜਿਉਂਦੇ ਜੀ ਕਿਉਂ ਭੋਗੇ ? ਕਪਿਲ ਨੂੰ ਆਪਣੀ ਪਤਨੀ ਦੀ ਮੌਤ ’ਤੇ ਜ਼ਰਾ ਵੀ ਅਫ਼ਸੋਸ ਨਹੀਂ ਸੀ। ਉਸ ਨੇ ਆਪਣੇ ਲਈ ਤੇ ਉਸ ਦੇ ਲਈ—ਦੋਹਾਂ ਵਾਸਤੇ ਹੀ ਨਿਰਵਾਣ ਦਾ ਰਸਤਾ ਲੱਭਿਆ ਸੀ।

ਦੂਸਰੇ ਦਿਨ ਸ਼ਾਮ ਨੂੰ ਜਦੋਂ ਉਹ ਘਰ ਆਇਆ ਤਾਂ ਸੌ ਵਾਟ ਦੇ ਬਲਬ ਅਤੇ ਦੂਧੀਆ ਟਿਊਬ ਦਾ ਚਾਨਣ ਵੀ ਉਸ ਨੂੰ ਕੁਝ ਮੱਧਮ ਜਿਹਾ ਲੱਗਾ। ਉਸ ਦੀ ਪਤਨੀ ਦੀ ਅਹੋਂਦ ਵਿਚ ਇਹ ਚਾਨਣ ਫਿੱਕਾ ਪੈਂਦਾ-ਪੈਂਦਾ ਇਕਦਮ ਅਨ੍ਹੇਰੇ ਵਿਚ ਬਦਲ ਗਿਆ ਤੇ ਉਸ ਵਿੱਚੋਂ ਰੌਸ਼ਨੀ ਦੇ ਇਕ ਹਾਲੇ ਵਿਚ ਘਿਰਿਆ ਉਸ ਦੀ ਪਤਨੀ ਦਾ ਚਿਹਰਾ ਉੱਭਰਿਆ—ਵਿਕਰਾਲ, ਭਿਆਨਕ ਤੇ ਉਸ ਦੇ ਹਾਸੇ ਨਾਲ ਬੱਦਲ ਗਰਜੇ—ਬਿਜਲੀ ਲਿਸ਼ਕੀ ਤੇ ਕਪਿਲ ਦੀ ਚੀਕ ਨਿਕਲ ਗਈ। ਹੌਲੀ-ਹੌਲੀ ਉਸ ਨੇ ਅੱਖਾਂ ਖੋਲ੍ਹੀਆਂ। ਤੇ ਫਿਰ ਆਪਣੇ ਆਪ ਤੇ ਆਪ ਹੀ ਖੁੱਲ੍ਹ ਕੇ ਹੱਸਿਆ। ਉਸ ਨੂੰ ਭੂਤਾਂ ਪ੍ਰੇਤਾਂ ਤੇ ਕੋਈ ਵਿਸ਼ਵਾਸ ਨਹੀਂ ਸੀ। ਆਪਣੇ ਜ਼ਿਹਨ ਤੋਂ ਨਸ਼ੇ ਦੇ ਭੈ ਦੇ ਪ੍ਰਭਾਵ ਨੂੰ ਉਸ ਨੇ ਝਟਕਾ ਜਿਹਾ ਮਾਰ ਕੇ ਛੰਡਿਆ ਤੇ ਇਸ ਖ਼ਿਆਲ ਨਾਲ ਮੁਸਕਰਾ ਪਿਆ ਕਿ ਉਸ ਨੇ ਕੋਈ ਹੱਤਿਆ ਨਹੀਂ ਕੀਤੀ, ਸਗੋਂ ਮੁਕਤੀ ਦਾ ਰਾਹ ਲੱਭਿਆ ਸੀ—ਜਿਉਂਦੀ ਮੌਤ ਤੋਂ ਮੁਕਤੀ ਦਾ ਰਾਹ।

ਜਦੋਂ ਤੋਂ ਉਸ ਦੀ ਪਤਨੀ ਦੀ ਮੌਤ ਦੀ ਖ਼ਬਰ ਉਸ ਦੀ ਸੋਸਾਇਟੀ ਦੇ ਹਲਕੇ ਵਿਚ ਫੈਲੀ ਸੀ, ਬਹੁਤ ਸਾਰੀਆਂ ਸ਼ੋਖ ਸੋਸਾਇਟੀ ਗਰਲਜ਼ ਉਸ ਦੇ ਨਜ਼ਦੀਕ ਆਉਣ ਲੱਗ ਪਈਆਂ ਸਨ। ਦਫ਼ਤਰੋਂ ਸਿੱਧਾ ਉਹ ਕਦੇ ਕਿਸੇ ਤੇ ਕਦੇ ਕਿਸੇ ਕੁੜੀ ਨੂੰ ਨਾਲ ਲੈ ਕੇ ਡੀਲਕਸ ਹੋਟਲ ਵਿਚ ਰੀਜ਼ਰਵ ਕਰਵਾਏ ਆਪਣੇ ਕਮਰੇ ਵਿਚ ਆ ਜਾਂਦਾ। ਵਿਸਕੀ ਦੇ ਦੌਰ ਚਲਦੇ। ਅੱਯਾਸ਼ੀ ਹੁੰਦੀ ਤੇ ਉਹ ਇਸੇ ਨਸ਼ੇ ਵਿਚ ਬਹੁਤ ਵਾਰੀ ਉੱਥੇ ਹੀ ਸੌਂ ਜਾਂਦਾ। ਤਿੰਨ ਚਾਰ ਮਹੀਨੇ ਦੀਆਂ ਇਨ੍ਹਾਂ ਰੰਗ-ਰਲੀਆਂ ਤੋਂ ਬਾਅਦ ਉਸ ਦੇ ਅੰਦਰ ਫਿਰ ਇਕ ਖ਼ਲਾਅ ਜਿਹਾ ਉਤਪੰਨ ਹੋਣ ਲੱਗ ਪਿਆ। ਜੋ ਕੁੜੀ ਰਾਤ ਉਸ ਕੋਲ ਹੁੰਦੀ, ਦੂਸਰੀ ਸ਼ਾਮ ਕਿਸੇ ਹੋਰ ਨਾਲ ਜਾ ਰਹੀ ਹੁੰਦੀ। ਇਹ ਵੇਖ ਕੇ ਉਸ ਦੇ ਅੰਦਰ ਇਕ ਖੋਹ ਜਿਹੀ ਪੈਂਦੀ—ਕਿਸੇ ਇਕ ਨੂੰ ‘ਆਪਣੀ’ ‘ਸਿਰਫ਼ ਆਪਣੀ’ ਕਹਿਣ, ਸਮਝਣ ਤੇ ਬਨਾਉਣ ਦੀ ਇੱਛਾ ਪ੍ਰਬਲ ਹੁੰਦੀ। ਉਹ ਤਾਂ ਜਿਸਮ ਦੀਆਂ ਵਿਰਲਾਂ ’ਚੋਂ ਗੁਜ਼ਰ ਕੇ ਸਾਕਾਰ ਆਤਮਾ ਨੂੰ ਆਪਣੇ ਆਲਿੰਗਣ ਵਿਚ ਲੈਣ ਲਈ ਤੜਪ ਰਿਹਾ ਸੀ ਤੇ ਫਿਰ ਇਸ ਆਤਮਾ ਦੀ ਸੂਖ਼ਮਤਾ ’ਚੋਂ ਉਹ ਜਿਸਮ ਦੇ ਸਥੂਲ ਰੂਪ ਨੂੰ ਮਾਨਣਾ ਚਾਹੁੰਦਾ ਸੀ। ਇਨ੍ਹਾਂ ਸੋਚਾਂ ਵਿਚ ਹੀ, ਇਕ ਦਿਨ, ਉਹ ਸੰਗ-ਹੀਣ ਡੀਲਕਸ ਹੋਟਲ ਵਿਚ ਆਪਣੇ ਕਮਰੇ ਵਲ ਵਧ ਰਿਹਾ ਸੀ, ਕਿ ਇਕ ਆਵਾਜ਼ ਨੇ ਉਸ ਦਾ ਰਸਤਾ ਰੋਕ ਲਿਆ।

“ਹੈਲੋ ਮਿਸਟਰ ਕਪਿਲ, ਕਮ ਇਨ ... ਕਮ ਇਨ ਪਲੀਜ਼।”

ਉਸ ਦੇ ਸਾਹਮਣੇ ਊਸ਼ਾ ਖਲੋਤੀ ਸੀ। ਜਿਸ ਦੀ ਸੰਗੀਤਮਈ ਆਵਾਜ਼ ਨੇ ਉਸ ਦੇ ਧੁਰ ਅੰਦਰਲੇ ਮਨੁੱਖ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਉਸ ਦੇ ਅੰਦਰ ਕੋਈ ਸੁਗੰਧ ਜਿਹੀ ਫੈਲਾ ਦਿੱਤੀ ਸੀ। ਊਸ਼ਾ ... ਮਹੀਨ ਪੋਸ਼ਾਕ ’ਚੋਂ ਡੁੱਲ੍ਹ-ਡੁੱਲ੍ਹ ਪੈਂਦੀਆਂ ਮਰਮਰੀ ਅੰਗਾਂ ਦੀਆਂ ਗੋਲਾਈਆਂ—ਬਾਬ ਹੇਅਰ ਤੇ ਸਾਗਰ ਤੋਂ ਡੂੰਘੇ ਨੈਣ—ਜਿਵੇਂ ਮਰਮਰ ’ਚੋਂ ਤਰਾਸ਼ੀ ਹੋਈ ਕੋਈ ਮੂਰਤੀ ਹੋਵੇ ! ਊਸ਼ਾ ਨੂੰ ਕਈ ਵਾਰ ਉਸ ਨੇ ਹੋਟਲ ਵਿਚ ਆਉਂਦੇ ਜਾਂਦੇ ਤੱਕਿਆ ਸੀ। ਉਸ ਬਾਰੇ ਪੁੱਛ ਗਿੱਛ ਕੀਤੀ ਸੀ। ਪਰ ਰਸਮੀਂ ਤੁਆਰਫ਼ ਕਦੇ ਨਹੀਂ ਸੀ ਹੋਇਆ। ਅੱਜ ਊਸ਼ਾ ਨੇ ਉਸ ਨੂੰ ਆਪ ਹੀ ਬੁਲਾ ਲਿਆ ਸੀ। ਉਹ ਡੌਰ ਭੌਰਾ ਜਿਹਾ ਜੱਕੋ ਤੱਕੀ ਵਿਚ ਖੜੋਤਾ ਸੀ

ਕਿ ਊਸ਼ਾ ਨੇ ਸਟੇਟ ਐਕਸਪ੍ਰੈਸ ਦੇ ਸਿਗਰਟ ਦਾ ਧੂੰਆਂ ਉਸ ਦੇ ਮੂੰਹ 'ਤੇ ਛੱਡਦੇ ਹੋਇਆਂ ਬੜੀ ਸ਼ੋਖੀ ਤੇ ਜੁਰੱਅਤ ਨਾਲ ਆਖਿਆ।

"ਕਮ ਇਨ ਮਿਸਟਰ ਕਪਿਲ, ਹੈਵ ਸਮ ਵਿਸਕੀ ਐਂਡ ਫ਼ੀਲ ਦਾ ਟਚ ਆਫ਼ ਲਾਈਫ਼।"

ਉਹ ਪੂਰੇ ਜਲੌ ਵਿਚ ਜਾਪਦੀ ਸੀ ਤੇ ਉਸ ਦੇ ਰੋਮ-ਰੋਮ 'ਚੋਂ ਕਾਮ-ਮੱਤੀ ਇਸਤਰੀ ਦੀ ਤਿਆਰ-ਬਰ-ਤਿਆਰ ਸੁਗੰਧ ਆ ਰਹੀ ਸੀ। ਉਸਨੇ ਬਿਨਾਂ ਪੁੱਛਿਆਂ ਦੋ ਗਲਾਸਾਂ ਵਿਚ ਵਿਸਕੀ, ਜਿੰਜਰ ਏਲ ਤੇ ਬਰਫ਼ ਮਿਕਸ ਕਰਕੇ ਇਕ ਗਲਾਸ ਕਪਿਲ ਦੇ ਹੋਠਾਂ ਨੂੰ ਲਾ ਦਿੱਤਾ। ਗਲਾਸਾਂ ਦੀ ਖਣਕ ਤੇ ਅੰਗਾਂ ਵਿਚ ਮਚਲਦੀ ਨਸ਼ੇ ਦੀ ਤੇਜ਼ੀ ਤੇ ਕਾਮ ਦੀ ਗਰਮੀ ਨੇ ਉਸ ਨੂੰ ਊਸ਼ਾ ਦੇ ਏਨਾ ਨੇੜੇ ਲੈ ਆਂਦਾ, ਜਿਵੇਂ ਉਹ ਜੁੱਗਾਂ ਜੁੱਗਾਂ ਦੇ ਵਾਕਫ਼ ਹੋਣ।

ਊਸ਼ਾ ਦੇ ਮਰਮਰੀ ਜਿਸਮ—ਸੂਖ਼ਮ ਤੇ ਤਰਲ ਤ੍ਰਿਸ਼ਨਾ ਵਿਚ ਤਪ ਰਹੀਆਂ ਅੰਗਾਂ ਦੀਆਂ ਗੋਲਾਈਆਂ ਤੇ ਫਿਰਦੇ ਕਪਿਲ ਦੇ ਪੋਟਿਆਂ ਨੇ, ਜ਼ਿੰਦਗੀ ਵਿਚ ਪਹਿਲੀ ਵਾਰ ਉਸ ਨੂੰ ਆਤਮਾ ਦੇ ਏਨਾ ਨਿਕਟ ਲੈ ਆਂਦਾ, ਜਿੱਥੇ ਆ ਕੇ ਜਿਸਮ ਆਤਮਾ ਦੇ ਰਾਹ ਦੀ ਦੀਵਾਰ ਨਹੀਂ ਬਣਦਾ, ਸਗੋਂ ਉਸ ਤਕ ਪਹੁੰਚਣ ਦਾ ਇਕ ਵਸੀਲਾ ਬਣ ਜਾਂਦਾ ਹੈ।

ਕਪਿਲ ਬਹੁਤ ਖ਼ੁਸ਼ ਸੀ ਕਿ ਆਖ਼ਿਰ ਉਸ ਨੂੰ ਉਹ ਕੁੜੀ ਮਿਲ ਹੀ ਗਈ—ਜਿਸ ਦੀ ਉਸ ਨੂੰ ਇਕ ਮੁੱਦਤ ਤੋਂ ਤਲਾਸ਼ ਸੀ, ਜੋ ਉਸ ਅੰਦਰਲੀ ਤ੍ਰੀਮਤ ਨਾਲ ਇੰਨ ਬਿੰਨ ਮੇਲ ਖਾਂਦੀ ਸੀ। ਮਹੀਨੇ ਦੇ ਪਹਿਲੇ ਪੰਦਰਾਂ ਦਿਨਾਂ ਵਿਚ ਹੀ ਉਸ ਨੇ ਸਾਰੀ ਦੀ ਸਾਰੀ ਤਨਖ਼ਾਹ ਤੇ ਜਮ੍ਹਾਂ ਪੂੰਜੀ ਵਿਸਕੀ ਤੇ ਅੱਯਾਸ਼ੀ ਦੇ ਲੇਖੇ ਲਾ ਦਿੱਤੀ। ਊਸ਼ਾ ਨੇ ਉਸ ਨਾਲ ਪਿਆਰ ਦੇ ਕੌਲ ਕਰਾਰ ਕੀਤੇ। ਕਪਿਲ ਨੂੰ ਇੰਜ ਜਾਪਿਆ ਜਿਵੇਂ ਉਸ ਨੂੰ ਸਾਰਾ ਜਹਾਨ ਮਿਲ ਗਿਆ ਹੋਵੇ।

ਪਿਛਲੇ ਪੰਦਰਾਂ ਸੋਲਾਂ ਦਿਨਾਂ ਦੀ ਵਿਸਮਾਦ ਭਰੀ ਜ਼ਿੰਦਗੀ ਨੂੰ ਸਿਮਰਨ ਵਿਚ ਵਸਾ ਅੱਜ ਉਹ ਦਫ਼ਤਰੋਂ ਜ਼ਰਾ ਪਹਿਲਾਂ ਹੀ ਤੁਰ ਪਿਆ। ਉਹ ਕਾਹਲੇ ਕਦਮੀਂ ਹੋਟਲ ਵਲ ਵਧ ਰਿਹਾ ਸੀ, ਊਸ਼ਾ ਉਸ ਦਾ ਇੰਤਜ਼ਾਰ ਕਰ ਰਹੀ ਸੀ।

"ਹੈਲੋ ਕਪਿਲ, ਆਈ ਵਾਜ਼ ਵੇਟਿੰਗ ਫ਼ਾਰ ਯੂ।"

ਉਸ ਨੇ ਵੇਖਿਆ ਕਿ ਊਸ਼ਾ ਅਰਧ-ਨਗਨ ਅਵਸਥਾ ਵਿਚ ਸੋਫ਼ੇ ਤੇ ਬੈਠੀ ਸਿਗਰਟ ਪੀ ਰਹੀ ਸੀ। ਉਸ ਦੇ ਸਾਮ੍ਹਣੇ ਤਿਪਾਈ ਤੇ ਵਿਸਕੀ ਦੀ ਬੋਤਲ ਤੇ ਗਲਾਸ ਪਏ ਸਨ। ਬਿਸਤਰੇ ਤੇ ਬੇਸ਼ੁਮਾਰ ਸਿਲਵਟਾਂ ਸਨ। ਜਿਵੇਂ ਕੋਈ ਬੜਾ ਜ਼ਬਰਦਸਤ ਘੋਲ ਕਰਕੇ ਹਟਿਆ ਹੋਵੇ। ਉਸ ਦੇ ਜ਼ਿਹਨ ਵਿਚ ਇਕ ਛਣਾਕਾ ਜਿਹਾ ਹੋਇਆ ... "ਵਿਸਕੀ ਕਿੱਥੋਂ ?" ਇਸ ਪ੍ਰਸ਼ਨ ਦੇ ਹੋਠਾਂ ਤਕ ਅਪੜਦੇ ਅਪੜਦੇ ਸ਼ਬਦ ਖਿੰਡ ਪੁੰਡ ਗਏ ਤੇ ਉਹ ਕੇਵਲ ਏਨਾ ਹੀ ਕਹਿ ਸਕਿਆ, "ਊਸ਼ਾ, ਇਹ ਕੀ ?"

"ਕੁਝ ਨਹੀਂ ਮਿਸਟਰ ਕਪਿਲ, ਇਸ ਤਰ੍ਹਾਂ ਕਿਉਂ ਖੜ੍ਹੇ ਹੋ, ਹੈਵ ਸਮ ਵਿਸਕੀ।"

ਪਰ ਜਦੋਂ ਉਹ ਬੋਲਣ ਦੀ ਥਾਂ ਇਕ ਟਕ ਬਿਸਤਰੇ ਵਲ ਵੇਖੀ ਗਿਆ ਤਾਂ ਉਹ ਉਸ ਨੂੰ ਬਾਹੋਂ ਫੜ ਸੋਫ਼ੇ 'ਤੇ ਬਿਠਾਉਂਦੀ ਹੋਈ ਬੋਲੀ, "ਇਟ ਇਜ਼ ਜਸਟ ਨਾਰਮਲ ! ਡੌਂਟ ਵਰੀ—ਮੈਂ ਕਿਹਾ ਹੋਟਲ ਦਾ ਬਿਲ ਦੇਣਾ ਹੈ—ਕਮਰੇ ਦਾ ਕਿਰਾਇਆ ਵੀ ਦੇਣਾ ਹੈ, ਤੇ ਫਿਰ ਵਿਸਕੀ—ਪੀਓ ਨਾ ..."

ਕਪਿਲ ਦਾ ਸਾਰਾ ਸੁਪਨਾ ਚਕਨਾ ਚੂਰ ਹੋ ਗਿਆ ਸੀ, ਉਹ ਗੁੱਸੇ ਨਾਲ ਏਨਾਂ ਭਰਿਆ ਪੀਤਾ ਸੀ, ਕਿ ਉਸ ਦੇ ਮੂੰਹੋਂ ਇਕ ਸ਼ਬਦ ਵੀ ਨਾ ਨਿਕਲ ਸਕਿਆ।

ਉਸ ਨੂੰ ਵਿਸਕੀ ਦਾ ਗਲਾਸ ਖ਼ਾਲੀ ਕਰਦਿਆਂ ਵੇਖ ਕੇ ਊਸ਼ਾ ਬੋਲੀ, "ਏਨੇ ਵੀ ਪੁਰਾਣੇ ਖ਼ਿਆਲ ਕੀ ਹੋਏ ? ਅੱਛਾ ਪਲੀਜ਼ ਡੌਂਟ ਬੀ ਐਂਗਰੀ—ਜੇ ਬੁਰਾ ਲੱਗਦਾ ਹੈ ਤਾਂ ਮੈਂ ਅੱਗੋਂ ਲਈ ਕੰਨ ਪਕੜਦੀ ਹਾਂ—ਪਰਾਮਿਜ਼—ਪਰ ਮੇਰੇ ਕੋਲੋਂ ਤੁਹਾਡਾ ਇਹ ਗੁੱਸਾ ਨਹੀਂ ਵੇਖਿਆ ਜਾਂਦਾ।"

ਕਪਿਲ ਨੂੰ ਕੁਝ ਨਹੀਂ ਸੀ ਸੁੱਝ ਰਿਹਾ। ਉਸ ਨੂੰ ਇਉਂ ਲੱਗਾ, ਜਿਵੇਂ ਉਹ ਪੌੜੀ ਦੇ ਸਿਖਰਲੇ ਡੰਡੇ

ਤੇ ਪਹੁੰਚ ਕੇ ਮੰਜ਼ਲ ਛੂਹਣ ਹੀ ਲੱਗਾ ਹੋਵੇ, ਕਿ ਕਿਸੇ ਨੇ ਹੇਠੋਂ ਪੌੜੀ ਖਿੱਚ ਲਈ ਹੋਵੇ ਤੇ ਉਹ ਮੁੜ ਧਰਤੀ ਤੇ ਚੌਫਾਲ ਢੱਠਾ—ਬੇਹਰਕਤ—ਖੁੱਸੇ ਸਮੇਂ ਵਲ ਬਿਟ-ਬਿਟ ਵੇਖ ਰਿਹਾ ਹੋਵੇ। ਉਸ ਨੇ ਸਾਮ੍ਹਣੇ ਪਈ ਬੋਤਲ ਵਿੱਚੋਂ ਉੱਤੋੜਿੱਤੀ ਦੋ-ਤਿੰਨ ਗਲਾਸ ਭਰ ਕੇ ਪੀ ਲਏ। ਊਸ਼ਾ ਵੀ ਉਸ ਦਾ ਸਾਥ ਦੇ ਰਹੀ ਸੀ। ਉਸ ਰਾਤ ਉਹ ਇਕ ਦੂਜੇ ਦੀ ਗਲਵਕੜੀ ਵਿਚ ਖ਼ੂਬ ਰੱਜ ਕੇ ਰੋਏ ! ਉਨ੍ਹਾਂ ਦੋਹਾਂ ਨੇ ਇਕ ਦੂਜੇ ਕੋਲ ਆਪਣੇ ਅੰਦਰ ਦਾ ਦਰਦ ਸਾਂਝਾ ਕੀਤਾ, ਦਿਲ ਫੋਲਿਆ। ਊਸ਼ਾ ਸਾਰੀ ਰਾਤ ਵਫ਼ਾ ਦੇ ਵਾਸਤੇ ਪਾ ਪਾ ਕੇ, ਉਸ ਨੂੰ ਮਨਾਉਂਦੀ, ਵਰਚਾਉਂਦੀ ਤੇ ਸੁਆਉਂਦੀ ਰਹੀ। ਊਸ਼ਾ ਨੇ ਉਸ ਨੂੰ ਆਲਿੰਗਣ ਵਿਚ ਲੈ ਕੇ ਉਸ ਦੀ ਸੁੰਨ ਖ਼ਲਾਅ ਨੂੰ ਫਿਰ ਭਰ ਦਿੱਤਾ ਸੀ ਤੇ ਜਿਵੇਂ ਬੱਦਲਾਂ ਦੇ ਬਰਸਣ ਤੋਂ ਬਾਅਦ ਅਕਾਸ਼ ਨਿਰਮਲ ਹੋ ਜਾਂਦਾ ਹੈ, ਇਵੇਂ ਹੀ ਉਸ ਨੂੰ ਆਪਣਾ ਆਪ ਹੌਲਾ-ਹੌਲਾ ਜਾਪਦਾ ਸੀ।

ਸਵੇਰੇ ਭਾਵੇਂ ਉਨ੍ਹਾਂ ਦੇ ਜ਼ਿਹਨ ਤੇ ਵਧੇਰੇ ਸ਼ਰਾਬ ਪੀਣ ਕਰਕੇ, ਹਲਕੇ ਹਲਕੇ ਸਿਰ ਦਰਦ ਦਾ ਅਸਰ ਸੀ, ਪਰ ਕਪਿਲ ਨੂੰ ਇੰਜ ਲੱਗਾ, ਜਿਵੇਂ ਉਸ ਨੂੰ ਉਸ ਦਾ ਖੁੱਸਾ ਹੋਇਆ ਘਰ, ਸਵਰਗ ਮੁੜ ਕੇ ਮਿਲ ਗਿਆ ਹੋਵੇ—ਉਹ ਹੌਲਾ ਫੁੱਲ ਹੋ ਗਿਆ ਹੋਵੇ। ਇਸੇ ਖ਼ੁਸ਼ੀ ਵਿਚ ਉਹ ਊਸ਼ਾ ਨੂੰ ਵਿਦਾ ਕਹਿ ਕੇ ਦਫ਼ਤਰ ਚਲਾ ਗਿਆ।

ਕਪਿਲ ਨੇ ਡੀਲਕਸ ਹੋਟਲ ਦੇ ਮੈਨੇਜਰ ਨੂੰ ਊਸ਼ਾ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਹੁਣੇ-ਹੁਣੇ ਕਮਰਾ ਨੰਬਰ ਉੱਨੀ ’ਚੋਂ ਉਸ ਨੇ ਰਿੰਗ ਕੀਤਾ ਹੈ, ਕਿ ਜੇ ਮਿਸਟਰ ਕਪਿਲ ਆਉਣ ਤਾਂ ਉਨ੍ਹਾਂ ਨੂੰ ਉੱਪਰ ਭੇਜ ਦੇਣ। ਕਪਿਲ ਲੰਮੇ-ਲੰਮੇ ਕਦਮੀਂ ਪੌੜੀਆਂ ਚੜ੍ਹਦਾ ਕਮਰਾ ਨੰਬਰ ਉੱਨੀ ਵਿਚ ਪਹੁੰਚਿਆ। ਊਸ਼ਾ ਬਿਸਤਰੇ ਤੇ ਬਿਲਕੁਲ ਨਗਨ ਲੇਟੀ ਹੋਈ ਸਿਗਰਟ ਪੀ ਰਹੀ ਸੀ। ਲਾਗੇ ਤਿਪਾਈ ’ਤੇ ਤਿੰਨ ਗਲਾਸ, ਵਿਸਕੀ ਤੇ ਜਿੰਜਰ ਏਲ ਦੀਆਂ ਬੋਤਲਾਂ ਪਈਆਂ ਸਨ। ਇਕ ਗਲਾਸ ਵਿਚ ਥੋੜ੍ਹੀ ਜਿਹੀ ਵਿਸਕੀ ਬਾਕੀ ਸੀ ਤੇ ਦੂਜੇ ਦੋਵੇਂ ਖ਼ਾਲੀ ਗਲਾਸ ਦੱਸਦੇ ਸਨ ਕਿ ਹੁਣੇ-ਹੁਣੇ ਏਥੋਂ ਦੋ ਆਦਮੀ ਉੱਠ ਕੇ ਗਏ ਹਨ। ਜ਼ੀਰੋ ਪਾਵਰ ਦੇ ਬਲਬ ਦੇ ਨੀਮ ਚਾਨਣੇ ਵਿਚ ਊਸ਼ਾ ਦਾ ਜਿਸਮ ਹੋਰ ਵੀ ਵਧੇਰੇ ਹੁਸੀਨ ਲੱਗ ਰਿਹਾ ਸੀ। ਉਸ ਨੇ ਸਿਗਰਟ ਦੀ ਰਾਖ ਝਾੜਦਿਆਂ ਬੈੱਡ-ਸਵਿੱਚ ਦਬਾਇਆ ਤਾਂ ਕਮਰਾ ਦੂਧੀਆ ਚਾਨਣ ਵਿਚ ਨਹਾ ਗਿਆ।

“ਹੈਲੋ ਕਪਿਲ ! ਮੈਂ ਤੇਰਾ ਹੀ ਇੰਤਜ਼ਾਰ ਕਰ ਰਹੀ ਸਾਂ। ਬੈਠ—ਬੈਠ—ਵਿਸਕੀ ਪੀ—।” ਪੱਟਾਂ ਵਿਚਾਲੇ ਤੌਲੀਏ ਨੂੰ ਘੁਟਦੀ ਹੋਈ ਉਹ ਤਿਪਾਈ ਦੇ ਦੂਜੇ ਪਾਸੇ ਸੋਫ਼ੇ ਤੇ ਬੈਠ ਚੁੱਕੇ ਕਪਿਲ ਵਲ ਇਕ ਮਸਰੂਰ ਨਿਗਾਹ ਸੁੱਟ ਕੇ ਬੋਲੀ।

“ਊਸ਼ਾ ਇਹ ਕੀ ? ਕੀ ਤੂੰ ਭੁੱਲ ਗਈ ਹੈਂ, ਕਿ ਏਥੇ ਬੈਠ ਕੇ ਹੀ ਅਸੀਂ ਇਸ ਗੁਨਾਹ ਨੂੰ ਛੱਡ ਕੇ ਇਕੱਠਿਆਂ ਇਕ ਨਵੀਂ ਜ਼ਿੰਦਗੀ ਦਾ ਅਰੰਭ ਕਰਨ ਬਾਰੇ ਸੋਚਿਆ ਸੀ ? ਇਕਰਾਰ ਕੀਤਾ ਸੀ ਤੇ ਅੱਜ ਫਿਰ ਤੂੰ ...”

ਉਹ ਸ਼ਰਾਬੀ ਅੱਖਾਂ ਨਚਾਉਂਦੀ ਹੋਈ ਬੋਲੀ, “ਨਵੀਂ ਜ਼ਿੰਦਗੀ ਦਾ ਆਰੰਭ ? ਇਕ ਹੋਰ ਦੰਭ ? ਇਸ ਜ਼ਿੰਦਗੀ ਵਿਚ ਕੀ ਕਮੀ ਹੈ, ਜੋ ਮੈਂ ਆਪਣੇ ਆਪ ਨਾਲ ਇਕ ਹੋਰ ਦੰਭ ਕਰਾਂ ?”

“ਪਰੰਤੂ ਆਪ ਹੀ ਤਾਂ ਤੂੰ ਵਾਅਦਾ ਕੀਤਾ ਸੀ ...”

“ਹਾਂ, ਹਾਂ, ਕੀਤਾ ਹੋਵੇਗਾ—ਸ਼ਰਾਬ ਦੇ ਨਸ਼ੇ ਵਿਚ ਮੈਂ ਬੜਾ ਬਕਵਾਸ ਕਰ ਜਾਂਦੀ ਹਾਂ। ਸਭ ਇਹੋ ਕਹਿੰਦੇ ਹਨ—ਅੱਜ ਤੂੰ ਵੀ ਕਹਿ ਲਿਆ।”

“ਨਹੀਂ, ਨਹੀਂ ਊਸ਼ਾ, ਉਸ ਵੇਲੇ ਤੇਰੇ ਅੱਥਰੂ ਤੇਰੇ ਅੰਦਰਲੀ ਆਤਮਾ ਦੀ ਸਾਖੀ ਭਰ ਰਹੇ ਸਨ—ਉਹ ਤੇਰੀ ਆਤਮਾ ਦੀ ਆਵਾਜ਼ ਸੀ—ਤੇਰੇ ਅੰਦਰਲੀ ਤ੍ਰੀਮਤ ਦੀ ਆਵਾਜ਼ ਸੀ।”

“ਹੂੰ, ਆਤਮਾ ਦੀ ਆਵਾਜ਼—ਉਹ ਮੇਰੀ ਆਤਮਾ ਦਾ ਪ੍ਰੇਤ ਹੋਵੇਗਾ, ਜੋ ਨਸ਼ੇ ਵਿਚ ਅਕਸਰ ਮੇਰੇ ’ਤੇ ਹਾਵੀ ਹੋ ਜਾਂਦਾ ਹੈ ... ਪਰ ... ਪਰ ... ਆਪਣੀ ਪਤਨੀ ਦੀ ਹੱਤਿਆ ਕਰਕੇ—ਜੁਰਮ ਦਾ ਪਾਤਰ ਬਣ ਕੇ ਤੂੰ ਅਜੇ ਵੀ ਆਤਮਾ ਦੇ ਬੋਝ ਨੂੰ ਚੁੱਕੀ ਫਿਰ ਰਿਹਾ ਹੈਂ—ਪਾਗਲ ਕਿਸੇ ਥਾਂ ਦਾ ... ਵੇਖ ਇਨ੍ਹਾਂ ਰੇਸ਼ਮੀ

ਅੰਗਾਂ ਦੀ ਜਵਾਲਾ ਵਲ ਵੇਖ—ਜਿਨ੍ਹਾਂ ਦੀ ਤਾਰੀਫ਼ ਕਰਦਿਆਂ ਤੂੰ ਕਵੀਆਂ ਵਾਂਗ ਨਿੱਤ ਨਵੀਂ ਉਪਮਾ ਦਿੰਦਾ ਹੈਂ—ਆ ਇਨ੍ਹਾਂ ਦੇ ਆਲਿੰਗਣ ਵਿਚ ਗੁਆਚ ਜਾ—ਊਸ਼ਾ ਮੈਂ ਨਹੀਂ, ਮੇਰੀ ਆਤਮਾ ਨਹੀਂ—ਮੇਰਾ ਜਿਸਮ ਹੈ, ਜਿਸਮ !"

ਕਪਿਲ ਨੇ ਊਸ਼ਾ ਨੂੰ ਵਾਲਾਂ ਤੋਂ ਫੜ ਕੇ ਝੰਜੋੜ ਸੁੱਟਿਆ। "ਕੀ ਬਕਵਾਸ ਕਰ ਰਹੀ ਹੈਂ ? ਕੀ ਤੂੰ ਸ਼ਰਾਬ ਦੇ ਨਸ਼ੇ ਵਿਚ ਏਨੀ ਹੀ ਬਦਮਸਤ ਹੋ ਗਈ ਹੈਂ ਕਿ ਤੇਰੀ ਆਤਮਾ ਬਿਲਕੁਲ ਹੀ ਮਰ ਚੁੱਕੀ ਹੈ ?"

ਤੜਾਕ ਦੀ ਆਵਾਜ਼ ਨਾਲ ਊਸ਼ਾ ਦੀ ਗੱਲ੍ਹ ਤੇ ਕਪਿਲ ਦਾ ਇਕ ਥੱਪੜ ਪਿਆ ਤਾਂ ਉਹ ਝੁੰਜਲਾ ਕੇ ਵਾਲ ਛੁਡਾਉਂਦੀ ਹੋਈ ਰੁਹਾਂਸੀ ਆਵਾਜ਼ ਵਿਚ ਸਿਰ ਝਟਕ ਕੇ ਬੋਲੀ, "ਹਾਂ, ਹਾਂ ਸੱਚ ਨੂੰ ਇਸ ਯੁੱਗ ਵਿਚ ਬਕਵਾਸ ਹੀ ਕਹਿੰਦੇ ਹਨ। ਪਰ ਮੈਂ ਪੁੱਛਦੀ ਹਾਂ ਉਸ ਵੇਲੇ ਤੇਰੀ ਆਤਮਾ ਕਿੱਥੇ ਸੀ, ਜਦੋਂ ਤੂੰ ਆਪਣੀ ਪਤਨੀ ਦੀ ਹੱਤਿਆ ਕੀਤੀ ਸੀ ? ਕੀ ਤੂੰ ਰੌਸ਼ਨੀ ਦੀ ਸੌਂਹ ਖਾ ਕੇ ਕਹਿ ਸਕਦਾ ਹੈਂ, ਕਿ ਅੱਜ ਦੇ ਯੁੱਗ ਵਿਚ ਵੀ ਆਤਮਾ ਨਾਂ ਦੀ ਕੋਈ ਚੀਜ਼ ਜਿਊਂਦੀ ਹੈ ?"

ਉਸ ਨੇ ਵਿਸਕੀ ਦਾ ਅੱਧਾ ਗਲਾਸ ਗਟਾ-ਗਟ ਚਾੜ੍ਹ ਕੇ ਅਰਕ ਨਾਲ ਬੁੱਲ੍ਹ ਪੂੰਝੇ ਤੇ ਫਿਰ ਦੂਰ ਖ਼ਲਾਅ ਵਲ ਸਵਾਲੀਆ ਨਜ਼ਰਾਂ ਨਾਲ ਵੇਖਦੀ ਹੋਈ ਬੋਲੀ—ਜਿਵੇਂ ਆਪਣੇ ਆਪ ਨੂੰ ਬੁੜ-ਬੁੜਾ ਰਹੀ ਹੋਵੇ।

"ਨਹੀਂ, ਨਹੀਂ, ਸਿਰਫ਼ ਜਿਸਮ ਜਿਊਂਦਾ ਹੈ, ਜਿਸਮ ਸੋਚਦਾ ਹੈ, ਜਿਸਮ ਹੀ ਮਹਿਸੂਸ ਕਰਦਾ ਹੈ, ਜਿਸਮ ਹੀ ਲੱਜ਼ਤ ਹੈ, ਜਿਸਮ ਹੀ ਸਭ ਭੋਗਦਾ ਹੈ, ਜਿਸਮ ਹੀ ਸਭ ਕੁਝ ਹੈ—ਜਿਸਮ ਹੀ ਅੱਜ ਦਾ ਪਰਮ ਸੱਚ ਹੈ—ਜਦ ਜਿਸਮ ਨਾ ਰਿਹਾ ਤਾਂ ਆਤਮਾ ਦਾ ਕੀ ਅਰਥ ਹੈ—ਆਤਮਾ ਨਾਲ ਢਿੱਡ ਨਹੀਂ ਭਰਦਾ ... ਆਤਮਾ ਨਾਲ ਜਿਸਮ ਨਹੀਂ ਜਾਗਦਾ ..."

ਫਿਰ ਉਹ ਨਸ਼ੇ ਦੀ ਲੋਰ ਵਿਚ ਸੱਜੇ ਹੱਥ ਦੀ ਉਂਗਲੀ ਨਚਾਉਂਦੀ ਹੋਈ ਫਿਸ ਪਈ ...

"ਮੇਰੀ ਆਤਮਾ ... ਹੂੰ ! ਹਾ-ਹਾ-ਹਾ-ਹਾ ... ਮੇਰੀ ਆਤਮਾ ਤਾਂ ਕਦ ਦੀ ਮਰ ਚੁੱਕੀ ਹੈ ! ਜਦੋਂ ਮੈਂ ਨਾ ਚਾਹੁੰਦਿਆਂ ਹੋਇਆਂ ਵੀ, ਬਦਨਾਮ ਤੇ ਲੋਕ-ਲਾਜ ਦੇ ਡਰ ਤੋਂ ਗਰਭਪਾਤ ਸਮੇਂ ਇਕ ਮਾਸੂਮ ਜਿੰਦ ਦੀ ਹੱਤਿਆ ਕਰਕੇ, ਆਪਣੀ ਕੁੱਖ ਨੂੰ ਆਉਣ ਵਾਲੇ ਸਮੇਂ ਲਈ ਸਦਾ ਵਾਸਤੇ ਕਬਰਸਤਾਨ ਬਣਾ ਛੱਡਿਆ ਸੀ। ਮੈਂ ਹੱਤਿਆਰੀ ਹਾਂ—ਤੇ ਤੈਨੂੰ ਪਤਾ ? ਜਿਸ ਦੀ ਖ਼ਾਤਰ ਮੈਨੂੰ ਇਹ ਸਭ ਕੁਝ ਕਰਨਾ ਪਿਆ ਸੀ, ਉਹ ਇਕ ਥਿੰਦਾ ਘੜਾ ਸੀ—ਮੇਰੀਆਂ ਮਿੰਨਤਾਂ, ਮੇਰੇ ਤਰਲਿਆਂ ਦਾ ਉਸ ਉੱਤੇ ਕੋਈ ਅਸਰ ਨਾ ਹੋਇਆ। ਇਕੱਠਿਆਂ ਉਮਰ ਬਤੀਤ ਕਰਨ, ਵਫ਼ਾ ਤੇ ਪਿਆਰ ਦੇ ਉਸ ਦੇ ਸਭ ਕੌਲ-ਕਰਾਰ ਖ਼ਲਾਅ ਵਿਚ ਛਾਈਂ ਮਾਈਂ ਹੋ ਗਏ ਤੇ ਉਸ ਦੇ ਗੁਨਾਹ ਦੇ ਫਲ ਨੂੰ ਮੇਰੀ ਕੁੱਖ ਦੀ ਕਬਰ ਨਸੀਬ ਹੋਈ—ਮੈਂ ਇਕ ਜਿਊਂਦਾ ਕਬਰਸਤਾਨ ਬਣ ਗਈ—ਤੇ ਉਸ ਨੇ ਸਦਾ ਲਈ ਮੇਰੇ ਵੱਲੋਂ ਮੂੰਹ ਭੁਆ ਲਿਆ ਤੇ ਮੇਰੀ ਨਜ਼ਰ ਸੌਂਹੇਂ ਦੂਰ ਜਾਂਦੀ-ਜਾਂਦੀ ਉਸ ਦੀ ਪਿੱਠ ਪਤਾ ਨਹੀਂ ਕਦੋਂ ਅਲੋਪ ਹੋ ਗਈ। ਮੇਰੇ ਲਈ ਆਦਮੀ ਦੀ ਪਹਿਚਾਣ—ਪਿੱਠ ਦੀ ਪਹਿਚਾਣ ਹੈ। ਆਦਮੀ ਦਾ ਮੂੰਹ ਨਹੀਂ ਹੁੰਦਾ—ਪਿੱਠ ਹੁੰਦੀ ਹੈ। ਤੇ ਇਸ ਪਿੱਠ ਦੇ ਉਹਲੇ ਵਿਚ ਉਹ ਆਪਣੇ ਆਪ ਨੂੰ ਹੀ ਨਹੀਂ ਸਭ ਨੂੰ ਧੋਖਾ ਦਿੰਦਾ ਹੈ। ਤੇ ਤੂੰ ... ਤੇ ਤੂੰ ...।"

ਕੁਝ ਸ਼ਬਦ ਉਸ ਦੇ ਬੁੱਲ੍ਹਾਂ 'ਤੇ ਆਉਂਦੇ-ਆਉਂਦੇ ਰੁਕ ਗਏ। ਉਸ ਨੇ ਤੌਲੀਏ ਨੂੰ ਇਕੱਠਿਆਂ ਕਰਕੇ ਖੂੰਜੇ ਵਲ ਵਗਾਹ ਮਾਰਿਆ। ਉਸ ਦੀਆਂ ਨਜ਼ਰਾਂ ਇਕ ਟੱਕ ਖੂੰਜੇ ਵਿਚ ਪਏ ਤੌਲੀਏ ਨੂੰ ਘੂਰ ਰਹੀਆਂ ਸਨ। ਕਪਿਲ ਨੂੰ ਇੰਜ ਮਹਿਸੂਸ ਹੋਇਆ, ਜਿਵੇਂ ਉਸ ਦੇ ਮਸਕਰੇ ਵਾਕ ਦਾ ਅਰਥ ਹੋਵੇ ਕਿ ਤੂੰ ਵੀ ਖੂੰਜੇ ਵਿਚ ਸੁੱਟੇ ਅਜਿਹੇ ਤੌਲੀਆਂ ਵਿੱਚੋਂ ਇਕ ਹੈਂ।

ਊਸ਼ਾ ਨੂੰ ਫਿਸਦਿਆਂ ਵੇਖ ਕੇ, ਉਸ ਨੇ ਹਿੰਮਤ ਨਾ ਹਾਰੀ ਤੇ ਆਪਣੇ ਅੰਦਰ ਦਾ ਸਾਰਾ ਦਰਦ ਆਪਣੀਆਂ ਅੱਖਾਂ ਤੇ ਆਵਾਜ਼ ਵਿਚ ਵਸਾ ਕੇ ਬੋਲਿਆ, "ਪਰ ਊਸ਼ਾ, ਮੈਂ ਤਾਂ ਇਹ ਸਭ ਕੁਝ ਜਾਣਦਿਆਂ ਹੋਇਆਂ ਵੀ ਤੇਰੇ ਨਾਲ ਇਕ ਸਾਰ ਉਮਰ ਬਿਤਾਉਣ, ਵਿਆਹ ਕਰਾਉਣ ਤੇ ਘਰ ਵਸਾਉਣ ਦਾ ਸੁਪਨਾ ਲਿਆ ਹੈ—ਇਕਰਾਰ ਕੀਤਾ ਹੈ—ਆ ਇਸ ਗੁਨਾਹ ਦੀ ਜ਼ਿੰਦਗੀ ਨੂੰ ਛੱਡੀਏ—ਨਾਲੇ ਤੂੰ ਆਪ ਹੀ ਤਾਂ ਕਹਿੰਦੀ ਸੈਂ ਕਿ ਜਦੋਂ ਤੂੰ

ਮੇਰੇ ਕੋਲ ਹੁੰਦੀ ਹੈਂ, ਤਾਂ ਤੈਨੂੰ ਇੰਜ ਲਗਦਾ ਹੈ, ਜਿਵੇਂ ਤੇਰੇ ਅੰਦਰੋਂ ਕੋਈ ਦੱਬੀ ਹੋਈ ਸੱਧਰ ਮੌਲ ਰਹੀ ਹੋਵੇ—ਜਿਵੇਂ ਤੇਰੀ ਸੁੱਤੀ ਹੋਈ ਆਤਮਾ, ਤੇਰੇ ਅੰਦਰਲੀ ਤ੍ਰੀਮਤ ਬੇਦਾਰ ਹੋ ਰਹੀ ਹੋਵੇ—ਜਿਵੇਂ ਤੂੰ ਆਪਣੇ ਘਰ ਆ ਗਈ ਹੋਵੇਂ ... ਤਾਂ ਕੀ ... ?"

"ਹਾਂ, ਹਾਂ, ਮੈਨੂੰ ਕਦੇ-ਕਦੇ ਇਸ ਤਰ੍ਹਾਂ ਹੀ ਲੱਗਦਾ ਹੈ ! ਪਰ ਮੇਰੀ ਆਤਮਾਂ ਹੀ ਤਾਂ ਸਭ ਕੁਝ ਨਹੀਂ। ਮੈਂ ਕੀ ਕਰਾਂ ? ਕੁਝ ਸਮਝ ਨਹੀਂ ਆਉਂਦੀ ..."

ਤੇ ਫਿਰ ਉਹ ਰੋਣ ਲੱਗ ਪਈ ... ਤੇ ਫਿਰ ਜਿਵੇਂ ਉਸ ਨੂੰ ਸੁੱਤਿਆਂ ਅਚਾਨਕ ਜਾਗ ਆ ਗਈ ਹੋਵੇ ! ਉਹ ਰੋਣਾ ਬੰਦ ਕਰਕੇ ਬੜੇ ਦ੍ਰਿੜ੍ਹ ਸ਼ਬਦਾਂ ਵਿਚ ਬੋਲੀ, "ਨਹੀਂ, ਨਹੀਂ ਕਪਿਲ—ਪਾਣੀ ਸਿਰ ਤੋਂ ਲੰਘ ਚੁੱਕਾ ਹੈ—ਮੇਰੇ ਜਿਸਮ ਦੀਆਂ ਵੀ ਕੁਝ ਲੋੜਾਂ ਹਨ ਤੇ ਉਹ ਏਨੀਆਂ ਵਧ ਚੁੱਕੀਆਂ ਹਨ ਕਿ ਸ਼ਰਾਬ ਵਿਚ ਗੁੱਟ ਹੋਏ ਬਿਨਾਂ ਇਸ ਨੂੰ ਜਾਗ ਨਹੀਂ ਆਉਂਦੀ ! ਇਸ ਨੂੰ ਜਾਗਦਿਆਂ ਰੱਖਣ ਲਈ ਹਵਾਈ ਗੱਲਾਂ ਦੀ ਨਹੀਂ—ਠੋਸ ਪਦਾਰਥ ਦੀ ਲੋੜ ਹੈ—ਠੋਸ ਹਕੀਕਤ ਦੀ ਲੋੜ ਹੈ। ਤੇਰੀ ਤਨਖ਼ਾਹ ਤਾਂ ਮਹੀਨੇ ਦੇ ਪਹਿਲੇ ਹਫ਼ਤੇ ਵਿਚ ਹੀ ਖ਼ਤਮ ਹੋ ਜਾਂਦੀ ਹੈ—ਬਾਕੀ ਦੇ ਤਿੰਨ ਹਫ਼ਤੇ ਮੈਂ ਕਿਸ ਤਰ੍ਹਾਂ ਆਪਣੇ ਜਿਸਮ ਦਾ ਮੁਰਦਾ ਚੁੱਕੀ ਫਿਰਾਂਗੀ ? ਨਹੀਂ ਨਹੀਂ—ਮੈਂ ਆਪਣੇ ਜਿਸਮ ਨੂੰ ਜਾਗਦੇ ਰੱਖਣਾ ਹੈ—ਤੇ ਜਦੋਂ ਇਹ ਜਾਗਦਾ ਹੈ, ਤਾਂ ਪੰਜ ਸੱਤ ਵੈਲੀ ਮਰਦਾਂ ਨਾਲ ਸੰਗ ਕੀਤੇ ਬਿਨਾਂ, ਇਸ ਨੂੰ ਤ੍ਰਿਪਤੀ ਨਹੀਂ ਹੁੰਦੀ। ਕੀ ਤੂੰ ਇਸ ਨੂੰ ਜਾਗਦਿਆਂ ਰੱਖ ਸਕਦਾ ਹੈਂ ? ਕੀ ਤੂੰ ਇਸ ਨੂੰ ਤ੍ਰਿਪਤ ਕਰ ਸਕਦਾ ਹੈਂ ? ਨਹੀਂ-ਨਹੀਂ ... ! ਇਹ ਤੇਰੇ ਵੱਸ ਦਾ ਰੋਗ ਨਹੀਂ—ਕਪਿਲ ਤੂੰ ਮੈਨੂੰ ਕੁਰਾਹੇ ਨਾ ਪਾ ... ਅੱਜ ਜੋ ਰੂਹ ਦੀ ਗੱਲ ਕਰਦਾ ਹੈ, ਮੈਨੂੰ ਮੱਕਾਰ ਲੱਗਦਾ ਹੈ—ਨਿਪੁੰਸਕ ਲੱਗਦਾ ਹੈ ! ਅੱਜ ਦਾ ਸੱਚ ਜਿਸਮ ਹੈ—ਪਦਾਰਥ ਹੈ ਤੇ ਸੱਚ ਨੂੰ ਹਰ ਯੁੱਗ ਵਿਚ ਬਕਵਾਸ ਕਹਿ ਕੇ ਭੰਡਿਆ ਗਿਆ ਹੈ—ਵੱਟੇ ਮਾਰੇ ਗਏ ਹਨ—ਸੱਚ ਨੂੰ ਸਦਾ ਸਲੀਬ ਨਸੀਬ ਹੋਈ ਹੈ—ਤੇ ਫਿਰ ਹੌਲੀ-ਹੌਲੀ ਉਸ ਨੂੰ ਅਪਣਾਇਆ ਜਾਂਦਾ ਹੈ ... ਹਾਂ ਹਾਂ ... ਕੀ ਤੂੰ ਮੈਨੂੰ, ਜਿਸ ਰੂਪ ਵਿਚ, ਮੈਂ ਹਾਂ, ਉਸੇ ਰੂਪ ਵਿਚ ਅਪਣਾ ਸਕਦਾ ਹੈਂ ? ਬੋਲ, ਬੋਲਦਾ ਕਿਉਂ ਨਹੀਂ ... ਹਾ ... ਹਾ ... ਹਾ ..."

ਊਸ਼ਾ ਦੇ ਭਿਆਨਕ ਹਾਸੇ ਦੀ ਆਵਾਜ਼ ਅਜੇ ਵੀ ਕਪਿਲ ਦੇ ਕੰਨਾਂ ਵਿਚ ਗੂੰਜ ਰਹੀ ਸੀ। ਚੌਂਕ ਵਿਚ ਆ ਕੇ ਅਚਾਨਕ ਉਸ ਦੇ ਕਦਮ ਰੁਕ ਗਏ। ਚੌਂਕ ਜਿੱਥੋਂ ਚਾਰ ਸੜਕਾਂ ਚਾਰ ਦਿਸ਼ਾਵਾਂ ਵਲ ਵਧ ਰਹੀਆਂ ਸਨ। ਛਿਣ ਦੀ ਛਿਣ ਉਸ ਨੂੰ ਇੰਜ ਜਾਪਿਆ ਜਿਵੇਂ ਚੌਂਕ ਦੇ ਬਲਬ ਉੱਤੇ ਕਿਸੇ ਨੇ ਵੱਟਾ ਖਿੱਚ ਕੇ ਮਾਰਿਆ ਹੋਵੇ ਤੇ ਇਕ ਛਣਾਕੇ ਨਾਲ ਚੂਰ ਹੋਏ ਬਲਬ ਦੇ ਟੁਕੜੇ—ਹਨੇਰੇ ਵਿਚ ਡੁੱਬੀਆਂ ਇਨ੍ਹਾਂ ਸੜਕਾਂ ਉੱਤੇ ਬਿਖਰ ਗਏ ਹੋਣ, ਜਿਨ੍ਹਾਂ ਚੋਂ ਇਕ ਦਾ ਰੁਖ਼ ਡੀਲਕਸ ਹੋਟਲ ਵਲ ਸੀ ਤੇ ਜਿਸ 'ਚੋਂ ਅਨੇਕਾਂ ਪ੍ਰਸ਼ਨ-ਚਿੰਨ੍ਹ ਉੱਠ-ਉੱਠ ਕੇ ਉਸ ਦੀਆਂ ਨਜ਼ਰਾਂ ਸਾਮ੍ਹਣੇ ਖੜ੍ਹੇ ਹੋ ਰਹੇ ਸਨ—'ਕੀ ਉਹ ਵਾਪਸ ਊਸ਼ਾ ਕੋਲ ਚਲਾ ਜਾਵੇ ?' ਉਸ ਨੂੰ ਇੰਜ ਜਾਪਿਆ ਜਿਵੇਂ ਉਨ੍ਹਾਂ ਪ੍ਰਸ਼ਨ-ਚਿੰਨ੍ਹਾਂ 'ਚੋਂ ਊਸ਼ਾ ਦੇ ਹਾਸੇ ਦੀ ਆਵਾਜ਼ ਆ ਰਹੀ ਹੋਵੇ—ਘਬਰਾ ਕੇ ਉਸ ਨੇ ਦੂਜੇ ਪਾਸੇ ਮੂੰਹ ਭੰਵਾ ਲਿਆ। ਫਿਰ ਉਸ ਨੂੰ ਇੰਜ ਜਾਪਿਆ ਜਿਵੇਂ ਬਾਕੀ ਦੀਆਂ ਤਿੰਨ ਸੜਕਾਂ ਵੱਲੋਂ ਵੀ ਅਜਿਹੇ ਪ੍ਰਸ਼ਨ-ਚਿੰਨ੍ਹ ਉੱਠ-ਉੱਠ ਕੇ ਇਕ ਘੇਰੇ ਵਿਚ ਚੌਂਕ ਦੁਆਲੇ ਮੰਡਲਾ ਰਹੇ ਹੋਣ। 'ਉਹ ਜਾਵੇ, ਤਾਂ ਕਿੱਧਰ ਜਾਵੇ ?' ਉਹ ਬਿਲਕੁਲ ਨਿਰਵਾਕ ਖੜੋਤਾ ਇਹ ਮਹਿਸੂਸ ਕਰ ਰਿਹਾ ਸੀ, ਕਿ ਇਨ੍ਹਾਂ ਪ੍ਰਸ਼ਨ-ਚਿੰਨ੍ਹਾਂ ਦੇ ਘੇਰੇ ਵਿਚ ਘਿਰਿਆ ਹੋਇਆ, ਉਹ ਆਪ ਵੀ ਇਕ ਪ੍ਰਸ਼ਨ-ਚਿੰਨ੍ਹ ਹੀ ਹੈ।

# ਹੋਸ਼ਿਆਰ ਹੋ ਜਾਓ

ਜੈਲੇ ਦੀ ਇਹ ਬੜੀ ਤੀਬਰ ਇੱਛਾ ਸੀ ਕਿ ਵੱਡਾ ਹੋ ਕੇ ਉਹ ਆਪਣੇ ਬਾਪ ਦੇ ਬਦਨਾਮ ਤੇ ਹੇਠੀ ਵਾਲੇ ਕਿੱਤੇ ਨੂੰ ਛੱਡ ਕੇ ਕੋਈ ਆਦਰ ਵਾਲਾ ਕਿੱਤਾ ਅਪਨਾਵੇ। ਬਚਪਨ ਤੋਂ ਹੀ ਉਹ ਵੇਖਦਾ ਆਇਆ ਸੀ ਕਿ ਜਿਸ ਮਹੀਨੇ ਉਸ ਦਾ ਬਾਪੂ ਗਾਹਕੀ ਘੱਟ ਹੋਣ ਕਰਕੇ, ਜਾਂ ਘਰ ਦੀਆਂ ਲੋੜਾਂ ਵਧ ਜਾਣ ਕਰਕੇ, ਪੁਲਿਸ ਨੂੰ ਉਸ ਦਾ ਹਿੱਸਾ ਨਾ ਪਹੁੰਚਾਉਂਦਾ, ਉਸੇ ਮਹੀਨੇ ਪੁਲਿਸ ਆ ਧਮਕਦੀ। ਉਸ ਦੇ ਬਾਪੂ ਨੂੰ ਪੁੱਠਿਆਂ ਪਾ ਕੇ ਦਬ ਕੁੱਟਦੀ। ਤਾਬ ਨਾ ਲਿਆ ਕੇ ਉਹ ਬੇਟ ਵਿਚ ਦਰਿਆ ਕੰਢੇ ਦੱਬੀ ਨਾਜਾਇਜ਼ ਸ਼ਰਾਬ ਦੀਆਂ ਸਭ ਬੋਤਲਾਂ ਦੇ ਬਿਆਮ ਕੱਢ ਲਿਆਉਂਦਾ। ਕਈ ਵਾਰ ਮੌਕੇ ਤੇ ਹੀ ਥਾਣੇਦਾਰ ਦੇ ਹੱਥ ਗਰਮ ਕਰਕੇ, ਉਸੇ ਵੇਲੇ ਖ਼ਲਾਸੀ ਹੋ ਜਾਂਦੀ ਤੇ ਉਸ ਦੀ ਸਭ ਤੋਂ ਵਧੀਆ ਸ਼ਰਾਬ ਥਾਣੇਦਾਰ ਦੇ ਘਰ ਪਹੁੰਚ ਜਾਂਦੀ। ਪਰ ਕਈ ਵਾਰ ਥਾਣੇਦਾਰ ਦੀ ਮੰਗ ਇੰਨੀ ਜ਼ਿਆਦਾ ਹੁੰਦੀ ਕਿ ਉਸ ਨੂੰ ਪੂਰਿਆਂ ਨਾ ਕਰ ਸਕਣ ਕਰਕੇ ਉਸ ਦੇ ਬਾਪੂ ਨੂੰ ਕਚਹਿਰੀ ਦਾ ਮੂੰਹ ਵੇਖਣਾ ਪੈਂਦਾ। ਜੁਰਮਾਨਾ ਤੇ ਕੈਦ ਦੀ ਸਜ਼ਾ ਹੁੰਦੀ। ਕੈਦ ਕੱਟ ਕੇ ਮੁੜ ਉਸ ਦਾ ਬਾਪੂ, ਮਸ਼ੀਨ ਵਾਂਗ ਆਪਣਾ ਪਹਿਲਾ ਕਿੱਤਾ ਹੀ ਆ ਅਪਣਾਉਂਦਾ—ਜਿਵੇਂ ਇਹ ਨਿਰਾਦਰ, ਇਹ ਕੈਦ, ਇਹ ਕੁੱਟ ਤੇ ਜੁਰਮਾਨਾ ਉਸ ਦੇ ਜੀਵਨ ਦਾ ਵਿਵਹਾਰ ਬਣ ਚੁੱਕਾ ਹੋਵੇ, ਸੁਭਾਅ ਬਣ ਚੁੱਕਾ ਹੋਵੇ। ਘਾਟੇ ਨੂੰ ਪੂਰਿਆਂ ਕਰਨ ਲਈ ਅਤੇ ਆਪਣੀ ਆਰਥਿਕਤਾ ਨੂੰ ਮੁੜ ਸਾਵੀਂ ਕਰਨ ਲਈ, ਉਸ ਦਾ ਬਾਪੂ ਆਪਣੇ ਆਪ ਨੂੰ ਖ਼ਤਰੇ ਵਿਚ ਪਾ ਕੇ ਹੋਰ ਵਧੇਰੇ ਸ਼ਰਾਬ ਕੱਢਦਾ, ਰਾਤ ਭਰ ਦਾ ਲੰਮਾ ਤੇ ਯਖ ਸਫ਼ਰ ਅਣਗਾਹੇ ਤੇ ਦੁਸ਼ਵਾਰ-ਗੁਜ਼ਾਰ ਰਸਤਿਆਂ ਰਾਹੀਂ ਕਰਕੇ—ਥਾਣੇ ਤੇ ਤਹਿਸੀਲ ਤੋਂ ਲੈ ਕੇ ਜ਼ਿਲ੍ਹੇ ਤਕ ਦੇ ਨਾਜਾਇਜ਼ ਸ਼ਰਾਬ ਦੇ ਵਿਉਪਾਰੀਆਂ ਕੋਲ ਮਾਲ ਪਹੁੰਚਾਉਂਦਾ।

ਕਦੇ ਸਾਈਕਲ, ਕਦੇ ਮੋਟਰ ਦੀਆਂ ਟਿਊਬਾਂ ਤੇ ਕਦੇ ਬਲੈਡਰਾਂ ਵਿਚ ਸ਼ਰਾਬ ਪਾ ਕੇ ਤੇ ਕਦੇ ਅਟੈਚੀ ਵਿਚ ਬੋਤਲਾਂ ਰਖ ਕੇ ਉਹ ਪੁਲਿਸ ਨੂੰ ਨਿੱਤ ਨਵਾਂ ਧੋਖਾ ਦਿੰਦਾ, ਫਿਰ ਪਕੜਿਆ ਜਾਂਦਾ। ਉਸ ਦੀ ਵਿੱਕਰੀ ਵਧ ਗਈ ਵੇਖ ਕੇ ਪੁਲਿਸ ਦੀ ਮੰਗ ਹੋਰ ਵੀ ਵਧ ਜਾਂਦੀ ਤੇ ਉਸ ਦੀ ਅਸਮਰੱਥਾ ਨੂੰ ਫਿਰ ਜੇਲ੍ਹ ਤੇ ਜੁਰਮਾਨੇ ਦਾ ਮੂੰਹ ਵੇਖਣਾ ਪੈਂਦਾ।

ਜੈਲੇ ਨੂੰ ਜਦੋਂ ਸਕੂਲ ਵਿਚ ਪੜ੍ਹਦੇ ਉਸ ਦੇ ਸਾਥੀ, ਉਸ ਦੇ ਬਾਪੂ ਨੂੰ ਪਈ ਕੁੱਟ ਦੀਆਂ ਗੱਲਾਂ ਕਰ ਕਰਕੇ ਚਿੜਾਉਂਦੇ—ਟਿੱਚਰਾਂ ਕਰਦੇ ਤਾਂ ਉਹ ਨਿੰਮੋਝੂਣ ਜਿਹਾ ਚੁੱਪ ਚੁਪੀਤਾ—ਦੜ ਵੱਟ ਗੁੰਮ ਸੁੰਮ ਜਿਹਾ ਘਰ ਆ ਕੇ ਆਪਣੇ ਬਾਪੂ ਦਾ ਤਰਲਾ ਕਰਦਾ ਕਿ ਉਹ ਇਹ ਕੰਮ ਛੱਡ ਦੇਵੇ। ਪਰ ਉਸ ਦਾ ਬਾਪੂ ਜਦੋਂ ਉਸ ਵਲ ਸੂਹੀਆਂ ਅੱਖਾਂ ਕਰਕੇ ਵੇਖਦਾ, ਤਾਂ ਉਸ ਦੀ ਜਾਨ ਨਿਕਲ ਜਾਂਦੀ। ਪਰ ਜਦੋਂ ਕਦੇ ਉਹ ਰੌਂ ਵਿਚ ਹੁੰਦਾ ਤਾਂ ਜੈਲੇ ਨੂੰ ਸਮਝਾਉਂਦਾ ਕਿ 'ਪੁੱਤਰ ਜੇ ਇਹ ਧੰਦਾ ਛਡ ਦੇਵਾਂ, ਤਾਂ ਟੱਬਰ ਨੂੰ ਟੁੱਕਰ ਕਿੱਥੋਂ ਜੁੜੇਗਾ ? ਤੇਰੀ ਪੜ੍ਹਾਈ ਕਿਵੇਂ ਤੁਰੇਗੀ ?"

ਪਾਕਿਸਤਾਨ ਦੀ ਵੰਡ ਤੋਂ ਬਾਅਦ ਜਦੋਂ ਤੋਂ ਉਸ ਦਾ ਬਾਪੂ ਸਤਲੁਜ ਦਰਿਆ ਕੰਢੇ ਦੀ ਮਾਰੂ ਤੇ

ਅਣ-ਉਪਜਾਊ ਧਰਤੀ ਤੇ ਆ ਕੇ ਮੁੜ ਵੱਸਿਆ ਸੀ, ਉਦੋਂ ਤੋਂ ਹੀ ਉਸ ਨੂੰ ਏਥੋਂ ਦੇ ਸਥਾਨਕ ਲੋਕਾਂ ਦੀ ਵੇਖਾ ਵੇਖੀ—ਉਦਰ-ਪੂਰਤੀ ਕਰਨ ਵਾਸਤੇ, ਚਾਹੇ ਅਚਾਹੇ ਇਹੋ ਕਿੱਤਾ ਧਾਰਨ ਕਰਨਾ ਪਿਆ ਸੀ।

ਦਰਿਆ ਦੇ ਇਕ ਪਾਸੇ ਲੁਧਿਆਣੇ ਦਾ ਜ਼ਿਲ੍ਹਾ ਲੱਗਦਾ ਸੀ ਤੇ ਦੂਜੇ ਪਾਸੇ ਜਲੰਧਰ ਦਾ। ਜਲੰਧਰ ਦੇ ਪਾਸੇ ਵਾਲੇ ਲੋਕ ਲੁਧਿਆਣੇ ਵਾਲੇ ਪਾਸੇ ਭੱਠੀਆਂ ਲਾਉਂਦੇ ਸਨ ਅਤੇ ਲੁਧਿਆਣੇ ਵਾਲੇ ਜਲੰਧਰ ਵਾਲੇ ਪਾਸੇ। ਪੁਲਿਸ ਆਉਂਦੀ ਤਾਂ ਉਹ ਚੱਲਦੀਆਂ ਭੱਠੀਆਂ ਛੱਡ, ਛਾਲਾਂ ਮਾਰ ਚੜ੍ਹੇ ਦਰਿਆ ਵਿਚ ਕੁਦ ਪੈਂਦੇ। ਉਸ ਦਾ ਬਾਪੂ ਸ਼ਰਾਬ ਦੀ ਨਕੋ-ਨਕ ਭਰੀ ਬਲਟੋਹੀ ਨਾਲ ਤਰ ਕੇ ਦੂਜੇ ਕੰਢੇ ਆ ਲੱਗਦਾ। ਇਸ ਤਰ੍ਹਾਂ ਦੂਜੇ ਜ਼ਿਲ੍ਹੇ ਦੀ ਪੁਲਿਸ ਉਨ੍ਹਾਂ ਦਾ ਕੁਝ ਨਾ ਵਿਗਾੜ ਸਕਦੀ। ਪਰ ਆਪਣੇ ਜ਼ਿਲ੍ਹੇ ਦੀ ਪੁਲਿਸ ਨੂੰ ਹਰ ਮਹੀਨੇ ਨੇਮ ਅਨੁਸਾਰ ਚੜ੍ਹਾਵਾ ਚੜ੍ਹਾਉਣਾ ਪੈਂਦਾ ਸੀ। ਜਦੋਂ ਗਾਹਕੀ ਦੇ ਮੰਦੇ ਜਾਂ ਘਰ ਦੀਆਂ ਥੁੜਾਂ ਕਾਰਨ ਉਸ ਦਾ ਬਾਪੂ ਪੁਲਿਸ ਦੀ ਸੰਤੁਸ਼ਟੀ ਨਾ ਕਰ ਸਕਦਾ, ਤਾਂ ਫਿਰ ਉਹੋ ਕੁੱਟ, ਕਦੇ ਜੁਰਮਾਨਾ ਤੇ ਕਦੇ ਸਜ਼ਾ।

ਜਦੋਂ ਉਸ ਦਾ ਬਾਪੂ ਜੇਲ੍ਹ ਵਿਚ ਹੁੰਦਾ, ਤਾਂ ਦਰਿਆ ਕੰਢੇ ਡੰਗਰ ਚਰਾਉਣ ਤੋਂ ਲੈ ਕੇ ਘਰ ਦਾ ਸਾਰਾ ਕੰਮ ਜੈਲੇ ਨੂੰ ਹੀ ਕਰਨਾ ਪੈਂਦਾ। ਉਸ ਦੀ ਪੜ੍ਹਾਈ ਵਿੱਚੇ ਰਹਿ ਜਾਂਦੀ। ਫਿਰ ਵੀ ਉਹ ਹਿੰਮਤ ਕਰਕੇ ਦਸਵੀਂ ਤਕ ਪਹੁੰਚਿਆ, ਪਰ ਦਸਵੀਂ ਵਿਚ ਐਸੀ ਗੋਡਣੀ ਲੱਗੀ ਕਿ ਦੋ ਵਾਰ ਫੇਲ੍ਹ ਹੋਣ ਤੋਂ ਬਾਅਦ ਅਤੇ ਬਾਪੂ ਦੇ ਤਾਅਨਿਆਂ ਕਰਕੇ ਉਹ ਮੁੜ ਇਮਤਿਹਾਨ ਨਾ ਦੇ ਸਕਿਆ। ਦਰ-ਬਦਰ ਦੀ ਖ਼ਾਕ ਛਾਣਨ, ਦਫ਼ਤਰਾਂ ਦੇ ਦਰ ਖੜਕਾਉਣ ਤੋਂ ਬਾਅਦ ਵੀ ਜਦੋਂ ਉਸ ਨੂੰ ਕੋਈ ਨੌਕਰੀ ਨਾ ਮਿਲੀ ਤਾਂ ਮਜਬੂਰਨ ਉਸ ਨੂੰ ਆਪਣੇ ਬਾਪੂ ਵਾਲਾ ਕਿੱਤਾ ਹੀ ਅਪਨਾਉਣਾ ਪਿਆ।ਉਸ ਦਾ ਬਾਪੂ ਸ਼ਰਾਬ ਕੱਢਦਾ ਤੇ ਉਹ ਸੂਟਿਡ-ਬੂਟਿਡ ਹੋ ਕੇ ਦੂਰ-ਦੂਰ ਤਕ ਸ਼ਹਿਰਾਂ ਵਿਚ ਸ਼ਰਾਬ ਪਹੁੰਚਾਉਣ ਜਾਂਦਾ। ਜਦੋਂ ਹਰ ਮਹੀਨੇ ਉਸ ਨੂੰ ਸੌਂਫ, ਲੈਚੀਆਂ, ਮਲੱਠੀ, ਸੰਦਲਬੂਰ, ਕੇਸਰ ਤੇ ਸੰਤਰੇ ਪਾ ਕੇ ਕੱਢੀ ਰੂੜੀ ਬਰਾਂਡ ਸਪੈਸ਼ਲ ਸ਼ਰਾਬ ਦਾ ਇਕ ਬਿਆਮ ਤੇ ਪੁਲਿਸ ਦਾ ਨਕਦ ਹਿੱਸਾ ਲੈ ਕੇ ਥਾਣੇ ਜਾਣਾ ਪੈਂਦਾ, ਤਾਂ ਉਸ ਨੂੰ ਬੜਾ ਗੁੱਸਾ ਆਉਂਦਾ। ਉਸ ਨੂੰ ਇੰਜ ਜਾਪਦਾ ਜਿਵੇਂ ਉਸ ਦੀ ਪੱਕੀ ਹੋਈ ਖੇਤੀ ਕਿਸੇ ਨੇ ਖੜ੍ਹੀ ਹੀ ਲੁੱਟ ਲਈ ਹੋਵੇ। ਜਿਵੇਂ ਉਹ ਆਪ ਕੱਲਾ ਹੀ ਮੁਜਰਮ ਨਾ ਹੋਵੇ, ਸਗੋਂ ਇਹ ਪੁਲਿਸ ਵਾਲੇ ਉਸ ਤੋਂ ਵੀ ਵਡੇਰੇ ਮੁਜਰਮ ਹੋਣ। ਇਨ੍ਹਾਂ ਵਡੇਰੇ ਮੁਜਰਮਾਂ ਦੇ ਤੀਬਰ ਅਹਿਸਾਸ ਹੇਠਾਂ, ਕਈ ਵਾਰੀ ਉਸ ਨੂੰ ਪ੍ਰਤੀਤ ਹੁੰਦਾ ਕਿ ਉਹ ਜੁਰਮ ਤੋਂ ਮੁਕਤ ਹੋ ਗਿਆ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਨਫੀ ਨਾਲ ਨਫੀ ਮਿਲ ਕੇ ਜਮ੍ਹਾਂ ਬਣ ਜਾਂਦੀ ਹੈ। ਜਦੋਂ ਜੁਰਮ ਨੂੰ ਫੜਨ ਵਾਲੇ ਹੀ ਮੁਜਰਮ ਹੋਣ, ਤਾਂ ਜੁਰਮ ਕਿੱਥੇ ਰਹਿੰਦਾ ਹੈ ? ਕਾਨੂੰਨ ਕਿੱਥੇ ਰਹਿੰਦਾ ਹੈ ? ਫਿਰ ਇਹ ਸਭ ਪਕੜ ਧਕੜ, ਕਚਹਿਰੀਆਂ, ਇਨਸਾਫ ਤੇ ਸਰਕਾਰ ਕਿਸ ਲਈ ਹਨ ? ਦੇਸ਼ ਨੂੰ ਖ਼ਤਰਾ ਕਿਸ ਤੋਂ ਹੈ ? ਜੁਰਮ ਤੋਂ ਜਾਂ ਕਾਨੂੰਨ ਤੋਂ ? ਮੁਜਰਮਾਂ ਤੋਂ ਜਾਂ ਕਾਨੂੰਨ ਨੂੰ ਲਾਗੂ ਕਰਨ ਵਾਲਿਆਂ ਤੋਂ ? ਕਿਸ ਨੂੰ ਕਿਸ ਤੋਂ ਹੁਸ਼ਿਆਰ ਹੋਣ ਦੀ ਲੋੜ ਹੈ ? ਕਿਸੇ ਤੋਂ ਨਹੀਂ। ਉਸ ਨੂੰ ਇਹ ਸਭ ਕੁਝ ਨਿਰਾਰਥਕ ਤੇ ਨਿਰਮੂਲ ਜਾਪਦਾ।

ਤਿੰਨ-ਚਾਰ ਸਾਲ ਇਸ ਕਿੱਤੇ ਵਿਚ ਧੌਲ ਧੱਪੇ ਖਾ ਕੇ ਜੈਲੇ ਨੇ ਆਪਣੇ ਕਿੱਤੇ ਦੇ ਸਭ ਸਾਥੀਆਂ ਨੂੰ ਜੱਥੇਬੰਦ ਕਰਕੇ ਪੁਲਿਸ ਦਾ ਹਿੱਸਾ ਸਦਾ ਲਈ ਬੰਦ ਕਰਨ ਵਾਸਤੇ ਤਿਆਰ ਕੀਤਾ। ਵਧੇਰੇ ਮਾਤਰਾ ਵਿਚ ਸ਼ਰਾਬ ਕੱਢਣ ਲਈ, ਬਲਟੋਹ ’ਚੋਂ ਬਾਟੀ ਤੇ ਰਬੜ ਦੀ ਨਾਲੀ ਜਾਂ ਨਾਲ-ਨਾਲ ਸ਼ਰਾਬ ਕੱਢਣ ਦੇ ਪੁਰਾਣੇ ਢੰਗ ਛੱਡ ਕੇ ਪੱਕੀਆਂ ਭੱਠੀਆਂ ਬਣਾਈਆਂ ਅਤੇ ਵੱਡੇ-ਵੱਡੇ ਡਰੱਮਾਂ ਨੂੰ ਦੋ-ਦੋ ਨਾਲਾਂ ਲਾ ਕੇ ਸ਼ਰਾਬ ਕੱਢਣ ਦੀ ਛੋਟੀ ਪੱਧਰ ਤੇ ਇਕ ਭੂ-ਨਿਮਨ (ਅੰਡਰਗਰਾਊਂਡ) ਫੈਕਟਰੀ ਲਾ ਦਿੱਤੀ। ਹੁਣ ਉਹ ਸਭ ਰਲ ਕੇ ਦਿੱਲੀ ਤਕ ਸ਼ਰਾਬ ਪਹੁੰਚਾਉਂਦੇ ਸਨ। ਮਿੱਟੀ ਦੇ ਤੇਲ ਵਾਲੀਆਂ ਖ਼ਾਲੀ ਪੀਪੀਆਂ ਵਿਚ ਸੀਲ ਕੀਤੀ ਰੂੜੀ ਬਰਾਂਡ ਨਾਲ ਦਿੱਲੀ ਦੇ ਵਿਉਪਾਰੀਆਂ ਦਾ ਲੱਦਿਆ ਟਰੱਕ ਆਪਣੇ ਜ਼ਿਲ੍ਹੇ ਦੀ ਹੱਦ ਟਪਾ ਕੇ—ਉਨ੍ਹਾਂ ਦੇ ਪੈਸੇ ਖਰੇ ਹੋ ਜਾਂਦੇ ਸਨ। ਵਿਉਪਾਰੀ ਅੱਗੋਂ ਪੁਲਿਸ ਨਾਲ ਮਿਲ ਮਿਲਾ ਕੇ ਦਿੱਲੀ ਪਹੁੰਚ ਜਾਂਦੇ ਸਨ।

ਉਂਜ ਵੀ ਪੁਲਿਸ ਤੋਂ ਬਚਣ ਲਈ ਉਨ੍ਹਾਂ ਨੇ ਕਈ ਵਿਉਂਤਾਂ ਸੋਚ ਰੱਖੀਆਂ ਸਨ। ਜੈਲਾ ਜ਼ਾਹਿਰੀ ਤੌਰ ਤੇ ਵਿਆਹਾਂ ਸ਼ਾਦੀਆਂ ਅਤੇ ਹੋਰ ਮੌਕਿਆਂ ’ਤੇ ਲਾਊਡ ਸਪੀਕਰ ਪਹੁੰਚਾਉਣ ਦਾ ਕੰਮ ਕਰਦਾ ਸੀ। ਉਸ ਦਾ

ਹੈਡ-ਕੁਆਰਟਰ ਬੇਟ ਵਿਚ ਵਾਕਿਆ ਉੱਚੇ ਟਿੱਬੇ ਤੇ ਬਣੇ ਇਕ ਛੋਟੇ ਜਿਹੇ ਕਮਰੇ ਵਿਚ ਸੀ। ਪੁਲਿਸ ਅਜੇ ਥਾਣਿਉਂ ਤੁਰਦੀ ਹੀ ਸੀ ਕਿ ਉਸ ਦਾ ਕੋਈ ਸਾਥੀ ਤੇਜ਼ ਰਫ਼ਤਾਰ ਘੋੜੀ ਤੇ ਆ ਖ਼ਬਰ ਕਰਦਾ ਅਤੇ ਫਿਰ ਜੈਲਾ ਬੈਟਰੀ ਦਾ ਵਾਲਯੂਮ ਫੁੱਲ ਕਰਕੇ ਕੋਈ ਇਕ ਰੀਕਾਰਡ ਲਾ ਦਿੰਦਾ, ਜਿਸ ਨੂੰ ਸੁਣ ਕੇ ਬੇਟ ਵਿਚ ਸ਼ਰਾਬ ਕੱਢਦੇ ਉਸ ਦੇ ਸਭ ਸਾਥੀ ਚੌਕੰਨੇ ਹੋ ਕੇ ਮਾਲ ਸਾਂਭਦੇ ਤੇ ਫੌਰਨ ਅਲੋਪ ਹੋ ਜਾਂਦੇ।

ਸਬੱਬ ਨਾਲ ਇਨ੍ਹੀਂ ਦਿਨੀਂ ਭਾਰਤ ਤੇ ਪਾਕਿਸਤਾਨੀ ਫੌਜਾਂ ਵਿਚਕਾਰ ਪੰਜਾਬ ਅਤੇ ਕਸ਼ਮੀਰ ਦੇ ਫਰੰਟ 'ਤੇ ਬੜੇ ਘਸਮਾਣ ਦਾ ਯੁੱਧ ਹੋ ਰਿਹਾ ਸੀ। ਦੇਸ਼ ਦੀ ਸਾਰੀ ਪੁਲਿਸ ਦਾ ਧਿਆਨ ਗੈਰ ਕਾਨੂੰਨੀ ਸ਼ਰਾਬ ਵਲੋਂ ਹਟ ਕੇ ਦੇਸ਼ ਦੀ ਰੱਖਿਆ ਤੇ ਅਮਨ ਦੀ ਸੰਭਾਲ ਵਲ ਲੱਗਾ ਹੋਇਆ ਸੀ। ਏਸੇ ਲਈ ਜੈਲੇ ਹੋਰਾਂ ਦੀ ਚਾਂਦੀ ਬਣ ਰਹੀ ਸੀ। ਦੁਸ਼ਮਣ ਦੇ ਹਵਾਈ ਜਹਾਜ਼ ਉੱਡਦੇ ਹੋਏ ਉਨ੍ਹਾਂ ਦੇ ਸਿਰਾਂ ਤੋਂ ਲੰਘਦੇ, ਕਦੇ ਹਲਵਾਰੇ, ਕਦੇ ਅੰਬਾਲੇ ਤੇ ਕਦੇ ਦਿੱਲੀ ਤਕ ਹਮਲਾ ਕਰਨ ਜਾਂਦੇ ਸਨ। ਸਾਰੇ ਲੋਕ ਦਹਿਲੇ ਪਏ ਸਨ, ਪਰ ਜੈਲੇ ਹੁਰੀਂ ਬੇਖਟਕੇ ਆਪਣੇ ਕੰਮ ਵਿਚ ਰੁੱਝੇ ਰਹਿੰਦੇ ਸਨ। ਸ਼ਰਾਬ ਦੇ ਵਿਉਪਾਰੀ—ਦੇਸ਼ ਦੇ ਭਲੇ ਲਈ ਅੰਮ੍ਰਿਤਸਰ ਨੂੰ ਜਾਂਦਿਆਂ ਆਪਣੇ ਟਰੱਕ ਫੌਜੀਆਂ ਲਈ ਰਸਦ ਤੇ ਬਾਰੂਦ ਨਾਲ ਲੱਦ ਲੈਂਦੇ ਅਤੇ ਵਾਪਸੀ ਤੇ ਸ਼ਰਾਬ ਲੈ ਕੇ ਸਪਲਾਈ ਕਾਨਵਾਈ ਦੇ ਬੁਰਕੇ ਹੇਠ ਕਾਨੂੰਨ ਤੋਂ ਬਚ ਕੇ ਥਾਓਂ ਥਾਈਂ ਆਪਣੇ ਅੱਡਿਆਂ ਤੇ ਮਾਲ ਪਹੁੰਚਾ ਦਿੰਦੇ ਸਨ। ਜਿੱਥੋਂ ਅੱਗੋਂ ਉਨ੍ਹਾਂ ਦੇ ਹੋਰ ਸਾਥੀ ਦਿੱਲੀ ਤਕ ਲੈ ਜਾਂਦੇ ਸਨ। ਇਨ੍ਹੀਂ ਦਿਨੀਂ ਉਨ੍ਹਾਂ ਦੀ ਗਾਹਕੀ ਵੀ ਅੱਗੇ ਨਾਲੋਂ ਦੂਣੀ ਹੋ ਗਈ ਸੀ। ਸ਼ਾਇਦ ਇਸ ਕਰਕੇ ਕਿ ਲੋਕੀਂ ਮੌਤ ਦੇ ਭੈ ਹੇਠ ਹੋਰ ਵਧੇਰੇ ਪੀਣ ਲੱਗ ਪਏ ਸਨ, ਤਾਂ ਕਿ ਰਾਤ ਨੂੰ ਚੈਨ ਨਾਲ ਨੀਂਦਰ ਤਾਂ ਆ ਸਕੇ।

ਦਸ-ਪੰਦਰਾਂ ਕੁ ਦਿਨ ਜੈਲੇ ਤੇ ਉਸ ਦੇ ਸਾਥੀਆਂ ਨੇ ਪੁਲਿਸ ਤੋਂ ਬੇਪਰਵਾਹ ਹੋ ਕੇ ਖ਼ੂਬ ਹੱਥ ਰੰਗੇ। ਪਰ ਫਿਰ ਅਚਾਨਕ ਇਕ ਦਿਨ ਮੀਲ ਡੇਢ ਮੀਲ ਦੀ ਵਿੱਥ 'ਤੇ ਰਸਤੇ ਵਿਚ ਉਸ ਨੇ ਧੂੜ ਉੱਭਰਦੀ ਵੇਖੀ। ਦੂਰਬੀਨ ਨਾਲ ਉਸ ਨੇ ਝੱਟ ਪਹਿਚਾਣ ਲਿਆ ਕਿ ਪੁਲਿਸ ਦੀਆਂ ਜੀਪਾਂ ਆ ਰਹੀਆਂ ਸਨ। ਪਰ ਇਨ੍ਹਾਂ ਦਾ ਬੇਟ ਵਿਚ ਕੀ ਕੰਮ ? ਸਭ ਸੋਚਾਂ ਛੱਡ ਕੇ ਉਸ ਨੇ ਆਪਣੇ ਸਾਥੀਆਂ ਨੂੰ ਹੁਸ਼ਿਆਰ ਕਰਨ ਲਈ ਫੌਰਨ ਹੀ ਇਕ ਰੀਕਾਰਡ ਲਾ ਦਿੱਤਾ। ਰੀਕਾਰਡ ਦੇ ਇਸ ਗੀਤ ਵਿਚ ਹਿਮਾਲਾ, ਗੰਗਾ, ਫੁਲਵਾੜੀਆਂ, ਆਬਰੂ, ਅਣਖ, ਆਜ਼ਾਦੀ ਤੇ ਸੂਰਬੀਰਤਾ ਦਾ ਵਾਸਤਾ ਪਾ ਕੇ ਦੇਸ਼ ਵਾਸੀਆਂ ਦੀ ਦੇਸ਼-ਭਗਤੀ ਦੀ ਭਾਵਨਾ ਨੂੰ ਉਭਾਰਨ ਦਾ ਯਤਨ ਕੀਤਾ ਗਿਆ ਸੀ, ਤਾਂ ਕਿ ਉਹ ਗੁਆਂਢੀ ਦੁਸ਼ਮਣ ਦੇ ਬਾਹਰੀ ਖ਼ਤਰੇ ਦਾ ਮੁਕਾਬਲਾ ਕਰਨ ਲਈ ਕੇਸਰੀ ਬਾਣਾ ਪਹਿਨ ਲੈਣ, ਸਿਰ ਤੇ ਕੱਫਣ ਬੰਨ੍ਹ ਲੈਣ—ਤੇ ਇਸ ਗੀਤ ਦੇ ਸੁਰਾਂ ਹੇਠ ਦੇਸ਼ ਦੇ ਬਾਹਰਲੇ ਦੁਸ਼ਮਣ ਤੋਂ ਹੁਸ਼ਿਆਰ ਹੋ ਕੇ ਦੇਸ਼ ਦੀ ਆਨ ਤੇ ਸ਼ਾਨ ਵਾਸਤੇ ਮਰ ਮਿਟਣ ਲਈ ਤਿਆਰ ਹੋ ਜਾਣ।

ਅਜੇ ਗੀਤ ਦੇ ਮੁੱਢਲੇ ਬੋਲ—"ਵਤਨ ਕੀ ਆਬਰੂ ਖ਼ਤਰੇ ਮੇਂ ਹੈ ..." ਲਾਊਡ ਸਪੀਕਰ 'ਚੋਂ ਉੱਭਰੇ ਹੀ ਸਨ ਕਿ ਪੁਲਿਸ ਆ ਧਮਕੀ। ਪੁਲਿਸ ਦੀਆਂ ਜੀਪਾਂ ਜਦੋਂ ਉਸ ਦੇ ਹੈਡ ਕੁਆਰਟਰ ਸੌਹੇਂ ਆ ਕੇ ਰੁਕੀਆਂ ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਸਾਰੇ ਸਿਪਾਹੀ ਸਟੇਨਗੰਨਾਂ ਤੇ ਬੰਦੂਕਾਂ ਨਾਲ ਲੈਸ ਸਨ। ਜਦੋਂ ਜੀਪ 'ਚੋਂ ਉਤਰ ਕੇ ਇਕ ਥਾਣੇਦਾਰ ਤੇ ਕੁਝ ਸਿਪਾਹੀ ਜੈਲੇ ਵਲ ਵਧੇ ਤਾਂ ਉਹ ਹੋਰ ਵੀ ਵਧੇਰੇ ਚੌਕੰਨ ਹੋ ਗਿਆ।

ਉਹਨਾਂ ਨੇ ਜੈਲੇ ਨੂੰ ਦੁਸ਼ਮਣ ਦੇ ਹਵਾਈ ਜਹਾਜ਼ਾਂ ਤੇ ਛਾਤਾ-ਸੈਨਕਾਂ ਬਾਰੇ ਕੁਝ ਸਵਾਲ ਪੁੱਛੇ ਤੇ ਬੇਟ ਵਲ ਤੁਰ ਪਏ। ਉਨ੍ਹਾਂ ਦੇ ਸਵਾਲਾਂ ਤੋਂ ਜੈਲੇ ਨੂੰ ਇਹ ਪਤਾ ਲੱਗਾ ਕਿ ਪੁਲਿਸ ਨੂੰ ਸ਼ੱਕ ਹੈ ਕਿ ਦੁਸ਼ਮਣ ਨੇ ਆਪਣੇ ਕੁਝ ਛਾਤਾ-ਸੈਨਕ ਬੇਟ ਵਿਚ ਉਤਾਰੇ ਹਨ ਤੇ ਪੁਲਿਸ ਉਨ੍ਹਾਂ ਨੂੰ ਫੜਨ ਜਾ ਰਹੀ ਹੈ, ਕਿਉਂਕਿ ਦੇਸ਼ ਨੂੰ ਇਹਨਾਂ ਬਾਹਰੀ ਦੁਸ਼ਮਣਾਂ ਤੋਂ ਖ਼ਤਰਾ ਹੈ। ਛਿਣ ਦੀ ਛਿਣ ਜੈਲੇ ਦੇ ਬੁੱਲ੍ਹਾਂ ਤੇ ਇਕ ਭਿਆਨਕ ਮੁਸਕਰਾਹਟ ਬਿਖਰ ਗਈ ਜਿਵੇਂ ਉਹ ਸੋਚ ਰਿਹਾ ਹੋਵੇ ਕਿ ਖ਼ਤਰਾ ਬਾਹਰੀ ਦੁਸ਼ਮਣਾਂ ਤੋਂ ਹੈ ਜਾਂ ਅੰਦਰੂਨੀ ਦੁਸ਼ਮਣਾਂ ਤੋਂ ? ਫਿਰ ਅਚਾਨਕ ਹੀ ਜੈਲੇ ਦੇ ਦਿਮਾਗ਼ ਵਿਚ ਇਕ ਸੰਸੇ ਨੇ ਚੂੰਢੀ ਭਰੀ ਤੇ ਉਸ ਦੀਆਂ ਇਨ੍ਹਾਂ ਸੋਚਾਂ ਦੀ ਲੜੀ ਟੁੱਟ ਗਈ। ਹੁਣ ਉਹ ਸੋਚ ਰਿਹਾ ਸੀ ਕਿ ਇਹ ਕਿਤੇ ਪੁਲਿਸ ਦੀ ਚਾਲ ਤਾਂ ਨਹੀਂ

ਕਿ ਉਸ ਨੂੰ ਧੋਖੇ ਵਿਚ ਰੱਖ ਕੇ ਉਸ ਦੇ ਸਭ ਸਾਥੀਆਂ ਨੂੰ ਰੰਗੇ ਹੱਥੀਂ ਚੱਲਦੀਆਂ ਭੱਠੀਆਂ ਤੇ ਹੀ ਫੜ ਲਿਆ ਜਾਵੇ। ਇਸ ਦਾ ਕਾਰਣ ਵੀ ਸਪਸ਼ਟ ਸੀ ਕਿ ਉਸ ਨੇ ਬਹੁਤ ਦੇਰ ਤੋਂ ਪੁਲਿਸ ਨੂੰ ਰੂੜੀ ਬਰਾਂਡ ਦਾ ਕਰ ਨਹੀਂ ਭਰਿਆ ਸੀ। ਇਹ ਖ਼ਿਆਲ ਆਉਂਦਿਆਂ ਹੀ ਪੁਲਿਸ ਦੇ ਆਉਣ ਤੇ ਨੀਵੀਂ ਕੀਤੀ ਲਾਊਡ ਸਪੀਕਰ ਦੀ ਆਵਾਜ਼ ਨੂੰ ਫੁੱਲ ਵਾਲਯੂਮ ਤੇ ਕਰ ਦਿੱਤਾ, ਤਾਂ ਕਿ ਲਾਊਡ ਸਪੀਕਰ ਦੀ ਬੰਦ ਆਵਾਜ਼ ਤੋਂ ਖ਼ਤਰਾ ਟਲ ਗਿਆ ਸਮਝ ਕੇ ਉਸ ਦੇ ਸਾਥੀ ਮੁੜ ਆਪਣਾ ਕੰਮ ਸ਼ੁਰੂ ਨਾ ਕਰ ਦੇਣ। ਗੀਤ ਦੇ ਬੋਲ ਉੱਚੇ ਹੋ-ਹੋ ਬੇਟ ਵਿਚ ਫੈਲ ਰਹੇ ਸਨ ... "ਵਤਨ ਕੀ ਆਰਜ਼ੂ ਖ਼ਤਰੇ ਮੇਂ ਹੈ, ਹੁਸ਼ਿਆਰ ਹੋ ਜਾਓ, ਹੁਸ਼ਿਆਰ ਹੋ ਜਾਓ ...।"

ਜੈਲਾ ਸੋਚ ਰਿਹਾ ਸੀ ਕਿ ਉਸ ਦੇ ਸਾਥੀ ਹੁਸ਼ਿਆਰ ਹੋ ਗਏ ਹੋਣਗੇ ਤੇ ਪੁਲਿਸ ਨੇ ਇਸ ਗੀਤ ਦੀ ਧੁਨੀ ਹੇਠ ਸਾਰਾ ਬੇਟ ਗਾਹ ਮਾਰਿਆ। ਅੰਤ ਥੱਕ ਹਾਰ ਕੇ ਉਹ ਪਰਤ ਹੀ ਰਹੇ ਸਨ ਕਿ ਉਨ੍ਹਾਂ ਕਾਹੀ ਤੇ ਕਾਨਿਆਂ ਦੇ ਇਕ ਝੁਰਮਟ ਜਿਹੇ ਹੇਠਾਂ, ਕੁਝ ਦੂਰੀ ਤੇ, ਅੱਗ ਦੀ ਰੌਸ਼ਨੀ ਵੇਖੀ। ਸਾਰੇ ਸਿਪਾਹੀ ਚੌਕੰਨੇ ਹੋ, ਹਥਿਆਰ ਸਾਂਭ, ਕੂਹਣੀਆਂ ਭਾਰ ਰਿੜ੍ਹਦੇ ਉਸ ਝੁਰਮਟ ਜਿਹੇ ਨੂੰ ਘੇਰੇ ਵਿਚ ਲੈ ਕੇ ਅੱਗੇ ਵਧ ਰਹੇ ਸਨ। ਜਦੋਂ ਵਾਰਨਿੰਗ ਦੇਣ ਤੇ ਹਵਾਈ ਫਾਇਰ ਕਰਨ ਤੋਂ ਬਾਅਦ ਵੀ ਉਸ ਝੁਰਮਟ ਚੋਂ ਕੋਈ ਆਵਾਜ਼ ਨਾ ਆਈ, ਤਾਂ ਉਨ੍ਹਾਂ ਦਾ ਇੰਚਾਰਜ ਮਨਚਲਾ ਗੱਭਰੂ ਥਾਣੇਦਾਰ ਛਾਲ ਮਾਰ ਕੇ ਝੁਰਮਟ ਵਿਚ ਜਾ ਵੜਿਆ। ਉੱਥੋਂ ਦਾ ਨਜ਼ਾਰਾ ਵੇਖ ਕੇ ਉਸ ਦਾ ਉੱਚੀ-ਉੱਚੀ ਹਾਸਾ ਨਿਕਲ ਗਿਆ। ਉਸ ਦਾ ਹਾਸਾ ਤੇ ਉਸ ਦੀ ਹਾਕ ਸੁਣ ਕੇ ਸਾਰੇ ਸਿਪਾਹੀ ਧਰਤੀ ਤੋਂ ਉੱਠ ਖੜੋਤੇ ਤੇ ਮੋਢਿਆਂ ਤੇ ਬੰਦੂਕਾਂ ਲਟਕਾ ਕੇ ਉਸ ਝੁਰਮਟ ਜਿਹੇ ਵਿਚ ਆ ਵੜੇ। ਉੱਥੋਂ ਦਾ ਨਜ਼ਾਰਾ ਵੇਖ ਕੇ ਸਭ ਉਸ ਗੱਭਰੂ ਥਾਣੇਦਾਰ ਦੇ ਹਾਸੇ ਵਿਚ ਸ਼ਾਮਲ ਹੋ ਗਏ। ਥਾਣੇਦਾਰ ਉਨ੍ਹਾਂ ਸਾਰਿਆਂ ਨੂੰ ਸੰਬੋਧਨ ਕਰ ਕੇ ਕਹਿ ਰਿਹਾ ਸੀ, "ਆ ਜਾਓ, ਮੁੰਡਿਓ ! ਸਵੇਰ ਤੋਂ ਬੇਟ ਛਾਣ-ਛਾਣ ਲੱਕ ਟੁੱਟ ਗਿਆ। ਮੁਸਲਿਆਂ ਦੇ ਛਾਤਾ-ਸੈਨਕ ਪੈਣ ਖੂਹ ਵਿਚ। ਭਲਾ ਹੋਵੇ ਉਨ੍ਹਾਂ ਮੁਜਰਮਾਂ ਦਾ ਜਿਹੜੇ ਚੱਲਦੀ ਭੱਠੀ ਨੂੰ ਅੱਧ-ਬੁਝੀ ਛੱਡ ਕੇ ਹੀ ਭੱਜ ਗਏ ਤੇ ਸਾਡੇ ਵਾਸਤੇ ਆਹ ਲਾਲ ਪਰੀ ਪਿੱਛੇ ਛੱਡ ਗਏ।"

ਭੱਠੀ ਤੇ ਚੜ੍ਹੇ ਡਰੱਮ ਦੇ ਕੋਲ ਪਈਆਂ ਬੋਤਲਾਂ ਵਿਚ ਭੂੰਡੀ ਰੰਗੀ ਸ਼ਰਾਬ ਵਲ ਸੰਕੇਤ ਕਰ ਕੇ ਥਾਣੇਦਾਰ ਆਖ ਰਿਹਾ ਸੀ।

"ਆਓ, ਲਾਓ ਗੱਫੇ ਤੇ ਲਾਹੋ ਥਕੇਵਾਂ। ਰੱਬ ਜਦ ਦਿੰਦਾ ਹੈ ਤਾਂ ਛੱਪਰ ਪਾੜ ਕੇ ਹੀ ਦਿੰਦਾ ਹੈ ! ਇਹੋ ਜਿਹੇ ਮੌਕੇ ਰੋਜ਼-ਰੋਜ਼ ਨਹੀਂ ਮਿਲਦੇ।"

ਥਾਣੇਦਾਰ ਦਾ ਹੁਕਮ ਸੁਣਦਿਆਂ ਹੀ ਸਾਰੇ ਸਿਪਾਹੀ ਸ਼ਰਾਬ 'ਤੇ ਟੁੱਟ ਪਏ। ਜਿਉਂ ਜਿਉਂ ਉਨ੍ਹਾਂ ਦੇ ਸ਼ਰਾਬੀ ਹਾਸੇ ਉੱਚੇ ਹੋ ਹੋ ਮੁੜ ਨਸ਼ੇ ਵਿਚ ਮੱਧਮ ਹੋ ਰਹੇ ਸਨ, ਤਿਉਂ ਤਿਉਂ ਪਿਛੋਕੜ 'ਚੋਂ ਜੈਲੇ ਦੇ ਲਾਊਡ ਸਪੀਕਰ ਦੀ ਆਵਾਜ਼ ਉੱਚੀ ਹੋ ਹੋ ਉੱਭਰ ਰਹੀ ਤੇ ਸਾਰੇ ਵਾਤਾਵਰਣ ਵਿਚ ਫੈਲ ਰਹੀ ਸੀ :

"ਵਤਨ ਕੀ ਆਬਰੂ ਖ਼ਤਰੇ ਮੇਂ ਹੈ,
ਹੁਸ਼ਿਆਰ ਹੋ ਜਾਓ—ਹੁਸ਼ਿਆਰ ਹੋ ਜਾਓ—ਹੁਸ਼ਿਆਰ ਹੋ ਜਾਓ ...।"

# ਸ਼ੀਸ਼ੇ ਵਾਲੀ ਚਿੜੀ

ਸ਼ੈਲਫ਼ ਉੱਤੇ ਪਈਆਂ ਪੁਸਤਕਾਂ ਉੱਤੇ ਧੂੜ ਦੀ ਇਕ ਮਹੀਨ ਤਹਿ ਜੰਮੀ ਹੋਈ ਹੈ। ਇਨ੍ਹਾਂ ਵਿਚ ਹੀ ਕੁਝ ਪੁਸਤਕਾਂ ਉਹ ਵੀ ਹਨ, ਜਿਨ੍ਹਾਂ ਨੂੰ ਮੈਂ ਥੋੜ੍ਹਾ ਚਿਰ ਹੋਇਆ, ਖ਼ਰੀਦਿਆ ਸੀ। ਪਰ ਪੜ੍ਹਨ ਦਾ ਹੀਆ ਨਹੀਂ ਸੀ ਕਰ ਸਕਿਆ। ਕਦੇ-ਕਦੇ ਧੂੜ ਦੇ ਇਸ ਮਹੀਨ ਪਰਦੇ ਹੇਠੋਂ ਮੈਨੂੰ ਪੁਸਤਕਾਂ ਦੇ ਤ੍ਰਿਹਾਏ ਸ਼ਬਦ ਝਾਕਦੇ ਨਜ਼ਰ ਆਉਂਦੇ, ਜਿਵੇਂ ਉਹ ਕਿਸੇ ਨਜ਼ਰ ਦੀ ਛੂਹ ਨੂੰ ਤਰਸ ਰਹੇ ਹੋਣ, ਨਜ਼ਰ ਜਿਹੜੀ ਉਨ੍ਹਾਂ ਦੀ ਆਤਮਾ ਦੀਆਂ ਧੁਰ ਡੂੰਘਾਣਾਂ ਵਿਚ ਲੱਥ ਜਾਵੇ। ਸਾਮ੍ਹਣੀ ਅੰਗੀਠੀ ਉੱਤੇ ਮੇਰੀ ਇਕ ਤਸਵੀਰ ਪਈ ਹੈ, ਜਿਸ ਦਿਆਂ ਬੁੱਲ੍ਹਾਂ ਦੀ ਮੁਸਕਰਾਹਟ ਨੇ ਇਕ ਸਥਾਈ ਰੂਪ ਧਾਰਨ ਕਰ ਲਿਆ ਹੈ। ਬਾਹਰ ਭਾਵੇਂ ਅੱਗ ਬਰਸੇ ਜਾਂ ਝੱਖੜ ਝੁਲੇ, ਬਾਹਰ ਭਾਵੇਂ ਔੜ ਪਏ ਜਾਂ ਵਰਖਾ ਹੋਵੇ, ਇਹ ਮੁਸਕਾਨ ਉਵੇਂ ਦੀ ਉਵੇਂ ਕਾਇਮ ਰਹਿੰਦੀ ਹੈ ਤੇ ਮੈਂ ਸੋਚਦਾ ਹਾਂ ਕਿ ਮੁਸਕਰਾਹਟ ਦੀ ਇਹ ਮੌਤ ਵੀ ਕਿਤਨੀ ਹੁਸੀਨ ਹੈ। ਕੈਮਰੇ ਦੀ ਅੱਖ ਨੇ ਉਡਦੇ ਛਿਣ ਦੀ ਮੁਸਕਰਾਹਟ ਨੂੰ ਇਕ ਸਦੀਵੀ ਪਰ ਨਿਰਜਿੰਦ ਰੂਪ ਦੇ ਦਿੱਤਾ। ਮੈਂ ਸੋਚਦਾ ਹਾਂ ਕਿ ਮੇਰੇ ਬੁੱਲ੍ਹਾਂ ਤੋਂ ਇਹ ਮੁਸਕਰਾਹਟ ਤਾਂ ਕਦੋਂ ਦੀ ਖੁੱਸ ਚੁਕੀ ਹੈ।

ਇਸ ਚੁਬਾਰੇ ਵਿਚ ਮੈਥੋਂ ਸਿਵਾ ਹੋਰ ਕੋਈ ਨਹੀਂ ਆਉਂਦਾ। ਹਾਂ, ਕਦੇ-ਕਦੇ ਇਕ ਚਿੜੀ ਅੰਗੀਠੀ ਉੱਤੇ ਪਏ ਸ਼ੀਸ਼ੇ ਸਾਮ੍ਹਣੇ ਆ ਕੇ ਬੈਠ ਜਾਂਦੀ ਹੈ ਤੇ ਸ਼ੀਸ਼ੇ ਵਿਚ ਆਪਣੇ ਰੂਪ ਦਾ ਭੁਲਾਵਾ ਵੇਖ-ਵੇਖ ਕੇ, ਸ਼ੀਸ਼ੇ ਉੱਤੇ ਠੂੰਗੇ ਮਾਰਨ ਲੱਗ ਪੈਂਦੀ ਹੈ, ਜਦੋਂ ਉਹ ਠੂੰਗੇ ਮਾਰ-ਮਾਰ ਬੇਹਾਲ ਹੋ ਜਾਂਦੀ ਹੈ ਤਾਂ ਮੈਂ ਇਕ ਅਣਜਾਣੇ ਸੰਸੇ ਦੇ ਭੈ ਨਾਲ, ਉਸ ਨੂੰ ਉੱਥੋਂ ਉਡਾ ਕੇ ਸ਼ੀਸ਼ਾ ਮੂਧਾ ਕਰ ਦਿੰਦਾ ਹਾਂ, ਅਤੇ ਕਈ ਵਾਰੀ ਆਪਣੇ ਅਕਸ ਨੂੰ ਵੇਖ ਕੇ, ਜੋ ਸਦਾ ਹੀ ਮੇਰੀ ਤਸਵੀਰ ਦੀ ਚੁਗਲੀ ਕਰਦਾ ਰਹਿੰਦਾ ਹੈ।

ਇਸ ਚੁਬਾਰੇ ਦੀਆਂ ਸਭ ਬਾਰੀਆਂ ਅੰਦਰ ਵਲ ਖੁੱਲ੍ਹਦੀਆਂ ਹਨ, ਪਰ ਇਨ੍ਹਾਂ ਰਾਹੀਂ ਹਵਾ ਬਾਹਰੋਂ ਆਉਂਦੀ ਹੈ। ਮੇਰੀਆਂ ਅੱਖਾਂ ਵਿਚ ਵੀ ਸੰਸਾਰ ਦਾ ਪ੍ਰਕਾਸ਼ ਪੈਂਦਾ ਹੈ, ਪਰ ਮੇਰੇ ਧਿਆਨ ਦੇ ਕਿਵਾੜ ਸਦਾ ਹੀ ਅੰਦਰ ਵੱਲ ਖੁਲ੍ਹਦੇ ਹਨ, ਜਿੱਥੇ ਤਲਖ਼ ਯਾਦਾਂ ਦੀ ਇਕ ਉਦਾਸ ਵਾਦੀ ਵਿਚ, ਠੇਡੇ ਖਾਣ ਨਾਲ, ਕਦੇ ਕਦੇ ਬੜਾ ਆਨੰਦ ਆਉਂਦਾ ਹੈ। ਅੱਜ ਵੀ ਮੇਰੇ ਧਿਆਨ ਦੇ ਕਿਵਾੜ ਆਪ ਮੁਹਾਰਾ ਹੀ ਬੀਤੇ ਦਿਨਾਂ ਦੇ ਸਥਾਈ ਸੰਸਕਾਰਾਂ ਵਲ ਖੁੱਲ੍ਹ ਗਏ ਹਨ ਤੇ ਮੈਂ ਵੇਖ ਰਿਹਾ ਹਾਂ—

ਮੇਰੀ ਸ਼ਕਲ ਸੂਰਤ ਦਾ ਇਕ ਆਦਮੀ ਅਖ਼ਬਾਰਾਂ ਵਿਚ ਨੌਕਰੀਆਂ ਦੀਆਂ ਸੂਚਨਾਵਾਂ ਪੜ੍ਹ ਰਿਹਾ ਹੈ। ਪਤੇ ਨੋਟ ਕਰ ਰਿਹਾ ਹੈ ਤੇ ਫਿਰ ਆਪਣੇ ਸਰਟੀਫਿਕੇਟ ਤੇ ਅਰਜ਼ੀਆਂ ਟਾਈਪ ਕਰਵਾ ਕੇ, ਉਨ੍ਹਾਂ ਨੂੰ ਰਜਿਸਟਰਡ ਡਾਕ ਦੁਆਰਾ ਨਵੀਆਂ ਥਾਵਾਂ ਉੱਤੇ ਭੇਜ ਰਿਹਾ ਹੈ। ਫਿਰ ਉਹ ਬੜੀ ਉਤਸੁਕਤਾ ਨਾਲ ਡਾਕ ਦੀ ਉਡੀਕ ਕਰਦਾ ਹੈ ਤੇ ਫਿਰ ਡਾਕ ਵਿਚ ਉਸ ਨੂੰ ਇੰਟਰਵਿਊ-ਪੱਤਰ ਆਉਂਦੇ ਹਨ। ਹਰ ਪੱਤਰ ਉਸ ਦੀਆਂ ਅੱਖਾਂ ਵਿਚ ਇਕ ਨਵੀਂ ਚਮਕ ਲਿਆਉਂਦਾ ਹੈ। ਇਸ ਨਸ਼ੇ ਵਿਚ ਉਸ ਨੂੰ ਆਪਣੀ ਸਵਾ ਸੌ ਰੁਪਏ ਮਾਸਕ ਦੀ ਨੌਕਰੀ ਭੁੱਲ ਜਾਂਦੀ ਹੈ ਤੇ ਉਸ ਦੀਆਂ ਅੱਖਾਂ ਵਿਚ ਕਾਲਜ ਦੀ ਪ੍ਰੋਫ਼ੈਸਰੀ ਦੇ ਸ਼ਾਨਦਾਰ ਜੀਵਨ

ਦੇ ਹੁਸੀਨ ਸੁਫ਼ਨੇ ਲਟਕ ਜਾਂਦੇ ਹਨ। ਉਹ ਮੁਸਕਰਾ ਉੱਠਦਾ ਹੈ, ਬਿਲਕੁਲ ਮੇਰੀ ਤਸਵੀਰ ਵਾਂਗ ਤੇ ਮੈਂ ਸੋਚਦਾ ਹਾਂ ਕਿ ਇਹ ਕੌਣ ਹੈ, ਜਿਸ ਨੇ ਮੇਰੀ ਮੁਸਕਾਨ ਚੁਰਾ ਲਈ ਹੈ ? ਮੈਂ ਬੜੀ ਨੀਝ ਨਾਲ ਉਸ ਨੂੰ ਪਛਾਨਣ ਦਾ ਯਤਨ ਕਰਦਾ ਹਾਂ। ਇਹ ਤਾਂ 'ਮੈਂ' ਹੀ ਹਾਂ। ਮੈਂ ਹੈਰਾਨ ਰਹਿ ਜਾਂਦਾ ਹਾਂ ! ਫਿਰ ਮੈਨੂੰ ਯਾਦ ਆਉਂਦਾ ਹੈ ਕਿ ਕਿਸ ਤਰ੍ਹਾਂ ਪਿਛਲੇ ਛੇ ਸਾਲਾਂ ਦੀ ਅਣਥੱਕ ਮਿਹਨਤ ਦੁਆਰਾ, ਪ੍ਰਾਈਵੇਟ ਤੌਰ ਤੇ, ਨੌਕਰੀ ਕਰਦਿਆਂ, ਮੈਂ ਸੈਕੰਡ ਡਵੀਜ਼ਨ ਵਿਚ ਐੱਮ. ਏ. ਪਾਸ ਕੀਤਾ ਤੇ ਫਿਰ ਹਰ ਇੰਟਰਵਿਊ-ਪੱਤਰ ਨਾਲ ਮੇਰੀ ਤ੍ਰਿਸ਼ਨਾ ਲਈ ਨਵੀਆਂ ਆਸਾਂ ਆਈਆਂ।

ਮੈਂ ਪ੍ਰਾਈਵੇਟ ਕਾਲਜਾਂ ਦੀਆਂ ਮੈਨੇਜਿੰਗ ਕਮੇਟੀਆਂ ਦੇ ਮੈਂਬਰਾਂ ਨੂੰ ਮਿਲਣ ਤਕ ਗਿਆ। ਸਿਫ਼ਾਰਸ਼ਾਂ ਲੈ ਕੇ ਪ੍ਰਿੰਸੀਪਲਾਂ ਤੇ ਹੈੱਡ ਆਫ਼ ਦੀ ਡੀਪਾਰਟਮੈਂਟ ਨੂੰ ਮਿਲਿਆ। ਪਰ ਇਹ ਉਹ ਸਾਧ ਸਨ ਜਿਹੜੇ ਗੱਲੀਂ-ਬਾਤੀਂ ਹਰ ਇਕ ਨੂੰ ਦੁੱਧ-ਪੁੱਤ ਦੇਈ ਜਾਣ ਦੇ ਆਦੀ ਹੋ ਚੁੱਕੇ ਸਨ। ਜਦ ਵੀ ਮੈਂ ਇੰਟਰਵਿਊ ਤੇ ਗਿਆ, ਮੇਰਾ ਹਾਲ ਇਸ ਤਰ੍ਹਾਂ ਹੀ ਹੋਇਆ ਕਿ ਜਿਸ ਤਰ੍ਹਾਂ ਕੋਈ ਦੇਰ ਤਕ ਕਤਾਰ ਵਿਚ ਖੜਾ ਰਿਹਾ ਹੋਵੇ। ਪਰ ਜਦੋਂ ਉਸ ਦੀ ਵਾਰੀ ਆਵੇ ਤਾਂ ਲਾਰੀ ਭਰ ਕੇ ਤੁਰ ਜਾਵੇ ਤੇ ਉਹ ਦੇਖਦਾ ਹੀ ਰਹਿ ਜਾਵੇ। ਇਸ ਗੱਲ ਦੀ ਮੈਨੂੰ ਮਗਰੋਂ ਸਮਝ ਆਈ ਕਿ ਪ੍ਰਾਈਵੇਟ ਕਾਲਜਾਂ ਵਾਲਿਆਂ ਨੇ ਰੱਖਣ ਵਾਲਿਆਂ ਨੂੰ ਤਾਂ ਪਹਿਲਾਂ ਹੀ ਰਖਿਆ ਹੋਇਆ ਹੁੰਦਾ ਹੈ। ਇਹ ਐਡਵਰਟਾਈਜ਼ਮੈਂਟ ਤਾਂ ਯੂਨੀਵਰਸਿਟੀ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਹੀ ਕੀਤੀ ਹੁੰਦੀ ਹੈ। ਫਿਰ ਵੀ ਹਰ ਨਵਾਂ ਇੰਟਰਵਿਊ-ਪੱਤਰ ਮੇਰੀਆਂ ਅੱਖਾਂ ਵਿਚ, ਮੇਰੇ ਮਨ ਵਿਚ, ਨਵੀਆਂ ਜੋਤਾਂ ਬਾਲ ਦਿੰਦਾ ਤੇ ਮੈਂ ਫਿਰ ਬਸਤਾ ਚੁਕੀ ਦਰ-ਬਦਰ ਦਸਤਕ ਦਿੰਦਾ ਫਿਰਦਾ।

ਇਸ ਫੇਰੇ-ਤੋਰੇ ਤੇ ਸਿਫ਼ਾਰਸ਼ਾਂ ਦੇ ਗੇੜ-ਚੱਕਰ ਨੇ ਮੇਰੀ ਜਮ੍ਹਾਂ ਪੂੰਜੀ ਭੋਰ ਭੋਰ ਕੇ ਖਾ ਲਈ ਤੇ ਤਨਖ਼ਾਹ ਵੀ ਨਾਲ ਦੀ ਨਾਲ ਏਧਰ ਹੀ ਲੱਗਦੀ ਰਹੀ। ਏਥੋਂ ਤਕ ਕਿ ਘਰ ਦੇ ਲੂਣ ਤੇਲ ਦਾ ਵੀ ਕਾਫ਼ੀ ਉਧਾਰ ਸਿਰ ਚੜ੍ਹ ਗਿਆ। ਨਤੀਜਾ ਉਹੀ 'ਢਾਕ ਕੇ ਤੀਨ ਪਾਤ !'

ਆਪਣੀ ਇੱਛਾ-ਪੂਰਤੀ ਦੀ ਇਸ ਅਸਫ਼ਲਤਾ 'ਤੇ ਮੈਂ ਮਨ ਹੀ ਮਨ ਵਿਚ ਖਿਝਦਾ ਰਹਿੰਦਾ, ਕ੍ਰਿਝਦਾ ਰਹਿੰਦਾ। ਇਸ ਦਾ ਅਸਰ ਇਹ ਹੁੰਦਾ ਕਿ ਮੈਂ ਬਿਲਾ-ਵਜ੍ਹਾ ਆਪਣੀ ਪਤਨੀ ਨੂੰ ਗੁੱਸੇ ਹੁੰਦਾ। ਆਪਣੇ ਇੱਕੋ ਇਕ ਛੋਟੇ ਪੁੱਤਰ ਵਲ ਅਣਗਹਿਲੀ ਵਰਤਦਾ ! ਮਾਤਾ ਪਿਤਾ ਮੇਰੇ ਚਿੜਚਿੜੇ-ਪਨ ਦਾ ਕਾਰਨ ਸਮਝ ਕੇ ਚੁੱਪ ਕਰ ਰਹਿੰਦੇ ਤੇ ਮੈਂ ਇਸ ਚੁਬਾਰੇ ਵਿਚ ਆਣ ਬਹਿੰਦਾ।

ਹੁਣ ਮੈਂ ਸੋਚ ਲਿਆ ਸੀ ਕਿ ਕਿਧਰੇ ਵੀ ਅਰਜ਼ੀ ਨਹੀਂ ਭੇਜਣੀ। ਜੋ ਕੁਝ ਹੈ, ਠੀਕ ਹੈ। ਘਰ ਦੀ ਜ਼ਮੀਨ ਦੇ, ਖਾਣ ਪੀਣ ਜੋਗੇ ਦਾਣੇ ਆ ਹੀ ਜਾਂਦੇ ਹਨ ਤੇ ਤਨਖ਼ਾਹ ਨਾਲ ਉੱਪਰਲਾ ਖ਼ਰਚਾ ਵਾਹ-ਵਾਹ ਤੁਰੀ ਜਾਂਦਾ ਹੈ। ਪਰ ਘਰ ਆ ਕੇ ਮੈਨੂੰ ਪਤਾ ਨਹੀਂ ਕੀ ਹੋ ਜਾਂਦਾ ਕਿ ਮੈਂ ਆਪਣੀ ਘਰ ਵਾਲੀ ਨੂੰ ਵਢੂੰ ਖਾਊਂ ਕਰਦਾ ਰਹਿੰਦਾ। ਉਸ ਦੇ ਚਿਹਰੇ ਤੋਂ ਮੈਨੂੰ ਜਿਵੇਂ ਨਫ਼ਰਤ ਹੋ ਗਈ ਹੋਵੇ। ਘਰੋਂ ਬਾਹਰ, ਵਗਦੇ ਪਾਣੀਆਂ ਨਾਲ ਅਲਫ਼-ਚੰਨ-ਚਾਨਣੀ ਦੇ ਕਲੋਲ ਮੇਰੀਆਂ ਨਜ਼ਰਾਂ ਨੂੰ ਆਕਰਸ਼ਤ ਕਰਦੇ ਤੇ ਕਦੇ-ਕਦੇ ਕਿਸੇ 'ਰਾਤ-ਰਾਣੀ' ਦੀ ਸੁਗੰਧ ਮੇਰਾ ਰਸਤਾ ਰੋਕ ਲੈਂਦੀ। ਮੈਂ ਰਾਤ ਦੀ ਬੁੱਕਲ ਵਿਚ ਉਸ ਨਾਲ ਇਕ ਮਿਕ ਹੋ ਜਾਂਦਾ। ਕਿਤਨਾ ਆਨੰਦ ਸੀ ਬਾਹਰ ! ਮਹਿਕਾਂ ਦੀ ਵਿਸਮਾਦ-ਭਰੀ ਅਵਸਥਾ ਵਿਚ ਮੈਂ ਸੋਚਦਾ। 'ਰਾਤ-ਰਾਣੀਆਂ' ਨਾਲ ਮੈਂ ਗੱਲਾਂ ਕਰਦਾ ਨਾ ਥੱਕਦਾ ! ਉਨ੍ਹਾਂ ਨਾਲ ਰੋਜ਼ ਆਉਣ ਦੇ ਇਕਰਾਰ ਕਰ ਕੇ ਮੇਰੇ ਮਨ ਨੂੰ ਬੜੀ ਤਸਕੀਨ ਪ੍ਰਾਪਤ ਹੁੰਦੀ। ਘਰ ਆ ਕੇ ਆਪਣੀ ਘਰ ਵਾਲੀ ਵਲ ਵੇਖਣ ਨੂੰ ਮੇਰੀ ਵੱਢੀ ਰੂਹ ਨਾ ਕਰਦੀ।

ਜਦ ਕਦੇ ਜੀ ਬਹੁਤ ਉਦਾਸ ਹੋ ਜਾਂਦਾ, ਤਾਂ ਮੈਂ ਦੇਸੀ ਸ਼ਰਾਬ ਦੀ ਅੱਗ ਨਾਲ ਆਪਣੀ ਅੱਗ ਬੁਝਾ ਲੈਂਦਾ ! ਨਸ਼ੇ ਦੀ ਹਾਲਤ ਵਿਚ ਘਰ ਵਾਲੀ ਨਾਲ ਮੇਰਾ ਵਤੀਰਾ ਹੋਰ ਵੀ ਸਖ਼ਤ ਹੋ ਜਾਂਦਾ ! ਇਹ ਸਭ ਘਰ ਵਾਲੇ ਹੀ ਮੈਨੂੰ ਮੇਰੀ ਅਸਫ਼ਲਤਾ ਤੇ ਅਤ੍ਰਿਪਤੀ ਦਾ ਕਾਰਨ ਜਾਪਦੇ। ਨਾ ਇਹ ਹੁੰਦੇ ਤੇ ਨਾ ਮੈਨੂੰ ਵਡੇਰੀ ਨੌਕਰੀ ਲਈ ਟੱਕਰਾਂ ਮਾਰਨੀਆਂ ਪੈਂਦੀਆਂ। ਮੇਰਾ ਕੀ ਸੀ ਛੜੇ ਛੜਾਂਗ ਦਾ—ਏਨੇ ਵਿਚ ਹੀ ਵਾਹ-ਵਾਹ ਬੁੱਤਾ ਰਿੜ੍ਹੀ ਜਾਣਾ ਸੀ। ਪਰ ਜਦੋਂ ਕਿਤੇ ਨਸ਼ੇ ਵਿਚ ਮੈਨੂੰ 'ਰਾਤ-ਰਾਣੀ' ਮਿਲ ਜਾਂਦੀ ਤਾਂ ਮੇਰੀ ਤਬੀਅਤ

ਖਿੜ ਪੁੜ ਜਾਂਦੀ ਤੇ ਜ਼ਿੰਦਗੀ ਤੋਂ ਚੁਰਾਏ ਹੋਏ ਕਾਮ-ਪੂਰਤੀ ਦੇ ਇਹ ਪਲ-ਛਿਣ ਬੜੇ ਹੁਸੀਨ ਲੱਗਦੇ।

ਇਕ ਦਿਨ ਮੈਂ ਘਰ ਰਾਤ ਨੂੰ ਬਹੁਤ ਦੇਰ ਨਾਲ ਪਹੁੰਚਿਆ। ਘੁੱਟ ਕੁ ਮੂੰਹ ਨੂੰ ਲੱਗੀ ਹੋਈ ਸੀ। ਬੂਹਾ ਵੜਦਿਆਂ ਹੀ ਮੇਰੀ ਮਾਂ ਨੇ ਮੈਨੂੰ ਪੁੱਛਿਆ, "ਜਗਦੀਸ਼ ! ਬੇਟਾ ! ਐਡੀ ਰਾਤ ਗਈ ਤਕ ਬਾਹਰ ਕੀ ਕਰਦਾ ਰਹਿੰਦਾ ਏਂ ?"

ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਮੇਰੀ ਮਾਂ ਨੇ ਮੇਰੇ ਮਨ ਦਾ ਚੋਰ ਫੜ ਲਿਆ ਹੋਵੇ।

'ਕੁਝ ਨਹੀ" ਕਹਿ ਕੇ ਮੈਂ ਭਰਿਆ ਪੀਤਾ ਉਤਾਂਹ ਚੜ੍ਹ ਗਿਆ। ਅੱਗੋਂ ਮੇਰੀ ਪਤਨੀ ਨੇ ਵੀ ਮੈਨੂੰ ਕੁਝ ਅਜਿਹੇ ਸ਼ਬਦ ਹੀ ਕਹੇ। ਮੈਨੂੰ ਖਿਝ ਆ ਗਈ ਤੇ ਮੈਂ ਉਸ ਦੇ ਦੋ-ਤਿੰਨ ਕੱਢ ਮਾਰੀਆਂ। ਅਚਾਨਕ ਹੀ ਕਿਤੇ ਇਕ ਉਸ ਦੇ ਕੁਛੜਲੇ ਕਾਕੇ ਦੇ ਲੱਗ ਗਈ। ਉਸ ਨੇ ਲੇਰਾਂ ਚੁੱਕ ਲਈਆਂ। ਉਸ ਮਾਸੂਮ ਦੇ ਚੁਪੇੜ ਵੱਜਣ ਦਾ ਮੈਨੂੰ ਐਨਾ ਅਫ਼ਸੋਸ ਹੋਇਆ ਕਿ ਮੈਨੂੰ ਸਾਰੀ ਰਾਤ ਨੀਂਦਰ ਨਾ ਪਈ। ਉਹ ਰੋਈ ਗਿਆ ਤੇ ਮੇਰੀ ਪਤਨੀ ਅੰਦਰੇ-ਅੰਦਰ ਆਪਣੇ ਅੱਥਰੂਆਂ ਨੂੰ ਪੀ ਕੇ ਉਸ ਦੇ ਅੱਥਰੂ ਪੂੰਝਦੀ ਰਹੀ, ਉਸ ਨੂੰ ਵਰਾਉਂਦੀ ਰਹੀ, ਤੇ ਮੈਂ ਸੋਚਦਾ ਰਿਹਾ ਕਿ ਇਸ ਵਿਚਾਰੀ ਦਾ ਵੀ ਕੀ ਦੋਸ਼ ਹੈ ? ਮਾਪਿਆਂ ਨੇ ਲੜ ਲਾ ਦਿੱਤੀ। ਜਦੋਂ ਦੀ ਆਈ ਹੈ, ਇਹਨੇ ਮੁਕਲਾਵੇ ਦੇ ਦਿਨਾਂ ਵਿਚ ਭਾਵੇਂ ਸ਼ਿੰਗਾਰ ਕੀਤਾ ਹੋਵੇ, ਪਰ ਉਸ ਤੋਂ ਬਾਅਦ ਸਦਾ ਸਾਦਾ ਰਹਿਣ ਲੱਗ ਪਈ। ਦੋ-ਤਿੰਨ ਵਰ੍ਹੇ ਹੀ ਤਾਂ ਹੋਏ ਹਨ ਸਾਡੇ ਵਿਆਹ ਨੂੰ ਤੇ ਇਨ੍ਹਾਂ ਵਰ੍ਹਿਆਂ ਵਿਚ ਇਕ ਵਾਰੀ ਵੀ ਉਸ ਨੇ ਕੋਈ ਮੰਗ ਨਹੀਂ ਸੀ ਕੀਤੀ। ਅੰਦਰੋਂ ਕੱਢ-ਕੱਢ ਕੇ ਹੀ ਕਪੜੇ ਪਾ ਲੈਂਦੀ ਤੇ ਬਹੁਤੀ ਵੇਰੀ ਪੁਰਾਣੇ ਕਪੜਿਆਂ ਨੂੰ ਹੀ ਟਾਕੀਆਂ ਲਾ ਕੇ ਡੰਗ ਟਪਾ ਲੈਂਦੀ। ਕਿੰਨੀ ਸਾਊ ਹੈ ਵਿਚਾਰੀ। ਚੁੱਪ ਕਰ ਕੇ ਕੁੱਟ ਖਾ ਲੈਂਦੀ ਪਰ ਮੂੰਹੋਂ ਕਦੇ ਕੋਈ ਸ਼ਿਕਾਇਤ ਨਾ ਕਰਦੀ। ਮੇਰੇ ਤਾਂ ਘਰ ਵਿਚ ਹੀ ਸਭ ਕੁਝ ਹੈ, ਫਿਰ ਮੈਂ ਬਾਹਰ ਕਿਉਂ ਭਟਕ ਰਿਹਾ ਹਾਂ ? ਮੈਂ ਆਪਣੇ ਆਪ ਨੂੰ ਕੋਸਣ ਲੱਗ ਪਿਆ। ਇਨ੍ਹਾਂ ਹੀ ਸੋਚਾਂ ਵਿਚ ਪਤਾ ਨਹੀਂ ਕਦੋਂ ਮੇਰੀ ਅੱਖ ਲੱਗ ਗਈ।

ਸਵੇਰੇ ਅੱਖਾਂ ਖੁੱਲ੍ਹੀਆਂ ਤਾਂ ਮੇਰੀ ਪਤਨੀ ਚਾਹ ਦਾ ਪਿਆਲਾ ਲਈ ਮੇਰੇ ਸਾਮ੍ਹਣੇ ਖੜ੍ਹੀ ਸੀ। ਮੈਂ ਉਸ ਦੀਆਂ ਅੱਖਾਂ ਵਿਚ ਵੇਖਣ ਦਾ ਯਤਨ ਕੀਤਾ, ਪਰ ਉਹ ਉਵੇਂ ਦੀਆਂ ਉਵੇਂ ਸਪਾਟ, ਭਾਵ-ਹੀਨ ਤੇ ਪੱਥਰਾਈਆਂ ਹੋਈਆਂ ਜਾਪੀਆਂ। ਉਨ੍ਹਾਂ ਵਿਚ ਕੋਈ ਗਿਲਾ, ਕੋਈ ਸ਼ਿਕਵਾ ਨਹੀਂ ਸੀ। ਜਿਵੇਂ ਰਾਤ ਕੁਝ ਹੋਇਆ ਹੀ ਨਹੀਂ ਹੁੰਦਾ। ਮੈਂ ਘਬਰਾ ਕੇ ਅੱਖਾਂ ਭਵਾਂ ਲਈਆਂ। ਉਹਦੇ ਮੋਢੇ ਲੱਗੇ ਹੋਏ ਕਾਕੇ ਦੀ ਸੱਜੀ ਗੱਲ੍ਹ ਉੱਤੇ ਨੀਲ ਪਿਆ ਹੋਇਆ ਸੀ। ਉਸ ਵੱਲ ਵੇਖ ਕੇ ਮੇਰੇ ਅੰਦਰਲਾ ਮਨੁੱਖ ਰੋ ਪਿਆ ਤੇ ਮੈਂ ਭਰੀ ਹੋਈ ਆਵਾਜ਼ ਨਾਲ ਕਿਹਾ, "ਮਨਜੀਤ ! ਬੈਠ ਜਾ।"

ਉਹ ਬਿਨਾਂ ਹੂੰ ਹਾਂ ਕਿਹਾਂ ਮੇਰੇ ਮੰਜੇ ਉੱਤੇ ਬੈਠ ਗਈ। ਜਿਵੇਂ ਕੋਈ ਮੁਲਜ਼ਮ ਕਚਹਿਰੀ ਵਿਚ ਪੇਸ਼ ਹੁੰਦਾ ਹੈ। ਮੈਂ ਮਨ ਹੀ ਮਨ ਆਪਣੇ ਨਿਰਦਈ-ਪੁਣੇ ਤੇ ਪਸ਼ਚਤਾਪ ਕਰ ਰਿਹਾ ਹਾਂ। ਉਸ ਦੀ ਠੋਡੀ ਨੂੰ ਉਂਗਲੀ ਨਾਲ ਉਤਾਂਹ ਚੁੱਕ ਕੇ ਮੈਂ ਕਿਹਾ, "ਮਨਜੀਤ ! ਰਾਤ ਮੈਂ ਪੀਤੀ ਹੋਈ ਸੀ ! ਮੈਥੋਂ ਗਲਤੀ ਹੋ ਗਈ। ਮੈਨੂੰ ਖਿਮਾ ਕਰ ਦੇ !"

"ਗ਼ਲਤੀ ਕਾਹਦੀ !"

ਉਸ ਦੀ ਆਵਾਜ਼ ਮੈਨੂੰ ਦੂਰ ਕਿਸੇ ਖੂਹ ਵਿੱਚੋਂ ਆਉਂਦੀ ਹੋਈ ਪ੍ਰਤੀਤ ਹੋਈ ਤੇ ਮੇਰੇ ਸੌਹੇਂ ਔਰਤ ਦੀ ਸਦੀਆਂ ਦੀ ਬੇਬਸੀ ਦੀ ਮੂਰਤ ਆਣ ਖੜੋਂਦੀ। ਫਿਰ ਪਤਾ ਨਹੀਂ ਕੀ ਹੋਇਆ ਕਿ ਮੈਂ ਉਸ ਨੂੰ ਖਿੱਚ ਕੇ ਆਪਣੇ ਨਾਲ ਲਾ ਲਿਆ ਤੇ ਪਿਆਰ ਭਿੱਜੇ ਬੋਲਾਂ ਵਿਚ ਪਤਾ ਨਹੀਂ ਉਸ ਨੂੰ ਕੀ ਕੀ ਕਿਹਾ। ਉਸ ਦੀਆਂ ਅੱਖਾਂ ਵਿੱਚੋਂ ਅੱਥਰੂਆਂ ਦੀ ਇਕ ਅਰੋਕ ਝੜੀ ਜਾਰੀ ਹੋ ਗਈ।

ਉਸ ਦਿਨ ਕੰਮ ਵਿਚ ਮੇਰਾ ਜੀ ਬੜਾ ਉਦਾਸ ਰਿਹਾ ਤੇ ਮੈਂ ਮਨ ਹੀ ਮਨ ਆਪਣੀ ਕਰਨੀ 'ਤੇ ਪਛਤਾਉਂਦਾ ਰਿਹਾ, ਕਿ ਮੈਂ ਕਿਤਨਾ ਮੂਰਖ ਹਾਂ ਜੋ ਆਪਣੇ ਘਰ ਦੇ ਸੁਰਗ ਨੂੰ ਛੱਡ ਕੇ ਬਾਹਰ ਭਟਕ ਰਿਹਾ ਹਾਂ। ਉਸ ਦਿਨ ਤੋਂ ਮੈਨੂੰ ਆਪਣੀ ਪਤਨੀ ਤੇ ਬੱਚਾ ਦੋਵੇਂ ਬੜੇ ਪਿਆਰੇ ਲੱਗਣ ਲੱਗ ਪਏ। ਮੈਂ ਪੂਰਨ ਭਾਂਤ ਤ੍ਰਿਪਤ ਸਾਂ

ਤੇ ਮੈਨੂੰ ਇੰਜ ਲੱਗਦਾ ਸੀ ਕਿ ਮੈਂ ਆਪਣੀ ਤ੍ਰਿਸ਼ਨਾ ਨੂੰ ਮਾਰ ਲਿਆ ਹੈ। ਹੁਣ ਮੇਰਾ ਬਹੁਤਾ ਚਿਰ ਘਰ ਹੀ ਗੁਜ਼ਰਦਾ। ਦਲਾਨ ਵਿਚ ਬੈਠਾ ਮੈਂ ਕਾਕੇ ਨੂੰ ਖਿਡਾਉਂਦਾ ਰਹਿੰਦਾ ਤੇ ਜਦੋਂ ਉਹ ਸੌਂ ਜਾਂਦਾ ਮੈਂ ਉਪਰ ਚੁਬਾਰੇ ਵਿਚ ਆ ਬਹਿੰਦਾ। ਕਿਤਾਬਾਂ ਪੜ੍ਹਦਾ ਰਹਿੰਦਾ ਤੇ ਜਾਂ ਕਾਗ਼ਜ਼, ਕਲਮ ਲੈ ਕੇ ਕਵਿਤਾ ਤੇ ਕਹਾਣੀ ਲਿਖਣ ਬੈਠ ਜਾਂਦਾ।

ਮੇਰੀ ਖ਼ੁੱਸੀ ਮੁਸਕਾਨ ਮੁੜ ਵਾਪਸ ਆ ਗਈ ਤੇ ਹੁਣ ਮੈਂ ਸ਼ੀਸ਼ਾ ਵੀ ਕਦੇ ਮੂਧਾ ਨਹੀਂ ਸੀ ਕੀਤਾ।

ਪਰ ਕੁਝ ਦਿਨ ਪਹਿਲਾਂ ਦੀ ਗੱਲ ਹੈ ਕਿ ਮੈਨੂੰ ਕਿਸੇ ਕੰਮ, ਲਾਗਦੇ ਕਸਬੇ ਵਿਚ ਜਾਣਾ ਪਿਆ। ਅਚਾਨਕ ਹੀ ਮੇਰੀ ਨਜ਼ਰ ਅਖ਼ਬਾਰ ਪੜ੍ਹਦਿਆਂ, ਕੁਝ ਨਵੀਆਂ ਐਡਰਵਟਾਈਜ਼ ਕੀਤੀਆਂ ਨੌਕਰੀਆਂ ਤੇ ਪਈ ਤੇ ਫਿਰ ਮੈਂ ਮਹਿਸੂਸ ਕੀਤਾ ਕਿ ਇਕ ਦੋ ਜਗ੍ਹਾ ਮੇਰੀ ਕੁਝ ਵਾਕਫ਼ੀਅਤ ਵੀ ਹੈ ? ਪਰ ਫਿਰ ਪਿਛਲੇ ਸਾਲ ਵਾਲਾ ਚੇਤਾ ਕਰ ਕੇ ਮੈਂ ਇਕ ਕਸੀਸ ਜਹੀ ਵੱਟ ਲਈ। ਮੈਂ ਇਕ ਵਾਰੀ ਫਿਰ ਇਸ ਘਰ ਨੂੰ ਨਰਕ ਨਹੀਂ ਸਾਂ ਬਣਾਉਣਾ ਚਾਹੁੰਦਾ। ਪਿੰਡ ਦੀ ਜੂਹ ਵਿਚ ਵੜਦਿਆਂ ਹੀ ਇਕ ਜਾਣੀ-ਪਛਾਣੀ ਮਹਿਕ ਨੇ ਮੇਰਾ ਰਸਤਾ ਰੋਕ ਲਿਆ।

“ਹੁਣ ਤਾਂ ਨਜ਼ਰਾਂ ਉੱਚੀਆਂ ਹੋ ਗਈਆਂ। ਕੋਲੋਂ ਲੰਘਦੇ ਬੰਦੇ ਵੀ ਨਹੀਂ ਸਿਆਣ ਹੁੰਦੇ।” ਰੇਸ਼ਮੋਂ ਨੇ ਕਿਹਾ ਜੋ ਸ਼ਾਇਦ ਗਰਮੀਆਂ ਦੇ ਦਿਨ ਆਪਣੇ ਪੇਕੇ ਘਰ ਕੱਟਣ ਆ ਰਹੀ ਸੀ। ਮੈਂ ਉਸ ਦੀਆਂ ਅੱਖਾਂ ਵਿਚ ਵੇਖਿਆ, ਉਨ੍ਹਾਂ ਵਿਚ ਤ੍ਰਿਸ਼ਨਾ ਦੀ ਇਕ ਅਮਿਟ ਜੋਤ ਬਲ ਰਹੀ ਸੀ ਤੇ ਮੈਂ ਅੱਖਾਂ ਭਵਾਂ ਕੇ ਕੇਵਲ ਇਤਨਾ ਹੀ ਕਹਿ ਸਕਿਆ, “ਨਹੀਂ ਰੇਸ਼ਮੋਂ ! ਇਹ ਗੱਲ ਤਾਂ ਨਹੀਂ ! ਐਵੇਂ ਮੇਰਾ ਧਿਆਨ ਹੀ ਤੇਰੇ ਵਲ ਨਹੀਂ ਗਿਆ।”

“ਆਹੋ ! ਹੁਣ ਸਾਡੀ ਕੀ ਲੋੜ ਹੈ ? ‘ਨਵੇਂ ਨਵੇਂ ਮਿੱਤ, ਪੁਰਾਣੇ ਕਿਹਦੇ ਚਿੱਤ’ !”

ਸਾਮ੍ਹਣਿਓਂ ਕੋਈ ਆ ਰਿਹਾ ਸੀ। ਮੈਂ ਮੂੰਹ ਦੂਜੇ ਪਾਸੇ ਪਰਤਾ ਕੇ ਕਦਮ ਕਾਹਲੇ ਕਰ ਲਏ।

“ਕੀ ਗੱਲ ਹੈ ? ਅੱਜ ਕੁਛ ਉਦਾਸ ਲੱਗਦੇ ਹੋ ?” ਮੇਰੀ ਪਤਨੀ ਨੇ ਮੇਰੇ ਮਨ ਦਾ ਚੋਰ ਫੜ ਲਿਆ। ਪਰ ਮੈਂ ‘ਕੁੱਛ ਨਹੀਂ” ਕਹਿ ਕੇ, ਮਾੜੀ ਮੋਟੀ ਰੋਟੀ ਖਾਧੀ ਤੇ ਸਿੱਧਾ ਚੁਬਾਰੇ ਜਾ ਚੜ੍ਹਿਆ। ਸਵੇਰੇ ਜਾਂਦਿਆਂ ਮੈਥੋਂ ਚੁਬਾਰੇ ਦੀ ਖਿੜਕੀ ਖੁੱਲ੍ਹੀ ਰਹਿ ਗਈ ਸੀ ਤੇ ਮੈਂ ਸ਼ੀਸ਼ੇ ਨੂੰ ਮੂਧਾ ਕਰਨਾ ਵੀ ਭੁੱਲ ਗਿਆ ਸਾਂ। ਅੰਦਰ ਵੜਦਿਆਂ ਹੀ ਮੇਰੀ ਨਿਗਾਹ ਸ਼ੀਸ਼ੇ ਤੇ ਪਈ। ਸਾਰਾ ਸ਼ੀਸ਼ਾ ਵਿੱਠਾਂ ਨਾਲ ਭਰਿਆ ਹੋਇਆ ਸੀ। ਸ਼ੀਸ਼ੇ ਦੇ ਕੋਲ ਹੀ ਇਕ ਚਿੜੀ ਅਹਿੱਲ ਪਈ ਸੀ। ਉਸ ਦੀ ਚੁੰਝ ਸ਼ੀਸ਼ੇ ਨਾਲ ਜੁੜੀ ਹੋਈ ਸੀ। ਮੈਂ ਸੋਚਿਆ ਕਿ ਸ਼ਾਇਦ ਵਿਚਾਰੀ ਮਰ ਗਈ ਹੈ। ਫਿਰ ਮੈਂ ਅੱਗੇ ਹੋ ਕੇ ਉਸ ਨੂੰ ਛੋਹਿਆ। ਅਜੇ ਉਸ ਵਿਚ ਪ੍ਰਾਣ ਬਾਕੀ ਸਨ। ਮੈਂ ਛੇਤੀ-ਛੇਤੀ ਘੜੇ ਵਿੱਚੋਂ ਕੁਝ ਪਾਣੀ ਚੂਲੀ ਵਿਚ ਪਾ ਕੇ ਚਿੜੀ ਦੀ ਚੁੰਝ ਨੂੰ ਲਾਇਆ। ਦੋ-ਤਿੰਨ ਘੁੱਟ ਉਸ ਦੇ ਅੰਦਰ ਲੰਘ ਗਏ। ਫਿਰ ਮੈਂ ਮੰਜੀ ਉੱਤੇ ਆਣ ਬੈਠਾ ਪਰ ਮੇਰੀਆਂ ਅੱਖਾਂ ਉਸ ਚਿੜੀ ਵਲ ਹੀ ਲੱਗੀਆਂ ਹੋਈਆਂ ਸਨ। ਹੌਲੀ-ਹੌਲੀ ਚਿੜੀ ਦੇ ਜਿਸਮ ਵਿਚ ਕੁਝ ਹਰਕਤ ਹੋਈ ਤੇ ਫਿਰ ਉਹ ਆਪਣੇ ਪੈਰਾਂ ਉੱਤੇ ਖੜੋ ਗਈ। ਮੇਰੇ ਵੇਖਦਿਆਂ-ਵੇਖਦਿਆਂ ਹੀ ਉਹ ਫਿਰ ਸ਼ੀਸ਼ੇ ਉੱਤੇ ਠੂੰਗੇ ਮਾਰਨ ਲੱਗ ਪਈ। ਮੈਂ ਇਕ ਕਸੀਸ ਜਿਹੀ ਵੱਟ ਕੇ ਆਪਣਾ ਮੂੰਹ ਭਵਾਂ ਲਿਆ। ਤੇ ਕਿਸੇ ਅਣਜਾਣੇ ਦਰਦ ਦੇ ਅਹਿਸਾਸ ਹੇਠ ਆਪਣੀਆਂ ਅੱਖਾਂ ਮੁੰਦ ਲਈਆਂ। ਛਿਣ ਦੀ ਛਿਣ ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ, ਜਿਵੇਂ ਮੇਰੇ ਅੰਦਰ ਅਨੇਕਾਂ ਦਰਪਨ ਉੱਠ ਖੜੋਤੇ ਹੋਣ, ਅਨੇਕਾਂ ਚਿੜੀਆਂ ਜਾਗ ਪਈਆਂ ਹੋਣ। ਮੈਂ ਅੱਖਾਂ ਖੋਲ੍ਹੀਆਂ। ਚੁਬਾਰੇ ਦੀ ਬਾਰੀ ਅੰਦਰ ਵੱਲ ਖੁੱਲ੍ਹੀ ਹੋਈ ਸੀ ਤੇ ਉਸ ਰਾਹੀਂ ਬਾਹਰਲੀ ਹਵਾ ਅੰਦਰ ਆ ਰਹੀ ਸੀ।

# ਮੈਂ ਕਿੰਨਾ ਖ਼ੁਸ਼ ਸਾਂ

ਕਈ ਦਿਨਾਂ ਤੋਂ ਮੈਂ ਆਪਣੇ ਅੰਦਰ ਇਕ ਖ਼ਲਾਅ ਜਿਹਾ ਅਨੁਭਵ ਕਰ ਰਿਹਾ ਸਾਂ। ਫੁੱਲਾਂ ਦੇ ਰੰਗ ਉਦਾਸ ਜਿਹੇ ਲੱਗਦੇ ਸਨ। ਪੱਤਿਆਂ ਤੇ ਪਿਲੱਤਣ ਪ੍ਰਤੀਤ ਹੁੰਦੀ ਸੀ। ਕੀ ਇਹ ਮੇਰੇ ਅੰਦਰ ਦਾ ਹੀ ਕੋਈ ਬਾਹਰਮੁਖੀ ਪਰਤਾਅ ਸੀ ? ਕੁਝ ਸਮਝ ਨਹੀਂ ਸੀ ਆਉਂਦੀ। ਮੇਰੇ ਆਲੇ ਦੁਆਲੇ ਅਨੇਕ ਆਵਾਜ਼ਾਂ ਦਾ ਸ਼ੋਰ ਸੀ। ਪਤਨੀ ਦੀਆਂ ਘਰੋਗੀ ਮੰਗਾਂ, ਬੀਮਾਰ ਬੱਚੀ ਦੇ ਹੂੰਗੇ, ਮਾਤਾ ਜੀ ਦੇ ਜੋੜੀਂ ਦਰਦ, ਪਿਤਾ ਜੀ ਦੇ ਦਿਲ ਦੀ ਕਮਜ਼ੋਰੀ, ਧੋਬੀ ਦੀ ਮੰਗ, ਪਨਸਾਰੀ ਦੀ ਉਚਾਵਤ, ਜੀਵਨ ਦੀਆਂ ਲੋੜਾਂ। ਕਿੰਨਾ ਕੁਝ ਮੇਰੇ ਘਰ ਦੇ ਵਿਚ ਹੀ ਪਸਰਿਆ ਪਿਆ ਸੀ। ਮੈਂ ਸੋਚ ਰਿਹਾ ਸਾਂ ਕਿ ਸਾਰੀ ਦੁਨੀਆਂ ਹੀ ਜਿਵੇਂ ਮੇਰੇ ਘਰ ਉੱਤਰ ਆਈ ਹੋਵੇ ! ਜਦੋਂ ਘਰੋਂ ਬਾਹਰ ਨਿਕਲਦਾ ਤਾਂ ਹੋਰਨਾਂ ਦੀਆਂ ਖ਼ੂਬਸੂਰਤ ਪੋਸ਼ਾਕਾਂ ਦੀ ਚਮਕ-ਦਮਕ ਮੈਨੂੰ ਆਵਾਜ਼ਾਂ ਮਾਰਦੀ—ਦੁਕਾਨਾਂ ਵਿਚ ਪਈਆਂ ਚੀਜ਼ਾਂ ਦੇ ਬੋਲ ਉੱਚੇ ਹੋ ਕੇ ਮੇਰਾ ਰਸਤਾ ਰੋਕ ਲੈਂਦੇ ਤੇ ਮੈਂ ਬੋਲਾਂ ਦੇ ਇਸ ਘੁੰਮਣ ਘੇਰ ਵਿੱਚੋਂ ਝਕਾਨੀ ਦੇ ਕੇ ਨਿਕਲਣ ਦਾ ਯਤਨ ਕਰਦਾ, ਪਰ ਜਾਣੇ ਪਛਾਣੇ ਚਿਹਰੇ ਮੇਰਾ ਰਸਤਾ ਰੋਕ ਲੈਂਦੇ ਤੇ ਫਿਰ ਉਨ੍ਹਾਂ ਦਾ ਸਾਥ ਦਿੰਦੇ ਕਦਮ ਕਾਫ਼ੀ ਹਾਊਸ ਸਾਹਮਣੇ ਆ ਕੇ ਆਪ-ਮੁਹਾਰਾ ਹੀ ਰੁਕ ਜਾਂਦੇ। ਮੈਨੂੰ ਇੰਜ ਪ੍ਰਤੀਤ ਹੁੰਦਾ, ਜਿਵੇਂ ਕਾਫ਼ੀ ਹਾਊਸ ਦੇ ਸਭ ਯਾਰ ਮੈਨੂੰ ਜੇਬ੍ਹ ਕਤਰੇ ਜਾਪਦੇ। ਮੈਂ ਆਪ ਵੀ ਤਾਂ ਇਕ ਜੇਬ੍ਹ ਕਤਰਾ ਹੀ ਸਾਂ। ਜੋ ਹਰ ਵੇਲੇ ਹੀ ਇਹ ਸੋਚਦਾ ਰਹਿੰਦਾ ਸਾਂ ਕਿ ਅੱਜ ਦਾ ਬਿੱਲ ਕੋਈ ਹੋਰ ਦੇਵੇ। ਕਾਫ਼ੀ ਦੇ ਗਰਮ ਘੁੱਟਾਂ ਨਾਲ ਗ਼ੈਰ-ਹਾਜ਼ਰ ਮਿੱਤਰਾਂ ਦੀ ਨਿੰਦਾ, ਚੁਗਲੀ, ਸਾਹਿਤ ਤੇ ਰਾਜਨੀਤੀ ਦੇ ਸੰਕਟ ਬਾਰੇ ਗੰਭੀਰ ਚਰਚਾ ਹੁੰਦੀ—ਜਿਵੇਂ ਅੱਜ ਹੀ ਆਸਮਾਨ ਢਹਿ ਪੈਣਾ ਹੋਵੇ।

ਦਫ਼ਤਰ ਵਿਚ ਸਾਥੀ ਕਲਰਕਾਂ ਦੀ ਜਮ੍ਹਾਂ ਤਫ਼ਰੀਕ ਤੇ ਟਾਈਪ-ਮਸ਼ੀਨਾਂ ਦੀ ਇਕ-ਤਾਲੀ ਟਿਕ-ਟਿਕ—ਫ਼ਾਈਲਾਂ ਤੇ ਸੰਬੋਧਨ ਕਰ ਰਹੇ ਸ਼ਬਦ—ਤੇ ਪੈਂਡਿੰਗ ਕਾਗਜ਼ਾਂ ਦੀ ਕਾਹਲ—ਸਾਰੇ ਹੀ ਤਾਂ ਮੇਰੀ ਜਾਨ ਨੂੰ ਜੋਕ ਵਾਂਗ ਚੰਮੜੇ ਹੋਏ ਸਨ। ਆਖ਼ਰ ਮੇਰੇ ਵਿਚ ਐਨਾ ਗੰਦਾ ਖ਼ੂਨ ਕਿੱਥੇ ਸੀ ? ਮੈਂ ਤਾਂ ਸਗੋਂ ਕੰਮ ਦੇ ਬੋਝ ਹੇਠ ਝੁਕ ਰਹੇ ਸਰੀਰ ਵਲ ਵੇਖ ਕੇ ਅਨੁਭਵ ਕਰਦਾ ਸਾਂ ਕਿ ਮੇਰੇ ਵਿਚ ਚੰਗਾ ਖ਼ੂਨ ਵੀ ਸ਼ਾਇਦ ਰਵਾਲ ਮਾਤਰ ਹੀ ਹੋਵੇ।

ਕਿੰਨੀਆਂ ਆਵਾਜ਼ਾਂ ਸਨ ਮੇਰੇ ਆਲੇ-ਦੁਆਲੇ ! ਕਿੰਨਾ ਸ਼ੋਰ ਸੀ ! ਕਿੰਨੇ ਚਿਹਰੇ ਸਨ ! ਮੈਂ ਸੋਚ ਰਿਹਾ ਸਾਂ ... ਪਰ ਇਨ੍ਹਾਂ ਵਿਚ ਮੇਰੀ ਆਪਣੀ ਆਵਾਜ਼ ਕਿੱਥੇ ਸੀ ? ਮੇਰਾ ਆਪਣਾ ਚਿਹਰਾ ਕਿੱਥੇ ਸੀ ? ਮੈਨੂੰ ਤਾਂ ਇੰਜ ਮਹਿਸੂਸ ਹੋ ਰਿਹਾ ਸੀ, ਜਿਵੇਂ ਮੇਰਾ ਚਿਹਰਾ ਵੰਡ ਹੋ ਗਿਆ ਹੋਵੇ। ਜਿਵੇਂ ਮੇਰੀ ਆਵਾਜ਼ ਮੇਰੇ ਸਥੂਲ ਆਕਾਰ ਦੀ ਗਤੀ ਹੇਠਾਂ ਦੱਬ ਕੇ ਕਦੇ ਦੀ ਮਰ ਚੁੱਕੀ ਹੋਵੇ।

ਪਿਤਾ ਜੀ ਦੀ ਰੀਟਾਇਰਮੈਂਟ ਤੋਂ ਬਾਅਦ, ਘਰੋਗੀ ਜ਼ਿੰਮੇਵਾਰੀਆਂ ਸੰਭਾਲਦਿਆਂ ਹੀ ਮੇਰਾ ਚਿਹਰਾ ਤੇ ਮੇਰੀ ਆਵਾਜ਼ ਮੈਥੋਂ ਖੁੱਸ ਗਈ ਸੀ। ਮੈਂ ਤਾਂ ਗਰਾਮੋਫ਼ੋਨ ਮਸ਼ੀਨ ਦੇ ਸਾਊਂਡ ਬਾਕਸ ਵਾਂਗੂੰ ਸਾਂ, ਜਿਸ ਦੀ ਸੂਈ ਦੇ ਸਪਰਸ਼ ਨਾਲ ਕੋਈ ਜਿਹੜਾ ਮਰਜ਼ੀ ਹੈ ਰੀਕਾਰਡ ਵਜਾ ਲਵੇ। ਜਿਹੜੀ ਆਵਾਜ਼ ਚਾਹੇ ਕੱਢ ਲਵੇ

ਤੇ ਫਿਰ ਰੀਕਾਰਡ ਬਦਲ ਜਾਂਦਾ, ਆਵਾਜ਼ ਬਦਲ ਜਾਂਦੀ ਅਤੇ ਮੈਂ ਆਪਣੇ ਖੁੱਸੇ ਬੋਲਾਂ ਦੇ ਪਿੱਛੇ ਭੱਜਾ ਫਿਰਦਾ। ਉਨ੍ਹਾਂ ਦੀ ਉੱਘ-ਸੁੱਘ ਕਿਤੇ ਵੀ ਨਾ ਮਿਲਦੀ। ਮੈਂ ਨਿੰਮੋਝੂਣ ਜਿਹਾ ਸੋਚਾਂ ਦੇ ਤਾਣੇ-ਪੇਟੇ ਵਿਚ ਉਲਝ ਜਾਂਦਾ—ਉਲਝ ਕੇ ਰਹਿ ਜਾਂਦਾ। ਇਹ ਹਾਲਤ ਤਾਂ ਭਲਾ ਜ਼ਿੰਦਗੀ ਦਾ ਮਾਮੂਲ ਹੀ ਬਣ ਚੁੱਕੀ ਸੀ। ਪਰ ਪਿਛਲੇ ਕੁਝ ਦਿਨਾਂ ਤੋਂ ਮੇਰੇ ਅੰਦਰ ਪਸਰ ਰਿਹਾ ਇਹ ਖ਼ਲਾਅ ਕਿਹਾ ਸੀ ? ਇਸ ਖ਼ਲਾਅ ਹੇਠਾਂ ਮੈਨੂੰ ਆਪਣੀ ਹੋਂਦ ਅਕਾਰਨ ਜਿਹੀ ਜਾਪਦੀ—ਜੀਵਨ ਅਸਲੋਂ ਨਿਰਾਰਥਕ ਜਾਪਦਾ। ਮੈਂ ਜੀਵਨ ਤੇ ਮੌਤ ਬਾਰੇ ਸੋਚਣ ਲੱਗ ਪਿਆ। ਅਕਾਰਨ ਜੀਵਨ ਵਿਚ, ਮੌਤ ਦਾ ਅਨੁਭਵ ਹੁੰਦਾ ਹੈ। ਪਰ ਮੌਤ ਦਾ ਅਨੁਭਵ ਹੀ ਤਾਂ ਇਕ ਅਜਿਹਾ ਅਨੁਭਵ ਹੈ ਜਿਸ ਦੇ ਕਿਆਸ ਸੌਹੇਂ ਜੀਵਨ ਲਈ ਕੋਈ ਨਵਾਂ ਪੰਧ ਢੂੰਡਿਆ ਜਾਂਦਾ ਹੈ। ਕੋਈ ਨਵੀਂ ਤਦਬੀਰ ਘੜੀ ਜਾਂਦੀ ਹੈ। ਤਦਬੀਰ ਨਾਲ ਹੀ ਤਕਦੀਰ ਬਣਦੀ ਹੈ ਤੇ ਫਿਰ ਮੇਰੇ ਹੱਥਾਂ ਤੇ ਇਕ ਤਲਖ਼ ਜਿਹੀ ਮੁਸਕਰਾਹਟ ਪਸਰ ਗਈ। ਜਿਵੇਂ ਮੈਨੂੰ ਅਹਿਸਾਸ ਕਰਵਾ ਰਹੀ ਹੋਵੇ, ਕਿ ਮੇਰੀਆਂ ਕਈ ਤਦਬੀਰਾਂ ਮੇਰੀ ਤਕਦੀਰ ਦੇ ਬਾਂਝਪਨ ਦਾ ਸ਼ਿਕਾਰ ਹੋ ਚੁੱਕੀਆਂ ਸਨ। ਇਸ ਵਿੱਚੋਂ ਕਦੇ ਕੋਈ ਅੰਕੁਰ ਨਹੀਂ ਸੀ ਫੁੱਟਿਆ। ਫਿਰ ਮੈਂ ਆਪ-ਮੁਹਾਰਾ ਹੀ ਤਦਬੀਰ ਤੇ ਤਕਦੀਰ ਦੇ ਇਸ ਪੁਰਾਤਨ ਵਿਚਾਰ 'ਤੇ ਹੱਸ ਪਿਆ। ਇਸ ਦੇ ਬੋਝ ਹੇਠੋਂ ਨਿਕਲਣ ਲਈ ਮੈਂ ਸਿਰ ਨੂੰ ਦੋ ਚਾਰ ਝਟਕੇ ਦਿੱਤੇ।

ਤੇ ਮੇਰੀ ਸੋਚ ਹੋਰ ਪਾਸੇ ਤੁਰ ਪਈ। 'ਅੱਜ ਮਹੀਨੇ ਦਾ ਅੰਤਲਾ ਦਿਨ ਹੈ। ਕੱਲ੍ਹ ਪਹਿਲੀ ਤਾਰੀਖ਼ ਹੈ।' ਤੇ ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਅੱਜ ਦੇ ਦਿਨ ਵਿਚ ਤੀਹਾਂ ਦਿਨਾਂ ਦੀਆਂ ਰਾਤਾਂ ਸਮੋ ਗਈਆਂ ਹੋਣ। 'ਸਭ ਸੰਕਟਾਂ ਦੀ ਸਿਖਰ ਇਹ ਅੰਤਲਾ ਦਿਨ ਹੀ ਤਾਂ ਹੁੰਦਾ ਹੈ।' ਕੱਲ੍ਹ ਤਨਖ਼ਾਹ ਮਿਲੇਗੀ। ਮੇਰੀਆਂ ਅੱਖਾਂ ਸੌਹੇਂ ਨੋਟ ਘੁੰਮ ਰਹੇ ਸਨ ਤੇ ਮੈਂ ਸੋਚ ਰਿਹਾ ਸਾਂ ਕਿ ਤੀਹ ਦਿਨਾਂ ਪਿੱਛੋਂ ਤਨਖ਼ਾਹ ਇਵੇਂ ਮਿਲਣੀ ਹੈ—ਜਿਵੇਂ ਤੀਹ ਦਿਨਾਂ ਪਿੱਛੋਂ ਦਿਨ ਚੜ੍ਹਨਾ ਹੈ। ਕੀ ਪਤਾ—ਇਸ ਦਿਨ ਦੇ ਚੜ੍ਹਨ ਤੋਂ ਪਹਿਲਾਂ ਹੀ ਆਸਮਾਨ ਉੱਤੇ ਕੋਈ ਕਾਲੀ ਬੋਲੀ ਘਟਾ ਛਾ ਜਾਏ ਤੇ ਮੇਰੇ ਦਿਨ ਦਾ ਇਹ ਅਗਾਊਂ ਅਹਿਸਾਸ ਅਗਾਊਂ ਇਕ ਛਲਾਵਾ ਬਣ ਕੇ ਹੀ ਰਹਿ ਜਾਏ। ਪਰ ਨਹੀਂ—ਮੈਂ ਤਾਂ ਇਹ ਦਿਨ ਚੜ੍ਹਾਉਣ ਲਈ ਪੂਰੇ ਤੀਹ ਦਿਨਾਂ ਦੀ ਹੱਡ-ਤੋੜਵੀਂ ਮਿਹਨਤ ਕੀਤੀ ਹੋਈ ਸੀ। ਇਹ ਦਿਨ ਜ਼ਰੂਰ ਚੜ੍ਹੇਗਾ। ਫਿਰ ਅਚਾਨਕ ਹੀ ਮੇਰੇ ਮਿੱਤਰ ਸ਼ੌਂਕੀ ਦੀ ਆਵਾਜ਼ ਮੇਰੇ ਕੰਨੀਂ ਪਈ, ਜੋ ਅਕਸਰ ਹੀ ਹਾਸੇ ਵਿਚ ਮੈਨੂੰ ਕਿਹਾ ਕਰਦਾ ਸੀ :

"ਬਾਬੂ ਜੀ, ਜੱਟ ਤੇ ਘੁਮਿਆਰ ਵਿਚ ਕੋਈ ਫ਼ਰਕ ਨਹੀਂ। ਜੱਟ ਵਾਹ, ਬੀਜ ਕੇ ਫ਼ਸਲ ਨੂੰ ਪਰਵਾਨ ਚੜ੍ਹਾ ਕੇ ਵੀ ਤ੍ਰਾਹ-ਤ੍ਰਾਹ ਕਰਦਾ ਰਹਿੰਦਾ ਹੈ ਕਿ ਕਿਤੇ ਕੋਈ ਝੱਖੜ ਨਾ ਝੁੱਲ ਪਵੇ, ਗੜੇ ਨਾ ਪੈ ਜਾਣ। ਜਿੰਨਾ ਚਿਰ ਦਾਣੇ ਘਰ ਨਾ ਪਹੁੰਚ ਜਾਣ ਜੱਟ ਦੀ ਤਕਦੀਰ ਦਾ ਕੋਈ ਭਰੋਸਾ ਨਹੀਂ। ਅਸੀਂ ਵੀ ਬਾਬੂ ਜੀ, ਮਿੱਟੀ ਨਾਲ ਮਿੱਟੀ ਹੋ ਕੇ, ਮਿੱਟੀ ਨੂੰ ਰੂਪ ਦਿੰਦੇ ਹਾਂ, ਇਸ ਵਿਚ ਜਾਨ ਪਾਉਂਦੇ ਹਾਂ ਤੇ ਫਿਰ ਇਸ ਨੂੰ ਅੱਗ ਦੇ ਹਵਾਲੇ ਕਰ ਦਿੰਦੇ ਹਾਂ। ਜਿਤਨਾ ਚਿਰ ਆਵਾ ਖੁੱਲ੍ਹ ਨਹੀਂ ਜਾਂਦਾ, ਇਹੋ ਸੰਸਾ ਲੱਗਾ ਰਹਿੰਦਾ ਹੈ ਕਿ ਕਿਤੇ ਹਵਾ ਤੇਜ਼ ਨਾ ਹੋ ਜਾਏ, ਮੀਂਹ ਨਾ ਪੈ ਜਾਏ, ਤਾਅ ਤੇਜ਼ ਨਾ ਹੋ ਜਾਏ, ਤੇ ਬਾਬੂ ਜੀ ਅੱਗ ਹੈ ਨਾ ਅੱਗ—ਇਹ ਭਾਂਡਿਆਂ ਨੂੰ ਪਕਾਉਂਦੀ ਹੈ; ਇਹ ਹੀ ਉਨ੍ਹਾਂ ਨੂੰ ਤਿੜਕਾਉਂਦੀ ਹੈ ਤੇ ਇਹ ਹੀ ਸਾੜ ਕੇ ਉਨ੍ਹਾਂ ਨੂੰ ਮਨੂਰ ਵਾਂਗ ਬਣਾ ਦਿੰਦੀ ਹੈ। ਇਸ ਅੱਗ ਦਾ ਕੀ ਭਰੋਸਾ ? ਤੁਹਾਨੂੰ ਤਾਂ ਮੌਜਾਂ ਹਨ। ਮੀਂਹ ਪਵੇ ਜਾਂ ਨ੍ਹੇਰੀ ਆਏ, ਤੀਹ ਦਿਨਾਂ ਪਿੱਛੋਂ ਤਨਖ਼ਾਹ ਤਾਂ ਮਿਲ ਹੀ ਜਾਣੀ ਹੈ। ਤੇ ਅਸੀਂ ਸਾਰਾ ਸਾਲ ਇਸ ਅੱਗ ਦੇ ਭਰੋਸੇ ਅੱਗ ਵਿਚ ਹੀ ਸੜਦੇ ਰਹਿੰਦੇ ਆਂ।"

ਮੈਂ ਉਸ ਦੇ ਕਥਨ ਦੀ ਤਲਖ਼ੀ ਨੂੰ ਅਨੁਭਵ ਕਰ ਰਿਹਾ ਸਾਂ। ਮੈਂ ਵੀ ਤਾਂ ਤੀਹ ਦਿਨ ਜਾਨ ਹੂਲ ਕੇ 'ਨ੍ਹੇਰਾ ਢੋਇਆ ਸੀ। ਇਸ ਇਕ ਦਿਨ ਦੀ ਆਸ ਤੇ, ਮੈਂ ਕਈ ਮਹਿਲ ਉਸਾਰੇ ਸਨ। ਮੈਂ ਸੋਚ ਰਿਹਾ ਸਾਂ ਕਿ ਇਸ ਦੇ ਚੜ੍ਹਨ ਤੋਂ ਪਹਿਲਾਂ ਹੀ ਕਿਤੇ ਆਸਮਾਨ ਤੇ ਘਟਾ-ਟੋਪ ਬੱਦਲ ਨਾ ਛਾ ਜਾਣ।

ਉਂਜ ਮੈਨੂੰ ਇਸ ਵਾਰ ਬੜੀ ਆਸ ਸੀ ਕਿ ਇੰਜ ਨਹੀਂ ਹੋਣ ਲੱਗਾ। ਪਨਸਾਰੀ ਦੇ ਮੁੰਡੇ ਨੂੰ ਪੜ੍ਹਾਉਣ ਲਈ ਮੈਂ ਆਪਣਾ ਫ਼ਾਲਤੂ ਸਮਾਂ ਦਿੰਦਾ ਰਿਹਾ ਸਾਂ। ਧੋਬੀ ਦੇ ਮੁੰਡੇ ਨੂੰ ਪ੍ਰੋਮੋਸ਼ਨ ਦਵਾਈ ਸੀ। ਦੋਧੀ ਨੂੰ ਆਪਣੇ

ਲਿਹਾਜ਼ ਨਾਲ ਸੀਮਿੰਟ ਲੈ ਕੇ ਦਿੱਤਾ ਸੀ ਤੇ ਮੇਰਾ ਵਿਚਾਰ ਸੀ ਕਿ ਇਸ ਵਾਰ ਇਨ੍ਹਾਂ ਨੂੰ ਪੈਸੇ ਨਹੀਂ ਦਿਆਂਗਾ। ਇਸ ਤਰ੍ਹਾਂ ਘਰ ਦੇ ਜੀਆਂ ਦੇ ਕਪੜੇ ਬਣ ਜਾਣਗੇ। ਬੀਮਾਰ ਬੱਚੇ ਦੀ ਦਵਾਈ ਦਾ ਖ਼ਾਤਰ-ਖ਼ਾਹ ਪ੍ਰਬੰਧ ਹੋ ਜਾਏਗਾ। ਮਾਤਾ ਪਿਤਾ ਦੇ ਰੋਗ ਲਈ ਵੀ ਕੋਈ ਹੀਲਾ ਕਰ ਹੀ ਲਵਾਂਗਾ। ਮੈਂ ਵੀ ਤਾਂ ਇਨ੍ਹਾਂ ਲਹਿਣੇਦਾਰਾਂ ਦੇ ਕਈ ਕੰਮ ਸੰਵਾਰੇ ਸਨ।

ਅਗਲੇ ਮਹੀਨੇ ਛੁੱਟੀਆਂ ਹੋ ਜਾਣੀਆਂ ਹਨ ਤੇ ਮੈਂ ਪਿੰਡ ਚਲਾ ਜਾਵਾਂਗਾ। ਜਾਂਦਾ ਹੋਇਆ ਤਨਖ਼ਾਹ ਦੇ ਸਾਰੇ ਪੈਸਿਆਂ ਨਾਲ ਦੁਕਾਨਦਾਰਾਂ ਦਾ ਹਿਸਾਬ ਚੁੱਕਦਾ ਕਰ ਦਿਆਂਗਾ। ਇਸ ਵਾਰ ਪਤਨੀ ਨੂੰ ਸੈਂਡਲ ਵੀ ਜ਼ਰੂਰ ਲੈ ਕੇ ਦੇਣੇ ਹਨ। ਉਹ ਵਿਚਾਰੀ ਭਾਵੇਂ ਕਦੇ ਵੀ ਕੋਈ ਮੰਗ ਨਹੀਂ ਕਰਦੀ, ਪਰ ਮੈਨੂੰ ਤਾਂ ਪਤਾ ਹੈ ਕਿ ਉਸ ਕੋਲ ਸਿਵਾਏ ਰਸੋਈ ਵਾਲੇ ਸਲੀਪਰਾਂ ਤੋਂ ਹੋਰ ਕੁਝ ਨਹੀਂ।

ਆਖ਼ਰ ਦਿਨ ਚੜ੍ਹਿਆ। ਮੇਰੇ ਆਲੇ ਦੁਆਲਿਓਂ ਸਭ ਆਵਾਜ਼ਾਂ ਅਲੋਪ ਹੋ ਗਈਆਂ। ਨੋਟਾਂ ਦੀ ਥੱਬੀ ਮੇਰੇ ਹੱਥਾਂ ਵਿਚ ਸੀ। ਇਨ੍ਹਾਂ ਵਿਚੋਂ ਮੈਨੂੰ ਆਪਣੀ ਆਵਾਜ਼ ਸੁਣਾਈ ਦੇ ਰਹੀ ਸੀ। ਮੈਂ ਅੱਜ ਆਪਣਾ ਆਪ ਬਣ ਕੇ ਜਿਉਣ ਲਈ ਬੇਤਾਬ ਹੋਇਆ ਸਾਂ। ਆਪਣੀ ਮਰਜ਼ੀ ਅਨੁਸਾਰ ਇਹ ਰੁਪਏ ਖ਼ਰਚਾਂਗਾ ਤੇ ਬਾਜ਼ਾਰੋਂ ਘਰ ਦੇ ਜੀਆਂ ਲਈ ਕਪੜੇ, ਦਵਾਈਆਂ, ਸੈਂਡਲ ਤੇ ਹੋਰ ਸਭ ਲੋੜੀਂਦੀਆਂ ਚੀਜ਼ਾਂ ਖ਼ਰੀਦ ਕੇ ਹੀ ਜਾਵਾਂਗਾ। ਮੈਂ ਇਸ ਨਸ਼ੇ ਵਿਚ ਤੁਰਿਆ ਜਾ ਰਿਹਾ ਸਾਂ ਕਿ ਇਕ ਜਾਣੀ ਪਹਿਚਾਣੀ ਆਵਾਜ਼ ਨੇ ਮੇਰਾ ਰਸਤਾ ਰੋਕ ਲਿਆ।

"ਬਾਬੂ ਜੀ, ਆਹ ਲਓ ਇਸ ਮਹੀਨੇ ਦਾ ਬਿੱਲ। ਅੱਜ ਪਹਿਲੀ ਤਾਰੀਖ਼ ਹੈ, ਤਨਖ਼ਾਹ ਮਿਲ ਗਈ ਹੋਵੇਗੀ।"

ਪਨਸਾਰੀ ਦੀ ਤੱਕਣੀ ਮੈਨੂੰ ਇਕ ਚੋਰ ਦੀ ਤੱਕਣੀ ਮਹਿਸੂਸ ਹੋ ਰਹੀ ਸੀ—ਤੇ ਮੈਂ ਆਪਣੀ ਜੇਬ੍ਹ ਨੂੰ ਘੁੱਟ ਕੇ ਹੱਥ ਵਿਚ ਫੜ ਲਿਆ।

"ਜੇ ਐਤਕੀਂ ਖਿਮਾਂ ਕਰੋ, ਤਾਂ ਅਗਲੇ ਮਹੀਨੇ ਇਕੱਠੇ ਹੀ ਦੇ ਦਿਆਂਗਾ।" ਮੈਂ ਪੂਰੀ ਨਿਮਰਤਾ ਨਾਲ ਕਿਹਾ।

"ਬਾਬੂ ਜੀ, ਓਂ ਤਾਂ ਕੋਈ ਗੱਲ ਨਹੀਂ, ਪਰ ਤੁਸੀਂ ਜਾਣਦੇ ਹੀ ਓ ਕਿ ਦੁਕਾਨਦਾਰੀ ਪੈਸੇ ਤੋਂ ਬਿਨਾਂ ਨਹੀਂ ਚੱਲਦੀ। ਨਾਲੇ ਸਾਡੇ ਵਰਗੇ ਛੋਟੇ-ਮੋਟੇ ਦੁਕਾਨਦਾਰਾਂ ਲਈ ਇਹ ਹੋਰ ਵੀ ਔਖੀ ਹੈ। ਪਹਿਲੀ ਤਾਰੀਖ਼ ਮਗਰੋਂ ਆਉਂਦੀ ਹੈ, ਪਰ ਵੱਡੇ-ਵੱਡੇ ਸੇਠਾਂ ਦੇ ਮੁਨਸ਼ੀ ਵਹੀਆਂ ਕੱਛੇ ਮਾਰ ਕੇ ਪਹਿਲਾਂ ਹੀ ਆ ਧਮਕਦੇ ਹਨ।"

ਅੱਗੇ ਮੈਨੂੰ ਕੁਝ ਨਾ ਸੁਣਿਆ।

ਬਸ ਮੈਨੂੰ ਤਾਂ ਇਤਨਾ ਪਤਾ ਹੈ ਕਿ ਪਨਸਾਰੀ ਤੋਂ ਬਾਅਦ ਦੋਧੀ ਆਇਆ ਤੇ ਫਿਰ ਧੋਬੀ। ਜਦੋਂ ਮੈਂ ਘਰ ਪਹੁੰਚਿਆ ਤਾਂ ਮੇਰੀ ਜੇਬ੍ਹ ਵਿਚ ਕੇਵਲ ਤੀਹ, ਪੈਂਤੀ ਰੁਪਏ ਹੀ ਬਚਦੇ ਸਨ। ਇਸ ਬਚੇ ਖੁੱਚੇ ਸਰਮਾਏ ਵਲ ਵੇਖ ਕੇ ਮੈਨੂੰ ਇੰਜ ਪ੍ਰਤੀਤ ਹੋਇਆ ਜਿਵੇਂ ਅਸੀਂ ਸਾਰੀ ਜ਼ਿੰਦਗੀ ਮੰਗਵੇਂ, ਉਧਾਰੇ ਤੇ ਓਪਰੇ ਪਲਾਂ 'ਤੇ ਹੀ ਗੁਜ਼ਾਰ ਰਹੇ ਹੋਈਏ ! ਜਿਵੇਂ ਇਸ ਵਿਚ ਮੇਰਾ ਆਪਣਾ ਕੁਝ ਵੀ ਨਾ ਹੋਵੇ। ਮੈਨੂੰ ਆਪਣਾ-ਆਪ ਮੰਗਿਆ ਹੋਇਆ, ਉਧਾਰਾ ਜਿਹਾ ਤੇ ਓਪਰਾ-ਓਪਰਾ ਲੱਗਣ ਲੱਗ ਪਿਆ। ਮੈਨੂੰ ਆਪਣੇ-ਆਪ ਨਾਲ ਨਫ਼ਰਤ ਹੋਣ ਲੱਗ ਪਈ।

ਇਨ੍ਹਾਂ ਹੀ ਸੋਚਾਂ ਵਿਚ ਜਦੋਂ ਮੈਂ ਰਾਤ ਨੂੰ ਦੇਰ ਨਾਲ ਪਹੁੰਚਿਆ ਤਾਂ ਪਤਨੀ ਨੇ ਦੱਸਿਆ ਕਿ ਡਾਕਟਰ ਕਹਿੰਦਾ ਸੀ ਕਿ ਬੱਚੀ ਦਾ ਬੁਖ਼ਾਰ ਮਿਆਦੀ ਬੁਖ਼ਾਰ ਵਿਚ ਬਦਲ ਗਿਆ ਹੈ। ਉਸ ਵਾਸਤੇ ਕੱਲ੍ਹ ਦਵਾਈ ਜ਼ਰੂਰ ਲਿਆਉਣੀ ਚਾਹੀਦੀ ਹੈ। ਆਪਣੀ ਬਕਾਇਆ ਪੂੰਜੀ ਨੂੰ ਜੇਬ੍ਹ ਵਿਚ ਛੁਹ ਕੇ ਜਦੋਂ ਮੈਂ ਪਤਨੀ ਨੂੰ ਹੁੰਗਾਰਾ ਭਰਿਆ ਕਿ ਕੱਲ੍ਹ ਦਵਾਈ ਜ਼ਰੂਰ ਆ ਜਾਵੇਗੀ, ਤਾਂ ਮੇਰੀਆਂ ਅੱਖਾਂ ਵਿਚ ਆਸ ਜਿਹੀ ਚਮਕ ਪਈ ਕਿ ਚਲੋ ਵਿਚਾਰੀ ਨਿਢਾਲ ਪਈ ਬੱਚੀ ਦੀ ਜਾਨ ਤਾਂ ਬਚ ਜਾਏਗੀ। ਕੁਝ ਤਾਂ ਬਚਿਆ ਮੇਰੀ ਤਨਖ਼ਾਹ ਵਿਚੋਂ, ਜਿਸ ਨੂੰ ਮੈਂ ਆਪਣੀ ਮਰਜ਼ੀ ਅਨੁਸਾਰ, ਆਪਣੀ ਲੋੜ ਅਨੁਸਾਰ, ਆਪਣੀ ਬੱਚੀ ਦੇ ਇਲਾਜ ਲਈ ਖ਼ਰਚ ਸਕਾਂਗਾ।

ਸਵੇਰੇ ਮੈਂ ਘਰੋਂ ਇਹ ਇਰਾਦਾ ਕਰਕੇ ਤੁਰਿਆ ਸਾਂ ਕਿ ਲੰਚ-ਟਾਈਮ 'ਤੇ ਦਵਾਈ ਖ਼ਰੀਦ ਕੇ ਘਰ ਦੇ ਜਾਵਾਂਗਾ। ਦਫ਼ਤਰ ਪਹੁੰਚਿਆ ਤਾਂ ਧੰਦੇ ਦੇ ਮਸ਼ੀਨੀ ਸ਼ਬਦਾਂ ਤੇ ਟਾਈਪ-ਰਾਈਟਰ ਦੀ ਇਕ-ਤਾਲੀ

ਟਿਕ-ਟਿਕ ਨੇ ਮੇਰਾ ਸਵਾਗਤ ਕੀਤਾ। ਅਜੇ ਮੈਂ ਦਰਾਜ਼ ਵਿੱਚੋਂ ਅਰਜੈਂਟ ਪੇਪਰਜ਼ ਦੀ ਫ਼ਾਈਲ ਕੱਢੀ ਹੀ ਸੀ ਕਿ ਪ੍ਰੋਫ਼ੈਸ਼ਨਲ ਟੈਕਸ ਵਸੂਲ ਕਰਨ ਵਾਲੇ ਦੀ ਆਵਾਜ਼ ਨੇ ਮੈਨੂੰ ਚੌਂਕਾ ਦਿੱਤਾ।

"ਬਸ ਤੁਹਾਡੀ ਹੀ ਵਸੂਲੀ ਰਹਿੰਦੀ ਹੈ, ਬਾਬੂ ਜੀ—ਇਸ ਵਾਰ ਤਾਂ ਮੈਂ ਵੀ ਮਜਬੂਰ ਹਾਂ। ਸਾਲ ਦਾ ਅਖ਼ੀਰ ਹੈ ਤੇ ਅਕਾਊਂਟ ਕਲੋਜ਼ ਕਰਨਾ ਹੈ।"

ਮੈਂ ਸੋਚ ਰਿਹਾ ਸਾਂ ਕਿ ਇਕ ਮਹੀਨੇ ਦਾ ਆਰੰਭ ਕਿਵੇਂ ਇਕ ਸਾਲ ਦਾ ਅਖ਼ੀਰ ਬਣ ਰਿਹਾ ਸੀ। ਮੈਂ ਨਜ਼ਰ ਚੁਕ ਕੇ ਵੇਖਿਆ ਤਾਂ ਮੈਨੂੰ ਮਹਿਸੂਸ ਹੋਇਆ ਜਿਵੇਂ ਸਭ ਕਲਰਕਾਂ ਦੀਆਂ ਤਿੱਖੀਆਂ ਨਜ਼ਰਾਂ ਮੇਰਾ ਚੀਰ-ਹਰਣ ਕਰ ਰਹੀਆਂ ਹੋਣ ਤੇ ਮੈਂ ਬਸਤਰਾਂ-ਹੇਠਾਂ ਢਕਿਆ ਹੋਇਆ ਵੀ ਸਭਨਾਂ ਵਿਚ ਨੰਗਾ ਹੋ ਗਿਆ ਹੋਵਾਂ। ਮੈਨੂੰ ਇੰਜ ਜਾਪਿਆ ਜਿਵੇਂ ਉਨ੍ਹਾਂ ਦੀਆਂ ਮੁਸਕਾਨਾਂ ਮੇਰਾ ਮਖ਼ੌਲ ਉਡਾ ਰਹੀਆਂ ਹੋਣ, ਮੇਰੀ ਦੁਰਬਲਤਾ ਦੀ ਨਿੰਦਿਆ ਕਰ ਰਹੀਆਂ ਹੋਣ। ਮੈਂ ਉਨ੍ਹਾਂ ਵਲੋਂ ਨਜ਼ਰਾਂ ਭੁਆਂ ਲਈਆਂ ਤੇ ਉਸ ਕਰਮਚਾਰੀ ਵਲ ਵੇਖਿਆ। ਕੁਝ ਕਹਿਣ ਲਈ ਮੇਰੇ ਜ਼ਿਹਨ ਵਿਚ ਉਤਸੁਕਤਾ ਜਿਹੀ ਹੋਈ ਪਰ ਇਨ੍ਹਾਂ ਵਿਚਾਰਾਂ ਦੇ ਹੋਠਾਂ ਤਕ ਪਹੁੰਚਦਿਆਂ-ਪਹੁੰਚਦਿਆਂ ਸਭ ਅੱਖਰ ਟੁੱਟ-ਫੁੱਟ ਕੇ ਖਿੰਡਰ ਗਏ। ਇਨ੍ਹਾਂ ਨੂੰ ਜ਼ਬਾਨ ਮਿਲਣ ਤੋਂ ਪਹਿਲਾਂ ਹੀ ਮੇਰੇ ਹੱਥ ਜੇਬ੍ਹ ਵਲ ਸਰਕੇ।

"ਸ਼ੁਕਰੀਆ !" ਕਹਿ ਕੇ ਉਸ ਕਰਮਚਾਰੀ ਨੇ ਮੈਥੋਂ ਰੁਪਏ ਲੈ ਕੇ ਮੈਨੂੰ ਰਸੀਦ ਦਿੱਤੀ ਤੇ ਚਲਾ ਗਿਆ।

ਮੈਂ ਬੜੇ ਮਾਣ ਨਾਲ ਆਪਣੇ ਸਾਥੀ ਕਰਮਚਾਰੀਆਂ ਵਲ ਵੇਖਿਆ ! ਉਹ ਸਭ ਨੀਵੀਂ ਪਾਈ ਆਪਣੇ ਕੰਮ ਵਿਚ ਜੁਟੇ ਹੋਏ ਸਨ। ਜਿਵੇਂ ਆਪਣੀ ਤੱਕਣੀ ਦੇ ਪਹਿਲੇ ਅਰਥਾਂ ਤੇ ਸ਼ਰਮਸਾਰ ਹੋਣ। ਮੈਨੂੰ ਇਸ ਤਰ੍ਹਾਂ ਲੱਗਾ ਜਿਵੇਂ ਸ਼ਰਮਿੰਦਗੀ ਦੇ ਮਾਰੇ ਉਨ੍ਹਾਂ ਦੀਆਂ ਨਜ਼ਰਾਂ ਝੁਕ ਗਈਆਂ ਹੋਣ। ਇਸ ਅਹਿਸਾਸ ਨਾਲ ਮੇਰੇ ਅੰਦਰ ਇਕ ਅਕਹਿ ਜਿਹਾ ਹੁਲਾਰਾ ਆਇਆ ਤੇ ਮੈਨੂੰ ਇੰਜ ਜਾਪਿਆ, ਜਿਵੇਂ ਮੇਰੀਆਂ ਅੱਖਾਂ ਦੀ ਚਮਕ ਸਾਰੇ ਦਫ਼ਤਰ ਤੇ ਹਾਵੀ ਹੋਵੇ ! ਮੇਰੇ ਸੌਹੇਂ ਮੇਜ਼ ਤੇ ਡਾਕਟਰ ਦੀ ਲਿਖੀ ਹੋਈ ਦਵਾਈ ਵਾਲੀ ਪਰਚੀ ਪਈ ਸੀ। ਉਸ ਵਲ ਵੇਖ ਕੇ ਮੈਂ ਇਸ ਖ਼ਿਆਲ ਨਾਲ ਮੁਸਕਰਾਇਆ ਕਿ 'ਸੁੱਖ ਨਾਲ ਅਜੇ ਅਸੀਂ ਦੋਵੇਂ ਸਰੀਰ (ਮੈਂ ਤੇ ਮੇਰੀ ਪਤਨੀ) ਨੌਂ-ਬਰ-ਨੌਂ ਹਾਂ। ਬੱਚੇ ਦਾ ਕੀ ਹੈ ? ਹੋਰ ਹੋ ਜਾਵੇਗਾ।' ਤੇ ਫਿਰ ਸਾਥੀ ਕਲਰਕਾਂ ਦੀਆਂ ਨੀਵੀਆਂ ਨਜ਼ਰਾਂ ਵਲ ਵੇਖ ਕੇ ਮੈਂ ਅੰਦਰੋਂ-ਅੰਦਰ ਇਕ ਵਿਜਈ ਹਾਸਾ ਹੱਸਿਆ ਤੇ ਹੱਸਦਾ ਹੀ ਰਿਹਾ—ਮੈਂ ਕਿੰਨਾ ਖ਼ੁਸ਼ ਸਾਂ।

# ਦੂਜਾ ਜਨਮ

ਹਰ ਸਾਲ ਵਾਂਗ ਇਸ ਵਾਰੀ ਫਿਰ ਬਸੰਤ ਕੌਰ ਮੰਜਾ ਮੱਲ ਕੇ ਪਈ ਸੀ ਪਰ ਇਸ ਵਾਰੀ ਵਾਧਾ ਇਹ ਹੋਇਆ ਕਿ ਉਸ ਦੇ ਨਾਲ ਹੀ ਉਸ ਦੀ ਵੱਡੀ ਧੀ ਦਾ ਵੀ ਪੈਰ ਭਾਰਾ ਹੋ ਗਿਆ ਸੀ। ਆਪਣੀ ਵੱਡੀ ਧੀ ਦੀਆਂ ਨਜ਼ਰਾਂ ਉਸ ਨੂੰ ਜਦੋਂ ਵਿਸ਼ੈਲੀਆਂ ਛੁਰੀਆਂ ਵਾਂਗ ਆਪਣੇ ਹਿਰਦੇ ਵਿਚ ਧਸਦੀਆਂ ਜਾਪਦੀਆਂ ਤਾਂ ਉਹ ਉਨ੍ਹਾਂ ਦੇ ਮੂਕ ਅਰਥਾਂ ਦੀ ਤਾਬ ਨਾ ਲਿਆ ਕੇ ਊਂਧੀ ਪਾ ਲੈਂਦੀ। ਉਸ ਨੂੰ ਇੰਜ ਮਹਿਸੂਸ ਹੋ ਰਿਹਾ ਸੀ, ਜਿਵੇਂ ਘਰ ਦਾ ਜੀਓ ਜੀ ਉਸ ਦੀ ਨਿੰਦਿਆ ਕਰ ਰਿਹਾ ਹੋਵੇ। ਵੱਡੀ ਤੇ ਉਸ ਤੋਂ ਛੋਟੀ ਧੀ ਨੇ ਤਾਂ ਉਸ ਨੂੰ ਇਕ ਦਿਨ ਕਹਿ ਹੀ ਦਿੱਤਾ ਸੀ :

"ਵੈਰਨੇ ! ਹੁਣ ਤਾਂ ਬੱਸ ਕਰ। ਅੱਗੇ ਈ ਸਾਹ ਨਹੀਂ ਆਉਂਦਾ ਤੇ ਤੂੰ ਹਰ ਸਾਲ ਜੰਮੀਂ ਜਾਨੀ ਏਂ। ਰੋਟੀ ਤਾਂ ਅਗਲਿਆਂ ਨੂੰ ਈ ਨਹੀਂ ਜੁੜਦੀ।"

ਬਸੰਤ ਕੌਰ ਨੇ ਦੋਹਾਂ ਕੁੜੀਆਂ ਨੂੰ ਝਿੜਕ ਦਿੱਤਾ ਤੇ ਫਿਰ ਮਨ ਹੀ ਮਨ ਵਿਚ ਕਹਿਣ ਲੱਗੀ, 'ਇਸ ਵਿਚ ਭਲਾ ਆਦਮੀ ਦੇ ਵੱਸ ਦੀ ਕਿਹੜੀ ਗੱਲ ਹੈ ? ਇਹ ਤਾਂ ਪਰਮਾਤਮਾ ਦੀ ਲੀਲ੍ਹਾ ਹੈ। ਮੈਂ ਤਾਂ ਬੜੇ ਭਾਗਾਂ ਵਾਲੀ ਹਾਂ ਜੋ ਮੇਰੇ ਤਿੰਨ ਧੀਆਂ ਤੇ ਅੱਠ ਪੁੱਤਰ ਪੈਦਾ ਹੋਏ। ਉਹ ਵੀ ਸਿਰ ਸੜੀਆਂ ਹਨ, ਜੋ ਔਲਾਦ ਦੀ ਖ਼ਾਤਰ ਸੰਤਾਂ ਸਾਧੂਆਂ ਮਗਰ ਘੁੰਮਦੀਆਂ ਫਿਰਦੀਆਂ ਹਨ। ਧਾਗੇ ਤਵੀਤ ਕਰਦੀਆਂ ਹਨ। ਮੇਰੀ ਤਾਂ ਰੱਬ ਨੇ ਆਪ ਸੁਣ ਲਈ। ਰੋਟੀ ਦੀ ਖ਼ਾਤਰ ਕਿਤੇ ਧੀਆਂ ਪੁੱਤਰ ਤਾਂ ਨਹੀਂ ਛੱਡ ਦੇਈਦੇ। ਇਕ ਰੋਟੀ ਹੋਵੇ—ਖੰਨੀ-ਖੰਨੀ ਕਰਕੇ ਖਾ ਲਈਦੀ ਹੈ। ਇਨਸਾਨ ਨੂੰ ਕਿਹੜਾ ਰੱਜ ਆਉਂਦਾ ਹੈ।"

ਘਰ ਦਿਆਂ ਦਾ ਮੂੰਹ ਤਾਂ ਭਲਾ ਕੋਈ ਬੰਦ ਕਰ ਸਕਦਾ ਹੈ, ਪਰ ਬਾਹਰ ਦਿਆਂ ਨੂੰ ਕੋਈ ਕਿਵੇਂ ਰੋਕੇ ? ਬੀਹੀ ਦੀਆਂ ਬੁੜ੍ਹੀਆਂ ਵਿਚ ਘੁਸਰ-ਮੁਸਰ ਹੁੰਦੀ, ਹੁੰਦੀ ਸਾਰੇ ਪਿੰਡ ਵਿਚ ਫੈਲ ਗਈ :

"ਹਾਏ ਨੀ ! 'ਚਰਜ ਆ ਗਿਆ ਮਾਂ, ਧੀ ਦੋਵੇਂ ਮੰਜਾ ਮੱਲ ਕੇ ਬੈਠੀਆਂ।"

"ਚੰਗਾ ਸਗੋਂ ਮਾਮਾ ਭਾਣਜਾ 'ਕੱਠੇ ਹੀ ਖੇਡਿਆ ਕਰੂਗੇ।"

"ਖਾਣ ਨੂੰ ਤਾਂ ਅੱਗੇ ਨਹੀਂ ਜੁੜਦਾ ਤੇ ਚੰਦਰੀ ਹਰ ਸਾਲ ਜੰਮੀਂ ਜਾਂਦੀ ਏ।"

"ਪਰ ਹੈਰਾਨੀ ਤਾਂ ਇਸ ਗੱਲ ਦੀ ਆ ਕਿ ਗਿਆਰ੍ਹਾਂ ਨਿਆਣਿਆਂ ਦੀ ਮਾਂ, ਪਰ ਮਜ਼ਾਲ ਕਿ ਜੇ ਕੋਈ ਧੌਲਾ ਵੀ ਆਇਆ ਹੋਵੇ।"

"ਨੀ, ਜਾਣ ਦੇ ਨੀ, ਉਹਨੇ ਤਾਂ ਲੋਈ ਹੀ ਲਾਹੀ ਹੋਈ ਏ।"

ਜਿੰਨੇ ਮੂੰਹ ਓਨੀਆਂ ਗੱਲਾਂ ਤੇ ਫਿਰ ਇਹ ਗੱਲਾਂ ਉੱਡਦੀਆਂ-ਉੱਡਦੀਆਂ ਪਿੰਡ ਦੇ ਮਨੁੱਖਾਂ ਪਾਸ ਵੀ ਪਹੁੰਚ ਗਈਆਂ। ਫਿਰ ਕੀ ਸੀ, ਜਦੋਂ ਵੀ ਮੁਨਸ਼ਾ ਸਿੰਘ ਘਰ ਨੂੰ ਆਉਂਦਾ ਲੋਕ ਉਹਨੂੰ ਦੂਰੋਂ ਹੀ ਵੇਖ ਕੇ ਹੱਸ ਪੈਂਦੇ। ਕੋਈ ਬੋਲੀ ਮਾਰਦਾ, ਕੋਈ ਟਿਕਚਰ ਕਰਦਾ।

ਮਾਵਾਂ ਧੀਆਂ ਤਾਂ ਅੰਦਰ ਬੈਠੀਆਂ ਸਨ। ਹਾਰ ਕੇ ਉਹ ਵੀ ਪਿੰਡ ਆਉਣਾ ਛੱਡ ਕੇ ਖੂਹ ਤੇ ਰਹਿਣ

ਲੱਗ ਪਿਆ। ਅੰਦਰੋ-ਅੰਦਰ ਉਸ ਨੂੰ ਵੀ ਇਸ ਗੱਲ ਦਾ ਅਹਿਸਾਸ ਸੀ। ਪਰ ਭਗਵਾਨ ਦੀ ਲੀਲ੍ਹਾ ਸਾਹਮਣੇ ਆਪਣੇ-ਆਪ ਨੂੰ ਨਿਰਬਲ ਸਮਝਦਾ।

ਆਪਣੇ ਮੁੰਡਿਆਂ ਤੋਂ ਉਸ ਨੂੰ ਸੰਗ ਆਉਂਦੀ ਸੀ ਤੇ ਉਹ ਇਸ ਸ਼ਰਮ ਨੂੰ ਮਾਰਨ ਲਈ ਸਾਰੀ ਦਿਹਾੜੀ ਕੰਮ ਵਿਚ ਜੁਟਿਆ ਰਹਿੰਦਾ।

ਇਕ ਦਿਨ ਉਹ ਨੀਵੀਂ ਪਾਈ ਕੰਮ ਵਿਚ ਜੁਟਿਆ ਹੋਇਆ ਸੀ ਕਿ ਉਸ ਦੇ ਮਿੱਤਰ ਨੇ ਉਸ ਨੂੰ ਆ ਵਧਾਈਆਂ ਦਿੱਤੀਆਂ, "ਵਧਾਈਆਂ ਹੋਣ ਮੁਣਸ਼ਾ ਸਿਆਂ, ਹੁਣ ਤਾਂ ਤੇਰਾ ਮੁੰਡਾ ਖੇਡਣ ਲਈ ਭਾਣਜਾ ਵੀ ਨਾਲ ਈ ਲੈ ਕੇ ਆਇਆ ਹੈ।"

ਤੇ ਮੁਣਸ਼ਾ ਸਿੰਘ ਨਿੰਮੋਝੂਣਾ ਜਿਹਾ ਹੋ ਕੇ ਕਹਿਣ ਲੱਗਾ, "ਇਹ ਤਾਂ ਸਭ ਰੱਬ ਦੇ ਰੰਗ ਆ। ਬਈ ਆਦਮੀ ਦੇ ਵੱਸ ਦੀ ਕੋਈ ਗੱਲ ਨਹੀਂ। ਸੁਣਾ ਤੇਰੀ ਛੁੱਟੀ ਕਦੋਂ ਪੂਰੀ ਹੋਣੀ ਐਂ।"

ਉਸ ਦੇ ਮਿੱਤਰ ਮੱਖਣ ਸਿੰਘ ਨੇ, ਜੋ ਸ਼ਹਿਰ ਦੇ ਕਿਸੇ ਦਫ਼ਤਰ ਵਿਚ ਕਲਰਕ ਸੀ, ਉੱਤਰ ਦਿੱਤਾ, "ਛੁੱਟੀਆਂ ਤਾਂ ਅਜੇ ਹੈਗੀਆਂ। ਪਰ ਇਹ ਰੱਬ ਦੇ ਰੰਗ ਵਾਲੀ ਕੀ ਗੱਲ ਹੋਈ ? ਤੂੰ ਓਪਰੇਸ਼ਨ ਕਿਉਂ ਨਹੀਂ ਕਰਵਾ ਲੈਂਦਾ। ਸੁਖ ਨਾਲ ਤੇਰਾ ਆਰ-ਪਰਵਾਰ ਤਾਂ ਅੱਗੇ ਈ ਕਾਫ਼ੀ ਹੈ। ਇਨ੍ਹਾਂ ਦੀ ਸੁੱਖ ਮੰਗ ਤੇ ਅੱਗੇ ਵਾਸਤੇ ਕੰਮ ਬੰਦ ਹੋ ਜਾਊ !"

ਮੁਣਸ਼ਾ ਸਿੰਘ ਨੂੰ ਜਿਵੇਂ ਇਤਬਾਰ ਨਾ ਆਇਆ। ਫਿਰ ਮੱਖਣ ਸਿੰਘ ਨੇ ਉਸ ਨੂੰ ਸਾਰੀ ਗੱਲ ਸਮਝਾਈ ਕਿ ਕਿਸ ਤਰ੍ਹਾਂ ਓਪਰੇਸ਼ਨ ਹੁੰਦਾ ਹੈ ਤੇ ਉਸ ਦਾ ਕੀ ਲਾਭ ਹੈ। ਪਰ ਮੁਣਸ਼ਾ ਸਿੰਘ ਅਜੇ ਵੀ ਬੜੇ ਕਲੇਸ਼ ਵਿਚ ਫਸਿਆ ਹੋਇਆ ਸੀ, ਕਿ ਜੇ ਇਸ ਤਰ੍ਹਾਂ ਹੋ ਜਾਏ ਤਾਂ ਮਰਦ ਦੀ ਮਰਦਾਨਗੀ ਤਾਂ ਜਾਂਦੀ ਰਹੇਗੀ। ਬਾਕੀ ਫਿਰ ਉਸ ਕੋਲ ਕੀ ਰਹਿ ਜਾਏਗਾ ? ਪਰ ਮੱਖਣ ਸਿੰਘ ਨੇ ਉਸ ਨੂੰ ਸਮਝਾਇਆ ਕਿ ਇਸ ਨਾਲ ਹੋਰ ਕੋਈ ਫ਼ਰਕ ਨਹੀਂ ਪੈਂਦਾ, ਬਸ ਅੱਗੇ ਵਾਸਤੇ ਬੱਚਾ ਨਹੀਂ ਹੋਵੇਗਾ। ਜਦੋਂ ਉਸ ਨੇ ਉਸ ਨੂੰ ਲੋਕਾਂ ਵਿਚ ਹੁੰਦੀਆਂ ਗੱਲਾਂ ਚਿਤਾਰੀਆਂ ਤਾਂ ਮੁਣਸ਼ਾ ਸਿੰਘ ਨੇ ਕਿਹਾ ਕਿ ਚੰਗਾ ਬਸੰਤ ਕੌਰ ਨਾਲ ਸਲਾਹ ਕਰਾਂਗਾ।

ਰਾਤ ਨੂੰ 'ਨ੍ਹੇਰੇ ਹੋਏ ਉਹ ਘਰ ਆਇਆ ਤਾਂ ਉਸ ਨੇ ਸਾਰੀ ਗੱਲ ਬਸੰਤ ਕੌਰ ਨੂੰ ਦੱਸੀ। ਉਸ ਦੇ ਕਾਲਜੇ ਦਾ ਜਿਵੇਂ ਰੁੱਗ ਭਰਿਆ ਗਿਆ !

"ਹਾਇਆ ਮੈਨੂੰ। ਜੇ ਕਿਤੇ ਸਾਰੇ ਹੀ ਮਰ ਗਏ ਤਾਂ ਕੀ ਹੋਊ ? ਨਹੀਂ, ਨਹੀਂ—ਇਹ ਸਭ ਰੱਬ ਦੀ ਲੀਲ੍ਹਾ ਹੈ। ਅਸੀਂ ਨਹੀਂ ਇਹ ਪ੍ਰਿਸ਼ਨ ਕਰਵਾਉਣਾ।"

ਇਹ ਸੁਣ ਕੇ ਮੁਣਸ਼ਾ ਸਿੰਘ ਦਾ ਵਿਸ਼ਵਾਸ ਵੀ ਜਿਵੇਂ ਡੋਲ ਗਿਆ। ਗੱਲ ਤਾਂ ਠੀਕ ਸੀ। ਉਂਜ ਰੱਬ ਨਾ ਕਰੇ ਜੇ ਕਿਤੇ ਸਾਰੇ ਜੀਆਂ ਨੂੰ ਹੀ ਕੁਝ ਹੋ ਗਿਆ ਤਾਂ ...। ਉਹ ਇਸ ਖ਼ਿਆਲ ਨਾਲ ਹੀ ਕੰਬ ਗਿਆ।

ਓਧਰ ਮੁੰਡਾ ਛੇਆਂ ਮਹੀਨਿਆਂ ਦਾ ਹੋਣ ਲੱਗਾ ਸੀ। ਹਰ ਸਾਲ ਦੀ ਮਰਯਾਦਾ ਅਨੁਸਾਰ ਉਸ ਦਾ ਮੰਜਾ ਚਿਰੋਕਣਾ ਘਰ ਆ ਜਾਣਾ ਚਾਹੀਦਾ ਸੀ। ਪਰ ਲੋਕਾਂ ਦੀਆਂ ਗੱਲਾਂ—ਬੱਚਿਆਂ ਦੀਆਂ ਨਜ਼ਰਾਂ—ਟਿੱਚਰਾਂ—ਬੋਲੀਆਂ ਤੇ ਆਪਣੀ ਕਾਮ-ਚੇਸ਼ਟਾ—ਇਸ ਦੁਬਿਧਾ ਵਿਚ ਉਸ ਨੂੰ ਜਿਵੇਂ ਕੰਬਣੀ ਜਿਹੀ ਆ ਗਈ ਤੇ ਉਹ ਤ੍ਰੇਲੀਓ ਤ੍ਰੇਲੀ ਹੋ ਗਿਆ।

ਸਵੇਰੇ ਹੀ ਮੱਖਣ ਸਿੰਘ ਉਸ ਕੋਲ ਆ ਖੜਕਿਆ। ਮੁਣਸ਼ਾ ਸਿੰਘ ਨੂੰ ਗਹਿਰੀ ਸੋਚ ਵਿਚ ਡੁੱਬਾ ਵੇਖ ਕੇ ਉਹ ਬੋਲਿਆ, "ਕਿਹੜੀਆਂ ਸੋਚਾਂ 'ਚ ਪੈ ਗਿਆ ਏਂ ? ਉੱਠ ਤਹਾਂ, ਮੈਂ ਕੋਈ ਤੇਰਾ ਦੋਖੀ ਹਾਂ ! ਸਾਰੀ ਦੁਨੀਆਂ ਦੇ ਲੋਕ ਹੁਣ ਇਸੇ ਤਰ੍ਹਾਂ ਕਰ ਰਹੇ ਹਨ, ਕਾਮ ਦੀ ਭੁੱਖ ਇਕ ਕੁਦਰਤੀ ਲੋੜ ਹੈ। ਇਸ ਨੂੰ ਵੀ ਪੂਰਿਆਂ ਕਰਨਾ ਹੈ, ਪਰ ਨਾਲ ਹੀ ਤੈਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਤੇਰੀ ਔਲਾਦ ਦੇ ਨਾਲ-ਨਾਲ ਇਸ ਧਰਤੀ ਨੇ ਤਾਂ ਨਹੀਂ ਵਧੀ ਜਾਣਾ।"

ਤੇ ਫਿਰ ਜਿੰਨਾ ਚਿਰ ਮੁਣਸ਼ਾ ਸਿੰਘ ਸ਼ਹਿਰੋਂ ਪਰਤ ਨਾ ਆਇਆ, ਬਸੰਤ ਕੌਰ ਨੇ ਸਿਰ੍ਹਾਣੇ ਦੀਵਾ ਬਾਲ

ਕੇ ਭੂਮੀ-ਆਸਨ ਲਾਈ ਰਖਿਆ। ਕਦੇ ਅਰਦਾਸ ਕਰਦੀ ਤੇ ਕਦੇ ਧੂਫ਼ ਧੁਖਾਉਂਦੀ ਤੇ ਕਹਿੰਦੀ, "ਰੱਬਾ ! ਮੇਰੇ ਭਗਵਾਨ ਦਾ ਵਾਲ ਨਾ ਵਿੰਗਾ ਹੋਏ।"

ਸਾਰੇ ਪਿੰਡ ਵਿਚ ਚਰਚਾ ਹੋ ਰਹੀ ਸੀ ਕਿ ਮੁਣਸ਼ਾ ਸਿੰਘ ਓਪਰੇਸ਼ਨ ਕਰਵਾ ਕੇ ਆਇਆ ਹੈ ਤੇ ਆਉਂਦੇ ਨੇ ਹੀ ਮੰਜਾ ਘਰੇ ਲੈ ਆਂਦਾ ਹੈ। ਉੱਧਰ ਬਸੰਤ ਕੌਰ ਕਾਕੇ ਨੂੰ ਸੁਆ ਕੇ ਆਪਣੇ ਭਗਵਾਨ ਦੀਆਂ ਲੱਤਾਂ ਘੁੱਟਣ ਆ ਬੈਠੀ। ਦੀਵੇ ਦੇ ਮੱਧਮ ਚਾਨਣ ਵਿਚ ਰਾਤ ਬੀਤੀ ਜਾ ਰਹੀ ਸੀ। ਦਿਨ ਦੇ ਚੜ੍ਹਾ ਨਾਲ ਗੱਲਾਂ ਦੀ ਤੰਦ ਜਾਰੀ ਰਖਦਿਆਂ ਬਸੰਤ ਕੌਰ ਕਹਿ ਰਹੀ ਸੀ, "ਜੀ, ਤੁਸੀਂ ਤਾਂ ਬਿਲਕੁਲ ਠੀਕ ਹੋ ! ਰਤਾ ਫ਼ਰਕ ਨਹੀਂ ਪਿਆ। ਬਿਲਕੁਲ ਓਦਾਂ ਹੀ ...।"

ਤੇ ਫਿਰ ਉਸ ਆਪਣੇ ਭਗਵਾਨ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਆਪਣੇ ਸਾਰੇ ਸ਼ਬਦਾਂ ਨੂੰ ਅੱਖਾਂ ਵਿਚ ਸਮੋ ਲਿਆ। ਉਸ ਦੀਆਂ ਮਖ਼ਮੂਰ ਅੱਖਾਂ ਵਿਚ ਗੁਆਚਿਆ ਹੋਇਆ ਮੁਣਸ਼ਾ ਸਿੰਘ ਕਹਿ ਰਿਹਾ ਸੀ, "ਤੈਨੂੰ ਕੀ ਪਤਾ ਬਸੰਤ ਕੁਰੇ, ਮੇਰਾ ਤਾਂ ਦੂਜਾ ਜਨਮ ਹੋਇਆ, ਦੂਜਾ ਜਨਮ !"

ਹਾੜੀ ਦੀ ਫ਼ਸਲ ਦੀ ਬਿਜਾਈ ਸ਼ੁਰੂ ਹੋਣ ਵਾਲੀ ਸੀ। ਅੱਗੇ ਵਾਂਗ ਇਸ ਵਾਰ ਵੀ ਮੁਣਸ਼ਾ ਸਿੰਘ ਨੇ ਆਪਣੀ ਜ਼ਮੀਨ ਨੂੰ ਦੱਬ ਕੇ ਵਾਹਿਆ ਸੀ। ਉਹ ਹਲ ਛੱਡ ਕੇ ਘਰ ਨੂੰ ਪਰਤਿਆ ਤਾਂ ਉਸ ਨੇ ਬਸੰਤ ਕੌਰ ਨੂੰ ਕਿਹਾ, "ਬਸੰਤ ਕੁਰੇ ! ਬੀ ਨੂੰ ਧੋ ਕੇ ਧੁੱਪ ਲੁਆ ਲੈਣੀ ਸੀ।"

"ਪਰ ਵੱਡੀ ਦਿਆ ਭਾਈਆ ! ਬੀ ਵਾਲੀ ਕਣਕ ਤਾਂ ਆਪਾਂ ਪਹਿਲਾਂ ਹੀ ਖਾ ਬੈਠੇ ਆਂ। ਹੁਣ ਤਾਂ ਘਰ ਆਟਾ ਵੀ ਮੁੱਕਣ ਲੱਗਾ, ਇਸ ਮੰਘਿਆਈ ਵਿਚ ਕੀ ਪੇਸ਼ ਜਾਂਦੀ ਆ।"

"ਸਮਾਂ ਕੌਰ ਦਿਓਂ ਉਧਾਰੀ ਲੈ ਲੈਣੀ ਸੀ, ਫੇਰ ਦੇ ਦਿਆਂਗੇ।"

ਮੁਣਸ਼ਾ ਸਿੰਘ ਨੇ ਆਪਣਾ ਹਰ ਸਾਲ ਵਾਲਾ ਵਾਕ ਦੁਹਰਾਇਆ। ਬਸੰਤ ਕੌਰ ਸੋਚ ਰਹੀ ਸੀ, ਕਿ ਸਮਾਂ ਕੌਰ ਕੋਲੋਂ ਕਣਕ ਉਧਾਰੀ ਲੈ ਕੇ, ਉਸ ਨੂੰ ਸਾਰਾ ਸਾਲ ਉਹਦੇ ਮਿਹਣੇ ਝੱਲਣੇ ਪੈਣਗੇ। ਸਮਾਂ ਕੌਰ ਦੇ ਕੇਵਲ ਦੋ ਬੱਚੇ ਸਨ, ਇਸ ਲਈ ਉਹ ਬਹੁਤ ਸੌਖੀ ਸੀ ਤੇ ਇਸੇ ਲਈ ਉਸ ਨੂੰ ਸਾਰਾ ਸਾਲ ਸਮਾਂ ਕੌਰ ਦੀਆਂ ਆਪਣੇ ਬੱਚਿਆਂ ਪ੍ਰਤੀ ਚੋਭਵੀਆਂ ਗੱਲਾਂ ਨੂੰ ਅਣ-ਸੁਣਿਆ ਕਰਨਾ ਪੈਂਦਾ ਸੀ। ਫਿਰ ਉਹ ਸੋਚ ਰਹੀ ਸੀ ਉਸ ਦਾ ਭਗਵਾਨ ਸਾਰਾ ਸਾਲ ਜੀ ਤੋੜ ਕੇ ਮਿਹਨਤ ਕਰਦਾ ਸੀ, ਪਰ ਉਸ ਕੋਲੋਂ ਬੀ ਜੋਗੇ ਦਾਣੇ ਵੀ ਨਹੀਂ ਸਨ ਪੈਦਾ ਹੁੰਦੇ ! ਅਜੇ ਦਾਣੇ ਨਿਕਲਦੇ ਹੀ ਮਸਾਂ ਸਨ ਕਿ ਘਰ ਦੀਆਂ ਗ਼ਰਜ਼ਾਂ ਦੀ ਪੂਰਤੀ ਲਈ ਆੜ੍ਹਤੀਆਂ ਦੇ ਰਾਹੀਂ ਬਿਓਪਾਰੀਆਂ ਦੇ ਮੂੰਹ ਜਾ ਪੈਂਦੇ, ਪਰ ਸਮਾਂ ਕੌਰ ਆਪਣੀ ਕਣਕ ਉਦੋਂ ਵੇਚਦੀ ਜਦੋਂ ਵਿਓਪਾਰੀ ਕਿਸਾਨ ਦੇ ਸਿਰ 'ਤੇ ਮੁਨਾਫ਼ਾ ਕਮਾਉਂਦੇ ਸਨ ਤੇ ਕਣਕ ਦਾ ਭਾਅ ਚੜ੍ਹ ਜਾਂਦਾ ਸੀ। ਉਸ ਨੇ ਕਈ ਵਾਰ ਸੋਚਣ ਦਾ ਯਤਨ ਕੀਤਾ ਕਿ ਜਿੰਨਾਂ ਚਿਰ ਕਣਕ ਕਿਸਾਨ ਕੋਲ ਹੈ, ਸਸਤੀ ਹੈ ਤੇ ਜਦੋਂ ਵਿਓਪਾਰੀ ਕੋਲ ਜਾਂਦੀ ਹੈ, ਮਹਿੰਗੀ ਹੋ ਜਾਂਦੀ ਹੈ—ਇਸ ਦਾ ਕਾਰਨ ਉਸ ਨੂੰ ਕਦੇ ਵੀ ਸਮਝ ਨਾ ਆਇਆ। ਪਰ ਇਕ ਗੱਲ ਉਹ ਜ਼ਰੂਰ ਕਰਦੀ ਕਿ ਧਰਤੀ ਦੇ ਭਗਵਾਨ—ਪ੍ਰਮਾਤਮਾ ਅੱਗੇ ਅਰਦਾਸ ਕਰਦੀ ਕਿ 'ਹੇ ਧਰਤੀ ਦੇ ਭਗਵਾਨ ! ਸਾਡੀ ਧਰਤੀ ਦੀ ਕੁੱਖ ਵੀ ਹਰੀ ਕਰ।' ਸਾਡੇ ਵਿਹੜੇ ਵੀ ਲਹਿਰ ਬਹਿਰ ਹੋਵੇ ! ਪਰ ਹਰ ਵਰ੍ਹੇ—ਧਰਤੀ ਦੀ ਚੁੱਪ ਉਨ੍ਹਾਂ ਦੋਹਾਂ ਨੂੰ ਘੂਰਦੀ ਰਹਿੰਦੀ—ਮਹਿੰਗਾਈ ਦੀ ਮਾਰ ਖਾਂਦਿਆਂ ਉਸ ਨੂੰ ਬੀਜ ਵਾਲੀ ਕਣਕ ਵੀ ਪਿਹਾਉਣੀ ਪੈ ਜਾਂਦੀ ਤੇ ਫੇਰ ਸਮਾਂ ਕੌਰ ਅੱਗੇ ਹੱਥ ਅੱਡਣੇ ਪੈਂਦੇ।

ਸਮਾਂ ਕੌਰ ਨੇ ਉਸ ਨੂੰ ਪਹਿਲਾਂ ਹੀ ਚਿਤਾਰਨਾ ਸ਼ੁਰੂ ਕਰ ਦਿੱਤਾ ਸੀ ਕਿ ਉਸ ਦੀ ਆਪਣੀ ਕਣਕ ਐਤਕੀਂ ਬਹੁਤ ਥੋੜ੍ਹੀ ਹੋਈ ਸੀ। ਉਹ ਕਿਹੜੇ ਮੂੰਹ ਨਾਲ ਉਸ ਕੋਲੋਂ ਕਣਕ ਮੰਗੇ ਤੇ ਘਰ ਧੇਲਾ ਵੀ ਨਹੀਂ ਸੀ ਕਿ ਮਹਿੰਗੇ ਭਾਅ ਦੀ ਕਣਕ ਖ਼ਰੀਦ ਸਕਦੀ।

ਉਸ ਨੇ ਸਿਰ ਉਤਾਂਹ ਚੁੱਕ ਕੇ ਵੇਖਿਆ, ਮੁਣਸ਼ਾ ਸਿੰਘ ਜਾ ਚੁੱਕਾ ਸੀ—ਤ੍ਰਿਕਾਲਾਂ ਪੈ ਰਹੀਆਂ ਸਨ; ਉਹ ਪਿੱਤਲ ਦੀ ਬਾਲਟੀ ਚੁਕ ਕੇ ਧਾਰ ਚੋਣ ਲਈ ਖੂਹ ਵਲ ਤੁਰ ਪਈ। ਆਪਣੇ ਖੇਤਾਂ ਵਲ ਵੇਖ ਕੇ ਬਸੰਤ ਕੌਰ ਦਾ ਕਾਲਜਾ ਮੂੰਹ ਨੂੰ ਆ ਗਿਆ।

ਉਹ ਆਪ ਵੀ ਤਾਂ ਇਸ ਜ਼ਮੀਨ ਵਰਗੀ ਹੀ ਸੀ ਜੋ ਵਾਹੀ ਗਈ—ਸੁਹਾਗੀ ਗਈ ਤੇ ਮੁੜ ਵਾਹੀ ਗਈ। ਸਿਆੜਾਂ ਦੇ ਖੁੱਲ੍ਹੇ ਮੂੰਹ ਵਿੱਚੋਂ, ਬਸੰਤ ਕੌਰ ਨੂੰ ਇੰਜ ਜਾਪਿਆ ਜਿਵੇਂ ਧਰਤੀ ਦੀ ਸਿਰਜਨ-ਸ਼ਕਤੀ ਪੁਕਾਰ-ਪੁਕਾਰ ਕੇ ਕਹਿ ਰਹੀ ਹੋਵੇ : 'ਕੀ ਤੇਰੇ ਵਾਂਗ ਹੀ ਸਾਲ ਭਰ ਲਈ ਇਹ ਧਰਤੀ ਵੀ ਬਾਂਝ ਹੀ ਰਹੇਗੀ ?'

"ਨਹੀਂ, ਨਹੀਂ, ਧਰਤੀ ਬਾਂਝ ਨਹੀਂ ਰਹਿ ਸਕਦੀ—ਮੇਰੇ ਬੱਚਿਆਂ ਦਾ ਕੀ ਬਣੇਂਗਾ ?"

ਉਸ ਦੇ ਸੌਂਹੇਂ ਹੀ ਖੇਤ ਦੇ ਦੂਸਰੇ ਬੰਨੇ ਮੁਣਸ਼ਾ ਸਿੰਘ ਊਂਧੀ ਪਾਈ ਖੜੋਤਾ ਸੀ ਤੇ ਬਸੰਤ ਕੌਰ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਸ ਦੇ ਅੰਦਰਲੀ ਤ੍ਰੀਮਤ ਧਰਤੀ ਨੂੰ ਪੁੱਛ ਰਹੀ ਹੋਵੇ, 'ਮੇਰੇ ਭਗਵਾਨ ਦਾ ਤਾਂ ਭਲਾ ਦੂਜਾ ਜਨਮ ਹੋਇਆ, ਪਰ ਤੈਨੂੰ ਕੀ ਹੋ ਗਿਆ ਧਰਤੀਏ ? ਤੇਰੇ ਭਗਵਾਨ ਨੂੰ ਕੀ ਹੋ ਗਿਆ ?'

# ਜੱਦੋ ਜਹਿਦ

ਪਕੌੜਿਆਂ ਵਾਲੇ ਬੁੱਢੇ ਵਲ ਵੇਖ ਕੇ ਅੱਜ ਫੇਰ ਸੇਵਾ ਸਿੰਘ ਦੀ ਗੱਲ ਚੱਲ ਪਈ ਸੀ। ਉਸ ਦਾ ਨਾਮ ਅਸੀਂ ਸਭ ਨੇ "ਦਮ-ਦੁਆਊ" ਮਾਸਟਰ ਰਖਿਆ ਹੋਇਆ ਸੀ। ਕੋਈ ਮਾਸਟਰ ਛੁੱਟੀ ਜਾਂਦਾ ਸੇਵਾ ਸਿੰਘ ਠੂਹ ਕਰਕੇ ਇਸ ਸਕੂਲੇ ਆ ਵੱਜਦਾ। ਕਿਸੇ ਦੀ ਐਡਜਸਟਮੈਂਟ ਹੁੰਦੀ, ਕਿਸੇ ਦੀ ਤਬਦੀਲੀ ਹੁੰਦੀ, ਕੋਈ ਅਧਿਆਪਕਾ ਮੈਟਰਨਟੀ ਲੀਵ 'ਤੇ ਜਾਂਦੀ ਜਾਂ ਕੋਈ ਨਵੀਂ ਅਸਾਮੀ ਬਣਦੀ ਤਾਂ ਸੇਵਾ ਸਿੰਘ ਸਾਡੇ ਸਕੂਲ ਆ ਜਾਂਦਾ। ਜਦੋਂ ਵੀ ਯੋਗ ਉਮੀਦਵਾਰ ਦੇ ਆਉਣ ਤੇ ਖ਼ਾਲੀ ਅਸਾਮੀਂ ਪੁਰ ਹੋ ਜਾਂਦੀ ਤਾਂ ਅਸੀਂ ਸੋਚਦੇ ਕਿ ਇਸ ਵਾਰੀ ਸੇਵਾ ਸਿੰਘ ਮੁੜ ਕੇ ਨਹੀਂ ਆਉਣ ਲੱਗਾ, ਪਰ ਉਹ ਅਚਾਨਕ ਆ ਧਮਕਦਾ। ਉਸ ਦੇ ਬੁੱਲ੍ਹਾਂ ਤੇ ਇਕ ਸ਼ੋਖ ਮੁਸਕਰਾਹਟ ਹੁੰਦੀ ਤੇ ਉਸ ਦੀਆਂ ਅੱਖਾਂ ਵਿਚ ਸਾਊ ਗੰਭੀਰਤਾ।

ਲਗਾਤਾਰ ਸੱਤ ਵਾਰ ਉਹ ਸਾਡੇ ਸਕੂਲ ਆਇਆ ਸੀ। ਪਹਿਲੀ ਵਾਰ ਜਦੋਂ ਮੈਂ ਐੱਮ. ਏ. ਦਾ ਇਮਤਿਹਾਨ ਦੇਣ ਲਈ ਛੁੱਟੀ ਤੇ ਗਿਆ ਹੋਇਆ ਸਾਂ। ਇਮਤਿਹਾਨ ਦੇ ਕੇ ਜਦੋਂ ਮੈਂ ਵਾਪਸ ਆਇਆ ਤਾਂ ਇਸ ਨਵੇਂ ਚਿਹਰੇ ਨੂੰ ਵੇਖ ਕੇ ਮੈਂ ਕੁਝ ਹੈਰਾਨ ਜਿਹਾ ਹੋਇਆ। ਹੈਡਮਾਸਟਰ ਮੇਰਾ ਚੰਗਾ ਮਿੱਤਰ ਸੀ। ਮੈਂ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਸੇਵਾ ਸਿੰਘ ਮੇਰੀ ਹੀ ਥਾਂ ਤੇ ਦਮ ਦੁਆ ਰਿਹਾ ਸੀ। ਹੁਣ ਜਾ ਰਿਹਾ ਹੈ। ਮੈਂ ਇਮਤਿਹਾਨ ਦੇ ਕੇ ਆਇਆ ਸਾਂ ਤੇ ਪਰਚੇ ਚੰਗੇ ਹੋ ਗਏ ਸਨ। ਮੈਂ ਕਿਹਾ ਚਲੋ ਇਸੇ ਬਹਾਨੇ ਇਸ ਜਾ ਰਹੇ ਪੁਰਸ਼ ਨੂੰ ਵਿਦਾਇਗੀ ਪਾਰਟੀ ਦੇ ਦਿੰਦੇ ਹਾਂ।

ਸਾਰੇ ਅਧਿਆਪਕ ਮੇਜ਼ ਦੁਆਲੇ ਬੈਠੇ ਚਾਹ ਪੀ ਰਹੇ ਸਨ। ਪਰ ਸੇਵਾ ਸਿੰਘ ਲਗਾਤਾਰ ਮੇਰੇ ਵਲ ਇਕ-ਟਕ ਘੂਰੀ ਜਾ ਰਿਹਾ ਸੀ। ਪਹਿਲੀ ਵਾਰ ਤਾਂ ਮੈਂ ਸੋਚਿਆ ਕਿ ਇਹ ਮੇਰੀ ਨਜ਼ਰ ਦਾ ਵਹਿਮ ਹੈ ਪਰ ਜਦੋਂ ਮੈਂ ਗਹੁ ਨਾਲ ਵੇਖਿਆ ਤਾਂ ਪਤਾ ਲੱਗਾ ਕਿ ਉਹ ਤਾਂ ਸੱਚਮੁਚ ਇਕ-ਟਕ ਮੇਰੇ ਵਲ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਘੂਰ ਰਿਹਾ ਹੈ। ਜਿਵੇਂ ਉਸ ਦੀ ਨੌਕਰੀ ਦੇ ਟੁੱਟ ਜਾਣ ਦਾ ਅਸਲ ਕਾਰਨ ਮੈਂ ਹੀ ਹੋਵਾਂ। ਮੁੱਖ-ਅਧਿਆਪਕ ਤੇ ਬਾਕੀ ਅਧਿਆਪਕਾਂ ਨੇ ਉਸ ਬਜ਼ੁਰਗ ਅਧਿਆਪਕ ਦੀ ਕਾਫ਼ੀ ਤਾਰੀਫ਼ ਕੀਤੀ। ਪਰ ਉਹ ਬਿਨਾਂ ਕਿਸੇ ਪ੍ਰਭਾਵ ਤੋਂ ਇਕ-ਟਕ ਮੇਰੇ ਵਲ ਘੂਰੀ ਗਿਆ। ਮੈਂ ਉਸ ਦੀਆਂ ਨਜ਼ਰਾਂ ਦੀ ਤਾਬ ਨਾ ਲਾ ਕੇ ਦੂਜੇ ਪਾਸੇ ਨਜ਼ਰ ਭੁਆ ਲਈ। ਉਹ ਭਾਸ਼ਨ ਦੇ ਰਿਹਾ ਸੀ :

"ਮੈਂ ਜ਼ਿੰਦਗੀ ਵਿਚ ਠੋਹਕਰਾਂ ਖਾਣ ਦਾ ਆਦੀ ਹੋ ਚੁੱਕਾ ਹਾਂ। ਇਹ ਪਹਿਲੀ ਹੀ ਠੋਹਕਰ ਨਹੀਂ ਹੈ। ਅੰਨ ਜਲ ਦਾ ਅਖ਼ਤਿਆਰ ਹੈ। ਮੇਰਾ ਕੀ ਹੈ ? ਮੈਂ ਤਾਂ ਖੰਨੀ ਚੱਪਾ ਖਾ ਕੇ ਵੀ ਡੰਗ ਟਪਾ ਸਕਦਾ ਹਾਂ। ਪਰ ਮੇਰੀ ਨਿੱਕੀ-ਨਿੱਕੀ ਕਬੀਲਦਾਰੀ ਹੈ। ਜਿਸ ਲਈ ਇਸ ਬੁੱਢੀ ਉਮਰ ਵਿਚ ਵੀ—ਜਦੋਂ ਲੋਕ ਰੀਟਾਇਰ ਹੋ ਕੇ ਆਰਾਮ ਕਰਨਾ ਚਾਹੁੰਦੇ ਹਨ, ਮੈਂ ਕਿਉਂ ਦਰ-ਬਦਰ ਦੀਆਂ ਠੋਹਰਕਾਂ ਖਾਂਦਾ ਫਿਰਾਂ ? ਅੱਛਾ ਅੰਨ ਜਲ ਹੀ ਏਨਾ ਸੀ ਤੁਹਾਡੇ ਨਾਲ ..."

ਤੇ ਫਿਰ ਜਦੋਂ ਉਸ ਦੀ ਆਵਾਜ਼ ਬੈਠ ਗਈ, ਉਸ ਦੀਆਂ ਅੱਖਾਂ ਦੇ ਅੱਥਰੂ ਵਗਣੋਂ ਪਹਿਲਾਂ ਹੀ, ਖ਼ੁਸ਼ਕ ਹੋ ਗਏ, ਤਾਂ ਮੈਨੂੰ ਉਸ ਦੀਆਂ ਅੱਖਾਂ ਹੋਰ ਵੀ ਵਧੇਰੇ ਭਿਆਨਕ ਲੱਗੀਆਂ। ਮੈਨੂੰ ਇਸ ਤੱਕਣੀ ਨਾਲ ਕੁਝ ਘ੍ਰਿਣਾ ਜਿਹੀ ਹੋ ਗਈ ਸੀ। ਆਖ਼ਰ ਇਸ ਵਿਚ ਮੇਰਾ ਕੀ ਕਸੂਰ ਸੀ ? ਜੋ ਉਹ ਮੈਨੂੰ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਵੇਖੀ ਜਾ ਰਿਹਾ ਸੀ।

ਵਿਦਾਇਗੀ ਸਮੇਂ ਸਕੂਲ ਦੇ ਮੁੰਡੇ ਤੇ ਕੁੜੀਆਂ ਨੂੰ ਉਹ ਗੱਲ ਲਗ-ਲਗ ਕੇ ਮਿਲਿਆ। ਆਪ ਰੋਇਆ ਤੇ ਉਹਨਾਂ ਨੂੰ ਰੁਆਇਆ। ਅੰਤ ਵਿਚ ਉਹ ਮੇਰੇ ਵਲ ਘੂਰਦਾ ਹੋਇਆ ਚਲਾ ਗਿਆ। ਮੇਰੇ ਜ਼ਿਹਨ ਵਿਚ ਉਸ ਦੇ ਨਕਸ਼ ਸਦੀਵੀ ਤੌਰ ਤੇ ਉੱਕਰੇ ਗਏ। ਅਜੇ ਮਸਾਂ ਮਹੀਨਾ ਹੀ ਗੁਜ਼ਰਿਆ ਸੀ ਕਿ ਸਕੂਲ ਦੀ ਅਪਗ੍ਰੇਡਿੰਗ ਹੋਣ ਕਰੇ ਇਕ ਨਵੀਂ ਆਸਾਮੀ ਪੈਦਾ ਹੋ ਗਈ ਤੇ ਮਾਸਟਰ ਸੇਵਾ ਸਿੰਘ ਹੁਰੀਂ ਕੱਛੇ ਝੋਲਾ ਮਾਰ ਕੇ ਫਿਰ ਆ ਧਮਕੇ।

ਇਸ ਵਾਰ ਮੈਨੂੰ ਉਸ ਨੇ ਉਨ੍ਹਾਂ ਨਜ਼ਰਾਂ ਨਾਲ ਨਹੀਂ ਵੇਖਿਆ ਸਗੋਂ ਬੜੇ ਪੁਰ ਤਪਾਕ ਢੰਗ ਨਾਲ ਮਿਲਿਆ। ਉਸ ਦੀਆਂ ਅੱਖਾਂ ਵਿਚ ਇਕ ਬਚਗਾਨਾ ਮੁਸਕਰਾਹਟ ਰਕਸ ਕਰ ਰਹੀ ਸੀ, ਜਿਵੇਂ ਕੋਈ ਬੱਚਾ ਉੱਲਰ-ਉੱਲਰ ਕੇ ਆਪਣੇ ਤੋਂ ਉਚੇਰੀ ਕਿਸੇ ਟਹਿਣੀ ਨੂੰ ਪਕੜ ਕੇ ਪ੍ਰਸੰਨ ਹੁੰਦਾ ਹੈ। ਮੈਨੂੰ ਉਹ ਚੰਗਾ-ਚੰਗਾ ਲੱਗਣ ਲੱਗ ਪਿਆ। ਉਂਜ ਵੀ ਸਕੂਲ ਵਿਚ ਉਸ ਦੀ ਦਾਲ ਵਧੇਰੇ ਕਰਕੇ ਮੇਰੇ ਨਾਲ ਹੀ ਗਲਦੀ ਸੀ। ਉਹ ਗੁਰਮਤ ਦਾ ਵਧੇਰੇ ਸ਼ਰਧਾਲੂ ਸੀ ਤੇ ਮੈਂ ਸਾਹਿਤ ਦਾ ਵਿੱਦਿਆਰਥੀ ਹੋਣ ਦੇ ਨਾਤੇ ਮਾੜੀ ਮੋਟੀ ਗੁਰਬਾਣੀ ਪੜ੍ਹ ਚੁੱਕਿਆ ਸਾਂ। ਇਸ ਲਈ ਗੱਲਬਾਤੀ ਵਿਸ਼ੇ ਦੀ ਸਾਂਝ ਸਾਨੂੰ ਲੱਭ ਜਾਂਦੀ ਸੀ।

ਸੇਵਾ ਸਿੰਘ ਸਕੂਲ ਵਿਚ ਮੁੜ ਇਸ ਤਰ੍ਹਾਂ ਹੀ ਰਚ-ਮਿਚ ਗਿਆ, ਜਿਵੇਂ ਉਹ ਏਥੋਂ ਕਦੇ ਗਿਆ ਹੀ ਨਾ ਹੋਵੇ। ਜਿਵੇਂ ਉਹ ਕਦੇ ਰੋਇਆ ਹੀ ਨਾ ਹੋਵੇ—ਜਿਵੇਂ ਉਸ ਦੀ ਤਕਣੀ ਵਿਚ ਕਦੇ ਭਿਆਨਕਤਾ ਆਈ ਹੀ ਨਾ ਹੋਵੇ।

ਅਸੀਂ ਜੋ ਮਜ਼ਮੂਨ ਉਸ ਨੂੰ ਦਿੱਤੇ, ਉਸ ਨੇ ਲੈ ਲਏ, ਬਿਨਾ ਕਿਸੇ ਹੀਲ ਹੁੱਜਤ ਤੋਂ। ਉਹ ਰੋਜ਼ ਸਵੇਰੇ ਮੁੰਡਿਆਂ ਨੂੰ ਪ੍ਰਾਰਥਨਾ ਕਰਵਾਉਂਦਾ, ਪੀ. ਟੀ. ਕਰਵਾਉਂਦਾ ਤੇ ਜਦੋਂ ਸ਼ਾਮ ਦੇ ਵੇਲੇ ਬਾਕੀ ਮਾਸਟਰ ਘਰਾਂ ਨੂੰ ਜਾਣ ਲਈ ਸਾਈਕਲ ਢੂੰਡ ਰਹੇ ਹੁੰਦੇ ਤਾਂ ਉਹ ਗਰਾਊਂਡ ਵਿਚ ਖੇਡਾਂ ਖਿਡਾ ਰਿਹਾ ਹੁੰਦਾ। ਕੋਈ ਗੱਲ ਹੁੰਦੀ, ਕੋਈ ਲੋੜ ਹੁੰਦੀ, ਉਹ ਸਭ ਕੁਝ ਕਰਨ ਲਈ ਤਿਆਰ ਰਹਿੰਦਾ। ਅਸੀਂ ਉਸ ਨੂੰ ਹਰਫ਼ਨ-ਮੌਲਾ ਕਹਿਣ ਲੱਗ ਪਏ।

ਇਨ੍ਹਾਂ ਦਿਨਾਂ ਵਿਚ ਹੀ ਸਕੂਲ ਦਾ ਸਾਲਾਨਾ ਮੁਆਇਨਾ ਹੋਣਾ ਸੀ। ਸੇਵਾ ਸਿੰਘ ਦੀਆਂ ਜਮਾਤਾਂ ਦੀ ਪਰੀਖਿਆ ਹੋਈ। ਸਾਰੇ ਵਿਦਿਆਰਥੀ ਉਸ ਦੇ ਮਜ਼ਮੂਨਾਂ ਵਿਚ ਲਗਪਗ ਸਿਫ਼ਰ ਸਾਬਤ ਹੋਏ। ਸਾਨੂੰ ਸਭ ਨੂੰ ਇਹ ਜਾਣ ਦੇ ਬੜੀ ਹੈਰਾਨੀ ਹੋਈ ਕਿ ਇਹ ਸਾਰੀ ਦਿਹਾੜੀ ਜਮਾਤ ਵਿਚ ਬੈਠਾ ਕਰਦਾ ਕੀ ਰਹਿੰਦਾ ਹੈ ? ਪੜ੍ਹਾਇਆ ਅਜੇ ਇਸ ਨੇ ਅੱਧਾ ਕੋਰਸ ਵੀ ਨਹੀਂ। ਫਿਰ ਹੌਲੀ-ਹੌਲੀ ਸਾਨੂੰ ਸਮਝ ਪੈ ਗਈ, ਕਿ ਅੱਜ ਕੱਲ੍ਹ ਦੇ ਵਿੱਦਿਆਰਥੀ ਵੀ ਉਸ ਅਧਿਆਪਕ ਨੂੰ ਹੀ ਵਧੇਰੇ ਪਸੰਦ ਕਰਦੇ ਹਨ, ਜੋ ਪੜ੍ਹਾਵੇ ਘੱਟ ਤੇ ਉਹਨਾਂ ਦੀ ਖ਼ੁਸ਼ੀ ਦਾ ਧਿਆਨ ਵਧੇਰੇ ਰੱਖੇ। ਹੁਣ ਸੇਵਾ ਸਿੰਘ ਦੇ ਹਰਮਨ ਪਿਆਰੇ ਹੋਣ ਦੇ ਰਾਜ਼ ਬਾਰੇ ਸਾਨੂੰ ਪਤਾ ਲੱਗ ਗਿਆ ਸੀ। ਪਰ ਉਸ ਨੇ ਮੁਆਇਨੇ ਬਾਰੇ ਮੇਰੇ ਕੰਨੀਂ ਕੋਈ ਹੋਰ ਹੀ ਗੱਲ ਪਾਈ, “ਮਾਸਟਰ ਜੀ, ਇਨਸਪੈਕਟਰ ਹਿੰਦੂ ਹੈ ਨਾ—ਇਸ ਨੇ ਜਾਣ ਬੁੱਝ ਕੇ ਮੇਰੇ ਮਜ਼ਮੂਨ ਸੰਬੰਧੀ, ਕੋਰਸ ਤੋਂ ਬਾਹਰ ਦੇ ਪ੍ਰਸ਼ਨ ਪੁੱਛੇ ਹਨ। ਹਿੰਦੂ ਤੁਅੱਸਬ ਨਹੀਂ ਛੱਡ ਸਕਦਾ। ਅੱਛਾ ਮਾਸਟਰ ਜੀ, ਆਪੇ ਧਰਮ-ਰਾਜ ਲੇਖਾ ਕਰ ਲਊ।”

ਮੇਰੇ ਤੇ ਉਸ ਤੋਂ ਸਿਵਾ ਬਾਕੀ ਦੇ ਛੇ ਮਾਸਟਰ ਹਿੰਦੂ ਸਨ ਪਰ ਅੱਜ ਤੋਂ ਪਹਿਲਾਂ ਮੈਨੂੰ ਕਦੇ ਵੀ ਹਿੰਦੂ ਸਿੱਖ ਬਾਰੇ ਸੋਚਣ ਦਾ ਮੌਕਾ ਨਹੀਂ ਸੀ ਮਿਲਿਆ। ਮੈਂ ਸੋਚ ਰਿਹਾ ਸਾਂ ਕਿ ਜਿਸ ਤਰ੍ਹਾਂ ਮੇਰੇ ਇਮਤਿਹਾਨ ਦੇ ਕੇ ਆਉਣ ਤੇ ਨੌਕਰੀ ਦੇ ਟੁੱਟਣ ਦਾ ਕਾਰਨ ਉਹ ਮੈਨੂੰ ਸਮਝ ਰਿਹਾ ਸੀ, ਉਸੇ ਤਰ੍ਹਾਂ ਅੱਜ ਵੀ ਉਸ ਨੇ

ਇੰਸਪੈਕਟਰ 'ਤੇ ਦੋਸ਼ ਥੱਪ ਦਿੱਤਾ ਸੀ। ਹੁਣ ਮੈਨੂੰ ਉਸ ਦੀਆਂ ਨਜ਼ਰਾਂ ਭਿਆਨਕ ਨਹੀਂ ਸਗੋਂ ਜ਼ਹਿਰੀਲੀਆਂ ਵੀ ਜਾਪੀਆਂ।

ਦੂਸਰੇ ਦਿਨ ਹੀ ਸੇਵਾ ਸਿੰਘ ਫਿਰ ਉਸੇ ਸ਼ਾਨ ਨਾਲ ਸਕੂਲ ਵਿਚ ਵਿਚਰ ਰਿਹਾ ਸੀ। ਜਿਵੇਂ ਕੱਲ੍ਹ ਮੁਆਇਨਾਂ ਹੋਇਆ ਹੀ ਨਹੀਂ ਹੁੰਦਾ। ਉਸ ਦੀਆਂ ਅੱਖਾਂ ਵਿਚ ਫਿਰ ਉਹੋ ਬਚਗਾਨਾ ਮੁਸਕਰਾਹਟ ਰਕਸ ਕਰ ਰਹੀ ਸੀ।

ਫਿਰ ਤਾਂ ਐਨਾਂ ਤਾਂਤਾ ਬੱਝਾ ਕਿ ਤਿੰਨ ਮਹੀਨੇ ਉਸ ਨੇ ਜਾਣ ਦਾ ਨਾਮ ਹੀ ਨਾ ਲਿਆ ਤੇ ਪੰਦਰਾਂ ਦਿਨਾਂ ਦੀ ਬਰੇਕ ਮਗਰੋਂ ਫਿਰ ਆ ਧਮਕਿਆ। ਇਸ ਤਰ੍ਹਾਂ ਉਹ ਸੱਤ ਵਾਰੀ ਸਾਡੇ ਸਕੂਲ ਆਇਆ ਸੀ। ਹਰ ਵਾਰੀ ਉਹ ਉਸ ਮਾਸਟਰ ਵਲ ਵਿਸ਼ੈਲੀਆਂ ਨਜ਼ਰਾਂ ਨਾਲ ਵੇਖਦਾ, ਜਿਹੜਾ ਉਸ ਦੀ ਥਾਂ ਆਇਆ ਹੁੰਦਾ, ਜਿਵੇਂ ਉਸ ਨੂੰ ਕਹਿ ਰਿਹਾ ਹੋਵੇ ਕਿ 'ਜੇ ਮੈਂ ਵੀ ਤੇਰੇ ਵਾਂਗ ਜਵਾਨ ਹੁੰਦਾ ਤਾਂ ਤੂੰ ਇੰਜ ਨਾ ਆ ਸਕਦਾ। ਮੇਰੀ ਬੁੱਢੀ ਉਮਰ ਦਾ ਵੀ ਤੈਨੂੰ ਖ਼ਿਆਲ ਨਾ ਆਇਆ, ਮੇਰੀ ਨਿੱਕੀ-ਨਿੱਕੀ ਕਬੀਲਦਾਰੀ ਦਾ—ਮੇਰਾ ਕੀ ਹੈ ? ਮੈਂ ਤਾਂ ਰੁੱਖੀ ਮਿੱਸੀ ਖਾ ਕੇ ਵੀ ਝਟ ਟਪਾ ਸਕਦਾ ਹਾਂ, ਸਾਧ ਹੋ ਕੇ ਵੀ।' ਤੇ ਹਰ ਵਾਰ ਉਹ ਆਪਣੇ ਭਾਸ਼ਨ ਵਿਚ ਆਪਣੇ ਜੀਵਨ ਦੀਆਂ ਠੋਹਕਰਾਂ ਦਾ ਜ਼ਿਕਰ ਕਰਦਾ। ਨਵੇਂ ਆਏ ਮਾਸਟਰ ਲਈ ਭਾਵੇਂ ਉਸ ਦਾ ਵਤੀਰਾ ਪਹਿਲਾਂ-ਪਹਿਲਾਂ ਜ਼ਰਾ ਓਪਰਾ ਜਾਪਦਾ, ਪਰ ਫਿਰ ਉਹ ਵੀ ਹਿਲ-ਮਿਲ ਕੇ ਇਸ ਸਭ ਕੁਝ ਦਾ ਆਦੀ ਹੋ ਜਾਂਦਾ ਤੇ ਇਸ 'ਦਮ ਦੁਆਊ ਮਾਸਟਰ' ਵਿਚ ਦਿਲਚਸਪੀ ਲੈਣ ਲੱਗ ਪੈਂਦਾ।

ਸੇਵਾ ਸਿੰਘ ਡਿਸਟ੍ਰਿਕਟ ਬੋਰਡ ਦਾ ਇਕ ਰਿਟਾਇਰਡ ਅਧਿਆਪਕ ਸੀ। ਉਸ ਨੇ ਜ਼ਿੰਦਗੀ ਵਿਚ ਬੜੀ ਸਖ਼ਤ ਮਿਹਨਤ ਕੀਤੀ ਸੀ। ਸਾਧਾਂ ਨਾਲ ਬਹਿ ਕੇ ਪੰਜਾਬੀ ਸਿੱਖੀ ਸੀ। ਪ੍ਰਾਈਵੇਟ ਇਮਤਿਹਾਨ ਪਾਸ ਕੀਤੇ ਤੇ ਫਿਰ ਅਧਿਆਪਕ ਬਣ ਗਿਆ। ਉਸ ਦੇ ਤਿੰਨ ਵਿਆਹ ਹੋਏ ਸਨ। ਪਹਿਲੀਆਂ ਦੋ ਪਤਨੀਆਂ ਬੀਮਾਰੀ ਨਾਲ ਮਰ ਗਈਆਂ ਸਨ। ਤੀਸਰਾ ਵਿਆਹ ਉਸ ਨੇ ਚਾਲ੍ਹੀ ਸਾਲ ਦੀ ਉਮਰ ਟਪ ਕੇ ਵੀਹ ਸਾਲ ਦੀ ਇਕ ਕੁੜੀ ਨਾਲ ਕਰਵਾਇਆ ਸੀ—ਪੈਸੇ ਦੇ ਕੇ। ਉਹਦੀ ਇਹ ਪਤਨੀ ਵੀ ਕੁਝ ਢਿੱਲੀ ਮੱਠੀ ਹੀ ਰਹਿੰਦੀ ਸੀ। ਉਸ ਦੇ ਤਿੰਨ ਧੀਆਂ ਸਨ ਤੇ ਦੋ ਪੁੱਤਰ। ਰੀਟਾਇਰ ਹੋਣ ਤੋਂ ਬਾਅਦ ਵੀ ਉਹ ਤਕੜੇ ਸਰੀਰ ਦਾ ਮਾਲਕ ਸੀ। ਸਕੂਲ ਦੇ ਵਿੱਦਿਆਰਥੀ ਰੋਜ਼ ਨਿਤ ਨੇਮ ਉਸ ਦੇ ਘਰ ਦੁੱਧ, ਦਹੀਂ, ਲੱਸੀ, ਮੱਖਣ ਤੇ ਹੋਰ ਲੋੜੀਂਦੀਆਂ ਚੀਜ਼ਾਂ ਮੁਫ਼ਤ ਦੇ ਜਾਂਦੇ ਸਨ ਤੇ ਇਹ ਸਭ ਕੁਝ ਪ੍ਰਾਪਤ ਕਰਨ ਦਾ ਉਸ ਨੂੰ ਪੁਰਾਣੇ ਹੰਢੇ ਹੋਏ ਮਾਸਟਰਾਂ ਵਾਂਗ ਪੂਰਾ-ਪੂਰਾ ਵਲ ਵੀ ਆਉਂਦਾ ਸੀ। ਚੰਗੀ ਖ਼ੁਰਾਕ ਕਰਕੇ ਉਸ ਦੀ ਸਿਹਤ ਚੰਗੀ ਸੀ ਤੇ ਇਸੇ ਲਈ ਉਸ ਨੂੰ ਨੌਕਰੀ ਜਾਰੀ ਰੱਖਣ ਵਾਸਤੇ ਸਿਵਲ ਸਰਜਨ ਤੋਂ ਮੈਡੀਕਲ ਫਿਟਨੈਸ ਦਾ ਸਰਟੀਫਿਕੇਟ ਵੀ ਮਿਲ ਜਾਂਦਾ ਸੀ। ਪਹਿਲੀ ਵਾਰ ਦੋ ਸਾਲ ਤੇ ਫਿਰ ਇਕ ਸਾਲ ਦਾ ਮਿਲਿਆ—ਉਸ ਨੇ ਇਹ ਤਿੰਨੇ ਸਾਲ ਸੱਤ ਕਿਸ਼ਤਾਂ ਵਿਚ ਸਾਡੇ ਸਕੂਲ ਹੀ ਬਿਤਾਏ।

ਉਸ ਦਾ ਪਿੰਡ ਜਲੰਧਰ ਕੋਲ ਸੀ—ਸਾਡੇ ਸਕੂਲੋਂ ਅਠਾਈ ਮੀਲ। ਦੋ-ਤਿੰਨ ਵਾਰ ਉਹ ਪਿੰਡੋਂ ਪੈਦਲ ਹੀ ਚਲ ਕੇ ਆਇਆ ਸੀ। ਘਟ ਤੋਂ ਘਟ ਉਹ ਸਕੂਲ ਤੋਂ ਫਗਵਾੜੇ ਤਕ ਦਾ, ਚੌਦਾਂ ਮੀਲ ਦਾ ਫ਼ਾਸਲਾ ਜ਼ਰੂਰ ਹੀ ਤੁਰਕੇ ਜਾਂਦਾ ਤੇ ਤੁਰ ਕੇ ਆਉਂਦਾ। ਹਰ ਸ਼ਨਿਚਰਵਾਰ ਉਹ ਆਪਣੇ ਪਿੰਡ ਜਾਂਦਾ ਤੇ ਫਿਰ ਸੋਮਵਾਰ ਲੇਟ ਆਉਂਦਾ। ਆਉਂਦਿਆਂ ਹੀ ਕਦੇ ਕਹਿੰਦਾ ਕਿ ਮੇਰੀ ਘਰ ਵਾਲੀ ਢਿੱਲੀ ਹੋ ਗਈ ਸੀ—ਕਦੇ ਬੱਚਿਆਂ ਨੂੰ ਬੀਮਾਰ ਕਰਦਾ ਤੇ ਕਦੇ ਪਿੰਡ ਦੀ ਕਿਸੇ ਫ਼ੌਜਦਾਰੀ ਦਾ ਚਰਚਾ ਲੈ ਬਹਿੰਦਾ। ਸਾਨੂੰ ਇਸ ਗੱਲ ਦੀ ਸਮਝ ਵੀ ਆ ਗਈ ਕਿ ਇਹ ਸਭ ਬਹਾਨੇ ਉਹ ਲੇਟ ਹੋਣ ਕਰਕੇ ਹੀ ਘੜਦਾ ਹੈ। ਮੰਗਲਵਾਰ ਤੋਂ ਸ਼ਨਿਚਰਵਾਰ ਤਕ ਉਹ ਸਭ ਅਧਿਆਪਕਾਂ ਤੋਂ ਪਹਿਲਾਂ ਆਉਂਦਾ ਤੇ ਸਭ ਤੋਂ ਪਿੱਛੋਂ ਜਾਂਦਾ। ਉਹ ਸਭ ਅਧਿਆਪਕਾਂ ਦੀ ਚਰਚਾ ਦਾ ਪਾਤਰ ਸੀ। ਅਸੀਂ ਸੋਚਦੇ ਕਿ ਵੇਖੀਏ ਇਸ ਬੁੱਢੇ ਦੀ ਤ੍ਰਿਸ਼ਨਾ ਕਦੋਂ ਮਿਟਦੀ ਹੈ। ਕਦੇ-ਕਦੇ ਅਸੀਂ ਇਹ ਵੀ ਸੋਚਦੇ ਕਿ ਜਦ ਸਾਰੀ ਉਮਰ ਨੌਕਰੀ ਕਰਕੇ ਇਸ ਨੂੰ ਰੱਜ ਨਹੀਂ ਆਇਆ ਤਾਂ ਹੁਣ ਕੀ

ਆਉਣਾ ਹੈ ? ਫਿਰ ਸਾਡੀ ਸੋਚ ਦੂਜੇ ਪਾਸੇ ਪਰਤ ਜਾਂਦੀ ਕਿ ਉਹ ਹੋਰ ਕਰੇ ਵੀ ਕੀ ? ਪ੍ਰਾਵੀਡੈਂਟ ਫੰਡ ਨਾਲ ਉਸ ਦਾ ਕਿੰਨਾ ਕੁ ਚਿਰ ਗੁਜ਼ਾਰਾ ਹੋ ਸਕਦਾ ਸੀ ? ਫਿਰ ਅਸੀਂ ਦੇਸ਼ ਦੀ ਬੇਕਾਰੀ ਬਾਰੇ ਸੋਚਦੇ ਕਿ ਜੇ ਰੀਟਾਇਰ ਹੋਏ ਅਧਿਆਪਕ ਹੀ ਮੁੜ-ਮੁੜ ਕੇ ਲੱਗਦੇ ਰਹੇ ਤਾਂ ਜਿਹੜਾ ਨਵੇਂ ਮੁੰਡੇ ਹਰ ਸਾਲ ਟਰੇਨਿੰਗ ਲੈ ਕੇ ਬੇਕਾਰ ਫਿਰਦੇ ਹਨ, ਉਹਨਾਂ ਦਾ ਕੀ ਬਣੇਗਾ ? ਇਹ ਸੋਚਦਿਆਂ ਹੀ ਸੇਵਾ ਸਿੰਘ ਪ੍ਰਤੀ ਸਾਡੇ ਦਿਲ ਵਿਚ ਨਫ਼ਰਤ ਜਾਗ ਪੈਂਦੀ। ਕਈ ਵਾਰ ਉਸ ਦੀ ਅਮਿਟ ਤ੍ਰਿਸ਼ਨਾ ਸਾਨੂੰ ਕਈਆਂ ਜਵਾਨੀਆਂ ਦੇ ਵਿਕਾਸ ਦੇ ਰਾਹ ਵਿਚ ਰੋੜਾ ਜਾਪਦੀ।

ਪਰ ਸੱਤਵੀਂ ਵਾਰ ਉਹ ਅਜਿਹਾ ਗਿਆ ਕਿ ਦੋ-ਤਿੰਨ ਮਹੀਨੇ ਲੰਘਣ ਬਾਅਦ ਵੀ ਉਹ ਮੁੜ ਨਾ ਪਰਤਿਆ। ਅਸੀਂ ਬੜੇ ਹੈਰਾਨ ਸਾਂ।

ਇਸ ਸਮੇਂ ਵਿਚ ਹੀ ਇਕ ਹੋਰ ਘਟਨਾ ਬੀਤੀ ਤੇ ਸੇਵਾ ਸਿੰਘ ਦੇ ਮੁੜ ਆਉਣ ਦੀ ਉਡੀਕ ਵਲੋਂ ਸਾਡਾ ਧਿਆਨ ਹਟ ਕੇ ਉਸ ਪਾਸੇ ਵਧੇਰੇ ਲੱਗ ਗਿਆ।

ਸਾਡੇ ਸਕੂਲੋਂ ਆ ਕੇ, ਰੋਜ਼ ਦੋ ਕੁ ਮੀਲ ਤੇ ਵਾਕਿਆ ਪਿੰਡ ਤੋਂ, ਇਕ ਛਾਬੜੀ ਵਾਲਾ ਕਚਾਲੂ, ਸ਼ਕਰਕੰਦੀ, ਪਕੌੜੇ ਤੇ ਮੂੰਗਫਲੀ ਵੇਚਣ ਲੱਗ ਪਿਆ। ਸਕੂਲ ਦੇ ਸਾਰੇ ਬੱਚੇ ਉਸ ਕੋਲੋਂ ਚੀਜ਼ਾਂ ਖ਼ਰੀਦਦੇ ਤੇ ਇਸ ਤਰ੍ਹਾਂ ਉਸ ਨੂੰ ਰੋਜ਼ ਰੁਪਏ ਡੇਢ ਰੁਪਏ ਦੀ ਆਮਦਨ ਹੋ ਜਾਂਦੀ ਤੇ ਕਦੇ ਜ਼ਿਆਦਾ ਵੀ। ਉਮਰੋਂ ਉਹ ਅਧਖੜ ਸੀ। ਇਨ੍ਹਾਂ ਦਿਨਾਂ ਵਿਚ ਹੀ ਉਸ ਦੀ ਦੇਖਾ-ਦੇਖੀ ਇਕ ਹੋਰ ਛਾਬੜੀ ਵਾਲਾ ਵੀ ਉੱਥੇ ਆਉਣ ਲੱਗ ਪਿਆ। ਇਸ ਛਾਬੜੀ ਵਾਲੇ ਦੀ ਅਜਬ ਕਥਾ ਹੈ। ਇਸ ਛਾਬੜੀ ਵਾਲੇ ਬੁੱਢੇ ਦਾ ਇਹ ਹਾਲ ਸੀ ਕਿ ਉਹ ਬ੍ਰਿਧ ਤੇ ਕਮਜ਼ੋਰ ਹੋਣ ਕਰਕੇ ਆਪ ਛਾਬੜੀ ਵੀ ਨਹੀਂ ਸੀ ਚੁੱਕ ਸਕਦਾ, ਉਸ ਦਾ ਛੋਟਾ ਮੁੰਡਾ ਜੋ ਜੱਟਾਂ ਨਾਲ ਸੀਰੀ ਸੀ, ਉਸ ਦੀ ਛਾਬੜੀ ਲਿਆ ਕੇ ਸਕੂਲੇ ਰੱਖ ਜਾਂਦਾ ਤੇ ਬੁੱਢਾ ਘਸਮੈਲੀਆਂ ਤੇ ਮੋਟਿਆਂ ਸ਼ੀਸ਼ਿਆਂ ਵਾਲੀ ਧਾਗਿਆਂ ਨਾਲ ਬੰਨ੍ਹੀ ਹੋਈ ਐਨਕ 'ਚੋਂ ਅੱਖਾਂ ਪਾੜ-ਪਾੜ ਵੇਖਦਾ ਹੋਇਆ ਸੌਦਾ ਤੋਲ-ਤੋਲ ਦੇਈ ਜਾਂਦਾ। ਉਹ ਇਸੇ ਪਿੰਡ ਦਾ ਸੀ—ਇਸ ਲਈ ਉਸ ਦੀ ਵਿਕਰੀ ਵਧ ਗਈ—ਤੇ ਦੂਜੀ ਛਾਬੜੀ ਵਾਲਾ ਅਧਖੜ ਸਾਡੇ ਕੋਲ ਆਪਣੀ ਘਟ ਰਹੀ ਵਿਕਰੀ ਬਾਰੇ ਬੜੇ ਦੁੱਖ ਨਾਲ ਗੱਲ ਕਰਦਾ।

ਅਸੀਂ ਬੁੱਢੇ ਨੂੰ ਕਹਿੰਦੇ ਕਿ ਤੂੰ ਇਸ ਉਮਰ ਵਿਚ ਆਰਾਮ ਕਰ। ਤੈਨੂੰ ਕੀ ਲੋੜ ਹੈ ਛਾਬੜੀ ਲਾਉਣ ਦੀ ? ਪਰ ਉਹ ਹੱਸ ਕੇ ਗੱਲ ਟਾਲ ਛੱਡਦਾ ਤੇ ਆਪਣੇ ਆਹਰੇ ਲੱਗਾ ਰਹਿੰਦਾ ਤੇ ਕਈ ਵਾਰ ਕਹਿੰਦਾ 'ਮਾਸਟਰ ਜੀ, ਅਸੀਂ ਹੋਏ ਜੱਦੀ ਪੁਸ਼ਤੀ ਇਸ ਪਿੰਡ ਦੇ ਛਾਬੜੀ ਲਾਉਣ ਵਾਲੇ। ਸਾਡੇ ਹੁੰਦਿਆਂ ਦੂਜੇ ਪਿੰਡ ਦੇ ਬੰਦੇ ਦੀ ਕੀ ਮਜ਼ਾਲ ਜੋ ਏਥੇ ਆ ਕੇ ਛਾਬੜੀ ਲਾ ਜਾਵੇ।'

ਉਸ ਦੀਆਂ ਗੱਲਾਂ ਸੁਣ, ਸਾਨੂੰ ਸੇਵਾ ਸਿੰਘ ਯਾਦ ਆ ਜਾਂਦਾ।

ਫਿਰ ਇਨ੍ਹਾਂ ਦੋਹਾਂ ਛਾਬੜੀ ਵਾਲਿਆਂ ਵਿਚ ਮੁਕਾਬਲਾ ਸ਼ੁਰੂ ਹੋ ਗਿਆ। ਉਹ ਦੋਵੇਂ ਇਕ ਦੂਜੇ ਤੋਂ ਸਸਤੇ ਭਾ ਦਾ ਹੋਕਾ ਦੇ ਦੇ ਸੰਘ ਪਾੜ ਲੈਂਦੇ, ਵਿੱਦਿਆਰਥੀ ਮੌਜਾਂ ਮਾਣਦੇ। ਤਿੰਨ ਰੁਪਏ ਦਿਹਾੜੀ ਦੀ ਵਿਕਰੀ ਸੀ—ਜਿਸ ਵਿੱਚੋਂ ਮਸਾਂ ਡੇਢ ਰੁਪਿਆ ਬੱਚਤ ਹੋ ਸਕਦੀ ਸੀ—ਦੋਹਾਂ ਨੂੰ ਬਾਰਾਂ-ਬਾਰਾਂ ਆਨੇ। ਅਸੀਂ ਦੋਹਾਂ ਨੂੰ ਸਮਝਾਇਆ ਕਿ ਇਸ ਤਰ੍ਹਾਂ ਕਿਉਂ ਦੋਵੇਂ ਜਣੇ ਆਪਣੇ ਬਾਰਾਂ ਬਾਰਾਂ ਆਨਿਆਂ ਦੀ ਰੁਜ਼ਗਾਰ ਗੁਆਉਂਦੇ ਹੋ। ਪਰ ਬੁੱਢਾ ਕੁਝ ਵਧੇਰੇ ਹੀ ਤੇਜ਼ ਨਿਕਲਿਆ। ਜਿਵੇਂ ਉਸ ਨੇ ਜ਼ਿੰਦਗੀ ਵਿਚ ਕਦੇ ਹਾਰ ਮੰਨੀ ਨਾ ਹੋਵੇ।

ਪੱਤਝੜ ਦੀ ਇਸ ਰੁੱਤ ਵਿਚ ਉਹ ਰੋਜ਼ ਸਕੂਲੇ ਆ ਜਾਂਦਾ ਤੇ ਉਸ ਦਾ ਪੁੱਤਰ ਛਾਬੜੀ ਰੱਖ ਕੇ ਚਲਾ ਜਾਂਦਾ। ਤੇ ਅਸੀਂ ਸਾਰੇ ਮਾਸਟਰ ਉਸ ਬੁੱਢੇ ਵਲ ਇਕ ਦੂਜੇ ਨੂੰ ਸੰਕੇਤ ਕਰਕੇ ਹੱਸਦੇ ਹੋਏ ਕਹਿੰਦੇ ਕਿ ਸੇਵਾ ਸਿੰਘ ਆ ਗਿਆ ਹੈ।

ਰੁੰਡ-ਮੁੰਡ ਤੂਤਾਂ ਉੱਤੇ ਨਵੇਂ ਪੱਤੇ ਆ ਰਹੇ ਸਨ, ਨਵੀਆਂ ਕਰੂੰਬਲਾਂ ਫੁੱਟ ਰਹੀਆਂ ਸਨ। ਪਰ ਜਿਸ ਤੂਤ ਹੇਠਾਂ ਕੁਰਸੀ ਡਾਹ ਕੇ ਮੈਂ ਬਹਿੰਦਾ ਸਾਂ—ਇਸ ਉੱਤੇ ਅਜੇ ਵੀ ਇਕ ਪੀਲਾ ਤੇ ਛਿੱਜਿਆ

ਹੋਇਆ ਪੱਤਾ ਲਟਕ ਰਿਹਾ ਸੀ। ਹੌਲੀ ਹੌਲੀ ਰੁਮਕਦੀ ਹਵਾ ਵਿਚ ਇਹ ਪੀਲਾ ਤੇ ਛਿੱਜਿਆ ਹੋਇਆ ਪੱਤਾ ਢਹਿਣ ਢਹਿਣ ਕਰਦਾ ਵੀ ਟਹਿਣੀ ਨਾਲ ਚੁਮਟਿਆ ਰਹਿੰਦਾ। ਪਲ ਦੀ ਪਲ ਮੇਰੇ ਮਨ ਵਿਚ ਆਈ ਕਿ ਇਸ ਨੂੰ ਫੜ ਕੇ ਤੋੜ ਸੁੱਟਾਂ, ਪਰ ਫਿਰ ਅਚਾਨਕ ਹੀ ਉਸ ਬੁੱਢੇ ਦਾ ਹੌਕਾ ਸੁਣ ਕੇ ਮੇਰੇ ਹੱਥ ਰੁਕ ਗਏ।

"ਸਤਿ ਸ੍ਰੀ ਅਕਾਲ ਮਾਸਟਰ ਜੀ।"

ਮੈਂ ਪਰਤ ਕੇ ਵੇਖਿਆ—ਮੇਰੇ ਪਿੱਛੇ ਸੇਵਾ ਸਿੰਘ ਖੜੋਤਾ ਸੀ। ਮੇਰੇ ਕੁਝ ਕਹਿਣ ਤੋਂ ਪਹਿਲਾਂ ਹੀ ਉਹ ਫਿਰ ਬੋਲਿਆ, "ਅਹਿ ਨਾਲ ਦੇ ਪਿੰਡ ਮੈਂ ਫਿਰ ਦੋ ਮਹੀਨਿਆਂ ਲਈ ਲੱਗ ਗਿਆ ਹਾਂ। ਮੈਂ ਕਿਹਾ ਜਾਂਦਾ-ਜਾਂਦਾ ਮਿਲ ਹੀ ਜਾਵਾਂ।"

ਉਸ ਦੀਆਂ ਅੱਖਾਂ ਵਿਚ ਉਹੀ ਬਚਗਾਨਾ ਮੁਸਕਰਾਹਟ ਰਕਸ ਕਰ ਰਹੀ ਸੀ। ਪੀਲੇ ਤੇ ਛਿੱਜੇ ਹੋਏ ਪੱਤੇ ਦੀ ਖੜ-ਖੜ ਵਿੱਚੋਂ ਛਾਬੜੀ ਵਾਲੇ ਬੁੱਢੇ ਦੀ ਉੱਚੀ ਉੱਚੀ ਹੋਕਾ ਦੇਣ ਦੀ ਆਵਾਜ਼ ਉੱਭਰ ਰਹੀ ਸੀ।

# ਨੱਤੀ

ਉਸ ਦੇ ਮਾਪੇ ਬੜੇ ਗ਼ਰੀਬ ਸਨ। ਇੰਨੇ ਗ਼ਰੀਬ ਕਿ ਕਈ ਵਾਰੀ ਉਹ ਆਪਣੀ ਇਸ ਗ਼ਰੀਬੀ ਦੇ ਅਹਿਸਾਸ ਨਾਲ ਹੀ ਕੰਬ ਜਾਂਦੀ। ਉਦੋਂ ਹਾਲੇ ਉਹ ਕਿਸ਼ੋਰ-ਅਵਸਥਾ ਵਿਚ ਹੀ ਸੀ। ਨਾ ਉਸ ਨੇ ਮਾਪਿਆਂ ਦਾ ਕੋਈ ਚਾਅ ਵੇਖਿਆ ਸੀ ਨਾ ਲਾਡ। ਖ਼ੁਦ-ਰੌ ਪੈਦਾਵਾਰ ਵਾਂਗ ਹੀ ਉਸ ਦੀ ਪਰਵਰਿਸ਼ ਆਪਣੇ ਆਪ ਹੁੰਦੀ ਆਈ ਸੀ। ਇਕ ਡੰਗ ਰੋਟੀ ਤੇ ਦੂਜੇ ਫਾਕਾ। ਲੋਕਾਂ ਦੇ ਦਰੀਂ ਕੁੱਤਿਆਂ ਵਾਂਗ ਬੁਰਕੀ-ਬੁਰਕੀ ਲਈ ਤਰਸਦੇ ਫਿਰਨਾ। ਕਿਸੇ ਦਾ ਲਿੰਬਣਾ, ਕਿਸੇ ਦਾ ਪੋਚਣਾ ਤੇ ਘਰ ਦੀਆਂ ਹੋਰ ਸੌ ਬੁੱਤੀਆਂ ਸਵਾਰਨੀਆਂ—ਅੱਧ ਮੀਲ ਤੋਂ ਛੰਭਾਂ ਦੀ ਮਿੱਟੀ ਲਿਆਉਣੀ—ਤਾਂ ਜਾ ਕੇ ਦੋ ਬੁਰਕੀਆਂ ਦਾ ਮੂੰਹ ਵੇਖਣਾ ਫਿਰ ਉਸ ਦੀਆਂ ਨਜ਼ਰਾਂ ਸਾਮ੍ਹਣੇ ਹੀ ਉਸ ਦੀ ਵੱਡੀ ਭੈਣ ਜਵਾਨ ਹੋਈ। ਉਸ ਦੇ ਬਾਪੂ ਨੇ ਪਿੰਡ ਪਿੰਡ—ਦਰ ਦਰ ਦੀ ਖ਼ਾਕ ਛਾਣੀ ਪਰ ਕਿਸੇ ਨੇ ਵੀ ਉਸ ਦੀ ਜਵਾਨ ਜਹਾਨ ਧੀ ਦੇ ਸਾਕ ਲਈ ਨੰਨਾ ਨਾ ਭਰਿਆ। ਗ਼ਰੀਬ ਦੀ ਧੀ ਕੌਣ ਲੈਂਦਾ ਹੈ ? ਘਰ-ਘਰ ਫਿਰ ਕੇ ਟੁਕੜੇ ਖਾਣ ਵਾਲੀ ਦਾ ਝਾਲੂ ਕੌਣ ਬਣੇ ? ਉਸ ਦੇ ਵੇਖਦਿਆਂ-ਵੇਖਦਿਆਂ ਹੀ ਫਿਰ ਉਸ ਦੀ ਵੱਡੀ ਭੈਣ ਉੱਧਲ ਗਈ।

ਉਸ ਦੇ ਉਧਾਲੇ ਤੋਂ ਬਾਅਦ ਅਚਾਨਕ ਹੀ ਉਨ੍ਹਾਂ ਦੇ ਦਿਨ ਫਿਰ ਗਏ। ਸਾਲ ਕੁ ਦੇ ਅੰਦਰ-ਅੰਦਰ ਹੀ ਉਸ ਦੀ ਉੱਧਲੀ ਹੋਈ ਭੈਣ ਮੁੜ ਕੇ ਵਾਪਸ ਘਰ ਆ ਗਈ। ਉਸ ਦੇ ਬਾਪੂ ਨੇ ਉਸ ਨੂੰ ਕਿਸੇ ਲੋੜਵੰਦ ਅਧਖੜ ਆਦਮੀ ਦੇ ਘਰ ਬਹਾਲ ਦਿੱਤਾ ਤੇ ਨਾਲ ਹੀ ਇਕ ਹਜ਼ਾਰ ਰੁਪਏ ਦੀ ਰਕਮ ਉਸ ਦੇ ਖੀਸੇ ਵਿਚ ਪੈ ਗਈ। ਘਰ ਵਿਚ ਲਹਿਰ-ਬਹਿਰ ਹੋ ਗਈ। ਉਸ ਦੇ ਵੇਖਦਿਆਂ-ਵੇਖਦਿਆਂ ਹੀ ਉਸ ਦੀਆਂ ਦੋ ਹੋਰ ਭੈਣਾਂ ਵਿਕ ਗਈਆਂ। ਉਸ ਦਾ ਬਾਪੂ ਹੁਣ ਆਪ ਵੀ ਬਣ ਠਣ ਕੇ ਰਹਿੰਦਾ ਸੀ ਤੇ ਇਕ ਚੰਗਾ ਬਿਉਪਾਰੀ ਬਣ ਗਿਆ ਸੀ। ਕਦੇ-ਕਦੇ ਰਾਤ ਨੂੰ ਨਸ਼ੇ ਦੀ ਲੋਰ ਵਿਚ ਉਹ ਆਪਣੀ ਪਤਨੀ ਨਾਲ ਗੱਲਾਂ ਕਰਦਾ, "ਰੱਖੀਏ, ਨੱਤੀ ਸਾਡੀ ਤਾਂ ਗੰਦਲ ਵਰਗੀ ਮੁਟਿਆਰ ਨਿਕਲੀ ਆ। ਦੋ ਹਜ਼ਾਰ ਤੋਂ ਮੈਂ ਘਟ ਇਸ ਦੀ ਇਕ ਕੌਡੀ ਨਹੀਂ ਲੈਣੀ।"

ਤੇ ਨੱਤੀ ਆਪਣੇ ਬਾਰੇ ਇਹ ਗੱਲਾਂ ਸੁਣ ਕੇ ਸੁੰਗੜ ਜਾਂਦੀ। ਗੋਡਿਆਂ ਵਿਚ ਸਿਰ ਦੇ ਕੇ ਰਾਤ ਭਰ ਰੋਂਦੀ ਰਹਿੰਦੀ। ਫਿਰ ਉਹ ਦਿਨ ਆ ਗਿਆ ਜਿਸ ਤੋਂ ਉਹ ਮੁੱਢੋਂ ਹੀ ਡਰਦੀ ਸੀ। ਰਾਤ ਨੂੰ ਨ੍ਹੇਰੇ ਪਏ ਇਕ ਸਜਿਆ ਸਜਾਇਆ ਅਧਖੜ ਜਿਹਾ ਪਰ ਜੁੱਸੇ ਦਾ ਨਰੋਆ, ਸਿੰਘ ਉਨ੍ਹਾਂ ਦੇ ਘਰ ਆ ਵੜਿਆ। ਚਿੱਟਾ ਬਹੁਤ ਤੇ ਕਾਲਾ ਘੱਟ ਖੁੱਲ੍ਹਾ ਦਾੜ੍ਹਾ—ਪਿੱਠ 'ਤੇ ਢਾਲ, ਹੱਥ ਵਿਚ ਬਰਛਾ, ਲੱਕ ਕਿਰਪਾਨ ਤੇ ਮੋਢੇ 'ਤੇ ਟਕੂਆ ਰੱਖੀ ਉਹ ਤਿਆਰ-ਬਰ-ਤਿਆਰ ਨਿਹੰਗ ਸਿੰਘ ਜਾਪਦਾ ਸੀ। ਉਸ ਦੇ ਤਾਂਬੇ ਵਰਗੇ ਸੂਹੇ ਮੂੰਹ ਵਲ ਵੇਖ ਕੇ ਉਹ ਘਬਰਾ ਗਈ। ਕੀ ਇਸ ਬੁੱਢੜੇ ਨਾਲ ਹੀ ਉਸ ਦੇ ਸੰਜੋਗ ਲਿਖੇ ਹੋਏ ਸਨ ? ਉਹ ਆਪਣੀ ਕਿਸਮਤ ਤੇ ਦਬ ਕੇ ਰੋਈ ਤੇ ਫਿਰ ਅੰਦਰੋਂ ਆਉਂਦੀਆਂ ਅਵਾਜ਼ਾਂ ਸੁਣ ਕੇ ਉਸ ਨੇ ਬੁੱਲ੍ਹ ਸੀੜ ਲਏ, ਅੱਥਰੂ ਪੀ ਲਏ ਤੇ ਹਉਕੇ ਦੱਬ ਲਏ।

"ਹਰਸਾ ਸਿਆਂ ਨੱਤੀ ਮੇਰੀ ਤਾਂ ਚਪਲ ਘੋੜੀ ਆ। ਜਿੱਥੋਂ ਲੰਘਦੀ ਆ ਗੰਦਲਾਂ ਝੁਕ-ਝੁਕ ਪੈਂਦੀਆਂ। ਪਰ ਦੋ ਹਜ਼ਾਰ ਲਊਂਗਾ—ਇਕ ਕੌਡੀ ਘੱਟ ਨਹੀਂ—"

"ਭਰਾ ਮੇਰਾ ਬੀ, ਵਾਖੁਰੂ ਦੀ ਕਿਰਪਾ ਨਾਲ, ਛੈਲ ਬਾਂਕਾ ਆ। ਸਾਰੇ 'ਲਾਕੇ ਵਿਚ ਉਹਦਾ ਕੋਈ ਜੋੜ ਨਹੀਂ ਗੱਤਕੇ ਵਿਚ। ਓਦਾਂ ਬੀ ਬੜਾ ਚੁਸਤ ਆ। ਜੂ. ਪੀ. ਬਿਚ ਦੋ ਮੁਰੱਬੇ ਆ ਸਾਡੇ, ਦੋ ਮਹੀਆਂ ਆਂ, ਸਭ ਉਹੋ ਈ ਖਾਂਦਾ ਪੀਂਦਾ।"

ਇਹ ਸੁਣ ਕੇ ਉਸ ਦੀ ਕੁਝ ਧੀਰਜ ਬੱਝੀ—ਕਿ ਚੱਲੋ ਘਟੋ-ਘੱਟ ਉਸ ਬੁੱਢੇ ਖੋਸਟ ਦੇ ਲੜ ਤਾਂ ਨਹੀਂ ਲੱਗੀ। ਉਹ ਮਨ ਹੀ ਮਨ ਵਿਚ ਆਪਣੇ ਹੋਣ ਵਾਲੇ ਪਤੀ ਬਾਰੇ ਅੰਦਾਜ਼ੇ ਲਾਉਣ ਲੱਗ ਪਈ। ਨ੍ਹੇਰਾ ਹੋਰ ਡੂੰਘਾ ਹੋ ਗਿਆ ਤੇ ਫਿਰ ਇਸ ਕਾਲੀ ਬੋਲੀ ਰਾਤ ਵਿਚ ਉਸ ਨੂੰ ਪਤਾ ਵੀ ਨਾ ਲੱਗਾ ਕਿ ਕਿਹੜੇ ਸਮੇਂ ਉਹ ਆਪਣੇ ਪਿੰਡ ਲਾਗਲੇ ਸਟੇਸ਼ਨ ਤੋਂ ਗੱਡੀ ਚੜ੍ਹ ਕੇ ਦਿਨ ਦੇ ਚੜ੍ਹਾ ਨਾਲ ਦੂਸਰੇ ਜ਼ਿਲ੍ਹੇ ਦੇ ਇਕ ਪਿੰਡ ਵਿਚ ਆ ਵੜੀ। ਜਦੋਂ ਉਹ ਹਰਸਾ ਸਿੰਘ ਦੇ ਘਰ ਆਈ ਤਾਂ ਸੁੰਨਾਂ ਸੱਖਣਾ ਘਰ ਵੇਖ ਕੇ ਉਸ ਨੂੰ ਹੌਲ ਪੈਣ ਲੱਗ ਪਏ। ਉੱਥੇ ਉਸ ਤੋਂ ਤੇ ਹਰਸਾ ਸਿੰਘ ਤੋਂ ਬਿਨਾਂ ਹੋਰ ਕੋਈ ਨਹੀਂ ਸੀ। 'ਤਾਂ ਕੀ ਮੈਨੂੰ ਧੋਖਾ ਦਿੱਤਾ ਗਿਆ ਹੈ ?' ਉਸ ਨੇ ਸੋਚਿਆ।

"ਨੱਤੀਏ, ਇਹ ਬੀ ਆਪਣਾ ਈ ਘਰ ਆ। ਭਰਾ ਮੇਰਾ ਜੂ. ਪੀ. ਵਿਚ ਰਹਿੰਦਾ ਆ—ਐਡੀ ਬੀ ਕਿਹੜੀ ਕਾਹਲੀ ਆ—ਦੋ-ਚਾਰ ਦਿਨ ਆਪਣੇ ਜੱਦੀ ਪੁਸ਼ਤੀ ਪਿੰਡ ਬਿਚ ਅਟਕ ਕੇ ਆਪਾਂ ਉੱਥੇ ਹੀ ਚਲੇ ਜਾਣਾ ਆ।"

ਇਹ ਸੁਣ ਕੇ ਫਿਰ ਉਸ ਦਾ ਕੁਝ ਧਰਵਾਸ ਬੱਝਾ। ਫਿਰ ਉਸ ਨੇ ਦੀਵਾ ਬਾਲਿਆ। ਹਰਸਾ ਸਿੰਘ ਨੇ ਇਕ-ਇਕ ਕਰ ਕੇ ਪਹਿਲਾਂ ਆਪਣੇ ਸ਼ਸਤਰ ਲਾਹ ਕੇ ਟਿਕਾਏ ਤੇ ਫਿਰ ਆਪਣੇ ਕਪੜੇ। ਉਸ ਨੇ ਛੇਤੀ ਨਾਲ ਮੂੰਹ ਭੰਵਾ ਲਿਆ। ਹਰਸਾ ਸਿੰਘ ਨੇ ਅੰਦਰੋਂ ਦਰਵਾਜ਼ਾ ਬੰਦ ਕਰਕੇ ਕੁੰਡਾ ਲਾ ਦਿੱਤਾ। ਨੱਤੀ ਪਲੰਘ ਤੇ ਗਠੜੀ ਬਣੀ ਬੈਠੀ ਸੀ। ਤੇ ਫਿਰ ਬਲਵਾਨ ਮਰਦ ਦੇ ਸੌਹੇਂ ਚਾਹੇ-ਅਚਾਹੇ ਨੱਤੀ ਦੀ ਗਠੜੀ ਖੁੱਲ੍ਹਦੀ ਗਈ।

ਦੀਵੇ ਦੇ ਮੱਧਮ ਜਿਹੇ ਚਾਨਣੇ ਵਿਚ ਹਰਸਾ ਸਿੰਘ ਖੜਾ ਆਪਣੀ ਜਿੱਤ ਤੇ ਮੁਸਕਰਾ ਰਿਹਾ ਸੀ ਤੇ ਸੁੰਗੜੀ ਹੋਈ ਨੱਤੀ ਆਪਣੇ ਨਗਨ ਸਰੀਰ ਨੂੰ ਚਾਦਰ ਨਾਲ ਢਕਣ ਦਾ ਯਤਨ ਕਰ ਰਹੀ ਸੀ।

"ਲੈ ਨੱਤੀਏ, ਫਿਰ ਅੱਜ ਤੋਂ ਤੈਨੂੰ ਅਸਾਂ ਅਨੰਤ ਕੌਰ ਬਣਾ ਦਿੱਤਾ—ਅੱਜ ਤੋਂ ਤੂੰ ਨੱਤੀ ਨਹੀਂ—ਅਨੰਤ ਕੌਰ ਐਂ।"

ਕਹਿ ਕੇ ਉਹ ਕਹਿਕਹਾ ਮਾਰ ਕੇ ਹੱਸਿਆ ਤੇ ਫਿਰ ਉਸ ਨੇ ਦੀਵੇ ਨੂੰ ਫੂਕ ਮਾਰ ਦਿੱਤੀ। ਕਮਰੇ ਵਿਚ ਡੂੰਘਾ ਹਨੇਰਾ ਪਸਰ ਗਿਆ।

ਜਦੋਂ ਸਵੇਰੇ ਨੱਤੀ ਸੁੱਤੀ ਉੱਠੀ ਤਾਂ ਦੁਪਹਿਰ ਦੀਆਂ ਕਿਰਨਾਂ ਰੌਸ਼ਨਦਾਨ ਥਾਣੀਂ ਛਣ-ਛਣ ਕੇ ਅੰਦਰ ਆ ਰਹੀਆਂ ਸਨ। ਕਮਰੇ ਵਿਚ ਹੋਰ ਕੋਈ ਨਹੀਂ ਸੀ। ਆਪਣੇ ਨਗਨ ਅੰਗਾਂ ਦੀਆਂ ਭਰਵੀਆਂ ਗੋਲਾਈਆਂ ਨੂੰ ਚਾਨਣ ਵਿਚ ਵੇਖ ਕੇ ਪਹਿਲਾਂ ਤਾਂ ਉਹ ਛਿਣ ਦੀ ਛਿਣ ਮੁਸਕਰਾਈ ਤੇ ਫਿਰ ਆਪਣੀ ਉੱਭਰੀ ਹੋਈ ਛਾਤੀ ਨੂੰ ਆਪਣੀਆਂ ਬਾਹਾਂ ਦੀ ਕੱਸਵੀਂ ਜੱਫੀ ਵਿਚ ਘੁੱਟ ਕੇ ਲੱਜਿਆ ਗਈ। ਇਸੇ ਵਿਸਮਾਦ ਵਿਚ ਪੱਟ ਤੇ ਪੱਟ ਘਸਾਉਂਦੀ ਅਤੇ ਪਲੰਘ ਤੇ ਪਾਸੇ ਮਾਰਦਿਆਂ ਉਸ ਦੀ ਨੰਗੀ ਪਿੱਠ ਵਿਚ ਕੋਈ ਚੀਜ਼ ਚੁੱਭੀ ਤਾਂ ਉਹ ਤ੍ਰਭਕ ਕੇ ਉੱਠੀ। ਉਸ ਦੇ ਸਾਹਵੇਂ ਪਲੰਘ 'ਤੇ ਟੁੱਟੀਆਂ ਹੋਈਆਂ ਚੂੜੀਆਂ ਦੇ ਟੁਕੜੇ ਪਏ ਸਨ। ਉਸ ਨੇ ਛੇਤੀ-ਛੇਤੀ ਕਪੜੇ ਪਾਏ ਤੇ ਚੂੜੀਆਂ ਦੇ ਟੁੱਕੜੇ ਚੁਗਣ ਲੱਗ ਪਈ।

ਪੂਰੇ ਸੱਤ ਦਿਨ ਹਰਸਾ ਸਿੰਘ ਉਸ ਨਾਲ ਇਸ ਪਿੰਡ ਵਿਚ ਰਿਹਾ ਤੇ ਫਿਰ ਇਕ ਦਿਨ ਅਚਾਨਕ ਹੀ ਉਸ ਨੂੰ ਨਾਲ ਲੈ ਕੇ ਯੂ. ਪੀ. ਪਹੁੰਚ ਗਿਆ। ਹਰਸਾ ਸਿੰਘ ਦੇ ਭਰਾ ਪਰਸਾ ਸਿੰਘ ਵਲ ਵੇਖ ਕੇ ਉਸ ਦੀ ਭੁੱਖ ਲਹਿ ਗਈ। ਉਮਰ ਭਾਵੇਂ ਉਸ ਦੀ ਵੀ ਪੈਂਤੀਆਂ ਤੋਂ ਥੱਲੇ ਨਹੀਂ ਸੀ ਪਰ ਲੱਗਦਾ ਉਹ ਮਸਾਂ ਪੰਝੀ ਵਰ੍ਹਿਆਂ ਦਾ ਸੀ। ਫਿਰ ਅਚਾਨਕ ਨੱਤੀ ਦੀਆਂ ਅੱਖਾਂ ਵਿਚ ਮਾਯੂਸੀ ਛਾ ਗਈ। ਉਸ ਕੋਲ ਹੁਣ ਬਚਿਆ ਹੀ ਕੀ ਸੀ ਜੋ ਉਹ ਆਪਣੇ ਪਤੀ ਦੀ ਭੇਟਾ ਕਰ ਸਕਦੀ। ਜੂਠੇ ਅੰਗ ਤੇ ਟੁੱਟੀ ਵੰਗ ਨਾਲ ਉਹ ਆਪਣੇ

ਆਪ ਨੂੰ ਆਪਣੇ ਪਤੀ ਦੇ ਪਵਿੱਤਰ ਮੰਦਰ ਵਿਚ ਇਕ ਚਗਲੀ ਹੋਈ ਤੇ ਅਪਮਾਨਤ ਮੂਰਤੀ ਹੀ ਸਮਝਦੀ ਸੀ। ਉਸ ਦਾ ਦਿਲ ਕਰਦਾ ਸੀ ਕਿ ਉਹ ਉੱਚੀ-ਉੱਚੀ ਰੋਵੇ ਤੇ ਆਪਣੇ ਪਤੀ ਦੇ ਚਰਨਾਂ ਤੇ ਸੀਸ ਧਰ ਕੇ ਉਸ ਦੇ ਚਰਨ ਅੱਥਰੂਆਂ ਨਾਲ ਧੋਵੇ ਤੇ ਆਪਣੇ ਕੀਤੇ ਦਾ ਪ੍ਰਾਸ਼ਚਿਤ ਕਰਦੀ ਹੋਈ ਉਸ ਨੂੰ ਆਪਣੀ ਬੇਬਸੀ ਦਾ ਵਾਸਤਾ ਪਾਏ।

ਪਰ ਹਰਸਾ ਸਿੰਘ ਦੇ ਭਰਾ ਪਰਸਾ ਸਿੰਘ ਦੀਆਂ ਗੱਲਾਂ ਸੁਣ ਕੇ ਉਸ ਦਾ ਕੁਝ ਕਹਿਣ ਨੂੰ ਹੌਂਸਲਾ ਹੀ ਨਾ ਪਿਆ। ਉਹ ਕਹਿ ਰਿਹਾ ਸੀ :

"ਮੇਰਾ ਭਰਾ ਮੈਨੂੰ ਪੇਮਾਂ ਨਾਲੋਂ ਵਧ ਆ। ਪਿੰਡ ਸਾਡੇ ਵਿਚ ਸਾਡੀ ਬਹੁਤ ਲਾਗ ਡਾਟ ਸੀ—ਰੋਜ਼ ਲੜਾਈ, ਰੋਜ਼ ਝੱਗੜਾ ਤੇ ਰੋਜ਼ ਮੁਕੱਦਮੇ-ਬਾਜ਼ੀ। ਦੋ ਵਾਰੀ ਮੇਰੇ ਭਰਾ ਨੇ ਫ਼ੌਜ਼ਦਾਰੀ ਬੇਲੇ ਆਪਣੀ ਜਾਨ ਉੱਤੇ ਖੇਡ ਕੇ ਮੇਰੀ ਜਾਨ ਬਚਾਈ—ਅਹਿ ਕਿਰਪਾਨਾਂ ਤੇ ਅਹਿ ਢਾਲਾਂ ਤਾਂ ਸਾਡੇ ਜੁੱਸੇ ਦਾ ਈ ਹਿੱਸਾ ਆ ਤੇ ਹੁਣ ਦੇਖ ਲਾ ਖੇਤ ਗਹਿਣੇ ਧਰ ਕੇ ਉਸ ਨੇ ਤੇਰੇ ਪੇ ਨੂੰ ਪੂਰੇ ਦੋ ਹਜ਼ਾਰ ਦਿੱਤੇ ਆ। ਇਹ ਸਭ ਉਹਨੇ ਮੇਰੀ ਖ਼ਾਤਰ ਈ ਕੀਤਾ ਆ। ਨੱਤੀਏ, ਤੂੰ ਉਸ ਨੂੰ ਕਿਸੇ ਗੱਲੋਂ ਦੁਖੀ ਨਾ ਹੋਣ ਦਈਂ।"

ਹੌਲੀ-ਹੌਲੀ ਨੱਤੀ ਨੂੰ ਸਭ ਗੱਲਾਂ ਸਮਝ ਆ ਗਈਆਂ ਕਿ ਕਿਸ ਤਰ੍ਹਾਂ ਹਰਸਾ ਸਿੰਘ ਤੇ ਪਰਸਾ ਸਿੰਘ ਨੇ ਪਿੰਡ ਦੀਆਂ ਰੋਜ਼ ਦੀਆਂ ਲੜਾਈਆਂ ਤੇ ਝਗੜਿਆਂ ਤੋਂ ਤੰਗ ਪੈ ਕੇ ਪਿੰਡ ਦੀ ਸਾਰੀ ਜ਼ਮੀਨ ਗਹਿਣੇ ਧਰੀ ਤੇ ਏਥੇ ਯੂ. ਪੀ. ਵਿਚ ਆ ਕੇ ਸਸਤੇ ਭਾਅ ਦੀ ਜ਼ਮੀਨ ਖ਼ਰੀਦ ਲਈ ਸੀ। ਭਾਵੇਂ ਦੋਵੇਂ ਭਰਾ ਪੁੱਜ ਕੇ ਲੜਾਕੇ ਤੇ ਅੜਬ ਸਨ ਪਰ ਉਨ੍ਹਾਂ ਦਾ ਆਪਸ ਵਿਚ ਸੰਤੋਖ ਬੜਾ ਸੀ। ਪਰਸਾ ਸਿੰਘ ਤਾਂ ਹਰਸਾ ਸਿੰਘ ਮੂਹਰੇ ਅੱਖ ਚੁੱਕਣ ਦਾ ਵੀ ਹੌਂਸਲਾ ਨਹੀਂ ਸੀ ਕਰ ਸਕਦਾ। ਨੱਤੀ ਇਨ੍ਹਾਂ ਹੀ ਖ਼ਿਆਲਾਂ ਵਿਚ ਡੁਬੀ ਹੋਈ ਸੀ ਕਿ ਉਸ ਦਿਆਂ ਕੰਨਾਂ ਵਿਚ ਹਰਸਾ ਸਿੰਘ ਦੀ ਆਵਾਜ਼ ਪਈ ਜੋ ਪਰਸਾ ਸਿੰਘ ਨੂੰ ਸਮਝਾ ਰਿਹਾ ਸੀ, "ਇਨ੍ਹਾਂ ਮੁੱਲ ਦੀਆਂ ਤੀਮੀਆਂ ਦਾ ਕੋਈ 'ਤਬਾਰ ਨਹੀਂ। ਤੈਨੂੰ ਪਤਾ ਆਪਣੇ ਪਿੰਡ ਦੇ ਮੀਹਾਂ ਸਿਹੁੰ ਨੇ ਵੀ ਤੀਮੀ ਮੁੱਲ ਆਂਦੀ ਸੀ—ਦੋ ਮਹੀਨਿਆਂ ਪਿੱਛੋਂ, ਜਿਨ੍ਹਾਂ ਬਦਮਾਸ਼ਾਂ ਨੇ ਉਹਨੂੰ ਵੇਚਿਆ ਸੀ—ਉਹੀ ਉਹਨੂੰ ਫੇਰ ਕੱਢ ਕੇ ਲੈ ਗਏ ਸੀ—ਤੇ ਫਿਰ ਉਨ੍ਹਾਂ ਉਸ ਨੂੰ ਕਿਸੇ ਹੋਰ ਥਾਂ ਵੇਚ ਦਿੱਤਾ। ਇਹ ਔਰਤਾਂ ਵੀ ਅੰਦਰੋਂ ਉਨ੍ਹਾਂ ਨਾਲ ਰਲੀਆਂ ਹੋਈਆਂ ਹੁੰਦੀਆਂ—ਨਾਲੇ ਉਂਜ ਵੀ ਰੰਨ ਤੇ ਕੀ 'ਤਬਾਰ। ਇਨ੍ਹਾਂ ਦੀ ਹਰ ਵਕਤ ਰਾਖੀ ਰੱਖਣੀ ਚਾਹੀਦੀ ਆ। ਬੌਲਦ ਹੋਵੇ, ਮੱਝ ਹੋਵੇ ਉਸ ਦੀ ਤਾਂ ਸੌ ਰਸੀਦ ਹੁੰਦੀ ਆ—ਜੇ ਕੋਈ ਚੁਰਾ ਲਵੇ ਤਾਂ ਉਸ ਉੱਤੇ ਮੁਕਦਮਾ ਹੋ ਸਕਦਾ ਆ—ਪਰ ਇਨ੍ਹਾਂ ਤੀਮੀਆਂ ਦੀ ਨਾ ਕੋਈ ਰਸੀਦ, ਨਾ ਜਾਮਨੀ, ਨਾ ਇਨ੍ਹਾਂ ਤੇ ਮੁਕੱਦਮਾ ਹੋ ਸਕਦਾ ਆ। ਇਕ ਵਾਰ ਉੱਧਲੀਆਂ ਇਹ ਮੁੜ ਕੇ ਹੱਥ ਨਹੀਂ ਆਉਂਦੀਆਂ।"

ਪਰਸਾ ਸਿੰਘ ਦੇ ਵੀ ਇਹ ਗੱਲ ਦਿਲ ਲਗ ਗਈ, ਪਰ ਉਂਜ ਵੀ ਉਹ ਹਰਸਾ ਸਿੰਘ ਦੀ ਹਰ ਗੱਲ ਸਤਿ ਬਚਨ ਕਹਿ ਕੇ ਹੀ ਮੰਨ ਲੈਂਦਾ ਸੀ। ਹਰਸਾ ਸਿੰਘ ਦੀਆਂ ਇਹ ਗੱਲਾਂ ਸੁਣ ਕੇ ਨੱਤੀ ਦੇ ਅੰਦਰਲੀ ਸੂੱਛ ਤੇ ਸੁਹਿਰਦ ਤ੍ਰੀਮਤ ਦਾ ਲੂੰ-ਲੂੰ ਵਲੂੰਧਰਿਆ ਗਿਆ। ਉਹ ਆਪਣਾ ਦਿਲ ਫੋਲੇ ਤਾਂ ਕਿਸ ਕੋਲ ? ਉਹ ਆਪਣਾ ਦੁੱਖ ਕਹੇ ਤਾਂ ਕਿਸ ਨੂੰ ? ਉਸ ਨੂੰ ਆਪਣੀ ਦੇਹ ਦੀ ਮਿੱਟੀ ਪਰਛਾਵੀਂ ਹੋਈ ਜਾਪੀ। ਉਸ ਨੂੰ ਆਪਣੀ ਜੂਨ ਸਰਾਪੀ ਹੋਈ ਲੱਗੀ—ਉਸ ਨੂੰ ਇਸ ਸਭ ਕੁਝ ਨਾਲੋਂ ਵੀ ਕਿਤੇ ਵਧ ਕੇ ਆਪਣੇ ਆਪ ਨਾਲ ਨਫ਼ਰਤ ਹੋ ਗਈ। ਦੋਸ਼ ਦੇਵੇ ਤਾਂ ਕਿਸੇ ਨੂੰ ਦੇਵੇ—ਮਾਪਿਆਂ ਨੂੰ ? ਹਰਸਾ ਸਿੰਘ ਜਾਂ ਪਰਸਾ ਸਿੰਘ ਨੂੰ ਜਾਂ ਆਪਣੇ ਆਪ ਨੂੰ ? ਉਸ ਦਾ ਲੂੰ-ਲੂੰ ਆਤਮਾ ਦੇ ਦਰਦ ਨਾਲ ਵਿੰਨ੍ਹਿਆਂ ਗਿਆ। ਇਸ ਸੰਸਾਰ ਵਿਚ ਉਸ ਨੂੰ ਇਕ ਵੀ ਅਜੇਹਾ ਬੰਦਾ ਨਾ ਜਾਪਿਆ, ਜਿਸ ਨੂੰ ਉਹ ਆਪਣਾ ਕਹਿ ਸਕੇ।

ਉਸ ਦਿਨ ਤੋਂ ਜੇ ਪਰਸਾ ਸਿੰਘ ਬਾਹਰ ਖੇਤਾਂ ਵਿਚ ਕੰਮ ਕਰਨ ਜਾਂਦਾ, ਤਾਂ ਹਰਸਾ ਸਿੰਘ ਘਰ ਰਹਿੰਦਾ। ਦੋ ਮਰਦਾਂ ਵਿਚ ਵੰਡ ਹੁੰਦਾ ਉਸ ਦਾ ਰੂਪ ਤੇ ਉਸ ਦਾ ਜੋਬਨ ਅੰਦਰੇ-ਅੰਦਰ ਘੁਲ-ਘੁਲ ਕੇ ਬਿੰਦ-ਬਿੰਦ, ਛਿਣ-ਛਿਣ ਆਪਣੀ ਆਬ ਗੁਆ ਰਿਹਾ ਸੀ—ਤੇ ਉਹ ਆਪਣੀ ਲੁੱਟ ਹੁੰਦੀ ਦੌਲਤ ਨੂੰ ਆਪਣੀਆਂ ਅੱਖਾਂ ਨਾਲ ਵੇਖਦੀ ਰਹੀ, ਕੋਈ ਹੱਲ ਨਾ ਕਰ ਸਕੀ—ਕੋਈ ਜੁਗਤ ਨਾ ਬਣਾ ਸਕੀ—

ਹਰਸਾ ਸਿੰਘ ਉਸ ਨੂੰ ਵੱਢਿਆਂ ਨਹੀਂ ਸੀ ਭਾਉਂਦਾ। ਪਰ ਪਰਸਾ ਸਿੰਘ ਨੱਤੀ ਦੇ ਗਿਲੇ-ਸ਼ਿਕਵੇ ਸੁਣਨ ਦੀ ਥਾਂ ਉਸ ਨੂੰ ਮੁੜ-ਮੁੜ ਇਹੋ ਕਹਿੰਦਾ, "ਹਰਸਾ ਸਿਹੁੰ ਮੇਰੇ ਪੇਮਾਂ ਵਰਗਾ ਆ—ਉਸ ਨੂੰ ਕਿਸੇ ਗੱਲੋਂ ਔਖਾ ਨਾ ਹੋਣ ਦਈਂ—" ਉਹ ਅੰਦਰੇ-ਅੰਦਰ ਰੋ ਲੈਂਦੀ। ਗੁੱਠਾਂ ਵਿਚ ਮੂੰਹ ਦੇ ਕੇ ਬੈਠੀ ਰਹਿੰਦੀ ਤੇ ਕਹਿਣ-ਕਹਿਣ ਕਰਦੀ ਵੀ ਕੁਝ ਕਹਿ ਨਾ ਸਕਦੀ।

ਕਈ ਦਿਨਾਂ ਤੋਂ ਉਹ ਮਹਿਸੂਸ ਕਰ ਰਹੀ ਸੀ ਕਿ ਪਰਸਾ ਸਿੰਘ ਦਾ ਵਤੀਰਾ ਉਸ ਨਾਲ ਕੁਝ ਰੁੱਖਾ-ਰੁੱਖਾ, ਕੁਝ ਓਪਰਾ-ਓਪਰਾ ਜਿਹਾ ਸੀ। ਅੱਜ ਰਾਤ ਜਦੋਂ ਉਹ ਘਰ ਸੁੱਤਾ ਤੇ ਹਰਸਾ ਸਿੰਘ ਡੰਗਰਾਂ ਕੋਲ ਤਾਂ ਉਹ ਉਸ ਦੀ ਛਾਤੀ ਵਿਚ ਮੂੰਹ ਦੇ ਕੇ ਫਿਸ ਪਈ। ਉਸ ਦੇ ਅੱਥਰੂਆਂ ਦੀ ਝੜੀ ਨੇ ਪਰਸਾ ਸਿੰਘ ਸੌਂਹੇਂ ਸਾਰੀ ਅਸਲੀਅਤ ਦਾ ਸਾਕਾਰ ਰੂਪ ਲਿਆ ਖੜਾ ਕੀਤਾ। ਛਿਣ ਦੀ ਛਿਣ ਉਹਦਾ ਹੱਥ ਕਿਰਪਾਨ ਵਲ ਵਧਿਆ ਪਰ ਫਿਰ ਰੁਕ ਗਿਆ। ਉਸ ਦਿਨ ਤੋਂ ਬਾਅਦ ਪਰਸਾ ਸਿੰਘ ਕੋਈ ਨਾ ਕੋਈ ਪੱਜ ਪਾ ਕੇ ਘਰ ਪਿਆ ਰਹਿੰਦਾ, ਜਾਂ ਫਿਰ ਕਦੇ ਹਲਕਾ ਜਿਹਾ ਕੰਮ ਦਾ ਜੋਤਾ ਲਾ ਕੇ ਝੱਟ ਘਰ ਪਰਤ ਆਉਂਦਾ। ਆਪਣੇ ਪੈਰ ਤੇ ਕਦੇ ਆਪ ਹੀ ਫ਼ਾਲਾ ਮਾਰ ਲੈਂਦਾ, ਕਦੇ ਪੱਠੇ ਵੱਢਣ ਗਿਆ ਦਾਤੀ ਨਾਲ ਹੱਥ ਵੱਢ ਲੈਂਦਾ ਤੇ ਕਦੇ ਵਾਏ ਦਾ ਬਹਾਨਾ ਕਰ ਕੇ ਘਿਓ ਵਿਚ ਸੁੰਢ ਤੇ ਗੁੜ ਭੁੰਨ ਕੇ ਖਾਣ ਵਾਸਤੇ ਘਰ ਆ ਜਾਂਦਾ। ਹਰਸਾ ਸਿੰਘ ਨੂੰ ਵੀ ਮਨ ਹੀ ਮਨ ਉਸ ਦਾ ਵਤੀਰਾ ਕੁਝ ਖਟਕਿਆ।

ਘਰ ਦਾ ਮਾਹੌਲ ਕੁਝ-ਕੁਝ ਵਿਗੜ ਰਿਹਾ ਸੀ। ਨੱਤੀ ਸੋਚਦੀ ਕਿ ਇਹ ਕੀ ਹੋ ਰਿਹਾ ਹੈ ? ਇਸ ਸਭ ਕੁਝ ਦਾ ਕਾਰਨ ਉਹ ਆਪਣੇ ਆਪ ਨੂੰ ਸਮਝਦੀ ਤੇ ਬੈਠੀ-ਬੈਠੀ ਆਪਣੇ ਆਪ ਨੂੰ ਕੋਸਦੀ ਰਹਿੰਦੀ—ਕੁੜ੍ਹਦੀ ਰਹਿੰਦੀ। ਫਿਰ ਅਚਾਨਕ ਹੀ ਹਾਲਾਤ ਨੇ ਕੁਝ ਏਨੀ ਤੇਜ਼ੀ ਨਾਲ ਪਲਟਾ ਖਾਧਾ ਕਿ ਜਿਸ ਦਾ ਉਹ ਅਨੁਮਾਨ ਵੀ ਨਹੀਂ ਲਾ ਸਕਦੀ ਸੀ।

ਨਹਿਰ ਦੇ ਪਾਣੀ ਦੀ ਵਾਰੀ ਤੋਂ ਪਰਸਾ ਸਿੰਘ ਨਾਲ ਦੇ ਖੇਤਾਂ ਵਾਲਿਆਂ ਨਾਲ ਝਗੜ ਪਿਆ। ਜਦ ਨੂੰ ਹਰਸਾ ਸਿੰਘ ਵੀ ਉੱਥੇ ਪਹੁੰਚ ਗਿਆ। ਖ਼ੂਬ ਡਾਂਗ ਸੋਟਾ ਤੇ ਤਲਵਾਰਾਂ ਖੜਕੀਆਂ। ਦੋਵੇਂ ਧਿਰਾਂ ਫੱਟੜ ਹੋਈਆਂ। ਦੂਜੇ ਪਾਸੇ ਦੇ ਤਿੰਨ ਬੰਦੇ ਬੁਰੀ ਤਰ੍ਹਾਂ ਜ਼ਖ਼ਮੀ ਹੋਏ। ਏਧਰ ਹਰਸਾ ਸਿੰਘ, ਪਰਸਾ ਸਿੰਘ ਦੀ ਪਿੱਠ ਦਾ ਵਾਰ ਬਚਾਉਂਦਿਆਂ ਬਚਾਉਂਦਿਆਂ ਆਪ ਬੜਾ ਗੰਭੀਰ ਤੇ ਡੂੰਘਾ ਫੱਟ ਖਾ ਬੈਠਾ ਸੀ, ਪਰ ਫਿਰ ਵੀ ਉਸ ਨੇ ਪਰਸਾ ਸਿੰਘ ਦਾ ਵਾਲ ਵਿੰਗਾ ਨਹੀਂ ਸੀ ਹੋਣ ਦਿੱਤਾ।

ਪਿੰਡ ਦੀ ਪੰਚਾਇਤ ਨੇ ਵਿਚ ਪੈ ਕੇ ਸਮਝੌਤਾ ਕਰਾ ਦਿੱਤਾ ਤੇ ਮੁਕੱਦਮੇਬਾਜ਼ੀ ਦੀ ਨੌਬਤ ਆਉਣ ਤੋਂ ਬਚ ਗਈ। ਦੂਜੀ ਧਿਰ ਦੇ ਤਿੰਨ ਬੰਦੇ ਤੇ ਹਰਸਾ ਸਿੰਘ ਹਸਪਤਾਲ ਵਿਚ ਦਾਖ਼ਲ ਸਨ। ਪਰਸਾ ਸਿੰਘ ਦੇ ਮਨ ਵਿਚ ਆਪਣੇ ਵੱਡੇ ਭਰਾ ਲਈ ਮੁੜ ਪਿਆਰ ਤੇ ਸਤਿਕਾਰ ਜਾਗ ਪਿਆ। ਤੀਜੀ ਵਾਰੀ ਉਸ ਨੇ ਆਪਣੀ ਜਾਨ ਤੇ ਖੇਲ੍ਹ ਕੇ ਉਸ ਦੀ ਜਾਨ ਬਚਾਈ ਸੀ। ਜਵਾਨੀ ਤੋਂ ਹੀ ਪਰਸਾ ਸਿੰਘ ਤੇ ਹਰਸਾ ਸਿੰਘ 'ਚੰਡੀ ਦੀ ਵਾਰ' ਤੇ 'ਨਾਦਰ ਦੀ ਵਾਰ' ਵਿਹਲੇ ਸਮੇਂ ਹੇਕ ਲਾ ਕੇ ਬੜੇ ਸ਼ੌਕ ਨਾਲ ਪੜ੍ਹਿਆ ਕਰਦੇ ਸਨ। ਨਾਦਰ ਦੀ ਵਾਰ ਦੀਆਂ ਉਹ ਤੁਕਾਂ ਉਸ ਨੂੰ ਯਾਦ ਆਈਆਂ, ਜਿਨ੍ਹਾਂ ਵਿਚ ਈਰਾਨੀ ਸੱਭਿਅਤਾ ਵਿਚ ਇਸਤਰੀ ਮਰਦ ਸੰਬੰਧਾਂ ਬਾਰੇ ਵਰਨਣ ਸੀ—"ਉਨ੍ਹਾਂ ਨੱਕ ਫੀਨੇ, ਸਿਰ ਤਾੜਵੇ, ਢਿੱਡ ਵਾਂਗ ਢਮੱਕੇ, ਉਹ ਹਿੱਕਾਂ ਨਾਰ ਹੰਢਾਵਦੇ ਦਾਹ ਭਾਈ ਸੱਕੇ।"

ਤੇ ਫਿਰ ਉਸ ਸੋਚਿਆ ਕਿ ਉਹ ਤਾਂ ਕੇਵਲ ਦੋ ਹੀ ਭਰਾ ਹਨ। ਹਰਸਾ ਸਿੰਘ ਵਿਚਾਰਾ ਵੀ ਤਾਂ ਸਾਰੀ ਉਮਰ ਹੀ ਕੰਵਾਰਾ ਰਿਹਾ ਸੀ ਤੇ ਉਸ ਲਈ ਟੁੱਟ ਟੁੱਟ ਮਰਦਾ ਰਿਹਾ ਸੀ। ਉਸ ਦੇ ਹੋਰ ਵਿਆਹ ਦਾ ਮਤਲਬ ਸੀ ਗੁਜ਼ਾਰੇ ਦੀ ਤੰਗੀ ਤੇ ਜ਼ਮੀਨ ਦਾ ਖੁੱਸਣਾ। ਉਨ੍ਹਾਂ ਦਾ ਹੱਥ ਤਾਂ ਅੱਗੇ ਹੀ ਬਹੁਤ ਤੰਗ ਸੀ। ਬੰਜਰ ਜ਼ਮੀਨ ਨਾਲ ਘੋਲ ਕਰ-ਕਰ ਕੇ ਉਹ ਮਸਾਂ ਇਸ ਨੂੰ ਗੁਜ਼ਾਰਾ ਤੋਰਨ ਜੋਗੀ ਬਣਾ ਸਕੇ ਸਨ। ਇਹ ਸੋਚ ਕੇ ਪਰਸਾ ਸਿੰਘ ਨੇ ਆਪਣੇ ਮਨ ਨੂੰ ਮਾਰ ਲਿਆ ਤੇ ਹਰਸਾ ਸਿੰਘ ਦੀ ਦਿਨ ਰਾਤ ਅਜਿਹੀ ਸੇਵਾ ਕੀਤੀ ਕਿ ਉਹ ਥੋੜ੍ਹੇ ਸਮੇਂ ਬਾਅਦ ਹੀ ਮੁੜ ਘੋੜੇ ਵਰਗਾ ਹੋ ਗਿਆ। ਘਰ ਵਿਚ ਮੁੜ ਪਹਿਲਾਂ ਵਰਗਾ ਮਾਹੌਲ ਪੈਦਾ ਹੋ ਗਿਆ।

ਦੂਜੇ ਪਾਸੇ ਦੂਜੀ ਧਿਰ ਵਾਲੇ ਵੀ ਰਾਜ਼ੀ ਹੋ ਕੇ ਘਰ ਪਰਤ ਆਏ ਸਨ। ਉਹ ਵੀ ਆਪਣੇ ਆਪ ਨੂੰ ਇਲਾਕੇ ਦੇ ਕਹਿੰਦੇ ਕਹਾਉਂਦੇ ਬਦਮਾਸ਼ਾਂ ਵਿਚ ਗਿਣਦੇ ਸਨ। ਕਿਸੇ ਵੇਲੇ ਵੀ ਉਹ ਫਿਰ ਵਾਰ ਕਰ ਸਕਦੇ ਸਨ। ਪਰਦੇਸ ਦਾ ਮੁਆਮਲਾ ਸੀ। ਇਸ ਕਰਕੇ ਵੀ ਦੋਵੇਂ ਭਰਾ ਇਕ ਦੂਜੇ ਦੇ ਹੋਰ ਵਧੇਰੇ ਨੇੜੇ ਹੋ ਗਏ। ਬੰਨੇ ਨਾਲ ਬੰਨਾ ਸਾਂਝਾ ਸੀ। ਕਿਸੇ ਵੇਲੇ ਵੀ ਕੋਈ ਭਾਣਾ ਵਰਤ ਸਕਦਾ ਸੀ। ਇਸ ਲਈ ਹਰਸਾ ਸਿੰਘ ਤੇ ਪਰਸਾ ਸਿੰਘ ਹਰ ਵੇਲੇ ਚਿੰਤਾਤੁਰ ਤੇ ਚੌਕੰਨੇ ਰਹਿੰਦੇ। ਹੁਣ ਉਨ੍ਹਾਂ ਨੇ ਰਿਹਾਇਸ਼ ਵੀ ਖੂਹ ਉੱਤੇ ਹੀ ਕਰ ਲਈ ਤੇ ਦੋਵੇਂ ਭਰਾ ਇਕੱਠੇ ਹੀ ਸ਼ਸਤਰ-ਧਾਰੀ ਹੋ ਕੇ ਕੰਮ ਵਿਚ ਜੁਟੇ ਰਹਿੰਦੇ।

ਤੇ ਫਿਰ ਉਹ ਦਿਨ ਤਾਂ ਨੱਤੀ ਨੂੰ ਕਦੇ ਵੀ ਨਹੀਂ ਭੁੱਲਣਾ ਜਦੋਂ ਹਰਸਾ ਸਿੰਘ ਮੰਡੀ ਨੂੰ ਗੱਡਾ ਲੈ ਕੇ ਗਿਆ, ਹਨੇਰੇ ਪਏ ਤਕ ਘਰ ਨਹੀਂ ਸੀ ਪਰਤਿਆ। ਪਰਸਾ ਸਿੰਘ ਉਸ ਦੀ ਖੋਜ ਵਿਚ ਗਿਆ ਤਾਂ ਪਿੱਛੋਂ ਉਹ ਬਦਮਾਸ਼ ਆਪਣੀ ਸੋਚੀ ਸਮਝੀ ਧਮਕੀ ਅਨੁਸਾਰ ਕਾਰਾ ਕਰ ਗਏ। ਉਹ ਨੱਤੀ ਨੂੰ ਉੱਥੋਂ ਕੱਢ ਕੇ ਲੈ ਗਏ ਤੇ ਵੀਹਾਂ-ਪੰਝੀਆਂ ਮੀਲਾਂ ਦਾ ਪੈਂਡਾ ਰਾਤੋ-ਰਾਤ ਮੁਕਾ ਕੇ ਉਸ ਨੂੰ ਆਪਣੇ ਮਿੱਤਰ ਦੂਸਰੇ ਬਦਮਾਸ਼ਾਂ ਕੋਲ ਛੱਡ ਗਏ।

ਇਕ ਤੋਂ ਬਾਅਦ ਦੂਜਾ ਬਦਮਾਸ਼ ਨਸ਼ੇ ਵਿਚ ਸੁੱਤੀ ਨੱਤੀ ਕੋਲ ਆਉਂਦਾ। ਉਹ ਹਾੜ੍ਹੇ ਕੱਢਦੀ, ਤਰਲੇ ਕਰਦੀ ਪਰ ਉਸ ਦੀ ਕੋਈ ਇਕ ਨਾ ਸੁਣਦਾ। ਉਸ ਦੀਆਂ ਲੱਤਾਂ ਵਿਚ ਚੀਸਾਂ ਪੈਂਦੀਆਂ, ਲੱਕ ਟੁੱਟਿਆ-ਟੁੱਟਿਆ ਲੱਗਦਾ, ਤੁਰਦੀ ਨੂੰ ਸਾਹ ਚੜ੍ਹਦਾ, ਅੰਗ ਬੇਜਾਨ ਹੋਏ ਜਾਪਦੇ ਤੇ ਉਹ ਅਧਮੋਈ ਜਿਹੀ ਮੰਜੀ ਤੇ ਪਈ ਬਦਮਾਸ਼ਾਂ ਦੀ ਕਾਮ-ਭੁੱਖ ਦਾ ਸ਼ਿਕਾਰ ਬਣਦੀ ਰਹੀ। ਬੂਹਾ ਖੁੱਲ੍ਹਦਾ ਤੇ ਭਿੜ ਜਾਂਦਾ। ਫਿਰ ਖੁੱਲ੍ਹਦਾ ਤੇ ਭਿੜ ਜਾਂਦਾ। ਕੋਈ ਆਉਂਦਾ ਤੇ ਕੋਈ ਚਲਾ ਜਾਂਦਾ। ਉਹ ਉਸੇ ਤਰ੍ਹਾਂ ਨਿੱਸਲ ਪਈ ਰਹਿੰਦੀ—ਜਿਵੇਂ ਤੇ ਜਿਸ ਤਰ੍ਹਾਂ ਕੋਈ ਮੋੜਦਾ ਤੋੜਦਾ, ਮੋਮ ਵਾਂਗ ਉਸੇ ਤਰ੍ਹਾਂ ਮੁੜ-ਤੁੜ ਜਾਂਦੀ। ਉਸ ਦਾ ਆਪਣੇ ਅੰਗਾਂ ਤੇ ਕੋਈ ਵਸ ਨਹੀਂ ਸੀ, ਸਗੋਂ ਉਹ ਤਾਂ ਇਕ ਮਸ਼ੀਨ ਵਾਂਗ ਸਨ, ਜਿਨ੍ਹਾਂ ਨੂੰ ਚੱਲਦਿਆਂ ਵੇਖ ਕੇ ਨੱਤੀ ਬਿਟ-ਬਿਟ ਤਕਦੀ ਰਹਿੰਦੀ ਤੇ ਕੁਝ ਵੀ ਨਾ ਕਰ ਸਕਦੀ। ਹੁਣ ਉਸ ਨੂੰ ਹਰਸਾ ਸਿੰਘ ਤੇ ਪਰਸਾ ਸਿੰਘ ਬੁਰੀ ਤਰ੍ਹਾਂ ਯਾਦ ਆਉਂਦੇ—ਉਹ ਤਾਂ ਕੇਵਲ ਦੋ ਹੀ ਸਨ ਤੇ ਏਥੇ ਕੋਈ ਲੇਖਾ ਹੀ ਨਹੀਂ ਸੀ। ਇਸ ਖ਼ਿਆਲ ਨਾਲ ਹੀ ਉਸ ਦੀ ਜਾਨ ਕੰਬ ਉੱਠਦੀ।

ਪਹਿਲੇ ਦਸ ਕੁ ਦਿਨ ਉਹ ਬਹੁਤ ਔਖੀ ਹੋਈ ਤੇ ਫਿਰ ਇਹ ਸਭ ਕੁਝ ਜਿਵੇਂ ਉਸ ਦੀ ਆਦਤ ਵਿਚ ਸ਼ਾਮਲ ਹੋ ਗਿਆ।

ਇਕ ਦਿਨ ਰਾਤ ਵੇਲੇ ਉਸ ਨੇ ਬਦਮਾਸ਼ਾਂ ਨੂੰ ਆਪਸ ਵਿਚ ਕੁਝ ਘੁਸਰ ਮੁਸਰ ਕਰਦੇ ਸੁਣਿਆ। ਜਿਸ ਦਾ ਅਰਥ ਉਹ ਇਹ ਸਮਝੀ ਕਿ ਹੁਣ ਉਸ ਨੂੰ ਏਥੇ ਰੱਖਣ ਵਿਚ ਖ਼ਤਰਾ ਹੈ। ਭਾਵੇਂ ਉਹ ਪਿੰਡੋਂ ਦੂਰ ਜੰਗਲ ਵਿਚ ਸਨ, ਪਰ ਕਿਸੇ ਵੇਲੇ ਵੀ ਏਥੇ ਛਾਪਾ ਪੈ ਸਕਦਾ ਸੀ। ਤੇ ਫਿਰ ਰਾਤੋ ਰਾਤ ਪਸ਼ੂਆਂ ਵਾਂਗ ਹਿਕ ਕੇ ਉਹ ਨੱਤੀ ਨੂੰ ਸ਼ਹਿਰ ਲੈ ਆਏ। ਉਸ ਵਿਚਾਰੀ ਨੂੰ ਕੀ ਪਤਾ ਸੀ ਕਿ ਉਸ ਨਾਲ ਕੀ ਬੀਤਣੀ ਹੈ। ਉਸ ਨੂੰ ਤਾਂ ਉਦੋਂ ਪਤਾ ਲੱਗਾ ਜਦੋਂ ਉਸ ਦਾ ਆਵਾਰਾਗਰਦੀ ਵਿਚ ਚਲਾਨ ਕਰਕੇ ਥਾਣੇ ਲੈ ਆਂਦਾ ਗਿਆ। ਜਿਨ੍ਹਾਂ ਕੋਲ ਮਹੀਨਾ ਭਰ ਉਸ ਨੇ ਨਰਕ ਭੋਗਿਆ ਸੀ, ਉਨ੍ਹਾਂ ਵਿੱਚੋਂ ਉਹ ਕਿਸੇ ਦਾ ਨਾਂ ਥਹੁ ਨਹੀਂ ਸੀ ਜਾਣਦੀ।

ਥਾਣੇਦਾਰ ਦੀ ਪੁੱਛ-ਗਿੱਛ ’ਤੇ ਉਸ ਨੇ ਆਪਣੇ ਪਤੀ ਹਰਸਾ ਸਿੰਘ ਦਾ ਨਾਮ ਤੇ ਪਤਾ ਲਿਖਵਾਇਆ। ਹਰਸਾ ਸਿੰਘ ਤੇ ਪਰਸਾ ਸਿੰਘ ਨੂੰ ਸ਼ਨਾਖ਼ਤ ਵਾਸਤੇ ਥਾਣੇ ਸੱਦਿਆ ਗਿਆ। ਫਿਰ ਦੋਹਾਂ ਭਰਾਵਾਂ ਨੇ ਵਕੀਲ ਦੀ ਸਲਾਹ ਨਾਲ ਨੱਤੀ ਤੋਂ ਬਿਆਨ ਦੁਆਏ ਤੇ ਉਸ ਨੂੰ ਛੁਡਾ ਕੇ ਘਰ ਵਾਪਸ ਲੈ ਆਏ।

ਨੱਤੀ ਦੇ ਬਿਆਨਾਂ ਵਿਚ ਇਹ ਵੀ ਲਿਖਿਆ ਸੀ ਕਿ ਉਹ ਪਰਸਾ ਸਿੰਘ ਦੀ ਪਤਨੀ ਹੈ। ਪੂਰੇ ਦੋ ਸਾਲ ਬਾਅਦ ਪਰਸਾ ਸਿੰਘ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਉਸ ਦਾ ਵਿਆਹ ਅੱਜ ਹੋਇਆ ਹੋਵੇ। ਪਰਸਾ ਸਿੰਘ ਨੇ ਇਸ ਰਾਤ ਨੱਤੀ ਲਈ ਸੁਹਾਗਰਾਤ ਵਾਲੇ ਸ਼ਗਨ ਕੀਤੇ। ਸਵੇਰੇ ਖੇਤਾਂ ਨੂੰ ਜਾਣ

ਲੱਗਿਆਂ ਉਸ ਨੇ ਨੱਤੀ ਨੂੰ ਕਿਹਾ, "ਨੱਤੀਏ, ਹੁਣ ਤੂੰ ਆਪੇ ਥਾਣੇ ਸੌਹੇਂ ਬਿਆਨ ਦਿੱਤੇ ਆ। ਆਪਣੇ ਕੌਲਾਂ ਤੇ ਕਾਇਮ ਰਹੀਂ।"

ਉਸ ਨੂੰ ਅਹਿਸਾਸ ਹੋਇਆ, ਜਿਵੇਂ ਉਸ ਦੇ ਅੰਦਰਲਾ ਮਰਦ ਜਾਗ ਪਿਆ ਹੋਵੇ। ਉਹ ਹੁਣ 'ਇਕ ਦੀ' 'ਕਿਸੇ ਇਕ ਦੀ' ਬਣ ਕੇ ਰਹਿਣਾ ਚਾਹੁੰਦੀ ਸੀ। ਅੱਜ ਉਹ ਇਕ ਉਸ ਨੂੰ ਮਿਲ ਗਿਆ ਸੀ, ਉਸ ਨੇ ਬੜੇ ਚਾਅ ਨਾਲ ਆਪਣੀ ਮਾਂਗ ਵਿਚ ਸੰਧੂਰ ਪਾਇਆ ਤੇ ਹਾਰ ਸ਼ਿੰਗਾਰ ਕੀਤਾ। ਸਜੀ-ਸਜਾਈ ਉਹ ਨਵੀਂ ਵਿਆਹੁਲੀ ਜਾਪਦੀ ਸੀ।

ਰਾਤ ਨੂੰ ਪਰਸਾ ਸਿੰਘ ਚੋਖੇ 'ਨ੍ਹੇਰੇ ਪਏ ਘਰ ਪਰਤਿਆ ਤਾਂ ਅੰਦਰੋਂ ਆਉਂਦੀਆਂ ਆਵਾਜ਼ਾਂ ਨੂੰ ਸੁਣ ਕੇ ਉਸ ਨੇ ਕਿਰਪਾਨ ਦੀ ਮੁੱਠ ਨੂੰ ਘੁੱਟ ਕੇ ਹੱਥ ਪਾ ਲਿਆ।

ਨੱਤੀ ਉਸ ਦੇ ਵੱਡੇ ਭਰਾ ਹਰਸਾ ਸਿੰਘ ਨੂੰ ਬੁਰਾ-ਭਲਾ ਕਹਿ ਰਹੀ ਸੀ। ਹਰਸਾ ਸਿੰਘ ਅੱਗੋਂ ਉਸ ਨੂੰ ਗਾਲ੍ਹਾਂ ਕੱਢ ਰਿਹਾ ਸੀ ਤੇ ਹੱਥੋ ਪਾਈ ਹੋ ਰਿਹਾ ਸੀ। ਉਸ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਉਸ ਦੀ ਪੱਤ ਤੇ ਅਣਖ ਨੂੰ ਕਿਸੇ ਓਪਰੇ ਬੰਦੇ ਨੇ ਹੱਥ ਪਾ ਲਿਆ ਹੋਵੇ ਤੇ ਫਿਰ ਜੋ ਕੁਝ ਹੋਣਾ ਸੀ ਬੜੀ ਤੇਜ਼ੀ ਨਾਲ ਹੋ ਗਿਆ।

ਸਵੇਰੇ ਹੀ ਉਨ੍ਹਾਂ ਦੇ ਘਰ ਪੁਲਿਸ ਆਣ ਖੜੀ। ਹਰਸਾ ਸਿੰਘ ਦੀ ਲਾਸ਼ ਦਾਲਾਨ ਵਿਚ ਪਈ ਸੀ। ਉਸ ਦਾ ਧੜ ਅਲੱਗ ਪਿਆ ਸੀ ਤੇ ਸਿਰ ਅਲੱਗ। ਕੋਲ ਹੀ ਲਹੂ ਨਾਲ ਲਿਬੜੀ ਹੋਈ ਪਰਸਾ ਸਿੰਘ ਦੀ ਕਿਰਪਾਨ ਪਈ ਸੀ।

ਥਾਣੇਦਾਰ ਕਤਲ ਸੰਬੰਧੀ ਪੁੱਛ-ਗਿੱਛ ਕਰ ਰਿਹਾ ਸੀ। ਕੁਝ ਜਣੇ ਲਾਸ਼ ਦਾ ਮੁਆਇਨਾ ਕਰ ਰਹੇ ਸਨ। ਪਿੰਡ ਦੇ ਬੰਦਿਆਂ ਦੇ ਬਿਆਨ ਕਲਮਬੰਦ ਕੀਤੇ ਜਾ ਰਹੇ ਸਨ। ਪਰਸਾ ਸਿੰਘ ਤੇ ਹਰਸਾ ਸਿੰਘ ਦੇ ਕੁਝ ਲਿਹਾਜ਼ੀਆਂ ਨੇ, ਜਿਹੜੇ ਕਿ ਉਨ੍ਹਾਂ ਬਦਮਾਸ਼ਾਂ ਨਾਲ ਲਾਗ-ਬਾਜ਼ੀ ਰਖਦੇ ਸਨ, ਕਿਹਾ ਸੀ ਕਿ ਹੋ ਸਕਦਾ ਹੈ, ਜੋ ਇਹ ਕਤਲ ਉਨ੍ਹਾਂ ਬਦਮਾਸ਼ਾਂ ਦਾ ਹੀ ਕਾਰਾ ਹੋਵੇ, ਪਰ ਪਰਸਾ ਸਿੰਘ ਨਿਰਵਾਕ ਖੜਾ ਸੀ ਤੇ ਨੱਤੀ ਅੱਥਰੂਆਂ ਨਾਲ ਗੜੁੱਚ ਬਿਟਰ ਬਿਟਰ ਵੇਖਦੀ ਹੋਈ ਸੋਚ ਰਹੀ ਸੀ ਕਿ ਅੱਜ ਪਹਿਲੀ ਵਾਰੀ ਉਸ ਨੂੰ ਸੁਹਾਗਣ ਬਣਨ ਦਾ ਮੌਕਾ ਮਿਲਿਆ ਸੀ। ਪਰ ਇਹ ਕੀ ਭਾਣਾ ਬੀਤ ਗਿਆ ! ਥਾਣੇਦਾਰ ਨੇ ਪਰਸਾ ਸਿੰਘ ਨੂੰ ਪੁੱਛਿਆ, "ਦਸ ਓਏ, ਤੂੰ ਤਾਂ ਨਹੀਂ ਇਸ ਨੂੰ ਕਤਲ ਕੀਤਾ ?"

ਉਸ ਅਜੇ ਮਸਾਂ ਬੁੱਲ੍ਹ ਹੀ ਫਰਕੇ ਸਨ ਕਿ ਨੱਤੀ ਬੋਲ ਪਈ, "ਨਹੀਂ ਜੀ, ਇਹ ਬਚਾਰਾ ਤਾਂ ਸੁੱਚਾ ਮਰਦ ਆ, ਇਹਨੇ ਆਪਣੇ ਭਰਾ ਨੂੰ ਕਾਹਤੇ ਕਤਲ ਕਰਨਾ—ਇਹ ਨੂੰ ਤਾਂ ਮੇਰੇ ਮਾਪਿਆਂ ਕਤਲ ਕੀਤਾ—ਨਾਹ ਉਹ ਮੈਨੂੰ ਏਥੇ ਭੇਜਦੇ ਨਾ ਇਹ ਸਭ ਕੁਸ ਹੁੰਦਾ।" ਫਿਰ ਉਸ ਦੀਆਂ ਅੱਖਾਂ ਸਾਮ੍ਹਣੇ ਆਪਣੀ ਗਰੀਬੀ ਦੇ ਦਿਨ ਆ ਗਏ ਤੇ ਉਹ ਗਲੇਡੂ ਭਰ ਕੇ ਬੋਲੀ, "ਨਹੀਂ, ਨਹੀਂ ਥਾਣੇਦਾਰ ਸਾਹਿਬ ਇਹਨੂੰ ਕਿਸੇ ਨਹੀਂ ਬੱਢਿਆ ! ਇਹਨੂੰ ਮੈਂ ਬੱਢਿਆ ਮੈ ..." ਉੱਚੀ ਉੱਚੀ ਰੋਣ ਨਾਲ ਉਸ ਦੀ ਆਵਾਜ਼ ਦੀ ਘਿੱਗੀ ਬੱਝ ਗਈ। ਪਰਸਾ ਸਿੰਘ ਦੀਆਂ ਅੱਖਾਂ ਦੇ ਡੱਕੇ ਅੱਥਰੂ ਵਗ ਤੁਰੇ ਤੇ ਉਹ ਆਪਣੇ ਭਰਾ ਦੀ ਲਾਸ਼ ਨੂੰ ਜੱਫੀ ਵਿਚ ਲੈ ਕੇ ਪਾਗਲਾਂ ਵਾਂਗ ਉੱਚੀ-ਉੱਚੀ ਰੋ ਰਿਹਾ ਸੀ, "ਹਾਏ ਰੱਬਾ, ਇਹ ਕੀ ਹੋ ਗਿਆ ! ਮੈਂ ... ਮੈਂ ਪਾਪੀ ਹਾਂ। ਮੇ ... ਮੇ ... ਮੇਰੇ ਹੱਥ।"

# ਹਉਮੈਂ

ਮੁਕਤਸਰ ਕਵੀ ਦਰਬਾਰ ਦਾ ਭੁਗਤਾਨ ਕਰ ਕੇ ਜਦੋਂ ਅਸੀਂ ਲੁਧਿਆਣੇ ਪਹੁੰਚੇ ਤਾਂ ਤ੍ਰਿਕਾਲਾਂ ਦੇ ਪਰਛਾਵੇਂ ਰਾਤ ਵਲ ਨੂੰ ਵਧ ਰਹੇ ਸਨ। ਸੂਰਜ ਆਪਣੀਆਂ ਸੁਨਹਿਰੀ ਕਿਰਨਾਂ ਨੂੰ ਸਮੇਟ ਕੇ ਅੰਗਿਆਰਾਂ ਨਾਲ ਨਕੋ-ਨਕ ਭਰੀ ਕੜਾਹੀ ਵਾਂਗ ਲਾਲ ਸੂਹਾ ਹੋ ਗਿਆ ਸੀ। ਇਸ ਵੇਲੇ ਲੁਧਿਆਣੇ ਤੋਂ ਪਿੰਡ ਤਕ ਪਹੁੰਚਣ ਲਈ ਕੋਈ ਯੋਗ ਵਸੀਲਾ ਨਹੀਂ ਸੀ। ਮੈਂ ਤੇ ਮੇਰੇ ਮਿੱਤਰ ਸ਼ੌਂਕੀ, ਜੋ ਕਿ ਰੇਡੀਓ ਆਰਟਿਸਟ ਹੈ, ਨੇ ਇਰਾਦਾ ਬਣਾਇਆ ਕਿ ਚਲੋ ਅੱਜ ਦੀ ਰਾਤ ਲੁਧਿਆਣੇ ਹੀ ਕੱਟ ਲੈਂਦੇ ਹਾਂ। ਉਹ ਉੱਥੇ ਆਪਣੇ ਭਰਾ ਨੂੰ ਮਿਲਣਾ ਚਾਹੁੰਦਾ ਸੀ ਤੇ ਮੈਂ ਆਪਣੇ ਇਕ ਸਾਹਿਤਕਾਰ ਵਾਕਫ਼ ਨੂੰ। ਮੇਰਾ ਵਿਚਾਰ ਸੀ ਕਿ ਅਸੀਂ ਉਸ ਸਾਹਿਤਕਾਰ ਵਾਕਫ਼ ਕੋਲ ਮਾਡਲ ਟਾਊਨ ਰਹੀਏ ਤੇ ਸ਼ੌਂਕੀ ਕਹਿੰਦਾ ਸੀ ਕਿ ਉਸ ਦੇ ਭਰਾ ਕੋਲ ਜੋ ਮਾਡਲ ਟਾਊਨ ਦੇ ਨਾਲ ਹੀ ਪਿਪਲੀ ਵਾਲੇ ਭੱਠੇ ਉੱਤੇ ਇੱਟਾਂ ਦੇ ਭੱਠੇ ਦੀ ਭਰਾਈ ਦਾ ਕੰਮ ਕਰਦਾ ਸੀ। ਖ਼ੈਰ ਅਸੀਂ ਇਹ ਸਲਾਹ ਕਰਕੇ ਤੁਰ ਪਏ ਕਿ ਚਲੋ ਦੋਹਾਂ ਨੂੰ ਮਿਲ ਲੈਂਦੇ ਹਾਂ, ਜਿੱਥੇ ਜੀ ਕੀਤਾ ਹਾਲਾਤ ਅਨੁਸਾਰ ਰਹਿ ਲਵਾਂਗੇ।

ਉਸ ਸਾਹਿਤਕਾਰ ਨਾਲ ਮੇਰੀ ਕੋਈ ਗੂੜ੍ਹੀ ਜਾਣ-ਪਛਾਣ ਨਹੀਂ ਸੀ। ਹਾਂ, ਇਕ ਵਾਰੀ ਉਸ ਨੇ ਮੈਨੂੰ ਇਕ ਲਿਖਾਰੀ ਕਾਨਫ਼ਰੰਸ 'ਤੇ ਲੁਧਿਆਣੇ ਬੁਲਾਇਆ ਸੀ ਤੇ ਫਿਰ ਜਦੋਂ ਬਾਹਰੋਂ ਆਏ ਕੁਝ ਕੁ ਸਾਹਿਤਕਾਰਾਂ ਨਾਲ ਉਸ ਨੇ ਮੈਨੂੰ ਵੀ ਰਾਤ ਆਪਣੇ ਘਰ ਠਹਿਰਨ ਦਾ ਸੱਦਾ ਦਿੱਤਾ, ਤਾਂ ਮੈਂ ਪਰਵਾਨ ਕਰ ਲਿਆ। ਉਹ ਇਕ ਦੂਜੀ ਸ਼ਰੇਣੀ ਦਾ ਗਜ਼ਟਿਡ ਅਫ਼ਸਰ ਸੀ ਤੇ ਖ਼ੂਬ ਠਾਠ-ਬਾਠ ਨਾਲ ਰਹਿੰਦਾ ਸੀ। ਸਾਹਿਤ-ਖੇਤਰ ਵਿਚ ਵੀ ਮੇਰੇ ਨਾਲੋਂ ਪੰਜ-ਛੇ ਸਾਲ ਪਹਿਲਾਂ ਆ ਕੇ ਉਹ ਸਥਾਪਤ ਹੋ ਚੁੱਕਾ ਸੀ। ਉਸ ਦੇ ਘਰ ਦਾ ਸਾਰਾ ਪ੍ਰਬੰਧ ਪੱਛਮੀ ਮਰਯਾਦਾ ਅਨੁਕੂਲ ਸੀ। ਪਹਿਲਾਂ ਵਿਸਕੀ ਦਾ ਦੌਰ ਚੱਲਿਆ ਤੇ ਇਸ ਦੌਰ ਨੂੰ ਗੈਰ-ਹਾਜ਼ਰ ਸਾਹਿਤਕਾਰਾਂ ਦੀ ਨਿੰਦਿਆ ਚੁਗਲੀ ਦੇ ਮਸਾਲੇ ਨੇ ਹੋਰ ਵੀ ਚਟਪਟਾ ਤੇ ਰੰਗੀਨ ਬਣਾ ਦਿੱਤਾ। ਉਸ ਦੀ ਰੋਟੀ ਵੀ ਬੜੀ ਪੁਰ-ਤਕੱਲਫ ਤੇ ਵਧੀਆ ਸੀ। ਦੂਜੇ ਦਿਨ ਸਵੇਰੇ ਹੀ ਸਾਨੂੰ ਬਿਸਤਰਿਆਂ ਉੱਤੇ ਚਾਹ ਮਿਲ ਗਈ ਤੇ ਫਿਰ ਅਸੀਂ ਨਾਸ਼ਤਾ ਕਰ ਕੇ ਆਪੋ-ਆਪਣੇ ਰਾਹ ਪੈ ਗਏ। ਬਸ ਮੇਰੀ ਉਸ ਨਾਲ ਏਨੀ ਕੁ ਹੀ ਜਾਣ ਪਛਾਣ ਸੀ।

ਮੈਂ ਤੇ ਸ਼ੌਂਕੀ ਪਹਿਲਾਂ ਇਸ ਸਾਹਿਤਕਾਰ ਦੇ ਘਰ ਵਲ ਹੀ ਤੁਰ ਪਏ। ਉਹ ਸਾਨੂੰ ਘਰ ਹੀ ਮਿਲ ਗਿਆ। ਚਾਹ ਦੇ ਨਾਲ-ਨਾਲ ਉਹ ਆਪਣੀ ਨਵੀਂ ਛਪੀ ਕਿਤਾਬ ਦੀ ਮਹੱਤਤਾ ਤੇ ਵਰਤਮਾਨ ਸਾਹਿਤ ਵਿਚ ਇਸ ਦੇ ਉੱਤਮ ਸਥਾਨ ਬਾਰੇ ਚਰਚਾ ਕਰਦਾ ਰਿਹਾ।

ਅੱਧੇ-ਪੌਣੇ ਘੰਟੇ ਦੀ ਇਸ ਸੰਖੇਪ ਜਿਹੀ ਬੈਠਕ ਵਿਚ ਹੀ ਅਸੀਂ ਵਰਤਮਾਨ ਸਾਹਿਤ ਵਿਚ ਪਰਿਵਰਤਿਤ ਨਵੀਨ ਰੁਚੀਆਂ ਦੇ ਪ੍ਰਸੰਗ ਵਿਚ ਕਈ ਸਾਹਿਤਕਾਰਾਂ ਬਾਰੇ ਦੰਦ-ਕਥਾ ਕੀਤੀ। ਉਸ ਦੇ ਹਰ ਬੋਲ ਵਿੱਚੋਂ ਮੈਨੂੰ ਉਸ ਦੇ ਵਧੀਆਪਨ ਦੇ ਵਿਖਾਵੇ ਦੀ ਬੋ ਆਉਂਦੀ ਰਹੀ। ਮੈਂ ਇਹ ਹੀ ਸਿੱਟਾ ਕੱਢਿਆ ਕਿ ਇਹ ਨਿਰਾ ਆਪਣੇ

ਆਪ ਨੂੰ ਹੀ ਆਪਣੀ ਪੀੜ੍ਹੀ ਦੇ ਹੋਰ ਸਭ ਸਾਹਿਤਕਾਰਾਂ ਵਿੱਚੋਂ ਸ਼ਰੋਮਣੀ ਗਿਣਦਾ ਹੈ। ਪਰ ਮੈਂ ਇਹ ਗੱਲ ਅਨੁਭਵ ਕੀਤੇ ਬਿਨਾਂ ਨਾ ਰਹਿ ਸਕਿਆ ਕਿ ਅੱਜ ਉਸ ਦੇ ਵਤੀਰੇ ਵਿਚ ਕੁਝ ਓਪਰਾਪਨ ਸੀ, ਜਦੋਂ ਉਸ ਨੇ ਮੈਨੂੰ ਇਹ ਕਿਹਾ ਕਿ, "ਹੁਣ ਤੂੰ ਐੱਮ. ਏ. ਕਰ ਗਿਆ ਹੈਂ। ਛੱਡ ਪਰ੍ਹਾਂ ਇਸ ਸਕੂਲ ਦੀ ਨੌਕਰੀ ਨੂੰ। ਕੋਈ ਚੰਗੀ ਥਾਂ ਲੱਭ। ਸਾਹਿਤ ਵਿਚ ਆਦਮੀ ਦੇ ਸਟੈਟਸ ਦਾ ਵੀ ਕਾਫ਼ੀ ਫ਼ਰਕ ਪੈਂਦਾ ਹੈ।"

ਤਾਂ ਮੇਰੇ ਦਿਲ ਵਿਚ ਜਿਵੇਂ ਇਕ ਚੂੰਢੀ ਭਰੀ ਗਈ। ਮੇਰਾ ਅਧਿਆਪਕ ਹੋਣਾ ਵੀ ਜਿਵੇਂ ਇਕ ਐਬ ਹੈ, ਇਕ ਰੋਕ ਹੈ, ਮੇਰੇ ਸਾਹਿਤਕ-ਭਵਿੱਖ ਦੇ ਰਾਹ ਵਿਚ। ਮੈਂ ਸੋਚ ਰਿਹਾ ਸਾਂ, ਕਿ ਸ਼ਾਇਦ ਇਹ ਦੂਜੀ ਸ਼ਰੇਣੀ ਦਾ ਗਜ਼ਟਿਡ ਅਫ਼ਸਰ ਮੇਰੇ ਅਧਿਆਪਕ ਹੋਣ ਨੂੰ ਘਟੀਆ ਗਿਣਦਾ ਹੈ। ਸ਼ਾਇਦ ਇਸੇ ਵਾਸਤੇ ਉਸ ਦਾ ਵਤੀਰਾ ਅੱਜ ਕੁਝ ਓਪਰਾ ਹੈ। ਮੈਂ ਅੰਦਰੋ-ਅੰਦਰ ਰਿੱਝ ਰਿਹਾ ਸਾਂ। ਪਹਿਲਾਂ ਜਦੋਂ ਮੈਂ ਇਸ ਦੇ ਘਰ ਆਇਆ ਸਾਂ ਤਾਂ ਮੇਰੇ ਮਨ ਵਿਚ ਸੀ ਕਿ ਇਹ ਸੱਜਣ ਮੈਨੂੰ ਪਹਿਲਾਂ ਵਾਂਗ ਹੀ ਆਪਣੇ ਘਰ ਰਾਤ ਰਹਿਣ ਲਈ ਕਹੇਗਾ। ਪਰ ਇਸ ਗੱਲ ਤੋਂ ਬਾਅਦ ਮੇਰਾ ਏਥੇ ਰਹਿਣ ਨੂੰ ਵੱਢਿਆ ਰੂਹ ਨਹੀਂ ਸੀ ਕਰਦਾ। ਮੇਰਾ ਮਨ ਕੁਝ ਕਾਹਲਾ ਜਿਹਾ ਪੈ ਗਿਆ। ਆਖ਼ਰ ਮੈਂ ਉਸ ਨੂੰ ਕਿਹਾ ਕਿ ਚੰਗਾ ਭਾਈ ਹੁਣ ਅਸੀਂ ਚਲਦੇ ਹਾਂ। ਉਸ ਨੇ ਸਾਨੂੰ ਉੱਠਦਿਆਂ ਵੇਖ ਕੇ ਆਪਣਾ ਰਸਮੀਂ ਜੁਮਲਾ ਦੁਹਰਾਇਆ, "ਮੇਰੇ ਕੋਲ ਨਹੀਂ ਰਹਿਣਾ ਅੱਜ ?"

ਮੈਨੂੰ ਇੰਜ ਅਨੁਭਵ ਹੋਇਆ ਜਿਵੇਂ ਉਸ ਦੇ ਇਸ ਵਾਕ ਵਿਚ ਵਰਤਿਆ ਸ਼ਬਦ 'ਨਹੀਂ' ਮੈਨੂੰ ਘੂਰ ਰਿਹਾ ਹੋਵੇ। ਅਸੀਂ ਬਹਾਨਾ ਕਰਕੇ ਉੱਥੋਂ ਉੱਠ ਆਏ। ਮੇਰਾ ਮਿੱਤਰ ਸ਼ੌਂਕੀ, ਜੋ ਇਕ ਸਾਧਾਰਣ ਜਿਹੇ ਕੁਮਿਹਾਰਾ ਘਰਾਣੇ ਨਾਲ ਸੰਬੰਧ ਰਖਦਾ ਹੈ ਅਤੇ ਜੋ ਇਸ ਸਾਹਿਤਕਾਰ ਦੀ ਕੋਠੀ ਤੇ ਡਰਾਇੰਗ ਰੂਮ ਦੀ ਚਮਕ ਦਮਕ ਤੋਂ ਕਾਫੀ ਪ੍ਰਭਾਵਿਤ ਹੋ ਚੁੱਕਾ ਸੀ, ਬਾਹਰ ਆ ਕੇ ਮੈਨੂੰ ਕਹਿਣ ਲੱਗਾ, "ਮਾਸਟਰ ਜੀ ! ਤੁਹਾਡੀ ਤਾਂ ਵੱਡਿਆਂ-ਵੱਡਿਆਂ ਨਾਲ ਵਾਕਫ਼ੀ ਹੈ। ਜੀਣਾ ਤਾਂ ਇਹਨਾਂ ਲੋਕਾਂ ਦਾ, ਅਸੀਂ ਐਵੇਂ ਜੂਨ ਭੋਗਦੇ ਹਾਂ।"

ਉਸ ਦੇ ਇਹਨਾਂ ਸ਼ਬਦਾਂ ਨੇ ਮੇਰੇ ਮਨ ਉੱਤੇ ਇਕ ਹੋਰ ਸੱਟ ਮਾਰੀ ਤੇ ਮੇਰੀ ਬੇਚੈਨੀ ਹੋਰ ਵੀ ਵਧ ਗਈ। ਉਹ ਖ਼ੁਸ਼ ਸੀ ਕਿ ਉਹ ਮੈਨੂੰ ਆਪਣੇ ਭਰਾ ਕੋਲ ਲਿਜਾਣ ਦਾ ਮਾਣ ਪ੍ਰਾਪਤ ਕਰ ਰਿਹਾ ਸੀ। ਪਰ ਉਹ ਇਹ ਨਹੀਂ ਸੀ ਜਾਣਦਾ ਕਿ ਮੇਰੇ ਮਨ ਵਿਚ ਕੀ ਸੰਘਰਸ਼ ਹੋ ਰਿਹਾ ਸੀ।

ਛੇਤੀ ਹੀ ਅਸੀਂ ਉਸ ਦੇ ਭਰਾ ਕੋਲ ਪਿਪਲੀ ਵਾਲੇ ਭੱਠੇ ਉੱਤੇ ਪਹੁੰਚ ਗਏ। ਉਸ ਦਾ ਭਰਾ ਤੇ ਉਸ ਦੇ ਪੰਜ-ਛੇ ਹੋਰ ਸਾਥੀ ਖੱਚਰਾਂ ਤੇ ਗਧਿਆਂ ਉੱਤੋਂ ਇੱਟਾਂ ਲਾਹ-ਲਾਹ ਕੇ ਭੱਠੇ ਵਿਚ ਚਿਣ ਰਹੇ ਸਨ। ਉਹ ਮਿੱਟੀ ਵਿਚ ਲੱਥ-ਪੱਥ ਤੇ ਬੇਪਛਾਣ ਹੋਏ ਪਏ ਸਨ। ਡੁੱਬ ਚੁੱਕੇ ਸੂਰਜ ਪਿੱਛੋਂ ਬੜੀ ਮੱਧਮ ਜਿਹੀ ਰੌਸ਼ਨੀ ਵੀ ਜਿਵੇਂ ਉਨ੍ਹਾਂ ਦੇ ਮਸ਼ੀਨੀ ਹੱਥਾਂ ਨੂੰ ਕੰਮ ਕਰਨੋਂ ਨਾ ਰੋਕ ਸਕੀ ਹੋਵੇ। ਗਲ ਇਕ ਕਮੀਜ਼, ਸਿਰ 'ਤੇ ਇਕ ਸਾਫ਼ਾ, ਤੇੜ ਕਛਹਿਰਾ ਤੇ ਖੇਸੀ ਦੀ ਬੁੱਕਲ, ਇਹ ਸੀ ਉਨ੍ਹਾਂ ਦੀ ਪੋਸ਼ਾਕ। ਜਨਵਰੀ ਦੀ ਅੱਤ ਦੀ ਠੰਢ ਵੀ ਜਿਵੇਂ ਉਨ੍ਹਾਂ ਤੋਂ ਪਾਸਿਓਂ ਹੋ ਕੇ ਲੰਘ ਰਹੀ ਸੀ।

ਸਾਨੂੰ ਵੇਖਦਿਆਂ ਹੀ ਉਨ੍ਹਾਂ ਨੂੰ ਚਾਅ ਚੜ੍ਹ ਗਿਆ। ਕੋਈ ਦੁੱਧ ਲੈਣ ਦੌੜ ਪਿਆ ਤੇ ਕੋਈ ਪਿੰਨੀਆਂ। ਸ਼ੌਂਕੀ ਦੇ ਭਰਾ ਕਰਮੇ ਨੇ ਸਾਨੂੰ ਭੱਠੇ ਦੀਆਂ ਕੁੱਲੀਆਂ ਵਿੱਚੋਂ ਇਕ ਵਿਚ ਅੱਧੋਰਾਣੀ ਨੰਗੀ ਮੰਜੀ ਉੱਤੇ ਲਿਆ ਬਿਠਾਇਆ। ਇਹ ਕੁੱਲੀਆਂ ਵੀ ਇਨ੍ਹਾਂ ਕਾਮਿਆਂ ਵਾਂਗ ਸਿਧ-ਪਧਰੀਆਂ ਤੇ ਸਾਦਾ ਸਨ। ਇਨ੍ਹਾਂ ਉੱਤੇ ਕੋਠੀਆਂ ਵਾਲੀ ਲਿਸ਼ਕ-ਪੁਸ਼ਕ ਨਹੀਂ ਸੀ। ਬਸ ਇੱਟਾਂ ਦੀ ਗਾਰੇ ਨਾਲ ਚਿਣਾਈ ਕਰ ਕੇ ਉੱਤੇ ਟੀਨ ਪਾ ਦਿੱਤੇ ਗਏ ਸਨ। ਨਾ ਕੰਧਾਂ 'ਤੇ ਟੀਪ ਨਾ ਪਲਸਤਰ, ਹਰ ਕਾਮੇ ਕੋਲ ਇਕ ਢਾਈ ਕੁ ਮੁਰੱਬਾ ਗਜ਼ ਦੀ ਕੁੱਲੀ ਸੀ। ਜਿਸ ਨੂੰ ਉਹ ਆਪਣੀ ਬੋਲੀ ਵਿਚ 'ਡੇਰਾ' ਕਹਿੰਦਾ ਸੀ। ਇਹੀ ਉਸ ਦੀ ਰਸੋਈ, ਇਹੀ ਡਰਾਇੰਗ-ਰੂਮ, ਸੌਣ-ਕਮਰਾ ਤੇ ਇਹੀ ਉਸ ਦੀ ਦੁਨੀਆਂ ਸੀ। ਪਰ ਕੋਠੀਆਂ ਨਾਲੋਂ ਏਥੇ ਨਿੱਘ ਵਧੇਰੇ ਸੀ, ਭਾਵੇਂ ਕਿ ਨਾ ਏਥੇ ਬਿਜਲੀ ਸੀ ਤੇ ਨਾ ਹੀ ਕੋਈ ਰੂਮ-ਹੀਟਰ।

ਕਰਮੇ ਨੇ ਸਾਡੇ ਬੈਠਿਆਂ ਹੀ ਸਿਲਵਰ ਦੇ ਪਤੀਲੇ ਵਿਚ ਚਾਹ ਬਣਾਈ ਤੇ ਫਿਰ ਸਾਡੇ ਮੂਹਰੇ ਪੀਪੇ

ਉੱਤੇ ਦੋ ਬਾਟੀਆਂ ਲਿਆ ਰੱਖੀਆਂ। ਚਾਹ ਵਾਲਾ ਪਤੀਲਾ ਉਸ ਨੇ ਸਾਡੇ ਕੋਲ ਸਰਕਾ ਦਿੱਤਾ। ਇਕ ਬਾਟੀ ਵਿਚ ਘਰ ਦੀਆਂ ਬਣੀਆਂ ਪਿੰਨੀਆਂ ਭੰਨ ਕੇ ਸਾਡੇ ਮੂਹਰੇ ਲਿਆ ਰਖੀਆਂ। ਫਿਰ ਉਹ ਸਾਨੂੰ ਚਾਹ ਪੀਣ ਲਈ ਕਹਿ ਕੇ ਆਪ ਸਾਈਕਲ ਚੁੱਕ ਕੇ ਸ਼ਹਿਰ ਨੂੰ ਦੌੜ ਗਿਆ।

ਸਾਡੇ ਚਾਹ ਪੀਂਦਿਆਂ ਪੀਂਦਿਆਂ ਹੀ ਮਾਡਲ ਟਾਊਨ ਦੀ ਮਾਰਕੀਟ ਵਿੱਚੋਂ ਮੀਟ ਲੈ ਆਇਆ। ਮੈਂ ਕਿਹਾ, "ਏਨੀ ਤਕਲੀਫ਼ ਕਿਉਂ ਕਰਦੇ ਹੋ ?"

"ਲਓ ਜੀ ! ਤਕਲੀਫ਼ ਕਾਹਦੀ। ਧੰਨ ਭਾਗ ਜੋ ਤੁਸੀਂ ਏਥੇ ਚਰਨ ਪਾਏ। ਮਾਸਟਰ ਜੀ ! ਅਸੀਂ ਤੁਹਾਡੀ ਸੇਵਾ ਕਰਨ ਜੋਗੇ ਕਿੱਥੋਂ ? ਜੋ ਰੁੱਖੀ ਮਿੱਸੀ ਹੈ, ਤੁਹਾਡੇ ਮੂਹਰੇ ਰੱਖ ਦੇਣੀ ਹੈ।"

ਉਸ ਦੇ ਇਨ੍ਹਾਂ ਸ਼ਬਦਾਂ ਦੀ ਮਿਠਾਸ ਨੇ, ਮੇਰੇ ਸਾਹਿਤਕਾਰ ਵਾਕਫ਼ ਦੀ ਮਿਲਣੀ ਦੇ ਪ੍ਰਭਾਵ-ਵਸ ਉਤਪੰਨ ਹੋਈ ਮਾਨਸਕ ਘੁਟਨ ਨੂੰ ਕਾਫ਼ੀ ਹੱਦ ਤਕ ਦੂਰ ਕਰ ਦਿੱਤਾ ਸੀ। ਉਸ ਦੇ ਮੀਟ ਬਣਾਉਂਦਿਆਂ-ਬਣਾਉਂਦਿਆਂ ਇਕ ਮੁੰਡਾ ਖੇਸੀ ਦੀ ਬੁੱਕਲ ਮਾਰੀ ਅੰਦਰ ਆ ਵੜਿਆ ਅਤੇ ਉਸ ਨੇ ਆਪਣੀ ਡੱਬ ਵਿੱਚੋਂ ਦੇਸੀ ਸ਼ਰਾਬ ਦੀ ਇਕ ਬੋਤਲ ਕੱਢ ਕੇ ਪੀਪੇ ਉੱਤੇ ਰੱਖ ਦਿੱਤੀ।

"ਕਰਮਿਆਂ ! ਅੱਜ ਤਾਂ ਮਸਾਂ ਮਿਲੀ। ਦੋ ਮੀਲ ਦਾ ਵਲਾ ਮਾਰ ਕੇ ਦੂਜੇ ਪਿੰਡੋਂ ਲਿਆਇਆਂ। ਸੌਂਹ ਰੱਬ ਦੀ ਨਿਰੀ ਜ਼ਹਿਰ ਐ। ਉਡ ਕੇ ਅੱਗ ਪੈਂਦੀ ਆ ਇਸ ਨੂੰ।"

ਸ਼ਰਾਬ ਦੀਆਂ ਹਲਕੀਆਂ-ਹਲਕੀਆਂ ਚੁਸਕੀਆਂ ਨੇ ਕਮਰੇ ਦੀ ਫ਼ਿਜ਼ਾਂ ਵਿਚ ਹੋਰ ਵੀ ਵਧੇਰੇ ਨਿੱਘ ਭਰ ਦਿੱਤਾ।

ਕਰਮਾ ਇਨ੍ਹਾਂ ਛੇਆਂ ਸੱਤਾਂ ਕਾਮਿਆਂ ਦੀ ਰੋਟੀ ਨਿੱਤ ਆਪ ਪਕਾਉਂਦਾ ਸੀ। ਆਟੇ ਦੀ ਤਕੜੀ ਤੌਣ ਗੁੰਨ੍ਹ ਕੇ ਉਹ ਪਕਾਉਣ ਬਹਿ ਜਾਂਦਾ ਤੇ ਫਿਰ ਚਕਲੇ ਵੇਲਣੇ ਦੀ ਸਹਾਇਤਾ ਤੋਂ ਬਿਨਾਂ ਹੀ ਉਸ ਦੇ ਕਲਾਕਾਰ ਹੱਥ ਬੜੀ ਚੁਸਤੀ ਨਾਲ ਰੋਟੀਆਂ ਲਾਹੀ ਜਾਂਦੇ। ਰੋਟੀਆਂ ਵੀ ਗੋਲ, ਫੁੱਲੀਆਂ ਹੋਈਆਂ ਤੇ ਕਰਾਰੀਆਂ। ਉਸ ਦੇ ਸਾਮ੍ਹਣੇ ਪਈ ਟੋਕਰੀ ਵਿਚ ਰੋਟੀਆਂ ਦੀ ਇਕ ਫੁੱਟ, ਡੇਢ ਫੁੱਟ ਉੱਚੀ ਤਹਿ ਲੱਗ ਗਈ। ਫਿਰ ਸਾਰੇ ਕਾਮੇ ਉਸੇ ਅੰਦਰ ਆ ਵੜੇ। ਢਾਈ ਮੁਰੱਬਾ ਗਜ਼ ਵਿਚ ਉਹ ਸਾਰੇ ਹੀ ਸੁੰਗੜ ਕੇ ਹੇਠਾਂ ਬੈਠ ਗਏ।

ਕਰਮੇ ਨੇ ਬਾਕੀ ਬਚਦੀ ਸ਼ਰਾਬ ਦਾ ਇਕ-ਇਕ ਹਾੜਾ ਸਭ ਨੂੰ ਦਿੱਤਾ ਤੇ ਫਿਰ ਸਭਨਾਂ ਦੇ ਅੱਗੇ ਇਕ-ਇਕ ਬਾਟੀ ਮੀਟ ਨਾਲ ਭਰ ਕੇ ਰੱਖ ਦਿੱਤੀ। ਰੋਟੀਆਂ, ਅਸੀਂ ਸਭਨਾਂ ਨੇ ਹੱਥਾਂ ਵਿਚ ਫੜ ਲਈਆਂ ਤੇ ਫਿਰ ਖ਼ੂਬ ਰੱਜ ਕੇ ਖਾਧੀਆਂ। ਹੁਣ ਉਹ ਸਾਹਿਤਕਾਰ ਵਾਕਫ਼ ਮੈਨੂੰ ਬਿਲਕੁਲ ਭੁੱਲ ਚੁੱਕਿਆ ਸੀ। ਹੁਣ ਮੈਂ ਆਪਣੇ ਮਾਸਟਰ ਹੀ ਰਹਿ ਜਾਣ ਦੀ ਬੇਚਾਰਗੀ ਬਾਰੇ ਵੀ ਸਭ ਕੁਝ ਭੁੱਲ ਚੁੱਕਿਆ ਸਾਂ। ਰਾਤ ਅਸੀਂ ਖ਼ੂਬ ਘੋੜੇ ਵੇਚ ਕੇ ਸੁੱਤੇ।

ਸਵੇਰ ਸਾਰ ਜਦੋਂ ਮੇਰੀ ਅੱਖ ਖੁੱਲ੍ਹੀ ਤਾਂ ਮੇਰੇ ਕੰਨਾਂ ਵਿਚ ਕਰਮੇ ਦੀ ਆਵਾਜ਼ ਪਈ। ਉਹ ਆਪਣੇ ਸਾਰੇ ਸਾਥੀਆਂ ਨਾਲ ਹੁੱਬ-ਹੁੱਬ ਕੇ ਗੱਲਾਂ ਕਰ ਰਿਹਾ ਸੀ, "ਇਹ ਮਾਸਟਰ ਜੀ ਸਾਡੇ ਪਿੰਡ ਦੇ ਹੀ ਨੇ। ਸਾਡੀ ਇਨ੍ਹਾਂ ਨਾਲ ਬੜੀ ਸਾਂਝ ਐ। ਸ਼ੌਂਕੀ ਵੀ ਇਨ੍ਹਾਂ ਦੇ ਲਿਖੇ ਹੋਏ ਗੀਤ ਗਾਉਂਦਾ ਹੈ। ਇਨ੍ਹਾਂ ਦੀਆਂ ਕਈ ਕਿਤਾਬਾਂ ਵੀ ਛਪ ਚੁੱਕੀਆਂ ਹਨ। ਓਦਾਂ ਵੀ ਬੜੇ ਮੋਟੇ ਆਦਮੀ ਨੇ।"

"ਕਰਮਿਆਂ ਤੇਰੀਆਂ ਕੀ ਰੀਸਾਂ। ਤੇਰਾ ਤਾਂ ਵੱਡਿਆਂ ਵੱਡਿਆਂ ਨਾਲ ਮੇਲ ਹੋਇਆ। ਅਸੀਂ ਤੇਰੇ ਪਾਣੀ ਹਾਰ ਕਿੱਥੋਂ ?"

ਉਸ ਦੇ ਸਾਥੀਆਂ ਵਿੱਚੋਂ ਕੋਈ ਕਹਿ ਰਿਹਾ ਸੀ ਤੇ ਮੈਂ ਰਜ਼ਾਈ ਵਿਚ ਆਪਣਾ ਮੂੰਹ ਲੁਕੋ ਲਿਆ, ਤਾਂ ਕਿ ਮੈਨੂੰ ਜਾਗਦਾ ਸਮਝ ਕੇ ਉਹ ਗੱਲਾਂ ਹੀ ਨਾ ਬੰਦ ਕਰ ਦੇਣ।

# ਫ਼ਰੰਟ ਸੀਟ

ਉਸ ਦੇ ਕੱਪੜਿਆਂ ਵਿੱਚੋਂ ਆ ਰਹੀ ਮੁੜ੍ਹਕੇ ਅਤੇ ਮੈਲ ਦੀ ਬਦਬੂ ਦੇ ਅਨੁਭਵ ਨਾਲ ਡਰਾਈਵਰ ਨੇ ਤਾਂ ਭਾਵੇਂ ਇਕ ਦੋ ਵਾਰ ਆਪਣੇ ਨੱਕ ਬੁੱਲ੍ਹ ਉਤਾਂਹ ਚਾੜ੍ਹੇ, ਪਰ ਉਸ ਨੂੰ ਇਸ ਬਦਬੂ ਦਾ ਉੱਕਾ ਹੀ ਕੋਈ ਅਹਿਸਾਸ ਨਹੀਂ ਸੀ। ਇਹ ਉਸ ਦੇ ਸਰੀਰ ਦਾ ਇਕ ਅੰਗ ਸੀ ਤੇ ਉਸ ਦੇ ਸੁਭਾਅ ਨਾਲ ਹਿਲ-ਮਿਲ ਚੁੱਕੀ ਸੀ। ਆਲੇ-ਦੁਆਲੇ ਬੈਠੀਆਂ ਸਵਾਰੀਆਂ ਤੋਂ ਬੇਪਰਵਾਹ ਉਹ ਮਨ ਹੀ ਮਨ ਆਪਣੇ ਸੀਮਤ ਜਿਹੇ ਜੀਵਨ ਉੱਤੇ ਇਕ ਪੰਛੀ-ਝਾਤ ਮਾਰ ਰਿਹਾ ਸੀ, ਉਸ ਦੇ ਖ਼ਿਆਲ ਕਲਪਨਾ-ਮਈ ਉੱਚ-ਚੋਟੀਆਂ ਤੇ ਸੁਨਹਿਰੀ ਰੰਗ-ਮਹਿਲਾਂ ਦੁਆਲੇ ਨਹੀਂ, ਸਗੋਂ ਆਪਣੇ ਪਿੰਡ ਦੀ ਚਮਾਹੜਲੀ ਦੀ ਇਕ ਨੁੱਕਰੇ ਗੰਦੇ ਛੱਪੜ ਦੇ ਕੰਢੇ ਬਣੇ ਆਪਣੇ ਇੱਕੋ ਇੱਕ ਕਮਰੇ ਦੇ ਮਕਾਨ ਦੇ ਬੇਢੱਬੇਪਨ ਦੁਆਲੇ ਘੁੰਮ ਰਹੇ ਸਨ। ਏਸੇ ਮਕਾਨ ਵਿਚ ਉਸ ਦਾ ਬਚਪਨ ਅਤੇ ਉਸ ਦੀ ਜਵਾਨੀ ਗੁਜ਼ਰੀ ਸੀ। ਇਸ ਇਕ ਕਮਰੇ ਵਿਚ ਹੀ ਉਸ ਦੇ ਮਾਤਾ ਪਿਤਾ, ਪਤਨੀ ਤੇ ਉਸ ਦੇ ਬੱਚੇ ਰਹਿ ਰਹੇ ਸਨ। ਆਜ਼ਾਦੀ ਦੀ ਪ੍ਰਾਪਤੀ ਨਾਲ ਉਸ ਦੇ ਪਿੰਡ ਦੀ ਕਿਸਮਤ ਨਹਿਰਾਂ ਨੇ ਹਰਿਆ ਦਿੱਤੀ, ਸੜਕਾਂ ਨੇ ਚਮਕਾ ਦਿੱਤੀ ਸੀ, ਪਰ ਉਸ ਦਾ ਆਪਣਾ ਮਕਾਨ ਸੰਨ ਸੰਤਾਲੀ ਤੋਂ ਬਾਅਦ ਵੀ ਉਵੇਂ ਦਾ ਉਵੇਂ ਹੀ ਰਿਹਾ ਸੀ। ਇਸ ਦੀਆਂ ਸੌੜਾਂ ਵਿਚ ਕੋਈ ਫ਼ਰਕ ਨਹੀਂ ਸੀ ਆਇਆ। ਇੱਥੋਂ ਤੀਕ ਕਿ ਪਿੰਡ ਦੀ ਸੀਮਤ ਭੋਂ ਵੀ ਨਿੱਤ ਵਧਦੀ ਆਬਾਦੀ ਦਾ ਭਾਰ ਚੁੱਕਣੋਂ ਅਸਮਰੱਥ ਹੋ ਗਈ ਤੇ ਫੇਰ ਉਸ ਨੂੰ ਇਹ ਆਪਣਾ ਨਿੱਜੀ ਪਿੰਡ ਛੱਡ ਕੇ ਸ਼ਹਿਰ ਆਉਣਾ ਪਿਆ।

ਦੁਆਨੀ ਫੇਰਾ ... ਇਕ ਟਰੰਕ ਤੇ ਇਕ ਬਿਸਤਰਾ, ਲਾਰੀ ਤੋਂ ਲਾਹੁਣਾ ਤੇ ਲਾਰੀ ਤੇ ਚੜ੍ਹਾਉਣਾ, ਉਸ ਦਾ ਵਿਵਹਾਰ ਬਣ ਚੁੱਕਿਆ ਸੀ। ਪਤਾ ਨਹੀਂ ਕਿੰਨੇ ਕੁ ਟਰੰਕ ਉਸ ਨੇ ਚੜ੍ਹਾਏ ਸਨ, ਉਤਾਰੇ ਸਨ। ਕਿੰਨੇ ਕੁ ਬਿਸਤਰੇ ਉਸ ਨੇ ਚੜ੍ਹਾਏ ਸਨ, ਉਤਾਰੇ ਸਨ। ਵਧੀਆ ਬਿਸਤਰੇ, ਦਰਮਿਆਨੇ ਬਿਸਤਰੇ, ਘਟੀਆ ਬਿਸਤਰੇ। ਪਰ ਇਹ ਤਾਂ ਉਸ ਦੇ ਕਿੱਤੇ ਦੇ ਲੇਖੇ ਉਸ ਦੀ ਆਦਤ ਬਣ ਚੁੱਕੀ ਸੀ। ਭਾਵੇਂ ਉਸ ਨੂੰ ਆਪਣੇ ਲਈ ਨਾ ਹੀ ਕਦੇ ਕੋਈ ਬਿਸਤਰਾ ਜੁੜਿਆ ਸੀ ਅਤੇ ਨਾ ਹੀ ਕੋਈ ਟਰੰਕ। ਟਰੰਕ ਦੀ ਉਸ ਨੂੰ ਲੋੜ ਵੀ ਕੀ ਸੀ ? ਜਦੋਂ ਉਸ ਦੇ ਕੋਲ, ਵਿਚ ਰੱਖਣ ਵਾਸਤੇ ਕੁਝ ਹੈ ਹੀ ਨਹੀਂ ਸੀ। ਇਕ ਕੁੜਤਾ ਗਲ, ਤੇੜ ਇਕ ਕੱਛਾ ਇਕ ਪਰਨਾ ਸਿਰ ਉੱਤੇ ਤੇ ਇਕ ਖੇਸੀ ਮੋਢਿਆਂ ਉੱਤੇ। ਇਹ ਉਸ ਦਾ ਸਾਮਾਨ ਸੀ, ਘਰ ਸੀ। ਚੱਲਦਾ ਫਿਰਦਾ ਘਰ। ਫਿਰ ਇਹ ਕੁੜਤਾ ਵੀ ਉਸ ਨੇ ਉਦੋਂ ਲਾਹੁਣਾ ਸੀ, ਜਦੋਂ ਮੈਲ ਤੇ ਮੁੜ੍ਹਕੇ ਨਾਲ ਗਲ ਕੇ ਐਨ ਲੀਰਾਂ ਹੋ ਜਾਵੇ। ਧੋ ਧਵਾਈ ਦੂਰ ਦੀਆਂ ਗੱਲਾਂ ਸਨ।

ਉਸਦੀਆਂ ਅੱਖਾਂ ਸਾਹਮਣੇ ਆਪਣੀ ਰੋਣਹਾਕੀ ਤੇ ਹੱਡੀਆਂ ਦੀ ਮੁੱਠ ਪਤਨੀ ਦੀ ਤਸਵੀਰ ਉੱਘੜੀ, ਜਿਹੜੀ ਸਰਘੀ ਵੇਲੇ ਤੋਂ ਲੈ ਕੇ ਤ੍ਰਿਕਾਲਾਂ ਤੀਕ ਅਧਿਆਰੇ ਲਈਆਂ ਮੱਝਾਂ ਨੂੰ ਸਾਂਭਣ ਵਿਚ ਜੁਟੀ ਰਹਿੰਦੀ ਸੀ। ਉਸ ਦੇ ਬੱਚੇ ਉਸ ਦੇ ਚੇਤੇ ਦੇ ਚਿੱਤਰਪਟ ਉੱਤੇ ਉੱਭਰੇ। ਜਿਨ੍ਹਾਂ ਨੇ ਅਜੇ ਮਸਾਂ ਸੁਰਤ ਹੀ ਸੰਭਾਲੀ ਸੀ ਕਿ ਉਨ੍ਹਾਂ ਦੇ ਹੱਥਾਂ ਵਿਚ ਰੰਬੀਆਂ ਫੜਾ ਦਿੱਤੀਆਂ ਗਈਆਂ ਸਨ, ਘਾਹ ਖੋਤਣ ਵਾਸਤੇ। ਉਸ ਦਾ ਬੁੱਢਾ

ਤੇ ਅੱਖੋਂ ਹੀਣ ਬਾਪੂ ਅਤੇ ਉਸ ਦੀ ਕਮਜ਼ੋਰ ਮਾਂ—ਜਿਨ੍ਹਾਂ ਨੂੰ ਠੁਰਕਦੇ ਪਿੰਜਰ ਘਸੀਟਦਿਆਂ ਨਿੱਤ ਇਕ ਅੱਧ ਬੰਨਾ ਖੋਤਣ ਦੀ ਆਦਤ ਪੈ ਚੁੱਕੀ ਸੀ। ਉਸ ਦੀ ਪਤਨੀ, ਉਸ ਦੇ ਬੱਚਿਆਂ ਨੇ ਕਿੰਨੀਆਂ ਨਿੱਕੀਆਂ ਨਿੱਕੀਆਂ ਫ਼ਰਮਾਇਸ਼ਾਂ ਪਾਈਆਂ ਸਨ ਉਸ ਅੱਗੇ—'ਤੂੰ ਆਹ ਲੈ ਕੇ ਆਵੀਂ, ਮੇਰੇ ਲਈ ਜੁੱਤੀ, ਮੇਰੇ ਲਈ ਖੇਲਾਂ ਤੇ ਝੱਗਾ।' ਪਰ ਜਾਨ ਹੂਲ ਕੇ ਦੁਆਨੀਆਂ ਜੋੜਨ ਵਾਲੇ ਇਸ ਮਨੁੱਖ ਕੋਲ ਏਨੀ ਗੁੰਜਾਇਸ਼ ਕਿੱਥੋਂ ਸੀ ਕਿ ਉਹ ਦੁਆਨੀਆਂ, ਮੁੜ੍ਹਕੇ ਨਾਲ ਗੱਚ ਦੁਆਨੀਆਂ ਇਹੋ ਜਿਹੀਆਂ ਨਿਕਾਰੀਆਂ ਵਸਤਾਂ ਉੱਤੇ ਖ਼ਰਚ ਕਰੇ। ਸਗੋਂ ਉਸ ਨੂੰ ਤਾਂ ਹੋਰ ਹੀ ਫਿਕਰ ਲੱਗਾ ਹੋਇਆ ਸੀ। ਪਿਛਲੇ ਸਾਲ ਉਸ ਦੀ ਪਤਨੀ ਨੇ ਚੌਧਰੀਆਂ ਦੀ ਮੱਝ ਅਧਿਆਰੇ ਲਈ ਸੀ। ਪਤਾ ਨਹੀਂ ਇਹ ਕਿਸ ਦੀ ਸ਼ਰਾਰਤ ਸੀ ਕਿ ਮੱਝ ਸੂਣ ਤੋਂ ਪਹਿਲਾਂ ਹੀ ਖੁੰਢੋਂ ਖੁੱਲ੍ਹ ਗਈ। ਉਸ ਦੀ ਪਤਨੀ ਨੂੰ ਇਹ ਆਦਤ ਸੀ ਕਿ ਉਹ ਪਾਣੀ ਡਾਹੁਣ ਲਗਿਆਂ ਜਦੋਂ ਕਿਤੇ ਮੱਝਾਂ ਨੂੰ ਮੋੜਨ ਵਾਸਤੇ ਘੁਰਕਦੀ ਸੀ ਤਾਂ ਸਦਾ ਹਰ ਮੱਝ ਨੂੰ 'ਚੋਰਾਂ ਦੇ ਜਾਣੀਏ', ਕਹਿ ਕੇ ਹੀ ਮੁਖ਼ਾਤਬ ਕਰਦੀ ਸੀ ਤੇ ਜਦੋਂ ਦੀ ਚੌਧਰੀਆਂ ਦੀ ਮੱਝ ਸੱਚੀ ਮੁੱਚੀ ਹੀ ਚੋਰਾਂ ਦੇ ਚਲੀ ਗਈ ਸੀ, ਤਾਂ ਉਸ ਨੇ ਇਹ ਸ਼ਬਦ ਹੋਰ ਮੱਝਾਂ ਵਾਸਤੇ ਵਰਤਣੇ ਵੀ ਬੰਦ ਕਰ ਦਿੱਤੇ ਸਨ। ਪਰ ਅਜਿਹਾ ਕਰਨ ਨਾਲ ਵੀ ਮੱਝ ਦਾ ਨੁਕਸਾਨ ਤਾਂ ਪੂਰਾ ਨਹੀਂ ਸੀ ਹੋ ਸਕਦਾ। ਦੂਜੇ ਉਹ ਸਨ ਚੌਧਰੀ ਤੇ ਉਹਨਾਂ ਨੇ ਉਹ ਵਾਵੇਲਾ ਕੀਤਾ, ਉਹ ਸੁਣਾਈਆਂ ਕਿ ਉਹਨਾਂ ਦਾ ਨੱਕ ਵਿਚ ਦੰਮ ਕਰ ਦਿੱਤਾ। ਤਕੜੇ ਦਾ ਸੱਤੀਂ ਵੀਹੀਂ ਸੌ ਦੇ ਅਨੁਸਾਰ, ਉਸ ਦੇ ਸਿਰ ਤਿੰਨ ਸੌ ਪੰਜਾਹ ਰੁਪਏ ਪੈ ਗਏ ਸਨ। ਇਸ ਤੇ ਹੀ ਬੱਸ ਨਹੀਂ, ਸਗੋਂ ਚੌਧਰੀਆਂ ਦੇ ਅਸ਼ਟਾਮ ਦੀ ਬਰਕਤ ਨਾਲ ਸੂਦ ਉੱਤੇ ਸੂਦ ਪਈ ਜਾ ਰਿਹਾ ਸੀ। ਉਹ ਕਤਰਾ-ਕਤਰਾ ਕੱਠਾ ਕਰ ਰਿਹਾ ਸੀ, ਸਾਗਰ ਭਰਨ ਵਾਸਤੇ। ਚੌਧਰੀਆਂ ਦਾ ਲੇਖਾ ਚੁਕਾਵਣ ਵਾਸਤੇ।

ਲਾਰੀ ਇਕ ਹੁਜਕੇ ਨਾਲ ਖੜ੍ਹ ਗਈ ਤੇ ਇਸ ਦੇ ਨਾਲ ਹੀ ਉਸ ਦੇ ਖ਼ਿਆਲਾਂ ਦੀ ਤੰਦ ਵੀ ਟੁੱਟ ਗਈ। ਸ਼ਾਇਦ ਫਗਵਾੜਾ ਆ ਗਿਆ ਸੀ : ਉਸ ਨੇ ਪਿੱਛੇ ਪਰਤ ਕੇ ਦੇਖਿਆ। ਉਹਨਾਂ ਦੇ ਪਿੰਡ ਦਾ ਜਾਗੀਰਦਾਰ ਜਿਸ ਨੂੰ ਲੋਕੀਂ ਸਰਦਾਰ ਕਹਿੰਦੇ ਸਨ, ਬੜਾ ਸੁਹਣਾ ਸੂਟ ਪਾ ਕੇ ਤੇ ਮੁੱਛਾਂ ਨੂੰ ਵੱਟ ਚਾੜ੍ਹ ਕੇ ਪਿਛਲੀ ਸੀਟ ਉੱਤੇ ਬੈਠਾ ਹੋਇਆ ਸੀ। ਸਰਦਾਰ ਨੂੰ ਪਿਛਲੀ ਸੀਟ ਉੱਤੇ ਬੈਠਿਆਂ ਵੇਖ ਕੇ ਉਸ ਨੂੰ ਹਾਸਾ ਜਿਹਾ ਆ ਗਿਆ। ਉਹ ਆਪ ਫ਼ਰੰਟ ਸੀਟ (ਡਰਾਈਵਰ ਦੇ ਨਾਲ ਦੀ ਮੂਹਰਲੀ ਸੀਟ) ਉੱਤੇ ਬੈਠਾ ਸੀ। ਸ਼ਾਇਦ ਆਜ਼ਾਦੀ ਦਾ ਅਹਿਸਾਸ ਪੂਰੇ ਚੌਦਾਂ ਸਾਲ ਬਾਅਦ ਅੱਜ ਉਸ ਨੂੰ ਪਹਿਲੀ ਵਾਰ ਹੋਇਆ ਸੀ। ਉਹ ਅੰਦਰੋ ਅੰਦਰ ਬਹੁਤ ਪ੍ਰਸੰਨ ਹੋਇਆ। ਫਿਰ ਉਸ ਨੂੰ ਯਾਦ ਆਇਆ ਕਿ ਸੰਨ ਸੰਤਾਲੀ ਦੀ ਪੰਦਰਾਂ ਅਗਸਤ ਤੋਂ ਪਹਿਲਾਂ ਫ਼ਰੰਟ ਸੀਟ ਇਸੇ ਸਰਦਾਰ ਵਾਸਤੇ ਸਦਾ ਰਾਖਵੀਂ ਰੱਖੀ ਜਾਂਦੀ ਸੀ। ਇਸ ਉੱਤੇ ਸਿਵਾਏ ਉਸ ਤੋਂ ਹੋਰ ਕੋਈ ਵੀ ਨਹੀਂ ਬੈਠ ਸਕਦਾ ਸੀ। ਉਨ੍ਹੀਂ ਦਿਨੀਂ ਲਾਰੀਆਂ ਵਿਚ ਵੀ ਦੋ ਦਰਜੇ ਹੁੰਦੇ ਸਨ। ਡਿਉਢੇ ਕਿਰਾਏ ਵਾਲਾ ਤੇ ਇਕਹਿਰੇ ਕਿਰਾਏ ਵਾਲਾ। ਪਰ ਹੁਣ ਫ਼ਰੰਟ ਸੀਟ ਦਾ ਕਿਰਾਇਆ ਵੀ ਉਤਨਾ ਹੀ ਸੀ ਜਿਤਨਾ ਕਿ ਪਿਛਲੀਆਂ ਸੀਟਾਂ ਦਾ।

ਫਿਰ ਉਸ ਨੂੰ ਆਜ਼ਾਦੀ ਮਿਲਣ ਤੋਂ ਪਹਿਲਾਂ ਦੀ ਉਹ ਘਟਨਾ ਯਾਦ ਆਈ, ਜਦੋਂ ਇਕ ਵਾਰ ਕੋਈ ਪੜ੍ਹਿਆ ਲਿਖਿਆ ਬਾਬੂ ਪਿੰਡੋਂ ਲਾਰੀ ਚੱਲਣ ਤੋਂ ਪਹਿਲਾਂ ਫ਼ਰੰਟ ਸੀਟ ਉੱਤੇ ਆ ਬੈਠਾ ਸੀ। ਲਾਰੀ ਚੱਲਣ ਤੋਂ ਕੁਝ ਚਿਰ ਪਹਿਲਾਂ ਦੂਰੋਂ ਆਉਂਦੇ ਸਰਦਾਰ ਨੂੰ ਵੇਖ ਕੇ ਡਰਾਈਵਰ ਨੇ ਬਾਬੂ ਨੂੰ ਬਥੇਰਾ ਸਮਝਾਇਆ ਕਿ ਇਹ ਸੀਟ ਸਰਦਾਰ ਸਾਹਿਬ ਵਾਸਤੇ ਰਾਖਵੀਂ ਰੱਖੀ ਗਈ ਹੈ, ਪਰ ਬਾਬੂ ਨੇ ਇਕ ਨਾ ਮੰਨੀ ਤੇ ਕਿਹਾ, "ਮੈਂ ਵੀ ਡਿਉਢਾ ਕਿਰਾਇਆ ਖ਼ਰਚਿਆ ਹੈ। ਮੈਂ ਕਿਉਂ ਉੱਠਾਂ ?" ਏਨੇ ਚਿਰ ਨੂੰ ਸਰਦਾਰ ਵੀ ਆ ਗਿਆ। ਜਦੋਂ ਇਸ ਗੜਬੜ ਦਾ ਉਸ ਨੂੰ ਪਤਾ ਲੱਗਾ, ਤਾਂ ਉਹ ਅੱਗ ਭੰਬੂਕਾ ਹੋ ਗਿਆ। ਫਿਰ ਉਸ ਦੇ ਇਸ਼ਾਰੇ ਉੱਤੇ ਉਸ ਦੇ ਨੌਕਰਾਂ ਨੇ ਬਾਬੂ ਹੋਰਾਂ ਨੂੰ ਸਮੇਤ ਸਮਾਨ ਦੇ ਲਾਰੀ 'ਚੋਂ ਧੂ ਲਿਆ। ਸਭ ਸਵਾਰੀਆਂ ਸਹਿਮੀਆਂ ਹੋਈਆਂ ਸਨ। ਸਰਦਾਰ ਸਭ ਨੂੰ ਗਾਲ੍ਹਾਂ ਕੱਢ ਰਿਹਾ ਸੀ। ਪਰ ਅੱਜ ਉਹੀ ਸਰਦਾਰ ਪਿਛਲੀ ਸੀਟ ਉੱਤੇ ਬੈਠਾ ਸੀ ਤੇ ਆਪ ਉਹ ਫ਼ਰੰਟ ਸੀਟ ਉੱਤੇ। ਉਸ ਨੂੰ ਕੋਈ ਉਠਾਲ ਨਹੀਂ ਸੀ ਸਕਦਾ।

ਫਿਰ ਉਸ ਨੂੰ ਯਾਦ ਆਇਆ ਕਿ ਇਕ ਵਾਰ ਛੋਟੇ ਹੁੰਦਿਆਂ ਉਹ ਮੱਝਾਂ ਚਾਰਨ ਗਿਆ ਸੀ ਕਿ ਇਕ ਮੱਝ ਬੇ-ਧਿਆਨੀ ਦੇ ਕਾਰਨ ਸਰਦਾਰ ਦੀਆਂ ਛੱਲੀਆਂ ਵਿਚ ਜਾ ਵੜੀ। ਬਸ ਫਿਰ ਕੀ ਸੀ ਸਰਦਾਰ ਨੇ ਉਸ ਨੂੰ ਬੈਂਤਾਂ ਨਾਲ ਖ਼ੂਬ ਪਿੰਜਿਆ, ਗਾਲ੍ਹਾਂ ਕੱਢੀਆਂ ਤੇ ਹਰ ਵਗਾਰ ਕਰਵਾਈ ਤਾਂ ਜਾ ਕੇ ਉਸ ਦੀ ਖਲਾਸੀ ਹੋਈ ਸੀ। ਪਰ ਇਸ 'ਤੇ ਸਰਦਾਰ ਨੂੰ ਕਿਸੇ ਕੁਝ ਨਾ ਆਖਿਆ ਤੇ ਉਸ ਨੂੰ ਹੀ ਫਿਟਕਾਰਾਂ ਪਾਈਆਂ। ਇਸ ਘਟਨਾ ਦੀ ਯਾਦ ਨਾਲ ਉਸ ਦੇ ਮਨ ਵਿਚ ਸਰਦਾਰ ਦੇ ਵਿਰੁੱਧ ਬਹੁਤ ਘ੍ਰਿਣਾ ਪੈਦਾ ਹੋ ਗਈ। ਫਿਰ ਉਸ ਨੂੰ ਅੱਡੇ ਵਿਚ ਹੋਈ ਕਾਨਫ਼ਰੰਸ ਸਮੇਂ ਇਕ ਆਗੂ ਦੇ ਦਿੱਤੇ ਭਾਸ਼ਨ ਦੇ ਇਹ ਸ਼ਬਦ ਯਾਦ ਆਏ : "ਹੁਣ ਸਾਡਾ ਦੇਸ਼ ਆਜ਼ਾਦ ਹੈ। ਅਮੀਰ ਗਰੀਬ ਸਭ ਇੱਕੋ ਜਿਹੇ ਹਨ। ਕੋਈ ਵੀ ਵੱਡਾ ਛੋਟਾ ਨਹੀਂ। ਤੁਸੀਂ ਵਜ਼ੀਰਾਂ ਤੇ ਸਰਕਾਰੀ ਅਫ਼ਸਰਾਂ ਨੂੰ ਗ਼ਲਤ ਕੰਮ ਕਰਨ ਪੁਰ ਟੋਕ ਸਕਦੇ ਹੋ। ਛੂਆ-ਛਾਤ ਦੀ ਕਾਨੂੰਨੀ ਮਨਾਹੀ ਹੈ। ਸਾਰੇ ਹੀ ਆਜ਼ਾਦ ਦੇਸ਼ ਦੇ ਆਜ਼ਾਦ ਸ਼ਹਿਰੀ ਹਨ।" ਇਹਨਾਂ ਸ਼ਬਦਾਂ ਨੂੰ ਯਾਦ ਕਰਕੇ ਉਸ ਨੇ ਇਕ ਵਾਰ ਫੇਰ ਪਿਛਾਂਹ ਮੁੜ ਕੇ ਸਰਦਾਰ ਵਲ ਵੇਖਿਆ। ਸਰਦਾਰ ਨੇ ਉਸ ਵਲ ਸਰਸਰੀ ਤੌਰ ਤੇ ਵੇਖ ਕੇ ਨਜ਼ਰਾਂ ਭੁਆ ਲਈਆਂ। ਇਸ ਵਿਚ ਉਸ ਨੂੰ ਆਪਣੀ ਜਿੱਤ ਪ੍ਰਤੀਤ ਹੋਈ। ਉਹ ਖ਼ੁਸ਼ੀ ਨਾਲ ਝੂਮ ਉੱਠਿਆ। ਫ਼ਰੰਟ ਸੀਟ ਉੱਤੇ ਬੈਠਾ ਅੱਜ ਉਹ ਪਹਿਲੀ ਵਾਰ ਆਪਣੇ ਆਪ ਨੂੰ ਆਜ਼ਾਦ ਦੇਸ਼ ਦਾ ਆਜ਼ਾਦ ਸ਼ਹਿਰੀ ਅਨੁਭਵ ਕਰ ਰਿਹਾ ਸੀ। ਉਹ ਸੀਟ, ਜਿਸ ਉੱਤੇ ਬੈਠਣ ਲਈ ਉਸ ਨੇ ਕਈ ਵਾਰ ਸੁਫ਼ਨੇ ਲਏ ਸਨ, ਅੱਜ ਉਸ ਦੇ ਹੇਠਾਂ ਸੀ ਤੇ ਉਸ ਦਾ ਮਾਲਕ ਸਰਦਾਰ ਉਸ ਦੇ ਪਿੱਛੇ ਸਾਧਾਰਨ ਆਦਮੀਆਂ ਵਾਂਗ ਬੈਠਾ ਸੀ। ਭਾਵੇਂ ਉਸ ਦੇ ਸਰੀਰ ਉੱਤੇ ਵਧੀਆ ਕਪੜੇ ਸਨ ਤੇ ਉਸ ਕੋਲੋਂ ਵਧੀਆ ਸੈਂਟ ਦੀ ਖ਼ੁਸ਼ਬੂ ਆ ਰਹੀ ਸੀ। ਉਸ ਨੇ ਵੀ ਆਪਣੇ ਕਪੜਿਆਂ ਵਲ ਝਾਤੀ ਮਾਰੀ ਅਤੇ ਉਸ ਨੂੰ ਇੰਜ ਪ੍ਰਤੀਤ ਹੋਇਆ ਜਿਵੇਂ ਉਹਨਾਂ ਵਿੱਚੋਂ ਵੀ ਮਧੁਰ ਮਹਿਕ ਆ ਰਹੀ ਹੋਵੇ। ਉਹ ਸੱਚਮੁਚ ਬਹੁਤ ਖ਼ੁਸ਼ ਸੀ ਤੇ ਆਪਣੇ ਆਪ ਨੂੰ ਸਰਦਾਰ ਤੋਂ ਕਿਸੇ ਗੱਲੋਂ ਵੀ ਘੱਟ ਨਹੀਂ ਸੀ ਸਮਝਦਾ।

ਪਿੰਡ ਆ ਗਿਆ ਤੇ ਲਾਰੀ ਖੜ੍ਹ ਗਈ। ਉਸ ਨੇ ਉਤਰਨ ਦੀ ਕੋਈ ਕਾਹਲ ਨਾ ਕੀਤੀ। ਸ਼ਾਇਦ ਉਹ ਇਸ ਅਹਿਸਾਸ ਨੂੰ ਕੁਝ ਪਲ ਹੋਰ ਮਾਨਣਾ ਚਾਹੁੰਦਾ ਸੀ। ਜਦੋਂ ਸਭ ਸਵਾਰੀਆਂ ਉੱਤਰ ਗਈਆਂ ਤਾਂ ਉਹ ਵੀ ਹੇਠਾਂ ਉੱਤਰ ਆਇਆ।

"ਓਏ ਬੋਲਿਆ ! ਇਹ ਸਾਮਾਨ ਸਾਡੇ ਘਰ ਤਕ ਲੈ ਚੱਲ। ਦੋ ਆਨੇ ਲੈ ਲਵੀਂ।" ਉਸ ਦੇ ਕੰਨਾਂ ਵਿਚ ਸਰਦਾਰ ਦੀ ਆਵਾਜ਼ ਪਈ। ਪਰ ਉਸ ਨੇ ਇਹ ਆਵਾਜ਼ ਜਿਵੇਂ ਅਣਸੁਣੀ ਕਰ ਦਿੱਤੀ। ਉਹ ਸੋਚ ਰਿਹਾ ਸੀ ਕਿ ਉਹ ਹੁਣ ਆਜ਼ਾਦ ਦੇਸ਼ ਦਾ ਆਜ਼ਾਦ ਸ਼ਹਿਰੀ ਹੈ। ਹੁਣ ਸਭ ਇੱਕੋ ਜਿਹੇ ਹਨ। ਕੋਈ ਕਿਸੇ ਦਾ ਭਾਰ ਕਿਉਂ ਚੁੱਕੇ ? ਉਹ ਫ਼ਰੰਟ ਸੀਟ ਉੱਤੇ ਬੈਠਣ ਦੀ ਖ਼ੁਸ਼ੀ ਨੂੰ ਏਨੀ ਛੇਤੀ ਨਹੀਂ ਸੀ ਗੁਆਉਣਾ ਚਾਹੁੰਦਾ। ਉਸ ਦੇ ਮਨ ਵਿਚ ਸਰਦਾਰ ਵਿਰੁੱਧ ਘਿਰਣਾ ਸੀ।

"ਬੋਲਿਆ ! ਸੁਣਿਆ ਨਹੀਂ ਤੂੰ। ਚਲ ਚਾਰ ਆਨੇ ਲੈ ਲਵੀਂ, ਚੱਲ ਚੁੱਕ।" ਇਹ ਸੁਣ ਕੇ ਉਸ ਦਾ ਜੀ ਕੀਤਾ ਕਿ ਉਹ ਸਰਦਾਰ ਨੂੰ ਖਰੀਆਂ ਖਰੀਆਂ ਸੁਣਾ ਦੇਵੇ। "ਓਏ ਲਿਜਾਵੇਂਗਾ ਵੀ ਕਿ ਨਹੀਂ ?" ਸਰਦਾਰ ਨੇ ਉਸ ਨੂੰ ਫੇਰ ਕਿਹਾ।

"ਨਹੀਂ" ਨੂੰ ਉਸ ਨੇ ਬੁੱਲ੍ਹਾਂ ਦੇ ਵਿਚ ਹੀ ਘੁਟ ਲਿਆ। ਉਸ ਦੀਆਂ ਅੱਖਾਂ ਅੱਗੇ ਉਸ ਦੀ ਰੋਣਹਾਕੀ ਪਤਨੀ ਦੀ ਤਸਵੀਰ ਘੁੰਮ ਰਹੀ ਸੀ, ਉਸ ਦੇ ਬੱਚਿਆਂ ਦੀਆਂ ਫ਼ਰਮਾਇਸ਼ਾਂ ਉਸ ਦੇ ਕੰਨਾਂ ਵਿਚ ਗੂੰਜ ਰਹੀਆਂ ਸਨ। ਉਸ ਦੀਆਂ ਨਜ਼ਰਾਂ ਦੇ ਸਾਹਮਣੇ ਚੌਧਰੀਆਂ ਦਾ ਅਸ਼ਟਾਮ ਘੁੰਮ ਰਿਹਾ ਸੀ ਤੇ ਫਿਰ ਆਪ-ਮੁਹਾਰਾ ਹੀ ਉਸ ਦੇ ਹੱਥ ਸਰਦਾਰ ਦੇ ਸਾਮਾਨ ਵਲ ਬਹੁੜ ਪਏ। ਉਸ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਫ਼ਰੰਟ ਸੀਟ ਦਾ ਭਾਰ ਡਿਉਢਾ, ਚੌਗਣਾ ਤੇ ਫਿਰ ਕਈ ਗੁਣਾ ਹੋ ਗਿਆ ਹੋਵੇ ਤੇ ਉਹ ਸੀਟ ਉਸ ਦੇ ਹੇਠਾਂ ਨਹੀਂ, ਸਗੋਂ ਉਸ ਦੇ ਸਿਰ ਉੱਤੇ ਆ ਗਈ ਹੋਵੇ ਅਤੇ ਉਸ ਨੂੰ ਧਰਤੀ ਵਿਚ ਦਬਾਈ ਚਲੀ ਜਾ ਰਹੀ ਹੋਵੇ।

# ਖੁੱਲ੍ਹੀ ਬੋਤਲ

"ਔਰਤ ਤਾਂ ਇਕ ਬੰਦ ਬੋਤਲ ਹੈ। ਖੁੱਲ੍ਹੀ ਹੋਈ ਸੋਢੇ ਦੀ ਬੋਤਲ ਨੂੰ ਪੀਣ ਦਾ ਐਨਾ ਸਵਾਦ ਨਹੀਂ ਆਉਂਦਾ, ਜਿੰਨਾ ਕਿ ਉਸੇ ਵੇਲੇ ਆਪਣੇ ਹੱਥ ਨਾਲ ਖੋਲ੍ਹ ਕੇ ਪੀਣ ਵਿਚ। ਖੁੱਲ੍ਹੀ ਹੋਈ ਸੋਢੇ ਦੀ ਬੋਤਲ 'ਚੋਂ ਗੈਸ ਨਿਕਲੀ ਜਾਂਦੀ ਹੈ ਤੇ ਨਾਲੇ ਕੀ ਪਤਾ ਕਿ ਉਹ ਪਹਿਲਾਂ ਕਿਸੇ ਨੇ ਜੂਠੀ ਕਰਕੇ ਹੀ ਛੱਡੀ ਹੋਵੇ। ਜੂਠੀ ਬੋਤਲ ਤੇ ਜੂਠੀ ਔਰਤ ਮੈਂ ਕਦੇ ਵੀ ਪਸੰਦ ਨਹੀਂ ਕਰਦਾ।"

ਕੰਵਲ ਅਕਸਰ ਇਉਂ ਹੀ ਕਿਹਾ ਕਰਦਾ ਸੀ। ਉਹ ਉਹਨਾਂ ਵਿਅਕਤੀਆਂ ਵਿੱਚੋਂ ਇਕ ਸੀ, ਜਿਹੜੇ ਆਪਣੀ ਚੜ੍ਹਦੀ ਉਮਰ ਦੇ ਪਹਿਲੇ ਪਿਆਰ ਵਿਚ ਅਸਫਲ ਹੋ ਕੇ, ਆਤਮਕ ਪਿਆਰ ਤੋਂ ਮੂੰਹ ਫੇਰ ਬਹਿੰਦੇ ਹਨ। ਸਰੀਰਕ ਪਿਆਰ ਤੇ ਭਾਵਾਂ ਦੇ ਹੱਕ ਵਿਚ ਉਹ ਅਕਸਰ ਕਵਿਤਾ ਵੀ ਕਹਿ ਲੈਂਦਾ ਸੀ। ਪਰ ਉਸ ਦਾ ਮੰਤਵ ਕਵਿਤਾ ਲਿਖਣ ਨਾਲੋਂ ਵਧੇਰੇ ਬਹਿਸ ਵਿਚ ਉਲਝੇ ਯਾਰਾਂ ਦੋਸਤਾਂ ਨੂੰ ਮਨਾਉਣ ਲਈ ਕਾਵਿਕ ਦਲੀਲ ਦੇਣਾ ਹੀ ਹੁੰਦਾ ਸੀ। ਆਪਣੇ ਕਾਲਜ ਦੇ ਜੀਵਨ ਵਿਚ ਭਾਈ ਵੀਰ ਸਿੰਘ ਦੀ ਪੜ੍ਹੀ ਇਕ ਤੁਕ ਦੀ ਆਪਣੀ ਕਵਿਤਾ ਵਿਚ ਗਲਤ ਵਿਆਖਿਆ ਕਰਕੇ, ਉਹ ਕਦੇ-ਕਦੇ ਵਿਅੰਗਾਤਮਕ ਵੀ ਹੋ ਜਾਂਦਾ ਸੀ :

"ਜਿਤ ਵਲ ਨਜ਼ਰ ਉਤੇ ਵਲ ਦਿਸਦਾ,<br>
ਆਖ ਕੇ ਮੇਰੀ ਸੱਜਣੀ ਇੰਞ ਨਾ,<br>
ਵਣ ਵਣ ਦੀ ਲੱਕੜੀ ਨੂੰ ਤੱਕਦੇ,<br>
ਫੁੱਲ ਫੁੱਲ ਦੀ ਪ੍ਰਕਰਮਾਂ ਕਰਦੇ।"

ਉਹ ਉਹਨਾਂ ਵਿਗੜ ਚੁੱਕੇ ਵਿੱਦਿਆਰਥੀਆਂ ਦੀ ਬਕਾਇਆ ਯਾਦ ਸੀ, ਜਿਹੜੇ ਕਾਲਜ ਦੇ ਜੀਵਨ ਵਿਚ ਆਪਣੇ ਮਾਪਿਆਂ ਦੀ ਖ਼ੂਨ ਪਸੀਨੇ ਦੀ ਕਮਾਈ ਨੂੰ ਪਾਣੀ ਵਾਂਗ ਰੋੜ੍ਹ ਕੇ, ਆਪਣੀ ਐਸ਼ ਤੇ ਰੰਗ-ਰਲੀਆਂ ਦਾ ਸਾਮਾਨ ਬਣਾਉਂਦੇ ਹਨ। 'ਹੱਥ ਪੁਰਾਣੇ ਖੌਂਸੜੇ ਬਸੰਤੇ ਹੋਰੀਂ ਆਏ', ਦੇ ਕਥਨ ਅਨੁਸਾਰ ਉਹ ਉਹਨਾਂ ਮੁੰਡਿਆਂ ਵਿੱਚੋਂ ਇਕ ਸੀ, ਜਿਹੜੇ ਕਾਲਜ ਦੀ ਪੜ੍ਹਾਈ ਵਿਚ ਤਿੰਨ-ਚਾਰ ਵਾਰ ਫੇਲ੍ਹ ਹੋ ਕੇ ਮੁੜ ਪਿੰਡ ਦੀਆਂ ਗਲੀਆਂ ਕੱਛਣ ਵਾਸਤੇ ਉਵੇਂ ਹੀ ਵਾਪਸ ਪਰਤ ਆਉਂਦੇ ਹਨ। ਕੰਵਲ ਨੂੰ ਆਪਣੇ ਵਿੱਦਿਆਰਥੀ-ਜੀਵਨ ਦੀ ਅਸਫਲਤਾ ਦੇ ਗ਼ਮ ਨਾਲੋਂ ਉਸ ਜੀਵਨ ਦੀਆਂ ਰੰਗੀਨੀਆਂ ਦੀ ਹਸਰਤ ਵਧੇਰੇ ਸੀ। ਉਹਨਾਂ ਰੰਗੀਨੀਆਂ ਦੀ ਘਾਟ ਨੂੰ ਪੂਰਿਆਂ ਕਰਨ ਲਈ ਉਸ ਨੇ ਆਪਣੀ ਜ਼ਿੰਦਗੀ ਸਰੀਰਕ-ਪ੍ਰੀਤ ਦੀ ਤ੍ਰਿਸ਼ਨਾਂ ਦੇ ਖੋਭੇ ਵਿਚ ਖੋਭ ਲਈ ਸੀ। ਉਸ ਦੀ ਜ਼ਿੰਦਗੀ ਵਿਚ ਕਈ 'ਬੰਦ ਬੋਤਲਾਂ' ਆਈਆਂ ਸਨ, ਪਰ ਉਸ ਦੀ ਤ੍ਰਿਸ਼ਨਾ ਹੋਰ ਵੀ ਵਧਦੀ ਗਈ। ਉਹ ਰੰਗ-ਬਿਰੰਗ ਦਾ ਭੌਰਾ ਸੀ, ਉਹ ਕਲੀ-ਕਲੀ ਦਾ ਪਿਆਸਾ ਸੀ।

ਘਰ ਦਿਆਂ ਨੇ ਉਸ ਦੇ ਸੁਧਾਰ ਲਈ ਉਸ ਦਾ ਵਿਆਹ ਕਰ ਦਿੱਤਾ। ਮਰਜ਼ੀ ਤੋਂ ਉਲਟ ਵਿਆਹ ਦਾ ਕੌੜਾ ਘੁੱਟ ਭਰ ਕੇ ਵੀ ਉਹ ਅਕਸਰ ਹੱਸ ਕੇ ਕਹਿ ਛੱਡਦਾ—"ਬਿਨ ਮਾਂਗਾ ਸੁ ਦੂਧ ਬਰਾਬਰ, ਮਾਂਗ ਲੀਆ ਸੁ ਪਾਣੀ।"

ਕੁਝ ਵੀ ਹੋਵੇ ਉਹ ਆਪਣੇ ਵਿਆਹ ਨਾਲ ਸੰਤੁਸ਼ਟ ਨਹੀਂ ਸੀ। ਆਪਣੀ ਮਿਲਾਪ-ਰਾਤ ਉਸ ਨੂੰ ਅਜੇ

ਤਕ ਯਾਦ ਸੀ, ਜਦੋਂ ਉਸ ਦੀਆਂ ਆਸਾਂ ਉੱਤੇ ਪਾਣੀ ਫਿਰ ਗਿਆ ਸੀ। ਉਸ ਦੇ ਸੁਖ-ਆਸਣ ਤੇ ਇਕ ਖੁੱਲ੍ਹੀ ਹੋਈ ਬੋਤਲ ਪਈ ਸੀ। ਉਸ ਨੂੰ ਕਿੰਨੀ ਕਾਣਤ ਆਈ ਸੀ, ਕਿੰਨੀ ਨਫ਼ਰਤ ਹੋਈ ਸੀ। ਤੇ ਫਿਰ ਉਸ ਨੂੰ ਇਕ-ਇਕ ਕਰਕੇ ਆਪਣੀ ਜ਼ਿੰਦਗੀ ਵਿਚ ਆਈਆਂ ਸਭ 'ਬੰਦ ਬੋਤਲਾਂ' ਯਾਦ ਆਈਆਂ ਅਤੇ ਉਸ ਨੂੰ ਇੰਜ ਅਨੁਭਵ ਹੋਇਆ ਜਿਵੇਂ ਕਿਸੇ ਨੇ ਚਿੱਕੜ ਦੀ ਥਾਲੀ ਭਰ ਕੇ ਉਸ ਦੇ ਮੂੰਹ ਉੱਤੇ ਸੁੱਟ ਦਿੱਤੀ ਹੋਵੇ। ਉਸ ਨੂੰ ਕਿੰਨੀ ਨਫ਼ਰਤ ਸੀ ਖੁੱਲ੍ਹੀਆਂ ਬੋਤਲਾਂ ਨਾਲ। ਪਰ ਹੁਣ ਇਕ ਖੁੱਲ੍ਹੀ ਹੋਈ ਬੋਤਲ ਨਾਲ ਹੀ ਉਸ ਨੇ ਆਪਣਾ ਜੀਵਨ ਗੁਜ਼ਾਰਨਾ ਸੀ। ਪਲ ਦੀ ਪਲ ਉਸ ਦੇ ਮਨ ਵਿੱਚੋਂ ਇਕ ਆਵਾਜ਼ ਉੱਠੀ ਕਿ ਇਹ ਕਦਾਚਿਤ ਨਹੀਂ ਹੋ ਸਕਦਾ, ਪਰ ਫੇਰ ਮਾਪਿਆਂ ਦੇ ਜ਼ੋਰ, ਸ਼ਰੀਕੇ ਭਾਈਚਾਰੇ ਵਿਚ ਬਦਨਾਮੀ ਦੇ ਡਰ, ਮੁਕੱਦਮੇ ਤੇ ਖ਼ਰਚੇ ਦੀ ਮੰਗ ਦੇ ਡਰ ਤੋਂ ਉਸ ਨੇ ਜੀਵਨ ਦੇ ਹਾਲਾਤ ਨਾਲ ਪਹਿਲੀ ਵਾਰੀ ਸਮਝੌਤਾ ਕਰਨਾ ਸਿੱਖਿਆ। ਇਸ ਦੇ ਬਾਵਜੂਦ ਵੀ ਘਰ ਵਿਚ ਉਸ ਦਾ ਮਨ ਨਹੀਂ ਸੀ ਖੁੱਭਦਾ।

ਵੀਹ-ਬਾਈ ਘੁਮਾਂ ਉਨ੍ਹਾਂ ਦੀ ਘਰ ਦੀ ਜ਼ਮੀਨ ਸੀ। ਟਿਊਬਵੈੱਲ ਦੀ ਖੇਤੀ ਦਾ ਸਾਰਾ ਭਾਰ ਉਸ ਨੇ ਆਪਦੇ ਮੋਢਿਆਂ ਉੱਤੇ ਚੁੱਕ ਲਿਆ। ਉਸ ਦਾ ਬੁੱਢਾ ਬਾਪ ਭਲਾ ਕਿੰਨਾਂ ਕੁ ਚਿਰ ਹੋਰ ਉਨ੍ਹਾਂ ਲਈ ਟੁੱਟ-ਟੁੱਟ ਮਰਦਾ। ਖੇਤੀ ਦੇ ਕੰਮ ਵਿਚ ਉਸ ਦਾ ਵਾਹ ਗੁਡਾਵੇ ਤੇ ਗੁਡਾਵੀਆਂ ਨਾਲ ਪੈਂਦਾ। ਪਰ ਉਹ ਆਪਣੇ ਖੇਤਾਂ ਦੀ ਗੁਡਾਈ ਲਈ ਗੁਡਾਵੀਆਂ ਨੂੰ ਹੀ ਤਰਜੀਹ ਦਿੰਦਾ। ਇਨ੍ਹਾਂ ਗੁਡਾਵੀਆਂ ਵਿਚ ਬੰਦ ਘੱਟ ਪਰ ਖੁੱਲ੍ਹੀਆਂ ਬੋਤਲਾਂ ਵਧੇਰੇ ਹੁੰਦੀਆਂ ਸਨ। ਇਨ੍ਹਾਂ ਲਈ ਉਸ ਨੂੰ ਬਹੁਤਾ ਯਤਨ ਵੀ ਨਹੀਂ ਸੀ ਕਰਨਾ ਪੈਂਦਾ। ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਗ਼ਰਜ਼ਾਂ ਪੂਰੀਆਂ ਕਰਕੇ, ਰੁੱਗ ਬਰਸੀਮ ਦਾ, ਜਾਂ ਕੁਲਾਵਾ ਕੁ ਬਾਜਰੇ ਦਾ ਦੇ ਕੇ ਅਤੇ ਕਦੇ ਟੋਕਰਾ ਤੂੜੀ ਦਾ ਜਾਂ ਚਾਰ ਛੱਲੀਆਂ ਦੇ ਕੇ ਉਹ ਉਨ੍ਹਾਂ ਦਾ ਸੁਆਮੀ ਬਣ ਸਕਦਾ ਸੀ। ਉਸ ਦੀ ਤ੍ਰਿਸ਼ਨਾ ਹੌਲੀ-ਹੌਲੀ ਖੁੱਲ੍ਹੀਆਂ ਤੇ ਬੰਦ ਬੋਤਲਾਂ ਦੇ ਅੰਤਰ ਨੂੰ ਮੇਟ ਕੇ ਦੋਹਾਂ ਨੂੰ ਅਪਨਾਉਣ ਲੱਗ ਪਈ। ਹੁਣ ਉਹ ਖੁੱਲ੍ਹੀਆਂ ਬੋਤਲਾਂ ਲਈ ਵੀ ਉੰਨਾਂ ਹੀ ਦਿਲ ਰਖਦਾ ਸੀ, ਜਿੰਨਾ ਕਿ ਬੰਦ ਲਈ।

ਖੇਤੀ ਦੇ ਕੰਮ ਦੀ ਸਖ਼ਤ ਮਿਹਨਤ ਨਾਲ ਉਸ ਦੇ ਸਿਰ ਵਿਚ ਉਮਰ ਤੋਂ ਪਹਿਲਾਂ ਹੀ ਧੌਲੇ ਆਉਣੇ ਆਰੰਭ ਹੋ ਗਏ ਸਨ। ਸਿਰ ਦੇ ਧੌਲਿਆਂ ਨੂੰ ਤਾਂ ਕੋਈ ਢਕ ਸਕਦਾ ਹੈ ਪੱਗ ਬੰਨ੍ਹ ਕੇ, ਪਰ ਇਨ੍ਹਾਂ ਦਾੜ੍ਹੀ ਦੇ ਧੌਲਿਆਂ ਦਾ ਕੋਈ ਕੀ ਕਰੇ ? ਉਸ ਦੀ ਭਰਵੀਂ ਤੇ ਤਰਾਸ਼ੀ ਹੋਈ ਕਾਲੀ ਦਾੜ੍ਹੀ ਵਿਚ ਉੱਗਿਆ ਕੋਈ-ਕੋਈ ਚਾਂਦੀ-ਚਿੱਟਾ ਧੌਲਾ, ਉਸ ਨੂੰ ਇਸ ਤਰ੍ਹਾਂ ਜਾਪਦਾ ਜਿਵੇਂ ਕਣਕ ਦੀ ਪੈਲੀ ਵਿਚ ਮੈਨਾਂ ਜਾਂ ਛੱਲੀਆਂ ਦੀ ਫਸਲ ਵਿਚ ਇਟਸਿਟ ਤੇ ਹੋਰ ਕੋਈ ਫਾਲਤੂ ਬੂਟੀ ਉੱਗੀ ਹੋਈ ਹੋਵੇ। ਫਿਰ ਉਹ ਸ਼ੀਸ਼ੇ ਦੇ ਅੱਗੇ ਬੈਠ ਕੇ ਇਸ ਫ਼ਾਲਤੂ ਬੂਟੀ ਨੂੰ ਮੋਚਨੇ ਨਾਲ ਜੜ੍ਹਾਂ ਤੋਂ ਕੱਢ ਸੁੱਟਦਾ। ਪਰ ਇਹ ਧੌਲੇ ਵੀ ਬੜੇ ਬੇਸ਼ਰਮ ਸਨ। ਚੰਦਰੇ ਇਕ ਦੀ ਥਾਂ ਦੋ ਉਗਦੇ ਤੇ ਉਸ ਨੂੰ ਇਸ ਤਰ੍ਹਾਂ ਜਾਪਦਾ ਜਿਵੇਂ ਉਸ ਦੇ ਮਨ ਦੀ ਚੁਗਲੀ ਕਰ ਰਹੇ ਹੋਣ। ਏਸੇ ਲਈ ਧੌਲਿਆਂ ਦੇ ਸੰਬੰਧ ਵਿਚ ਉਹ ਕੁਝ ਵਧੇਰੇ ਹੀ ਚੇਤੰਨ ਹੋ ਗਿਆ ਸੀ। ਹਰ ਸਵੇਰੇ ਕੰਮ ਆਰੰਭ ਕਰਨ ਤੋਂ ਪਹਿਲਾਂ ਤੇ ਹਰ ਸ਼ਾਮ ਕੰਮ ਖ਼ਤਮ ਕਰਨ ਤੋਂ ਬਾਅਦ ਉਹ ਆਪਣੀ ਦਾੜ੍ਹੀ ਦਾ ਮੁਆਇਨਾ ਕਰਦਾ। ਇਕ ਈਮਾਨਦਾਰ ਤੇ ਮਿਹਨਤੀ ਜ਼ਿੰਮੀਂਦਾਰ ਵਾਂਗ, ਜਿਹੜਾ ਆਪਣੇ ਖੇਤਾਂ ਵਿਚ ਕੋਈ ਫ਼ਾਲਤੂ ਬੂਟਾ ਨਹੀਂ ਉੱਗਣ ਦਿੰਦਾ। ਦਾੜ੍ਹੀ ਉਸ ਦੀ ਖੇਤੀ ਵਾਂਗ, ਵਿਹਲੇ ਵੇਲੇ ਉਸ ਦੀ ਜ਼ਿੰਦਗੀ ਦਾ ਇਕ ਚੰਗਾ ਰੁਝੇਵਾਂ ਬਣ ਗਈ ਸੀ।

ਕਦੇ-ਕਦੇ ਉਸ ਦੇ ਮਨ ਵਿਚ ਧਿਆਨ ਆਉਂਦਾ ਕਿ ਕਾਸ਼ ! ਮੇਰੇ ਵੀ ਕੋਈ ਪੁੱਤਰ ਹੁੰਦਾ ਤਾਂ ਉਹ ਮੇਰੇ ਨਾਲ ਕੰਮ ਕਰਦਾ। ਮੈਨੂੰ ਦੋ ਕਾਮੇ ਨਾ ਰੱਖਣੇ ਪੈਂਦੇ। ਪਰ ਖੁੱਲ੍ਹੀ ਬੋਤਲ ਦੇ ਖ਼ਿਆਲ ਨਾਲ ਉਸ ਦਾ ਸਾਰਾ ਮਜ਼ਾ ਕਿਰਕਿਰਾ ਹੋ ਜਾਂਦਾ। ਮਾਪਿਆਂ ਦੇ ਜ਼ੋਰ ਦੇਣ 'ਤੇ ਉਸ ਨੇ ਆਪਣੀ ਵਹੁਟੀ ਨੂੰ ਤੀਰਥ-ਯਾਤਰਾ ਵੀ ਕਰਵਾਈ। ਉਸ ਦੀ ਮਾਂ ਰੋਜ਼ ਸੁੱਖਾਂ ਸੁਖਦੀ ਕਿ ਰੱਬ ਮੇਰੀ ਨੂੰਹ ਦੀ ਗੋਦ ਹਰੀ ਕਰੇ। ਆਪਣੇ ਲਈ ਨਹੀਂ ਤਾਂ ਆਪਣੇ ਮਾਪਿਆਂ ਦੀ ਖ਼ਾਹਿਸ਼ ਦੀ ਪੂਰਤੀ ਲਈ ਹੀ ਉਹ ਕਦੇ-ਕਦੇ ਘਰ ਵੀ ਸੌਣ ਲੱਗ ਪਿਆ ਸੀ।

ਅਖ਼ੀਰ ਜ਼ਿੰਦਗੀ ਨਾਲ ਇਸ ਸਮਝੌਤੇ ਦੀ ਸਰਹੱਦ ਉੱਤੇ ਇਕ ਡੋਡੀ ਮੌਲੀ। ਇਹ ਡੋਡੀ ਉਸ ਦੀ ਪਤਨੀ ਦੀ ਕੁੱਖ ਵਿੱਚੋਂ ... ਇਕ ਕਲੀ ਦੇ ਰੂਪ ਵਿਚ ਨਿਕਲੀ ਤੇ ਉਨ੍ਹਾਂ ਦੇ ਵਿਹੜੇ ਵਿਚ ਮੁਸਕਾਨਾਂ ਖਿੰਡ ਗਈਆਂ।

ਉਸ ਦੀ ਮਾਂ ਕਹਿੰਦੀ ਕਿ, "ਜੇ ਕੁੜੀ ਆਈ ਤਾਂ ਰੱਬ ਮੁੰਡਾ ਵੀ ਦੇਊ। ਮਸਾਂ-ਮਸਾਂ ਤਾਂ ਮੇਰੀ ਨੂੰਹ ਦੀ ਵੇਲ ਹਰੀ ਹੋਈ ਆ। ਅਜੇ ਕਿਹੜੀ ਪੁੱਤ ਦੀ ਉਮਰ ਲੰਘ ਗਈ।"

ਕੰਵਲ ਨੂੰ ਆਪਣੀ ਬੱਚੀ ਨਾਲ ਬਹੁਤ ਪਿਆਰ ਹੋ ਗਿਆ। ਉਹ ਵਿਹਲੇ ਵੇਲੇ ਉਸ ਨੂੰ ਖਿਡਾਉਣ ਵਿਚ ਬੜਾ ਅਨੰਦ ਪ੍ਰਤੀਤ ਕਰਦਾ। ਕੁੜੀ ਨੂੰ ਖਿਡਾਉਣ ਦੇ ਚਾਅ ਵਿਚ ਉਹ ਕਈ ਵਾਰੀ ਆਪਣੀ ਦਾੜ੍ਹੀ ਦਾ ਖ਼ਿਆਲ ਭੁੱਲ ਜਾਂਦਾ ਤੇ ਜਦੋਂ ਦੋ-ਚਾਰ ਦਿਨ ਬਾਅਦ ਕੋਲੋਂ ਲੰਘਦਿਆਂ ਕੋਈ ਖੁੱਲ੍ਹੀ ਬੋਤਲ ਟਿੱਚਰ ਕਰਦੀ—"ਹੁਣ ਤਾਂ ਤੂੰ ਸਿਆਣਾ ਹੋ ਗਿਆ। ਆਹੋ ਭਾਈ ਕਬੀਲਦਾਰੀ ਜੂ ਗਲ ਪੈ ਗਈ। ਹੁਣ ਸਾਨੂੰ ਕੌਣ ਪੁੱਛਦਾ ? ਘਰੇ ਮੋਹ ਪੈ ਗਿਆ।"

"ਨਹੀਂ, ਨਹੀਂ ਐਦਾਂ ਤਾਂ ਨਹੀਂ। ਇਹ ਚੰਦਰੇ ਧੌਲੇ ਤਾਂ ਅੱਜ ਕਲ੍ਹ ਜੰਮਦਿਆਂ ਹੀ ਆ ਜਾਂਦੇ ਆ। ਰਾਤ ਨੂੰ ਮੈਂ ਟਿਊਬਵੈੱਲ ਤੇ ਹੀ ਸੌਣਾ, ਤੂੰ ਆ ਜਾਈਂ।"

ਕਹਿ ਕੇ ਉਹ ਆਪਣਾ ਮਨ ਹੌਲਾ ਕਰ ਲੈਂਦਾ। ਪਰ ਫਿਰ ਵਕਤ ਕੱਢ ਕੇ ਉਹ ਚਾਰ-ਚਾਰ, ਪੰਜ-ਪੰਜ ਧੌਲੇ ਕੱਠੇ ਦੇ ਕੱਠੇ ਹੀ ਪੁੱਟ ਦਿੰਦਾ। ਫੇਰ ਉਹ ਮੁਸਕਰਾਉਂਦਾ ਜਿਵੇਂ ਕੋਈ ਜ਼ਿਮੀਂਦਾਰ ਆਪਣੀ ਫ਼ਸਲ ਨੂੰ ਚੰਗੀ ਤਰ੍ਹਾਂ ਗੁੱਡਣ ਤੋਂ ਬਾਅਦ ਖ਼ੁਸ਼ੀ ਦਾ ਸਾਹ ਲੈਂਦਾ ਹੈ।

ਕਈ ਦਿਨਾਂ ਤੋਂ ਉਸ ਦੀ ਵਹੁਟੀ ਦਾ ਚਿੱਤ ਢਿੱਲਾ ਸੀ। ਏਸੇ ਲਈ ਉਹ ਵੇਲੇ ਸਿਰ ਕੰਮ ਮੁਕਾ ਕੇ ਘਰ ਨੂੰ ਆ ਗਿਆ। ਉਸ ਦੀ ਮਾਂ ਨੇ ਦੱਸਿਆ ਕਿ ਡਾਕਟਰ ਉਸ ਦੀ ਵਹੁਟੀ ਨੂੰ ਦੁੱਧ-ਸੋਡਾ ਦੱਸ ਗਿਆ ਸੀ। ਉਹ ਪੰਡਤਾਂ ਦੀ ਹੱਟੀ ਤੋਂ ਸੋਢੇ ਦੀ ਬੋਤਲ ਲਿਆਇਆ। ਪੰਘੂੜੇ ਉੱਤੇ ਪਈ ਗੁੱਡੀ ਨੇ ਉਸ ਵੱਲ ਵੇਖ ਕੇ ਬਾਂਹ ਉਲਾਰੀ। ਉਹ ਉਸ ਦੇ ਕੋਲ ਬਹਿ ਗਿਆ। ਗੁੱਡੀ ਬੋਤਲ ਨਾਲ ਖੇਡਣ ਲੱਗ ਪਈ। ਉਸ ਦੇ ਖ਼ਿਆਲਾਂ ਦੀ ਰੌ ਬਹਿਕ ਗਈ।

"ਗੁੱਡੀ ਬੋਤਲ, ਬੰਦ ਬੋਤਲ, ਖੁੱਲ੍ਹੀ ਬੋਤਲ, ਗੁੱਡੀ, ਬੋਤਲ।" ਉਹ ਇਨ੍ਹਾਂ ਖ਼ਿਆਲਾਂ ਵਿਚ ਉਲਝ ਗਿਆ। ਕਦੇ-ਕਦੇ ਉਸ ਨੂੰ ਇੰਜ ਮਹਿਸੂਸ ਹੁੰਦਾ, ਜਿਵੇਂ ਬੋਤਲ ਵਿੱਚੋਂ ਗੁੱਡੀ ਦਾ ਚਿਹਰਾ ਹੱਸ ਰਿਹਾ ਹੋਵੇ, ਗੁੱਡੀ ਜਵਾਨ ਹੋ ਗਈ ਹੋਵੇ।

"ਲੈ ਪੁੱਤਾ ! ਬੋਤਲ ਖੋਲ੍ਹ, ਮੈਂ ਦੁੱਧ ਠੰਢਾ ਕਰ ਲਿਆਈ ਆਂ।" ਉਸ ਦੀ ਮਾਂ ਨੇ ਕਿਹਾ।

"ਹੈਂ ! ਨਹੀਂ !"

ਉਹ ਆਪਣੇ ਖ਼ਿਆਲਾਂ ਵਿੱਚੋਂ ਚੌਂਕ ਪਿਆ ਤੇ ਫਿਰ ਡੌਰੇ-ਭੌਰੇ ਜਿਹੇ ਨੇ ਬੋਤਲ ਖੋਲ੍ਹ ਕੇ, ਆਪਣੀ ਵਹੁਟੀ ਨੂੰ ਦੁੱਧ-ਸੋਢਾ ਪਿਆਇਆ।

"ਪੁੱਤਾ ! ਹੁਣ ਤੂੰ ਕਬੀਲਦਾਰ ਹੋ ਗਿਆ। ਇਹਦੇ ਦਾਜ ਦਹੇਜ ਲਈ ਕਪੜੇ ਟਾਕੀ ਦਾ ਹੁਣੇ ਤੋਂ ਫ਼ਿਕਰ ਕਰ।" ਕਹਿੰਦੀ ਹੋਈ ਉਸ ਦੀ ਮਾਂ ਭਾਂਡੇ ਚੁੱਕ ਕੇ ਲੈ ਗਈ।

"ਜੀ ! ਆਹ ਤੇਰੀ ਦਾਹੜੀ ਵਿਚ ਧੌਲਾ ਆ ਗਿਆ।"

ਉਸ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਉਸ ਦੀ ਵਹੁਟੀ ਨੇ ਉਸ ਨੂੰ ਦਾੜ੍ਹੀ ਵਿਚ ਧੌਲਾ ਨਾ ਦੱਸਿਆ ਹੋਵੇ, ਸਗੋਂ ਮੋਟੀ ਜਿਹੀ ਗਾਲ੍ਹ ਕੱਢ ਦਿੱਤੀ ਹੋਵੇ। ਖ਼ਿਆਲਾਂ ਦੀ ਉਲਝਣ ਵਿਚ ਹੀ ਉਹ ਟਿਊਬਵੈੱਲ ਤੇ ਜਾ ਸੁੱਤਾ। ਤਾਰੇ ਗਿਣਦਿਆਂ ਉਸ ਨੂੰ ਨੀਂਦ ਨਾ ਆਈ ਤੇ ਜਦੋਂ ਆਈ ਤਾਂ ਇਕ ਸੁਫ਼ਨਾ ਲੈ ਕੇ—

ਗੁੱਡੀ ਬੋਤਲ ਨਾਲ ਖੇਲ੍ਹ ਰਹੀ ਸੀ। ਕਦੇ ਗੁੱਡੀ ਬੋਤਲ ਬਣ ਜਾਂਦੀ ਤੇ ਕਦੇ ਬੋਤਲ ਗੁੱਡੀ। ਫਿਰ ਉਸ ਦੇ ਵੇਖਦਿਆਂ-ਵੇਖਦਿਆਂ ਹੀ ਗੁੱਡੀ ਜਵਾਨ ਹੋ ਗਈ ਤੇ ਉਸ ਦਾ ਆਕਾਰ ਸਿਮਟਦਾ ਸਿਮਟਦਾ ਬੋਤਲ ਵਿਚ ਸਮਾ ਗਿਆ। ਅਚਾਨਕ ਹੀ ਹਨੇਰੇ ਵਿੱਚੋਂ ਦੋ ਹੱਥ ਉਭਰੇ ਤੇ ਉਨ੍ਹਾਂ ਨੇ ਬੋਤਲ ਖੋਲ੍ਹ ਦਿੱਤੀ। ਇਕ ਖੜਾਕਾ ਜਿਹਾ ਹੋਇਆ।

"ਨਹੀਂ।" ਕਹਿੰਦਾ ਹੋਇਆ, ਉਹ ਅੱਭੜਵਾਹੇ ਉੱਠ ਖੜੋਤਾ ! ਉਹ ਮੰਜੀ ਤੋਂ ਉੱਠਿਆ। ਉਸ ਨੇ ਟਿਊਬਵੈੱਲ ਦੀ ਬੱਤੀ ਜਗਾਈ। ਸਾਮ੍ਹਣੀ ਕੰਧ ਉੱਤੇ ਲੱਗੇ ਹੋਏ ਸ਼ੀਸ਼ੇ ਵਿਚ ਉਸ ਦੇ ਚਿਹਰੇ ਦਾ ਅਕਸ ਉੱਘੜਿਆ, ਉਸ ਦੀ ਦਾੜ੍ਹੀ ਵਿਚ ਉੱਗੇ ਤਿੰਨ-ਚਾਰ ਧੌਲੇ ਉਸ ਦੀ ਉਮਰ ਦੀ ਚੁਗਲੀ ਕਰ ਰਹੇ ਸਨ। ਅਚੇਤ ਹੀ ਉਸ ਦਾ ਹੱਥ ਮੋਚਨੇ ਵਲ ਵਧਿਆ ਤੇ ਫਿਰ ਸ਼ੀਸ਼ੇ ਵਿਚ ਮੋਚਣੇ ਵਾਲੇ ਹੱਥ ਦਾ ਪਰਛਾਵਾਂ ਦਾੜ੍ਹੀ ਦੇ ਧੌਲਿਆਂ ਤਕ ਅੱਪੜਦਾ-ਅੱਪੜਦਾ ਅਚਾਨਕ ਰੁਕ ਗਿਆ।

# ਨਜ਼ਰੀਆ

**1.**

ਵਿਆਹ ਤੋਂ ਇਕ ਮਹੀਨਾਂ ਪਹਿਲਾਂ ਹੀ ਸੇਠ ਧਰਮ ਦਾਸ ਨੇ ਆਪਣੀ ਕੋਠੀ ਦੀ ਡੈਕੋਰੇਸ਼ਨ ਆਰੰਭ ਕਰਵਾ ਦਿੱਤੀ। ਸਫ਼ੈਦੀ ਕਰਵਾਉਣ ਤੋਂ ਉਪਰੰਤ ਕੋਠੀ ਨੂੰ ਰੰਗਾਂ-ਰੰਗ ਦੇ ਡੈਕੋਰੇਸ਼ਨ-ਪੀਸਿਜ਼ ਨਾਲ ਸ਼ਿੰਗਾਰਿਆ ਗਿਆ। 'ਜੀ ਆਇਆਂ ਗੇਟ' ਬਣਾਏ ਗਏ। ਵਿਆਹ ਵਾਲੇ ਦਿਨ ਸਾਰੀ ਕੋਠੀ ਦੇ ਅੰਦਰ ਤੇ ਬਾਹਰ ਰੰਗ-ਬਿੰਰਗੀਆਂ ਰੌਸ਼ਨੀਆਂ ਦੀ ਦੀਵਾਲੀ ਜਗਾ ਦਿੱਤੀ ਗਈ। ਆਪਣੇ ਦੋ ਪੁੱਤਰਾਂ ਤੋਂ ਵੱਡੀ ਇੱਕੋ ਇਕ ਧੀ ਦਾ ਵਿਆਹ ਉਹ ਕੁਝ ਵਧੇਰੇ ਸਜ-ਧਜ ਨਾਲ ਹੀ ਕਰਨਾ ਚਾਹੁੰਦਾ ਸੀ। ਇਸ ਦੇ ਦੋ ਕਾਰਨ ਸਨ। ਇਕ ਤਾਂ ਇਹ ਕਿ ਨਿਸ਼ੀ ਨੇ ਹੀ ਉਸ ਨੂੰ ਲਾਲਾਂ ਵਰਗੇ ਦੋ ਪੁੱਤਰਾਂ ਦਾ ਮੂੰਹ ਵੇਖਣ ਯੋਗ ਬਣਾਇਆ ਸੀ। ਜੇ ਨਿਸ਼ੀ ਨਾ ਆਉਂਦੀ, ਤਾਂ ਉਹ ਪੁੱਤਰਾਂ ਦਾ ਮੂੰਹ ਕਿਵੇਂ ਵੇਖਦੇ ? ਇਸ ਲਈ ਉਹ ਉਸ ਨੂੰ ਇਕ ਭਾਗਾਂ ਵਾਲਾ ਜੀਅ ਸਮਝਦਾ ਸੀ।

ਦੂਜਾ ਕਾਰਨ ਇਹ ਸੀ ਕਿ ਨਿਸ਼ੀ ਦਾ ਵਰ ਵੀ ਚੰਗੇ ਰੱਜੇ-ਪੁੱਜੇ ਘਰ ਦਾ ਤੇ ਫ਼ੌਜ ਵਿਚ ਲੈਫ਼ਟੀਨੈਂਟ ਸੀ। ਉਸ ਨੇ ਛੇਤੀ ਹੀ ਕਪਤਾਨ ਬਣ ਜਾਣਾ ਸੀ।

ਇਕ ਗੱਲ ਹੋਰ ਵੀ ਸੀ ਕਿ ਨਿਸ਼ੀ ਧਰਮ ਦਾਸ ਤੇ ਤ੍ਰਿੱਗੜੇ ਵਿੱਚੋਂ ਸਭ ਤੋਂ ਵੱਡੀ ਤੇ ਅਤਿ ਦੀ ਸੁੰਦਰ ਸੀ। ਇਸ ਲਈ ਉਹ ਉਸ ਨੂੰ ਬਹੁਤ ਪਿਆਰੀ ਸੀ। ਪਰ ਉਸ ਦਾ ਨਾਮ ਧਰਮ ਦਾਸ ਨੇ ਬਿਲਕੁਲ ਉਲਟ ਰੱਖਿਆ ਸੀ। ਸ਼ਾਇਦ ਇਸ ਵਿਚ ਵੀ ਉਸ ਦੇ ਮਨ ਅੰਦਰਲਾ ਇਹ ਵਹਿਮ, ਕਿ ਸੁਹਣੇ ਬੱਚੇ ਦਾ ਨਾਮ ਕੋਹਜਾ ਰੱਖੋ ਤਾਂ ਕਿ ਉਸ ਨੂੰ ਨਜ਼ਰ ਨਾ ਲੱਗ ਜਾਵੇ, ਕੰਮ ਕਰ ਰਿਹਾ ਸੀ। ਬਿਲਕੁਲ ਇਸੇ ਤਰ੍ਹਾਂ ਜਿਵੇਂ ਕੋਈ ਸੁਹਣੇ-ਸੁਨੱਖੇ ਪੁੱਤਰ ਦਾ ਨਾਮ ਚੂਹੜਾ ਜਾਂ ਕਾਲੂ ਰੱਖ ਦਿੰਦਾ ਹੈ, ਜਾਂ ਜਿਵੇਂ ਕੋਈ ਬਹੁਤ ਆਲੀਸ਼ਾਨ ਇਮਾਰਤ ਬਣਾ ਕੇ ਬਾਹਰ ਨਜ਼ਰ-ਵੱਟੂ ਲਟਕਾ ਦਿੰਦਾ ਹੈ। ਧਰਮ ਦਾਸ ਨੇ ਵੀ ਆਪਣੀ ਪੂਰਨਮਾਂ ਵਰਗੀ ਧੀ ਦਾ ਨਾਮ ਨਿਸ਼ੀ ਰੱਖ ਦਿੱਤਾ ਸੀ। ਨਿਸ਼ੀ ਆਪਣੇ ਆਪ ਵਿਚ ਵੀ ਇਕ ਮਹੱਤਤਾ ਰੱਖਦੀ ਸੀ। ਜਿਵੇਂ ਦਿਨ ਦਾ ਸਾਰਾ ਥਕੇਵਾਂ ਤੇ ਹੋਰ ਝੰਜਟ ਝੇੜੇ ਆਦਿ ਰਾਤ ਦੀ ਗੋਦ ਵਿਚ ਭੁੱਲ ਜਾਂਦੇ ਹਨ ਤੇ ਮਨੁੱਖ ਨੂੰ ਸਕੂਨ ਪ੍ਰਾਪਤ ਹੁੰਦਾ ਹੈ, ਉਸੇ ਤਰ੍ਹਾਂ ਨਿਸ਼ੀ ਨੂੰ ਵੇਖ ਕੇ ਧਰਮ ਦਾਸ ਦੀ ਆਤਮਾ ਖ਼ੁਸ਼ ਹੋ ਜਾਂਦੀ। ਉਸ ਨੂੰ ਇਕ ਅਨੰਦ ਜਿਹਾ, ਆਰਾਮ ਜਿਹਾ ਆ ਜਾਂਦਾ।

ਕੁਝ ਵੀ ਹੋਵੇ ਉਹ ਆਪਣੀ ਧੀ ਦੀ ਸ਼ਾਦੀ ਬੜੀ ਧੂਮ-ਧਾਮ ਨਾਲ ਕਰਨੀ ਚਾਹੁੰਦਾ ਸੀ। ਉਸ ਦੀ ਪਤਨੀ ਸਾਲ ਭਰ ਤੋਂ ਦਾਜ-ਦਹੇਜ ਦੀਆਂ ਚੀਜ਼ਾਂ-ਵਸਤਾਂ ਖ਼ਰੀਦਦੀ ਰਹੀ ਸੀ। ਨਿਸ਼ੀ ਨੇ ਜਿਸ ਸਾੜ੍ਹੀ 'ਤੇ ਉਂਗਲ ਰੱਖੀ, ਉਸ ਦੀ ਮਾਂ ਨੇ ਲੈ ਦਿੱਤੀ। ਨਿਸ਼ੀ ਨੇ ਜਿਸ ਗਹਿਣੇ ਵਲ ਵੇਖਿਆ, ਉਸ ਦੇ ਪਿਤਾ ਨੇ ਪੈਕ ਕਰਵਾ ਲਿਆ। ਭਾਂਡੇ, ਗਹਿਣੇ, ਕੱਪੜੇ ਬਿਸਤਰੇ ਤੇ ਵਿਵਹਾਰਕ ਜੀਵਨ ਲਈ ਲੋੜੀਂਦੀਆਂ ਸਭ ਚੀਜ਼ਾਂ, ਹੀਟਰ, ਰੀਫ਼ਰਿਜਰੇਟਰ, ਪਰੈੱਸ, ਪੱਖਾ, ਪਰੈੱਸ਼ਰ-ਕੁੱਕਰ, ਰੇਡੀਓ, ਸੋਫ਼ਾ, ਡਰੈਸਿੰਗ ਟੇਬਲ, ਲੈਮਨ-ਸੈੱਟ, ਟੀ-ਸੈੱਟ,

ਕਾਫ਼ੀ-ਸੈੱਟ, ਡਿਨਰ ਸੈੱਟ ... ਤੇ ਪਤਾ ਨਹੀਂ ਹੋਰ ਕੀ ਕੀ ਕੁਝ ਖ਼ਰੀਦਿਆ ਗਿਆ। ਧਰਮ ਦਾਸ ਤੇ ਉਸ ਦੀ ਪਤਨੀ ਨੂੰ ਬੜਾ ਫ਼ਿਕਰ ਸੀ ਕਿ ਉਨ੍ਹਾਂ ਦੀ ਧੀ ਸਹੁਰੇ ਘਰ ਵਿਚ ਕਿਸੇ ਗੱਲੋਂ ਔਖੀ ਨਾ ਰਹੇ।

ਜਨੇਤ ਦੇ ਖਾਣ-ਪੀਣ ਦੇ ਪ੍ਰਬੰਧ ਲਈ ਸੇਠ ਧਰਮ ਦਾਸ ਨੇ ਸ਼ਹਿਰ ਦੇ ਸਭ ਤੋਂ ਵਧੀਆ ਹੋਟਲ 'ਗਰੀਨਜ਼' ਨਾਲ ਠੇਕਾ ਕਰ ਲਿਆ ਸੀ। ਵਧੀਆ ਤੋਂ ਵਧੀਆ ਕਿਸਮ ਦੀ ਸ਼ਰਾਬ ਪਹਿਲਾਂ ਹੀ ਮੰਗਵਾ ਲਈ ਗਈ ਸੀ। ਸੇਠ ਧਰਮ ਦਾਸ ਤੇ ਉਸ ਦੀ ਪਤਨੀ ਵਿਆਹ ਦੇ ਪ੍ਰਬੰਧ ਤੇ ਤਿਆਰੀ ਵਲੋਂ ਬਿਲਕੁਲ ਨਿਸ਼ਚਿੰਤ ਅਤੇ ਸੰਤੁਸ਼ਟ ਸਨ।

ਨਿਸ਼ੀ ਵੀ ਇਸ ਸਾਰੀ ਤਿਆਰੀ ਤੇ ਪ੍ਰਬੰਧ ਉੱਤੇ ਕਾਫ਼ੀ ਸੰਤੁਸ਼ਟ ਸੀ। ਪਰ ਇਕ ਚੀਜ਼ ਉਸ ਨੂੰ ਬਹੁਤ ਰੜਕਦੀ ਸੀ। ਜੇ ਉਸ ਦਾ ਪਿਤਾ ਇਹ ਘਾਟ ਵੀ ਪੂਰੀ ਕਰ ਦਿੰਦਾ ਤਾਂ ਕੀ ਹਰਜ਼ ਸੀ ? ਆਖ਼ਿਰ ਉਹ ਸ਼ਹਿਰ ਦੀ ਸਭ ਤੋਂ ਵੱਡੀ ਮਿੱਲ ਦਾ ਮਾਲਕ ਸੀ। ਉਸ ਨੂੰ ਕੀ ਘਾਟਾ ਸੀ ? ਪਰ ਉਹ ਕਹਿਣ-ਕਹਿਣ ਕਰਦੀ ਵੀ, ਇਹ ਗੱਲ ਨਾ ਕਹਿ ਸਕੀ। ਖ਼ਬਰੇ ਉਸ ਦੇ ਮਾਤਾ ਪਿਤਾ ਉਸ ਦੀ ਇਸ ਮੰਗ ਬਾਰੇ ਕੀ ਸੋਚਣ ? ਭਾਵੇਂ ਉਹ ਆਰਟਸ ਦੀ ਗਰੈਜੂਏਟ ਸੀ ਤੇ ਆਪਣੇ ਘਰ ਦਿਆਂ ਨਾਲ ਬਹੁਤ ਖੁੱਲ੍ਹੀ ਤਰ੍ਹਾਂ ਗੱਲ ਬਾਤ ਕਰ ਸਕਦੀ ਸੀ, ਪਰ ਇਹ ਗੱਲ ਫਿਰ ਵੀ ਨਾ ਕਰ ਸਕੀ।

ਅੰਤ ਵਿਆਹ ਦਾ ਦਿਨ ਆ ਗਿਆ। ਖ਼ੂਬ ਰੰਗ-ਰਲੀਆਂ ਮਨਾਈਆਂ ਗਈਆਂ। ਨਿਸ਼ੀ ਨੂੰ ਆਪਣਾ ਪਤੀ ਵੀ ਬਹੁਤ ਪਸੰਦ ਸੀ। ਪਰ ਇਕ ਗੱਲ ਅਜੇ ਵੀ ਉਸ ਦੇ ਦਿਲ ਵਿਚ ਰੜਕ ਰਹੀ ਸੀ, ਜਿਸ ਨੂੰ ਉਹ ਕਹਿਣ-ਕਹਿਣ ਕਰਦੀ ਵੀ ਸੰਕੋਚ ਕਰ ਰਹੀ ਸੀ।

ਆਖ਼ਰਕਾਰ ਉਹ ਸਮਾਂ ਆ ਗਿਆ ਜਦੋਂ ਜਨੇਤ ਨੇ ਵਿਦਾ ਅਤੇ ਧੀ ਨੇ ਆਪਣੇ ਮਾਪਿਆ ਤੋਂ ਜੁਦਾ ਹੋਣਾ ਹੁੰਦਾ ਹੈ। ਅੱਖਾਂ ਵਿਚ ਅੱਥਰੂ ਤੇ ਗਲੇ ਵਿਚ ਗਲੇਡੂ ਭਰ ਕੇ ਧਰਮ ਦਾਸ ਤੇ ਉਸ ਦੀ ਪਤਨੀ ਆਪਣੀ ਧੀ ਨੂੰ ਅੰਤਮ ਵਿਦਾਇਗੀ ਦਾ ਪਿਆਰ ਦੇਣ ਆਏ।

ਨਿਸ਼ੀ ਆਪਣੇ ਪਿਤਾ ਵਲ ਵੇਖ ਕੇ ਫਿੱਸ ਪਈ ਤੇ ਨਾਲ ਹੀ ਉਸ ਦੀ ਮਾਤਾ ਵੀ।

"ਬੱਸ ਬੇਟੀ, ਰੋਈਦਾ ਨਹੀਂ। ਤੂੰ ਤਾਂ ਪੜ੍ਹੀ ਲਿਖੀ ਹੈਂ ਤੇ ਸਮਝਦੀ ਹੈਂ ਕਿ ਸੰਜੋਗ ਵਿਜੋਗ ਜੱਗ ਦੀ ਰੀਤ ਬਣੀ ਹੋਈ ਹੈ। ਬੱਸ-ਬੱਸ, ਚੁੱਪ ਕਰ ਬੇਟੀ। ਇਸ ਤਰ੍ਹਾਂ ਨਹੀਂ ਕਰੀਦਾ।" ਧਰਮ ਦਾਸ ਦੀ ਪਤਨੀ ਨੇ ਆਪਣੇ ਅੱਥਰੂਆਂ ਨੂੰ ਅੰਦਰੋਂ ਅੰਦਰ ਪੀ ਕੇ ਕਿਹਾ। ਨਿਸ਼ੀ ਵੀ ਚੁੱਪ ਕਰ ਗਈ।

"ਕਿਉਂ ਬੇਟੇ ! ਸਭ ਕੰਮ ਠੀਕ ਹੋ ਗਿਆ ਨਾ ?" ਧਰਮ ਦਾਸ ਨੇ ਅਟਕ ਅਟਕ ਕੇ ਪੁੱਛਿਆ।

"ਹਾਂ, ਪਿਤਾ ਜੀ ! ਪਰ ਜੇ ... ਜੇ ...।"

"ਹਾਂ ! ਹਾਂ ! ਬੇਟੇ, ਦਸ ਤੂੰ ਕੀ ਕਹਿਣਾ ਚਾਹੁੰਦੀ ਹੈਂ ? ਰੁਕ ਕਿਉਂ ਗਈ ?"

"ਪਿਤਾ ਜੀ ! ਜੇ ... ਜੇ ਸਕੂਟਰ ਦੀ ਥਾਂ ਕਾਰ ਹੋ ਜਾਂਦੀ ਤਾਂ ਚੰਗਾ ਸੀ !" ਆਖ਼ਿਰ ਉਸ ਨੇ ਕਹਿ ਹੀ ਦਿੱਤਾ।

**2.**

ਸਾਡਾ ਵਿਆਹ ਹੋਏ ਨੂੰ ਅਜੇ ਮਸਾਂ ਹਫ਼ਤਾ ਹੀ ਹੋਇਆ ਸੀ ਤੇ ਇਸ ਇਕ ਹਫ਼ਤੇ ਵਿਚ ਹੀ ਮੈਂ ਤੇ ਮੇਰੀ ਪਤਨੀ ਇਕ ਦੂਜੇ ਨਾਲ ਕਾਫ਼ੀ ਘੁਲ ਮਿਲ ਗਏ ਸਾਂ। ਉਹ ਇਕ ਸਾਧਾਰਨ ਜ਼ਿੰਮੀਂਦਾਰ ਘਰਾਣੇ ਨਾਲ ਸਬੰਧ ਰਖਦੀ ਸੀ। ਉਸ ਦੀ ਵਿੱਦਿਆ ਵੀ ਬਸ ਚਿੱਠੀ ਲਿਖਣ ਜੋਗੀ ਹੀ ਸੀ। ਸਾਡਾ ਵਿਆਹ ਵੀ ਬਹੁਤ ਹੀ ਸਾਦਾ ਹੋਇਆ ਸੀ, ਜਿਹੋ ਜਿਹਾ ਪਿੰਡਾਂ ਦੇ ਆਮ ਜੱਟ ਕਰਦੇ ਹਨ।

ਜਦੋਂ ਮੈਂ ਸਕੂਲੋਂ ਪੜ੍ਹਾ ਕੇ ਘਰ ਮੁੜਦਾ ਤਾਂ ਉਹ ਬੜੇ ਚਾਅ ਨਾਲ ਪੇਕੇ ਘਰੋਂ ਲਿਆਂਦੇ ਸਾਧਾਰਨ ਜਿਹੇ ਟੀ-ਸੈੱਟ ਵਿਚ ਮੈਨੂੰ ਚਾਹ ਪਿਆਉਂਦੀ। ਆਪਣੇ ਹੱਥਾਂ ਨਾਲ ਕੱਢੀਆਂ ਦਸੂਤੀ ਤੇ ਖੱਦਰ ਦੀਆਂ ਚਾਦਰਾਂ ਰੋਜ਼ ਬਦਲਦੀ ਰਹਿੰਦੀ, ਆਪਣੇ ਪੇਕੇ ਘਰ ਦੀਆਂ ਗੱਲਾਂ ਕਰਦੀ, ਕੁਝ ਮੇਰੀਆਂ ਸੁਣਦੀ ਤੇ ਸਦਾ ਸੰਤੁਸ਼ਟ ਰਹਿੰਦੀ।

ਇਹਨਾਂ ਦਿਨਾਂ ਵਿਚ ਹੀ ਸਾਡੇ ਗੁਆਂਢ ਇਕ ਕੁੜੀ ਦਾ ਵਿਆਹ ਆ ਗਿਆ। ਜੰਗਲੇ ਦੇ ਝਰੋਖਿਆਂ

ਵਿੱਚੋਂ ਉਹ ਜਨੇਤ ਨੂੰ ਰਾਤ ਦੀ ਰੋਟੀ ਖਾਂਦਿਆਂ ਦੇਖਦੀ ਰਹੀ। ਫਿਰ ਉਹ ਕਿੱਡੀ ਰਾਤ ਗਈ ਤਕ ਮੈਨੂੰ ਆਪਣੇ ਵਿਆਹ ਬਾਰੇ ਦਸਦੀ ਰਹੀ ਕਿ ਜਦੋਂ ਤੁਸੀਂ ਰਾਤ ਦੀ ਰੋਟੀ ਖਾਣ ਆਏ ਸਾਓ ਤਾਂ ਮੈਂ ਤੁਹਾਨੂੰ ਦੇਖ ਲਿਆ ਸੀ। ਫਿਰ ਉਸ ਨੇ ਮੈਨੂੰ ਦੱਸਿਆ ਕਿ ਮੈਂ ਸਾਹਮਣੇ ਬੈਠਕ ਉੱਤੇ ਕੁੜੀਆਂ ਦੇ ਝੁਰਮਟ ਵਿਚ ਆਪਣੇ ਦੁਆਲੇ ਚਿੱਟਾ ਕੱਪੜਾ ਲਪੇਟ ਕੇ ਬੈਠੀ ਸਾਂ। ਇਹ ਇਸ ਕਰਕੇ ਕਿ ਮੈਂ ਕਿਤੇ ਉਸ ਨੂੰ ਪਛਾਣ ਨਾ ਲਵਾਂ। ਜਦ ਮੈਂ ਉਸ ਦੇ ਪੁੱਛਣ ਉੱਤੇ ਉਸ ਨੂੰ ਦਸਿਆ ਕਿ ਮੈਂ ਤਾਂ ਉਸ ਨੂੰ ਪਛਾਣ ਨਹੀਂ ਸਾਂ ਸਕਿਆ (ਭਾਵੇਂ ਮੈਂ ਬੜਾ ਯਤਨ ਕੀਤਾ ਸੀ) ਤਾਂ ਉਹ ਬਹੁਤ ਖ਼ੁਸ਼ ਹੋਈ।

ਦੂਸਰੇ ਦਿਨ ਜਦੋਂ ਮੈਂ ਪੜ੍ਹਾ ਕੇ ਘਰ ਪਰਤਿਆ, ਤਾਂ ਮੈਨੂੰ ਕੁਝ ਉਵੇਰਾ ਹੋ ਗਿਆ। ਮੇਰੇ ਆਉਣ ਤੋਂ ਪਹਿਲਾਂ ਹੀ ਗੁਆਂਢੀਆਂ ਦੀ ਜਨੇਤ ਵਿਦਾ ਹੋ ਚੁੱਕੀ ਸੀ। ਮੇਰੀ ਪਤਨੀ ਮੈਨੂੰ ਅੱਗੇ ਨਾਲੋਂ ਕੁਝ ਵਧੇਰੇ ਖ਼ੁਸ਼ ਜਾਪੀ। ਰੋਟੀ ਟੁੱਕ ਖਾ ਕੇ ਅਸੀਂ ਕੱਠੇ ਹੀ ਬਹਿ ਗਏ। ਮੈਂ ਇਸ ਤਰ੍ਹਾਂ ਮਹਿਸੂਸ ਕੀਤਾ ਜਿਵੇਂ ਉਹ ਕੁਝ ਕਹਿਣਾ ਚਾਹੁੰਦੀ ਹੋਵੇ ਅਤੇ ਆਪਣੀ ਖ਼ੁਸ਼ੀ ਨੂੰ ਦਬਾਉਣ ਦਾ ਯਤਨ ਕਰ ਰਹੀ ਹੋਵੇ।

"ਕੀ ਗੱਲ ਐ ? ਅੱਜ ਬਹੁਤ ਖ਼ੁਸ਼ ਜਾਪਨੀ ਏਂ ?" ਆਖ਼ਿਰ ਮੈਂ ਪੁੱਛ ਹੀ ਲਿਆ।

"ਕੁਸ ਨੀ ! ਆਹ ਗੁਆਂਢੀਆਂ ਦੀ ਛਿੰਦੋ ਦਾ ਵਿਆਹ ਸੀ ਨਾ। ਦਾਜ ਬਿੱਚ ਉਸ ਨੂੰ ਸ਼ੈਕਲ ਬੀ ਦਿੱਤਾ।"

"ਫੇਰ ਕੀ ਹੋਇਆ ? ਤੇਰੇ ਵਿਆਹ ਵਿਚ ਵੀ ਤਾਂ ਸਾਈਕਲ ਦਿੱਤਾ ਸੀ ਤੇਰੇ ਭਾਈਏ ਨੇ।"

"ਨਹੀਂ ਜੀ ! ਮੇਰਾ ਮਤਲਬ ਇਹ ਨਹੀਂ ! ਨਾ ਸ਼ੈਕਲ ਨੂੰ ਕੈਰੀਅਲ, ਨਾ ਘੰਟੀ।"

"ਪਰ ਤੇਰੇ ਭਾਈਏ ਨੇ ਤਾਂ ਤੈਨੂੰ ਇਹ ਸਭ ਕੁਝ ਲੁਆ ਕੇ ਦਿੱਤਾ ਸੀ ਨਾ।"

"ਹੂੰ ! ਐਮੇਂ ਤਾਂ ਨੀ ਸੀ ਲੁਆ ਕੇ ਦਿੱਤਾ। ਮੈਂ ਬੀ ਬਿਆਹ ਤੋਂ ਇਕ ਦਿਨ ਪਹਿਲਾਂ ਆਪਣੇ ਭਾਈਏ ਨਾਲ ਐਸੀ ਰੁੱਸੀ ਤੇ ਉਦੋਂ ਮੰਨੀ, ਜਦ ਉਹ ਖੜ੍ਹੇ ਪੈਰ ਬੰਗਿਆਂ ਤੋਂ ਕੈਰੀਅਲ ਤੇ ਘੰਟੀ ਲੈ ਕੇ ਆਇਆ।"

# ਯੱਕਾ

ਉਸ ਨੇ ਸੋਚਿਆ ਸੀ ਕਿ ਪ੍ਰੋਫ਼ੈਸਰ ਬਣ ਕੇ ਉਸ ਦੀ ਜ਼ਿੰਦਗੀ ਜ਼ਰੂਰ ਕਿਸੇ ਟਿਕਾਓ-ਵਾਲੀ ਅਵਸਥਾ ਵਿਚ ਪਹੁੰਚ ਜਾਵੇਗੀ ਤੇ ਫਿਰ ਉਹ ਇਸ ਮਨੋਰਥ ਲਈ ਕੀਤੇ ਨਿਰੰਤਰ ਯਤਨਾਂ ਦੀ ਅਕਾਊ ਯਾਦ ਨੂੰ ਵੀ ਵਿੱਸਰ ਜਾਵੇਗਾ। ਜਿਵੇਂ ਹਰ ਮਨੁੱਖ ਆਪਣੇ ਆਸ਼ੇ ਦੀ ਪ੍ਰਾਪਤੀ ਤੋਂ ਬਾਅਦ ਤ੍ਰਿਪਤੀ ਪਾ ਲੈਂਦਾ ਹੈ, ਇਵੇਂ ਹੀ ਉਹ ਵੀ ਪ੍ਰੋਫ਼ੈਸਰ ਬਣ ਕੇ ਹਰ ਪ੍ਰਕਾਰ ਦੇ ਸੰਕਟਾਂ ਤੋਂ ਮੁਕਤੀ ਪ੍ਰਾਪਤ ਕਰ ਲਵੇਗਾ। ਪਰ ਪ੍ਰੋਫ਼ੈਸਰ ਬਣ ਕੇ ਆਪਣੇ ਪਿਛਲੇ ਜੀਵਨ ਦੀ ਯਾਦ ਉਸ ਨੂੰ ਹੋਰ ਵੀ ਵਧੇਰੇ ਆਉਣ ਲੱਗ ਪਈ।

ਉਹ ਇਕ ਬੇਸਿਕ ਟ੍ਰੇਂਡ ਅਧਿਆਪਕ ਸੀ। ਨਿੱਕੇ ਜਿਹੇ ਪਿੰਡ ਵਿਚ ਉਸ ਦਾ ਨਿੱਕਾ ਜਿਹਾ ਘਰ ਸੀ। ਇਕ ਬੱਚਾ, ਇਕ ਇਸਤਰੀ, ਛੋਟਾ ਜਿਹਾ ਟੱਬਰ ਤੇ ਨਿੱਕੀਆਂ-ਨਿੱਕੀਆਂ ਲੋੜਾਂ। ਉਸ ਦੀ ਜ਼ਿੰਦਗੀ ਇਉਂ ਗੁਜ਼ਰ ਰਹੀ ਸੀ ਜਿਵੇਂ ਖਾਲ ਵਿੱਚੋਂ ਟਿਕਵੀਂ ਤੋਰੇ ਪਾਣੀ ਲੰਘਦਾ ਹੈ। ਪਰ ਫਿਰ ਇਸ ਸ਼ਾਂਤ ਤੋਰ ਵਿਚ ਜਿਵੇਂ ਇਕ ਤੂਫ਼ਾਨ ਆ ਗਿਆ।

ਉਸ ਦੇ ਕਾਲਜ ਦੇ ਸਾਥੀਆਂ ਵਿੱਚੋਂ ਕੋਈ ਮੈਜਿਸਟ੍ਰੇਟ ਲੱਗ ਗਿਆ ਸੀ ਤੇ ਕੋਈ ਪ੍ਰੋਫ਼ੈਸਰ। ਪਰ ਉਹ ਕਵੇਲ ਇਕ ਅਧਿਆਪਕ ਹੀ ਰਹਿ ਗਿਆ ਸੀ ਤੇ ਉਹ ਵੀ ਇਕ ਪ੍ਰਾਇਮਰੀ ਸਕੂਲ ਦਾ। ਉਸ ਦੇ ਅੰਦਰ ਕੁਝ ਹੋ ਰਿਹਾ ਸੀ, ਜਿਸ ਨੇ ਆਪਣਾ ਨਿਕਾਸ ਪ੍ਰਾਈਵੇਟ ਪੜ੍ਹਾਈ ਵਿਚ ਭਾਲਿਆ। ਛੇਆਂ ਸਾਲਾਂ ਦੀ ਸਖ਼ਤ ਮਿਹਨਤ ਦੁਆਰਾ ਉਸ ਨੇ ਉਤੋੜਿੱਤੀ ਗਿਆਨੀ, ਐੱਫ਼. ਏ., ਬੀ. ਏ., ਐੱਮ. ਏ. ਦੇ ਇਮਤਿਹਾਨ ਪਾਸ ਕੀਤੇ ਅਤੇ ਉਹ ਵੀ ਚੰਗੇ ਨੰਬਰ ਲੈ ਕੇ। ਇਨ੍ਹਾਂ ਛੇਆਂ ਸਾਲਾਂ ਵਿਚ ਉਸ ਦੇ ਦੋ ਬੱਚੇ ਹੋਰ ਹੋ ਗਏ ਸਨ। ਇਨ੍ਹਾਂ ਛੇਆਂ ਸਾਲਾਂ ਵਿਚ ਹੀ ਉਹ ਕਦੇ-ਕਦੇ ਕਵਿਤਾ ਤੇ ਕਹਾਣੀ ਵੀ ਲਿਖਣ ਲੱਗ ਪਿਆ ਸੀ। ਕਦੇ-ਕਦੇ ਉਸ ਦੀ ਰਚਨਾ ਕਿਸੇ ਪਰਚੇ ਵਿਚ ਛਪਦੀ ਤਾਂ ਉਹ ਆਪਣੇ ਯਾਰਾਂ-ਦੋਸਤਾਂ ਨੂੰ ਪੜ੍ਹ ਕੇ ਸੁਣਾਉਂਦਾ। ਆਪਣੀ ਛਪੀ ਹੋਈ ਰਚਨਾ ਨੂੰ ਵਾਰ-ਵਾਰ ਪੜ੍ਹ ਕੇ ਉਸ ਨੂੰ ਇਕ ਅਕਹਿ ਅਨੰਦ ਪ੍ਰਾਪਤ ਹੁੰਦਾ।

ਇਨ੍ਹਾਂ ਛੇਆਂ ਸਾਲਾਂ ਵਿਚ ਹੀ ਉਸ ਦੇ ਘਰ ਛੋਟੇ-ਛੋਟੇ ਲਿਖਾਰੀਆਂ ਤੇ ਹੋਰ ਸਾਹਿਤ-ਰਸੀਆਂ ਦਾ ਫੇਰਾ ਵੀ ਪੈਣ ਲੱਗ ਪਿਆ ਸੀ। ਸੰਗਤ ਰੱਖਣ ਲਈ ਉਹ ਸ਼ਰਾਬ ਵੀ ਪੀਣ ਲੱਗ ਪਿਆ ਸੀ। ਦੇਸੀ ਸ਼ਰਾਬ ਚੌਂਹ ਰੁਪਈਂ ਬੋਤਲ ਮਿਲ ਜਾਂਦੀ ਸੀ ਤੇ ਇਹ ਉਸ ਨੂੰ ਦੁਖਦੀ ਵੀ ਨਹੀਂ ਸੀ।

ਪਰ ਉਸ ਦੇ ਮਨ ਵਿਚ ਹਰ ਵੇਲੇ ਇਕ ਧੁਖਧੁਖੀ ਜਿਹੀ ਲੱਗੀ ਰਹਿੰਦੀ ਸੀ, ਪ੍ਰੋਫ਼ੈਸਰ ਬਣਨ ਦੀ। ਵੱਡਾ ਲਿਖਾਰੀ ਬਣਨ ਦੀ, ਵੱਡੇ ਲਿਖਾਰੀਆਂ ਨਾਲ ਸੰਬੰਧ ਬਨਾਉਣ ਦੀ।

ਅੱਜ ਜਦੋਂ ਉਹ ਪ੍ਰੋਫ਼ੈਸਰ ਬਣ ਗਿਆ ਸੀ, ਤਾਂ ਉਸ ਨੂੰ ਗਿਆਨ ਹੋਇਆ ਕਿ ਜ਼ਿੰਦਗੀ ਦਾ ਅਸਲ ਸੰਘਰਸ਼ ਕੀ ਹੁੰਦਾ ਹੈ ? ਅੱਗੇ ਤਾਂ ਉਸ ਕੋਲ ਨਿੱਕੇ-ਨਿੱਕੇ ਲਿਖਾਰੀ ਆਉਂਦੇ ਸਨ, ਦੇਸੀ ਸ਼ਰਾਬ ਪੀਣ ਵਾਲੇ, ਪਰ ਹੁਣ ਆਪਣੀ ਪਦਵੀ ਅਨੁਸਾਰ ਉਹ ਵੱਡੇ-ਵੱਡੇ ਲਿਖਾਰੀਆਂ ਨਾਲ ਵਿਸਕੀ ਤੋਂ ਘੱਟ ਪੀ ਨਹੀਂ ਸੀ ਸਕਦਾ। ਉਸ ਦਾ ਕਾਲਜ ਵੀ ਤਾਂ ਪੰਜਾਬ ਦੇ ਕੇਂਦਰੀ ਸ਼ਹਿਰ ਜਲੰਧਰ ਵਿਚ ਹੀ ਸੀ। ਜਿੱਥੇ ਹਰ ਕੋਈ ਆਉਂਦਾ ਜਾਂਦਾ, ਉਸ ਦੇ ਘਰ ਆ ਵੜਦਾ ਤੇ ਫਿਰ ਵਿਸਕੀ ਦਾ ਦੌਰ ਚਲਦਾ। ਚੰਗੇ-ਚੰਗੇ ਪਕਵਾਨ ਪੱਕਦੇ। ਆਇਆਂ ਗਿਆਂ ਦੀ ਨਜ਼ਰ ਵਿਚ ਆਪਣੇ ਮਿਆਰ ਦੀ ਝਲਕ ਸਥਿਤ ਕਰਨ ਲਈ ਉਸ ਨੂੰ ਆਪਣੇ

ਬੱਚਿਆਂ ਦੇ ਕਪੜੇ ਵੀ ਚੰਗੇ ਹੀ ਰੱਖਣੇ ਪੈਂਦੇ। ਘਰ ਨੂੰ ਹਰ ਪੱਖੋਂ ਆਧੁਨਿਕ ਬਣਾਉਣ ਦੇ ਯਤਨ ਕਰਨੇ ਪੈਂਦੇ। ਇਹ ਆਧੁਨਿਕਤਾ ਤੇ ਇਹ ਮਿਆਰ ਉਸ ਦੀ ਤਨਖ਼ਾਹ ਨੂੰ ਪਹਿਲੇ ਪੰਦਰਾਂ ਦਿਨਾਂ ਵਿਚ ਹੀ ਭਰੂ-ਭਰੂ ਕੇ ਖਾ ਜਾਂਦੇ ਤੇ ਬਾਕੀ ਦੇ ਪੰਦਰਾਂ ਦਿਨ ਉਸ ਲਈ ਇਕ ਸਮੱਸਿਆ ਬਣ ਜਾਂਦੇ।

ਇਸ ਸਮੱਸਿਆ ਨੂੰ ਹੱਲ ਕਰਨ ਲਈ ਉਹ ਫ਼ਾਲਤੂ ਕੰਮ ਕਰਦਾ। ਬੇਗਾਨੇ ਨਾਵਾਂ ਹੇਠ ਗਾਈਡਾਂ ਤੇ ਇਮਤਿਹਾਨੀ ਪੁਸਤਕਾਂ ਲਿਖਦਾ। ਅਨੁਵਾਦ ਕਰਦਾ ਤੇ ਟਿਊਸ਼ਨਾਂ ਪੜ੍ਹਾਉਂਦਾ। ਪਰ ਫੇਰ ਵੀ ਉਸ ਦਾ ਪੂਰਾ ਨਾ ਪੈਂਦਾ। ਜਿਵੇਂ ਵਧੇਰੇ ਜ਼ੋਰ ਲਾ ਕੇ ਖਿੱਚਣ ਨਾਲ ਰਬੜ ਵਧਦੀ ਜਾਂਦੀ ਹੈ, ਇਵੇਂ ਹੀ, ਜਿਵੇਂ-ਜਿਵੇਂ ਉਹ ਫ਼ਾਲਤੂ ਕੰਮ ਕਰਕੇ ਬਹੁਤ ਕਮਾਉਂਦਾ, ਤਿਵੇਂ-ਤਿਵੇਂ ਉਸ ਦੇ ਖ਼ਰਚ ਵੀ ਵਧੀ ਜਾਂਦੇ। ਕੱਲੀ ਜਾਨ ਸੀ ਉਹ ਤੇ ਚੌਂਹ ਜੀਆਂ ਦਾ ਭਾਰ ਸੀ ਉਸ ਦੇ ਸਿਰ ਉੱਤੇ। ਸੁੱਖ ਨਾਲ ਹੁਣ ਉਸ ਦਾ ਇਕ ਬੱਚਾ ਖ਼ਾਲਸਾ ਸਕੂਲ ਵਿਚ ਤੇ ਦੋ ਕੌਨਵੈਂਟ ਸਕੂਲ ਵਿਚ ਵੀ ਪੜ੍ਹਦੇ ਸਨ।

ਘਰੇਲੂ ਜ਼ਿੰਮੇਂਵਾਰੀਆਂ ਦੇ ਨਾਲ-ਨਾਲ ਸਾਹਿਤਕਾਰੀ ਦਾ ਸ਼ੌਕ ਵੀ ਜਿਵੇਂ ਇਸੇ ਵੇਲੇ ਵਧਣ ਦੀ ਤਾਕ ਵਿਚ ਬੈਠਾ ਸੀ। ਕੁਝ ਲਿਖਣਾ ਤੇ ਫਿਰ ਸੁਣਾਉਣ ਵਾਸਤੇ ਸਥਾਨਕ ਲਿਖਾਰੀ ਸਭਾ ਦੀ ਇਕੱਤਰਤਾ ਵਿਚ ਜਾਣਾ। ਇਕ ਹੋਰ ਰੁਝੇਵਾਂ, ਇਕ ਹੋਰ ਸੰਕਟ ? ਇਨ੍ਹਾਂ ਹਾਲਤਾਂ ਵਿਚ ਉਹ ਇਸ ਤਰ੍ਹਾਂ ਵਿਚਰ ਰਿਹਾ ਸੀ, ਜਿਵੇਂ ਕੋਈ ਤੇਜ਼ ਵਿਰੋਧੀ ਜਲ-ਵਹਿਣ ਵਲ ਨੂੰ ਤਰਨ ਦਾ ਯਤਨ ਕਰ ਰਿਹਾ ਹੋਵੇ। ਤੇ ਇਸ ਤੇਜ਼ ਵਿਰੋਧੀ ਰੌਂ ਦਾ ਅਨੁਭਵ ਉਸ ਵੇਲੇ ਹੋਰ ਵੀ ਵਧ ਗਿਆ ਜਦੋਂ ਕਾਲਜ ਦੀ ਪ੍ਰਬੰਧਕ ਕਮੇਟੀ ਨੇ ਸਾਰੇ ਸਟਾਫ਼ ਨੂੰ ਇਕੱਠੀਆਂ ਕੋਠੀਆਂ ਬਣਾ ਦਿੱਤੀਆਂ।

ਹੁਣ ਸਾਰੇ ਪ੍ਰੋਫ਼ੈਸਰ ਕੋਲ ਕੋਲ ਰਹਿੰਦੇ। ਇਕ ਦੂਜੇ ਤੇ ਬਰਤਰੀ ਪ੍ਰਾਪਤ ਕਰਨ ਦਾ ਅਹਿਸਾਸ ਵੀ ਜਿਵੇਂ ਇਸ ਵੇਲੇ ਦੀ ਵੰਡ ਵਿਚ ਆਇਆ। ਪ੍ਰੋ. ਭਾਟੀਆ ਦੇ ਘਰ ਸੋਫ਼ਾ ਸੀ, ਡਬਲ ਬੈੱਡ ਸੀ ਤੇ ਉਸ ਦੇ ਘਰ ਸੀ ਘਟੀਆ ਜਿਹਾ ਫ਼ਰਨੀਚਰ। ਉਹ ਵੀ ਤਾਂ ਆਖ਼ਿਰ ਪ੍ਰੋਫ਼ੈਸਰ ਹੀ ਸੀ। ਉਹ ਘੱਟ ਕਿਉਂ ਰਹੇ ? ਜੋ ਕੁਝ ਵੀ ਉਸ ਨੇ ਕਣ-ਕਣ ਕਰਕੇ ਜੋੜਿਆ ਸੀ, ਫ਼ਰਨੀਚਰ ਉੱਤੇ ਖ਼ਰਚ ਕਰ ਦਿੱਤਾ। ਰੇਡੀਓ, ਪੱਖਾ ਤੇ ਹੀਟਰ ਉਸ ਨੇ ਕਿਸ਼ਤਾਂ ਉੱਤੇ ਲੈ ਲਏ। ਦਰਵਾਜ਼ਿਆਂ ਦੇ ਪਰਦੇ, ਬੱਚਿਆਂ ਤੇ ਪਤਨੀ ਲਈ ਨਵੇਂ ਕਪੜੇ ਉਧਾਰ ਲੈ ਆਂਦੇ। ਆਪਣੇ ਲਈ ਵੀ ਉਸ ਨੇ ਇਕ ਵਧੀਆ ਜਿਹਾ ਸੂਟ ਸਵਾ ਲਿਆ। ਇਸ ਕਾਲੋਨੀ ਵਿਚ ਰਹਿਣ ਵਾਲੇ ਸਭ ਬਰਾਬਰ ਦੇ ਪ੍ਰੋਫ਼ੈਸਰ ਸਨ। ਕੋਈ ਕਿਸੇ ਨਾਲੋਂ ਘੱਟ ਕਿਉਂ ਰਹੇ ?

ਇਸ ਤੋਂ ਬਿਨਾਂ ਜੇ ਕੱਲ੍ਹ ਪ੍ਰੋਫ਼ੈਸਰ ਗਿੱਲ ਦੇ ਦਾਅਵਤ ਸੀ ਤਾਂ ਅੱਜ ਪ੍ਰੋਫ਼ੈਸਰ ਸੰਧੂ ਨੂੰ ਆਪਣੇ ਘਰ ਬੁਲਾਉਣਾ ਸੀ। ਕਿਸੇ ਨੂੰ ਸੱਦਣਾ, ਕਿਸੇ ਦੇ ਜਾਣਾ ਤੇ ਫਿਰ ਜਿਸ ਦੇ ਜਾਣਾ ਉਸ ਦੀਆਂ ਸੁੰਦਰ ਚੀਜ਼ਾਂ ਤੋਂ ਇਕ ਨਵੀਂ ਤ੍ਰਿਸ਼ਨਾ ਲੈ ਕੇ ਆਉਣਾ ਤੇ ਫਿਰ ਇਸ ਤ੍ਰਿਸ਼ਨਾ ਦੀ ਤ੍ਰਿਪਤੀ ਲਈ ਇਕ ਜਾਨ-ਤੋੜ ਸੰਘਰਸ਼। ਇਹ ਸੀ ਉਸ ਦੇ ਜੀਵਨ ਦਾ ਕਰਮ।

ਕਦੇ-ਕਦੇ ਉਹ ਇਸ ਸੰਘਰਸ਼ ਤੇ ਰੁਝੇਵੇਂ ਤੋਂ ਘਬਰਾ ਜਾਂਦਾ, ਅੱਕ ਜਾਂਦਾ ਤੇ ਫਿਰ ਘਰ ਦੇ ਸਭ ਝੇੜਿਆਂ ਨੂੰ ਛੱਡ ਕੇ ਸ਼ਹਿਰੋਂ ਬਾਹਰ ਰੇਲ ਦੀ ਲਾਈਨ ਦੇ ਨਾਲ-ਨਾਲ ਤੁਰ ਪੈਂਦਾ। ਕੁਝ ਫਰਲਾਂਗ ਉੱਤੇ ਇਕ ਸੜਕ ਰੇਲਵੇ ਲਾਈਨ ਨੂੰ ਇਕ ਉੱਚੇ ਸਾਰੇ ਪੁਲ ਦੁਆਰਾ ਪਾਰ ਕਰਦੀ ਸੀ। ਉਹ ਇਸ ਦੇ ਪੈਰਾਂ ਵਿਚ ਆ ਬੈਠਦਾ ਤੇ ਉਸ ਦੀਆਂ ਨਜ਼ਰਾਂ ਸੜਕ ਦੇ ਨਾਲ-ਨਾਲ ਪੁਲ ਦੀ ਚੜ੍ਹਾਈ ਚੜ੍ਹਦੀਆਂ ਜਾਂਦੀਆਂ। ਪੁਲ ਹੋਰ ਉੱਚਾ, ਹੋਰ ਉੱਚਾ, ਹੋਰ ਉੱਚਾ ਹੋਈ ਜਾਂਦਾ ਤੇ ਫਿਰ ਉਹ ਵੇਗ ਵਿਚ ਆ ਕੇ ਕੁਝ ਲਿਖਦਾ, ਕੁਝ ਰਚਦਾ। ਪਲ ਦੀ ਪਲ ਉਸ ਨੂੰ ਇਸ ਤਰ੍ਹਾਂ ਅਨੁਭਵ ਹੁੰਦਾ ਜਿਵੇਂ ਰੁਝੇਵਿਆਂ ਦਾ ਭਾਰ ਉਸ ਦੇ ਸਿਰ ਉੱਤੋਂ ਲੱਥ ਗਿਆ ਹੋਵੇ। ਸੰਕਟਾਂ ਤੇ ਝੰਜਟਾਂ ਦੀ ਆਵਾਜ਼ ਉਸ ਦੇ ਕੰਨਾਂ ਤੋਂ ਦੂਰ ਭੱਜ ਗਈ ਹੋਵੇ। ਉਹ ਆਪਣੇ-ਆਪ ਨੂੰ ਹੌਲਾ ਹੌਲਾ ਅਨੁਭਵ ਕਰਦਾ। ਪਰ ਦੂਸਰੇ ਪਲ ਹੀ ਰੇਲਵੇ ਇੰਜਨ ਦੇ ਵਿਸਲ ਤੇ ਗੱਡੀ ਦੀ 'ਛੱਕ-ਛੱਕ' ਦੀ ਆਵਾਜ਼ ਨਾਲ ਉਸ ਦੀ ਜ਼ਿੰਦਗੀ ਫਿਰ ਰਾਮ-ਰੌਲੇ ਵਿਚ ਘਿਰ ਜਾਂਦੀ। ਉਹ ਭਾਜੜ ਤੋਂ ਭੱਜ ਕੇ, ਫਿਰ ਗੁਆਚ ਜਾਂਦਾ।

ਪਿਛਲੀ ਰਾਤ ਉਸ ਨੇ ਆਪਣੇ ਛੋਟੇ ਬੱਚੇ ਦੀ ਪੁਆਂਦੀ ਬਹਿ ਕੇ ਆਪਣੀਆਂ ਅੱਖਾਂ ਵਿੱਚੋਂ ਲੰਘਾਈ

ਸੀ। ਉਸ ਦੇ ਬੱਚੇ ਨੂੰ ਟਾਈਫ਼ਾਈਡ ਸੀ। ਉਸ ਦੀ ਹਾਲਤ ਬੜੀ ਨਾਜ਼ਕ ਸੀ ਤੇ ਡਾਕਟਰ ਨੇ ਦਸਿਆ ਸੀ ਕਿ ਉਸ ਨੂੰ ਕਲੋਰੋਮਾਈਸਟੀਨ ਤੋਂ ਬਿਨਾਂ ਆਰਾਮ ਨਹੀਂ ਆਉਣਾ ਤੇ ਇਹ ਦਵਾਈ ਬਾਰਾਂ ਤੇਰ੍ਹਾਂ ਰੁਪਿਆਂ ਤੋਂ ਘੱਟ ਨਹੀਂ ਸੀ ਆਉਂਦੀ। ਜੋ ਤਨਖ਼ਾਹ ਉਸ ਨੂੰ ਮਿਲੀ ਸੀ, ਉਹ ਤਾਂ ਪਹਿਲੇ ਹਫ਼ਤੇ ਵਿਚ ਹੀ ਦੁਕਾਨਦਾਰਾਂ ਦੀਆਂ ਉਚਾਵਤਾਂ ਦੇ ਮੂੰਹ ਵਿਚ ਪੈ ਗਈ ਸੀ। ਇਸ ਤੋਂ ਬਿਨਾਂ ਇਕ ਹੋਰ ਗੱਲ ਇਹ ਵੀ ਸੀ ਕਿ ਜੇ ਕੱਲ੍ਹ ਤਕ ਤਿੰਨਾਂ ਬੱਚਿਆਂ ਦੀਆਂ ਫ਼ੀਸਾਂ ਨਾ ਦਿੱਤੀਆਂ ਗਈਆਂ, ਤਾਂ ਉਨ੍ਹਾਂ ਦਾ ਨਾਮ ਕੱਟ ਜਾਣਾ ਸੀ। ਫ਼ੀਸਾਂ ਖੁਣੋ ਨਾਮ ਕੱਟ ਹੋਣ ਵਿਚ ਕਿੰਨੀ ਬੇਇਜ਼ਤੀ ਸੀ। ਇਸ ਖ਼ਿਆਲ ਨਾਲ ਤਾਂ ਉਹ ਕੰਬ ਹੀ ਗਿਆ ਸੀ। ਉਹ ਆਪਣੇ ਸਾਥੀ ਪ੍ਰੋਫ਼ੈਸਰਾਂ ਨੂੰ ਕੀ ਮੂੰਹ ਦੇਣ ਜੋਗਾ ਰਹੇਗਾ ਤੇ ਇਸ ਤੋਂ ਵੀ ਜ਼ਰੂਰੀ ਸੀ ਛੋਟੀ ਬੱਚੀ ਦੀ ਦਵਾਈ।

ਉਸ ਦੀ ਪਤਨੀ ਕੋਲ ਕੁਲ ਦਸ ਰੁਪਏ ਸਨ, ਜੋ ਛੋਟੀ ਬੱਚੀ ਦੀ ਦਵਾਈ ਵਾਸਤੇ ਵੀ ਨਾਕਾਫ਼ੀ ਸਨ। ਪਬਲਿਸ਼ਰਾਂ ਕੋਲੋਂ ਉਹ ਪਹਿਲਾਂ ਹੀ ਐਡਵਾਂਸ ਲੈ ਚੁੱਕਾ ਸੀ। ਉਹ ਆਪਣੀ ਪਤਨੀ ਨੂੰ ਆਪਣੀ ਜੇਬ੍ਹ ਵਿਚ ਰਹਿੰਦੇ ਤਿੰਨ ਰੁਪਏ ਦੇ ਕੇ ਤੇ ਇਹ ਕਹਿ ਕੇ ਚਲਾ ਗਿਆ ਕਿ ਬੱਚੇ ਲਈ ਦਵਾਈ ਮੰਗਵਾ ਲੈਣੀ। ਸਾਰੀ ਦਿਹਾੜੀ ਉਸ ਦਾ ਕਾਲਜ ਵਿਚ ਚਿੱਤ ਨਾ ਲੱਗਾ। ਅਜੇ ਬੱਚਿਆਂ ਦੀਆਂ ਫ਼ੀਸਾਂ ਦਾ ਪ੍ਰਬੰਧ ਕਰਨਾ ਬਾਕੀ ਰਹਿੰਦਾ ਸੀ।

ਕਾਲਜੋਂ ਛੁੱਟੀ ਮਿਲਦਿਆਂ ਹੀ ਉਸ ਨੇ ਪਬਲਿਸ਼ਰਾਂ ਦੇ ਚੱਕਰ ਕੱਢਣੇ ਆਰੰਭ ਕਰ ਦਿੱਤੇ, ਪਰ ਵਿਅਰਥ। ਉਹ ਬਹੁਤ ਥੱਕ ਗਿਆ ਸੀ। ਆਪਣੀ ਥਕਾਵਟ ਨੂੰ ਉਸ ਨੇ ਕਾਫ਼ੀ ਹਾਊਸ ਦੀਆਂ ਰੰਗੀਨੀਆਂ ਵਿਚ ਭੁਲਾਉਣ ਦਾ ਇਕ ਵਿਅਰਥ ਯਤਨ ਕੀਤਾ। ਅੱਜ ਦੀ ਦੌੜ-ਧੁਪ ਦੀ ਅਸਫ਼ਲਤਾ ਤੋਂ ਜਿਵੇਂ ਉਸ ਨੂੰ ਜ਼ਿੰਦਗੀ ਨਾਲ ਨਫ਼ਰਤ ਹੋ ਗਈ ਸੀ, ਅਤਿ ਦੀ ਨਫ਼ਰਤ। ਉਸ ਨੇ ਕਾਫ਼ੀ ਦੇ ਇਕ ਕੱਪ ਦੀ ਜ਼ਹਿਰ-ਮਾਰ ਕੀਤੀ ਤੇ ਫਿਰ ਲਾਈਨੇ ਲਾਈਨ ਤੁਰ ਪਿਆ। ਦੂਰੋਂ ਉਸ ਨੂੰ ਗੱਡੀ ਆਉਂਦੀ ਨਜ਼ਰ ਆਈ। ਪਲ ਦੀ ਪਲ ਉਸ ਦੇ ਮਨ ਵਿਚ ਆਤਮਘਾਤ ਦਾ ਖ਼ਿਆਲ ਉਤਪੰਨ ਹੋਇਆ। ਗੱਡੀ ਬੜੀ ਤੇਜ਼ੀ ਨਾਲ ਨੇੜੇ ਆ ਰਹੀ ਸੀ। ਉਸ ਦਾ ਦਿਲ ਬੜੀ ਤੇਜ਼ੀ ਨਾਲ ਧੜਕਣ ਲੱਗ ਪਿਆ। ਗੱਡੀ ਦੀ ਆਵਾਜ਼ ਬਿਲਕੁਲ ਉਸ ਦੇ ਕੰਨਾਂ ਦੇ ਨੇੜੇ ਆ ਗਈ ਤੇ ਫਿਰ ਜਿਵੇਂ ਇਸ ਆਵਾਜ਼ ਉੱਤੇ ਉਸ ਦੇ ਬੱਚਿਆਂ ਦੀ ਆਵਾਜ਼ ਭਾਰੂ ਹੋ ਗਈ : "ਪਿਤਾ ਜੀ ! ਜੇ ਕੱਲ੍ਹ ਫ਼ੀਸ ਨਾ ਦਿੱਤੀ ਤਾਂ ਨਾਮ ਕੱਟ ਜਾਵੇਗਾ।"

"ਨਾਮ ਕੱਟ ਜਾਵੇਗਾ ... ਨਾਮ ਕੱਟ ਜਾਵੇਗਾ। ਜੇ ਫ਼ੀਸ ਨਾ ਦਿੱਤੀ ਤਾਂ ਨਾਮ ਕੱਟ ਜਾਵੇਗਾ।"

"ਜੇ ਮੇਰੇ ਬੱਚਿਆਂ ਦਾ ਨਾਮ ਕੱਟ ਹੋ ਗਿਆ, ਤਾਂ ਬਹੁਤ ਬੁਰਾ ਹੋਵੇਗਾ, ਬਹੁਤ ਬੇਇੱਜ਼ਤੀ ਹੋਵੇਗੀ।" ਉਸ ਦੀਆਂ ਸੋਚਾਂ ਦੀਆਂ ਤੰਦਾਂ ਖਿੱਚ ਹੋ ਗਈਆਂ। ਉਸ ਨੇ ਸੋਚਾਂ ਵਿੱਚੋਂ ਬੇਧਿਆਨੇ ਹੀ ਆਪਣਾ ਸਿਰ ਉਤਾਂਹ ਚੁੱਕਿਆ। ਗੱਡੀ ਇਕ ਨਾਕਾਮ ਹਸਰਤ ਦੇ ਛਲਾਵੇ ਵਾਂਗ ਕਦੋਂ ਦੀ ਉਸ ਦੇ ਕੋਲੋਂ ਲੰਘ ਚੁੱਕੀ ਸੀ ਤੇ ਸਾਮ੍ਹਣੇ ਹੀ ਲਾਈਨ ਨੂੰ ਉੱਤੋਂ ਦੀ ਕਰਾਸ ਕਰਦੀ ਸੜਕ ਦਾ ਪੁਲ ਸੀ। ਜਿਵੇਂ ਜਿਵੇਂ ਉਹ ਉਸ ਦੇ ਨੇੜੇ ਆ ਰਿਹਾ ਸੀ, ਤਿਵੇਂ-ਤਿਵੇਂ ਉਹ ਹੋਰ ਉੱਚਾ ਹੋਈ ਜਾ ਰਿਹਾ ਸੀ।

ਅੰਤ ਉਹ ਪੁਲ ਤੇ ਚੜ੍ਹਦੀ ਸੜਕ ਦੇ ਪੈਰਾਂ ਵਿਚ ਬੈਠ ਗਿਆ। ਉਸ ਦੀਆਂ ਨਜ਼ਰਾਂ ਸੜਕ ਦੇ ਨਾਲ-ਨਾਲ ਪੁਲ ਉੱਤੇ ਚੜ੍ਹਨ ਦਾ ਯਤਨ ਕਰ ਰਹੀਆਂ ਸਨ ਤੇ ਫਿਰ ਉਸ ਨੇ ਦੇਖਿਆ ਕਿ ਇਕ ਮਾੜਕੂਆ ਜਿਹਾ ਘੋੜਾ ਇਕ ਯੱਕੇ ਨੂੰ, ਜਿਸ ਵਿਚ ਚਾਰ ਸਵਾਰੀਆਂ ਬੈਠੀਆਂ ਸਨ, ਖਿੱਚੀ ਪੁਲ ਉੱਤੇ ਚੜ੍ਹਨ ਦਾ ਯਤਨ ਕਰ ਰਿਹਾ ਸੀ। ਪੁਲ ਹੋਰ ਉੱਚਾ, ਹੋਰ ਉੱਚਾ ਹੋ ਰਿਹਾ ਸੀ।

ਇਸ ਪੁਲ ਦੇ ਸਿਖਰ ਤੇ ਪਹੁੰਚਦਿਆਂ-ਪਹੁੰਚਦਿਆਂ ਉਸ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਘੋੜੇ ਦੀਆਂ ਲੱਤਾਂ ਜਵਾਬ ਦੇ ਰਹੀਆਂ ਹੋਣ ਤੇ ਉਹ ਖੜ੍ਹਨ-ਖੜ੍ਹਨ ਕਰਦਾ ਬਿਲਕੁਲ ਹੀ ਖੜ੍ਹ ਚੱਲਿਆ ਹੋਵੇ। ਪਰ ਫਿਰ ਅਚਾਨਕ ਹੀ 'ਸ਼ਾਂ' ਕਰਦੀ ਇਕ ਚਾਬਕ ਘੋੜੇ ਦੇ ਵੱਜੀ ਤੇ ਉਸ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਸ ਦੇ ਦਿਮਾਗ਼ ਵਿਚ ਕਿਸੇ ਖ਼ਿਆਲ ਨੇ ਇਕ ਚੂੰਢੀ ਭਰੀ ਹੋਵੇ ... ਤੇ ... ਤੇ ਫਿਰ ਉਸ ਨੇ ਵੇਖਿਆ ਕਿ ਆਪਣੀਆਂ ਟੁੱਟੀਆਂ ਭੱਜੀਆਂ ਲੱਤਾਂ ਦੇ ਨਾਲ ਪੁਲ ਦੇ ਸਿਖਰ ਉਤੇ ਪੁੱਜ ਕੇ, ਘੋੜਾ ਯੱਕੇ ਸਮੇਤ ਉਤਰਾਈ ਵਿਚ ਗੁੰਮ ਹੋ ਗਿਆ ਸੀ !

# ਦਾਲ ਉਬਲ ਗਈ

ਭਾਵੇਂ ਉਹ ਤੀਹਾਂ ਤੋਂ ਟੱਪ ਗਈ ਸੀ, ਪਰ ਉਸ ਦੇ ਚਿਹਰੇ ਉੱਤੇ ਸੁੰਦਰਤਾ ਦਾ ਰੰਗ ਅਜੇ ਤਕ ਵੀ ਬਾਕੀ ਸੀ। ਇਹ ਵੱਖਰੀ ਗੱਲ ਹੈ ਕਿ ਉਸ ਦੀਆਂ ਦੋਵੇਂ ਲੱਤਾਂ ਮੁੱਢ ਤੋਂ ਹੀ ਅਧਰੰਗ ਨਾਲ ਨਕਾਰਾ ਹੋ ਚੁੱਕੀਆਂ ਸਨ। ਫਹੁੜੀਆਂ ਦੇ ਆਸਰੇ ਉਹ ਤੁਰ ਫਿਰ ਵੀ ਲੈਂਦੀ ਸੀ। ਪਰ ਇਹ ਵੀ ਕੀ ਗੱਲ ਹੋਈ ? ਉਸ ਨੇ ਕਿਹੜੀਆਂ ਮੰਜ਼ਲਾਂ ਮਾਰਨੀਆਂ ਸਨ। ਰਸੋਈ ਤੋਂ ਸੌਣ-ਕਮਰੇ ਤੇ ਸੌਣ-ਕਮਰੇ ਤੋਂ ਬੈਠਕ ਤਕ। ਬਸ ਇਹੀ ਸੀ ਉਸ ਦਾ ਰੋਜ਼ਾਨਾ ਸਫ਼ਰ। ਘੜੀ ਦੀਆਂ ਸੂਈਆਂ ਵਾਂਗ, ਉਹ ਜਿੱਥੋਂ ਤੁਰਦੀ, ਉੱਥੇ ਹੀ ਆ ਖੜ੍ਹਦੀ। ਕਿੰਨਾ ਸੀਮਤ ਸੀ ਉਸ ਦੇ ਜੀਵਨ ਦਾ ਘੇਰਾ ! ਇਸ ਬਾਹਰਮੁਖੀ ਸੌੜੇਪਨ ਦੇ ਖੱਪੇ ਨੂੰ ਉਸ ਨੇ ਅੰਦਰਮੁਖੀ ਵਿਸ਼ਾਲਤਾ ਨਾਲ ਭਰਨ ਦਾ ਯਤਨ ਕੀਤਾ ਸੀ। ਪਿਛਲੇ ਕੁਝ ਸਾਲਾਂ ਵਿਚ ਹੀ ਉਹ ਘਰ ਬੈਠੀ ਐੱਮ. ਏ. ਪਾਸ ਕਰ ਗਈ ਸੀ। ਹਰ ਸਾਲ ਉਸ ਦਾ ਪਿਤਾ ਉਸ ਨੂੰ ਰਿਕਸ਼ੇ ਵਿਚ ਬਿਠਾ ਕੇ ਪਰੀਖਿਆ-ਘਰ ਤਕ ਛੱਡ ਆਉਂਦਾ ਤੇ ਫਿਰ ਵਾਪਸ ਲੈ ਆਉਂਦਾ। ਤੇ ਹੁਣ ਉਸ ਦੇ ਜੀਵਨ ਵਿਚ ਸਾਲ ਬਾਅਦ ਆਉਣ ਵਾਲੀ ਇਹ ਰੰਗੀਨੀ ਵੀ ਖ਼ਤਮ ਹੋ ਚੁੱਕੀ ਸੀ।

ਇਕੱਲ ਦੇ ਅਹਿਸਾਸ ਨੂੰ ਭੁਲਾਉਣ ਲਈ ਉਹ ਆਪਣਾ ਵਿਹਲਾ ਸਮਾਂ ਇਮਤਿਹਾਨੀ ਪੁਸਤਕਾਂ ਤੇ ਗਾਈਡਾਂ ਲਿਖਣ, ਸਾਹਿਤ ਪੜ੍ਹਨ, ਰਸੋਈ ਅਤੇ ਸਿਲਾਈ ਦੇ ਕੰਮ ਵਿਚ ਗੁਜ਼ਾਰਦੀ। ਉਸ ਦੇ ਪਿਤਾ ਨੂੰ ਉਸ ਉੱਤੇ ਬੜਾ ਮਾਣ ਸੀ ਕਿ ਉਸ ਦੀ ਧੀ ਘਰ ਬੈਠਿਆਂ ਹੀ ਅੱਠ-ਦਸ ਰੁਪਏ ਦਿਹਾੜੀ ਕਮਾ ਲੈਂਦੀ ਸੀ। ਸ਼ਾਇਦ ਇਸੇ ਲਈ ਉਸ ਨੇ ਉਸ ਨੂੰ ਰਸੋਈ ਦੇ ਕੰਮ ਤੋਂ ਵਿਹਲਿਆਂ ਕਰਨ ਲਈ ਨੌਕਰ ਰੱਖ ਦਿੱਤਾ ਸੀ। ਪਰ ਇਹ ਨੌਕਰ ਉਸ ਨੂੰ ਜ਼ਰਾ ਵੀ ਪਸੰਦ ਨਹੀਂ ਸੀ। ਗੰਦਾ-ਗੰਦਾ ਰਹਿੰਦਾ, ਮੈਲੇ-ਮੈਲੇ ਕਪੜੇ, ਗੁੰਮ-ਸੁੰਮ, ਨਾ ਬੋਲ ਨਾ ਚਾਲ, ਨਾ ਵਾਲਾਂ ਨੂੰ ਕੰਘੀ ਕਰਦਾ, ਨਾ ਥੋੜ੍ਹੇ ਕੀਤੇ ਤੇਲ ਲਾਉਂਦਾ। ਭੌਂਦੂ ਨਿਰਾ ਭੌਂਦੂ !

ਨੌਕਰ ਦੇ ਕੁਹਜ ਨੂੰ ਵੇਖ ਕੇ ਕਦੇ-ਕਦੇ ਉਹ ਆਪਣੀ ਸ਼ਕਲ ਦੇ ਭਰਮ ਨੂੰ ਮਿਟਾਉਣ ਲਈ ਸ਼ੀਸ਼ਾ ਲੈ ਕੇ ਬਹਿ ਜਾਂਦੀ। ਉਹ ਹੀ ਉਦਾਸ ਚਿਹਰਾ, ਅਣਛੁਹ ਮੁਸਕਾਨਾਂ, ਅਣਪਛਾਤੇ ਨਕਸ਼, ਫਿਰ ਉਹ ਸੋਚਦੀ ਕਿ ਇਸ ਭੈੜੇ ਨੌਕਰ ਵਲ ਵੇਖ ਕੇ ਮੈਂ ਸ਼ੀਸ਼ਾ ਕਿਉਂ ਫੜਾਂ ?

ਨੌਕਰ ਤੇ ਸ਼ੀਸ਼ੇ ਦੇ ਖ਼ਿਆਲ ਨੂੰ ਦਿਲ ਵਿੱਚੋਂ ਕੱਢਣ ਤੇ ਸਿਆਲੇ ਦੀ ਨਿੰਮ੍ਹੀ ਨਿੰਮ੍ਹੀ ਧੁੱਪ ਦਾ ਸੁਆਦ ਮਾਣਨ ਲਈ ਉਹ ਲਾਨ ਵਿਚ ਆ ਬੈਠਦੀ। ਕੁਝ ਲਿਖਦੀ, ਕੁਝ ਪੜ੍ਹਦੀ ਰਹਿੰਦੀ। ਕਦੇ-ਕਦੇ ਉਹ ਦੂਰ ਖ਼ਲਾਅ ਨੂੰ ਘੂਰਦੀ-ਘੂਰਦੀ ਅੱਖਾਂ ਮੁੰਦ ਲੈਂਦੀ। ਉਸ ਦੇ ਅੰਦਰ ਵੀ ਤਾਂ ਉਹ ਹੀ ਖ਼ਲਾਅ ਸੀ। ਉਹ ਤ੍ਰਭਕ ਦੇ ਅੱਖਾਂ ਖੋਲ੍ਹ ਦਿੰਦੀ। ਆਪਣੇ ਮਨ ਨੂੰ ਹੋਧਰੇ ਪਾਉਣ ਲਈ ਉਹ ਡਲਸੀ ਨੂੰ ਆਵਾਜ਼ ਮਾਰ ਕੇ ਆਪਣੇ ਕੋਲ ਬਿਠਾ ਲੈਂਦੀ।

ਡਲਸੀ ਵੀ ਪੁੱਜ ਕੇ ਸੁਨੱਖੀ ਸੀ, ਤਿੱਖੇ-ਤਿੱਖੇ ਨਕਸ਼, ਪਿਆਰੀਆਂ ਪਿਆਰੀਆਂ ਅੱਖਾਂ ਤੇ ਐਨੀ ਚੁਸਤ ਕਿ ਬਲਾ ਰੱਬ ਦੀ ! ਪਿਛਲੇ ਕੁਝ ਦਿਨਾਂ ਤੋਂ ਗੁਆਂਢੀਆਂ ਦਾ ਟਾਮੀ ਆ ਜਾਂਦਾ ਤੇ ਕਿੰਨਾ-ਕਿੰਨਾ ਚਿਰ ਡਲਸੀ

ਨਾਲ ਖੇਡਦਾ ਰਹਿੰਦਾ। ਪਿਆਰ ਕਰਦਾ ਰਹਿੰਦਾ। ਡਲਸੀ ਕਦੇ ਉਸ ਦੇ ਮੂੰਹ ਨੂੰ ਚੁੰਮਦੀ ਤੇ ਟਾਮੀ ਕਦੇ ਉਸ ਨੂੰ ਪੰਜਾ ਮਾਰ ਕੇ ਪਿਆਰ ਨਾਲ ਹੇਠਾਂ ਸੁੱਟ ਲੈਂਦਾ। ਉਹ ਪੂਛ ਹਿਲਾਉਂਦੀ ਤੇ ਫਿਰ ਉੱਠ ਖੜ੍ਹਦੀ। ਉਹ ਸਾਮ੍ਹਣੇ ਬੈਠੀ ਉਹਨਾਂ ਦੀ ਖੇਡ ਦਾ ਆਨੰਦ ਮਾਣਦੀ ਰਹਿੰਦੀ ਤੇ ਫਿਰ ਇਸ ਆਨੰਦ ਵਿਚ ਹੌਲੀ-ਹੌਲੀ ਤੁਰਦੀ ਰਸੋਈ ਵਿਚ ਆ ਵੜਦੀ।

ਨੌਕਰ ਉਵੇਂ ਦਾ ਉਵੇਂ ਰਸੋਈ ਦੇ ਕੰਮ ਵਿਚ ਰੁੱਝਾ ਰਹਿੰਦਾ। ਨਾ ਉਸ ਵਲ ਵੇਖਦਾ, ਨਾ ਉਸ ਨੂੰ ਬੁਲਾਉਂਦਾ। ਜੇ ਉਹ ਬੁਲਾਉਂਦੀ ਤਾਂ 'ਹੂੰ ਹਾਂ' ਕਰ ਛੱਡਦਾ। 'ਇਸ ਚੰਦਰੇ ਦੇ ਮੂੰਹ ਵਿਚ ਜ਼ਬਾਨ ਵੀ ਹੈ ਨਹੀਂ।' ਉਹ ਸੋਚਦੀ।

"ਵੇ ਰੁੜ੍ਹ ਜਾਣਿਆਂ ! ਕੀ ਸੂਰਤ ਬਣਾਈ ਆ ? ਆਹ ਫੜ ਸਾਬਣ ਤੇ ਮੂੰਹ ਧੋ ਜਾ ਕੇ। ਵਾਲਾਂ ਨੂੰ ਤੇਲ ਲਾ ਕੇ ਕੰਘੀ ਕਰ।"

ਆਖ਼ਿਰ ਇਕ ਦਿਨ ਉਸ ਨੇ ਕਹਿ ਹੀ ਦਿੱਤਾ, "ਜੀ ! ਜੀ ! ਬੀਬੀ ਜੀ ! ਅੱਛਾ ਜੀ !"

"ਚੰਦਰਿਆ, ਆਹ ਫੜ ਸ਼ੀਸ਼ਾ ਤੇ ਵੇਖ ਆਪਣੀ ਸ਼ਕਲ, ਹੇਠੋਂ ਕਿੰਨਾ ਸੋਹਣਾ ਨਿਕਲ ਆਇਆ ਏਂ।" ਤੇ ਵਿਚਾਰਾ ਨੌਕਰ ਸ਼ਰਮਾ ਗਿਆ। ਨੌਕਰ ਦੀ ਇਸ ਸ਼ਰਮੀਲੀ ਅਦਾ ਵਿੱਚੋਂ ਉਸ ਨੂੰ ਭਰਪੂਰ ਜਵਾਨੀ ਦੇ ਨਕਸ਼ ਉੱਘੜਦੇ ਨਜ਼ਰ ਆਏ।

"ਲਿਆ ਉਰੇ ਕਰ ਕੰਘੀ, ਤੇਰੇ ਵਾਲ ਬਣਾ ਦਿਆਂ।"

ਉਸ ਦੇ 'ਨਹੀਂ ਜੀ, ਨਹੀਂ ਜੀ' ਕਰਦਿਆਂ ਵੀ ਉਸ ਨੇ ਮੁੰਡੂ ਦੀ ਕੰਘੀ ਕਰ ਦਿੱਤੀ। ਉਹ ਉਸ ਨੂੰ ਸੁਹਣਾ-ਸੁਹਣਾ ਲੱਗਣ ਲੱਗ ਪਿਆ।

ਹੁਣ ਉਹ ਲਾਅਨ ਦੀ ਬਜਾਏ ਸੌਣ-ਕਮਰੇ ਵਿਚ ਹੀ ਬੈਠੀ ਰਹਿੰਦੀ। ਕਿਤਾਬਾਂ ਵਿਚ ਉਹਦਾ ਜੀ ਨਾ ਲੱਗਦਾ ਤੇ ਲਿਖਣ ਨੂੰ ਉਹਦੀ ਵੱਢੀ ਰੂਹ ਨਾ ਕਰਦੀ।

ਅੱਜ ਜਦੋਂ ਉਹ ਸੌਣ ਕਮਰੇ ਦਾ ਬੂਹਾ ਭੇੜੀ ਰਜ਼ਾਈ ਵਿਚ ਬੈਠੀ ਸ਼ੀਸ਼ੇ ਸਾਹਮਣੇ ਆਪਣੇ ਵਾਲ ਬਣਾ ਰਹੀ ਸੀ ਤਾਂ ਨੌਕਰ ਆ ਗਿਆ।

"ਚਾਹ ! ਚਾਹ ! ਬੀਬੀ ਜੀ।"

ਤੇ ਉਹ ਖਿੜ ਖਿੜਾ ਕੇ ਹੱਸ ਪਈ।

"ਵੇ ਸੰਗਦਾ ਕਿਉਂ ਏਂ ਇਧਰ ਆ ! ਆ ਮੇਰੇ ਕੋਲ ! ਵੇਖ ਤੇਰੇ ਵਾਲ ਠੀਕ ਨਹੀਂ ਬਣੇ ਅਜ। ਆ ਠੀਕ ਕਰ ਦਿਆਂ। ਵੇ ਉਰੇ ਵੀ ਹੋ।" ਉਸ ਨੇ ਫੜ ਕੇ ਨੌਕਰ ਨੂੰ ਨਾਲ ਬਿਠਾ ਲਿਆ ਤੇ ਉਸ ਦੇ ਵਾਲ ਸਵਾਰਨ ਲੱਗ ਪਈ।

"ਵੇਖ ! ਐਧਰ ਵੇਖ ! ਮੇਰੇ ਵਲ। ਮੈਂ ਤੈਨੂੰ ਕਿਹੋ ਜਿਹੀ ਲਗਨੀ ਆਂ ?"

"ਜੀ ! ਜੀ ! ਬੀਬੀ ਜੀ ! ਬਹੁਤ ... ਦਾ ... ਦਾ।"

"ਵੇ ਦਾ ਦਾ ਕੀ ਕਰਨ ਡਿਹੈਂ। ਉਰੇ ਹੋ ਮੇਰੇ ਕੋਲ ਤੇਰੀ ਲਿਟ ਫੇਰ ਹੇਠਾਂ ਡਿੱਗ ਪਈ ਏ।" ਉਸ ਨੇ ਨੌਕਰ ਨੂੰ ਆਪਣੇ ਹੋਰ ਵੀ ਨੇੜੇ ਖਿੱਚ ਲਿਆ ਤੇ ਉਸ ਦੇ ਮੋਢਿਆਂ ਹੇਠੋਂ ਦੀ ਬਾਂਹ ਵਲਾ ਕੇ ਲਿਟ ਸੰਵਾਰਨ ਲੱਗਿਆਂ ਉਸ ਨੂੰ ਆਪਣੀ ਹਿੱਕ ਨਾਲ ਏਨੇ ਜ਼ੋਰ ਨਾਲ ਘੁੱਟਿਆ ਕਿ ਉਸ ਦੀ ਚੀਕ ਨਿਕਲ ਗਈ।

"ਦਾ ਦਾਲ ਉੱਬਲ ਗਈ ਬੀਬੀ ਜੀ।"

ਉਹ ਇਕਦਮ ਉਸ ਦੀਆਂ ਬਾਹਾਂ 'ਚੋਂ ਨਿਕਲ ਕੇ ਰਸੋਈ ਵੱਲ ਚਲਾ ਗਿਆ, ਦਾਲ ਦੇ ਉਬਾਲੇ ਨਾਲ ਬੁਝੇ ਹੋਏ ਸਟੋਵ ਵਿੱਚੋਂ ਭਾਫ਼, ਗੈਸ ਅਤੇ ਧੂੰਆਂ ਨਿਕਲ-ਨਿਕਲ ਕੇ ਰਸੋਈ ਵਿਚ ਫੈਲ ਰਿਹਾ ਸੀ।

# ਪਾਸਪੋਰਟ

72 ਡਾਇਆਮੰਡ ਰੋਡ ਤੋਂ ਲੰਡਨ ਹਵਾਈ ਅੱਡੇ ਤਕ ਦਾ ਸਫ਼ਰ ਜਿਵੇਂ ਟੈਕਸੀ ਨੇ ਪਰ ਲਾ ਕੇ ਪਲਾਂ ਛਿਣਾਂ ਵਿਚ ਹੀ ਮੁਕਾ ਦਿੱਤਾ ਸੀ। ਇਸ ਤੋਂ ਵੀ ਵਧੇਰੇ ਹੈਰਾਨੀ ਉਸ ਨੂੰ ਇਸ ਗੱਲ ਦੀ ਸੀ ਕਿ ਲੰਡਨ ਤੋਂ ਦਿੱਲੀ ਤਕ ਪਹੁੰਚਦਿਆਂ ਉਸ ਨੇ ਅੱਜ ਤੋਂ ਪੰਜ ਸਾਲ ਪਹਿਲਾਂ ਵਾਂਗ ਅਕੇਵਾਂ ਅਨੁਭਵ ਨਹੀਂ ਸੀ ਕੀਤਾ। ਅੱਜ ਤੋਂ ਪੂਰੇ ਪੰਜ ਸਾਲ ਪਹਿਲਾਂ ਉਹ ਦਿੱਲੀ ਤੋਂ ਲੰਡਨ ਨੂੰ ਉੱਡਿਆ ਸੀ। ਉਸ ਵੇਲੇ ਉਸ ਨੂੰ ਇੰਜ ਮਹਿਸੂਸ ਹੋਇਆ ਸੀ, ਜਿਵੇਂ ਸਮੇਂ ਦੇ ਪੈਰਾਂ ਵਿਚ ਕਿਸੇ ਨੇ ਪਹਾੜ ਬੰਨ੍ਹ ਦਿੱਤਾ ਹੋਵੇ। ਐਨੀ ਸੁਸਤ ਚਾਲ ਵੀ ਕੀ ਕਹੁ ? ਪਰ ਅੱਜ ਦਾ ਸਫ਼ਰ ... ਉਹੀ ਜਹਾਜ਼, ਉਹੀ ਰਫ਼ਤਾਰ, ਉਹੀ ਫ਼ਾਸਲਾ ... ਉਸ ਦੀ ਪਿੰਡ ਪਹੁੰਚਣ ਦੀ ਉਤਸੁਕਤਾ ਦੇ ਪੇਟੇ ਪੈ ਕੇ ਅੱਜ ਤੋਂ ਪੰਜ ਸਾਲ ਪਹਿਲਾਂ ਦੀ ਲੰਮੀਂ ਡੈਸ਼ ਦੀ ਥਾਂ ਇਕ ਨਿੱਕੀ ਜਿਹੀ ਬਿੰਦੀ ਉੱਤੇ ਸੁੰਗੜ ਗਿਆ ਸੀ। ਦਿੱਲੀ ਆਈ ਤੇ ਦਿੱਲੀ ਦੇ ਨਾਲ ਹੀ ਉਸ ਦੇ ਮਨ ਵਿਚ ਹੁਸੀਨ ਯਾਦਾਂ ਦੇ ਚਤਰੰਜਣ-ਜੋੜੇ ਚਹਿਕਣ ਲੱਗ ਪਏ। ਇਨ੍ਹਾਂ ਯਾਦਾਂ ਦੇ ਮੋਠੀਆ ਪੱਲੂਆਂ ਨੂੰ ਫੜਦਾ-ਫੜਦਾ ਉਹ ਆਪਣੇ ਦੇਸ਼, ਪੰਜਾਬ ਨੂੰ ਜਾਣ ਵਾਲੀ ਗੱਡੀ ਵਿਚ ਬੈਠ ਗਿਆ।

ਅੱਜ ਤੋਂ ਪੂਰੇ ਪੰਜ ਸਾਲ ਪਹਿਲਾਂ ਦਾ ਸਮਾਂ ਉਸਦੀਆਂ ਅੱਖਾਂ ਦੇ ਸਾਮ੍ਹਣੇ ਸੀ। ਉਦੋਂ ਉਹ ਬਾਈਆਂ ਸਾਲਾਂ ਦਾ ਗਭਰੂ ਸੀ। ਬਾਪੂ ਦੇ ਹੰਭਦੇ ਹੋਏ ਅੰਗਾਂ ਨੂੰ ਵੇਖ ਕੇ ਇਕ ਹੱਲ ਦੀ ਖੇਤੀ ਦਾ ਸਾਰਾ ਭਾਰ ਉਸ ਨੇ ਆਪਣੇ ਸਿਰ ਲੈ ਲਿਆ ਸੀ। ਬੁੱਢੀ ਮਾਂ, ਦੋ ਛੋਟੀਆਂ ਭੈਣਾਂ ਤੇ ਆਪਣੇ ਤੋਂ ਪੂਰੇ ਪੰਜ ਛੇ ਸਾਲ ਛੋਟੇ ਵੀਰ ਦੀ ਪਰਵਰਿਸ਼ ਦਾ ਭਾਰ ਉਸ ਦੇ ਮੋਢਿਆਂ ਉੱਤੇ ਸੀ। ਉਨ੍ਹਾਂ ਦੇ ਵਡੇਰਿਆਂ ਦੀ ਪੰਜਾਹ ਘੁਮਾਂ ਦੀ ਢੇਰੀ ਪੀੜ੍ਹੀ ਦਰ ਪੀੜ੍ਹੀ ਹੁੰਦੀ ਹੋਈ ਉਸ ਦੇ ਹੱਥਾਂ ਵਿਚ ਆ ਕੇ ਕੇਵਲ ਤਿੰਨ ਘੁਮਾਂ ਦੀ ਰਹਿ ਗਈ ਸੀ। ਜ਼ਮੀਨ ਤੇ ਆਖ਼ਿਰ ਜ਼ਮੀਨ ਸੀ ਨਾ, ਇਸ ਨੇ ਕਿਹੜਾ ਉਨ੍ਹਾਂ ਦੀ ਬੂਰੀ ਮੱਝ ਵਾਂਗ ਹਰ ਸਾਲ ਇਕ ਕਟੜੂ ਸੁੱਟ ਦੇਣਾ ਸੀ। ਇਸ ਦੇ ਟਾਕਰੇ ਉੱਤੇ ਬੰਦੇ ਸਨ ਕਿ ਹਰ ਸਾਲ ਵਧ ਰਹੇ ਸਨ। ਪੰਜਾਂ ਜੀਆਂ ਦੇ ਟੱਬਰ ਲਈ ਤਿੰਨ ਘੁਮਾਂ ਸਿਆੜ ਤੇ ਉਨ੍ਹਾਂ ਤਿੰਨਾਂ ਵਿੱਚੋਂ ਵੀ ਇਕ ਘੁਮਾਂ ਮਾਰੂ। ਉਹ ਹੱਡ ਤੋੜਵੀਂ ਮਿਹਨਤ ਕਰਦਾ। ਭੌਲੀ, ਮਾਮਲੇ ਤੇ ਵੀ ਕੁਝ ਜ਼ਮੀਨ ਲੈਂਦਾ, ਤਾਂ ਜਾ ਕੇ ਘਰ ਦਾ ਲੂਣ ਤੇਲ ਤੁਰਦਾ ਸੀ। ਪਿੰਡ ਵਿਚ ਸਕੂਲ ਖੁੱਲ੍ਹ ਗਿਆ ਸੀ। ਛੋਟੀਆਂ, ਭੈਣਾਂ ਦੀ ਪੜ੍ਹਾਈ ਜ਼ਰੂਰੀ ਸੀ। ਛੋਟਾ ਭਰਾ ਵੀ ਲਾਗਲੇ ਪਿੰਡ ਦੇ ਹਾਈ ਸਕੂਲ ਦਾ ਵਿੱਦਿਆਰਥੀ ਸੀ। ਫ਼ੀਸਾਂ ਦਾ ਖ਼ਰਚ, ਕਿਤਾਬਾਂ ਦਾ ਖ਼ਰਚ, ਘਰ ਦੇ ਰਸਦ ਪਾਣੀ ਦਾ ਖ਼ਰਚ। ਖ਼ਰਚ ਹੀ ਖ਼ਰਚ ਤੇ ਕਮਾਊ ਸੀ ਉਹ ਕੱਲਾ। ਫੇਰ ਵੀ ਉਹ ਮਿੱਟੀ ਵਿਚ ਮਿੱਟੀ ਹੋਇਆ ਰਹਿੰਦਾ, ਮਿੱਟੀ ਵਿੱਚੋਂ ਸੋਨਾ ਪੈਦਾ ਕਰਨ ਲਈ।

ਆਪਣੇ ਕੱਚੇ ਘਰ ਦੇ ਨਾਲ ਹੀ, ਉਸ ਦੇ ਵੇਖਦੇ-ਵੇਖਦੇ ਦੋ ਨਵੇਂ ਤੇ ਪੱਕੇ ਮਕਾਨ ਉੱਸਰ ਆਏ ਸਨ। ਉਸ ਦੇ ਦੋਹਾਂ ਚਾਚਿਆਂ ਦੇ ਮੁੰਡੇ ਵਲੈਤੋਂ ਹਰ ਮਹੀਨੇ ਪੰਜ ਸੌ ਤੀਹ-ਤੀਹ ਰੁਪਏ ਦੇ ਮਨੀਆਰਡਰ ਭੇਜ ਦਿੰਦੇ ਸਨ। ਫਿਰ ਭਲਾ ਮਕਾਨ ਕਿਉਂ ਨਾ ਉੱਸਰਦੇ ? ਕਦੇ-ਕਦੇ ਉਸ ਦਾ ਜੀ ਕਰਦਾ ਕਿ ਇਨ੍ਹਾਂ ਸ਼ਾਨਦਾਰ ਮਕਾਨਾਂ

ਦੇ ਵਿਚਕਾਰ ਖੜੋਤੇ ਆਪਣੇ ਕੱਚੇ ਤੇ ਮਨਹੂਸ ਮਕਾਨ ਨੂੰ ਢਾਹ ਹੀ ਦੇਵੇ। ਹਾੜ੍ਹ ਜਾਏ, ਸਾਉਣ ਆਏ, ਖ਼ਿਜ਼ਾਂ ਜਾਏ, ਬਹਾਰ ਆਏ, ਇਹ ਉਵੇਂ ਦਾ ਉਵੇਂ ਉਦਾਸ-ਉਦਾਸ, ਹੈਰਾਨ-ਹੈਰਾਨ, ਡੌਰ-ਭੌਰ ਜਿਹਾ ਹੋ ਕੇ ਖੜ੍ਹਾ ਰਹਿੰਦਾ ਸੀ। ਫਿਰ ਉਹ ਸੋਚਦਾ ਕਿ ਇਹ ਕਿਹੜਾ ਰੁੱਖ ਹੈ ਜੋ ਰੁੱਤਾਂ ਦੇ ਗੇੜ ਨਾਲ ਫੁੱਟ ਪਵੇ। ਉੱਜ ਵੀ ਲੋਕਾਂ ਦੇ ਪੱਕੇ ਵੇਖ ਕੇ ਆਪਣੇ ਕੱਚਿਆਂ ਨੂੰ ਢਾਹੁਣ ਵਿਚ ਉਹ ਅਕਲਮੰਦੀ ਨਹੀਂ ਸੀ ਸਮਝਦਾ। ਢਾਹੁਣਾ ਨਾ ਸਹੀ, ਇਸ ਦੀ ਨਵੇਂ ਸਿਰਿਉਂ ਮੁੜ ਉਸਾਰੀ ਦਾ ਖ਼ਿਆਲ ਤਾਂ ਕੋਈ ਨਾਜਾਇਜ਼ ਨਹੀਂ ਸੀ। ਪਰ ਜਦੋਂ ਆਪਣੇ ਸਾਧਨਾਂ ਵਲ ਨਜ਼ਰ ਮਾਰਦਾ ਤਾਂ ਉਸ ਦੇ ਦਿਲ ਵਿਚ ਮਜਬੂਰੀ ਦੀ ਇਕ ਚੂੰਢੀ ਭਰ ਹੋ ਜਾਂਦੀ। ਫੇਰ ਉਹ ਨਮੋਸ਼ੀ ਦਾ ਮਾਰਿਆ ਕਈ-ਕਈ ਦਿਨ ਪਿੰਡ ਨਾ ਆਉਂਦਾ, ਗੁੰਮ-ਸੁੰਮ ਜਿਹਾ ਆਪਣੇ ਖੂਹ ਤੇ ਖੇਤਾਂ ਨੂੰ ਘੂਰਦਾ ਰਹਿੰਦਾ।

ਉਸ ਦੇ ਵੇਖਦਿਆਂ-ਵੇਖਦਿਆਂ ਉਸ ਦੇ ਕਈ ਹਾਣੀ ਆਪਣੇ ਖੇਤ ਗਹਿਣੇ ਰੱਖ ਕੇ ਵਲਾਇਤ ਜਾ ਵੜੇ ਸਨ। ਤੇ ਫਿਰ ਉਸ ਦੇ ਵੇਖਦਿਆਂ-ਵੇਖਦਿਆਂ ਹੀ ਉਨ੍ਹਾਂ ਦੀਆਂ ਜ਼ਮੀਨਾਂ ਛੁੱਟ ਗਈਆਂ ਸਨ। ਪੁਰਾਣੇ ਤੇ ਬੋਸੀਦਾ ਮਕਾਨਾਂ ਦੀ ਥਾਂ ਨਵੇਂ-ਨਵੇਂ ਮਕਾਨਾਂ ਨੇ ਲੈ ਲਈ ਸੀ। ਜਿਨ੍ਹਾਂ ਦੇ ਘਰ ਮਸਾਂ ਡੰਗ ਟਪਾਈ ਹੁੰਦੀ ਸੀ, ਅੱਜ ਲਹਿਰਾਂ ਬਹਿਰਾਂ ਸਨ। ਸਭ ਵਲਾਇਤ ਦੀ ਬਰਕਤ ਨਾਲ, ਅੰਗ੍ਰੇਜ਼ਾਂ ਦੀ ਬਰਕਤ ਨਾਲ। ਉਹ ਕਈ ਵਾਰੀ ਆਪਣੀ ਮੋਟੀ ਅਕਲ ਨਾਲ ਸੋਚਦਾ ਕਿ ਅਸੀਂ ਅੰਗ੍ਰੇਜ਼ਾਂ ਨੂੰ ਏਥੋਂ ਕੱਢ ਕੀ ਹਾਸਲ ਕੀਤਾ ਹੈ ? ਜੇ ਮੁੜਕੇ ਉਨ੍ਹਾਂ ਕੋਲ ਹੀ ਝੋਲੀ ਅੱਡਣੀ ਸੀ, ਤਾਂ ਵਲਾਇਤ ਜਾ ਕੇ ਕਿਉਂ ? ਏਥੇ ਹੀ ਕਿਉਂ ਨਾ ? ਏਸ ਆਜ਼ਾਦੀ ਨੇ ਸਾਡੇ ਮੁਲਕ ਨੂੰ ਸਗੋਂ ਹੋਰ ਵੀ ਲਾਚਾਰ ਬਣਾ ਕੇ ਰੱਖ ਦਿੱਤਾ ਸੀ। ਮਹਿੰਗਾਈ ਵਧ ਗਈ ਸੀ। ਫਿਰ ਉਹ ਸੋਚਦਾ ਕਿ ਜੇ ਅੰਗ੍ਰੇਜ਼ ਏਥੇ ਰਹਿੰਦੇ ਤਾਂ ਸ਼ਾਇਦ ਉਹ ਸਾਡੇ ਮੁਲਕ ਨੂੰ ਵੀ ਵਲਾਇਤ ਬਣਾ ਦਿੰਦੇ। ਉਸ ਨੂੰ ਰਾਜਨੀਤੀ ਨਾਲ ਕੋਈ ਦਿਲਚਸਪੀ ਨਹੀਂ ਸੀ। ਪਰ ਫਿਰ ਵੀ ਉਸ ਦੀਆਂ ਆਰਥਕ ਮਜਬੂਰੀਆਂ ਤੋਂ ਉਪਜੀਆਂ ਸੋਚਾਂ ਵਿਚ ਉਸ ਦੀ ਸਮਝ ਅਨੁਸਾਰ ਰਾਜਨੀਤੀ ਦੀ ਥੋੜ੍ਹੀ ਬਹੁਤੀ ਮਿੱਸ ਜ਼ਰੂਰ ਹੋ ਜਾਂਦੀ। ਇਨ੍ਹਾਂ ਸੋਚਾਂ ਅਤੇ ਦੁਨੀਆਂ ਦੇ ਚਾਲੇ ਤੋਂ ਪ੍ਰਭਾਵਤ ਹੋ ਕੇ ਉਸ ਨੇ ਵਲਾਇਤ ਜਾਣ ਦਾ ਪੱਕਾ ਇਰਾਦਾ ਕਰ ਲਿਆ। ਉਸ ਨੂੰ ਇਹ ਵੀ ਪਤਾ ਸੀ ਕਿ ਉਸ ਦਾ ਬਾਪੂ ਜ਼ਮੀਨ ਨੂੰ ਬੱਚਿਆਂ ਵਾਂਗ ਪਿਆਰ ਕਰਦਾ ਸੀ। ਉਹ ਇਸ ਨੂੰ ਇਕ ਕਮਾਊ ਔਲਾਦ ਸਮਝਦਾ ਸੀ। ਉਸ ਨੇ ਥੋੜ੍ਹੇ ਕੀਤਿਆਂ ਜ਼ਮੀਨ ਗਹਿਣੇ ਰਖਣ ਲਈ ਤਿਆਰ ਨਹੀਂ ਹੋਣਾ।

ਪਰ ਉਸ ਦੀ ਲਗਨ ਮੁਹਰੇ ਉਸ ਦੇ ਬਾਪੂ ਨੂੰ ਗੋਡੇ ਟੇਕਣੇ ਪਏ। ਪਾਸਪੋਰਟ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਪਾਸਪੋਰਟ ਏਜੰਟ ਜਿਨ੍ਹਾਂ ਨੂੰ ਉਹ ਦਲਾਲ ਕਹਿੰਦਾ ਸੀ, ਨੇ ਚਾਰ ਹਜ਼ਾਰ ਰੁਪਏ ਵਿਚ ਉਸ ਨੂੰ ਵਲਾਇਤ ਪੁਚਾਉਣ ਦਾ ਵਾਅਦਾ ਕੀਤਾ ਸੀ। ਫੇਰ ਕੀ ਸੀ, ਖੇਤ ਗਹਿਣੇ ਰਖ ਦਿੱਤੇ ਗਏ, ਹਵੇਲੀ ਤੇ ਉਨ੍ਹਾਂ ਦੀ ਬੂਰੀ ਮੱਝ ਵੀ ਵਿਕ ਗਈ। ਘਰ ਵਿਚ ਪੈਸਾ-ਪੈਸਾ ਕਰਕੇ ਜੋੜਿਆ ਜੋ ਥੋੜ੍ਹਾ ਬਹੁਤ ਹੈ ਸੀ, ਉਹ ਵੀ ਖ਼ਰਚ ਹੋ ਗਿਆ। ਉਸ ਦਿਨ ਤਾਂ ਉਸ ਨੂੰ ਆਪਣੀਆਂ ਸਭ ਮਜਬੂਰੀਆਂ ਭੁੱਲ ਗਈਆਂ, ਜਦੋਂ ਉਸ ਦੇ ਪਾਸਪੋਰਟ ਦੀ ਕਾਪੀ ਆ ਗਈ। ਉਸ ਦੇ ਚਾਚੇ ਦੇ ਪੁੱਤਰਾਂ ਨੇ ਲਿਖਿਆ ਸੀ, ਕਿ ਛੜੇ ਆਦਮੀ ਦੀ ਤਨਖ਼ਾਹ ਵਿਚ ਏਧਰ ਬਹੁਤ ਕਟੌਤੀ ਹੁੰਦੀ ਹੈ। ਉਸ ਦੇ ਬਾਪੂ ਨੇ ਵਿਆਜੀ ਰੁਪਿਆ ਚੁੱਕ ਕੇ ਉਸ ਦੀ ਚਿਰਕੋਣੀ ਮੰਗ ਨਾਲ ਉਸ ਦਾ ਵਿਆਹ ਵੀ ਰਚਾ ਦਿੱਤਾ। 'ਜੀਤੋ' ਉਸ ਦੀ ਵਹੁਟੀ, ਬੜੀ ਚੰਗੀ ਸੀ। ਸਾਂਵਲੇ ਰੰਗ ਦੀ, ਪਰ ਸੁਹਣੇ ਨੈਣ ਨਕਸ਼ਾਂ ਵਾਲੀ। ਜੀਤੋ ਨਾਲ ਇਕ ਮਹੀਨਾ ਉਸ ਨੇ ਹੱਸਦਿਆਂ ਖੇਡਦਿਆਂ ਲੰਘਾਇਆ ਸੀ। ਕਦੇ-ਕਦੇ ਜੀਤੋ ਉਦਾਸ ਹੋ ਜਾਂਦੀ। ਰੋ ਪੈਂਦੀ ਤੇ ਕਹਿੰਦੀ, "ਰੱਬ ਦੇ ਵਾਸਤੇ ਤੂੰ ਨਾ ਜਾ। ਮੈਨੂੰ ਪੈਸਿਆਂ ਦੀ ਨਹੀਂ ਤੇਰੀ ਲੋੜ ਹੈ।" ਪਰ ਉਹ ਉਸ ਨੂੰ ਢਾਰਸ ਦਿੰਦਾ ਕਿ, "ਤੂੰ ਫ਼ਿਕਰ ਨਾ ਕਰ ਮੈਂ ਪੰਜਾਂ ਸਾਲਾਂ ਬਾਅਦ ਮੁੜ ਆਵਾਂਗਾ। ਫੇਰ ਮੈਂ ਤੈਨੂੰ ਨੋਟਾਂ ਵਿਚ ਗੱਡ ਦਿਆਂਗਾ। ਇਹ ਜ਼ਮੀਨ ਸਾਡੀ ਹੋ ਜਾਏਗੀ। ਇਹ ਘਰ ਨਵਾਂ ਉਸਰੇਗਾ। ਫੇਰ ਹੋਵਾਂਗੇ, ਤੂੰ ਤੇ ਮੈਂ।" ਪਰ ਉਹ ਕੀ ਜਾਣੇ ਕਿ ਇਸਤਰੀ ਨੂੰ ਪੈਸਿਆਂ ਨਾਲੋਂ ਵਧੇਰੇ ਆਪਣੇ ਹਾਣੀ ਦੀ ਲੋੜ ਹੁੰਦੀ ਹੈ, ਜਿਹਦੇ ਨਾਲ ਉਹ ਸੂਲਾਂ ਦੀ ਸੇਜ ਉੱਤੇ ਵੀ ਮੁਸਕਰਾਉਂਦੀ ਹੋਈ ਫੁੱਲ ਪੈਦਾ ਕਰ ਸਕਦੀ ਹੈ।

ਉਹ ਉਸ ਨੂੰ ਸਮਝਾਉਂਦਾ ਕਿ ਪੈਸੇ ਨਾਲ ਹੀ ਸਭ ਕੁਝ ਹੈ। ਪਰ ਜੀਤੋ ਸਿਸਕੀਆਂ ਭਰਦੀ-ਭਰਦੀ ਚੁੱਪ ਹੋ ਰਹਿੰਦੀ, ਇਹ ਸੋਚ ਕੇ ਕਿ ਉਸ ਨੇ ਨਹੀਂ ਮੰਨਣਾ। ਉਸ ਦੇ ਦਿਲ ਵਿਚ ਵੀ ਜੀਤੋ ਦੇ ਵਿਛੋੜੇ ਦਾ ਗ਼ਮ ਸੀ। ਉਹ ਇੰਗਲੈਂਡ ਜਾ ਕੇ ਪੈਸੇ ਕਮਾਉਣ, ਆਪਣੀ ਜ਼ਮੀਨ ਛੁਡਾਉਣ, ਨਵਾਂ ਮਕਾਨ ਉਸਾਰਨ ਤੇ ਪਿੰਡ ਦੇ ਲੋਕਾਂ ਵਿਚ ਆਪਣੇ ਪੈਸੇ ਦੀ ਸ਼ਾਨ ਵਿਖਾਉਣ ਨੂੰ ਇਸ ਥੋੜ੍ਹੇ ਚਿਰ ਦੀ ਜੁਦਾਈ ਉੱਤੇ ਤਰਜੀਹ ਦਿੰਦਾ ਸੀ। ਉਸ ਨੇ ਇਹ ਕਦੇ ਵੀ ਨਹੀਂ ਸੀ ਸੋਚਿਆ ਕਿ ਔਰਤ ਤਾਂ ਉਹ ਪੰਛੀ ਹੈ, ਜਿਸ ਨੂੰ ਬ੍ਰਿਹੋਂ ਦੇ ਰੰਗੀਨ ਸੁਫ਼ਨਿਆਂ ਦੇ ਪਿੰਜਰੇ ਦੀ ਥਾਂ ਹਕੀਕਤ ਦੇ ਪਿਆਰ ਦੀ ਲੋੜ ਹੈ। ਔਰਤ ਰੁੱਖਾ ਮਿੱਸਾ ਖਾ ਸਕਦੀ ਹੈ, ਤੰਗੀ ਤੁਰਸ਼ੀ ਕੱਟ ਸਕਦੀ ਹੈ, ਪਰ ਵਿਛੋੜਾ ਤੇ ਫਿਰ ਉਹ ਵੀ ਪਰਦੇਸ ਦਾ ਤੇ ਫਿਰ ...। ਨਿਰੀਆਂ ਆਸਾਂ ਤਾਂ ਇਕ ਅਸਹਿ ਕਸ਼ਟ ਸਨ ਉਸ ਲਈ।

ਜਿਸ ਸਵੇਰ ਉਸ ਨੇ ਵਲਾਇਤ ਜਾਣਾ ਸੀ, ਉਸ ਤੋਂ ਪਹਿਲੀ ਰਾਤ ਜੀਤੋ ਦੇ ਬੇਰੋਕ ਅੱਥਰੂਆਂ ਨਾਲ ਸਲ੍ਹਾਭੀ ਗਈ ਸੀ। ਉਸ ਦੇ ਮਿੰਨਤਾਂ ਤਰਲਿਆਂ, ਸਿਸਕੀਆਂ ਤੇ ਹਉਕਿਆਂ ਨੇ ਵੀ ਉਸ ਦੇ ਇਰਾਦੇ ਨੂੰ ਬਦਲਣ ਲਈ ਅਸਫਲਤਾ ਦਾ ਮੂੰਹ ਵੇਖਿਆ। ਉਹ ਜੀਤੋ ਨੂੰ ਆਉਣ ਵਾਲੇ ਰੰਗੀਨ ਤੇ ਅਮੀਰ ਜੀਵਨ ਦੀਆਂ ਆਸਾਂ ਬੰਨ੍ਹਾਉਂਦਾ ਉਸ ਦੇ ਹੱਥਾਂ ਵਿੱਚੋਂ ਛਲਾਵੇ ਵਾਂਗ ਅਲੋਪ ਹੋ ਗਿਆ।

ਵਲਾਇਤ ਆ ਕੇ ਉਸ ਨੇ ਹੱਡ-ਤੋੜਵੀਂ ਮਿਹਨਤ ਕੀਤੀ, ਓਵਰ ਟਾਈਮ ਲਾਏ। ਲੋਹੇ ਦੇ ਕਾਰਖ਼ਾਨੇ ਵਿਚ ਢਲਾਈ ਦਾ ਸਖ਼ਤ ਕੰਮ ਕੀਤਾ, ਵਧੇਰੇ ਕਮਾਉਣ ਲਈ। ਉਸ ਦੀ ਜ਼ਮੀਨ ਛੁੱਟ ਗਈ, ਨਵਾਂ ਮਕਾਨ ਉੱਸਰ ਆਇਆ ਤੇ ਫੇਰ ਰੱਬ ਦੀ ਮਿਹਰ ਨਾਲ ਜੀਤੋ ਦੇ ਕੁੱਛੜ ਇਕ ਹੀਰੇ ਵਰਗਾ ਮੁੰਡਾ ਵੀ ਸੀ। ਉਹ ਕਿੰਨਾ ਖ਼ੁਸ਼ ਸੀ ! ਐਨਾ ਕੁਝ ਹੁੰਦਿਆਂ ਵੀ ਇਕ ਫ਼ਿਕਰ ਉਸ ਨੂੰ ਅੰਦਰੋਂ-ਅੰਦਰੀ ਖਾਈ ਜਾ ਰਹੀ ਸੀ। ਦੋ ਸਾਲ ਤਕ ਜੀਤੋ ਦੀਆਂ ਚਿੱਠੀਆਂ ਆਉਂਦੀਆਂ ਰਹੀਆਂ। ਘਰ ਵਾਲੇ ਵੀ ਉਸ ਦੀਆਂ ਗੱਲਾਂ ਲਿਖਦੇ ਰਹੇ। ਫਿਰ ਤੀਸਰੇ ਸਾਲ ਵਿਚ ਇਹ ਚਿੱਠੀਆਂ, ਇਹ ਗੱਲਾਂ ਘਟਦੀਆਂ-ਘਟਦੀਆਂ ਬਿਲਕੁਲ ਹੀ ਖ਼ਤਮ ਹੋ ਗਈਆਂ। ਜੀਤੋ ਬਾਰੇ ਕੋਈ ਕੁਝ ਨਹੀਂ ਸੀ ਲਿਖਦਾ। ਆਖ਼ਿਰ ਕਿਉਂ ? ਉਸ ਦੇ ਮਨ ਵਿਚ ਕਿੰਨੀਆਂ ਹੀ ਗੱਲਾਂ ਸਨ ਜੋ ਉਹ ਆਪਣੀ ਪਿਆਰੀ ਜੀਤੋ ਨੂੰ ਦਸਣੀਆਂ ਚਾਹੁੰਦਾ ਸੀ। ਇੰਗਲੈਂਡ ਬਾਰੇ, ਏਥੋਂ ਦੀਆਂ ਮੇਮਾਂ, ਹੋਟਲਾਂ, ਸੜਕਾਂ, ਕਲੱਬਾਂ ਤੇ ਨਾਚ-ਘਰਾਂ ਬਾਰੇ ਤੇ ਅੱਜ ਜਦ ਉਹ ਘਰ ਨੂੰ ਜਾ ਰਿਹਾ ਸੀ ਤਾਂ ਇਹ ਸੋਚ ਰਿਹਾ ਸੀ ਕਿ ਉਹ ਆਪਣੀ ਜੀਤੋ ਨੂੰ ਸਾਰੀ-ਸਾਰੀ ਰਾਤ ਇਹ ਗੱਲਾਂ ਸੁਣਾਉਂਦਾ ਰਹੇਗਾ। ਹੁਣ ਤਾਂ ਉਹ ਉਸ ਨੂੰ ਪਛਾਣ ਵੀ ਨਹੀਂ ਸਕੇਗੀ। ਠੰਡੇ ਮੁਲਕ ਵਿਚ ਰਹਿ ਕੇ ਉਸ ਦਾ ਰੰਗ ਵੀ ਨਿੱਖਰ ਆਇਆ ਸੀ। ਕੋਟ ਪਤਲੂਨ ਵਿਚ ਉਹ ਪੂਰਾ ਅੰਗ੍ਰੇਜ਼ ਲਗਦਾ ਸੀ। ਪਿੰਡ ਦੇ ਲੋਕ ਉਸ ਨੂੰ ਖ਼ੁਸ਼ੀ ਖ਼ੁਸ਼ੀ ਮਿਲਣ ਆਉਣਗੇ। ਉਹ ਉਨ੍ਹਾਂ ਨੂੰ ਵਲਾਇਤ ਦੀਆਂ ਗੱਲਾਂ ਸੁਣਾ ਸੁਣਾ ਕੇ, ਆਪਣੀ ਵੱਡਤ ਦਾ ਸਬੂਤ ਦੇਵੇਗਾ। ਉਸ ਦੀ ਜੀਤੋ ਜਦੋਂ ਨਵੇਂ-ਨਵੇਂ ਤੇ ਸੁਹਣੇ ਸੁਹਣੇ ਕਪੜੇ ਪਾ ਕੇ ਪਿੰਡ ਦੀ ਫਿਰਨੀ ਵਿੱਚੋਂ ਦੀ ਲੰਘਿਆ ਕਰੇਗੀ ਤਾਂ ਸ਼ਰੀਕਾਂ ਦੇ ਕਾਲਜੇ ਵਿਚ ਰੁਗ ਭਰ ਹੋ ਜਾਇਆ ਕਰੇਗਾ। ਉਹ ਆਪਣੇ ਆਪ ਹੀ ਮੁਸਕਰਾ ਪਿਆ ਤੇ ਉਸ ਨੇ ਗੱਡੀ ਦੀ ਬਾਰੀ ਵਿੱਚੋਂ ਬਹਾਰ ਨਜ਼ਰ ਮਾਰੀ। ਕਿੰਨੇ ਸੁੰਦਰ ਸਨ, ਉਸ ਦੇ ਦੇਸ ਪੰਜਾਬ ਦੇ ਖੇਤ ਤੇ ਇਨ੍ਹਾਂ ਵਿਚ ਲਹਿ-ਲਹਿ ਕਰਦੀਆਂ ਫ਼ਸਲਾਂ !

ਗੱਡੀਓਂ ਉਤਰ ਕੇ ਉਸ ਨੇ ਟਾਂਗੇ ਵਿਚ ਆਪਣਾ ਸਮਾਨ ਰਖਿਆ ਤੇ ਪਿੰਡ ਪਹੁੰਚਦਿਆਂ ਉਸ ਨੂੰ ਜ਼ਰਾ ਵੀ ਦੇਰ ਨਾ ਲੱਗੀ। ਰਾਹ ਵਿਚ ਉਹ ਆਪਣੇ ਬੱਚੇ ਅਤੇ ਜੀਤੋ ਬਾਰੇ ਸੋਚਦਾ ਰਿਹਾ। ਆਪਣੇ ਮਾਤਾ ਪਿਤਾ ਤੇ ਭੈਣ ਭਰਾ ਬਾਰੇ ਸੋਚਦਾ ਰਿਹਾ ਕਿ ਉਹ ਹੁਣ ਕਿਹੋ ਜਿਹੇ ਹੋਣਗੇ ? ਉਹ ਸੋਚਦਾ ਰਿਹਾ ਕਿ ਘਰ ਪਹੁੰਚਦਿਆਂ ਹੀ ਸਾਰਾ ਟੱਬਰ ਖ਼ੁਸ਼ ਹੋ ਜਾਵੇਗਾ। ਕੋਈ ਤੇਲ ਚੋਵੇਗਾ, ਕੋਈ ਪਾਣੀ ਵਾਰੇਗਾ। ਕੋਈ ਦੀਵਾ ਬਾਲੇਗਾ, ਕੋਈ ਸ਼ਗਨ ਮਨਾਵੇਗਾ। ਇਸ ਸਭ ਕੁਝ ਦਾ ਹੀਰੋ ਉਹ ਆਪ ਹੋਵੇਗਾ। ਉਹ ਜੀਤੋ ਨਾਲ ਓਪਰਾ ਗੁੱਸਾ ਜ਼ਾਹਰ ਕਰੇਗਾ। ਉਸ ਨਾਲ ਪਹਿਲਾਂ ਆਪ ਨਹੀਂ ਬੋਲੇਗਾ, ਸ਼ਿਕਵਾ ਕਰੇਗਾ ਕਿ ਉਸ ਨੇ ਖ਼ਤ ਕਿਉਂ ਨਹੀਂ ਪਾਇਆ ?

ਪਰ ਘਰ ਪਹੁੰਚਦਿਆਂ ਹੀ ਉਸ ਨੇ ਮਹਿਸੂਸ ਕੀਤਾ ਕਿ ਭਾਵੇਂ ਸਭ ਸ਼ਗਨ ਮਨਾਏ ਗਏ ਸਨ, ਪਰ

ਘਰ ਦਿਆਂ ਦੀ ਖ਼ੁਸ਼ੀ ਸਭ ਓਪਰੀ ਸੀ। ਇਹ ਕਿਉਂ ? ਉਸ ਦੇ ਮੱਥੇ ਉੱਤੇ ਤਿਉੜੀਆਂ ਹੋਰ ਗਹਿਰੀਆਂ ਹੋ ਗਈਆਂ। ਜ਼ਰੂਰ ਕੋਈ ਗੱਲ ਸੀ, ਜ਼ਰੂਰ ਕੋਈ ਭੇਦ ਸੀ, ਨਹੀਂ ਤਾਂ ਇਸ ਤਰ੍ਹਾਂ ਨਾ ਹੁੰਦਾ। ਉਸ ਦੀਆਂ ਨਜ਼ਰਾਂ ਜੀਤੋ ਨੂੰ ਢੂੰਡ ਰਹੀਆਂ ਸਨ, ਪਰ ਉਹ ਕਿਧਰੇ ਨਜ਼ਰ ਨਹੀਂ ਸੀ ਆਈ ! ਉਸ ਦੇ ਬੱਚੇ ਬਾਰੇ ਵੀ ਕਿਸੇ ਨੇ ਕੁਝ ਨਹੀਂ ਸੀ ਦੱਸਿਆ। ਸਭ ਦੀਆਂ ਅੱਖਾਂ ਨੀਵੀਆਂ ਸਨ ! ਆਖ਼ਿਰ ਕਿਉਂ ?

ਰਾਤ ਪਈ ਤਾਂ ਸ਼ਰਾਬ ਦਾ ਦੌਰ ਚੱਲਿਆ। ਸ਼ਾਇਦ ਉਸ ਨੂੰ ਵਧੇਰੇ ਪਿਲਾ ਦਿੱਤੀ ਗਈ ਸੀ। ਉਹ ਬੇਸੁੱਧ ਹੋ ਕੇ ਹਵੇਲੀ ਵਿਚ ਹੀ ਸੌਂ ਗਿਆ। ਦਿਨ ਚੜ੍ਹਿਆ। ਉਹ ਜੀਤੋ ਬਾਰੇ ਕਿਸ ਨੂੰ ਪੁੱਛੇ ? ਕੀ ਪੁੱਛੇ ? ਉਸ ਨੂੰ ਸੰਗ ਆਉਂਦੀ ਸੀ। ਇਹ ਤਾਂ ਘਰ ਦਿਆਂ ਦਾ ਫ਼ਰਜ਼ ਸੀ ਕਿ ਉਹ ਆਪ ਦਸਦੇ। ਸ਼ਾਇਦ ਉਹ ਪੇਕੀਂ ਗਈ ਹੋਵੇ। ਬਾਹਰੋਂ ਹੋ ਕੇ ਉਹ ਘਰ ਆਇਆ। ਉਸ ਦਾ ਛੋਟਾ ਭਰਾ ਨਜ਼ਰਾਂ ਚੁਰਾ ਕੇ ਕਾਹਲੀ ਨਾਲ ਬਾਹਰ ਵਲ ਨਿਕਲ ਗਿਆ। ਇਹ ਸਭ ਕੀ ਹੋ ਰਿਹਾ ਹੈ ? ਉਹ ਹੈਰਾਨ ਸੀ। ਉਨ੍ਹਾਂ ਦੀ ਵੱਸੋਂ ਕੋਠੇ 'ਤੇ ਸੀ। ਭਾਰੇ-ਭਾਰੇ ਪੈਰਾਂ ਨਾਲ ਉਹ ਕੋਠੇ 'ਤੇ ਚੜ੍ਹਿਆ। ਉਸ ਦੀ ਮਾਂ ਝੱਟ ਦੇ ਕੇ ਉਸ ਨੂੰ ਮੂਹਰਲੇ ਚਬਾਰੇ ਵਿਚ ਲੈ ਗਈ। ਧੌਣ ਘੁਮਾ ਕੇ ਜਦੋਂ ਉਸ ਨੇ ਪਿਛਲੇ ਚੁਬਾਰੇ ਵਲ ਝਾਤ ਮਾਰੀ ਤਾਂ ਉਸ ਨੇ ਵੇਖਿਆ ਕਿ ਘੁੰਡ ਕੱਢੀ ਇਕ ਤੀਵੀਂ ਛੋਟੇ ਜਿਹੇ ਬੱਚੇ ਨੂੰ ਮੋਢੇ ਲਾ ਕੇ ਦਰਵਾਜ਼ੇ ਦੇ ਓਹਲੇ ਹੋ ਗਈ। ਕੀ ਇਹ ਉਸ ਦੀ ਜੀਤੋ ਸੀ ? ਨਹੀਂ, ਨਹੀਂ, ਕਦਾਚਿਤ ਨਹੀਂ। ਉਸ ਦੇ ਕੁੱਛੜ ਤਾਂ ਛੋਟਾ ਜਿਹਾ ਬੱਚਾ ਹੈ, ਜਦੋਂ ਕਿ ਉਸ ਦਾ ਆਪਣਾ ਬੱਚਾ ਚੌਂਹ ਸਾਲਾਂ ਦਾ ਹੋਣਾ ਚਾਹੀਦਾ ਹੈ। ਫੇਰ ਇਹ ਕੌਣ ਹੈ ? ਛੋਟੇ ਭਰਾ ਦੀ ਵਹੁਟੀ ਹੋਵੇਗੀ। ਉਹ ਹੈਰਾਨ ਸੀ ਕਿ ਉਸ ਦੇ ਵਿਆਹ ਬਾਰੇ ਉਸ ਦੇ ਘਰ ਦਿਆਂ ਨੇ ਉਸ ਨੂੰ ਕੋਈ ਖ਼ਬਰ ਨਹੀਂ ਸੀ ਦਿੱਤੀ।

ਚੁਬਾਰੇ ਵਿਚ ਵੜਦਿਆਂ ਹੀ ਉਸ ਦੀ ਨਜ਼ਰ ਆਪਣੇ ਸਾਮਾਨ ਉੱਤੇ ਪਈ। ਲਾਲ ਅਟੈਚੀਕੇਸ ਵਿਚ ਹੀ ਤਾਂ ਨੋਟਾਂ ਦੀਆਂ ਦੱਥੀਆਂ ਸਨ। ਇਹ ਨੋਟ ਉਹ ਦਿੱਲੀਓਂ ਬੈਂਕ 'ਚੋਂ ਆਪਣਾ ਡਰਾਫ਼ਟ ਕੈਸ਼ ਕਰਵਾ ਕੇ ਲਿਆਇਆ ਸੀ। ਏਸ ਆਸ ਉੱਤੇ ਕਿ ਉਹ ਜੀਤੋ ਉੱਤੇ ਨੋਟਾਂ ਦੀ ਵਰਖਾ ਕਰ ਦੇਵੇਗਾ। ਉਸ ਨੇ ਅੱਗੇ ਵਧ ਕੇ ਉਹ ਅਟੈਚੀਕੇਸ ਖੋਲ੍ਹਿਆ ਅਤੇ ਮਾਂ ਨੂੰ ਆਪਣੀ ਕਮਾਈ ਉੱਤੇ ਇਕ ਝਾਤ ਪੁਆਈ। ਮਾਂ ਨੇ ਉਸ ਨੂੰ ਅਸੀਸਾਂ ਦਿੱਤੀਆਂ, ਪਰ ਉਸ ਦੇ ਦਿਲ ਦੀ ਗੱਲ ਫੇਰ ਵੀ ਨਾ ਕਹੀ। ਆਖ਼ਰ ਉਸ ਨੇ ਹੌਂਸਲਾ ਕਰ ਕੇ ਤੇ ਦੂਜੇ ਚੁਬਾਰੇ ਵੱਲ ਇਸ਼ਾਰਾ ਕਰਕੇ ਪੁੱਛ ਹੀ ਲਿਆ, "ਮਾਂ ਓਧਰ ਕੌਣ ਹੈ ?"

"ਜੀਤੋ !" ਉਸ ਦੀ ਮਾਂ ਦੇ ਮੂੰਹੋਂ ਇਹ ਨਾਮ ਇਸ ਤਰ੍ਹਾਂ ਨਿਕਲਿਆ ਜਿਵੇਂ ਉਹ ਸੁਫ਼ਨੇ 'ਚੋਂ ਅੱਬੜਵਾਹੇ ਉੱਠੀ ਹੋਵੇ। ਤੇ ਫਿਰ ਉਸ ਦੀਆਂ ਨਜ਼ਰਾਂ ਨੀਵੀਆਂ ਹੋ ਗਈਆਂ।

ਪਰ ਜੀਤੋ ਦੇ ਕੁੱਛੜ ਨਿੱਕਾ ਜਿਹਾ ਬਾਲ ? ਇਹ ਕਿੱਥੋਂ ਆ ਗਿਆ ? ਉਹ ਕੋਈ ਹੋਰ ਹੋਵੇਗੀ ਜੀਤੋ ਦੀ ਗੁਆਂਢਣ ਸਹੇਲੀ ! ਉਸ ਨੇ ਸੋਚਾਂ 'ਚੋਂ ਸਿਰ ਚੁੱਕਦਿਆਂ ਗੱਲ ਨਿਤਾਰਨ ਲਈ ਪੁੱਛਿਆ, "ਪਰ ਮਾਂ, ਉਸ ਦੇ ਕੁੱਛੜ ਤਾਂ ਬੱਚਾ ਹੈ।"

"ਹਾਂ, ਪੁੱਤਾ ਕੀ ਪੁੱਛਦਾਂ, ਤੇਰੇ ਪਿੱਛੋਂ ...।" ਉਸ ਦੀ ਮਾਂ ਦੇ ਸੰਘ ਵਿਚ ਸ਼ਬਦ ਜਿਵੇਂ ਅੜ ਰਹੇ ਸਨ।

"ਹਾਂ ! ਹਾਂ ! ਦੱਸ ਮਾਂ, ਮੇਰੇ ਪਿੱਛੋਂ ਕੀ ਹੋਇਆ ?"

"ਤੇਰੇ ਪਿੱਛੋਂ ਕੁੱਲ ਦੀ ਇੱਜ਼ਤ ਬਚਾਉਣ ਲਈ ਤੇਰੇ ਛੋਟੇ ਭਰਾ ਨੇ ਜੀਤੋ 'ਤੇ ਚਾਦਰ ਪਾ...ਲ...ਈ ...।"

ਰੋ ਰਹੀ ਉਸ ਦੀ ਮਾਂ ਦਾ ਗਲਾ ਭਰ ਗਿਆ। ਉਸ ਦੇ ਸਿਰ ਵਿਚ ਜਿਵੇਂ ਬੰਬ ਫਟ ਗਿਆ ਤੇ ਉਹ ਧਰਤੀ ਵਿਚ ਨਿੱਘਰਦਾ ਚਲਿਆ ਗਿਆ। ਉਸ ਦੀ ਮਾਂ ਪਤਾ ਨਹੀਂ ਕੀ ਬੋਲ ਰਹੀ ਸੀ। ਉਸ ਦੇ ਅੰਦਰ ਜਿਵੇਂ ਲਾਂਬੂ ਮਚ ਪਏ ਸਨ ਤੇ ਉਹ ਲਾਂਬੂ ਉਸ ਦੀਆਂ ਨਜ਼ਰਾਂ ਥਾਣੀਂ ਸਾਮ੍ਹਣੇ ਪਏ ਅਟੈਚੀ ਕੇਸ ਦੇ ਨੋਟਾਂ ਨੂੰ ਲੱਗ ਗਏ। ਉਸ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਨੋਟਾਂ ਵਿੱਚੋਂ ਭਾਂਬੜ ਮਚ ਪਏ ਹੋਣ ! ਨਿੱਘਰਦੇ ਜਾ ਰਹੇ ਦਿਲ ਨੂੰ ਫੜ ਕੇ ਉਹ ਆਪ-ਮੁਹਾਰਾ ਹੀ ਚੀਕ ਉੱਠਿਆ, "ਮਾਂ, ਮਾਂ ! ਪਾਣੀ !"

# ਬੂਹਣੀ

"ਸਰਦਾਰ ਜੀ !"

ਕਿੰਨੀ ਖਿੱਚ ਸੀ ਤੇ ਕਿੰਨੀ ਮਾਸੂਮੀਅਤ ! ਮੈਂ ਇੰਜ ਮਹਿਸੂਸ ਕੀਤਾ ਜਿਵੇਂ ਕੋਈ ਜਾਣੀ ਪਛਾਣੀ ਆਵਾਜ਼ ਮੈਨੂੰ ਪਿਛਾਂਹ ਵੇਖਣ ਲਈ ਮਜਬੂਰ ਕਰ ਰਹੀ ਹੋਵੇ। ਮੇਰੇ ਪੈਰਾਂ ਨੂੰ ਜਿਵੇਂ ਸੁੱਤੇ ਸਿੱਧ ਹੀ ਬਰੇਕਾਂ ਲੱਗ ਗਈਆਂ ਹੋਣ। ਮੇਰੇ ਪਿੱਛੇ ਇਕ ਅੱਧਖੜ ਮਨੁੱਖ ਖਲੋਤਾ ਸੀ। ਉਸ ਦੀ ਰੀਝ-ਭਰੀ ਤੱਕਣੀ ਗੂੜ੍ਹਾ ਸਨੇਹੀ ਹੋਣ ਦਾ ਦਾਅਵਾ ਕਰ ਰਹੀ ਸੀ।

ਲਿਸ਼-ਲਿਸ਼ ਕਰਦੀ ਪਾਲਸ਼ ਕੀਤੀ ਕਾਲੀ ਗੁਰਗਾਬੀ, ਚੁਸਤ ਚਿੱਟਾ ਬੇਦਾਗ਼ ਪਜਾਮਾ, ਦੁੱਧ-ਚਿੱਟੀ ਕਮੀਜ਼, ਬਰਫ਼ ਵਰਗੀ ਸਫ਼ੈਦ ਪਗੜੀ, ਖੁੱਲ੍ਹਾ ਦਾਹੜਾ, ਤਾਂਬੇ ਦੀ ਭਾਹ ਮਾਰਦਾ ਗੰਭੀਰ ਚਿਹਰਾ, ਚਮਕੀਲੀਆਂ, ਖੁਮਾਰ-ਭਿੰਨੀਆਂ ਅੱਖੀਆਂ ਤੇ ਭਰਵਾਂ ਜੁੱਸਾ। ਸ਼ਾਇਦ ਮੈਂ ਕਿਸੇ ਮਹਾਂਪੁਰਸ਼ ਦੇ ਦਰਸ਼ਨ ਕਰ ਰਿਹਾ ਸਾਂ।

"ਸਰਦਾਰ ਜੀ !"

ਮੈਂ ਉਸ ਦੇ ਮੂੰਹ ਵਲ ਬਿਟ-ਬਿਟ ਤਕ ਰਿਹਾ ਸਾਂ। ਮੇਰੇ ਮਨ ਵਿਚ ਖ਼ਿਆਲਾਂ ਦਾ ਘੋਲ ਹੋਣ ਲੱਗ ਪਿਆ। ਏਨੇ ਤਹੰਮਲ, ਠਰ੍ਹੰਮੇਂ ਅਤੇ ਪੂਰਨ ਵਿਸ਼ਵਾਸ ਨਾਲ ਤਾਂ ਕੋਈ ਜਾਣਕਾਰ ਹੀ ਬੁਲਾ ਸਕਦਾ ਹੈ। ਇਕ-ਇਕ ਕਰਕੇ ਮੇਰੀਆਂ ਅੱਖਾਂ ਅੱਗੋਂ ਕਈ ਸ਼ਕਲਾਂ ਲੰਘ ਗਈਆਂ, ਕਈ ਮੁਹਾਂਦਰੇ ਉੱਘੜ ਕੇ ਧੁੰਦਲੇ ਹੋ ਗਏ। ਪਰ ਮੇਰੀ ਯਾਦਦਾਸ਼ਤ ਵਿਚ ਕੋਈ ਚਿਹਰਾ ਵੀ ਤਾਂ ਇਨ੍ਹਾਂ ਸਰਦਾਰ ਹੋਰਾਂ ਦੇ ਮੁਹਾਂਦਰੇ ਦੇ ਫਿਟ ਨਾ ਉੱਤਰਿਆ। ਮੈਂ ਉਸ ਨੂੰ ਪਛਾਣ ਨਾ ਸਕਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਆਵਾਜ਼ ਕੁਝ ਪਛਾਣੀ ਹੋਈ ਜ਼ਰੂਰ ਮਹਿਸੂਸ ਹੁੰਦੀ ਸੀ ! ਇਹੋ ਜਿਹਾ ਬੰਦਾ ਮੈਂ ਕਿੱਥੇ ਤੇ ਕਦੋਂ ਵੇਖਿਆ ਸੀ ? ਇਹ ਮੈਂ ਸੋਚ ਰਿਹਾ ਸਾਂ।

"ਸਰਦਾਰ ਜੀ !"

"ਮੈਨੂੰ ਆਖਿਆ ਜੇ ?" ਜਿਵੇਂ ਮੈਂ ਕਿਸੇ ਸੁਫ਼ਨੇ ਵਿਚੋਂ ਜਾਗਿਆ ਹੋਵਾਂ, ਸੁੱਤੇ ਸਿੱਧ ਹੀ ਮੇਰੇ ਮੂੰਹੋਂ ਨਿਕਲ ਗਿਆ।

"ਹਾਂ ਜੀ !" ਉਸ ਨੇ ਉੱਤਰ ਦਿੱਤਾ।

"ਮੁਆਫ਼ ਕਰਨਾ ਮੈਂ ਤੁਹਾਨੂੰ ਪਛਾਣ ਨਹੀਂ ਸਕਿਆ। ਕਿਤੇ ਤੁਹਾਨੂੰ ਭੁਲੇਖਾ ਤਾਂ ਨਹੀਂ ਲੱਗਾ ?"

"ਨਹੀਂ ਜੀ, ਮੈਂ ਤੁਹਾਡੇ ਨਾਲ ਈ ...।"

ਮੈਂ ਬੜੇ ਸ਼ਸ਼ੋਪੰਜ ਵਿਚ ਪੈ ਗਿਆ ਅਤੇ ਉਸ ਦੀ ਪੂਰੀ ਗੱਲ ਵੀ ਨਾ ਸੁਣ ਸਕਿਆ। ਮੇਰੀ ਯਾਦ-ਸ਼ਕਤੀ ਕਹਿੰਦੀ ਸੀ ਕਿ ਇਕ ਇਹੋ ਜਿਹਾ ਬੰਦਾ ਤੂੰ ਜ਼ਰੂਰ ਕਿਧਰੇ ਵੇਖਿਆ ਹੈ। ਪਰ ਅੱਖਾਂ ਦੀ ਜੋਤ ਵਿਚ ਭਗਦੜ ਜਿਹੀ ਮਚੀ ਹੋਈ ਸੀ ਜਿਹੜੀ ਪਛਾਤਾ, ਅਣ-ਪਛਾਤਾ, ਨੀਮ-ਪਛਾਤਾ, ਘੜੀ ਵਿਚ ਕੁਝ ਤੇ ਘੜੀ ਵਿਚ ਕੁਝ ਨਿਰਨਾ ਕਰ ਰਹੀ ਸੀ।

"ਸਰਦਾਰ ਜੀ, ਤੁਸੀਂ ਸੋਚੀ ਕਿਉਂ ਪੈ ਗਏ ਹੋ ? ਮੇਰੀ ਤਾਂ ਤੁਹਾਡੇ ਅੱਗੇ ਇਕ ਅਰਜ਼ ਏ ਜੀ। ਜੇ ਸੁਣ ਲਓ ਤਾਂ ..." ਉਸ ਨੇ ਹੱਥ ਬੰਨ੍ਹਦਿਆਂ ਕਿਹਾ।

"ਹਾਂ ਜੀ, ਹੁਕਮ ਕਰੋ, ਕੀ ਗੱਲ ਏ ?" ਮੈਂ ਜ਼ਰਾ ਹੈਰਾਨੀ ਨਾਲ ਆਖਿਆ। ਪਰ ਮੈਂ ਅਜੇ ਵੀ ਉਸ ਨੂੰ ਸਿਰ ਤੋਂ ਪੈਰਾਂ ਤੀਕ ਮੁੜ-ਮੁੜ ਕੇ ਵੇਖ ਰਿਹਾ ਸਾਂ। ਉਸ ਨੇ ਬੜੀ ਧੀਰਜ ਨਾਲ ਰੁਕ-ਰੁਕ ਕੇ ਕਹਿਣਾ ਸ਼ੁਰੂ ਕੀਤਾ, "ਸਰਦਾਰ ਜੀ ! ਅਰਜ਼ ਏ ਕਿ ਮੇਰਾ ਭਾੜਾ ਥੁੜ੍ਹ ਗਿਆ ਏ। ਜੇ ਥੋੜ੍ਹੀ ਜਿਹੀ ਮੇਹਰਬਾਨੀ ਕਰੋ, ਤਾਂ ਮੈਂ ਜਲੰਧਰ ਉੱਪੜ ਜਾਮਾਂ, ਉੱਥੇ ਮੇਰਾ ਇਕ ਭਾਈਬੰਦ ਹੈਗਾ। ਫੇਰ ਮੈਂ ਆਪੇ ਪਿੰਡ ਪੁੱਜ ਜਾਮਾਂਗਾ। ਸਿੱਖ ਭਰਾ ਕਰ ਕੇ ਤੁਹਾਡੇ ਮੂਹਰੇ ਹੱਥ ਅੱਡਿਆ ਹੈ।"

ਮੈਂ ਗੱਲ ਨੂੰ ਹੋਰ ਵਧਾ ਦਿੱਤਾ, ਤਾਂ ਜੋ ਓਨੇ ਚਿਰ ਵਿਚ ਮੈਂ ਉਸ ਨੂੰ ਪਛਾਣਨ ਦਾ ਇਕ ਹੋਰ ਯਤਨ ਕਰ ਵੇਖਾਂ। ਏਨਾਂ ਮੈਨੂੰ ਯਕੀਨ ਸੀ ਕਿ ਮੈਂ ਉਸ ਨੂੰ ਕਿਧਰੇ ਵੇਖਿਆ ਜ਼ਰੂਰ ਹੈ।

"ਕੱਲ੍ਹ ਤਿਕਾਲੀਂ ਮੈਂ ਇੱਥੇ ਆਪਣੇ ਇਕ ਭਾਈ-ਬੰਦ ਕੋਲ ਆਇਆ ਸਾਂ। ਉਹਦਾ ਥਾਂ ਟਿਕਾਣਾ ਲੱਭਦੇ ਨੂੰ ਦੀਵੇ ਬੱਤੀ ਦਾ ਵੇਲਾ ਹੋ ਗਿਆ। ਅੱਗੋਂ ਉਹ ਮੈਨੂੰ ਮਿਲਿਆ ਨਾ। ਮਹੱਲੇ ਵਾਲੇ ਕਹਿੰਦੇ ਸਨ ਕਿ ਉਹ ਇੱਥੋਂ ਕਦੋਂ ਦਾ ਚਲਾ ਗਿਆ ਹੈ। ਹਾਰ ਕੇ ਰਾਤ ਮੁਸਾਫ਼ਰਖਾਨੇ ਕੱਟੀ। ਪਰ ਸਰਦਾਰ ਜੀ, ਸਵੇਰੇ ਜਦੋਂ ਖੀਸੇ ਵਿਚ ਹੱਥ ਪਾਇਆ ਤਾਂ ਪੰਜਾਂ ਦਾ ਨੋਟ ਗੁੰਮ ਸੀ।"

"ਤਾਂ ਤੇ ਬਹੁਤ ਲੋਹੜਾ ਹੋਇਆ।" ਮੈਂ ਹਮਦਰਦੀ ਨਾਲ ਕਿਹਾ। ਮੇਰੇ ਉੱਤੇ ਉਸ ਦਾ ਕੁਝ ਪ੍ਰਭਾਵ ਪੈਂਦਾ ਜਾ ਰਿਹਾ ਸੀ।

"ਲੋਹੜਾ ਕਾਹਦਾ ਸਰਦਾਰ ਜੀ ! ਜਦੋਂ ਦਾ ਚੰਦਰਾ ਪਾਕਿਸਤਾਨ ਬਣਿਆ ਏਂ ਚੋਰੀਆਂ ਠੱਗੀਆਂ ਬਹੁਤ ਵਧ ਗਈਆਂ ਨੇ। ਕਿਸੇ ਨੇ ਨ੍ਹੇਰੇ ਸਵੇਰੇ ਤੁਰ ਲੈਣਾ ਏਂ ? ਇਹ ਰਫ਼ੀਜ਼ੀ ਤਾਂ ਰਾਹ ਜਾਂਦੇ ਨੂੰ ਦਿਨ ਦਿਹਾੜੇ ਲੁੱਟ ਲੈਂਦੇ ਆ।"

"ਬਿਲਕੁਲ ਠੀਕ ਏ ਬਾਬਾ ਜੀ। ਦੇਸ਼ ਦੀ ਵੰਡ ਮਗਰੋਂ ਤਾਂ ਇੱਥੇ ਅੰਨ੍ਹੀ ਮੱਚ ਗਈ ਏ। ਰੀਫ਼ੀਊਜੀ ਵਿਚਾਰੇ ਤਾਂ ਉੱਜੜ ਪੁੱਜਣ ਕੇ ਕੱਖੋਂ ਹੌਲੇ ਹੋ ਗਏ ਨੇ। ਉਹ ਵਿਚਾਰੇ ਕਰਨ ਵੀ ਕੀ ? ਕੀ ਖਾਣ ਤੇ ਕੀ ਹੰਢਾਉਣ ?" ਮੈਂ ਉਸ ਨਾਲ ਘੁਲ-ਮਿਲ ਕੇ ਗੱਲਾਂ ਕਰ ਰਿਹਾ ਸਾਂ।

"ਆਹੋ ਜੀ ! ਜਿਹੜੇ ਚਾਰ ਸਿਆੜ ਸਨ ਉਹ ਬੀ ਆਜ਼ਾਦੀ ਨੇ ਖੋਹ ਲਏ। ਸਰਦਾਰ ਜੀ, ਘਰੋਂ ਤਾਂ ਆਪਣੇ ਭਾਈਬੰਦ ਕੋਲ ਆਇਆਂ, ਏਥੇ ਆ ਕੇ ਜੇਬ੍ਹ ਕਟਬਾ ਲਈ। ਦੱਸੋ ਹੁਣ ਪਮਾਂ ਤਾਂ ਕਿਹੜੇ ਖ਼ੂਹ ਬਿੱਚ ? ਐਨੀ ਬਾਟ ਵੀ ਤਾਂ ਪੈਰੀਂ ਨਹੀਂ ਤੁਰੀ ਜਾਂਦੀ।"

"ਕੋਈ ਗੱਲ ਨਹੀਂ ਬਾਬਾ ਜੀ। ਬੰਦਾ ਬੰਦੇ ਦਾ ਦਾਰੂ ਹੁੰਦਾ ਏ। ਦੱਸੋ ਕਿੰਨੇ ਪੈਸੇ ਥੁੜਦੇ ਜੇ ?"

ਮੇਰੇ ਦਿਲ ਵਿਚ ਨੇਕੀ ਦਾ ਖ਼ਿਆਲ ਹਮਦਰਦੀ ਨਾਲੋਂ ਵੱਧ ਸ਼ਾਇਦ ਇਸ ਕਰਕੇ ਆਇਆ ਸੀ ਕਿ ਮੈਂ ਅੰਮ੍ਰਿਤਸਰੋਂ ਇਮਤਿਹਾਨ ਦੇ ਕੇ ਮੁੜ ਰਿਹਾ ਸਾਂ ਤੇ ਮੈਂ ਸੋਚਿਆ ਕਿ ਇਹ ਦਾਨ ਪੁੰਨ ਤੇ ਲੋੜਵੰਦ ਦੀ ਸਹਾਇਤਾ ਦੇਖ ਕੇ, ਸ਼ਾਇਦ ਰੱਬ ਮੇਰੇ ਉੱਤੇ ਵੀ ਤਰੁੱਠ ਪਵੇ।

ਮੇਰੇ ਇਸ ਉੱਤਰ ਨਾਲ ਉਹਦੇ ਚਿਹਰੇ ਉੱਤੇ ਵਿਸ਼ਵਾਸ ਅਤੇ ਦੱਬਵੀਂ ਪ੍ਰਸੰਨਤਾ ਦੇ ਚਿੰਨ੍ਹ ਉਜਾਗਰ ਹੋਣ ਲੱਗ ਪਏ। ਉਹ ਬੜੀ ਨਿਮਰਤਾ ਤੇ ਆਦਰ ਨਾਲ ਬੋਲਿਆ, "ਬੱਸ ਜੀ, ਰੱਬ ਤੁਹਾਡਾ ਭਲਾ ਕਰੇ। ਦੋ ਕੁ ਰੁਪਏ ਮਿਲ ਜਾਣ ਤਾਂ ਮੈਂ ਤੁਹਾਡੀ ਦਇਆ ਨਾਲ ਕੰਢੇ ਲੱਗ ਜਾਵਾਂਗਾ ! ਮੈਨੂੰ ਆਪਣਾ 'ਡ੍ਰੈੱਸ ਦੇ ਦਿਓ। ਪਿੰਡ ਉੱਪੜ ਕੇ ਤੁਹਾਡੇ ਪੈਸੇ ਜ਼ਰੂਰ ਉੱਪੜਦੇ ਕਰ ਦਿਆਂਗਾ।"

ਮੈਂ ਦੋ ਰੁਪਏ ਦਾ ਨੋਟ ਕੱਢ ਕੇ ਉਹਦੀ ਤਲੀ ਉੱਤੇ ਰੱਖ ਦਿੱਤਾ। ਉਹ ਮੇਰੇ ਵੱਲ ਬੜੀ ਸ਼ੁਕਰਗੁਜ਼ਾਰੀ ਦੀ ਨਜ਼ਰ ਨਾਲ ਵੇਖ ਰਿਹਾ ਸੀ। ਉਸ ਨੇ ਮੇਰੇ ਕੋਲੋਂ ਇਕ ਵਾਰੀ ਫੇਰ ਸਰਨਾਵੇਂ ਦੀ ਮੰਗ ਕੀਤੀ ਪਰ ਮੈਂ ਉਸ ਨੂੰ ਇਹ ਖੇਚਲ ਕਰਨ ਤੋਂ ਵਰਜ ਦਿੱਤਾ।

"ਤੁਹਾਡੀ ਬੜੀ ਮਿਹਰਬਾਨੀ ਹੋਈ, ਸਰਦਾਰ ਜੀ ! ਨਹੀਂ ਤਾਂ ਮੈਂ ਪਤਾ ਨਹੀਂ ਕਿੰਨਾ ਕੁ ਖੱਜਲ ਹੁੰਦਾ। ਮੈਂ ਤੁਹਾਡਾ ਦੇਣਾ ਸਾਰੀ ਉਮਰ ਨਹੀਂ ਦੇ ਸਕਦਾ ! ਤੁਹਾਡੀ ਬੜੀ ਮੇਹਰਬਾਨੀ ਜੀ ...।"

ਉਸ ਵੱਲ ਜਦੋਂ ਮੈਂ ਆਖ਼ਰੀ ਵਾਰ ਵੇਖਿਆ ਤਾਂ ਅਚਨਚੇਤ ਹੀ ਮੈਨੂੰ ਦੋ ਸਾਲ ਪਹਿਲਾਂ ਦੀ ਇਕ ਘਟਨਾ

ਯਾਦ ਆ ਗਈ। ਉਦੋਂ ਮੈਂ ਜਲੰਧਰ ਦੇ ਖ਼ਾਲਸਾ ਕਾਲਜ ਦਾ ਵਿੱਦਿਆਰਥੀ ਸਾਂ। ਇਹ ਲਫ਼ਜ਼ ਜਿਵੇਂ ਮੇਰੇ ਕੰਨਾਂ ਵਿਚ ਗੂੰਜ ਰਹੇ ਸਨ : "ਆਹ ਲੈ ਭਾਈ ਅਠਿਆਨੀ, ਦੋ ਆਨੇ ਮੈਨੂੰ ਮੋੜ ਦੇ।"

"ਸਰਦਾਰ ਜੀ ਮੈਂ ਤਾਂ ਸਵੇਰੇ ਤੁਹਾਡੀ ਈ ਬੁਹਣੀ ਕੀਤੀ ਏ ! ਭਾਨ ਤਾਂ ਮੇਰੇ ਕੋਲ ਹੈ ਨਹੀਂ।"

"ਚੱਲ ਕੋਈ ਗੱਲ ਨਹੀਂ, ਦੁਆਨੀ ਈ ਬਾਕੀ ਏ, ਤੂੰ ਉਹ ਵੀ ਰੱਖ ਲੈ।"

"ਤੁਹਾਡੀ ਬੜੀ ਮੇਹਰਬਾਨੀ, ਸਰਦਾਰ ਜੀ।"

ਮੈਨੂੰ ਗੱਡੀ ਦੀ ਕਾਹਲੀ ਸੀ ਤੇ ਮੈਂ ਰਿਕਸ਼ੇ ਵਾਲੇ ਨੂੰ ਅਠਿਆਨੀ ਦੇ ਕੇ ਛੇਤੀ ਤੋਂ ਛੇਤੀ ਗੱਡੀ ਫੜਨੀ ਚਾਹੁੰਦਾ ਸਾਂ। ਹੁਣ ਇਸ ਘਟਨਾ ਦੀ ਯਾਦ ਨਾਲ ਮੇਰੀ ਯਾਦ-ਸ਼ਿਲਾ ਉੱਤੇ ਉਸ ਰਿਕਸ਼ਾ ਡਰਾਈਵਰ ਦਾ ਚਿਹਰਾ ਵੀ ਉੱਭਰਿਆ ਜੋ ਏਸ ਅੱਧਖੜ ਮਨੁੱਖ ਨਾਲ ਮਿਲਦਾ ਜੁਲਦਾ ਸੀ। ਫ਼ਰਕ ਕੇਵਲ ਏਨਾ ਸੀ ਕਿ ਇਹ ਸਿੱਖ ਸੀ, ਸਜਿਆ-ਧਜਿਆ ਤੇ ਉਹ ਮੋਨਾ।

ਟਾਕੀਆਂ ਤੇ ਝਰੋਖਿਆਂ ਵਾਲਾ ਮੈਲ-ਭਿੱਜਾ ਕੁੜਤਾ, ਪੈਰੋਂ ਸਿਰੋਂ ਨੰਗਾ, ਹੱਡੀਆਂ ਦੀ ਮੁੱਠ ਸਰੀਰ। ਉਸ ਦੀਆਂ ਨੀਂਦਰ-ਭਰੀਆਂ ਅੱਖੀਆਂ ਬਹੁਤ ਚਿਰ ਤੋਂ ਉਨੀਂਦੇ ਰਹਿਣ ਦੀ ਗਵਾਹੀ ਦੇ ਰਹੀਆਂ ਸਨ। ਉਸ ਦਾ ਬੋਲ ਵੀ ਇਸ ਅੱਧਖੜ ਮਨੁੱਖ ਵਾਂਗ ਠਰ੍ਹੰਮੇਂ ਵਾਲਾ ਸੀ ਤੇ ਚਿਹਰੇ ਦੀ ਗੰਭੀਰਤਾ ਵੀ ਇਸ ਨਾਲ ਮਿਲਦੀ ਸੀ। ਪਰ ਇਹ ਅੱਧਖੜ ਮਨੁੱਖ ਜੇ ਧਨੀ ਨਹੀਂ ਤਾਂ ਪਹਿਰਾਵੇ ਤੋਂ ਮੱਧ-ਸ਼੍ਰੇਣੀ ਦਾ ਜ਼ਰੂਰ ਮਾਲੂਮ ਹੁੰਦਾ ਸੀ। ਦੂਜੀ ਗੱਲ ਇਹ ਹੈ ਕਿ ਇਹ ਸਿੱਖ ਸੀ ਤੇ ਉਹ ਮੋਨਾ। ਪਰ ਏਨਾ ਫ਼ਰਕ ਹੁੰਦਿਆਂ ਵੀ ਮੈਨੂੰ ਇਨ੍ਹਾਂ ਦੋਹਾਂ ਸ਼ਕਲਾਂ ਵਿਚ ਕੁਝ ਸਾਂਝ ਜਾਪੀ। ਹੌਲੀ-ਹੌਲੀ ਮੇਰਾ ਸ਼ੱਕ ਯਕੀਨ ਦੀ ਸੂਰਤ ਧਾਰਨ ਕਰ ਗਿਆ। ਮੈਂ ਸੋਚਿਆ ਚਲੋ ਜਾਂਦੇ-ਜਾਂਦੇ ਹਵਾ ਵਿਚ ਤੀਰ ਮਾਰ ਦਿੰਦੇ ਹਾਂ, ਜੇ ਟਿਕਾਣੇ ਬਹਿ ਗਿਆ ਤਾਂ ਠੀਕ, ਨਹੀਂ ਤਾਂ ਨਾ ਸਹੀ। ਮੈਂ ਉਸ ਨੂੰ ਪੁੱਛਿਆ, "ਬਾਬਾ ਜੀ, ਜਾਣਾ ਕਿੱਥੇ ਜੇ ?"

"ਜੀ ਮੱਲ੍ਹ ਪੋਤੇ।" ਉਸ ਨੇ ਸੰਖੇਪ ਜਿਹਾ ਉੱਤਰ ਦਿੱਤਾ। ਆਪਣੇ ਖ਼ਿਆਲ ਨੂੰ ਯਕੀਨ ਵਿਚ ਬਦਲਣ ਲਈ ਮੈਂ ਫੇਰ ਕਿਹਾ, "ਬਾਬਾ ਜੀ, ਤਾਂ ਤੇ ਸਫ਼ਰ ਬੜਾ ਮਜ਼ੇਦਾਰ ਰਵੇਗਾ। ਮੈਂ ਵੀ ਜਗਤਪੁਰ ਹੀ ਜਾਣਾ ਏਂ ! ਚਲੋ ਬਹਿਰਾਮ ਤਾਈਂ ਤਾਂ ਤੁਹਾਡਾ ਸਾਥ ਕਰਾਂਗਾ ਹੀ ਤੇ ਅਗਲਾ ਸਟੇਸ਼ਨ ਮੱਲ੍ਹ ਪੋਤਾ ਹੈ।" ਘੜੀ ਵੇਖ ਕੇ ਮੈਂ ਉਸ ਨੂੰ ਕਿਹਾ, "ਆਓ ਚੱਲੀਏ ਟਿਕਟਾਂ ਵੀ ਖੁੱਲ੍ਹ ਗਈਆਂ ਨੇ ਤੇ ਗੱਡੀ ਵੀ ਤਿਆਰ ਹੈ।"

ਉਸ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਚਿਹਰੇ ਉੱਤੇ ਸਬਰ ਅਤੇ ਠਰ੍ਹੰਮੇਂ ਦੀ ਥਾਂ ਪਰੇਸ਼ਾਨੀ ਅਤੇ ਫ਼ਿਕਰ ਨੇ ਮੱਲ ਲਈ।

"ਸਰਦਾਰ ਜੀ, ਮੈਂ ਅਜੇ ਇਕ ਵਾਰ ਹੋਰ ਉਸ ਨੂੰ ਟੋਲਣ ਜਾਣਾ ਏਂ, ਜੇ ਮਿਲ ਗਿਆ ਤਾਂ ਤਿਕਾਲੀਂ ਗੱਡੀ ਚੜ੍ਹਾਂਗਾ। ਤੁਸੀਂ ਤਾਂ ਕੰਮ ਵਾਲੇ ਬੰਦੇ ਹੋ, ਤੁਸੀਂ ਚੱਲੋ। ਮੈਂ ਤੁਹਾਡੀ ਕੀਤੀ ਸਾਰੀ ਉਮਰ ਨਹੀਂ ਭੁੱਲਾਂਗਾ।"

ਉਸ ਨੂੰ ਪੈਰੋਂ ਕੱਢਣ ਲਈ ਮੈਂ ਫਿਰ ਕਿਹਾ, "ਤੁਹਾਨੂੰ ਕਿਧਰੇ ਵੇਖਿਆ ਜ਼ਰੂਰ ਏ ਬਾਬਾ ਜੀ, ਪਰ ਯਾਦ ਨਹੀਂ ਆਉਂਦਾ ਕਿੱਥੇ।"

ਉਹ ਘਬਰਾ ਗਿਆ ਤੇ ਟਾਲ ਮਟੋਲ ਕਰਨ ਲੱਗ ਪਿਆ। ਉਸ ਦੀ ਪਰੇਸ਼ਾਨੀ ਨੇ ਮੇਰੇ ਸ਼ੱਕ ਨੂੰ ਵਿਸ਼ਵਾਸ ਵਿਚ ਬਦਲ ਦਿੱਤਾ। ਆਖ਼ਰ ਮੈਂ ਉਸ ਨੂੰ ਕਹਿ ਹੀ ਦਿੱਤਾ ਕਿ ਉਸ ਵਰਗਾ ਆਦਮੀ ਦੋ ਸਾਲ ਹੋਏ ਮੈਂ ਜਲੰਧਰ ਰਿਕਸ਼ਾ ਚਲਾਉਂਦਾ ਵੇਖਿਆ ਸੀ। ਸ਼ਾਇਦ ਉਸ ਨੇ ਵੀ ਮੈਨੂੰ ਪਛਾਣ ਲਿਆ ਸੀ।

ਏਧਰ ਓਧਰ ਦੀਆਂ ਮਾਰਨ ਪਿੱਛੋਂ ਅੰਤ ਉਹ ਮੰਨ ਹੀ ਗਿਆ ਕਿ ਉਹ ਜਲੰਧਰ ਵਾਲਾ ਰਿਕਸ਼ਾ ਡਰਾਈਵਰ ਹੀ ਸੀ।

"ਸਰਦਾਰ ਜੀ, ਮੈਨੂੰ ਨਹੀਂ ਸੀ ਪਤਾ ਕਿ ਤੁਸੀਂ ਮੈਨੂੰ ਇਸ ਹਾਲਤ ਵਿਚ ਵੀ ਪਛਾਣ ਲਓਗੇ। ਮਾਫ਼ ਕਰਨਾ ਇਹ ਮੇਰੀ ਬਹੁਤ ਬੱਡੀ ਗਲਤੀ ਹੈ।" ਉਸ ਦੀਆਂ ਭੋਲੀਆਂ ਅੱਖਾਂ ਵਿਚ ਮੱਕਾਰੀ ਰਕਸ ਕਰ ਰਹੀ ਸੀ।

"ਗ਼ਲਤੀ ਕਾਹਦੀ ਏ ਬਾਬਾ ਜੀ ! ਅੱਛਾ ਫੇਰ ਰਿਕਸ਼ਾ ਚਲਾਉਣੀ ਛੱਡ ਦਿੱਤੀ ?" ਮੈਂ ਉਸ ਵਿਚ ਦਿਲਚਸਪੀ ਲੈਂਦਿਆਂ ਜ਼ਰਾ ਤਨਜ਼ ਨਾਲ ਪੁੱਛਿਆ।

"ਤੁਹਾਨੂੰ ਪਤਾ ਈ ਏ ਸਰਦਾਰ ਜੀ ਕਿ ਮੇਰੀ ਉਸ ਬੇਲੇ ਕਿੱਦਾਂ ਦੀ ਭੈੜੀ ਹਾਲਤ ਸੀ। ਸਾਰੀ ਦਿਹਾੜੀ ਲੱਤਾਂ ਮਾਰ-ਮਾਰ ਕੇ ਰਿਕਸ਼ੇ ਦੇ ਕਿਰਾਏ ਜੋਗੇ ਤੇ ਢਿੱਡ ਬਿੱਚ ਝੁਲਕਾ ਪਾਉਣ ਜੋਗੇ ਪੈਸੇ ਕਮਾ ਹੁੰਦੇ ਸਨ। ਜੈਸਾ ਦੇਸ ਬੈਸਾ ਭੇਸ। ਸਰਦਾਰ ਜੀ, ਹਾਰ ਕੇ ਇਹ ਕਿੱਤਾ ਫੜ ਲਿਆ !" ਉਹ ਹੁਣ ਸੰਕੋਚ ਤੋਂ ਬਿਨਾਂ ਬੋਲ ਰਿਹਾ ਸੀ।

"ਕਿਹੜਾ ਕਿੱਤਾ ?" ਮੈਂ ਹੈਰਾਨ ਹੋ ਕੇ ਪੁੱਛਿਆ।

"ਬੱਸ ਇਹੋ ਜੀ, ਕਿਰਾਏ ਦੀ ਥੁੜ੍ਹ ਦੱਸ ਕੇ ਲੋਕਾਂ ਤੋਂ ਪੈਸਿਆਂ ਦੀ ਮੰਗ ਕਰਨ ਦਾ। ਓਦੋਂ ਸਾਰੀ ਦਿਹਾੜੀ ਦੀ ਕਰੜੀ ਮੁਸ਼ੱਕਤ ਪਿੱਛੋਂ ਢਿੱਡ ਭਰ ਕੇ ਰੋਟੀ ਨਹੀਂ ਸੀ ਜੁੜਦੀ ਤੇ ਹੁਣ ਤੁਹਾਡੀ ਕਿਰਪਾ ਨਾਲ ਪੰਜ-ਸੱਤ ਦਿਹਾੜੀ ਦੇ ਕਮਾ ਈ ਲਈਦੇ ਨੇ।"

"ਬਿਲਕੁਲ ਠੀਕ ਏ !" ਮੈਂ ਹੁੰਗਾਰਾ ਭਰਿਆ।

"ਜੇਠ ਹਾੜ ਦੀਆਂ ਧੁੱਪਾਂ ਤੇ ਪੋਹ ਮਾਘ ਦੇ ਪਾਲਿਆਂ ਵਿਚ ਜੇ ਬਾਬੂ ਲੋਕਾਂ ਨੂੰ ਰਿਕਸ਼ੇ ਉੱਤੇ ਇਕ ਥਾਂ ਤੋਂ ਦੂਜੀ ਥਾਂ ਲਿਜਾਣਾ ਹੋਵੇ ਤਾਂ ਪਹਿਲਾਂ ਉਹ 'ਚਾਰ ਆਨੇ, ਛੇ ਆਨੇ' ਹੀ ਕਰਦੇ ਰਹਿੰਦੇ ਨੇ। ਫੇਰ ਅਠਿਆਨੀ ਦੀ ਭਾਨ ਲੈਣ ਲੱਗੇ ਆਨੇ ਦਾ ਪਾਨ ਤਾਂ ਖਾ ਲੈਣਗੇ, ਪਰ ਰਿਕਸ਼ੇ ਵਾਲੇ ਨੂੰ ਇਕ ਧੇਲਾ ਬਾਧੂ ਨਹੀਂ ਦੇ ਸਕਦੇ। ਬਾਬੂ ਜੀ, ਅੱਜ ਉਹ ਹੀ ਦੁਆਨੀ ਦੀ ਥਾਂ ਰੁਪਈਏ ਫੜਾ ਜਾਂਦੇ ਆ। ਇਸ ਆਜ਼ਾਦੀ ਨੇ ਤਾਂ ਜ਼ਮਾਨਾ ਈ ਬਦਲ ਦਿੱਤਾ।"

ਉਸ ਦੇ ਲੰਮੇ ਵਖਿਆਨ ਨੇ ਮੇਰੇ ਮਨ ਉੱਤੇ ਡੂੰਘਾ ਪ੍ਰਭਾਵ ਪਾਇਆ। ਪਤਾ ਨਹੀਂ ਉਸ ਵਿਚ ਕੀ ਖਿੱਚ ਸੀ ਕਿ ਮੈਂ ਉਸ ਦੀਆਂ ਗੱਲਾਂ ਵਿਚ ਦਿਲਚਸਪੀ ਲੈ ਰਿਹਾ ਸਾਂ। ਜੀ ਕਰਦਾ ਸੀ ਕਿ ਉਹ ਬੋਲੀ ਜਾਵੇ ਤੇ ਮੈਂ ਸੁਣੀ ਜਾਵਾਂ। ਗੱਲ ਨੂੰ ਜਾਰੀ ਰੱਖਦਿਆਂ ਮੈਂ ਆਖਿਆ, "ਆਹੋ ਜੀ ਸਮੇਂ ਦੇ ਨਾਲ ਲੋਕਾਂ ਨੇ ਵੀ ਤਾਂ ਬਦਲਣਾ ਹੁੰਦਾ ਹੈ।"

"ਤੁਹਾਨੂੰ ਪਤਾ ਹੀ ਏ ਸਰਦਾਰ ਜੀ, ਇਸ ਪੈਸੇ ਦੇ ਜ਼ਮਾਨੇ ਬਿੱਚ ਪੈਸਾ ਇੱਜ਼ਤ ਏ ਤੇ ਜ਼ਿੰਦਗੀ ਠੱਗੀ, ਜਿੰਨੀ ਚੱਲ ਜਾਏ ਓਨੀ ਹੀ ਚੰਗੀ ! ਕੰਮ ਕਰਨ ਵਾਲੇ ਗ਼ਰੀਬ ਤਾਂ ਸਾਰੀ ਦਿਹਾੜੀ ਲਹੂ ਪਸੀਨਾ ਇਕ ਕਰ ਕੇ ਢਿੱਡ ਭਰਨ ਜੋਗਾ ਬੀ ਨਹੀਂ ਕਮਾ ਸਕਦੇ ਤੇ ਬਿਹਲੜ ਚੰਮ ਦੀਆਂ ਚਲਾਉਂਦੇ ਤੇ ਮੌਜਾਂ ਮਾਣਦੇ ਹਨ। ਇਹ ਨਜ਼ਾਮ ਹੀ ਇੱਦਾਂ ਦਾ ਹੈ। ਤੁਹਾਨੂੰ ਪਤਾ ਈ ਏ ਜੀ ਕਿ ਉਸ ਦਿਨ ਮੈਂ ਡੇਢ ਦੋ ਮੀਲ ਪੈਡਲ ਮਾਰਦਾ ਰਿਹਾ ਅਤੇ ਚੰਗਾ ਚੋਖਾ ਭਾਰ ਬੀ ਖਿੱਚਿਆ ਤਾਂ ਜਾ ਕੇ ਮੇਰੀ ਬੂਹਣੀ ਮਸਾਂ ਅੱਠਾਂ ਆਨਿਆਂ ਦੀ ਹੋਈ, ਅੱਜ ਤੁਸੀਂ ਬੀ ਉਹੀ ਹੋ ਤੇ ਮੈਂ ਬੀ, ਪਰ ਮੇਰੀ ਬੂਹਣੀ ਦੋ ਰੁਪਈਆਂ ਦੀ ਹੈ—ਦੋ ਰੁਪਈਆਂ ਦੀ !"

# ਨਾਲ ਸਮੇਂ ਦੇ ਜ਼ਿੰਦਗੀ

## 1.

ਪੂਰੇ ਸੱਤ ਦਿਨ ਹੋ ਗਏ ਸਨ ਉਸ ਨੂੰ ਅੰਦਰ ਵੜ ਕੇ ਬੈਠਿਆਂ। ਵਿਹੜੇ ਵਿਚ ਨਵਾਂ ਟਾਂਗਾ ਉਵੇਂ ਦਾ ਉਵੇਂ ਅਣ-ਜੁਪਿਆ ਖੜੋਤਾ ਸੀ। ਉਸ ਦੀ ਵਹੁਟੀ ਅੰਦਰ ਦੀ ਪੀੜ ਨੂੰ ਬੁੱਲ੍ਹਾਂ ਵਿਚ ਘੁੱਟੀ ਘੋੜੇ ਨੂੰ ਪੱਠਾ-ਦੱਥਾ ਪਾ ਛੱਡਦੀ। ਉਸ ਦੀਆਂ ਜਵਾਨ ਜਹਾਨ ਧੀਆਂ ਗੁੱਠਾਂ ਵਿਚ ਮੂੰਹ ਦੇ ਕੇ ਬੈਠੀਆਂ ਰਹਿੰਦੀਆਂ। ਵੱਡੀ ਧੀ ਨੂੰ ਆਪਣੇ ਸ਼ੁਸ਼ਕੜੇ ਦਾ ਫ਼ਿਕਰ ਸੀ। ਪੂਰੇ ਦੋ ਵਰ੍ਹੇ ਹੋ ਗਏ ਸਨ, ਉਸ ਨੂੰ ਪੇਕੇ ਘਰ ਬੈਠਿਆਂ। ਉਸ ਦੇ ਸੌਹਰੇ-ਘਰੋਂ ਮਹੀਨੇ ਵਿੱਚੋਂ ਚਾਰ ਨਹੀਂ ਤਾਂ ਤਿੰਨ ਚਿੱਠੀਆਂ ਜ਼ਰੂਰ ਆ ਜਾਂਦੀਆਂ ਕਿ ਜੀਤੋ ਨੂੰ ਛੱਡ ਜਾਓ, ਸਾਨੂੰ ਸਖ਼ਤ ਲੋੜ ਹੈ। ਉਸ ਦੀ ਛੋਟੀ ਧੀ ਦਾ ਮੁਕਲਾਵਾ ਤਿੰਨਾਂ ਸਾਲਾਂ ਤੋਂ ਰੁਕਿਆ ਖੜੋਤਾ ਸੀ। ਪਲਾਂ ਛਿਣਾਂ ਦੀਆਂ ਵਿਰਲਾਂ ਥਾਣੀਂ ਕਿਰ-ਕਿਰ ਕੇ ਅਜਾਈਂ ਜਾਂਦੀ ਆਪਣੀ ਜਵਾਨੀ ਨੂੰ ਵੇਖ ਕੇ ਉਹ ਝੂਰਦੀ ਰਹਿੰਦੀ। ਉਸ ਦੀ ਵਹੁਟੀ ਸੱਖਣੇ ਭਾਂਡਿਆਂ ਨੂੰ ਹੱਥ ਲਾਉਂਦੀ ਝਿਜਕਦੀ। ਸਾਰਾ-ਸਾਰਾ ਦਿਨ ਕਿਸੇ ਦਾ ਕੱਤਦੀ। ਸਾਰੀ-ਸਾਰੀ ਰਾਤ ਕਿਸੇ ਦਾ ਪੀਂਹਦੀ। ਉਸ ਨੂੰ ਇੰਜ ਅਨੁਭਵ ਹੁੰਦਾ ਜਿਵੇਂ ਸਾਰੇ ਟੱਬਰ ਦੀ ਜ਼ਿੰਦਗੀ ਤੇ ਭੁੱਖ ਵਿਚਲਾ ਸੰਗਰਾਮ ਉਹ ਆਪ ਕੱਲੀ ਹੀ ਲੜ ਰਹੀ ਹੋਵੇ। ਪਰ ਉਸ ਦਾ ਨਿੱਕਾ ਪੁੱਤਰ, ਉਸ ਦੀ ਆਸ, ਉਸ ਨੂੰ ਆਹਰੇ ਲਾਈ ਰੱਖਦਾ। ਉਸ ਵੱਲ ਵੇਖਕੇ, ਉਸ ਦਾ ਖ਼ਿਆਲ ਕਰਕੇ ਉਸ ਦਾ ਸਾਰਾ ਥਕੇਵਾਂ ਲੱਥ ਜਾਂਦਾ। ਉਹ ਰਾਤ ਨੂੰ ਬੱਚਿਆਂ ਤੋਂ ਚੋਰੀ-ਚੋਰੀ ਆਪਣੇ ਪਤੀ ਨਾਲ ਬਥੇਰਾ ਕਲਪਦੀ ਕਿ ਇਸ ਤਰ੍ਹਾਂ ਹੱਥ ਤੇ ਹੱਥ ਧਰ ਕੇ ਬੈਠਿਆਂ ਕੁਝ ਨਹੀਂ ਬਣਨਾ। ਇਸ ਵਿਚ ਭਲਾ ਕਿਹੜੀ ਸ਼ਰਮ ਵਾਲੀ ਗੱਲ ਸੀ। ਢਿੱਡ ਭਰਨ ਵਾਸਤੇ ਕੁਝ ਤਾਂ ਕਰਨਾ ਹੀ ਹੋਇਆ। ਪਰ ਉਹ ਉਵੇਂ ਦਾ ਉਵੇਂ ਸ਼ਰਾਬ ਪੀਈ ਜਾਂਦਾ। ਵਹੁਟੀ ਨੂੰ ਦਬਕ ਛੱਡਦਾ। ਬੱਚਿਆਂ ਨੂੰ ਝਿੜਕ ਦਿੰਦਾ।

ਪੂਰੇ ਸੱਤ ਦਿਨ ਹੋ ਗਏ ਸਨ ਉਸ ਨੂੰ ਅੰਦਰ ਵੜ ਕੇ ਬੈਠਿਆਂ। ਉਸ ਦੇ ਵੇਖਦਿਆਂ-ਵੇਖਦਿਆਂ ਹੀ ਉਸ ਦਾ ਭਤੀਜਾ ਦਸ ਪਾਸ ਕਰ ਕੇ ਸਹਿਕਾਰੀ ਵਿਭਾਗ ਵਿਚ ਚਮੜੇ ਦੇ ਕੰਮ ਦਾ ਇੰਡਸਟਰੀ ਇਨਸਪੈਕਟਰ ਲੱਗ ਗਿਆ ਸੀ।

"ਭਲਾ ਇਹ ਵੀ ਕੋਈ ਕੰਮ ਹੈ, ਚਮਾਰ, ਨਿਰਾ ਚਮਾਰ !"

ਉਸ ਨੇ ਕਈਆਂ ਨਾਲ ਆਪਣੇ ਭਤੀਜੇ ਦੇ ਕੰਮ ਬਾਰੇ ਗੱਲਬਾਤ ਕੀਤੀ ਸੀ। ਫਿਰ ਉਸ ਦੀਆਂ ਨਜ਼ਰਾਂ ਦੇ ਸਾਹਮਣੇ ਹੀ ਨਾਈਆਂ ਦਾ ਦਸ ਫੇਲ੍ਹ ਮੁੰਡਾ ਦਰਜ਼ੀ ਦਾ ਕੰਮ ਕਰਨ ਲੱਗ ਪਿਆ ਸੀ। ਉਸ ਨੇ ਸਾਰੇ ਪਿੰਡ ਦੀ ਸੇਪੀ ਸੰਭਾਲ ਲਈ ਸੀ ਤੇ ਫੇਰ ਉਨ੍ਹਾਂ ਦੇ ਟੱਬਰ ਦੇ ਮੰਦੇ ਦਿਨ ਚੰਗਿਆਂ ਵਿਚ ਬਦਲ ਗਏ।

"ਲੈ ਬਈ ਹੁਣ ਜਾਤਾਂ ਵੀ ਬਦਲਣ ਲੱਗ ਪਈਆਂ। ਨਾਈ ਛੀਂਬੇ ਤੇ ਛੀਂਬੇ ਨਾਈ ਬਣ ਗਏ। ਨ੍ਹੇਰ ਸਾਈਂ ਦਾ, ਕਿੱਦਾਂ ਦਾ ਸਮਾਂ ਆ ਗਿਆ ? ਜੱਟਾਂ ਦਾ ਤਾਂ ਰੱਬ ਈ ਰਾਖਾ !"

ਉਹ ਅਕਸਰ ਚੌਂਕ ਵਿਚ ਬਹਿ ਕੇ ਇਹੋ ਜਿਹੀਆਂ ਗੱਲਾਂ ਕਰਿਆ ਕਰਦਾ ਸੀ। ਫੇਰ ਉਹ ਦਿਨ ਤਾਂ ਉਸ ਨੂੰ ਕਦੇ ਵੀ ਨਹੀਂ ਭੁੱਲ ਸਕਦਾ ਜਿਸ ਦਿਨ ਉਹ ਪੰਝੀ ਘੁਮਾਂ ਜ਼ਮੀਨ ਦੀ ਟਿੱਕੀ ਵਿੱਚੋਂ ਬਚਦਾ ਆਖ਼ਰੀ ਘੁਮਾਂ, ਸ਼ਰਾਬ ਤੇ ਐਸ਼ ਦੇ ਲੇਖੇ ਲਾਉਣ ਲਈ, ਬੈ ਕਰਨ ਵਾਸਤੇ ਤਹਿਸੀਲ ਵਿਚ ਗਿਆ ਸੀ। ਉਸ ਨੂੰ ਕਿੰਨੀਆਂ ਲੇਲ੍ਹੜੀਆਂ ਕੱਢਣੀਆਂ ਪਈਆਂ ਸਨ, ਰਜਿਸਟਰਾਰ ਦੀਆਂ। ਕਿੰਨੇ ਗੇੜੇ ਮਾਰਨੇ ਪਏ ਸਨ ! ਜਦੋਂ ਉਸ ਨੇ ਆਪਣੇ ਪੈਸੇ ਖਰੇ ਕਰ ਲਏ ਤਾਂ ਜਾ ਕੇ ਉਸ ਨੂੰ ਸਾਹ ਆਇਆ ਸੀ। ਫਿਰ ਜਦ ਬਾਅਦ ਵਿਚ ਉਸ ਨੂੰ ਪਤਾ ਲੱਗਾ ਕਿ ਰਜਿਸਟਰਾਰ ਤਾਂ ਆਦਿ ਧਰਮੀ ਸੀ ਤਾਂ ਉਹ ਬੋਲ ਉਠਿਆ, "ਹੁਣ ਤਾਂ ਰਾਜ ਈ ਚਮਾਰਾਂ ਦਾ। ਅੰਗ੍ਰੇਜ਼ ਦੇ ਵੇਲੇ ਇਨ੍ਹਾਂ ਨੂੰ ਕੌਣ ਪੁੱਛਦਾ ਸੀ ? ਹੁਣ ਤਾਂ ਜਿੱਧਰ ਦੇਖੋ ਇਹ ਚੂੜ੍ਹੇ ਚਪਟੇ ਹੀ ਚੌਧਰੀ ਬਣੇ ਫਿਰਦੇ ਆ।"

ਆਪਣੇ ਦਿਲ ਨੂੰ ਤਸੱਲੀ ਦੇਣ ਲਈ ਉਹ ਇਹ ਗੱਲਾਂ ਕਰਿਆ ਕਰਦਾ ਸੀ।

ਉਹ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਆਪਣੇ ਬਾਪ ਦੀ ਮੌਤ ਤੋਂ ਬਾਅਦ ਪੰਝੀ ਘੁਮਾਂ ਜ਼ਮੀਨ ਉਸ ਨੇ ਸ਼ਰਾਬ ਦੇ ਮੂੰਹ ਫੂਕ ਦਿੱਤੀ ਸੀ। ਉਸ ਨੂੰ ਹਰ ਵੈਲ ਸੀ। ਸ਼ਰਾਬ ਤੋਂ ਲੈ ਕੇ ਨਾਚ ਤਕ, ਉਹ ਹਰ ਗੱਲ ਦਾ ਸ਼ੌਕੀਨ ਸੀ। ਨਸ਼ਾ ਉਸ ਲਈ ਨਸ਼ਾ ਸੀ, ਭਾਵੇਂ ਜਿਹੜਾ ਮਰਜ਼ੀ ਹੋਵੇ। ਨਕਲੀਆਂ ਨੂੰ ਰੁਪਈਏ ਦੇ ਦੇ ਕੇ ਵੇਲਾਂ ਕਰਵਾਉਣ ਅਤੇ ਜੂਆ ਖੇਡਣ ਵਿਚ ਉਸ ਨੂੰ ਖ਼ਾਸ ਆਨੰਦ ਪ੍ਰਾਪਤ ਹੁੰਦਾ ਸੀ।

ਜਦੋਂ ਉਸ ਨੇ ਆਪਣੀ ਜ਼ਮੀਨ ਦਾ ਆਖ਼ਰੀ ਘੁਮਾਂ ਵੀ ਬਿਲੇ ਲਾ ਦਿੱਤਾ ਤਾਂ ਉਸ ਨੂੰ ਖ਼ਿਆਲ ਆਇਆ ਕਿ ਇਸ ਤੋਂ ਬਾਅਦ ਕੀ ਬਣੇਗਾ ? ਟੱਬਰ ਦਾ ਗੁਜ਼ਾਰਾ ਕਿਵੇਂ ਤੁਰੂ ? ਸ਼ਾਇਦ ਉਸ ਨੇ ਆਪਣੀ ਜ਼ਿੰਦਗੀ ਵਿਚ ਅਜਿਹੀ ਸੋਚ ਪਹਿਲੀ ਵਾਰੀ ਹੀ ਸੋਚੀ ਸੀ।

ਨਵਾਂ ਸ਼ਹਿਰ ਤੋਂ ਬੰਗਿਆਂ ਤਕ ਦਾ ਲਾਰੀ ਦਾ ਸਫ਼ਰ ਇਨ੍ਹਾਂ ਸੋਚਾਂ ਵਿਚ ਹੀ ਮੁੱਕ ਗਿਆ। ਬੰਗਿਆਂ ਤੋਂ ਮੁਕੰਦਪੁਰ ਤਕ ਛੇ ਮੀਲ ਦਾ ਪੱਕਾ ਟੋਟਾ ਬਣ ਗਿਆ ਸੀ। ਉਸ ਨੇ ਇਹ ਵਾਟ ਆਪਣੇ ਮਿੱਤਰ ਸਾਧਪੁਰੀਏ ਬਿਸ਼ਨੇ ਦੇ ਟਾਂਗੇ ਵਿਚ ਮੁਕਾਈ। ਸੜਕ ਬਣਨ ਨਾਲ ਮੁਕੰਦਪੁਰ ਚੰਗਾ ਭਾਰਾ ਅੱਡਾ ਬਣ ਗਿਆ ਸੀ। ਉਸ ਦੇ ਮਿੱਤਰ ਨੇ ਉਸ ਨੂੰ ਦੱਸਿਆ ਕਿ ਸਵਾਰੀ ਵੀ ਚੰਗੀ ਪੈਂਦੀ ਸੀ। ਘੋੜੇ ਦਾ ਪੱਠਾ-ਦੱਥਾ ਕੱਢ ਕੇ ਉਹ ਪੰਜ ਸੱਤ ਤਾਂ ਦਿਹਾੜੀ ਦੇ ਸਹਿਜੇ ਹੀ ਬਣਾ ਲੈਂਦਾ ਸੀ। ਬਿਸ਼ਨੇ ਨੇ ਵੀ ਉਹਦੇ ਵਾਂਗ ਵਿਗੜ ਕੇ ਤੇ ਆਪਣਾ ਝੁੱਗਾ ਫੂਕ ਕੇ ਹੀ ਇਹ ਕਿੱਤਾ ਧਾਰਨ ਕੀਤਾ ਸੀ। ਉਸ ਨੇ ਆਪਣੇ ਮਿੱਤਰ ਨੂੰ ਵੀ ਇਹ ਹੀ ਰਾਏ ਦਿੱਤੀ ਕਿ ਜੇ ਉਹ ਟਾਂਗਾ ਲੈ ਲਵੇ ਤਾਂ ਰੋਟੀਉਂ ਅਵਾਜ਼ਾਰ ਨਹੀਂ ਹੁੰਦਾ।

ਸ਼ਰਾਬ ਦੀ ਲੋਰ ਵਿਚ ਹੀ ਉਸ ਨੇ ਬਿਸ਼ਨੇ ਦੇ ਕਹੇ ਅਨੁਸਾਰ ਨਵਾਂ ਟਾਂਗਾ ਘੋੜਾ ਖ਼ਰੀਦ ਲਿਆ ਸੀ। ਪਰ ਹੁਣ ਪੂਰੇ ਸੱਤ ਦਿਨ ਹੋ ਗਏ ਸਨ, ਉਹ ਅੰਦਰੋਂ ਬਾਹਰ ਨਹੀਂ ਸੀ ਨਿਕਲਿਆ। ਟਾਂਗਾ ਉਵੇਂ ਦਾ ਉਵੇਂ ਵਿਹੜੇ ਵਿਚ ਅਣ-ਜੁਪਿਆ ਖੜੋਤਾ ਸੀ।

ਉਹ ਸੋਚਦਾ ਕਿ ਉਹ ਤਾਂ ਜੱਟ ਹੈ ਜੱਟ ! ਇਹ ਟਾਂਗਾ ਵਾਹੁਣਾ ਤਾਂ ਕੰਮੀਆਂ ਦਾ ਕੰਮ ਹੋਇਆ। ਜਿਨ੍ਹਾਂ ਨੂੰ ਕੱਲ੍ਹ ਤਕ ਉਹ ਸ਼ਰਾਬ ਦੀ ਲੋਰ ਵਿਚ ਹੀ ਕਿੰਨੇ ਕਿੰਨੇ ਰੁਪਏ ਦੇ ਛੱਡਦਾ ਸੀ, ਅੱਜ ਉਨ੍ਹਾਂ ਕੋਲੋਂ ਹੀ ਉਸ ਨੂੰ ਛੇ ਆਨੇ ਪ੍ਰਤੀ ਸਵਾਰੀ ਦੇ ਹਿਸਾਬ ਨਾਲ ਮੰਗਣੇ ਪੈਣਗੇ। ਹੱਥ ਅੱਡਣੇ ਪੈਣਗੇ। ਕਿੰਨੀ ਸ਼ਰਮ ਵਾਲੀ ਗੱਲ ਸੀ। ਇਕ ਜੱਟ ਭਲਾ ਇੰਜ ਕਿਸ ਤਰ੍ਹਾਂ ਕਰ ਸਕਦਾ ਸੀ ? ਪਰ ਉਸ ਦੀ ਵਹੁਟੀ ਕਹਿੰਦੀ ਕਿ ਭੁੱਖੇ ਮਰਨ ਨਾਲੋਂ ਕੰਮ ਕਰਨਾ ਹੀ ਚੰਗਾ ਹੈ। ਕੰਮ ਤਾਂ ਆਖ਼ਿਰ ਕੰਮ ਹੈ, ਇਸ ਵਿਚ ਸ਼ਰਮ ਕਾਹਦੀ ? ਉਸ ਦੇ ਮਨ ਨੂੰ ਇਹ ਗੱਲ ਲੱਗਦੀ ਵੀ ਸੀ। ਘਰ ਦੇ ਹਾਲਾਤ ਵੀ ਇਸ ਗੱਲ ਦੀ ਮੰਗ ਕਰਦੇ ਸਨ।

ਰਾਤ ਉਸ ਦੀ ਵਹੁਟੀ ਉਸ ਦੇ ਸਿਰ੍ਹਾਣੇ ਬੈਠ ਕੇ ਖ਼ੂਬ ਰੋਈ ਕੁਰਲਾਈ। ਉਸ ਨੇ ਉਸ ਨੂੰ ਕਿਹਾ, "ਜਵਾਨ ਜਹਾਨ ਧੀਆਂ, ਘਰ ਬੈਠੀਆਂ। ਜੇ ਇਨ੍ਹਾਂ ਤੰਗੀ ਦੇ ਦੁੱਖੋਂ ਕਿਤੇ ਮੂੰਹ ਕਾਲਾ ਕਰ ਲਿਆ, ਤਾਂ ਫੇਰ ਤੇਰੀ ਸ਼ਰਮ ਕਿੱਧਰ ਜਾਊ ? ਕਿੱਥੇ ਜਾਊ ਤੇਰੀ ਇੱਜ਼ਤ ? ਸ਼ਰੀਕੇ ਭਾਈਚਾਰੇ ਵਿਚ ਤਾਂ ਅੱਗੇ ਈ ਨੱਕ ਵੱਢਿਆ ਗਿਆ। ਘਰ-ਘਰ ਗੱਲਾਂ ਹੁੰਦੀਆਂ, ਦੋ ਸਾਲ ਹੋਏ ਕੁੜੀ ਦਾ ਸ਼ੂਸ਼ਕੜਾ ਨਹੀਂ ਦਿੱਤਾ ਗਿਆ।"

ਉਸ ਦੀ ਵਹੁਟੀ ਨੇ ਆਖ਼ਿਰ ਉਸ ਨੂੰ ਮਨਾ ਹੀ ਲਿਆ। ਸਵੇਰੇ ਉਸ ਨੇ ਟਾਂਗਾ ਜੋੜ ਲਿਆ। ਉਸ ਦੀਆਂ ਅੱਖਾਂ ਵਿਚ ਨਸ਼ੇ ਦੇ ਡੋਰੇ ਪ੍ਰਤੱਖ ਦਿੱਸ ਰਹੇ ਸਨ। ਘੋੜੇ ਨੂੰ ਹਿੱਕ ਕੇ ਉਸ ਨੇ ਟਾਂਗੇ ਵਿਚ ਬੈਠਿਆਂ-ਬੈਠਿਆਂ ਹੀ ਦੋ-ਤਿੰਨ ਪੈੱਗ ਹੋਰ ਲਾਏ। "ਆ ਜਾਓ, ਬਈ ਆ ਜਾਓ ! ਝਾਟੀ ਦਿਆਂ।" ਕਹਿੰਦਾ ਉਹ ਕਈਆਂ ਨੂੰ ਮੁਕੰਦਪੁਰ ਤੋਂ ਬੰਗੇ ਤੇ ਬੰਗਿਆਂ ਤੋਂ ਮੁਕੰਦਪੁਰ ਤਕ ਲੈ ਗਿਆ। ਪਰ ਪੈਸੇ ਮੰਗਣ ਦਾ ਹੌਂਸਲਾ ਉਸ ਨੂੰ ਫੇਰ ਵੀ ਨਾ ਪਿਆ। ਰਾਤ ਜਦੋਂ ਉਹ ਖ਼ਾਲੀ ਹੱਥ ਘਰ ਮੁੜਿਆ ਤਾਂ ਉਸ ਦੀ ਵਹੁਟੀ ਨੇ ਆਪਣੇ ਵਾਲ ਖੋਹ ਸੁੱਟੇ।

"ਦੱਸ ! ਹਣ ਮੈਂ ਆਪਣਾ ਚੂੰਢਾ ਖੁਆਵਾਂ ਸਾਰੇ ਟੱਬਰ ਨੂੰ ?"

ਉਹ ਬੜਾ ਕਲਪੀ। ਬੜਾ ਰੋਈ। ਰਾਤ ਨਾ ਕਿਸੇ ਕੁੱਝ ਰਿੱਧਾ ਨਾ ਪਕਾਇਆ। ਸਵੇਰੇ ਫੇਰ ਉਹ ਟਾਂਗਾ ਜੋੜ ਕੇ ਤੁਰ ਪਿਆ। ਪਰ ਇਸ ਵਾਰ ਉਸ ਨੇ ਆਪਣੇ ਛੇਆਂ ਕੁ ਸਾਲਾਂ ਦੇ ਪੁੱਤਰ ਨੂੰ ਨਾਲ ਲੈ ਲਿਆ। ਸ਼ਾਮ ਨੂੰ ਜਦੋਂ ਉਹ ਘਰ ਮੁੜਿਆ ਤਾਂ ਉਸ ਦੇ ਮੁੰਡੇ ਦੀ ਜੇਬ੍ਹ ਵਿਚ ਤਿੰਨ ਕੁ ਰੁਪਈਏ ਸਨ।

ਉਸ ਬਾਰੇ ਬਾਕੀ ਟਾਂਗਿਆਂ ਵਾਲੇ ਗੱਲਾਂ ਕਰਦੇ ਕਿ ਨਾ ਤਾਂ ਇਹ ਕਿਸੇ ਸਵਾਰੀ ਨੂੰ ਆਵਾਜ਼ ਮਾਰਦਾ ਸੀ ਅਤੇ ਨਾ ਹੀ ਇਸ ਨੂੰ ਕਿੱਤੇ ਦਾ ਵੱਲ ਆਉਂਦਾ ਸੀ। ਜੇ ਇਹ ਹੀ ਹਾਲ ਰਿਹਾ ਤਾਂ ਇਸ ਦਾ ਰੱਬ ਈ ਰਾਖਾ ! ਪਰ ਕੱਲ੍ਹ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮੈਂ ਮੋਟਰ ਤੋਂ ਉੱਤਰਦਿਆਂ ਹੀ ਉਸ ਦੀ ਆਵਾਜ਼ ਸੁਣੀ : "ਆ ਜਾਓ ਸਰਦਾਰ ਜੀ, ਆ ਜਾਓ ? ਕੱਲੀ ਸੁਆਰੀ ਛੇ ਆਨੇ। ਮਿੰਟਾਂ 'ਚ ਪੁਚਾ ਦਊਂ। ਮੇਰਾ ਘੋੜਾ ਤਾਂ ਹਵਾ ਨਾਲ ਗੱਲਾਂ ਕਰਦਾ, ਹਵਾ ਨਾਲ।"

ਬਾਕੀ ਟਾਂਗਿਆਂ ਵਾਲੇ ਉਸ ਦੇ ਨਵੇਂ ਟਾਂਗੇ ਅਤੇ ਨਰੋਏ ਘੋੜੇ ਵਲ ਹਸਰਤ ਭਰੀ ਨਿਗਾਹ ਨਾਲ ਵੇਖ ਰਹੇ ਸਨ। ਹੁਣ ਤਾਂ ਸ਼ਾਇਦ ਉਹ ਆਪਣੇ ਨਿੱਕੇ ਪੁੱਤਰ ਨੂੰ ਵੀ ਨਾਲ ਲਿਆਉਣਾ ਠੀਕ ਨਹੀਂ ਸੀ ਸਮਝਦਾ।

## 2.

ਅਸੀਂ ਉਸ ਨੂੰ ਗੁੰਗਾ ਹੀ ਕਹਿੰਦੇ ਸਾਂ। ਉਂਜ ਘਰ ਦਿਆਂ ਨੂੰ ਵੀ ਉਸ ਦਾ ਨਾਮ ਰੱਖਣ ਦੀ ਕੋਈ ਜ਼ਰੂਰਤ ਨਹੀਂ ਪਈ ਹੋਣੀ। ਕਹਿੰਦੇ ਨੇ ਕਿਸੇ ਮਨੁੱਖ ਦੇ ਗੁਣ ਦੋਸ਼ ਚੰਗੇ ਨਾਮ ਹੇਠ ਛੁਪਾਉਣ ਦੇ ਲੱਖ ਯਤਨ ਕਰੋ, ਪਰ ਉਹ ਸੱਤ ਪਰਦੇ ਚੀਰ ਕੇ ਵੀ ਆ ਪ੍ਰਗਟ ਹੁੰਦੇ ਤੇ ਸਦਾ ਨਾਮ ਉੱਤੇ ਹਾਵੀ ਹੁੰਦੇ ਹਨ। ਸ਼ਾਇਦ ਇਸੇ ਲਈ ਸਭ ਉਸ ਨੂੰ ਗੁੰਗਾ ਕਹਿ ਕੇ ਬੁਲਾਉਂਦੇ ਸਨ। ਪਰ ਉਸ ਨੂੰ ਇਸ ਨਾਲ ਕੀ ਫ਼ਰਕ ਪੈਂਦਾ ਸੀ ? ਉਹ ਤਾਂ ਸੋਲ੍ਹਾਂ ਆਨੇ ਬੋਲਾ ਵੀ ਸੀ। ਇਹ ਨਾਮ ਅਸੀਂ ਜਾਂ ਜਿਸ ਕਿਸੇ ਨੇ ਵੀ ਰਖਿਆ ਸੀ ਦੂਜਿਆਂ ਨਾਲੋਂ ਨਿਖੇੜਾ ਕਰਨ ਵਾਸਤੇ ਹੀ ਰਖਿਆ ਸੀ। ਉਸ ਦੇ ਮਾਂ ਬਾਪ ਕੌਣ ਸਨ ? ਉਹ ਕਦੋਂ ਤੇ ਕਿੱਥੇ ਜੰਮਿਆ ? ਸਾਨੂੰ ਇਨ੍ਹਾਂ ਪ੍ਰਸ਼ਨਾਂ ਨਾਲ ਕੀ ਪਿਆ ਸੀ। ਅਸੀਂ ਤਾਂ ਕੇਵਲ ਇਹ ਦੇਖਦੇ ਸਾਂ ਕਿ ਉਹ ਥਾਲ ਸੁਹਣੇ ਮਾਂਜਦਾ ਸੀ। ਕੌਲੀਆਂ ਚਮਚੇ ਲਿਸ਼ਕਾ ਦਿੰਦਾ ਸੀ। ਭੁਗਤਾਨ ਚੰਗਾ ਕਰਦਾ ਸੀ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ ਮੈਂ ਕਾਲਜ ਵਿਚ ਪੜ੍ਹਦਾ ਸਾਂ ਤਾਂ ਇਹ ਗੁੰਗਾ ਹੋਸਟਲ ਵਿਚ ਭਾਂਡੇ ਮਾਂਜਿਆ ਕਰਦਾ ਸੀ। ਅੱਜ ਜਦੋਂ ਮੈਂ ਇਸੇ ਕਾਲਜ ਵਿਚ ਇਕ ਪ੍ਰੋਫ਼ੈਸਰ ਬਣਨ ਆਇਆ ਸਾਂ, ਤਾਂ ਵੀ ਇਹ ਗੁੰਗਾ ਆਪਣੀ ਉਸੇ ਪਦਵੀ ਉੱਤੇ ਕਾਇਮ ਸੀ। ਉਸ ਤੋਂ ਉੱਪਰ ਕਿਸੇ ਹੋਰ ਨੌਕਰੀ ਦੀ ਉਸ ਨੇ ਕਦੇ ਇੱਛਾ ਵੀ ਨਹੀਂ ਸੀ ਕੀਤੀ। ਉਸ ਦੀ ਜ਼ਿੰਦਗੀ ਇਕ ਖ਼ਾਲੀ ਜੇਬ੍ਹ ਸੀ, ਜਿਸ ਵਿਚ ਕਦੇ-ਕਦੇ ਖ਼ਿਆਲਾਂ, ਭਾਵਾਂ, ਇੱਛਾਵਾਂ ਤੇ ਵਲਵਲਿਆਂ ਦੀ ਹਵਾ ਭਰਦੀ ਤੇ ਫਿਰ ਬਿੰਦ ਵਿਚ ਹੀ ਉਸ ਜੇਬ੍ਹ ਨੂੰ ਕੋਈ ਬਲਵਾਨ ਹੱਥ ਦੱਬ ਦਿੰਦਾ ਤੇ ਹਵਾ ਨਿਕਲ ਜਾਂਦੀ। ਹਵਾ ਦਾ ਅਨੁਭਵ ਵੀ ਇਕ ਅਜਿਹਾ ਅਨੁਭਵ ਹੈ ਜਿਸ ਦੀ ਹੋਂਦ ਹੁੰਦਿਆਂ ਵੀ ਅਣਹੋਂਦ ਜਿਹੀ ਜਪਾਦੀ ਸੀ। ਜੋ ਚੀਜ਼ਾਂ ਜ਼ਿੰਦਗੀ ਲਈ ਅਤਿਅੰਤ ਜ਼ਰੂਰੀ ਹੋਣ ਤੇ ਰਹਿਣ ਵੀ ਸਦਾ ਅੰਗ-ਸੰਗ, ਉਨ੍ਹਾਂ ਦੇ ਅਹਿਸਾਸ ਦੀ ਅਣਹੋਂਦ ਇਕ ਸੁਭਾਵਕ ਗੱਲ ਹੈ। ਗੁੰਗਾ ਆਪਣੀ ਜ਼ਿੰਦਗੀ

ਦੇ ਹਾਲਾਤ ਵਿਚ ਮਸ਼ੀਨ ਵਾਂਗ ਵਿਚਰ ਰਿਹਾ ਸੀ। ਉਸ ਦਾ ਹਰ ਕੰਮ ਮਸ਼ੀਨੀ ਸੀ। ਝਿੜਕ ਉਸ ਨੂੰ ਸੁਣਦੀ ਨਹੀਂ ਸੀ। ਉਹ ਇਸ਼ਾਰੇ ਤੇ ਕੰਮ ਕਰਦਾ ਸੀ, ਬਿਲਕੁਲ ਇਵੇਂ ਜਿਵੇਂ ਬਟਨ ਦੱਬਣ ਤੇ ਮਸ਼ੀਨ ਚੱਲ ਪੈਂਦੀ ਹੈ।

ਹੁਣ ਜਦੋਂ ਮੈਂ ਪੂਰੇ ਚਾਰ ਸਾਲ ਬਾਅਦ ਇਸ ਕਾਲਜ ਵਿਚ ਆਇਆ ਸਾਂ ਤਾਂ ਮੈਂ ਇਕ ਵਿੱਦਿਆਰਥੀ ਤੋਂ ਪ੍ਰੋਫ਼ੈਸਰ ਬਣ ਚੁੱਕਿਆ ਸਾਂ। ਮੇਰੀ ਇਹ ਤੀਬਰ ਇੱਛਾ ਸੀ ਕਿ ਗੁੰਗੇ ਨੂੰ ਵੇਖਾਂ। ਉਹ ਉਵੇਂ ਦਾ ਉਵੇਂ ਭਾਂਡੇ ਮਾਂਜ ਰਿਹਾ ਸੀ। ਥਾਲ ਮਾਂਜਦਾ ਤੇ ਉਲਾਰ ਕੇ ਦੂਜੇ ਥਾਲਾਂ ਵਿਚ ਸੁੱਟਦਾ। ਥਾਲ ਨਾਲ ਥਾਲ ਵੱਜਦਾ। ਇਕ ਖੜਾਕਾ ਹੁੰਦਾ ਤੇ ਇਹ ਸਿਲਸਿਲਾ ਚੱਲਦਾ ਜਾਂਦਾ। ਫਿਰ ਉਹ ਪੈਰਾਂ ਭਾਰ ਬੈਠ ਕੇ, ਸੱਜੇ ਹੱਥ ਦਾ ਸਾਰਾ ਭਾਰ ਦੇ ਕੇ ਥਾਲ ਨੂੰ ਸਾਫ਼ ਕਰਦਾ। ਖੱਬੇ ਹੱਥ ਨਾਲ ਥਾਲ ਨੂੰ ਘੁੰਮਾਉਂਦਾ। ਸਾਫ਼ ਥਾਲ ਹਵਾ ਵਿਚ ਉੱਲਰਦਾ ਤੇ ਇਕ ਖੜਾਕੇ ਨਾਲ ਥਾਲਾਂ ਦੇ ਢੇਰ ਵਿਚ ਜਾ ਰਲਦਾ। ਇਹ ਖੜਾਕ ਇਸ ਗੱਲ ਦੀ ਨਿਸ਼ਾਨੀ ਸੀ ਕਿ ਗੁੰਗਾ ਭਾਂਡੇ ਮਾਂਜ ਰਿਹਾ ਹੈ। ਸਾਫ਼ ਭਾਂਡਿਆਂ ਤੇ ਚੁਸਤ ਸਰਵਿਸ ਲਈ ਸਾਡੇ ਸਮੇਂ ਉਸ ਦਾ ਬੜਾ ਮਾਣ ਕੀਤਾ ਜਾਂਦਾ ਸੀ।

ਹੁਣ ਗੁੰਗੇ ਦੀ ਦਾੜ੍ਹੀ ਵਿਚ ਕੁਝ ਧੌਲੇ ਵੀ ਲਿਸ਼ਕ ਪਏ ਸਨ। ਪਰ ਮਾਇਆ ਦੁਆ ਕੇ ਸ਼ਮਲੇ ਵਾਲੀ ਪੱਗ ਬੰਨ੍ਹਣ ਦੀ ਆਦਤ ਉਸ ਨੇ ਅਜੇ ਤਕ ਨਹੀਂ ਸੀ ਛੱਡੀ। ਮੈਨੂੰ ਅਜੇ ਯਾਦ ਹੈ ਕਿ ਜਦੋਂ ਮੈਂ ਕਾਲਜ ਵਿਚ ਪੜ੍ਹਦਾ ਹੁੰਦਾ ਸਾਂ ਤਾਂ ਗੁੰਗਾ ਸਾਰੇ ਬੋਰਡਰਾਂ ਲਈ ਇਕ ਚੰਗੀ ਤਫ਼ਰੀਹ ਸੀ। ਮੁੰਡੇ ਉਸ ਦੀਆਂ ਸਾਂਗਾਂ ਲਾਉਂਦੇ। ਉਸ ਨੂੰ ਇਸ਼ਾਰਿਆਂ ਨਾਲ ਵਿਆਹ ਕਰਵਾਉਣ ਲਈ ਕਹਿੰਦੇ ਜਾਂ ਕਦੇ ਕਿਸੇ ਹੁਸੀਨ ਕੁੜੀ ਦੀ ਕਲਪਨਾ ਕਰਵਾਉਂਦੇ। ਉਸ ਦੀ ਵਾਸ਼ਨਾ ਨੂੰ ਉਕਸਾਉਂਦੇ। ਕੁਹਜੇ ਤੇ ਗੰਦੇ ਮਖ਼ੌਲ ਕਰਦੇ। ਇਹ ਸਭ ਕੁਝ ਇਸ਼ਾਰਿਆਂ ਰਾਹੀਂ ਹੁੰਦਾ, ਜਿਨ੍ਹਾਂ ਦਾ ਉਹ ਬੜਾ ਦਿਲਚਸਪ ਜੁਆਬ ਦਿੰਦਾ। ਕਈ ਵਾਰ ਉੱਚੀ ਉੱਚੀ ‘ਬੈ-ਬੈ’ ਕਰਨ ਦਾ ਯਤਨ ਕਰਦਾ। ਕਦੇ ਰੋ ਪੈਂਦਾ, ਕਦੇ ਵਾਰਡਨ ਕੋਲ ਜਾ ਕੇ ਮੁੰਡਿਆਂ ਦੀ ਸ਼ਿਕਾਇਤ ਲਾਉਂਦਾ। ਬੰਦਾ ਗੁੰਗਾ ਹੋਵੇ ਜਾਂ ਬੋਲਾ, ਇਸਤਰੀ ਦੀ ਇੱਛਾ ਇਕ ਐਸੀ ਇੱਛਾ ਹੈ ਜੋ ਦਬਾਇਆਂ ਵੀ ਨਹੀਂ ਦੱਬਦੀ। ਫਿਰ ਇਹੋ ਜਿਹੇ ਮਾਹੌਲ ਵਿਚ ਜਿੱਥੇ ਮੁੰਡੇ ਨਿੱਤ ਉਸ ਦੀ ਕਾਮ-ਇੱਛਾ ਨੂੰ ਉਕਸਾਉਂਦੇ ਰਹਿੰਦੇ ਸਨ, ਇਹ ਇੱਛਾ ਹੋਰ ਵੀ ਤੀਬਰ ਰੂਪ ਧਾਰਨ ਕਰ ਗਈ।

ਗੁੰਗਾ ਨਿੱਤ ਸ਼ਾਮ ਨੂੰ ਵਿਹਲਾ ਹੋ ਕੇ ਸਟੇਸ਼ਨ ਉੱਤੇ ਚਲਾ ਜਾਂਦਾ। ਆਪਣੀ ਜੇਬ੍ਹ ਵਿਚ ਨੋਟਾਂ ਦੇ ਸਿਰ ਜ਼ਰਾ ਉੱਚੇ ਰੱਖਦਾ ਤੇ ਕੋਲੇ ਚੁਗਣ ਵਾਲੀਆਂ ਦੇ ਮਗਰ-ਮਗਰ ਫਿਰਦਾ ਰਹਿੰਦਾ। ਇਸ਼ਾਰਿਆਂ ਨਾਲ ਉਨ੍ਹਾਂ ਨੂੰ ਆਪਣੇ ਦਿਲ ਦੀ ਗੱਲ ਕਹਿੰਦਾ। ਰੁਪਇਆਂ ਦਾ ਲਾਲਚ ਦਿੰਦਾ। ਧੌਲ-ਧੱਪੇ ਖਾਂਦਾ ਮੁੜ ਹੋਸਟਲ ਪਰਤ ਆਉਂਦਾ। ਕੋਈ ਸੁਹਣੀ ਜਿਹੀ ਕੁੜੀ ਲੰਘਦੀ, ਉਹ ਦਿਲ ’ਤੇ ਹੱਥ ਰੱਖ ਲੈਂਦਾ। ਅੱਖਾਂ ਦਾ ਸੁਆਦ ਮਾਣਦਾ। ਇਕ ਵਾਰੀ ਰੇਲਵੇ ਪੁਲੀਸ ਨੇ ਇਕ ਕੁੜੀ ਨੂੰ ਛੇੜਨ ਦੇ ਦੋਸ਼ ਵਿਚ ਉਸ ਨੂੰ ਅਜਿਹਾ ਫੈਂਟਾਂ ਫੇਰਿਆ ਕਿ ਉਸ ਨੇ ਮੁੜ ਸਟੇਸ਼ਨ ਜਾਣ ਦਾ ਨਾਮ ਨਾ ਲਿਆ। ਕਈ ਦਿਨ ਉਹ ਪੁੱਠਾ ਸੌਂਦਾ ਰਿਹਾ। ਮੁੰਡੇ ਉਸ ਨੂੰ ਛੇੜਦੇ, ਫਿਰ ਅਜਿਹਾ ਕਰਨ ਲਈ ਕਹਿੰਦੇ। ਆਪਣੇ ਕੰਨ ਫੜ ਕੇ ਤੌਬਾ ਕਰਦਾ ਤੇ ਕਈ ਵਾਰ ਖਿਝ ਜਾਂਦਾ। ਕਦੇ ਕਿਸੇ ਦੇ ਹੱਥੀਂ ਪੈਣ ਦਾ ਯਤਨ ਕਰਦਾ ਤੇ ਪਾਗਲਾਂ ਵਾਲੀਆਂ ਹਰਕਤਾਂ ਕਰਦਾ। ਉਸ ਦੀ ਅਤ੍ਰਿਪਤ ਵਾਸ਼ਨਾ ਉਸ ਲਈ ਇਕ ਰੋਗ ਬਣ ਗਈ।

ਦੂਜੇ ਪਾਸੇ ਹੋਸਟਲ ਵਿਚ ਹੁਣ ਥਾਲਾਂ, ਕੌਲੀਆਂ ਦੀ ਥਾਂ ਕਰਾਕਰੀ ਦਾ ਪ੍ਰਬੰਧ ਕੀਤਾ ਗਿਆ। ਸਾਡੇ ਵੇਲੇ ਨਾਲੋਂ ਹੁਣ ਦੇ ਵੇਲੇ ਦੇ ਵਿੱਦਿਆਰਥੀਆਂ ਦਾ ਆਧੁਨਿਕ ਤੇ ਅਪ-ਟੂ-ਡੇਟ ਹੋਣਾ ਕੁਦਰਤੀ ਗੱਲ ਹੀ ਸੀ। ਸਮੇਂ ਦੇ ਨਾਲ ਤੁਰਨ ਵਿਚ ਹੀ ਜ਼ਿੰਦਗੀ ਹੈ ਪਰ ਗੁੰਗੇ ਨੂੰ ਸਮੇਂ ਦਾ ਇਹ ਪਲਟਾ ਕੁਝ ਰਾਸ ਨਾ ਆਇਆ। ਉਹ ਸੀ ਥਾਲ ਖੜਕਾਉਣ ਵਾਲਾ ਬੰਦਾ ਤੇ ਹੁਣ ਉਸ ਦਾ ਵਾਹ ਪਿਆ ਸੀ ਪਲੇਟਾਂ ਨਾਲ, ਚੀਨੀ ਦੇ ਭਾਂਡਿਆਂ ਤੇ ਕੱਚ ਦੇ ਗਿਲਾਸਾਂ ਨਾਲ। ਜ਼ਰਾ ਠੋਕਰ ਵੱਜਦੀ ਇਹ ਭਾਂਡੇ ਖੱਖੜੀਆਂ ਹੋ ਜਾਂਦੇ। ਗੁੰਗਾ ਅਚੇਤ ਹੀ ਥਾਲਾਂ ਵਾਂਗ ਪਲੇਟਾਂ ਨੂੰ ਸਾਫ਼ ਕਰ ਕੇ ਉਲਾਰਦਾ ਤਾਂ ਉਹ ਆਪਸ ਵਿਚ ਵੱਜ ਕੇ ਠੀਹਕਰੀਆਂ ਹੋ ਜਾਂਦੀਆਂ।

ਪਹਿਲਾਂ-ਪਹਿਲਾਂ ਤਾਂ ਉਸ ਨੂੰ ਸਮਝਾਇਆ ਗਿਆ। ਉਹ ਕੁਝ ਸੁਧਰਿਆ ਵੀ। ਪਰ ਇਕ ਦੋ ਦਿਨ ਚੀਨੀ ਦੇ ਭਾਂਡਿਆਂ ਨੂੰ ਚੰਗੀ ਤਰ੍ਹਾਂ ਸੁਆਰ ਕੇ ਵੀ ਉਹ ਥਾਲਾਂ ਵਾਲੀ ਚਾਲੇ ਪੈ ਜਾਂਦਾ। ਫਿਰ ਨੁਕਸਾਨ ਹੋ ਜਾਂਦਾ। ਮੁੰਡੇ ਵਾਵੇਲਾ ਕਰਦੇ। ਵਾਰਡਨ ਖਿਝਦਾ। ਮੈੱਸ-ਮੈਨੇਜਰ ਉਸ ਨੂੰ ਘੂਰਦਾ, ਉਸ ਦੀ ਮਾਨਸਕ ਹਾਲਤ ਹੋਰ ਵੀ ਵਧੇਰੇ ਗੁੰਝਲਦਾਰ ਹੋ ਜਾਂਦੀ। ਉਹ ਫੇਰ ਸੁਧਰਨ ਦਾ ਯਤਨ ਕਰਦਾ, ਨਰਵਸ ਹੋ ਜਾਂਦਾ ਅਤੇ ਹੋਰ ਵੀ ਵਧੇਰੇ ਨੁਕਸਾਨ ਕਰ ਦਿੰਦਾ। ਹਾਰ ਕੇ ਮੁੰਡਿਆਂ ਦੇ ਜ਼ੋਰ ਦੇਣ ਤੇ ਵਾਰਡਨ ਨੇ ਕਰਾਕਰੀ ਦਾ ਘਾਟਾ ਉਸ ਦੀ ਤਨਖ਼ਾਹ ਵਿੱਚੋਂ ਪੂਰਾ ਕਰਨਾ ਸ਼ੁਰੂ ਕਰ ਦਿੱਤਾ। ਕਦੇ ਉਸ ਨੂੰ ਅੱਧੀ ਤਨਖ਼ਾਹ ਮਿਲਦੀ, ਕਦੇ ਚੌਥਾ ਹਿੱਸਾ ਤੇ ਕਦੇ ਸਾਰੀ ਦੀ ਸਾਰੀ ਕੱਟੀ ਜਾਂਦੀ। ਪਰ ਇਹ ਕਰਾਕਰੀ ਸੀ ਕਿ ਉਸ ਦੇ ਵੱਸ ਵਿਚ ਨਹੀਂ ਸੀ ਆਉਂਦੀ। ਉਹ ਅੰਦਰੇ-ਅੰਦਰ ਕਲਪਦਾ। ਅੰਦਰੇ-ਅੰਦਰ ਰਿੱਝਦਾ, ਪਰ ਨਤੀਜਾ ਉਹੀ ਢਾਕ ਕੇ ਤੀਨ ਪਾਤ। ਹੋਰ ਉਹ ਕੁਝ ਕਰ ਨਹੀਂ ਸੀ ਸਕਦਾ। ਮੁੰਡਿਆਂ ਦੇ ਜ਼ੋਰ ਦੇਣ ਤੇ ਵਾਰਡਨ ਨੇ ਗੂੰਗੇ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ। ਉਸ ਦਾ ਪਾਗ਼ਲਪਨ ਵੀ ਜਿਵੇਂ ਇਸ ਘਟਨਾ ਨੂੰ ਹੀ ਉਡੀਕ ਰਿਹਾ ਸੀ !

# ਸਾਂਝੀ ਖੇਤੀ

"ਊਂ ! ਊਂ ! ਤਾਅ !" ਡੁਸਕਦਿਆਂ ਹੋਇਆਂ ਤਿੰਨਾਂ ਸਾਲਾਂ ਦੇ ਬਿੱਲੂ ਨੇ ਮੰਗਲ ਸਿੰਘ ਵਲ ਬਾਂਹ ਉਲਾਰੀ ਤਾਂ ਉਹ ਜਾਂਦਾ-ਜਾਂਦਾ ਰੁਕ ਗਿਆ।

"ਆ ਤਾਂ ਮੇਰਾ ਪੁੱਤ, ਤੈਨੂੰ ਕਿੰਨ ਬਾਰਿਆ ?" ਮੰਗਲ ਸਿੰਘ ਨੇ ਬੜੇ ਲਾਡ ਨਾਲ ਪੁੱਛਿਆ।

"ਖ਼ਬਰਦਾਰ ! ਜੇ ਉੱਧਰ ਗਿਆ ਤਾਂ !" ਕਾੜ ਕਰਦੀ ਇਕ ਚਪੇੜ ਬਿੱਲੂ ਦੀ ਸੱਜੀ ਗੱਲ੍ਹ ਵਿਚ ਖੁੱਭ ਗਈ। ਮੁੰਡੇ ਨੇ ਪੈਂਦਿਆਂ ਸਾਰ ਹੀ ਚੀਕਾਂ ਛੱਡ ਦਿੱਤੀਆਂ ਤੇ ਉਸ ਦੀ ਮਾਂ ਬਾਹੋਂ ਫੜ ਘੜੀਸਦੀ, ਹੋਰ ਕੁੱਟਦੀ ਤੇ ਗਾਲ੍ਹਾਂ ਕੱਢਦੀ ਉਸ ਨੂੰ ਘਰ ਲੈ ਗਈ। ਮੰਗਲ ਸਿੰਘ ਹੱਕਾ-ਬੱਕਾ ਖੜ੍ਹਾ ਵੇਖਦਾ ਰਹਿ ਗਿਆ।

ਘਰ ਜਾ ਕੇ ਬਿੱਲੂ ਦੇ ਹੋਰ ਵੀ ਠੁਕੀਆਂ।

"ਤੂੰ ਮਰ ਜਾਏਂ ਰੱਬ ਕਰਕੇ, ਜਿਹੜਾ ਤੂੰ ਮੈਨੂੰ ਤੰਗ ਕੀਤਾ ! ਵੇ ਤੂੰ ਸੁੱਤਾ ਈ ਨਾ ਉੱਠੇਂ, ਮਰਨ ਜੋਗਿਆ !"

"ਬਾ ... !" ਦਰਾਂ ਵਿਚ ਖੜੋਤੇ, ਬੇਲਾ ਸਿੰਘ ਵਲ ਵੇਖ ਕੇ ਬਿੱਲੂ ਦੀ ਇਕ ਚੀਕ ਨਿਕਲ ਗਈ ਤੇ ਉਹ ਮਾਂ ਕੋਲੋਂ ਆਪਣੀ ਬਾਂਹ ਛੁਡਾ ਕੇ ਉਸ ਦੇ ਕੁੱਛੜ ਜਾ ਚੜ੍ਹਿਆ।

"ਚੁੱਪ ਕਰ ਮੇਰਾ ਪੁੱਤ ! ਕੀ ਹੋਇਆ ਤੈਨੂੰ ਕੈਨ ਬਾਰਿਆ ? ਬਛ-ਬਛ।" ਬੇਲਾ ਸਿੰਘ ਨੇ ਮੁੰਡੇ ਨੂੰ ਵਰ੍ਹਾਉਂਦਿਆਂ ਹੋਇਆਂ ਮੋਢੇ ਲਾ ਲਿਆ।

"ਕਿਉਂ ? ਬਿੱਲੂ ਦੀ ਮਾਂ ਅੱਜ ਫੇਰ ਕਰੋਪੀ ਹੋ ਗਈ ! ਕਿਉਂ ਕੁੱਟਿਆ ਮੇਰੇ ਪੁੱਤ ਨੂੰ ?"

"ਜਾਹ ! ਜਾਹ ! ਤੂੰ ਬੀ ਬੱਡਾ ਬਕੀਲ ਆ ਗਿਆ ਮੁੰਡੇ ਦਾ। ਇਹਨੂੰ ਸੌ ਬਾਰ ਕਿਹਾ ਸ਼ਰੀਕਾਂ ਦੇ ਨਾ ਜਾਹ, ਨਾ ਜਾਹ। ਜਦ ਦੇਖੋ 'ਤਾਅ-ਤਾਅ' ਕਰਦਾ ਦੌੜਦਾ ਆਪਣੇ ਕੁਸ ਲਗਦੇ ਕੋਲ।"

"ਕੀ ਹੋਇਆ ਆਪਣੇ ਤਾਏ ਕੋਲ ਜਾਂਦਾ ਤਾਂ ! ਜੇ ਅਸੀਂ ਜੁਦੇ ਹੋ ਗਏ ਤਾਂ ਮੋਹ ਥੋੜ੍ਹੇ ਟੁੱਟ ਗਿਆ। ਓਦਾਂ ਬੀ ਉਹ ਮੇਰਾ ਬੱਡਾ ਭਰਾ ਆ।" ਉਸ ਨੇ ਬਿੱਲੂ ਨੂੰ ਥਪਕਦਿਆਂ ਕਿਹਾ।

"ਖੂਹ 'ਚ ਪਬੇ ਤੇਰਾ ਬੱਡਾ ਭਰਾ। ਤੂੰ ਬੀ ਬੁੰਨ੍ਹਾਂ ਆਂ ਬੁੰਨ੍ਹਾਂ। ਜਦ ਜ਼ਮੀਨ ਬੰਡ ਲਈਏ, ਤਾਂ ਭਰਾ, ਭਰਾ ਨਹੀਂ ਰਹਿੰਦੇ, ਸ਼ਰੀਕ ਬਣ ਜਾਂਦੇ ਆ, ਸ਼ਰੀਕ।"

"ਪਰ ਉਹ ਤਾਂ ਮੇਰਾ ਸਕਾ ... !"

"ਰਹਿਣ ਦੇ ਤੂੰ ਬੱਡੀਆਂ ਚਤੁਰਾਈਆਂ ਨੂੰ, ਆਹ ਚੱਕ ਕਾੜ੍ਹਾ ਤੇ ਤੁਰਦਾ ਹੋ ਏਥੋਂ।"

ਬੇਲਾ ਸਿੰਘ ਨੇ ਮੁੰਡੇ ਨੂੰ ਮੰਜੀ 'ਤੇ ਪਾ ਕੇ ਕਾਹੜੇ ਵਾਲਾ ਲੋਂਹਡਾ ਚੁੱਕਿਆ ਤੇ ਹੌਲੀ-ਹੌਲੀ ਹਵੇਲੀ ਵਲ ਤੁਰ ਪਿਆ।

"ਠੀਕ, ਬਿਲਕੁਲ ਠੀਕ ! ਸ਼ਰੀਕ ਤਾਂ ਹੁਣ ਆਪੇ ਬਣ ਗਏ।" ਉਹ ਜਿਵੇਂ ਬੁੜਬੜਾਇਆ। ਉਹ ਸੋਚ ਰਿਹਾ ਸੀ ਕਿ ਉਹ ਦਿਨ ਕਿੰਨੇ ਚੰਗੇ ਸਨ, ਜਦੋਂ ਉਸ ਦਾ ਮੁਕਲਾਵਾ ਨਹੀਂ ਸੀ ਆਇਆ। ਉਸ ਦਾ ਭਰਾ ਸਾਰਾ ਦਿਨ ਮਿੱਟੀ ਵਿਚ ਮਿੱਟੀ ਹੋਇਆ ਰਹਿੰਦਾ ਤੇ ਉਹ ਆਪ ਆਪਣੀ ਮਰਜ਼ੀ ਅਨੁਸਾਰ ਕੰਮ ਕਰਦਾ ਸੀ।

ਉਹ ਵੀ ਕਦੇ ਪੱਠੇ ਕੁਤਰ ਦਿੱਤੇ ਤੇ ਕਦੇ ਡੰਗਰਾਂ ਨੂੰ ਪਾਣੀ ਡਾਹ ਦਿੱਤਾ। ਦੋਂਹ ਹਲਾਂ ਦੀ ਖੇਤੀ ਨੂੰ ਉਸ ਦਾ ਭਰਾ ਤੇ ਇਕ ਕਾਮਾ ਚੰਗੀ ਤਰ੍ਹਾਂ ਚਲਾ ਰਹੇ ਸਨ। ਘਰ ਦੀ ਜ਼ਮੀਨ ਤੋਂ ਬਿਨਾਂ ਕੁਝ ਸਿਆੜ ਉਹ ਹਾਲੇ ਭੋਲੀ ਉੱਤੇ ਵੀ ਲੈ ਲੈਂਦੇ ਸਨ। ਵਾਹ ਲੱਗਦੀ ਮੰਗਲ ਸਿੰਘ ਕਦੇ ਵੀ ਬੇਲਾ ਸਿੰਘ ਨੂੰ ਕੋਈ ਕੰਮ ਨਹੀਂ ਕਹਿੰਦਾ ਸੀ। ਉਂਜ ਕਦੇ ਬੀਮਾਰ ਠੁਮਾਰ ਹੋਵੇ ਜਾਂ ਕਿਤੇ ਵਾਂਢੇ-ਟੀਂਡੇ ਜਾਣਾ ਹੋਵੇ, ਤਾਂ ਵੱਖਰੀ ਗੱਲ ਸੀ, ਕਿੰਨੀ ਕਮਾਈ ਸੀ, ਕਿੰਨਾ ਵਿਹਲ ਸੀ ! ਉਸ ਨੇ ਹਉਕਾ ਭਰਿਆ।

ਪਰ ਫੇਰ ਜਦੋਂ ਉਸ ਦਾ ਮੁਕਲਾਵਾ ਆਇਆ, ਤਰੋਜਾ ਆਇਆ, ਤਾਂ ਬਿੱਲੂ ਦੀ ਮਾਂ ਨੇ ਆਉਂਦਿਆਂ ਹੀ ਘਰ ਵਿਚ ਦੁਫੇੜ ਪਾ ਦਿੱਤਾ। ਆਪਣੇ ਦਾਜ ਦੀਆਂ ਚੀਜ਼ਾਂ ਸਾਂਭ-ਸਾਂਭ ਰੱਖਦੀ, ਆਪਣੇ ਸੰਦੂਕ ਨੂੰ ਸਦਾ ਜਿੰਦਰਾ ਲਾ ਛੱਡਦੀ। ਘਰ ਵਿਚ ਸੱਸ ਸਹੁਰਾ ਤਾਂ ਹੈ ਈ ਨਹੀਂ ਸਨ। ਆਪਣੀ ਜਠਾਣੀ ਤੇ ਉਸ ਦੇ ਬੱਚਿਆਂ ਨਾਲ ਘਿਰਨਾ ਭਰਿਆ ਵਰਤਾਅ ਕਰਦੀ। ਫੇਰ ਇਕ ਦਿਨ ਆਇਆ ਜਦੋਂ ਉਹ ਕੁਝ ਹੋ ਕੇ ਰਿਹਾ, ਜਿਸ ਦੀ ਉਸ ਨੂੰ ਇੱਛਾ ਸੀ। ਮੰਗਲ ਸਿੰਘ ਨੇ ਬੜਾ ਜ਼ੋਰ ਲਾਇਆ ਕਿ ਜਿਣਸ ਵੰਡ ਲਿਆ ਕਰਾਂਗੇ ਪਰ ਖੇਤ ਨਾ ਵੰਡੀਏ ਤੇ ਖੇਤੀ ਵੀ ਸਾਂਝੀ ਹੀ ਕਰੀਏ। ਪਰ ਬਿੱਲੂ ਦੀ ਮਾਂ ਨੇ ਬੇਲਾ ਸਿੰਘ ਨੂੰ ਐਸੀ ਪੱਟੀ ਪੜ੍ਹਾਈ ਕਿ 'ਸ਼ਰੀਕ ਤਾਂ ਛੱਲੀ ਪੂਣੀ ਤੇ ਹੋਰ ਚੀਜ਼ਾਂ ਖੇਤਾਂ ਵਿੱਚੋਂ ਪੈਰਾਂ ਨਾਲ ਹੀ ਧੂਹ ਲਿਜਾਂਦੇ ਆ।' ਹੋਰ ਵੀ ਪੁੱਠੀਆਂ ਸਿੱਧੀਆਂ ਲਾਈਆਂ ਤੇ ਅੰਤ ਜ਼ਮੀਨ ਵਿਚ ਬੰਨੇ ਪੈ ਗਏ, ਵੰਡ ਹੋ ਗਈ। ਪਸ਼ੂ ਵੰਡੇ ਗਏ, ਸੰਦ ਵੰਡੇ ਗਏ। ਸਾਂਝੇ ਘਰ ਵਿਚ ਕੰਧ ਪੈ ਗਈ। ਖੂਹ ਦੀਆਂ ਵਾਰੀਆਂ ਬੱਝ ਗਈਆਂ ਤੇ ਜਿਹੜੀ ਮਾੜੀ ਮੋਟੀ ਬੋਲ-ਚਾਲ ਹੈ ਸੀ, ਉਹ ਵੀ ਜਾਂਦੀ ਰਹੀ।

ਹੁਣ ਬੇਲਾ ਸਿੰਘ ਸਵੇਰ ਤੋਂ ਸ਼ਾਮ ਤਕ ਕੰਮ ਵਿਚ ਜੁਟਿਆ ਰਹਿੰਦਾ। ਖ਼ੂਨ ਪਸੀਨਾ ਇਕ ਕਰਦਾ। ਕਦੇ-ਕਦੇ ਦੋਹਾਂ ਭਰਾਵਾਂ ਦੀਆਂ ਅੱਖਾਂ ਚਾਰ ਹੁੰਦੀਆਂ ਤੇ ਫੇਰ ਦੋਵੇਂ ਨੀਵੀਂ ਪਾ ਲੈਂਦੇ। "ਤੱਤਾ ! ਤੱਤਾ !! ਮਰ ਜਾਏਂ ਬੌਲਦਾ, ਤਹਾਂ ! ਤਹਾਂ !" ਵਿਚ ਉਹਨਾਂ ਦੇ ਦਿਲ ਦੀ ਆਵਾਜ਼ ਗੁੰਮ ਹੋ ਕੇ ਰਹਿ ਜਾਂਦੀ। ਬੰਨੇ ਨਾਲ ਬੰਨਾ ਸਾਂਝਾ ਸੀ, ਪਰ ਕਿੰਨਾਂ ਪਾੜਾ ਸੀ ਦੋਹਾਂ ਵਿਚਕਾਰ ! ਇਕ ਬਾਪ ਦਾ ਖ਼ੂਨ ਇਕ ਦੂਜੇ ਤੋਂ ਵੱਖ ਸੀ।

ਕਈ ਵਾਰ ਬੇਲਾ ਸਿੰਘ ਸੋਚਦਾ ਕਿ ਜਦੋਂ ਤੋਂ ਉਹ ਜੁਦੇ ਹੋਏ ਸਨ, ਤੰਗੀ ਸਗੋਂ ਵਧੀ ਸੀ, ਘਟੀ ਨਹੀਂ ਸੀ। ਹਾੜੀ ਸਾਉਣੀ ਕਾਮੇ ਤੇ ਲਾਗੀਆਂ ਨੂੰ ਦੇ ਦੁਆ ਕੇ ਮਸਾਂ ਉਹਨਾਂ ਦੇ ਖਾਣ ਜੋਗੀ ਜਿਨਸ ਬਾਕੀ ਬਚਦੀ ਸੀ। ਪਹਿਲਾਂ ਦੋਹਾਂ ਭਰਾਵਾਂ ਦੇ ਇਕਹਿਰੇ ਲਾਗੀ ਤੇ ਕਾਮੇ ਆਦਿ ਹੁੰਦੇ ਸਨ ਤੇ ਹੁਣ ਦੋਹਰੇ। ਜਿਹੜੀ ਮਾੜੀ ਮੋਟੀ ਜਿਨਸ ਉਹ ਦੇ ਦੁਆ ਕੇ ਮੰਡੀ ਸੁੱਟਦਾ ਸੀ ਉਸ ਨਾਲ ਹਾਲਾ ਪੱਤਾ, ਲੂਣ ਤੇਲ ਤੇ ਘਰ ਦੇ ਨਿੱਕੇ ਮੋਟੇ ਖ਼ਰਚ ਮਸਾਂ ਤੁਰਦੇ ਸਨ। ਐਨੀ ਜਾਨ ਹੂਲ ਕੇ ਵੀ ਸੁੱਕੀਆਂ ਰੋਟੀਆਂ ! ਪਸ਼ੂਆਂ ਨੂੰ ਉਹ ਕਦੇ ਪੇੜਾ ਨਹੀਂ ਸੀ ਪਾ ਸਕਿਆ। ਇੱਕੋ ਹੀ ਗਲ ਹੋ ਸਕਦੀ ਸੀ, ਜਾਂ ਆਪਣੇ ਢਿੱਡ ਨੂੰ ਝੁਲਕਾ ਦਿੰਦਾ ਤੇ ਜਾਂ ਡੰਗਰਾਂ ਨੂੰ ਪੇੜਾ। ਪਸ਼ੂ ਵੀ ਵਿਚਾਰੇ ਕੀ ਕਰਦੇ ? ਦੋ ਬਲਦ ਸਨ ਉਸ ਕੋਲ ਤੇ ਹੁਣ ਉਹਨਾਂ ਦੀ ਚਮੜੀ ਹੇਠੋਂ ਵੀ ਹੱਡ ਉੱਭਰ ਆਏ ਸਨ।

ਐਤਕੀਂ ਸਮਾਂ ਵੀ ਕੁਝ ਮਾੜਾ ਲੱਗਾ ਸੀ, ਪਹਿਲੇ ਤਾਂ ਮੀਂਹ ਪਿਆ ਹੀ ਨਾ ਤੇ ਜਦੋਂ ਪਿਆ ਤਾਂ ਏਨਾ ਜ਼ਿਆਦਾ ਕਿ ਛੱਲੀਆਂ ਦੇ ਹਾਰਾਂ ਦੇ ਹਾਰ ਮਾਰੇ ਗਏ। ਜਿਹੜੇ ਮਾੜੇ ਮੋਟੇ ਟਾਂਡੇ ਬਚੇ ਉਹ ਹਨੇਰੀਆਂ ਨੇ ਲਿਫ਼ਾ ਦਿੱਤੇ। ਹੁਣ ਜਦੋਂ ਕਣਕ ਦੀ ਬਿਜਾਈ ਦਾ ਸਮਾਂ ਆਇਆ ਸੀ ਤਾਂ ਔੜ ਲੱਗ ਪਈ ਸੀ। ਸਵੇਰ ਤੋਂ ਖੂਹ ਜੁਪਦੇ ਸਨ, ਰੌਣੀਆਂ ਹੁੰਦੀਆਂ ਸਨ, ਪਰ ਧਰਤੀ ਏਨੀ ਪਿਆਸੀ ਸੀ ਕਿ ਉਸ ਦੀ ਪਿਆਸ ਨਹੀਂ ਸੀ ਬੁਝਦੀ। ਫੇਰ ਜਿਹੜਾ ਖੇਤ ਵੱਤਰ ਵਿਚ ਆਉਂਦਾ ਉਸ ਨੂੰ ਵਾਹੁਣਾ, ਸੁਹਾਗਣਾ, ਫੇਰ ਵਾਹੁਣਾ ਤੇ ਫੇਰ ਸੁਹਾਗਣਾ। ਫੇਰ ਬੀਜਣਾ ਤੜਕੇ ਤੋਂ ਲੈ ਕੇ ਸ਼ਾਮ ਤਕ। 'ਜੱਟਾ ਤੇਰੀ ਜੂਨ ਬੁਰੀ, ਹਲ ਛੱਡ ਪੱਠਿਆਂ ਨੂੰ ਜਾਣਾ' ਦੀ ਕੌੜੀ ਸੱਚਾਈ ਦਾ ਅਨੁਭਵ ਬੇਲਾ ਸਿੰਘ ਨੂੰ ਹੁਣ ਹੀ ਹੋਇਆ ਸੀ। ਪਸ਼ੂ ਵੀ ਤਾਂ ਆਖ਼ਰ ਜਾਨਵਰ ਹੀ ਸਨ। ਮਸ਼ੀਨਾਂ ਵੀ ਅੱਠਾਂ ਘੰਟਿਆਂ ਬਾਅਦ ਆਰਾਮ ਮੰਗਦੀਆਂ ਹਨ। ਏਨੇ ਕੰਮ ਨੇ ਬੇਲਾ ਸਿੰਘ ਦੇ ਇਕ ਬਲਦ ਨੂੰ ਪੈਰੋਂ ਕੱਢ ਦਿੱਤਾ ਸੀ। ਬੇਲਾ ਸਿੰਘ ਆਪਣੇ ਉਸੇ ਬਲਦ ਲਈ ਕਾਹੜਾ ਲੈ ਕੇ ਜਾ ਰਿਹਾ

ਸੀ। ਜੋ ਕੁਝ ਉਸ ਦੇ ਕੋਲ ਹੈ ਸੀ ਉਸ ਨੇ ਬਲਦ ਦੀ ਟਹਿਲ ਸੇਵਾ ਤੇ ਦਵਾ ਦਾਰੂ ਉੱਤੇ ਖ਼ਰਚ ਦਿੱਤਾ। ਪਰ ਬਲਦ ਸੀ ਕਿ ਉੱਠਣ ਦਾ ਨਾਂ ਨਹੀਂ ਸੀ ਲੈਂਦਾ। ਫਿਰ ਉਸ ਨੇ ਬਿੱਲੂ ਦੀ ਮਾਂ ਕੋਲੋਂ ਇੱਕੋ ਇਕ ਬਚਦੀ ਟੂੰਬ ਵੀ ਸੌ ਮਿੰਨਤ ਤਰਲਾ ਕਰ ਕੇ ਲੈ ਲਈ ਤੇ ਉਹ ਵੀ ਬਲਦ ਦੀ ਬਿਮਾਰੀ ਤੇ ਲਾ ਦਿੱਤੀ। ਕੱਲੇ ਬਲਦ ਨਾਲ ਉਹ ਰੌਣੀ ਕਿਵੇਂ ਕਰ ਸਕਦਾ ਸੀ ਤੇ ਬਿਜਾਈ ਹਾਲੇ ਸਿਰ ਉੱਤੇ ਪਈ ਸੀ ! ਉਸ ਦੀ ਇਹ ਹਾਲਤ ਵੇਖ ਕੇ ਉਸ ਦਾ ਕਾਮਾ ਵੀ ਉਸ ਨੂੰ ਛੱਡ ਗਿਆ।

"ਚੌਧਰੀ ਤੇਰੇ ਕੋਲੋਂ ਤਾਂ ਬਿਜਾਈ ਵੀ ਨਹੀਂ ਹੋਈ, ਤੂੰ ਮੈਨੂੰ ਕੀ ਦੇਊਂ ?" ਉਸ ਦੇ ਕਾਮੇ ਦੀ ਇਹ ਗੱਲ ਠੀਕ ਹੀ ਤਾਂ ਸੀ। ਉਸ ਨੂੰ ਤਾਂ ਆਪਣੇ ਗੁਜ਼ਾਰੇ ਦਾ ਫ਼ਿਕਰ ਸੀ। ਉਸ ਕੋਲ ਹੈ ਈ ਕੀ ਸੀ, ਜੋ ਉਹ ਕਾਮੇ ਨੂੰ ਦਿੰਦਾ ?

"ਕੀ ਬਿਜਾਈ ਵਿੱਚੇ ਰਹਿ ਜਾਊਗੀ ?" ਉਸ ਨੇ ਆਪਣੇ ਆਪ ਨੂੰ ਸਵਾਲ ਕੀਤਾ ਤੇ ਫਿਰ ਉਸ ਦੇ ਮੱਥੇ ਦੀਆਂ ਤਿਊੜੀਆਂ ਗਾੜ੍ਹੀਆਂ ਹੁੰਦੀਆਂ ਗਈਆਂ। ਜੇ ਉਸ ਨੂੰ ਕੁਝ ਆਸ ਸੀ ਤਾਂ ਇਸ ਬਲਦ ਦੇ ਰਾਜ਼ੀ ਹੋਣ ਤੇ ਹੀ ਸੀ। ਕਦੇ ਕਦੇ ਉਹ ਆਪਣੇ ਵੱਡੇ ਭਰਾ ਮੰਗਲ ਸਿੰਘ ਬਾਰੇ ਵੀ ਸੋਚਦਾ ਸੀ। ਕੁਝ ਦਿਨ ਹੋਏ ਉਸ ਦਾ ਇਕ ਬੁੱਢਾ ਬਲਦ ਮਰ ਗਿਆ ਸੀ। ਇਸ ਘਰ ਦਾ ਉਸ ਨੇ ਬੜਾ ਲੇਖਾ ਦਿੱਤਾ ਸੀ। ਬਲਦ ਦੇ ਮਰਨ ਪੁਰ ਸਾਰਿਆਂ ਨੇ ਮੰਗਲ ਸਿੰਘ ਪਾਸ ਅਫ਼ਸੋਸ ਕੀਤਾ, ਪਰ ਬਿੱਲੂ ਦੀ ਮਾਂ ਨੇ ਬੇਲਾ ਸਿੰਘ ਨੂੰ ਇਕ ਵਾਰ ਵੀ ਅਫ਼ਸੋਸ ਕਰਨ ਲਈ ਨਹੀਂ ਜਾਣ ਦਿੱਤਾ ਸੀ। ਉਸ ਨੇ ਉਹ ਲੂਤੀਆਂ ਲਾਈਆਂ ਕਿ ਬੇਲਾ ਸਿੰਘ ਮਜਬੂਰ ਹੋ ਗਿਆ।

"ਕੀ ਹੋਇਆ ਜੇ ਉਸ ਦਾ ਬਲਦ ਮਰ ਗਿਆ ਤਾਂ ! ਉਹ ਕਿਹੜਾ ਸਾਡੇ ਮੀਣੇ ਦੀ ਖ਼ਬਰ ਲੈਣ ਆਇਆ ? ਤੈਨੂੰ ਉਹਦੀ ਬਹੁਤ ਪਈ ਆ ?"

ਬੇਲਾ ਸਿੰਘ ਨੇ ਵੀ ਇਸ ਕੌੜੀ ਸੱਚਾਈ ਨੂੰ ਅਨੁਭਵ ਕੀਤਾ ਤੇ ਉਸ ਨੇ ਆਪਣੇ ਭਰਾ ਕੋਲ ਅਫ਼ਸੋਸ ਕਰਨ ਦਾ ਖ਼ਿਆਲ ਛੱਡ ਦਿੱਤਾ। ਉਸ ਨੂੰ ਵੀ ਮੰਗਲ ਸਿੰਘ 'ਤੇ ਹਿਰਖ ਸੀ। ਉਹ ਚੰਗਾ ਭਲਾ ਦਵਾਈਆਂ ਜਾਣਦਾ ਸੀ। ਲਾਗ ਪਾਸ ਦੇ ਸਾਰੇ ਪਿੰਡਾਂ ਵਾਲੇ ਪਸ਼ੂਆਂ ਵਾਸਤੇ ਉਸ ਦੀ ਸਲਾਹ ਲੈਣ ਆਉਂਦੇ ਸਨ, ਪਰ ਉਹ ਇਕ ਦਿਨ ਵੀ ਉਸ ਦੇ ਬਲਦ ਦਾ ਦਵਾ ਦਾਰੂ ਕਰਨ ਨਹੀਂ ਸੀ ਆਇਆ। ਪਿਓ ਤੋਂ ਬਾਅਦ ਵੱਡੇ ਭਰਾ ਹੀ ਪਿਓ ਸਮਾਨ ਹੁੰਦੇ ਹਨ, ਪਰ ਉਹ ਉਸ ਦੇ ਨੇੜੇ ਨਹੀਂ ਸੀ ਢੁੱਕਾ। ਏਸ ਲਈ ਉਸ ਨੂੰ ਉਸ ਨਾਲ ਸਖ਼ਤ ਘਿਰਣਾ ਹੋ ਗਈ ਸੀ। ਇਸ ਲਈ ਕਿ ਉਸ ਨੂੰ ਚਾਰ ਕੋਹ ਪੈਂਡਾ ਮਾਰ ਕੇ ਸਲੋਤਰਖ਼ਾਨੇ ਜਾਣਾ ਪੈਂਦਾ ਸੀ ਤੇ ਫਿਰ ਉੱਥੋਂ ਦੀ ਦਵਾਈ ਵੀ ਉਸ ਨੂੰ ਰਾਸ ਨਹੀਂ ਸੀ ਆਈ। ਹਾਰ ਕੇ ਉਸ ਨੇ ਦੇਸੀ ਇਲਾਜ ਸ਼ੁਰੂ ਕੀਤਾ। ਉਸ ਦੇ ਕਿਸੇ ਜਾਣੂ ਪਛਾਣੂ ਨੇ ਉਸ ਨੂੰ ਇਕ ਨੁਸਖਾ ਦੱਸਿਆ ਸੀ ਤੇ ਉਹ ਉਸ ਦੇ ਕਹੇ ਅਨੁਸਾਰ ਹੀ ਹੁਣ ਬਲਦ ਨੂੰ ਰੋਜ਼ ਕਾਹੜਾ ਦਿੰਦਾ ਸੀ।

ਬਲਦ ਹੁਣ ਉੱਠਣ ਬਹਿਣ ਲਗ ਪਿਆ ਸੀ। ਪੱਠਿਆਂ ਨੂੰ ਵੀ ਮੂੰਹ ਮਾਰ ਲੈਂਦਾ ਸੀ। ਉਗਾਲੀ ਵੀ ਕਰਨ ਲੱਗ ਪਿਆ ਸੀ। ਦੋ-ਚਾਰ ਦਿਨ ਹੋਰ ਕਾਹੜੇ ਪੀ ਕੇ ਉਹ ਖੂਹ ਤਕ ਵੀ ਜਾਣ ਲੱਗ ਪਿਆ। ਬਲਦ ਦੀ ਇਹ ਹਾਲਤ ਵੇਖ ਕੇ ਉਸ ਦੀ ਕੁਝ ਢਾਰਸ ਬੱਝ ਗਈ। ਔਖਿਆਂ ਸੌਖਿਆਂ ਹੋ ਕੇ ਤੇ ਉਧਾਰ ਸੁਧਾਰ ਫੜ ਕੇ ਉਸ ਨੇ ਕਾਹੜੇ ਵੀ ਦਿੱਤੇ ਤੇ ਖ਼ੂਬ ਟਹਿਲ ਸੇਵਾ ਕੀਤੀ। ਕੁਝ ਦਿਨਾਂ ਦੀ ਸਾਧਨਾ ਮਗਰੋਂ ਉਸ ਨੂੰ ਇੰਜ ਜਾਪਿਆ, ਜਿਵੇਂ ਬਲਦ ਉੱਤੇ ਕੋਈ ਨਵੀਂ ਆਬ ਆ ਗਈ ਹੋਵੇ ! ਅੱਜ ਉਹ ਬਲਦਾਂ ਨੂੰ ਪੰਜਾਲੀ ਦੇ ਰਿਹਾ ਸੀ ਤਾਂ ਉਸ ਨੂੰ ਜਿਵੇਂ ਸਾਰੀ ਤੰਗੀ ਭੁੱਲ ਗਈ ਸੀ। ਉਸ ਨੂੰ ਯਾਦ ਆਇਆ ਕਿ ਉਸ ਦਾ ਬਾਪੂ ਅਕਸਰ ਕਿਹਾ ਕਰਦਾ ਸੀ : "ਜੱਟ ਦੀ ਉਲਾਦ ਤਾਂ ਪਸ਼ੂ ਆ ਪਸ਼ੂ।"

ਸੱਚਮੁੱਚ ਹੀ ਉਸ ਦਾ ਬਾਪੂ ਠੀਕ ਹੀ ਆਖਿਆ ਕਰਦਾ ਸੀ, ਉਸ ਨੇ ਅਨੁਭਵ ਕੀਤਾ। ਹੌਲੀ-ਹੌਲੀ ਉਸ ਨੇ ਬਲਦਾਂ ਨੂੰ ਹਿੱਕ ਕੇ ਖੂਹ ਤੇ ਲਿਆਂਦਾ ਤੇ ਬੇਲਾ ਗਾਧੀ ਵਿਚ ਫਸਾ ਦਿੱਤਾ। ਜ਼ਰਾ ਕੁ ਪਰ੍ਹਾਂ ਉਸ ਦਾ ਵੱਡਾ ਭਰਾ ਧੌਣ ਸੁੱਟੀ ਬੈਠਾ ਸੀ ਅਤੇ ਉਸ ਦਾ ਇੱਕੋ ਇਕ ਬਲਦ ਬੰਨੇ ਦੇ ਸੁੱਕੇ ਜਿਹੇ ਘਾਹ ਨੂੰ ਮੂੰਹ

ਮਾਰ ਰਿਹਾ ਸੀ। ਆਪਣੇ ਵੱਡੇ ਭਰਾ ਦੀ ਮਜਬੂਰੀ ਨੂੰ ਅਨੁਭਵ ਕਰਕੇ ਉਹ ਨਿੰਮ੍ਹੀ ਜਿਹੀ ਮੁਸਕਣੀ ਵਿਚ ਹੱਸਿਆ। ਕਿੰਨੀ ਘਿਰਣਾ ਸੀ ਉਸ ਦੀਆਂ ਅੱਖਾਂ ਵਿਚ ਜਿਵੇਂ ਕਿ ਉਹ ਅੱਖਾਂ ਹੀ ਅੱਖਾਂ ਵਿਚ ਕਹਿ ਰਿਹਾ ਹੋਵੇ ਕਿ ਵੇਖ ਲੈ ਤੇਰੇ ਬਿਨਾਂ ਵੀ ਮੇਰਾ ਬਲਦ ਰਾਜ਼ੀ ਹੋ ਗਿਐ !

"ਸ਼ਾਬਾ, ਮੀਣਿਆਂ ! ਮਰ ਜਾਏ ਤੇਰਾ ਚੋਰ।" ਆਪਣੇ ਚਿੱਤੋਂ ਉਸ ਨੇ ਮੰਗਲ ਸਿੰਘ ਨੂੰ ਸੁਣਾ ਕੇ ਕਿਹਾ ਤੇ ਬਲਦਾਂ ਨੂੰ ਆਰ ਲਾ ਦਿੱਤੀ। ਹਲਟ ਗਿੜ ਰਿਹਾ ਸੀ। ਚੁੱਲ੍ਹੇ ਵਿਚ ਚਾਂਦੀ ਵੰਨਾਂ ਪਾਣੀ ਡੱਲ੍ਹ-ਡੱਲ੍ਹ ਕਰਦਾ ਪੈ ਰਿਹਾ ਸੀ। ਪਾਣੀ ਵਿੱਚੋਂ ਉਸ ਨੂੰ ਆਪਣੀ ਲਹਿ-ਲਹਿ ਕਰਦੀ ਹਾੜੀ ਨਜ਼ਰ ਆਈ ਤੇ ਉਹ ਮਗਰੂਰ ਹੋ ਉੱਠਿਆ। ਉਸ ਨੇ ਨਾਰੇ ਦੀ ਪੂਛਲ ਮਰੋੜ ਕੇ ਮੀਣੇ ਦੇ ਆਰ ਲਾ ਦਿੱਤੀ। ਬਲਦਾਂ ਨੇ ਪੈਂਦਿਆਂ ਹੀ ਛਾਲਾਂ ਚੁੱਕ ਲਈਆਂ। ਹਾਲੇ ਮਸਾਂ ਗੇੜਾ ਹੀ ਪੂਰਾ ਹੋਇਆ ਸੀ ਕਿ ਲੱਠ ਨਾਲ ਔਖੜ ਕੇ ਮੀਣਾ ਡਿੱਗ ਪਿਆ ਤੇ ਉੱਭੇ-ਉੱਭੇ ਸਾਹ ਲੈਣ ਲੱਗ ਪਿਆ। ਬੇਲਾ ਸਿੰਘ ਦਾ ਮਾਨੋਂ ਲੱਕ ਟੁੱਟ ਗਿਆ। ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਪਿਆ। ਉਸ ਨੇ ਮਸਾਂ-ਮਸਾਂ ਮੀਣੇ ਨੂੰ ਉਠਾਲਿਆ ! ਹੁਣ ਉਹ ਹੋਰ ਕੰਮ ਨਹੀਂ ਸੀ ਕਰ ਸਕਦਾ। ਉੱਪਰਲੇ ਪਾਸਿਓਂ ਅਰਲੀ ਕੱਢ ਕੇ ਉਸ ਨੇ ਮੀਣੇ ਨੂੰ ਪੰਜਾਲੀ ਹੇਠੋਂ ਕੱਢਿਆ ਤੇ ਥੋੜਾ ਜਿਹਾ ਅੱਗੇ ਤੋਰਿਆ, ਪਰ ਉਹ ਚਾਰ ਕੁ ਪੈਰ ਪੁੱਟ ਕੇ ਫੇਰ ਬੈਠ ਗਿਆ। ਬੇਲਾ ਸਿੰਘ ਦੇ ਪੈਰ ਮਣ-ਮਣ ਦੇ ਹੋ ਗਏ !

"ਹੁਣ ਮੇਰੀ ਬੀਜਾਈ ਕਿੱਦਾਂ ਹੋਊ ! ਟੱਬਰ ਟੀਹਰ ਕਿੱਥੋਂ ਖਾਊ ?" ਉਸ ਦੇ ਅੰਦਰੋਂ ਇਕ ਆਹ ਜਿਹੀ ਉਠੀ।

"ਬੇਲਿਆ, ਲੈ ਆਹ ਬਲਦ ਜੋੜ ਲੈ, ਮੈਂ ਤਾਂ ਹੁਣ ...", ਉਸ ਨੇ ਪਿੱਛੇ ਪਰਤ ਕੇ ਦੇਖਿਆ, ਉਸ ਦਾ ਵੱਡਾ ਭਰਾ ਆਪਣਾ ਬਲਦ ਲਈ ਖੜਾ ਸੀ।

# ਚਰਾਵੀ

"ਦੇਖ ਤਾਂ ਬੀਰ ਮੈਂ ਸੁਹਣੀ ਲੱਗਨੀ ਆਂ ?"

ਚਰਾਵੀ ਨੇ ਆਪਣੀ ਸੁੱਥਣ ਦੇ ਵੱਟ ਠੀਕ ਕਰਦੇ ਹੋਇਆਂ ਆਪਣੇ ਛੋਟੇ ਭਰਾ ਨੂੰ ਪੁੱਛਿਆ ਜਿਹੜਾ ਮਸਾਂ ਛੇਆਂ ਵਰ੍ਹਿਆਂ ਦਾ ਸੀ।

"ਬਹੁਤ ਸੁਹਣੀ !" ਕਹਿ ਕੇ ਉਹ ਹੱਸ ਪਿਆ ਤੇ ਫੇਰ ਤਾਲੀਆਂ ਮਾਰਦਾ ਬਾਹਰ ਨੂੰ ਦੌੜ ਗਿਆ। ਪਰ ਚਰਾਵੀ ਨੂੰ ਆਪਣੇ ਛੋਟੇ ਭਰਾ ਦੇ ਕਹਿਣ 'ਤੇ ਵਿਸ਼ਵਾਸ ਨਾ ਆਇਆ। ਉਸ ਨੇ ਚੁੰਨੀ ਠੀਕ ਕਰਦਿਆਂ, ਸੰਦੂਕ ਵਿੱਚੋਂ ਸ਼ੀਸ਼ਾ ਕੱਢਿਆ ਤੇ ਆਪਣੇ ਨਵੇਂ ਸੂਟ ਦਾ ਜਾਇਜ਼ਾ ਲਿਆ। ਫਿਰ ਜਿਵੇਂ ਹੀ ਉਸ ਨੇ ਸ਼ੀਸ਼ੇ ਵਿੱਚੋਂ ਝਾਕਦੀਆਂ ਆਪਣੀਆਂ ਦੋ ਅੱਖਾਂ ਵਿਚ ਅੱਖਾਂ ਪਾਈਆਂ ਤਾਂ ... ਸ਼ੀਸ਼ੇ ਉੱਤੇ ਮਾਨੋ ਗੇਰੂ ਫਿਰ ਗਿਆ। ਉਸ ਦੇ ਮੂੰਹ ਨੂੰ ਕੀ ਹੋ ਗਿਆ ਸੀ ? ਉਹ ਡਰ ਗਈ ਤੇ ਫਿਰ ਉਸ ਨੇ ਛੇਤੀ ਦੇ ਕੇ ਸ਼ੀਸ਼ੇ ਦਾ ਪਾਸਾ ਪਰਤਾ ਦਿੱਤਾ।

"ਵੇਖ ਨਾ ਸਾਦਗੀ ਵੀ ਕਿੰਨੀ ਜ਼ਾਲਮ ਐ ਯਾਰ !" ਪਹਿਲੇ ਨੇ ਕਿਹਾ ਸੀ।

"ਜੇ ਥੋੜ੍ਹਾ ਜਿਹਾ ਬਣ-ਠਣ ਜਾਏ ਤਾਂ ਅੱਗ ਈ ਲਾ ਦਏ।" ਦੂਜੇ ਨੇ ਕਿਹਾ ਸੀ।

ਉਸ ਵੱਲ ਵੇਖ ਕੇ ਕੀਤੀ ਗਈ ਦੋ ਪੜ੍ਹਾਕੂ ਮੁੰਡਿਆਂ ਦੀ ਗੱਲ ਬਾਤ ਉਸ ਨੂੰ ਯਾਦ ਆਈ। ਉਸ ਵੇਲੇ ਉਹ ਮੁੰਡੇ ਉਸ ਨੂੰ ਕਿੰਨੇ ਭੈੜੇ ਲੱਗੇ ਸਨ, ਉਹ ਸੋਚ ਰਹੀ ਸੀ। ਉਸ ਨੇ ਅੱਖਾਂ ਕੱਢ ਕੇ ਉਨ੍ਹਾਂ ਵੱਲ ਵੇਖਿਆ ਸੀ ਤੇ ਉਹ ਵਿਚਾਰੇ ਸ਼ਰਮਸਾਰ ਹੋਏ ਨੀਵੀਂ ਪਾ ਕੇ ਆਪਣੇ ਰਾਹੇ ਪੈ ਗਏ ਸਨ। ਪਰ ਅੱਜ ਉਹਨੂੰ ਇਨ੍ਹਾਂ ਸ਼ਬਦਾਂ ਵਿੱਚੋਂ ਪਤਾ ਨਹੀਂ ਕੀ ਸਵਾਦ ਆ ਰਿਹਾ ਸੀ। ਉਹ ਚਾਹੁੰਦੀ ਸੀ ਕਿ ਅੱਜ ਫੇਰ ਕੋਈ ਉਸ ਨੂੰ ਇਸ ਤਰ੍ਹਾਂ ਆਖੇ। ਉਸ ਨੇ ਸ਼ੀਸ਼ੇ ਵਿਚ ਫਿਰ ਆਪਣੀ ਨੁਹਾਰ ਵੇਖਣੀ ਆਰੰਭ ਕੀਤੀ। ਜਦੋਂ ਰੂਪ ਦਾ ਪ੍ਰਸੰਸਕ ਕੋਈ ਨਾ ਹੋਵੇ ਤਾਂ ਅਕਸਰ ਸ਼ੀਸ਼ੇ ਦੀ ਓਟ ਲੈਣੀ ਪੈਂਦੀ ਹੈ। ਉਸ ਨੂੰ ਆਪਣਾ ਆਪ ਅੱਜ ਬੇਗਾਨਾ ਜਿਹਾ ਲੱਗਿਆ ਸੀ। ਉਹ ਆਪਣੇ ਆਪ ਨੂੰ ਹੌਲੀ ਫੁੱਲ ਜਿਹੀ ਉੱਡਦੀ ਉੱਡਦੀ ਜਿਹੀ ਅਨੁਭਵ ਕਰ ਰਹੀ ਸੀ। ਉਸ ਦੇ ਸਾਹਾਂ ਵਿਚ ਜਿਵੇਂ ਸੁਗੰਧੀ ਘੁਲ ਗਈ ਹੋਵੇ।

"ਨੀ ਚਰਾਵੀਏ ! ਅੱਜ ਮਹੀਆਂ ਲੈ ਕੇ ਨਹੀਂ ਜਾਣਾ ?"

ਬਾਹਰਲੇ ਬੂਹੇ 'ਚੋਂ ਉਸ ਦੀ ਬੁੱਢੀ ਮਾਂ ਦੀ ਆਵਾਜ਼ ਉਸ ਦੇ ਕੰਨੀਂ ਪਈ। 'ਹਾਇ ਮੈਨੂੰ' ਉਹ ਤ੍ਰਬਕ ਪਈ। 'ਜੇ ਮਾਂ ਨੇ ਦੇਖ ਲਿਆ ਤਾਂ ਕੀ ਹੋਊ ?' ਕਹਿ ਕੇ ਉਸ ਨੇ ਛੇਤੀ-ਛੇਤੀ ਆਪਣਾ ਨਵਾਂ ਸੂਟ ਲਾਹੁਣਾ ਸ਼ੁਰੂ ਕਰ ਦਿੱਤਾ। ਫਿਰ ਜਿਵੇਂ ਉਸ ਨੂੰ ਕੁਝ ਯਾਦ ਆ ਗਿਆ ਤੇ ਉਹ ਆਪਣੇ ਆਪ ਹੀ ਹੱਸ ਪਈ।

"ਮੈਂ ਬੀ ਕਿੰਨੀ ਡਰਾਕਲ ਆਂ। ਮਾਂ ਨੂੰ ਤਾਂ ਕੁਸ ਦੀਂਹਦਾ ਈ ਨਹੀਂ।" ਜਿਵੇਂ ਉਹ ਆਪਣੇ ਆਪ ਨੂੰ ਬੁੜਬੜਾਈ ਹੋਵੇ।

"ਨੀ ਕੁੜੀਏ ! ਅੰਦਰੇ ਹੱਸੀ ਜਾਨੀ ਆਂ। ਕੀ ਹੋ ਗਿਆ ਤੈਨੂੰ ?" ਉਸ ਦੀ ਮਾਂ ਨੇ ਡੰਗੋਰੀ ਨਾਲ

ਤੁਰਦਿਆਂ ਕਿਹਾ। ਚਰਾਵੀ ਨੇ ਦੌੜ ਕੇ ਉਸ ਦੀ ਡੰਗੋਰੀ ਫੜ ਲਈ ਤੇ ਕਿਹਾ, "ਕੁਸ ਨੀਂ ਮਾਂ, ਐਮੇ ਹਾਸਾ ਆ ਗਿਆ।"

"ਜਵਾਨ ਜਹਾਨ ਕੁੜੀਆਂ ਦਾ ਏਦਾਂ ਹੱਸਣਾ ਠੀਕ ਨਹੀਂ ਹੁੰਦਾ ਧੀਏ ! ਜੇ ਤੇਰਾ ਬਾਪੂ ਸਿਰ 'ਤੇ ਹੁੰਦਾ, ਤਾਂ ਹੁਣ ਨੂੰ ਤੇਰੇ ਹੱਥ ਪੀਲੇ ਕਰ ਦੇਣੇ ਸਨ। ਮੈਂ ਬਚਾਰੀ ਤਾਂ ਹੋਈ ਅੱਖੋਂ ਅੰਨ੍ਹੀਂ। ਦੱਸ ਕੀ ਕਰਾਂ ? ਹੁਣ ਤਾਂ ਤੇਰੇ ਮਾਮੇ ਈ ਕੁਸ ਕਰਨਗੇ।" ਚਰਾਵੀ ਕੁਝ ਨਾ ਬੋਲੀ। ਉਸ ਨੇ ਆਪਣੀ ਬੁੱਢੀ ਮਾਂ ਨੂੰ ਪੀੜ੍ਹੀ ਉੱਤੇ ਬਿਠਾ ਕੇ ਮੂਹਰੇ ਚਰਖੀ ਡਾਹ ਦਿੱਤੀ ਤੇ ਆਪ ਛੇਤੀ-ਛੇਤੀ ਪੁਰਾਣੇ ਫਟੇ ਹੋਏ ਮੈਲੇ ਕੁਚੈਲੇ ਕਪੜੇ ਪਾ ਕੇ, ਨਵੇਂ ਸੂਟ ਨੂੰ ਗੁੱਛਾ-ਮੁੱਛਾ ਕਰ ਕੇ ਸੰਦੂਕ ਦੀ ਇਕ ਗੁੱਠ ਵਿਚ ਲੁਕੋ ਕੇ ਰੱਖ ਦਿੱਤਾ।

"ਮਾਂ ! ਮੈਂ ਮਹੀਆਂ ਲੈ ਕੇ ਚੱਲੀ ਆਂ !" ਕਹਿ ਕੇ ਉਸ ਨੇ ਮੱਝਾਂ ਹੱਕ ਲਈਆਂ।

ਬੀਰੋ ਨੂੰ ਸਾਰੇ ਪਿੰਡ ਦੇ ਮੁੰਡੇ ਕੁੜੀਆਂ ਚਰਾਵੀ ਹੀ ਕਹਿੰਦੇ ਸਨ। ਭਾਵੇਂ ਉਸ ਦੀ ਮਾਂ ਨੇ ਪਹਿਲਾਂ ਪਹਿਲ ਇਸ ਨਾਮ ਦਾ ਵਿਰੋਧ ਕੀਤਾ ਸੀ, ਪਰ ਹੁਣ ਉਸ ਨੂੰ ਵੀ ਜਿਵੇਂ ਇਸ ਨਾਮ ਨਾਲ ਕੁਝ ਉਨਸ ਹੋ ਗਿਆ ਸੀ। ਜਦੋਂ ਦਾ ਚਰਾਵੀ ਦਾ ਪਿਤਾ ਮਰ ਗਿਆ ਸੀ, ਉਦੋਂ ਤੋਂ ਉਸ ਨੇ ਘਰ ਦੇ ਗੁਜ਼ਾਰੇ ਨੂੰ ਤੋਰਨ ਵਾਸਤੇ ਆਪਣੇ ਪਿਓ ਵਾਲਾ ਕਿੱਤਾ, ਮੱਝਾਂ ਚਾਰਨਾ, ਹੀ ਅਪਣਾ ਲਿਆ ਸੀ। ਕੁਝ ਮੱਝਾਂ ਉਸ ਕੋਲ ਅਧਿਆਰੇ 'ਤੇ ਸਨ ਤੇ ਕੁਝ ਦਸ ਰੁਪਏ ਮਹੀਨਾ ਚਰਾਈ ਉੱਤੇ। ਉਹ ਆਪਣੇ ਘਰ ਦੇ ਤਿੰਨਾਂ ਜੀਆਂ ਦਾ ਗੁਜ਼ਾਰਾ ਬੜੀ ਚੰਗੀ ਤਰ੍ਹਾਂ ਰੇੜ੍ਹੀ ਜਾ ਰਹੀ ਸੀ।

ਪਿੰਡ ਦੀ ਸੀਮਾਂ ਉੱਤੇ ਇਕ ਢੱਕੀ ਸੀ ਤੇ ਉਸ ਦੇ ਨਾਲ ਲੱਗਦੀ ਜ਼ਮੀਨ ਬੇ-ਆਬਾਦ ਪਈ ਸੀ। ਉੱਥੇ ਲਾਗਦੇ ਪਿੰਡ ਵਾਲੇ ਤੇ ਹੋਰ ਕਈ ਚਰਵਾਹੇ ਮੱਝਾਂ ਚਾਰਨ ਵਾਸਤੇ ਚਲੇ ਆਉਂਦੇ ਸਨ। ਬੀਰੋ ਵੀ ਇੱਥੇ ਹੀ ਮੱਝਾਂ ਨੂੰ ਚੁਗਣਾ ਛੱਡ ਦੇ ਆਪ ਕਦੀ ਟਾਹਣਾਂ ਨਾਲ ਖੇਡਦੀ, ਕਦੀ ਆਪਣੇ ਨਿੱਕੇ ਭਰਾ ਵਾਸਤੇ ਪਲਾਹ ਦੇ ਪੱਤਿਆਂ ਦੀਆਂ ਗੱਡੀਆਂ ਤੇ ਭੰਬੀਰੀਆਂ ਬਣਾਉਂਦੀ ਰਹਿੰਦੀ। ਪਰ ਮੱਝਾਂ ਨੂੰ ਕਦੇ ਵੀ ਨਜ਼ਰਾਂ ਤੋਂ ਪਰ੍ਹੇ ਨਾ ਹੋਣ ਦਿੰਦੀ। ਪਹਿਲਾਂ ਉਸ ਦੇ ਇਸ ਕਿੱਤੇ ਨੂੰ ਧਾਰਨ ਕਰਨ ਉੱਤੇ ਕਾਫ਼ੀ ਚਰਚਾ ਹੋਈ ਸੀ ਪਰ ਹੁਣ ਸਭ ਚੁੱਪ ਚਾਪ ਸਨ। ਬੀਰੋ ਨੇ ਇਰਾਦਾ ਕਰ ਲਿਆ ਸੀ ਤੇ ਉਹ ਇਸ ਤੋਂ ਪਿੱਛੇ ਨਹੀਂ ਸੀ ਹਟਣਾ ਚਾਹੁੰਦੀ।

ਜਦੋਂ ਤੋਂ ਉਸ ਨੇ ਜਵਾਨੀ ਵਿਚ ਪੈਰ ਰਖਿਆ ਸੀ, ਉਸ ਉੱਤੇ ਨਿੱਤ ਨਵਾਂ ਰੰਗ ਬਦਲਦਾ ਸੀ। ਉਸ ਦੇ ਗੁਆਂਢੀਆਂ ਦੇ ਮੁੰਡੇ ਨੇ, ਜਿਹੜਾ ਆਪ ਵੀ ਮੱਝਾਂ ਚਾਰਦਾ ਸੀ, ਇਕ ਵਾਰ ਉਸ ਵੱਲ ਵੇਖ ਕੇ ਕਿਹਾ ਸੀ, "ਜਿੱਥੇ ਗੁੜ ਹੋਵੇ, ਉੱਥੇ ਮੱਖੀਆਂ ਆ ਹੀ ਜਾਂਦੀਆਂ ਨੇ।"

"ਜੇ ਕਰੜੇ ਗੁੜ ਦੀ ਪੇਸੀ ਜ਼ਰਾ ਜ਼ੋਰ ਨਾਲ ਮੱਥੇ ਬਿੱਚ ਲੱਗੇ, ਤਾਂ ਗਲੀ ਬੀ ਹੋ ਜਾਂਦੀ ਆ।" ਤੇ ਪਤਾ ਨਹੀਂ ਬੀਰੋ ਨੇ ਉਸ ਨੂੰ ਹੋਰ ਕੀ ਕੀ ਸੁਣਾਈਆਂ। ਉਸ ਦਿਨ ਤੋਂ ਕਿਸੇ ਚਾਕ ਨੇ ਵੀ ਉਸ ਵਲ ਵੇਖ ਕੇ ਬੋਲ ਕੱਸਣ ਦਾ ਹੌਂਸਲਾ ਨਹੀਂ ਸੀ ਕੀਤਾ।

ਸੁਭਾਅ ਦੀ ਉਂਜ ਵੀ ਉਹ ਜ਼ਰਾ ਅੱਖੜ ਹੀ ਸੀ। ਇਹ ਉਸ ਦੇ ਕਿੱਤੇ ਲਈ, ਹੈ ਵੀ ਜ਼ਰੂਰੀ ਸੀ। ਏਸੇ ਲਈ ਚਰਾਂਦ ਵਿਚ ਆਏ ਸਾਰੇ ਚਾਕ ਉਸ ਕੋਲੋਂ ਡਰਦੇ ਸਨ। ਪਰ ਚਰਾਵੀ ਸੀ ਕਿ ਸਦਾ ਆਪਣੇ ਕੰਮ ਵਿਚ ਮਸਤ ਰਹਿੰਦੀ। ਉਂਜ ਵੀ ਆਪਣੀ ਮਾਂ ਦੇ ਸ਼ਬਦਾਂ ਵਿਚ 'ਉਹ ਕੋਠੇ ਜਿੱਡੀ ਮੁਟਿਆਰ ਸੀ'। ਉਸ ਦੀ ਮਾਂ ਨੇ ਭਾਵੇਂ ਇਹ ਅੰਦਾਜ਼ਾ ਆਪਣੀ ਧੀ ਨੂੰ ਟੋਹ ਕੇ ਹੀ ਲਾਇਆ ਸੀ, ਪਰ ਹੈ ਸੀ ਸੱਚ। ਗੋਰੇ ਰੰਗ ਉੱਤੇ ਲਾਲੀ ਦੀ ਭਾ, ਮਾਨੋ ਚਿੱਟੇ ਗੁਲਾਬ ਉੱਤੇ ਲਾਲ ਰੌਸ਼ਨੀ ਬਿਖਰ ਰਹੀ ਸੀ। ਅੱਖਾਂ ਵੀ ਕਿਸੇ ਜੰਗਲ ਦੀ ਹਰਨੀ ਵਾਂਗ ਤੇ ਫਿਰ ਇਸ ਉੱਤੇ ਵਾਧਾ ਇਹ ਕਿ ਉਨ੍ਹਾਂ ਵਿਚ ਸਦਾ ਇਕ ਜੋਤ ਜਗਦੀ ਰਹਿੰਦੀ—ਸਦਾ ਮਸਤੀ ਦੀ। ਅੰਗ ਵੀ ਵਾਹ ! ਵਾਹ ! ਖੁੱਲ੍ਹੇ ਡੁੱਲ੍ਹੇ ਤੇ ਨਿੱਗਰ ਸਨ। ਉਸ ਦੀਆਂ ਜ਼ੁਲਫ਼ਾਂ ਸਦਾ ਹੀ ਹਵਾ ਦੀ ਆਵਾਰਗੀ ਨੂੰ ਖੁੱਲ੍ਹ-ਖੁੱਲ੍ਹ, ਖਿੰਡਰ-ਖਿੰਡਰ, ਉੱਡ-ਉੱਡ, ਉੱਲਰ ਉੱਲਰ, ਮਖ਼ੌਲ ਕਰਦੀਆਂ ਰਹਿੰਦੀਆਂ ਸਨ। ਉਸ ਨੇ ਕਦੇ ਵੀ ਇਨ੍ਹਾਂ ਨੂੰ ਸਵਾਰਨ ਦਾ ਯਤਨ ਨਹੀਂ ਸੀ ਕੀਤਾ। ਉਸ ਨੂੰ ਏਨੀ ਵਿਹਲ ਵੀ ਕਿੱਥੋਂ ਸੀ ? ਉਹ ਤਾਂ ਸਗੋਂ ਇਕ ਮਸ਼ੀਨ ਵਾਂਗ ਸਵੇਰ ਤੋਂ ਸ਼ਾਮ ਤਕ ਮਹੀਆਂ ਦੇ ਆਹਰ ਵਿਚ ਰੁੱਝੀ ਰਹਿੰਦੀ

ਸੀ। ਮੱਝਾਂ ਦੀ ਸੰਭਾਲ ਤੇ ਗੋਹਾ ਕੂੜਾ ਕਰਨ, ਪਾਥੀਆਂ ਪੱਥਣ, ਘਾਹ ਖੋਤਣ ਤੇ ਘਰ ਦਾ ਰੋਟੀ ਟੁੱਕ ਕਰਨ ਤੱਕ ਹੀ ਉਸ ਦਾ ਜੀਵਨ ਸੀਮਤ ਸੀ। ਪਿਛਲੇ ਦੋ ਕੁ ਸਾਲਾਂ ਤੋਂ ਉਹ ਹੀ ਘਰ ਦਾ ਬਾਪੂ, ਮਾਂ, ਭੈਣ, ਕਮਾਊ ਤੇ ਜ਼ਿੰਮੇਦਾਰ ਇਸਤਰੀ ਦਾ ਕਿਰਦਾਰ ਬੜੀ ਖ਼ੂਬੀ ਨਾਲ ਨਿਭਾਉਂਦੀ ਚਲੀ ਆ ਰਹੀ ਸੀ।

ਪਰ ਉਸ ਦੀ ਮਾਂ ਨੂੰ ਸਦਾ ਹੀ ਉਸ ਦੇ ਵਰ ਦਾ ਫ਼ਿਕਰ ਪਿਆ ਰਹਿੰਦਾ। ਜਵਾਨ ਜਹਾਨ ਧੀ ਉੱਤੇ ਕੋਈ ਦਾਗ਼ ਲੱਗਣ ਤੋਂ ਵੀ ਉਹ ਡਰਦੀ ਸੀ। ਉਹ ਅਕਸਰ ਉਸ ਨੂੰ ਕਹਿੰਦੀ ਰਹਿੰਦੀ, "ਨੀ ਕੁਝ ਸੀਣਾ ਪ੍ਰੋਣਾ ਬੀ ਸਿੱਖ ਲੈ। ਅਗਲੇ ਘਰ ਜਾ ਕੇ ਕੀ ਕਰੇਂਗੀ ?"

"ਰਹਿਣ ਦੇ ਨੀ ਮਾਂ, ਮੈਤੋਂ ਨਹੀਂ ਇਹ ਬਰੀਕ ਕੰਮ ਕਰਨ ਹੁੰਦੇ।" ਉਹ ਅੱਗੋਂ ਹੱਸ ਕੇ ਟਾਲ ਛੱਡਦੀ।

ਬੀਰੋ ਤੋਂ ਚੋਰੀ-ਚੋਰੀ ਉਸ ਦੀ ਮਾਂ ਗੁਆਂਢਣਾਂ ਨਾਲ ਗੱਲਾਂ ਕਰਦੀ, "ਮੇਰੀ ਧੀ ਤਾਂ ਸ਼ੇਰ ਆ ਸ਼ੇਰ। ਮਜਾਲਕੇ ਜੇ ਉਸ ਬਲ ਕੋਈ ਅੱਖ ਭਰ ਕੇ ਬੀ ਦੇਖ ਸਕੇ।"

ਪਰ ਮੂੰਹ ਉੱਤੇ ਉਹ ਅਕਸਰ ਉਸ ਨੂੰ ਤਾੜਨਾ ਕਰਦੀ ਰਹਿੰਦੀ, "ਨੀ ਦੇਖੀਂ ਕਿਤੇ ਕੋਈ ਕਲੰਕ ਨਾ ਖੱਟ ਲਮੀਂ।"

"ਮਾਂ ! ਮੈਂ ਕੋਈ ਨਿਆਣੀ ਆਂ।" ਉਹ ਅੱਗੋਂ ਹੱਸ ਛੱਡਦੀ। ਉਂਜ ਵੀ ਆਂਢਣਾਂ-ਗੁਆਂਢਣਾਂ ਚਰਾਵੀ ਦੇ ਜੀ ਤੋੜ ਕੇ ਕੰਮ ਕਰਨ ਉੱਤੇ ਦਿਲ ਹੀ ਦਿਲ ਵਿਚ ਉਸ ਦੀ ਸਿਫ਼ਤ ਕਰਦੀਆਂ ਰਹਿੰਦੀਆਂ ਸਨ।

ਪਰ ਪਤਾ ਨਹੀਂ ਪਿਛਲੇ ਕੁਝ ਦਿਨਾਂ ਤੋਂ ਚਰਾਵੀ ਦੇ ਜੀਵਨ ਵਿਚ ਕੋਈ ਨਵਾਂ ਮੋੜ ਆ ਗਿਆ ਸੀ, ਜੋ ਉਹ ਹੁਣ ਸਿਊਣ ਪ੍ਰੋਣ ਵਿਚ ਵੀ ਦਿਲਚਸਪੀ ਲੈਣ ਲੱਗ ਪਈ ਸੀ। ਰਾਤ ਨੂੰ ਜਦੋਂ ਉਸ ਨੂੰ ਵਿਹਲ ਮਿਲਦੀ ਉਹ ਸਰ੍ਹੋਂ ਦੇ ਤੇਲ ਦੇ ਦੀਵੇ ਦੀ ਮੱਧਮ ਜਿਹੀ ਤੇ ਟਿਮਟਿਮਾਂਦੀ ਰੌਸ਼ਨੀ ਵਿਚ ਕਿੱਡੀ-ਕਿੱਡੀ ਰਾਤ ਗਏ ਤਕ ਕਸੀਦਾ ਕੱਢਦੀ ਰਹਿੰਦੀ। ਉਹ ਚਾਅਵਾਂ ਦੀਆਂ, ਉਹ-ਉਹ ਫੁਲਕਾਰੀਆਂ ਕੱਢਦੀ, ਕਿ ਉਸ ਦੀਆਂ ਸਹੇਲੀਆਂ ਹੈਰਾਨ ਰਹਿ ਜਾਂਦੀਆਂ।

"ਨੀ ਇਹ ਕਿਹਤੋਂ ਸਿੱਖੀਆਂ ? ਚੰਦਰੀਏ ਸਾਨੂੰ ਬੀ ਕੁਝ ਦੱਸ।" ਉਹ ਕਹਿੰਦੀਆਂ, ਪਰ ਉਹ ਉਨ੍ਹਾਂ ਨੂੰ ਹੱਸ ਕੇ ਟਾਲ ਛੱਡਦੀ। ਉਸ ਨੂੰ ਆਪ ਸਮਝ ਨਹੀਂ ਸੀ ਆਉਂਦੀ, ਕਿ ਉਸ ਦੇ ਅੰਦਰੋਂ ਕੋਈ ਉਬਾਲ ਜਿਹਾ ਉੱਠਦਾ ਸੀ ਜੋ ਸੂਈ ਰਾਹੀਂ ਤੇ ਰੰਗ-ਬਿਰੰਗੇ ਧਾਗਿਆਂ ਦੁਆਰਾ, ਚਾਦਰਾਂ ਉੱਤੇ ਬੂਟੇ, ਫੁੱਲ, ਵੇਲਾਂ, ਪੰਛੀ, ਹਿਰਨ ਤੇ ਪਤਾ ਨਹੀਂ ਹੋਰ ਕੀ, ਕੀ ਬਣ ਜਾਂਦਾ ਸੀ।

ਅੱਜ ਵੀ ਉਹ ਮੱਝਾਂ ਲੈ ਕੇ ਢੱਕੀ ਵਿਚ ਪੁੱਜ ਗਈ। ਰਾਤ ਉਹ ਬਹੁਤ ਦੇਰ ਤਕ ਕਸੀਦਾ ਕੱਢਦੀ ਰਹੀ ਸੀ। ਉਸ ਦੀਆਂ ਅੱਖਾਂ ਵਿਚ ਉਨੀਂਦਰੇ ਦੇ ਡੋਰੇ ਸਾਫ਼ ਦਿਸ ਰਹੇ ਸਨ। ਪਰ ਅੱਜ ਢੱਕੀ ਵਿਚ ਪੁੱਜ ਕੇ ਨਾ ਹੀ ਉਸ ਨੇ ਟਾਹਣਾਂ ਖੇਡੀਆਂ, ਨਾ ਹੀ ਭੰਬੀਰੀਆਂ ਬਣਾਈਆਂ ਤੇ ਨਾ ਹੀ ਪਲਾਹ ਦੇ ਪੱਤਿਆਂ ਦੀਆਂ ਗੱਡੀਆਂ। ਸਗੋਂ ਉਹ ਤੂਤ ਦੇ ਉਹਲੇ ਹੋ ਕੇ ਦੂਰ ਖੜ੍ਹੇ ਚਾਕਾਂ ਵੱਲ ਵੇਖ ਰਹੀ ਸੀ। ਪਤਾ ਨਹੀਂ ਉਸ ਨੂੰ ਕਿਸ ਦੀ ਉਡੀਕ ਸੀ। ਫਿਰ ਅਚਾਨਕ ਹੀ ਜਦੋਂ ਉਸ ਦੀ ਨਿਗਾਹ ਲਸੂੜ੍ਹੀ ਰੰਗ ਦੀ ਪੱਗ ਉੱਤੇ ਪਈ ਤਾਂ ਉਸ ਦੀਆਂ ਅੱਖਾਂ ਵਿਚ ਇਕ ਚਮਕ ਆ ਗਈ ਤੇ ਫੇਰ ਉਹ ਤੂਤ ਦੇ ਤਣੇ ਦੇ ਨਾਲ ਖਹਿੰਦੀ ਚਲੀ ਗਈ। ਉਸ ਨੂੰ ਯਾਦ ਆਇਆ ਕਿ ਇਕ ਦਿਨ ਇਸ ਲਸੂੜ੍ਹੀ ਪੱਗ ਵਾਲੇ ਦੀ ਮੱਝ ਨਾਲ ਉਸ ਦੀ ਮੱਝ ਭਿੜ ਗਈ ਸੀ। ਮੱਝਾਂ ਦੇ ਸਿੰਗ ਮਸਾਂ ਹੀ ਉਨ੍ਹਾਂ ਨੇ 'ਹੋਏ, ਹੋਏ' ਕਰ ਕੇ ਛੁਡਾਏ ਸਨ। ਬੇਗਾਨੀਆਂ ਮੱਝਾਂ ਦੇ ਸਿੰਗਾਂ ਦੇ ਟੁੱਟਣ ਦਾ ਡਰ ਵੀ ਤਾਂ ਸੀ।

"ਸਿੰਗ ਤਾਂ ਬਚ ਗਏ।" ਉਸ ਦੇ ਮੂੰਹੋਂ ਸੁਭਾਵਕ ਹੀ ਇਹ ਸ਼ਬਦ ਨਿਕਲ ਗਏ ਸਨ।

"ਸਿੰਗ ਤਾਂ ਹੁਣ ਪਸਾ ਬੈਠੇ ਆਂ।" ਉਸ ਗੱਭਰੂ ਨੇ ਉਸ ਦੀਆਂ ਅੱਖਾਂ ਵਿਚ ਦੇਖਦੇ ਹੋਇਆਂ ਕਿਹਾ ਸੀ। ਉਸ ਦਾ ਜੀ ਕੀਤਾ ਕਿ ਉਹ ਉਸ ਨੂੰ ਖਰੀਆਂ ਖਰੀਆਂ ਸੁਣਾ ਦੇਵੇ, ਪਰ ਉਸ ਦੇ ਭਰਵੇਂ ਜੁੱਸੇ ਤੇ ਮਰਦਾਨਾ ਸੁਹੱਪਣ ਨੂੰ ਵੇਖ ਕੇ, ਪਹਿਲੀ ਵਾਰੀ, ਉਸ ਵੇਲੇ, ਉਸ ਮੁੰਡੇ ਦੀ ਕਹੀ ਹੋਈ ਗੱਲ ਦਾ ਉਸ ਨੂੰ ਕੋਈ ਅਰਥ ਸਮਝ ਨਹੀਂ ਸੀ ਆਇਆ, ਪਰ ਘਰ ਜਾ ਕੇ ਰਾਤ ਭਰ ਉਹ ਓਸੇ ਗੱਲ ਨੂੰ ਸੋਚਦੀ

ਰਹੀ ਤੇ ਫਿਰ ਕੁਝ ਸਮਝ ਆਉਣ ’ਤੇ ਆਪਣੇ ਆਪ ਹੀ ਹੱਸ ਪਈ। ਉਸ ਦਿਨ ਤੋਂ ਉਹ ਲਸੂੜ੍ਹੀ ਪੱਗ ਵਾਲਾ ਕਦੇ-ਕਦੇ ਮੱਝਾਂ ਚਾਰਦਾ ਚਾਰਦਾ ਉਸ ਦੇ ਕੋਲ-ਕੋਲ ਆਉਣ ਲੱਗ ਪਿਆ ਸੀ। ਉਹ ਸੀ ਵੀ ਲਾਗਲੇ ਪਿੰਡ ਦਾ।

ਇਹ ਯਾਦ ਕਰਦਿਆਂ-ਕਰਦਿਆਂ ਮੱਠੀ ਜਿਹੀ ਪੌਣ ਦੇ ਝੌਂਕੇ ਨਾਲ ਉਸ ਨੂੰ ਊਂਘ ਆ ਗਈ ਤੇ ਫੇਰ ਉਹ ਨੀਂਦਰ ਦੀ ਝੋਲੀ ਵਿਚ ਡਿੱਗਦੀ ਚਲੀ ਗਈ। ਉਸ ਨੂੰ ਇਕ ਸੁਫ਼ਨਾ ਆਇਆ। ਹਲਟ ਚੱਲ ਰਿਹਾ ਸੀ। ਔਲੂ ਵਿਚ ਚਾਂਦੀ-ਵੰਨਾਂ ਪਾਣੀ ਪੈ ਰਿਹਾ ਸੀ। ਚਰਾਵੀ ਔਲੂ ਦੀ ਮੋਰੀ ਦੇ ਅੱਗੇ ਹੱਥ ਰੱਖ ਕੇ ਪਾਣੀ ਨੂੰ ਡੱਕਣ ਦਾ ਯਤਨ ਕਰ ਰਹੀ ਸੀ। ਪਰ ਪਾਣੀ ਸੀ ਕਿ ਉਸ ਦੇ ਹੱਥਾਂ ਉੱਤੋਂ ਦੀ, ਔਲੂ ਦੀਆਂ ਬੰਨੀਆਂ ਉੱਤੋਂ ਦੀ ਛਲਕ-ਛਲਕ ਪੈਂਦਾ ਸੀ। ਫਿਰ ਉਸ ਨੇ ਸੁੱਤਿਆਂ-ਸੁੱਤਿਆਂ ਇੰਜ ਅਨੁਭਵ ਕੀਤਾ ਜਿਵੇਂ ਉਸ ਦੀ ਗੱਲ੍ਹ ਉੱਤੇ ਕੁਝ ਵੱਜਾ ਹੋਵੇ। ਉਹ ਤ੍ਰਭਕ ਕੇ ਉੱਠੀ ਤੇ ਉਸ ਨੇ ਆਪਣੀ ਗੱਲ੍ਹ ਉੱਤੇ ਹੱਥ ਲਾ ਕੇ ਵੇਖਿਆ। ਉਸ ਦੀ ਗੱਲ੍ਹ ਉੱਤੇ ਤੂਤੀ ਦਾ ਗਿੱਲਾ-ਗਿੱਲਾ ਰਸ ਲੱਗਾ ਹੋਇਆ ਸੀ। ਉਸ ਨੇ ਭੁੰਜੇ ਪਈ ਰਸੀ ਹੋਈ ਤੂਤੀ ਨੂੰ ਚੁਕ ਕੇ ਮੂੰਹ ਵਿਚ ਪਾ ਲਿਆ। ਤੂਤੀ ਦੀ ਮਿਠਾਸ ਦੇ ਨਾਲ ਉਸ ਦੀ ਜੀਭ ਨੇ ਮਿੱਟੀ ਦੀ ਕਿਰਕ ਦਾ ਸੁਆਦ ਵੀ ਅਨੁਭਵ ਕੀਤਾ। ਇਸ ਦੇ ਨਾਲ ਹੀ ਉਸ ਦੇ ਦਿਮਾਗ਼ ਵਿਚ ਇਕ ਖ਼ਿਆਲ ਨੇ ਚੂੰਢੀ ਵੱਢੀ : ‘ਕੀ ਵੇਲੇ ਸਿਰ ਬਿਨ ਮਾਣਿਓਂ ਲੰਘਿਆ ਜੋਬਨ ਵੀ ਇਸ ਤੂਤੀ ਵਾਂਗ ਕਿਰਕ ਵਾਲਾ ਹੋ ਜਾਂਦਾ ਹੈ ? ਇਹ ਤੂਤੀ ਜੋ ਆਪਣੇ ਜੋਬਨ ਦੇ ਰਸ ਨਾਲ ਭਰ ਕੇ, ਤੇ ਪੱਕ ਕੇ, ਆਪ ਹੀ ਹੇਠਾਂ ਡਿੱਗ ਪਈ ਸੀ।” ਫੇਰ ਉਸ ਨੇ ਆਕਾਸ਼ ਵੱਲ ਝਾਤੀ ਮਾਰੀ।

“ਹਾਇ ਮੈਨੂੰ ! ਦਿਨ ਤਾਂ ਕਿੰਨਾ ਈ ਢਲ ਗਿਆ। ਮੈਂ ਐਨਾ ਚਿਰ ਸੁੱਤੀ ਰਹੀ ?” ਉਹ ਬੁੜਬੁੜਾਈ ਤੇ ਔੜ੍ਹਕੇ ਉੱਠੀ। ਸਭ ਚਾਕ ਜਾ ਚੁੱਕੇ ਸਨ। ਕੁਝ ਦੂਰ ਪਰ੍ਹੇ ਉਸ ਨੂੰ ਮੱਝਾਂ ਬੈਠੀਆਂ ਨਜ਼ਰ ਆਈਆਂ। ਉਹ ਉਨ੍ਹਾਂ ਵੱਲ ਵਧੀ। ਪਰ ਇਹ ਕੀ ? ਉਸ ਦੀਆਂ ਤਾਂ ਕੇਵਲ ਸੱਤ ਮੱਝਾਂ ਸਨ। ਇਹ ਤਾਂ ਵਧੇਰੇ ਜਾਪਦੀਆਂ ਸਨ। ਇਹ ਹੋਰ ਮੱਝਾਂ ਕਿਸ ਦੀਆਂ ਹੋਣਗੀਆਂ ? ਉਸ ਨੇ ਸੋਚਿਆ। ਉਹ ਮੱਝਾਂ ਕੋਲ ਪੁੱਜੀ ਤਾਂ ਪਲਾਹ ਦੇ ਪਿਛਲੇ ਪਾਸਿਓਂ ਉਸ ਨੂੰ ਉਹੀ ਲਸੂੜ੍ਹੀ ਪੱਗ ਨਜ਼ਰ ਆਈ। ਉਸ ਦੇ ਪੈਰ ਜਿਵੇਂ ਮਣ-ਮਣ ਦੇ ਹੋ ਗਏ। ਉਸ ਦਾ ਦਿਲ ਧੌਂਕਣੀ ਵਾਂਗ ਧੜਕ ਰਿਹਾ ਸੀ। ਪਰ ਲਸੂੜ੍ਹੀ ਪੱਗ ਹੋਰ ਵੀ ਨਜ਼ਦੀਕ ਆਉਂਦੀ ਗਈ।

“ਤੇਰੀਆਂ ਮਹੀਆਂ ਮੈਂ ਮੋੜ ਲਿਆਇਆ ਸੀ ... ਖੇਤਾਂ ਬਲੋਂ। ਛੰਭ ਵਿਚ ਪਾਣੀ ਬੀ ਡਾਹ ਦਿੱਤਾ।” ਉਸ ਗੱਭਰੂ ਨੇ ਝਕਦਿਆਂ-ਝਕਦਿਆਂ ਤੇ ਰੁਕ-ਰੁਕ ਕੇ ਆਖਿਆ। ਪਰ ਉਹ ਕੁਝ ਨਾ ਬੋਲੀ। ਉਹ ਫੇਰ ਬੋਲਿਆ, “ਦੇਖ ਤਾਂ ਕਿਮੇਂ ਹਿਲ ਮਿਲ ਗਈਆਂ। ਹੁਣ ਨਹੀਂ ਭਿੜਦੀਆਂ।”

ਉਸ ਨੇ ਅੱਗੇ ਵਧ ਕੇ ਚਰਾਵੀ ਦੇ ਮੋਢਿਆਂ ਉੱਤੇ ਹੱਥ ਰੱਖ ਦਿੱਤੇ। ਉਸ ਨੂੰ ਇਕ ਕੰਬਣੀ ਜਿਹੀ ਆਈ ਤੇ ਫੇਰ ਉਹ ਉਸ ਗੱਭਰੂ ਦੀਆਂ ਬਾਹਾਂ ਵਿਚ ਡਿੱਗਦੀ ਚਲੇ ਗਈ। ਔਲੂ ਵਿੱਚੋਂ ਪਾਣੀ ਛਲਕ ਪਿਆ ਸੀ। ਉਸ ਗੱਭਰੂ ਨੇ ਆਪਣੀ ਉਂਗਲੀ ਨਾਲ ਉਸ ਦੀ ਠੋਡੀ ਚੁਕ ਕੇ ਉਸ ਦੀਆਂ ਅੱਖਾਂ ਵਿਚ ਆਪਣੀਆਂ ਅੱਖਾਂ ਪਾ ਦਿੱਤੀਆਂ। ਉਸ ਨੂੰ ਇੰਜ ਜਾਪਿਆ ਜਿਵੇਂ ਉਹ ਰੋਮ-ਰੋਮ ਨਸ਼ਿਆ ਗਈ ਹੋਵੇ ! ਫੇਰ ਉਸ ਦੀਆਂ ਅੱਖੀਆਂ ਦੀ ਤਾਬ ਨਾ ਲੈ ਕੇ ਜਦੋਂ ਉਸ ਨੇ ਨੀਵੀਂ ਪਾ ਕੇ ਧੌਣ ਨਿਵਾਈ ਤਾਂ ਉਸ ਗੱਭਰੂ ਦੀਆਂ ਬਗਲਾਂ ਦੀ ਝੀਥ ਵਿੱਚੋਂ ਦੂਰ ਪਿੰਡ ਦੇ ਰਾਹ ਉੱਤੇ ਉਸ ਨੂੰ ਇਕ ਨਿੱਕਾ ਜਿਹਾ ਧੱਬਾ ਚਲਿਆ ਆਉਂਦਾ ਦਿਸਿਆ। ਉਹ ਇਕਦਮ ਬੜੇ ਜ਼ੋਰ ਨਾਲ ਉੱਠੀ ਤੇ ਗੱਭਰੂ ਦੀਆਂ ਬਾਹਾਂ ਵਿੱਚੋਂ ਨਿਕਲ ਕੇ ਪਿੰਡ ਦੇ ਰਾਹ ਵੱਲ ਵੇਖਣ ਲੱਗ ਪਈ। ਉਹ ਧੱਬਾ ਹੁਣ ਹੋਰ ਨੇੜੇ ਆ ਰਿਹਾ ਸੀ ਤੇ ਉਸ ਦੇ ਨਿੱਕੇ ਭਰਾ ਦੀ ਸ਼ਕਲ ਵਿਚ ਵਟਦਾ ਜਾ ਰਿਹਾ ਸੀ !

# ਲਾਲ ਮੌਜੇ

ਦੁਪਹਿਰਾਂ ਵੇਲੇ ਅਤਿ ਦੀ ਗਰਮੀ ਪੈਣ ਪਿੱਛੋਂ ਤਰਕਾਲੀਂ ਲੋਹੜੇ ਦੀ ਅਨ੍ਹੇਰੀ ਚੱਲ ਪਈ ਸੀ। ਜਿਵੇਂ ਕਿਸੇ ਦੇ ਜ਼ੁਲਮ ਅੱਗੇ ਸੰਗਰਾਮ ਖੜ੍ਹਾ ਕਰ ਰਹੀ ਹੋਵੇ। ਪਰ ਤਰਕਾਲਾਂ ਦੇ ਪਰਛਾਵਿਆਂ ਵਿਚ ਕੀ ਜ਼ੋਰ ਹੁੰਦਾ ਹੈ ? ਉਨ੍ਹਾਂ ਆਖ਼ਰ ਵਧਦਿਆਂ-ਵਧਦਿਆਂ ਅੰਤ ਕਾਲੀ ਬੋਲੀ ਰਾਤ ਵਿਚ ਜਾ ਸਮਾਉਣਾ ਹੈ। ਘੜੀ ਕੁ ਦੀ ਅਨ੍ਹੇਰੀ, ਖ਼ਿਆਲੀ ਹਨੇਰੀ ਤੇ ਫਿਰ ਉਹੋ ਵੀਰਾਨੀ, ਕੜਕਵੀਂ ਧੁੱਪ ਤੇ ਹੁੰਮਸ। ਤਰਕਾਲਾਂ ਦੇ ਪਰਛਾਵੇਂ ਹੁਣ ਰਾਤ ਤੋਂ ਨਿਖੇੜੇ ਨਹੀਂ ਸਨ ਜਾ ਸਕਦੇ।

ਦਵਾਖੜੀ ’ਤੇ ਪਿਆ ਦੀਵਾ ਵੀ ਜਿਵੇਂ ਆਖ਼ਰੀ ਦਮਾਂ ਉੱਤੇ ਸੀ। ਉਸ ਵਿਚ ਘੜੀ ਕੁ ਦੀ ਜੋਤ ਬਾਕੀ ਸੀ। ਪਤਾ ਨਹੀਂ ਉਹ ਕਿੰਨਿਆਂ ਕੁ ਸਾਲਾਂ ਦਾ ਏਸ ਮੈਲ ਨਾਲ ਲੱਥ ਪੱਥ ਦਵਾਖੜੀ ਉੱਤੇ ਪਿਆ ਸੀ। ਉਸ ਨੂੰ ਕਦੇ ਕਿਸੇ ਨੇ ਸਾਫ਼ ਕਰਨ ਦਾ ਯਤਨ ਨਹੀਂ ਸੀ ਕੀਤਾ। ਉਸ ਦੇ ਆਪਣੇ ਹੀ ਮਨ ਦੀ ਜਲਨ ਨੂੰ ਆਪੂੰ ਹੀ ਬਾਹਰ ਨਿਕਲ-ਨਿਕਲ ਕੇ ਉਸ ਨੂੰ ਕਾਲਾ, ਕੁਹਜਾ ਤੇ ਬਦਸ਼ਕਲ ਬਣਾ ਦਿੱਤਾ ਸੀ। ਕਿੰਨਾਂ ਸੁਹਣਾ ਤੇ ਲਾਲ ਸੀ, ਜਦੋਂ ਉਹ ਪਹਿਲਾਂ-ਪਹਿਲ ਇਸ ਘਰ ਵਿਚ ਆਇਆ ਸੀ। ਪਰ ਝੱਖੜਾਂ ਨੂੰ ਉਹ ਕੀ ਜਾਣੇ ? ਜੇ ਉਹ ਇਕ ਦਿਨ ਜਗ ਪੈਂਦਾ ਸੀ ਘੁੱਟ ਕੁ ਤੇਲ ਨਾਲ ਤਾਂ ਕਈ-ਕਈ ਦਿਨ ਹਨੇਰੇ ਵਿਚ ਹੀ ਪਿਆ ਰਹਿੰਦਾ ਸੀ, ਆਪਣੇ ਵਿਚ ਰਚੇ ਤੇਲ ਉੱਤੇ ਸੰਤੁਸ਼ਟ ਰਹਿ ਕੇ। ਉਸ ਉੱਤੇ ਅੰਦਰ ਬਾਹਰ ਮੈਲ ਦੀ ਇਕ ਤਹਿ ਬੱਝ ਚੁੱਕੀ ਸੀ। ਉਮਰ ਦੇ ਤਕਾਜ਼ੇ ਨਾਲ ਉਹ ਹੁਣ ਆਪਣੇ ਵਿਚ ਹੋਰ ਤੇਲ ਜਜ਼ਬ ਨਹੀਂ ਸੀ ਕਰ ਸਕਦਾ, ਸਗੋਂ ਉਸ ਨੂੰ ਨਿੱਤ ਸੱਜਰੇ ਤੇਲ ਦੀ ਲੋੜ ਸੀ।

ਅੱਜ ਵੀ ਥੋੜ੍ਹਾ ਜਿਹਾ ਸਰ੍ਹੋਂ ਦਾ ਤੇਲ ਉਸ ਵਿਚ ਇੰਜ ਪਿਆ ਸੀ, ਜਿਵੇਂ ਸਾਗਰ ਦੀ ਵਿਸ਼ਾਲ ਹਿੱਕ ਵਿਚ ਕੁਝ ਕੁ ਸਿੱਪੀਆਂ ਪਈਆਂ ਹੋਣ। ਉਹ ਏਸੇ ਉੱਤੇ ਸੰਤੁਸ਼ਟ ਸੀ ਪਰ ਆਖ਼ਰਾਂ ਦਾ ਝੱਖੜ ਅੱਜ ਉਸ ਦੀ ਟਿਮਟਿਮਾਂਦੀ ਜੋਤ ਨੂੰ ਵੇਖ ਨਹੀਂ ਸੀ ਸੁਖਾਉਂਦਾ, ਉਹ ਬਹੁਤੀ ਦੇਰ ਜਗ ਚੁੱਕਿਆ ਸੀ।

ਦੀਵੇ ਦੀ ਮੱਧਮ ਜਿਹੀ ਰੌਸ਼ਨੀ ਵਿਚ ਮੰਜੀ ਉੱਤੇ ਪਈਆਂ ਫਟੀਆਂ ਪੁਰਾਣੀਆਂ ਦੋ ਕੁ ਜੁੱਲੀਆਂ, ਜਿਨ੍ਹਾਂ ਉੱਤੇ ਸੂਤ-ਸੂਤ ਖਿਣ ਜੰਮੀ ਹੋਈ ਸੀ, ਨਜ਼ਰ ਆ ਰਹੀਆਂ ਸਨ। ਕੰਧਾਂ ਉੱਤੇ ਥਾਂ ਪਰ ਥਾਂ ਪਏ ਧੱਬੇ ਤੇ ਮੈਲ ਦੇ ਨਿਸ਼ਾਨਾਂ ਨੇ ਕੰਧ ਦੀ ਰੰਗਤ ਹੀ ਬਦਲ ਦਿੱਤੀ ਸੀ। ਖਾਲੀਆਂ ਅਤੇ ਨਿੱਕੇ-ਨਿੱਕੇ ਟੋਇਆਂ ਨਾਲ ਕਮਰੇ ਦਾ ਕੱਚਾ ਫ਼ਰਸ਼ ਕਿਸੇ ਦੇ ਪੈਰੀਂ ਪਏ ਛਾਲਿਆਂ ਵਾਂਗ ਨਜ਼ਰ ਆ ਰਿਹਾ ਸੀ। ਕੋਠੜੀ ਦੇ ਚੌਹੀਂ ਖੂੰਜੀਂ ਚੂਹਿਆਂ ਦੀਆਂ ਖੁੱਡਾਂ ਸਨ, ਪਰ ਉਨ੍ਹਾਂ ਵਿਚ ਵੱਸੋਂ ਕੋਈ ਨਹੀਂ ਸੀ। ਸ਼ਾਇਦ ਉਹ ਭੁੱਖ ਨਾ ਸਹਾਰ ਸਕੇ ਹੋਣ। ਟਿਮਟਿਮਾਂਦੇ ਚਾਨਣੇ ਵਿਚ ਨਜ਼ਰ ਆਉਂਦਾ ਟਾਕੀਆਂ ਵਾਲਾ ਮੋਟੇ ਖੱਦਰ ਦਾ ਕੀਲੀ ਟੰਗਿਆਂ ਬੋ ਮਾਰਿਆ ਤੇ ਝਰੋਖਿਆਂ ਵਾਲਾ ਕੁੜਤਾ ਹੋਰ ਟਾਕੀਆਂ ਦਾ ਭਾਰ ਨਹੀਂ ਸੀ ਸਹਾਰ ਸਕਦਾ। ਹਵਾ ਦਾ ਕੋਈ ਬੁੱਲ੍ਹਾ ਆਉਂਦਾ ਤੇ ਉਸ ਨੂੰ ਹਿਲਾ ਜਾਂਦਾ। ਉਸ ਦੇ ਹਿੱਲਣ ਨਾਲ ਪੈਦਾ ਹੋਇਆ ਪਰਛਾਵਾਂ ਇੰਜ ਲੱਗਦਾ ਜਿਵੇਂ ਕੋਈ ਭੁੱਖ ਮਾਰਿਆ ਮਨੁੱਖ ਮੂੰਹ ਅੱਡ ਰਿਹਾ ਹੋਵੇ ਤੇ ਕਦੇ ਇੰਜ ਜਿਵੇਂ ਭੁੱਖ ਨੂੰ ਸ਼ਾਂਤ ਕਰਨ

ਲਈ ਢਿੱਡ ਵਿਚ ਛੁਰਾ ਘੋਪ ਰਿਹਾ ਹੋਵੇ। ਚਿੱਬਾਂ ਵਾਲੀ ਗੜਵੀ ਅਤੇ ਕੁਝ ਕੁ ਘਸੇ ਹੋਏ ਬੇਢੱਬੇ ਭਾਂਡਿਆਂ ਦੇ ਪਰਛਾਵੇਂ ਛੱਤ ਹੇਠਾਂ ਸ਼ੈਤਾਨ ਦਾ ਰੂਪ ਧਾਰੀ ਬੈਠੇ ਸਨ। ਛੱਤ 'ਚੋਂ ਕਦੇ-ਕਦੇ ਕੁਝ ਮਿੱਟੀ ਕਿਰ ਪੈਂਦੀ ਤੇ ਏਸ ਡਰਾਉਣੇ ਮਾਹੌਲ ਵਿਚ ਇਕ ਦਰਦ-ਭਰੀ ਸੁਰ ਅਲਾਪ ਦਿੰਦੀ। ਇਕ ਵਿਲਕਣੀ ਜਿਹੀ ਦੀ ਸੁਰ, ਜਿਵੇਂ ਛੱਤ ਹੋਰ ਭਾਰ ਨਾ ਸਹਾਰ ਸਕਦੀ ਹੋਵੇ। ਇਨ੍ਹਾਂ ਸਾਰੀਆਂ ਚੀਜ਼ਾਂ ਦੇ ਆਕਾਰਾਂ ਵਿਚ ਵਿਖੇਵਾਂ ਹੁੰਦੇ ਹੋਇਆਂ ਵੀ ਇਕ ਅਟੁੱਟ ਸਾਂਝ ਸੀ। ਬੜੇ ਚਿਰ ਤੋਂ ਇਹ ਸਭ ਚੀਜ਼ਾਂ ਮੋਢੇ ਨਾਲ ਮੋਢਾ ਜੋੜ ਕੇ ਦੁਖ-ਸੁਖ ਵਿੱਚੋਂ ਕੱਠੀਆਂ ਲੰਘ ਰਹੀਆਂ ਸਨ।

ਇਕ ਜ਼ੋਰ ਦਾ ਬੁੱਲ੍ਹਾ ਆਇਆ, ਦੀਵੇ ਦੀ ਜੋਤ ਕੰਬੀ ਤੇ ਨਾਲ ਹੀ ਇਕ ਚਾਦਰ ਲੱਥ ਕੇ ਫ਼ਰਸ਼ ਉੱਤੇ ਵਿਛ ਗਈ। ਚਾਦਰ ਦੇ ਲੱਥਦਿਆਂ ਹੀ ਸਾਮ੍ਹਣੀ ਕੰਧ 'ਤੇ ਇਕ ਹੋਰ ਪਰਛਾਵੇਂ ਦਾ ਵਾਧਾ ਹੋਇਆ। ਲੰਮੀ-ਲੰਮੀ, ਵਧੀ ਹੋਈ ਤੇ ਕੁਹਜੀ ਦਾਹੜੀ, ਖਿੱਲਰੇ ਹੋਏ ਸਿਰ ਦੇ ਵਾਲ, ਥੋੜ੍ਹਾ ਜਿਹਾ ਅੱਡਿਆ ਮੂੰਹ ਤੇ ਕੁੱਬਾ ਹੋਇਆ ਸਰੀਰ। ਵਾਲਾਂ ਦੀਆਂ ਜਟਾਂ ਦਾ ਪਰਛਾਵਾਂ ਵਧਦਾ-ਵਧਦਾ ਕਦੇ ਬਾਤਾਂ ਵਿਚ ਸੁਣੇ ਦਿਓਆਂ ਦੇ ਸਿੰਗਾਂ ਵਰਗਾ ਰੂਪ ਧਾਰਨ ਕਰਨ ਲੱਗ ਪੈਂਦਾ ਤੇ ਕਦੇ ਥੋੜ੍ਹਾ ਜਿਹਾ ਅੱਡਿਆ ਮੂੰਹ ਹੋਰ ਅੱਡ ਹੋ ਜਾਂਦਾ। ਜਿਵੇਂ ਕੋਈ ਰਾਖ਼ਸ਼ਿਸ਼ ਆਪਣੇ ਸ਼ਿਕਾਰ ਵਲ ਨੂੰ ਵਧ ਰਿਹਾ ਹੋਵੇ। ਇਹ ਬੁੱਢੇ ਕਰਮੇ ਦਾ ਪਰਛਾਵਾਂ ਸੀ। ਉਸ ਦੇ ਮੂੰਹ ਉੱਤੇ ਪਈਆਂ ਝੁਰੜੀਆਂ ਕਿਸੇ ਰਾਜ ਦੇ ਪਾਟੋ-ਪਾਟੋ ਹੋਣ ਬਾਅਦ ਪਈਆਂ ਹੱਦਾਂ ਦੀ ਨਿਆਈਂ ਸਨ। ਉਹ ਰਾਜ ਜਿਹੜਾ ਬਹੁਤ ਸਾਰੇ ਧਾੜਵੀਆਂ ਦਾ ਸ਼ਿਕਾਰ ਹੋਇਆ ਹੋਵੇ।

ਕਰਮੇ ਦੇ ਸਰੀਰ ਦੇ ਜੋੜਾਂ ਉੱਤੇ, ਧੌਣ ਅਤੇ ਗਿੱਟਿਆਂ ਤੇ ਪੈਰਾਂ ਉੱਤੇ ਮੈਲ ਦੀ ਤਹਿ ਜੰਮੀ ਹੋਈ ਸੀ। ਮੈਲ ਦੀ ਇਸ ਮੋਟੀ ਤਹਿ ਨੇ ਤੇ ਪੈਰਾਂ ਦੀਆਂ ਤਲੀਆਂ ਦੇ ਮੋਟਾਪੇ ਨੇ ਉਸ ਵਿੱਚੋਂ ਗਰਮੀ ਸਰਦੀ ਦੇ ਅਨੁਭਵ ਨੂੰ ਬਿਲਕੁਲ ਮਿਟਾ ਦਿੱਤਾ ਸੀ।

"ਬਾਪੂ ! ਮੈਨੂੰ ਬੀ ਲਾਲ ਮੌਜੇ ਲੈ ਦੇ। ਭੋਲੇ ਦੇ ਭਾਈਏ ਨੇ ਉਹਨੂੰ ਲਾਲ ਮੌਜੇ ਲੈ ਕੇ ਦਿੱਤੇ ਆ। ਬਾਪੂ ! ਦੇਖਿਆ ਉਹ ਕਿੰਨੇ ਸੁਹਣੇ ਆ।" ਕਰਮੇ ਦੇ ਲਾਗੇ ਮੰਜੀ ਉੱਤੇ ਪਿਆ ਲਾਡਾ ਬੁੜਬੜਾਇਆ।

"ਲੈ ਦਿਆਂਗਾ ਪੁੱਤਰ !" ਕਹਿ ਕੇ ਉਸ ਨੇ ਲਾਡੇ ਨੂੰ ਥੱਪਕ ਕੇ ਸੁਲਾ ਦਿੱਤਾ। ਫੇਰ ਕਮਰੇ ਨੂੰ ਲਾਡੇ ਦੀਆਂ ਤੋਤਲੀਆਂ ਪਰ ਸੁਆਦਲੀਆਂ ਗੱਲਾਂ ਯਾਦ ਆਈਆਂ।

"ਬਾਪੂ ! ਭੋਲਾ ਕਹਿੰਦਾ ਸੀ ਮੈਂ ਲਾਲ ਮੌਜੇ ਪਾ ਕੇ ਸਕੂਲੇ ਜਾਮਾਂਗਾ। ਮੈਨੂੰ ਬੀ ਮੌਜੇ ਲੈ ਦੇ, ਮੈਂ ਬੀ ਪੜ੍ਹਨਾ ਆਂ। ਭੋਲਾ ਕਹਿੰਦਾ ਸੀ ਪੜ੍ਹ ਕੇ ਮੇਰੇ ਕੋਲ ਐਨੇ ਸਾਰੇ ਪੈਸੇ ਹੋ ਜਾਣੇ ਆ। ਤੂੰ ਬੀ ਪੜ੍ਹ ਲੈਂਦਾ ਤਾਂ ਬਾਪੂ। ਮੈਂ ਪੜ੍ਹ ਕੇ ਤੇਰਾ ਬੋਝਾ ਪੈਸਿਆਂ ਨਾਲ ਭਰ ਦਊਂ। ਕੈਦਾ ਕੀ ਹੁੰਦਾ ਬਾਪੂ। ਮੈਨੂੰ ਬੀ ਲੈ ਦੇ। ਤੂੰ ਤਾਂ ਰੋਜ਼ ਕਹਿਨਾ, ਲੈ ਕੇ ਤਾਂ ਦਿੰਦਾ ਨੀ ਕੈਦਾ।"

ਕਰਮਾ ਉਸ ਨੂੰ ਰੋਜ਼ ਲਾਰਾ ਲਾ ਛੱਡਦਾ ਕਿ ਕੈਦਾ ਲੈ ਦਿਆਂਗਾ, ਲਾਲ ਮੌਜੇ ਲੈ ਦਿਆਂਗਾ, ਪਰ ਕਿੱਥੋਂ ? ਮਜ਼ਦੂਰੀ ਕਰ ਕੇ ਤਾਂ ਮਸਾਂ ਘਰ ਦੀ ਡੰਗ-ਟਪਾਈ ਹੀ ਹੁੰਦੀ ਸੀ।

"ਪਾਣੀ ਦੇਈਂ ਬਾਪੂ !"

ਕਰਮਾ ਛੇਤੀ-ਛੇਤੀ ਲਾਡੇ ਦੀ ਮੰਜੀ ਪੁਆਂਦੀਓਂ ਉੱਠਿਆ ਤੇ ਬਿਨਾਂ ਚੱਪਣ ਦੇ ਘੜੇ ਵਿੱਚੋਂ ਕੁਝ ਪਾਣੀ ਮਿੱਟੀ ਦੇ ਠੂਠੇ ਵਿਚ ਪਾ ਕੇ ਲਾਡੇ ਨੂੰ ਪਿਆਇਆ ਤੇ ਉਹ ਫਿਰ ਘੂਕ ਸੌਂ ਗਿਆ।

ਲਾਡਾ ਕਰਮੇ ਦੇ ਪੁੱਤ ਨੂੰਹ ਦੀ ਆਖ਼ਿਰੀ ਨਿਸ਼ਾਨੀ ਸੀ, ਜਿਸ ਨੂੰ ਉਹ ਦੋਵੇਂ ਜਣੇ ਦੋ ਸਾਲ ਦੀ ਅਵਸਥਾ ਵਿਚ ਬੁੱਢੇ ਕਰਮੇ ਦੇ ਹੱਥਾਂ ਵਿਚ ਛੱਡ ਕੇ ਕਾਲ-ਵੱਸ ਹੋ ਗਏ ਸਨ। ਲਾਡੇ ਨੂੰ ਪਾਲਣ ਲਈ, ਇਸ ਨੂੰ ਵੱਡਿਆਂ ਕਰਨ ਲਈ, ਲਾਡੇ ਵਿਚ ਬੁਢਾਪਾ ਛੁਪਾਉਣ ਲਈ, ਉਸ ਵਿਚ ਬਾਲਪਨ ਦੀ ਭਾਲ ਲਈ।

ਲਾਡਾ ਮੁੱਢ ਤੋਂ ਹੀ ਬੜਾ ਹਸਮੁੱਖ, ਜਗਿਆਸੂ ਅਤੇ ਬਾਤੂਨੀ ਸੀ। ਉਹ ਬਹੁਤ ਗੱਲਾਂ ਕਰਦਾ ਸੀ। ਬਹੁਤ ਪ੍ਰਸ਼ਨ ਪੁੱਛਦਾ ਸੀ। ਕਰਮਾ ਜਦੋਂ ਮਜ਼ਦੂਰੀ ਕਰਕੇ ਘਰ ਪਰਤਦਾ ਤਾਂ ਲਾਡੇ ਦੀਆਂ ਤੋਤਲੀਆਂ ਗੱਲਾਂ ਸੁਣ ਕੇ ਉਸ ਦੀ ਸਾਰੀ ਥਕਾਵਟ ਲੱਥ ਜਾਂਦੀ, ਉਸ ਦੇ ਕਸ਼ਟ ਕੱਟੇ ਜਾਂਦੇ। ਫਿਕਰ ਤੇ ਮਾਯੂਸੀਆਂ ਕੱਟੀਆਂ

ਜਾਂਦੀਆਂ। ਕਿੱਥੇ ਇਕ ਡੇਢ ਮਣ ਭਾਰ ਸਿਰ ’ਤੇ ਢੋਣਾ ਤੇ ਕਿੱਥੇ ਮਿੱਠੀਆਂ-ਮਿੱਠੀਆਂ ਤੋਤਲੀਆਂ ਗੱਲਾਂ ! ਦੋ ਆਨੇ ਫੇਰਾ ਤੇ ਫਿਰ ਦੋ ਆਨੇ ਫੇਰਾ। ਦੋ ਆਨੇ ਲੈ ਕੇ ਫਿਰ ਵੀ ਫਿਕਰ, ਕੁਝ ਹੋਰ ਲੈਣ ਦਾ, ਸ਼ਾਮ ਦੀ ਰੋਟੀ ਲਈ, ਲਾਡੇ ਲਈ, ਕੋਈ ਚੀਜ਼ ਵਸਤ ਲਿਜਾਣ ਲਈ। ਲਾਡੇ ਕੋਲੋਂ ਉਸ ਨੂੰ ਪੈਸੇ ਨਹੀਂ ਸਗੋਂ ਪਿਆਰ ਮਿਲਦਾ ਸੀ। ਜਿਸ ਦੀ ਇਕ ਛੂਹ ਉਸ ਨੂੰ ਵੀ ਪੰਜਾਂ ਛੇਆਂ ਸਾਲਾਂ ਦਾ ਇਕ ਬੱਚਾ ਬਣਾ ਦਿੰਦੀ ਸੀ, ਲਾਡੇ ਨਾਲ ਖੇਡਣ ਲਈ, ਲਾਡੇ ਨੂੰ ਲਡਾਉਣ ਲਈ। ਪਰ ਜਦੋਂ ਲਾਡਾ ਹੱਸਦਾ-ਹੱਸਦਾ ਉਸ ਨੂੰ ਪੁੱਛਦਾ, “ਬਾਪੂ ਲਾਲ ਮੌਜੇ ਲਿਆਂਦੇ ਕਿ ਨਹੀਂ ?” ਤਾਂ ਉਹ ਮੁੜ ਖਾਤੇ ਵਿਚ ਡਿਗ ਪੈਂਦਾ। ਉਹ ਵਿੱਚੇ ਵਿਚ ਕੁੜ੍ਹਦਾ ਕਿ ਉਸ ਨੂੰ ਹੋਰ ਕਮਾਉਣਾ ਚਾਹੀਦਾ ਹੈ ਤਾਂ ਕਿ ਛੇਤੀ-ਛੇਤੀ ਪੈਸੇ ਜੋੜ ਕੇ ਲਾਡੇ ਦੀ ਸਿਫ਼ਾਰਸ਼ ਪੂਰੀ ਕੀਤੀ ਜਾ ਸਕੇ ਅਤੇ ਫਿਰ ਲਾਡਾ ਪੈਰੀਂ ਮੌਜੇ ਪਾ ਕੇ, ਹੱਥ ਵਿਚ ਕੈਦਾ ਲੈ ਕੇ ਠੁਮਕ-ਠੁਮਕ ਕਰਦਾ ਸਕੂਲ ਜਾ ਸਕੇ। ਉਸ ਨੂੰ ਯਾਦ ਆਇਆ ਕਿ ਉਹ ਵੀ ਨਿੱਕਾ ਹੁੰਦਾ ਮੌਜਿਆਂ ਲਈ ਇਵੇਂ ਹੀ ਜ਼ਿੱਦ ਕਰਦਾ ਹੁੰਦਾ ਸੀ। ਪਰ ਹੁਣ ਉਸ ਨੂੰ ਜੇਠ ਹਾੜ ਦੀਆਂ ਧੁੱਪਾਂ ਤੇ ਪੋਹ ਮਾਘ ਦੇ ਪਾਲਿਆਂ ਵਿਚ ਜੁੱਤੀ ਦੀ ਲੋੜ ਨਹੀਂ ਸੀ ਭਾਸਦੀ। ਉਸ ਦਿਆਂ ਪੈਰਾਂ ਦੀਆਂ ਤਲੀਆਂ ਦਾ ਜ਼ਮੀਨ ਨਾਲ ਖਹਿੰਦਾ ਪਾਸਾ ਬਹੁਤ ਕਰੜਾ ਤੇ ਜੁੱਤੀ ਦੀ ਨਿਆਈਂ ਹੋ ਗਿਆ ਸੀ। ਉਨ੍ਹਾਂ ਵਿਚ ਗਰਮੀ ਤੇ ਸਰਦੀ ਦਾ ਕੋਈ ਅਨੁਭਵ ਨਹੀਂ ਸੀ। ਉਸ ਦੇ ਪੈਰ ਹੀ ਉਸ ਦੀ ਜੁੱਤੀ ਸਨ। ਪਰ ਉਹ ਇਹ ਜ਼ਰੂਰ ਅਨੁਭਵ ਕਰਦਾ ਸੀ ਕਿ ਲਾਡਾ ਅਜੇ ਨਿਆਣਾ ਹੈ ਤੇ ਉਸ ਨੂੰ ਜੁੱਤੀ ਦੀ ਸਖ਼ਤ ਜ਼ਰੂਰਤ ਹੈ। ਪਰ ਕਿੱਥੋਂ ? ਘਰ ਦਾਣੇ ਨਹੀਂ ਤੇ ਮਾਂ ਪੀਹਣ ਗਈ !

ਪਿਛਲੇ ਹਫ਼ਤੇ ਤੋਂ ਲਾਡੇ ਨੂੰ ਵੱਡੀ ਮਾਤਾ ਨਿਕਲੀ ਹੋਈ ਸੀ। ਉਹ ਅੱਗੇ ਨਾਲੋਂ ਬਹੁਤ ਮਾੜਾ ਹੋ ਗਿਆ ਸੀ। ਇਕ ਦੋ ਵਾਰ ਉਸ ਨੇ ਬਹੁਤ ਅੜੀ ਕੀਤੀ ਤੇ ਲਾਲ ਮੌਜੇ ਮੰਗੇ। ਫੇਰ ਨਿਢਾਲ ਹੋ ਕੇ ਮੰਜੀ ਤੇ ਪਿਆ ਰਿਹਾ। ਜਦੋਂ ਬੁੜਬੁੜਾਉਂਦਾ ਤਾਂ ਵੀ ਮੌਜਿਆਂ ਦੀ ਮੰਗ ਕਰਦਾ। ਕਦੇ ਕਦਾਈਂ ਪਾਣੀ ਜਾਂ ਚਾਹ ਮੰਗ ਲੈਂਦਾ ਤੇ ਫੇਰ ਸੌਂ ਰਹਿੰਦਾ। ਕਰਮਾਂ ਹੁਣ ਬਹੁਤ ਫ਼ਿਕਰਮੰਦ ਸੀ। ਅੱਗੇ ਤਾਂ ਲਾਡੇ ਦੀਆਂ ਤੋਤਲੀਆਂ ਗੱਲਾਂ ਉਸ ਦੀ ਥਕਾਵਟ ਉਤਾਰ ਦਿੰਦੀਆਂ ਸਨ, ਪਰ ਹੁਣ ਸਖ਼ਤ ਮਿਹਨਤ ਤੋਂ ਬਾਅਦ ਜਦੋਂ ਉਹ ਘਰ ਮੁੜਦਾ ਤਾਂ ਲਾਡੇ ਦੀ ਤੀਮਾਰਦਾਰੀ ਵਿਚ ਜੁਟਿਆ ਰਹਿੰਦਾ। ਹੁਣ ਉਨ੍ਹਾਂ ਗੱਲਾਂ ਦੀ ਥਾਵੇਂ ਉਸ ਦੀਆਂ ਅੱਖੀਆਂ ਵਿਚ ਫ਼ਿਕਰ ਤੇ ਪਰੇਸ਼ਾਨੀ ਦੀਆਂ ਝਲਕੀਆਂ ਪ੍ਰਤੱਖ ਵੇਖੀਆਂ ਜਾ ਸਕਦੀਆਂ ਸਨ। ਅੱਜ ਵੀ ਇਸ ਸ਼ੂਕਦੀ ਰਾਤ ਵਿਚ ਉਹ ਲਾਡੇ ਦੇ ਪੁਆਂਦੀ ਬੈਠਾ ਸੀ। ਸੋਚਾਂ ਵਿਚ ਡੁੱਬਾ ਹੋਇਆ ਉਹ ਅਚਾਨਕ ਹੀ ਨੀਂਦ ਦੀ ਗੋਦ ਵਿਚ ਜਾ ਪਿਆ।

ਸਵੇਰੇ ਉੱਠ ਕੇ ਉਹ ਲਾਗਲੇ ਘਰ ਦੀ ਇਕ ਬੁੱਢੜੀ ਨੂੰ ਲਾਡੇ ਦੀ ਦੇਖ ਭਾਲ ਲਈ ਘਰ ਛੱਡ ਕੇ ਆਪ ਮਜ਼ਦੂਰੀ ਕਰਨ ਵਾਸਤੇ ਲਾਗਦੇ ਕਸਬੇ ਦੇ ਲਾਰੀਆਂ ਦੇ ਅੱਡੇ ’ਤੇ ਚਲੇ ਗਿਆ। ਦੁਪਹਿਰ ਤਾਈਂ ਉਸ ਨੇ ਮਸਾਂ ਇਕ ਰੁਪਈਆ ਕਮਾਇਆ ਤੇ ਉਸ ਦੀ ਸਮਰੱਥਾ ਜਵਾਬ ਦਿੰਦੀ ਜਾ ਰਹੀ ਸੀ। ਅੱਜ ਦੀ ਦਿਹਾੜੀ ਕੁਝ ਚੰਗੀ ਲੱਗੀ ਸੀ। ਪਰ ਮੌਜਿਆਂ ਲਈ ਹਾਲੇ ਇਕ ਰੁਪਿਆ ਹੋਰ ਚਾਹੀਦਾ ਸੀ ਤੇ ਉਸ ਤੋਂ ਬਾਅਦ ਰੋਟੀ ਤੇ ਚਾਹ ਦਾ ਖ਼ਰਚ ਉਸ ਦੇ ਸਿਰ ਉੱਤੇ ਸੀ। ਸ਼ਾਮ ਵੇਲੇ ਉਹ ਰੁਪਏ ਦੀ ਭਾਨ ਨੂੰ ਗਿਣਦਾ-ਗਿਣਦਾ ਘਰ ਪਹੁੰਚਿਆ। ਉਸ ਬੁੱਢੀ ਨੇ ਦੱਸਿਆ ਕਿ ਉਸ ਦੇ ਪਿੱਛੋਂ ਲਾਡੇ ਨੇ ਇਕ ਦੋ ਵਾਰ, ਲਾਲ ਮੌਜਿਆਂ ਲਈ ਬਹੁਤ ਅੜੀ ਕੀਤੀ ਸੀ ਤੇ ਫਿਰ ਉਸ ਨੇ ਉਸ ਨੂੰ, ਮਸਾਂ ਮਸਾਂ, ਉਨਾਬਾਂ ਦਾ ਪਾਣੀ ਪਿਆ ਕੇ ਸੁਲਾ ਦਿੱਤਾ ਸੀ। ਉਸ ਬੁੱਢੀ ਨੇ ਇਹ ਵੀ ਕਿਹਾ ਕਿ ਮਾਤਾ ਨੂੰ ਮੌਜੇ ਜ਼ਰੂਰ ਲਿਆ ਕੇ ਦੇਹ, ਨਹੀਂ ਤਾਂ ਇਹ ਉਲਟੀ ਪੈ ਜਾਵੇਗੀ।

“ਅੱਛਾ !” ਕਹਿ ਕੇ ਉਹ ਚੁੱਪ ਕਰ ਰਿਹਾ। ਉਹ ਸੋਚ ਰਿਹਾ ਸੀ ਕਿ ਇਹ ਮਾਤਾ ਸਾਡੇ ਗਰੀਬਾਂ ਕੋਲੋਂ ਹੀ ਕਿਉਂ ਮੌਜੇ ਮੰਗਦੀ ਹੈ। ਸਾਡੇ ਪਿੰਡ ਦੇ ਸਰਦਾਰ (ਜਾਗੀਰਦਾਰ) ਦੇ ਘਰ ਬਹੁਤ ਹੀ ਕੀਮਤੀ ਜੁੱਤੀਆਂ ਤੇ ਸੈਂਡਲ ਹਨ, ਉਹ ਇਸ ਨੂੰ ਕਿਉਂ ਪਸੰਦ ਨਹੀਂ ਆਉਂਦੇ ? ਉਨ੍ਹਾਂ ਕੋਲੋਂ ਕਿਉਂ ਨਹੀਂ ਇਹ ਮੌਜੇ ਮੰਗਦੀ ? ਕੀ ਏਸ ਵੱਡੀ ਸਾਰੀ ਤੇ ਵਿਸ਼ਾਲ ਦੁਨੀਆਂ ਵਿਚ ਇਸ ਮਾਤਾ ਨੂੰ ਹੋਰ ਕਿਸੇ ਨੇ ਮੌਜੇ ਨਹੀਂ ਪਾਏ ? ਸੋਚਦਾ-ਸੋਚਦਾ ਉਹ ਰੋਟੀ ਟੁਕ ਦੇ ਖ਼ਰਚ ਤੋਂ ਬਾਅਦ ਬਚੀ ਚੁਆਨੀ ਵਲ ਘੂਰਦਾ ਹੋਇਆ ਸੌਂ ਗਿਆ।

ਸਵੇਰੇ ਉੱਠ ਕੇ ਉਹ ਫੇਰ ਅੱਡੇ ਵਲ ਤੁਰ ਪਿਆ। ਇਸ ਖ਼ਿਆਲ ਨਾਲ ਕਿ ਅੱਜ ਉਹ ਹੱਡ-ਤੋੜਵੀਂ ਮਿਹਨਤ ਕਰਕੇ ਮੌਜੇ ਜ਼ਰੂਰ ਲਿਆਵੇਗਾ, ਤਾਂ ਕਿ ਮਾਤਾ ਉਲਟੀ ਨਾ ਪੈ ਜਾਏ। ਢਲਦੀ ਦੁਪਹਿਰ ਤਕ ਉਸ ਨੇ ਮਸਾਂ ਚੌਦਾਂ ਪੰਦਰ੍ਹਾਂ ਆਨੇ ਕਮਾਏ। ਕੱਲ੍ਹ ਦੀ ਬਚੀ ਹੋਈ ਚਵਾਨੀ ਪਾ ਕੇ ਵੀ ਉਸ ਕੋਲ ਦੋ ਰੁਪਏ ਨਹੀਂ ਸਨ ਬਣਦੇ। ਦੁਪਹਿਰੋਂ ਬਾਅਦ ਉਂਜ ਵੀ ਸੁਆਰੀ ਦਾ ਹਾਲ ਕੁਝ ਮੰਦਾ ਪੈ ਜਾਂਦਾ ਸੀ। ਉਸ ਦੀਆਂ ਅੱਖਾਂ ਵਿਚ ਨਿਰਾਸ਼ਾ ਦੀਆਂ ਝਲਕਾਂ ਪ੍ਰਤੱਖ ਦਿਸ ਰਹੀਆਂ ਸਨ। ਦੂਰ ਨਹਿਰ ਦੇ ਪੁਲ ਦੇ ਕੂਹਣੀ ਮੋੜ ਤੋਂ ਮੁੜਦੀ ਉਸ ਨੂੰ ਇਕ ਮੋਟਰ ਨਜ਼ਰ ਆਈ। ਉਸ ਦੀਆਂ ਅੱਖਾਂ ਵਿਚ ਫਿਰ ਆਸਾਂ ਚਮਕ ਪਈਆਂ। ਅੱਡੇ 'ਤੇ ਜਾ ਕੇ ਮੋਟਰ ਰੁਕੀ ਤਾਂ ਉਹ ਦੌੜ ਕੇ ਮੋਟਰ ਵਲ ਹੋਇਆ। ਉਨ੍ਹਾਂ ਦੇ ਪਿੰਡ ਦੇ ਸਰਦਾਰਾਂ ਦਾ ਮੁੰਡਾ ਸ਼ਾਇਦ ਇੰਗਲੈਂਡ ਤੋਂ ਵਾਪਸ ਆਇਆ ਸੀ। ਉਹ ਤਾਂ ਐਨ ਸਾਹਿਬ ਜਾਪਦਾ ਸੀ ! ਸ਼ਾਇਦ ਉਸ ਨੇ ਕਰਮੇ ਨੂੰ ਨਹੀਂ ਪਛਾਣਿਆ ਸੀ। ਕਰਮੇ ਨੇ ਉਸ ਦਾ ਸਾਰਾ ਸਮਾਨ ਮੋਟਰ ਤੋਂ ਲਾਹਿਆ। ਕਾਫ਼ੀ ਸਾਮਾਨ ਸੀ। ਕਰਮੇ ਨੂੰ ਦਮ ਚੜ੍ਹ ਗਿਆ।

"ਬਾਬਾ ! ਇਹ ਸਮਾਨ ਟਾਂਗੇ ਵਿਚ ਚੜ੍ਹਾ ਦੇ।"

ਸਰਦਾਰਾਂ ਦੇ ਮੁੰਡੇ ਦੀ ਆਵਾਜ਼ ਸੁਣ ਕੇ ਉਸ ਨੇ ਆਪਣੇ ਉੱਖੜੇ ਹੋਏ ਸਾਹ ਨੂੰ ਸੰਭਾਲਦਿਆਂ ਤੇ ਆਪਣੀ ਸ਼ਕਤੀ ਨੂੰ ਇਕੱਠਿਆਂ ਕਰਕੇ ਉਹ ਸਾਮਾਨ ਟਾਂਗੇ ਵਿਚ ਚੜ੍ਹਾ ਦਿੱਤਾ।

"ਕਿੰਨੇ ਪੈਸੇ ?"

"ਮੇਰਾ ਪੋਤਾ ਬਹੁਤ ਬੀਮਾਰ ਆ ਜੀ। ਜੁ ... ਜੁ ਮਰਜ਼ੀ ਦੇ ਦਿਓ। ਰੱਬ ਤੁਹਾਡਾ ਭਲਾ ਕਰੇ !"

ਸਰਦਾਰਾਂ ਦੇ ਮੁੰਡੇ ਨੇ ਇਕ ਰੁਪਏ ਦਾ ਨੋਟ ਕੱਢ ਕੇ ਉਸ ਦੇ ਹੱਥ ਵਿਚ ਫੜਾਇਆ ਤਾਂ ਕਰਮਾਂ ਲੱਖ-ਲੱਖ 'ਸੀਸਾਂ ਦਿੰਦਾ ਮੌਜੇ ਲੈਣ ਲਈ ਕਸਬੇ ਵਲ ਨੂੰ ਤੁਰ ਪਿਆ। ਸਵੇਰੇ ਜਦੋਂ ਉਹ ਲਾਡੇ ਨੂੰ ਗੁਆਂਢਣ ਦੇ ਹਵਾਲੇ ਕਰਕੇ ਆਇਆ ਸੀ ਤਾਂ ਉਸ ਦੀ ਹਾਲਤ ਬਹੁਤ ਖ਼ਰਾਬ ਸੀ। ਬੁੱਢੀ ਨੇ ਕਿਹਾ ਸੀ ਕਿ ਮਾਤਾ ਨੂੰ ਅੱਜ ਨਰੀ ਦੇ ਮੌਜੇ ਜ਼ਰੂਰ ਲਿਆ ਕੇ ਦੇਵੀਂ। ਮੁੰਡਾ ਨੌਂ-ਬਰ-ਨੌਂ ਹੋ ਜਾਵੇਗਾ। ਆਪਣੇ ਹੱਥਾਂ ਵਿਚ ਨਰੀ ਦੇ ਮੌਜੇ ਫੜ ਕੇ ਉਹ ਬਹੁਤ ਖ਼ੁਸ਼ ਹੋਇਆ ਤੇ ਫੇਰ ਕਾਹਲੀ-ਕਾਹਲੀ ਕਦਮ ਪੁੱਟਦਾ ਪਿੰਡ ਦੇ ਰਾਹ ਪੈ ਗਿਆ। ਉਹ ਖ਼ੁਸ਼ ਸੀ ਕਿ ਆਪਣੇ ਪੁੱਤ-ਨੂੰਹ ਦੀ ਆਖ਼ਰੀ ਨਿਸ਼ਾਨੀ ਤੇ ਆਪਣੇ ਬੁਢਾਪੇ ਦੀ ਡੰਗੋਰੀ ਨੂੰ ਹੁਣ ਉਹ ਜ਼ਰੂਰ ਬਚਾ ਲਵੇਗਾ। ਘਰ ਪਹੁੰਚਦਿਆਂ ਦੀਵੇ ਬੱਤੀਆਂ ਦਾ ਵੇਲਾ ਹੋ ਗਿਆ ਤੇ ਪਰਛਾਵੇਂ ਢਲਦੇ-ਢਲਦੇ ਹਨੇਰੇ ਵਿਚ ਸਮਾ ਚੁੱਕੇ ਸਨ !

ਉਸ ਨੇ ਅੰਦਰ ਵੜ ਕੇ ਦੀਵਾ ਬਾਲਿਆ। ਲਾਡਾ ਮੰਜੀ ਉੱਤੇ ਸੁੱਤਾ ਪਿਆ ਸੀ।

"ਲਾਡੇ ਦਿਆ ਬਾਪੂ, ਮੈਂ ਹੁਣੇ ਗਈ ਸੀ। ਅੱਜ ਮੁੰਡੇ ਦੀ ਹਾਲਤ ਬਹੁਤ ਖ਼ਰਾਬ ਆ। ਤੂੰ ਮੌਜੇ ਲਿਆਇਆਂ ?"

ਕਰਮੇ ਦੇ ਹੱਥਾਂ ਵਿਚ ਮੌਜੇ ਵੇਖ ਕੇ ਉਹ ਬੋਲੀ, "ਲੈ ਹੁਣ ਮਾਤਾ ਰਾਣੀ ਖ਼ੁਸ਼ ਹੋ ਜਾਊਗੀ। ਤੂੰ ਰਤਾ ਬੀ ਫ਼ਿਕਰ ਨਾ ਕਰ। ਮੁੰਡੇ ਦਾ ਵਾਲ ਨੀ ਬਿੰਗਾ ਹੁੰਦਾ।"

"ਲੈ ਤਾਂ ਮੇਰਾ ਪੁੱਤ, ਉੱਠ ਮੌਜੇ ਪਾ ਲੈ, ਦੇਖ, ਮੈਂ ਤੇਰੇ ਲਈ ਮੌਜੇ ਲੈ ਕੇ ਆਇਆਂ।"

ਲਾਡੇ ਦੀਆਂ ਪੱਤਝੜ-ਪੱਤੀਆਂ ਵਰਗੀਆਂ ਬੁੱਲ੍ਹੀਆਂ 'ਤੇ ਫਿੱਕੀ ਜਿਹੀ ਮੁਸਕਾਨ ਆਈ ਤੇ ਉਹ ਬੋਲਿਆ, "ਬਾਪੂ, ਮੇਰੇ ਪੈਰਾਂ ਬਿੱਚ ਪਾ ਦੇ। ਮੈਂ ਸਕੂਲੇ ਜਾਣਾ।"

ਕਰਮੇ ਨੇ ਉਹਦੇ ਪੈਰਾਂ ਵਿਚ ਲਾਲ ਮੌਜੇ ਪਾ ਦਿੱਤੇ। ਹੁਣ ਉਸ ਦੇ ਦਿਲ ਵਿੱਚੋਂ ਤੌਖ਼ਲਾ ਮਿਟ ਚੁੱਕਾ ਸੀ। ਉਸ ਨੇ ਕਿਹਾ, "ਉੱਠ ਮੇਰਾ ਪੁੱਤ ! ਉੱਠ ਕੇ ਤੁਰ।" ਲਾਡੇ ਨੇ ਫਟੀ ਹੋਈ ਚਾਦਰ ਸਣੇ ਆਪਣੀ ਹਿੱਕ ਰਤਾ ਕੁ ਉਤਾਂਹ ਚੁੱਕੀ।

ਜਗਦਾ-ਜਗਦਾ ਦੀਵਾ ਇਕ ਤੇਜ਼ ਚਮਕ ਮਾਰ ਕੇ ਬੁਝ ਗਿਆ ਤੇ ਨਾਲ ਹੀ ਲਾਡੇ ਦਾ ਸਿਰ ਜ਼ੋਰ ਨਾਲ ਬਾਹੀ 'ਤੇ ਲੱਗਾ। ਦੀਵੇ ਦਾ ਤੇਲ ਮੁੱਕ ਗਿਆ ਸੀ !

# ਤਬੇਲਾ

ਉਹ ਕਾਫ਼ੀ ਚਿਰ ਤੋਂ ਹੱਥ ਵਿਚਲੀ ਤਸਵੀਰ ਨੂੰ ਇਕ-ਟੱਕ ਵੇਖੀ ਜਾ ਰਹੀ ਸੀ। ਫਿਰ ਜਿਵੇਂ ਉਸ ਦੇ ਪ੍ਰਸ਼ਨ ਦਾ ਉੱਤਰ ਉਸ ਦਿਆਂ ਨੈਣਾਂ ਵਿਚ ਆਈ ਮੁਸੱਰਤ ਦੀ ਝਲਕ ਨੇ ਦੇ ਦਿੱਤਾ। "ਕਿੱਡਾ ਸੁਹਣਾ, ਪਤਲੇ-ਪਤਲੇ ਨਕਸ਼, ਹਸਦੀਆਂ-ਹਸਦੀਆਂ ਅੱਖਾਂ, ਮੁਸਕਰਾਂਦੀਆਂ ਬੁੱਲ੍ਹੀਆਂ। ਉਸ ਦਾ ਦਿਲ ਸ਼ਾਇਦ ਤਸਵੀਰ ਦਿਆਂ ਨਕਸ਼ਾਂ ਦਾ ਜਾਇਜ਼ਾ ਲੈ ਰਿਹਾ ਸੀ। ਫਿਰ ਉਸ ਨੇ ਇਕ ਦਿਲਰੁਬਾ ਮੁਸਕਰਾਹਟ ਨਾਲ ਤਸਵੀਰ ਦਾ ਪਾਸਾ ਪਰਤਿਆ।

'ਆਪਣੇ ਦਿਲ ਦੇ ਸਾਰੇ ਪਿਆਰ ਨਾਲ
ਪੰਮੀਂ ਨੂੰ ਇਕ ਸਦੀਵੀ ਯਾਦ।'
'ਕੰਵਲ'

ਕਿੰਨੀ ਸੁੰਦਰ ਹੈ ਉਸ ਦੀ ਲਿਖਾਈ ! ਮੋਤੀਆਂ ਵਰਗੇ ਡੱਲ੍ਹ-ਡੱਲ੍ਹ ਕਰਦੇ ਅੱਖਰ, ਇਕ ਲੈਅ ਵਿਚ ਪਰੋਤੇ ਸ਼ਬਦ। ਜਿਵੇਂ ਕਿਸੇ ਕਵਿਤਾ ਦੀਆਂ ਤੁਕਾਂ ਹੋਣ, ਇਹ ਦੋ ਸਤਰਾਂ, ਇਕ-ਇਕ ਅੱਖਰ ਵਿੱਚੋਂ, ਅੱਖਰ-ਅੱਖਰ ਦੇ ਮੋੜ ਘੋੜ ਵਿੱਚੋਂ ਉਸ ਨੂੰ ਕੰਵਲ ਦੀਆਂ ਹਸੂੰ-ਹਸੂੰ ਕਰਦੀਆਂ ਅੱਖਾਂ ਦਾ ਪ੍ਰਤੀਬਿੰਬ ਸਾਫ਼ ਨਜ਼ਰ ਆ ਰਿਹਾ ਸੀ। 'ਕੰਵਲ'—ਉਸ ਦੀ ਰੀਝ ਨੇ ਬੇਆਵਾਜ਼ ਹੀ ਉਸ ਦਾ ਨਾਮ ਲਿਆ। ਪਤਾ ਨਹੀਂ ਇਸ ਨਾਂ ਵਿਚ ਕੀ ਭੇਦ ਸੀ ਕਿ ਇਹਨਾਂ ਤਿੰਨਾਂ ਅੱਖਰਾਂ ਦਾ ਸਪਰਸ਼ ਜਿਉਂ ਹੀ ਉਸ ਦੀ ਜੀਭ ਨਾਲ ਹੋਇਆ ਉਸ ਦੇ ਸਾਹਾਂ ਵਿਚ ਜੋਸ਼ ਆ ਗਿਆ। ਧੜਕਨ ਵਿਚ ਇਕ ਅਜੀਬ ਮਦਭਰੀ ਮਸਤੀ ਦਾ ਪ੍ਰਵਾਹ ਤੁਰ ਪਿਆ। ਉਸ ਦੀਆਂ ਮੂਕ ਵੇਦਨਾਵਾਂ ਉਸ ਦੀਆਂ ਅੱਖਾਂ ਵਿਚ ਇਕ ਸਵਾਲ ਬਣ ਕੇ ਆ ਇਕੱਤਰ ਹੋਈਆਂ। ਫਿਰ ਉਸ ਨੇ ਫ਼ੋਟੋ ਪਿੱਛੇ ਲਿਖੇ ਅੱਖਰਾਂ ਨੂੰ ਵਾਰ, ਵਾਰ, ਕਈ-ਕਈ ਵਾਰ ਚੁੰਮਿਆਂ। ਉਸ ਨੇ ਫ਼ੋਟੋ ਦਾ ਪਾਸਾ ਪਰਤਿਆ। ਫ਼ੋਟੋ ਦੇ ਮੁਸਕਰਾਉਂਦੇ ਬੁੱਲ੍ਹਾਂ ਉੱਤੇ ਆਪਣੀਆਂ 'ਕਿਸ-ਮੀ-ਕੁ-ਇੱਕ' ਵਰਗੀਆਂ ਬੁੱਲ੍ਹੀਆਂ ਰੱਖਣ ਲੱਗਿਆਂ ਉਸ ਦੀਆਂ ਗੋਰੀਆਂ-ਗੋਰੀਆਂ ਗੱਲ੍ਹਾਂ ਉੱਤੇ ਸੁਰਖ਼ੀ ਦੀ ਇਕ ਲਹਿਰ ਫਿਰ ਗਈ, ਜਿਵੇਂ ਪੋਟਾਸ਼ੀਅਮ ਪਰਮੈਂਗਨੇਟ ਦੀ ਇਕ ਤੁਰੀ ਪਾਣੀ ਵਿਚ ਸੁੱਟਿਆਂ ਪਾਣੀ ਅੰਦਰ ਉੱਪਰੋਂ ਹੇਠਾਂ ਤਕ ਜਾਮਣੀ ਰੰਗ ਦੀ ਇਕ ਲੀਕ ਪੈ ਜਾਂਦੀ ਹੈ ਤੇ ਫਿਰ ਹੌਲੀ-ਹੌਲੀ ਸਾਰਾ ਪਾਣੀ ਉਸੇ ਰੰਗ ਵਿਚ ਰੰਗਿਆ ਜਾਂਦਾ ਹੈ। ਫ਼ੋਟੋ ਦੀਆਂ ਅੱਖਾਂ ਨਾਲ ਅੱਖੀਆਂ ਮਿਲਾ ਕੇ ਉਹ ਲਾਜਵੰਤੀ ਵਾਂਗ ਲੱਜਿਆ ਗਈ। ਫਿਰ ਆਪ-ਮੁਹਾਰਾ ਹੀ ਉਸ ਦੇ ਖ਼ਿਆਲਾਂ ਦੀ ਤਾਣੀ ਬੀਤੇ ਦਿਹਾੜਿਆਂ ਦੇ ਮਧੁਰ ਪਲਾਂ ਵਿਚ ਤਣੀਨ ਲੱਗ ਪਈ।

ਉਹ ਉਦੋਂ ਤੀਜੇ ਸਾਲ ਵਿਚ ਪੜ੍ਹਦੀ ਸੀ। ਕੰਵਲ ਕਿਸੇ ਬਾਹਰਲੇ ਕਾਲਜ ਵਿੱਚੋਂ ਮਾਈਗਰੇਸ਼ਨ ਕਰਵਾ ਕੇ ਉਹਨਾਂ ਦੇ ਕਾਲਜ ਵਿਚ ਆਇਆ ਸੀ। ਆਉਂਦਿਆਂ ਹੀ ਆਪਣੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਸਦਕਾ ਉਹ ਸਾਰੀ ਜਮਾਤ ਉੱਤੇ ਛਾ ਗਿਆ। ਉਹ ਗਾ ਲੈਂਦਾ ਸੀ। ਉਹ ਲਿਖ ਲੈਂਦਾ ਸੀ। ਉਹ ਕਵੀ ਸੀ। ਜਦੋਂ ਉਹ

ਕਵਿਤਾ ਸੁਣਾਉਂਦਾ ਉਸ ਦੇ ਦਿਲ ਦਾ ਦਰਦ ਉਸ ਦੀ ਜ਼ਬਾਨ ਦੇ ਸੋਜ਼ ਵਿੱਚੋਂ ਉਮਲ੍ਹ-ਉਮਲ੍ਹ ਪੈਂਦਾ। ਕਿੰਨਾ ਦਰਦ ਹੈ ਕੰਵਲ ਵਿਚ, ਉਸ ਦੇ ਬੋਲਾਂ ਵਿਚ, ਉਸ ਦੀ ਕਵਿਤਾ ਵਿਚ ! ਹਰ ਕੋਈ ਆਖਦਾ, ਜ਼ਰੂਰ ਕੋਈ ਗੱਲ ਹੈ, ਜ਼ਰੂਰ ਕੋਈ ਭੇਦ ਹੈ ਉਸ ਦੀ ਚੁੱਪ ਗੜੁਪ ਸ਼ਖ਼ਸੀਅਤ ਦੇ ਪਿੱਛੇ। ਹਰ ਕੋਈ ਜਾਨਣ ਲਈ ਬੇਤਾਬ ਸੀ।

"ਪੰਮੀਂ ! ਕਾਲਜ ਦੇ ਮੈਗਜ਼ੀਨ ਵਿਚ ਤੇਰੀ ਕਵਿਤਾ 'ਉਦਾਸ ਹੰਝੂ' ਪੜ੍ਹੀ ਹੈ। ਤੂੰ ਚੰਗਾ ਲਿਖਦੀ ਹੈਂ।" ਕੰਵਲ ਨੇ ਵਾਕਫ਼ੀਅਤ ਦਾ ਬਹਾਨਾ ਲੱਭਦਿਆਂ ਕਿਹਾ ਸੀ।

"ਜੀ !" ਉਹ ਇਸ ਤੋਂ ਵੱਧ ਕੁਝ ਨਹੀਂ ਸੀ ਆਖ ਸਕੀ। ਫਿਰ ਇਹ 'ਜੀ' ਤੇ 'ਤੁਸੀਂ' 'ਤੂੰ' ਵਿਚ ਬਦਲ ਗਏ। ਬੋਲਾਂ ਦੇ ਗਲ ਬੋਲ ਲਗ ਗਏ ਤੇ ਕਵਿਤਾ ਦੇ ਗਲ ਕਵਿਤਾ। ਕਪਲਨਾ ਦੀ 'ਇਕ-ਜੋਤ' ਦੋ-ਆਤਸ਼ੀ ਹੋ ਗਈ।

"ਪੰਮੀਂ ਤੇ ਕੰਵਲ ਘਿਉ ਖਿਚੜੀ ਨੇ।"

"ਉਹਨਾਂ ਦੇ ਤੌਰ ਚੰਗੇ ਨਹੀਂ।"

"ਉਹ ਰਾਤ ਪਾਰਕ ਦੇ ਇਕ ਨ੍ਹੇਰੇ ਖੂੰਜੇ ਬੈਠੇ ਸਨ।"

"ਕੱਲ੍ਹ ਸਿਨਮੇ ਵਿਚ ਸਨ !"

ਗੱਲਾਂ ਉੱਡਣ ਲੱਗ ਪਈਆਂ, ਵਰੋਲੇ ਬਣ ਕੇ ਤੇ ਕਦੇ ਹਨੇਰੀਆਂ ਦੇ ਰੂਪ ਵਿਚ। ਉਹਨਾਂ ਨੂੰ ਹਰ ਕੋਈ ਸ਼ੱਕੀ ਨਜ਼ਰ ਨਾਲ ਵੇਖਣ ਲੱਗ ਪਿਆ। ਪੰਮੀਂ ਦੀਆਂ ਸਾਥਣਾਂ ਉਸ ਨੂੰ ਹਸਦ ਦੀ ਨਿਗਾਹ ਨਾਲ ਵੇਖਦੀਆਂ। ਪਰ ਉਹ ਆਪਣੇ ਆਪ ਨੂੰ ਵਿਜਈ ਸਮਝਦੀ। ਫਿਰ ਆਪਣੀ ਇਸ ਵਿਜਈ ਭਾਵਨਾ ਦੇ ਪ੍ਰਭਾਵ ਹੇਠ, ਉਹ ਆਪਣਾ ਸਭ ਕੁਝ ਹਾਰ ਗਈ। ਹਰ ਤੀਵੀਂ ਇਸੇ ਤਰ੍ਹਾਂ ਹਾਰਦੀ ਆਈ ਹੈ। ਬਿਲਕੁਲ ਇਵੇਂ, ਜਿਵੇਂ ਹਰ ਦਿਨ ਪਰਛਾਵਿਆਂ ਨੂੰ ਜਨਮ ਦਿੰਦਾ ਹੈ ਤੇ ਪਰਛਾਵੇਂ ਵਧਦੇ-ਵਧਦੇ ਰਾਤ ਵਿਚ ਜਾ ਮਿਲਦੇ ਹਨ, ਮੁੜ ਕਦੇ ਨਾ ਆਉਣ ਲਈ। ਉਸ ਨੇ ਪਹਿਲੀ ਵਾਰ ਇਸ ਤਰ੍ਹਾਂ ਸੋਚਿਆ ਸੀ ਤੇ ਉਹ ਵੀ ਉਦੋਂ ਜਦ ਉਸ ਦੀ ਜ਼ਿੰਦਗੀ ਦਿਨ ਤੋਂ ਪਰਛਾਵਾਂ ਤੇ ਪਰਛਾਵੇਂ ਤੋਂ ਰਾਤ ਦੀ ਸੀਮਾਂ ਤਕ ਪਹੁੰਚ ਗਈ ਸੀ। ਹਨੇਰੀ ਰਾਤ ਬਣ ਚੁੱਕੀ ਸੀ, ਜਿਸ ਵਿਚ ਕਦੇ-ਕਦੇ ਯਾਦਾਂ ਦੇ ਧੁੰਦਲੇ ਤਾਰੇ ਚੜ੍ਹਦੇ ਸਨ, ਜਜ਼ਬਾਤ ਦੇ ਚੰਦਰਮਾਂ ਨੂੰ ਜਗਾਉਣ ਲਈ ਤੇ ਫਿਰ ਕਈ ਤਾਰੇ ਟੁੱਟ ਜਾਂਦੇ ਸਨ, ਜ਼ਿਬਾਹ ਹੋ ਜਾਂਦੇ ਸਨ, ਬੀਤੇ ਲਈ ਝੋਰਿਆਂ ਦੇ ਅੱਥਰੂਆਂ ਦੀ ਤਲਵਾਰ ਨਾਲ। ਤੇ ਇਹ ਸਭ ਕੁਝ ਉਸ ਨੇ ਉਦੋਂ ਸੋਚਿਆ ਸੀ ਜਦੋਂ ਪਵਿੱਤਰ-ਪਿਆਰ ਦੇ ਨਾਂ ਹੇਠਾਂ ਉਹ ਕੰਵਲ ਨੂੰ ਆਪਣਾ ਸਭ ਕੁਝ ਸੌਂਪ ਕੇ ਗੁਨਾਹ ਵਿਚ ਪਰਵੇਸ਼ ਕਰ ਚੁੱਕੀ ਸੀ। ਉਹ ਸੋਚ ਰਹੀ ਸੀ ਕਿ ਪਵਿੱਤਰਤਾ ਹੀ ਸਦਾ ਗੁਨਾਹ ਨੂੰ ਜਨਮ ਦਿੰਦੀ ਰਹੀ ਹੈ। ਇਕ ਬਿਨਾਂ ਦੂਜੇ ਦੀ ਹੋਂਦ ਸੰਭਵ ਨਹੀਂ।

ਉਸ ਦੀਆਂ ਸੋਚਾਂ ਨੂੰ ਕੰਨਾਂ ਵਿਚ ਗੂੰਜਦੇ ਯਾਦਾਂ ਦੇ ਮਾਖਿਉਂ ਮਿੱਠੇ ਬੋਲਾਂ ਨੇ ਫੇਰ ਝੰਬ ਸੁੱਟਿਆ।

"ਪੰਮੀਂ, ਆ ਉੱਡ ਚੱਲੀਏ ਕਿਤੇ ਦੂਰ, ਕਵਿਤਾ ਦੇ ਖੰਭ ਲਾ ਕੇ।"

"ਕੰਵਲ, ਮੇਰੀ ਕਵਿਤਾ ਨਿਆਣੀ ਹੈ, ਨਿਰਬਲ ਹੈ, ਇਸ ਨੂੰ ਤੇਰੇ ਖੰਭਾਂ ਦੀ ਲੋੜ ਹੈ, ਤੂੰ ਮੈਨੂੰ ਖੰਭ ਦੇਹ। ਫੇਰ ਮੈਂ ਆਕਾਸ਼ ਨੂੰ ਵੀ ਧਰਤੀ ਉੱਤੇ ਲੈ ਆਵਾਂਗੀ।"

"ਫ਼ਿਕਰ ਨਾ ਕਰ ਪੰਮੀਂ, ਮੈਂ ਤੇਰੀ ਕਵਿਤਾ ਦੇ ਖੰਭ ਬਣਾਂਗਾ।" ਤੇ ਫੇਰ ਸੱਚਮੁਚ ਪੰਮੀ ਉੱਡ ਪਈ। ਉੱਡਦੀ ਗਈ ਤੇ ਧਰਤੀ ਉੱਤੋਂ, ਏਥੋਂ ਦੇ ਨੇਮਾਂ ਦੀ ਸਤਹਿ ਉੱਤੋਂ ਉਸ ਦੇ ਪੈਰ ਦੂਰ ਹੁੰਦੇ ਗਏ, ਦੂਰ ਹੁੰਦੇ ਗਏ। ਇਸ ਉਡਾਣ ਵਿਚ ਉਸ ਦੀ ਪੜ੍ਹਾਈ ਦਾ ਚੌਥਾ ਸਾਲ ਪਤਾ ਨਹੀਂ ਕਦੋਂ ਖ਼ਤਮ ਹੋ ਗਿਆ। ਇਮਤਿਹਾਨ ਖ਼ਤਮ ਹੋ ਗਿਆ ਤੇ ਇਸ ਦੇ ਨਾਲ ਹੀ ਕੰਵਲ ਵੀ ਬੀਤੇ ਪਲ ਵਾਂਗ, ਉਸ ਦੇ ਹੱਥਾਂ ਵਿੱਚੋਂ ਸਦਾ ਲਈ ਤਿਲ੍ਹਕ ਗਿਆ, ਖੁੱਸ ਗਿਆ। ਉਸ ਦੀ ਕਲਪਨਾ ਸਦਾ ਲਈ ਬੁਝ ਗਈ। ਉਸ ਦੀ ਕਵਿਤਾ ਦੇ ਖੰਭ ਕੁਤਰੇ ਗਏ। ਇਸ ਗੱਲ ਦਾ ਪਤਾ ਉਸ ਨੂੰ ਉਦੋਂ ਲੱਗਾ, ਜਦੋਂ ਉਸ ਨੇ ਕੰਵਲ ਦੀ ਪਤਨੀ ਦੀ ਚਿੱਠੀ ਪੜ੍ਹੀ ਸੀ, ਚੋਰੀ-ਚੋਰੀ। ਕੀ ਕੰਵਲ ਵਿਆਹਿਆ ਹੋਇਆ ਹੈ ? ਤਾਂ ਕੀ ਇਹ ਸਭ ਕੁਝ ਇਕ ਨਾਟਕ

ਹੀ ਸੀ ? ਇਨ੍ਹਾਂ ਸਵਾਲਾਂ ਦੇ ਅਹਿਸਾਸ ਨਾਲ ਉਹ ਕੰਬ ਗਈ। ਉਸ ਦੀ ਉਡਾਣ ਧਰਤੀ ਵਿਚ ਨਿੱਘਰਦੀ ਚਲੀ ਗਈ, ਹਨੇਰੀਆਂ ਖਾਈਆਂ ਵਿਚ, ਜਿਨ੍ਹਾਂ ਦੀ ਦੁਨੀਆਂ ਵਿਚ ਚਾਨਣ ਦੀ ਇਕ ਲੀਕ ਵੀ ਵਰਜਤ ਹੈ।

'ਅਬ ਪਛਤਾਏ ਕਿਆ ਹੋਤ, ਜਬ ਚਿੜੀਆਂ ਚੁਗ ਗਈਂ ਖੇਤ !' ਅਖਾਣ ਵੀ ਕਿੰਨੇ ਸੱਚੇ ਹੁੰਦੇ ਹਨ। ਉਸ ਨੇ ਪਹਿਲੀ ਵਾਰ ਇਸ ਸੱਚਾਈ ਨੂੰ ਮਹਿਸੂਸ ਕੀਤਾ ਸੀ। ਕੰਵਲ ਦੇ ਨਾਟਕ ਤੋਂ ਬਾਅਦ ਉਹ ਰੋਈ ਸੀ, ਪਿੱਟੀ ਸੀ। ਉਸ ਨੇ ਆਪਣੇ ਵਾਲ ਖੋਹੇ, ਗੱਲ੍ਹਾਂ ਉੱਤੇ ਚੁਪੇੜਾਂ ਮਾਰੀਆਂ। ਚੰਨਣ-ਗੇਲੀ ਵਰਗੀ ਦੇਹੀ ਨੂੰ ਨਹੁੰਆਂ ਨਾਲ ਝਰੀਟ ਸੁੱਟਿਆ ! ਪਰ ਸਰੀਰਕ ਦੁੱਖ ਵਧਾ ਕੇ ਵੀ ਉਸ ਦਾ ਮਾਨਸਕ ਦੁੱਖ ਘੱਟ ਨਾ ਹੋ ਸਕਿਆ!

ਇਸ ਘਟਨਾ ਦੀ ਯਾਦ ਨਾਲ ਉਹ ਫਿੱਸ ਪਈ। ਉਸ ਦੀਆਂ ਅੱਖੀਆਂ ਵਿਚ ਉਸ ਦੀਆਂ ਅੱਖੀਆਂ ਵਰਗਾ ਹੀ ਇਕ ਮੋਟਾ ਸਾਰਾ ਅੱਥਰੂ ਕੰਵਲ ਦੀ ਤਸਵੀਰ ਉੱਤੇ ਡਿਗ ਪਿਆ, ਉਸ ਨੂੰ ਆਪਣੀਆਂ ਲਿਖੀਆਂ ਦੋ ਤੁਕਾਂ ਯਾਦ ਆਈਆਂ :

ਆਹ ! ਸਾਡੇ ਸੀਨੇ ਵਿੱਚੋਂ ਲਾਂਬੂ ਬਣ ਉੱਠੀ ਚੰਨਾਂ
ਤਾਰਿਆਂ ਦੇ ਭਾਂਬੜ ਬਲੇ !
ਸਾਡੇ ਪਰ ਹੰਝੂਆਂ ਦੀ ਚਾਂਦੀ-ਵੰਨੀ ਆਬ ਵਿਚ,
ਤੇਰੇ ਦੋ ਹੰਝੂ ਨਾ ਰਲੇ।

"ਕਾਸ਼ ! ਮੈਂ ਤੇਰੀਆਂ ਅੱਖੀਆਂ ਦਾ ਇਕ ਅੱਥਰੂ ਹੀ ਬਣ ਸਕਦੀ !" ਉਸ ਦੇ ਦਿਲ ਵਿੱਚੋਂ ਇਕ ਹੂਕ ਉੱਠੀ। ਕੰਵਲ ਦੀ ਤਸਵੀਰ ਉੱਤੇ ਪਏ ਅੱਥਰੂ ਨੂੰ ਉਹ ਇਕ ਟੱਕ ਵੇਖੀ ਜਾ ਰਹੀ ਸੀ। ਅੱਥਰੂ ਵੱਡਾ ਹੁੰਦਾ ਗਿਆ ਤੇ ਇਸ ਦੇ ਪਿੱਛੇ ਕੰਵਲ ਦੇ ਨਕਸ਼ ਧੁੰਦਲੇ ਪੈਂਦੇ ਗਏ। ਫਿਰ ਇਸ ਅੱਥਰੂ ਵਿੱਚੋਂ ਇਕ ਸੂਰਤ ਹੋਰ ਉੱਭਰੀ। ਇਕ ਹੋਰ ਤਸਵੀਰ ਦੇ ਨਕਸ਼ ਉੱਘੜਨ ਲੱਗੇ।

"ਜੀਤ !" ਉਹ ਹੈਰਾਨ ਹੋ ਗਈ।

"ਤੂੰ ਕਿੱਥੇ ?" ਉਸ ਦੇ ਮੂੰਹੋਂ ਇਕ ਪ੍ਰਸ਼ਨ ਨਿਕਲਿਆ।

"ਪੰਮੀਂ ! ਮੇਰੀ ਕਲਾ ਨੂੰ ਤੇਰੇ ਰੰਗਾਂ ਦੀ ਲੋੜ ਹੈ।" ਅੱਥਰੂ ਦੇ ਹੇਠੋਂ ਜੀਤ ਦੇ ਬੁੱਲ੍ਹ ਹਿੱਲ ਰਹੇ ਸਨ।

"ਮੈਂ ਤੇਰੇ ਚਿਤਰਾਂ ਦਾ ਰੰਗ ਬਣਾਂਗੀ ਜੀਤ।"

ਉਸ ਦੇ ਅੰਦਰੋਂ ਇਕ ਸੁੱਤੀ ਹੋਈ ਆਵਾਜ਼ ਜਾਗੀ। ਤੇ ਫਿਰ ਜੀਤ ਦੇ ਬੁਰਸ਼ ਨੇ ਪੰਮੀਂ ਦੇ ਰੰਗਾਂ ਨੂੰ ਜਿਵੇਂ ਚਾਹਿਆ, ਵਰਤਿਆ। ਪੰਮੀਂ ਜੀਤ ਦੇ ਬੁਰਸ਼ ਵਿਚ ਘੁਲ ਗਈ। ਜੀਤ ਦੇ ਬੁਰਸ਼ ਨੇ ਕਈ ਰੰਗ ਉਘਾੜੇ। ਸਤਰੰਗੀਆਂ ਪੀਂਘਾਂ ਵਰਗੇ ਰੰਗ। ਗੁਲਾਬ ਵਾਂਗ ਟਹਿਕਦੇ ਸ਼ੋਖ਼ ਤੇ ਗੁਸਤਾਖ਼ ਰੰਗ, ਸ਼ਰਮੀਲੀਆਂ ਕਲੀਆਂ ਵਰਗੇ ਭੋਲੇ ਤੇ ਮਾਸੂਮ ਰੰਗ ! ਪਰ ਫਿਰ ਇਕ ਦਿਨ ਇਹ ਸਾਰੇ ਰੰਗ ਆਪਸ ਵਿਚ ਮਿਲ ਗਏ। "ਜਦੋਂ ਇਹ ਸਾਰੇ ਰੰਗ ਮਿਲ ਜਾਂਦੇ ਹਨ, ਘੁਲ ਜਾਂਦੇ ਹਨ ਤਾਂ ਆਸਮਾਨ ਕਾਲਾ ਹੋ ਜਾਂਦਾ ਹੈ। ਧਰਤੀ ਚਿੱਕੜ ਨਾਲ ਲੱਥ-ਪੱਥ ਹੋ ਜਾਂਦੀ ਹੈ, ਪੰਮੀਂ।"

ਫਿਰ ਉਸ ਦੇ ਬੁਰਸ਼ ਵਿੱਚੋਂ ਉਸ ਦੇ ਵਾਲਾਂ ਵਰਗਾ ਕਾਲਾ ਰੰਗ ਨਿਕਲਿਆ। ਪੰਮੀਂ ਦੀਆਂ ਸਭ ਤਸਵੀਰਾਂ ਕਾਲੀਆਂ ਹੋ ਗਈਆਂ। ਉਨ੍ਹਾਂ ਵਿੱਚੋਂ ਮੋਟੇ-ਮੋਟੇ ਨਾਸੂਰ ਫੁੱਟ ਪਏ ! ਉਹ ਸਟਪਟਾ ਉੱਠੀ !

"ਕੋਇਲ ਦੀਆਂ ਕੂਕਾਂ ਨੀ।
ਮਾਰਨ ਬੰਦੂਕਾਂ ਨੀ !"

ਮੋਹਨ ਸਿੰਘ ਦੇ ਅਨੁਭਵ ਦੀ ਸੱਚਾਈ ਦਾ ਗਿਆਨ ਉਸ ਨੂੰ ਹੋਇਆ ਤੇ ਉਸ ਦਾ ਹਿਰਦਾ ਛਲਨੀ-ਛਲਨੀ ਹੋ ਗਿਆ। ਉਸ ਦੇ ਅੰਦਰੋਂ ਇਕ ਹਉਕਾ ਜਿਹਾ ਉੱਠਿਆ ਤੇ ਮੋਟੇ ਸਾਰੇ ਅੱਥਰੂ ਵਿੱਚੋਂ ਜੀਤ ਦਾ ਚਿਹਰਾ ਅਲੋਪ ਹੋ ਗਿਆ।

ਫੇਰ ਇਸ ਅੱਥਰੂ ਦਾ ਆਕਾਰ ਹੋਰ ਵੀ ਵੱਡਾ ਹੁੰਦਾ ਗਿਆ। ਉਸ ਦੀਆਂ ਅੱਖਾਂ ਧੁੰਦਲੀਆਂ ਹੁੰਦੀਆਂ ਗਈਆਂ। ਫਿਰ ਇਸ ਅੱਥਰੂ ਵਿੱਚੋਂ ਇਕ-ਇਕ ਕਰ ਕੇ ਕਈ ਚਿਹਰੇ ਉੱਭਰੇ—ਰੇਸ਼ਮ, ਮੀਤ, ਅਮਰ ਤੇ ਹੋਰ ਕਈ ! ਫਿਰ ਇਹ ਸਭ ਚਿਹਰੇ ਪਹਿਲਿਆਂ ਨਾਲ ਮਿਲ ਦੇ ਅੱਥਰੂ ਦੀ ਗੋਲਾਈ ਦੇ ਨਾਲ ਅੱਗੜ ਪਿੱਛੜ ਘੁੰਮਣ ਲੱਗ ਪਏ। ਹੱਸਣ ਲੱਗ ਪਏ। ਇਨ੍ਹਾਂ ਦੇ ਹਾਸੇ ਉੱਚੇ ਹੁੰਦੇ ਗਏ, ਉਚੇਰੇ ਹੁੰਦੇ ਗਏ।

"ਮੈਂ ਤੈਨੂੰ ਪਿਆਰ ਕਰਦਾ ਹਾਂ।"

ਕੱਲੇ-ਕੱਲੇ ਚਿਹਰੇ ਦੇ ਮੂੰਹ ਵਿੱਚੋਂ ਆਵਾਜ਼ਾਂ ਆਉਣ ਲੱਗ ਪਈਆਂ। ਆਵਾਜ਼ਾਂ ਆਈਆਂ, ਹਾਸੇ ਗੂੰਜੇ, ਆਵਾਜ਼ਾਂ ਆਈਆਂ। ਫੇਰ ਇਹ ਆਵਾਜ਼ਾਂ ਇਕ ਦੂਜੇ ਵਿਚ ਖ਼ਲਤ ਮਲਤ ਹੋ ਗਈਆਂ।

"ਮੇਰੀ ਕਵਿਤਾ...ਮੇਰੇ ਰੰਗ...ਮੇਰਾ ਮਾਡਲ, ਮੇਰੀ ਜਾਨ, ਮੇਰੇ ਸਾਹ, ਮੇਰਾ ਪਿਆਰ...।"

"ਨਹੀਂ।" ਉਹ ਕੁਰਲਾ ਉੱਠੀ ਆਪਣੇ ਕੰਨਾਂ ਉੱਤੇ ਹੱਥ ਰੱਖ ਕੇ। ਉਸ ਨੂੰ ਹੌਂਕਣੀ ਚੜ੍ਹੀ ਹੋਈ ਸੀ, ਜਿਵੇਂ ਕੋਈ ਕਈ ਮੀਲ ਲੰਮੀ ਦੌੜ ਇੱਕੋ ਸਾਹੇ ਦੌੜ ਕੇ ਆਇਆ ਹੋਵੇ।

"ਪੰਮੀਂ !" ਬਾਹਰੋਂ ਕਿਸੇ ਦੀ ਆਵਾਜ਼ ਆਈ।

ਪਰ ਉਹ ਨਾ ਬੋਲੀ। ਫੇਰ ਬੂਹਾ ਖੁੱਲ੍ਹਿਆ, ਕੋਈ ਅੰਦਰ ਆਇਆ ਪਰ ਉਹ ਅਵਾਕ ਇਕ-ਟੱਕ ਫ਼ੋਟੋ ਵਲ ਵੇਖਦੀ ਰਹੀ।

"ਪੰਮੀਂ ! ਕੀ ਗੱਲ ਹੈ ? ਅੱਜ ਰੋ ਰਹੀ ਏਂ !" ਗੁਲਾਬ ਨੇ ਉਸ ਦੇ ਮੋਢਿਆਂ ਉੱਤੇ ਹੱਥ ਰੱਖਦਿਆਂ ਪੁੱਛਿਆ। ਪੰਮੀਂ ਨੇ ਉਸ ਵਲ ਅੱਖਾਂ ਚੁੱਕ ਕੇ ਵੇਖਿਆ।

"ਮੈਂ ਤੈਨੂੰ ਉਡੀਕਦਾ ਰਿਹਾ ਪੰਮੀਂ, ਤੂੰ ਇਕ ਵਜੇ, ਕਿਹਾ ਸੀ ਨਾ, ਪਲਾਜ਼ਾ ਵਿਚ ਮਿਲਣ ਲਈ ? ਇਕ ਵੱਜਿਆ, ਦੋ ਵੱਜੇ, ਤਿੰਨ ਵੱਜੇ ਪਰ ਤੂੰ ਨਾ ਆਈ ! ਮੈਂ ਕਿਹਾ ਦੇਖ ਆਵਾਂ ਕਿਤੇ ਬੀਮਾਰ ਨਾ ਹੋਵੇ !" ਉਸ ਨੇ ਪੰਮੀਂ ਦੇ ਅੱਥਰੂਆਂ ਨੂੰ ਰੁਮਾਲ ਨਾਲ ਖ਼ੁਸ਼ਕ ਕਰਦਿਆਂ ਕਿਹਾ।

"ਪੰਮੀਂ ! ਅੱਜ ਦੁਪਹਿਰ ਕਿੰਨੀ ਉਦਾਸ ਸੀ ਤੇਰੇ ਬਿਨਾਂ !"

"ਗੁਲਾਬ, ਤੂੰ ਮੇਰੇ ਨਾਲ ਵਿਆਹ ਕਰੇਂਗਾ ?" ਉਸ ਨੇ ਗੁਲਾਬ ਦੇ ਗੁਲਾਬ ਵਰਗੇ ਮੂੰਹ ਵਲ ਵੇਖਦਿਆਂ ਪੁੱਛਿਆ।

"ਇਹ ਤੂੰ ਕਿਹੋ ਜਿਹੀਆਂ ਗੱਲਾਂ ਕਰਨ ਲਗ ਪਈ ਏਂ, ਪੰਮੀਂ ? ਅੱਜ ਤੈਨੂੰ ਹੋ ਕੀ ਗਿਆ ਹੈ ? ਚੱਲ ਪਲਾਜ਼ਾ ਵਿਚ ਚੱਲ ਕੇ ਕੋਲਡ ਡਰਿੰਕ ਲੈਨੇ ਆਂ। ਫਿਰ ਤੇਰੀ ਤਬੀਅਤ ਬਿਲਕੁਲ ਠੀਕ ਹੋ ਜਾਵੇਗੀ। ਮੈਂ ਰਾਤ ਵਾਸਤੇ ਕਮਰਾ ਵੀ ਰੀਜ਼ਰਵ ਕਰਵਾ ਆਇਆ ਹਾਂ।"

"ਗੁਲਾਬ, ਮੈਂ ਹੁਣ ਬਹੁਤਾ ਚਿਰ ਲਹਿਰਾਂ ਦੇ ਵਹਾ ਨਾਲ ਵਹਿਣਾ ਨਹੀਂ ਚਾਹੁੰਦੀ। ਬੋਲ, ਮੈਨੂੰ ਦੱਸ ! ਕੀ ਤੂੰ ਮੇਰੀ ਕਿਸ਼ਤੀ ਦਾ ਮੱਲਾਹ ਬਣੇਂਗਾ ?" ਉਸ ਨੇ ਆਪਣੇ ਦਿਲ ਦਾ ਸਾਰਾ ਦਰਦ ਆਪਣੇ ਸ਼ਬਦਾਂ ਵਿਚ ਵਸਾ ਕੇ ਕਿਹਾ।

"ਇਹ ਕਿਸ ਦੀ ਫ਼ੋਟੋ ਹੈ ?" ਗੁਲਾਬ ਨੇ ਉਸ ਦੀ ਝੋਲੀ ਵਿੱਚੋਂ ਕੰਵਲ ਦੀ ਫ਼ੋਟੋ ਚੁਕਦਿਆਂ ਪੁੱਛਿਆ।

"ਤੂੰ ਤਾਂ ਕਹਿੰਦੀ ਸੈਂ ਮੈਂ ਤੇਰੇ ਨਾਲ ਹੀ ਪਿਆਰ ਕਰਦੀ ਹਾਂ। ਪਰ ... ਪਰ ...।" ਫ਼ੋਟੋ ਵਲ ਇਸ਼ਾਰਾ ਕਰਕੇ ਉਸ ਨੇ ਪੁੱਛਿਆ, "ਇਹ ਕੌਣ ਹੈ ?"

"ਮੈਂ ਤੇਰੀ ਦਾਸੀ ਬਣ ਕੇ ਰਹਾਂਗੀ ਗੁਲਾਬ ! ਤੂੰ ਮੇਰੀ ਜ਼ਿੰਦਗੀ ਦੇ ਵੀਰਾਨੇ ਦਾ ਗੁਲਾਬ ਬਣ ਜਾ।"

"ਹੂੰ ! ਤਾਂ ਤੂੰ ਤਬੇਲੇ ਦੀ ਬਲਾ, ਬਾਂਦਰ ਦੇ ਗਲ ਪਾਉਣਾ ਚਾਹੁੰਦੀ ਹੈਂ। ਬਦਕਾਰ, ਕਮੀਨੀ, ਬੇਵਫ਼ਾ !"

"ਹਾਂ, ਤਬੇਲਾ ਤਾਂ ਮੈਂ ਆਪੇ ਬਣ ਗਈ, ਤੇਰੇ ਵਰਗੇ ਘੋੜਿਆਂ ਨੇ ਮੈਨੂੰ ਤਬੇਲਾ ਬਣਾਇਆ ਹੈ। ਮੈਂ ਵੀ ਇਕ ਸ਼ਾਨਦਾਰ ਇਮਾਰਤ ਸਾਂ ਗੁਲਾਬ ! ਪਰ ਘੋੜਿਆਂ ਨੂੰ ਕੀ ? ਮੀਂਹ, ਝੱਖੜ, ਧੁੱਪ, ਗਰਮੀਂ, ਸਰਦੀ ਵਿਚ ਰਾਤ ਕੱਟੀ, ਆਪਣੀ ਭੁੱਖ ਮਿਟਾਈ ਤੇ ਫਿਰ ਤਬੇਲੇ ਨੂੰ ਭੁਲਾ ਕੇ ਆਪਣੇ ਰਾਹੇ ਪੈ ਗਏ।"

"ਜਿਹੜੀਆਂ ਗੱਲਾਂ ਮੈਂ ਤੇਰੇ ਬਾਰੇ ਸੁਣਦਾ ਸਾਂ, ਉਹ ਸਭ ਸੱਚ ਨਿਕਲੀਆਂ ! ਅੱਜ ਕਿਸੇ ਨਾਲ, ਕੱਲ੍ਹ

ਕਿਸੇ ਨਾਲ ! ਜੇ ਮੈਨੂੰ ਪਹਿਲਾਂ ਪਤਾ ਹੁੰਦਾ, ਤੈਨੂੰ ਕਦੇ ਵੀ ਮੂੰਹ ਨਾ ਲਾਉਂਦਾ। ਤੂੰ ਤਾਂ ਵੇਸਵਾ ਹੈਂ। ਤੇਰੇ ਨਾਲ ਕੌਣ ਵਿਆਹ ਕਰਵਾ ਸਕਦਾ ਹੈ ?"

"ਹਾਂ, ਹਾਂ ਵੇਸਵਾ ਹਾਂ।" ਇਹ ਕਹਿੰਦਿਆਂ ਉਸ ਨੇ ਗੁਲਾਬ ਵਲ ਇਕ ਨਫ਼ਰਤ-ਭਰੀ ਤੱਕਣੀ ਸੁੱਟੀ। ਉਸ ਨੂੰ ਗੁਲਾਬ ਦੁਆਲੇ ਕੰਡੇ ਹੀ ਕੰਡੇ ਉੱਭਰਦੇ ਦਿਸੇ, ਬੇਸ਼ੁਮਾਰ ਕੰਡੇ। ਉਸ ਨੂੰ ਇੰਜ ਜਾਪਿਆ ਜਿਵੇਂ ਇਨ੍ਹਾਂ ਕੰਡਿਆਂ ਵਿਚ ਗੁਲਾਬ ਦਾ ਰੂਪ ਅਲੋਪ ਹੋ ਗਿਆ ਹੋਵੇ ਤੇ ਇਹ ਕੰਡੇ ਉਸ ਦੀਆਂ ਅੱਖਾਂ ਵਲ ਨੂੰ ਵਧ ਰਹੇ ਹੋਣ। ਲੰਮੇ-ਲੰਮੇ ਤਿੱਖੇ-ਤਿੱਖੇ ਕੰਡੇ ! ਉਸ ਨੇ ਤ੍ਰਭਕ ਕੇ ਮੂੰਹ ਪਰਤਾਇਆ ਤੇ ਫਿਰ ਆਪਣੀ ਅਲਮਾਰੀ ਵਿੱਚੋਂ ਇਕ ਐਲਬਮ ਕੱਢੀ।

"ਤੂੰ ਪੁੱਛਿਆ ਸੀ ਨਾ ਇਹ ਫ਼ੋਟੋ ਕਿਸ ਦੀ ਹੈ ? ਸੁਣ, ਇਹ ਫ਼ੋਟੋ ਕੰਵਲ ਦੀ ਹੈ, ਕੰਵਲ ਦੀ। ਨਹੀਂ-ਨਹੀਂ ਇਹ ਫ਼ੋਟੋ ਉਸ ਘੋੜੇ ਦੀ ਹੈ, ਜਿਹਨੇ ਮੈਨੂੰ ਤਬੇਲਾ ਬਣਾਇਆ। ਐਹ ਵੇਖ ਹੋਰ ਘੋੜਿਆਂ ਦੀਆਂ ਫ਼ੋਟੋਆਂ।"

ਇਹ ਕਹਿੰਦਿਆਂ ਉਸ ਨੇ ਐਲਬਮ ਗੁਲਾਬ ਦੇ ਮੂੰਹ ਉੱਤੇ ਵਗਾਹ ਮਾਰੀ ਤੇ ਪਲ ਦੀ ਪਲ ਵਿਚ ਆਪਣੀਆਂ ਜ਼ੁਲਫ਼ਾਂ ਖੋਹ ਸੁੱਟੀਆਂ, ਮੂੰਹ ਝਰੀਟ ਸੁੱਟਿਆ, ਕਪੜੇ ਪਾੜ ਸੁੱਟੇ ਤੇ ਹਿਸਟੀਰੀਆਈ ਅੰਦਾਜ਼ ਵਿਚ ਉਹ ਜ਼ੋਰ ਨਾਲ ਚੀਕੀ—"ਵੇਖ ਲੈ, ਵੇਖ ਲੈ ਇਹ ਤੇਰੇ ਹੀ ਭਰਾ ਨੇ, ਘੋੜੇ, ਜੱਫੀਆਂ ਪਾ-ਪਾ ਕੇ ਮਿਲ ਇਨ੍ਹਾਂ ਨੂੰ ! ਇਸ ਵਿਚ ਤੇਰੀ ਵੀ ਇਕ ਫ਼ੋਟੋ ਹੈ। ਹਾ-ਹਾ-ਹਾ-ਹਾ-ਹਾ।"

ਉਸ ਦੇ ਕਦੇ ਰੋਣ ਤੇ ਕਦੇ ਉੱਚੀ-ਉੱਚੀ ਹੱਸਣ ਦੀਆਂ ਆਵਾਜ਼ਾਂ ਨਾਲ ਕਮਰਾ ਗੂੰਜ ਰਿਹਾ ਸੀ, ਜਿਨ੍ਹਾਂ ਵਿਚ ਕਦੇ-ਕਦੇ ਸਿਸਕੀਆਂ ਵੀ ਆ ਸ਼ਾਮਲ ਹੁੰਦੀਆਂ ਸਨ !

# ਮਹੰਤ ਧਰਮ ਦਾਸ

ਧੂਫ਼ੀਏ ਧੂਫ਼ ਪਾ ਰਹੇ ਸਨ। ਪਾਠੀ ਬੜੇ ਮਧੁਰ ਸਵਰ ਵਿਚ ਪਾਠ ਕਰ ਰਹੇ ਸਨ। ਸਾਰਾ ਕਮਰਾ ਮਿੱਠੀ ਸੁਗੰਧੀ ਨਾਲ ਭਰਿਆ ਪਿਆ ਸੀ। ਪਰ ਪੂਰੇ ਪੰਜ ਦਿਨਾਂ ਤੋਂ ਮਹੰਤ ਧਰਮ ਦਾਸ ਉਵੇਂ ਦਾ ਉਵੇਂ ਬੇਹੋਸ਼ ਪਿਆ ਸੀ। ਨਾ ਉਹ ਬੋਲਦਾ ਨਾ ਚੱਲਦਾ। ਉਸ ਦੇ ਮੂੰਹ ਵਿਚ ਚਾਹ ਪਾਉਂਦੇ, ਨਿਕਲ ਜਾਂਦੀ ! ਉਸ ਦੇ ਮੂੰਹ ਵਿਚ ਦਵਾਈ ਪਾਉਂਦੇ, ਨਿਕਲ ਜਾਂਦੀ ! ਪੂਰੇ ਪੰਜਾਂ ਦਿਨਾਂ ਤੋਂ ਨਾ ਉਸ ਨੇ ਕੁਝ ਖਾਧਾ ਤੇ ਨਾ ਉਸ ਨੇ ਕੁਝ ਪੀਤਾ ਸੀ। ਪਰ ਨਬਜ਼ ਉਸ ਦੀ ਚੱਲ ਰਹੀ ਸੀ ! ਸਾਹ ਉਸ ਨੂੰ ਆ ਰਿਹਾ ਸੀ !

ਮਹੰਤ ਧਰਮ ਦਾਸ ਕੋਈ ਮਾੜਾ ਮੋਟਾ ਸੰਤ ਨਹੀਂ ਸੀ। ਸਾਰੇ ਇਲਾਕੇ ਵਿਚ ਉਸ ਦੀ ਪੁੱਛ ਪ੍ਰਤੀਤ ਸੀ। ਕਿਤੇ ਅਖੰਡ ਪਾਠ ਹੁੰਦਾ, ਉਸ ਨੂੰ ਸੱਦਿਆ ਜਾਂਦਾ। ਕਿਸੇ ਦਾ ਵਿਆਹ ਹੁੰਦਾ, ਉਹ ਅਨੰਦ-ਕਾਰਜ ਕਰਵਾਉਂਦਾ। ਕਿਸੇ ਦੀ ਮੌਤ ਹੁੰਦੀ, ਉਹ ਕਿਰਿਆ ਕਰਮ ਕਰਵਾਉਂਦਾ। ਕੋਈ ਅੰਤਮ ਸਵਾਸਾਂ 'ਤੇ ਹੁੰਦਾ, ਤਾਂ ਉਹ ਪਾਠ ਕਰਦਾ, ਅਰਦਾਸ ਕਰਦਾ ਕਿ ਮਰਨ ਵਾਲੇ ਦੇ ਸੁਆਸ ਸੁਖਾਲੇ ਹੋ ਜਾਣ। ਕੋਈ ਵੀ ਕਿਸੇ ਕਿਸਮ ਦਾ ਸਮਾਗਮ ਹੁੰਦਾ, ਉਹ ਉਸ ਵਿਚ ਪਰਚਾਰਕ ਹੁੰਦਾ। ਤੇ ਅੱਜ ਜਦੋਂ ਉਹ ਪੂਰੇ ਸੌ ਸਾਲ ਦਾ ਹੋ ਗਿਆ ਸੀ ਤਾਂ ਉਹ ਬੇਹੋਸ਼ ਪਿਆ ਸੀ। ਪਾਠ ਉਵੇਂ ਦਾ ਉਵੇਂ ਹੋ ਰਿਹਾ ਸੀ। ਧੂਫ਼ ਦੀ ਸੁਗੰਧੀ ਉਸੇ ਰਫ਼ਤਾਰ ਤੇ ਉੱਠ-ਉੱਠ ਕੇ ਕਮਰੇ ਵਿਚ ਫੈਲ ਰਹੀ ਸੀ ਅਤੇ ਪਿੰਡ ਦੇ ਲੋਕਾਂ ਦੀਆਂ ਗੱਲਾਂ ਉਵੇਂ ਦੀਆਂ ਉਵੇਂ ਜਾਰੀ ਸਨ। ਕੋਈ ਕਹਿੰਦਾ, "ਮਹੰਤ ਧਰਮ ਦਾਸ ਤਾਂ ਅਕਾਲ ਪੁਰਖ ਦਾ ਪਿਆਰਾ ਹੈ। ਉਹ ਸੋਚ ਰਿਹਾ ਹੈ ਕਿ ਮੈਂ ਉਸ ਨੂੰ ਵਾਪਸ ਬੁਲਾਵਾਂ ਜਾਂ ਅਜੇ ਕੁਝ ਚਿਰ ਹੋਰ ਲੋਕਾਂ ਦਾ ਸੁਧਾਰ ਕਰਨ ਲਈ ਸੰਸਾਰ ਵਿਚ ਰਹਿਣ ਦਿਆਂ ? ਅਕਾਲ ਪੁਰਖ ਦੁਬਿਧਾ ਵਿਚ ਹੈ। ਇਸੇ ਲਈ ਮਹੰਤ, ਅੱਖ ਨਹੀਂ ਪੁੱਟਦਾ !"

ਕੋਈ ਕਹਿੰਦਾ, "ਲੋਕਾਂ ਦੇ ਅੰਤਮ-ਸੁਆਸ ਸੁਖਾਲਿਆਂ ਕਰਨ ਦਾ ਭਾਰ ਇਸ ਦੇ ਸਿਰ ਚੜ੍ਹ ਗਿਆ ਹੈ।"

ਕੋਈ ਮਨਚਲਾ ਲੁਕਮਾਂ ਦਿੰਦਾ, "ਸਾਰੀ ਉਮਰ ਇਸ ਨੇ ਪੂਜਾ ਦਾ ਧਾਨ ਖਾਧਾ ਹੈ। ਹਰਾਮ ਦੀਆਂ ਖਾਧੀਆਂ ਹਨ। ਏਸੇ ਲਈ ਅੱਡੀਆਂ ਰਗੜ ਰਿਹਾ ਹੈ।"

ਕੋਈ ਕਹਿੰਦਾ, "ਇਸ ਨੇ ਚੜ੍ਹਦੀ ਉਮਰੇ ਇਕ ਪਾਪ ਕੀਤਾ ਸੀ। ਉਸੇ ਦਾ ਖ਼ਮਿਆਜ਼ਾ ਭੁਗਤ ਰਿਹਾ ਹੈ।"

ਕੋਈ ਕਹਿੰਦਾ ਕਿ ਇਹ ਪਾਠ ਮਹੰਤ ਨੂੰ ਰਾਜ਼ੀ ਕਰਨ ਲਈ ਰੱਖਿਆ ਗਿਆ ਹੈ। ਕੋਈ ਕਹਿੰਦਾ ਕਿ ਇਹ ਤਾਂ ਉਸ ਦੇ ਮੁੰਡਿਆਂ ਨੇ ਉਸ ਦੇ ਪ੍ਰਾਣ ਕੱਢਣ ਲਈ ਖੁੱਲ੍ਹਵਾਇਆ ਹੈ।

ਪਰ ਪਿੰਡ ਦੀਆਂ ਬੁੱਢੀਆਂ ਤ੍ਰੀਮਤਾਂ ਤੇ ਸਿਆਣੇ ਮਨੁੱਖ ਕਹਿੰਦੇ ਕਿ ਉਹ ਬੜਾ ਧਰਮੀ ਮਨੁੱਖ ਸੀ। ਸਾਰਿਆਂ ਦੇ ਦੁੱਖ-ਸੁੱਖ ਦਾ ਸਾਂਝੀਵਾਲ ਬਣਦਾ ਸੀ ਤੇ ਅੱਜ ਜਦੋਂ ਉਹ ਆਪਣੀਆਂ ਅੰਤਮ ਘੜੀਆਂ ਗਿਣ ਰਿਹਾ ਸੀ ਤਾਂ ਲੋਕ ਸੋਚ ਰਹੇ ਸਨ ਕਿ ਉਸ ਤੋਂ ਬਾਅਦ ਪਿੰਡ ਦੇ ਸਾਂਝੇ ਸਮਾਗਮਾਂ ਵਿਚ ਕੌਣ ਵਧ ਚੜ੍ਹ ਕੇ ਹਿੱਸਾ ਲਵੇਗਾ ? ਕੌਣ ਵਿਆਹਾਂ ਸ਼ਾਦੀਆਂ, ਹੋਰ ਮੌਕਿਆਂ ਤੇ ਕਾਰਜਾਂ ਦਾ ਭੁਗਤਾਨ ਕਰੇਗਾ ? ਜਿੰਨੇ ਮੂੰਹ ਓਨੀਆਂ ਗੱਲਾਂ। ਪਰ ਮਹੰਤ ਧਰਮ ਦਾਸ ਇਨ੍ਹਾਂ ਸਭ ਗੱਲਾਂ ਤੋਂ ਬੇਨਿਆਜ਼ ਬੇਸੁਰਤ ਪਿਆ ਸੀ।

ਲੋਕ ਆਉਂਦੇ ਸਨ। ਉਸ ਨੂੰ ਵੇਖ ਕੇ, ਦੋ ਘੜੀਆਂ ਪਾਠ ਸੁਣ ਕੇ ਮਹੰਤ ਦੀ ਸਿਹਤ ਲਈ ਅਰਦਾਸ ਕਰ ਕੇ ਤੁਰ ਜਾਂਦੇ, ਲੋਕ ਆਉਂਦੇ ਸਨ, ਕਪੜੇ, ਦਾਣੇ, ਪੈਸੇ ਤੇ ਹੋਰ ਚੀਜ਼ਾਂ ਵਸਤਾਂ ਲੈ ਕੇ। ਇਹ ਸਭ ਕੁਝ ਉਹ ਮਹੰਤ ਦੀ ਸਿਹਤ ਦੇ ਨਾਮ ਉੱਤੇ ਗੁਰੂ ਗਰੰਥ ਸਾਹਿਬ ਅੱਗੇ ਚੜ੍ਹਾ ਜਾਂਦੇ ਸਨ। ਆਪਣੇ ਅੰਤਮ ਵੇਲੇ ਨੂੰ ਚਿਤਵ ਕੇ, ਪੁੰਨ ਦਾਨ ਕਰ ਕੇ, ਉਹ ਜਿਵੇਂ ਅਗਾਊਂ ਹੀ ਆਪਣੇ ਅੰਤ-ਸਮੇਂ ਦਾ ਬੰਨ੍ਹ-ਛੁਬ ਕਰ ਰਹੇ ਹੋਣ। ਕਮਰੇ ਦੇ ਇਕ ਖੂੰਜੇ ਦਾਣਿਆਂ ਦਾ ਢੇਰ ਦਿਨ ਪ੍ਰਤੀ ਦਿਨ ਉੱਚਾ ਹੋ ਰਿਹਾ ਸੀ। ਦੂਜੇ ਪਾਸੇ ਗੁੜ, ਸ਼ੱਕਰ ਤੇ ਹੋਰ ਚੀਜ਼ਾਂ ਦੇ ਢੇਰ ਉੱਸਰ ਰਹੇ ਸਨ। ਰੁਪਏ ਪੈਸੇ ਤੇ ਹੋਰ ਸਿੱਕੇ ਗੋਲਕ ਦੇ ਮੂੰਹ ਵਿੱਚੋਂ ਝਾਕਣ ਲਗ ਪਏ ਸਨ। ਇਹ ਵੇਖ ਕੇ ਮਹੰਤ ਦੇ ਮੁੰਡਿਆਂ ਨੇ ਇਕ ਹੋਰ ਗੋਲਕ ਲਿਆ ਰੱਖੀ ਸੀ। ਪਿੰਡ ਦੇ ਲੋਕ ਤੇ ਇਲਾਕੇ ਦੇ ਹੋਰ ਮੁਰੀਦ ਮਹੰਤ ਦੇ ਦਰਸ਼ਨਾਂ ਲਈ ਆ ਰਹੇ ਸਨ ਪਰ ਮਹੰਤ ਨੂੰ ਕੋਈ ਹੋਸ਼ ਨਹੀਂ ਸੀ। ਕੋਈ ਖ਼ਬਰ ਨਹੀਂ ਸੀ।

ਮਹੰਤ ਧਰਮ ਦਾਸ ਕੋਈ ਬ੍ਰਹਮਚਾਰੀ ਸੰਤ ਨਹੀਂ ਸੀ, ਸਗੋਂ ਉਹ ਗ੍ਰਹਿਸਥੀ-ਸੰਤ ਸੀ। ਉਸ ਦੇ ਚਾਰ ਪੁੱਤਰ ਸਨ। ਮਹੰਤ ਵਾਂਗ ਸੰਤ-ਪੁਣਾ ਉਨ੍ਹਾਂ ਨੂੰ ਵੀ ਵਿਰਾਸਤ ਵਿਚ ਮਿਲਿਆ ਸੀ। ਉਹ ਵੀ ਹੁਣ ਇਲਾਕੇ ਵਿਚ ਜਾਂਦੇ, ਅਖੰਡ-ਪਾਠ ਕਰਦੇ ਤੇ ਲੋਕਾਂ ਦੇ ਹੋਰ ਕਾਰਜਾਂ ਦਾ ਭੁਗਤਾਨ ਕਰਦੇ ਸਨ। ਚਾਰੇ ਪੁੱਤਰ ਪਿੰਡ ਦੀਆਂ ਚੌਹਾਂ ਪੱਤੀਆਂ ਦਾ ਗਜਾ ਕਰ ਕੇ ਤੇ ਚੌਹਾਂ ਪੱਤੀਆਂ ਦੇ ਚਾਰੇ ਗੁਰਦੁਆਰਿਆਂ ਵਿਚ ਸਵੇਰੇ ਸ਼ਾਮ ਪਾਠ ਕਰ ਕੇ ਆਪਣਾ ਜੀਵਨ-ਨਿਰਬਾਹ ਕਰਦੇ ਚਲੇ ਆ ਰਹੇ ਸਨ।

ਮਹੰਤ ਧਰਮ ਦਾਸ ਪੂਰੇ ਸੌ ਵਰ੍ਹਿਆਂ ਦਾ ਹੋ ਗਿਆ ਸੀ। ਉਸ ਨੂੰ ਕੋਈ ਫ਼ਿਕਰ ਨਹੀਂ ਸੀ, ਉਸ ਨੂੰ ਕੋਈ ਲੋੜ ਨਹੀਂ ਸੀ। ਲੋਕੀਂ ਉਸ ਦੀ ਦੇਖ ਭਾਲ ਕਰਦੇ। ਉਸ ਦੇ ਮੱਠ ਵਿਚ ਹੀ ਉਸ ਨੂੰ ਸਭ ਕੁਝ ਪਹੁੰਚਾ ਦਿੰਦੇ। ਉਸ ਦੇ ਮੁਰੀਦ ਉਸ ਦੀ ਸੇਵਾ ਕਰਦੇ ਰਹਿੰਦੇ ਤੇ ਉਹ ਭਗਤੀ ਅਤੇ ਸਿਮਰਨ ਵਿਚ ਮਗਨ ਰਹਿੰਦਾ।

ਪਰ ਪਿਛਲੇ ਇਕ ਮਹੀਨੇ ਤੋਂ ਉਹ ਕੁਝ ਢਿੱਲਾ ਰਹਿਣ ਲੱਗ ਪਿਆ ਸੀ। ਕਮਜ਼ੋਰੀ ਵਧ ਗਈ ਸੀ। ਕਦੇ ਖੰਘ ਹੋ ਜਾਂਦੀ, ਕਦੇ ਬੁਖ਼ਾਰ। ਕਦੇ ਜ਼ੁਕਾਮ ਹੋ ਜਾਂਦਾ, ਕਦੇ ਰੇਸ਼ਾ। ਉਸ ਦੇ ਪੁੱਤਰ ਆਉਂਦੇ, ਉਸ ਨੂੰ ਦੇਖ ਕੇ ਤੁਰ ਜਾਂਦੇ। ਪਿਛਲੇ ਪੰਜਾਂ-ਛੇਆਂ ਦਿਨਾਂ ਤੋਂ ਉਸ ਦੀ ਹਾਲਤ ਕੁਝ ਵਧੇਰੇ ਹੀ ਖ਼ਰਾਬ ਹੋ ਗਈ ਸੀ। ਉਸ ਦਾ ਵੱਡਾ ਪੁੱਤਰ ਜੋ ਕੁਝ ਵਧੇਰੇ ਚਲਾਕ ਸੀ, ਆਪਣੇ ਪਿਤਾ ਦਾ ਅੰਤ ਸਮਾਂ ਨੇੜੇ ਆਇਆ ਵੇਖ ਕੇ, ਧਿੰਗੋਜ਼ੋਰੀ ਉਸ ਦਾ ਮੰਜਾ ਚੁਕਵਾ ਕੇ ਆਪਣੇ ਘਰ ਲੈ ਗਿਆ। ਦੂਜਿਆਂ ਤਿੰਨਾਂ ਭਰਾਵਾਂ ਨੇ ਬਥੇਰਾ ਵਾਵੇਲਾ ਕੀਤਾ ਪਰ ਤਕੜੇ ਦਾ ਸੱਤੀਂ ਵੀਹੀਂ ਸੌ। ਵੱਡੇ ਪੁੱਤਰ ਨੇ ਲੋਕਾਂ ਵਿਚ ਪਰਚਾਰ ਕਰਨਾ ਵੀ ਅਰੰਭ ਕਰ ਦਿੱਤਾ ਕਿ ਅੱਗੇ ਵੀ ਮੈਂ ਹੀ ਮਹੰਤ ਹੁਰਾਂ ਦੀ ਸੇਵਾ ਕਰਦਾ ਰਿਹਾ ਸਾਂ। ਵੱਡਾ ਹੋਣ ਦੇ ਨਾਤੇ ਉਂਜ ਵੀ ਉਹ ਮਹੰਤ ਦੀ ਅੰਤਿਮ ਸੇਵਾ ਉੱਤੇ ਆਪਣਾ ਹੱਕ ਜਤਾਂਦਾ ਸੀ।

ਆਪਣੇ ਪਿਤਾ ਦੇ ਅੰਤਲੇ ਸੁਆਸ ਸੁਖਾਲੇ ਕਰਨ ਲਈ ਉਸ ਨੇ ਪਾਠ ਰਖਵਾ ਦਿੱਤਾ ਸੀ। ਮਹੰਤ ਦੇ ਤਿੰਨੇ ਪੁੱਤਰ ਤੇ ਹੋਰ ਲੋਕ ਨਿੱਤ ਆ ਕੇ ਅਰਦਾਸਾਂ ਕਰਦੇ ਕਿ ਹੇ ਮਾਲਕ ! ਮਹੰਤ ਹੁਰਾਂ ਦੇ ਸੁਆਸ ਸੁਖਾਲੇ ਕਰ। ਕੋਈ ਕਹਿੰਦਾ ਇਨ੍ਹਾਂ ਨੂੰ ਰਾਜ਼ੀ ਕਰ। ਪਰ ਮਹੰਤ ਧਰਮ ਦਾਸ ਨੂੰ ਇਸ ਦੀ ਕੋਈ ਖ਼ਬਰ ਹੀ ਨਹੀਂ ਸੀ।

ਪਿੰਡ ਵਿਚ ਗੱਲਾਂ ਦੀ ਉਹੀ ਰਫ਼ਤਾਰ ਸੀ। ਕੋਈ ਕਹਿੰਦਾ, "ਸੌ ਵਰ੍ਹਾ ਭੋਗ ਲਿਆ, ਹੋਰ ਇਸ ਨੂੰ ਕੀ ਚਾਹੀਦਾ ਹੁਣ ?"

ਕੋਈ ਬੁੱਢੀ ਕਹਿੰਦੀ, "ਮਹੰਤ ਦਾ ਆਖ਼ਿਰੀ ਸਾਹ ਪੱਸਲੀਆਂ ਵਿਚ ਰੁਕਿਆ ਹੋਇਆ। ਹੁਣ ਤਾਂ ਰੱਬ ਮਿਹਰ ਹੀ ਕਰੇ !"

ਤੇ ਫਿਰ ਰੱਬ ਨੇ ਮਿਹਰ ਕਰ ਦਿੱਤੀ। ਪਾਠ ਉਵੇਂ ਦਾ ਉਵੇਂ ਹੋ ਰਿਹਾ ਸੀ। ਕਮਰੇ ਵਿਚ ਧੂਫ਼ ਦੀ ਸੁਗੰਧੀ ਉਵੇਂ ਦੀ ਉਵੇਂ ਫੈਲੀ ਹੋਈ ਸੀ। ਇਸ ਮਧੁਰ ਕੀਰਤਨ ਤੇ ਮਿੱਠੀ ਸੁਗੰਧੀ ਵਿਚ ਮਹੰਤ ਧਰਮ ਦਾਸ ਦੀ ਮ੍ਰਿਤਕ ਦੇਹ ਨੂੰ ਅੱਗ ਦੇ ਹਵਾਲੇ ਕਰ ਦਿੱਤਾ ਗਿਆ !

ਦੂਜੇ ਭਲਕ ਹੀ ਪਿੰਡ ਵਿਚ ਅਜਿਹਾ ਸ਼ੋਰ ਮਚਿਆ ਕਿ ਮੈਂ ਹੈਰਾਨ ਹੀ ਰਹਿ ਗਿਆ। ਪਿੰਡ ਦਾ ਜੀ ਜੀ ਹੈਰਾਨ ਸੀ ਕਿ ਮਹੰਤ ਦੇ ਪੁੱਤਰਾਂ ਨੇ ਇਹ ਕੀ ਕੀਤਾ ? ਕਿਸੇ ਨੂੰ ਵੀ ਆਸ ਨਹੀਂ ਸੀ ਕਿ ਉਹ ਇਸ ਤਰ੍ਹਾਂ ਵੀ ਕਰ ਸਕਦੇ ਸਨ।

ਮਹੰਤ ਦਾ ਵੱਡਾ ਪੁੱਤਰ ਕਹਿੰਦਾ ਸੀ, ‘ਜੋ ਧਨ ਤੇ ਪਦਾਰਥ ਪਾਠ ਦੇ ਦੌਰਾਨ ਇਕੱਠੇ ਹੋਏ ਹਨ, ਉਸ ਉੱਤੇ ਮੇਰਾ ਅਧਿਕਾਰ ਹੈ। ਮੈਂ ਵੱਡਾ ਹਾਂ ਤੇ ਮੈਂ ਸੰਤਾਂ ਦੀ ਅੰਤਿਮ ਵੇਲੇ ਸੇਵਾ ਕੀਤੀ ਹੈ।”

ਪਰ ਉਸ ਦੇ ਦੂਸਰੇ ਭਰਾ ਕਹਿੰਦੇ ਸਨ ਕਿ ਪਿਓ ਦੀ ਮੌਤ ਤੋਂ ਬਾਅਦ ਉਸ ਦੀ ਜਾਇਦਾਦ ਦੀ ਬਰਾਬਰ ਵੰਡ ਹੋਣੀ ਚਾਹੀਦੀ ਸੀ। ਚਾਰੇ ਗੁਰਦੁਆਰੇ ਚੌਂਹਾਂ ਨੇ ਸਾਂਭ ਲਏ ਸਨ। ਪਰ ਪਾਠ ਵੇਲੇ ਇਕੱਤਰ ਹੋਈਆਂ ਚੀਜ਼ਾਂ ਦਾ ਝਗੜਾ ਸੀ। ਫਿਰ ਇਹ ਝਗੜਾ ਵਧਦਾ-ਵਧਦਾ ਇੱਥੋਂ ਤਕ ਵਧ ਗਿਆ ਕਿ ਮਹੰਤ ਦੇ ਦੂਜੇ ਤਿੰਨਾਂ ਮੁੰਡਿਆਂ ਨੇ ਰਲ ਕੇ ਵੱਡੇ ਪੁੱਤਰ ਨੂੰ ਜਾ ਘੇਰਿਆ। ਡਾਂਗਾਂ ਸੋਟੇ ਚੱਲੇ। ਦੋਵੇਂ ਧਿਰਾਂ ਜ਼ਖ਼ਮੀ ਤੇ ਲਹੂ ਲੁਹਾਣ ਹੋ ਗਈਆਂ। ਮਹੰਤ ਦੇ ਵੱਡੇ ਮੁੰਡੇ ਦੀ ਹਾਲਤ ਨਾਜ਼ਕ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ।

ਉਸ ਸ਼ਾਮ ਪਿੰਡ ਦੇ ਸਾਰੇ ਲੋਕਾਂ ਨੇ ਦੇਖਿਆ ਕਿ ਸੂਰਜ ਰੱਤ ਵਰਗਾ ਸੂਹਾ ਹੋ ਗਿਆ ਸੀ ਤੇ ਫਿਰ ਉਸ ਵਿੱਚੋਂ ਲਾਂਬੂ ਉੱਠੇ। ਬੱਦਲਾਂ ਦੇ ਭਾਂਬੜ ਵੀ ਪਹਿਲਾਂ ਇਸ ਤਰ੍ਹਾਂ ਕਦੇ ਨਹੀਂ ਸਨ ਮਚੇ।

ਪਰ ਮੈਂ ਸੋਚ ਰਿਹਾ ਸਾਂ ਕਿ ਅੱਗੇ ਵੀ ਇਕ ਵਾਰ ਇਸੇ ਤਰ੍ਹਾਂ ਭਾਂਬੜ ਮਚੇ ਸਨ। ਏਦੂੰ ਵੀ ਜ਼ਿਆਦਾ, ਬਹੁਤ ਜ਼ਿਆਦਾ। ਜਦੋਂ ਅੰਗ੍ਰੇਜ਼ੀ ਸਾਮਰਾਜ ਨੇ ਪੂਰਾ ਸੌ ਵਰ੍ਹਾ ਭੋਗ ਦੇ ਪੰਜਾਬ ਦੀ ਧਰਤੀ ’ਤੇ ਦਮ ਤੋੜਿਆ ਤਾਂ ਇਸ ਪੰਜਾਂ ਦਰਿਆਵਾਂ ਦੀ ਧਰਤੀ ਦੇ ਘਰ-ਘਰ ਵਿੱਚੋਂ ਲਾਂਬੂ ਉੱਠ ਕੇ ਸਾਰੇ ਭਾਰਤ ਨੂੰ ਛੂਹ ਗਏ ਸਨ। ਦਰਿਆਵਾਂ ਦਾ ਪਾਣੀ ਲਾਲ ਹੋ ਗਿਆ ਸੀ। ਧਰਤੀ ਖ਼ੂਨ ਨਾਲ ਸਿੰਜੀ ਗਈ ਸੀ। ਫਿਰ ਰੱਤ-ਰੰਗੀ ਧਰਤੀ ਤੇ ਲਾਂਬੂਆਂ ਨਾਲ ਮਚਦੇ ਘਰਾਂ ਨੂੰ ਹਿੰਦੂਆਂ ਤੇ ਮੁਸਲਮਾਨਾਂ ਨੇ ਆਪੋ ਵਿਚ ਵੰਡ ਲਿਆ ਸੀ। ਦੋ ਭਰਾਵਾਂ ਵਿਚ ਨਫ਼ਰਤ ਦਾ ਇਕ ਖੱਪਾ ਪੈ ਗਿਆ, ਜੋ ਪ੍ਰਤੀ ਦਿਨ ਡੂੰਘਾ ਹੁੰਦਾ ਗਿਆ।ਉਸ ਵੇਲੇ ਧਰਤੀ ਏਨੀ ਲਾਲ ਤੇ ਲਾਂਬੂ ਏਨੇ ਉੱਚੇ ਸਨ ਕਿ ਸੂਰਜ ਡਰਦਾ ਮਾਰਾ ਸੰਘਣੇ ਬੱਦਲਾਂ ਵਿਚ ਜਾ ਛੁਪਿਆ ਸੀ। ਫਿਰ ਆਕਾਸ਼ ਉੱਤੇ ਘਨਘੋਰ ਘਟਾ ਛਾ ਗਈ ਸੀ ਤੇ ਧਰਤੀ ਉੱਤੇ ਅੰਧਕਾਰ ਦੀ ਇਕ ਮੋਟੀ ਚਾਦਰ !

# ਕਹਾਣੀ ਚੋਰ

**(ਕੁੜੀਆਂ ਅੰਦਰ ਵੱਸਦੀਆਂ ਸ਼ੇਰਨੀਆਂ ਦੇ ਨਾਂ)**

ਅੱਜ ਸਾਡੀ ਸਾਹਿਤ ਸਭਾ ਦੀ ਇਕੱਤਰਤਾ ਸੀ। ਮੇਰੀ ਹੀ ਵਾਰੀ ਸੀ ਕਹਾਣੀ ਸੁਨਾਉਣ ਦੀ। ਅਜਿਹੀਆਂ ਗੁੱਟ-ਬੰਦਕ ਇਕੱਤਰਤਾਵਾਂ ਵਿਚ ਮੇਰੇ ਜਿਹੇ ਨਵੇਂ ਕਹਾਣੀਕਾਰਾਂ ਦਾ ਕੋਈ ਚੀਜ਼ ਸੁਣਾਉਣ ਤੋਂ ਕਤਰਾਉਣਾ ਇਕ ਸੁਭਾਵਕ ਔਗੁਣ ਕਹਿ ਲਓ। ਇਸ ਔਗੁਣ ਦੇ ਉਤਪੰਨ ਹੋਣ ਦਾ ਕਾਰਨ ਮਾਰੂ ਤੇ ਗੁੱਟ-ਬੰਦਕ ਆਲੋਚਨਾ, ਜੋ ਕਿ ਅਜਿਹੀਆਂ ਥਾਵੇਂ 'ਤੇ ਹੁੰਦੀ ਹੀ ਹੈ। ਫਿਰ ਵੀ ਮੈਂ ਆਪਣੇ ਵਿਚਾਰਾਂ ਦੇ ਤਾਣੇ-ਪੇਟੇ ਵਿਚ ਉਲਝਿਆ 'ਜਾਣ ਨਾ ਜਾਣ' ਦੇ ਪ੍ਰਸ਼ਨਾਂ ਨੂੰ ਲੰਮਿਆਉਂਦਾ ਸਭਾ ਦੀ ਇਕੱਤਰਤਾ ਵਿਚ ਪਹੁੰਚ ਹੀ ਗਿਆ। ਸ਼ਾਇਦ ਆਲੋਚਨਾ ਤੋਂ ਘਬਰਾਉਣਾ ਮੈਂ ਉਚਿਤ ਨਾ ਸਮਝਿਆ।

ਸਦੀਵੀ ਸਦੱਸਵੀਆਂ ਤੋਂ ਬਿਨਾਂ ਇਸ ਇਕੱਤਰਤਾ ਵਿਚ ਮੇਰੀ ਨਜ਼ਰੇ ਅੱਜ ਇਕ ਨਵਾਂ ਚਿਹਰਾ ਵੀ ਆਇਆ। ਇਕ ਸੁਬਕ ਜਿਹੀ, ਸ਼ੋਖ ਜਿਹੀ ਕੁੜੀ ਸੀ ਉਹ। ਵਾਹ ! ਵਾਹ ! ਮਾਡਰਨ ਫੈਸ਼ਨ ਦੀ ਪ੍ਰਸਤਾਰ। ਉਸ ਦੇ ਚਿਹਰੇ ਦੀ ਦਿਲਕਸ਼ੀ ਤੋਂ ਪ੍ਰਭਾਵਤ ਹੋਣੋ ਮੈਂ ਰਹਿ ਨਾ ਸਕਿਆ। ਉਂਜ ਭਾਵੇਂ ਉਸ ਦਾ ਰੰਗ ਸਾਂਵਲਾ ਹੀ ਸੀ ਪਰ ਉਸ ਦੇ ਨਕਸ਼ ਕੁਝ ਅਜਿਹੇ ਸਮੀਕਰਨ ਵਿਚ ਸਨ ਕਿ ਉਸ ਦਾ ਚੇਹਰਾ ਇਕ ਸਾਂਵਾਂ ਤੇ ਆਕਰਸ਼ਕ ਗੀਤ ਜਾਪਦਾ ਸੀ। ਪਲ ਦੀ ਪਲ ਸਾਡੀਆਂ ਨਜ਼ਰਾਂ ਚਾਰ ਹੋਈਆਂ ਤੇ ਫੇਰ ਸ਼ਾਇਦ ਆਲੇ-ਦੁਆਲੇ ਬੈਠੇ ਸੱਜਣਾਂ ਦਾ ਲਿਹਾਜ਼ ਕਰਕੇ ਅਸੀਂ ਸਭਾ ਦੇ ਪ੍ਰਧਾਨ ਵਲ ਨਜ਼ਰਾਂ ਘੁਮਾ ਲਈਆਂ। ਪਿਛਲੀ ਮੀਟਿੰਗ ਦੀ ਕਾਰਵਾਈ ਸੁਣਨ ਤੋਂ ਉਪਰੰਤ ਸਕੱਤਰ ਦੇ ਅਨੁਰੋਧ ਤੇ ਮੈਂ ਆਪਣੀ ਕਹਾਣੀ ਸੁਣਾਉਣੀ ਆਰੰਭ ਕੀਤੀ।

ਮੇਰੀ ਕਹਾਣੀ ਦਾ ਸਿਰਲੇਖ ਸੀ 'ਕਲਪਨਾ'। ਇਹ ਨਾਂ ਮੈਂ ਉਸ ਵਿਚਲੇ ਮੁੱਖ-ਪਾਤਰ ਦੇ ਨਾਂ ਉੱਤੇ ਹੀ ਰੱਖ ਦਿੱਤਾ ਸੀ। ਮੈਂ ਕਹਾਣੀ ਸੁਣਾਈ ਜਾ ਰਿਹਾ ਸਾਂ ਤੇ ਵਿਚ-ਵਿਚ ਉਸ ਕੁੜੀ ਦੇ ਚਿਹਰੇ ਵਲ ਵੀ ਵੇਖ ਲੈਂਦਾ ਸਾਂ। ਜਦੋਂ ਵੀ ਮੈਂ ਉਸ ਵਲ ਵੇਖਣ ਦਾ ਯਤਨ ਕਰਦਾ, ਉਦੋਂ ਹੀ ਉਸ ਦੀਆਂ ਨਜ਼ਰਾਂ ਮੇਰੇ ਉੱਤੇ ਗੱਡੀਆਂ ਮੈਨੂੰ ਪ੍ਰਤੀਤ ਹੋਈਆਂ। ਮੈਨੂੰ ਕਈ ਵਾਰ ਇੰਜ ਲੱਗਦਾ, ਜਿਵੇਂ ਉਹ ਕੁਝ ਕਹਿਣਾ ਚਾਹੁੰਦੀ ਹੋਵੇ। ਤੇ ਫੇਰ ਕਈ ਵਾਰ ਹੈਰਾਨੀ ਦਾ ਪ੍ਰਗਟਾ ਵੀ ਉਹ ਕਰਦੀ ਤੇ ਕੁਣਖੀਆਂ ਨਾਲ ਮੇਰੇ ਵਲ ਵੇਖਦੀ। ਮੈਂ ਹੈਰਾਨ ਸਾਂ ਕਿ ਪਹਿਲੀ ਹੀ ਮੁਲਾਕਾਤ ਸੀ ਸਾਡੀ ਤੇ ਉਹ ਅਜਿਹੇ ਸੰਕੇਤ ਮੇਰੇ ਵਿਚ ਸਖ਼ਸ਼ੀ ਦਿਲਚਪਸੀ ਲੈਣ ਕਰ ਕੇ ਕਰ ਰਹੀ ਸੀ, ਜਾਂ ਫਿਰ ਕਹਾਣੀ ਦਿਆਂ ਉਤਾਰਾਂ ਚੜ੍ਹਾਵਾਂ ਨਾਲ ਉਸ ਦੇ ਅਨੁਭਵ ਦੀ ਗਤੀ ਦਾ ਪ੍ਰਗਟਾ ਹੋ ਰਿਹਾ ਸੀ !

ਖ਼ੈਰ, ਮੈਂ ਕਹਾਣੀ ਸੁਣਾ ਰਿਹਾ ਸਾਂ। ਇਹ ਕਹਾਣੀ ਇਕ ਅਜਿਹੀ ਕੁੜੀ ਦੀ ਕਹਾਣੀ ਸੀ ਜਿਸ ਦਾ ਨਾਂ ਮੈਂ ਕਲਪਨਾ ਰੱਖਿਆ। ਕਲਪਨਾ ਬਚਪਨ ਤੋਂ ਹੀ ਆਪਣੇ ਘਰ ਦੇ ਜੀਆਂ ਨਾਲੋਂ ਕੁਝ ਵੱਖਰੀ-ਵੱਖਰੀ ਰਹਿੰਦੀ ਸੀ। ਜਿਵੇਂ ਉਹ ਉਨ੍ਹਾਂ ਦੀ ਦੁਨੀਆਂ ਤੋਂ ਕੋਈ ਵੱਖਰੀ ਵਸਤੂ ਹੋਵੇ।ਇਕਾਂਤ ਨਾਲ ਉਸ ਨੂੰ ਪਿਆਰ ਸੀ। ਅਕਸਰ, ਰਾਤ ਨੂੰ ਉਹ ਤਾਰਿਆਂ ਦੀਆਂ ਟੋਲੀਆਂ ਵੇਖ ਕੇ ਚੰਨ-ਰਾਜੇ ਦੀ ਸੁਨਹਿਰੀ ਝਲਕ ਵਿਚ ਰਸ

ਗੜੂੰਦ ਹੋ ਕੇ ਆਪਣੀ ਦਾਦੀ ਕੋਲੋਂ ਸੁਣੀਆਂ ਪਰੀਆਂ ਤੇ ਰਾਜਕੁਮਾਰਾਂ ਦੀਆਂ ਕਹਾਣੀਆਂ ਦਾ ਚੇਤਾ ਕਰ ਕਰ ਕੇ ਚੰਦਰਮੇਂ ਵਲ ਬੜੀ ਰੀਝ ਭਰੀ ਤੱਕਣੀ ਸੁੱਟਦੀ, ਕੁਝ ਗੁਣ ਗੁਣਾਉਂਦੀ ਤੇ ਫਿਰ ਉਸ ਦੇ ਦਿਲ ਵਿਚ ਇਕ ਰੀਝ ਅੰਗੜਾਈ ਲੈਂਦੀ। ਇਕ ਕਲਪਨਾ ਜਾਗਦੀ। ਜਿਵੇਂ ਉਹ ਆਪ ਇਕ ਪਰੀ ਹੋਵੇ ਤੇ ਚੰਦ ਉਸ ਦਾ ਰਾਜਕੁਮਾਰ। ਕਈ ਵਾਰ ਉਹ ਆਪਣੀਆਂ ਬਾਹਵਾਂ ਨੂੰ ਝੂਣਦੀ, ਹਿਲਾਉਂਦੀ; ਜਿਵੇਂ ਪਰੀਆਂ, ਵਾਂਗ ਖੰਭ ਫੜਕਾਉਣਾ ਚਾਹੁੰਦੀ ਹੋਵੇ, ਆਪਣੇ ਚੰਦ-ਰਾਜੇ ਕੋਲ ਪਹੁੰਚਣ ਲਈ। ਇਨ੍ਹਾਂ ਹੀ ਵਿਚਾਰਾਂ ਵਿਚ ਉਹ ਜਵਾਨ ਹੋਈ, ਪੜ੍ਹੀ ਲਿਖੀ, ਪਰ ਉਸ ਦੀ ਕਲਪਨਾ ਦਿਨ-ਬ-ਦਿਨ ਬਲਵਾਨ ਹੁੰਦੀ ਗਈ। ਕਦੇ-ਕਦੇ ਅਨੋਖੇ ਸਰੋਦ ਵਿਚ ਆ ਕੇ ਜਦੋਂ ਉਹ ਆਪਣੇ ਮਨ ਨਾਲ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ ਤਾਂ ਇਹ ਨਿੱਕੇ-ਨਿੱਕੇ ਬੋਲ ਉਸ ਨੂੰ ਰਸ-ਭਿੰਨੇ ਨਿੱਕੇ-ਨਿੱਕੇ ਗੀਤ ਜਾਪਦੇ। ਇਹ ਨਿੱਕੇ-ਨਿੱਕੇ ਗੀਤ ਉਸ ਦੇ ਸੁਫ਼ਨਿਆਂ ਦਾ ਸ਼ਿੰਗਾਰ ਸਨ। ਕਦੇ-ਕਦੇ ਉਸ ਦੇ ਸੁਫ਼ਨਿਆਂ ਵਿਚ ਸੁਨਹਿਰੀ ਮੁਕਟ ਸਜਾ ਕੇ, ਸੁਨਹਿਰੀ ਵਸਤਰ ਪਾ ਕੇ, ਚੇਹਰੇ ਉੱਤੇ ਕੇਸਰੀ ਆਬ ਵਾਲਾ ਕੋਈ ਰਾਜਕੁਮਾਰ ਆਉਂਦਾ ਜਿਹੜਾ ਆਪਣੇ ਮਧੂ-ਬੋਲਾਂ ਨਾਲ ਉਸ ਦੇ ਕੰਨਾਂ ਵਿਚ ਸ਼ਹਿਨਾਈਆਂ ਵਜਾ ਜਾਂਦਾ। ਉਸ ਦੀ ਨੀਂਦਰ ਨੂੰ ਇਕ ਸਵਰਗੀ ਹੁਲਾਰਾ ਦੇ ਜਾਂਦਾ। ਉਸ ਦੇ ਸਾਹਾਂ ਵਿਚ ਸੁਗੰਧੀ ਧੂੜ ਜਾਂਦਾ। ਉਸ ਦਾ ਰੋਮ-ਰੋਮ ਨਸ਼ਿਆ ਜਾਂਦਾ। ਇਨ੍ਹਾਂ ਹੀ ਤਲਿਸਮੀਂ ਘੜੀਆਂ ’ਚੋਂ ਲੰਘਦੀ ਉਹ ਜਵਾਨੀ ਦੀਆਂ ਪੌੜੀਆਂ ਚੜ੍ਹ ਰਹੀ ਸੀ।

ਕਿ ... ਉਸ ਦੀ ਮੰਗਣੀ ਹੋ ਗਈ। ਉਸ ਨੂੰ ਕੋਈ ਪਤਾ ਨਾ ਲੱਗਾ। ਵਿਆਹ ਦੀ ਤਾਰੀਖ਼ ਨੇੜੇ ਆਉਂਦੀ ਗਈ। ਉਸ ਦੇ ਕੰਨੀਂ ਵੀ ਭਿਣਕ ਪਈ। ਮਾਨੋਂ ਉਸ ਦਾ ਕਲਪਨਾ-ਮਹਿਲ ਨਿੱਘਰਦਾ ਚਲਾ ਗਿਆ। ‘ਪਤਾ ਨਹੀਂ ਕਿਹੋ ਜਿਹਾ ਹੋਵੇਗਾ ?’ ਆਪਣੇ ਅਣ-ਦੇਖੇ ਪਤੀ ਬਾਰੇ ਕਿਆਸ ਕਰ ਕੇ ਉਹ ਲੂੰ-ਲੂੰ ਕੰਬ ਜਾਂਦੀ ! ਉਹ ਚਾਹੁੰਦੀ ਸੀ ਕਿ ਘਰ ਦਿਆਂ ਨੂੰ ਸਾਫ਼-ਸਾਫ਼ ਜਵਾਬ ਦੇ ਦੇਵੇ ਪਰ ਅਜਿਹਾ ਨਾ ਕਰ ਸਕੀ।

“ਮਾਂ ਬਾਪ ਵੀ ਕਦੇ ਆਪਣੇ ਧੀਆਂ ਪੁੱਤਰਾਂ ਦਾ ਬੁਰਾ ਸੋਚਦੇ ਹਨ ?” ਉਸ ਨੂੰ ਇੱਕੋ ਜਵਾਬ ਮਿਲਦਾ। “ਉਂਜ ਵੀ ਸਾਡੇ ਸਮਾਜ ਵਿਚ ਕੁੜੀਆਂ ਨੂੰ ਕੀ ਅਖ਼ਤਿਆਰ ਹੈ ਕਿ ਉਹ ਵਿਆਹ ਸ਼ਾਦੀ ਦੇ ਮੁਆਮਲੇ ਵਿਚ ਐਨੀਆਂ ਮੂੰਹ-ਜ਼ੋਰ ਤੇ ਮਨ-ਮਰਜ਼ੀ ਕਰਨ ਵਾਲੀਆਂ ਹੋ ਜਾਣ।” ਉਹ ਸੋਚਦੀ, ‘ਪਰ ! ਪਰ ! ਮੈਂ ਬਿਨਾਂ ਸੋਚੇ ਸਮਝੇ, ਦੇਖੇ, ਜਾਣੇ ਕਿਵੇਂ ਉਸ ਨਾਲ ਰਹਾਂਗੀ ? ਇਹ ਜ਼ਿੰਦਗੀ ਦਾ ਸਾਥ ਹੈ। ਕੋਈ ਸੌਦਾ ਖ਼ਰੀਦਣਾ ਜਾਂ ਲਾਟਰੀ ਨਿਕਲਣ ਵਾਲੀ ਗੱਲ ਤਾਂ ਹੈ ਨਹੀਂ।’ ਉਸ ਦੀ ਰੂਹ ਕੁਰਲਾ ਉੱਠਦੀ। ਉਹ ਆਪਣੇ ਮਾਪਿਆਂ ਨੂੰ ਕਹਿਣ-ਕਹਿਣ ਕਰਦੀ ਰਹੀ ਪਰ ਕਹਿ ਨਾ ਸਕੀ। ਮਾਈਆਂ ਲੱਗ ਗਈਆਂ। ਜਨੇਤ ਬੂਹੇ ਉੱਤੇ ਆਣ ਢੁੱਕੀ। ਪਰ ਉਹ ਅੰਦਰੇ-ਅੰਦਰ ਰਿੱਝਦੀ ਰਹੀ, ਰਿੱਝਦੀ ਰਹੀ।

“ਕਲਪਨਾ, ਤੇਰੇ ਪਰਾਹੁਣੇ ਦੀ ਇਕ ਅੱਖ ਰਤਾ ਕੁ ਖ਼ਰਾਬ ਹੈ !” ਉਸ ਦੀ ਸਹੇਲੀ ਦੇ ਇਹ ਸ਼ਬਦ ਮਾਨੋਂ ਉਸ ਦੇ ਮਨ ਉੱਤੇ ਬਿਜਲੀ ਬਣ ਕੇ ਡਿੱਗੇ ਤੇ ਉਸ ਦੇ ਅੰਦਰੋਂ ਦੁੱਖ ਅਤੇ ਵਿੱਦਰੋਹ ਦਾ ਧੂੰਆਂ ਜਿਹਾ ਹਉਕਿਆਂ ਦੇ ਰੂਪ ਵਿਚ ਉੱਠਿਆ !

“ਮੈਂ ਉਸ ਨਾਲ ਵਿਆਹ ਨਹੀਂ ਕਰਾਂਗੀ !” ਉਸ ਨੇ ਦ੍ਰਿੜ੍ਹ ਇਰਾਦਾ ਕਰ ਲਿਆ ਤੇ ਆਪਣੇ ਪਿਤਾ ਨੂੰ ਕਹਿ ਦਿੱਤਾ।

“ਤੂੰ ਕੌਣ ਹੁੰਦੀ ਆਂ ਏਦਾਂ ਕਰਨ ਬਾਲੀ ? ਦੱਸ ਮੁਰੱਬੇ ਆ ਉਸ ਦੇ। ਬੈਠੀ ਖਾਮੇਂਗੀ, ਖ਼ਬਰਦਾਰ, ਜੇ ਮੂੰਹ ’ਚੋਂ ਕੋਈ ਵਾਧੂ ਘਾਟੂ ਲਫ਼ਜ਼ ਕੱਢਿਆ ਤਾਂ !” ਕਾੜ ਕਰਦੀ ਇਕ ਚੁਪੇੜ ਉਸ ਦੀ ਗੱਲ੍ਹ ਵਿਚ ਖੁੱਭ ਗਈ ਤੇ ਉਸ ਦਾ ਭਰਿਆ ਹੋਇਆ ਦਿਲ ਅੱਖੀਆਂ ਰਾਹੀਂ ਵੱਗ ਤੁਰਿਆ ! ਫਿਰ ਇਨ੍ਹਾਂ ਵਗਦੇ ਅੱਥਰੂਆਂ ਵਿਚ ਜਿਵੇਂ ਬਗ਼ਾਵਤ ਤਾਰੀਆਂ ਲਾਉਣ ਲੱਗ ਪਈ !

ਉਸ ਦੀ ਮਾਂ ਅਤੇ ਉਸ ਦੇ ਪਿਤਾ ਨੇ ਪਹਿਲਾਂ ਡਰਾ, ਧਮਕਾ ਕੇ ਤੇ ਫਿਰ ਸਮਝਾ ਕੇ, ਮਿੰਨਤਾ ਤਰਲਾ ਕਰ ਕੇ ਸਮਝਾਉਣ ਦਾ ਯਤਨ ਕੀਤਾ ਪਰ ਉਹ ਨਾ ਮੰਨੀ। ਫੇਰ ਉਸ ਦੇ ਪਿਤਾ ਤੇ ਸਰਪੰਚ, ਜਿਹੜਾ ਉਨ੍ਹਾਂ ਦੇ ਘਰਾਂ ਵਿੱਚੋਂ ਹੀ ਉਸ ਦਾ ਬਾਬਾ ਲੱਗਦਾ ਸੀ, ਨੇ ਉਸ ਦੇ ਪੈਰੀਂ ਆਪਣੀਆਂ ਪੱਗਾਂ ਰੱਖ ਦਿੱਤੀਆਂ ਤੇ

ਕਿਹਾ, "ਧੀਏ, ਦੱਸ ਪਿੰਡ ਆਈ ਜਨੇਤ ਕਿੱਦਾਂ ਮੋੜੀਏ ? ਸਾਰੇ ਪਿੰਡ ਦਾ ਨੱਕ ਵੱਢ ਹੋ ਜਾਊ। ਸਾਡੀ ਬਦਨਾਮੀ ਹੋਊਗੀ। ਫਿਰ ਸਾਡੇ ਸਾਕ ਕਿਸੇ ਨਹੀਂ ਲੈਣੇ। ਹੁਣ ਤਾਂ ਸਾਡੀ ਸਾਰੇ ਪਿੰਡ ਦੀ ਪੱਤ ਤੇਰੇ ਹੱਥਾਂ ਵਿਚ ਆ।"

"ਵਾਹ ! ਚੰਗੀ ਪੱਤ ਹੈ ਜੋ ਇਕ ਅੱਲ੍ਹੜ ਕੁੜੀ ਦਾ ਆਲ੍ਹਣਾ ਤਬਾਹ ਕਰ ਕੇ, ਉਸ ਦੇ ਅਰਮਾਨਾਂ ਦਾ ਖ਼ੂਨ ਕਰ ਕੇ, ਉਸ ਦੇ ਇਰਾਦਿਆਂ ਤੇ ਖ਼ੁਸ਼ੀਆਂ ਦੀ ਬਲੀ ਦੇ ਕੇ ਹੀ ਬਚਦੀ ਹੈ !" ਇਹ ਸੋਚ ਕੇ ਉਹ ਘਿਰਣਾ ਨਾਲ ਮੁਸਕਰਾਈ !

"ਬੱਸ ਧੀਏ ! ਸਾਡਾ ਆਹ ਵੇਲਾ ਨਘਾ ਦੇ ਕਿਸੇ ਤਰ੍ਹਾਂ", ਉਸ ਦੀ ਮਾਂ ਨੇ ਕਿਹਾ ਸੀ, "ਫੇਰ ਤੂੰ ਚਾਹੇ ਉੱਥੇ ਬਸੀਂ, ਚਾਹੇ ਨਾ।"

ਫਿਰ ਉਸ ਦੀਆਂ ਲਾਵਾਂ ਹੋਈਆਂ। ਉਸ ਦਾ ਤਨ ਪਵਿੱਤਰ ਆਦਿ ਬੀੜ ਦੇ ਦੁਆਲੇ-ਦੁਆਲੇ ਘੁਮਾਇਆ ਗਿਆ। ਸੰਗਤ ਦੀ ਹਜ਼ੂਰੀ ਵਿਚ, ਮਹਾਰਾਜ ਦੀ ਹਜ਼ੂਰੀ ਵਿਚ ਨਵੀਂ ਜੋੜੀ ਨੂੰ ਚਾਰ ਵਾਰ ਮੱਥਾ ਟਿਕਾਇਆ ਗਿਆ। ਉਸ ਵਿਚਾਰੀ ਦੇ ਸਰੀਰ ਨੂੰ ਰਸਮਾਂ ਦੀ ਝੋਲੀ ਵਿਚ ਪਾ ਦਿੱਤਾ ਗਿਆ। ਉਸ ਦੀ ਆਤਮਾ, ਉਸ ਦੀ ਕਲਪਨਾ ਨੂੰ ਨਿੰਬੂ ਵਾਂਗ ਨਚੋੜ ਕੇ ਸੁੱਟ ਦਿੱਤਾ ਗਿਆ।

ਫੇਰ ਉਹ ਸਹੁਰੇ ਘਰ ਗਈ। ਉਸ ਦੀ ਸੱਸ ਨੇ ਸੱਤ ਵਾਰ ਪਾਣੀ ਵਾਰ ਕੇ ਪੀਤਾ। ਕੁੜੀਆਂ ਨੇ ਘੁੰਡ ਚੁੱਕ ਕੇ ਉਸ ਦਾ ਮੂੰਹ ਵੇਖਿਆ। ਪਰ ਉਸ ਨੂੰ ਪਤਾ ਨਹੀਂ ਸੀ ਕਿ ਇਹ ਸਭ ਕੁਝ ਕੀ ਹੋ ਰਿਹਾ ਸੀ। ਉਸ ਨੂੰ ਤਾਂ ਨਫ਼ਰਤ ਸੀ ਇਸ ਸਭ ਕੁਝ ਦੇ ਨਾਲ, ਸਖ਼ਤ ਨਫ਼ਰਤ ! ਕਿੱਡੀ ਰਾਤ ਗਈ ਤਕ ਉਹ ਜਾਗਦੀ ਰਹੀ। ਕੋਲ ਹੀ ਨੈਣ ਸੁੱਤੀ ਪਈ ਸੀ, ਸੱਸ ਸੀ, ਜਠਾਣੀ ਸੀ, ਨਨਾਣ ਸੀ। ਪਰ ਉਹ ਇਨ੍ਹਾਂ ਤੋਂ ਬੇਖ਼ਬਰ ਸੀ।

"ਨਹੀਂ ! ਨਹੀਂ ! ਇਹ ਨਹੀਂ ਹੋ ਸਕਦਾ !" ਉਸ ਨੇ ਫ਼ੈਸਲਾ ਕਰ ਲਿਆ। ਉਸ ਦੇ ਲੂੰ-ਲੂੰ 'ਚੋਂ ਬਗਾਵਤ ਫੁੱਟ ਪਈ। ਨਾਲੇ ਉਸ ਦੀ ਮਾਂ ਨੇ ਵੀ ਤਾਂ ਕਿਹਾ ਸੀ ਕਿ ਚਾਹੇ ਉੱਥੇ ਵਸੀਂ ਚਾਹੇ ਨਾ, ਤੂੰ ਸਾਡਾ ਹੁਣ ਦਾ ਵੇਲਾ ਲੰਘਾ ਦੇਹ। ਵੇਲਾ ਤਾਂ ਬੜਾ ਸੁਹਣਾ ਲੰਘ ਚੁੱਕਾ ਸੀ। ਉਸ ਨੇ ਆਪਣਾ ਪਾਰਟ ਅਦਾ ਕਰ ਦਿੱਤਾ ਸੀ। ਉਸ ਦਾ ਫ਼ਰਜ਼ ਖ਼ਤਮ ਹੋ ਚੁੱਕਾ ਸੀ। ਸੋਚਾਂ ਦੇ ਡੂੰਘੇ ਸਾਗਰ 'ਚੋਂ ਉਹ ਹੜਬੜਾ ਕੇ ਉੱਠੀ ਤੇ ਆਲੇ-ਦੁਆਲੇ ਇਕ ਘੋਖਵੀਂ ਨਜ਼ਰ ਨਾਲ ਵੇਖਿਆ। ਸਭ ਬੇਖ਼ਬਰੀ ਦੀ ਨੀਂਦਰ ਵਿਚ ਸੁੱਤੀਆਂ ਹੋਈਆਂ ਸਨ। ਮਲਕੜੇ ਜਿਹੇ ਉੱਠ ਕੇ ਦੱਬੇ ਪੈਰੀਂ ਉਹ ਵਿਹੜੇ ਵਿਚ ਆਈ। ਵੱਡਾ ਤੜਕਾ ਹੋਣ ਵਾਲਾ ਸੀ। ਫੇਰ ਉਸ ਦੇ ਪੈਰ ਆਪ-ਮੁਹਾਰਾ ਹੀ ਬਾਹਰਲੇ ਦਰਵਾਜ਼ੇ ਵਲ ਵਧੇ।

'ਖੱਟ' ਦੀ ਹਲਕੀ ਜਿਹੀ ਆਵਾਜ਼ ਨਾਲ ਕੁੰਡਾ ਖੁੱਲ੍ਹਿਆ ਤੇ ਸਭ ਨੂੰ ਸੁੱਤਿਆਂ ਛੱਡ ਕੇ ਉਹ ਮੂੰਹ-ਨ੍ਹੇਰੇ ਹੀ ਆਪਣੇ ਪਿੰਡ, ਜਿਹੜਾ ਕਿ ਛਿਆਂ ਮੀਲਾਂ ਦੀ ਵਿੱਥ ਉੱਤੇ ਸੀ, ਪੁੱਜ ਗਈ।

ਧੀ ਨੂੰ ਕੱਲ੍ਹਿਆਂ ਆਉਂਦਿਆਂ ਵੇਖ ਮਾਂ ਦਾ ਕਲੇਜਾ ਮੂੰਹ ਨੂੰ ਆ ਗਿਆ, "ਇਹ ਕੀ ?" ਉਸ ਨੇ ਪੁੱਛਿਆ।

"ਤੁਹਾਡਾ ਵਕਤ ਲੰਘਾ ਦਿੱਤਾ ਏ ਮੈਂ !" ਉਹ ਫਿੱਸ ਪਈ।

ਫੇਰ ਸਾਰੇ ਘਰ ਦੇ ਜੀਅ ਉਸ ਨਾਲ ਨਫ਼ਰਤ ਕਰਨ ਲੱਗ ਪਏ। ਪੈਰ-ਪੈਰ ਤੇ ਗਾਲ੍ਹਾਂ, ਟੋਕਾਂ, ਊਜਾਂ। ਪਰ ਉਹ ਨਾ ਘਬਰਾਈ। ਉਸ ਨੇ ਇਕ ਸੁਫ਼ਨਾ ਉਣਿਆਂ ਸੀ, ਉੱਜਲੇ ਭਵਿੱਖ ਦਾ। ਇਕ ਕਲਪਨਾ ਕੀਤੀ ਸੀ ਆਉਣ ਵਾਲੇ ਸਮੇਂ ਦੀ ਤੇ ਇਸ ਸਮੇਂ ਦੇ ਆਉਣ ਤਕ ਉਹ ਹਰ ਜ਼ਿਆਦਤੀ ਝੱਲਣ ਲਈ ਤਿਆਰ ਸੀ। ਹਰ ਵਾਰ ਜਰ ਸਕਦੀ ਸੀ। ਦਸਵੀਂ ਉਹ ਪਾਸ ਸੀ। ਟਾਈਪ ਉਸ ਨੇ ਸਿੱਖ ਲਿਆ ਸੀ।

ਫੇਰ ਇਕ ਦਿਨ ਉਸ ਦੇ ਪਿਤਾ ਜੀ, ਗੁੱਸੇ ਵਿਚ ਭਰੇ ਪੀਤੇ ਘਰ ਆਏ। ਉਹ ਵੇਹੜੇ ਵਿਚ ਬੈਠੀ ਕੋਈ ਪੱਤਰ ਪੜ੍ਹ ਰਹੀ ਸੀ।

"ਨਿਕਲ ਜਾਹ ! ਤੂੰ ਹੁਣ ਨਿਕਲ ਜਾਹ ਕਲ-ਮੂੰਹੀਏਂ। ਤੂੰ ਮੈਨੂੰ ਕਿਤੇ ਨੱਕ ਦੇਣ ਜੋਗਾ ਨਹੀਂ ਛੱਡਿਆ। ਤੇਰੀਆਂ ਕਰਤੂਤਾਂ ਕਰ ਕੇ ਮੇਰੀਆਂ ਦੂਜੀਆਂ ਧੀਆਂ ਦਾ ਸਾਕ ਬੀ ਕੋਈ ਨੀਂ ਲੈਂਦਾ।" ਪਰ ਉਹ ਅਡੋਲ ਮੁਸਕਰਾ ਰਹੀ ਸੀ। ਉਸ ਦੇ ਪਿਤਾ ਨੂੰ ਹੋਰ ਵੀ ਗੁੱਸਾ ਆ ਗਿਆ।

"ਸੁਣਿਆ ਨੀਂ ਕਮਜਾਤੇ, ਨਿਕਲ ਜਾਹ ਕਿਤੇ ਕਾਲਾ ਮੂੰਹ ਕਰ ਕੇ, ਹੋ ਜਾਹ ਮੇਰੀਆਂ ਨਜ਼ਰਾਂ ਤੋਂ ਦੂਰ !"

"ਕਲਪਨਾ ਦੇ ਭਾਈਆ, ਐਨਾ ਕਰੋਪੀ ਨਾ ਹੋ !" ਮਾਂ ਨੇ ਧੀ ਦਾ ਪੱਖ ਕਰਦਿਆਂ ਕਿਹਾ।

"ਨਹੀਂ ਮਾਤਾ ਜੀ, ਹੁਣ ਮੈਂ ਵੀ ਬਹੁਤਾ ਚਿਰ ਏਸ ਘਰ ਵਿਚ ਨਹੀਂ ਰਹਿਣਾ ਚਾਹੁੰਦੀ !" ਉਸ ਨੇ ਨਿਮਰਤਾ ਨਾਲ ਉੱਤਰ ਦਿੱਤਾ।

"ਤੂੰ ਕੱਲ੍ਹ ਦੀ ਜਾਂਦੀ ... !"

"ਜਾਹ ਧੀਏ ਤੂੰ ਅੰਦਰ ਜਾ ਕੇ ਬਹੁ। ਤੇਰੇ ਭਾਈਏ ਨੂੰ ਐਮੇਂ ਗੁੱਸਾ ਆ ਜਾਂਦਾ ਆ !" ਉਸ ਦੀ ਮਾਤਾ ਨੇ ਉਸ ਦੇ ਪਿਤਾ ਦੀ ਗੱਲ ਵਿੱਚੋਂ ਹੀ ਟੁੱਕ ਕੇ ਉਸ ਨੂੰ ਉਠਾਲਦਿਆਂ ਕਿਹਾ।

ਉਹ ਚੁੱਪ ਕਰ ਕੇ ਅੰਦਰ ਚਲੀ ਗਈ। ਉਸ ਦੀ ਮਾਤਾ ਉਸ ਦੇ ਪਿਤਾ ਨੂੰ ਸਮਝਾ ਰਹੀ ਸੀ।

"ਨਹੀਂ, ਹੁਣ ਇਹਦੇ ਲਈ ਮੇਰੇ ਘਰ ਬਿੱਚ ਕੋਈ ਥਾਂ ਨਹੀਂ।" ਉਸ ਦਾ ਪਿਤਾ ਬਜ਼ਿੱਦ ਸੀ।

"ਹਾਂ, ਮਾਤਾ ਜੀ, ਪਿਤਾ ਜੀ ਠੀਕ ਹੀ ਕਹਿੰਦੇ ਹਨ। ਤੁਸੀਂ ਆਪ ਹੀ ਦੱਸੋ ਹੁਣ ਮੈਂ ਘਰ ਵਿਚ ਕਿਵੇਂ ਰਹਿ ਸਕਦੀ ਹਾਂ ? ਅਹਿ ਵੇਖੋ ਨਾ ਮੇਰਾ ਅਪੁਆਇੰਟਮੈਂਟ ਲੈਟਰ। ਮੈਨੂੰ ਸਟੈਨੋ ਦੀ ਨੌਕਰੀ ਮਿਲ ਗਈ ਹੈ।" ਕਲਪਨਾ ਹੱਥਾਂ ਵਿਚ ਅਟੈਚੀ ਕੇਸ ਲੈ ਕੇ ਆਪਣੇ ਮਾਤਾ-ਪਿਤਾ ਦੀਆਂ ਨਜ਼ਰਾਂ ਤੋਂ ਓਝਲ ਹੁੰਦੀ ਚਲੇ ਗਈ।

ਕਹਾਣੀ ਖ਼ਤਮ ਕਰ ਕੇ ਮੈਂ ਉਸ ਕੁੜੀ ਵੱਲ ਵੇਖਿਆ। ਉਹ ਰੁਮਾਲ ਨਾਲ ਆਪਣੀਆਂ ਅੱਖਾਂ ਖ਼ੁਸ਼ਕ ਕਰ ਰਹੀ ਸੀ। ਉਸ ਨੇ ਮੇਰੇ ਵਲ ਸ਼ਿਕਾਇਤ ਭਰੀਆਂ ਨਜ਼ਰਾਂ ਨਾਲ ਵੇਖਿਆ। ਉਨ੍ਹਾਂ ਵਿਚ ਵੇਖਣ ਦਾ ਮੇਰਾ ਹੀਆ ਨਾ ਪਿਆ। ਪ੍ਰਧਾਨ ਹੋਰਾਂ ਦੇ ਅਨੁਰੋਧ ਉੱਤੇ ਹੁਣ ਮੇਰੀ ਕਹਾਣੀ ਪੁਰ ਆਲੋਚਨਾ ਆਰੰਭ ਹੋ ਗਈ ਸੀ।

"ਇਹ ਕਹਾਣੀ ਵਰਤਮਾਨ ਭੈੜੀਆਂ ਰੀਤਾਂ ਵਿਰੁੱਧ ਇਸਤਰੀ ਦੇ ਅਮਲੀ ਕਦਮਾਂ ਵਲ ਸੰਕੇਤ ਕਰਦੀ ਹੈ।" 'ਦੁਸਾਂਝ' ਨੇ ਝਕਦਿਆਂ-ਝਕਦਿਆਂ ਪ੍ਰਧਾਨ ਹੋਰਾਂ ਵਲ ਵੇਖਦਿਆਂ ਮੇਰੀ ਕਹਾਣੀ ਉੱਤੇ ਪੜਚੋਲ ਕੀਤੀ।

"ਪਰ ਇਹ ਇਸ ਪਾਸੇ ਵੀ ਸੰਕੇਤ ਕਰਦੀ ਹੈ ਕਿ ਅਜਿਹੇ ਕਰਮ ਲਈ ਇਸਤਰੀ ਦਾ ਆਤਮ-ਨਿਰਭਰ ਹੋਣਾ ਵੀ ਅਵਸ਼ਕ ਹੈ।" 'ਨਿਰਦੋਸ਼' ਨੇ ਠੋਕਾ ਦਿੱਤਾ।

"ਪਰ, ਸੱਜਣੋਂ ਇਸ ਕਹਾਣੀ ਵਿਚ ਯਥਾਰਥਵਾਦ ਤਾਂ ਉੱਕਾ ਹੀ ਨਹੀਂ। ਬਸ, ਲੇਖਕ ਦੇ ਕਹਿਣ ਅਨੁਸਾਰ ਇਹ ਇਕ ਕਲਪਨਾ ਹੀ ਹੈ। ਧਰਤੀ ਦੀ ਚੀਜ਼ ਨਹੀਂ। ਭਲਾ ਸੋਚੋ ਕਿਹੜੀ ਕੁੜੀ ਸਾਡੇ ਸਮਾਜ ਵਿਚ ਇਹੋ ਜਿਹਾ ਸਟੈੱਪ ਚੁੱਕ ਸਕਦੀ ਹੈ !" ਬੁੱਢੇ ਪ੍ਰਧਾਨ ਨੇ ਦਾੜ੍ਹੀ 'ਤੇ ਹੱਥ ਫੇਰਦਿਆਂ ਕਿਹਾ।

"ਠੀਕ, ਬਿਲਕੁਲ ਠੀਕ !" ਇਕਦਮ ਕਈ ਧੌਣਾਂ ਉਨ੍ਹਾਂ ਦੀ ਪ੍ਰੋੜ੍ਹਤਾ ਵਿਚ ਹਿੱਲੀਆਂ। ਮੇਰੀਆਂ ਨਜ਼ਰਾਂ ਉਸ ਕੁੜੀ ਉੱਤੇ ਲੱਗੀਆਂ ਹੋਈਆਂ ਸਨ। ਉਸ ਕੋਲੋਂ ਹੀ ਮੈਂ ਕੁਝ ਪ੍ਰਸੰਸਾ ਦੀ ਆਸ ਰੱਖਦਾ ਸਾਂ। ਮੈਨੂੰ ਇੰਜ ਲੱਗਾ ਜਿਵੇਂ ਉਹ ਕੁਝ ਕਹਿਣਾ ਚਾਹੁੰਦੀ ਹੋਵੇ। ਉਸ ਦੇ ਬੁੱਲ੍ਹ ਥੋੜ੍ਹੇ ਜਿਹੇ ਫਰਕੇ, ਪਰ ਉਹ ਬੋਲ ਕੁਝ ਨਾ ਸਕੀ।

ਮੀਟਿੰਗ ਦੇ ਬਰਖ਼ਾਸਤ ਹੋਣ ਪੁਰ ਮੈਂ ਵੀ ਆਪਣੇ ਕਾਗ਼ਜ਼ ਸਮੇਟਣੇ ਸ਼ੁਰੂ ਕਰ ਦਿੱਤੇ। ਇਕ-ਇਕ ਕਰ ਕੇ ਸਾਰੇ ਜਣੇ ਚਲੇ ਗਏ। ਮੈਂ ਵੀ ਉੱਠਣ ਲੱਗਾ ਸਾਂ ਕਿ ਮੇਰੀ ਨਜ਼ਰ ਓਸ ਕੁੜੀ ਉੱਤੇ ਪਈ। ਦਿਲ ਕਹਿੰਦਾ ਸੀ ਕਿ ਘੱਟੋ ਘੱਟ ਇਹ ਕੁੜੀ ਤਾਂ ਮੇਰੀ ਕਹਾਣੀ ਪਸੰਦ ਕਰ ਲਵੇ।

"ਤੁਸੀਂ ਕਹਾਣੀ-ਚੋਰ ਹੋ !" ਉਸ ਮੇਰੇ ਸਿਰ ਉੱਤੇ ਬੰਬ ਫਟਾ ਦਿੱਤਾ ! ਪਲ ਦੀ ਪਲ ਮੈਂ ਚੱਕ੍ਰਿਤ ਹੋ ਗਿਆ। 'ਕੀ ਇਹੋ ਗੱਲ ਕਹਿਣ ਲਈ ਇਹ ਰੁਕੀ ਹੋਈ ਸੀ ?'

"ਕੀ ਕਿਹਾ ਜੇ ?" ਮੇਰੇ ਮੂੰਹੋਂ ਸੁਭਾਵਕ ਹੀ ਨਿਕਲ ਗਿਆ।

"ਤੁਸੀਂ ਕਹਾਣੀ-ਚੋਰ ਹੋ।" ਉਸ ਨੇ ਅੱਗੇ ਨਾਲੋਂ ਵੀ ਵਧੇਰੇ ਦ੍ਰਿੜ੍ਹਤਾ ਨਾਲ ਆਖਿਆ। ਮੈਂ ਸਿਰ ਤੋਂ ਪੈਰਾਂ ਤੀਕ ਕੰਬ ਗਿਆ। ਸੋਚ ਰਿਹਾ ਸਾਂ ਇਹ ਕੁੜੀ ਵੀ ਸ਼ਾਇਦ ਕੋਈ ਕਹਾਣੀਕਾਰ ਹੋਵੇਗੀ ਤੇ ਇਸ ਦੀ

ਕਿਸੇ ਕਹਾਣੀ ਨਾਲ ਮੇਰੀ ਕਹਾਣੀ ਕੁਝ ਰਲਦੀ ਹੋਵੇਗੀ। ਪਰ ਇਸ ਨੂੰ 'ਕਹਾਣੀ-ਚੋਰ' ਦਾ ਫਤਵਾ ਲਾਉਣ ਦਾ ਕੀ ਹੱਕ ਹੈ ?

"ਪਰ ਇਹ ਤਾਂ ਮੈਂ ਆਪ ... !"

"ਮੈਂ ਠੀਕ ਕਹਿਨੀ ਆਂ ਬਿਲਕੁਲ ਠੀਕ !" ਉਸ ਨੇ ਮੇਰੀ ਗੱਲ ਨੂੰ ਵਿੱਚੇ ਟੁੱਕ ਕੇ ਮੈਨੂੰ ਹੋਰ ਵੀ ਅਚੰਭੇ ਵਿਚ ਪਾ ਦਿੱਤਾ।

ਫੇਰ ਮੈਂ ਸੋਚਿਆ ਕਿ ਸ਼ਾਇਦ ਇਸ ਨੇ ਮੇਰੀ ਕਹਾਣੀ ਨਾਲ ਰਲਦੀ ਮਿਲਦੀ ਕੋਈ ਕਹਾਣੀ ਕਿਸੇ ਰਸਾਲੇ ਵਿਚ ਪੜ੍ਹੀ ਹੋਵੇ। ਅੱਜ ਕੱਲ੍ਹ ਐਨਾ ਸਾਹਿਤ ਰਚਿਆ ਜਾ ਰਿਹਾ ਹੈ ਕਿ ਜੇ ਮਾੜੀ ਮੋਟੀ ਕੋਈ ਚੀਜ਼ ਕਿਸੇ ਨਾਲ ਰਲ ਜਾਵੇ ਤਾਂ ਇਹ ਕਿਹੜਾ ਐਡਾ ਭਾਰਾ ਦੋਸ਼ ਸੀ। ਅਜੀਬ ਹਾਲਤ ਦਾ ਸਾਮ੍ਹਣਾ ਪਿਆ ਸੀ ਅੱਜ ਤਾਂ ਮੈਨੂੰ ? 'ਆਸਮਾਨ ਤੋਂ ਡਿੱਗੇ ਖਜੂਰ ਵਿਚ ਅਟਕੇ' ਵਾਲੀ ਗੱਲ ਹੋਈ ਸੀ ਇਹ ਤਾਂ। ਮੈਨੂੰ ਇੰਜ ਜਾਪਿਆ ਜਿਵੇਂ ਉਹ ਮੇਰੀ ਕਹਾਣੀ ਨਾਲ ਰਲਦੀ ਮਿਲਦੀ ਕਿਸੇ ਕਹਾਣੀ ਦਾ ਨਾਮ ਯਾਦ ਕਰਨ ਦਾ ਯਤਨ ਕਰ ਰਹੀ ਹੋਵੇ। ਮੈਂ ਇਸ ਅਵਸਰ ਤੋਂ ਲਾਭ ਉਠਾਉਣ ਲਈ ਤੇ ਗੱਲ ਨੂੰ ਮੁਕਾਉਣ ਲਈ ਆਪਣਾ ਇਹ ਸਵਾਲ-'ਕੀ ਤੁਸੀਂ ਵੀ ਕਹਾਣੀ ਲਿਖਦੇ ਹੋ ?' ਕਰਨਾ ਚਾਹੁੰਦਾ ਸਾਂ ਕਿ ਉਹ ਪਹਿਲਾਂ ਹੀ ਬੋਲ ਉੱਠੀ :

"ਤੁਹਾਡੇ ਵਿਚਾਰ ਵਿਚ ਕਲਪਨਾ ਨੇ ਠੀਕ ਕੀਤਾ ਕਿ ਗਲਤ ?"

"ਠੀਕ !" ਮੈਂ ਸੁਭਾਵਕ ਹੀ ਆਖਿਆ, ਪਰ ਉਸ ਦੇ ਇਸ ਸਵਾਲ ਨੇ ਮੈਨੂੰ ਉਸ ਦੇ ਕਿਰਦਾਰ ਬਾਰੇ ਹੋਰ ਵੀ ਅਚੰਭੇ ਵਿਚ ਪਾ ਦਿੱਤਾ। ਅਜੀਬ ਕੁੜੀ ਸੀ ਇਹ ! ਆਖ਼ਰ ਇਹ ਕਹਿਣਾ ਕੀ ਚਾਹੁੰਦੀ ਸੀ ?

"ਕੀ ਤੁਸੀਂ ਆਪ ਵੀ ਕਹਾਣੀ ਲਿਖਦੇ ਹੋ ?" ਮੈਂ ਕਾਹਲਿਆਂ ਪੈ ਕੇ ਪੁੱਛ ਹੀ ਬੈਠਾ।

"ਦੱਸਦੀ ਆਂ, ਦੱਸਦੀ ਆਂ, ਕਾਹਲੇ ਕਿਉਂ ਪੈਂਦੇ ਹੋ ?" ਅਜੀਬ ਕੁੜੀ ਸੀ ਉਹ ! ਮੈਂ ਸੋਚ ਰਿਹਾ ਸਾਂ।

"ਮੈਂ ਆਪ ਇਕ ਤੁਰਦੀ-ਫਿਰਦੀ ਕਹਾਣੀ ਹਾਂ।" ਉਸ ਨੇ ਮੈਨੂੰ ਹੋਰ ਵੀ ਹੈਰਾਨ ਕਰ ਦਿੱਤਾ।

"ਪਰ, ਇਸ ਦਾ ਮੇਰੀ ਕਹਾਣੀ ਨਾਲ ਕੀ ਸੰਬੰਧ ?" ਮੈਂ ਛਿੱਥਿਆਂ ਪੈ ਕੇ ਪੁੱਛਿਆ।

"ਜੇ ਤੁਸੀਂ ਆਪਣੀ ਕਹਾਣੀ ਵਿਚ 'ਕਲਪਨਾ' ਦੀ ਥਾਂ 'ਕਮਲੇਸ਼' ਨਾਂ ਕਰ ਦਿਓ ਤਾਂ ਇਹ ਮੇਰੀ ਕਹਾਣੀ ਬਣ ਜਾਵੇਗੀ।"

ਪਲ ਦੀ ਪਲ ਉਸ ਦੀਆਂ ਅੱਖਾਂ ਵਿਚ ਦੋ ਅੱਥਰੂ ਛਲਕੇ ਤੇ ਉਨ੍ਹਾਂ ਵਿਚ ਮੈਨੂੰ ਕਲਪਨਾ ਦੇ ਅੱਥਰੂਆਂ ਦੀ ਬਾਗ਼ੀ ਨੁਹਾਰ ਉੱਘੜਦੀ ਦਿੱਸੀ।

# ਭਾਗ ਦੂਜਾ : 30 ਕਾਵਿ-ਕਹਾਣੀਆਂ ਤੇ ਗੱਦ-ਕਾਵਿ-ਕਥਾਵਾਂ (1965-2010)



# ਕਾਵਿ-ਕਥਾ ਤੇ ਗੱਦ-ਕਾਵਿ-ਕਥਾ : ਤਿੰਨ ਟਿਪਣੀਆਂ

What I admire most in Ravi is the daredevil manner in which he plunges himself into experimenting with form and content. The collection has as many as four short stories unfolded in verse. I have always believed that a successful short story reads like a piece of poetry.

**-ਕਰਤਾਰ ਸਿੰਘ ਦੁੱਗਲ**
Success of Punjabi Short Story,
Excerpt from the review of: "Computer Culture",
The Tribune, November 16, 1985

* * *

ਰਵੀ ਆਪਣੀਆਂ ਕਹਾਣੀਆਂ ਵਿਚ ਵੱਖ ਵੱਖ ਨਸਲਾਂ, ਦੇਸ਼ਾਂ ਦੇ ਪਾਤਰ ਤੇ ਉਨ੍ਹਾਂ ਦੀਆਂ ਸਥਿਤੀਆਂ ਨੂੰ ਲੈ ਕੇ ਉਨ੍ਹਾਂ ਦੀਆਂ ਮਨੋਵਿਗਿਆਨਕ ਤੇ ਯਥਾਰਥਕ ਡੂੰਘਾਈਆਂ ਨੂੰ ਫਰੋਲਦਾ ਹੈ।

ਇਸ ਪੁਸਤਕ ਦਾ ਦੂਜਾ ਭਾਗ ਕਾਵਿ-ਕਥਾ, ਵਿਕਥਾ, ਗੱਦ ਕਾਵਿ-ਕਥਾ ਇਸ ਪੁਸਤਕ ਦਾ ਉੱਤਮ ਭਾਗ ਹੈ, ਕਿਉਂਕਿ ਲੇਖਕ ਕਾਵਿ-ਅੰਸ਼ਾਂ, ਗੱਦ ਤੇ ਕਥਾ-ਸਥਿਤੀਆਂ ਨੂੰ ਰਲਾ ਕੇ ਇਕ ਨਵਾਂ ਰੂਪਾਕਾਰ ਬਣਾਉਣ ਦਾ ਯਤਨ ਕਰਦਾ ਹੈ। ਇਸ ਰੂਪਕਾਰ ਵਿਚ ਇਕ ਪਾਸੇ ਪਾਤਰ ਤੇ ਦੂਜੇ ਪਾਸੇ ਪਾਤਰ ਦੀ ਸਥਿਤੀ 'ਚੋਂ ਲੇਖਕ ਤੇ ਪੈਂਦੇ ਪ੍ਰਭਾਵ 'ਚੋਂ (ਦੋ ਵਿਅਕਤਿਤਵਾਂ ਦੇ ਸੰਗ੍ਰਹਿ 'ਚੋਂ) ਇਕ ਵੱਖਰੀ ਸ਼ੈਲੀ ਦੀ ਸਿਰਜਣਾ ਹੁੰਦੀ ਹੈ।

**-ਡਾ. ਸੁਤਿੰਦਰ ਸਿੰਘ ਨੂਰ**
(**"ਜਿੱਥੇ ਦੀਵਾਰਾਂ ਨਹੀਂ"** ਦੇ ਰੀਵੀਊ ਵਿੱਚੋਂ)
**"ਪੰਜਾਬੀ ਟ੍ਰਿਬਿਊਨ"**, 29 ਸਤੰਬਰ, 1979

* * *

ਦੂਜੇ ਭਾਗ ਵਿਚ ਵੱਖ ਵੱਖ ਕਥਾ-ਪ੍ਰਯੋਗ ਹਨ। ਪਹਿਲਾ 'ਜੰਗਲ ਦਾ ਸੂਰ' ਇਕ ਕਾਵਿ-ਕਥਾ ਹੈ ਜਿਸ ਨੂੰ ਇਕ ਮੋਨੋਲਾਗ ਕਹਿਣਾ ਵਧੇਰੇ ਉਚਿਤ ਹੋਵੇਗਾ। 'ਮਿੱਧੇ ਹੋਏ ਫੁੱਲ' ਵਿਚ ਚੇਤਨਾ-ਪ੍ਰਵਾਹ ਸ਼ੈਲੀ ਵਿਚ ਗੁੰਗੇ ਬੋਲੇ ਬੱਚਿਆਂ ਦੇ ਸਕੂਲ ਦੇ ਮਾਧਿਅਮ ਨਾਲ ਮਨੁੱਖੀ ਮਨ ਦੀ ਅਕਹਿ ਪੀੜ ਨੂੰ ਜ਼ਬਾਨ ਦਿੱਤੀ ਗਈ ਹੈ। ਹਰ ਕਹਾਣੀ ਕਿਸੇ ਹੋਰ ਦੀ ਕਹਾਣੀ ਹੁੰਦੇ ਹੋਏ ਵੀ ਰਵੀ ਦੇ ਕਵੀ-ਮਨ ਦੀ ਸੁੰਨ-ਮਸਾਨ ਇਕੱਲ, ਨਿਰਾਸ਼ਾ ਤੇ ਇਨ੍ਹਾਂ ਸਭਨਾਂ ਤੋਂ ਉਪਜੀ ਜੀਵਨ ਜੀਣ ਦੀ ਚਾਹ, ਭਾਵੁਕਤਾ ਤੇ ਗੁੱਝੀ ਪੀੜ ਨਜ਼ਰ ਪੈਂਦੀ ਹੈ। ਇਸ ਭਾਵਨਾ ਦੇ ਨਾਲ ਹੀ ਮਨ ਵਿਚ ਇਕ ਤਣਾਅ ਦੀ ਅਵਸਥਾ ਹੈ, ਸਮੁੰਦਰ ਮੰਥਨ ਤੋਂ ਲੈ ਕੇ ਸੰਸਾਰ ਚੱਕਰ ਤਕ। ਮੌਤ ਦਾ ਡਰ ਉਸ ਨੂੰ ਨਿਰਾਸ਼ ਤਾਂ ਕਰਦਾ ਹੈ, ਪਰ ਕਰਮ-ਸੁੰਨ ਨਹੀਂ।

**-ਡਾ. ਧਰਮਪਾਲ ਸਿੰਗਲ**
(**"ਜਿੱਥੇ ਦੀਵਾਰਾਂ ਨਹੀਂ"** ਦੇ ਰੀਵੀਊ ਵਿੱਚੋਂ)
"ਅਜੀਤ" ਸਤੰਬਰ 1979

# ਨਿੱਕੀਆਂ ਨਿੱਕੀਆਂ ਗੱਲਾਂ

**(ਕਾਵਿ–ਕਥਾ)**

ਨਿੱਕੀਆਂ ਨਿੱਕੀਆਂ ਗੱਲਾਂ ਵਿਚ
ਵੱਡੀ ਸਾਰੀ ਉਮਰ ਬੀਤ ਚੱਲੀ ਹੈ !!!

ਤੇਰਾ ਸੁਭਾ ਨਹੀਂ ਬਦਲਿਆ
ਨਾ ਹੀ ਬਦਲਣ ਵਿਚ, ਤੂੰ ਮੇਰੀ
ਮਦਦ ਕੀਤੀ ਹੈ।

ਮੈਂ ਅਜੇ ਵੀ
ਚੁੱਲ੍ਹੇ ਉੱਤੇ ਪਾਣੀ ਰੱਖ ਕੇ ਭੁੱਲ ਜਾਂਦਾ ਹਾਂ
ਤੇ ਤੂੰ ਅਜੇ ਵੀ
ਭਾਫ਼ ਬਣੇ ਪਾਣੀ ਬਾਅਦ
ਸੁਰਖ਼ ਹੋਏ ਪਤੀਲੇ ਵਾਂਗ
ਤਪ ਜਾਂਦੀ ਹੈਂ
ਹਰ ਦਿਨ ਇਕ ਨਵਾਂ ਰਣ ਬਣਨ ਲਈ।

ਤੈਨੂੰ ਬਲਦੇ ਛੱਡੇ ਬਲਬ ਦੇ
ਵਿਅਰਥ ਹੋ ਰਹੇ ਚਾਨਣ
ਜਾਂ ਬਿਜਲੀ ਦੇ ਬਿੱਲ ਦੇ ਵਧਣ
ਦੀ ਏਨੀਂ ਚਿੰਤਾ ਨਹੀਂ,
ਜਿੰਨੀ ਏਸ ਗੱਲ ਦੀ, ਕਿ
ਮੇਰੇ ਸਿਰ ਇਕ ਹੋਰ ਗੋਲ ਕਿਉਂ ਨਹੀਂ ਹੋਇਆ ?

ਮੈਂ ਤਾਂ ਇਹ ਹੀ ਚਾਹਿਆ ਸੀ ਸਦਾ, ਕਿ
ਤੂੰ ਮੇਰੀਆਂ ਅੱਖਾਂ ਵਿਚ
ਬੇਖ਼ੌਫ਼ ਹੋ ਕੇ ਵੇਖੇਂ ਤੇ ਕਹੇਂ :

'ਆਪਣੇ ਅੰਦਰਲੇ ਅਪਰਾਧੀ ਨੂੰ
ਮੇਰੇ ਹਵਾਲੇ ਕਰ,
ਇਸ ਨੂੰ ਤਾ-ਉਮਰ
ਆਪਣੀ ਮੁਹੱਬਤ ਦੀ ਸਜ਼ਾ ਦਿਆਂ।'

ਪਤਾ ਨਹੀਂ,
ਤੂੰ ਤਾਂ ਆਪਣੀਆਂ ਪਲਕਾਂ ਦੇ
ਘੁੰਡ ਉਹਲਿਉਂ ਹੀ ਨਾ ਨਿਕਲੀ
ਤੇ ...
ਵਿੱਚੇ ਵਿੱਚ ਇਕ ਲੀਕ ਖਿੱਚ ਲਈ !

ਇਹ ਜਾਣਦਿਆਂ, ਕਿ
ਤਰੇੜਾਂ ਵਰਗੀਆਂ ਲੀਕਾਂ ਵਿਚ
ਤਿੜਕੀ ਹੋਈ ਹੋਂਦ ਵੱਸਦੀ ਹੈ—
ਤੇ ...
ਇਸ ਲਈ ਕਿ ਤੇਰੀਆਂ ਲੀਕਾਂ
ਤਰੇੜਾਂ ਨਾ ਬਣਨ,
ਮੈਂ ਇਨ੍ਹਾਂ ਲਈ
ਸੱਚ ਵਰਗੇ ਕਈ ਭਰਮ ਸਿਰਜ ਲਏ :
ਬੱਚੇ, ਮਿੱਤਰ, ਰਿਸ਼ਤੇਦਾਰ
ਵਾਕਫ਼,
ਤਾਂ ਕਿ
ਮੇਲੇ ਜਿਹੇ ਵਿਚ
ਤੇਰਾ ਦਿਲ ਲੱਗਾ ਰਹੇ !!!

ਤੇਰਾ ਰਿਸ਼ਤਿਆਂ ਦੇ ਜੰਗਲ ਵਿਚ
ਗੁੰਮ ਗੁਆਚ ਜਾਣਾ
ਚੰਗਾ, ਚੰਗਾ ਲੱਗਦਾ ਸੀ
ਕਿਉਂਕਿ
ਗੁੰਮ-ਸ਼ੁਦਾ ਨੂੰ ਤਾਂ ਲੱਭਿਆ ਜਾ ਸਕਦਾ ਹੈ,
ਪਰ ਟੁੱਟੇ ਨੂੰ ਜੋੜਿਆ ਨਹੀਂ !
ਮਿੱਟੀ ਦਾ ਵਜੂਦ ਹਾਂ,
ਜਾਣਦਾ ਹਾਂ !
ਕਿ ਤਿੜਕੇ ਹੋਏ ਬਰਤਨ
ਟੁੱਟ ਤਾਂ ਸਕਦੇ ਹਨ,
ਜੁੜ ਨਹੀਂ ਸਕਦੇ !

ਮੈਥੋਂ ਅਜੇ ਵੀ
ਚਾਹ ਦੇ ਕੱਪ ਵਿਚ ਪਾਉਂਦਿਆਂ
ਮੇਜ਼ ਉੱਤੇ
ਖੰਡ ਖਿੱਲਰ ਜਾਂਦੀ ਹੈ।

ਮੇਰੇ ਖਿੱਲਰਣ ਨਾਲ
ਤੂੰ ਆਪਣੇ ਅੰਦਰ
ਹੋਰ ਵਧੇਰੇ ਬੱਝ ਜਾਂਦੀ ਹੈਂ,
ਪੀਡੀ ਗੱਠੜੀ, ਗੋਲ ਗੰਢ ਵਾਂਗ !

ਕਿਉਂ ਨਹੀਂ ਆਖਦੀ ਤੂੰ ...
ਖੁੱਲ੍ਹ ਕੇ ...
ਕਿ ਮੈਂ ਬੜਾ ਬੇਵਫ਼ਾ ਹਾਂ—
ਘਰ ਵੱਲ ਨਜ਼ਰ ਨਹੀਂ ਕਰਦਾ,
ਬਾਹਰ ਦੀ ਮਹਿਕ ਵੱਲ
ਭੱਜਦਾ, ਭਟਕਦਾ ਹਾਂ।
ਤੂੰ ਆਖ ਕੇ ਤਾਂ ਵੇਖ,
ਮੈਂ ਤੇਰੇ ਨਾਲ ਕਿਵੇਂ ਜੁੜਦਾ ਹਾਂ !
ਨਿੱਕੀਆਂ ਨਿੱਕੀਆਂ ਗੱਲਾਂ ਵਿਚ
ਵੱਡੀ ਸਾਰੀ ਉਮਰ ਬੀਤ ਚੱਲੀ ਹੈ !!!

ਰਵਿੰਦਰ ਰਵੀ ਜਿਸ ਦੀ ਕਾਵਿ-ਰਚਨਾ ਅਤੇ ਕਲਾ-ਸਾਧਨਾ ਦਾ ਚਾਰ-ਦਹਾਕਿਆਂ ਤੋਂ ਵੀ ਲੰਮਾਂ ਪੱਥ ਹੈ। ਅਜੇ ਵੀ ਉਹ ਇਸ ਨਾਲ ਪੂਰੀ ਤਨਦੇਹੀ ਸਹਿਤ ਜੁੜਿਆ ਹੋਇਆ ਹੈ। "ਗੰਢਾਂ" ਉਸਦਾ ਅਜੋਕਾ ਕਾਵਿ-ਸੰਗ੍ਰਹਿ ਹੈ, ਜੋ ਪਿਛਲੇ ਸਾਲ ਛਪਣ ਦੇ ਨਾਤੇ ਕੇਵਲ ਇਸ ਗੱਲ ਦੀ ਹੀ ਯਾਦ ਨਹੀਂ ਦਿਵਾਉਂਦਾ ਕਿ ਇਹ ਪੱਥ ਵਰਤਮਾਨ ਦੀ ਸੀਮਾਂ ਨੂੰ ਪਹੁੰਚ ਚੁੱਕਿਆ ਹੈ, ਸਗੋਂ ਇਹ ਆਸ ਵੀ ਬੰਨ੍ਹਾਉਂਦਾ ਹੈ ਕਿ ਅਜੇ ਇਸ ਨੇ ਭਵਿੱਖ ਦੇ ਦਿਸਹੱਦੇ ਵੱਲ ਵਿਕਾਸ ਵੀ ਕਰਨਾ ਹੈ। ਇਸ ਵਿਚ ਸ਼ਾਮਿਲ ਹੈ ਇਕ ਕਵਿਤਾ 'ਨਿੱਕੀਆਂ ਨਿੱਕੀਆਂ ਗੱਲਾਂ' ਜਿਸ ਦਾ ਨਿਵੇਕਲਾਪਣ ਵਿਸਤ੍ਰਿਤ ਅਧਿਐਨ ਨਹੀਂ ਤਾਂ ਸੰਖੇਪ ਲੇਖ ਦਾ ਅਵੱਸ਼ ਹੀ ਅਧਿਕਾਰੀ ਹੈ। ਇਹ ਸੰਖੇਪ ਲੇਖ ਇਸ ਨਿਵੇਕਲੀ ਰਚਨਾ ਪ੍ਰਤੀ ਆਪਣੇ ਬਤੌਰ ਸਮੀਖਿਅਕ ਦੇ ਰਿਣ ਚੁਕਾਉਣ ਦਾ ਇਕ ਨਿਮਾਣਾ ਜਿਹਾ ਯਤਨ ਹੈ।

ਇਸ ਕਵਿਤਾ ਵਿਚਲਾ ਸੰਬੋਧਕ ਇਕ ਪ੍ਰਤੀਨਿੱਧ ਪਤੀ ਹੈ ਜੋ ਉਮਰ ਦੇ ਬਹੁਤ ਸਾਲ ਨਿਸਫਲ ਬਿਤਾਏ ਜਾਣ ਉਪਰੰਤ ਆਪਣੀ ਪਤਨੀ ਨੂੰ ਸੰਬੋਧਿਤ ਹੁੰਦਾ ਹੈ। ਕਵਿਤਾ ਦੇ ਉਪ-ਪਾਠ ਤੋਂ ਸਹਿਜੇ ਹੀ ਇਹ ਅਨੁਮਾਨ ਹੋ ਸਕਦਾ ਹੈ ਕਿ ਬਹੁਤ ਸਾਲ ਪਹਿਲਾਂ ਜਦੋਂ ਉਹ ਵਿਆਹ ਦੇ ਬੰਧਨ ਵਿਚ ਬੱਝੇ ਸਨ ਤਾਂ ਜਿਵੇਂ ਕਿ ਰਵਾਇਤੀ ਵਿਆਹ ਵਿਚ ਅਨਿਵਾਰੀ ਸੀ ਪਤੀ ਦਾ ਕਰਤਾਵਾਚਕ ਅਤੇ ਪਤਨੀ ਦਾ ਕਰਮਵਾਚਕ ਸਥਾਨ ਨਿਰਧਾਰਿਤ ਹੋ ਗਿਆ ਸੀ। ਇਸ ਤਰ੍ਹਾਂ ਹੋ ਜਾਣਾ ਸੁਭਾਵਕ ਸੀ, ਕਿਉਂ ਜੋ ਰਵਾਇਤੀ ਵਿਆਹ ਨੂੰ ਸਮਾਜਕ ਮਾਨਤਾ ਅਤੇ ਧਾਰਮਿਕ ਰੀਤੀ-ਰਿਵਾਜ ਦੀ ਸਹੀ ਪੁਆ ਕੇ ਪਰਿਵਾਰਕ ਨਿਰੰਤਰਤਾ ਦਾ ਹੀ ਜ਼ਾਮਨ ਮੰਨਿਆ ਜਾਂਦਾ ਸੀ। ਪ੍ਰਮਾਣ ਸਰੂਪ ਪਤਨੀ ਵਿਆਹ ਦੇ ਬੰਧਨ ਦੇ ਅੰਤਰਗਤ ਮਨ ਹੀ ਮਨ ਅਜੇਹੀ ਹਿਰਖੀ ਮੂਕਤਾ

ਦੀ ਗੰਢ ਵਿਚ ਬੱਝ ਗਈ ਸੀ ਕਿ ਬਾਅਦ ਵਿਚ ਵਾਪਰਨ ਵਾਲੀ ਕੋਈ ਵੀ ਸੁਖਾਵੀਂ/ਅਸੁਖਾਵੀਂ ਘਟਨਾ ਇਸ ਦੀਆਂ ਤੰਦਾਂ ਨੂੰ ਮੋਕਲਾ ਨਹੀਂ ਕਰ ਸਕੀ ਸੀ। ਉਸ ਦੀ ਮੂਕ ਗੰਢ ਤੋਂ ਉਪਰਾਮ ਹੋ ਕੇ ਪਤੀ ਅਨੇਕ ਜੋੜ/ਤੋੜ ਸਹੇੜਦਾ ਰਿਹਾ, ਜਿਨ੍ਹਾਂ ਤੋਂ ਉਸਨੂੰ ਕਿਸੇ ਪ੍ਰਕਾਰ ਦੀ ਕੋਈ ਛਿਣਕ ਭਰ ਖ਼ੁਸ਼ੀ ਤਾਂ ਸੰਭਵ ਹੈ, ਮਿਲੀ ਹੋਵੇ ਪ੍ਰੰਤੂ ਚਿਰੰਜੀਵੀ ਕਿਸਮ ਦੀ ਤ੍ਰਿਪਤੀ ਬਿਲਕੁਲ ਪਰਾਪਤ ਨਹੀਂ ਹੋਈ। ਨਤੀਜੇ ਵਜੋਂ ਸਾਂਝ ਦਾ ਜੋ ਮਹੱਤਵ ਹੋਣਾ ਚਾਹੀਦਾ ਸੀ, ਉਨ੍ਹਾਂ ਦੇ ਇਕ ਛੱਤ ਹੇਠ ਰਹਿਣ ਨਾਲ, ਉਹ ਬਿਲਕੁਲ ਨਹੀਂ ਬਣ ਸਕਿਆ।

ਕਵਿਤਾ ਦੇ ਉਪ-ਪਾਠ ਤੋਂ ਇਸ ਪ੍ਰਕਾਰ ਦੇ ਮੁਹਾਜ਼ ਦਾ ਅਨੁਮਾਨ ਹੁੰਦਾ ਹੈ ਜਿਸ ਤੋਂ ਇਸ ਵਿਚਲੇ ਪਾਠ ਵਿਚ ਪਤੀ ਸੰਬੋਧਕ ਦੇ ਰੂਪ ਵਿਚ ਪਤਨੀ ਨੂੰ ਸੰਬੋਧਿਤ ਹੁੰਦਾ ਹੈ। ਵਾਸਤਵ ਵਿਚ ਇਸ ਪ੍ਰਕਾਰ ਦੇ ਮੁਹਾਜ਼ ਤੋਂ ਇਸ ਤਰ੍ਹਾਂ ਦੀ ਮਾਨਸਿਕਤਾ ਵਾਲੇ ਸੰਬੋਧਕ ਦਾ ਪੰਜਾਬੀ ਕਾਵਿ ਵਿਚ ਲਗਭਗ ਅਭਾਵ ਹੀ ਰਿਹਾ ਹੈ। ਇਸ ਸੰਦਰਭ ਵਿਚ ਪਹਿਲੀ ਰਚਨਾ ਜਿਸ ਵੱਲ ਧਿਆਨ ਜਾਂਦਾ ਹੈ ਉਹ ਪ੍ਰੋਫੈਸਰ ਮੋਹਨ ਸਿੰਘ ਦੀ ਕਵਿਤਾ 'ਬਸੰਤ' ਹੈ। ਇਸ ਵਿਚ ਨੌਜਵਾਨ ਪਤੀ, ਜੋ ਅਜੇ ਲਾੜੇ ਦੀ ਵਰੇਸ ਤੋਂ ਅਗਾਂਹ ਨਹੀਂ ਗਿਆ, ਆਪਣੀ ਜੋਬਨਮੱਤੀ ਪਤਨੀ ਜੋ ਅਜੇ ਮਸਾਂ ਲਾੜੀ ਹੀ ਬਣ ਸਕੀ ਸੀ, ਦੀ ਅਜਾਈਂ ਅਤੇ ਬੇਵਕਤ ਮੌਤ ਤੇ ਜ਼ਾਰ ਜ਼ਾਰ ਰੋਂਦਾ ਹੈ। ਵਾਸਤਵ ਵਿਚ ਇਹ ਕਵਿਤਾ ਪ੍ਰੇਮਿਕਾ ਦੀ ਮੌਤ ਤੇ ਪ੍ਰੇਮੀ ਦਾ ਵਿਰਲਾਪ ਹੈ, ਜਿਸ ਵਿੱਚੋਂ ਉਹ ਜੱਟਿਲਤਾ ਅਤੇ ਵਿਸੰਗਤੀ ਗ਼ੈਰ-ਹਾਜ਼ਰ ਹੈ, ਜਿਸਦਾ ਪਤੀ ਦੇ ਵਿਰਲਾਪ ਵਿਚ ਹੋਣਾ ਸੁਭਾਵਕ ਹੈ।

ਜੇ ਹੋਰ ਨੀਝ ਨਾਲ ਝਾਤ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਪੰਜਾਬੀ ਕਾਵਿ ਵਿਚ ਤਾਂ ਦਰਅਸਲ ਪਤੀ ਅਤੇ ਪਤਨੀ ਨੂੰ ਵਕਤਾ ਵਾਲਾ ਕਰਤਾ ਵਾਚਕ ਕਰਤੱਵ ਹੀ ਪ੍ਰਾਪਤ ਨਹੀਂ ਹੋਇਆ। ਇਹ ਕਰਤੱਵ ਵੀ ਹੁਣ ਤੱਕ ਪ੍ਰੇਮੀ ਅਤੇ ਪ੍ਰੇਮਿਕਾ ਦੇ ਹਿੱਸੇ ਹੀ ਆਇਆ ਹੈ। ਮਿਸਾਲ ਦੇ ਤੌਰ ਤੇ ਮੋਹਨ ਸਿੰਘ ਦੀ ਹੀ ਕਵਿਤਾ 'ਜਾਇਦਾਦ' ਵਿਚ ਪਤੀ ਨੂੰ ਇਸ ਤੋਹਮਤ ਦਾ ਹੱਕਦਾਰ ਗਰਦਾਨਿਆ ਗਿਆ ਹੈ ਕਿ ਉਹ ਆਪਣੀ ਪਤਨੀ ਤੇ, ਜੋ ਕਵਿਤਾ ਵਿਚਾਲੇ ਵਕਤਾ ਦੀ ਪ੍ਰੇਮਿਕਾ ਹੈ, ਜਾਇਦਾਦ ਵਾਂਗ ਕਬਜ਼ਾ ਜਮਾਏ ਹੋਏ ਹੈ। ਇਸੇ ਤਰ੍ਹਾਂ ਅੰਮ੍ਰਿਤਾ ਪ੍ਰੀਤਮ ਦੇ ਜੀਵਨ ਵਿਚ ਕਾਵਿ-ਰਚਨਾ ਅਤੇ ਵਿਆਹ ਭਾਵੇਂ ਇੱਕੋ ਵੇਲੇ ਵਾਪਰਨ ਵਾਲੀਆਂ ਘਟਨਾਵਾਂ ਸਨ, ਪ੍ਰੰਤੂ ਉਸ ਦੀ ਕਾਵਿ-ਸਾਧਨਾ ਨੇ ਕੇਵਲ ਪ੍ਰੇਮਿਕਾ ਨੂੰ ਹੀ ਵਕਤਾ/ਨਾਇਕਾ ਵਜੋਂ ਵਰੋਸਾਇਆ ਅਤੇ ਸਲਾਹਿਆ ਹੈ।

ਡਾ. ਹਰਿਭਜਨ ਸਿੰਘ ਦੀਆਂ 'ਨਾ ਧੁੱਪੇ ਨਾ ਛਾਵੇਂ' ਦੀਆਂ ਕੁਝ ਕਵਿਤਾਵਾਂ ਵਿਚ ਪ੍ਰੇਮਿਕਾ ਦੇ ਪ੍ਰੇਮ ਤੋਂ ਵੰਚਿਤ ਪਤੀ ਨੂੰ ਵਕਤਾ ਵਜੋਂ ਅਵੱਸ਼ ਹੀ ਪੇਸ਼ ਕੀਤਾ ਗਿਆ ਹੈ। ਇਸਦੇ ਬਦਲੇ ਉਸਦੇ ਪਤਨੀ ਬਾਰੇ ਉਸ ਨਾਲ ਬਿਤਾਏ ਜੀਵਨ ਦੇ ਆਧਰ ਤੇ ਕੋਈ ਭਾਵੁਕ ਸਬੰਧ ਬਣ ਗਏ ਹੋਣ, ਇਸ ਦੀ ਉਹਨਾਂ ਕਵਿਤਾਵਾਂ ਤੋਂ ਕੋਈ ਕਨਸੋਅ ਨਹੀਂ ਆਉਂਦੀ। ਇਸ ਲਿਹਾਜ਼ ਨਾਲ ਰਵਿੰਦਰ ਰਵੀ ਦੀ ਇਹ ਕਵਿਤਾ ਨਿਵੇਕਲੇ ਮਹੱਤਵ ਦੀ ਧਾਰਨੀ ਹੈ, ਕਿਉਂਕਿ ਇਸ ਵਿਚਲਾ ਵਕਤਾ ਆਪਣਾ ਸੰਬੋਧਨ ਆਰੰਭ ਹੀ ਇਸ ਗਿਲੇ ਨਾਲ ਕਰਦਾ ਹੈ:

> ਨਿੱਕੀਆਂ ਨਿੱਕੀਆਂ ਗੱਲਾਂ ਵਿਚ
> ਵੱਡੀ ਸਾਰੀ ਉਮਰ ਬੀਤ ਚੱਲੀ ਹੈ !!!

ਅੰਤ ਤੇ ਉਸੇ ਵਿਸ਼ਰਾਮ-ਚਿੰਨ੍ਹ ਦੀ ਤਿੰਨ ਵਾਰ ਵਰਤੋਂ ਅਪਰੋਖ ਹੀ ਇਹ ਸਿੱਧ ਕਰ ਦਿੰਦੀ ਹੈ ਕਿ ਉਪਰੋਕਤ ਗਿਲਾ ਉਸਦਾ ਵਕਤੀ ਜਿਹਾ ਪ੍ਰਭਾਵ ਨਹੀਂ। ਇਹ ਤਾਂ ਅਜੇਹਾ ਭਾਵ ਹੈ ਜੋ ਉਸਦਾ ਧੁਰ ਅੰਦਰ ਤੱਕ ਧਸ ਗਿਆ ਹੈ। ਇਹ ਗਿਲਾ ਜਿਸ ਵਿਚ ਸ਼ਿਕਵਾ ਵੀ ਪਰੋਖ ਹੀ ਸ਼ਾਮਿਲ ਹੈ, ਪਤੀ ਅਤੇ ਪਤਨੀ ਦੋਨਾਂ ਲਈ ਮਾਰੂ ਸਿੱਧ ਹੋਇਆ ਹੈ। ਇਸ ਨਾਲ ਪਤਨੀ ਦੇ ਮਨ ਵਿਚ ਅਜੇਹੀ ਗੰਢ ਬੱਝ ਗਈ ਹੈ ਜਿਸ ਵਿਚ ਉਸਦਾ ਸਲੀਕਾ, ਉਸਦੀ ਪ੍ਰਬੀਨਤਾ, ਬਾਹਰ-ਮੁਖਤਾ ਅਤੇ ਅੰਤਰ-ਮੁੱਖਤਾ ਦਾ ਹੱਲਤ-ਪੱਲਤ ਹੋ ਗਿਆ ਹੈ। ਨਤੀਜੇ ਵਜੋਂ ਪਤੀ ਵੀ ਜਿਸ ਪ੍ਰਕਾਰ ਦੀ ਰੌਚਿਕ ਤਬਦੀਲੀ ਦਾ ਮਾਧਿਅਮ ਬਣ ਸਕਦਾ ਸੀ, ਨਹੀਂ ਬਣ ਸਕਿਆ। ਦੋਨਾਂ ਵਿਚ ਅਜੇਹੀ ਵਿਕ੍ਰਿਤੀ ਆਈ ਹੈ ਕਿ ਜਿੱਥੇ ਪਤੀ ਉਕਾਈਆਂ ਅਤੇ ਅਣਗਹਿਲੀਆਂ ਦਾ

ਕੋਝਾ ਪਾਠ ਹੋ ਨਿੱਬੜਿਆ ਹੈ, ਉੱਥੇ ਪਤਨੀ ਤਾਨ੍ਹਿਆਂ ਅਤੇ ਮਿਹਣਿਆਂ ਦਾ ਦੁਖਦਾਈ ਪ੍ਰਵਚਨ ਬਣ ਕੇ ਰਹਿ ਗਈ ਹੈ :

ਮੈਂ ਅਜੇ ਵੀ
ਚੁੱਲ੍ਹੇ ਉੱਤੇ ਪਾਣੀ ਧਰ ਕੇ ਭੁੱਲ ਜਾਂਦਾ ਹਾਂ
ਤੇ ਤੂੰ ਅਜੇ ਵੀ
ਭਾਫ ਬਣੇ ਪਾਣੀ ਬਾਅਦ
ਸੁਰਖ ਹੋਏ ਪਤੀਲੇ ਵਾਂਗ
ਤਪ ਜਾਂਦੀ ਹੈਂ
ਹਰ ਦਿਨ ਇਕ ਨਵਾਂ ਰਣ ਬਣਨ ਲਈ।

ਬਹੁਤ ਜਲਦੀ ਨੌਬਤ ਇਹ ਬਣ ਗਈ ਕਿ ਪਤਨੀ ਦੇ ਤਾਨ੍ਹੇ ਅਤੇ ਮਿਹਣੇ ਪਤੀ ਦੀਆਂ ਉਕਾਈਆਂ ਅਤੇ ਅਣਗਹਿਲੀਆਂ ਦੇ ਮੁਨਤਜ਼ਰ ਨਹੀਂ ਸਨ। ਜਿੱਥੇ ਪਤੀ ਦੀਆਂ ਲਗਭਗ ਸਾਰੀਆਂ ਹੀ ਸਰਗੋਸ਼ੀਆਂ ਬੇਮੁਹਾਰਾ ਹੁੰਦੀਆਂ ਚਲੀਆਂ ਗਈਆਂ, ਉੱਥੇ ਪਤਨੀ ਦੇ ਤਾਨ੍ਹਿਆਂ ਅਤੇ ਮਿਹਣਿਆਂ ਦੀ ਗਤੀ ਵੀ ਆਪ-ਮੁਹਾਰੀ ਬਣਦੀ ਚਲੀ ਗਈ :

ਤੈਨੂੰ ਬਲਦੇ ਛੱਡੇ ਬਲਬ ਦੇ
ਵਿਅਰਥ ਹੋ ਰਹੇ ਚਾਨਣ
ਜਾਂ ਬਿਜਲੀ ਦੇ ਬਿੱਲ ਦੇ ਵਧਣ
ਦੀ ਏਨੀ ਚਿੰਤਾ ਨਹੀਂ
ਜਿੰਨੀ ਏਸ ਗੱਲ ਦੀ ਕਿ
ਮੇਰੇ ਸਿਰ ਇਕ ਹੋਰ ਗੋਲ ਕਿਉਂ ਨਹੀਂ ਹੋਇਆ।

ਨਿੱਤਾ-ਪ੍ਰਤੀ ਜੀਵਨ ਵਿੱਚੋਂ ਲਈਆਂ ਗਈਆਂ ਪਤੀ ਦੀਆਂ ਸਰਗੋਸ਼ੀਆਂ ਨੂੰ ਜਿਵੇਂ ਦਾ ਤਿਵੇਂ ਪੇਸ਼ ਕਰ ਦਿੱਤਾ ਗਿਆ ਹੈ। ਨਾ ਤਾਂ ਕਿਸੇ ਪ੍ਰਕਾਰ ਦੇ ਵਰਨਣ ਅਤੇ ਬਿਰਤਾਂਤ ਵੱਸ ਉਹਨਾਂ ਵਿਚ ਬੇਲੋੜਾ ਵਿਸਥਾਰ ਸਮੋਇਆ ਗਿਆ ਹੈ ਅਤੇ ਨਾ ਕਿਸੇ ਕਿਸਮ ਦੇ ਅਲੰਕਾਰ ਅਤੇ ਪ੍ਰਤੀਕ ਰਾਹੀਂ ਉਚਿਆਇਆ ਜਾਂ ਛੁਟਿਆਇਆ ਗਿਆ ਹੈ। ਉਹਨਾਂ ਦੀ ਜਿਉਂ ਦੀ ਤਿਉਂ ਪੇਸ਼ਕਾਰੀ ਚਿਹਨਕ ਮਹੱਤਵ ਗ੍ਰਹਿਣ ਕਰ ਗਈ ਹੈ। ਇਸ ਚਿਹਨਕ ਮਹੱਤਵ ਵਿਚ ਉਹਨਾਂ ਦਾ ਵਾਸਤਵਿਕ ਵਜੂਦ ਹੀ ਨਹੀਂ, ਸਗੋਂ ਉਹਨਾਂ ਦਾ ਅਨੁਭਵੀ ਵਿਵੇਕ ਵੀ ਸੁਰੱਖਿਅਤ ਹੈ।

ਬਾਵਜੂਦ ਇਸ ਦੇ ਕਿ ਰਵਾਇਤੀ ਵਿਆਹ ਨੇ ਪਤੀ ਦਾ ਕਰਤਾਵਾਚਕ ਕਰਤੱਵ ਨਿਰਧਾਰਿਤ ਕਰ ਦਿੱਤਾ ਸੀ, ਉਸ ਨੇ ਹਉਮੈਂ ਵਜੋਂ ਆਪਣੀ ਪ੍ਰਧਾਨਤਾ ਨੂੰ ਵਧੇਰੇ ਪ੍ਰਵਾਨਤ ਦਰਸਾਉਣ ਲਈ, ਪਤਨੀ ਤੋਂ, ਜੋ ਕਰਮਵਾਚਕ ਪ੍ਰਸਿਥਤੀ ਦੀ ਧਾਰਨੀ ਸੀ, ਵਧੇਰੇ ਸਹਾਨਭੂਤੀ ਵਾਲੇ ਵਿਹਾਰ ਦੀ ਕਾਮਨਾ ਕੀਤੀ ਸੀ। ਉਪਰੋਂ ਇਹ ਸਹਾਨਭੂਤੀ ਵਾਲਾ ਵਿਹਾਰ ਕਠੋਰ ਪ੍ਰਤੀਤ ਹੋ ਸਕਦਾ ਸੀ, ਪ੍ਰੰਤੂ ਇਸ ਦੀ ਕਠੋਰਤਾ ਤਾਂ ਨਿਛਾਵਰ ਕੀਤੇ ਪਿਆਰ ਨੂੰ ਸਵੈ-ਪ੍ਰਵਾਨਤ ਦਰਸਾਉਣ ਦਾ ਕੇਵਲ ਇਕ ਮਾਧਿਅਮ ਹੀ ਹੋਣਾ ਸੀ। ਜੇ ਪਤਨੀ ਦੀ ਕਰਮਵਾਚਕ ਪ੍ਰਸਥਿਤੀ ਉਸਦੀ ਪ੍ਰਚੰਡ ਮਾਨਵਤਾ ਦੀ ਅਲਾਮਤ ਬਣ ਕੇ ਉਸ ਤੋਂ ਇਸ ਪ੍ਰਕਾਰ ਮੰਗ ਪੇਸ਼ ਕਰਵਾ ਸਕਦੀ, ਜਿਸ ਵਿਚ ਕੁਝ ਮੰਗਣ ਨਾਲੋਂ ਬਹੁਤ ਕੁਝ ਨਿਛਾਵਰ ਕਰ ਦੇਣਾ ਸ਼ਾਮਿਲ ਸੀ :

ਆਪਣੇ ਅੰਦਰਲੇ ਅਪਰਾਧੀ ਨੂੰ
ਮੇਰੇ ਹਵਾਲੇ ਕਰ

ਇਸ ਨੂੰ ਤਾ-ਉਮਰ
ਆਪਣੀ ਮੁਹੱਬਤ ਦੀ ਸਜ਼ਾ ਦਿਆਂ।

ਪਤਨੀ ਕੋਈ ਦੇਵੀ ਹੁੰਦੀ ਤਾਂ ਨਿਛਾਵਰ ਕਰਨ ਨਾਲ ਓਤ ਪੋਤ ਮੰਗਣ ਦੇ ਇਸ ਹਾਵ-ਭਾਵ ’ਤੇ ਪੂਰੀ ਉੱਤਰ ਸਕਦੀ। ਉਹ ਤਾਂ ਆਖ਼ਿਰ ਹੱਡ-ਮਾਸ ਦੀ ਜਿਊਂਦੀ-ਜਾਗਦੀ ਔਰਤ ਸੀ, ਜਿਸ ਕਾਰਨ ਇਸ ਆਦਰਸ਼ਿਆਏ ਮਾਨਵੀ ਮੁਹਾਜ਼ ਤੇ ਵਿਚਰਣਾ ਉਸ ਲਈ ਮੁਹਾਲ ਹੀ ਨਹੀਂ, ਅਸੰਭਵ ਵੀ ਸੀ। ਨਤੀਜੇ ਵਜੋਂ ਉਸਦਾ ਆਪਣੀ ਗੰਢ ਵਿਚ ਵਧੇਰੇ ਪੀਡੇ ਰੂਪ ਵਿਚ ਬੱਝ ਜਾਣਾ ਹੋਰ ਵੀ ਸੁਭਾਵਕ ਹੋ ਗਿਆ। ਪਰਿਣਾਮ ਸਰੂਪ ਉਹਨਾਂ ਵਿਚਕਾਰ ਅਜੇਹਾ ਪਾੜਾ ਪੈ ਗਿਆ, ਜਿਸ ਨੇ ਉਹਨਾਂ ਦੇ ਸਾਂਝੇ ਜੀਵਨ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ। ਇਸ ਵੰਡ ਕਾਰਨ ਉਹਨਾਂ ਦਾ ਰਹਿਣ-ਸਹਿਣ ਹੀ ਇਕ ਦੂਜੇ ਨਾਲੋਂ ਅਲੱਗ ਥਲੱਗ ਨਹੀਂ ਹੋ ਗਿਆ, ਸਗੋਂ ਆਪਣੇ ਆਪ ਵਿਚ ਵੀ ਟੁੱਟ-ਭੱਜ ਦਾ ਸ਼ਿਕਾਰ ਹੋ ਕੇ ਰਹਿ ਗਿਆ। ਪਤਨੀ ਦੇ ਰਹਿਣ-ਸਹਿਣ ਨੂੰ ਟੁੱਟ-ਭੱਜ ਤੋਂ ਬਚਾਉਣ ਦੇ ਬਹਾਨੇ, ਵਿਆਹੁਤਾ ਜੀਵਨ ਨੂੰ ਘੱਟੋ ਘੱਟ ਬਾਹਰੋਂ ਸਾਬਤ-ਸਬੂਤਾ ਦਰਸਾਉਣ ਲਈ ਪਤੀ ਨੇ ਉਹ ਸਭ ਕੁਝ ਕੀਤਾ, ਜੋ ਇਸ ਸੰਦਰਭ ਵਿਚ ਕਾਰਗਰ ਹੋ ਸਕਦਾ ਸੀ :

ਤਰੇੜਾਂ ਵਰਗੀਆਂ ਲੀਕਾਂ ਵਿਚ
ਤਿੜਕੀ ਹੋਈ ਹੋਂਦ ਵੱਸਦੀ ਹੈ—
ਤੇ ...
ਇਸ ਲਈ ਕਿ ਤੇਰੀਆਂ ਲੀਕਾਂ
ਤਰੇੜਾਂ ਨਾ ਬਨਣ
ਮੈਂ ਇਨ੍ਹਾਂ ਲਈ
ਸੱਚ ਵਰਗੇ ਕਈ ਭਰਮ ਸਿਰਜ ਲਏ,
ਬੱਚੇ, ਮਿੱਤਰ, ਰਿਸ਼ਤੇਦਾਰ,
ਵਾਕਫ ...
ਤਾਂ ਕਿ
ਮੇਲੇ ਜਿਹੇ ਵਿਚ
ਤੇਰਾ ਦਿਲ ਲੱਗਾ ਰਹੇ।

ਨਿਰਸੰਦੇਹ ਔਲਾਦ, ਰਿਸ਼ਤੇਦਾਰੀਆਂ, ਦੋਸਤ-ਮਿੱਤਰ ਅਤੇ ਜਾਣ-ਪਹਿਚਾਣ ਵਾਲੇ ਲੋਕ ਮਾਨਵੀ ਜੀਵਨ ਵਿਚ ਸਮਾਜੀ ਸੰਦਰਭ ਪ੍ਰਦਾਨ ਕਰਦੇ ਹਨ। ਦੂਜੇ ਸ਼ਬਦਾਂ ਵਿਚ ਇਹ ਇਸ ਦੇ ਮਾਨਵੀਕਰਣ ਨੂੰ ਉਹ ਸਮਾਜੀਕਰਣ ਉਪਲੱਬਧ ਕਰਵਾਉਂਦੇ ਹਨ, ਜਿਸਦੇ ਅਭਾਵ ਵਿਚ ਇਹ ਅਲੰਕਾਰਕ ਭਾਵ ਅਨੁਸਾਰ ਹੀ ਮਾਨਵੀ ਹੁੰਦਾ ਹੈ। ਵਾਸਤਵ ਵਿਚ ਇਹ ਪਸ਼ੂ-ਰੂਪੀ ਹੀ ਹੁੰਦਾ ਹੈ, ਜਿਸ ਲਈ ਸੱਭਿਆਚਾਰਕ ਪੁਨਰ-ਜਨਮ ਦੀ ਗੈਰ-ਹਾਜ਼ਰੀ ਵਿਚ ਸਰੀਰਕ ਜਨਮ ਦਾ ਕੋਈ ਮਹੱਤਵ ਨਹੀਂ ਬਣਦਾ।

ਇਸ ਕੁੱਲ ਤਰੱਦਦ ਉਪਰੰਤ ਪਤੀ ਦਾ ਇਹ ਅਹਿਸਾਸ ਅੱਖੋਂ ਪਰੋਖੇ ਨਹੀਂ ਹੁੰਦਾ ਕਿ ਇਸ ਦਾ ਸਾਬਤ-ਸਬੂਤਾਪਣ ਬਾਹਰੀ ਹੀ ਹੈ, ਅੰਦਰੂਨੀ ਨਹੀਂ ਜਿਸ ਦੀ ਤੀਬਰ ਕਾਮਨਾ ਨਾਲ ਕਵਿਤਾ ਦਾ ਅੰਤ ਹੋ ਜਾਂਦਾ ਹੈ :

ਤੂੰ ਆਖ ਕੇ ਤਾਂ ਵੇਖ
ਮੈਂ ਤੇਰੇ ਨਾਲ ਕਿਵੇਂ ਜੁੜਦਾ ਹਾਂ !
ਨਿੱਕੀਆਂ ਨਿੱਕੀਆਂ ਗੱਲਾਂ ਵਿਚ
ਵੱਡੀ ਸਾਰੀ ਉਮਰ ਬੀਤ ਚੱਲੀ ਹੈ!!!

ਇਹ ਤੀਬਰ ਕਾਮਨਾ ਨਿਕਟਵਰਤੀ ਭਵਿੱਖ ਵਿਚ ਪੂਰੀ ਹੋਣ ਵਾਲੀ ਤਾਂ ਨਹੀਂ, ਪ੍ਰੰਤੂ ਫੇਰ ਵੀ ਸਾਂਝੇ ਸਾਰਥਿਕ ਜੀਵਨ ਦੀ ਕੇਵਲ ਇਹੋ ਜ਼ਾਮਣ ਹੋ ਸਕਦੀ ਹੈ। ਇਸ ਨੂੰ ਵਾਸਤਵਿਕ ਆਧਾਰ ਮਿਥ ਕੇ ਰਵਿੰਦਰ ਰਵੀ ਨੇ ਕਵਿਤਾ ਦਾ ਅਨਿਸ਼ਚਿਤ ਜਿਹਾ ਅੰਤ ਕਰ ਦਿੱਤਾ ਹੈ। ਇਹ ਉਸ ਪ੍ਰਕਾਰ ਦੇ ਨਿਸ਼ਚਿਤ ਅੰਤ ਨਾਲੋਂ ਵਧੇਰੇ ਆਸਵੰਤ ਲਗਦਾ ਹੈ, ਜੋ ਅਜੋਕਾ ਕਵੀ ਜਿਵੇਂ ਜਸਵੰਤ ਦੀਦ ਆਪਣੀ ਪੁਸਤਕ 'ਅਚਨਚੇਤ' ਵਿਚ ਸ਼ਾਮਿਲ ਅਜੇਹੀਆਂ ਕਵਿਤਾਵਾਂ ਦੇ ਆਧਾਰ ਤੇ ਵਧੇਰੇ ਪ੍ਰਮਾਣਕ ਮੰਨਦਾ ਪ੍ਰਤੀਤ ਹੁੰਦਾ ਹੈ। ਇਸ ਕਵਿਤਾ ਵਿਚਲਾ ਪ੍ਰਤੀਕਾਂ ਤੇ ਅਲੰਕਾਰਾਂ ਤੋਂ ਮੁਕਤ ਨਿਭਾਉ ਵੀ ਮੈਨੂੰ ਤਾਂ ਉਸ ਨਿਭਾਉ ਨਾਲੋਂ ਵਧੇਰੇ ਕਾਇਲ ਕਰਦਾ ਹੈ, ਜਿਸ ਦਾ ਮਿਸਾਲ ਦੇ ਤੌਰ ਤੇ ਸੁਰਜੀਤ ਪਾਤਰ 'ਅੱਖਰਾਂ ਵਿਚ ਸੁਲਘਦੀ ਵਰਣਮਾਲਾ' ਵਿਚਲੀਆਂ 'ਰਾਧਾ ਅਤੇ ਰੁਕਮਣੀ' ਆਦਿ ਕਵਿਤਾਵਾਂ ਵਿਚ ਇਸ ਨੂੰ ਪੌਰਾਣਕ ਕਥਾ ਤੇ ਆਧਾਰਤ ਕਰਕੇ ਨਿਭਾਉਣ ਵੱਲ ਰੁਚਿਤ ਜਾਪਦਾ ਹੈ।

**"ਗੋਰੀਆਂ ਸ਼ਹੀਦੀਆਂ" (2010)**

**–ਡਾ. ਤੇਜਵੰਤ ਸਿੰਘ ਗਿੱਲ** (ਭਾਰਤ)

ਕਾਵਿ ਸੰਗ੍ਰਹਿ : "ਗੰਢਾਂ" (1993), "ਸ਼ਬਦ ਸਾਗਰ" (2004), "ਮੇਰੀ ਕਹਾਣੀ" (2006) ਅਤੇ "ਕਵਿਤਾ ਸਨਮੁਖ" (2008) ਵਿਚ ਸ਼ਾਮਿਲ

# ਸਿਫ਼ਰ-ਸਥਿਤੀ ਵਿਚ ਵਿਚਰਦੀ ਪੀੜ੍ਹੀ

**(ਕਾਵਿ-ਕਥਾ)**

ਉਹ ਅਜੇ ਜੰਮੇ ਵੀ ਨਹੀਂ ਸਨ ਕਿ
ਉਨ੍ਹਾਂ ਦੇ ਘਰ ਦਾ ਮੂੰਹ ਜ਼ਾਰ ਵੱਲਾਂ ਸੀ।

ਜੰਮਦਿਆਂ ਹੀ ਉਨ੍ਹਾਂ ਦੇ ਸਨਮੁਖ ਪਹਿਲਾਂ ਲੈਨਿਨ
ਤੇ ਫਿਰ ਸਟਾਲਨ ਹੋਇਆ
ਤੇ ਹੁਕਮ ਮਿਲਿਆ ਕਿ
ਆਪਣੇ ਵੱਲਾਂ ਪਿੱਠ ਭੁਆ ਲਓ

ਕੁਝ ਨਾ ਵੇਖੋ
ਕੁਝ ਨਾ ਬੋਲੋ
ਕੁਝ ਨਾ ਸੁਣੋ
ਤੇ ਤੁਰੇ ਚੱਲੋ ਅਨੰਤ ਤਕ !

ਤੁਹਾਡੇ ਆਲੇ ਦੁਆਲੇ, ਚਾਰ ਚੁਫੇਰੇ
ਜੋ ਦੀਵਾਰ ਹੈ,
ਉਸ ਉੱਤੇ ਸੱਤ-ਰੰਗੀ ਵਾਹ ਦਿੱਤੀ ਗਈ ਹੈ !
ਸੁਫਨੇ ਲਵੋ ਤੇ ਸੁਫ਼ਨਿਆਂ ਵਿਚ ਵਿਚਰੋ !
ਜਦੋਂ ਜਾਗ ਆਵੇ
ਤੁਹਾਡਾ ਮੂੰਹ

ਲੈਨਿਨ 'ਤੇ ਜਾਂ ਸਟਾਲਨ ਵੱਲ ਹੋਣਾ ਚਾਹੀਦਾ ਹੈ
ਤੇ ਤੁਹਾਡੀ ਸੋਚ,
ਲਗਾਤਾਰ ਖਲਾਅ ਵਲਾਂ ਘੂਰ ਸਕਦੀ ਹੈ।
'ਆਪਣਾ' ਤੇ 'ਆਪਣਾ ਹੋਣ ਤਕ' ਵਿਚਲਾ
ਪੜਾ ਪੂਰ ਸਕਦੀ ਹੈ।

ਉਹ ਸੋਚਦੇ ਰਹੇ, ਬਿਨ ਸੋਚ
ਉਹ ਸੁਣਦੇ ਰਹੇ, ਨਿਰ-ਸਰੋਦ

ਉਹ ਵੇਖਦੇ ਰਹੇ : ਬਿਨ ਨਜ਼ਰ
ਉਹ ਬੋਲਦੇ ਰਹੇ : ਬਿਨ ਜੀਭ –

ਤੇ ਇਸ ਤਰ੍ਹਾਂ
ਖ਼ੁਰਸ਼ਚੋਵ, ਬਰੈਜ਼ਨੇਵ ਤੇ ਹੋਰਨਾਂ 'ਚੋਂ ਹੁੰਦੇ
ਉਹ ਗੋਰਬਾਚੋਵ ਤੱਕ ਪਹੁੰਚ ਗਏ।

ਪਰ ਤ੍ਰਾਸਦੀ ਇਹ ਹੈ ਕਿ
ਸਦਾ-ਬਚਪਨ ਦੀ ਅਵਸਥਾ ਵਿਚ ਵਿਚਰਦੇ ਲੋਕ
ਪੂਰੇ ਖੰਭ ਲੋਚਦੇ ਹਨ।

ਪੂਰੇ ਅਸਮਾਨ ਤੇ ਪੂਰੀ ਉਡਾਰੀ
ਛਿਣ, ਪਲ ਵਿਚ।

ਪਰ ਇਹ ਨਹੀਂ ਜਾਣਦੇ ਕਿ
ਬਚਪਨ ਇਕ ਦਿਨ 'ਚ ਜਵਾਨ ਨਹੀਂ ਹੁੰਦਾ !

ਇਕ ਪੀੜ੍ਹੀ ਬੁੱਢੀ
ਇਕ ਜਵਾਨ –
ਸਦਾ ਬਚਪਨ ਦੀ ਅਵਸਥਾ ਵਿਚ ਬੀਤੀ !
ਇਕ ਪੀੜ੍ਹੀ ਜਨਮੀਂ
ਤੇ ਕਈ ਵਰ੍ਹੇ ਬਰੇਨ-ਵਾਸ਼ ਹੋਈ,

ਹੁਣ –
ਆਪਣੇ ਵੱਲਾਂ ਪਿੱਠ ਭੁਆਈ ਬੈਠੇ ਬਚਪਨ 'ਚੋਂ
ਇਕ ਦਿਨ 'ਚ ਜਵਾਨ ਹੋਣਾ ਲੋਚਦੀ ਹੈ !!!

ਇਹ ਕਵਿਤਾ ਰਵਿੰਦਰ ਰਵੀ (ਕੈਨੇਡਾ) ਦੇ ਸੰਗ੍ਰਹਿ 'ਗੰਢਾਂ' ਜਿਸ ਦਾ ਪ੍ਰਕਾਸ਼ਨ 1993 'ਚ ਹੋਇਆ, ਵਿਚੋਂ ਲਈ ਗਈ ਹੈ। ਉਸਦੀਆਂ ਨਵੀਆਂ ਕਵਿਤਾਵਾਂ ਵਿਚ ਇਹ ਕਵਿਤਾ 'ਉੱਤਰ-ਮਾਰਕਸਵਾਦੀ' ਸਥਿਤੀ ਨਾਲ ਸਬੰਧਤ ਹੈ। ਇਸ ਕਵਿਤਾ ਨੂੰ ਅਸੀਂ ਵਿਸ਼ੇਸ਼ ਤੌਰ ਤੇ ਅਧਿਐਨ ਦਾ ਵਿਸ਼ਾ ਬਣਾਇਆ ਹੈ ਕਿਉਂਕਿ ਉੱਤਰ-ਆਧੁਨਿਕਤਾ, ਉੱਤਰ-ਸੰਰਚਨਾਵਾਦ, ਉੱਤਰ-ਮਾਰਕਸਵਾਦ, ਇਨ੍ਹਾਂ ਤਿੰਨਾਂ ਦਾ ਆਪਸ 'ਚ ਇਕ ਵਿਸ਼ੇਸ਼ ਸਬੰਧ ਹੈ। ਉੱਤਰ-ਮਾਰਕਸਵਾਦ ਦਾ ਵਿਰੋਧ ਮਾਰਕਸਵਾਦ ਦੇ ਪਿਛਲੇ ਦੌਰ ਨਾਲ ਹੈ ਜਿਸ ਨੂੰ ਕਲਾਸੀਕਲ ਜਾਂ ਸਨਾਤਨੀ ਮਾਰਕਸਵਾਦ ਦਾ ਨਾਂ ਵੀ ਦਿੱਤਾ ਜਾਂਦਾ ਹੈ ਜਾਂ ਕਈ ਵਾਰ ਇਸ ਦੀ ਕੱਟੜਤਾ

ਕਰਕੇ ਇਸ ਨੂੰ 'ਸਟਾਲਿਨਵਾਦੀ ਮਾਰਕਸਵਾਦ' ਵੀ ਕਿਹਾ ਜਾਂਦਾ ਹੈ। ਸਨਾਤਨੀ ਮਾਰਕਸਵਾਦ ਨੇ ਸਮਾਜਵਾਦੀ ਦੇਸ਼ਾਂ ਵਿਚ ਇਕ ਘੁਟਨ ਤੇ ਵਿਚਾਰਾਂ ਦੀ ਗੁਲਾਮੀ ਨੂੰ ਕਾਇਮ ਕੀਤਾ। ਸਟਾਲਿਨ ਨੇ ਰੂਸ ਵਿਚ ਆਪਣੇ ਲੱਖਾਂ ਵਿਰੋਧੀਆਂ ਨੂੰ ਕਤਲ ਕਰ ਦਿੱਤਾ ਜਿਸ ਵਿਚ ਉਸ ਤੋਂ ਭਿੰਨ ਦ੍ਰਿਸ਼ਟੀਕੋਣ ਰੱਖਣ ਵਾਲੇ ਮਾਰਕਸਵਾਦੀ ਵੀ ਸਨ। ਬਹੁਤ ਸਾਰੇ ਲੇਖਕਾਂ ਨੂੰ ਜੇਲ੍ਹ 'ਚ ਸੁੱਟਿਆ ਗਿਆ, ਕਤਲ ਕੀਤਾ ਗਿਆ। ਇਸ ਕੱਟੜ ਮਾਰਕਸਵਾਦ ਜਾਂ ਸਾਮਵਾਦ ਨੇ ਯੂਰਪ ਦੇ ਕਈ ਦੇਸ਼ਾਂ ਉੱਪਰ ਕਮਿਊਨਿਸਟ ਪ੍ਰਬੰਧ ਨੂੰ ਠੋਸਿਆ। ਖ਼ਾਸ ਕਰਕੇ ਦੂਜੇ ਵਿਸ਼ਵ ਯੁੱਧ ਦੇ ਸਮੇਂ। ਇਉਂ ਪੋਲੈਂਡ, ਚੈਕੋਸਲੋਵਾਕੀਆ, ਰੁਮਾਨੀਆ, ਹੰਗਰੀ, ਯੁਗੋਸਲਾਵੀਆ, ਅਤੇ ਪੂਰਬੀ ਜਰਮਨੀ ਆਦਿ ਇਨ੍ਹਾਂ ਦੇਸ਼ਾਂ 'ਚ ਕਮਿਊਨਿਸਟ ਇਨਕਲਾਬ ਨਹੀਂ ਸੀ ਵਾਪਰਿਆ, ਸਗੋਂ ਜ਼ਬਰਦਸਤੀ ਇਨ੍ਹਾਂ ਤੇ ਸਮਾਜਵਾਦ ਠੋਸਿਆ ਗਿਆ ਸੀ। ਬਾਅਦ ਵਿਚ 1949 ਵਿਚ ਚੀਨ ਵਿਚ ਸਮਾਜਵਾਦੀ ਇਨਕਲਾਬ ਆਇਆ। ਵੀਅਤਨਾਮ ਤੇ ਉੱਤਰੀ ਕੋਰੀਆ ਵਿਚ ਇਹ ਬਦਲਾਵ ਆਏ। ਵੀਅਤਨਾਮ ਨੇ ਅਮਰੀਕਾ ਵਰਗੀ ਵੱਡੀ ਤਾਕਤ ਨੂੰ ਹਰਾਇਆ। ਅਮਰੀਕਾ ਦੇ ਗੁਆਂਢ ਵਿਚ ਲਤੀਨੀ ਅਮਰੀਕੀ ਦੇਸ਼ਾਂ ਵਿਚ ਕਿਊਬਾ ਵਿਚ ਵੀ ਇਨਕਲਾਬ ਵਾਪਰਿਆ।

ਦੂਜੇ ਪਾਸੇ ਸਟਾਲਨਵਾਦ ਨੇ ਜੋ ਸਥਿਤੀ ਪੈਦਾ ਕੀਤੀ ਉਸ ਨਾਲ ਮਾਰਕਸਵਾਦ ਦਾ ਸਾਰੇ ਸੰਸਾਰ ਵਿਚ ਵਿਰੋਧ ਵੀ ਸ਼ੁਰੂ ਹੋ ਗਿਆ ਕਿਉਂਕਿ ਪੂੰਜੀਵਾਦ ਮਨੁੱਖ ਨੂੰ ਆਜ਼ਾਦੀ ਦੇ ਰਿਹਾ ਸੀ। ਮਾਰਕਸਵਾਦ ਜਾਂ ਸਾਮਵਾਦ ਨੇ ਮਨੁੱਖ ਨੂੰ ਜਿਸ 'ਆਰਥਕ ਵੈਲਫੇਅਰ ਸਟੇਟ' ਦਾ ਵਾਅਦਾ ਕੀਤਾ ਸੀ, ਉਹ ਰੂਸ ਤੇ ਹੋਰ ਦੇਸ਼ਾਂ ਤੋਂ ਪੂਰੀ ਨਾ ਹੋ ਸਕੀ ਤੇ ਹੌਲੀ-ਹੌਲੀ ਉਹ ਆਸਾਰ ਪੈਦਾ ਹੋਣੇ ਸ਼ੁਰੂ ਹੋਏ, ਜਿਸ ਨਾਲ ਰੂਸ ਤੇ ਹੋਰ ਸਾਮਵਾਦੀ ਦੇਸ਼ ਕਦੇ ਵੀ ਟੁੱਟ ਸਕਦੇ ਸਨ। ਯੂਰਪ ਵਿਚ ਹੰਗਰੀ, ਰੁਮਾਨੀਆ ਤੇ ਹੋਰ ਦੇਸ਼ਾਂ ਵਿਚ ਸਮੇਂ-ਸਮੇਂ ਕਮਿਊਨਿਸਟ ਪ੍ਰਬੰਧ ਦੇ ਖਿਲਾਫ ਬਗਾਵਤਾਂ ਹੋਈਆਂ।

ਰੂਸ ਦੀ ਸਥਿਤੀ ਨੂੰ ਕਰੁਸ਼ਚੋਵ ਤੇ ਬਰੈਜ਼ੇਨੋਵ ਨੇ ਸੰਭਾਲਣ ਦਾ ਕੁਝ ਯਤਨ ਵੀ ਕੀਤਾ ਕਿਉਂਕਿ ਉਹ ਸਟਾਲਨ ਦੀਆਂ ਨੀਤੀਆਂ ਦੇ ਵਿਰੋਧੀ ਸਨ। ਬਾਅਦ ਵਿਚ ਗੋਰਬਾਚੋਵ ਨੇ 'ਪ੍ਰਿਸਤ੍ਰਾਇਕਾ' ਦੀ ਰਚਨਾ ਕੀਤੀ, ਜਿਸ ਵਿਚ ਮਾਰਕਸਵਾਦ ਤੇ ਸਮਾਜਵਾਦ ਦੇ ਅਜਿਹੇ ਸੰਕਲਪ ਨੂੰ ਪੇਸ਼ ਕੀਤਾ, ਜੋ ਬਹੁਤ ਸੁਤੰਤਰ ਸੀ। ਇਸ ਤੋਂ ਬਾਅਦ ਗੋਰਬਾਚੋਵ ਨੇ ਇਹ ਮਹਿਸੂਸ ਕੀਤਾ ਕਿ ਇਹ ਵੀ ਕੋਈ ਜ਼ਰੂਰੀ ਨਹੀਂ ਕਿ ਰੂਸ ਨੂੰ ਕਮਿਊਨਿਸਟ ਜਾਂ ਮਾਰਕਸਵਾਦੀ ਹੀ ਰੱਖਿਆ ਜਾਵੇ, ਉਸ ਨੂੰ ਇਹ ਜਾਪਿਆ ਸੀ ਕਿ ਸਮੱਸਿਆਵਾਂ ਬਹੁਤ ਵਧ ਗਈਆਂ ਹਨ ਅਤੇ ਦੇਸ਼ ਵਿਚ ਖ਼ਾਨਾਜੰਗੀ ਹੋ ਸਕਦੀ ਹੈ, ਉਸ ਨੇ ਇਹ ਵੀ ਸੋਚਿਆ ਕਿ ਯੂਰਪ ਅਤੇ ਹੋਰ ਉਨ੍ਹਾਂ ਦੇਸ਼ਾਂ ਨੂੰ ਜਿਨ੍ਹਾਂ ਤੇ ਕਮਿਊਨਿਸਟ ਇਨਕਲਾਬ ਠੋਸਿਆ ਹੋਇਆ ਹੈ, ਉਨ੍ਹਾਂ ਨੂੰ ਇਸ ਜਕੜ ਤੋਂ ਆਜ਼ਾਦ ਕਰਨਾ ਚਾਹੀਦਾ ਹੈ ਅਤੇ ਉਥੋਂ ਰੂਸੀ ਫੌਜਾਂ ਵਾਪਸ ਬੁਲਾ ਲੈਣੀਆਂ ਚਾਹੀਦੀਆਂ ਹਨ। ਗੋਰਬਾਚੋਵ ਦੇ ਸਾਹਮਣੇ ਇਸ ਤੋਂ ਵੀ ਵੱਡਾ ਮਸਲਾ ਸੀ, ਉਸ ਠੰਡੀ ਜੰਗ ਦਾ, ਜੋ ਪੂੰਜੀਵਾਦੀ ਤਾਕਤਾਂ ਤੇ ਰੂਸ ਦੇ ਦਰਮਿਆਨ ਸੀ। ਹਥਿਆਰਾਂ ਦੀ ਦੌੜ ਜਿਸ ਤੇ ਅਰਬਾਂ ਰੁਪਏ ਖ਼ਰਚ ਕੀਤੇ ਜਾ ਰਹੇ ਸਨ, ਤੇ ਇਸ ਪੜਾਅ ਉਪਰ ਆ ਕੇ ਹੀ ਇਨ੍ਹਾਂ ਦੇਸ਼ਾਂ ਦੇ ਸਾਮਵਾਦੀ ਇਨਕਲਾਬ ਅਸਫਲ ਹੋ ਗਏ।

ਇਉਂ ਰਵਿੰਦਰ ਰਵੀ ਦੀ ਇਹ ਕਵਿਤਾ ਇਸ ਪਿਛੋਕੜ ਤੋਂ ਪੈਦਾ ਹੋਈ ਹੈ। ਉਹ ਇਸ ਪੀੜ੍ਹੀ ਦੀ ਸਥਿਤੀ ਬਿਆਨ ਕਰਦਾ ਹੈ ਜਿਸ ਦੇ ਸਾਹਵੇਂ ਇਹ ਸਭ ਕੁਝ ਅਸਫਲ ਹੋ ਗਿਆ। ਇਸ ਦਾ ਕਾਰਣ ਇਹ ਸੀ ਕਿ ਮਨੁੱਖ ਪੂੰਜੀਵਾਦ ਦੀਆਂ ਸੀਮਾਵਾਂ ਤੇ ਅਸਫਲਤਾਵਾਂ ਨੂੰ ਤਾਂ ਵੇਖ ਹੀ ਚੁੱਕਾ ਸੀ ਤੇ ਉਸ ਦੇ ਪ੍ਰਤੀਕਰਮ ਵਿੱਚੋਂ ਹੀ ਮਾਰਕਸਵਾਦੀ ਫਲਸਫਾ ਸਾਹਮਣੇ ਆਇਆ ਸੀ, ਜਿਸ ਨੇ ਮਾਰਕਸਵਾਦੀ ਪ੍ਰਬੰਧ ਦਾ ਸੁਪਨਾ ਵੀ ਦਿੱਤਾ ਤੇ ਉਸ ਨੂੰ ਕਰਾਂਤੀ ਰਾਹੀਂ ਸਾਕਾਰ ਕਰਨਾ ਵੀ ਸ਼ੁਰੂ ਕੀਤਾ, ਪਰ ਇਸ ਪ੍ਰਬੰਧ ਤੋਂ ਜੋ ਆਜ਼ਾਦੀ ਦਾ ਸੁਪਨਾ ਲਿਆ ਸੀ ਉਸ ਦੀ ਥਾਂ ਸਗੋਂ ਆਲੇ-ਦੁਆਲੇ ਇਕ ਗੁਲਾਮੀ ਪੈਦਾ ਕਰ ਦਿੱਤੀ। ਵਿਗਿਆਨਕ ਤੇ ਸਮਾਜਕ ਤੌਰ ਤੇ ਅੱਗੇ ਵਧਦਿਆਂ ਅੱਜ ਦਾ ਮਨੁੱਖ ਵੱਧ ਤੋਂ ਵੱਧ ਆਜ਼ਾਦ ਹੋਣਾ ਚਾਹੁੰਦਾ ਹੈ, ਉਹ ਜ਼ਿੰਦਗੀ ਨੂੰ ਮਾਨਣਾ ਚਾਹੁੰਦਾ ਹੈ। ਪਾਬੰਦੀਆਂ ਨਹੀਂ ਚਾਹੁੰਦਾ, ਦੂਜੇ ਪਾਸੇ ਪੂੰਜੀਵਾਦ ਨੇ ਹੋਰ ਕਈ ਸੀਮਾਵਾਂ ਹੁੰਦਿਆਂ

ਹੋਇਆਂ ਮਨੁੱਖ ਨੂੰ ਆਰਥਕ ਤੌਰ ਤੇ ਵੀ ਆਜ਼ਾਦ ਕਰ ਦਿੱਤਾ, ਜਿਨਸੀ ਤੌਰ ਤੇ ਵੀ ਤੇ ਵਿਚਾਰਧਾਰਕ ਤੌਰ ਤੇ ਵੀ। ਇਸੇ ਲਈ ਇਸ ਪ੍ਰਬੰਧ ਦੇ ਸਾਹਮਣੇ ਮਾਰਕਸਵਾਦੀ ਪ੍ਰਬੰਧ ਅਸਫਲ ਹੋ ਗਿਆ।

ਇਹ ਸਥਿਤੀ ਇਸ ਪੀੜ੍ਹੀ ਨੂੰ ਸਿਫ਼ਰ-ਸਥਿਤੀ ਦਾ ਯਥਾਰਥ ਦਿੰਦੀ ਹੈ ਕਿਉਂਕਿ ਉਸ ਦੇ ਸਾਹਮਣੇ ਇਹ ਵਿਸ਼ਵਾਸ ਨਾ ਰਹੇ ਜਿਨ੍ਹਾਂ ਦਾ ਵਿਕਾਸ ਹੋ ਰਿਹਾ ਸੀ, ਤੇ ਨਵੇਂ ਵਿਸ਼ਵਾਸ ਅਜੇ ਜਨਮ ਨਹੀਂ ਲੈ ਰਹੇ ਸਨ। ਇਸੇ ਲਈ ਅਸੀਂ ਇਹ ਆਖਿਆ ਹੈ ਕਿ ਇਹ ਕਵਿਤਾ ਉੱਤਰ-ਮਾਰਕਸਵਾਦੀ ਪ੍ਰਵਿਰਤੀ ਨਾਲ ਸਬੰਧਤ ਹੈ।

ਇਥੇ ਅਸੀਂ ਇਸ ਕਵਿਤਾ ਦੇ ਪਿਛੋਕੜ ’ਚ ਦੋ ਗੱਲਾਂ ਵੱਲ ਹੋਰ ਸੰਕੇਤ ਕਰਨਾ ਚਾਹੁੰਦੇ ਹਾਂ। ਕਲਾਸੀਕਲ ਮਾਰਕਸਵਾਦ ਦੀ ਜਿਸ ਸਥਿਤੀ ਵੱਲ ਅਸੀਂ ਸੰਕੇਤ ਕੀਤਾ ਹੈ, ਉਹ ਉਸ ਸਮੇਂ ਸੀ, ਜਿਸ ਸਮੇਂ ਪੱਛਮ ਵਿਚ ਜਾਂ ਪੂੰਜੀਵਾਦੀ ਦੇਸ਼ਾਂ ਵਿਚ ਆਧੁਨਿਕਤਾਵਾਦ ਦੀ ਸਥਿਤੀ ਸੀ। ਆਧੁਨਿਕਤਾਵਾਦ ਕੱਟੜਤਾ ਨਾਲ ਸਬੰਧਤ ਨਹੀਂ ਸੀ, ਨਵੀਨਤਾ ਨਾਲ ਸਬੰਧਤ ਸੀ, ਇਸੇ ਲਈ ਮਾਰਕਸਵਾਦ ਤੇ ਆਧੁਨਿਕਤਾਵਾਦ ਦੇ ਦਰਮਿਆਨ ਇਕ ਤਣਾਉ ਰਿਹਾ। 1932 ਵਿਚ ਜਦੋਂ ਮਾਸਕੋ ਵਿਚ ‘ਰੂਸੀ ਲੇਖਕ ਸੰਘ’ ਦੀ ਕਾਨਫਰੰਸ ਕੀਤੀ ਗਈ ਤਾਂ ਉਸ ਵਿਚ ਅਹਿਮ ਪ੍ਰਸ਼ਨ ਉੱਭਰਿਆ ‘ਸਮਾਜਵਾਦੀ ਯਥਾਰਥਵਾਦ ਕਿ ਆਧੁਨਿਕਤਾ-ਵਾਦ ?’ ਮਾਰਕਸਵਾਦ ਨੂੰ ਆਧੁਨਿਕਤਾ ਦੇ ਵਿਰੋਧ ਵਿਚ ਰੱਖ ਲਿਆ ਗਿਆ।

ਪਿਛੋਕੜ ਵਿਚ ਦੂਜੀ ਗੱਲ ਇਹ ਹੈ ਕਿ ਦੂਜੇ ਵਿਸ਼ਵ ਯੁੱਧ ਸਮੇਂ ਜਦੋਂ ਸਟਾਲਨਵਾਦ ਨੇ ਕੱਟੜਤਾ ਨੂੰ ਸਾਹਮਣੇ ਲਿਆਂਦਾ ਹੋਇਆ ਸੀ, ਤਾਂ ਯੂਰਪੀ ਮਾਰਕਸਵਾਦ ਦਾ ਸੰਕਲਪ ਪੈਦਾ ਹੋਣਾ ਸ਼ੁਰੂ ਹੋਇਆ, ਜਿਸ ਨੇ ਉਸ ਕੱਟੜਤਾ ਦਾ ਵਿਰੋਧ ਕਰਨਾ ਸ਼ੁਰੂ ਕੀਤਾ ਤੇ ਆਧੁਨਿਕਤਾ ਜਾਂ ਨਵੀਨਤਾ ਨੂੰ ਮਾਰਕਸਵਾਦ ਦੇ ਨਾਲ-ਨਾਲ ਸਵੀਕਾਰ ਕਰਨਾ ਸ਼ੁਰੂ ਕੀਤਾ। ਇਨ੍ਹਾਂ ਚਿੰਤਕਾਂ ਵਿਚ ਬਰੈਖ਼ਤ, ਅਡੋਰਨੋ, ਗ੍ਰਾਮਸ਼ੀ, ਵਾਲਟਰ ਬੈਂਜਾਮਿਨ, ਅਰਨੈਸਟ ਬਲੱਖ਼ ਤੇ ਹੋਰ ਚਿੰਤਕ ਸਨ, ਪਰ ਇਸ ਚਿੰਤਨ ਨੂੰ ਉਸ ਸਮੇਂ ਰੂਸੀ ਮਾਰਕਸਵਾਦੀਆਂ ਨੇ ਬਹੁਤਾ ਗੌਲਿਆ ਨਹੀਂ। ਇਹ ਵੀ ਹੋ ਸਕਦਾ ਹੈ ਕਿ ਸਮਾਜਵਾਦੀ ਕ੍ਰਾਂਤੀਆਂ ਢਹਿ-ਢੇਰੀ ਨਾ ਹੁੰਦੀਆਂ, ਜਿਸ ਵਿਚੋਂ ਹੁਣ ਵਿਚਰਦੀਆਂ ਪੀੜ੍ਹੀਆਂ ਲਈ ਸਿਫਰ-ਸਥਿਤੀ ਪੈਦਾ ਹੋਈ ਹੈ।

ਇਉਂ ਇਸ ਕਵਿਤਾ ਨੂੰ ਸਰਲ ਵਿਧੀ ਨਾਲ ਨਹੀਂ ਪੜ੍ਹਿਆ ਜਾ ਸਕਦਾ। ਇਸ ਕਵਿਤਾ ਦੇ ਪਿਛੋਕੜ ਤੇ ਵਿਚਾਰਧਾਰਾ ਦਾ ਪੂਰਾ ਸੰਗਠਨ ਹੈ ਤੇ ਕਵੀ ਉਸ ਸਾਰੀ ਚੇਤਨਾ ਵਿੱਚੋਂ ਇਸ ਕਵਿਤਾ ਦੀ ਸਿਰਜਨਾ ਕਰ ਰਿਹਾ ਹੈ। ਉਹ ਗੱਲ ਉਸ ਸਮੇਂ ਤੋਂ ਸ਼ੁਰੂ ਕਰਦਾ ਹੈ, ਜਦੋਂ ਜ਼ਾਰ ਤੋਂ ਪਿਛੋਂ ਲੈਨਿਨ ਤੇ ਫਿਰ ਸਟਾਲਿਨ ਦਾ ਯੁੱਗ ਸਾਹਮਣੇ ਆਇਆ। ਦੀਵਾਰ ਤੇ ਸਤਰੰਗੇ ਸੁਪਨੇ ਤਾਂ ਸਨ ਪਰ ਦੀਵਾਰ ਵੀ ਸੀ। ਇਉਂ ਸੋਚਣ ਦੀ ਸਥਿਤੀ ਬਿਨਾਂ ਸੋਚ ਤੋਂ ਸੀ, ਵੇਖਣ ਦੀ ਬਿਨਾਂ ਨਜ਼ਰ ਤੋਂ, ਬੋਲਣ ਦੀ ਬਿਨਾਂ ਜੀਭ ਤੋਂ ਸੀ, ਤੇ ਸੁਨਣ ਦੀ ਬਿਨਾਂ ਆਵਾਜ਼ ਤੋਂ। ਇਉਂ ਇਸ ਪ੍ਰਬੰਧ ਵਿੱਚੋਂ ਗੋਰਬਾਚੋਵ ਤੀਕ ਪਹੁੰਚੇ।

ਇਸ ਕਵਿਤਾ ਵਿਚ ਕਵੀ ਇਕ ਆਲੋਚਨਾਤਮਕ ਦ੍ਰਿਸ਼ਟੀ ਨੂੰ ਵੀ ਨਾਲੋ ਨਾਲ ਤੋਰਦਾ ਹੈ। ਉਸ ਦਾ ਵਿਚਾਰ ਹੈ ਕਿ ਪ੍ਰਬੰਧ ਵਿਚ ਜਿਸ ਕਿਸਮ ਦੀ ਉਸਾਰੀ ਹੋਣੀ ਚਾਹੀਦੀ ਸੀ ਉਹ ਨਾ ਹੋਈ, ਮਨੁੱਖ ਦਾ ਮਨ ਬਚਪਨ ਤੋਂ ਅੱਗੇ ਨਾ ਲੰਘਿਆ। ਛਿਣ ਪਲ ਵਿਚ ਹੀ ਪੂਰੇ ਅਸਮਾਨ ਤੇ ਪੂਰੀ ਉਡਾਰੀ ਭਰਨ ਲਈ ਆਖਿਆ ਗਿਆ ਤੇ ਇਉਂ ਉਸ ਦੇਸ਼ ਦੀ ਪੀੜ੍ਹੀ ਉਥੇ ਹੀ ਬੈਠੀ ਰਹੀ, ਜਦੋਂ ਉਨ੍ਹਾਂ ਦੇ ਘਰਾਂ ਦਾ ਮੂੰਹ ਜ਼ਾਰ ਵੱਲ ਸੀ। ਭਾਵ ਇਹ ਕਿ ਉਨ੍ਹਾਂ ਦੀ ਮਾਨਸਿਕਤਾ ਵਿਚੋਂ ਉਹ ਪੁਰਾਣੇ ਸੁਪਨੇ ਨਾ ਗਏ ਤੇ ਨਾ ਉਹ ਨਵੀਂ ਚੇਤਨਾ ਨਾਲ ਜੁੜ ਸਕੇ। ਇਸ ਪੀੜ੍ਹੀ ਦਾ ਸਿਰਫ ਬਰੇਨ ਵਾਸ਼ ਹੀ ਕੀਤਾ ਗਿਆ। ਇਉਂ ਕਵੀ ਰੂਸ ਤੇ ਹੋਰ ਦੇਸ਼ਾਂ ਦੇ ਮਾਰਕਸਵਾਦੀ ਪ੍ਰਬੰਧ ਉੱਪਰ ਕਟਾਖਸ਼ ਕਰ ਰਿਹਾ ਹੈ। (ਵਿਸ਼ੇਸ਼ ਤੌਰ ਤੇ ਰੂਸ ਉੱਪਰ ਕਟਾਖਸ਼ ਇਸ ਲਈ ਬਣਦੀ ਹੈ ਕਿਉਂਕਿ ਰੂਸ ਪ੍ਰਮੁੱਖ ਮਾਰਕਸਵਾਦੀ ਦੇਸ਼ ਸੀ, ਜਿੱਥੇ ਇਹ ਇਨਕਲਾਬ ਢਹਿ-ਢੇਰੀ ਹੋਇਆ) ਤੇ ਬਾਕੀ ਯੂਰਪ ਵਿਚ ਉਸ ਨੇ ਹੀ ਇਸ ਰਾਜ ਪ੍ਰਬੰਧ ਨੂੰ ਕਾਇਮ ਕੀਤਾ ਸੀ। ਲੇਖਕ ਜਦੋਂ ‘ਬਰੇਨਵਾਸ਼’ ਸ਼ਬਦ ਰਾਹੀਂ ਕਟਾਖਸ਼ ਕਾਇਮ ਕਰ ਰਿਹਾ ਹੈ ਤਾਂ ਉਸ ਦਾ ਸੰਕੇਤ ਇਸ ਗੱਲ ਵੱਲ ਵੀ ਹੈ ਕਿ ‘ਬਰੇਨਵਾਸ਼’ ਕਰਨ ਦਾ ਯਤਨ ‘ਫਾਸ਼ੀਵਾਦ’ ਵੀ ਕਰਦਾ ਹੈ। ਇਹ ਪ੍ਰਵਿਰਤੀ ਤਾਂ ਹਿਟਲਰ ਦੀ, ਸੱਦਾਮ ਹੁਸੈਨ ਤੇ ਹੋਰ

ਫਾਸ਼ੀਵਾਦੀਆਂ ਦੀ ਵੀ ਬਣਦੀ ਹੈ ਤੇ ਉਸ ਪ੍ਰਵਿਰਤੀ ਨਾਲ ਸਟਾਲਨ ਨੇ ਮਾਰਕਸਵਾਦੀ ਪ੍ਰਬੰਧ ਬਣਾਉਣਾ ਚਾਹਿਆ ਤਾਂ ਫੇਰ ਦੋਹਾਂ ਵਿਚ ਅੰਤਰ ਕੀ ਹੋਇਆ ?

ਉੱਤਰ-ਮਾਰਕਸਵਾਦ ਇਹ ਸਾਰੇ ਪ੍ਰਸ਼ਨ ਖੜ੍ਹੇ ਕਰਦਾ ਹੈ। ਉੱਤਰ-ਮਾਰਕਸਵਾਦ ਦਾ ਵਿਰੋਧ ਮੂਲ ਮਾਰਕਸਵਾਦ ਨਾਲ ਨਹੀਂ ਸਗੋਂ ਉਨ੍ਹਾਂ ਪ੍ਰਵਿਰਤੀਆਂ ਨਾਲ ਹੈ, ਜਿਨ੍ਹਾਂ ਕਾਰਨ ਮਾਰਕਸਵਾਦ ਦੀਆਂ ਉਪਰੋਕਤ ਅਸਫਲਤਾਵਾਂ ਸਾਹਮਣੇ ਆਈਆਂ, ਇਹ ਸਭ ਮਾਰਕਸਵਾਦ ਦੀਆਂ ਸੀਮਾਵਾਂ ਕਾਰਣ ਸੀ। ਇਸੇ ਲਈ ਉੱਤਰ-ਮਾਰਕਸਵਾਦ ਨਵੀਨਤਾ ਨੂੰ, ਮਨੁੱਖ ਦੀ ਸੰਪੂਰਨ ਆਜ਼ਾਦੀ ਨੂੰ ਸਵੀਕਾਰ ਕਰਦਾ ਹੈ। ਮਨੁੱਖ ਤੇ ਵਿਚਾਰਧਾਰਾ ਨੂੰ ਠੋਸਦਾ ਨਹੀਂ ਸਗੋਂ ਤਬਦੀਲੀ ਦੀਆਂ ਇਨ੍ਹਾਂ ਨਵੀਆਂ ਗੱਲਾਂ ਕਰਕੇ ਉੱਤਰ-ਮਾਰਕਸਵਾਦ ਤੇ ਉੱਤਰ-ਆਧੁਨਿਕਤਾ ਨੇੜੇ-ਨੇੜੇ ਆ ਜਾਂਦੇ ਹਨ ਤੇ ਅਸੀਂ ਇਸ ਕਵਿਤਾ ਦੇ ਜਿਨ੍ਹਾਂ ਵਿਚਾਰਧਾਰਕ ਪਹਿਲੂਆਂ ਨੂੰ ਅਧਿਐਨ ਵਿਚ ਲਿਆਂਦਾ ਹੈ ਉਨ੍ਹਾਂ ਨੂੰ ਇਸ ਨੇੜਤਾ ਵਿਚ ਹੀ ਸਮਝਿਆ ਜਾ ਸਕਦਾ ਹੈ, ਉਸ ਦਾ ਕਾਰਨ ਇਹ ਹੈ ਕਿ ਰਵਿੰਦਰ ਰਵੀ ਮੂਲ ਤੌਰ ਤੇ ਮਾਰਕਸਵਾਦੀ ਜਾਂ ਪ੍ਰਗਤੀਵਾਦੀ ਸ਼ਾਇਰ ਨਹੀਂ, ਉਸ ਨੂੰ ਹਮੇਸ਼ਾਂ ਆਧੁਨਿਕਤਾ ਨਾਲ ਸਬੰਧਤ ਕੀਤਾ ਗਿਆ ਹੈ, ਇਉਂ ਉਸ ਦੀ ਕਵਿਤਾ ਵਿਚ ਸਹਿਜੇ ਹੀ ਉਹ ਸਮੱਸਿਆਵਾਂ ਆ ਸਕਦੀਆਂ ਹਨ, ਜਿਨ੍ਹਾਂ ਦਾ ਸਰੋਕਾਰ ਉੱਤਰ-ਆਧੁਨਿਕਤਾ ਨਾਲ ਹੈ, ਪਰ ਉਹ ਵਿਸਤ੍ਰਿਤ ਚੇਤਨਾ ਨਾਲ ਜੁੜਿਆ ਹੋਇਆ ਸ਼ਾਇਰ ਹੈ। ਉਸ ਨੇ ਪਹਿਲਾਂ ਵੀ ਕਈ ਅਜਿਹੀਆਂ ਕਵਿਤਾਵਾਂ ਲਿਖੀਆਂ ਹਨ, ਜਿਨ੍ਹਾਂ ਵਿਚ ਉਹ ਮਾਰਕਸਵਾਦੀ ਸੀਮਾਵਾਂ ਬਿਆਨ ਕਰ ਰਿਹਾ ਹੁੰਦਾ ਹੈ ਤੇ ਇਹ ਕਵਿਤਾ ਉਸ ਪੈਰਾਡਾਈਮ ਵਿਚ ਵੀ ਉੱਤਰ-ਮਾਰਕਸਵਾਦੀ ਬਿੰਦੂ ਨੂੰ ਸਪਸ਼ਟ ਕਰਦੀ ਹੈ। ਉਂਜ ਉੱਤਰ-ਮਾਰਕਸਵਾਦੀ ਸਥਿਤੀ ਨੂੰ ਵੀ ਉਹੀ ਚਿੰਤਕ ਸਵੀਕਾਰ ਕਰ ਰਹੇ ਹਨ, ਜਿਨ੍ਹਾਂ ਦਾ ਸਰੋਕਾਰ ਉੱਤਰ-ਆਧੁਨਿਕ ਚਿੰਤਨ ਨਾਲ ਹੈ, ਜਿਵੇਂ ਅਮਰੀਕਾ ਵਿਚ ਫਰੈਡਰਿਕ ਜੇਮਸਨ ਦੀ ਉਦਾਹਰਣ ਸਾਡੇ ਸਾਹਮਣੇ ਹੈ ਜਿਸ ਦਾ ਚਰਚਾ ਅਸੀਂ ਪਹਿਲਾਂ ਵੀ ਕਰ ਚੁਕੇ ਹਾਂ।

**-ਡਾ. ਵਨੀਤਾ** (ਭਾਰਤ)

(ਪੁਸਤਕ : **"ਉੱਤਰ-ਆਧੁਨਿਕਤਾ ਅਤੇ ਕਵਿਤਾ"** (1998) ਵਿੱਚੋਂ, ਪੰਨਾ 54 ਤੋਂ 59)

ਪ੍ਰਕਾਸ਼ਕ : ਸ਼ਿਲਾਲੇਖ, ਦਿੱਲੀ-110032

## ਘਰ ਦੀ ਤਲਾਸ਼

**(ਕਾਵਿ-ਕਥਾ)**

ਘਰ ਤਲਾਸ਼ ਕਰਦਾ, ਕਰਦਾ
ਉਹ ਬੇਘਰ ਹੋ ਗਿਆ ਹੈ !

ਉਸਦਾ ਜਨਮ
ਇਕ ਸੂਰਜ ਵਾਂਗ ਹੋਇਆ
ਤੇ ਇਸ ਦੇ ਨਾਲ ਹੀ
ਬਣਵਾਸ ਸ਼ੁਰੂ ਹੋ ਗਿਆ !

ਗਰਭ-ਕਾਲ ਤੋਂ ਹੀ
ਉਹ ਜੂਝ ਰਿਹਾ ਹੈ
ਕਦੇ ਮਾਂ ਦੇ ਪੇਟ ਨਾਲ
ਕਦੇ ਖ਼ੁਦ ਨਾਲ।
ਦੀਵਾਰਾਂ ਉੱਚੀਆਂ ਤੇ
ਛੱਤਾਂ ਹੇਠ ਸੁਰੱਖਿਅਤ ਸਨ
ਪਰ ਉਸ ਨੂੰ ਰਾਸ ਨਾ ਆਈਆਂ !
ਖਿੜਕੀਆਂ 'ਚੋਂ,
ਜੁ ਕੁਝ ਉਸਨੂੰ ਵਿਖਾਇਆ ਜਾਂਦਾ ਸੀ,
ਉਹ ਉਸਨੂੰ ਨਜ਼ਰ ਨਾ ਆਇਆ !
ਜੋ ਕੁਝ ਉਹ ਵੇਖਣਾ ਚਾਹੁੰਦਾ ਸੀ,
ਉਸਨੂੰ ਸਮਰਥਨ ਨਾ ਮਿਲਿਆ !
ਉਹ ਘਰ ਵਿਚ ਹੀ
ਜਲਾਵਤਨ ਹੋ ਗਿਆ !
ਕਦੇ ਪੈਰ ਵੱਡੇ ਹੋਏ, ਕਦੇ ਮੋਢੇ, ਕਦੇ ਛਾਤੀ।
ਜਿਸਮ ਦੇ ਵਧਣ ਨਾਲ,
ਉਸਨੂੰ ਮਹਿਸੂਸ ਹੁੰਦਾ ਰਿਹਾ, ਕਿ
ਉਸਦੇ ਜ਼ਿਹਨ ਦੀ ਉਮਰ ਰੁਕ ਗਈ ਹੈ !

ਪਿੰਜਰੇ ਵਿਚ ਵੀ ਪੰਛੀ
ਫੜਫੜਾਉਂਦੇ ਹਨ,
ਉਹ ਵੀ ਫੜਫੜਾਇਆ !
ਜੇਲ੍ਹ ਵਿਚ ਵੀ ਕੈਦੀ
ਸੁਫ਼ਨੇ ਲੈਂਦੇ ਹਨ,
ਉਹ ਵੀ ਲੈਂਦਾ ਰਿਹਾ ! ...
... ਤੇ ਫਿਰ ...
ਇਹ ਸੁਫ਼ਨੇ ਹੀ
ਚਾਰਦੀਵਾਰੀ ਵਿਚ ਸੁਰੱਖਿਅਤ
ਇਸ ਪਿੰਜਰੇ ਨੂੰ ਲੈ ਉੜੇ !
ਕਦੇ ਸਾਗਰ,
ਕਦੇ ਹਵਾ,
ਕਦੇ ਧਰਤੀ—
ਇਕ ਤੋਂ ਬਾਅਦ ਇਕ
ਉਸਦੇ ਸਫ਼ਰ ਦਾ ਮਾਰਗ ਬਣੇ।

ਪਲਕ ਝਪਕ ਨਾਲ ਹੀ
ਥਲ ਵਿਚ ਬੱਦਲ ਕਦੇ,
ਬੱਦਲ ਵਿਚ ਸਾਗਰ ਸਿਮਟ ਗਏ।
ਸੱਤਰੰਗੀਆਂ 'ਚ ਅੰਬਰ ਰੰਗੇ ਗਏ !
ਪਿੰਡ ਤੋਂ ਬ੍ਰਹਮੰਡ ਬਣੀ ਨਜ਼ਰ
ਹਰ ਪੜਾ ਨੂੰ ਪਛਾਣ ਸਮਝਦੀ, ਸਮਝਦੀ
ਖ਼ੁਦ ਤੋਂ ਬੇਪਛਾਣ ਹੋ ਗਈ !
ਇਕ ਦੁਨੀਆਂ ਫੈਲ ਗਈ,
ਤਾਂ ਇਕ ਦੁਨੀਆਂ ਸਿਮਟ ਗਈ !

ਫੈਲਣ ਤੇ ਸੁਕੜਨ ਵਿਚਕਾਰ,
ਰੁੱਤਾਂ ਵਾਂਗ,
ਉਹ ਲਗਾਤਾਰ ਬੀਤਦਾ ਰਿਹਾ :
ਬੀਜ
ਫੁਲ
ਫਲ
ਬਣਦਾ
ਕਦੇ ਝੜਦਾ, ਕਦੇ ਸੁੱਕਦਾ ਰਿਹਾ !
ਛਾਵਾਂ ਵਿਚ, ਪਰਛਾਵੇਂ ਵਾਂਗ, ਉਹ
ਹੌਲੀ ਹੌਲੀ

ਆਪਣੇ ਅੰਦਰ
ਹੌਲੀ ਹੌਲੀ
ਆਪਣੇ ਬਾਹਰ
ਖ਼ੁਦ ਨੂੰ ਭਾਲਦਾ
ਖ਼ੁਦ ਤੋਂ ਛੁਪਦਾ
ਖ਼ੁਦ ਵਿਚ ਲੁਕਦਾ
ਖ਼ੁਦ ਵਿਚ ਮੁਕਦਾ
ਖ਼ੁਦ ਵਿਚ ਉੱਗਦਾ
ਖ਼ੁਦ ਵਿਚ ਸੁਕਦਾ ਰਿਹਾ !
... ਤੇ ...
ਹੁਣ ਜਦੋਂ
ਪਤੱਝੜ ਇਸ ਪਾਸੇ ਪਈ ਹੈ
ਤੇ ਬਹਾਰ ਉਸ ਪਾਸੇ
ਤਾਂ ਉਸਨੂੰ ਸਮਝ ਪਈ ਹੈ, ਕਿ
ਮੌਸਮਾਂ ਦੀ ਹੋਂਦ ਤਾਂ
ਪ੍ਰਸੰਗ-ਦਰ-ਪ੍ਰਸੰਗ
ਨਿਰੰਤਰਤਾ ਵਿਚ ਹੁੰਦੀ ਹੈ।
ਮੌਸਮ ਕਦੇ ਕਿਸੇ ਦਾ ਸਦੀਵੀ ਘਰ ਨਹੀਂ ਬਣਦੇ,
ਲਗਾਤਾਰ ਬਦਲਣ ਦੀ ਪ੍ਰੇਰਣਾ ਦਿੰਦੇ ਹਨ !
ਘਰ ਤਲਾਸ਼ ਕਰਦਾ ਕਰਦਾ,
ਉਹ ਬੇਘਰ ਹੋ ਗਿਆ ਹੈ।

**"ਗੋਰੀਆਂ ਸ਼ਹੀਦੀਆਂ" (2010)**
(ਕਾਵਿ-ਸੰਗ੍ਰਹਿ : **"ਪੱਤਰ ਤੇ ਦਰਿਆ"** (2003)
ਅਤੇ **"ਸ਼ਬਦ ਸਾਗਰ"** (2004) ਵਿਚ ਸ਼ਾਮਿਲ)

## ਇਕ ਹਾਦਸਾ

**(ਕਾਵਿ-ਕਥਾ)**

ਤੂੰ ਆਈ, ਤਾਂ
ਦਰਿਆ ਸਮੁੰਦਰ ਵਲੋਂ
ਪਰਬਤ ਵਲਾਂ ਚੜ੍ਹ ਤੁਰੇ।
ਤੇਰੀ ਛੁਹ ਇਕ ਮੁਅਜਜ਼ਾ ਸੀ !
ਤੇਰੀਆਂ ਨਿੱਕੀਆਂ ਨਿੱਕੀਆਂ ਗੱਲਾਂ
ਤੇ ਵੱਡੇ ਵੱਡੇ ਸੁਫਨੇ
ਖੰਭਾਂ ਦੀ ਫੜਫੜਾਹਟ
ਤੇ ਅੱਖਾਂ ਵਿਚ ਸਿਮਟਦੇ ਅਸਮਾਨ
ਮੈਨੂੰ ਅਜੇ ਵੀ ਯਾਦ ਨੇ।

ਸਾਡਾ ਮਿਲਣਾ ਇਕ ਹਾਦਸਾ ਸੀ !
ਸਮੇਂ ਨੇ ਸਾਨੂੰ
ਇੱਕੋ ਦਰਿਆ ਦੇ ਦੋ ਕੰਢਿਆਂ ਵਾਂਗ,
ਸਮਾਨੰਤਰ ਖਲ੍ਹਿਆਰ ਦਿੱਤਾ।
ਅਸੀਂ ਮਿਲਕੇ ਵੀ ਨਹੀਂ ਮਿਲਦੇ
ਤੇ ਵਿੱਛੜ ਕੇ ਵੀ ਨਹੀਂ ਵਿੱਛੜਦੇ !
ਦਰਿਆ ਦੀ ਗਤੀ ਦੇ ਨਾਲ, ਨਾਲ,
ਕੰਢਿਆਂ ਵਿਚ ਵੀ,
ਗਤੀ ਦਾ ਮੱਠਾ, ਮੱਠਾ ਅਹਿਸਾਸ ਰਹਿੰਦਾ ਹੈ !
ਜੇ ਫਰਕ ਹੈ, ਤਾਂ ਕੇਵਲ ਇਤਨਾ
ਕਿ ਹੁਣ ਫੇਰ ਦਰਿਆ
ਪਰਬਤ ਵੱਲੋਂ ਸਮੁੰਦਰ ਵਲਾਂ ਵਹਿੰਦਾ ਹੈ !
ਤੇਰੇ ਆਉਣ ਤੇ ਤੇਰੇ ਜਾਣ ਵਿਚਕਾਰ।
ਬਹੁਤ ਵੱਡੀ ਨੇੜਤਾ ਹੈ,
ਬਹੁਤ ਵੱਡਾ ਫ਼ਾਸਲਾ ਹੈ !!!

**"ਗੋਰੀਆਂ ਸ਼ਹੀਦੀਆਂ" (2010)**
(ਕਾਵਿ-ਸੰਗ੍ਰਹਿ : **"ਪੱਤਰ ਤੇ ਦਰਿਆ"**-2003)

## ਬਾਪ : ਇਕ ਆਦਿ-ਕਥਾ

**(ਕਾਵਿ-ਕਥਾ)**

ਹਲ, ਬੀਜ ਤੇ ਬੈਲ ਬਣਿਆਂ ਬਾਪ
ਪੀੜ੍ਹੀ-ਦਰ-ਪੀੜ੍ਹੀ
ਜ਼ਿੰਦਗੀ ਦੀ ਕਿਰਸਾਣੀ ਕਰਦਾ ਰਿਹਾ !

ਅਨ੍ਹੇਰਿਆਂ 'ਚੋਂ ਉਜਾਲੇ ਟੋਲਦਾ
ਉਜਾਲਿਆਂ ਤੋਂ ਪਾਰ ਸੁਫ਼ਨੇ ਉਣਦਾ
ਮੀਂਹ, ਅਨ੍ਹੇਰੀ ਵਿਚ
ਕੱਕਰ
ਗਰਮੀਂ, ਸਰਦੀ
ਗੜੇਮਾਰ ਹੇਠ
ਉਹ ਮੌਸਮਾਂ ਦੇ ਰੰਗ ਰੂਪ ਲਈ, ਨਜ਼ਰ,
ਉਨ੍ਹਾਂ ਦੇ ਕਹਿਰ ਲਈ,
ਪਿੱਠ ਬਣ ਗਿਆ !

ਮੌਸਮਾਂ ਦੇ ਨਾਲ ਬੀਤਦਾ ਵੀ ਉਹ
ਅੰਤਿਮ ਸਾਹ ਤਕ
ਨਾਂ ਬੀਤਣ ਵਾਲਾ
ਇਕਸਾਰ ਮੌਸਮ ਬਣ ਗਿਆ।

ਫਸਲ ਜੰਮੀਂ
ਪਰਵਾਨ ਚੜ੍ਹੀ
ਪੱਕੀ
ਕੱਟੀ
ਵੱਟੀ ਗਈ
ਤੇ ਹਰ ਫ਼ਸਲ ਦਾ ਝਾੜ

ਪ੍ਰਤੀ ਏਕੜ ਦੇ ਹਿਸਾਬ
ਧਰਤੀ ਦੇ ਨਾਮ ਲੱਗਦਾ ਰਿਹਾ।

ਇਸ ਸਭ ਕੁਝ ਤੋਂ ਬੇਨਿਆਜ਼
ਇਕ ਨਿਸ਼ਕਾਮ, ਨਿਰੰਤਰ ਨਸ਼ੇ ਵਿਚ
ਹਲ, ਬੀਜ ਤੇ ਬੈਲ ਬਣਿਆਂ ਬਾਪ
ਪੀੜ੍ਹੀ-ਦਰ-ਪੀੜ੍ਹੀ
ਜ਼ਿੰਦਗੀ ਦੀ ਕਿਰਸਾਣੀ ਕਰਦਾ ਰਿਹਾ।
ਜੋ ਕੁਝ ਵੀ ਬੀਜਿਆ, ਵੱਟਿਆ,
ਧਰਤੀ ਮਾਂ ਦੇ ਨਾਮ ਕਰਦਾ ਰਿਹਾ !

ਕਿਰਸਾਣ ਦੀ ਪਤਨੀ
ਰੱਸੀ 'ਤੇ
ਸੁੱਕਣੇ ਪਾਏ ਪੋਤੜਿਆਂ 'ਚੋਂ
ਇਸ ਵਿਹੜੇ ਵਿਚ
ਚੜ੍ਹਨ ਵਾਲੀ ਜਵਾਨੀ ਦੇ ਸੁਫਨੇ
ਵੇਖਦੀ, ਵੇਖਦੀ,
ਲੋਕ-ਗੀਤਾਂ ਦੀ ਮਾਂ ਬਣ ਗਈ !

**"ਗੋਰੀਆਂ ਸ਼ਹੀਦੀਆਂ" (2010)**
(ਕਾਵਿ-ਸੰਗ੍ਰਹਿ : **"ਛਾਵਾਂ ਤੇ ਪਰਛਾਵੇਂ"**-2007)

## ਖਿਡੌਣੇ ਬਿਖਰ ਗਏ

**(ਕਾਵਿ-ਕਥਾ)**

ਦਿਮਾਗ਼ ਵਿਚ ਜਮ੍ਹਾਂ ਹੋਏ, ਪਤਾ ਨਹੀਂ ਕਿਉਂ
ਇਕ ਇਕ ਕਰਕੇ,
ਮੇਰੇ ਖਿਡੌਣੇ ਬਿਖਰ ਗਏ ?
ਸਿਮਰਨ 'ਚ ਵੱਸਦੇ ਬਚਪਨ ਦੇ ਦਿਨ
ਸਮੇਂ ਦੀ ਛਾਨਣੀ 'ਚੋਂ, ਕਿੰਜ ਕਿਰ ਗਏ !!!

ਸਮਾਂ ਸੀ, ਜਦੋਂ ਦੂਰ ਦੀ ਹਰ ਚੀਜ਼
ਬਹੁਤ ਨਜ਼ਦੀਕ ਨਜ਼ਰ ਆਉਂਦੀ ਸੀ
ਹੁਣ ਨੇੜੇ ਦੀਆਂ ਚੀਜ਼ਾਂ ਵੀ ਬਹੁਤ
ਦੂਰ ਜਾ ਵੱਸੀਆਂ ਹਨ
ਕੁਝ ਨਜ਼ਰ ਨਹੀਂ ਆਉਂਦਾ
ਧੁੰਦ ਜਿਹੀ ਵਿਚ

ਹੱਥ ਲੱਗਦਿਆਂ ਹੀ, ਚਾਹ ਦੀ ਪਿਆਲੀ ਡੁੱਲ੍ਹ ਜਾਂਦੀ ਹੈ
ਵਰ੍ਹਿਆਂ ਤੋਂ ਅੰਦਰ ਬੱਝੀ ਗੱਠੜੀ, ਆਪੇ ਖੁੱਲ੍ਹ ਜਾਂਦੀ ਹੈ

ਹੱਥਾਂ ਨਾਲ ਟਟੋਲਕੇ ਆਪਣੇ ਟੁਕੜੇ ਪਛਾਣਦਾ ਹਾਂ
ਅਜਨਬੀ ਬਣੇ ਸਭ ਅੱਖਾਂ ਨੂੰ ਘੂਰਦੇ ਹਨ

ਟੁਕੜਿਆਂ ਨੂੰ ਆਜ਼ਾਦ ਕਰ ਦਿੰਦਾ ਹਾਂ ਮੈਂ
ਆਪਣਾ, ਆਪਣਾ ਅਸਤਿਤਵ ਭੋਗਣ ਲਈ

ਬੀਤ ਚੁੱਕੇ ਪਲਾਂ ਨੂੰ ਆਪਣੇ ਨਾਲ ਜੋੜਨ ਦੀ
ਕੋਸ਼ਿਸ਼ ਬੜੀ ਕੀਤੀ
ਪਰ ਮੇਰੇ ਨਾਲ ਜੁੜਨ ਤੋਂ ਪਹਿਲਾਂ ਹੀ

ਵੇਖਦਿਆਂ, ਵੇਖਦਿਆਂ ਉਹ
ਉਂਗਲਾਂ ਦੀਆਂ ਵਿਰਲਾਂ 'ਚੋਂ ਕਿਰ ਗਏ

ਇਕ ਹੀ ਦਾਇਰੇ ਦੀ
ਗੋਲਾਕਾਰ ਚਾਰ ਦੀਵਾਰੀ 'ਚੋਂ
ਹੁਣ ਉਨ੍ਹਾਂ ਨੂੰ ਕੋਈ ਸਕੂਨ ਨਹੀਂ ਮਿਲਦਾ

ਗਰਦ ਦੇ ਵਾਵਰੋਲੇ ਵਾਂਗ
ਚਾਰ ਦਿਸ਼ਾਵਾਂ ਵਲ ਨਿਕਲ ਜਾਂਦੇ ਹਨ
ਆਪੋ ਆਪਣੇ ਸਕੂਨ ਦੀ ਤਲਾਸ਼ ਵਿਚ

ਸ਼ੂਨਯ ਵਿਚ ਲਟਕ ਜਾਂਦਾ ਹੈ
ਦਾਇਰਾ, ਸਮਾਂ
ਤੇ ਉਸ ਵਿਚ ਭਟਕਦਾ
ਕੇਂਦਰ-ਬਿੰਦੂ : ਮੈਂ

ਦਾਇਰੇ ਦਾ ਚੱਕਰ ਟੁੱਟ ਚੁੱਕਾ ਹੈ
ਤੇ ਬਿੰਦੂ ਕੇਂਦਰ ਨਹੀਂ ਰਿਹਾ—
ਗਰਦ ਵਿਚ ਵਿਕੇਂਦ੍ਰਿਤ ਹੋ ਚੁੱਕਾ ਹੈ

ਮੇਰੇ ਸਮੇਂ ਦੇ ਸਭ ਪਲ ਕਿੱਧਰ ਗਏ ???

ਭੂਤ, ਭਵਿੱਖ ਤੇ ਵਰਤਮਾਨ ਵਿਚ
ਅੱਖਰ, ਅੱਖਰ ਕਰ ਕੇ
ਇਸ ਪੁਸਤਕ ਦੇ ਸਭ
ਪੰਨੇਂ ਛਣ ਗਏ !

ਇਕ, ਇਕ ਕਰਕੇ
ਮੇਰੇ ਖਿਡੌਣੇ
ਬਿਖਰ ਗਏ !!!

**"ਗੋਰੀਆਂ ਸ਼ਹੀਦੀਆਂ" (2010)**
(ਕਾਵਿ-ਸੰਗ੍ਰਹਿ : **"ਛਾਵਾਂ ਤੇ ਪਰਛਾਵੇਂ"**-2007)

## ਪੰਛੀ, ਮੱਛੀਆਂ ਤੇ ਮੈਂ : 2006 ਦੀ ਹਿੰਦ-ਪਾਕ ਫੇਰੀ ਤੋਂ ਬਾਅਦ

**(ਕਾਵਿ-ਕਥਾ)**

**1.**
ਦੇਸ਼, ਕਾਲ ਦੀ ਕੈਦ ਤੋਂ
ਆਜ਼ਾਦ ਹੋਇਆ—
ਪੰਛੀਆਂ ਦਾ ਇਕ ਝੁੰਡ—
ਝੁੰਡ ਵਿਚ ਇਕ ਪੰਛੀ,
ਹਜ਼ਾਰਾਂ ਕੋਹਾਂ ਦਾ ਪੈਂਡਾ ਮਾਰ ਕੇ
ਤੇ ਗਾਹ ਕੇ ਹੱਦਾਂ, ਸਰਹੱਦਾਂ
ਮੁੜ ਪਰਤ ਆਉਣ ਲਈ,
ਉਸੇ ਕਾਲ-ਚੱਕਰ ਵਿਚ !!!

ਸੈਮਨ ਮੱਛੀਆਂ ਵੀ—
ਅਸਗਾਹ ਸਮੁੰਦਰਾਂ ਨੂੰ ਗਾਹਕੇ
ਛੱਲਾਂ ਦੇ ਛਲਾਵਿਆਂ ਨਾਲ ਦਿਲ ਬਹਿਲਾ ਕੇ—
ਪਰਤ ਆਉਂਦੀਆਂ ਹਨ
ਉਸੇ ਨਦੀ ਵਿਚ,
ਜਿੱਥੇ ਕਦੇ ਉਨ੍ਹਾਂ ਦਾ ਜਨਮ ਹੋਇਆ ਸੀ।

ਉੱਥੇ ਹੀ ਮਰਨ ਆਉਂਦੀਆਂ ਹਨ—
ਅੰਡੇ ਦੇਣ ਤੋਂ ਬਾਅਦ,
ਨਦੀ ਦੇ ਨਿਰੰਤਰ ਵਹਿਣ ਵਿਚ
ਜ਼ਿੰਦਗੀ ਦਾ ਗੀਤ ਅੱਗੇ ਤੋਰ ਕੇ !!!

**2.**
ਪਾਕਿਸਤਾਨ ਦਾ ਇਕ ਮਕਾਨ
ਉਸ ਦਾ ਘਰ ਨਾ ਬਣ ਸਕਿਆ।

ਦੀਵਾਰਾਂ 'ਤੇ ਜੰਮੀਂ ਹੋਈ ਥਿਰ ਛੱਤ ਨੂੰ
ਕੋਈ ਘਰ ਨਹੀਂ ਕਹਿੰਦਾ।

ਸਮੇਂ ਦੀਆਂ ਸੀਤ ਹਵਾਵਾਂ ਵਿਚ
ਸੁੰਨ ਹੋ ਚੁੱਕੇ ਹਨ ਉਸ ਦੇ ਬਚਪਨ ਦੇ ਦਿਨ
ਹਿੰਦੋਸਤਾਨ ਵਿਚ ਵੀ ਇੰਜ ਹੀ ਹੋਇਆ—
ਪਿੰਡ ਤਾਂ ਸੀ, ਪਰ ਹਾਣੀ ਗ਼ਾਇਬ ਸਨ।

ਖੂਹ 'ਤੇ ਚਰਸ ਤੇ ਹਲਟ ਦੀ ਥਾਂ
ਬੰਬੀ ਬੋਲਦੀ ਸੀ।

ਸਕੂਲ, ਜਿੱਥੇ ਉਸ ਨੇ ਅੱਠ ਸਾਲ ਪੜ੍ਹਾਇਆ ਸੀ,
ਇਕ ਨਵੀਂ ਪੀੜ੍ਹੀ ਦਾ ਨਵਾਂ ਮੈਨੀਫੈਸੈਟੋ ਬਣੀ,
ਉਸ ਨੂੰ ਚੁਣੌਤੀ ਦੇ ਰਿਹਾ ਸੀ।

ਘੜੀ ਦੀਆਂ ਸੂਈਆਂ ਨੂੰ ਪਿੱਛੇ ਮੋੜਨ ਨਾਲ
ਬੀਤਿਆ ਸਮਾਂ, ਪਰਤ ਨਹੀਂ ਸਕਦਾ—
ਉਸ ਨੂੰ ਪਤਾ ਹੈ !

ਘਰ ਵੇਖਣ ਵਾਲੇ ਦੀ ਅੱਖ ਵਿਚ ਹੁੰਦਾ ਹੈ—
ਉਸ ਨੂੰ ਪਤਾ ਹੈ !

ਕੈਨੇਡਾ ਵਿਚ ਉਸ ਦੇ ਪੁੱਤਰ, ਪੋਤਰੀਆਂ ਤੇ ਪੋਤਰੇ
ਵੱਖ, ਵੱਖ ਸ਼ਹਿਰਾਂ ਦੀ ਦੂਰੀ ਤੋਂ ਵੀ,
ਘਰ ਵਾਂਗ,
ਉਸ ਦੇ ਨਾਲ, ਨਾਲ ਵੱਸਦੇ ਹਨ !!!

ਉਹ ਸੂਰਜ ਵਲ ਵੇਖਦਾ ਹੈ :
ਹੱਦਾਂ ਤੇ ਸਰਹੱਦਾਂ ਵਲ—
ਮੱਛੀਆਂ ਤੇ ਪੰਛੀਆਂ ਵਲ—

ਉਸ ਅੰਦਰੋਂ ਹਵਾ ਜਿਹਾ ਕੁਝ ਜਨਮ ਲੈਂਦਾ ਹੈ
ਤੇ ਉਹ
ਛਿਣ ਦੀ ਛਿਣ
ਸਾਰੇ ਬ੍ਰਹਮੰਡ ਉੱਤੇ ਫੈਲ ਜਾਂਦਾ ਹੈ !!!

**"ਗੋਰੀਆਂ ਸ਼ਹੀਦੀਆਂ" (2010)**
(ਕਾਵਿ-ਸੰਗ੍ਰਹਿ : **"ਛਾਵਾਂ ਤੇ ਪਰਛਾਵੇਂ"**-2007)

## ਪਿੰਡ ਤੇ ਬ੍ਰਹਮੰਡ ਵਿਚਕਾਰ ਲਟਕਦੇ ਪਰਵਾਸੀ

**(ਕਾਵਿ-ਕਥਾ)**

ਗੁੱਲੀ ਡੰਡਾ ਖੇਡਦੇ, ਖੇਡਦੇ,
ਕੰਪਿਊਟਰ ਯੁੱਗ ਵਿਚ ਪਹੁੰਚ ਗਏ-
ਪਰ ਕੰਪਿਊਟਰ ਦੀ ਭਾਸ਼ਾ ਨਾ ਸਿੱਖੀ !

ਲੂਣ, ਤੇਲ, ਲੱਕੜੀਆਂ 'ਚ ਹੀ ਫਸੇ ਰਹੇ,
ਕੁੱਲੀ, ਗੁੱਲੀ, ਜੁੱਲੀ ਦੀ ਚਿੰਤਾ ਦੇ ਵਿਚ-
ਦਸ, ਦਸ, ਬਾਰਾਂ, ਬਾਰਾਂ ਘੰਟੇ ਦੀਆਂ
ਸ਼ਿਫਟਾਂ ਲਗਾਈਆਂ 7 ਨਹੀਂ ਤਾਂ 6 ਦਿਨ !

ਜੋ ਕੁਝ ਸਿੱਖਿਆ ਸੀ, ਉਹ ਭੁੱਲ ਗਏ !
ਜੋ ਸਿੱਖਣਾ ਸੀ, ਉਸ ਤੋਂ ਟੁੱਟ ਗਏ !
ਉਹ ਲਗਾਤਾਰ ਬੀਤਦੇ ਹੋਏ ਵੀ,
ਕੰਮ ਤੇ ਘਰ ਦੇ ਵਿਚਕਾਰ, ਲਟਕ ਕੇ-
ਰੁਕਦੇ, ਰੁਕਦੇ, ਰੁਕ ਗਏ !

ਬੱਚੇ ਕੇਵਲ ਕੰਪਿਊਟਰ ਦੀ ਭਾਸ਼ਾ
ਬੋਲਦੇ, ਪੜ੍ਹਦੇ, ਸੁਣਦੇ ਤੇ ਲਿਖਦੇ ਹਨ !
ਉਨ੍ਹਾਂ ਲਈ ਖੇਡ ਦਾ ਮੈਦਾਨ,
ਮਨੋਰੰਜਨ ਦਾ ਸਭ ਸਾਮਾਨ,
ਗਿਆਨ, ਧਿਆਨ ਤੇ ਵਿਗਿਆਨ-
ਇਹ ਕੰਪਿਊਟਰ ਹੈ !!!

ਸੰਗੀਤ, ਫ਼ਿਲਮਾਂ ਤੇ ਸੌਲੀਟੇਅਰ-
ਹਰ ਕਾਰ ਸ੍ਵੈ ਦੁਆਲੇ ਘੁੰਮਦੀ,
ਆੜੀ ਦੀ ਕੋਈ ਲੋੜ ਨਹੀਂ !

ਮਾਪਿਆਂ ਨੂੰ ਉਨ੍ਹਾਂ ਦੀ ਭਾਸ਼ਾ,
ਉਨ੍ਹਾਂ ਦਾ ਮੁਹਾਵਰਾ ਤੇ ਵਤੀਰਾ,
ਸਭ ਕੁਝ ਓਪਰਾ, ਓਪਰਾ, ਅਜਨਬੀ-
ਬਦੇਸ਼ੀ ਜਿਹਾ ਜਾਪਦਾ !

ਬੱਚੇ ਕੰਪਿਊਟਰ ਮੂਹਰੇ ਬੈਠੇ, ਬੈਠੇ ਹੀ-
ਗਲੋਬਲ ਪਿੰਡ ਬਣ ਜਾਂਦੇ ਹਨ
ਤੇ ਮਾਂ ਬਾਪ,
ਯਤਨ ਕਰ ਕੇ ਵੀ,
ਬੱਚਿਆਂ ਤਕ ਪਹੁੰਚ ਨਹੀਂ ਪਾਉਂਦੇ।

ਇਕ ਖਲਾਅ ਉੱਸਰਦੀ ਰਹੀ ਹੈ, ਲਗਾਤਾਰ-
ਦੋ ਪੀੜ੍ਹੀਆਂ ਵਿਚਕਾਰ !

ਬੱਚੇ ਬ੍ਰਹਮੰਡ ਬਣ ਰਹੇ, ਪਰ ਮਾਂ, ਬਾਪ-
ਪਿੰਡ ਨਾਲੋਂ ਵੀ ਟੁੱਟ ਗਏ !

ਸ਼ੂਨਯ ਵਿਚ ਵਿਚਰਦੀ ਹੈ, ਬੇਲਚਕ-
ਪਿਛਲੀ ਪੀੜ੍ਹੀ ਖਲਾਅ ਵਿਚ ..
... ...
... ...

ਜਿਸ ਤਰ੍ਹਾਂ ਰੇਸ਼ਮ ਦਾ ਕੀੜਾ,
ਖ਼ਤਮ ਹੁੰਦਾ,
ਰੇਸ਼ਮ ਪੈਦਾ ਕਰਨ ਦੀ ਸਜ਼ਾ ਵਿਚ !!!

**"ਗੋਰੀਆਂ ਸ਼ਹੀਦੀਆਂ" (2010)**

(ਕਾਵਿ-ਸੰਗ੍ਰਹਿ : **"ਛਾਵਾਂ ਤੇ ਪਰਛਾਵੇਂ"**-2007)

## ਲਾਵਾਰਸ ਲਾਸ਼, ਵਾਰਸਾਂ ਦੇ ਨਾਂ : ਦਾ ਗਹਿਨ ਅਧਿਅਨ
## ਅਧਿਅਨ-ਕਰਤਾ : ਪ੍ਰੋ. ਬ੍ਰਹਮ ਜਗਦੀਸ਼ ਸਿੰਘ

### ਲਾਵਾਰਸ ਲਾਸ਼, ਵਾਰਸਾਂ ਦੇ ਨਾਂ

**(ਗੱਦ-ਕਾਵਿ-ਕਥਾ)**

ਉਹ ਛੇਵੀਂ ਛੱਤ ਤੋਂ ਡਿੱਗੀ ਸੀ।
ਉਸ ਦੇ ਮੂੰਹ 'ਚੋਂ ਸਿਗਰਟਾਂ
ਤੇ ਸ਼ਰਾਬ ਦੀ ਬੋ ਆਉਂਦੀ ਸੀ !
ਉਸ ਦੀਆਂ ਬਾਹਾਂ ਉੱਤੇ, ਟੀਕਿਆਂ ਦੇ ਨਿਸ਼ਾਨ ਸਨ।

ਉਸ ਦਾ ਪੇਟ ਕੁੱਪ ਵਾਂਗ ਸੀ—
ਉਸ ਦੀ ਮੈਟਰਨਟੀ ਪੋਸ਼ਾਕ ਹੇਠ,
ਭੂਕਾਨੇ ਵਾਂਗ ਫੁੱਲਿਆ ਹੋਇਆ !

ਉਸ ਦੇ ਗਿੱਟਿਆਂ ਕੋਲੋਂ ਦੀ ਵਗ ਕੇ,
ਸੜਕ 'ਤੇ ਲਹੂ ਦਾ ਛੱਪੜ ਲੱਗ ਚੁੱਕਿਆ ਸੀ !
ਉਸ ਦੀਆਂ ਗੱਲ੍ਹਾਂ, ਮੋਢਿਆਂ, ਲੱਤਾਂ ਅਤੇ ਪੱਟਾਂ ਉੱਤੇ,
ਲਾਸ਼ਾਂ ਦੇ ਨਿਸ਼ਾਨ ਸਨ !
ਉਸ ਦਾ ਨੱਕ ਫ਼ਿਸ ਚੁੱਕਾ; ਤੇ
ਇਕ ਅੱਖ 'ਚ ਕੰਕਰ ਖੁੱਭ ਚੁੱਕੀ ਸੀ !

ਏਨਾਂ ਕੁਝ ਵੇਖਦਿਆਂ, ਹੀ ਮੇਰੇ ਕੰਨਾਂ ਵਿਚ
ਸਾਇਰਨ ਦੀ ਆਵਾਜ਼ ਪਈ !
ਐਂਬੂਲੈਂਸ ਵਾਲੇ ਕੀ ਕਰ ਸਕਦੇ ਸਨ ?
ਪੋਲੀਸ ਵਾਲਿਆਂ ਨੂੰ ਵੀ ਕੋਈ ਸਬੂਤ ਨਾ ਮਿਲਿਆ !

ਉਹ, ਅਪਾਰਟਮੈਂਟ ਵਿਚ ਕੱਲੀ ਹੀ ਰਹਿੰਦੀ ਸੀ !
ਉਸ ਦੇ ਕਮਰੇ ਵਿਚ ਸੰਗੀਤ ਦਾ ਡਾਢਾ ਸ਼ੋਰ ਸੀ,
ਖ਼ਾਲੀ ਬੋਤਲਾਂ, ਹੈਰੋਇਨ, ਟੁੱਟੇ ਗਲਾਸ,
ਸਿਗਰਟਾਂ ਦੇ ਟੋਟੇ,
ਤੇ ਕੁਝ ਹੋਰ ਲੋੜ ਦਾ ਸਾਮਾਨ ਪਿਆ ਸੀ—
ਤੇ ਫ਼ਰਸ਼ ਉੱਤੇ, ਲਹੂ ਦੇ ਧੱਬਿਆ ਵਾਲਾ, ਰੇਸ਼ਮੀ ਹੰਟਰ।
ਇਕ ਪੇਸ਼ਾਵਰੀ ਹੈਂਡ-ਬੈਗ ਵਿਚ, ਸ਼ਿੰਗਾਰ ਦਾ ਸਾਮਾਨ,
ਸੰਤਾਨ-ਸੰਜਮ ਤੇ ਗਰਭ-ਪਾਤ ਸੰਬੰਧੀ ਲੋੜੀਂਦੀ ਜਾਣਕਾਰੀ,
ਤੇ ਦਵਾਈਆਂ ਸਨ ; ਕੁਝ ਫੋਨ ਨੰਬਰ, ਨਾਮ ਤੇ ਥਾਵਾਂ ਦਾ ਪਤਾ !

ਪਰ ਉਹ ਸਭ ਕਹਿੰਦੇ ਸਨ :
'ਵੇਖੀਦੀ ਜ਼ਰੂਰ ਸੀ, ਪਰ ਜਾਣਦੇ ਨਹੀਂ !'
ਜੰਗ ਦੇ ਕਾਰਖ਼ਾਨਿਆਂ, ਵਿਧਾਨ-ਸਭਾਵਾਂ ਤੇ ਪ੍ਰਯੋਗ-ਸ਼ਾਲਾਵਾਂ ਵਿਚ,
ਮਾਰੂ ਸ਼ਸਤਰ, ਲੜਾਕੇ ਹਿੰਸਕ, ਸਿਪਾਹੀ, ਰੋਗੀ ਜ਼ਿਹਨ,
ਤੇ ਏਸ ਸਦੀ ਦੇ ਖਿਡੌਣਿਆਂ ਵਰਗੇ ਪੁਰਸ਼ ਪੈਦਾ ਕਰਨ ਵਾਲੇ, ਸ਼ਾਸ਼ਕੋ-
ਏਸ ਲਾਸ਼ ਬਾਰੇ ਤਾਂ ਤੁਸੀਂ ਜਾਣਦੇ ਹੋ, ਕਿ ਲਾਵਾਰਸ ਹੈ !
ਤੀਜੀ, ਪ੍ਰਮਾਣੂੰ, ਜੰਗ ਤੋਂ ਬਾਅਦ—
ਤੁਹਾਡੀ, ਸਾਡੀ ਤੇ ਹੋਰ ਸਭਨਾਂ ਦੀ ਇਹ ਸ਼ਨਾਖ਼ਤ ਵੀ ਜਾਂਦੀ ਰਹੇਗੀ!

ਧੌਲ ਦੇ ਸਿੰਗ ਨਹੀਂ ਹੋਣਗੇ,
ਤੇ ਨਾ ਹੀ, ਉਸ ਜਿਹੇ ਹੋਰ ਜਾਨਵਰ, ਦੇਵਤੇ !
ਸ਼ਬਦਾਂ ਹੇਠੋਂ, ਅਰਥ ਖਿਸਕ ਜਾਣਗੇ,
ਤੇ ਡਿਗ ਪਵੇਗੀ ਭਾਸ਼ਾ,
ਪੱਤਿਆਂ ਦੇ ਕਿਲ੍ਹੇ ਵਾਂਗ
ਆਪਣੀ ਹੀ ਸੱਭਿਅਤਾ ਸਮੇਤ :
ਅੰਧਕਾਰ !
ਅੰਧਕਾਰ ! ਨਮਸਕਾਰ !!!

ਖੋਪਰੀਆਂ ਤਾਂ ਹੋਣਗੀਆਂ,
ਪਰ ਉਨ੍ਹਾਂ ਵਿਚ
ਦਿਮਾਗ ਦੀ ਥਾਂ ਖ਼ਲਾਅ ਹੋਵੇਗਾ !
ਪਤਾ ਨਹੀਂ ਫਿਰ,
ਕੈਸੇ ਹੋਣਗੇ ਇਹ ਪਰਬਤ, ਸਮੁੰਦਰ, ਆਕਾਸ਼,
ਤੇ ਕੈਸੀ ਇਹ ਹਵਾ ਹੋਵੇਗੀ।
ਨਮਸਕਾਰ !
ਨਮਸਕਾਰ !!
ਅੰਧਕਾਰ !!!

ਇਕ 'ਨੈਰੇਟਿਵ' ਦੇ ਰੂਪ ਵਿਚ ਪ੍ਰਸਤੁਤ ਰਵਿੰਦਰ ਰਵੀ ਦੀ ਇਹ ਕਵਿਤਾ ਉਸ ਦੇ ਕਾਵਿ-ਜਗਤ ਦਾ ਇਕ ਪ੍ਰਤੀਨਿਧ ਪ੍ਰਮਾਣ ਪੇਸ਼ ਕਰਦੀ ਹੈ। ਨਾਟਕੀਅਤਾ ਇਸ ਕਾਵਿ-ਕਿਰਤ ਵਿਚ ਆਰ-ਪਾਰ ਫੈਲੀ ਹੋਈ ਹੈ। ਕਿਸੇ ਬਿਲਡਿੰਗ ਦੀ ਛੇਵੀਂ ਛੱਤ ਤੋਂ ਡਿੱਗ ਕੇ ਆਤਮ-ਹੱਤਿਆ ਕਰਨ ਵਾਲੀ ਇਸ ਔਰਤ ਦੇ ਜੀਵਨ ਨਾਲ ਸੰਬੰਧਿਤ ਵੇਰਵਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਪਾਠਕਾਂ ਦੀ ਉਤਸੁਕਤਾ ਆਰੰਭ ਤੋਂ ਹੀ ਆਪਣੇ ਪੂਰੇ ਸਿਖਰ ਤੇ ਪਹੁੰਚ ਜਾਂਦੀ ਹੈ। ਲੇਖਕ ਇਨ੍ਹਾਂ ਜੀਵਨੀ-ਪਰਕ ਵੇਰਵਿਆਂ ਨੂੰ ਸਹਿਜੇ-ਸਹਿਜੇ ਖੋਲ੍ਹਦਾ ਹੈ। ਮਸਲਿਨ ਇਹ ਔਰਤ ਨਾ-ਕੇਵਲ ਸ਼ਰਾਬ ਅਤੇ ਸਿਗਰਟਾਂ ਦਾ ਹੀ ਰੱਜਵਾਂ ਉਪ-ਭੋਗ ਕਰਦੀ ਸੀ ਬਲਕਿ ਟੀਕਿਆਂ ਦੇ ਰੂਪ ਵਿਚ ਡਰੱਗ-ਐਡਿਕਟ ਵੀ ਹੋ ਚੁਕੀ ਸੀ। ਹੋਰ ਤੇ ਹੋਰ ਉਹ ਹਾਮਲਾ ਸੀ। ਅਜਿਹੇ ਵੇਰਵਿਆਂ ਦੁਆਰਾ ਰਵਿੰਦਰ ਰਵੀ ਨੇ ਅਜਨਬੀ-ਕਰਣ ਦੀ ਵਿਧੀ ਦਾ ਬੜਾ ਪ੍ਰਭਾਵਸ਼ਾਲੀ ਪ੍ਰਯੋਗ ਕੀਤਾ ਹੈ। ਪੂੰਜੀਵਾਦੀ ਸਮਾਜ ਦੀਆਂ ਵਿਕ੍ਰਿਤੀਆਂ ਦਾ ਸ਼ਿਕਾਰ ਇਹੋ ਜਿਹੀਆਂ ਬਹੁਤ ਸਾਰੀਆਂ ਔਰਤਾਂ ਮਹਾਂਨਗਰਾਂ ਵਿਚ ਮਿਲ ਜਾਣਗੀਆਂ ਜੋ ਅਲਕੋਹਲ ਅਤੇ ਡਰੱਗਜ਼ ਦੁਆਰਾ ਜੀਵਨ ਦੇ ਖੋ ਚੁਕੇ ਅਰਥਾਂ ਨੂੰ ਪ੍ਰਾਪਤ ਕਰਨ ਦਾ ਮਿਥਿਆ ਪ੍ਰਯਤਨ ਕਰ ਰਹੀਆਂ ਹੋਣ ਪਰ ਅਜਿਹੀ ਕਿਸੇ ਔਰਤ ਨੂੰ 'ਹਾਮਲਾ' ਦਿਖਾ ਕੇ ਕਵੀ ਸਿਰਜਣਾ ਅਤੇ ਵਿਨਾਸ਼ ਨੂੰ ਇੱਕੋ ਸਮੇਂ ਅਤੇ ਇੱਕੋ ਥਾਂ ਤੇ ਸੁਕੇਂਦ੍ਰਿਤ ਕਰ ਰਿਹਾ ਹੈ। ਵਿਅਕਤੀ ਚਾਹੇ ਆਪਣੇ ਜੀਵਨ ਦਾ ਕਿਤਨੀ ਵੀ ਬੁਰੀ ਤਰ੍ਹਾਂ ਤ੍ਰਿਸਕਾਰ ਕਿਉਂ ਨਾ ਕਰ ਰਿਹਾ ਹੋਵੇ, ਪ੍ਰਕ੍ਰਿਤੀ ਉਸਦੀਆਂ ਸੰਭਾਵਨਾਵਾਂ ਦੇ ਅਮਲ ਨੂੰ ਕਦੇ ਮੱਠਾ ਨਹੀਂ ਪੈਣ ਦੇਵੇਗੀ। ਇਸ ਤਰ੍ਹਾਂ ਕਵੀ ਨੇ ਇਕੋ ਹੀ ਵਜੂਦ ਅੰਦਰ ਜੀਵਨ ਅਤੇ ਮ੍ਰਿਤੂ ਦੀਆਂ ਦੋ ਵਿਪਰੀਤ ਪ੍ਰਕ੍ਰਿਆਵਾਂ ਨੂੰ ਇਕ ਦੂਜੇ ਦੇ ਕਰੀਬ ਲਿਆ ਕੇ ਇਕ ਮਹੱਤਵ ਪੂਰਨ ਅਤੇ ਮੂਲਭੂਤ ਜੁੱਟ-ਵਿਰੋਧ ਦੀ ਸਿਰਜਣਾ ਕੀਤੀ ਹੈ।

ਪੂੰਜੀਵਾਦੀ ਅਰਥ-ਵਿਵਸਥਾ ਦੇ ਵਿਕਾਰਾਂ ਦੁਆਰਾ ਸਮਾਜ ਤੋਂ ਅਜਨਬੀ ਅਤੇ ਆਪਣੇ ਆਪ ਤੋਂ ਉਪਰਾਮ ਹੋ ਚੁੱਕੀ ਇਸ ਨਾਰੀ ਦੇ ਦੁਖਾਂਤ ਸੰਬੰਧੀ ਪ੍ਰਥਮ ਸੂਚਨਾ ਦੇਣ ਤੋਂ ਬਾਅਦ ਕਵੀ ਆਪਣੇ ਵਿਵਰਣ ਨੂੰ ਕੁਝ ਦੇਰ ਲਈ ਰੋਕ ਕੇ ਆਪਣੀ ਅਭਿਵਿਅਕਤੀ ਦਾ ਫ਼ੋਕਸ ਹਾਦਸੇ ਦੇ ਸਥਾਨ ਉਤੇ ਕੇਂਦਰਿਤ ਕਰ ਲੈਂਦਾ ਹੈ। ਪੁਲੀਸ ਅਤੇ ਐਂਬੂਲੈਂਸ ਦੀਆਂ ਗੱਡੀਆਂ ਆ ਜਾਂਦੀਆਂ ਹਨ ਅਤੇ ਫਿਰ ਪੁਲੀਸ ਆਪਣੀ ਤਫ਼ਤੀਸ਼ ਸ਼ੁਰੂ ਕਰ ਦਿੰਦੀ ਹੈ। ਇਸ ਪੜਾਅ ਤੋਂ ਕਵਿਤਾ ਘੱਟੋ-ਘਟ ਦੋ ਸਪਸ਼ਟ ਧਰਾਤਲਾਂ ਤੇ ਜ਼ਰੂਰ ਵਿਚਰਣ ਲੱਗਦੀ ਹੈ। ਪਹਿਲਾ ਧਰਾਤਲ ਪ੍ਰਤੱਖ ਰੂਪ ਵਿਚ ਨਜ਼ਰ ਆਉਣ ਵਾਲੇ ਡੈਟੇ ਦੀ ਤਲਾਸ਼ ਕਰਦਾ ਹੈ। ਇਸ ਧਰਾਤਲ ਉੱਤੇ ਖੜੋਤੇ ਵਿਅਕਤੀ ਨੂੰ ਇਸ ਔਰਤ ਦੇ ਆਤਮ-ਹੱਤਿਆ ਕਰਨ ਦੇ ਕਾਰਨ ਦੀ ਕੋਈ ਸਮਝ ਨਹੀਂ ਆਉਂਦੀ। ਉਸ ਔਰਤ ਦਾ ਕਿਸੇ ਨਾਲ ਕੋਈ ਸੰਬੰਧ ਨਹੀਂ ਸੀ। ਉਹ ਆਪਣੇ ਅਪਾਰਟਮੈਂਟ ਵਿਚ ਇਕੱਲੀ ਹੀ ਰਹਿੰਦੀ ਸੀ। ਉਸ ਦੇ ਅਪਾਰਟਮੈਂਟ ਵਿਚ ਸੰਗੀਤ, ਸ਼ਰਾਬ ਅਤੇ ਡਰੱਗਜ਼ ਨਾਲ ਸੰਬੰਧਿਤ ਨਿਸ਼ਾਨੀਆਂ ਦਿਖਾਈ ਦਿੰਦੀਆਂ ਸਨ। ਇਕ ਰੇਸ਼ਮੀ ਹੰਟਰ ਵੀ ਪਿਆ ਸੀ, ਜਿਸ ਉੱਤੇ ਖ਼ੂਨ ਦੇ ਧੱਬੇ ਸਨ। ਇਹ ਹੰਟਰ ਉਸ ਔਰਤ ਦੀ ਮੈਸੋਕਿਸਟਿਕ ਪ੍ਰਵਿਰਤੀ ਵੱਲ ਸੰਕੇਤ ਕਰਦਾ ਸੀ। ਸੰਤਾਨ-ਸੰਜਮ ਅਤੇ ਗਰਭ-ਪਾਤ ਦੇ ਕੁਝ ਨੁਸਖੇ ਸਨ ਜਿਨ੍ਹਾਂ ਦੀ ਹੋਂਦ ਇਹ ਦਰਸਾਉਂਦੀ ਸੀ ਕਿ ਇਹ ਔਰਤ ਆਪਣੇ ਕਿਸੇ ਭਾਵੀ ਵਾਰਿਸ ਨੂੰ ਜਨਮ ਦੇਣ ਦੀ ਇੱਛੁਕ ਨਹੀਂ ਸੀ। ਉਸ ਦਾ ਆਪਣੀ ਜਾਂ ਆਪਣੀ ਤੋਂ ਅਗਲੇਰੀ ਪੀੜ੍ਹੀ ਦੇ ਕਿਸੇ ਰੌਸ਼ਨ ਮੁਸਤਕਬਿਲ ਵਿਚ ਕੋਈ ਵਿਸ਼ਵਾਸ ਨਹੀਂ ਸੀ। ਇਹ ਸਾਰੇ ਵੇਰਵੇ ਪਰੋਖ ਧਰਾਤਲ ਤੇ ਜਾ ਕੇ ਖੋਜ-ਪੜਤਾਲ ਕਰਨ ਵਾਲੇ ਵਿਅਕਤੀ ਨੂੰ ਹੀ ਕੋਈ ਰਾਹ ਦਿੰਦੇ ਹਨ। ਵੇਰਵਿਆਂ ਦੀ ਅਜਿਹੀ ਸੂਚੀ ਪ੍ਰਸਤੁਤ ਕਰਕੇ, ਕਵੀ ਨੇ ਲੁਕਾਅ-ਜੁਗਤ ਦਾ ਪ੍ਰਯੋਗ ਕਰਦਿਆਂ ਹੋਇਆਂ, ਉਹ ਸਭ ਕੁਝ ਨੰਗਾ ਕਰ ਦਿੱਤਾ ਹੈ ਜੋ ਇਸ ਔਰਤ ਦੇ ਆਤਮ-ਹੱਤਿਆ ਵਲ ਅਗ੍ਰਸਰ ਹੋਣ ਦੇ ਤਮਾਮ ਪਹਿਲੂਆਂ ਨੂੰ ਰੌਸ਼ਨ ਕਰਦਾ ਹੈ।

ਇਸ ਤਰ੍ਹਾਂ ਇਸ ਕਵਿਤਾ ਦੇ ਪਹਿਲੇ ਅੱਧ ਵਿਚ ਕਵੀ ਪ੍ਰਥਮ ਸੂਚਨਾ ਰੀਪੋਰਟ (F.I.R.) ਅਤੇ ਪੁਲਸ ਤਫ਼ਤੀਸ਼ (investigation) ਦੀਆਂ ਪ੍ਰਥਮ ਕਾਨੂੰਨੀ ਕਾਰਵਾਈਆਂ ਦਾ ਪ੍ਰਯੋਗ ਕਰਕੇ ਛੇਤੀ ਹੀ ਆਪਣੀ ਅਭਿਵਿਅਕਤੀ ਦਾ ਫ਼ੋਕਸ ਪਾਠਕਾਂ ਦੇ ਕਟਹਿਰੇ ਉੱਤੇ ਕੇਂਦਰਿਤ ਕਰ ਦਿੰਦਾ ਹੈ। ਉਹ ਇਸ ਔਰਤ ਦੀ ਹੱਤਿਆ

ਦਾ ਆਰੋਪ ਬੇਰਹਿਮ ਸ਼ਾਸਕਾਂ ਉੱਤੇ ਲਗਾਉਂਦਾ ਹੋਇਆ ਪਾਠਕਾਂ ਦੀ ਕਚਹਿਰੀ ਵਿਚ ਇਕ ਸੁਹਿਰਦ ਵਕੀਲ ਵਜੋਂ ਚਿੰਘਾੜਦਾ ਹੋਇਆ ਇਹ ਸਵਾਲ ਪੁੱਛਦਾ ਹੈ :

ਜੰਗ ਦੇ ਕਾਰਖ਼ਾਨਿਆਂ
ਵਿਧਾਨ ਸਭਾਵਾਂ ਤੇ ਪ੍ਰਯੋਗਸ਼ਾਲਾਵਾਂ ਵਿਚ
ਮਾਰੂ ਸ਼ਸਤਰ,
ਲੜਾਕੇ,
ਹਿੰਸਕ,
ਸਿਪਾਹੀ,
ਰੋਗੀ ਜ਼ਿਹਨ
ਤੇ ਏਸ ਸਦੀ ਦੇ ਖਿਡੌਣਿਆਂ ਵਰਗੇ
ਪੁਰਸ਼ ਪੈਦਾ ਕਰਨ ਵਾਲੇ ਸ਼ਾਸਕੋ—
ਏਸ ਲਾਸ਼ ਬਾਰੇ ਤਾਂ ਤੁਸੀਂ ਜਾਣਦੇ ਹੋ,
ਕਿ ਲਾਵਾਰਸ ਹੈ !
ਤੀਜੀ, ਪ੍ਰਮਾਣੂੰ ਜੰਗ ਤੋਂ ਬਾਅਦ—
ਤੁਹਾਡੀ ਸਾਡੀ ਤੇ ਹੋਰ ਸਭਨਾਂ ਦੀ
ਇਹ ਸ਼ਨਾਖਤ ਵੀ ਜਾਂਦੀ ਰਹੇਗੀ !

ਦੋਸ਼ਾਰੋਪਣ ਨਾਲ ਸੰਬੰਧਿਤ ਇਸ ਖੰਡ ਨੂੰ ਕਵੀ ਨੇ ਏਨਾ ਫੈਲਾਅ ਕੇ ਅਤੇ 'ਅਸਰਟਿਵ' ਸ਼ਬਦਾਵਲੀ ਵਿਚ ਰੂਪਮਾਨ ਕੀਤਾ ਹੈ ਕਿ ਪਾਠਕਾਂ ਦੇ ਜ਼ਿਹਨ ਵਿਚ ਦੋਸ਼ਾਰੋਪਣ, ਦੋਸ਼-ਸਿੱਧੀ ਹੋ ਨਿਬੜਦਾ ਹੈ। ਪਾਠਕ ਜੋ ਮੁਨਸਿਫ਼ ਦੀ ਸੀਟ ਉੱਤੇ ਬੈਠਾ ਹੈ, ਲਈ ਹੋਰ ਜਿਰਹਾ ਦੀ ਕੋਈ ਜ਼ਰੂਰਤ ਹੀ ਨਹੀਂ ਰਹਿੰਦੀ। ਬੇਸ਼ਕ ਮਕਤੂਲ ਦੀ ਸ਼ਨਾਖ਼ਤ ਤਾਂ ਨਾ ਹੋ ਸਕੀ ਪਰੰਤੂ ਮੁਲਜ਼ਿਮ ਦੀ ਸ਼ਨਾਖ਼ਤ ਜ਼ਰੂਰ ਹੋ ਗਈ ਹੈ। ਪਰ ਅਜੇ ਵੀ ਕਵੀ (ਵਕੀਲ) ਦਾ ਕੰਮ ਸਮਾਪਤ ਨਹੀਂ ਹੋਇਆ। ਕਵੀ ਮਾਨਵਤਾ ਪ੍ਰਤੀ ਜਵਾਬਦੇਹ ਹੈ। ਉਸ ਦੇ ਤਰਕ-ਸ਼ਾਸਤਰ ਦਾ ਆਧਾਰ-ਪ੍ਰਬੰਧ ਸਮੁੱਚੀ ਮਾਨਵਤਾ ਦੇ ਕਲਿਆਣ ਨਾਲ ਜੁੜਿਆ ਹੋਇਆ ਹੈ। ਇਹੀ ਕਾਰਨ ਹੈ ਕਿ ਦੋਸ਼-ਸਿੱਧੀ ਤੋਂ ਬਾਅਦ ਉਸਦੀਆਂ ਦਲੀਲਾਂ ਇਕ ਪ੍ਰਵਚਨ ਦਾ ਰੂਪਾਕਾਰ ਅਖ਼ਤਿਆਰ ਕਰ ਲੈਂਦੀਆਂ ਹਨ। ਉਹ ਬੜੇ ਭਾਵੁਕ ਲਹਿਜੇ ਵਿਚ ਸਮੁੱਚੀ ਮਨੁਖਤਾ ਨੂੰ ਵਿਨਾਸ਼ ਦੀ ਇਸ ਡਗਰ ਤੋਂ ਮੋੜਨ ਲਈ ਹਾਲ-ਪਾਹਰਿਆ ਕਰਦਾ ਹੈ :

ਸ਼ਬਦਾਂ ਹੇਠੋਂ ਅਰਥ ਖਿਸਕ ਜਾਣਗੇ
ਤੇ ਡਿਗ ਪਵੇਗੀ ਭਾਸ਼ਾ,
ਪੱਤਿਆਂ ਦੇ ਕਿਲ੍ਹੇ ਵਾਂਗ,
ਆਪਣੀ ਹੀ ਸੱਭਿਅਤਾ ਸਮੇਤ;
ਅੰਧਕਾਰ !
ਅੰਧਕਾਰ ! ਨਮਸਕਾਰ !!

ਖੋਪਰੀਆਂ ਤਾਂ ਹੋਣਗੀਆਂ,
ਪਰ ਉਨ੍ਹਾਂ ਵਿਚ
ਦਿਮਾਗ਼ ਦੀ ਥਾਂ ਖ਼ਲਾਅ ਹੋਵੇਗਾ !

ਪਤਾ ਨਹੀਂ ਫਿਰ,
ਕੈਸੇ ਹੋਣਗੇ ਇਹ ਪਰਬਤ, ਸਮੁੰਦਰ, ਅਕਾਸ਼,
ਤੇ ਕੈਸੀ ਇਹ ਹਵਾ ਹੋਵੇਗੀ !
ਨਮਸਕਾਰ !
ਨਮਸਕਾਰ !!
ਅੰਧਕਾਰ !!!

ਇਸ ਤਰ੍ਹਾਂ ਇਸ ਕਵਿਤਾ ਵਿਚ ਰਵਿੰਦਰ ਰਵੀ ਨੇ ਰੂਪਾਂਤਰਣ ਦੀ ਵਿਧੀ ਦੁਆਰਾ 'ਇਕ ਆਤਮ-ਹੱਤਿਆ ਦੇ ਕੇਸ' ਨੂੰ ਵੈਰਾਟਤਾ ਪ੍ਰਦਾਨ ਕਰਕੇ ਆਧੁਨਿਕ ਸੰਸਕ੍ਰਿਤੀ ਦੀ ਕੁੱਖ ਵਿਚ ਕੁਰਬਲਾ ਰਹੇ ਪ੍ਰਮਾਣੂ ਲਾਵੇ ਦੀ ਭੀਸ਼ਣਤਾ ਵੱਲ ਸਾਡਾ ਧਿਆਨ ਆਕ੍ਰਸ਼ਿਤ ਕੀਤਾ ਹੈ। ਇਸ ਕਵਿਤਾ ਵਿਚ ਪ੍ਰਸਤੁਤ ਵੇਰਵੇ ਸਾਡੇ ਯੁੱਗ ਦੀਆਂ ਨਿਆਇ-ਪ੍ਰਣਾਲੀਆਂ ਦੀਆਂ ਵਿਧੀਆਂ ਦਾ ਉਪਯੋਗ ਕਰਦੇ ਹੋਏ ਅੰਤ ਵਿਚ ਸਮੁੱਚੇ ਸਮਕਾਲੀ ਜੀਵਨ ਦੀ ਤਰਜਮਾਨੀ ਕਰ ਜਾਂਦੇ ਹਨ। ਸਾਡੇ ਹੀ ਯੁੱਗ ਦੇ ਇਕ ਮਹੱਤਵਪੂਰਨ ਕਥਾਕਾਰ ਫਰਾਂਜ਼ ਕਾਫ਼ਕਾ ਨੇ ਅਦਾਲਤੀ-ਜੀਵਨ ਦੀਆਂ ਪੇਚੀਦਗੀਆਂ ਨੂੰ ਆਧੁਨਿਕ ਜੀਵਨ ਦੇ ਇਕ ਜੀਵੰਤ ਮੈਟਾਫ਼ਰ ਵਜੋਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਸੀ। 1978 ਈ. ਵਿਚ ਲਿਖੀ ਗਈ ਰਵਿੰਦਰ ਰਵੀ ਦੀ ਇਹ ਕਵਿਤਾ ਵੀ ਇਸੇ ਮੈਟਾਫ਼ਰ ਦਾ ਬੜਾ ਸਹਿਜ ਪ੍ਰਯੋਗ ਕਰਦੀ ਹੈ।

ਇਹ ਕਵਿਤਾ ਰਵਿੰਦਰ ਰਵੀ ਦੀ ਆਧੁਨਿਕ ਜੀਵਨ ਪੱਧਤੀ ਉੱਪਰ ਪੂਰੀ ਪਕੜ ਦੇ ਨਾਲ-ਨਾਲ ਕਵੀ ਦੇ ਸਮਾਜਿਕ-ਰਾਜਨੈਤਿਕ ਸਰੋਕਾਰਾਂ ਬਾਰੇ ਵੀ ਭਰਪੂਰ ਗਵਾਹੀ ਪੇਸ਼ ਕਰਦੀ ਹੈ। ਰਵੀ ਦੀ ਪ੍ਰਤੀਬੱਧਤਾ ਆਪਣੇ ਨਿੱਜੀ ਪਰਿਵੇਸ਼/ਦਾਇਰੇ ਤਕ ਹੀ ਸੀਮਿਤ ਨਹੀਂ ਬਲਕਿ ਉਸ ਨੂੰ ਸਮੁੱਚੀ ਮਨੁੱਖਤਾ ਦੀ ਹੋਣੀ ਬਾਰੇ ਪਰਵਾਹ ਹੈ। ਉਹ ਭਵਿੱਖ-ਦਰਸ਼ੀ ਹੈ ਅਤੇ ਇਸੇ ਲਈ ਆਪਣੀਆਂ ਸਮਾਜਿਕ/ਪਦਾਰਥਕ ਪਰਿ-ਸਥਿਤੀਆਂ ਤੋਂ ਪਾਰ ਜਾ ਕੇ ਉਹ ਪੂੰਜੀਵਾਦੀ ਅਰਥ-ਵਿਵਸਥਾ ਦੁਆਰਾ ਫੈਲਾਏ ਜਾ ਸਕਣ ਵਾਲੇ ਸਮੂਹ-ਸੰਭਵ ਉਲਾਰਾਂ/ਵਿਕਾਰਾਂ ਦੀ ਭੀਸ਼ਣਤਾ ਤੋਂ ਬਾਖ਼ਬਰ ਹੈ। ਇਹੋ ਜਿਹੀਆਂ ਆਲਮੀ ਸਮੱਸਿਆਵਾਂ ਦੀ ਸਹਿਜ ਅਤੇ ਪ੍ਰਮਾਣਿਕ ਅਭਿਵਿਅਕਤੀ ਕਾਰਨ ਹੀ ਰਵਿੰਦਰ ਰਵੀ ਨੂੰ 'ਬ੍ਰਹਿਮੰਡਕ ਚੇਤਨਾ ਦਾ ਕਵੀ' ਕਿਹਾ ਜਾਂਦਾ ਹੈ। ਇਸ ਕਵਿਤਾ ਦੀ ਭਾਵ-ਸਾਮਗਰੀ ਅਤੇ ਪ੍ਰਗਟਾਉ-ਵਿਧੀਆਂ ਵਿਚ ਕ੍ਰਿਆਸ਼ੀਲ ਰੁਪਾਂਤਰਣ ਦਾ ਅਮਲ ਰਵਿੰਦਰ ਰਵੀ ਨੂੰ ਆਧੁਨਿਕ ਭਾਵਬੋਧ ਦਾ ਇਕ ਮਹੱਤਵਪੂਰਨ ਕਵੀ ਸਿੱਧ ਕਰਦੇ ਹਨ।

**"ਮੇਰੀ ਕਹਾਣੀ" (2006)**
**-ਪ੍ਰੋ. ਬ੍ਰਹਮ ਜਗਦੀਸ਼ ਸਿੰਘ** (ਭਾਰਤ)
ਕਾਵਿ-ਸੰਗ੍ਰਹਿ "ਸੀਮਾਂ ਆਕਾਸ਼" (1980),
"ਪਿਆਸਾ ਬੱਦਲ" (1990), "ਕਵਿਤਾ ਸਨਮੁਖ" (1994) ਅਤੇ
ਕਹਾਣੀ-ਸੰਗ੍ਰਹਿ "ਕੰਪਿਊਟਰ ਕਲਚਰ" (1985) ਵਿਚ ਸ਼ਾਮਿਲ

# ਮਿੱਧੇ ਹੋਏ ਫੁੱਲ

## (ਗੱਦ-ਕਾਵਿ ਲਘੂ ਕਥਾ)

ਅੱਜ ਫੇਰ ਉਸਦੀ ਹੱਤਿਆ ਹੋਈ, ਪਰ ਉਹ ਜਿਊਂਦੀ ਹੈ ! ਇਸ ਰੁੱਤੇ ਜਦੋਂ ਝੱਖੜ ਝੁੱਲਦੇ, ਭਾਰੀ ਮੀਂਹ ਪੈਂਦੇ ਤੇ ਲੋਕ ਤਿਲ੍ਹਕਦੇ, ਡਿਗਦੇ ਹਨ, ਲਾਲ ਸੂਹੇ ਗਾਰੇ ਨਾਲ ਲੱਥ-ਪੱਥ ਹੋਏ, ਉੱਚੀਆਂ ਘਾਟੀਆਂ ਚੜ੍ਹਦੇ, ਘਾਟੀਆਂ, ਜਿਨ੍ਹਾਂ ਤੇ ਪੈਰ ਨਹੀਂ ਟਿਕਦਾ, ਤਿਲ੍ਹਕ ਜਾਂਦਾ ਹੈ ! ਐਸੇ ਸਮੇਂ ਪੈਰਾਂ ਤੇ ਹੱਥਾਂ ਭਾਰ ਹੋਏ ਬੰਦੇ ਦਾ ਸਭ ਕੁਝ ਡੁੱਲ੍ਹ ਜਾਂਦਾ ਹੈ। ਡਾਰਵਨ ਦੇ ਵਿਕਾਸ-ਸਿਧਾਂਤ ਦੀ ਪੋਟਲੀ ਦਾ ਭੇਦ ਖੁੱਲ੍ਹ ਜਾਂਦਾ ਹੈ, ਤਾਂ ਉਹ ਵੇਖਦੀ ਹੈ ਬ੍ਰਿਖਾਂ ਦੇ ਟੁੱਟੇ ਹੋਏ ਬੇ-ਸ਼ੁਮਾਰ ਤਣੇ, ਉੱਗ ਰਹੇ ਬੀਜ, ਝੜ ਰਹੇ ਪੱਤੇ, ਕਿਰ, ਬਿਖਰ, ਰੁਲ ਰਹੇ ਫੁੱਲ, ਕੜਕਦੀ ਬਿਜਲੀ, ਦਾਵਾਨਲ ! ਕੁਦਰਤ ਦਾ ਇਹ ਸਾਖ਼ਸ਼ਾਤ ਰੂਪ, ਉਸਨੂੰ ਦੁਨੀਆਂ ਵਿਚ ਹੋਈਆਂ ਅੱਜ ਤਕ ਦੀਆਂ ਜੰਗਾਂ ਵਿਚ ਘਿਰੇ ਹੋਏ ਮਨੁੱਖ ਦੇ ਅਸਤਿਤਵ ਤਕ ਲੈ ਜਾਂਦਾ ਹੈ, ਜਿਸ ਅੰਦਰ ਹਿੰਸਾ ਤੇ ਸ਼ਾਂਤੀ, ਤਬਾਹੀ ਤੇ ਉਸਾਰੀ, ਇਕ ਦੂਜੇ ਨਾਲ ਗੁੱਥਮ-ਗੁੱਥਾ ਹੋਏ ਪਏ ਹਨ—ਤੇ ਲੈ ਜਾਂਦਾ ਹੈ, ਪੂਰਵ-ਇਤਿਹਾਸ ਕਾਲ ਵਿਚ ਵਿਅਕਤੀ ਕੀ, ਹਰ ਜੀਵ ਦੀ ਮੁੱਢਲੀ ਹੋਂਦ ਲਈ ਸੰਘਰਸ਼ ਦੇ ਸਿਧਾਂਤ ਤਕ ਅਤੇ ਉਸ ਤੋਂ ਲੈ ਕੇ ਅੱਜ ਦੇ ਭੂ-ਗੋਲੇ, ਭੂ-ਗੋਲੇ ਤੋਂ ਬ੍ਰਹਮੰਡ ਤਕ ਪਸਰੇ ਉਸਦੇ ਬੁੱਧ ਵਿਵੇਕ ਦੇ ਉਸ ਘਿਨਾਉਣੇ ਰੂਪ ਤਕ, ਜੋ ਇਕ ਪਾਸੇ ਸੱਭਿਅਤਾ ਤੇ ਦੂਜੇ ਪਾਸੇ ਬਰਬਾਦੀ ਦਾ ਦਮ ਭਰਦਾ ਹੈ, ਜੋ ਬਾਰੂਦ ਦੀ ਨੀਂਹ ਧਰ ਕੇ, ਈਸਾ ਤੇ ਅੰਜੀਲ ਦਾ ਪਰਿਚਯ ਦਿੰਦਾ ਹੈ, ਅਹਿੰਸਾ ਤੇ ਦੂਜਿਆਂ ਲਈ ਕੁਰਬਾਨੀ ਦਾ ਪੈਗ਼ਾਮ, ਪਰ ਕਿੰਨੇ ਖੇਦ ਦੀ ਗੱਲ ਹੈ ਕਿ ਇਹ ਕੁਰਬਾਨੀ ਦੀ ਮਿਸਾਲ ਅਮਰੀਕਨਾਂ ਦੇ ਵੀਅਤਨਾਮ ਵਿਚ ਕੀਤੇ ਅਭਿਨਯ ਤੋਂ ਅੱਗੇ ਨਹੀਂ ਟੱਪਦੀ। ਅਜਿਹੇ ਸਮੇਂ ਉਸਨੂੰ ਜਾਪਦਾ ਹੈ, ਜਿਵੇਂ ਉਹਦਾ ਤਨ ਸੂਲੀ ਤੇ ਮਨ ਈਸਾ ਬਣ ਗਿਆ ਹੋਵੇ ! ਪਰ ਕੌਣ ਪੁੱਛਦਾ ਹੈ, ਇਸ ਸਦੀ ਵਿਚ ਈਸਾ ਨੂੰ ? ਵਿਕਾਸ ਸਿਧਾਂਤ ਨੂੰ ? ਇਹ ਤਾਂ ਦੋ ਸ਼ਕਤੀਆਂ ਦੀ ਟੱਕਰ ਹੈ, ਜੋ ਆਇਰਲੈਂਡ ਵਿਚ ਵੀ ਹੈ, ਉਸਦੇ ਆਪਣੇ ਅੰਦਰ ਤੇ ਕੁਦਰਤ ਵਿਚ ਵੀ। ਪਰ ਇਹ ਗੱਲ ਵੱਖਰੀ ਹੈ ਕਿ ਕੋਈ ਕਿਸੇ ਨੂੰ ਮਾਰਦਾ ਹੈ, ਲੰਮੀਆਂ ਜੰਗਾਂ ਛੇੜ ਕੇ ਤੇ ਕੋਈ ਮਾਰਦਾ ਹੈ ਆਪਣੇ ਆਪ ਨੂੰ, ਆਪਣੇ ਅੰਦਰ ਇਕ ਚੱਕਰ ਵਿਚ ਘਿਰਿਆ, ਆਪਣੇ ਆਪ ਨਾਲ ਲੜ ਕੇ।

ਅੱਜ ਫੇਰ ਉਸਦੀ ਹੱਤਿਆ ਹੋਈ, ਪਰ ਉਹ ਜਿਊਂਦੀ ਹੈ। ਉਹ ਜੋ ਗੁੰਗੇ ਬੋਲੇ ਬੱਚਿਆਂ ਦੇ ਸਕੂਲ ਦੀ ਇਕ ਖ਼ੂਬਸੂਰਤ ਕਾਲੀ ਅਧਿਆਪਕਾ ਹੈ ਤੇ ਜਿਸ ਨੇ ਇੱਕੋ ਸਮੇਂ ਮਨੁੱਖ ਦੇ ਵੱਖ-ਵੱਖ ਰੂਪਾਂ ਨਾਲ ਮੋਹ ਪਾਏ ਹਨ, ਜਿਸਮ ਹੰਢਾਏ ਹਨ—ਸਿੱਪੀ ਵਾਂਗ ਖੁਲ੍ਹਦੇ ਜਿਸਮ, ਸ੍ਵਾਂਤ ਵਾਂਗ ਡਿਗਦੇ ਜਿਸਮ, ਇਸ ਰੁੱਤੇ ਜਦੋਂ ਗਾਰਾ, ਤਿਲ੍ਹਕਣ ਹੋਈ ਕੱਚੀ ਸੜਕ ਉੱਤੇ ਜਕਰਾਂਡਾ ਰੁੱਖਾਂ ਦੇ ਹਲਕੇ ਜਾਮਣੀ ਫੁੱਲ, ਸੜਕ ਦਾ ਅਸਲੀ ਰੰਗ ਰੂਪ ਬਦਲ ਕੇ, ਜਾਮਣੀ ਫੁੱਲਾਂ ਦਾ ਰਾਹ, ਇਕ ਸੇਜ ਵਾਂਗ ਸਜਾ ਦਿੰਦੇ ਹਨ, ਤਾਂ ਉਸਦੇ ਰੋਮ-ਰੋਮ ਵਿਚ ਪੀੜਾਂ ਜਾਗ ਪੈਂਦੀਆਂ ਹਨ—ਜਕਰਾਂਡਾ ਰੁੱਖਾਂ ਦੀਆਂ, ਉਨ੍ਹਾਂ ਥਾਵਾਂ ਦੀਆਂ ਪੀੜਾਂ, ਜਿਨ੍ਹਾਂ ਤੋਂ ਟੁੱਟ ਕੇ ਇਹ ਫੁੱਲ ਧਰਤੀ ਤੇ ਕਿਰੇ ਹਨ, ਤੇ ਜਿਨ੍ਹਾਂ ਨੂੰ ਆਪ ਆਪਣੇ ਪੈਰਾਂ ਹੇਠ ਰੌਂਦ ਕੇ ਲੰਘਣ ਤੋਂ ਬਿਨਾਂ, ਸਕੂਲ ਤਕ ਪਹੁੰਚਣ ਦਾ ਉਸ ਕੋਲ ਹੋਰ ਕੋਈ ਚਾਰਾ ਨਹੀਂ।

ਅੱਜ ਫੇਰ ਉਸਦੀ ਹੱਤਿਆ ਹੋਈ, ਪਰ ਉਹ ਜਿਊਂਦੀ ਹੈ ! ਜਦੋਂ ਉਸਦੇ ਪੈਰ ਹਲਕੇ ਜਾਮਣੀ ਰੰਗਾਂ ਦੇ ਫੁੱਲਾਂ ਉੱਤੋਂ ਦੀ ਲੰਘਦੇ ਹਨ, ਤਾਂ ਉਹਨੂੰ ਜਾਪਦਾ ਹੈ ਜਿਵੇਂ ਉਹ ਆਪਣਾ ਆਪ ਮਿੱਧ ਰਹੀ ਹੋਵੇ, ਉਸ ਅੰਦਰਲਾ

ਮੌਨ, ਇਕ ਸ਼ੋਰ ਬਣ ਰਿਹਾ ਹੋਵੇ, ਭਿਆਨਕ ਸ਼ੋਰ, ਜਿਸ ਦਾ ਅਹਿਸਾਸ ਤਾਂ ਹੁੰਦਾ ਹੈ, ਪਰ ਕੋਈ ਸਮਝ ਨਹੀਂ ਪੈਂਦੀ। ਜਿਸ ਦੀ ਨਾ ਕੋਈ ਦਿਸ਼ਾ ਹੁੰਦੀ ਹੈ ਨਾ ਹੀ ਰੂਪ—ਫਿਰ ਵੀ ਜਾਪਦਾ ਹੈ, ਜਿਵੇਂ ਆਪਣੇ ਅੰਦਰ ਅਨੇਕਾਂ ਝਰਨੇ ਫੁੱਟ ਪਏ ਹੋਣ, ਭੂਕੰਪ ਆ ਗਿਆ ਹੋਵੇ, ਅਨੇਕਾਂ ਸ੍ਵੈ-ਵਿਖਾਰੂ ਪਰਬਤ ਵਿਖੰਡਤ ਹੋ ਰਹੇ ਹੋਣ। ਆਬਸ਼ਾਰਾਂ, ਮੂਸਲਾਧਾਰ ਬਾਰਸ਼ਾਂ, ਭਰਮ-ਜਲਾਂ ਪਿੱਛੇ ਟੁੱਟਦੀਆਂ, ਖੁੱਸਦੀਆਂ ਨਜ਼ਰਾਂ ਤੇ ਜੰਗਲਾਂ ਵਿੱਚੋਂ ਲੰਘ ਕੇ ਸ਼ੂਕਦੀਆਂ ਹਵਾਵਾਂ ਦਾ ਸ਼ੋਰ, ਭਾਸ਼ਾ ਦੇ ਸੀਮਤ ਮਾਧਿਅਮ ਨੂੰ ਟਿੱਚਰਾਂ ਕਰਦਾ ਜਾਪਦਾ ਹੈ। ਅੱਜ ਤਕ ਦੇ ਲਿਖੇ ਹਰ ਭਾਸ਼ਾ ਦੇ ਗ੍ਰੰਥਾਂ ਦੀ ਸਮਰੱਥਾ, ਨਾ ਇਸ ਸ਼ੋਰ ਨੂੰ ਪ੍ਰਗਟ ਕਰ ਸਕਦੀ ਹੈ, ਨਾ ਸਮਝ, ਨਾ ਪਕੜ ਤੇ ਨਾ ਹੀ ਬੰਦ। ਕੇਵਲ ਇਕ ਸ਼ਬਦ, 'ਸ਼ੋਰ' ਕਾਗ਼ਜ਼ ਉੱਤੇ ਲਿਖ ਦੇਣ ਨਾਲ ਇਹ ਸ਼ੋਰ ਪੈਦਾ ਨਹੀਂ ਹੋ ਸਕਦਾ ਤੇ ਉਸਨੂੰ ਇਸ ਸਭ ਕੁਝ ਵਿੱਚੋਂ, ਇਹਨਾਂ ਫੁੱਲਾਂ ਉੱਤੋਂ ਲੰਘ ਕੇ, ਇਨ੍ਹਾਂ ਨੂੰ ਪੈਰਾਂ ਹੇਠ ਮਿੱਧ ਕੇ, ਇਸ ਰੁੱਤੇ ਹਰ ਰੋਜ਼ ਗੁੰਗੇ ਤੇ ਬੋਲੇ ਬੱਚਿਆਂ ਦੇ ਸਕੂਲ, ਕਾਲੀ ਛਤਰੀ ਤਾਣ, ਤੁਰ ਕੇ ਜਾਣਾ ਪੈਂਦਾ ਹੈ, ਛਤਰੀ ਜੋ ਤਨ ਦਾ ਕੱਜਣ ਤਾਂ ਬਣ ਸਕਦੀ ਹੈ, ਪਰ ਮਨ ਦਾ ਨਹੀਂ ! ਸਕੂਲ, ਜਿਸਦੇ ਗੇਟ ਉੱਤੇ ਅਗਨ-ਰੁੱਖ ਲੱਗੇ ਹੋਏ ਹਨ ਤੇ ਰਾਹ ਉੱਤੇ ਸੁਰਖ ਫੁੱਲਾਂ ਦਾ ਪਹਿਰਾ। ਇਨ੍ਹਾਂ ਫੁੱਲਾਂ ਉੱਤੋਂ ਲੰਘਦਿਆਂ ਉਸਨੂੰ ਮਹਿਸੂਸ ਹੁੰਦਾ ਹੈ, ਜਿਵੇਂ ਉਸਦੇ ਪੈਰ, ਤਨ, ਮਨ, ਦਿਲ, ਦਿਮਾਗ ਤੇ ਸਗਲੀ ਸਬੂਤੀ ਹੋਂਦ ਵਿੱਚੋਂ ਲਹੂ ਸਿੰਮ ਰਿਹਾ ਹੋਵੇ !

ਅੱਜ ਫੇਰ ਉਸਦੀ ਹੱਤਿਆ ਹੋਈ, ਪਰ ਉਹ ਜੀਊਂਦੀ ਹੈ ! ਗੁੰਗੇ ਤੇ ਬੋਲੇ ਬੱਚਿਆਂ ਦੇ ਸਕੂਲ ਵਿਚ ਪਹੁੰਚ ਕੇ, ਕਦੇ ਉਹ ਆਪਣੇ ਸਹਿਕਰਮੀ ਪ੍ਰੇਮੀਆਂ ਨੂੰ ਕਿਹਾ ਕਰਦੀ ਸੀ ਕਿ, 'ਕਿੰਨੀ ਮੌਜ ਹੈ ਸਾਨੂੰ, ਜੋ ਮਰਜ਼ੀ ਹੈ ਬੋਲੀਏ, ਬੈਠੇ ਸਭ ਪਰ ਸੁਣੇ ਨਾ ਕੋਈ—ਬੋਲੇ ਬੱਚੇ ਜਦੋਂ ਸ਼ੋਰ ਪਾਉਂਦੇ ਹਨ, ਤਾਂ ਸੁਣ ਨਹੀਂ ਸਕਦੇ। ਗੁੰਗੇ ਬੱਚੇ ਜਦੋਂ ਸ਼ੋਰ ਸੁਣਦੇ ਹਨ ਤਾਂ ਬੋਲ ਨਹੀਂ ਸਕਦੇ। ਉਨ੍ਹਾਂ ਦੇ ਅੰਦਰਲਾ ਸ਼ੋਰ, ਉਨ੍ਹਾਂ ਦੇ ਅੰਦਰ ਤਕ ਹੀ ਸੀਮਤ ਰਹਿੰਦਾ ਹੈ।' ਪਰ ਅੱਜ ਜਦ ਉਸਦੇ ਇਕ ਸਹਿਕਰਮੀ ਨੇ ਉਸਨੂੰ ਬੜੀ ਗੰਦੀ ਭਾਸ਼ਾ ਵਿਚ ਸੰਬੋਧਨ ਕਰਕੇ ਕਿਹਾ ਕਿ, 'ਉਹ ਉਸ ਜਕਰਾਂਡਾ ਰੁੱਖ ਵਰਗੀ ਹੈ, ਜਿਸ ਨਾਲੋਂ ਅਨੇਕਾਂ ਫੁੱਲ ਟੁੱਟ ਕੇ, ਅਨੇਕਾਂ ਮਰਦਾਂ ਦੇ ਪੈਰਾਂ ਹੇਠ ਮਿੱਧੇ ਕੁਚਲੇ ਜਾ ਚੁੱਕੇ ਹਨ—ਕੁਝ ਮੇਰੇ ਪੈਰਾਂ ਹੇਠ ਆਏ, ਕੁਝ ਹੋਰਨਾਂ ਦੇ ! ਅਸੀਂ ਬੁਲਡੋਜ਼ਰਾਂ ਵਰਗੇ ਮਨੁੱਖ ਜਦੋਂ ਜਿਸਮਾਂ ਨੂੰ ਰੌਂਦਦੇ ਲੰਘ ਜਾਂਦੇ ਹਾਂ, ਤਾਂ ਤੁਸੀਂ ਰੁੱਖਾਂ ਵਰਗੀਆਂ ਕੁੜੀਆਂ, ਫੁੱਲਾਂ ਵਾਂਗ ਟੁੱਟਦੀਆਂ, ਝੁਰਦੀਆਂ, ਮਿੱਟੀ ਵਿਚ ਮਿਲ ਜਾਂਦੀਆਂ ਹੋ ! ਤੁਹਾਡੇ ਵਿਚ ਦਰਦ ਉੱਠਦਾ ਹੈ, ਇਨ੍ਹਾਂ ਰੁੱਖਾਂ ਵਾਂਗ, ਜੋ ਨਾ ਬੋਲਦੇ ਹਨ, ਨਾ ਸੁਣਦੇ ਤੇ ਨਾ ਹੀ ਮਹਿਸੂਸਦੇ। 'ਤੂੰ ਕਾਮ-ਵਾਸ਼ਨਾ ਹੈਂ, ਅੰਨ੍ਹੀ, ਗੁੰਗੀ, ਬੋਲੀ।' ਤਾਂ ਉਸਦਾ ਜੀ ਕੀਤਾ ਸੀ ਕਿ ਉਹ ਆਪਣੇ ਇਸ ਸਹਿਕਰਮੀ ਦੀ ਜ਼ਬਾਨ ਖਿੱਚ ਲਵੇ, ਪਰ ਇਨ੍ਹਾਂ ਗੁੰਗੇ ਤੇ ਬੋਲੇ ਬੱਚਿਆਂ ਵਲ ਵੇਖ ਕੇ, ਉਹ ਚੁੱਪ ਹੋ ਗਈ ਸੀ ਤੇ ਉਸਦਾ ਜੀ ਕੀਤਾ ਸੀ, 'ਕਿ ਕਿਉਂ ਨਾ ਅਸੀਂ ਸਭ ਇਕ ਵਾਰ ਗੁੰਗੇ, ਬੋਲੇ ਤੇ ਅੰਨ੍ਹੇਂ ਹੋ ਜਾਈਏ ਤੇ ਫਿਰ ਸਮਾਂ ਪਾ ਕੇ ਕਿਸੇ ਸੁਸਥ ਜੀਵਨ ਦਾ ਨਿਰਮਾਣ ਕਰੀਏ ? ਜੋ ਕੁਝ ਇਸ ਸਮੇਂ ਸਾਡੇ ਕੋਲ ਹੈ, ਸਾਡੀ ਪ੍ਰਾਪਤੀ ਦੇ ਰੂਪ ਵਿਚ, ਸਭ ਕੁਝ ਖੋਹ ਜਾਈਏ ! ਅਧਿਕਾਰਾਂ ਤੋਂ ਮੁਕਤੀ, ਫ਼ਰਜ਼ਾਂ ਤੋਂ ਮੁਕਤੀ ਹੈ ਤੇ ਇਹ ਹੀ ਸੁਤੰਤਰਤਾ ਹੈ, ਪੂਰਨ ਸੁਤੰਤਰਤਾ !' ਉਹ ਕਹਿਣਾ ਚਾਹੁੰਦੀ ਸੀ ਪਰ ਉਹ ਕਹਿ ਨਾ ਸਕੀ, ਕਿਉਂਕਿ ਗੁੰਗੇ ਤੇ ਬੋਲੇ ਬੱਚਿਆਂ ਦੇ ਸਕੂਲ ਵਿਚ, ਉਸਦੇ ਸਹਿਕਰਮੀ ਦੀ ਆਵਾਜ਼ ਭਾਵੇਂ ਗੰਦੀ ਤੇ ਖਰ੍ਹਵੀ ਹੀ ਹੈ, ਆਵਾਜ਼ ਤਾਂ ਹੈ, ਇਕ ਸਾਰਥਕ ਆਵਾਜ਼ ਤੇ ਇਹ ਵੀ ਸੱਚ ਕਿ ਰੁੱਤਾਂ ਦੇ ਬੀਤਣ ਨਾਲ, ਉਸਦੇ ਅੰਦਰਲੇ ਰੁੱਖ ਨਾਲੋਂ ਅਨੇਕਾਂ ਫੁੱਲ ਝੜ, ਟੁੱਟ, ਰੁਲ ਚੁੱਕੇ ਹਨ। ਟੁੱਟ ਕੇ ਡਿੱਗੇ, ਮਿੱਧੇ ਹੋਏ ਤੇ ਗਾਰੇ ਨਾਲ ਲੱਥਪੱਥ ਫੁੱਲਾਂ ਨੂੰ ਭਲਾ ਕੌਣ ਗੁਲਦਾਨਾਂ ਵਿਚ ਸਜਾਉਂਦਾ ਹੈ ! ਫੁੱਲਣਾ ਉਸਦੀ ਪ੍ਰਕਿਰਤੀ ਹੈ ਤੇ ਝੜਨਾ, ਟੁੱਟਣਾ, ਮਿੱਧ ਹੋਣਾ ਉਸਦੀ, ਹੋਣੀ, ਉਸਦਾ ਸਰਾਪ !

ਅੱਜ ਫੇਰ ਉਸਦੀ ਹੱਤਿਆ ਹੋਈ, ਪਰ ਉਹ ਜਿਊਂਦੀ ਹੈ !

**"ਮੇਰੀ ਕਹਾਣੀ" (2006)**

(ਕਹਾਣੀ-ਸੰਗ੍ਰਹਿ : "ਜਿੱਥੇ ਦੀਵਾਰਾਂ ਨਹੀਂ" (1978), ਅਤੇ "ਅਘਰਵਾਸੀ" (1984)
ਕਾਵਿ-ਸੰਗ੍ਰਹਿ "ਜਲ ਭਰਮ-ਜਲ" (1976) ਅਤੇ "ਵਣ ਵਾਣੀ" (1988) ਵਿਚ ਸ਼ਾਮਿਲ)

## ਕਲਮੀਂ ਮਿੱਤਰ ਵਲਾਂ ਇਕ ਪੱਤਰ

**—ਸੁਰਿੰਦਰ ਨੀਰ ਦੇ ਨਾਂ—**

ਤੇਰੀ ਤਸਵੀਰ ਖ਼ੂਬਸੂਰਤ ਹੈ,
ਤੇਰੇ ਖ਼ਤ ਵੀ ਬੜੇ ਸੁਹਣੇ !

ਜ਼ਿੰਦਗੀ 'ਚ ਡੁੱਬਣ,
ਖੁੱਭਣ,
ਇਸ ਨੂੰ ਕੁਝ ਦੇਣ,
ਇਸ 'ਚੋਂ ਕੁਝ ਲੱਭਣ—
ਇਹਦਾ ਹਰ ਰੰਗ ਜੀਣ,
ਡੁੱਲ੍ਹ, ਡੁੱਲ੍ਹ ਪੈਂਦੇ ਪਿਆਲੇ ਨੂੰ
ਅੰਤਮ ਬੂੰਦ ਤਾਂਈਂ ਪੀਣ—
ਹੱਸਣ, ਖੇਡਣ
ਦੀ ਚਾਹ ਤੇਰੀ
ਅਸਮਾਨ ਛੂੰਹਦੀ ਹੈ !

ਤੂੰ ਮਹਿਕ ਨੂੰ ਰੂਪ ਦੇਣ
ਤੇ ਇਸ ਵਿਚ
ਮੁਸਕਰਾਉਣ ਦੇ ਯਤਨ ਕਰਦੀ,
ਬੜੀ ਦੂਰ ਚਲੇ ਜਾਂਦੀ ਹੈਂ
ਤਨ ਦੀਆਂ ਵਾਦੀਆਂ ਤੋਂ,
ਨਖਯੱਤਰ-ਯਾਨ ਵਾਂਗ,
ਬ੍ਰਹਮੰਡ ਦੇ ਅਸਗਾਹ
ਮੰਡਲਾਂ ਨੂੰ ਗਾਹੁੰਦੀ—
ਜ਼ਿੰਦਗੀ ਦੇ ਗੀਤ ਗਾਉਂਦੀ,
ਹੱਸਦੀ, ਖਿੜਦੀ, ਖਿੜਾਉਂਦੀ !

ਤੂੰ ਆਪਣੀ
ਸਰਲਤਾ ਵਿਚ ਜੱਟਿਲ
ਤੇ ਤੂੰ ਆਖੇਂ :

"ਮਾਨਵਤਾ ਇਕ ਸਾਗਰ
ਤੇ ਦਰਿਆ
ਬੂੰਦਾਂ ਦੇ ਕਾਫ਼ਲੇ—
ਬੱਦਲਾਂ, ਪਹਾੜਾਂ ਨੂੰ ਜੁੜੇ,
ਨਿਸਦਿਨ ਸਮੁੰਦਰ ਭਰ ਰਹੇ—
ਪਿਆਰ ਦੇ ਵਿਚ ਜਾਗਦੇ
ਤੇ ਸ਼ਾਂਤੀ ਸੰਗ ਤੁਰ ਰਹੇ—
ਤੇਹ ਮੇਟਣ ਕਿਸੇ ਦੀ,
ਧਰਵਾਸ ਦੇਵਣ ਕਿਸੇ ਨੂੰ—
ਬੀਜ ਅੰਦਰ,
ਨਗਮਿਆਂ ਨੂੰ ਛੇੜਦੇ,
ਉੱਗ ਰਹੇ, ਫੁੱਲ ਰਹੇ ਤੇ ਫਲ ਰਹੇ।"

ਤੇਰੇ ਪੱਤਰ ਪੜ੍ਹੇ ਸਨ !
ਤੇਰੀ ਤਸਵੀਰ ਵੇਖੀ ਹੈ,
ਬੜੀ ਹੀ ਖ਼ੂਬਸੂਰਤ ਹੈ !

ਪਰਦੇਸ ਬੈਠੇ ਜਾਪਿਆ,
ਜਿਉਂ ਦੇਸ਼ ਦੇ ਸਭ ਪਿੰਜਰੇ
ਤੋੜ ਕੇ ਕੋਈ ਆ ਗਿਆ—
ਤੇ ਮੇਰੀ ਖ਼ਾਨਾਬਦੋਸ਼ੀ
ਬਣ ਰਹੀ ਘਰਵਾਸ ਫਿਰ
ਪਿੱਛੇ ਸਮੇਂ ਨੂੰ ਛੱਡ ਗਈ !

ਮੈਨੂੰ,
ਤੇਰੀ ਸਰਲਤਾ ਪਸੰਦ ਹੈ !
ਮੈਨੂੰ,
ਤੇਰੀ ਜੱਟਿਲਤਾ ਨਾਲ ਮੋਹ ਹੈ !
ਤੂੰ ਇੰਜ ਕਰ—
ਇਵੇਂ ਹੀ ਖੁੱਲ੍ਹਦੀ, ਬੱਝਦੀ ਰਹੁ
ਭਰਦੀ, ਫਿਸਦੀ,
ਤੁਰਦੀ, ਉੱਡਦੀ,
ਹੱਸਦੀ, ਖਿੰਡਦੀ—
ਮੇਰੇ ਆਉਣ ਤਕ,
ਮੈਂ ਜ਼ਰੂਰ ਆਵਾਂਗਾ !!!

(ਕਾਵਿ-ਸੰਗ੍ਰਹਿ : "ਸ਼ਬਦੋਂ ਪਾਰ" (1998) ਅਤੇ
"ਸ਼ਬਦ ਸਾਗਰ" (2004) ਵਿਚ ਸ਼ਾਮਿਲ)

# ਪੀੜ੍ਹੀ-ਪਾੜਾ

**(ਗੱਦ-ਕਾਵਿ-ਕਥਾ)**

ਪੰਛੀ ਉੱਡ ਗਏ। ਹੁਣ ਸੁੰਨਾ ਆਲ੍ਹਣਾ ਤੇ ਵਿੱਠਾਂ ਹੀ ਬਚਦੀਆਂ ਹਨ। ਬੁੱਢੀਆਂ ਅੱਖਾਂ ਉਨ੍ਹਾਂ ਦੇ ਪਰਤ ਆਉਣ ਦੀ ਇੰਤਜ਼ਾਰ 'ਚ ਲੱਗੀਆਂ ਹਨ। ਅਸਮਾਨ ਜੋ ਚੇਤਨਾ ਸੀ, ਚੁਣੌਤੀ ਸੀ ਕਦੇ ਸਮਰੱਥਾ ਤੇ ਪ੍ਰਾਪਤੀ ਦੀ, ਹੁਣ ਖ਼ਲਾਅ ਦੇ ਪਰਬਤ ਵਾਂਗ ਬੁੱਢੇ ਜ਼ਿਹਨ ਉੱਤੇ ਖੜ੍ਹ-ਝੁਕ ਗਿਆ ਹੈ। ਸਮਾਂ ਰੁਕ ਗਿਆ ਹੈ।

ਸੁਫ਼ਨਿਆਂ ਨੂੰ ਸੁਜੀਵ ਹੋਂਦ ਵਾਂਗ ਵੇਖਣ ਵਾਲੀਆਂ ਅੱਖਾਂ ਹੁਣ ਉਨ੍ਹਾਂ ਦੀਆਂ ਵਿੱਠਾਂ 'ਤੇ ਲੱਗੀਆਂ ਹਨ। ਆਲ੍ਹਣਾ, ਜ਼ਿੰਦਗੀ ਦੇ ਉੱਡ ਜਾਣ ਬਾਅਦ ਉਸ ਦੀ ਰਹਿੰਦ ਖੂੰਹਦ ਹੀ ਜਾਪਦਾ ਹੈ। ਬਾਪ ਦੇ ਦਿਲ ਵਿਚ ਔਲਾਦ ਦੀ ਬੜੀ ਸੋਗੀ ਸੁਰ ਅਲਾਪਦਾ ਹੈ। ਤੀਲੇ ਅੱਖਾਂ ਵਿਚ ਪੁੜ ਰਹੇ ਹਨ। ਧੁਰ ਅੰਦਰ ਘੜੀ, ਛਿਣ ਜ਼ਿਬਹਾ ਹੋ ਰਹੇ ਦਿਲ ਵਿਚ ਦਰਦਾਂ, ਦੁੱਖ ਦੇ ਪੂਰ ਜੁੜ ਰਹੇ ਹਨ। ਉਜਾੜ ਹੋਂਠ, ਬੋਲ-ਹੀਣ ਜੀਭ ਤੇ ਮੌਨ ਰੁਦਨ ਆਪੇ 'ਤੇ ਆਪੇ ਸਹੇੜੀ ਧੀਮੀ ਮੌਤ ਵਾਂਗ ਘਟਦੇ ਹਨ। ਸ਼ਬਦ ਨਿਰਾਰਥਕ ਹੋ ਗਏ ਹਨ ਤੇ ਭਾਵਨਾਵਾਂ ਰੰਗ ਰੱਤ-ਹੀਣ। ਖ਼ਾਲੀ ਨਜ਼ਰ, ਕੋਰੇ ਸਫ਼ੇ ਵਾਂਗ, ਪੰਛੀਆਂ ਦੇ ਉੱਡ ਜਾਣ ਬਾਅਦ, ਕਿਹੜੀ ਭਾਸ਼ਾ ਦੀ ਉਡੀਕ ਕਰ ਰਹੀ ਹੈ। ਨਾ ਖ਼ਾਕਾ, ਨਾ ਰੰਗ, ਨਾ ਤੂਲਿਕਾ...ਇਹ ਕਿਹੀ ਕਲਪਨਾ, ਇਹ ਕਿਹੀ ਕਲਾ ਜੋ ਸ਼ੂਨਯ ਤੋਂ ਦੂਰ ਸ਼ੂਨਯ 'ਤੇ ਖੜ ਰਹੀ ਹੈ ? ਸ਼ੂਨਯ 'ਚ ਚੜ੍ਹ, ਉੱਤਰ ਰਹੀ ਹੈ ? ਸ਼ੂਨਯ ਨੂੰ ਜਨਮ, ਵਰ ਰਹੀ ਹੈ।

ਇਕੱਲ ਦੇ ਇਸ ਟਾਪੂ ਦੇ ਚੁਫੇਰੇ ਉਹੀ ਸ਼ੋਰ ਹੈ। ਬਚਪਨ, ਜਵਾਨੀ, ਬੁਢਾਪਾ,...ਜਨਮ, ਮਰਨ ਤੇ ਸਿੜ੍ਹੀ-ਸਿਆਪਾ। ਟਰੈਫ਼ਿਕ ਦਾ ਮੱਕੜ-ਜਾਲ। ਹਫ਼ਦੇ ਹੌਂਕਦੇ ਵਾਹਣ। ਗੂੰਜਦੇ ਸਾਇਰਨ। ਧੁਨ-ਬਾਅਦ-ਧੁਨ। ਦਰ, ਦਰ ਕਰਕੇ ਜ਼ਿੰਦਗੀ ਖੁੱਲ੍ਹ ਰਹੀ ਹੈ। ਰੰਗ, ਰੰਗ ਕਰਕੇ ਹੋਂਦ ਡੁੱਲ੍ਹ ਰਹੀ ਹੈ। ਸੱਤਰੰਗੀਆਂ ਚੜ੍ਹਦੀ ਹੈ ਕਦੇ ਫੈਲ ਜਾਂਦੀ ਹੈ ਗੁਲਸ਼ਨ ਵਿਚ...ਰੰਗ ਘੋਲਦੀ ਹੈ। ਹੋਂਠ ਵੰਝਲੀ ਬਣ ਰਹੇ ਹਨ, ਕਿਸੇ ਦੇ ਇਸ਼ਾਰੇ ਨਗਮੇਂ। ਝਰਨੇ ਵੀ ਮਨੁੱਖੀ ਭਾਸ਼ਾ ਬੋਲਦੇ ਹਨ ਜਦੋਂ, ਇਹ ਉਹ ਘੜੀ ਹੈ। ਪਰ ਇਸ ਬੁੱਢੇ ਬਾਪ ਦੇ ਆਲ੍ਹਣੇ 'ਤੇ ਇਕ ਕਾਲੀ ਘਟਾ ਝੁਕ ਕੇ ਖੜ੍ਹੀ ਹੈ। ਨਿੱਕੇ ਟਾਪੂ ਦੇ ਹਰ ਤਰਫ਼ ਥਪੇੜੇ ਹਨ, ਇਕੱਲ ਹੈ ਤੇ ਕਾਂਗ ਚੜ੍ਹੀ ਹੈ।

ਪੀੜ੍ਹੀ-ਪਾੜੇ ਦੀ ਵਿੱਥ 'ਤੇ ਆਪ-ਜਣੇ ਪੰਛੀ ਵੱਸਦੇ ਹਨ। "ਸੁਤੰਤਰ ਨਹੀਂ ਰਹਿ ਸਕਦੇ ਤੇਰੀ ਛਾਂ ਹੇਠ", ਇਹ ਦਸਦੇ ਹਨ : "ਤੇਰੀ ਲੋੜ ਹੁਣ ਕੇਵਲ ਆਲ੍ਹਣਾ ਹੈ, ਘਰ ਹੈ। ਸਾਡੀ ਲੋੜ ਤਾਂ ਸਾਰਾ ਅੰਬਰ ਹੈ। ਤੂੰ ਅੰਬਰ ਕੀ ਕਰਨਾ ਹੈ ? ਇਕੱਲ ਨੂੰ ਇਕਾਂਤ ਬਣਾ। ਮਨ, ਧਿਆਨ, ਸਮਾਧੀ ਵਿਚ ਲਗਾ। ਜਿਸ ਉਮਰੇ ਅੰਬਰ ਸੌੜੇ ਹੋ ਜਾਂਦੇ ਹਨ, ਅਸੀਂ ਉਸ ਉਮਰ ਦਾ ਸਿਖਰ ਵੇਖਾਂਗੇ, ਸਮਾਂ ਹੋਇਆ, ਤਾਂ ਫੇਰ ਪਰਤਾਂਗੇ...।"

"ਤਦ ਤਕ ਇਹ ਆਲ੍ਹਣਾ ਰਹੇ ਨਾ ਰਹੇ।" ਬੁੱਢੜਾ ਕਹਿੰਦਾ ਹੈ। ਵਿੱਠਾਂ ਹੂੰਝਦਾ, ਖਿਲਾਰਦਾ ... ਤੀਲੇ ਬਿਖੇਰਦਾ, ਸੰਵਾਰਦਾ, ਪੰਛੀਆਂ ਦੇ ਪਰਤ ਆਉਣ ਦੇ ਸੁਪਨੇ ਲੈਂਦਾ ਹੈ।

**"ਮੇਰੀ ਕਹਾਣੀ" (2006)**

(ਕਹਾਣੀ ਸੰਗ੍ਰਹਿ : "ਆਪਣੇ ਆਪਣੇ ਟਾਪੂ" (1992) ਵਿਚ ਸ਼ਾਮਿਲ)

# ਸੁਪਨ-ਕਲਾ

**(ਗੱਦ-ਕਾਵਿ-ਕਥਾ)**

ਜੰਗ ਦਾ ਐਲਾਨ ਹੋਣ ਤੋਂ ਪਹਿਲਾਂ ਹੀ ਜੰਗ ਸ਼ੁਰੂ ਹੋ ਚੁੱਕੀ ਸੀ। ਜਨਮ ਦੇ ਨਾਲ ਨਾਲ ਮੌਤ ਤੁਰ ਰਹੀ ਸੀ। ਕੋਈ ਪੰਖ ਉੱਡ, ਕੋਈ ਝੜ ਰਿਹਾ ਸੀ। ਭਰਮ ਵਾਂਗ ਸੱਚ, ਸੱਚ ਵਾਂਗ ਭਰਮ, ਘੁੰਮਦੀ ਧਰਤੀ ਦੀ ਪ੍ਰਕਰਮਾਂ ਵਿਚ ਸੂਰਜ ਡੁੱਬ ਰਿਹਾ ਸੀ, ਸੂਰਜ ਚੜ੍ਹ ਰਿਹਾ ਸੀ। ਉਹ ਜੋ ਰਸਮਾਂ ਦੇ ਬੰਧਨ ਤੋਂ ਸਹਿਵਨ ਹੀ ਆਜ਼ਾਦ ਹੋਣਾ ਲੋਚਦੀ ਸੀ, ਉਸ ਨੇ ਆਪਣੇ ਅੰਦਰਲੇ ਆਕਾਸ਼ ’ਤੇ ਅਨੇਕਾਂ ਉਡਾਰੀਆਂ ਭਰੀਆਂ। ਪਲਕਾਂ ਵਿਚ ਲੈ ਕੇ ਖਿਤਿਜ, ਸੀਮ ’ਚੋਂ ਅਸੀਮ ਦੇ ਰਹੱਸ ਨੂੰ ਪਾ ਲਿਆ ਉਸ ਨੇ। ਧਰਤੀ ਇਕ ਸਾਜ਼ ਵਰਗੀ ਜਾਪੀ, ਉਸ ਨੂੰ ਆਕਾਸ਼ ਤੇ ਪਾਤਾਲ ਗੀਤ ਵਰਗੇ। ਪਰਬਤ ਚੜ੍ਹਦਿਆਂ, ਝਰਨਿਓਂ ਝਰਦਿਆਂ ... ਗਾ ਲਿਆ ਉਸ ਨੇ ਆਪਣਾ ਰਾਗ। ਆਪੇ ਵਿਚ ਆਪੇ ਦਾ ਜਾਪ !

ਅੰਦਰ ਦੀ ਦੁਨੀਆਂ ਦਾ “ਗਰੀਨ ਹਾਊਸ” ਸਭ ਕੁੱਝ ਉਗਾ ਸਕਦਾ ਸੀ। ਹਥੇਲੀ ’ਤੇ ਸਰ੍ਹੋਂ ਜਮਾ ਸਕਦੀ ਸੀ। ਬੀਜਾਂ ਦੇ ਉੱਡਣੇ ਜਨਮ, ਉਸ ਦੀ ਮੁੱਠੀ ’ਚ ਸਨ। ਰੰਗ ਲਹਿਰਦੇ ਸਨ ਇਸ ਤਰਫ਼। ਰੰਗ ਉੱਡਦੇ ਸਨ ਉਸ ਤਰਫ਼। ਚਾਨਣ ਸਿਰਜ ਲੈਂਦੀ ਸੀ ਉਸ ਦੀ ਇੱਛਾ ਆਪੇ ਤੇ ਸਿਰਜ ਲੈਂਦੀ ਸੀ ਨੀਂਦ ਵਰਗਾ ਅਨ੍ਹੇਰਾ ... ਨੀਂਦ ਵਿਚ ਤੁਰਨ ਲਈ ਉਸ ਕੋਲ ਸੁਪਨ ਸਨ, ਸੁਪਨ ਪੰਖੇਰੂਆਂ ਵਰਗੇ ... ਗੁਟਕਦੇ ’ਤੇ ਆਕਾਸ਼ ਨਜ਼ਰਾਂ ਵਿਚ। ਹੋਠਾਂ ਦੀ ਵੰਝਲੀ ’ਤੇ ਲਰਜ਼ਦੇ ਨਗਮੇਂ।

ਉਹ ਜਿਸ ਦਾ ਨਾਮ ਸੁਪਨ-ਕਲਾ ਸੀ, ਬੇਰਹਿਮੀ ਨਾਲ ਕਿਸ ਨੇ ਭੋਂ ’ਤੇ ਪਟਕਾ ਮਾਰੀ ਹੈ ? ਹਰ ਤਰਫ਼ ਕੱਚ-ਕੰਕਰਾਂ ਹਨ, ਠੀਕਰ ਹਨ ... ਬੀਜਾਂ, ਫਲਾਂ ਦੇ ਫੋਕਟ। ਸੂਰਜ ਚੜ੍ਹਦਾ ਤਾਂ ਹੈ ਪਰ ਉਸ ਦੇ ਅਰਥ ਬਦਲ ਗਏ ਹਨ। ਪਿਆਰ ਦਾ ਇਕ ਛਿਣ ਤੇ ਵਗਾਰ ਦੀ ਸਾਰੀ ਉਮਰ। ਕਿਰਨਾਂ ਸੂਲਾਂ ਕਦ ਬਣਦੀਆਂ ਹਨ, ਕਿਵੇਂ ? ਦਿਹੁੰ ਦੇ ਪਲ ਛਿਣ ਕਿਉਂ ਅੱਖਾਂ ਵਿਚ ਰੜਕਦੇ ਹਨ, ਕਿਵੇਂ ? ਅੱਕ, ਥੱਕ ਡਿਗ ਪੈਂਦੀ ਹੈ ਕਿਵੇਂ ਸਾਰੀ ਦੀ ਸਾਰੀ ਸ਼ਕਤੀ ... ਮਿੱਟੀ ਬਣ ਜਾਂਦੀ ਹੈ, ਦੇਹ ਨਹੀਂ ਰਹਿੰਦੀ। ਗੁਲਸ਼ਨ ’ਚ ਬੈਠਿਆਂ, ਗੁਲਸ਼ਨ ਦੀ ਸਾਰ ਨਹੀਂ ਰਹਿੰਦੀ। ਸ਼ਰੀਕ ਵਾਂਗ ਆਪਣੀ ਹੋਂਦ ਰਹੇ, ਆਪ ਸੰਗ ਖਹਿੰਦੀ। ਉਹ ਜੋ ਓਹਲਿਆਂ ਦਾ ਸੁਹਾਵਾ ਗੀਤ ਸੀ ਕਦੇ, ਅਸਲਿਆਂ ਦੀ ਵਿਲਕਣੀ ਬਣ ਗਈ ਹੈ। ਹੋਂਦ ਦੀ ਛਾਣਨੀ, ਅੰਕਦੀ ਸਮੇਂ ਨੂੰ, ਰੇਤ ਛਣ ਰਹੀ ਹੈ। ਉਸ ਨੇ ਮੰਗਿਆ ਹੀ ਕੀ ਸੀ ਹਕੀਕਤ ਤੋਂ ? ਸਗਲੀ ਸਬੂਤੀ ਦੇਹ ਬਦਲੇ, ਪਲ ਛਿਣ ਦਾ ਪਿਆਰ ... ਪਿਆਰ ਦਾ ਭਰਮ...ਉਹ ਚਾਹੁੰਦੀ ਸੀ : ਦੇਹ ਭੋਗਦਾ ਹੋਇਆ ਵੀ ਆਦਮੀ ਆਤਮਾ ਲਈ ਗਾਲੀ ਨਾ ਬਣੇ। ਗਸ਼ਤੀ ਹੋਣਾ ਉਸ ਦੀ ਹਕੀਕਤ ਹੈ ਤੇ ਪਿਆਰ ਬਣਨਾ ਉਸ ਦਾ ਸੁਫ਼ਨਾ। ਉਹ ਸੋਚਦੀ ... ਜੋ ਰੱਬ ਵੇਖਿਆ ਹੀ ਨਹੀਂ ਕਦੇ ... ਜਿਸ ਦੀ ਹੋਂਦ ਵੀ ਕਿੰਤੂ ਜਨਕ ਹੈ ... ਉਸ ਦੇ ਪਿਆਰ, ਉਸ ਦੀ ਚਾਹ ਵਿਚ ਕਿਵੇਂ ਸਤਿਕਾਰ ਬਣ ਜਾਂਦੇ ਹਨ, ਸਿਧਾਏ ਹੋਏ ਜਾਨਵਰਾਂ

ਵਰਗੇ ਇਕ-ਰੁਖੇ ਮਨੁੱਖ ... ਰੱਬ ਦਾ ਭਰੋਸਾ ਭੋਗਦੇ ਆਪਣੀ ਹਸਤੀ ਹੀ ਗੰਵਾ ਬਹਿੰਦੇ ਹਨ। ਇਹ ਨਿਪੁੰਸਕ, ਹੀਜੜੇ ਬਣ ਕੇ ਭੁਗਤ ਲੈਂਦੇ ਹਨ ਜ਼ੋਰਾਵਰ ਦਾ ਜ਼ੁਲਮ ਕਰਮਾਂ ਦਾ ਫਲ ਸਮਝ ਕੇ। ਉਹ ਜੋ ਦੇਹ ਵਰਗਾ ਸੁਲਗਦਾ ਸੱਚ ਹੈ। ਸੱਚ ਵਰਗਾ ਧੜਕਦਾ ਸੁਫ਼ਨਾ ਹੈ ... ਉਸ ਨੇ ਮੰਗਿਆ ਹੀ ਕੀ ਸੀ ਇਨ੍ਹਾਂ ਮਰਦਾਂ ਤੋਂ ?

ਉਹ ਜੋ ... ਗਸ਼ਤੀ ਹੋਣਾ ਜਿਸ ਦੀ ਹਕੀਕਤ ਹੈ ਤੇ ਪਿਆਰ ਬਣਨਾ ਜਿਸ ਦਾ ਸੁਫ਼ਨਾ ... ਜਨਮ-ਸਮੇਂ ਤੋਂ ਹੀ ਲਗਾਤਾਰ ਮੌਤ ਭੁਗਤ ਰਹੀ ਹੈ ਛਿਣ ਛਿਣ, ਇਸ ਬੇਐਲਾਨੀ ਜੰਗ ਦਾ ਸ਼ਿਕਾਰ, ਅੰਦਰ ਤੇ ਬਾਹਰ। ਸੁਪਨ-ਕਲਾ, ਸੁਫ਼ਨਿਆਂ ਦੀ ਜੰਮਣਹਾਰ !

**"ਮੇਰੀ ਕਹਾਣੀ" (2006)**

(ਕਹਾਣੀ ਸੰਗ੍ਰਹਿ : "ਆਪਣੇ ਆਪਣੇ ਟਾਪੂ" (1992) ਵਿਚ ਸ਼ਾਮਿਲ)

# ਧਰਤੀ ਤੇ ਧੌਲ

**(ਗੱਦ-ਕਾਵਿ-ਕਥਾ)**

ਬਾਹਰ ਕੁਝ ਜਲ ਰਿਹਾ, ਅੰਦਰ ਧੂੰਆਂ ਉੱਠ ਰਿਹਾ ਹੈ। ਸ਼ੀਸ਼ਿਆਂ ਦੇ ਘਰ ਵਿਚ ਹਰ ਅਰਥ ਧੁੰਦਲਾ, ਹਰ ਬਿੰਬ ਟੁੱਟ ਰਿਹਾ ਹੈ। ਤਿੜਕਦੇ ਬਿੰਬਾਂ 'ਚ ਸ਼ੀਸ਼ਾ ਚਕਨਾਚੂਰ ਹੈ। ਸ਼ੀਸ਼ੇ 'ਚ ਸ਼ੀਸ਼ਾ ਨਹੀਂ, ਪੱਥਰ ਦਾ ਦਸਤੂਰ ਹੈ। ਪੁਲ ਤੋਂ ਲੰਘਦੀ ਰੇਲ ਵਾਂਗ, ਇਕ ਸ਼ੋਰ ਜਿਹਾ ਉੱਠਦਾ ਹੈ ਟੁੱਟਣ, ਤਿੜਕਣ ਦਾ ... ਤੇ ਫਿਰ ਬਸ ਇਕ ਸੁੰਨਾਂ, ਸੱਖਣਾਪਨ ਰਹਿ ਜਾਂਦਾ ਹੈ ਕੱਚ-ਕੰਕਰਾਂ ਵਿਚ ਵਿੱਝਿਆ, ਬਿਖਰਿਆ ਆਪਣਾ ਆਪ। ਸੱਚ ਤੇ ਭਰਮ ਦੀ ਪਛਾਣ ਨਹੀਂ ਰਹਿੰਦੀ। ਆਪੇ ਤੇ ਅਨਾਪ ਦਾ ਫ਼ਰਕ ਨਹੀਂ ਦਿਸਦਾ। ਟੁੱਟਣ ਤੋਂ ਟੁੱਟਣ ਤਕ ਦਾ ਸਫ਼ਰ। ਬਿਖਰਨ ਤੋਂ ਬਿਖਰਨ ਤਕ ਦਾ ਸੰਤਾਪ। ਏਧਰ ਵੀ ਆਪ, ਓਧਰ ਵੀ ਆਪ। ਹੋਣੀ ਹੈ, ਇਹ ਸਾਡੀ, ਜਾਂ ਮੌਸਮ ਦਾ ਹੈ ਸੁਭਾ ? ਜਾਂ ਮਨ ਹੀ ਤਦਬੀਰਾਂ ਘੜ ਰਿਹਾ ? ਠੀਕ ਥਾਂ 'ਤੇ ਗ਼ਲਤ ਚੀਜ਼ਾਂ ਵੇਖਦਾ ? ਸ਼ੋਰ 'ਚੋਂ ਸੁੰਘ ਚੁੱਪ ਰਿਹਾ ਤੇ ਚੁੱਪ ਨੂੰ ਹੀ ਸੁਣ ਰਿਹਾ ? ਕੀ ਉਧੇੜ, ਬੁਣ ਰਿਹਾ ? ਹਵਾ ਨੂੰ ਛੱਜ ਵਿਚ ਛੱਟ ਰਿਹਾ ਤੇ ਸ਼ੂਨਯ-ਪੋਣੀ ਪੁਣ ਰਿਹਾ ?

ਇਸ ਤਰ੍ਹਾਂ ਹੀ ਹੁੰਦਾ ਹੈ ਰੋਜ਼ ! ਜਿਸ ਨੇ ਵਿਸ਼ਵਾਸ ਨੂੰ ਅਰਥ ਦਿੱਤਾ ਸੀ, ਧਰਤੀ ਨੂੰ ਧੌਲ, ਉਸ ਵਿਚ ਦਰਾੜਾਂ ਪੈ ਰਹੀਆਂ ਹਨ। ਉਹ ਆਖਦੀ ਹੈ : ਮੇਰੇ ਵਿਚ ਉਹ ਸਾਰੇ ਰੰਗ ਨਹੀਂ ਰਹੇ, ਜੋ ਸੱਤ-ਰੰਗੀਆਂ ਵਿਚ ਸਨ ਕਦੇ। ਸੱਤ ਰੰਗ ਹੁੰਦੇ ਹੋਇਆਂ ਵੀ, ਉਸ ਲਈ, ਮੈਂ ਕੇਵਲ ਇਕ ਰੰਗ ਬਣ ਕੇ ਰਹਿ ਗਿਆ ਹਾਂ। ਮੈਂ ਜ਼ਿੱਦ ਕਰਦਾ ਹਾਂ, ਤਾਂ ਉਹ ਰੰਗਾਂ ਦੇ ਕੇਵਲ, ਇਕ ਏਕਾਂਕੀ ਵਜੂਦ ਤੋਂ ਵਧੇਰੇ ਮੈਨੂੰ ਹੋਰ ਕੁਝ ਨਹੀਂ ਸਮਝਦੀ। ਤੇ ਕਹਿੰਦੀ ਹੈ : "ਮੈਂ ਸਾਰੀ ਉਮਰ ਕੇਵਲ ਇਕ ਏਕਾਂਕੀ ਵਜੂਦ ਨਾਲ ਬੱਝ ਕੇ ਬੇਅਰਥ ਨਹੀਂ ਹੋਣਾ। ਇਹ ਦਸਤੂਰ ਪੁਰਾਣਾ ਹੈ। ਇਹ ਰਸਮ ਸੌੜੀ ਹੈ। ਮੇਰੇ ਅੰਦਰ ਸੌ ਨਦੀਆਂ ਦੀ ਪਿਆਸ ਹੈ, ਅਨਿਕ ਅੰਬਰਾਂ ਦੀ ਉਡਾਣ ! ਤੂੰ ਸੁਕੜ ਗਿਆ ਹੈਂ ਬਿੰਦੂ ਵਿਚ ... ਸੌੜੇ ਹੋ ਗਏ ਹਨ ਤੇਰੇ ਸਭ ਅਸਮਾਨ। ਮੈਂ ਗਤੀ ਹਾਂ, ਭਟਕਣ ਹਾਂ, ਰੁਕ ਨਹੀਂ ਸਕਦੀ ... ਰੱਜ ਨਹੀਂ ਸਕਦੀ ਇੱਕੋ ਸ਼ੀਸ਼ੇ 'ਚੋਂ ਨਿੱਤ ਤਕ ਤਕ ਕੇ ਇਹ ਜਹਾਨ, ਇਹ ਧਰਤੀ, ਇਹ ਪਾਤਾਲ, ਪਰਬਤ ਤੇ ਆਸਮਾਨ।"

ਜਦ ਤੋਂ ਧਰਤੀ ਹੇਠ ਧੌਲ ਨਹੀਂ ਰਿਹਾ...ਉਦੋਂ ਤੋਂ ਹੀ ਬਾਹਰ ਕੁਝ ਜਲ ਰਿਹਾ, ਅੰਦਰ ਧੂੰਆਂ ਉੱਠ ਰਿਹਾ ਹੈ। ਹਰ ਅਰਥ ਧੁੰਦਲਾ, ਹਰ ਬਿੰਬ ਟੁੱਟ ਰਿਹਾ ਹੈ।

**"ਮੇਰੀ ਕਹਾਣੀ" (2006)**

(ਕਹਾਣੀ ਸੰਗ੍ਰਹਿ : "ਆਪਣੇ ਆਪਣੇ ਟਾਪੂ" (1992) ਵਿਚ ਸ਼ਾਮਿਲ)

## ਪਾਣੀ ਦੀ ਪਿਆਸ

ਤੇਰੇ ਨਾਲੋਂ ਜੁਦਾ ਨਹੀਂ ਹੋਇਆ,
ਟੁੱਟ ਗਿਆ ਹਾਂ ਆਪਣੇ ਆਪ ਤੋਂ !

ਕਿਰਨਾਂ ਤੋਂ ਬਿਨਾ
ਸੂਰਜ ਦਾ ਕੀ ਅਰਥ ?

ਸੂਰਜ ਤੋਂ ਬਿਨਾਂ
ਚੰਦ, ਤਾਰਿਆਂ ਦੀ ਕੀ ਹੋਂਦ ?

ਸੂਰਜ ਨਾ ਰਿਹਾ,
ਤਾਂ 'ਨ੍ਹੇਰਾ ਕੀ ਕਰੇਗਾ ?
ਸਵੇਰਾ ਕਦ ਚੜ੍ਹੇਗਾ ?

ਤੇਰੇ ਨਾਲੋਂ ਟੁੱਟਣਾ,
ਇਕ ਇਕਹਿਰੀ ਘਟਨਾ ਨਹੀਂ, ਸਗੋਂ
ਘਟਨਾਵਾਂ
ਸ਼ਬਦਾਂ
ਅਰਥਾਂ
ਕਰਮਾਂ
ਪ੍ਰਤੀਕਰਮਾਂ
ਦਾ ਇਕ ਨਿਰੰਤਰ
ਤੇ ਜੱਟਿਲ ਸਿਲਸਿਲਾ ਹੈ,
ਪਿੰਡ ਤੋਂ ਬ੍ਰਹਿਮੰਡ
ਤੇ ਬ੍ਰਹਿਮੰਡ ਤੋਂ ਪਿੰਡ ਤੱਕ।

ਕਤਰੇ ’ਚੋਂ ਨਿਕਲ ਕੇ,
ਕਤਰਾ, ਕਤਰਾ ਹੋ,
ਕਤਰੇ ਨਾਲੋਂ,
ਦਰਿਆ ਟੁੱਟ ਗਿਆ ਹੈ !

ਬੀਜ, ਉੱਗਣੋਂ ਰੁੱਕ ਗਿਆ ਹੈ।
ਹਵਾ ਖ਼ਲਾਅ ਬਣ ਗਈ ਹੈ !
ਦੋ ਪੁੜਾਂ ਵਿਚਕਾਰ,
ਲੈ ਕੇ ਮੈਨੂੰ,
ਜ਼ਿੰਦਗੀ ਤੇ ਮੌਤ ਦੀ ਠਣ ਗਈ ਹੈ !

ਸੋਚਦਾ ਹਾਂ, ਕਿ
ਜੇ ਦਿਲ ਵਿਚ ਧੜਕਣ ਨਾ ਰਹੇ,
ਤਾਂ ਦਿਲ ਦਾ ਕੀ ਬਣੇਗਾ ?
ਜੇ ਨਖਯੱਤਰਾਂ ਵਿਚ ਆਕਰਸ਼ਣ ਨਾ ਰਹੇ,
ਤਾਂ ਬ੍ਰਹਿਮੰਡ ਦਾ ਕੀ ਬਣੇਗਾ ?

ਤੇਰੇ ਨਾਲੋਂ ਜੁਦਾ ਹੋਣਾ,
ਪਿੰਡ ਨਾਲੋਂ, ਪਿੰਡ ਦਾ ਟੁੱਟਣਾ ਹੈ।
ਸਾਹ ਦਾ ਫ਼ੇਫ਼ੜਿਆਂ ਵਿਚ ਰੁੱਕਣਾ ਹੈ !
ਧੜਕਨ ਦਾ ਦਿਲ ਵਿਚ ਮੁੱਕਣਾ ਹੈ !
ਜ਼ਿਹਨ ਵਿਚ ਸੋਚ ਦਾ,
ਵਿਚ, ਵਿਚਾਲਿਓਂ,
ਫਟਣਾ ਹੈ !
ਪ੍ਰਮਾਣੂੰ ਦਾ ਅਣੂੰ-ਅਣੂੰ ਹੋਣਾ ਹੈ !

ਤਾਰ ਨਾਲੋਂ, ਰਾਗਣੀ ਜੁਦਾ ਹੋ ਗਈ ਹੈ !
ਨਦੀ, ਤੁਰੀ, ਤੁਰੀ, ਖੜੋ ਗਈ ਹੈ !
ਆਵਾਜ਼ ਤੇ ਹਰ ਸਾਜ਼ ਦੀ ਸੁਰ,
ਨਾ ਸੁਰ ਹੈ, ਨਾ ਬੇਸੁਰ—
ਸੁੱਕੇ ਪੱਤਰ ਵਾਂਗ ਝੜਕੇ, ਸੁਰ
ਬੇਮੌਸਮੀ ਹੋ ਗਈ ਹੈ।

ਤੇਰੇ ਨਾਲੋਂ ਜੁਦਾ ਨਹੀਂ ਹੋਇਆ,
ਟੁੱਟ ਗਿਆ ਹਾਂ ਆਪਣੇ ਆਪ ਤੋਂ !

ਟੁੱਟਣ ਦੇ ਨਿਰੰਤਰ ਸਿਲਸਿਲੇ ਵਿਚ ਵੀ,
ਪਤਾ ਨਹੀਂ ਕਿਉਂ
ਜੁੜਨ ਦੀ ਰੌ ਵੱਗਦੀ ਹੈ ?

ਨਦੀ ਐਵੇਂ ਤਾਂ ਨਹੀਂ
ਸਾਗਰ ਵਲਾਂ ਵਹਿ ਤੁਰਦੀ,
ਪਾਣੀ ਨੂੰ ਵੀ,
ਪਾਣੀ ਦੀ ਪਿਆਸ ਲੱਗਦੀ ਹੈ !

**"ਮੇਰੀ ਕਹਾਣੀ" (2006)**
(ਕਾਵਿ-ਸੰਗ੍ਰਹਿ : "ਸੂਰਜ ਤੇਰਾ ਮੇਰਾ" (1989) ਤੇ
"ਸ਼ਬਦ ਸਾਗਰ" (2004) ਅਤੇ
ਕਹਾਣੀ-ਸੰਗ੍ਰਹਿ : "ਆਪਣੇ ਆਪਣੇ ਟਾਪੂ" (1992) ਵਿਚ ਸ਼ਾਮਿਲ)

## ਖੰਭਾਂ ਤੇ ਦਰਵਾਜ਼ਿਆਂ ਵਾਲੀ ਕੁੜੀ

ਉਹ ਫੇਰ ਮੇਰੇ ਸਾਹਵੇਂ ਖੜ੍ਹੀ
ਮੈਨੂੰ ਸੰਬੋਧਤ ਹੈ :

"ਤੇਰੀ ਸੁਤੰਤਰ ਸੰਬੰਧਾਂ ਦੀ
ਗੱਲ ਮੈਨੂੰ ਬਹੁਤ ਚੰਗੀ ਲੱਗੀ ਹੈ !
ਨਾਲ, ਨਾਲ ਤੁਰੇ ਜਾਣ ਦੇ ਭਰਮ ਵਿਚ,
ਮੈਂ ਵੀ ਵੱਖਰੇ ਆਕਾਸ਼ ਗਾਹਣੇ ਚਾਹਵਾਂਗੀ !
ਜੋ ਰਾਗਣੀਆਂ, ਤੂੰ ਨਾ ਸੁਣ ਸਕੇਂ, ਗਾਵਾਂਗੀ !
ਉਂਜ ਤਾਂ ਤੇਰਾ ਤੇ ਮੇਰਾ ਅੰਤਮ ਦ੍ਰਿਸ਼ ਇਕ ਹੀ ਹੈ,
ਪਰ ਦ੍ਰਿਸ਼ਟੀ ਦੇ ਅੰਤਰ 'ਤੇ ਰਸਤੇ ਵਿਚ
ਵੱਖ-ਵੱਖ ਦ੍ਰਿਸ਼ ਭੋਗਦੇ ਤੁਰੇ ਜਾਵਾਂਗੇ !
ਸੁਤੰਤਰ ਸੰਬੰਧਾਂ ਦੀ ਇਹ ਜੀਵਨ-ਸ਼ੈਲੀ
ਜੁੜ ਕੇ ਅਜੋੜ ਅਤੇ ਅਜੋੜ ਹੋ ਕੇ ਵੀ ਜੋੜੀ ਰੱਖਦੀ ਹੈ—
ਸਮਾਨ-ਅੰਤਰ ਰੇਖਾਵਾਂ ਵਾਂਗ,
ਨਾਲੋ ਨਾਲ ਤੋਰੀ ਰੱਖਦੀ ਹੈ।
ਖ਼ਿਤਿਜ ਵਲ ਵੇਖ : ਮੈਂ ਸਿਰਫ਼ ਤੇਰੀ ਹਾਂ !"

ਉਹ ਕਿਉਂ ?

"ਤਾਕਿ ਸੁਤੰਤਰ ਸੰਬੰਧਾਂ ਦੇ ਇਸ ਸੰਜੋਗ ਨੂੰ
ਧਾਰਨ ਤੋਂ ਬਾਅਦ,
ਜਦੋਂ ਵੀ ਤੂੰ ਆਪਣੀ ਵੱਖਰੀ ਉਡਾਣ ਸਮੇਂ
ਮੇਰੇ ਲਈ ਕੋਈ ਦਰਵਾਜ਼ਾ ਨਿਸ਼ਚਿਤ ਕਰਨਾ ਚਾਹੇਂ
ਤਾਂ ਮੈਂ ਚਾਹਾਂਗੀ
ਕਿ ਐਸਾ ਹੀ ਇਕ ਦਰਵਾਜ਼ਾ
ਤੂੰ ਆਪਣੇ ਲਈ ਵੀ ਨਿਸ਼ਚਿਤ ਕਰੇਂ !

ਇਹ ਦਰਵਾਜ਼ੇ ਬੰਦ ਹਨ, ਕੰਧਾਂ ਵਰਗੇ !

ਸੁਤੰਤਰ ਸਬੰਧਾਂ ਦੀ ਇਹ ਜੀਵਨ-ਸ਼ੈਲੀ ਧਾਰਨ ਕਰਦਿਆਂ
ਮੈਨੂੰ ਸਦਾ ਹੀ ਇਹ ਸੰਸਾ ਰਿਹਾ ਹੈ
ਕਿ ਚਾਰ ਚੁਫੇਰਿਓਂ
ਇਨ੍ਹਾਂ ਦਰਵਾਜ਼ਿਆਂ ਦੇ ਚੱਕਰਵਿਊ ਵਿਚ ਘਿਰ ਕੇ
ਅਸੀਂ ਆਪੋ ਆਪਣੇ ਰਣ ਆਪ ਲੜਨ ਲਈ,
ਫਿਰ ਤੋਂ ਜੁਦਾ, ਇਕੱਲੇ ਨਾ ਹੋ ਜਾਈਏ।"

ਦਰਵਾਜ਼ਿਆਂ ਵਾਲੀ ਕੁੜੀ,
ਖੰਭ ਰੱਖਦੀ ਹੋਈ ਵੀ,
ਪਤਾ ਨਹੀਂ, ਕਿਉਂ
ਅਘਰਵਾਸੀ ਤੋਂ
ਘਰ ਲੋੜਦੀ ਹੈ ???

**"ਮੇਰੀ ਕਹਾਣੀ" (2006)**

(ਕਾਵਿ-ਸੰਗ੍ਰਹਿ : "ਸੂਰਜ ਤੇਰਾ ਮੇਰਾ" (1989) ਤੇ
"ਸ਼ਬਦ ਸਾਗਰ" (2004) ਅਤੇ
ਕਹਾਣੀ-ਸੰਗ੍ਰਹਿ : "ਆਪਣੇ ਆਪਣੇ ਟਾਪੂ" (1992) ਵਿਚ ਸ਼ਾਮਿਲ)

## ਅਘਰਵਾਸੀ

ਜ਼ਿੰਦਗੀ ਇਕ ਵਾਰੀ ਫੇਰ
ਇਕ ਖ਼ੂਬਸੂਰਤ ਔਰਤ ਦੇ ਵੇਸ ਵਿਚ
ਪੁੱਛਣ ਆਈ ਹੈ :
"ਘਰ-ਵਾਸ ਕਰੇਂਗਾ ?"

ਅਘਰਵਾਸੀ ਬੜਾ ਖ਼ੁਸ਼ ਹੈ
ਕਿ ਉਸਦੇ ਅੰਦਰ ਦੀ ਔਰਤ
ਉਸਦੇ ਸੌਂਹੇਂ ਖੜ੍ਹੀ ਹੈ
ਕੌਣ ਕਹਿੰਦਾ ਹੈ ਕਿ
ਇੱਛਾ ਅਤੇ ਪੂਰਤੀ ਵਿਚਕਾਰ
ਦੂਰੀ ਬੜੀ ਹੈ ?

ਅਘਰਵਾਸੀ ਹੈਰਾਨ ਹੈ :
ਕੀ ਆਪਣੇ ਅੰਦਰ ਦੀ ਔਰਤ ਹੀ
ਸਮਸਤ ਪੂਰਤੀ ਦਾ ਨਾਮ ਹੈ ?

ਰੁੱਖ ਬਿਨਾ ਛਾਂ ਨਹੀਂ ਜਨਮਦੀ
ਜਾਂ ਸੂਰਜ ਬਿਨਾ ਬੀਜ ਨਹੀਂ ਪਨਪਦਾ ?

ਬੀਜ ਪਹਿਲਾਂ ਸੀ ?
ਅੰਡਾ ਜਾਂ ਔਰਤ ਜਾਂ ਮੈਂ ?
ਕੁਝ ਸਮਝ ਨਹੀਂ ਪੈਂਦੀ।

ਅਘਰਵਾਸੀ, ਆਪਣੇ ਅਘਰ ਵਿਚ
ਸੂਰਜ ਬਾਲਦਾ
ਤਾਰੇ ਬਾਲਦਾ
ਸਾਗਰ ਪੀਂਦਾ, ਦਰਿਆ ਬਹਾਉਂਦਾ ਹੈ।

ਥਲ ਬਣ,
ਕਣ-ਕਣ 'ਚੋਂ ਫੱਟਦਾ ਹੈ

ਨਿਸਦਿਨ,
ਆਪਣੇ ਆਪ ਉੱਤੇ ਮੌਤ ਬਣ ਘਟਦਾ ਹੈ—
ਪਰ ਮਰਦਾ ਕਦੇ ਨਹੀਂ !!!

ਅਘਰਵਾਸੀ—
ਜਿਸਮ ਨਹੀਂ,
ਨਾਮ ਨਹੀਂ,
ਚੁੱਪ ਨਹੀਂ, ਪੈਗ਼ਾਮ ਨਹੀਂ
ਸ਼ਬਦ ਨਹੀਂ—
ਕੇਵਲ ਅਰਥ ਹੈ,
ਸਭ ਭਾਸ਼ਾਵਾਂ ਦੇ ਆਰ ਪਾਰ ਵਿਚਰਦਾ !!!

ਅਘਰਵਾਸੀ ਵੇਖਦਾ, ਸਮਝਦਾ, ਪ੍ਰਤੀਤਦਾ ਹੈ :
ਭਟਕਣ ਹੀ ਬੀਜ ਹੈ
ਭਟਕਣ ਹੀ ਅੰਡਾ ਹੈ
ਭਟਕਣ ਹੀ ਰੁੱਖ ਹੈ
ਭਟਕਣ ਹੀ ਸਾਗਰ ਹੈ
ਭਟਕਣ ਹੀ ਸੂਰਜ ਹੈ,
ਸ਼ੁਆ ਹੈ—
ਭਟਕਣ ਹੀ ਅੰਬਰ ਹੈ
ਥਲ ਹੈ,
ਅੰਬਰ 'ਤੇ ਵਿਛਿਆ ਬੱਦਲ
ਬੱਦਲ ਵਿਚ ਸੁੱਕੜਿਆ ਦਰਿਆ ਹੈ !
ਅਘਰਵਾਸੀ, ਹੁਣ
ਹੈਰਾਨ ਨਹੀਂ !
ਉਸਦੇ ਸਾਹਵੇਂ
ਆਦਮ ਤੇ ਹੱਵਾ ਹੈਰਾਨ ਖੜੋਤੇ ਹਨ !

ਉਨ੍ਹਾਂ ਅੰਦਰ ਕੋਈ ਈਸ਼ਵਰ ਨਹੀਂ—
ਉਨ੍ਹਾਂ ਨੂੰ ਪੈਦਾ ਕਰਨ ਵਾਲੇ
ਸੱਭੇ ਕਾਰਨ ਪਸ਼ੇਮਾਨ ਹਨ !!!

ਅਘਰਵਾਸੀ—
ਆਪਣੀ ਨਿਰੰਤਰਤਾ ਵਿਚ ਥਿਰ
ਤੇ ਥਿਰਤਾ ਵਿਚ ਗਤੀਸ਼ੀਲ ਹੈ !!!

**"ਮੇਰੀ ਕਹਾਣੀ" (2006)**

(ਕਾਵਿ-ਸੰਗ੍ਰਹਿ : "ਸੂਰਜ ਤੇਰਾ ਮੇਰਾ" (1989) ਤੇ "ਸ਼ਬਦ ਸਾਗਰ" (2004) ਅਤੇ
ਕਹਾਣੀ-ਸੰਗ੍ਰਹਿ : "ਆਪਣੇ ਆਪਣੇ ਟਾਪੂ" (1992) ਵਿਚ ਸ਼ਾਮਿਲ)

## ਹੱਵਾ ਦੀ ਡਾਇਰੀ ’ਚੋਂ ਇਕ ਪੰਨਾ

ਜੂਠੀ ਹੋਣ ਤੋਂ ਪਹਿਲਾਂ
ਤੂੰ ਸੁੱਚੀ ਕਰ ਦੇ !
ਆ,
ਅੱਜ ਦੀ ਰਾਤ
ਕਿਤੇ ਦੂਰ ਨਿਕਲ ਚੱਲੀਏ !

ਇਹ ਦੀਵਾਰਾਂ ਤੰਗ ਹਨ !
ਰੌਸ਼ਨਦਾਨਾਂ ’ਚ ਜਾਲੇ ਹਨ !
ਖਿੜਕੀਆਂ,
ਬੁਸੀਆਂ, ਬੋਸੀਦਾ—
ਘੁਣ-ਖਾਧੀਆਂ ਚੁਗਾਠਾਂ,
ਦਰਵਾਜ਼ੇ ਤੇ ਸ਼ੀਸ਼ੇ
ਇਕ ਦੂਜੇ ਆਸਰੇ,
ਜੁੜੇ ਖੜ੍ਹੇ—
ਘੁਟਨ ਉਗਲ ਰਹੇ ਹਨ !
ਇਸ ਫੋੜਿਆਂ ਵਰਗੇ ਫ਼ਰਸ਼ ’ਤੇ,
ਸੱਚ, ਸੁੱਚ ਦੀ ਕਹਾਣੀ ਨਹੀਂ ਪਾਈਦੀ !
ਆ, ਅੱਜ ਦੀ ਰਾਤ ਕਿਤੇ ਦੂਰ ਨਿਕਲ ਚੱਲੀਏ !!

ਜੂਠੀ ਹੋਣ ਤੋਂ ਪਹਿਲਾਂ
ਸੁੱਚ ਦਾ ਤਜਰਬਾ ਜ਼ਰੂਰੀ ਹੈ,
ਇਸ ਲੋੜ ’ਚ ਸ਼ਿੱਦਤ ਹੈ,
ਇਹ ਪਿਆਸ ਅਧੂਰੀ ਹੈ !

ਤੇਰੇ ਅੰਦਰ ਹੀ ਮੇਰਾ ਸੋਮਾਂ ਹੈ,
ਅੰਦਰੋਂ, ਬਾਹਰ ਵਲਾਂ ਖੁੱਲ੍ਹਦਾ !
ਤੂੰ ਹੀ ਤਾਂ ਆਦਿ-ਬਿੰਦੂ ਹੈਂ,
ਜੁਗਾਦਿ-ਕਾਲ ਵਿਚਰਦਾ।

ਤੇਰੇ ਨੈਣਾਂ 'ਚ ਹੀ,
ਮੇਰੇ ਮੋਰ ਦੀਆਂ ਪੈਲਾਂ ਨੇ—
ਤੇਰੇ ਹੋਠਾਂ 'ਚ ਹੀ ਗੁਟਕਦਾ ਹੈ,
ਕਬੂਤਰਾਂ ਦਾ ਵੀ ਇਕ ਜੋੜਾ !

ਵੇਖ,
ਬੱਦਲ ਪਤਲੇ ਹੋ ਫਟ ਰਹੇ ਹਨ—
ਵਾਦੀ ਦੇ ਨਾਲ ਦਾ ਜੰਗਲ
ਨਿਵਸਤਰ ਹੋ ਰਿਹਾ ਹੈ,
ਚੋਟੀ ਦੀ ਬਰਫ਼ ਤੀਕ !
ਬੱਦਲਾਂ ਦੀ ਛਿਦਰੀ, ਕਾਫ਼ੂਰ ਹੋ ਰਹੀ ਛਾਂ 'ਚੋਂ,
ਝਾਕਦਾ, ਨਿਹਾਰਦਾ ਹੈ ਸੂਰਜ,
ਬਰਫ਼ ਦੀ ਪਾਣ ਚੜ੍ਹੇ ਭੌਂ-ਅੰਗ—
ਘੁੱਗੀਆਂ ਦੇ ਜੋੜੇ ਦੀ ਗੁਟਕੂੰ,
ਚੁੰਝ-ਚੁੰਮਣ ਹੋ ਰਹੀ, ਪਰ ਫੜਕਦੀ—
ਧੁੱਪ ਕੜਕਦੀ !

ਪਰਬਤ ਦੇ ਸਿਖਰ ਤੋਂ, ਜਲ
ਧਾਰ ਬਣ ਤੁਰਿਆ ਹੈ—
ਦੂਰ, ਹੇਠਾਂ ਖੁੱਤੀਆਂ ਵੱਲ !
ਇਹ, ਉਹੋ ਰੁੱਤ ਹੈ, ਜਦੋਂ ਮਿਰਗ ਨੂੰ
ਹਲਕੀ-ਹਲਕੀ ਗੰਧ ਦਾ ਅਹਿਸਾਸ ਹੁੰਦਾ ਹੈ
ਆਪਣੇ ਅੰਦਰਲੇ 'ਚੋਂ, ਤੇ
ਖ਼ੁਸ਼ਬੋਈ ਜਾਂਦੀ ਹੈ ਬਾਹਰ
ਕੁਦਰਤ ਦੀ ਕਾਰੀਗਰੀ।
ਆਪਣੀ ਹੋਂਦ ਹੀ ਭਟਕਦੀ ਹੈ,
ਬਾਹਰ ਵੀ, ਅੰਦਰ ਵੀ—
ਕੁਝ ਵੀ ਸਮਝ ਨਹੀਂ ਪੈਂਦੀ !

ਇਹ ਸੋਚ ਦਾ ਪਹਿਲਾ ਕੁਆਰ-ਪਲ ਹੈ !
ਏਥੇ ਕੋਈ ਸੰਸਕਾਰ ਨਹੀਂ ਹੁੰਦਾ,
ਤੇ ਨਾ ਹੀ ਸਿਮਰਤੀਆਂ ਦੀ ਵੱਸੋਂ !
ਇਹ ਛਿਣ ਨਿੱਜ ਦੇ ਉਫ਼ਕ 'ਤੇ,
ਇਕ ਵਾਰ ਉਦੈ ਹੁੰਦਾ ਹੈ !
ਇਹ ਛਿਣ, ਉਮਰ ਭਰ ਲਈ ਸਰਮਾਇਆ ਹੈ !

ਵੇਖ—
ਆਪਣੀ ਹੀ ਲੋਅ 'ਚ ਤਨ,

ਨਿਵਸਤਰ ਹੋ ਗਿਆ ਹੈ,
ਮਨ ਨੂੰ ਜੁੜ ਗਿਆ ਹੈ।
ਖੁੱਤੀਆਂ ਵਾਂਗ, ਰੋਮ-ਰੋਮ
ਮਧੁਰ ਸੰਗੀਤ ਦੀਆਂ
ਸੂਲ-ਧੁਨਾਂ 'ਚ ਪਰੁੱਤੇ।

ਇਹ ਸਭ ਦਰਵਾਜ਼ੇ,
ਮੇਰੇ ਸਰੀਰ ਦੀ ਚੁਗਾਠ 'ਚੋਂ,
ਮੇਰੀ ਆਤਮਾ ਵੱਲ ਜਾਂਦੇ ਹਨ :
ਪ੍ਰੀਤਮ—
ਸਗਵੇਂ ਦਾ ਸਗਵਾਂ ਬਰਸ ਪੈ—
ਮੇਰਾ ਸਮੁੱਚ,
ਸੁੱਚਾ ਹੋਣ ਲਈ ਬਿਹਬਲ ਹੈ,
ਪਿਆਸਾ ਹੈ।

ਲੂੰ-ਕੰਡਾ ਖੜ੍ਹਾ ਕਰ ਰਹੀ ਹੈ,
ਦੂਧੀਆ ਚਿਹਰੇ 'ਚ ਲਰਜ਼ਦੀ
ਹਯਾ ਦੀ ਲਾਲੀ।
ਇਹ ਹੱਵਾ ਦੀ ਪਹਿਲ ਚੇਤਨਾ ਹੈ—
ਪ੍ਰਥਮ ਅਨੁਭਵੀ ਛਿਣ ਹੈ !!

ਪ੍ਰੀਤਮ—
ਬਕਾਇਆ ਜ਼ਿੰਦਗੀ,
ਜੂਠੇ ਹੋਣ ਲਈ ਹੀ ਵਕਫ਼ ਹੈ !

ਇਹ ਛਿਣ,
ਕੇਵਲ ਸੁੱਚ ਦਾ,
ਸੱਚ ਦਾ,
ਤੇਰਾ ਹੈ !

ਜੂਠੀ ਹੋਣ ਤੋਂ ਪਹਿਲਾਂ,
ਤੂੰ ਸੁੱਚੀ ਕਰ ਦੇ !
ਆ, ਅੱਜ ਦੀ ਰਾਤ,
ਕਿਤੇ ਦੂਰ ਨਿਕਲ ਚੱਲੀਏ—
ਇਹ ਭੌਂ ਤੰਗ,
ਆਕਾਸ਼ ਸੌੜਾ ਹੈ !

**"ਮੇਰੀ ਕਹਾਣੀ" (2006)**

(ਕਾਵਿ-ਸੰਗ੍ਰਹਿ : "ਆਪਣੇ ਖ਼ਿਲਾਫ਼" (1986) ਤੇ "ਪਿਆਸਾ ਬੱਦਲ" (1990) ਅਤੇ
ਕਹਾਣੀ-ਸੰਗ੍ਰਹਿ : "ਆਪਣੇ ਆਪਣੇ ਟਾਪੂ" (1992) ਵਿਚ ਸ਼ਾਮਿਲ)

## ਤਾਜਦਾਰ ਤੁੰਮੇਂ ਸ਼ਾਹ

ਉਨ੍ਹਾਂ ਨੂੰ ਪਤਾ ਸੀ, ਕਿ
ਤੁੰਮੇਂ ਦਾ ਤਾਜ ਨਹੀਂ ਬਣਦਾ।

ਫਿਰ ਵੀ ਉਨ੍ਹਾਂ ਨੇ ਰਸਮ ਅਦਾ ਕੀਤੀ :
ਦਸ ਬਾਰਾਂ ਨਜ਼ਮਾਂ ਲਿਖੀਆਂ
ਇਕ ਦੋ ਕਹਾਣੀਆਂ,
ਦੋ ਚਾਰ ਰੇਖਾ-ਚਿਤਰ—

ਤੇ ਇਨ੍ਹਾਂ ਨੂੰ ਛਾਪਣ ਲਈ,
ਉਨ੍ਹਾਂ ਇਕ ਅਖ਼ਬਾਰ ਕੱਢੀ
ਤੇ ਇਕ ਰਸਾਲਾ ਵੀ।

ਇਕ ਤੀਰ ਨਾਲ,
ਕਈ ਸ਼ਿਕਾਰ :
ਉਨ੍ਹਾਂ ਦਾ ਪਰਚਾਰ ਹੁੰਦਾ ਗਿਆ,
ਤੇ ਕੁਝ ਕਲਮਕਾਰ,
ਉਨ੍ਹਾਂ ਦੀ ਪਰਜਾ ਬਣਦੇ ਗਏ।

ਉਹ ਨਿਸਦਿਨ,
ਇਸ ਸਭ ਕੁਝ 'ਚੋਂ
ਕਦੇ ਹਉਮੈਂ, ਕਦੇ ਪੂਰਤੀ,
ਕਦੇ ਪ੍ਰਾਪਤੀ ਨੂੰ ਲੋਚਦੇ—
ਅੱਧਾ,
ਅਧੂਰਾ,
ਊਣਾ,
ਪੌਣਾ

ਲਿਖਦੇ ;
ਬਣਦੇ ਰਹੇ।

ਅਸਲ ਵਿਚ,
ਸੁਫ਼ਨਿਆਂ ਦੇ ਜਿਸ ਬੁੱਤ ਨੂੰ,
ਉਨ੍ਹਾਂ ਸੰਗੇ-ਮਰਮਰ 'ਚੋਂ ਤਰਾਸ਼ਿਆ ਸੀ—
ਨਾ ਵੇਖ ਸਕੇ,
ਤਾਂ ਉਹ, ਉਸ 'ਚੋਂ,
ਉਸ ਦਾ ਬੌਣਾਪਨ ਨਾ ਵੇਖ ਸਕੇ।

ਉਨ੍ਹਾਂ ਨੂੰ ਪਤਾ ਸੀ, ਕਿ
ਇਸ ਮੌਸਮੀਂ ਬੁਖ਼ਾਰ ਦੀ
ਉਮਰ ਲੰਮੀਂ ਨਹੀਂ ਹੁੰਦੀ—

ਤੇ ਹੀਜੜੇ ਜੰਮਣ ਲਈ,
ਮਾਵਾਂ ਨੂੰ, ਹੁਣ
ਨੌਂ ਮਹੀਨੇ ਨਹੀਂ ਉਡੀਕਣਾ ਪੈਂਦਾ।

ਇਸੇ ਲਈ,
ਉਨ੍ਹਾਂ ਆਪਣੀਆਂ ਲਿਖਤਾਂ ਵਿਚ
ਟੈਸਟ-ਟਿਊਬ-ਬੇਬੀ,
ਆਰਟੀਫ਼ੀਸ਼ਲ ਇਨਸੈਮੀਨੇਸ਼ਨ
ਤੇ ਇਨਕਿਊਬੇਟਰ ਦੀ ਗੱਲ ਕੀਤੀ।

ਰਚਨਾ ਦੇ ਅਮਲ ਨੂੰ ਵੀ, ਉਨ੍ਹਾਂ
ਬਿਓਪਾਰ ਵਾਂਗ ਅਪਣਾਇਆ।

ਇਕ ਤੋਂ ਬਾਅਦ ਇਕ,
ਉਨ੍ਹਾਂ ਦੀਆਂ ਕਿਤਾਬਾਂ ਦੇ
ਇਸ਼ਤਿਹਾਰ ਛਪਦੇ ਗਏ।
ਲੋਕ, ਲਿਖਣ ਲਈ ਖਪਦੇ ਰਹੇ,
ਪਰ ਉਹ
ਇਸ਼ਤਿਹਾਰ ਵਾਂਗ ਛਪਦੇ ਰਹੇ।

ਤਾਜਦਾਰ ਤੁੰਮੇਂ ਸ਼ਾਹ,
ਅਨੁਵਾਦ ਵੀ ਕਰਦੇ ਰਹੇ।

ਨਾਟਕ ਲਿਖ ਸਕਦੇ
ਜੀਵਨੀ-ਸ੍ਵੈ-ਜੀਵਨੀ
ਤੇ ਲੇਖ, ਸਫ਼ਰਨਾਮਾ ਵੀ।
ਇਹ ਸਭ ਕੁਝ,
ਧੰਦਾ ਹੈ, ਉਨ੍ਹਾਂ ਲਈ।

ਇਨਕਿਊਬੇਟਰ 'ਚ,
ਅੰਡਾ ਹੈ, ਉਨ੍ਹਾਂ ਲਈ।

ਉਨ੍ਹਾਂ ਨੂੰ ਪਤਾ ਹੈ, ਕਿ
ਗੰਦੀ ਨਾਲੀ ਦੇ ਸਭ ਕੀੜੇ ਵੀ ਜੇ
ਬਹਾ ਤੋਂ ਉਲਟ ਚੱਲ ਪੈਣ,
ਤਾਂ ਕੋਈ ਤੂਫ਼ਾਨ ਨਹੀਂ ਆਉਣਾ !

ਫੂਕਾਂ ਮਾਰਿਆਂ,
'ਨ੍ਹੇਰੀ ਨਹੀਂ ਚੜ੍ਹਨੀ !
ਬੂੰਦ ਉਬਾਲਿਆਂ,
ਘਟਾ ਨਹੀਂ ਬਣਨੀ !

ਸਥਿਤੀ ਬਦਲ ਕੇ,
ਨਾ ਵਿੱਦਰੋਹ ਬਣਨੀ ਹੈ—
ਤੇ ਨਾ ਹੀ
ਚੜ੍ਹਨਾ ਹੈ ਸੂਰਜ, ਕਦੇ
ਏਸ ਗਟਰ ਵਿਚ।

ਫਿਰ ਵੀ ਉਹ, ਸਭ ਕੁਝ
ਕਰਦੇ ਕਰਵਾਉਂਦੇ ਹਨ।
ਹਥੇਲੀ 'ਤੇ, ਸਰ੍ਹੋਂ ਜਮਾਉਂਦੇ ਹਨ।
ਚੀਚੀ 'ਤੇ, ਧਰਤੀ ਘੁਮਾਉਂਦੇ ਹਨ।
ਗਮਲੇ 'ਚ, ਸੂਰਜ ਉਗਾਉਂਦੇ ਹਨ।
ਪਲਕੀਂ, ਸੱਤ-ਰੰਗੀਆਂ ਸਜਾਉਂਦੇ ਹਨ।
ਜ਼ਫ਼ਰਨਾਮਾ ਲਿਖਦੇ
ਤੇ ਚੰਡੀ ਨੂੰ ਧਿਆਉਂਦੇ ਹਨ।

ਦੀਪ ਸਿੰਘ ਹਨ,
ਸੀਸ ਤਲੀ 'ਤੇ ਟਿਕਾਉਂਦੇ ਹਨ।

ਅਵਾਸੀ ਹਨ,
ਨਸਲੀ ਵਿਤਕਰੇ ਵਿਰੁੱਧ
ਨਜ਼ਮਾਂ ਲਿਖਦੇ,
ਖੱਪ ਪਾਉਂਦੇ ਹਨ।

ਕਦੇ ਹਰਾ, ਕਦੇ ਚਿੱਟਾ, ਕਦੇ ਸੁਰਖ਼ ਇਨਕਲਾਬ—
ਕਦੇ ਪ੍ਰਯੋਗ, ਕਦੇ ਪ੍ਰਗਤੀ; ਜੁਝਾਰ ਤੇ ਆਧੁਨਿਕ ਹੋ,
ਫ਼ੈਸ਼ਨ ਵਾਂਗ,
ਜੋ ਨਾ ਹੋ ਸਕੇ,
ਉਹ ਵੀ ਅਪਣਾਉਂਦੇ ਹਨ।
ਪੀੜ੍ਹੀ, ਮੰਜੀ ਠੋਕਦੇ,
ਗ਼ਜ਼ਲਾਂ ਬਣਾਉਂਦੇ ਹਨ।

ਸ਼ੀਸ਼ੇ ਸੌਹੇਂ,
ਅਸਲ ਦੀ,
ਨਕਲ ਦੀ,
ਹਰ ਬਾਤ ਪਾਉਂਦੇ ਹਨ ...

ਤਾਜਦਾਰ ਤੁੰਮੇਂ ਸ਼ਾਹ,
ਹਰ ਰੰਗ ਜਿਉਂਦੇ,
ਹਰ ਰਾਗ ਗਾਉਂਦੇ ਹਨ,
ਖ਼ੁਦ ਨੂੰ ਧਿਆਉਂਦੇ ਹਨ ...
ਤਾਜਦਾਰ ਤੁੰਮੇਂ ਸ਼ਾਹ ...

**"ਮੇਰੀ ਕਹਾਣੀ" (2006)**
(ਕਾਵਿ-ਸੰਗ੍ਰਹਿ : "ਸ਼ੀਸ਼ੇ 'ਤੇ ਦਸਤਕ" (1983) ਤੇ
"ਪਿਆਸਾ ਬੱਦਲ" (1990) ਅਤੇ
ਕਹਾਣੀ-ਸੰਗ੍ਰਹਿ : "ਆਪਣੇ ਆਪਣੇ ਟਾਪੂ" (1992) ਵਿਚ ਸ਼ਾਮਿਲ)

## ਅਭਿਮਨਯੂ ਦੀ ਤਲਾਸ਼ ਵਿਚ : ਲਘੂ ਮਾਨਵ

1.
ਸਰੇ ਬਾਜ਼ਾਰ
ਆਪਣਾ ਆਪ ਬਣਨਾ
ਲੋਚਦੇ ਫਿਰੀਏ !

ਕਿਵੇਂ ਜੀਣਾ ਹੈ
ਜੀਵਨ ਆਪਣਾ ?
ਇਹ ਸੋਚਦੇ ਫਿਰੀਏ !

2.
ਅਜੇ ਜੰਮੇਂ ਨਹੀਂ ਸਾਂ,
ਗਰਭ ਦੀ ਜੂਨ ਤੋਂ ਪਹਿਲਾਂ—
ਮਾਂ ਬਾਪ ਦੇ ਸੁਫ਼ਨੇ ਨੇ,
ਸਾਡਾ ਰੂਪ ਘੜਿਆ ਸੀ !

ਤੇ ਫਿਰ
ਜੋ ਆਇਆ, ਜਿਵੇਂ ਆਇਆ—
ਮਿੱਤਰ, ਸ਼ੱਤਰੂ ਤੇ ਰਿਸ਼ਤੇਦਾਰ,
ਉਹਨੇ ਹੀ ਪਕੜਿਆ ਖ਼ਾਕਾ ਹਵਾਈ,
ਹੋਂਦ ਸਾਡੀ ਦਾ
ਬੜੇ ਚਾ ਨਾਲ—
ਤੇ ਆਪਣੀ ਤੂਲਿਕਾ ਦੇ ਨਾਲ,
ਆਪਣਾ ਰੰਗ ਭਰਿਆ ਸੀ !

ਕੋਈ ਈਸਾ, ਗੁਰੂ ਨਾਨਕ, ਕੋਈ ਗੌਤਮ,
ਅਰਸਤੂ, ਡਾਰਵਨ ਕੋਈ

ਤੇ ਕਾਲੀ ਦਾਸ, ਅਫ਼ਲਾਤੂਨ—
ਮਿੱਟੀ ’ਚ ਦੱਬੇ ਬੀਜ ਨੂੰ,
ਇਤਿਹਾਸ ਵਿਰਸੇ ਵਾਂਗ, ਸਦ
ਜੜ੍ਹ ’ਚੋਂ ਰਿਹਾ ਚੜ੍ਹਦਾ !

ਗਰਭ ਵਿਚ ਖ਼ੂਨ ਦੀ ਭਾਸ਼ਾ
ਅਤੇ ਹਿੰਸਾ, ਅਹਿੰਸਾ
ਪਿਆਰ, ਨਫ਼ਰਤ,
ਮੈਂ ਰਿਹਾ ਜਰਦਾ !

ਅਜੇ ਮੈਂ ਜੰਮਿਆਂ ਨਹੀਂ,
ਜੰਮਣਾ ਸੀ !

3.
‘ਗੀਗਾ ਜੰਮਿਆਂ ਸੀ,
ਗੁੜ ਵੰਡਿਆ ਸੀ !’

ਵਾਜੇ, ਤਮਾਸ਼ੇ, ਸ਼ਬਦ ਸ਼ੀਰੀਂ,
ਵਿਚ ਸੁਆਗਤ, ਹੁੰਮ ਕੇ ਆਏ !

ਕੋਰੀ ਨਜ਼ਰ ਤਕਦੀ ਰਹੀ :
ਸੁਥਰੇ ਤੇ ਮੈਲੇ ਅਰਥ—
ਸ਼ਬਦਾਂ ਦੀ, ਨਜ਼ਰਾਂ ਦੀ,
ਭਾਵਾਂ ਦੀ, ਸੋਚਾਂ ਦੀ
ਗੁੱਝੀ ਭਾਸ਼ਾ, ਸੰਕੇਤਾਂ ਨੂੰ !

ਸੱਖਣੀ ਨਜ਼ਰ, ਕੋਰਾ ਮਨ !
ਭਰਿਆ ਘਰ, ਸੁੰਨਾਂ ਦਿਲ !

ਬੜਾ ਹੱਸਿਆ, ਬੜਾ ਰੋਇਆ !
ਉਂਗਲੀ ਪਕੜ, ਸੈਨਤ ਸਮਝ,
ਮੈਂ ਵਧਿਆ, ਰਿਹਾ ਵਧਦਾ !

ਅਤੇ ਇੰਜ,
ਆਪਣੇ ਹੀ ਜੀਵਨ ਵਿਚ
ਰਿੜ੍ਹਨ ਦੀ ਜਾਚ ਸਿੱਖੀ ਮੈਂ !

ਪਰਾਏ ਬਲ ਨੂੰ ਅਪਣਾ ਕੇ,
ਮੈਂ ਆਪਣੇ ਪੱਬਾਂ 'ਤੇ ਖੜ੍ਹਿਆ !

ਬੇਗਾਨੀ ਵਾਟ ਨੂੰ ਆਪਣੀ ਸਮਝ,
ਤੁਰਦਾ ਰਿਹਾ, ਰਿਹਾ ਤੁਰਦਾ !

ਮੇਰੇ ਮੂੰਹ ਸ਼ਬਦ ਸਨ, ਮੇਰੀ
ਪਿਤਾ-ਪੁਰਖੀ ਸਿਆਣਪ ਦੇ।

ਕਈ ਸੂਤਰ, ਦਿਸ਼ਾ ਤੇ ਅਰਥ,
ਮੈਨੂੰ ਛਾਂਗਦੇ, ਘੜਦੇ ਰਹੇ ਰੰਦਦੇ !

ਮੰਡੀ 'ਚ ਮੇਰਾ ਮੁੱਲ,
ਕਦੇ ਵਧਿਆ, ਕਦੇ ਘਟਿਆ !

ਜੋ ਜੱਸ ਸੀ,
ਮਾਪਿਆਂ ਖੱਟਿਆ

ਅਤੇ ਅਪਜੱਸ ਸਾਰਾ
ਕਹਿਣ : ਮੈਂ ਖ਼ੁਦ ਲਈ ਵੱਟਿਆ

4.
ਅਤੇ ਫਿਰ ਬੀਤਦੀ ਰਹੀ ਇੰਜ
ਕਦੇ ਬੁੱਲ੍ਹੇ, ਹਵਾ ਵਾਂਗੂੰ।
ਕਦੇ ਔੜਾਂ ਦੀ ਸੱਖਣ ਵਾਂਗ,
ਸਿੱਪੀ ਵਿਚ ਸਦਾ ਵਾਂਗੂੰ।
ਕਦੇ ਮੇਲੇ 'ਚ ਧੱਕੇ ਵਾਂਗ,
ਕਦੇ ਧੱਕੇ 'ਚ ਰੇਲੇ ਵਾਂਗ !

ਜੇ ਖ਼ੁਦ ਦਾ ਬੁਲਬੁਲਾ ਉੱਠਿਆ,
ਤਾਂ ਉਸ 'ਤੇ ਢਹਿ ਪਿਆ ਸੂਰਜ।

ਨਾ ਅੱਖਾਂ ਭਾਫ ਤਕ ਸਕੀਆਂ
ਤੇ ਹੇਠਾਂ ਥਲ ਰਿਹਾ ਭੁਜਦਾ।

ਵਰ੍ਹਿਆਂ ਦੇ ਪਿਆਸੇ ਸਾਂ,
ਖ਼ੁਸ਼ਕ ਬੱਦਲ ਨੂੰ ਤਕਦੇ ਰਹੇ !

ਅਤੇ 'ਦੁਨੀਆਂ ਤਾਂ ਨਖ਼ਲਿਸਤਾਨ ਦੀ
ਵਿਥਿਆ ਹੈ ਸ਼ੀਸ਼ੇ ਵਿਚ !'
ਵਿੰਹਦੇ ਰਹੇ, ਬਕਦੇ ਰਹੇ !

5.
ਨਾ ਆਪਣਾ ਆਪ ਬਣ ਸਕੇ,
ਅਸੀਂ ਆਪਣੇ ਹੀ ਜੀਵਨ ਵਿਚ।
ਸੰਪੂਰਨ ਆਪ ਦਾ ਸਮੂਹ, ਇਹ
ਦੁਨੀਆਂ ਨਾ ਬਣ ਸਕੀ !

ਅਧੂਰਾ ਆਪ ਨਾ ਬਣਦਾ,
ਕਦੇ ਇਤਿਹਾਸ ਵੀ ਪੂਰਾ !

ਟੁੱਟੇ ਆਪ ਹੀ, ਜੀਕੂੰ ;
ਅਸੀਂ ਹਰ ਇਕ ਇਕਾਈ ਵਿਚ।
ਇਹ ਕੈਸੀ ਏਕਤਾ ਆਪਣੀ,
ਜੁ ਆਪਣਾ ਹੀ ਖਿੰਡਾਓ ਹੈ !
ਉਹ ਕਿਸ 'ਤੇ ਧਰ ਸਕੇ ਉਂਗਲੀ,
ਜਿਹਨੂੰ ਆਪਣਾ ਘਿਰਾਓ ਹੈ ?

ਨਾ ਤੁਰਿਆ ਤੋਰ ਜੁ ਆਪਣੀ—
ਕਿਵੇਂ ਸੋਚੇ—
ਚਿੰਤਨ ਦਾ, ਸੋਚਾਂ ਦਾ,
ਅਤੇ ਭਾਵਾਂ ਦਾ ਲੋਚਾਂ ਦਾ—
ਸਮੇਂ ਦੇ ਪੱਥ 'ਤੇ,
ਇਤਿਹਾਸ ਦਾ ਕੈਸਾ ਪੜਾਓ ਹੈ !!!

6.
ਜੋ ਘਟਿਆ, ਅੰਕਿਤ ਹੈ ਸ਼ਬਦਾਂ ਵਿਚ—
ਅਪੂਰਨ ਹੈ, ਬਿਲਾ ਪ੍ਰਸੰਗ !

ਸ਼ਬਦ, ਅਰਥਾਂ ਤੋਂ ਸੱਖਣੇ ਹਨ—
ਅਤੇ ਇਹ ਹੋਂਦ ਜਿਉਂ
ਅਰਥਾਂ ਤੋਂ ਬੌਣੀ ਹੈ, ਬੜੀ ਊਣੀ !

ਅਕਿਹਾ ਸੱਚ,
ਕਦੇ ਵੀ ਬੀਜ ਨਹੀਂ ਬਣਦਾ !

ਅਜੰਮੇਂ ਬੀਜ 'ਚੋਂ
ਫੁਟਦੇ ਨਹੀਂ ਹਨ
ਫੁਲ, ਫਲ, ਬੂਟੇ !

7.
ਜੋ ਬਣਨਾ ਸੀ,
ਜਦੋਂ ਬਣਨਾ—
ਉਹ ਸਾਡੀ ਸੋਚ ਵਿਚ ਲੰਘੀ !
ਅਤੇ ਸੋਚਾਂ,
ਕਰਮ ਵਿਚ ਜੂਨ ਨਾ ਬਣੀਆਂ।

ਅਕਹੇ ਸੱਚ ਦੀ ਬੇ-ਬੀਜਤਾ
ਚੱਕ੍ਰਵਯੂਹ ਜਾਪੇ !

ਸਰੇ ਬਾਜ਼ਾਰ
ਆਪਣਾ ਆਪ ਬਣਨਾ
ਲੋਚਦੇ ਫਿਰੀਏ !

ਕਿਵੇਂ ਜੀਣਾ ਹੈ
ਜੀਵਨ ਆਪਣਾ ?
ਇਹ ਸੋਚਦੇ ਫਿਰੀਏ !

**"ਮੇਰੀ ਕਹਾਣੀ" (2006)**
(ਕਾਵਿ-ਸੰਗ੍ਰਹਿ : "ਸੀਮਾਂ ਆਕਾਸ਼" (1980) ਤੇ
"ਪਿਆਸਾ ਬੱਦਲ" (1990) ਅਤੇ
ਕਹਾਣੀ-ਸੰਗ੍ਰਹਿ : "ਆਪਣੇ ਆਪਣੇ ਟਾਪੂ" (1992) ਵਿਚ ਸ਼ਾਮਿਲ)

# ਦੂਜਾ ਪੱਖ

**(ਗੱਦ-ਕਾਵਿ-ਕਥਾ)**

ਉਹਦੇ ਮੱਥੇ ਦੀਆਂ ਤਿਊੜੀਆਂ ਵਿਚ ਘਾਹ ਦੀਆਂ ਤਿੜ੍ਹਾਂ ਸਨ, ਦਿਮਾਗ਼ ਵਿਚ ਵਣ ਦੀਆਂ ਜੜ੍ਹਾਂ। ਉਹਦਾ ਦਿਲ ਦਰਿੰਦਾ ਸੀ, ਤਿੱਖੇ ਤਿੱਖੇ ਦੰਦਾਂ ਵਾਲਾ। ਉਸ ਦਾ ਹੱਥ ਉਠਦਾ ਸੀ ਭਸਮਾਸੁਰ ਵਾਂਗ, ਉਸ ਦੀਆਂ ਅੱਖਾਂ 'ਚ ਲੇਜ਼ਰ-ਬੀਮ ਸੀ ! ਉਸ ਦੇ ਭਾਰੀ ਬੋਝਲ ਪੈਰ ਧਰਤੀ ਵਿਚ ਧੁਰ ਅੰਦਰ ਤਲਕ ਖੁੱਭਦੇ, ਤਾਂ ਪੈੜਾਂ ਵਿਚ ਡਾਇਨੇਮਾਈਟ ਸੁਰੰਗਾਂ ਵਿਛਾ ਦਿੰਦੇ। ਉਹ ਉੱਡਦਾ ਵੀ ਸੀ ਦੇਹ ਤੋਂ ਬਿਨਾਂ, ਯੂ-2 ਵਿਮਾਨ ਵਾਂਗ ! ਉਸ ਦੇ ਰੇਡਾਰ ਵਿਚ ਕੁਲ ਬ੍ਰਹਿਮੰਡ ਸੀ, ਸਮੁੰਦ ਸੀ, ਇੰਦ ਸੀ, ਪਾਤਾਲ ਸੀ। ਉਹ ਬੜਾ ਭਿਆਨਕ ਹਾਸਾ ਹੱਸਦਾ ਸੀ, ਡੌਲਿਆਂ ਦੀਆਂ ਮੱਛੀਆਂ ਫਰਕਾ ਕੇ; ਖ਼ਾਲੀ ਗੁੰਬਦਾਂ 'ਤੇ ਡਿਗਦੀ ਆਬਸ਼ਾਰ ਵਾਂਗ।

ਉਸ ਦਾ ਜੀ ਕਰਦਾ ਸੀ ਪਲਾਂ ਛਿਣਾਂ ਵਿਚ ਦਿਨ ਨੂੰ ਰਾਤ, ਰਾਤ ਨੂੰ ਦਿਨ ਕਰ ਦੇਵੇ, ਸਭ ਲੋਕਾਂ ਨੂੰ ਪੈਰਾਂ ਵਿਚ ਪਿਸਦੇ ਕੀੜਿਆਂ ਵਿਚ ਬਦਲ ਦੇਵੇ। ਜਦੋਂ ਉਹ ਉਨ੍ਹਾਂ ਵਲ ਵੇਖੇ, ਉਹ ਉਸ ਦੇ ਪੈਰਾਂ ਦੀ ਥਾਂ ਦੁਆ ਕਰਦੇ ਹੋਏ, ਉਸ ਦੀਆਂ ਅੱਖਾਂ ਵਿਚ ਵੇਖਣ। ਉਸ ਦੇ ਪਾਲਤੂ ਕੁੱਤੇ ਤੇ ਬਿੱਲੀਆਂ ਉਸ ਦੀ ਸ਼ਕਤੀ ਦਾ ਲੋਹਾ ਮੰਨਦੇ, ਪੂਛ ਹਿਲਾਉਂਦੇ ਸਨ।

ਅੱਜ ਉਸਨੇ ਬੜੀ ਦੇਰ ਬਾਅਦ ਨਿਰਮਲ ਜਲ ਤੇ ਚੰਨ ਦੀ ਚਾਨਣੀ ਸੌਂਹੇਂ ਆਪਣੇ ਵਸਤਰ ਲਾਹੇ ਸਨ, ਦੁਨੀਆਂ ਵੇਖਣ ਲਈ। ਜੇ ਉਸ ਨੂੰ ਆਪਣਾ ਆਪ ਦਿਸਦਾ ਸੀ ਤਾਂ ਲੋਕ ਨਹੀਂ ਸਨ ਦਿਸਦੇ। ਜੇ ਲੋਕ ਦਿਸਦੇ ਸਨ, ਤਾਂ ਉਸ ਦਾ ਆਪਣਾ ਆਪ ਨਿੱਘਰ ਜਾਂਦਾ ਸੀ।

ਉਸ ਨੇ ਪਾਣੀ ਵਿਚ ਢੀਮ ਮਾਰੀ। ਪਾਣੀ ਵਿਚ ਦਾਇਰੇ ਉਤਪੰਨ ਹੋਏ, ਦਾਇਰਿਆਂ ਵਿਚ ਚਾਨਣੀ ਤੇ ਉਸ ਦੇ ਪਰਛਾਵੇਂ। ਜੋ ਖੇਡ ਉਹ ਆਰੰਭ ਕਰਨੀ ਚਾਹੁੰਦਾ ਸੀ, ਉਸ ਦਾ ਅੰਤ ਉਸ ਦੇ ਆਪਣੇ ਅੰਤ ਨਾਲ ਬੱਝਾ ਹੋਇਆ ਸੀ।

ਇਸੇ ਲਈ ਅੱਜ ਵੀ ਉਸ ਨੇ ਬੜੀ ਦੇਰ ਬਾਅਦ ਹੌਲੀ ਹੌਲੀ ਡਰਦੇ ਡਰਦੇ ਚੰਨ ਦੀ ਚਾਨਣੀ ਤੇ ਝੀਲ ਦੇ ਪਾਣੀ ਸੌਂਹੇਂ ਆਪਣੇ ਵਸਤਰ ਲਾਹੇ ਸਨ। ਉਹ ਹੋਰ ਸਭ ਕੁਝ ਚਾਹੁੰਦਾ ਸੀ, ਜੇ ਨਹੀਂ ਚਾਹੁੰਦਾ ਸੀ ਤਾਂ ਆਪਣਾ ਅੰਤ ਨਹੀਂ। ਤੁਸੀਂ ਹੀ ਉਸ ਨੂੰ ਕੋਈ ਸੁਝਾ ਦਿਓ, ਉਸ ਦੇ ਆਪੇ ਦਾ ਦੂਜਾ ਰੁਖ ਵਿਖਾ ਦਿਓ !

**"ਮੇਰੀ ਕਹਾਣੀ" (2006)**

(ਕਾਵਿ-ਸੰਗ੍ਰਹਿ : "ਚਿੱਟੇ ਕਾਲੇ ਧੱਬੇ" (1978) ਤੇ
"ਪਿਆਸਾ ਬੱਦਲ" (1990) ਅਤੇ
ਕਹਾਣੀ-ਸੰਗ੍ਰਹਿ : "ਜਿੱਥੇ ਦੀਵਾਰਾਂ ਨਹੀਂ" (1978) ਤੇ "ਅਘਰਵਾਸੀ" (1984) ਵਿਚ ਸ਼ਾਮਿਲ)

## ਜੰਗਲ ਦਾ ਸੂਰ

**(ਕਾਵਿ-ਕਥਾ)**

ਮੇਰਾ ਸੂਰ ਜੰਗਲ ਦਾ ਸੂਰ ਹੈ,
ਮੇਰੇ ਘਰ ਵਿਚ ਸਭ ਦਾ ਘਰ ਹੈ।
ਅੰਦਰ ਆਓ, ਸ਼ੀਸ਼ਾ ਵੇਖੋ :
ਆਪਣਾ ਚਿਹਰਾ, ਆਪਣਾ ਡਰ ਹੈ !

ਕੱਲ੍ਹ ਕੁੜੀ ਨੇ ਸ਼ੀਸ਼ਾ ਤੱਕਿਆ :
ਸੂਹਾ ਬਿੰਬ ਤੇ ਲਟ ਲਟ ਮਚਦਾ,
ਸ਼ਹਿਰ ਦਾ ਜੰਗਲ ਮਚ ਉੱਠਿਆ !

ਉਸ ਦੇ ਪੈਰ ਧਰਤ 'ਤੇ
ਖ਼ਿਆਲ ਚੰਦਰਮਾਂ ਉੱਤੇ
ਪਹਿਲ ਪੀੜ, ਬੁੱਲ੍ਹੀਆਂ ਵਿਚ ਸੀੜ (ਕੇ)
ਹੋਂਦ ਉਹਦੀ ਵਿਸਮਾਦੇ ਛਿਣ ਵਿਚ
ਇਕ ਜਨਮ ਦੀ ਵਾਟ ਮੁਕਾਈ !

ਦੂਜੇ ਜਨਮ 'ਚ ਹਰ ਛਿਣ ਰਮਕੇ,
ਉਸ ਬਚਪਨ ਦੇ ਕਪੜੇ ਲਾਹੇ !
ਉਸਦੇ ਅੰਦਰ ਇਕ ਇਕ ਕਰਕੇ,
ਜੰਗਲ ਦੇ ਸਭ ਸੂਰ ਉੱਗ ਆਏ !

ਹੁਣ ਉਹ ਜੀਵਤ ਅਗਨੀ,
ਦਾਵਾਨਲ ਹੈ !
ਉਸਦੇ ਹਰ ਛਿਣ ਅੰਦਰ,
ਕੱਲ੍ਹ ਹੈ, ਅੱਜ ਹੈ,
ਆਵਣ ਵਾਲਾ ਕੱਲ੍ਹ ਹੈ !

ਫੇਰ ਅਚਾਨਕ ਉਸਦੀਆਂ ਨਜ਼ਰਾਂ
ਜਦ ਅੰਦਰ ਵਲ ਮੁੜੀਆਂ :
ਸਿੱਪ ਵਿਚ ਸ੍ਵਾਂਤ ਵਿਗਸਦੀ ਤੱਕ ਕੇ,
ਉਸ ਸ਼ੀਸ਼ੇ ਵਿਚ ਆਪਣੇ ਕੱਪੜੇ
ਸੌੜੇ ਹੁੰਦੇ,
ਇਕ
ਇਕ
ਕਰਕੇ
ਲੱਥਦੇ ਵੇਖੇ

ਨੰਗ ਮੁਨੰਗਿਆਂ ਆਪਣੇ ਸੌਂਹੇਂ
ਸ਼ਹਿਰ ਵਲਾਂ ਉਸ ਨਜ਼ਰ ਘੁਮਾਈ :

ਸ਼ਹਿਰ ਜੁ ਪਹਿਲਾਂ ਜੰਗਲ ਬਣਿਆਂ
ਜੰਗਲ ਬਣ ਕੇ ਲਟ ਲਟ ਮਚਿਆ—
ਓਸ ਕੁੜੀ ਨੇ,
ਹਰ ਇਕ ਸਿੱਪ ਵਿਚ ਮੋਤੀ ਤੱਕਿਆ !

ਫੇਰ ਸ਼ਹਿਰ ਵਿਚ ਸੂਲਾਂ ਉੱਗੀਆਂ
ਹਿੰਮ-ਸੀਤ
ਠੰਡੀਆਂ ਹੀ ਠੰਡੀਆਂ ਸੂਲਾਂ !
ਉਸ ਦੀ ਦੇਹ, ਉਸਦੀਆਂ ਨਜ਼ਰਾਂ,
ਉਸ ਦਾ ਦਿਲ, ਮਨ,
ਉਸ ਦਾ ਹਰ ਛਿਣ,
ਮੁੜ ਮੁੜ ਵਿੱਝਿਆ, ਸਗਲਾ ਆਪਾ,
ਅੰਦਰੇ ਅੰਦਰ ਰਿੱਝਿਆ !

ਉਸ ਦੀ ਕੁੱਖ ਵਿਚ ਸੂਲੀ ਉੱਗੀ,
ਸੂਲੀ ਤੇ ਇਕ ਈਸਾ ਵਿੱਝਾ !

ਵਿੱਝੇ ਈਸਾ ਸਨਮੁਖ ਉਸ ਨੇ,
ਕੁਲ ਮਮਤਾ ਕੁਰਲਾਉਂਦੀ ਡਿੱਠੀ,
ਇਕ ਘਰ ਖੰਡਰ ਹੁੰਦਾ ਤੱਕਿਆ !

ਇਕ ਸ਼ਹਿਰ ਸਾਰੇ ਦਾ ਸਾਰਾ,
ਥੇਹ ਬਣ,
ਉਸਦੀ ਦੇਹ ਵਿਚ ਲੱਥਿਆ !

ਉਹ ਕੁਰਲਾਈ :
'ਇਸ ਖੰਡਰ ਦੀ ਕਰੋ ਨਾ ਪੂਜਾ—
ਇਸ ਥੇਹ ਵਿਚ ਸਭ ਥੇਹ ਹੋਏ ਹੋ—
ਤੁਸੀਂ, ਤੁਸੀਂ, ਕੋਈ ਹੋਰ ਨਹੀਂ ਦੂਜਾ !'

'ਪਾਪ ਕਹੋ, ਅਪਰਾਧ ਕਹੋ ਪਰ
ਸਭ ਸ਼ਬਦਾਂ ਦੇ ਅਰਥ ਤੁਸੀਂ ਹੋ !'

''ਇਹ ਸ਼ਹਿਰ ਜੁ,
ਹਰ ਘਰ ਅੰਦਰ ਖੰਡਰ ਬੀਜੇ,
ਇਹ ਸ਼ਹਿਰ ਜੁ,
ਹਰ ਕੁੱਖ ਅੰਦਰ ਸੂਲੀ ਗੱਡੇ,
ਕੁੱਖ ਦੀ ਸੂਲੀ ਸੌਂਹੇਂ ਮਮਤਾ,
ਏਸ ਸ਼ਹਿਰ ਵਿਚ,
ਆਤਮਘਾਤ ਦਾ ਰਸਤਾ ਲੱਭੇ,
ਓਸ ਸ਼ਹਿਰ ਦਾ ਖਹਿੜਾ ਛੱਡੋ।'

'ਮੈਂ ਜਣਨੀ ਹਾਂ,
ਮੈਂ ਪ੍ਰਕਿਰਤੀ ਮੌਲਣਹਾਰੀ।
ਊਜ ਲਗਾਓ,
ਆਪਣਾ ਆਪ ਮਖ਼ੌਲ ਉਡਾਓ !

ਆਪਣੇ ਸੌੜੇ ਫ਼ੈਸ਼ਨੋਂ ਪੱਛੜੇ
ਕੱਪੜਿਆਂ ਅੰਦਰ,
ਨਿਸਦਿਨ ਤੁਸੀਂ ਸੁਕੜਦੇ ਜਾਓ।'

'ਜਿਸ ਨੂੰ ਮੇਰੀ ਭੁੱਲ ਕਹਿੰਦੇ ਹੋ,
ਓਸ ਭੁੱਲ ਦੀ
ਹੀਰੋਸ਼ੀਮਾ, ਨਾਗਾਸਾਕੀ, ਵੀਅਤਨਾਮ ਨਾਲ,
ਤੁਲਨਾ ਕਰਕੇ ਸਮਝੋ :
ਮੇਰੀ ਕੁੱਖ ਵਿਚ ਪਾਪ ਨਾ ਹਿੰਸਾ,
ਜੇ ਹੈ, ਤਾਂ ਅੱਜ ਦਾ ਈਸਾ ਹੈ !'

ਅੱਜ ਦਾ ਈਸਾ,
ਜੁ ਤੁਹਾਡੇ ਮਲਬੇ ਵਿਚ ਦੱਬੇ,
ਅੱਜ ਦੇ ਸੱਚ ਦਾ ਹੀ ਸ਼ੀਸ਼ਾ ਹੈ।'

"ਅੱਜ ਦਾ ਈਸਾ,
ਅੱਜ ਦਾ ਮੁੱਲ,

ਇਸ ਯੁੱਗ ਦੇ ਤੁੱਲ ਹੈ।'
ਮੈਂ ਈਸਾ ਜਣ ਪਰਵਾਨ ਚੜ੍ਹਾ ਦੇਣਾ ਹੈ।'

'ਜੇ ਮੇਰਾ ਸੂਰ ਜੰਗਲ ਦਾ ਸੂਰ ਹੈ,
ਤਾਂ ਮੇਰਾ ਘਰ ਕੁਦਰਤ ਦਾ ਘਰ ਹੈ !

ਏਸ ਸ਼ਹਿਰ ਦੇ ਕੱਪੜੇ ਲਾਹ ਨੰਗੇ ਹੋ ਜਾਓ'
ਅੰਦਰ ਆਓ, ਸ਼ੀਸ਼ਾ ਵੇਖੋ ;
ਸ਼ਹਿਰ ਤਾਂ ਇਕ ਭਰਮੀਂ ਚੋਗ਼ਾ, ਡਰਨਾ ਹਊਆ ਹੈ !

ਜੇ ਹੈ ਤਾਂ ਫਿਰ,
ਆਪਣਾ ਚਿਹਰਾ ਆਪਣਾ ਡਰ ਹੈ।
ਮੇਰਾ ਸੂਰ ਜੰਗਲ ਦਾ ਸੂਰ ਹੈ।'

**"ਮੇਰੀ ਕਹਾਣੀ" (2006)**
(ਕਹਾਣੀ-ਸੰਗ੍ਰਹਿ : "ਅਘਰਵਾਸੀ" (1984) ਤੇ
"ਜਿੱਥੇ ਦੀਵਾਰਾਂ ਨਹੀਂ" (1978) ਅਤੇ
ਕਾਵਿ-ਸੰਗ੍ਰਹਿ : "ਮੇਰੇ ਮੌਸਮ ਦੀ ਵਾਰੀ" (1976)
ਤੇ "ਵਣ ਵਾਣੀ" (1998) ਵਿਚ ਸ਼ਾਮਿਲ)

# ਰਾਹ ਰਾਹੀ ਤੇ ਏਅਰ ਹੋਸਟੈੱਸ

**(ਗੱਦ-ਕਾਵਿ-ਕਥਾ)**

ਕਿਹਾ ਗਰਬ ਹੈ ਜ਼ਿੰਦਗੀ ਦਾ ਤੇ ਕਿਹਾ ਚੱਜ ਕਿ ਜਦ ਦੇ ਹਾਦਸੇ ਹੋਣ ਲੱਗੇ ਨੇ, ਜੀ ਕਾਹਲਾ ਪੈਣੋਂ ਹਟ ਗਿਆ ਹੈ। ਅੱਗੇ ਕਾਰ ਟੁੱਟੀ ਸੀ, ਜਿਸਮ ਬਚਿਆ ਸੀ—ਕਦੇ ਜਿਸਮ ਟੁੱਟੇਗਾ ਨਾਮ ਬਚੇਗਾ ! ਟ੍ਰਾਂਸ ਵਰਲਡ ਏਅਰਲਾਈਨਜ਼ ਦੀ ਖ਼ੂਬਸੂਰਤ ਹੋਸਟੈੱਸ—ਸੁਰਖ਼ ਰੰਗ ਦੀ ਪੌਸ਼ਾਕ ਵਿਚ ਇਕ ਜੀਵਤ ਖ਼ਤਰਾ ਬਣੀ ਮੁਸਕਰਾਉਂਦੀ ਦੱਸ ਰਹੀ ਹੈ, ਕਿਸ ਤਰ੍ਹਾਂ ਖ਼ਤਰੇ ਤੋਂ ਬਚਣਾ ਹੈ ? ਲਾਈਫ਼ ਵੈਸਟ ਤੇ ਆਕਸੀਜਨ ਦੀ ਵਰਤੋਂ—ਮੇਰੇ ਵਲਾਂ ਮੁਸਕਰਾ ਕੇ ਵੇਖਦੀ ਹੋਈ ਦੱਸਣ ਦਾ ਯਤਨ ਕਰਦੀ ਹੈ ਤਾਂ ਮੈਂ ਕਹਿੰਦਾ ਹਾਂ : ਰਹਿਣ ਦੇ, ਮੈਂ ਹੁਣੇ ਹੁਣੇ ਇਕ ਹਾਦਸੇ ਨਾਲ ਦੋ ਚਾਰ ਹੋ ਕੇ ਆਇਆ ਹਾਂ।

ਤੇਰੇ ਦੇਸ਼ ਨੂੰ ਆਪਣਾ ਦੇਸ਼ ਬਨਾਉਣ ਆਇਆ ਸਾਂ, ਬੁੱਕ ਰੁਪਿਆਂ ਦਾ ਲਾ ਕੇ। ਮਾਂ, ਬਾਪ, ਪਤਨੀ, ਬੱਚਿਆਂ ਤੇ ਭਰਾਵਾਂ ਤੋਂ ਹਜ਼ਾਰਾਂ ਮੀਲਾਂ ਦੀ ਵਿੱਥ ਪਾ ਕੇ। ਤੇਰਾ ਦੇਸ਼, ਤੇਰੇ ਲੋਕ ਬੜੇ ਅਮੀਰ ਹੀ ਸਹੀ, ਪਰ ਤੇਰੇ ਦੇਸ਼ ਵਿਚ ਜੋ ਸਹਿਮ ਮੈਂ ਵੇਖਿਆ ਹੈ, ਜੋ ਬੇਕਾਰੀ ਤੇ ਗਰੀਬੀ, ਉਸ ਨੂੰ ਸ਼ਾਇਦ ਤੂੰ ਆਪ ਵੀ ਨਾ ਜਾਣ ਸਕੇਂਗੀ ਤਦ ਤਕ, ਜਦ ਤਕ ਤੂੰ ਆਪ ਲੇ-ਆਫ਼ (ਬੇਕਾਰ) ਨਹੀਂ ਹੋ ਜਾਂਦੀ।

ਮੈਂ ਵਾਪਸ ਮੁੜ ਚੱਲਿਆਂ ਹਾਂ, ਆਪਣੇ ਦੂਜੇ ਦੇਸ਼ ਅਫ਼ਰੀਕਾ, ਪਹਿਲੇ ਕਦੋਂ ਜਾਵਾਂਗਾ, ਪਤਾ ਨਹੀਂ। ਪਰ ਤੂੰ ਰਹਿਣ ਦੇ ਇਹ ਖ਼ਤਰੇ ਦੇ ਤਕਾਜ਼ੇ। ਮੁਸਕਰਾ, ਇਕ ਵਾਰੀ ਹੋਰ ਮੁਸਕਰਾ। ਮੇਰੇ ਦੁਆਲੇ ਭਾਵੇਂ ਸਦਾ ਹੀ ਸੁਰਖ਼ ਖ਼ਤਰੇ ਮੰਡਲਾਂਦੇ ਰਹੇ, ਮੇਰੇ ਅੰਦਰ ਪਰ ਸਬਜ਼ ਚੁੰਮਣ ਉੱਗਦੇ ਹਨ। ਇਕ ਚੁੰਮਣ ਤੇਰੇ ਲਈ—ਤੂੰ ਕੰਮ ਤੇ ਲੱਗੀ ਰਹੇਂ, ਹਰ ਬੇਕਾਰ ਨੂੰ ਕੋਈ ਕਾਰ ਮਿਲੇ। ਇਕ ਚੁੰਮਣ ਹਾਦਸੇ 'ਚੋਂ ਬਚੇ ਹਰ ਮਨੁੱਖ ਲਈ, ਤਾਂ ਕਿ ਸੰਘਰਸ਼ ਦੀ ਲਾਲਸਾ ਬਣੀ ਰਹੇ !

ਜਹਾਜ਼ ਬੱਦਲਾਂ ਤੋਂ ਬਹੁਤ ਉੱਚਾ ਉੱਠ ਆਇਆ ਹੈ, ਹੇਠਾਂ ਰੂੰ ਦੇ ਫੰਬੇ ਹਨ, ਕੁਝ ਵੀ ਨਜ਼ਰ ਨਹੀਂ ਆਉਂਦਾ। ਇਨ੍ਹਾਂ ਬੱਦਲਾਂ ਦੇ ਉਹਲੇ ਹੇਠ ਕੋਈ ਵੀ ਦੇਸ਼ ਹੋ ਸਕਦਾ ਹੈ, ਅਮਰੀਕਾ ਹੀ ਨਹੀਂ—ਇਕ ਚੁੰਮਣ ਹਰ ਐਸੇ ਦੇਸ਼ ਲਈ। ਹੋਸਟੈੱਸ ਚਲੀ ਗਈ ਹੈ। ਮੇਰਾ ਸਫ਼ਰ, ਮੁਸਕਾਨਾਂ ਤੇ ਖ਼ਤਰੇ—ਰਾਹੀ ਉਹ ਜੋ ਤੁਰੇ, ਰਾਹ ਕਦੇ ਰੁਕਦੇ ਨਹੀਂ, ਰਾਹ ਕਦੇ ਮੁੱਕਦੇ ਨਹੀਂ !

**"ਮੇਰੀ ਕਹਾਣੀ" (2006)**

(ਕਾਵਿ-ਸੰਗ੍ਰਹਿ : "ਮੇਰੇ ਮੌਸਮ ਦੀ ਵਾਰੀ" (1976) ਤੇ
"ਵਣ ਵਾਣੀ" (1988) ਅਤੇ
ਕਹਾਣੀ-ਸੰਗ੍ਰਹਿ : "ਜਿੱਥੇ ਦੀਵਾਰਾਂ ਨਹੀਂ" (1978)
ਤੇ "ਅਘਰਵਾਸੀ" (1984) ਵਿਚ ਸ਼ਾਮਿਲ)

# ਖਲਾਈ ਦੌੜ

## (ਗੱਦ-ਕਾਵਿ-ਕਥਾ)

ਤੁਸੀਂ ਜਿਸ ਸ਼ਹਿਰ ਦੀ ਗੱਲ ਕਰਦੇ ਹੋ, ਉਸ ’ਚੋਂ ਮਨੁੱਖ ਮਨਫ਼ੀ ਹੈ। ਇਸ ਸ਼ਹਿਰ ਦੀਆਂ ਰੌਸ਼ਨੀਆਂ ਅਨ੍ਹੇਰਾ ਬੀਜਦੀਆਂ ਹਨ, ਸੜਕਾਂ ਦਿਸ਼ਾਹੀਣਤਾ ਤੇ ਵੱਸੋਂ ਵੀਰਾਨੀ !

ਇਹ ਸ਼ਹਿਰ ਕੰਪਿਊਟਰਾਂ ਦਾ ਸ਼ਹਿਰ ਹੈ, ਜਿਸ ਵਿਚ ਮਿੰਟਾਂ-ਸਕਿੰਟਾਂ ਵਿਚ ਤਰੱਕੀ ਦੇ ਅੰਕੜੇ ਪ੍ਰਾਪਤ ਹੋ ਜਾਂਦੇ ਹਨ ; ਪਰ ਪੰਜਾਂ ਸਾਲਾਂ ਵਿਚ ਮਨੁੱਖ ਆਪ ਇਕ ਕਦਮ ਅੱਗੇ ਨਹੀਂ ਪੁੱਟਦਾ। ਜਿਸ ਕਦਮ ਨੂੰ ਗਰਾਫ਼ ਤੇ ਵਿਖਾਇਆ ਗਿਆ ਹੈ, ਉਹ ਕੇਵਲ ਫ਼ਰਜ਼ੀ ਕਦਮ ਹੈ ਜਾਂ ਫ਼ਰਜ਼ ਦੀ ਕੁਲ੍ਹ ਜਮ੍ਹਾਂ। ਗਰਾਫ਼ ਤੇ ਕਦਮ ਲਗਾਤਾਰ ਉਤਾਂਹ ਜਾ ਰਿਹਾ ਹੈ ਪਰ ਮਨੁੱਖ ਹਿਠਾਂਹ ! ਕਿਉਂਕਿ ਉਸ ਵਿਚ ਉਹ ਨਿਰੋਧ ਨਹੀਂ ਵਿਖਾਇਆ ਗਿਆ ਜੁ ਤਰੱਕੀ ਦੇ ਮਨਸੂਬੇ ਦੇ ਹਰ ਅਮਲ ’ਤੇ ਚੜ੍ਹਾ ਦਿੱਤਾ ਜਾਂਦਾ ਹੈ।

ਸੜਕਾਂ ਦੇ ਚੱਕਰਵਿਯੂਹ ਵਿਚ ਘਿਰਿਆ ਮਨੁੱਖ, ਤੁਰਦਾ, ਹੰਭਦਾ, ਟੁੱਟਦਾ ਰਹਿੰਦਾ ਹੈ ਅੰਤ ਤਕ, ਪਰ ਕਿਤੇ ਨਹੀਂ ਪਹੁੰਚਦਾ। ਅਪੋਲੋ ਮਿਸ਼ਨ ਦੀ ਸਫ਼ਲਤਾ ਤੇ ਚੰਦਰਭੂਮੀ ਤੇ ਮਨੁੱਖਾ ਕਦਮ ਨਾਲ ਜੇ ਤੁਸੀਂ ਇਸ ਯੁੱਗ ਦੀ ਉੱਨਤੀ ਨਾਪਣੀ ਚਾਹੁੰਦੇ ਹੋ ਤਾਂ ਇਸ ਵਿੱਚੋਂ ਹਿੰਦ-ਚੀਨੀ, ਮੱਧ ਪੂਰਬ ਤੇ ਵੀਅਤਨਾਮ ਦੀਆਂ ਧੂੰਆਂ-ਧਾਰ ਜੰਗਾਂ ਵਿਚ ਫਟੀ ਜਨ-ਸੰਖਿਆ ਹੀ ਮਨਫ਼ੀ ਨਹੀਂ ਕਰਨੀ ਪਵੇਗੀ, ਸਗੋਂ ਮਾਰਟਨ ਲੂਥਰ ਕਿੰਗ, ਕੈਨੇਡੀ ਹੱਤਿਆ, ਅਮਰੀਕੀ ਵਿਦਿਆਰਥੀ ਪ੍ਰਦਰਸ਼ਨੀਆਂ, ਹਬਸ਼ੀਆਂ ਤੇ ਬਲੈਕ ਪੈਂਥਰਜ਼ ਦੀਆਂ ਪਿੱਠਾਂ ਵਿਚ ਵੱਜੀਆਂ ਗੋਲੀਆਂ—ਧਮਾਕਿਆਂ ਦੇ ਪ੍ਰਭਾਵ ਹੇਠ ਹੋਏ ਗਰਭਪਾਤ ਅਤੇ ਭੁੱਖ ਨਾਲ ਹੋਈਆਂ ਮੌਤਾਂ ਨੂੰ ਵੀ ਕੰਪਿਊਟਰ ਵਿੱਚੋਂ ਘੁਮਾਉਣਾ ਪਵੇਗਾ।

ਨਖੱਯਤਰ-ਦਿਸ਼ਾਵੀ ਮਨੁੱਖ ਧਰਤੀ ਵਲੋਂ ਅੱਖਾਂ ਮੀਟ, ਥਾਂ ਪਰ ਥਾਂ ਜੰਗ ਦੇ ਬੀਜ ਬੀਜ ਕੇ, ਕਿੰਨੀਆਂ ਇਸਤਰੀਆਂ ਲਈ ਵਿਧਵਾਪਨ ਤੇ ਕਿੰਨਿਆਂ ਬੱਚਿਆਂ ਲਈ ਅਨਾਥ ਜੀਵਨ ਛੱਡ ਗਿਆ ਹੈ ! ਕਦੇ ਸੋਚਿਆ ਹੈ ?

ਨਹੀਂ, ਤੁਹਾਨੂੰ ਜੁ ਰਾਜਨੀਤੀ ਨੂੰ ਜਨ-ਸੰਖਿਆ ਤੇ ਕੁਮੰਦ ਵਾਂਗ ਸੁੱਟੀ ਨਿੱਤ ਉਤਾਂਹ ਜਾ ਰਹੇ ਹੋ, ਸੋਚਣ ਦੀ ਵਿਹਲ ਹੀ ਕਿੱਥੇ ਹੈ ! ਤੁਹਾਡੇ ਲਈ ਤਾਂ ਤੁਹਾਡੇ ਸ਼ਾਸਨ ਹੇਠ ਭੁਗਤਦਾ ਹਰ ਬੌਣਾ, ਤੁਹਾਡੀ ਤਰੱਕੀ ਦਾ ਅਗਲਾ ਸਾਬਤ ਕਦਮ ਹੈ।

ਤੁਸੀਂ ਜੁ ਪੌਣਾਂ ਵਿਚ ਮਾਰੂ ਗੈਸਾਂ ਤੇ ਪ੍ਰਮਾਣੂ ਵਿਸਫੋਟ ਬੀਜਦੇ ਹੋ, ਤੁਸੀਂ ਜੁ ਖ਼ਲਾਅ ਨੂੰ ਹਰ ਛਿਣ ਨਾਪਾਕ ਕਰ ਰਹੇ ਹੋ ਆਪਣੇ ਵਿਸ਼ੈਲੇ ਮਨਸੂਬਿਆਂ ਨਾਲ, ਧਰਤੀ ਵੱਲ ਵੇਖੋ : ਗੰਦੇ ਨਾਲਿਆਂ ਵਿਚ ਰੀਂਗਦੀ, ਕਾਲ ਤੇ ਬੇਕਾਰੀ ਦੇ ਮੂੰਹ ਵਿਲਕ ਵਿਲਕ, ਇਕ ਇਕ ਸਾਹ ਲਈ ਤੜਪ ਤਰਸ ਕੇ ਗੁੰਮਨਾਮੀ ਵਿਚ ਦਮ ਤੋੜ ਰਹੀ ਜ਼ਿੰਦਗੀ ਪੁੱਛਦੀ ਹੈ : ਝਗੜਾ ਕੀ ਹੈ ? ਖ਼ਤਰਾ ਕੀ ? ਕਿਸ ਤੋਂ ? ਕਿਸ ਨੂੰ ਹੈ? ਜੇ ਹਾਂਗਕਾਂਗ

ਵਿਚ ਸਭ ਧਿਰਾਂ ਦਾ ਸਿਧਾਂਤ-ਵਿਰੋਧ ਨਹੀਂ ਹੁੰਦਾ, ਜੇ ਪਾਕਿਸਤਾਨ ਨੂੰ ਹਥਿਆਰ-ਬੰਦ ਕਰਨ ਲਈ ਰੂਸ, ਚੀਨ ਤੇ ਅਮਰੀਕਾ ਸਭ ਇਕੱਠੇ ਹੋ ਸਕਦੇ ਹਨ, ਤਾਂ ਇਨ੍ਹਾਂ ਤੇ ਹੋਰ ਦੇਸ਼ਾਂ ਦੇ ਨਿਸ਼ਸਤਰੀਕਰਨ ਲਈ ਕਿਉਂ ਨਹੀਂ ?

ਸੰਭਲ ਜਾਓ, ਅਜੇ ਵੀ ਸਮਾਂ ਹੈ ! ਨਹੀਂ ਤਾਂ ਯਾਦ ਰੱਖੋ—ਜਿਸ ਸ਼ਾਖ਼ ਨੂੰ ਤੁਸੀਂ ਕੱਟ ਰਹੇ ਹੋ, ਉਸਦੇ ਹੇਠਾਂ ਅੰਨ੍ਹਾਂ ਪਤਾਲ ਹੈ ਤੇ ਵਿਸ਼ ਘੋਲਦੇ ਅਜਗਰ। ਤੁਸੀਂ ਸਭ ਬੌਣਿਆਂ ਤੋਂ ਉੱਪਰ ਹੀ ਸਹੀ, ਉਸ ਸ਼ਾਖ ਤੇ ਤੁਸੀਂ ਵੀ ਬੈਠੇ ਹੋ !

**"ਮੇਰੀ ਕਹਾਣੀ" (2006)**

(ਕਾਵਿ-ਸੰਗ੍ਰਹਿ : "ਮੇਰੇ ਮੌਸਮ ਦੀ ਵਾਰੀ" (1976) ਤੇ
"ਵਣ ਵਾਣੀ" (1988) ਅਤੇ
ਕਹਾਣੀ-ਸੰਗ੍ਰਹਿ : "ਜਿੱਥੇ ਦੀਵਾਰਾਂ ਨਹੀਂ" (1978)
ਤੇ "ਅਘਰਵਾਸੀ" (1984) ਵਿਚ ਸ਼ਾਮਿਲ)

# ਮੌਤ ਦੀ ਉਡੀਕ ਵਿਚ

**(ਗੱਦ-ਕਾਵਿ-ਕਥਾ)**

ਘਰੋਂ ਰੱਜੇ ਪੁੱਜੇ ਹਨ ! ਬਿਜ਼ਨੈਸ ਚੱਲਦਾ ਹੈ, ਉਂਞ ਬੜੇ ਹੱਸਾਸ ਹਨ। ਅਜੇ ਉਨ੍ਹਾਂ ਨੇ ਭਰਪੂਰ ਜਵਾਨੀ ਵਿਚ ਪੈਰ ਨਹੀਂ ਸੀ ਰੱਖਿਆ, ਕਿ ਕੋਈ ਉਨ੍ਹਾਂ ਦੇ ਕੰਨ ਵਿਚ ਫੂਕ ਮਾਰ ਗਿਆ : 'ਉਹ ਮੰਗਤਾ ਜੁ ਭੁੱਖ ਨਾਲ ਹੱਡੀਆਂ ਰਗੜ ਰਗੜ ਕੇ, ਹੁਣੇ-ਹੁਣੇ ਮਰਿਆ ਹੈ, ਉਸ ਵਾਂਗ ਤੁਸੀਂ ਵੀ ਮਰਨਾ ਹੈ।' ਜੋ ਮੌਤ ਉਨ੍ਹਾਂ ਨੇ ਮੰਗਤੇ ਦੇ ਰੂਪ ਵਿਚ ਵੇਖੀ, ਇਕ ਠੰਡੀ ਦੇਹ ਵਾਂਗ, ਉਹ ਮੌਤ ਉਨ੍ਹਾਂ ਦੇ ਜ਼ਿਹਨਾਂ ਤੇ ਇਕ ਭਿਆਨਕ ਰਾਤ ਬਣ ਕੇ ਤਣ ਗਈ। ਪਹਿਲਾਂ-ਪਹਿਲ ਇਸ ਅਨ੍ਹੇਰੇ 'ਚੋਂ ਭੂਤਾਂ, ਦੇਆਂ ਜਿੰਨਾਂ ਦੇ ਹਾਬੜੇ ਹੋਏ ਚਮਕਦਾਰ ਚਿਹਰੇ ਉੱਭਰੇ ਤੇ ਫਿਰ ਨਰਕ ਦੇ ਬਿੰਬ। ਉਹ ਤ੍ਰਹਿ ਗਏ, ਉਹ ਹਫ ਕੇ ਬਹਿ ਗਏ ! ਉਨ੍ਹਾਂ ਦੇ ਸੁਪਨੇ ਮੌਤ ਦੇ ਸੁਪਨੇ ਸਨ, ਭਿਆਨਕ ਸੁਪਨੇ, ਚੀਕਦੇ ਅੱਭੜਵਾਹੇ ਉੱਠਦੇ, ਉਨ੍ਹਾਂ ਦਾ ਹੱਥ ਸਦਾ ਦਿਲ 'ਤੇ ਹੀ ਹੁੰਦਾ। ਇਸ ਸਹਿਮ ਜਿਹੇ ਵਿਚ ਉਨ੍ਹਾਂ ਦੀ ਉਮਰ ਦਾ ਕੁਝ ਹਿੱਸਾ ਬਲੈਂਕ ਗੁਜ਼ਰ ਗਿਆ ! ਜਿਸ ਤੇ ਜਦੋਂ ਵੀ ਉਹ ਕੁਝ ਲਿਖਣ ਲੱਗੇ, ਮੌਤ ਦੇ ਹਾਸ਼ੀਏ ਵਲਾਂ ਵੇਖ ਕੇ ਰੁਕ ਗਏ ! ਮੌਤ ਦੇ ਹਾਸ਼ੀਏ ਤੋਂ ਬਾਅਦ ਉਨ੍ਹਾਂ ਦੀਆਂ ਅੱਖਾਂ ਸੌਂਹੇਂ ਜੇ ਕੋਈ ਗੱਲ ਆਉਂਦੀ ਸੀ ਤਾਂ ਕੇਵਲ ਬਿਜਲੀ ਦੇ ਖੰਭਿਆਂ 'ਤੇ ਲਟਕਦੀ ਖੋਪਰੀ ਤੇ ਹੱਡੀਆਂ ਦੀ ਮੂਰਤ ਵਾਲੇ ਖ਼ਤਰੇ ਦੇ ਨਿਸ਼ਾਨ ਤੇ ਜਾਂ ਬਿਜਲੀ ਦੀਆਂ ਤਾਰਾਂ ਨਾਲ ਲਟਕ ਕੇ ਮਰੇ ਚਮਗਾਦੜ ! ਹਰ ਰਾਤ ਉਹ ਖੋਪਰੀਆਂ ਇਕ ਚੱਕਰ ਵਿਚ ਉਨ੍ਹਾਂ ਦੁਆਲੇ ਹੱਡੀਆਂ ਦੀ ਭਿਆਨਕ ਤਾਲ ਤੇ ਘੁੰਮਦੀਆਂ ਤੇ ਉਹ ਮੌਤ ਨੂੰ ਸ਼ਿਕਰੇ ਦੇ ਰੂਪ ਵਿਚ ਏਧਰ ਓਧਰ ਝਪਟਦਿਆਂ ਵੇਖਦੇ, ਅੰਦਰੇ ਅੰਦਰ ਵਲੂੰਧਰ ਹੁੰਦੇ ਰਹੇ ਲਗਾਤਾਰ !

ਤੇ ਫਿਰ ਇਕ ਦਿਨ ਉਨ੍ਹਾਂ ਦੇ ਕੰਨਾਂ ਵਿਚ, ਕੋਈ ਬਾਬਰ ਦੇ ਸ਼ਬਦ ਪਾ ਗਿਆ : 'ਬਾਬਰ ਬੈ ਐਸ਼ ਕੋਸ਼, ਆਲਮ ਦੋਬਾਰਾ ਨੇਸਤ !' ਇਹ ਸ਼ਬਦ ਤੇ ਇਨ੍ਹਾਂ ਵਿਚਲਾ ਕਰਮ ਉਨ੍ਹਾਂ ਨੂੰ ਜਚਿਆ, ਪਰ ਮੌਤ ਦਾ ਖ਼ਿਆਲ ਨਾ ਮਰਿਆ ! ਹੁਣ ਉਹ ਹਰ ਰੋਜ਼ ਬੀਅਰ, ਵਿਸਕੀ ਤੇ ਗੁਦਾਜ਼ ਕੁੜੀਆਂ ਨਾਲ ਲੈ ਕੇ, ਬੀਚ ਕੰਢੇ ਆ ਬੈਠਦੇ ਹਨ, ਮੌਤ ਦੇ ਇੰਤਜ਼ਾਰ ਵਿਚ ! ਉਹ ਸ਼ਰਾਬ ਪੀਂਦੇ ਤੇ ਕੁੜੀਆਂ ਭੋਗਦੇ ਹੋਏ ਵੀ ਨਿਰੰਤਰ, ਮੌਤ ਦੀ ਉਡੀਕ ਵਿਚ ਮੌਤ ਦਾ ਸੰਕਲਪ ਭੋਗਦੇ ਰਹੇ। ਬੀਚ 'ਤੇ ਚੜ੍ਹਦੇ ਉਤਰਦੇ ਪਾਣੀ, ਭਿੱਜਦੀ ਸੁੱਕਦੀ ਰੇਤ, ਚੜ੍ਹਦੇ ਉੱਤਰਦੇ ਨਸ਼ੇ, ਫੈਲਦੇ ਸੁਕੜਦੇ ਛਿਣ-ਸਭ-ਉਨ੍ਹਾਂ ਨੂੰ ਇਕ ਹੀ ਦਿਸ਼ਾ ਵਲ ਲਿਜਾ ਰਹੇ ਸਨ ! ਅਖ਼ਬਾਰਾਂ 'ਚੋਂ ਉਨ੍ਹਾਂ ਨੂੰ ਭਿਆਨਕ ਹਾਦਸੇ, ਜੁਰਮ ਤੇ ਜੰਗ ਵਿਚ ਫਟਦੀ ਜਨ-ਸੰਖਿਆ ਦੀਆਂ ਖ਼ਬਰਾਂ ਤੋਂ ਬਿਨਾਂ ਕੁਝ ਵੀ ਨਜ਼ਰ ਨਹੀਂ ਸੀ ਆਉਂਦਾ ! ਹਰ ਜਹਾਜ਼, ਹਰ ਬੇੜੀ ਨੂੰ ਜਦੋਂ ਪੰਧ ਮੁੱਕਣ ਤੋਂ ਪਹਿਲਾਂ ਹੀ ਅਚਾਨਕ ਡੁੱਬਦਿਆਂ ਵੇਖਦੇ ਹਨ, ਤਾਂ ਉਨ੍ਹਾਂ ਦੀ ਨਜ਼ਰ ਸੌਂਹੇਂ ਵਿਕਰਾਲ ਸਮੁੰਦਰ ਰਹਿ ਜਾਂਦਾ—ਖੌਲਦਾ ਹੋਇਆ ਸਮੁੰਦਰ—ਇਕ ਮਗਰਮਛ ਵਾਂਗ ਉਨ੍ਹਾਂ ਵੱਲ ਵਧਦਾ ਜਾਪਦਾ ਹੈ, ਤਾਂ ਉਹ ਕੋਈ ਹਰਕਤ ਨਹੀਂ ਕਰਦੇ—ਅੱਖਾਂ ਮੀਟ ਕੇ ਲੰਮੇ ਪੈ ਜਾਂਦੇ ਹਨ, ਮੌਤ ਦੀ ਉਡੀਕ ਵਿਚ !

ਇਕ ਦਿਨ ਜਦੋਂ ਕਿਸੇ ਅਘਟੀ ਮੌਤ 'ਚੋਂ ਉਨ੍ਹਾਂ ਦੀ ਅੱਖ ਖੁੱਲ੍ਹੀ, ਤਾਂ ਉਨ੍ਹਾਂ ਵੇਖਿਆ ਉਨ੍ਹਾਂ ਦੇ ਉੱਤੇ ਇਕ ਕੁੜੀ ਦਾ ਚਿਹਰਾ ਝੁਕਿਆ ਹੋਇਆ ਸੀ। ਪਤਾ ਨਹੀਂ ਕਿਉਂ ਉਨ੍ਹਾਂ ਨੂੰ ਪਹਿਲੀ ਵਾਰ ਸਮੁੰਦਰ ਉਨ੍ਹਾਂ ਕੁੜੀਆਂ ਦੀਆਂ ਅੱਖਾਂ 'ਚੋਂ ਹੱਸਦਾ ਹੋਇਆ ਨਜ਼ਰ ਆਇਆ ਤੇ ਫਿਰ ਉਨ੍ਹਾਂ ਦੇ ਸਾਰੇ ਜਿਸਮ ਵਿਚ ਇਕ ਤਾਰ ਜਿਹੀ ਫਿਰ ਗਈ, ਤਣਾਓ ਆਇਆ ਤੇ ਉਨ੍ਹਾਂ ਦੇ ਜ਼ਿਹਨ ਵਿਚ ਵਾਸਕੋਡੇਗਾਮਾ, ਕੋਲੰਬਸ ਤੇ ਹੋਰ ਮੱਲਾਹਾਂ ਦੇ ਤਸੱਵਰ ਜਾਗੇ, ਤਾਂ ਉਨ੍ਹਾਂ ਅੰਦਰ ਸਿਕੰਦਰ ਵਾਂਗ ਦੁਨੀਆਂ ਸਰ ਕਰਨ ਦਾ ਤਾਂ ਨਹੀਂ, ਪਰ ਕੁਝ ਕਰਨ ਦਾ ਸੁਪਨਾ ਮੌਲਿਆ ! ਉਨ੍ਹਾਂ ਕੁੜੀਆਂ ਦੀਆਂ ਅੱਖਾਂ ਦੇ ਵਿਸ਼ਾਲ ਸਮੁੰਦਰ ਵਿਚ ਵੇਖਦਿਆਂ ਵੇਖਦਿਆਂ ਉਨ੍ਹਾਂ ਦੇ ਬਾਦਬਾਨ ਤਣ ਗਏ ਤੇ ਉਹ ਇਕ ਲੰਮੇ ਸਫ਼ਰ ਤੇ ਚੱਲ ਪਏ !

**"ਮੇਰੀ ਕਹਾਣੀ" (2006)**

(ਕਾਵਿ-ਸੰਗ੍ਰਹਿ : "ਸ਼ਹਿਰ ਜੰਗਲੀ ਹੈ" (1970) ਤੇ
"ਵਣ ਵਾਣੀ" (1988) ਅਤੇ
ਕਹਾਣੀ-ਸੰਗ੍ਰਹਿ : "ਜਿੱਥੇ ਦੀਵਾਰਾਂ ਨਹੀਂ" (1978)
ਤੇ "ਅਘਰਵਾਸੀ" (1984) ਵਿਚ ਸ਼ਾਮਿਲ)

# ਸੇਨ ਨਦੀ ਦੇ ਕੰਢੇ

**(ਗੱਦ-ਕਾਵਿ-ਕਥਾ)**

**(ਡਲਾਇਲਾ ਦੇ ਨਾਂ)**

ਤੇ ਫਿਰ 'ਸੇਨ ਨਦੀ' ਦੇ ਕੰਢੇ ਤੂੰ ਮਿਲੀ ! ਮੇਰੀਆਂ ਨਜ਼ਰਾਂ ਵਿਚ ਇਕ ਵੇਸ਼ੀਆ ਦਾ ਤਸੱਵਰ ਸੀ, ਜਿਸ 'ਚੋਂ ਮੈਂ ਸਾਰਾ ਪੈਰਸ ਭੋਗਣਾ ਚਾਹੁੰਦਾ ਸਾਂ ਤੇ ਤੇਰੀਆਂ ਨਜ਼ਰਾਂ ਵਿਚ ਇਕ ਮਹਾਂਦੀਪ ਤਕ ਪਹੁੰਚਣ ਦਾ ਚਾਅ ! ਤੂੰ ਆਪਣੇ ਸਿਰ ਤੋਂ ਸਕਾਰਫ਼ ਲਾਹ ਕੇ, ਆਪਣੇ ਸਿਰ ਦੇ ਲੰਮੇਂ ਖ਼ੁਸ਼ਕ ਵਾਲਾਂ ਨੂੰ ਅਵਾਰਾ ਛਡਦਿਆਂ, ਮੇਰੀਆਂ ਅੱਖਾਂ ਵਿਚ ਇਕ ਮਾਸੂਮ ਮੁਸਕਰਾਹਟ ਨਾਲ ਵੇਖਿਆ, ਮੇਰੀ ਪਗੜੀ, ਮੇਰੀ ਦਾਹੜੀ ਨੂੰ ਛੁਹਿਆ ਤੇ ਫਿਰ ਚੁਪਕੇ ਹੀ ਦਿਸਹੱਦੇ ਤੇ ਧਰਤੀ ਅੰਬਰ ਮੇਲ ਲਏ ! ਨਾ ਬੋਲਦਿਆਂ ਵੀ ਤੂੰ ਅਨੇਕਾਂ ਗੱਲਾਂ ਕਹਿ ਗਈ, ਤੇ ਫਿਰ, 'ਆਈਫਲ ਟਾਵਰ' ਦੀ ਆਸਮਾਨ ਛੂੰਹਦੀ ਬੁਲੰਦੀ ਚੜ੍ਹਦਿਆਂ ਤੂੰ ਕਿਹਾ : "ਤੇਰੇ ਨਾਲ ਮੈਂ ਅੱਜ ਰੱਬ ਦੇ ਕਿੰਨਾਂ ਨਜ਼ਦੀਕ ਜਾ ਰਹੀ ਹਾਂ !" ਨੋਤਰਦਾਮ ਵਲਾਂ ਪਿੱਠ ਕਰਕੇ ਮੈਂ ਤੈਨੂੰ ਇਹ ਦੱਸਣਾ ਚਾਹੁੰਦਿਆਂ ਵੀ ਨਾ ਦੱਸ ਸਕਿਆ, ਕਿ ਮੇਰੀ ਹਰ ਨੇੜਤਾ ਮੇਰੇ ਲਈ ਸਦਾ ਦੂਰੀਆਂ ਦਾ ਪੈਗ਼ਾਮ ਲੈ ਕੇ ਆਈ ਹੈ ! ਤੇਰੀਆਂ ਅੱਖਾਂ ਨਾਲ ਬਾਜ਼ਾਰੀ ਤੇ ਇਸ਼ਤਿਹਾਰੀ ਰੌਸ਼ਨੀਆਂ 'ਚ ਨਹਾਤੀ ਪੈਰਸ ਦੀ ਹੁਸੀਨ ਰਾਤ ਵੇਖਦਿਆਂ, ਮੈਨੂੰ ਇਹ ਨਹੀਂ ਸੀ ਪਤਾ, ਕਿ ਤੇਰੇ ਨਾਲ ਇਹ ਸਾਰਾ ਹੁਸਨ ਬਿਸਤਰੇ ਤੇ ਚਲਾ ਆਵੇਗਾ ! ਤੇਰੇ ਸੁਲਗਦੇ ਅੰਗਾਂ 'ਚ ਭਬੂਕਾ ਬਣੀ ਮੇਰੀ ਹੋਂਦ ਦਸਮ ਦੁਆਰ ਪਹੁੰਚੀ; ਅਨਹਦ-ਨਾਦ, ਵਿਸਮਾਦ, ਸੁਗੰਧਾਂ-ਛਿਣ ਦੀ ਛਿਣ ਇਕ ਜੂਨ ਬਦਲ ਗਈ ਜਾਪੀ।

ਰਾਤ ਜਿਤਨੀ ਮਧਮਾਤੀ ਹੁਸੀਨ ਸੀ, ਸਵੇਰ ਉਤਨੀ ਹੀ ਗੰਭੀਰ ਤੇ ਉਦਾਸ ! ਵਿਦਿਆ-ਵੇਲੇ ਪੈਰਸ ਤੋਂ ਬਾਹਰ, ਦੋ ਸੜਕਾਂ ਇਕ ਦੂਜੀ ਨਾਲ ਜੁੜੀਆਂ ਹੋਈਆਂ ਵੀ, ਇਕ ਦੂਜੀ ਨਾਲੋਂ ਟੁੱਟ ਕੇ ਵਿਰੋਧੀ ਦਿਸ਼ਾਵਾਂ ਵੱਲ ਵਧ ਰਹੀਆਂ ਸਨ ! ਪਰ ਮੈਨੂੰ ਇਹ ਨਹੀਂ ਸੀ ਪਤਾ ਲੱਗ ਰਿਹਾ ਕਿ ਇਹ ਕਿੱਥੋਂ ਟੁੱਟਦੀਆਂ ਹਨ ਤੇ ਕਿੱਥੇ ਜੁੜਦੀਆਂ ?

ਇਸੇ ਭਰਮ 'ਚ ਬੰਦਰਗਾਹ ਵੱਲ ਜਾਂਦੀ ਸੜਕ ਤੇ ਪਿਆ, ਮੈਂ ਆਪਣੀ ਪਿੱਠ ਨਾਲ ਰੌਸ਼ਨੀਆਂ 'ਚ ਡੁੱਬੀਆਂ, ਤੇਰੀਆਂ ਅੱਖਾਂ ਪਿਛਲੇ ਅਨ੍ਹੇਰੇ ਨੂੰ, ਦੇਰ ਤਕ ਵਿੰਹਦਾ ਰਿਹਾ ਤੇ 'ਸੇਨ ਨਦੀ' ਨੂੰ, ਨਿਰੰਤਰਤਾ ਜਿਸਦਾ ਨਿਯਮ ਹੈ।

ਅੱਜ ਇਕ ਸਮੁੰਦਰ ਇਕ ਮਹਾਂਦੀਪ ਦੀ ਵਿੱਥ ਨੂੰ ਉਲੰਘ ਕੇ ਤੇਰਾ ਪੱਤਰ ਮਿਲਿਆ ਹੈ। ਇਕ-ਇਕ ਸ਼ਬਦ 'ਚੋਂ ਤੇਰੀ ਅੱਖ ਝਾਕਦੀ, ਤੇਰੀ ਹੋਂਦ ਸੁਲਗਦੀ ਪ੍ਰਤੀਤ ਹੁੰਦੀ ਹੈ ! ਤੇਰੇ ਪੱਤਰ ਦੇ ਸੂੱਛ ਅਰਥਾਂ ਦੇ ਪਾਸਾਰ ਵਿਚ ਮੇਰੀ ਹੋਂਦ, ਪਹਿਲਾਂ ਭੰਬੂਕਾ ਬਣੀ, ਲੱਖ ਸੁਗੰਧੀਆਂ ਨੂੰ ਜਗਾਉਂਦੀ ਤੇ ਫਿਰ ਅਚਾਨਕ ਹੀ ਠੰਡੀ ਹੋ ਕੇ, ਇਕ ਨੁਕਤੇ ਵਿਚ ਸੁਕੜ ਗਈ ਤੇ ਹੁਣ ਮੇਰੇ ਅੰਦਰ ਹਰ ਛਿਣ ਇਕ ਅਪਰਾਧ, ਇਕ ਗ੍ਰੰਥੀ

ਵਾਂਗ ਪੀੜਾ ਹੋ ਰਿਹਾ ਹੈ। ਇਕ ਸਮੁੰਦਰ ਇਕ ਮਹਾਂਦੀਪ ਦੀ ਵਿੱਥ ’ਤੇ, ਤੂੰ ਇਕ ਅਜਨਬੀ ਨੂੰ ਸਾਂਭ ਕੇ ਆਪਣੇ ਕੋਲ ਰੱਖ ਲਿਆ ਹੈ ਤੇ ਮੈਂ ਆਪਣੇ ਆਪ ਤੋਂ ਵੀ ਬਹੁਤ ਦੂਰ ਚਲਾ ਗਿਆ ਹਾਂ, ਬਹੁਤ ਦੂਰ, ਜੰਗਲ ਵਿਚ ! ਮੈਨੂੰ ਇੰਞ ਜਾਪਦਾ ਹੈ ਜਿਵੇਂ, ਵੇਸ਼ੀਆ ਤੂੰ ਨਹੀਂ, ਮੈਂ ਹਾਂ !

**“ਮੇਰੀ ਕਹਾਣੀ” (2006)**

(ਕਾਵਿ-ਸੰਗ੍ਰਹਿ : “ਸ਼ਹਿਰ ਜੰਗਲੀ ਹੈ” (1970) ਤੇ
“ਵਣ ਵਾਣੀ” (1988) ਅਤੇ
ਕਹਾਣੀ-ਸੰਗ੍ਰਹਿ : “ਜਿੱਥੇ ਦੀਵਾਰਾਂ ਨਹੀਂ” (1978)
ਤੇ “ਅਘਰਵਾਸੀ” (1984) ਵਿਚ ਸ਼ਾਮਿਲ)

# ਸੂਰਜ ਦਾ ਕੀ ਬਣੇਗਾ ?

**(ਗੱਦ-ਕਾਵਿ-ਕਥਾ)**

ਜੋ ਲੋਕ ਹਰ ਵਾਰ ਗੱਲ ਅਨ੍ਹੇਰੇ ਤੋਂ ਸ਼ੁਰੂ ਕਰਕੇ, ਸੂਰਜ ਤੇ ਖ਼ਤਮ ਕਰ ਦਿੰਦੇ ਹਨ, ਉਨ੍ਹਾਂ ਦੀ ਨਜ਼ਰ ਵਿਚ ਤੈਰਦੀ ਲਪਕਦੀ, ਤਿੜਕਦੀ ਰੜਕਦੀ ਦੁਨੀਆਂ ਵੇਖ ਕੇ, ਹੁਣੇ ਹੁਣੇ ਸੋਚ ਜਾਗੀ ਹੈ : ਜੇ ਸਾਰੇ ਚਮਗਿੱਦੜ ਮਰ ਗਏ, ਤਾਂ ਸੂਰਜ ਦਾ ਕੀ ਬਣੇਗਾ ? ਜੋ ਲੋਕ ਸੂਰਜ ਨੂੰ ਅੰਨ੍ਹੇ, ਉਹ ਅਨ੍ਹੇਰੇ ਨੂੰ ਸੁਜਾਖੇ ਹਨ। ਇਕ ਕਾਤਲ ਦੇ ਅੰਦਰ ਜਿਤਨਾ ਰਿਸ਼ੀ ਤੇ ਪੈਗ਼ੰਬਰ ਬਲਵਾਨ ਹੁੰਦਾ ਹੈ, ਉਤਨਾ ਹੀ ਮੁਜਰਮ, ਪੈਗ਼ੰਬਰ ਦੇ ਅੰਦਰ। ਹਰ ਰੋਜ਼ ਪੈਗ਼ੰਬਰ ਸੂਲੀ ਚੜ੍ਹਦੇ, ਮੁੜ ਜਨਮ ਲੈਂਦੇ—ਜਨਮ ਮਰਨ ਦੇ ਇਕ ਨਿਰੰਤਰ ਕਰਮ 'ਚ ਵਿਚਰਦੇ ਹਨ—ਹਾਈਡਰੇ ਵਾਂਗ ਇਕ ਸਿਰ ਕੱਟਦਾ, ਦੂਸਰਾ ਜਨਮ ਲੈਂਦਾ ਹੈ !

ਮਨੁੱਖ ਤੋਂ ਚੱਲੀ ਗੱਲ, ਮੁੜ ਦੇਵਤਿਆਂ 'ਤੇ ਆ ਗਈ ਹੈ। ਇੰਦਰ ਜੇ ਅਹੱਲਿਆ—ਭੋਗ ਨਾ ਕਰਦਾ, ਤਾਂ ਸਾਹ ਸਤ ਹੀਣਾ ਇਕ ਕਾਲਪਨਕ ਬੁੱਤ ਬਣ ਕੇ ਰਹਿ ਜਾਂਦਾ। ਇਕ ਇਸਤਰੀ ਦੀ ਖਿੱਚ ਇਕ ਨਾਜਾਇਜ਼ ਸੰਬੰਧ ਵਿਚ ਬੱਝੀ, ਤਾਂ ਇਕ ਦੇਵਤਾ ਮਨੁੱਖ ਬਣ ਗਿਆ। ਇਕ ਇਸਤਰੀ ਦੇ ਪ੍ਰਸੰਗ ਵਿਚ 'ਜਾਇਜ਼', 'ਨਾਜਾਇਜ਼' ਦੋ ਸ਼ਬਦਾਂ ਨੂੰ ਸਜਿੰਦ ਅਰਥ ਮਿਲੇ, ਇਕ ਨੈਤਿਕਤਾ ਦਾ ਜਨਮ ਹੋਇਆ !

ਰੱਬ ਨੂੰ ਦੇਵਤੇ ਤੇ ਫਿਰ ਦੇਵਤੇ ਨੂੰ ਮਨੁੱਖ ਦੇ ਰੂਪ ਵਿਚ ਵੇਖਣਾ, ਕਿੱਡਾ ਵੱਡਾ ਆਤਮ-ਵਿਰੋਧ ਹੈ, ਮਿਥਿਹਾਸ ਦਾ ਤੇ ਕਿੱਡੀ ਵੱਡੀ ਜਿੱਤ ਇਸਤਰੀ ਦੀ !

ਇਹ ਜਾਣਦੇ ਹੋਇਆਂ ਵੀ ਕਿ ਅਨ੍ਹੇਰਾ ਤੇ ਚਾਨਣ, ਆਪਣੇ ਅੰਦਰ ਦੀ ਹੀ ਇਕ ਸਥਿਤੀ ਹੈ, ਇਸ ਆਤਮ-ਵਿਰੋਧ ਹੇਠ ਵਿਚਰਦਿਆਂ ਮੈਨੂੰ ਅਨ੍ਹੇਰੇ ਤੇ ਸੂਰਜ, ਦੋਹਾਂ ਦੀ ਹੀ ਗੱਲ ਕਰਨ ਦਿਓ; ਕਿਉਂਕਿ ਮੈਨੂੰ ਚਿੰਤਾ ਹੈ ਕਿ ਜੇ ਸਾਰੇ ਚਮਗਿੱਦੜ ਮਰ ਗਏ, ਤਾਂ ਸੂਰਜਾਂ ਦਾ ਕੀ ਬਣੇਗਾ ?

**"ਮੇਰੀ ਕਹਾਣੀ" (2006)**

(ਕਾਵਿ-ਸੰਗ੍ਰਹਿ : "ਸ਼ਹਿਰ ਜੰਗਲੀ ਹੈ" (1970) ਤੇ
"ਵਣ ਵਾਣੀ" (1988) ਅਤੇ
ਕਹਾਣੀ-ਸੰਗ੍ਰਹਿ : "ਜਿੱਥੇ ਦੀਵਾਰਾਂ ਨਹੀਂ" (1978)
ਤੇ "ਅਘਰਵਾਸੀ" (1984) ਵਿਚ ਸ਼ਾਮਿਲ)

# ਅੱਜ ਦੀ ਰਾਮਾਇਣ

ਹੁਣ ਰਾਮਾਇਣ ਨਹੀਂ ਲਿਖੀ ਜਾਏਗੀ !
ਜੇ ਲਿਖੀ ਜਾਏਗੀ,
ਤਾਂ ਉਸ ਦੇ ਪਾਤਰ ਉਲਟੇ ਹੋਣਗੇ।

ਉਸ ਵਿਚ ਕਥਾ-ਵਰਣਨ ਤੋਂ ਵਧੇਰੇ
ਭਖ਼ਦੇ ਕਾਰਜ 'ਤੇ ਬਲ ਹੋਵੇਗਾ।

ਸੀਤਾ ਆਪ ਮਰੀਚਕ ਮਗਰ ਜਾਏਗੀ
ਤੇ ਆਪਣੇ ਮਨ ਦੇ ਸੋਨ-ਮ੍ਰਿਗ ਪਿੱਛੇ
ਭੱਜਦੀ ਭੱਜਦੀ
ਰਾਵਣ ਕੋਲ ਪਹੁੰਚ ਜਾਏਗੀ।

ਜੇ ਰਾਮ
ਗੌਤਮ ਵਾਂਗ ਯਸ਼ੋਧਰਾ ਨੂੰ ਤਿਆਗਣ ਦੀ ਥਾਂ
ਸੀਤਾ ਦੀ ਭਾਲ ਵਿਚ ਨਿਕਲ ਕੇ
ਸੈਨਾ ਇਕੱਠੀ ਕਰਨਾ ਚਾਹੁਣਗੇ,
ਤਾਂ ਲੋਕ ਉਨ੍ਹਾਂ ਦਾ ਮਖ਼ੌਲ ਉਡਾਉਣਗੇ
ਤੇ ਫਿਰ ਉਹ ਆਪਣੇ ਦੈਵੀਤਵ ਨੂੰ
ਰਹਿੰਦੀ ਜ਼ਿੰਦਗੀ ਤਕ,
ਇਕੱਲਿਆਂ ਹੀ ਗੁਮਨਾਮੀ ਦੇ ਜੰਗਲ ਵਿਚ
ਮੁੜ ਬਣਵਾਸੀ ਪਾਉਣਗੇ।
ਓ ਏਸ਼ੀਆ ਦੇ ਨੂਰ,
ਤੈਨੂੰ ਅੱਜ ਇਹੋ ਸਰਾਪ ਹੈ।

ਸਰੂਪਨਖਾ ਇਸ ਕਥਾ ਵਿਚ
ਜ਼ਰਾ ਅਗੇਤੀ ਆਏਗੀ।

ਪਰ ਉਸ ਦਾ ਨੱਕ ਸਲਾਮਤ ਰਹੇਗਾ
ਅਤੇ ਉਹ ਆਪਣੀ ਹੀ ਕਾਰ ਵਿਚ ਕੈਦ
ਲਛਮਣ ਦੇ ਜਤਿ ਨੂੰ—
ਆਪਣੇ ਤ੍ਰੀਮਤਪਨ ਦੀ ਅੱਗ ਨਾਲ ਪੰਘਰਾ ਕੇ
ਉਧਾਲ ਲੈ ਜਾਏਗੀ।
ਓ ਅੱਜ ਦੇ ਲਛਮਣ,
ਤੈਨੂੰ ਇਹੋ ਵਰ ਪ੍ਰਾਪਤ ਹੈ
ਕਿ ਜਤਿ ਦੀ ਨਿਪੁੰਸਿਕ ਚੇਤਨਾ ਤਕ ਪਹੁੰਚਣ ਤੋਂ ਪਹਿਲਾਂ
ਤੇਰੇ ਵਿਚਲਾ ਮਰਦ,
ਇਸਤਰੀ ਦੇ ਭਰਪੂਰ ਆਲਿੰਗਣ ਲਈ ਤੜਪ ਉੱਠੇਗਾ।

ਸੀਤਾ ਦਾ ਨਾਰੀਤਵ
ਕਿਸੇ ਦੈਵੀ ਮੇਲ ਦੀ ਖ਼ਾਤਰ
ਜਾਂ ਕਿਸੇ ਭੁੱਲ ਭਰਮ ਦੇ ਪ੍ਰਾਸ਼ਚਿਤ ਲਈ
ਤੇ ਜਾਂ
ਆਪਣੀ ਸੁੱਚਮ ਦੇ ਪ੍ਰਮਾਣ ਲਈ,
ਧਰਤੀ ਤੋਂ ਵਿਹਲ ਨਹੀਂ ਮੰਗੇਗਾ।
ਨਾ ਹੀ ਕੀੜਿਆਂ ਵਾਂਗ
ਕੁਰਬਲ ਕੁਰਬਲ ਕਰਦੇ
ਪ੍ਰਾਣੀਆਂ ਦੀ ਇਸ ਭੁੱਖੀ ਪੀੜ੍ਹੀ ਦਾ
ਭਾਰ ਚੁੱਕਣ ਵਾਲੀ
ਸਦ-ਗਰਭਾਈ ਧਰਤੀ ਨੂੰ ਹੀ
ਪਾਟਣ ਦੀ ਵਿਹਲ ਮਿਲੇਗੀ।

ਰਾਵਣ ਦਾ ਪੰਡਿਤ-ਮੁੱਖ
ਸੀਤਾ ਲਈ
ਇਕ ਭਖ਼ਦੇ ਪੂਰਨ ਤੇ ਉਤੇਜਤ
ਮਰਦ ਵਿਚ ਬਦਲ ਜਾਏਗਾ।
ਅੱਜ ਦਾ ਰਾਵਣ
ਲੰਮੀਂ ਉਮਰ ਦੇ ਵਰ ਦੀ ਥਾਂ
ਪਲ ਛਿਣੇ ਪਰ
ਦੇਹ ਦੇ ਭਖ਼ਦੇ ਕਾਰਜ ਦਾ ਅਭਿਲਾਖੀ ਹੈ
ਤੇ ਅੱਜ ਦੀ ਸੀਤਾ,
ਵਿਵਿਧ-ਮੁਖੀ ਮਰਦਾਂ ਵਿਚ
ਆਪਣੇ ਸਤਿ ਦੀ ਮੁਤਲਾਸ਼ੀ ਹੈ।

ਅਤੇ ਭਭੀਖਣ
ਅੱਜ ਦੀ ਸਿਰਜਨ-ਸਰਾਪੀ ਰਾਮਾਇਣ ਵਿਚ
ਇਕ 'ਬਾਹਰਲਾ' ਕਿਰਦਾਰ ਹੋਵੇਗਾ।
ਕਿਉਂਕਿ ਕੋਈ ਰਾਜ਼, ਰਾਜ਼ ਨਹੀਂ ਹੋਵੇਗਾ,
ਇਸ ਲਈ ਕੋਈ ਯੁੱਧ ਨਹੀਂ ਹੋਵੇਗਾ,
ਹਾਂ, ਇਹ ਸੰਭਵ ਹੈ ਕਿ
ਭੁੱਖਾ ਆਦਮੀ,
ਆਪ ਹੀ ਆਦਮੀ ਨੂੰ ਖਾਏਗਾ !
ਸਭ ਤੋਂ ਵੱਡੀ ਗੱਲ ਇਹ ਹੋਵੇਗੀ
ਕਿ ਇਸ ਰਾਮਾਇਣ ਦੀ ਰਚਨਾ ਕਰਨ ਲਈ
ਕਿਸੇ ਡਾਕੂ ਨੂੰ ਰਿਸ਼ੀ ਨਹੀਂ ਬਣਨਾ ਪਵੇਗਾ।
ਹੁਣ ਤੁਸੀਂ ਹੀ ਦੱਸੋ
ਜਦ ਰਾਜ਼, ਰਾਜ਼ ਨਹੀਂ ਹੋਵੇਗਾ
ਤਾਂ ਭੁੱਖੀ ਪੀੜ੍ਹੀ ਦੀ ਲੰਕਾ ਨੂੰ
ਕੋਈ ਕਿੰਝ ਸਾੜੇਗਾ ?

ਅੱਜ ਦੀ ਰਾਮਾਇਣ ਵਿਚ,
ਭਭੀਖਣ ਇਕ
'ਬਾਹਰਲਾ' ਕਿਰਦਾਰ ਹੋਵੇਗਾ।

**"ਮੇਰੀ ਕਹਾਣੀ" (2006)**
(ਕਾਵਿ-ਸੰਗ੍ਰਹਿ : "ਮੌਨ ਹਾਦਸੇ" (1967) ਤੇ
"ਅਕੱਥ ਕਥਾ" (1988) ਅਤੇ
ਕਹਾਣੀ-ਸੰਗ੍ਰਹਿ : "ਕੰਪਿਊਟਰ ਕਲਚਰ" (1985) ਵਿਚ ਸ਼ਾਮਿਲ)

# ਦਿਸ਼ਾ ਤੇ ਨਿਗਾਹ

ਹਰ ਨਿਗਾਹ ਵਿਚ ਇਕ ਦਿਸ਼ਾ,
ਹਰ ਦਿਸ਼ਾ ਵਿਚ ਸੈ ਨਿਗਾਹ !
ਵਕਤ ਸੀ,
ਜਦ ਮੈਂ ਨਿਗਾਹਾਂ ’ਚੋਂ ਦਿਸ਼ਾ ਦੀ ਚੋਣ ਦੇ ਲਈ
ਦੋ ਕਦਮ ਐਧਰ ਤੇ ਓਧਰ—
ਦੋ ਕਦਮ ਫਿਰ ਉਸ ਤਰਫ਼ ਤੁਰਦਾ ਰਿਹਾ
ਤੁਰਦਾ ਰਿਹਾ, ਮੁੜਦਾ ਰਿਹਾ।
ਮੈਂ ਦਿਸ਼ਾਵਾਂ ਤੇ ਨਿਗਾਹਾਂ ਵਿਚ ਖਿਚੀਂਦਾ
ਨਿਰਣਿਆਂ ਦੇ ਸਵੈ-ਵਿਰੋਧੀ
ਭਰਮ ਵਿਚ ਭੁਰਦਾ ਰਿਹਾ।
ਜਦ ਦਿਸ਼ਾ ਤੇ ਨਿਗਾਹ ਵਿਚ
ਸੀ ਨਹੀਂ ਪ੍ਰਤੀਤ ਕੋਈ
ਉਦ ਹਵਾ ਦੇ ਲੋਟ ਕੰਨੀਆਂ ਤਾਣ ਕੇ—
ਮੈਂ ਦਿਸ਼ਾਵਾਂ ਤੇ ਨਿਗਾਹਾਂ ਦੇ ਹਵਾਲੇ
ਭਟਕਦਾ ਫਿਰਦਾ ਰਿਹਾ।

ਭਟਕਣਾ ਦੇ ਦਰਦ ਅੰਦਰ, ਜਦ ਅਚਾਨਕ
ਧੁੰਦ ਗਹਿਰੀ ਹੋ ਗਈ,
ਤੇ ਨਜ਼ਰ ਮੇਰੀ ਚਾਨਣੇ ਤੋਂ ਦੂਰ ਤੇ ਬੇ-ਆਸਰਾ
ਉੱਠ ਉੱਠ ਢਹਿੰਦੀ ਕਦੇ ਸੀ
ਢਹਿ ਢਹਿ ਉੱਠਦੀ ਰਹੀ—
ਓਸ ਵੇਲੇ
ਧੁੰਦ ਸੀ
ਦਰਦ ਸੀ
ਦਿਲ ਸੀ
ਜਾਂ ਸੀ ਸਮੁੰਦਰ ਜਵਾਰ ਤੇ ਆਇਆ ਹੋਇਆ !

ਨਾ ਦਿਸ਼ਾ ਸੀ, ਨਾ ਨਿਗਾਹ ਸੀ—
ਅੱਖ ਦੀ ਧੁੰਦਲੀ ਜਿਹੀ ਸੀਮਾਂ 'ਚ
ਨ੍ਹੇਰੀ ਲਹਿਰ ਦੇ ਪਰਚਮ ਬੁਲੰਦ ਸਨ ਮੌਤ ਵਾਂਗ
ਸਿਰ ਤੋਂ ਉਚੇਰੇ।

ਬੋਲ ਮੇਰੇ ਡੁੱਬ ਰਹੇ ਸਨ—
ਦੂਰ ਕੰਨਾਂ ਤੋਂ, ਪਾਤਾਲਾਂ ਤੋਂ ਪਰੇਰੇ।
ਕੰਨ ਮੇਰੇ ਸਨ ਹਵਾਲੇ
ਮੇਰਿਆਂ ਹੱਥਾਂ ਦੀ ਛਪ ਛਪ ਦੇ ਵਿਚਾਲੇ
ਤ੍ਰਾਣ ਟੁੱਟਦਾ ਜਾ ਰਿਹਾ ਸੀ
ਕਸ਼ਮਕਸ਼ ਵਿਚ ਮੇਰਾ ਆਪਾ
ਚੇਤਨਾ ਮੇਰੀ ਨੂੰ ਬਿੰਦ ਬਿੰਦ ਖਾ ਰਿਹਾ ਸੀ।
ਓਸ ਵੇਲੇ ਪਰ ਅਚਾਨਕ
ਦਾਮਨੀ ਦੀ ਚਮਕ ਵਾਂਗ,
ਨੈਣ ਦੋ,
ਮੇਰੀਆਂ ਨਜ਼ਰਾਂ ਦੇ ਸੌਹੇਂ ਚਮਕ ਪਏ।
ਹੈਰਾਨ ਸਾਂ।
ਪ੍ਰਿਸ਼ਠ-ਭੂਮੀ ਨ੍ਹੇਰ ਦੀ ਵਿਚ
ਇਸ ਨਿਗਾਹ ਦੀ ਲੋਅ ਮੇਰਾ ਕੇਂਦਰ ਬਣੀ
ਉਸ ਨਿਗਾਹ ਨੇ ਫਿਰ ਅਚਾਨਕ
ਜਵਾਰ-ਭਾਟੇ ਦੇ ਘੁਮੇਟੇ 'ਚੋਂ ਮੈਨੂੰ ਝੱਟ ਧੂਹ ਲਿਆ।

ਸਿਰ ਮੇਰਾ ਹਲਕਾ ਹੋਇਆ !
ਆਵਾਜ਼ ਮੇਰੀ ਪਰਤ ਆਈ !
ਸ੍ਰੋਤ ਮੁੜ ਕੇ ਜਿਊਂ ਪਿਆ !
ਬਦਨ ਵੀ ਤਾਜ਼ਾ ਹੋਇਆ !
ਉਸ ਨਿਗਾਹ ਦੇ ਵਿਚ ਸੀ ਮੇਰੀ ਦਿਸ਼ਾ—
ਉਸ ਸਮੇਂ ਮੈਂ ਜਾਣਿਆ, ਕਿ
ਇਸਤਰੀ ਦੀ ਹੀ ਨਿਗਾਹ ਹੈ
ਅਸਲ ਵਿਚ ਹੁੰਦੀ ਦਿਸ਼ਾ।

ਇਕ ਨਿਗਾਹ ਦੇ ਪੂਰਨੇ ਤੇ ਜ਼ਿੰਦਗੀ ਤੁਰਦੀ ਰਹੀ
ਹਰ ਦਿਸ਼ਾ ਤੇ ਹਰ ਨਿਗਾਹ ਫਿਰ ਫੈਲ ਕੇ
ਦੂਰ ਉਸ ਦੋਮੇਲ ਦੇ ਦਾਇਰੇ 'ਚ ਧੁੰਦਲੀ ਹੋ ਗਈ।
ਉਹ ਨਿਗਾਹ ਫਿਰ ਇਸ ਕਦਰ ਆਈ ਕਰੀਬ
ਹੋਂਦ ਉਸ ਦੀ ਦਾ ਕੋਈ ਅਹਿਸਾਸ ਨਾ ਬਾਕੀ ਰਿਹਾ,

ਵਿਸਰੀ ਪ੍ਰਤੀਤ ਉਸ ਦੀ
ਰਾਤ ਵਿਚ ਸਾਇਆ ਜਿਵੇਂ ਕੋਈ ਘੁਲ ਗਿਆ।

ਉਸ ਸਮੇਂ ਇੰਝ ਜਾਪਿਆ,
ਇਕ ਦਰਵਾਜ਼ੇ ਦੀ ਖੁੱਲ੍ਹੀ ਕੈਦ ਨੂੰ ਪਰਵਾਨ ਕੇ
ਇਕ ਨਿੱਕੀ ਜੱਦੋ-ਜਹਿਦ ਦੇ ਸਿਰੇ ਨੂੰ ਪਕੜ ਕੇ,
ਜ਼ਿੰਦਗੀ ਦੀ ਕਸ਼ਮਕਸ਼ ਦੇ
ਕਈ ਉਚੇਰੇ ਤੇ ਵਡੇਰੇ
ਦਰਾਂ ਨੂੰ ਭੁੱਲਿਆ ਰਿਹਾ।

ਦਿਸ਼ਾ ਦੀ ਪ੍ਰਤੀਤ ਦਾ ਸਭ ਭਰਮ ਏਕਣ ਖੁੱਲ੍ਹ ਗਿਆ।
ਓਸ ਵੇਲੇ—
ਜ਼ਿਹਨ ਅੰਦਰ ਨਿਗਾਹ ਦੀ ਇਕਾਂਗਿਤਾ
ਸੂਈ ਵਾਂਗ ਪੁੜਦੀ ਰਹੀ
ਤੇ ਚੇਤਨਾ ਦੀ ਕਸ਼ਮਕਸ਼ ਵਿਚ
ਇਕ ਖ਼ਲਾਅ ਜੁੜਦੀ ਰਹੀ।

ਮੈਂ ਜੋ,
ਦਿਸ਼ਾਵਾਂ ਤੇ ਨਿਗਾਹਾਂ ਦੇ ਹਵਾਲੇ ਸਾਂ ਕਦੇ,
ਮੁੱਢੋਂ ਸੁੱਢੋਂ ਸ਼ੂਨ ਖ਼ਲਾਵਾਂ ਦਾ ਹਾਂ ਹੋਇਆ ਫਿਰ ਸ਼ਿਕਾਰ
ਮੇਰੇ ਦੁਆਲੇ ਫਿਰ ਵਲੀ ਹੈ ਮੇਰੀ ਕਾਰ।

ਨਜ਼ਰ ਸੌਹੇਂ ਸਿਮਟਿਆ ਹੈ ਫੇਰ ਅੰਬਰ,
ਤਿੜਕਿਆ ਦਾਇਰਾ ਹੈ ਫਿਰ ਦੋਮੇਲ ਦਾ।
ਫਿਰ ਦਿਸ਼ਾਵਾਂ ਤੇ ਨਿਗਾਹਾਂ ਜਾਗੀਆਂ,
ਜਾਗ ਪਏ ਨੇ ਫੇਰ ਔਝੜ ਰਾਸਤੇ—
ਤਾਜ਼ਗੀ ਹਿੰਮਤ ਮੇਰੀ ਦੀ ਕਸ਼ਮਕਸ਼ ’ਚੋਂ
ਨਵੀਂ ਮੰਜ਼ਿਲ ਵਾਸਤੇ।
ਫੇਰ ਸਾਗਰ ਮਚਲਿਆ ਹੈ
ਮੈਂ ਦਿਸ਼ਾਵਾਂ ਤੇ ਨਿਗਾਹਾਂ ਦੇ ਵਿਚਾਲੇ
ਲੈ ਕੇ ਬੇੜੀ ਕਾਗ਼ਜ਼ਾਂ ਦੀ
ਫਿਰ ਸਮੁੰਦਰ ਦੇ ਹਵਾਲੇ ਹੋਣ ਚੱਲਿਆਂ।

**“ਮੇਰੀ ਕਹਾਣੀ” (2006)**
(ਕਾਵਿ-ਸੰਗ੍ਰਹਿ : “ਮੌਨ ਹਾਦਸੇ” (1967) ਤੇ
“ਅਕੱਥ ਕਥਾ” (1988) ਅਤੇ
ਕਹਾਣੀ-ਸੰਗ੍ਰਹਿ : “ਕੰਪਿਊਟਰ ਕਲਚਰ” (1985) ਵਿਚ ਸ਼ਾਮਿਲ)

# ਗ਼ੁੱਸੇ ਦੀ ਉਮਰ

**1.**

ਜਦੋਂ ਫ਼ਸਲਾਂ ਦੀ ਕੰਧ ਉੱਸਰੇ
ਅਤੇ ਆਕਾਸ਼ ਛੱਤ ਬਣਦਾ—
ਉਸੇ ਰੁੱਤੇ
ਉਹਦੀ ਗੰਦਲ ਜਿਹੀ ਲੜਕੀ
ਕਿਸੇ ਨੇ ਧੂਹ ਲਈ ਫੜ ਕੇ
ਤੇ ਪੈਰਾਂ ਹੇਠ ਮਿੱਧੀ ਜਾ ਰਹੀ
ਫ਼ਸਲ ਦੇ ਪੱਤੇ ਇਵੇਂ ਖੜਕੇ,
ਜਿਵੇਂ ਵਿਕਰਾਲ ਹੋਣੀ ਤੋਂ ਜ਼ਰਾ ਪਹਿਲਾਂ
ਅਚੇਤੇ ਦਿਲ ਕਿਸੇ ਦਾ ਸਹਿਮੇਂ
ਅਵੇਖੇ ਭੈਅ ਦੇ ਵਿਚ ਧੜਕੇ
ਤੇ ਫਿਰ ਹੋਣੀ ਦੇ ਬੀਤਣ ਬਾਅਦ
ਜਿਵੇਂ ਕੋਈ
ਮਿੱਧੀ ਫ਼ਸਲ,
ਟੁੱਟੇ ਪੱਤੇ,
ਖੁੱਸੇ ਅੰਗ,
ਫਿਰ ਵੀ ਬਚ ਗਈ ਜ਼ਿੰਦਗੀ ਨੂੰ ਸ਼ੁਕਰ ਨਾਲ ਵੇਖੇ
ਇਵੇਂ ਉਸ ਦੀ ਕੁੜੀ ਨੇ
ਸ਼ੁਕਰ ਕਰ ਕੇ
ਅੰਦਰੇ ਅੰਦਰ ਇਹ ਸਾਰੇ ਜ਼ਖ਼ਮ ਸਨ ਪੀਤੇ।

ਡੁੱਬਦੇ ਦਿਲ, ਹੰਭਦੇ ਸਾਹ,
ਖੁਸਦੀ ਸ਼ਕਤ, ਹਿਸਦੀ ਨਜ਼ਰ
ਟੁੱਟਦੇ ਬੋਲਾਂ 'ਚ ਦੱਸੀ
ਧੀ ਦੀ ਇਹ ਵਿਥਿਆ ਸੁਣਾਈ ਉਸ ਨੂੰ ਪਤਨੀ ਨੇ,
ਤਾਂ ਉਹ ਰੋਹ ਦੀ ਮੂਰਤ ਬਣ ਗਿਆ !

ਉਸ ਦਾ ਜਿਸਮ ਗੁੱਸੇ ਦੇ ਵਿਚ
ਧੁਨਕੀ ਦੇ ਵਾਂਗੂੰ ਤਣ ਗਿਆ
ਅੱਖਾਂ ’ਚ ਖ਼ੂਨ
ਗ਼ੁੱਸੇ ’ਚ ਕੰਬਦੇ ਅੰਗ
ਧੁੰਦਲੀ ਨਜ਼ਰ
ਖਿੰਡਦਾ ਜੋਸ਼—
ਉਹ ਆਪੇ ਤੋਂ ਬਾਹਰ ਹੋ ਗਿਆ।

ਉਸ ਨੇ ਤੱਕਿਆ :
ਉਸ ਦੀ ਪੱਗ ਉੱਛਲੀ
ਦਾਗ਼ੀ ਹੋਈ
ਖੂੰਜੇ ’ਚ ਪਈ !

ਉਸ ਦੀ ਹਸਤੀ
ਸਾਕਾਰ ਕਾਤਲ ਬਣ ਗਈ !
ਉਹਨੇ ਤੱਕਿਆ :
ਹੱਥਲੀ ਤਲਵਾਰ ’ਚੋਂ ਚੋਂਦਾ ਲਹੂ !
ਲਹੂ-ਰੰਗੀ ਪੱਗ ਵਾਲੇ ਕਈ ਸਿਪਾਹੀ
ਪਕੜ ਕੇ ਲੈ ਜਾ ਰਹੇ ਉਸ ਨੂੰ
ਤੇ ਪਿੱਛੇ ਸੱਤ ਧੀਆਂ ਕੋਠੇ ਜਿੱਡੀਆਂ !
ਫ਼ਸਲਾਂ ਦੀ ਕੰਧ,
ਅੰਬਰ ਦੀ ਛੱਤ !
ਭਾਰੀ ਕਦਮ ਫ਼ਸਲਾਂ ਰੌਂਦਦੇ,
ਉਹ ਚੀਕਿਆ !
‘ਨਹੀਂ, ਨਹੀਂ ! ਇਹ ਹੋ ਨਹੀਂ ਸਕਦਾ ਕਦੇ !’

ਉਹਦੀ ਪਤਨੀ ਨੇ ਉਸਦੀ ਘੁੱਟੀ ਹੋਈ
ਸੱਖਣੀ ਮੁੱਠੀ ਨੂੰ ਫੜ ਕੇ ਝੂਣਿਆਂ।
ਉਸ ਦੀ ਪੱਥਰਾਈ ਨਜ਼ਰ ਤੋਂ ਡਰ ਕੇ,
ਉਸਦੀਆਂ ਪਲਕਾਂ ਨੂੰ ਮਲਿਆ
ਤੇ ਉਸ ਦੇ ਤਪ ਰਹੇ ਹੋਠਾਂ ’ਤੇ
ਠੰਡੇ ਪਾਣੀ ਦਾ ਰੱਖਿਆ ਗਿਲਾਸ।

ਫਿਰ ਵੀ ਪਤਾ ਨਹੀਂ ਕਿੰਨਾ ਚਿਰ ਉਹਨੂੰ
ਉਹ ਜ਼ੋਰਾਵਰਾਂ ਸੌਹੋਂ
ਆਪਣੀ ਗ਼ਰੀਬੀ ਦੇ ਵਾਸਤੇ ਪਾਉਂਦੀ ਰਹੀ—
ਉਸ ਨੂੰ ਸਮਝਾਉਂਦੀ ਰਹੀ !

ਪਰ ਉਹਦਾ ਪਤੀ,
ਚੁੱਲ੍ਹੇ 'ਚ ਬਲਦੀ ਅੱਗ ਵੱਲ ਵਿੰਹਦਾ ਰਿਹਾ।
ਉਸ ਨੇ ਤੱਕਿਆ :
ਚੁੱਲ੍ਹੇ 'ਚ ਬਲਦੀ ਅੱਗ ਦੀ
ਉੱਚੀ ਗਰਮ ਲਾਟ
ਇਕ ਦਮ ਅਚਾਨਕ
ਸਰਦ ਹੋ ਕੇ ਜੰਮ ਗਈ !
ਤੌੜੀ 'ਚੋਂ ਉੱਡਦੀ ਭਾਫ਼,
ਬਰਫ਼ ਦੀ ਤਲਵਾਰ ਜਿਹੀ ਬਣ ਗਈ !
ਤੇ ਉਸਦੀ ਦੇਹ ਹੰਭ ਗਈ।

ਸੂਰਜ ਛੁਪ ਰਿਹਾ ਸੀ,
ਪੱਛਮ ਦੀ ਸੁਰਖ਼ ਅੱਗ,
ਠੰਡੇ ਅੰਗਾਰਿਆਂ ਦੀ ਫੁਲਝੜੀ ਜਿਹੀ ਜਾਪਦੀ ਸੀ।
ਉਸਦਾ ਸਾਹ ਸਤਿ ਸੂਤਿਆ ਗਿਆ,
ਉਹ ਭੁੰਜੇ ਢਹਿ ਪਿਆ।

ਉਸ ਨੇ ਆਪਣੇ ਘਰ ਦੀ ਖੁੱਲ੍ਹੀ ਛੱਤ ਵਲੋਂ
ਨਿਗਾਹਾਂ ਫੇਰ ਕੇ
ਪੀਪੇ ਦੀ ਥਲੜੀ ਤਹਿ ਨੂੰ ਢਕ ਰਹੇ
ਆਟੇ ਨੂੰ ਬਿੰਦ ਕੁ ਘੂਰਿਆ
ਤੇ ਫਿਰ
ਜ਼ੋਰਾਵਰਾਂ ਦਾ ਇਹ ਕਾਮਾਂ,
ਨੀਵੀਂ ਨਜ਼ਰ ਨਾਲ
ਜ਼ੋਰਾਵਰਾਂ ਦੇ ਘਰ ਨੂੰ ਆਪਣੀ
ਰੋਟੀ ਲੈਣ ਦੇ ਲਈ ਤੁਰ ਪਿਆ !

**2.**
ਦੂਸਰੇ ਦਿਨ !
ਤੀਸਰੇ ਦਿਨ !!
ਫਿਰ ਕਈ ਦਿਨ !!!
ਇੰਝ ਹੀ ਫ਼ਸਲ ਮਿੱਧੀ ਗਈ
ਪੱਤੇ ਖੜਕੇ ਤੇ ਇਕ ਇਕ ਕਰਕੇ
ਉਸਦੀਆਂ ਧੀਆਂ ਦੀਆਂ ਫਟੀਆਂ ਲੀਰਾਂ
ਸੁਹਣੇ ਭੋਛਣਾਂ ਵਿਚ ਬਦਲ ਗਈਆਂ।
ਉਨ੍ਹਾਂ ਦੇ ਖੁੱਸੇ ਖ਼ੁਸ਼ਕ ਵਾਲਾਂ ਦੀਆਂ ਗੁੰਝਲਾਂ
ਸ਼ੂਕਦੇ ਨਾਗ ਬਣ ਗਈਆਂ।

ਸੱਖਣੇ ਪੀਪੇ ਦੇ ਮੂੰਹ 'ਚੋਂ
ਲਪ ਲਪ ਉਛਲਿਆ ਆਟਾ :
ਇਸ ਤਰ੍ਹਾਂ
ਉਹਦੇ ਘਰ ਦਾ ਨਕਸ਼ਾ ਬਦਲ ਗਿਆ !

ਹੁਣ ਉਸਦੇ ਘਰ
ਲਾਗਲੇ ਕਸਬੇ ਦੇ ਖ਼ੁਸ਼ਪੋਸ਼
ਲੋਕ ਆਉਂਦੇ ਹਨ।
ਹੁਣ ਉਸ ਦੀਆਂ ਧੀਆਂ
ਕਦੇ ਪੈਦਲ ਨਹੀਂ ਜਾਂਦੀਆਂ !
ਹੁਣ ਉਹ ਜ਼ੋਰਾਵਰਾਂ ਦਾ ਕਾਮਾਂ ਨਹੀਂ,
ਕਮਾਊ ਧੀਆਂ ਦਾ ਬਾਪ ਹੈ !

ਪਰ ਸ਼ਾਮ ਵੇਲੇ—
ਸੂਰਜ ਛੁਪਣ ਤੋਂ ਬਾਅਦ ਜਦ
ਸੁਰਖ਼ੀ ਸਿਆਹੀ ਵਿਚ ਬਦਲ ਜਾਂਦੀ ਹੈ,
ਛਿਣ ਦੀ ਛਿਣ—
ਉਸਦੇ ਗੁੱਸੇ ਤੇ ਇਕ ਉਮਰ ਆ ਕੇ ਢਲ ਜਾਂਦੀ ਹੈ !!

**"ਮੇਰੀ ਕਹਾਣੀ" (2006)**
(ਕਾਵਿ-ਸੰਗ੍ਰਹਿ : "ਮੌਨ ਹਾਦਸੇ" (1967) ਤੇ
"ਅਕੱਥ ਕਥਾ" (1988) ਅਤੇ
ਕਹਾਣੀ-ਸੰਗ੍ਰਹਿ : "ਕੰਪਿਊਟਰ ਕਲਚਰ" (1985) ਵਿਚ ਸ਼ਾਮਿਲ)

# ਇਸ ਕਹਾਣੀ ਸੰਗਹਿ ਵਿਚ ਸ਼ਾਮਿਲ ਪੁਸਤਕਾਂ/ਕਹਾਣੀਆਂ : ਆਲੋਚਕਾਂ ਦੀ ਨਜ਼ਰ ਵਿਚ



ਡਾ. ਗੁਰਜੰਟ ਸਿੰਘ, ਡਾ. ਅਰਵਿੰਦਰ ਕੌਰ, ਇਲਿਆਸ ਘੁੰਮਣ, ਡਾ. ਵਨੀਤਾ,
ਡਾ. ਪੁਸ਼ਵਿੰਦਰ (ਖੋਖਰ), ਮਨਜੀਤ ਮੀਤ (ਕੈਨੇਡਾ), ਡਾ. ਸੁਤਿੰਦਰ ਸਿੰਘ ਨੂਰ,
ਡਾ. ਧਰਮਪਾਲ ਸਿੰਗਲ, ਡਾ. ਜਗਦੀਸ਼ ਕੌਰ ਵਾਡੀਆ, ਡਾ. ਸਰਬਜੀਤ ਕੌਰ ਸੰਧਾਵਾਲੀਆ,
ਡਾ. ਰੌਸ਼ਨ ਲਾਲ ਆਹੂਜਾ, ਓਮ ਪ੍ਰਕਾਸ਼ ਗਾਸੋ, ਕੁਲਵੰਤ ਸਿੰਘ ਵਿਰਕ, ਦੇਵਿੰਦਰ ਸਤਿਆਰਥੀ,
ਡਾ. ਕੁਲਬੀਰ ਸਿੰਘ ਕਾਂਗ, ਈਸ਼ਰ ਸਿੰਘ ਅਟਾਰੀ, ਡਾ. ਰਜਨੀ ਰਾਣੀ, ਡਾ. ਅਕਾਲ ਅੰਮ੍ਰਿਤ ਕੌਰ

# ਬ੍ਰਹਮੰਡੀ ਚੇਤਨਾ ਦਾ ਕਹਾਣੀਕਾਰ

ਪੰਜਾਬੀ ਸਾਹਿਤ ਸਿਰਜਣਧਾਰਾ ਵਿਚ, ਪਰਵਾਸੀ ਪੰਜਾਬੀ ਕਥਾ ਸਿਰਜਣਾ ਵਿਚ ਅਤੇ ਬਦੇਸ਼ੀ ਪੰਜਾਬੀ ਸਾਹਿਤ ਸਿਰਜਣਾ ਦੇ ਖੇਤਰ ਵਿਚ ਰਵਿੰਦਰ ਰਵੀ ਇਕ ਅਜਿਹਾ ਨਾਂ ਹੈ, ਜਿਸ ਨੇ ਕਹਾਣੀ ਰਚਨਾ ਦੇ ਪ੍ਰਸੰਗ ਵਿਚ ਤਕਨੀਕ ਦੀ ਪੱਧਰ 'ਤੇ, ਵਿਚਾਰਧਾਰਾਈ ਪੱਧਰ 'ਤੇ, ਪਾਤਰ ਦੀ ਪੱਧਰ 'ਤੇ, ਸੰਵਾਦ ਦੀ ਪੱਧਰ 'ਤੇ, ਬ੍ਰਿਤਾਂਤ ਦੀ ਪੱਧਰ 'ਤੇ ਅਤੇ ਗਲਪ ਦ੍ਰਿਸ਼ਟੀ ਦੀ ਪਰਿਪੇਖ ਤੋਂ ਅਤਿ ਨਵੀਨ ਤਜਰਬੇ ਕੀਤੇ ਹਨ। ਇਹਨਾਂ ਤਜ਼ਰਬਿਆਂ ਵਿਚ ਵਿਸ਼ਿਆਂ ਤੇ ਸਮੱਸਿਆਵਾਂ ਦੀ ਨੂਤਨਤਾ ਦਾ ਕਾਰਨ ਉਸ ਦਾ ਵਿਸ਼ਾਲ ਅਧਿਐਨ ਤੇ ਸਫ਼ਰੀ ਸੁਭਾਅ ਹੈ, ਜਿਸ ਦੇ ਅੰਤਰਗਤ ਉਸ ਦੀਆਂ ਨਿਰੰਤਰ ਯਾਤਰਾਵਾਂ ਨੇ ਉਸ ਨੂੰ ਸਭਿਆਚਾਰਕ ਅੰਤਰ ਸਭਿਆਚਾਰਕ ਤੇ ਪਾਰ ਸਭਿਆਚਾਰਕ ਬਿੰਦੂਆਂ ਤੇ ਤਜਰਬਿਆਂ ਨਾਲ ਜੋੜਿਆ ਹੈ। ਸਿੱਟੇ ਵਜੋਂ ਉਸ ਦੀਆਂ ਕਹਾਣੀਆਂ ਵਿਚ ਪ੍ਰਸਤੁਤ ਮਾਨਵੀ ਸੰਬੰਧ, ਬੜੀਆਂ ਦਲੇਰ ਤੇ ਦਾਰਸ਼ਨਿਕ ਸਮੀਕਰਨਾਂ ਪੇਸ਼ ਕਰਦੇ ਹਨ। ਇਹ ਸਮੀਕਰਨਾਂ ਪੰਜਾਬੀ ਕਥਾ ਸਾਹਿਤ ਦੇ ਘੇਰੇ ਨੂੰ ਹੋਰ ਵਸੀਹ ਕਰਦੀਆਂ ਹਨ, ਉਸ ਦੀਆਂ ਕਹਾਣੀਆਂ ਦੇ ਪਾਤਰ ਸਭਿਆਚਾਰ ਨੂੰ ਚੁਣੌਤੀ ਹੀ ਨਹੀਂ ਦਿੰਦੇ ਸਗੋਂ ਨਵੇਂ ਦਿਸਹੱਦਿਆਂ ਦੀ ਤਲਾਸ਼ ਵਿਚ ਵੀ ਜੋੜਦੇ ਹਨ। ਇਹੋ ਕਾਰਨ ਹੈ ਕਿ ਉਸ ਦੇ ਪਾਤਰ ਇਸਤਰੀ ਤੇ ਪੁਰਸ਼ ਦੇ ਸਮਰੂਪ ਤੇ ਸਮਾਨੰਤਰ ਰਹਿੰਦੇ ਹੋਏ ਕੇਵਲ ਮਨੁੱਖ ਵਜੋਂ ਪੇਸ਼ ਕੀਤੇ ਜਾਂਦੇ ਹਨ, ਪਰੰਪਰਕ ਦ੍ਰਿਸ਼ਟੀ ਤੋਂ ਇਸਤਰੀ ਨੂੰ ਛੁਟਿਆ ਕੇ ਪੇਸ਼ ਕਰਦੀ ਪ੍ਰਵਿਰਤੀ, ਰਵੀ ਦੀ ਕਹਾਣੀ ਰਚਨਾ ਵਿਚੋਂ ਢੂੰਡਣੀ ਮੁਸ਼ਕਲ ਹੈ।

ਰਵਿੰਦਰ ਰਵੀ ਪਰਵਾਸੀ ਪੰਜਾਬੀ ਸਾਹਿਤ ਵਿਚ ਇਕ "ਅਜਿਹਾ ਚਰਚਿਤ ਲੇਖਕ ਹੈ ਜਿਸ ਨੇ ਪਰਵਾਸੀ ਪੰਜਾਬੀ ਜੀਵਨ, ਦਰਸ਼ਨ ਤੇ ਸਭਿਆਚਾਰ ਦੀਆਂ ਸੀਮਾਵਾਂ ਨੂੰ ਉਲੰਘ ਕੇ ਬ੍ਰਹਿਮੰਡੀ ਚੇਤਨਾ ਦੇ ਰਾਹੀਂ ਇਕ ਅਜਿਹੇ ਮਨੁੱਖ ਦੀ ਸਿਰਜਣਾ 'ਤੇ ਬਲ ਦਿੱਤਾ ਹੈ ਜੋ ਘਰ, ਦੇਸ਼, ਸਭਿਆਚਾਰ, ਰਾਜਨੀਤੀ ਤੇ ਸੌੜੇ ਆਰਥਿਕ ਹਿਤਾਂ ਨੂੰ ਉਲੰਘ ਕੇ ਇਕ ਅਜਿਹੇ ਮਨੁੱਖ ਦੀ ਸਿਰਜਣਾ ਕਰਨ ਵੱਲ ਰੁਚਿਤ ਹੈ ਜਿਸ ਦੀ ਪਹਿਚਾਣ ਬਾਹਰੀ ਸਰੋਕਾਰਾਂ ਕਰਕੇ ਨਹੀਂ ਸਗੋਂ ਉਸ ਦੇ ਸੁਤੰਤਰ ਵਿਅਕਤਿਤਵ ਅਤੇ ਅਸੀਮਤ ਮਨੁੱਖੀ ਚੇਤਨਾ ਨੂੰ ਪ੍ਰਨਾਏ ਹੋਏ ਵਿਸ਼ਵ ਚੇਤਨਾ ਦੇ ਅਨੁਸਾਰੀ ਮਨੁੱਖ ਦੀ ਪ੍ਰਸਤੁਤੀ ਉਤੇ ਟਿਕੀ ਹੋਈ ਹੈ। ਮੂਲ ਰੂਪ ਵਿਚ ਉਹ ਇਸਤਰੀ ਤੇ ਪੁਰਸ਼ ਨੂੰ ਦੋ ਬਰਾਬਰ ਦੇ ਇਨਸਾਨ ਮੰਨ ਕੇ ਜੀਵਨ ਦੇ ਵਿਹਾਰਕ ਦ੍ਰਿਸ਼ ਨੂੰ ਜੀਵੰਤ ਰੂਪ ਵਿਚ ਅੰਗੀਕਾਰ ਕਰਨ 'ਤੇ ਬਲ ਦਿੰਦਾ ਹੈ। ਏਹੋ ਕਾਰਨ ਹੈ ਕਿ ਉਸਦੀਆਂ ਕਹਾਣੀਆਂ ਜੱਟਿਲ ਪਰ ਨਿਵੇਕਲੇ ਪ੍ਰਤੀਕ-ਪ੍ਰਬੰਧ, ਨਵੀਨ ਬਿੰਬ-ਯੋਜਨਾ ਅਤੇ ਅਤਿ ਆਧੁਨਿਕ ਮਾਨਵੀ ਸਮੱਸਿਆਵਾਂ ਨਾਲ ਜੁੜੀਆਂ ਨਜ਼ਰ ਆਉਂਦੀਆਂ ਹਨ।"

**-ਡਾ. ਗੁਰਜੰਟ ਸਿੰਘ**

ਪੁਸਤਕ : ਰਵਿੰਦਰ ਰਵੀ ਦੀ ਕਹਾਣੀ (ਸੱਭਿਆਚਾਰਕ ਪਰਿਪੇਖ) ਪੰਨਾ 102

ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਭਾਰਤ-2009

# ਪੂਰਨ ਸੁਤੰਤਰਤਾ ਦਾ ਕਹਾਣੀਕਾਰ ਰਵਿੰਦਰ ਰਵੀ

ਜੋਗਿੰਦਰ ਸਿੰਘ ਨਹਿਰੂ ਦਾ ਕਥਨ ਹੈ ਕਿ "ਰਵਿੰਦਰ ਰਵੀ ਇਕ ਪ੍ਰੌਢ ਲੇਖਕ, ਆਧੁਨਿਕ ਚੇਤਨਾ ਨਾਲ ਵਰੋਸਾਇਆ ਬਹੁ-ਅਨੁਭਵੀ ਸਾਹਿਤਕਾਰ ਹੈ। ਪੜ੍ਹਿਆ-ਲਿਖਿਆ ਅਤੇ ਪੇਸ਼ੇ ਵਜੋਂ ਇਕ ਅਧਿਆਪਕ ਹੋਣ ਕਰਕੇ, ਉਹ ਪੱਛਮੀ ਸਭਿਆਚਾਰ ਅਤੇ ਉਸਦੀਆਂ ਕਦਰਾਂ-ਕੀਮਤਾਂ ਨੂੰ ਆਪਣੇ ਅਨੁਭਵ ਦੇ ਪੱਧਰ ਤੇ ਕਾਫੀ ਨੇੜਿਓਂ ਵੇਖ ਚੁੱਕਾ ਹੈ। ਉਹ ਦੋਵਾਂ ਸਭਿਆਚਾਰਾਂ ਵਿਚ ਬਰਾਬਰ ਦੇ ਪੈਰ ਰੱਖ ਕੇ ਚੱਲਣ ਵਾਲਾ ਸਾਹਿਤਕਾਰ ਹੈ। ਪੱਛਮੀ ਸਭਿਅਤਾ ਤੇ ਸੰਸਕ੍ਰਿਤੀ ਨੇ ਉਸ ਦੇ ਮਾਨਸਿਕ ਤੇ ਬੌਧਿਕ ਖਿਤਿਜ ਨੂੰ ਕਾਫੀ ਵਿਸ਼ਾਲਤਾ ਦਿੱਤੀ ਹੈ। ਉਸ ਦੀ ਚੇਤਨਾ-ਬੁੱਧ ਸਾਹਿਤਕ-ਪ੍ਰਤਿਭਾ ਅਤੇ ਹੰਢਾਏ ਨਿੱਗਰ ਅਨੁਭਵ ਨੇ, ਉਸ ਵਿਚ ਅਜਿਹੀ ਤੀਖਣ ਚੇਤਨਾ ਨੂੰ ਜਨਮ ਦਿੱਤਾ ਹੈ ਜਿਸ ਨਾਲ ਉਹ ਪੱਛਮੀ ਸਭਿਆਚਾਰ ਦੇ ਅੰਦਰ-ਬਾਹਰ ਚੰਗੀ ਤਰ੍ਹਾਂ ਝਾਤੀ ਮਾਰਨ ਦੇ ਸਮਰੱਥ ਹੋ ਸਕਿਆ ਹੈ।"

ਰਵਿੰਦਰ ਰਵੀ ਪ੍ਰਯੋਗਵਾਦੀ ਕਵਿਤਾ ਦੀ ਧਾਰਾ ਨਾਲ ਵੀ ਜੁੜਿਆ ਰਿਹਾ ਹੈ। ਸਮਾਂ ਪਾ ਕੇ ਪ੍ਰਯੋਗਵਾਦੀ ਕਵਿਤਾ ਇਤਿਹਾਸ ਦਾ ਹਿੱਸਾ ਬਣ ਜਾਂਦੀ ਹੈ। ਪਰੰਤੂ ਰਵਿੰਦਰ ਰਵੀ ਕਹਾਣੀ ਦੇ ਖੇਤਰ ਵਿਚ ਲਗਾਤਾਰ ਪ੍ਰਯੋਗ ਕਰਦਾ ਰਹਿੰਦਾ ਹੈ। ਇਹਨਾਂ ਪ੍ਰਯੋਗਾਂ ਕਾਰਨ ਹੀ ਅੱਜ ਤੱਕ ਪੰਜਾਬੀ ਕਹਾਣੀ ਦੇ ਖੇਤਰ ਵਿਚ ਚਰਚਾ ਦਾ ਵਿਸ਼ਾ ਬਣਿਆ ਆ ਰਿਹਾ ਹੈ। ਵਿਸ਼ਾਲ ਅਨੁਭਵ ਕਾਰਨ ਉਸ ਦੀ ਕਹਾਣੀ ਦੇ ਵਿਸ਼ੇ ਬਹੁ-ਭਾਂਤੀ ਹੁੰਦੇ ਹਨ। ਬਿਰਤਾਂਤਕ ਪ੍ਰਯੋਗਾਂ ਕਾਰਨ ਇਹਨਾਂ ਵਿਸ਼ਿਆਂ ਨੂੰ ਨਵੀਂ ਸ਼ੈਲੀ ਮਿਲਦੀ ਹੈ। ਰਵਿੰਦਰ ਰਵੀ ਦੀ ਕਹਾਣੀ ਦਾ ਤੀਸਰਾ ਪੱਖ ਉਸ ਦਾ ਦ੍ਰਿਸ਼ਟੀਕੋਣ ਹੈ। ਇਸ ਦ੍ਰਿਸ਼ਟੀਕੋਣ ਅਨੁਸਾਰ ਉਹ ਸਮੁੱਚੀ ਮਾਨਵਤਾ ਦੇ ਪੱਧਰ 'ਤੇ ਇਕ ਦਾਰਸ਼ਨਿਕ ਵਜੋਂ ਵਿਚਰਦਾ ਦਿਖਾਈ ਦਿੰਦਾ ਹੈ। ਬਲਦੇਵ ਸਿੰਘ ਧਾਲੀਵਾਲ ਅਨੁਸਾਰ, "ਕੀਨੀਆ ਤੋਂ ਪਿੱਛੋਂ ਕੈਨੇਡਾ ਵਿਚ ਆ ਵਸਿਆ ਰਵਿੰਦਰ ਰਵੀ ਆਪਣੇ ਬ੍ਰਹਿਮੰਡਕ ਚੇਤਨਾ ਦੇ ਸੰਕਲਪ ਤੋਂ ਪ੍ਰਭਾਵਿਤ ਹੋ ਕੇ ਇਕ ਅਜਿਹੇ ਆਦਰਸ਼ਕ ਮਨੁੱਖ ਦੀ ਪਰਿਕਲਪਨਾ ਕਰਦਾ ਹੈ ਜਿਹੜਾ ਰੰਗਾਂ, ਧਰਮਾਂ, ਨਸਲਾਂ ਤੇ ਭਾਸ਼ਾਵਾਂ ਦੇ ਵਿਤਕਰਿਆਂ ਤੋਂ ਉਪਰ ਉੱਠ ਕੇ ਜੀਊਣ ਦੀ ਚੇਸ਼ਟਾ ਕਰਦਾ ਹੈ। ਇਸ ਤਰ੍ਹਾਂ ਉਹ ਇਕ ਔਸਤਨ ਵਿਸ਼ਵ ਮਨੁੱਖ ਦੀ ਸਿਰਜਣਾ ਕਰਨਾ ਚਾਹੁੰਦਾ ਹੈ।" ਰਵਿੰਦਰ ਰਵੀ ਦੇ ਆਦਰਸ਼ਕ ਮਨੁੱਖ ਪ੍ਰਤੀ ਇਹੋ ਜਿਹੇ ਵਿਚਾਰ ਉਸ ਦੀ ਕਹਾਣੀ 'ਜਿੱਥੇ ਦੀਵਾਰਾਂ ਨਹੀਂ' ਰਾਹੀਂ ਪੇਸ਼ ਹੁੰਦੇ ਹਨ, ਜਿਸ ਦਾ ਜ਼ਿਕਰ ਅਸੀਂ ਅਗਾਂਹ ਜਾ ਕੇ ਕਰਾਂਗੇ।

ਰਵਿੰਦਰ ਰਵੀ ਦੀ ਕਹਾਣੀ ਦੀ ਵਸਤੂ, ਬਿਰਤਾਂਤ ਅਤੇ ਦ੍ਰਿਸ਼ਟੀ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਹਰਚੰਦ ਸਿੰਘ ਬੇਦੀ ਨੇ ਬੜੇ ਸਾਰਥਕ ਵਿਚਾਰ ਪੇਸ਼ ਕੀਤੇ ਹਨ, ਉਸ ਦਾ ਵਿਚਾਰ ਹੈ, "ਉਸ ਦੀ ਦ੍ਰਿਸ਼ਟੀ ਦੀ ਪ੍ਰਕਿਰਤੀ ਸੁਤੰਤਰ ਤੇ ਸੁਭਾਅ ਪ੍ਰਯੋਗਆਤਮਕ ਹੈ। ਉਸ ਦੀ ਹਰ ਨਵੀਂ ਪੁਸਤਕ ਵਿਚ ਰੂਪ-ਰਚਨਾ ਦੇ ਪੱਧਰ 'ਤੇ ਅਤੇ ਵਿਚਾਰਧਾਰਾਈ ਵਿਵਿਧਤਾ ਦੇ ਪੱਧਰ ਤੇ ਨਵੇਂ ਤਜਰਬੇ ਦੀ ਜ਼ਰਖੇਜ਼ ਭੂਮੀ ਨਜ਼ਰ ਆਉਂਦੀ ਹੈ। ਉਸ ਦੇ ਸੰਸਾਰ ਭ੍ਰਮਣ ਦੇ ਅਨੁਭਵ, ਅੰਤਰ-ਸਭਿਆਚਾਰਕ ਆਦਾਨ-ਪ੍ਰਦਾਨ ਦੇ ਅਨੁਭਵ, ਆਜ਼ਾਦੀ ਦੀ

ਪ੍ਰਵਿਰਤੀ ਅਤੇ ਆਜ਼ਾਦੀ ਪ੍ਰਾਪਤੀ ਦੀ ਦਿਸ਼ਾ ਵੱਲ ਵੱਧ ਰਿਹਾ ਮਨੁੱਖ ਆਪਣੇ ਆਪ ਲਈ ਆਪੇ ਸੀਮਾਵਾਂ, ਸਰਹੱਦਾਂ, ਗੁਲਾਮੀ ਤੇ ਸੀਮਾਵਰਤੀ ਜਾਲ ਸਿਰਜ ਲੈਂਦਾ ਹੈ ਤੇ ਫਿਰ ਆਪੇ ਤੋੜ ਕੱਢਣ ਵਿਚ ਰੁੱਝ ਜਾਂਦਾ ਹੈ। ਨਿਰਸੰਦੇਹ ਇਹ ਮਾਨਵੀ ਵਿਕਾਸ ਦੀ ਹੀ ਪ੍ਰਕਿਰਿਆ ਹੈ, ਜੋ ਸੰਗਠਨ ਤੋਂ ਵਿਗਠਨ ਤੇ ਵਿਗਠਨ ਤੋਂ ਪੁਨਰ ਸੰਗਠਨ ਵੱਲ ਯਾਤਰਾ ਕਰਦੀ ਰਹਿੰਦੀ ਹੈ।"

ਵਿਚਾਰਧਾਰਕ ਤੌਰ ਤੇ ਸੰਤ ਸਿੰਘ ਸੇਖੋਂ ਨੇ ਰਵਿੰਦਰ ਰਵੀ ਨੂੰ ਪ੍ਰਗਤੀਵਾਦ ਦੀ ਆਤਮਾ ਤੋਂ ਦੂਰ ਨਹੀਂ ਮੰਨਿਆ। ਭਾਵੇਂ ਉਹ ਇਹ ਵੀ ਮੰਨਦਾ ਹੈ ਕਿ ਪਿਛਲੀਆਂ ਕਹਾਣੀਆਂ ਵਿਚ ਰਵਿੰਦਰ ਰਵੀ ਬਾਹਰੀ ਆਰਥਿਕ ਦਸ਼ਾ ਦਾ ਪ੍ਰਗਟਾਅ ਕਰਨ ਦੀ ਥਾਂ ਮਨੁੱਖ ਦੇ ਅੰਦਰਲੇ ਪਾਪ ਤੇ ਰੋਗ ਵੱਲ ਵਧੇਰੇ ਰੁਚਿਤ ਹੋ ਜਾਂਦਾ ਹੈ। ਸੰਤ ਸਿੰਘ ਸੇਖੋਂ ਦੇ ਆਪਣੇ ਸ਼ਬਦਾਂ ਵਿਚ, "ਰਵੀ ਦੀ ਕਹਾਣੀ ਪ੍ਰਗਤੀਵਾਦ ਦੀ ਆਤਮਾ ਤੋਂ ਦੂਰ ਨਹੀਂ ਜਾਂਦੀ। ਉਹ ਇਸ ਵਿਚ ਕੁਝ ਨਵੇਂ ਅੰਸ਼ ਵਧਾਉਂਦਾ ਹੈ ਜਿਸ ਉੱਤੇ ਆਧੁਨਿਕ ਅਸਤਿਤਵਵਾਦੀ ਚੇਤਨਾ ਦਾ ਪ੍ਰਭਾਵ ਹੈ। ਮੁੱਖ ਰੂਪ ਵਿਚ ਰਵੀ ਦੀ ਕਹਾਣੀ ਵਿਚ ਹਾਲੀਂ ਵੀ ਨਾਇਕ ਦਾ ਸਥਾਨ ਸਾਧਾਰਨ ਮਨੁੱਖ ਨੂੰ ਹੀ ਦਿੱਤਾ ਜਾਂਦਾ ਹੈ। ਜੋ ਆਪਣੇ ਜੀਵਨ ਵਿਚ ਸਮਾਜ ਦੇ ਆਰਥਿਕ ਅਨਿਆਇ ਦਾ ਸ਼ਿਕਾਰ ਹੈ, ਉਹ ਹੁਣ ਵੀ ਆਪਣੇ ਆਪ ਨੂੰ ਇਸ ਸ਼ੋਸ਼ਿਤ ਵਰਗ ਨਾਲ ਇਕ ਆਤਮਾ ਬਣਾ ਸਕਦਾ ਹੈ, ਪਰ ਹੁਣ ਉਸ ਦਾ ਧਿਆਨ ਬਹੁਤ ਵਾਰੀ ਮਾਨਵ ਦੀ ਸਮਾਜਿਕ ਅਤੇ ਆਰਥਿਕ ਦਸ਼ਾ ਵਲੋਂ ਹੱਟ ਕੇ ਉਸ ਦੇ ਅੰਦਰਲੇ ਪਾਪ ਤੇ ਰੋਗ ਵੱਲ ਜਾਂਦਾ ਹੈ। ਇਹ ਪ੍ਰਕਿਰਤੀਵਾਦ ਉਸ ਦਾ ਅਸਤਿਤਵਾਦ ਵੱਲ ਝੁਕਾਅ ਦਾ ਫਲਸਰੂਪ ਹੈ।"

**–ਡਾ. ਅਰਵਿੰਦਰ ਕੌਰ**

ਪੁਸਤਕ : ਕੈਨੇਡਾ ਦੇ ਪ੍ਰਮੁੱਖ ਕਹਾਣੀਕਾਰ, ਪੰਨੇ 22–23

ਪ੍ਰਕਾਸ਼ਕ : ਪੰਜ ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਹਾਲ, ਜਲੰਧਰ–2015

# ਰਵਿੰਦਰ ਰਵੀ ਦਾ ਕਹਾਣੀ-ਸੰਗ੍ਰਹਿ : ਖੰਭਾਂ ਵਾਲੇ ਪਿੰਜਰੇ

ਰਵਿੰਦਰ ਰਵੀ ਨੇ ਆਪਣਾ ਜੀਵਨ ਪੰਜਾਬੀ ਸਾਹਿਤ ਦੀ ਸਿਰਜਣਾ ਦੇ ਨਾਂ ਕੀਤਾ ਹੋਇਆ ਏ। ਸ਼ਾਇਰੀ ਹੋਵੇ, ਨਾਟਕ ਹੋਵੇ ਜਾਂ ਪੰਜਾਬੀ ਕਹਾਣੀ ਹੋਵੇ, ਉਹਨੇ ਸਾਹਿਤ ਦੇ ਹਰ ਖੇਤਰ ਨੂੰ ਆਪਣੀਆਂ ਸੋਹਣੀਆਂ ਮਨ ਮੋਹਣੀਆਂ ਰਚਨਾਵਾਂ ਨਾਲ ਮਾਲਾਮਾਲ ਕੀਤਾ ਏ। ਆਪਣੇ ਸਾਹਿਤਕ ਸਰਮਾਏ ਵਲੋਂ ਉਹਦਾ ਖਾਤਾ ਪਰਵਾਸੀ ਪੰਜਾਬੀ ਲੇਖਕਾਂ ਵਿੱਚੋਂ ਤਾਂ ਵਡੇਰਾ ਹੈ ਈ ਏ, ਪਾਕਿ-ਭਾਰਤ ਵਿਚ ਵੀ ਉਹਦਾ ਨਾਂਅ ਇਸ ਪੱਖੋਂ ਅਗੇਰੇ ਰਹਿਣ ਵਾਲੇ ਕਲਮਕਾਰਾਂ ਵਿਚ ਵੀ ਲਿਆ ਜਾਂਦਾ ਏ।

ਪਾਕਿਸਤਾਨ ਵਿਚ ਰਵਿੰਦਰ ਰਵੀ ਦੇ ਦੋ ਕਾਵਿ-ਸੰਗ੍ਰਹਿ "ਗੰਢਾਂ", "ਸ਼ਬਦੋਂ ਪਾਰ" ਅਤੇ ਸਮੁੱਚਾ ਨਾਟਕ "ਮੰਚ ਨਾਟਕ" ਛਪ ਕੇ ਹਰ ਪਾਸੇ ਧੁੰਮਾਂ ਪਾ ਰਹੇ ਨੇਂ। ਕਹਾਣੀ ਸੰਗ੍ਰਹਿ "ਖੰਭਾਂ ਵਾਲੇ ਪਿੰਜਰੇ" ਉਹਦੀ ਉਹ ਚੌਥੀ ਪੁਸਤਕ ਏ ਜਿਹੜੀ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਵਿਭਾਗ, ਲਾਹੌਰ (ਪੰਜਾਬ) ਵਲੋਂ ਪ੍ਰਕਾਸ਼ਤ ਕੀਤੀ ਗਈ ਏ। ਇਸ ਕਹਾਣੀ ਗ੍ਰੰਥ ਵਿਚ ਰਵਿੰਦਰ ਰਵੀ ਦੇ ਰਚੇ 9 ਕਹਾਣੀ ਪਰਾਗਿਆਂ ਵਿੱਚੋਂ ਲਈਆਂ ਗਈਆਂ ਕਹਾਣੀਆਂ ਇਕ ਥਾਂ ਜੋੜੀਆਂ ਗਈਆਂ ਨੇਂ।

ਰਵਿੰਦਰ ਰਵੀ ਦੀ ਕਹਾਣੀ ਦਾ ਕੈਨਵਸ ਪੂਰੀ ਜਗਤ ਉੱਤੇ ਪਸਰਿਆ ਹੋਇਆ ਏ। ਉਹ ਆਪਣੇ ਜੱਦੀ ਪਿੰਡ ਦੇ ਕਿੱਸੇ ਵੀ ਲਿਖਦਾ ਏ ਅਤੇ ਅਫ਼ਰੀਕਾ, ਯੂਰਪ ਅਤੇ ਅਮਰੀਕਾ, ਕੈਨੇਡਾ ਦੀਆਂ ਮਨ ਖਿੱਚਵੀਆਂ ਕਥਾਵਾਂ ਵੀ ਬਿਆਨ ਕਰਦਾ ਏ। ਉਹਦੀ ਕਹਾਣੀ ਯੁਗ ਦੀ ਕਹਾਣੀ ਏ ਅਤੇ ਉਹਦੇ ਵਿਸ਼ੇ ਵੀ ਕੌਮਾਂਤਰੀ ਪੱਧਰ ਦੇ ਹਨ।

ਮੈਨੂੰ ਪੂਰੀ ਉਮੀਦ ਏ ਕਿ ਪਹਿਲਾਂ ਛੱਪ ਚੁੱਕੀਆਂ ਪੁਸਤਕਾਂ ਵਾਂਗ ਰਵਿੰਦਰ ਰਵੀ ਦੇ ਕਹਾਣੀ ਸੰਗ੍ਰਹਿ "ਖੰਭਾਂ ਵਾਲੇ ਪਿੰਜਰੇ" ਦਾ ਵੀ ਪਾਕਿਸਤਾਨ ਵਿਚਲੇ ਪੰਜਾਬੀ ਪਾਠਕਾਂ ਵਲੋਂ ਭਰਵਾਂ ਸੁਆਗਤ ਕੀਤਾ ਜਾਵੇਗਾ।

ਪੁਸਤਕ : "ਖੰਭਾਂ ਵਾਲੇ ਪਿੰਜਰੇ" (50 ਚੋਣਵੀਆਂ ਕਹਾਣੀਆਂ) ਸ਼ਾਹਮੁਖੀ ਲਿੱਪੀ ਵਿਚ ਪ੍ਰਕਾਸ਼ਤ
ਲੇਖਕ : ਰਵਿੰਦਰ ਰਵੀ, ਪ੍ਰਕਾਸ਼ਨ ਸਾਲ : 2000
ਪ੍ਰਕਾਸ਼ਕ : ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਲਾਹੌਰ ਪਾਕਿਸਤਾਨ

**-ਇਲਿਆਸ ਘੁੰਮਣ**
ਚੇਅਰਮੈਨ, ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਵਿਭਾਗ, ਲਾਹੌਰ

# ਰਵਿੰਦਰ ਰਵੀ ਦੀ ਕਹਾਣੀ 'ਅਨ੍ਹੇਰਾ ਯੂਕਲਿਪਟਸ ਤੇ ਅੱਗ'

**ਡਾ. ਵਨੀਤਾ**

ਰਵਿੰਦਰ ਰਵੀ ਕਵਿਤਾ ਅਤੇ ਕਹਾਣੀ ਦੋਨਾਂ ਦਾ ਰਚੈਤਾ ਹੈ। ਇਸੇ ਲਈ ਉਸ ਦੀ ਕਹਾਣੀ ਵਿਚ ਵੀ ਕਵਿਤਾ ਘੁਲੀ ਮਿਲੀ ਹੁੰਦੀ ਹੈ। ਕੇਵਲ ਕਵਿਤਾ ਹੀ ਨਹੀਂ ਸਗੋਂ ਕਈ ਕਾਵਿ-ਵਿਧੀਆਂ ਵੀ। ਕਵਿਤਾ ਵਾਂਗ ਹੀ ਕਹਾਣੀ ਵਿਚ ਚਿਹਨ ਤੇ ਪ੍ਰਤੀਕ। ਜਿਵੇਂ ਉਹ ਕਵਿਤਾ ਵਿਚ ਪ੍ਰਯੋਗਸ਼ੀਲ ਰਿਹਾ ਹੈ, ਉਸੇ ਤਰ੍ਹਾਂ ਉਹ ਆਪਣੀਆਂ ਕਹਾਣੀਆਂ ਵਿਚ ਵੀ ਪ੍ਰਯੋਗਸ਼ੀਲ ਰਿਹਾ ਹੈ। ਉਸਦੀਆਂ ਕਹਾਣੀਆਂ ਦੀ ਵਿਧੀ ਪਰੰਪਰਕ ਨਹੀਂ ਹੁੰਦੀ।

ਇਸ ਦ੍ਰਿਸ਼ਟੀ ਤੋਂ ਹੀ ਇਸ ਕਹਾਣੀ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇਹ ਕਹਾਣੀ ਮੀਂਹ, ਬੂੰਦਾ-ਬਾਂਦੀ ਜਾਂ ਕਾਫ਼ੀ ਦੇ ਬਾਗ਼ਾਂ ਤੇ ਸੁਰਮਈ ਬੱਦਲਾਂ ਦੇ ਬਿੰਬ ਤੋਂ ਸ਼ੁਰੂ ਹੁੰਦੀ ਹੈ, ਹਨੇਰਾ ਸੰਘਣਾ ਹੋ ਰਿਹਾ ਹੈ, ਪਾਤਰ ਇਸ ਮਾਹੌਲ ਵਿਚ ਬਾਹਰੋਂ ਆਇਆ ਹੈ ਤੇ ਇਕੱਲ ਵਿਚ ਯੂਕਲਿਪਟਸ ਦੀਆਂ ਲੱਕੜਾਂ ਦੀ ਅੱਗ ਸੇਕ ਰਿਹਾ ਹੈ। ਇਨ੍ਹਾਂ ਪ੍ਰਤੀਕਾਂ ਵਿਚੋਂ ਹੀ ਕਹਾਣੀ ਜਾਗਦੀ ਹੈ। ਉਸ ਪਾਤਰ ਦਾ ਅੰਦਰਲਾ ਹਨੇਰਾ ਉਸ ਨੂੰ ਉਸ ਕੁੜੀ ਦੀ ਉਡੀਕ ਨਾਲ ਜੋੜਦਾ ਹੈ, ਜਿਸ ਨਾਲ ਉਹ ਕਈ ਵਾਰ ਹਮਬਿਸਤਰ ਹੋਇਆ ਹੈ ਤੇ 'ਅੱਗ' ਉਸ ਦੀ ਕਾਮਨਾ ਦਾ ਪ੍ਰਤੀਕ ਹੈ।

ਰਵਿੰਦਰ ਰਵੀ ਆਪਣੀ ਕਵਿਤਾ ਵਿਚ ਵੀ ਤੇ ਕਹਾਣੀਆਂ ਵਿਚ ਵੀ ਕਹਾਣੀ ਨੂੰ ਅੱਗੇ ਤੋਰਦਾ ਹੈ ਤੇ ਉਸ ਦੇ ਕਈ ਬੌਧਿਕ ਧਰਾਤਲ ਪੈਦਾ ਕਰਦਾ ਹੈ। ਕਈ ਵਿਰੋਧੀ ਜੁੱਟ ਤੇ ਵਿਰੋਧਾਭਾਸ। ਆਰੰਭ ਵਿਚ ਹੀ ਬਾਹਰਲੇ ਮੌਸਮ ਤੇ ਹਨੇਰੇ ਦਾ ਵਿਰੋਧ ਤੇ ਉਸ ਤੋਂ ਪਿੱਛੋਂ ਉਹ ਪਾਤਰ ਦੇ ਅੰਦਰ ਦੀਆਂ ਪ੍ਰਤੀਧੁਨੀਆਂ ਨੂੰ ਪੇਸ਼ ਕਰਦਾ ਹੈ ਤਾਂ ਇਹ ਕਹਾਣੀ ਉਸਦੀਆਂ ਉਨ੍ਹਾਂ ਅੰਦਰਲੀਆਂ ਪ੍ਰਤੀਧੁਨੀਆਂ 'ਚੋਂ ਬੌਧਿਕ ਧਰਾਤਲ ਤੇ ਹੋਰ ਵਿਰੋਧ ਜੁੱਟ ਜਾਂ ਵਿਰੋਧਾਭਾਸ ਪੈਦਾ ਕਰ ਲੈਂਦੀ ਹੈ। ਪਾਤਰ ਉਸ ਚੰਦਰਭੂਮੀ ਬਾਰੇ ਸੋਚ ਰਿਹਾ ਹੈ, ਜਿਸ 'ਤੇ ਮਨੁੱਖ ਨੇ ਪੈਰ ਰੱਖੇ, ਮੰਗਲ ਗ੍ਰਹਿ 'ਤੇ ਉਸ ਤੋਂ ਅਗੇਰੇ ਬਾਰੇ ਸੋਚਦਾ ਹੈ ਤੇ ਇਸ ਦੇ ਵਿਰੋਧ ਵਿਚ ਉਹ ਉਸ ਔਰਤ ਬਾਰੇ ਸੋਚਦਾ ਹੈ ਜਿਸ ਦੀ ਸ਼ਖ਼ਸੀਅਤ ਵੀ ਇਕ ਗ੍ਰਹਿ ਵਾਂਗ ਹੈ, ਜੋ ਕਦੇ ਪੂਰਾ ਬ੍ਰਹਿਮੰਡ ਵੀ ਬਣ ਜਾਂਦੀ ਹੈ। ਇਸ ਸੋਚ ਵਿੱਚੋਂ ਹੀ ਹੋਰ ਬੌਧਿਕ ਧਰਾਤਲ ਪੈਦਾ ਹੁੰਦਾ ਹੈ। ਉਹ ਜੀਵਨ ਤੇ ਮੌਤ ਬਾਰੇ ਸੋਚ ਰਿਹਾ ਹੈ, ਉਸ ਔਰਤ ਬਾਰੇ ਸੋਚ ਰਿਹਾ ਹੈ। ਇਉਂ ਇਕ ਪਾਸੇ ਉਸ ਦੀ ਉਡੀਕ ਨਾਲ ਜੁੜੀ ਕਾਮਨਾ ਤੇ ਦੂਜੇ ਪਾਸੇ ਦਾਰਸ਼ਨਿਕਤਾ। ਇਉਂ ਵਿਰੋਧ ਇਸ ਦਾਰਸ਼ਨਿਕਤਾ ਤੇ ਕਾਮਨਾ ਵਿਚਾਲੇ ਹੈ, ਜੋ ਇਸ ਕਹਾਣੀ ਵਿਚ ਕੇਵਲ ਇਕ ਵਿਰੋਧ ਨਹੀਂ ਰਹਿੰਦਾ ਸਗੋਂ ਇਕ ਵਿਰੋਧ ਜੁੱਟ ਬਣ ਜਾਂਦਾ ਹੈ। ਇਉਂ ਉਹ ਇਨ੍ਹਾਂ ਵਿਰੋਧਾਂ ਤੇ ਵਿਰੋਧ ਜੁੱਟਾਂ ਦੀ ਇਕ ਲੀਲ੍ਹਾ ਇਸ ਕਹਾਣੀ ਵਿਚ ਜਗਾ ਦਿੰਦਾ ਹੈ। ਇਕ ਪਾਸੇ ਉਸ ਕੁੜੀ ਦਾ ਇਸ ਪਾਤਰ ਨੂੰ ਆਖਣਾ-"ਤੇਰੇ ਕੋਲ ਆ ਕੇ ਇਹ ਅਹਿਸਾਸ ਹੁੰਦਾ ਹੈ ਕਿ ਤੂੰ ਉਸ ਸੱਚ ਨੂੰ ਪਹੁੰਚ ਚੁੱਕਾ ਹੈਂ, ਜਿਥੇ ਆ ਕੇ ਜਿਸਮ ਪਵਿੱਤਰ ਅੰਜੀਲ ਬਣ ਜਾਂਦੇ ਹਨ, ਤਨ ਤੇ ਮਨ ਵਿਚ ਕੋਈ ਅੰਤਰ ਨਹੀਂ ਰਹਿੰਦਾ

ਤੇ ਦੂਜੇ ਪਾਸੇ ਉਦੋਂ ਹੀ ਉਸ ਦਾ ਅੰਦਰਲਾ ਰਾਕਸ਼ਸ਼ ਜਾਗ ਪੈਂਦਾ ਹੈ।" ਵਿਰੋਧ ਪਵਿੱਤਰਤਾ ਅਤੇ ਇਸ ਰਾਕਸ਼ਸ਼ੀ ਕਾਮਨਾ ਦਾ ਹੈ, ਜਿਸ ਦੇ ਪਿੱਛੇ ਉਸ ਕੁੜੀ ਦਾ ਇਕ ਮਨੋਵਿਗਿਆਨਕ ਕਥਨ ਹੈ, ਜਿਸ ਵਿਚ ਉਹ ਉਸ ਨੂੰ ਉਸ ਦਾ ਬੁੜਾਪਾ ਯਾਦ ਕਰਵਾ ਦਿੰਦੀ ਹੈ।

ਇਥੇ ਤੱਕ ਪਹੁੰਚਦਿਆਂ ਇਸ ਕਹਾਣੀ ਦੀ ਵਿਧੀ ਦੀਆਂ ਕੁਝ ਹੋਰ ਗੱਲਾਂ ਸਪੱਸ਼ਟ ਹੋ ਗਈਆਂ ਹਨ। ਕਹਾਣੀ ਚੇਤਨ ਪ੍ਰਵਾਹ ਦੀ ਵਿਧੀ ਨਾਲ ਸੰਬੰਧਤ ਹੈ। ਪਾਤਰ ਉਸ ਕੁੜੀ ਦੀਆਂ ਗੱਲਾਂ ਯਾਦ ਕਰ ਰਿਹਾ ਹੈ, ਪਰ ਉਸ ਨੂੰ ਉਡੀਕ ਰਿਹਾ ਹੈ ਤੇ ਉਸ ਨੂੰ ਵਿਸ਼ਵਾਸ ਹੈ ਕਿ ਉਹ ਜ਼ਰੂਰ ਆਵੇਗੀ। ਰਵੀ ਕੇਵਲ ਇਸ ਚੇਤਨ ਪ੍ਰਵਾਹ ਦੀ ਵਿਧੀ ਨੂੰ ਹੀ ਨਹੀਂ ਵਰਤਦਾ, ਸਗੋਂ ਇਸ ਕਹਾਣੀ ਨੂੰ ਇਕ ਸੁਰੀਅਲਿਸਟ ਕਹਾਣੀ ਵਾਂਗ ਉਸਾਰਦਾ ਹੈ, ਜਿਵੇਂ ਸੁਰੀਅਲਿਸਟ ਕਵਿਤਾ ਵਿਚ ਬਿੰਬਾਂ ਦੀ ਤਰਤੀਬ ਨਹੀਂ ਹੁੰਦੀ, ਇਕ ਸੁਪਨਈ ਅਵਸਥਾ ਹੁੰਦੀ ਹੈ, ਉਸੇ ਤਰ੍ਹਾਂ ਇਹ ਕਹਾਣੀ ਉਸਰਦੀ ਹੈ ਤੇ ਨਾਲ ਹੀ ਇਸ ਕਹਾਣੀ ਵਿਚਲੀਆਂ ਕਈ ਹੋਰ ਮਨੋਵਿਗਿਆਨਕ ਗੁੰਝਲਾਂ ਸਾਹਮਣੇ ਆ ਜਾਂਦੀਆਂ ਹਨ, ਜਿਨ੍ਹਾਂ ਨੂੰ ਉਹ ਮਨੋਵਿਸ਼ਲੇਸ਼ਣੀ ਵਿਧੀ ਵਿਚ ਪੇਸ਼ ਕਰਦਾ ਹੈ, ਜਿਨ੍ਹਾਂ ਦਾ ਅਧਿਐਨ ਅਸੀਂ ਫਰਾਇਡ ਤੇ ਲਾਕਾਂ ਦੇ ਸੰਕੇਤ ਨਾਲ ਕਰ ਸਕਦੇ ਹਾਂ। ਜਦੋਂ ਉਹ ਸ਼ੀਸ਼ੇ ਵਿਚ ਵੇਖਦਾ ਹੈ ਤਾਂ ਉਸ ਨੂੰ ਆਪਣਾ ਚਿਹਰਾ ਇਕ ਬੱਚੇ ਦਾ ਚਿਹਰਾ ਦਿਖਾਈ ਦਿੰਦਾ ਹੈ ਪਰ ਉਹ ਆਪ ਹੀ ਇਹ ਜਾਣਦਾ ਹੈ ਕਿ ਇਹ ਇਕ ਮਾਨਸਿਕ ਗੁੰਝਲ ਦਾ ਪ੍ਰਤੀਕਰਮ ਹੈ। ਉਹ ਜਦੋਂ ਉਸਦੀਆਂ ਛਾਤੀਆਂ ਨੂੰ ਆਪਣੇ ਹੋਂਠ ਲਾਉਂਦਾ ਹੈ ਤਾਂ ਉਸ ਨੂੰ ਆਪਣੀ ਮਾਂ ਦੀਆਂ ਛਾਤੀਆਂ ਯਾਦ ਆ ਜਾਂਦੀਆਂ ਹਨ। ਇਉਂ ਕਹਾਣੀਕਾਰ, ਕਹਾਣੀ ਫਰਾਇਡ ਦੇ ਇਡੀਪਸ ਰਾਹੀਂ ਪੇਸ਼ ਕਰਦਾ ਹੈ, ਪਰ ਉਹ ਇਥੇ ਸਿਰਫ਼ ਇਡੀਪਸ ਰਾਹੀਂ ਹੀ ਗੱਲ ਨਹੀਂ ਕਰ ਰਿਹਾ ਸਗੋਂ ਨਾਲ ਹੀ ਲਾਕਾਂ ਜਾਂ ਹੋਰ ਮਨਵਿਸ਼ਲੇਸ਼ਕਾਂ ਦੇ ਸਿਧਾਂਤਾਂ ਨੂੰ ਵੀ ਵਰਤ ਰਿਹਾ ਹੈ। ਜਦੋਂ ਉਸ ਦੇ ਚਿਹਰੇ 'ਚੋਂ ਆਪਣੀ ਪ੍ਰੇਮਿਕਾ ਦੇ ਚਿਹਰੇ ਦਾ ਝਾਉਲਾ ਵੇਖਦਾ ਹੈ ਤਾਂ ਇਹ ਕੇਵਲ ਇੰਨੀ ਹੀ ਗੱਲ ਨਹੀਂ ਕਿ ਉਹ ਕੁੜੀ ਉਸ ਦੀ ਪ੍ਰੇਮਿਕਾ ਨਹੀਂ ਸਗੋਂ ਕਹਾਣੀਕਾਰ ਮਨੋਵਿਸ਼ਲੇਸ਼ਣ ਦੇ ਖੰਡਿਤ ਸਿਧਾਂਤ ਜਾਂ ਸਪਲਿਟ ਥਿਊਰੀ ਨੂੰ ਵਰਤ ਰਿਹਾ ਹੈ ਜਾਂ ਜਦੋਂ ਉਹ ਸ਼ੀਸ਼ੇ ਵਿਚ ਆਪਣੇ ਚਿਹਰੇ ਨੂੰ ਦੇਖਕੇ ਇਕ ਬੱਚੇ ਦਾ ਚਿਹਰਾ ਕਲਪਦਾ ਹੈ ਤਾਂ ਲਾਕਾਂ ਦੇ 'ਮਿਰਰ ਸਟੇਜ' ਦੇ ਸੰਕਲਪ ਦੀ ਸਿਮਰਤੀ ਜਾਗਦੀ ਹੈ। ਕੇਵਲ ਮਨੋਵਿਗਿਆਨ ਤੇ ਮਨੋਵਿਸ਼ਲੇਸ਼ਣ ਦੀ ਸਿਮਰਤੀ ਇੱਥੋਂ ਤੱਕ ਹੀ ਨਹੀਂ ਸਗੋਂ ਜਦੋਂ ਅਸੀਂ ਕਹਾਣੀ ਦੀਆਂ ਇਹ ਸਤਰਾਂ ਪੜ੍ਹਦੇ ਹਾਂ-"ਸ਼ਰਾਬ ਦੇ ਅੰਨ੍ਹੇ ਨਸ਼ੇ 'ਚ ਜਦ ਵੀ ਉਸ ਨੂੰ ਕੁੱਟਮਾਰ ਕੇ ਰਾਤ ਬੇਹੋਸ਼ੀ 'ਚ ਸੁੱਤਾ ਤਾਂ ਸਵੇਰੇ ਆਪਣੇ ਹੋਂਠ ਉਸਦੀਆਂ ਛਾਤੀਆਂ 'ਤੇ ਹੀ ਪਾਏ ਤੇ ਨਾਲ ਹੀ ਉਸ ਦੀ ਇਕ ਅੱਤ ਪਿਆਰੀ ਮੁਸਕਾਨ, ਜਿਵੇਂ ਉਹ ਮੇਰੀ ਇਸ ਨਿਰਦਈ ਹਰਕਤ ਨੂੰ ਵੀ ਇਕ ਸ਼ਰਾਰਤੀ ਬੱਚੇ ਦੀ ਸ਼ਰਾਰਤ ਤੋਂ ਵੱਧ ਹੋਰ ਕੁਝ ਨਾ ਸਮਝਦੀ ਹੋਵੇ। "ਮੈਨੂੰ ਇੱਕੋ ਵਾਰ ਹੀ ਉਸ ਦੀ ਇਸ ਅਦਾ ਤੇ ਗ਼ੁੱਸਾ ਵੀ ਆਉਂਦਾ ਹੈ ਤੇ ਪਿਆਰ ਵੀ। ਮੇਰੀ ਨਜ਼ਰ ਸਾਹਵੇਂ ਮੇਰੀ ਪ੍ਰੇਮਿਕਾ ਦਾ ਚਿਹਰਾ ਤੇ ਮੇਰੇ ਹੋਠਾਂ ਦੇ ਵਿਚ ਮੇਰੀ ਮਾਂ ਦੀਆਂ ਛਾਤੀਆਂ।"

ਇਨ੍ਹਾਂ ਸਤਰਾਂ ਵਿਚ ਕਈ ਗੱਲਾਂ ਘੁਲੀਆਂ-ਮਿਲੀਆਂ ਹੋਈਆਂ ਹਨ। ਪਹਿਲੀ ਸਤਰ ਵਿਚ ਪਾਤਰ ਦਾ ਸੈਡਿਸਟ ਵਿਹਾਰ ਤੇ ਜਦੋਂ ਸਵੇਰੇ ਉਸੇ ਕੁੜੀ ਦੇ ਹੋਠਾਂ ਤੇ ਪਿਆਰੀ ਮੁਸਕਾਨ ਹੈ ਤੇ ਉਹ ਉਸ ਦੀ ਨਿਰਦਈ ਹਰਕਤ ਨੂੰ ਵੀ ਇਕ ਸ਼ਰਾਰਤੀ ਬੱਚੇ ਦੀ ਸ਼ਰਾਰਤ ਤੋਂ ਵੱਧ ਕੁਝ ਨਹੀਂ ਸਮਝ ਰਹੀ ਤਾਂ ਉਸ ਦਾ ਮੈਸੋਕਿਸਟ ਵਿਹਾਰ ਤੇ ਨਾਲ ਹੀ ਉਸ ਦਾ ਕੇਵਲ ਉਹ 'ਕੁੜੀ' ਨਾ ਰਹਿ ਜਾਣਾ, ਸਗੋਂ ਇਕ ਮਾਂ ਦੇ ਮਨੋਵਿਗਿਆਨ ਵਿਚ ਢਲ ਜਾਣਾ। ਇਉਂ ਰਵੀ ਮਨੋਵਿਗਿਆਨ ਤੇ ਮਨੋਵਿਸ਼ਲੇਸ਼ਣ ਦੇ ਕਈ ਸਿਧਾਂਤਾਂ ਨੂੰ ਇਸ ਬਿਆਨ ਵਿਚ ਇੱਕੋ ਸਮੇਂ ਰਲਾ ਮਿਲਾ ਕੇ ਵਰਤ ਲੈਂਦਾ ਹੈ।

ਇਸ ਤੋਂ ਪਿੱਛੋਂ ਇਕ ਤਰ੍ਹਾਂ ਨਾਲ ਕਹਾਣੀ ਦੀ ਅਗਲੀ ਪਰਤ ਖੁੱਲ੍ਹਣੀ ਸ਼ੁਰੂ ਹੁੰਦੀ ਹੈ। ਹੁਣ ਤਕ ਇਸ ਕਹਾਣੀ ਦੇ ਜਿਸ ਪਾਤਰ ਦਾ ਬਿਆਨ ਸੀ, ਉਸ ਦੇ ਮੁਕਾਬਲੇ ਜਾਂ ਵਿਰੋਧ ਵਿਚ ਦੂਜੇ ਪਾਤਰ ਵਾਹੋਮੇ ਦਾ ਬਿਆਨ ਹੈ, ਜੋ ਉਸ ਦੇ ਮੁਕਾਬਲੇ ਤੇ ਕਬੀਲੇ ਦੇ ਸੱਭਿਆਚਾਰ ਨਾਲ ਸਬੰਧਤ ਹੈ, ਉਹ ਆਦਿਵਾਸੀ ਹੈ ਤੇ ਉਹ ਨਿਰੋਲ ਅਜਿਹੀ ਅਵਸਥਾ ਨਾਲ ਜੁੜਿਆ ਹੋਇਆ ਹੈ, ਜਿਸ ਦਾ ਸੰਸਾਰ ਕੇਵਲ ਕਾਮਨਾ ਦਾ ਤੇ ਭੋਗਣ

ਦਾ ਸੰਸਾਰ ਹੈ। ਉਹ ਵੀ ਆਪਣੇ ਕਬੀਲੇ ਦੀ ਇਕ ਕੁੜੀ ਨੂੰ ਅੰਤਾਂ ਦਾ ਪਿਆਰ ਕਰਦਾ ਹੈ, ਪਰ ਜਦੋਂ ਵੀ ਉਹ ਬਾਰ ਵਿਚ ਜਾਂਦਾ ਹੈ, ਅੰਤਾਂ ਦੀ ਪੀ ਕੇ ਬਾਰਮੇਡਜ਼ ਵਿੱਚੋਂ ਹੀ ਕਿਸੇ ਇਕ ਨੂੰ ਚੁਣਦਾ ਹੈ ਤੇ ਉਸ ਦੇ ਕਮਰੇ ਵਿਚ ਹੀ ਉਸ ਨਾਲ ਜਾ ਸੌਂਦਾ ਹੈ। ਸਵੇਰੇ ਉੱਠ ਕੇ ਇਸ ਗੱਲ 'ਤੇ ਪਛਤਾਂਦਾ ਵੀ ਹੈ, ਪਰ ਉਸ ਨਾਲ ਫਿਰ ਵੀ ਇਹੀ ਕੁਝ ਵਾਪਰਦਾ ਹੈ।

ਉਸ ਦੀ ਮਿੱਤਰ ਕੁੜੀ ਉਸ ਬਾਰੇ ਆਖਦੀ ਹੈ, "ਜਦੋਂ ਵੀ ਉਹ ਵੇਸ਼ੀਆ ਦੇ ਜਾਵੇਗਾ ਤਾਂ ਆਪਣੇ ਕਰਮ ਲਈ ਇਕ ਨਵਾਂ ਪਸ਼ਚਾਤਾਪ ਤੇ ਮੇਰੇ ਪਿਆਰ ਲਈ ਇਕ ਹੋਰ ਪਕੇਰਾ ਪ੍ਰਣ ਲੈ ਕੇ ਆਵੇਗਾ। ਇਸ ਲਈ, ਇਸ ਸਬੰਧ ਲਈ, ਮੈਂ ਉਸ ਨੂੰ ਖ਼ਿਮਾਂ ਕਰ ਦਿੱਤਾ ਹੈ।"

ਇਉਂ ਕਹਾਣੀਕਾਰ ਦੋਹਾਂ ਪਾਤਰਾਂ ਦੇ ਦਰਮਿਆਨ ਇਕ ਤੁਲਨਾ ਪੈਦਾ ਕਰ ਦਿੰਦਾ ਹੈ। ਪਹਿਲਾ ਪਾਤਰ ਅਜੇ ਵੀ ਉਸ ਕੁੜੀ ਨੂੰ ਉਡੀਕ ਰਿਹਾ ਹੈ, ਰਾਤ ਦੇ ਗਿਆਰਾਂ ਵੱਜ ਚੁੱਕੇ ਹਨ। ਹੁਣ ਉਹ ਰੁੰਡ-ਮੁੰਡ ਯੂਕਲਿਪਟਸ ਦੇ ਬਿਰਛ ਸਾਹਵੇਂ ਹੈ। ਉਸ ਨੂੰ ਖ਼ਿਆਲ ਆਉਂਦਾ ਹੈ ਕਿ ਦੋ ਸਾਲ ਪਹਿਲਾਂ ਜਦੋਂ ਉਹ ਇਥੇ ਆਇਆ ਸੀ ਤਾਂ ਇਹ ਬਿਰਛ ਨਿਪੱਤਰਾ ਸੀ, ਉਸ ਦੀ ਇਕੱਲ ਵਾਂਗ, ਤੇ ਫਿਰ ਲੰਮੀਂ ਵਰਖਾ ਤੋਂ ਪਿੱਛੋਂ ਇਸਦੀਆਂ ਸ਼ਾਖਾਵਾਂ ਫੁਟ ਆਈਆਂ ਸਨ ਤੇ ਇਸ ਪਾਤਰ ਨੂੰ ਪਰਦੇਸੀ ਧਰਤੀ 'ਤੇ ਇਕ ਸਕੂਨ ਮਿਲਿਆ ਸੀ, ਪਰ ਹੁਣ ਉਹ ਸੁੱਕ ਗਿਆ ਹੈ। ਕੁਝ ਲੋਕ ਕਹਿੰਦੇ ਹਨ ਕਿ ਇਸ ਬਿਰਛ ਨੂੰ ਕਟਵਾ ਦੇਣਾ ਚਾਹੀਦਾ ਹੈ, ਪਰ ਉਸ ਨੂੰ ਅਜੇ ਵੀ ਆਸ ਹੈ ਕਿ ਇਹ ਮੌਲੇਗਾ। ਅਸਲ ਵਿਚ ਇਹ ਬਿਰਛ ਉਸ ਦਾ ਆਪਣਾ ਪ੍ਰਤੀਕ ਬਣ ਗਿਆ ਹੈ। ਉਹ ਕੁੜੀ ਜਿਸ ਨੂੰ ਉਹ ਜਦੋਂ ਮਿਲਿਆ ਸੀ ਤੇ ਉਹ ਮੌਲਿਆ ਸੀ ਤੇ ਹੁਣ ਜਿਵੇਂ ਉਹ ਯੂਕਲਿਪਟਸ ਦੇ ਮੌਲਣ ਦੀ ਉਡੀਕ ਕਰ ਰਿਹਾ ਹੈ, ਉਹ ਉਸੇ ਤਰ੍ਹਾਂ ਕੁੜੀ ਦੀ ਉਡੀਕ ਵੀ ਕਰ ਰਿਹਾ ਹੈ। ਉਸ ਕੁੜੀ ਨੇ ਇਸ ਨੂੰ ਉਸ ਦਾ ਬੁਢਾਪਾ ਯਾਦ ਕਰਾਇਆ ਸੀ, ਰੁੰਡ ਮੁੰਡ ਯੂਕਲਿਪਟਸ ਵਾਂਗ। ਉਹ ਪਾਤਰ ਆਪਣੇ ਅੰਦਰਲੇ ਨਾਲ ਇਕ ਸੰਘਰਸ਼ ਲੜ ਰਿਹਾ ਹੈ ਤੇ ਇਸੇ ਲਈ ਉਹ ਹਨੇਰੀ ਰਾਤ ਵਿਚ ਆਪਣਾ ਕੋਟ ਪਹਿਨ ਬਾਹਰ ਵੱਲ ਤੁਰ ਪੈਂਦਾ ਹੈ। ਜਦੋਂ ਉਸ ਦੇ ਅੰਦਰ ਹਨੇਰਾ ਬਲ ਰਿਹਾ ਹੈ ਤੇ ਇਸ ਅੰਦਰਲੇ ਸੰਘਰਸ਼ ਉੱਤੇ ਇਹ ਕਹਾਣੀ ਖ਼ਤਮ ਹੋ ਜਾਂਦੀ ਹੈ।

ਇਉਂ ਰਵਿੰਦਰ ਰਵੀ ਦੀ ਇਹ ਪ੍ਰਤੀਕਾਤਮਕ ਕਹਾਣੀ ਇਕ ਮਨੋਵਿਗਿਆਨਕ ਕਹਾਣੀ ਹੈ, ਜਿਸ ਵਿਚ ਉਹ ਇੱਕੋ ਸਮੇਂ ਕਾਵਿਕ, ਪ੍ਰਤੀਕਾਤਮਕ ਤੇ ਮਨੋਵਿਗਿਆਨਕ ਵਿਧੀਆਂ ਨੂੰ ਵਰਤ ਕੇ ਇਕ ਨਵੀਂ ਪ੍ਰਯੋਗਸ਼ੀਲ ਕਹਾਣੀ ਬਣਾਉਂਦਾ ਹੈ।

**–ਡਾ. ਵਨੀਤਾ**

ਪੁਸਤਕ : "ਕਹਾਣੀ ਦੀਆਂ ਪਰਤਾਂ", ਪੰਨੇ 113-116
ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2009

# "ਮੇਰੀ ਕਹਾਣੀ" : ਦਿਸ਼ਾ ਤੇ ਦਰਿਆ

ਰਵਿੰਦਰ ਰਵੀ ਪਰਵਾਸੀ ਪੰਜਾਬੀ ਸਾਹਿਤ ਦੇ ਅੰਤਰਗਤ ਇਕ ਸਰਬਾਂਗੀ ਸਾਹਿਤਕਾਰ ਹੈ ਜਿਸ ਨੇ ਕਵਿਤਾ, ਗਲਪ, ਨਾਟਕ, ਵਾਰਤਕ ਤੇ ਆਲੋਚਨਾ—ਲਗਪਗ ਸਾਰੀਆਂ ਹੀ ਸਾਹਿਤ-ਵਿਧਾਵਾਂ ਉੱਤੇ ਕਲਮ ਅਜ਼ਮਾਈ ਹੈ। ਸੋਲਾਂ ਕਾਵਿ-ਸੰਗ੍ਰਹਿਆਂ, ਦਸ ਕਾਵਿ-ਨਾਟਕਾਂ, ਅੱਠ ਕਹਾਣੀ-ਸੰਗ੍ਰਹਿਆਂ ਦੀ ਪ੍ਰਕਾਸ਼ਨਾਂ ਤੋਂ ਬਿਨਾਂ ਇਕ ਸਫ਼ਰਨਾਮਾ ਅਤੇ ਸਵੈ-ਜੀਵਨੀ ਵੀ ਉਹ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ। ਸਮੀਖਿਆ ਅਤੇ ਸੰਪਾਦਨ ਦਾ ਕਾਰਜ ਵੀ ਉਸ ਨੇ ਚੋਖਾ ਕੀਤਾ ਹੈ।

ਚਰਚਾ ਅਧੀਨ ਪੁਸਤਕ ("ਮੇਰੀ ਕਹਾਣੀ", ਨੈਸ਼ਨਲ ਬੁਕ ਸ਼ਾਪ, ਦਿੱਲੀ, ਮੁੱਲ 495 ਰੁਪਏ) ਵਿਚ ਰਵਿੰਦਰ ਰਵੀ ਨੇ 1955 ਤੋਂ 2005 ਤਕ ਦੀ ਆਪਣੀ ਸਮੁੱਚੀ ਕਹਾਣੀ-ਰਚਨਾ ਯਾਨੀ 91 ਕਹਾਣੀਆਂ ਨੂੰ ਸ਼ਾਮਲ ਕਰਨ ਦੇ ਨਾਲ-ਨਾਲ ਆਪਣੇ ਪਿਛੋਕੜ, ਪੜ੍ਹਾਈ, ਕਿੱਤੇ ਅਤੇ ਸਾਹਿਤਕ ਪ੍ਰਾਪਤੀਆਂ ਦਾ ਬਿਓਰਾ ਵੀ ਦਿੱਤਾ ਹੈ। ਪੁਸਤਕ ਵਿਚ ਉਸ ਦੀ ਸਾਹਿਤ-ਰਚਨਾ ਉਪਰ ਹੋਏ ਖੋਜ ਕਾਰਜਾਂ ਦੇ ਵੇਰਵੇ ਅਤੇ ਪੰਜਾਬੀ ਦੇ ਸਿਰਮੌਰ ਵਿੱਦਵਾਨਾਂ ਵੱਲੋਂ ਉਸ ਦੀ ਸਾਹਿਤਕ ਪ੍ਰਤਿਭਾ ਬਾਰੇ ਕੀਤੀਆਂ ਟਿੱਪਣੀਆਂ ਅਤੇ ਰਾਵਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

'ਮੇਰੀ ਕਹਾਣੀ ਦੇ ਪੰਜਾਹ ਵਰ੍ਹੇ' ਸਿਰਲੇਖ ਤਹਿਤ ਰਵੀ ਨੇ ਆਪਣੀਆਂ ਕਹਾਣੀਆਂ ਦੀ ਗੱਲ ਕਰਦੇ ਦੱਸਿਆ ਹੈ ਕਿ ਉਸ ਦੀਆਂ ਕਹਾਣੀਆਂ ਵਿਚ ਸਵੈ-ਜੀਵਨੀ ਦਾ ਅੰਸ਼ ਵੀ ਆ ਜਾਂਦਾ ਹੈ ਕਿਉਂਕਿ ਉਸ ਨੇ ਬਹੁਤ ਸਾਰੇ ਪਾਤਰਾਂ ਨਾਲ ਘਟਨਾਵਾਂ ਵਾਪਰਦੀਆਂ ਦੇਖੀਆਂ ਹਨ। ਆਪਣੇ ਕਥਾ-ਸ਼ਾਸਤਰ ਬਾਰੇ ਉਸ ਦਾ ਕਹਿਣਾ ਹੈ : "ਮੈਂ ਨਿੱਕੀ ਹੁਨਰੀ ਕਹਾਣੀ ਦੀ ਰੂਪ-ਵਿਧਾ, ਤਕਨੀਕ ਤੇ ਸ਼ੈਲੀ ਵਿਚ ਅਨੇਕਾਂ ਪ੍ਰਯੋਗ ਕੀਤੇ ਹਨ ... ਇਸ ਦੀ ਪ੍ਰਕਿਰਤੀ ਜੱਟਿਲ ਹੈ ... ਇਸ ਵਿਚ ਨਾਟਕੀਅਤਾ, ਕਾਵਿਕਤਾ, ਦਰਸ਼ਨ, ਮਨੋਵਿਗਿਆਨ, ਮਨੋ-ਵਿਸ਼ਲੇਸ਼ਣ ਅਤੇ ਗਲਪ ਤੇ ਸਵੈ-ਜੀਵਨੀ ਆਤਮਕ ਤੱਤ ਸਹਿਜ ਵਿਚਰਦੇ ਹਨ।"

'ਪਰਵਾਸੀ ਅਨੁਭਵ ਅਤੇ ਪਰਵਾਸੀ ਕਹਾਣੀ' ਸਿਰਲੇਖ ਤਹਿਤ ਰਵਿੰਦਰ ਰਵੀ ਨੇ 22 ਜਨਵਰੀ 1967 ਤੋਂ ਸ਼ੁਰੂ ਕੀਤੀ ਆਪਣੀ ਪਰਵਾਸ ਯਾਤਰਾ ਦੇ ਬਿਓਰੇ ਦੇ ਨਾਲ ਨਾਲ ਪਰਵਾਸੀ ਅਨੁਭਵ ਤੇ ਸਾਹਿਤ-ਸਿਰਜਣਾ ਬਾਰੇ ਦੱਸਦਿਆਂ ਕਿਹਾ ਹੈ ਕਿ ਉਸ ਦੀ ਕਥਾ-ਯਾਤਰਾ ਨਿਰੰਤਰ ਜਾਰੀ ਹੈ। ਰਵੀ ਅਨੁਸਾਰ ਉਸ ਦੀ ਸਾਹਿਤਕ ਰਚਨਾ ਦਾ ਨਿਸ਼ਚਤ ਕੀਤੇ ਗਏ ਮਾਪਦੰਡਾਂ ਤੋਂ ਅਗਾਂਹ ਲੰਘ ਕੇ, ਰਚਨਾ ਨੂੰ ਰਚਨਾ ਸਮਝ ਕੇ ਮੁਲਅੰਕਣ ਕੀਤਾ ਜਾਣਾ ਜ਼ਰੂਰੀ ਹੈ। ਇਸ ਤੋਂ ਬਾਅਦ ਰਵੀ ਦੀਆਂ ਕਹਾਣੀਆਂ ਬਾਰੇ ਕਰਤਾਰ ਸਿੰਘ ਦੁੱਗਲ, ਸੰਤ ਸਿੰਘ ਸੇਖੋਂ, ਅੰਮ੍ਰਿਤਾ ਪ੍ਰੀਤਮ, ਕੁਲਵੰਤ ਸਿੰਘ ਵਿਰਕ, ਡਾ. ਹਰਿਭਜਨ ਸਿੰਘ ਅਤੇ ਡਾ. ਰਘਬੀਰ ਸਿੰਘ ਵੱਲੋਂ ਸਮੇਂ-ਸਮੇਂ 'ਤੇ ਕੀਤੇ ਵਿਚਾਰ ਵਿਮਰਸ਼ ਨੂੰ ਸੰਕਲਤ ਕੀਤਾ ਗਿਆ ਹੈ।

ਪੁਸਤਕ ਦੇ ਪਹਿਲੇ ਭਾਗ ਵਿਚ ਰਵੀ ਦੀਆਂ 91 ਕਹਾਣੀਆਂ ਦਾ ਕਹਾਣੀ ਪਾਠ ਸ਼ਾਮਲ ਹੈ। ਕਿਉਂਕਿ ਉਸਦੀਆਂ ਕਹਾਣੀਆਂ ਦੀਆਂ ਕਈ ਪੁਸਤਕਾਂ ਹੁਣ ਉਪਲਬਧ ਨਹੀਂ ਹਨ, ਇਸ ਲਈ ਸਮੁੱਚਾ ਕਹਾਣੀ-ਪਾਠ

ਇੱਥੇ ਸੰਗ੍ਰਹਿਤ ਹੈ। ਰਵਿੰਦਰ ਰਵੀ ਦੀਆਂ ਕਹਾਣੀਆਂ ਵਿਚ ਪਹਿਲੀ ਪੀੜ੍ਹੀ ਦੇ ਪਰਵਾਸੀਆਂ ਦੀ ਜ਼ਿੰਦਗੀ ਦੇ ਸਮਾਚਾਰ ਮਿਲਦੇ ਹਨ। ਜੋ ਕਿ ਬਹੁਤੀਆਂ ਹਾਲਤਾਂ ਵਿਚ ਆਰਥਿਕ ਪੱਖੋਂ ਸੌਖੇ ਹੋਣ ਲਈ ਪਰਵਾਸ ਦਾ ਰਾਹ ਚੁਣਦੇ ਹਨ। ਪਿੱਛੇ ਭਾਰਤ ਵਿਚ ਰਹਿੰਦੀਆਂ ਪਤਨੀਆਂ ਵੱਲੋਂ ਹੋਰਾਂ ਮਰਦਾਂ ਨਾਲ ਸੰਬੰਧ ਸਥਾਪਤ ਹੁੰਦੇ ਹਨ ('ਪਾਸਪੋਰਟ')। ਛੜਿਆਂ ਦੀ ਤਰ੍ਹਾਂ ਜ਼ਿੰਦਗੀ ਬਤੀਤ ਕਰਦੇ, ਇਹਨਾਂ ਪਰਵਾਸੀਆਂ ਲਈ ਖ਼ੁਦ ਵੀ ਜਤੀ-ਸਤੀ ਰਹਿਣਾ ਔਖਾ ਹੈ। ਪੱਛਮ ਦੀਆਂ ਰੰਗੀਨੀਆਂ ਮਾਣਦੇ ਇਹਨਾਂ ਮਰਦਾਂ ਦਾ ਆਪਣੀਆਂ ਪਿੱਛੇ ਰਹਿੰਦੀਆਂ ਪਤਨੀਆਂ ਬਾਰੇ ਸੋਚ ਕੇ ਆਪਾ ਵੀ ਕੰਬਦਾ ਹੈ ('ਅਪਰਾਧ ਮੁਕਤ')। ਐਪਰ ਪੱਛਮ ਦੇ ਪ੍ਰਭਾਵ ਅਧੀਨ ਇਹ ਮਰਦ ਯਥਾਰਥ ਨੂੰ ਕਬੂਲਦੇ ਹਨ ਅਤੇ ਹਕੀਕਤ ਨੂੰ, ਬਿਨਾਂ ਕਿਸੇ ਔਖੀ ਸਥਿਤੀ ਵਿਚ ਲੰਘੇ, ਸਹਿਜ ਭਾਂਤ ਹੀ ਕਬੂਲਦੇ ਹਨ। ਰਵਿੰਦਰ ਰਵੀ ਜਦੋਂ ਲਿੰਗਕ ਅਤ੍ਰਿਪਤੀ ਦੀਆਂ ਸ਼ਿਕਾਰ ਔਰਤਾਂ ਦੀ ਗੱਲ ਕਰਦਾ ਹੈ ਤਾਂ ਪੱਛਮ ਦੇ ਪੂੰਜੀਵਾਦੀ ਪ੍ਰਭਾਵ ਤਹਿਤ ਉਹ ਇਹਨਾਂ ਸੰਬੰਧਾਂ ਨੂੰ ਜਾਇਜ਼ ਵੀ ਠਹਿਰਾਉਂਦਾ ਹੈ ਜਿਵੇਂ 'ਪੌਟ ਲੱਕ' ਕਹਾਣੀ ਦੀ ਪਾਤਰ ਲਿੰਡਾ, 'ਮੈਲੀ ਪੁਸਤਕ' ਦੀ ਮਿਸ ਕੌਕਸ, 'ਅੰਦਰ ਵੱਲ ਖੁੱਲ੍ਹਦਾ ਬੂਹਾ' ਕਹਾਣੀ ਦੀ ਨਾਇਕਾ ਮਿਸਿਜ਼ ਸਮਿੱਥ ਆਦਿ।

ਭਾਰਤੀ ਸੱਭਿਆਚਾਰ ਦੇ ਪਿਛੋਕੜ ਵਿਚ ਪਲੀਆਂ ਸ਼ਰਮਾਕਲ ਔਰਤਾਂ ਰਵੀ ਦੁਆਰਾ ਸਿਰਜਤ ਮਰਦ ਪਾਤਰਾਂ ਨੂੰ ਪਸੰਦ ਨਹੀਂ। ਉਹਨਾਂ ਦੇ ਮੁਕਾਬਲੇ ਗੋਰੀਆਂ ਜ਼ਿਆਦਾ ਮਨ ਨੂੰ ਭਾਉਂਦੀਆਂ ਹਨ। ਐਪਰ ਪੱਛਮ ਦਾ ਵਿਹਾਰ ਚਾਰ ਦਿਨਾਂ ਦੀ ਚਾਨਣੀ ਹੀ ਹੋ ਨਿਬੜਦਾ ਹੈ, ਕਿਉਂਕਿ ਔਰਤ-ਮਰਦ ਦੋਵੇਂ ਇਕ ਦੂਜੇ ਦੀ ਹੋਂਦ ਨੂੰ ਸਮਝਣ ਤੋਂ ਇਨਕਾਰੀ ਹਨ ਅਤੇ ਇਸ ਹੋਂਦ ਦੀ ਅਹਿਮੀਅਤ ਕੁੱਤੇ, ਬਿੱਲੀ ਤੋਂ ਵੱਧ ਨਹੀਂ। ਸਗੋਂ ਜਾਨਵਰ ਇਹਨਾਂ ਦੇ ਮੁਕਾਬਲੇ ਵਧੇਰੇ ਵਫ਼ਾਦਾਰ ਹਨ ('ਪੈੱਟ ਕਲਚਰ')।

ਰਵੀ ਦੀਆਂ ਕਹਾਣੀਆਂ ਵਿਚ ਪੱਛਮੀ ਪ੍ਰਭਾਵ ਅਧੀਨ ਸਾਥੀ ਦੀ ਤਾਸ਼ ਦੇ ਪੱਤੇ ਬਦਲਣ ਵਾਲੀ ਰੁਚੀ ਦਾ ਆਭਾਸ ਹੁੰਦਾ ਹੈ। ਜਿੱਥੇ ਮਰਦ ਸੈਕਸ ਸੰਬੰਧੀ ਮਾਮਲਿਆਂ ਵਿਚ ਖੁੱਲ੍ਹਾਂ ਮਾਣਦੇ ਹਨ, ਉੱਥੇ ਔਰਤਾਂ ਵੀ ਇਕ ਤੋਂ ਬਾਅਦ ਇਕ ਮਰਦ ਨੂੰ ਮਾਣਦੀਆਂ ਹਨ। ਇਸ ਤਰ੍ਹਾਂ ਦੇ ਵਿਵਹਾਰ ਦਾ ਉਸਦੀਆਂ ਕਹਾਣੀਆਂ ਵਿਚ ਆਮ ਹੀ ਪ੍ਰਗਟਾਵਾ ਹੋਇਆ ਹੈ। 'ਮਰਦ ਬਨਾਮ ਮਸ਼ੀਨ' ਦੀ ਨਾਇਕਾ ਜੀਵਨ ਦੇ ਆਨੰਦ ਲਈ ਬਿਜਲਈ ਯੰਤਰ ਦਾ ਸਹਾਰਾ ਲੈਂਦੀ ਹੈ। ਬੁੱਢੇ ਮਰਦ ਦੀ ਆਪਣੀ ਧੀ ਅਤੇ ਉਸਦੀਆਂ ਧੀਆਂ ਨਾਲ ਛੇੜਛਾੜ ('ਗੋਰੀਆਂ ਸ਼ਹੀਦੀਆਂ') ਮਰਦ ਦੀ ਹਵਸ ਦਾ ਘਿਨਾਉਣਾ ਰੂਪ ਹਨ।

ਰਵਿੰਦਰ ਰਵੀ ਨੇ ਔਰਤ ਮਰਦ ਸਬੰਧਾਂ ਨੂੰ ਆਰਥਿਕ, ਸਮਾਜਕ ਅਤੇ ਜੈਵਿਕ ਪ੍ਰਸੰਗਾਂ ਵਿਚ ਬੜੀ ਬੇਬਾਕੀ ਨਾਲ ਪੇਸ਼ ਕੀਤਾ ਹੈ। ਪੱਛਮ ਦੀ ਸਭਿਅਤਾ ਨੇ ਮਨੁੱਖਾਂ ਨੂੰ ਵੀ ਮਸ਼ੀਨ ਬਣਾ ਦਿੱਤਾ ਹੈ। ਸਰੀਰਕ ਪੱਖੋਂ ਸੰਤੁਸ਼ਟਤਾ ਭਾਲਣ ਲਈ ਪੱਛਮੀ ਸਮਾਜ ਵਿਚ ਵਿਚਰਦੀਆਂ ਔਰਤਾਂ ਨੂੰ ਕਈ ਵਾਰ ਮਰਦ ਅਧੂਰੇ ਲਗਦੇ ਹਨ ਅਤੇ ਉਹ ਬਣਾਉਟੀ ਅੰਗਾਂ ਦਾ ਸਹਾਰਾ ਭਾਲਦੀਆਂ ਹਨ। ਡਾ. ਰਘਬੀਰ ਸਿੰਘ ਨੇ ਟਿੱਪਣੀ ਕਰਦਿਆਂ ਠੀਕ ਲਿਖਿਆ ਹੈ :

"ਰਵੀ ਔਰਤ ਦੇ ਇਸ ਤਰ੍ਹਾਂ ਦੇ ਲਿੰਗਕ ਵਿਹਾਰ ਨੂੰ ਜਾਇਜ਼ ਠਹਿਰਾਉਂਦਾ ਹੈ। ਰਵੀ ਪੱਛਮੀ ਸਭਿਅਤਾ ਦੇ ਉਸ ਯਥਾਰਥ ਨੂੰ ਆਪਣਾ ਵਿਸ਼ਾ ਬਣਾਉਂਦਾ ਹੈ ਜਿਸ ਵਿਚ ਮਨੁੱਖ ਕਿਸੇ ਵੀ ਕਿਸਮ ਦੇ ਆਦਰਸ਼ ਤੋਂ ਮੁਕਤ ਹੋ ਕੇ, ਇਕੱਲਾ ਕਾਰਾ ਮਹਿਜ਼ ਪਸ਼ੂ ਬਿਰਤੀ ਦੀ ਪੱਧਰ 'ਤੇ ਜਿਉਂਦਾ ਹੈ। ... ਔਰਤਾਂ, ਜੋ ਇਕ ਤਰ੍ਹਾਂ ਨਾਲ ਸਦੀਵੀ ਲਿੰਗਕ ਅਤ੍ਰਿਪਤੀ ਦਾ ਸ਼ਿਕਾਰ ਹਨ, ਦੇ ਵਿਅਕਤੀਗਤ ਸੱਚ ਅਤੇ ਉਸ ਪਰਿਵੇਸ਼ ਦੇ ਸੱਚ, ਜਿਸ ਵਿਚ ਉਹ ਵਿਚਰ ਰਹੀਆਂ ਹਨ, ਤੋਂ ਇਨਕਾਰੀ ਹੋਣਾ ਤਾਂ ਸੰਭਵ ਨਹੀਂ, ਪਰ ਉਹਨਾਂ ਦੇ ਲਿੰਗਕ ਹਾਬੜੇ ਅਤੇ ਉਸ ਹਾਬੜੇ ਦੀ ਪੂਰਤੀ ਲਈ ਪਸ਼ੂਪੁਣੇ ਅਤੇ ਯਾਂਤਰਿਕਤਾ ਨੂੰ ਸਵੀਕ੍ਰਿਤੀ ਦੇਣਾ ਸ਼ਾਇਦ ਯੋਗ ਨਹੀਂ ...।"

ਰਵਿੰਦਰ ਰਵੀ ਨੇ ਬਦਲਦੇ ਸਮਾਜਕ ਪਰਿਵੇਸ਼ ਦੇ ਨਾਲ ਨਾਲ ਰਿਸ਼ਤਿਆਂ ਅਤੇ ਕਦਰਾਂ-ਕੀਮਤਾਂ ਵਿਚਲੇ ਰੂਪਾਂਤਰਣ ਨੂੰ ਵੀ ਪੇਸ਼ ਕੀਤਾ ਹੈ। 'ਕੰਪਿਊਟਰ ਕਲਚਰ' ਵਿਚ ਇਸ ਰੂਪਾਂਤਰਣ ਦੀ ਭਰਵੀਂ ਪੇਸ਼ਕਾਰੀ ਹੋਈ

ਹੈ। ਜ਼ਿੰਦਗੀ ਭਰ ਸਖ਼ਤ ਮੁਸ਼ੱਕਤ ਮਗਰੋਂ ਪਰਵਾਸੀਆਂ ਨੂੰ ਔਲਾਦ ਦੇ ਭਵਿੱਖ ਨਾਲ ਜੁੜੇ ਸੁਪਨਿਆਂ ਦੇ ਟੁੱਟਣ ਦਾ ਦੁਖਾਂਤ ਵੀ ਜਰਨਾ ਪੈਂਦਾ ਹੈ ('ਸ਼ਾਦੀ ਵੱਲ ਜਾਂਦੀ ਸੜਕ')। ਸਨਅਤੀ ਯੁੱਗ ਦੀ ਤੇਜ਼ ਰਫ਼ਤਾਰੀ ਵੀ ਆਦਮੀ ਨੂੰ ਮਸ਼ੀਨ ਬਣਾ ਦਿੰਦੀ ਹੈ ('ਮਸ਼ੀਨਾਂ ਤੇ ਆਤਮਹੀਣ ਹੁੰਦੇ ਵਿਅਕਤੀ')। ਦੁੱਖਾਂ ਤੋਂ ਮੁਕਤੀ ਲਈ ਡਰੱਗਜ਼ ਦਾ ਸਹਾਰਾ ਲੈਣਾ ਵੀ ਆਦਮੀ ਲਈ ਜ਼ਰੂਰੀ ਬਣ ਗਿਆ ਹੈ। ਡਰੱਗਜ਼ ਅਤੇ ਦਵਾਈਆਂ ਦਾ ਸੇਵਨ ਇਸ ਦੌਰ ਵਿਚ ਗੱਡੀਆਂ ਜਾ ਰਹੀਆਂ ਉਹ 'ਕਿੱਲਾਂ' ਹਨ ਜੋ ਥਾਂ ਥਾਂ ਤੋਂ ਜ਼ਿੰਦਗੀ ਨੂੰ ਵਿੰਨ੍ਹ ਰਹੀਆਂ ਹਨ। ਮਾਂ-ਬਾਪ ਦੀਆਂ ਡਿੱਗ ਰਹੀਆਂ ਕਦਰਾਂ-ਕੀਮਤਾਂ ('ਗੋਰੀਆਂ ਸ਼ਹੀਦੀਆਂ') ਪਰਵਾਸੀਆਂ ਦੇ ਦੋਗਲੇ ਕਿਰਦਾਰ ਦੀ ਪੇਸ਼ਕਾਰੀ ('ਦੋਗਲੇ'), ਈਸਾਈ ਪਾਦਰੀਆਂ ਵੱਲੋਂ ਧਾਰਮਿਕ ਸਰੂਪ 'ਚ ਲੁਕੋ ਕੇ ਪੇਸ਼ ਕੀਤੀ ਜਾਂਦੀ ਗੰਦਗੀ ਅਤੇ ਕੁਹਜ ਦਾ ਪ੍ਰਗਟਾਵਾ ਵੀ ਕਹਾਣੀਆਂ ਵਿਚ ਹੋਇਆ ਹੈ ('ਖੁੱਲ੍ਹੀ ਕਿਤਾਬ')।

ਮਨੁੱਖੀ ਰਿਸ਼ਤਿਆਂ ਦੀ ਪੇਸ਼ਕਾਰੀ ਦੇ ਸੰਦਰਭ ਵਿਚ ਰਵੀ ਨੇ "ਮਾਨਸਿਕ ਹਾਣ ਦੇ ਸਾਥ" ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਪ੍ਰੇਮੀ ਜਦੋਂ ਕੇਵਲ ਮਰਦ ਬਣਦਾ ਹੈ ਤਾਂ ਕੋਮਲ ਭਾਵਨਾਵਾਂ ਦਾ ਘਾਣ ਹੁੰਦਾ ਹੈ। ਰਵੀ ਦੀਆਂ ਕਹਾਣੀਆਂ ਵਿਚ ਪੇਸ਼ ਰਿਸ਼ਤੇ ਦਰਿਆ ਵੀ ਹਨ, ਦਿਸ਼ਾ ਵੀ ਅਤੇ ਵਹਾਅ ਵੀ। ਭਾਵੇਂ ਕੁਝ ਵੀ ਹੋਵੇ ਉਸ ਦੇ ਪਾਤਰ ਜ਼ਿੰਦਗੀ ਜਿਉਂਦੇ ਨਜ਼ਰ ਆਉਂਦੇ ਹਨ। ਇਹੀ ਉਸ ਦੀ ਪ੍ਰਾਪਤੀ ਹੈ।

ਰਵਿੰਦਰ ਰਵੀ ਦੁਆਰਾ ਸਿਰਜਤ ਕਾਵਿ-ਕਥਾਵਾਂ ਅਤੇ ਗਦ-ਕਥਾਵਾਂ ਵੀ ਨਵਾਂ ਤਜਰਬਾ ਹਨ ਜੋ ਕਿ ਪਾਤਰਾਂ, ਘਟਨਾਵਾਂ ਆਦਿ ਦੀਆਂ ਬਹੁ-ਮੁਖੀ ਪਰਤਾਂ ਦੀ ਪੇਸ਼ਕਾਰੀ ਲਈ ਸੂਤਰਧਾਰ ਹਨ। ਰਵੀ ਦੀ ਹਰ ਸਾਹਿਤਕ ਕਿਰਤ, ਭਾਵੇਂ ਉਸ ਦੀ ਕੋਈ ਵੀ ਵਿਧਾ ਹੈ, ਵਿਚੋਂ ਜ਼ਿੰਦਗੀ ਝਲਕਦੀ ਹੈ ਅਤੇ ਉਹ ਆਪਣੇ ਪਾਠਕਾਂ ਵੱਲੋਂ ਵੀ ਰਚਨਾ ਵਿਚ ਬੌਧਿਕ ਸ਼ਮੂਲੀਅਤ ਉੱਪਰ ਜ਼ੋਰ ਦਿੰਦਾ ਹੈ ਅਤੇ ਰੀਵੀਊਕਾਰਾਂ ਤੇ ਆਲੋਚਕਾਂ ਨੂੰ ਵੀ ਰਚਨਾ ਨੂੰ ਠੀਕ ਤਰ੍ਹਾਂ ਹਜ਼ਮ ਕਰਕੇ ਫਿਰ ਆਪਣੀ ਰਾਏ ਦੇਣ ਲਈ ਪ੍ਰੇਰਦਾ ਹੈ। ਪੁਸਤਕ ਦੇ ਅੰਤ 'ਤੇ ਰਵੀ-ਸਾਹਿਤ ਉੱਪਰ ਕੀਤੇ ਗਏ ਕੰਮ ਦਾ ਵੇਰਵਾ ਹੈ।

ਇਸ ਪੁਸਤਕ ਨੂੰ ਜੇ ਪਰਵਾਸੀ ਕਹਾਣੀ ਦੇ ਸੰਦਰਭ ਵਿਚ 'ਰਵੀ ਸਾਰੇ ਦਾ ਸਾਰਾ' ਕਹਿ ਲਈਏ ਤਾਂ ਅਤਿ-ਕਥਨੀ ਨਹੀਂ ਹੋਵੇਗੀ, ਕਿਉਂਕਿ ਰਵੀ ਦੀ ਬਹੁਪੱਖੀ ਪ੍ਰਤਿਭਾ ਦੇ ਇਹ ਪੁਸਤਕ ਭਰਪੂਰ ਦਰਸ਼ਨ ਕਰਵਾ ਜਾਂਦੀ ਹੈ। ਪੁਸਤਕ ਦੀ ਦਿੱਖ ਸੁੰਦਰ ਹੈ ਅਤੇ ਇਹ ਤਸਵੀਰਾਂ ਨਾਲ ਸੁਸਜਿਤ ਹੈ। ਪਰਵਾਸੀ ਸਾਹਿਤ ਦੇ ਅਧਿਐਨ ਤੇ ਅਧਿਆਪਨ ਲਈ ਅਤੇ ਰਵਿੰਦਰ ਰਵੀ ਉੱਪਰ ਵਿਸ਼ੇਸ਼ ਤੌਰ 'ਤੇ ਖੋਜ ਕਾਰਜ ਕਰਨ ਵਾਲਿਆਂ ਲਈ ਇਹ ਇਕ ਲਾਜ਼ਮੀ ਹਵਾਲਾ ਪੁਸਤਕ ਹੋ ਨਿਬੜਦੀ ਹੈ।

**-ਪੁਸ਼ਵਿੰਦਰ ਕੌਰ**

1. "ਸਿਰਜਣਾ", 14-7 ਜਨਵਰੀ-ਮਾਰਚ, 2008
ਚੰਡੀਗੜ੍ਹ, ਭਾਰਤ
2. "ਇੰਡੋ-ਕਨੇਡੀਅਨ ਟਾਈਮਜ਼", ਫਰਵਰੀ 21-27, 2008,
ਸਰੀ, ਬੀ.ਸੀ., ਕੈਨੇਡਾ

## ਏਸ ਦਹਾਕੇ ਦੀ ਸਰਬੋਤਮ ਕਥਾ-ਪੁਸਤਕ "ਗੋਰੀਆਂ ਸ਼ਹੀਦੀਆਂ"

ਰਵਿੰਦਰ ਰਵੀ ਦੇ ਨੌਵੇਂ ਕਥਾ-ਸੰਗ੍ਰਹਿ "ਗੋਰੀਆਂ ਸ਼ਹੀਦੀਆਂ" ਨੂੰ ਜੇ ਏਸ ਦਹਾਕੇ (2001-2010) ਦੀ ਸਰਬੋਤਮ ਪੁਸਤਕ ਕਹਿ ਲਿਆ ਜਾਵੇ, ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਇਨ੍ਹਾਂ ਕਹਾਣੀਆਂ ਰਾਹੀਂ ਉਹ ਸਾਡੇ ਸਾਮ੍ਹਣੇ ਇਕ ਪ੍ਰੌਢ ਤੇ ਆਪਣੀਆਂ ਸਿਖਰਾਂ, ਆਪ ਛੂਹ ਰਹੇ, ਕਥਾਕਾਰ ਦੇ ਰੂਪ ਵਿਚ ਪ੍ਰਸਤੁਤ ਹੁੰਦਾ ਹੈ। ਉਹ ਅਸਾਧਾਰਨ 'ਚੋਂ ਸਾਧਾਰਨ ਅਤੇ ਸਾਧਾਰਨ 'ਚੋਂ ਅਸਾਧਾਰਨ ਵੇਖਣ ਤੇ ਸਿਰਜਣ ਵਾਲਾ ਕਥਾਕਾਰ ਹੈ, ਜਿਸ ਵਰਗਾ ਪੰਜਾਬੀ ਵਿਚ ਹੋਰ ਕੋਈ ਵੀ ਨਹੀਂ ਹੈ। ਪ੍ਰਯੋਗ-ਚੇਤਨਾ ਨਾਲ ਸੰਪੰਨ ਉਸ ਦੀ ਗਲਪ-ਦ੍ਰਿਸ਼ਟੀ ਸਾਨੂੰ ਵਸਤੂ ਤੇ ਰੂਪ ਦੇ ਖੇਤਰ ਵਿਚ ਕਿਰਿਆਸ਼ੀਲ ਕਈ ਹੋਰ ਜਟਿਲ ਅੰਤਰ-ਦ੍ਰਿਸ਼ਟੀਆਂ ਦੇ ਦੀਦਾਰ ਕਰਵਾਉਂਦੀ ਹੈ। ਉਸ ਦੀ ਪਾਤਰ ਉਸਾਰੀ ਤੇ ਪੇਸ਼ਕਾਰੀ ਕਮਾਲ ਦੀ ਹੈ। ਕੁਲਵੰਤ ਸਿੰਘ ਵਿਰਕ ਅਨੁਸਾਰ ਕਹਾਣੀ ਪੜ੍ਹਨ ਤੋਂ ਬਾਅਦ ਵੀ ਉਸ ਦੇ ਪਾਤਰ ਪਾਠਕ ਦਾ ਪਿੱਛਾ ਨਹੀਂ ਛੱਡਦੇ। ਉਸ ਦਾ ਚੇਤਾ ਮੱਲੀ ਰੱਖਦੇ ਹਨ। ਰਵਿੰਦਰ ਰਵੀ ਦੀ ਕਹਾਣੀ ਨੂੰ ਠੀਕ ਤਰ੍ਹਾਂ ਸਮਝਣ ਲਈ ਨਿੱਕੀ ਹੁਨਰੀ ਕਹਾਣੀ ਦੇ ਪਰਚੱਲਤ ਮਾਪਦੰਡਾਂ ਨੂੰ ਉਸ ਦੀ ਕੱਥ ਤੇ ਵੱਥ ਦੇ ਸੰਦਰਭ ਵਿਚ ਸਮਝਣ ਦੀ ਲੋੜ ਹੈ।

ਆਧੁਨਿਕ ਨਿੱਕੀ ਕਹਾਣੀ ਦੀਆਂ ਅੰਤਰੀਵ ਤੇ ਅਵਚੇਤਨੀ ਪਰਤਾਂ ਫਰੋਲਣ ਜਾਂ ਉਸ ਦਾ ਸਾਰਥਕ ਵਿਸ਼ਲੇਸ਼ਣ ਕਰਨ ਲਈ ਅਨੇਕਾਂ ਮਾਪਦੰਡਾਂ, ਪ੍ਰਤੀਮਾਨਾਂ, ਸਿਧਾਂਤਾਂ ਵਿਲੱਖਣ ਸੰਰਚਨਾਵਾਂ ਨੂੰ ਮੱਦੇ ਨਜ਼ਰ ਰੱਖ ਕੇ ਕਹਾਣੀ ਦੀ ਬਣਤਰ ਤੇ ਬੁਣਤਰ ਨੂੰ ਘੋਖਿਆ, ਪਰਖਿਆ ਜਾਂਦਾ ਰਿਹਾ ਹੈ। ਜਿਉਂ-ਜਿਉਂ ਮਨੁੱਖੀ ਮਨੋਵਿਗਿਆਨ ਦਾ ਵਿਕਾਸ ਹੋ ਰਿਹਾ ਹੈ ਤਿਉਂ-ਤਿਉਂ ਨਵੀਆਂ ਰਚਨਾਵਾਂ ਦਾ ਕਾਰਜ ਖੇਤਰ ਵੀ ਵਿਸਤ੍ਰਿਤ ਹੋ ਰਿਹੈ ਹੈ। ਕਈ ਵਾਰ ਅਜਿਹੀਆਂ ਰਚਨਾਵਾਂ ਵੀ ਪੜ੍ਹਨ ਨੂੰ ਮਿਲ ਜਾਂਦੀਆਂ ਹਨ ਜਿੱਥੇ ਘੜੀਆਂ ਹੋਈਆਂ ਤਕਨੀਕਾਂ, ਤਰੀਕੇ, ਸੰਦ ਤੇ ਸੰਚਾਰ-ਜੁਗਤਾਂ ਪਿੱਛੇ ਰਹਿ ਗਈਆਂ ਮਾਲੂਮ ਹੁੰਦੀਆਂ ਹਨ। ਹਰ ਰਚਨਾ ਨੂੰ ਬਣੇ ਬਣਾਏ ਚੌਖਟੇ 'ਚ ਫਿਟ ਨਹੀਂ ਕੀਤਾ ਜਾ ਸਕਦਾ ਤੇ ਨਾ ਕੋਈ ਸਿਰਜਣਹਾਰਾ ਸਾਰੀਆਂ ਵਿਧੀਆਂ ਨੂੰ ਇਕੋ ਪਲ ਨਜ਼ਰ ਵਿਚ ਰੱਖ ਕੇ ਸਿਰਜਣਾ ਕਰ ਸਕਦਾ ਹੈ ਕਿਉਂਕਿ ਰਚਨਾ ਆਪਮੁਹਾਰੇ ਤੁਹਾਡੇ ਅਵਚੇਤਨ ਵਿਚੋਂ ਝਰਨੇ ਵਾਂਗ ਫੁੱਟਦੀ ਹੈ। ਹੋ ਸਕਦਾ ਸੁੱਤੇ ਸਿਧ ਉਹ ਨਵੇਂ ਦੁਮੇਲਾਂ ਨੂੰ ਛੂਹ ਜਾਵੇ। ਜੋ ਹਰ ਰਚਨਾ ਨੂੰ ਤੋਲਣ, ਮਾਪਣ ਖੋਹਲਣ ਲਈ ਉਸ ਲਈ ਲੋੜੀਂਦੇ ਬਣਦੇ ਸਰਦੇ ਨਿਯਮਾਂ ਤੇ ਸੰਦਾਂ ਨੂੰ ਲੋੜ ਅਨੁਸਾਰ ਸਿਰਜਣਾ ਪੈਂਦਾ ਹੈ। ਇਸ ਤਰਹ ਨਾਲ ਆਲੋਚਨਾ, ਰਚਨਾ ਦੇ ਨਾਲ-ਨਾਲ ਗੱਡੀ ਦੀਆਂ ਲੀਹਾਂ ਵਾਂਗ ਸਮਾਨਅੰਤਰ ਤੁਰਦੀ ਰਹਿੰਦੀ ਹੈ ਤੇ ਰਚਨਾ ਨੂੰ ਸਮੇਂ ਦੇ ਹਾਣ ਪਰਵਾਨ ਤੇ ਭਵਿਖ ਵਿਚ ਝਾਤ ਮਾਰਨ ਲਈ ਉਕਸਾਉਂਦੀ ਰਹਿੰਦੀ ਹੈ। ਰਵਿੰਦਰ ਰਵੀ ਦੀਆਂ ਕਹਾਣੀਆਂ ਤੇ ਕਾਵਿ-ਕਥਾਵਾਂ ਨੂੰ ਕੁਝ ਅਜਿਹੇ ਹੀ ਜ਼ਾਵੀਏ ਤੋਂ ਘੋਖਣ, ਪੜਤਾਲਣ ਤੇ ਵਿਚਾਰਨ ਦੀ ਕੋਸ਼ਿਸ਼ ਕਰਾਂਗੇ ਤੇ ਇਹਦੇ ਅੰਗ-ਸੰਗ ਕਹਾਣੀ ਦੀ ਬਿਰਤਾਂਤ ਕਲਾ, ਵਿਸ਼ਾ-ਵਸਤੂ, ਪਾਤਰ ਉਸਾਰੀ, ਅਰਥ ਉਤਪਾਦਕਤਾ, ਵਾਪਰਨ-ਕਾਲ ਤੇ ਬਾਕੀ ਸਭ ਨਿਯਮਾਂ ਦੇ ਸਮਾਨਅੰਤਰ ਨਿਭਾਉ ਨੂੰ ਵੀ ਵਿਚਾਰਨ ਦ੍ਰਿਸ਼ਟੀ ਦੇ ਨਾਲ ਮੱਦੇ ਨਜ਼ਰ ਰਖਿਆ ਜਾਵੇਗਾ। ਰਵੀ ਦੀਆਂ ਕਹਾਣੀਆਂ ਦੀ ਸ਼ੈਲੀ ਕਾਵਿਕ ਤੇ

ਆਲੰਕਾਰਿਕ ਹੈ। ਪਾਤਰਾਂ ਦੀ ਕਦਮਪੇਸ਼ੀ ਤੇ ਬਿਰਤਾਂਤ ਕਦਮ ਮਿਲਾ ਕੇ ਚਲਦੇ ਨਜ਼ਰ ਆਉਂਦੇ ਹਨ। ਪ੍ਰਭਾਵ ਸਿਰਜਣ ਦੀ ਰਵੀ ਨੂੰ ਖ਼ੂਬ ਮੁਹਾਰਤ ਹੈ। ਉਹ ਅਨੇਕਾਂ ਨਵੇਂ ਸ਼ਬਦ, ਸ਼ਬਦ ਜੋੜ ਪੈਦਾ ਕਰਦਾ ਹੈ। ਆਲੇ ਦੁਆਲੇ ਦੇ ਚਿੰਨ੍ਹ-ਸਮੂਹ ਨੂੰ ਤਰਤੀਬ ਦੇ ਕੇ ਉਹ ਕਹਾਣੀ ਨੂੰ ਬੜੀ ਰੌਚਿਕ ਬਣਾ ਦਿੰਦਾ ਹੈ। ਉਸ ਦਾ ਬਿੰਬ-ਵਿਧਾਨ ਸੱਜਰਾ ਤੇ ਨਵੀਨ ਹੈ ਜੋ ਪਾਠਕਾਂ ਲਈ ਨਵੇਂ ਤੇ ਅਦਭੁੱਤ ਝਰੋਖੇ ਖੋਲ੍ਹ ਦਿੰਦਾ ਹੈ। ਪਾਠਕ ਕਹਾਣੀਆਂ ਦਾ ਅਧਿਐਨ ਕਰਦਿਆਂ-ਕਰਦਿਆਂ ਮਨੋਵਿਗਿਆਨਕ ਵਿਡੰਬਨਾਵਾਂ, ਅਜੋਕੀ ਤਕਨਾਲੋਜੀ ਦੀ ਸ਼ਬਦਾਵਲੀ ਤੇ ਗਲੋਬਲ ਸਮੱਸਿਆਵਾਂ ਨਾਲ ਸਹਿਜੇ ਹੀ ਪਰੀਚਿਤ ਹੋ ਜਾਂਦਾ ਹੈ।

ਕਥਾਕਾਰ ਸ੍ਰੀ ਰਵਿੰਦਰ ਰਵੀ ਦੇ ਕਹਿਣ ਮੁਤਾਬਕ "ਕਹਾਣੀ, ਸਾਹਿਤ ਵਿਚ ਮੇਰਾ ਪਹਿਲਾ ਇਸ਼ਕ ਸੀ"। ਰਵਿੰਦਰ ਰਵੀ ਨੇ ਕਹਾਣੀ ਤੋਂ ਆਪਣਾ ਸਾਹਿਤਕ ਸਫ਼ਰ ਸ਼ੁਰੂ ਕੀਤਾ ਤੇ ਹੌਲੀ ਹੌਲੀ ਉਹ ਇਕ ਪ੍ਰਯੋਗਸ਼ੀਲ ਕਵੀ ਦੇ ਤੌਰ ਤੇ ਪ੍ਰਯੋਗਸ਼ੀਲ ਲਹਿਰ ਨੂੰ ਸਥਾਪਿਤ ਤੇ ਤੇਜ਼ ਕਰਨ ਲਈ ਮੋਢੀ ਦੇ ਤੌਰ ਤੇ ਜਾਣਿਆ ਜਾਣ ਲੱਗਾ। ਇਸ ਤੋਂ ਅਠਾਰਾਂ ਵਰ੍ਹੇ ਬਾਅਦ ਉਹ ਕਾਵਿ-ਨਾਟਕ ਵਲ ਪਰਤਿਆ। ਪਰ ਇਸ ਸਾਹਿਤਕ ਸਫ਼ਰ ਦੌਰਾਨ ਉਹ ਕਹਾਣੀ ਦੇ ਫ਼ਨ ਨਾਲ ਵੀ ਨਿਰੰਤਰ ਜੁੜਿਆ ਰਿਹਾ। ਤੇ ਆਪਣੀ ਪ੍ਰਯੋਗਸ਼ੀਲ ਪ੍ਰਤਿਭਾ ਸਦਕਾ ਆਧੁਨਿਕ ਪੰਜਾਬੀ ਕਹਾਣੀ ਵਿਚ ਵੀ ਉਹ ਨਵੇਂ ਤੋਂ ਨਵੇਂ ਪ੍ਰਯੋਗ ਕਰਦਾ ਆ ਰਿਹਾ ਹੈ। ਤਕਰੀਬਨ ਛੇ ਦਹਾਕਿਆਂ ਦੌਰਾਨ ਉਸ ਨੇ ਨੌਂ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕੀਤੇ ਹਨ, ਜਿਨ੍ਹਾਂ ਵਿਚੋਂ ਸੌ ਤੋਂ ਉਪਰ ਕਹਾਣੀਆਂ ਤੇ ਅਨੇਕਾਂ ਕਾਵਿ-ਕਥਾਵਾਂ ਤੇ ਗਦ-ਕਾਵਿ ਕਥਾਵਾਂ ਪੰਜਾਬੀ ਜ਼ੁਬਾਨ ਨੂੰ ਪ੍ਰਦਾਨ ਕੀਤੀਆਂ ਹਨ। ਉਹਦੀਆਂ ਕਹਾਣੀਆਂ ਭਾਰਤ, ਕੀਨੀਆਂ, ਕਨੇਡਾ ਤੇ ਦੇਸ਼ ਦੇਸ਼ਾਂਤਰ, ਪੱਛਮੀ ਦੁਨੀਆਂ ਗੱਲ ਕੀ ਸਾਰੇ ਗਲੋਬ ਦੇ ਮਨੁੱਖਾਂ ਦੀ ਅਭਿਵਿਅਕਤੀ ਕਰਦੀਆਂ ਹਨ। ਉਹਦੀਆਂ ਕਹਾਣੀਆਂ ਦੀ ਸਮਗਰੀ ਨਿਵੇਕਲੀ, ਪਾਤਰ ਵੰਨ ਸੁਵੰਨੇ ਤੇ ਸਮੱਸਿਆਵਾਂ ਹਰ ਦੌਰ ਨੂੰ ਅੰਕਿਤ ਕਰਦੀਆਂ ਰਹੀਆਂ ਹਨ। ਉਹਨੇ ਆਧੁਨਿਕ ਪੰਜਾਬੀ ਕਹਾਣੀ ਲਿਖ ਕੇ ਪੰਜਾਬੀ ਸਾਹਿਤਕ ਪਿੜ ਵਿਚ ਨਿਵੇਕਲੀ ਪਛਾਣ ਸਥਾਪਤ ਕੀਤੀ ਹੈ ਤੇ ਪੰਜਾਬੀ ਅਦਬ ਨੂੰ ਵਧੇਰੇ ਅਮੀਰ ਬਣਾਇਆ ਹੈ। ਉਹਦੀਆਂ ਕਹਾਣੀਆਂ ਦੀ ਵਿਲੱਖਣਤਾ ਕਰਕੇ ਉਹ ਹਰ ਦੌਰ ਵਿਚ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ ਹਨ। ਰਵੀ ਹੋਰਾਂ ਦੀਆਂ ਕਹਾਣੀਆਂ ਤੇ ਅਸ਼ਲੀਲ ਹੋਣ ਦਾ ਦੋਸ਼ ਵੀ ਲਗਦਾ ਰਿਹਾ, ਪਰ ਉਸ ਨੇ ਇਸ ਆਲੋਚਨਾ ਨੂੰ ਖਿੜੇ ਮੱਥੇ ਸਵੀਕਾਰਿਆ ਹੈ। ਦਰਅਸਲ ਉਹ ਕਹਾਣੀ ਦੇ ਅੰਦਰਲੇ ਸੱਚ ਦਾ ਮੁੱਦਈ ਹੈ ਇਸ ਨੂੰ ਬਿਆਨਣ ਲਈ ਉਹ ਆਪਣੀ ਸ਼ੈਲੀ ਵਿਚ ਬੜਾ ਕਾਵਿਕ, ਯਥਾਰਥੀ ਤੇ ਨੰਗੇ ਸੱਚ ਵਾਂਗ ਬੇਬਾਕ ਹੈ। ਜੇ ਕਹਾਣੀ ਦੇ ਪਲਾਟ ਨੂੰ ਵਿਸਥਾਰ ਦੇਣ ਲਈ, ਪਾਤਰਾਂ ਦੀਆਂ ਰੁਚੀਆਂ ਨੂੰ ਪਰਗਟ ਕਰਨ ਲਈ ਕਹਾਣੀਕਾਰ ਨੂੰ ਵਿਵਰਜਿਤ ਕੋਨਿਆਂ ਵਿਚ ਝਾਤ ਮਾਰਨੀ ਪੈਂਦੀ ਹੈ ਤਾਂ ਇਹ ਬੜਾ ਸੁਭਾਵਕ ਹੈ ਉਹ ਸੰਕੋਚ ਨਹੀਂ ਕਰੇਗਾ ਤੇ ਸਹੀ ਚਿੰਨ੍ਹਾਂ ਨਾਲ ਉਸ ਸਮੱਸਿਆ ਦਾ ਸਮਾਧਾਨ ਕਰੇਗਾ।

ਅਜਕਲ੍ਹ ਉਹਦਾ ਨੌਂਵਾਂ ਕਹਾਣੀ ਸੰਗ੍ਰਹਿ "ਗੋਰੀਆਂ ਸ਼ਹੀਦੀਆਂ" ਸਾਹਿਤਕ ਹਲਕਿਆਂ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। "ਗੋਰੀਆਂ ਸ਼ਹੀਦੀਆਂ" ਕਹਾਣੀ-ਸੰਗ੍ਰਹਿ ਰਵਿੰਦਰ ਰਵੀ ਦੇ ਲਿਖੇ ਆਰੰਭਕ ਸ਼ਬਦਾਂ ਨਾਲ ਸ਼ੁਰੂ ਹੁੰਦਾ ਹੈ, ਜਿਸ ਵਿਚ ਉਹਨਾਂ ਕਹਾਣੀ ਸੰਗ੍ਰਹਿਾਂ ਦੇ ਪ੍ਰਕਾਸ਼ਨ ਵਰ੍ਹਿਆਂ ਨਾਲ ਪਾਠਕਾਂ ਨੂੰ ਪਰੀਚਿਤ ਕਰਵਾਇਆ ਹੈ ਤੇ ਕਹਾਣੀ ਪ੍ਰਤੀ ਆਪਣੀ ਸੁਹਿਰਦਤਾ ਦਾ ਲੇਖਾ ਜੋਖਾ ਕੀਤਾ ਹੈ। ਇਹ ਸੰਗ੍ਰਹਿ ਤਰਤੀਬ ਪੱਖੋਂ ਤਿੰਨ ਮੁੱਖ ਭਾਗਾਂ ਵਿਚ ਵੰਡਿਆ ਗਿਆ ਹੈ :

ਪਹਿਲਾ ਭਾਗ : ਇਤਿਹਾਸ ਦੇ ਝਰੋਖੇ ਚੋਂ : ਇਕ ਦ੍ਰਿਸ਼ਟੀ-ਇਕ ਕਹਾਣੀ

ਦੂਸਰਾ ਭਾਗ : ਨੌਂ ਕਹਾਣੀਆਂ ਦਾ ਮੂਲ-ਪਾਠ

ਤੀਸਰਾ ਭਾਗ : ਨੌਂ ਕਾਵਿ-ਕਥਾਵਾਂ

ਇਸ ਤੋਂ ਉਪਰੰਤ ਅੰਤਿਕਾ ਤੇ ਪੁਸਤਕ ਦਰਸ਼ਨ ਨਾਲ ਇਸ ਸੰਗ੍ਰਹਿ ਨੂੰ ਸਮੇਟਿਆ ਗਿਆ ਹੈ।

'ਇਤਿਹਾਸ ਦੇ ਝਰੋਖੇ ਚੋਂ' : ਇਸ ਪਹਿਲੇ ਭਾਗ ਅੰਦਰ ਰਵਿੰਦਰ ਰਵੀ ਦੀ ਬਹੁ ਚਰਚਿਤ ਕਹਾਣੀ 'ਅਨ੍ਹੇਰਾ, ਯੂਕਲਿਪਟਸ ਤੇ ਅੱਗ' ਤੇ ਤਿੰਨ ਟਿੱਪਣੀਆਂ ਦਾ ਜ਼ਿਕਰ ਹੈ।

ਕਰਤਾਰ ਸਿੰਘ ਦੁੱਗਲ ਦਾ ਕਹਿਣਾ ਹੈ :

"To my mind, Ravinder Ravi is best at arresting the mood of the vital movements in life."

ਡਾ. ਦਵਿੰਦਰ ਕੌਰ ਲਿਖਦੇ ਹਨ :

"ਇਹ ਕਹਾਣੀ ਮੈਨੂੰ ਪੰਜਾਬੀ ਦੀਆਂ ਹੋਰ ਕਹਾਣੀਆਂ ਨਾਲੋਂ ਵੱਖਰੀ ਤੇ ਵਿਸ਼ੇਸ਼ ਜਾਪੀ। ਅਨ੍ਹੇਰਾ ਅਤੇ ਅੱਗ, ਮੌਤ ਅਤੇ ਜ਼ਿੰਦਗੀ ਦੇ ਦੋ ਪ੍ਰਤੀਕਾਂ ਨੂੰ ਵਰਤ ਕੇ, ਆਪਣੇ ਅੰਦਰ ਦੀ ਅੱਗ ਸੁਲਗਾਈ ਰੱਖਣ ਲਈ, ਯੂਕਲਿਪਟਸ ਦੀ ਮਿੱਥ ਦਾ ਨਿਭਾਉ ਬਾਖ਼ੂਬੀ ਹੋਇਆ ਹੈ।"

ਡਾ. ਵਨੀਤਾ ਹੋਰਾਂ ਨੇ ਹੁਣੇ-ਹੁਣੇ ਚਾਰ ਦਹਾਕਿਆਂ ਬਾਅਦ ਇਸ ਕਹਾਣੀ ਤੇ ਇਕ ਵਿਸ਼ਲੇਸ਼ਣਾਤਮਕ ਨਿਬੰਧ ਲਿਖਦਿਆਂ ਕਿਹਾ ਹੈ ਕਿ :

"ਰਵਿੰਦਰ ਰਵੀ ਦੀ ਇਹ ਪ੍ਰਤੀਕਾਤਮਕ ਕਹਾਣੀ ਇਕ ਮਨੋਵਿਗਿਆਨਕ ਕਹਾਣੀ ਹੈ। ਜਿਸ ਵਿਚ ਉਹ ਇਕੋ ਸਮੇਂ ਕਾਵਿਕ, ਪ੍ਰਤੀਕਾਤਮਕ ਤੇ ਮਨੋਵਿਗਿਆਨਕ ਵਿਧੀਆਂ ਨੂੰ ਵਰਤ ਕੇ ਇਕ ਨਵੀਂ ਪ੍ਰਯੋਗਸ਼ੀਲ ਕਹਾਣੀ ਬਣਾਉਂਦਾ ਹੈ।"

ਇਸ ਕਹਾਣੀ ਦੇ ਇੰਨੀ ਦੇਰ ਤਕ ਚਰਚਾ ਵਿਚ ਰਹਿਣ ਤੋਂ ਇਸ ਵਿਚਾਰ ਨਾਲ ਸਹਿਮਤ ਹੋਣਾ ਪਵੇਗਾ ਕਿ ਮਿਆਰੀ ਸਾਹਿਤ ਵਕਤ ਦੇ ਗੁਜ਼ਰਨ ਨਾਲ ਫਿੱਕਾ ਨਹੀਂ ਪੈਂਦਾ ਸਗੋਂ ਉਹ ਆਪਣੇ ਦੌਰ ਦਾ ਆਇਨਾਂ ਬਣ ਜਾਂਦਾ ਹੈ, ਜਿਸ ਵਿਚੋਂ ਪਾਠਕ ਰਚਨਾ ਦੇ ਕੱਦ ਨੂੰ ਤੇ ਉਸ ਅਰਸੇ ਦੇ ਚਿਹਰੇ ਮੋਹਰੇ ਦੀ ਦਿਖ ਪਹਿਚਾਣ ਸਕਦਾ ਹੈ। ਚਿਰੰਜੀਵੀ ਸਾਹਿਤ ਦੇ ਤ੍ਰੈਕਾਲੀ ਗੁਣਾਂ ਦਾ ਲੇਖਾ ਜੋਖਾ ਕਰ ਸਕਦਾ ਹੈ। ਇਹ ਆਪਣੇ ਆਪ ਵਿਚ ਇਕ ਨਵੀਂ ਜੁਗਤ, ਵੱਖਰੀ ਤੇ ਚੇਤਨਾ ਪ੍ਰਵਾਹ ਦੀ ਸ਼ੈਲੀ ਵਿਚ ਲਿਖੀ ਉੱਚ ਪਾਏ ਦੀ ਕਹਾਣੀ ਹੈ।

ਕਹਾਣੀਆਂ ਨੂੰ ਪੜ੍ਹਦਿਆਂ, ਵਿਚਾਰਦਿਆਂ ਤੇ ਮਾਣਦਿਆਂ ਅਜੀਬ ਤਸੱਲੀ ਅਨੁਭਵ ਕੀਤੀ ਹੈ। "ਗੋਰੀਆਂ ਸ਼ਹੀਦੀਆਂ" ਇਸ ਸੰਗ੍ਰਿਹ ਦੀ ਪ੍ਰਮੁੱਖ ਤੇ ਪ੍ਰਥਮ ਕਹਾਣੀ ਹੈ। ਇਸ ਵਿਚਲੀ ਔਰਤ ਪਾਤਰ ਜੀਨ, ਉਹਦਾ ਪਿਤਾ ਤੇ ਜੀਨ ਦੇ ਬੱਚੇ ਹਨ ਤੇ ਚੌਥਾ ਪਾਤਰ ਖੁਦ ਸੂਤਰਧਾਰ ਹੈ। ਇਸ ਤ੍ਰਿਕੋਨੇ ਪਾਤਰਾਂ ਦੇ ਸੰਬੰਧ ਸਾਧਾਰਨ ਸੰਬੰਧ ਨਹੀਂ, ਪੱਛਮੀ ਸਮਾਜ ਦੀ ਕੋਝੀ ਤਸਵੀਰ ਦੇ ਘਿਨਾਉਣੇ ਨਕਸ਼ ਹਨ। ਬੇਟੀ ਤੇ ਬਾਪ ਦਰਅਸਲ ਰਖੇਲ ਤੇ ਬਲਾਤਕਾਰੀ ਦਾ ਰਿਸ਼ਤਾ ਹੈ। ਬੇਟੀਆਂ ਤੇ ਮਾਂ ਦਾ ਅਣਇੱਛਤ ਰਿਸ਼ਤਾ ਹੈ। ਬਾਪ ਮਗਰਮੱਛ ਹੈ ਤੇ ਜੀਨ ਦੀਆਂ ਬੇਟੀਆਂ ਫਿਰ ਕੁੰਡੀ ਤੇ ਟੰਗਿਆ ਮਾਸ ਹੈ। ਇਸ ਅਣਇੱਛਤ ਰਿਸ਼ਤਿਆਂ ਦੀ ਘੁਟਨ ਵਿਚ ਵਿਸਫੋਟ ਹੁੰਦਾ ਹੈ ਜੋ ਜੀਨ ਨੂੰ ਕੋਹ ਸੁੱਟਦਾ ਹੈ ਤੇ ਬੱਚਿਆਂ ਦੀ ਮੌਤ ਦਾ ਕਾਰਨ ਬਣਦਾ ਹੈ। ਬਾਪ ਨੂੰ ਰਹਿੰਦੀ ਜ਼ਿੰਦਗੀ ਪਸ਼ਚਾਤਾਪ ਭੋਗਣ ਲਈ ਇਸ ਤ੍ਰਾਸਦੀ ਦੀ ਸਲੀਬ ਤੇ ਟੰਗ ਦਿੱਤਾ ਜਾਂਦਾ ਹੈ।

ਇਹ ਮਨੁੱਖੀ ਕਦਰਾਂ ਕੀਮਤਾਂ 'ਚ ਆ ਰਿਹੈ ਨਿਘਾਰ ਹੈ। ਜੋ ਆਏ ਦਿਨ ਖੁਦਕੁਸ਼ੀਆਂ ਦੀ ਵਜਹ ਬਣਦਾ ਹੈ। ਖੁਦਗਰਜ਼ੀ ਦਾ ਇਹ ਫੰਧਾ ਹਰ ਸਮਾਜ ਵਿਚ ਮਾਸੂਮਾਂ ਦੀ ਆਹੂਤੀ ਲੈਂਦਾ ਹੈ।

ਇਹ ਕਹਾਣੀ ਹਰ ਦੇਸ਼ ਦੀ ਅਜੋਕੀ ਸੱਭਿਅਤਾ ਦੀ ਦੁਖਦਾਈ ਕਥਾ ਹੈ। ਪੱਛਮ ਵਿਚ ਖੁੱਲਮਖੁੱਲ੍ਹਾ, ਨਿਰਵਸਤਰ, ਪੂਰਬ ਵਿਚ ਢਕੀ ਹੋਈ ਤੇ ਸੁਲਗਦੀ ਜਾਂ ਤੜਫਦੀ। ਪੱਛਮੀ ਸਮਾਜ ਵਿਚ ਇਹ ਸਭ ਪਰਦਿਆਂ ਤੋਂ ਬਾਹਰ ਹੈ ਪਰ ਬਹੁਤੀਆਂ ਸੱਭਿਅਤਾਵਾਂ ਵਿਚ ਇਹੋ ਜਿਹੇ ਕਿਰਦਾਰਾਂ ਨੂੰ ਸਮਾਜਿਕ ਭੈਅ ਦੇ ਪਰਦਿਆਂ ਹੇਠ ਢੱਕ ਦਿੱਤਾ ਜਾਂਦਾ ਹੈ। ਖੁਦਕੁਸ਼ੀ ਤੇ ਕਤਲ ਇਹੋ ਜਿਹੇ ਹੀ ਘਿਨਾਉਣੇ ਕਰਮਾਂ ਦੇ ਬੀਜ ਹਨ।

ਰਵੀ ਦੀ ਕਲਮ ਇਕ ਨਸ਼ਤਰ ਹੈ ਜੋ ਅਜੋਕੇ ਸਮਾਜੀ ਕੋਹੜ ਨੂੰ, ਪਰਿਵਾਰਾਂ ਅੰਦਰ ਨਿਰੰਤਰ ਚੱਲ ਰਹੀ ਟੁੱਟ-ਭੱਜ ਨੂੰ ਤਹਿ-ਦਰ-ਤਹਿ ਬਾਖ਼ੂਬੀ ਚੀਰ ਫਾੜ ਕਰਕੇ ਬੇਪਰਦਾ ਕਰਦੀ ਹੈ। ਮਾਨਸਿਕ ਤੌਰ ਤੇ ਬੀਮਾਰ ਬਾਪ ਜਾਂ ਹੋਰ ਇਹੋ ਜਿਹੇ ਪਾਤਰਾਂ ਨੂੰ ਬੇਨਕਾਬ ਕਰਦੀ ਹੈ। ਉਹਨਾਂ ਅੰਦਰਲੇ ਜਾਨਵਰਾਂ ਨੂੰ ਪਹਿਚਾਨਣ ਲਈ ਰੌਸ਼ਨੀ ਬਣਦੀ ਹੈ। ਰਵੀ ਨਿਝੱਕ ਤੇ ਬੇਬਾਕ ਲਿਖਦਾ ਹੈ। ਉਹਦੇ ਕੋਲ ਹਰ ਵਿਸ਼ੇ ਨੂੰ ਸੰਵੇਦਨਾਤਮਿਕ ਕਾਵਿਕ

ਸ਼ੈਲੀ 'ਚ ਕਹਿਣ ਦੀ ਅਦਭੁੱਤ ਦਲੇਰੀ ਹੈ। ਇਸੇ ਕਰਕੇ ਉਹ ਆਧੁਨਿਕ ਕਹਾਣੀ ਦੇ ਕਲਾ ਖੇਤਰ ਵਿਚ ਮੂਹਰਲੀਆਂ ਸਫ਼ਾਂ 'ਚ ਲੜਦਾ ਨਜ਼ਰ ਆਉਂਦਾ ਹੈ।

"ਗੋਰੀਆਂ ਸ਼ਹੀਦੀਆਂ" ਕਹਾਣੀ ਸੰਗ੍ਰਹਿ ਦੀ ਦੂਸਰੀ ਕਹਾਣੀ ਹੈ 'ਦੋਗਲੇ', ਗੱਜਣ ਸਿੰਘ ਇਸ ਦਾ ਮੁੱਖ ਪਾਤਰ ਹੈ ਜੋ ਪਰਵਾਸੀਆਂ ਦੇ ਬੱਚਿਆਂ ਨੂੰ ਪੱਛਮੀ ਸਮਾਜ ਵਿਚ ਘੁਲਦੇ ਮਿਲਦੇ ਦੇਖ ਕੇ ਕੁੜ੍ਹਦਾ ਰਹਿੰਦਾ ਹੈ। ਪੰਜਾਬੀ ਪਰਵਾਰਾਂ ਦੀਆਂ ਕੁੜੀਆਂ ਤੇ ਮੁੰਡਿਆਂ ਦੇ ਮੇਨ ਸਟਰੀਮ ਦੇ ਮੁੰਡੇ ਕੁੜੀਆਂ ਨਾਲ ਵਿਆਹ, ਆਮ ਗੱਲ ਹੋ ਚੁੱਕੀ ਹੈ। ਉਹਨਾਂ ਤੋਂ ਜਨਮੀ ਔਲਾਦ ਨੂੰ ਗੱਜਣ ਸਿੰਘ 'ਦੋਗਲੇ' ਗਰਦਾਨਦਾ ਹੈ।

ਇਹੋ ਜਿਹੀਆਂ ਹਾਲਤਾਂ ਵਿਚ ਹੀ ਉਹਦਾ ਲੜਕਾ 'ਡਰੱਗਜ਼' ਦਾ ਸ਼ਿਕਾਰ ਹੋ ਜਾਂਦਾ ਹੈ। ਲੜਕੀ ਗੋਰੇ ਨਾਲ ਵਿਆਹ ਕਰਵਾ ਲੈਂਦੀ ਹੈ। ਪਤਨੀ ਇੰਡੀਆ ਗਈ ਅਤਿਵਾਦੀਆਂ ਹੱਥੋਂ ਮਾਰੀ ਜਾਂਦੀ ਹੈ। ਪਰਵਾਸ ਵਿਚ ਉਹਨੂੰ ਅਜੀਬ ਇਕੱਲਤਾ ਭੋਗਣੀ ਪੈਂਦੀ ਹੈ। ਇਸ ਇਕੱਲਤਾ ਦਾ ਸਤਾਇਆ ਉਹ ਗੋਰੀ ਨਾਲ ਵਿਆਹ ਕਰਕੇ ਪੱਛਮੀ ਸਭਿਅਤਾ ਵਿਚ ਰਚ ਮਿਚ ਜਾਂਦਾ ਹੈ। ਆਪਣੇ ਸਾਥੀਆਂ ਨੂੰ ਵੀ ਉਹ ਦੋਗਲੇ ਦਸਦਾ ਆਇਆ ਸੀ ਜੋ ਔਲਾਦ ਲਈ ਜੀਣ ਦਾ ਭਰਮ ਪਾਲਦੇ ਹਨ। ਅਖ਼ੀਰ ਨੂੰ ਔਲਾਦ ਆਪਣੇ ਰਾਹ ਪੈ ਜਾਂਦੀ ਹੈ। ਨਾ ਜਵਾਨੀ ਹੀ ਚੰਗੀ ਤਰ੍ਹਾਂ ਜੀਵੀ, ਨਾ ਬੁਢਾਪਾ ਹੀ ਚੰਗੀ ਤਰ੍ਹਾਂ ਹੰਢਾਇਆ। ਕੀ ਮਕਸਦ ਹੈ ਇਸ ਜ਼ਿੰਦਗੀ ਦਾ ? ਅਖੀਰ ਗੱਜਣ ਸਿੰਘ ਸਾਰੇ ਨਕਾਬ ਲਾਹ ਕੇ ਪੱਛਮੀ ਸੱਭਿਅਤਾ ਵਿਚ ਗੁਆਚ ਜਾਂਦਾ ਹੈ।

ਦਰਅਸਲ ਇਹ ਗੁਆਚੀ, ਉੱਜੜੀ ਬਿਖਰੀ ਤੇ ਇਕੱਲਤਾ ਦੀ ਤ੍ਰਾਸਦੀ ਭੋਗਦੀ ਪੀੜ੍ਹੀ ਦੇ ਦੰਭ ਦੀ ਗੱਲ ਕਰਦੀ ਕਥਾ-ਕਹਾਣੀ ਹੈ। ਜਿਸ ਵਿਚ ਮਨ ਦੀ ਤੌੜੀ ਅੰਦਰ ਰਿਝਦੀਆਂ ਲਾਲਸਾਵਾਂ ਦੀ ਅਸੰਤੁਸ਼ਟਤਾ ਸਾਫ਼ ਦਿਖਾਈ ਪੈਂਦੀ ਹੈ। ਖੋਪੜੀ 'ਚ ਰੀਂਘਦਾ ਮਹਿਜ਼ ਇਕ ਖ਼ਿਆਲ ਰਹਿ ਜਾਂਦਾ ਹੈ। ਜਿਸ ਦੇ ਲਈ ਸਾਰਥਕ ਕ੍ਰਮ-ਭੂਮੀ ਨਾ ਕਿਤੇ ਹੈ, ਨਾ ਹੋਵੇਗੀ। ਇਹ ਇਸ ਪੀੜ੍ਹੀ ਦੀ ਤ੍ਰਾਸਦਿਕ ਹਾਲਤ ਹੈ ਜੋ ਨਵੀਂ ਪੀੜ੍ਹੀ ਨੂੰ ਹਰ ਸੁੱਖ ਸਹੂਲਤ ਤੇ ਰਿਸ਼ਤੇ ਅਤੇ ਦੋਸਤੀਆਂ ਨੂੰ ਮਾਣਦੇ ਤੇ ਹੰਢਾਉਂਦੇ ਦੇਖਕੇ ਉਹਨਾਂ ਨੂੰ ਅਨੈਤਿਕ ਤੇ ਵਿਭਚਾਰੀ ਗਰਦਾਨਦੇ ਹਨ। ਇਹ ਦੇਖਦੇ ਤੇ ਜਿਊਂਦੇ ਕੁਝ ਹੋਰ ਹਨ, ਜਿਊਂਦੇ ਤੇ ਨਿਭਾਉਂਦੇ ਕੁਝ ਹੋਰ ਹਨ। ਇਕ ਸੱਭਿਅਤਾ ਦੀਆਂ ਦੋ ਪੀੜ੍ਹੀਆਂ ਦਾ ਟਕਰਾਉ ਹੈ। ਇੱਥੇ ਜੰਮੀ ਪੀੜ੍ਹੀ ਲਈ ਇਹ ਦੁਖਾਂਤ ਨਹੀਂ ਸੁਖਾਂਤ ਹੈ ਕਿਉਂਕਿ ਉਹਨਾਂ ਕੋਲ ਤੁਲਨਾ ਕਰਨ ਲਈ ਪਿਛੋਕੜ ਹੀ ਨਹੀਂ। ਉਹਨਾਂ ਦੀਆਂ ਯਾਦਾਂ 'ਚ ਅਜਿਹਾ ਕੋਈ ਸੰਸਕਾਰ ਨਹੀਂ ਜੋ ਉਹਨਾਂ ਨੂੰ ਮਰਜ਼ੀ ਦੀ ਜ਼ਿੰਦਗੀ ਜਿਊਣ ਤੋਂ ਹੋੜਦਾ ਹੋਵੇ।

ਇਸ ਕਹਾਣੀ ਵਿਚ ਕਹਾਣੀਕਾਰ ਨੇ ਜ਼ਿੰਦਗੀ ਦੀਆਂ ਕੁਝ ਬੀਜ ਨੁਮਾ ਹਕੀਕਤਾਂ ਨੂੰ ਅਜੋਕੇ ਮਾਹੌਲ ਵਿਚ ਜੀਂਦਿਆਂ ਤੇ ਬਦਲਦਿਆਂ ਤੇ ਅਖੀਰ ਜ਼ਿੰਦਗੀ ਨੂੰ ਆਪਣੇ ਰੰਗ ਰੰਗ ਲੈਂਦੀਆਂ ਹਕੀਕਤਾਂ ਨੂੰ ਪਾਠਕਾਂ ਦੇ ਰੂਬਰੂ ਪੇਸ਼ ਕੀਤਾ ਹੈ। ਆਪਣੇ ਭਰਮ ਭੁਲੇਖਿਆਂ ਦੇ ਜਾਲ ਨੂੰ ਕੱਟ ਕੇ ਕੋਈ ਹੀ ਅਸਲੀ ਜ਼ਿੰਦਗੀ ਜਿਉਂਦਾ ਹੈ। ਨਹੀਂ ਤਾਂ ਸਾਰੀ ਉਮਰ ਲੋਕ ਭਰਮ ਢੋਂਦੇ, ਭਰਮ ਭੋਗਦੇ ਤੇ ਭਰਮ ਜੀਂਦੇ ਹਨ। ਅਖ਼ੀਰ ਭਰਮਾਂ ਦੇ ਤਾਬੂਤ 'ਚ ਪੈ ਮੌਤ ਦੇ ਬਗਲਗੀਰ ਹੋ ਜਾਂਦੇ ਹਨ। ਜ਼ਿੰਦਗੀ ਨੂੰ ਉਹਦੇ ਸਹੀ ਅਰਥਾਂ ਵਿਚ ਕਦੇ ਨਹੀਂ ਜੀਂਦੇ। ਜਿਹੋ ਜਿਹਾ ਜੀਂਦੇ ਹਨ ਉਹ ਯਥਾਰਥ ਬਿਲਕੁਲ ਨਹੀਂ ਹੁੰਦਾ, ਮਹਿਜ਼ ਦੋਗਲਾਪਣ ਹੁੰਦਾ ਹੈ।

ਕਹਾਣੀ 'ਖੁਲ੍ਹੀ ਕਿਤਾਬ' ਵੀ ਪੂੰਜੀਵਾਦ ਦੀ ਤੀਰ-ਅੰਦਾਜ਼ੀ ਨਾਲ ਹੋਇਆ ਇਕ ਨਵਾਂ ਘਾਉ ਹੈ। ਪੱਛਮੀ ਸਮਾਜ ਵਿਚ ਆਮ ਲੋਕ ਬੱਚੇ ਪਾਲਣੋਂ ਅਸਮਰੱਥ ਹਨ। ਕਿਉਂਕਿ ਹਰ ਚੀਜ਼ ਇਤਨੀ ਮਹਿੰਗੀ ਹੋ ਚੁੱਕੀ ਹੈ ਕਿ ਬੱਚੇ ਲੈ-ਪਾਲਕ (Foster Parents) ਮਾਪਿਆਂ ਦੇ ਹਵਾਲੇ ਕਰ ਦਿੱਤੇ ਜਾਂਦੇ ਹਨ। ਉਹਨਾਂ ਨੂੰ ਪਾਲਣ-ਪੋਸਣ ਲਈ ਮਨਿਸਟਰੀ ਵਲੋਂ ਡਾਲਰ ਮਿਲਦੇ ਹਨ। ਡਾਲਰਾਂ ਦੀ ਏਡ ਮੁੱਕਣ ਤੇ ਉਹ ਵੀ ਮੁੱਖ ਮੋੜ ਲੈਂਦੇ ਹਨ। ਕੈਥੀ ਵੀ ਅਜਿਹਾ ਹੀ ਇਕ ਰੁਲ ਰਿਹਾ ਬੱਚਾ ਹੈ ਜੋ ਲੈ-ਪਾਲਕ ਮਾਪੇ ਵੀ ਛੱਡ ਕੇ ਚਲੇ ਜਾਂਦੇ ਹਨ। ਰੁਲਦਾ ਘੁਲਦਾ ਬਚਪਨ ਜਵਾਨੀ ਦੀ ਦਹਿਲੀਜ਼ ਤੇ ਪਹੁੰਚਦਾ ਹੈ ਤਾਂ ਜਿਸਮਾਨੀ ਸ਼ੋਸ਼ਣ ਦਾ ਸ਼ਿਕਾਰ ਹੋ ਜਾਂਦੀ ਹੈ। ਇਸ ਰੀਂਘਦੀ ਜ਼ਿੰਦਗੀ ਦੀ ਮੰਜ਼ਿਲ ਕੀ ਹੈ ?

ਅਖੀਰ ਨੂੰ ਉਹ ਔਰਤ ਜੇਮਜ਼ ਨਾਂ ਦੇ ਪਾਦਰੀ ਦੇ ਕਦਮਾਂ 'ਚ ਪਹੁੰਚ ਜਾਂਦੀ ਹੈ। ਧਾਰਮਿਕ ਅਦਾਰਿਆਂ

ਦੇ ਮੁੱਖੀ ਵੀ ਦੱਲਿਆਂ ਤੋਂ ਕਿਸੇ ਤਰ੍ਹਾਂ ਘੱਟ ਨਹੀਂ। ਮਹਿਜ਼ ਮਖੌਟਾ ਹੀ ਵੱਖਰਾ ਹੈ। ਕੈਥੀ ਪਾਦਰੀ ਦੀ ਅੰਨ੍ਹੀ ਹਵਸ ਦਾ ਸ਼ਿਕਾਰ ਹੋ ਜਾਂਦੀ ਹੈ। ਪੁੱਤਰ ਜੰਮਦੀ ਹੈ। ਸੱਚ ਦੀ ਤਲਾਸ਼ 'ਚ ਟੁਰਦੀ ਟੁਰਦੀ ਉਹ ਜ਼ਿੰਦਗੀ ਦੀਆਂ ਰਾਹਵਾਂ 'ਚ ਤਿਰਹਾਈ, ਲਾਚਾਰ ਹਿਰਨੀ ਵਾਂਗ ਗੁਆਚ ਜਾਂਦੀ ਹੈ। ਜ਼ਰਾ ਜਿੰਨੀ ਹਮਦਰਦੀ ਲਈ ਤਰਸਦੀ ਉਹ ਖੁੱਲ੍ਹੀ ਕਿਤਾਬ ਵਾਂਗ ਵਿਚਰਦੀ ਹੈ। ਇਹ ਪਿਆਰ ਮੁਹੱਬਤ ਤਾਂ ਜਿਵੇਂ ਕਿਸੇ ਹੋਰ ਦੁਨੀਆਂ ਦੀਆਂ ਗੱਲਾਂ ਹੋਣ। ਕੁਝ ਹੈ ਜੋ ਹੁਣ ਤਕ ਮਨੁੱਖਾਂ ਦੇ ਹੱਥਾਂ ਤੇ ਦਿਮਾਗ 'ਚ ਨਹੀਂ ਆਇਆ। ਇਹੀ ਪਾਕ ਮੁਹੱਬਤ ਦਾ ਕੁਝ ਨਹੀਂ, ਸਗਲਾ ਵਜੂਦ ਹੈ, ਜਿਸ ਨੂੰ ਸਾਰੀ ਖੁਦਾਈ ਤਲਾਸ਼ ਰਹੀ ਹੈ।

ਇਹ ਪਾਦਰੀ-ਪੇਸ਼ਾ ਪੱਛਮੀ ਸੱਭਿਅਤਾ ਵਿਚ ਹੁਣ ਤਕ ਸਭ ਤੋਂ ਵਧ ਬਦਨਾਮ ਹੋ ਚੁੱਕਿਆ ਅਹੁਦਾ ਹੈ। ਜੋ ਹਜ਼ਾਰਾਂ ਬੱਚਿਆਂ, ਲੜਕੇ ਤੇ ਲੜਕੀਆਂ ਨਾਲ ਜਿਨਸੀ ਸੰਬੰਧ ਬਣਾ ਕੇ ਉਹਨਾਂ ਦੀ ਮਾਨਸਿਕਤਾ ਤਬਾਹ ਕਰ ਚੁੱਕਿਆ ਹੈ। ਪਾਦਰੀ ਜੇਮਜ਼ ਵੀ, ਕੈਥੀ ਦੇ ਹੱਥੋਂ ਇਕ ਲੜਕੇ ਨਾਲ ਇਸ ਵਿਵਰਜਿਤ ਸੰਬੰਧ ਦੌਰਾਨ ਰੰਗੇ ਹੱਥੀਂ ਫੜਿਆ ਜਾਂਦਾ ਹੈ। ਜੀਹਨੂੰ ਉਹ ਨਕਦੀ ਦੇ ਕੇ ਖਰੀਦ ਲੈਂਦਾ ਹੈ।

ਇਸ ਤਰ੍ਹਾਂ ਇਹ ਕਹਾਣੀ ਸਮਾਜ ਦੇ ਹਰ ਪੱਧਰ ਤੇ ਵਿਚਰਦੇ ਲੋਕਾਂ ਦੀ ਖੁਦਗਰਜ਼ੀ, ਇਨਸਾਨ ਦੇ ਚਿਹਰੇ 'ਤੇ ਚੜ੍ਹੇ ਵੱਖ-ਵੱਖ ਨਕਾਬਾਂ ਦਾ ਚੀਰ-ਹਰਣ ਕਰਦੀ ਹੈ। ਮਨੁੱਖੀ ਚਿੰਤਨ ਨੂੰ ਹਕੀਕਤ ਦੇ ਰੂਬਰੂ ਕਰਦੀ ਹੈ। ਸੋਚ ਦੇ, ਚਿੰਤਨ ਦੇ ਨੰਗੇ ਸੱਚ ਤੋਂ ਜਾਣੂੰ ਕਰਵਾਉਂਦੀ ਹੈ।

ਕਹਾਣੀ 'ਸਪੈਮ' ਅਜੋਕੇ ਮੁਹਾਵਰੇ ਵਿਚ ਲਿਖੀ ਗਈ ਦਿਲਚਸਪ ਕਹਾਣੀ ਹੈ। ਅਜੋਕੇ ਮਾਹੌਲ ਵਿਚ ਇਸ਼ਤਿਹਾਰਾਂ ਦੀ ਫਾਲਤੂ ਈ-ਮੇਲ ਤੋਂ ਸਿਰਜੀ ਗਈ ਕਹਾਣੀ ਹੈ। ਸਾਰੇ ਕੰਪਿਊਟਰੀ ਜਗਤ ਨੂੰ ਤਰਤੀਬ ਦੇ ਕੇ, ਇਕ ਕੰਪਿਊਟਰ ਮਾਹਰ ਦੇ ਅੰਤਰੀਵ ਖ਼ਲਲ ਨੂੰ ਪੇਸ਼ ਕੀਤਾ ਗਿਆ ਹੈ। ਉਹ ਪਤੀ ਹੁੰਦਿਆਂ ਹੋਇਆਂ ਇਕ ਮਸ਼ੀਨ ਹੋ ਕੇ ਰਹਿ ਗਿਆ ਹੈ। ਪਤਨੀ ਹਾਲਾਤ ਤੋਂ ਸਤੀ ਆਪਣੇ ਮਾਨਸਿਕ ਸਾਥ ਤਲਾਸ਼ਣ 'ਚ ਰੁਚਿਤ ਹੈ। ਪਤੀ ਹਮੇਸ਼ਾਂ ਹੀ ਉਹਨੂੰ ਸ਼ੱਕੀ ਨਜ਼ਰਾਂ ਨਾਲ ਘੋਖਦਾ ਰਹਿੰਦਾ ਹੈ। ਕੁਝ ਕਰਨਾ ਅਸੰਭਵ ਹੈ ਇਕ ਮਾਨਸਿਕ ਭੈਅ ਦਾ ਸੱਪ ਉਹਦੇ ਜ਼ਿਹਨ ਵਿਚ ਪਲਸੇਟੇ ਮਾਰਦਾ ਰਹਿੰਦਾ ਹੈ। ਉਹ ਆਪਣੀ ਇਕੱਲ ਤੋਂ ਪਰੇਸ਼ਾਨ ਹੈ। ਇਸੇ ਹੀ ਬੇਬੁਨਿਆਦੀ ਦੇ ਲਹਿਜੇ ਵਿਚ ਉਹ ਹਰ ਇਕ ਕੋਲ ਆਪਣੇ-ਪ੍ਰੇਮ-ਵਿਆਹ ਦੇ ਸੋਹਲੇ ਗਾਉਂਦਾ ਰਹਿੰਦਾ ਹੈ।

ਪਿਆਰ ਇਸ ਘੁਟਨ 'ਚ ਨਾਮੁਮਕਿਨ ਹੈ। ਉਸ ਤ੍ਰੀਮਤ ਦੇ ਆਪਣੇ ਕੁਝ ਸਰੋਕਾਰ ਹਨ ਜੋ ਕਲਾ ਦੀਆਂ ਖੂਬਸੂਰਤ ਅਭਿਵਿਅੰਜਨਾਂ ਨਾਲ ਗ੍ਰਸਤ ਹਨ। ਉਹ ਮਰਦ ਦੇ ਰਿਸ਼ਤੇ ਤੇ ਔਰਤ ਦੇ ਰਿਸ਼ਤੇ 'ਚ ਮਾਨਸਿਕ ਹਾਣ ਦੀ ਤਲਾਸ਼ ਵਿਚ ਤੁਰਦੀ ਹੈ।

ਇਕ ਭਰਮ ਦੇ ਪਰਦੇ ਹੇਠ ਉਹ ਔਰਤ ਦੀ ਹਰ ਅਵੱਗਿਆ ਨੂੰ ਸਵੀਕਾਰਦਾ ਹੈ। ਉਹਨੂੰ ਇਕ ਖ਼ਲਾਅ ਰੋਜ਼ ਸਤਾਂਦਾ ਹੈ। ਪਤਨੀ ਚਲੀ ਗਈ ਤਾਂ ਉਸ ਬਗੈਰ ਉਹ ਜ਼ਿੰਦਗੀ ਦੇ ਸ਼ੂਨਯ ਨੂੰ ਕਿੰਜ ਭਰੇਗਾ ?

ਬੜੀ ਖੂਬਸੂਰਤ ਮਨੋਵਿਗਿਆਨਕ ਪ੍ਰਸਥਿਤੀ ਦੀ ਕਹਾਣੀ ਹੈ। ਕਈ ਵਾਰ ਬੇਬਸੀ ਦੀ ਹਾਲਤ ਵਿਚ ਫਾਲਤੂ ਚੀਜ਼ਾਂ 'ਚੋਂ ਤਸੱਲੀ ਤਲਾਸ਼ੀ ਜਾਂਦੀ ਹੈ।

ਇਹ ਇਸ ਤਰ੍ਹਾਂ ਹੈ, ਜਿਸ ਤਰ੍ਹਾਂ ਕੋਈ ਪਾਗਲ ਰੰਗ ਬਰੰਗੀਆਂ ਲੀਰਾਂ ਇਕੱਠੀਆਂ ਕਰਕੇ ਸਾਰਾ ਦਿਨ ਆਪਣੀ ਹੀ ਦੁਨੀਆਂ 'ਚ ਖੁਸ਼ ਰਹਿੰਦਾ ਹੈ। ਕੋਈ ਇਕ ਲੀਰ ਗੁਆਚ ਜਾਏ ਤਾਂ ਸਾਰੀ ਰਾਤ ਰੋਂਦਾ ਰਹਿੰਦਾ ਹੈ।

ਕਹਾਣੀ 'ਸਪੈਮ' ਵਿਚ ਇਕ ਜੋੜੇ ਦੀਆਂ ਮਾਨਸਿਕ ਗੁੰਝਲਾਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਪ੍ਰਸਤੁਤ ਹੈ। ਪ੍ਰੇਮ-ਵਿਆਹ ਵਕਤ ਪਾ ਕੇ ਰੰਗ ਗੁਆ ਬਹਿੰਦਾ ਹੈ। ਸ਼ੱਕ, ਵਹਿਮ, ਬੇਭਰੋਸਗੀ, 'ਏਕ ਜੋਤ ਦੋਏ ਮੂਰਤੀ' ਦੇ ਸੰਕਲਪ ਨੂੰ ਧਰੁਵਾਂ ਵਾਂਗ ਨਿਖੇੜ ਦਿੰਦੀ ਹੈ। ਜ਼ਿੰਦਗੀ ਇਕ ਦਮ ਫਾਲਤੂ ਜੇਹੀ ਹੋ ਕੇ ਬੇਅਰਥ ਹੋ ਜਾਂਦੀ ਹੈ। ਫਿਰ ਵੀ ਇਸ ਕੰਮਬਖਤ ਜ਼ਿੰਦਗੀ ਨੂੰ 'ਫਲਾਇਰਜ਼' ਵਾਂਗ ਪੜ੍ਹਿਆ ਤੇ ਜੀਵਿਆ ਜਾਂਦਾ ਹੈ।

ਕਾਹਦੇ ਲਈ ? ਕਿਉਂ ?

ਇਹੋ ਜਿਹੇ ਵਚਿੱਤਰ ਸਵਾਲ ਇਹ ਕਹਾਣੀ ਪਾਠਕਾਂ ਦੇ ਰੂਬਰੂ ਕਰਦੀ ਹੈ। ਇਸ ਬੇਅਰਥੀ ਹੋਂਦ ਨੂੰ ਅਰਥ ਕਿਵੇਂ ਦਿੱਤੇ ਜਾ ਸਕਦੇ ਹਨ ? ਇਹ ਤੁਹਾਡੇ ਆਪੋ ਆਪਣੇ ਵਿਅਕਤਿਤਵ ਤੇ ਨਿਰਭਰ ਕਰਦਾ ਹੈ।

'ਟਿਊਸ਼ਨ' ਨਾਮੀ ਕਹਾਣੀ ਅੱਜਕਲ੍ਹ ਦੇ ਮਾਹੌਲ ਵਿਚ ਜਦ ਕਿ ਸਭ ਕੁਝ ਬੜੀ ਜਲਦ ਬਦਲ ਰਿਹਾ ਹੈ, ਪੁਰਾਣੀਆਂ, ਸਦੀਆਂ ਪੁਰਾਣੀਆਂ ਸਮਾਜਿਕ ਬੁਰਾਈਆਂ ਨੂੰ ਨਵੇਂ ਜ਼ਾਵੀਏ ਤੋਂ ਪੇਸ਼ ਕਰਨ ਦੀ ਸਫ਼ਲ ਕੋਸ਼ਿਸ਼ ਹੈ। ਤਰੱਕੀ ਨਾਲ ਆਲਾ ਦੁਆਲਾ ਬਦਲ ਰਿਹਾ ਹੈ। ਭੀੜ-ਭੜੱਕੇ ਦੇ ਵਿਚ ਕੋਈ ਕਿੱਧਰ ਜਾ ਰਿਹਾ ਹੈ ? ਕੀ ਕਰ ਰਿਹਾ ਹੈ ? ਕੋਈ ਕਿਸੇ ਦੀ ਪ੍ਰਵਾਹ ਨਹੀਂ ਕਰਦਾ। ਮਹਾਂਨਗਰ ਵਿਚ ਤੁਸੀਂ ਸਮੁੰਦਰ 'ਚ ਗੁਆਚੀ ਕਿਸ਼ਤੀ ਵਾਂਗ ਹੋ, ਡਿੱਕੇ-ਡੋਲੇ ਖਾਂਦੇ ਇਧਰੋਂ ਇਧਰ, ਉਧਰੋਂ ਉਧਰ ਡਗਮਗਾਉਂਦੇ ਰਹਿੰਦੇ ਹੋ। ਕੀਹਦੇ ਕੋਲ ਇੰਨੀ ਵਿਹਲ ਹੈ ਕਿ ਤੁਹਾਨੂੰ ਵੇਖੇ ਕਿ ਤੁਸੀਂ ਕਿੱਧਰ ਜਾ ਰਹੇ ਹੋ। ਡਾਵਾਂਡੋਲ ਆਰਥਿਕਤਾ ਨੇ ਬੰਦੇ ਦੀ ਜੀਵਨ-ਗਤੀ ਨੂੰ ਤੇਜ਼ ਕਰ ਦਿੱਤਾ ਹੈ। ਕਦੇ ਵਕਤ ਸੀ ਪਿਆਸਾ ਖੂਹ ਕੋਲ ਜਾਂਦਾ ਸੀ। ਪਰ ਹੁਣ ਖੂਹ ਤਾਂ ਪਹੀਆਂ 'ਤੇ ਘੁੰਮਦਾ ਟੈਕਸੀਆਂ ਤੇ ਘੁੰਮਦਾ, ਪਿਆਸਿਆਂ ਦੀ ਤਲਾਸ਼ ਕਰ ਰਿਹੈ। ਬੜੇ ਖ਼ੂਬਸੂਰਤ ਅੰਦਾਜ਼ ਵਿਚ ਲਿਖੀ ਇਹ ਕਹਾਣੀ, ਹਿੰਦੋਸਤਾਨ ਦੇ ਮਹਾਂਨਗਰਾਂ ਦੀ ਪਿੱਠ-ਭੂਮੀ 'ਚ ਵਿਚਰਦੀ, ਅੱਜ ਦੀ ਵੇਸਵਾਗਮਨੀ ਨੂੰ ਇਕ ਨਵੇਂ ਕੋਨ ਤੋਂ ਪ੍ਰਸਤੁਤ ਕਰਦੀ ਹੈ। ਕਿਰਨ 'ਟਿਊਸ਼ਨ' ਦੇਣ ਦੇ ਬਹਾਨੇ ਆਪਣੇ ਗਾਹਕਾਂ ਕੋਲ ਪਹੁੰਚ ਕੇ, ਉਹਨਾਂ ਨੂੰ ਤ੍ਰਿਪਤ ਕਰਕੇ ਆਪਣੀਆਂ ਆਰਥਿਕ ਲੋੜਾਂ ਦੀ ਪੂਰਤੀ ਕਿਵੇਂ ਕਰਦੀ ਹੈ ? ਅੱਜ ਦਾ ਜੀਵਨ ਇਸ ਕਹਾਣੀ ਦੇ ਆਇਨੇ 'ਚੋਂ ਵੇਖਿਆ ਤੇ ਅਨੁਭਵਿਆ ਜਾ ਸਕਦਾ ਹੈ।

'ਭੂਤ ਨਗਰ' ਕੈਨੇਡਾ ਦੇ ਜੰਗਲ ਵਿਚ ਲੱਕੜ ਕੱਟਣ ਵਾਲਿਆਂ ਦੇ ਆਰਜ਼ੀ ਕੈਂਪਾਂ ਦੀ ਕਥਾ ਹੈ। ਇਹ ਕੈਂਪ ਆਰਥਿਕਤਾ ਨਾਲ ਜੁੜੇ ਵਸਦੇ ਤੇ ਉੱਜੜਦੇ ਰਹਿੰਦੇ ਹਨ। ਜਦੋਂ ਟਿੰਬਰ ਕੱਟਿਆ ਜਾਂਦਾ ਹੈ ਤਾਂ ਖਾਣਾਂ ਬੰਦ ਹੋ ਜਾਂਦੀਆਂ ਹਨ ਤਾਂ ਨਾਲ ਹੀ ਉਹ ਨਿੱਕੇ ਕਸਬੇ ਜਾਂ ਕੈਂਪ ਉੱਜੜ ਜਾਂਦੇ ਹਨ। ਇਹਨਾਂ ਕੈਂਪਾਂ ਵਿਚ ਕੰਮ ਕਰਨ ਵਾਲੇ ਕਾਮੇ ਵੀ ਵਸਦੇ ਤੇ ਉੱਜੜਦੇ ਰਹਿੰਦੇ ਹਨ। ਜੀਨ ਕਨਿਸਕੀ ਅਜਿਹਾ ਹੀ ਇਕ ਪਾਤਰ ਹੈ ਜੋ ਵੱਸਦਾ ਤੇ ਉੱਜੜਦਾ ਰਹਿੰਦਾ ਹੈ। ਮੁਨਾਫ਼ੇ ਵਾਲੇ ਲੋਕ ਮੁਨਾਫ਼ਾ ਕਮਾ ਕੇ ਵਸਦੇ ਰਸਦੇ ਸ਼ਹਿਰ ਉਜਾੜ ਦਿੰਦੇ ਹਨ ਜਾਂ ਸਮਝ ਲਉ ਕਿ ਨੌਕਰੀਆਂ ਦੀ ਘਾਟ ਕਾਰਨ ਉਹ ਖੁਦ ਬਖੁਦ ਉੱਜੜ ਜਾਂਦੇ ਹਨ। ਇਹਨਾਂ ਕਾਮਿਆਂ ਦੇ ਟੱਬਰਾਂ, ਦੋਸਤੀਆਂ, ਰਿਸ਼ਤੇ-ਨਾਤੇ ਵੀ ਇਹਨਾਂ ਆਰਜ਼ੀ ਕੈਂਪਾਂ ਵਾਂਗ ਬਣਦੇ, ਟੁੱਟਦੇ, ਉੱਜੜਦੇ ਰਹਿੰਦੇ ਹਨ।

ਮਨੁੱਖ ਸਦੀਆਂ ਤੋਂ ਤੇ ਸੱਭਿਅਤਾਵਾਂ ਯੁੱਗਾਂ ਤੋਂ ਵਸਦੀਆਂ, ਫੈਲਦੀਆਂ, ਉੱਜੜਦੀਆਂ ਆਈਆਂ ਹਨ। ਇਹਨਾਂ ਪਿੱਛੇ ਡਾਵਾਂਡੋਲ ਆਰਥਿਕਤਾ ਤੇ ਮੁਨਾਫ਼ੇਖੋਰ ਲੋਕ ਹੁੰਦੇ ਹਨ, ਜੋ ਆਪਣੀ ਖੁਦਗਰਜ਼ੀ ਲਈ ਲੋਕਾਂ ਦੇ ਉੱਜੜਣ ਦਾ ਕਾਰਨ ਬਣਦੇ ਹਨ। ਮਨੁੱਖ ਅੰਦਰਲੀ ਸਿਰਜਣਾਤਮਿਕਤਾ ਉਹਨੂੰ ਹਮੇਸ਼ਾਂ ਨਵੇਂ ਦਿਸਹੱਦਿਆਂ ਵੱਲ ਤੋਰੀ ਰਖਦੀ ਹੈ। ਵਿਸ਼ਵੀਕਰਨ ਦਾ ਭੂਤ ਇਕ-ਇਕ ਤੰਦ ਨੂੰ ਤੋੜ ਝੰਜੋੜ ਕਰਕੇ ਮਨੁੱਖ ਨੂੰ ਤਬਾਹ ਕਰਨ ਤਕ ਲੈ ਗਿਆ ਹੈ। ਇਸ ਅਜੋਕੇ ਗਲੋਬਲ ਪਿੰਡ ਵਿਚ ਕੁਝ ਵੀ ਵਾਪਰੇ, ਹਰ ਇਕ ਨੂੰ ਪ੍ਰਭਾਵਿਤ ਕਰਦਾ ਹੈ। ਇਹ ਆਰਜ਼ੀ ਕੈਂਪਾਂ ਦੀ ਕਥਾ ਦਰਅਸਲ ਸਦੀਆਂ ਤੋਂ ਮਨੁੱਖ ਦੇ ਉਜੜਣ ਤੇ ਵਸਣ ਦੀ ਹੀ ਕਥਾ ਹੈ। ਪਰ ਕੁਝ ਨਵਾਂ ਸਿਰਜਣ ਤੇ ਨਵਾਂ ਉਸਾਰਣ ਦੇ ਬੀਜ ਹਮੇਸ਼ਾਂ ਮਨੁੱਖ ਦੀ ਸਾਇਕੀ (ਮਾਨਸਿਕਤਾ) 'ਚ ਛੁਪੇ ਰਹਿੰਦੇ ਹਨ।

ਮਨੁੱਖ ਕਦੇ ਵੀ ਹਾਰਦਾ ਨਹੀਂ। ਉਹ ਤਬਾਹ ਵੀ ਨਹੀਂ ਹੁੰਦਾ। ਉਹ ਟੁੱਟਦਾ ਵੀ ਨਹੀਂ। ਕਿਵੇਂ ਨਾ ਕਿਵੇਂ ਉਹ ਫਿਰ ਜੁੜ ਜਾਂਦਾ ਹੈ। ਉਹ ਹਮੇਸ਼ਾਂ ਵਕਤ ਦੇ ਤਕਾਜ਼ੇ ਨਾਲ, ਰਿਸ਼ਤੇ ਜੋੜਦਾ, ਤੋੜਦਾ ਰਿਹਾ ਹੈ। ਉਹ ਜੰਗਲ ਵਿਚ ਜੰਗਲੀ ਬਣ ਕੇ ਜਿਉਂਦਾ ਹੈ, ਘਰ ਵਿਚ ਘਰ ਵਾਲਾ ਗ੍ਰਿਹਿਸਥੀ ਹੋ ਕੇ ਵਿਚਰਦਾ ਹੈ। ਮਨੁੱਖ ਉਹ ਸਭ ਹੈ ਜੋ ਬਾਹਰ ਦਿਸਦਾ ਹੈ। 'ਜੀਨ' ਇਹਨਾਂ ਹੀ ਪ੍ਰਸਥਿਤੀਆਂ ਵਿਚ ਦੀ ਗੁਜ਼ਰਦਾ ਆਪਣੀ ਸਾਥਣ ਦੀ ਤਲਾਸ਼ ਕਰਦਾ ਹੈ ਤੇ ਬੇਟੇ ਦਾ ਬਾਪ ਬਣਦਾ ਹੈ। ਪਰ ਆਧੁਨਿਕ ਮਨੁੱਖ ਲਈ ਇਸ ਆਰਥਿਕ ਦੌੜ ਵਿਚ ਆਪਣੇ ਲਕਸ਼ ਨੂੰ ਪਹੁੰਚਣਾ ਦਿਨ-ਬਦਿਨ ਕਠਨ ਤੇ ਅਸੰਭਵ ਹੋ ਰਿਹਾ ਹੈ।

'ਚੱਕ੍ਰਵਯੂਹ ਦੇ ਅੰਦਰ, ਚੱਕ੍ਰਵਯੂਹ ਦੇ ਬਾਹਰ' ਇਕ ਪੰਜਾਬੀ ਪਰਵਾਰ ਦੀ ਕਹਾਣੀ ਹੈ। ਇਹ ਪਰਵਾਰ ਆਹਿਸਤਾ-ਆਹਿਸਤਾ ਡਾਲਰਾਂ ਦੇ ਲੋਭ ਵਸ 'ਡਰੱਗਜ਼' ਦਾ ਧੰਦਾ ਕਰਦੇ-ਕਰਦੇ ਇਕ ਅਮੀਰ ਵਿਅਕਤੀ ਬਣ ਜਾਂਦਾ ਹੈ। ਇਸੇ ਟਰਫ਼-ਵਾਰ ਵਿਚ ਅਨੇਕਾਂ ਵਿਅਕਤੀ ਜਾਨਾਂ ਖੋ ਚੁੱਕੇ ਹਨ। ਪਰਵਾਰ ਦੇ ਪਰਵਾਰ ਤਬਾਹ ਹੋ ਚੁੱਕੇ ਹਨ। ਅਮੀਰ ਤੋਂ ਹੋਰ ਅਮੀਰ ਹੋਣ ਦੇ ਲੋਭ ਵਸ ਇਹ ਲੋਕ ਕਤਲ ਕਰਨ, ਕਿਸੇ ਨੂੰ ਬੰਦੀ ਬਨਾਉਣ, ਅਪਾਹਿਜ ਕਰਨ ਵਿਚ ਕੋਈ ਝਿਜਕ ਮਹਿਸੂਸ ਨਹੀਂ ਕਰਦੇ। ਸੁਖਜੀਤ ਨਾਮ ਦਾ ਟਰੱਕ ਡਰਾਈਵਰ ਆਪਣਾ ਸਾਰਾ ਪਰਵਾਰ ਖੋ ਬਹਿੰਦਾ ਹੈ। ਮਾਰਿਆ ਜਾਂਦਾ ਹੈ।

ਇਹ ਕਹਾਣੀ ਜੀਵਨ ਦੇ ਯਥਾਰਥ ਨੂੰ ਅੰਕਿਤ ਕਰਦੀ ਹੋਈ ਜਿੱਥੇ ਕੈਨੇਡਾ ਅਮਰੀਕਾ ਦੇ ਬਾਰਡਰ ਤੇ ਸਮਗਲਿੰਗ ਤੇ ਟਿੱਪਣੀ ਕਰਦੀ ਹੈ ਉੱਥੇ ਅਸਲੀ ਤਸਕਰਾਂ ਦੇ ਨਕਾਬਾਂ ਨੂੰ ਵੀ ਉਹਨਾਂ ਦੇ ਚਿਹਰਿਆਂ ਤੋਂ ਉਤਾਰਦੀ ਹੈ।

ਇਹ ਕਹਾਣੀ ਦੀ ਬਿਰਤਾਂਤਕਤਾ ਤੇ ਸ਼ੈਲੀ 'ਚ ਅਜਬ ਕਸ਼ਿਸ਼ ਹੈ। ਇਸ ਦੀ ਨਿਸ਼ਾਨਦੇਹੀ ਸਲਾਹੁਣ-ਯੋਗ ਹੈ।

ਇਸ ਪੂੰਜੀਵਾਦੀ ਯੁੱਗ ਵਿਚ, ਮਨੁੱਖ ਇਕ ਪੈਸੇ ਕਮਾਉਣ ਵਾਲੀ ਮਸ਼ੀਨ ਬਣ ਕੇ ਰਹਿ ਗਿਆ ਹੈ। ਜਿੰਨਾ ਚਿਰ ਉਹ ਪੈਸੇ ਕਮਾਉਂਦਾ ਹੈ, ਚਲਦਾ ਹੈ ਤਾਂ ਠੀਕ ਹੈ ਨਹੀਂ ਤਾਂ ਉਸ ਨੂੰ ਤਬਦੀਲ ਕਰ ਦਿੱਤਾ ਜਾਂਦਾ ਹੈ। ਹੋਰ ਨਵੇਂ ਲੋਕ ਉਹਦੇ ਵਾਲਾ ਧੰਦਾ ਸੰਭਾਲਣ ਲਈ ਤਤਪਰ ਲਾਈਨਾਂ ਵਿਚ ਲੱਗੇ ਨਜ਼ਰ ਆਉਂਦੇ ਹਨ। ਸਿਸਟਮ ਨਹੀਂ ਹਾਰਦਾ ਸਿਰਫ਼ ਪਿਆਦਾ ਮਰਦਾ ਹੈ ਜਾਂ ਬਦਲਦਾ ਹੈ। ਦੂਸਰੇ ਪਿਆਦੇ ਉਹਦੀ ਲਾਸ਼ ਤੋਂ ਵੀ ਪੈਰ ਧਰ ਕੇ ਲੰਘ ਜਾਂਦੇ ਹਨ।

ਰਵੀ ਦੀਆਂ ਕਹਾਣੀਆਂ ਵਿਚਲਾ ਯਥਾਰਥ ਅੱਜ ਦੇ ਇਸ ਦੌਰ ਦੀ ਮੂੰਹ ਬੋਲਦੀ ਤਸਵੀਰ ਹੈ। ਉਹਦੀਆਂ ਕਹਾਣੀਆਂ ਆਉਣ ਵਾਲੇ ਭਵਿੱਖ ਦੀ ਨਿਸ਼ਾਨਦੇਹੀ ਕਰਦੀਆਂ ਹਨ। ਇਸੇ ਕਰਕੇ ਉਹਦਾ ਸਾਹਿਤਕ ਚਿੰਤਨ ਕਿੰਨੇ ਦਹਾਕੇ ਲੰਘਣ ਉਪਰੰਤ ਵੀ ਤਰੋ ਤਾਜ਼ਾ ਹੀ ਨਜ਼ਰ ਆਉਣ ਦੀ ਆਸ ਨਜ਼ਰ ਆਉਂਦੀ ਹੈ।

'ਉਹਲਿਆਂ ਦੇ ਆਰ ਪਾਰ' ਰਵਿੰਦਰ ਰਵੀ ਦੀ ਇਕ ਹੋਰ ਕਹਾਣੀ ਹੈ ਜਿਸ ਵਿਚ ਅਨਜੋੜ ਵਿਆਹ, ਪਰਿਵਾਰਕ ਘੁਟਣ, ਔਰਤਾਂ ਦਾ ਸ਼ੋਸ਼ਣ, ਹਰ ਰੋਜ਼ ਹੁੰਦੇ ਕਤਲ ਤੇ ਕੁਝ ਉਹਨਾਂ ਔਰਤਾਂ ਦੀ ਕਹਾਣੀ ਹੈ ਜੋ ਰੁਦਨ ਕਰਦੀਆਂ-ਕਰਦੀਆਂ ਜੀਵਨ ਬਿਤਾ ਦਿੰਦੀਆਂ ਹਨ। ਪਰ ਉਹ ਆਪਣੇ ਆਪ 'ਚ ਰੱਜ ਕੇ ਜਾਗਰੂਕ ਰੂਪ ਵਿਚ ਜ਼ਿੰਦਗੀ ਜਿਊਣ ਲਈ, ਦਹਿਲੀਜ਼ ਪਾਰ ਕਰਨੋਂ ਝਿਜਕਦੀਆਂ, ਸਾਰਾ ਜ਼ੁਲਮ ਸਹਿੰਦੀਆਂ ਰਹਿੰਦੀਆਂ ਹਨ। ਕੁਝ ਕੁ ਹਨ ਜੋ ਆਪਣੇ ਮਨੁੱਖੀ ਅਧਿਕਾਰਾਂ ਤੋਂ ਵਾਕਿਫ਼, ਆਰਥਿਕ ਤੌਰ ਤੇ ਸੁਤੰਤਰ ਤੇ ਅਪਣਾ ਰਾਹ ਖੁਦ ਚੁਣਦੀਆਂ ਹਨ। ਇਹ ਸਭ, ਜੋ ਜ਼ਿਆਦਾਤਰ ਔਰਤਾਂ ਨਾਲ ਹੋ ਰਿਹੈ ਉਸ ਤੋਂ ਸਤਕੇ ਸੁਤੰਤਰ ਰਹਿੰਦੀਆਂ ਹਨ। ਆਪਣੇ ਢੰਗ ਨਾਲ ਜਿਉਂਦੀਆਂ ਹਨ। ਮਨ ਤੇ ਤਨ ਦੀ ਤ੍ਰਿਪਤੀ ਲਈ ਬਦਲੇ ਦੀ ਭਾਵਨਾ ਸਦਕਾ ਉਹੋ ਕੁਝ ਕਰਦੀਆਂ ਹਨ ਜੋ ਮਰਦ ਔਰਤ ਨੂੰ ਘਰ ਅੰਦਰ ਡੱਕ ਕੇ ਸਦੀਆਂ ਤੋਂ ਆਪਣੀਆਂ ਖੁਹਾਇਸ਼ਾਂ ਦੀ ਪੂਰਤੀ ਲਈ ਕਰਦੇ ਆਏ ਹਨ।

ਰਵੀ ਨੇ ਇਸ ਕਹਾਣੀ ਰਾਹੀਂ ਟੁੱਟਦੇ ਘਰ ਪਰਿਵਾਰ, ਤਿੜਕੇ ਅਨਜੋੜ ਵਿਆਹ ਦੀ ਤਸਵੀਰ ਦਾ ਦੂਸਰਾ ਪਾਸਾ ਦਿਖਾਇਆ ਹੈ। ਪਰ ਅਜੋਕਾ ਸੱਚ ਇਹੋ ਹੀ ਹੈ ਜੋ ਰਵੀ ਨੇ ਕਹਾਣੀ ਵਿਚ ਚਿਤਰਿਆ ਹੈ। ਪਾਤਰ ਵੀ ਬੜੇ ਬੇਬਾਕ ਹਨ। ਕਹਾਣੀ ਦੀ ਪੇਸ਼ਕਾਰੀ ਵੀ ਬੇਬਾਕੀ ਵਾਲੀ ਭਾਸ਼ਾ ਵਿਚ ਸਿਰਜੀ ਗਈ ਹੈ। ਪੰਜਾਬੀ ਸੱਭਿਆਚਾਰ ਦੀ ਪਿੱਠਭੂਮੀ ਵਿਚ ਮਰਦ ਪ੍ਰਧਾਨ ਸਮਾਜ ਨੂੰ ਅਜੀਬ ਚੁਣੌਤੀ ਦੇ ਕੇ ਉਹਨਾਂ ਦੀ ਬਿਖਰਦੀ ਹੋਂਦ ਦਾ ਅਹਿਸਾਸ ਕਰਵਾਇਆ ਗਿਆ ਹੈ।

ਆਖਰੀ ਕਹਾਣੀ 'ਆਪਣਾ ਆਪਣਾ ਦੇਸ਼' ਰਵਿੰਦਰ ਰਵੀ ਹੋਰਾਂ ਦੀ ਬਿਰਤਾਂਤਕ ਪੱਖੋਂ ਸਫ਼ਲ ਕਹਾਣੀ ਕਹੀ ਜਾ ਸਕਦੀ ਹੈ, ਜੋ ਨਿੱਕੀਆਂ-ਨਿੱਕੀਆਂ ਗੱਲਾਂ ਨੂੰ ਸੂਤਰਾਂ ਵਾਂਗ ਜੋੜ ਸਿਰਜੀ ਗਈ ਹੈ। ਇਹ ਜ਼ਿੰਦਗੀ ਦੇ ਕਈ ਵਿਰੋਧਾਭਾਸੀ ਜੁੱਟਾਂ ਨੂੰ ਇਕ ਦੂਸਰੇ ਦੇ ਸਮਾਨਅੰਤਰ ਖ਼ਲਿਆਰ ਕੇ ਸੰਵਾਦ ਸਿਰਜਿਆ ਗਿਆ ਹੈ।

ਇਹ ਕਹਾਣੀ ਜੋ ਦੇਸ਼ ਤੇ ਪਰਵਾਸ ਦੇ ਆਰ-ਪਾਰ ਫੈਲੇ ਪੰਜਾਬੀ ਸੱਭਿਆਚਾਰ ਦਾ ਤੁਲਨਾਤਮਿਕ ਅਧਿਐਨ ਪੇਸ਼ ਕਰਦੀ ਹੈ। ਮੌਤ ਤੇ ਜ਼ਿੰਦਗੀ, ਦੋ ਅਟੱਲ ਅਨੁਭਵ, ਪਰਵਾਸ ਵਿਚਲੀ ਇਕੱਲ ਤੇ ਰੁਝੇਵੇਂ ਭਰਿਆ ਜੀਵਨ ਤੇ ਦੇਸ਼ ਵਿਚ ਸਭ ਕੁਝ ਹੋਣ ਦੇ ਬਾਵਜੂਦ, ਜਿਵੇਂ ਮਕਾਨ, ਕਾਰ, ਡਾਕਟਰੀ ਇਲਾਜ ਤੇ ਸੰਤੁਲਿਤ ਜ਼ਿੰਦਗੀ, ਕਰਜ਼ੇ ਰਹਿਤ ਜੀਵਨ ਤੇ ਪਰਵਾਸੀ ਜੀਵਨ, ਮੈਡੀਕਲ ਕਵਰੇਜ਼ ਤੋਂ ਲੈ ਕੇ ਬਿਰਧ-ਘਰਾਂ ਦੀ ਰੂਪ ਰੇਖਾ, ਉਹਨਾਂ ਅੰਦਰਲੇ ਹਾਲਾਤ, ਭਾਸ਼ਾ, ਖਾਣੇ ਦੀ ਸਮੱਸਿਆ ਆਦਿ ਨੂੰ ਕਲਾਤਮਿਕ ਢੰਗ ਨਾਲ ਕਲਮਬੰਦ ਕੀਤਾ ਗਿਆ ਹੈ। ਰੇਡੀਉ, ਟੈਲੀਵੀਯਨ, ਅਖ਼ਬਾਰਾਂ ਆਦਿ ਵਿਚ ਜ਼ਿਆਦਾਤਰ ਕਤਲ, ਰੇਪ, ਗੈਂਗਾਂ, ਮਾਰ ਕੁਟਾਈ, ਡਾਕੇ। ਅੰਗਰੇਜ਼ ਦੇ ਸਿਰ ਫਿਰੇ ਛੋਕਰਿਆਂ ਵਲੋਂ ਬੇਵਸ ਬੁੱਢਿਆਂ ਦੀ ਮਾਰ ਕੁਟਾਈ ਆਦਿ ਦੀ ਬਹੁਤਾਤ, ਸੋਚਣ ਵਾਲੇ ਮਨੁੱਖ ਨੂੰ ਸੋਚਣ ਲਈ ਮਜਬੂਰ ਕਰਦੀ ਹੈ ਕਿ ਜ਼ਿੰਦਗੀ ਦੇ ਅਸਲੀ ਅਰਥ ਕੀ ਹਨ ? ਜੀਵਨ ਕਿਵੇਂ ਜੀਉਣ ਯੋਗ ਬਣਾਇਆ ਜਾ ਸਕੇ। ਆਪੋ-ਆਪਣੀਆਂ ਕਦਰਾਂ ਕੀਮਤਾਂ, ਜੀਣ ਲਈ ਨਿਵੇਕਲੀ ਨੁੱਕਰ, ਜੀਵਨ ਨੂੰ ਜੀਣ ਲਈ ਕਿੰਜ ਤੇ ਕਿਵੇਂ ਵੱਖਰੇ ਰਾਹ ਸਿਰਜਣ ਲਈ ਆਪਣੇ ਫੈਸਲੇ ਆਪ ਕਰਨੇ ਹੁੰਦੇ ਹਨ। ਇਹ ਕਹਾਣੀ ਇਹੋ ਜਿਹੇ ਪ੍ਰਸ਼ਨਾਂ ਨਾਲ ਓਤਪੋਤ ਹੈ। ਇਹ ਅਜੋਕੀ ਜ਼ਿੰਦਗੀ ਦੀ ਫ਼ਲਾਸਫ਼ੀ ਦੀ ਰੂਪ ਰੇਖਾ ਨੂੰ ਅੰਕਿਤ ਕਰਦੀ ਦਿਸ਼ਾ ਪ੍ਰਦਾਨ ਕਰਦੀ ਹੈ।

ਰਵਿੰਦਰ ਰਵੀ ਹੋਰਾਂ ਇਹਨਾਂ ਕਹਾਣੀਆਂ ਵਿਚ ਅਜੋਕੀ ਜੀਵਨ-ਸ਼ੈਲੀ ਨੂੰ, ਤਰਜ਼-ਏ-ਜ਼ਿੰਦਗੀ ਨੂੰ, ਕਹਾਣੀਆਂ ਦੇ ਮਾਧਿਅਮ ਰਾਹੀਂ ਸਾਡੀ ਸਮਾਜਿਕ, ਆਰਥਿਕ, ਰਾਜਨੀਤਕ ਤੇ ਮਨੋ ਵਿਗਿਆਨਕ ਪ੍ਰਸਥਿਤੀਆਂ ਨੂੰ ਬਾਖ਼ੂਬੀ ਮੁਲਾਂਕਣ, ਪਾਤਰ ਉਸਾਰੀ, ਤਰਕ, ਤੁਲਨਾ ਤੇ ਸੰਜੀਦਾ ਸ਼ੈਲੀ ਰਾਹੀਂ ਕਲਮਬੰਦ ਕੀਤਾ ਹੈ। ਉਹਨਾਂ ਇਸ ਉਪਰਾਲੇ ਸਦਕਾ ਨਿੱਕੀ ਕਹਾਣੀ ਦੇ ਕੈਨਵਸ ਨੂੰ ਵਸੀਹ ਤੇ ਨਵੀਨ ਪ੍ਰਯੋਗਸ਼ੀਲਤਾ ਪ੍ਰਦਾਨ ਕੀਤੀ ਹੈ।

"ਗੋਰੀਆਂ ਸ਼ਹੀਦੀਆਂ" ਦੇ ਆਖਰੀ ਭਾਗ ਵਿਚ ਨੌਂ ਕਾਵਿ-ਕਥਾਵਾਂ ਸ਼ਾਮਿਲ ਹਨ। ਰਵੀ ਹੋਰਾਂ ਵਰ੍ਹਿਆਂ ਤੋਂ ਕਾਵਿ-ਕਥਾ ਤੇ ਗਦ-ਕਾਵਿ ਕਥਾ ਰਾਹੀਂ ਪੰਜਾਬੀ ਸਾਹਿਤ ਵਿਚ ਨਵਾਂ ਰੂਪਾਕਾਰ ਸਿਰਜਿਆ ਹੈ। ਇਹ ਆਪਣੇ ਆਪ ਵਿਚ ਰੂਪ ਪੱਖੋਂ ਨਵਾਂ ਪ੍ਰਯੋਗ ਹੈ। ਬੜੀ ਸੰਗਠਤ, ਸੰਘਣੀ ਸੰਰਚਨਾ, ਕਾਵਿਕ ਸ਼ੈਲੀ, ਅਲੰਕਾਰਿਕਤਾ, ਕਹਾਣੀ ਦਾ ਰੰਗ ਬਰੰਗਾ ਤਾਣਾ ਪੇਟਾ, ਆਧੁਨਿਕ ਜੀਵਨ ਸ਼ੈਲੀ ਦਾ ਨਵੀਨ ਮੁਹਾਂਦਰਾ, ਵਿਸਤ੍ਰਿਤ ਚੇਤਨਾ, ਨਵੀਨ ਭਾਵ ਵਿਧੀਆਂ ਤੇ ਪ੍ਰਗਟਾਉ ਵਿਧੀਆਂ, ਚੇਤਨਾ ਪ੍ਰਵਾਹ ਦੀ ਸ਼ੈਲੀ, ਨਾਟਕ ਤੇ ਗਲਪ ਦਾ ਯੋਗ ਮਿਸ਼ਰਣ, ਯਥਾਰਥਕ ਤੇ ਮਨੋਵਿਗਿਆਨਕ ਡੂੰਘਾਈਆਂ, ਗੁੰਝਲਾਂ ਤੇ ਅਕਾਂਖਿਆਵਾਂ ਨੂੰ ਨਵੀਨ ਪ੍ਰਵਚਨ ਵਿਚ ਸਮੇਟਦੀ ਅਸਲੋਂ ਨਵੀਂ ਵਿਧਾ ਹੈ।

ਇਸ ਤੇ ਸਾਡੇ ਆਲੋਚਕਾਂ, ਅਦੀਬਾਂ ਨੇ ਭਰਪੂਰ ਵਿਚਾਰ ਪ੍ਰਗਟਾਏ ਹਨ। ਜਿਸ ਵਿਚ ਕਰਤਾਰ ਸਿੰਘ ਦੁੱਗਲ, ਸੁਤਿੰਦਰ ਸਿੰਘ ਨੂਰ, ਡਾ. ਤੇਜਵੰਤ ਸਿੰਘ ਗਿੱਲ, ਡਾ. ਰਘਬੀਰ ਸਿੰਘ ਸਿਰਜਣਾ ਤੇ ਡਾ. ਵਨੀਤਾ ਆਦਿ ਨੇ ਇਸ ਨਵੇਂ ਰੂਪਾਕਾਰ ਵਿਚਲੇ ਕੋਡਜ਼ ਨੂੰ ਆਲੋਚਨਾਂ ਦੇ ਨਵੇਂ ਸੰਦਾਂ, ਪ੍ਰਤੀਮਾਨਾਂ ਰਾਹੀਂ ਡੀਕੋਡ ਕਰਨ ਦਾ ਕਾਮਯਾਬ ਉਪਰਾਲਾ ਕੀਤਾ ਹੈ, ਤਾਂ ਜੋ ਇਸ ਨੂੰ ਨਵੇਂ ਜ਼ਾਵੀਏ ਤੋਂ ਘੋਖਿਆ, ਪੜਤਾਲਿਆ ਜਾ ਸਕੇ।

ਕੁਝ ਕੁ ਟਿੱਪਣੀਆਂ, ਇਹਨਾਂ ਕਾਵਿ-ਕਥਾਵਾਂ ਬਾਰੇ ਇਸ ਕਹਾਣੀ-ਸੰਗ੍ਰਹਿ ਵਿਚ ਸ਼ਾਮਲ ਕੀਤੀਆਂ ਗਈਆਂ ਹਨ। ਪਾਠਕ ਉਹਨਾਂ ਦਾ ਆਨੰਦ ਮਾਣ ਸਕਦੇ ਹਨ। ਕੁਝ ਕੁ ਮੈਂ ਆਪਣੇ ਨਜ਼ਰੀਏ ਤੋਂ ਵਿਚਾਰਨੀਆਂ ਚਾਹੁੰਦਾ ਹਾਂ। ਸ਼ਾਇਦ ਮੈਂ ਇਹਨਾਂ ਦੇ ਵਿਸਤ੍ਰਿਤ ਚੁੰਬਕੀ-ਖੇਤਰ ਤਕ ਨਾ ਪਹੁੰਚ ਸਕਾਂ ਪਰ ਕੋਸ਼ਿਸ਼ ਜ਼ਰੂਰ ਕਰਦਾ ਹਾਂ। ਹਰ ਰਚਨਾ ਦੀਆਂ ਅੰਤਰੀਵ ਡੂੰਘਾਈਆਂ ਤੀਕ ਉਤਰਣ ਲਈ ਹਰ ਪਾਠਕ ਦਾ ਆਪਣਾ-ਆਪਣਾ ਅਨੁਭਵ ਕਰਮਸ਼ੀਲ ਹੁੰਦਾ ਹੈ।

ਕਾਵਿ-ਕਥਾ 'ਇਕ ਹਾਦਸਾ' ਇਕ ਬੀਜ ਨੁਮਾ ਕਾਵਿ-ਕ੍ਰਿਤ ਹੈ ਜਿਸ ਵਿਚ ਵੱਡ ਆਕਾਰ ਰੁੱਖ ਨੂੰ ਸਮੇਟਿਆ ਗਿਆ। ਇਹਨਾਂ ਕ੍ਰਿਤਾਂ ਵਿਚ ਪਾਠਕ ਲਈ ਬਹੁਤ ਕੁਝ ਛੱਡ ਦਿੱਤਾ ਜਾਂਦਾ ਹੈ ਤਾਂ ਜੋ ਉਹ ਆਪਣੇ ਅਨੁਭਵ ਨਾਲ ਇਸ ਦੀ ਸਮਰੱਥਾ ਨੂੰ ਮਾਪ ਤੋਲ ਸਕਣ।

ਜਦੋਂ ਕਿਸੇ ਦਾ ਮਿਲਣਾ, ਤੁਹਾਡੇ ਅੰਤਰੀਵ ਨੂੰ ਇਕ ਫੁੱਲ ਦੇ ਖਿੜਨ ਜਿਹਾ ਅਹਿਸਾਸ, ਬਿਨਾਂ ਪਰਾਂ ਦੇ ਪਰਵਾਜ਼ ਵਰਗਾ ਵਿਕੋਲਿਤਰਾ ਅਨੁਭਵ ਬਖਸ਼ੇ ਤਾਂ ਉਹ ਪਲ ਤੁਹਾਡੇ ਮਨ ਦੇ ਕੋਰੇ ਪੰਨੇ 'ਤੇ ਸ਼ਿਲਾਲੇਖ ਵਾਂਗ ਉੱਕਰਿਆ ਜਾਂਦਾ ਹੈ। ਸਮੇਂ ਨਾਲ ਕਈ ਵਾਰੀ ਉਹ ਜਜ਼ਬਾਤ ਜਾਂ ਅਨੁਭਵ ਤੁਹਾਡੀ ਮਿੱਟੀ ਦੇ ਵਿਪਰੀਤ ਹੋ ਜਾਂਦਾ ਹੈ। ਦਰਿਆ ਦੇ ਦੂਸਰੇ ਕਿਨਾਰੇ ਦੀ ਤਰ੍ਹਾਂ। ਸਮਾਨਅੰਤਰ ਪਰ ਵਿੱਥ ਤੇ ਵਿਚਰਦਾ, ਪਰ ਕੋਈ ਤਰੰਗ ਫਿਰ ਵੀ ਕਿਤੇ ਨਾ ਕਿਤੇ ਵਿੱਥਾਂ ਨੂੰ ਜੋੜਦੀ ਪ੍ਰਤੀਤ ਹੁੰਦੀ ਰਹਿੰਦੀ ਹੈ। ਟੁੱਟ ਕੇ ਵੀ ਕੁਝ ਟੁੱਟਦਾ ਨਹੀਂ, ਕੁਝ ਜੁੜ ਕੇ ਵੀ ਜੁੜਿਆ ਨਹੀਂ ਰਹਿੰਦਾ। ਕੁਝ ਜੋ ਹੋ ਕੇ ਵੀ ਨਹੀਂ ਹੁੰਦਾ। ਕੁਝ ਨਾ ਹੋਣ ਤੇ ਵੀ ਵਿਚਰਦਾ ਰਹਿੰਦਾ ਹੈ। ਇਸ ਕਾਵਿ-ਕਥਾ ਵਿਚ ਸੰਗਠਿਤ ਸ਼ੈਲੀ, ਕਲਾਤਮਿਕ ਨਿਭਾਉ, ਪ੍ਰਤੀਕਾਂ ਤੇ ਅਲੰਕਾਰਾਂ ਨਾਲ ਸਜੀ ਸ਼ਿੰਗਾਰੀ ਕਥਾ ਪਾਠਕ ਨੂੰ ਵਾਰ-ਵਾਰ ਪੜ੍ਹਨ ਲਈ ਹਲੂਣਦੀ ਰਹਿੰਦੀ ਹੈ। ਇਸਦੀਆਂ ਆਖ਼ਰੀ ਸਤਰਾਂ ਤੁਹਾਨੂੰ ਕੀਲ ਲੈਂਦੀਆਂ ਹਨ :

ਤੇਰੇ ਆਉਣ ਤੇ ਤੇਰੇ ਜਾਣ ਵਿਚਕਾਰ !
ਬਹੁਤ ਵੱਡੀ ਨੇੜਤਾ ਹੈ
ਬਹੁਤ ਵੱਡਾ ਫਾਸਲਾ ਹੈ !!!

'ਬਾਪ : ਇਕ ਆਦਿ-ਕਥਾ' ਦੀਆਂ ਮੁੱਢਲੀਆਂ ਸਤਰਾਂ ਇਕਦਮ ਪਾਠਕ ਦਾ ਧਿਆਨ ਖਿਚਦੀਆਂ ਹਨ:

ਹਲ, ਬੀਜ ਤੇ ਬੈਲ ਬਣਿਆ ਬਾਪ
ਪੀੜ੍ਹੀ-ਦਰ-ਪੀੜ੍ਹੀ
ਜ਼ਿੰਦਗੀ ਦੀ ਕਿਰਸਾਣੀ ਕਰਦਾ ਰਿਹਾ।
ਇਹ ਜੀਵਨ ਧਾਰਾ ਨਿਰੰਤਰ ਚਲੀ ਆਉਂਦੀ ਯੁੱਗਾਂ ਯੁੱਗਾਂ ਦੀ ਗਾਥਾ ਹੈ।
ਬਾਪ-ਬੇਟਾ ; ਬੇਟਾ-ਬਾਪ ; ਬਾਪ-ਬੇਟਾ

ਫਸਲਾਂ ਅਤੇ ਰੁੱਤਾਂ ਦੇ ਗੇੜ ਵਾਂਗ ਇਹ ਜ਼ਿੰਦਗੀ ਵੀ ਕਰਵਟਾਂ ਬਦਲਦੀ ਸਹਿਜ-ਸੁਭਾਵ ਨਿਰੰਤਰ ਬੇਰੋਕ ਚੱਲਦੀ ਰਹਿੰਦੀ ਹੈ। ਸੂਰਜ ਚੜ੍ਹਨ ਤੇ ਅਸਤਣ ਵਿਚਕਾਰ ਅਨਜਾਣੇ ਹੀ ਕਿੰਨਾਂ ਸਮਾਂ ਬੀਤ ਜਾਂਦਾ ਹੈ। ਇਹ ਜਿਉਂਦਾ ਜਾਗਦਾ ਹਿੱਸਾ ਆਹਿਸਤਾ-ਆਹਿਸਤਾ ਲੋਕਗੀਤਾਂ ਦਾ ਹਿੱਸਾ ਬਣ ਜਾਂਦਾ ਹੈ। ਇਹੀ ਜੀਵਨ ਦਾ ਮੁੱਢਲਾ ਤੇ ਅੰਤਿਮ ਸੱਚ ਹੈ।

ਇਹੀ ਆਦਿ-ਕਥਾ ਹੈ !
ਇਹੀ ਅੰਤਿਮ-ਕਥਾ ਹੈ !

ਇਸ ਕਾਵਿ-ਕਥਾ ਦੀ ਇਹੀ ਖ਼ੂਬਸੂਰਤੀ ਹੈ ਕਿ ਇਹ ਤੁਹਾਡੀ ਉਂਗਲ ਫੜ ਕੇ ਤੁਹਾਨੂੰ ਬਹੁਤ ਦੂਰ ਭਵਿੱਖਤ ਵਲ ਲੈ ਜਾਂਦੀ ਹੈ। ਵਰਤਮਾਨ ਹੱਸਦਾ ਰਹਿੰਦਾ ਹੈ।

'ਖਿਡੌਣੇ ਬਿਖਰ ਗਏ' ਨਾਮੀ ਕਾਵਿ-ਕਥਾ ਦੀਆਂ ਸਤਰਾਂ ਕਹਿੰਦੀਆਂ ਹਨ :

ਸਿਮਰਨ ਵਿਚ ਵਸਦੇ ਬਚਪਨ ਦੇ ਦਿਨ
ਸਮੇਂ ਦੀ ਛਾਨਣੀ 'ਚੋਂ ਕਿੰਜ ਕਿਰ ਗਏ !!!
ਇਕ ਇਕ ਕਰਕੇ
ਮੇਰੇ ਖਿਡੌਣੇ ਬਿਖਰ ਗਏ !!!

ਬਚਪਨ ਵਿਚ ਖਿਡੌਣੇ ਪਿਆਰੇ ਹੁੰਦੇ ਹਨ। ਜਿਉਂ-ਜਿਉਂ ਉਮਰ ਬੀਤਦੀ ਹੈ ਤਕਾਜ਼ੇ ਬਦਲਦੇ ਨੇ, ਤਿਉਂ

ਤਿਉਂ ਨਵੇਂ ਅਹਿਸਾਸ, ਨਵੇਂ ਜਜ਼ਬਾਤ, ਕਲਪਨਾਵਾਂ, ਹਕੀਕਤਾਂ ਦਾ ਰੂਪ ਬਦਲਦਾ ਰਹਿੰਦਾ ਹੈ। ਸਮੇਂ ਦੇ ਬੀਤਣ ਨਾਲ ਸਾਰੀਆਂ ਸੰਭਾਵਨਾਵਾਂ, ਤਮੰਨਾਵਾਂ ਤੇ ਅਹਿਸਾਸ ਮਨ ਵਿਚੋਂ ਵਿਕੇਂਦਰਿਤ ਹੋਣੇ ਸ਼ੁਰੂ ਹੋ ਜਾਂਦੇ ਹਨ। ਨਿਗਾਹਾਂ ਦੀ ਮਿਕਨਾਤੀਸੀ ਨਜ਼ਰ ’ਚੋਂ ਆਪਣਾ ਮਰਕਜ਼ ਗੁਆਚਣ ਲੱਗਦਾ ਹੈ। ਮਨ ਦੀ ਇਸ ਅਦਭੁੱਤ ਸਥਿਤੀ ਨੂੰ ਰਵਿੰਦਰ ਰਵੀ ਹੋਰਾਂ ਇਸ ਕਾਵਿ-ਕਥਾ ਰਾਹੀਂ ਪਕੜਨ ਦੀ ਸਫਲ ਕੋਸ਼ਿਸ਼ ਕੀਤੀ ਹੈ। ਮਨ ਜੋ ਪਕੜਨ ਦੀ ਸਥਿਤੀ ਵਿਚ ਵਿਚਰਦਾ ਹੈ ਅਖ਼ੀਰ ਨੂੰ ਚਹਿਲ-ਪਹਿਲ ਤਿਆਗ ਸ਼ੂਨਯ ’ਚ ਪ੍ਰਵੇਸ਼ ਕਰਦਾ ਹੈ। ਇਸ ਤਰ੍ਹਾਂ ਸਾਰੀਆਂ ਵਿਡੰਬਨਾਵਾਂ ਨੂੰ ਆਪਣਾ ਆਪਣਾ ਅਸਤਿਤਵ ਭੋਗਣ ਲਈ ਆਜ਼ਾਦ ਕਰ ਦਿੰਦਾ ਹੈ। ਇਹੀ ਫ਼ਲਸਫ਼ਾ ਹੈ ਜਦੋਂ ਤੁਸੀਂ ਸਭ ਨੂੰ ਆਜ਼ਾਦ ਕਰ ਦਿੰਦੇ ਹੋ ਤਾਂ ਤੁਸੀਂ ਖ਼ੁਦ-ਬ-ਖ਼ੁਦ ਵੀ ਆਜ਼ਾਦ ਹੋ ਜਾਂਦੇ ਹੋ।

‘ਪੰਛੀ, ਮੱਛੀਆਂ ਤੇ ਮੈਂ” ਕਾਵਿ-ਕਥਾ ਵਿਚ ਪੰਛੀ ਤੇ ਮੱਛੀਆਂ ਦੇ ਮੈਟਾਫ਼ਰ ਨੂੰ ਵਰਤ ਕੇ ਸੂਤਰਧਾਰ ਆਪਣੇ ਜੀਵਨ ਦੇ ਗੀਤ ਦੀ ਸੁਰ ਪਹਿਚਾਨਣ ਲਈ ਰੁਚਿਤ ਹੈ। ਜੀਵਨ ਨਿਰੰਤਰ ਬਦਲਦਾ ਰਹਿੰਦਾ ਹੈ। ਤੇ ਨਿਰੰਤਰ ਬਦਲਦਾ ਰਹੇਗਾ ਪਰ ਆਪਣੇ ਸਰੋਤ ਨਾਲ ਜਿਵੇਂ ਕਿਵੇਂ ਜੁੜਿਆ ਰਹਿੰਦਾ ਹੈ।

ਮਨੁੱਖ ਜਿਉਂ ਜਿਉਂ ਅਗਾਂਹ ਤੋਂ ਅਗਾਂਹ ਸਫਰ ਕਰਦਾ ਰਹਿੰਦਾ ਹੈ ਉਸੇ ਹੀ ਭਾਵਨਾ ਅਧੀਨ ਉਹ ਆਪਣੀ ਜਨਮ ਭੂਮੀ ਵਲ ਵੀ ਪਰਤਣਾ ਚਾਹੁੰਦਾ ਹੈ। ਇਹ ਮਨੁੱਖੀ ਸਾਇਕੀ ਵਿਚ ਅਜੀਬ ਵਿਰੋਧਾਭਾਸ ਹੈ। ਇਹਨਾਂ ਪ੍ਰਸ਼ਨਾਂ ਦਾ ਉੱਤਰ ਸਿਰਫ ਉਹ ਹੀ ਦੇ ਸਕਦੇ ਹਨ ਜੋ ਇਸ ਕਿਸਮ ਦੀ ਜ਼ਿੰਦਗੀ ਜਿਉਂਦੇ ਹਨ। ਬਾਕੀਆਂ ਲਈ ਇਹ ਦੂਰ ਤੋਂ ਦੇਖੀ ਇਕ ਮਰੀਚਿਕਾ ਹੈ।

ਪੰਛੀ ਵੀ ਦੇਸ਼ ਦੇਸ਼ਾਂਤਰ ਘੁੰਮਦੇ ਕੂੰਜਾਂ ਵਾਂਗ ਵਾਪਸ ਪਰਤਦੇ ਹਨ। ਸੈਮਨ ਨਾਮੀ ਮੱਛੀਆਂ ਵੀ ਦਰਿਆ ਸਮੁੰਦਰ ਗਾਹ ਕੇ ਅਖੀਰ ਨੂੰ ਆਪਣੇ ਜਨਮ-ਸਰੋਤ ਨਾਲ ਜਾ ਜੁੜਦੀਆਂ ਹਨ। ਮਨੁੱਖ ਲਈ ਆਏ ਦਿਨ ਨਵੀਆਂ ਚੁਣੌਤੀਆਂ, ਨਵੀਆਂ ਲੋੜਾਂ, ਨਵੇਂ ਰਾਹ, ਨਵੇਂ ਦਿਸਹੱਦੇ, ਉਸ ਨੂੰ ਔਝੜ ਰਾਹਾਂ ਤੇ ਟੁਰਨ ਲਈ ਮਜਬੂਰ ਕਰਦੇ ਰਹਿੰਦੇ ਹਨ। ਇਸੇ ਕਰਕੇ ਉਹ ਦੇਸ਼ੋਂ ਵਿਦੇਸ਼ ਤੇ ਗਲੋਬ ਦੇ ਹੋਰਨਾਂ ਖਿੱਤਿਆਂ ਵਿਚ ਵਿਚਰਦਾ ਆਪਣੇ ਅੰਦਰ ਇਕ ਬਚਪਨ ਵਾਲਾ ਘਰ ਸੰਭਾਲੀ ਰੱਖਦਾ ਹੈ। ਅਘਰਵਾਸੀ ਹੋਇਆ ਵੀ ਘਰਵਾਸੀ ਬਣਕੇ ਵਿਚਰਦਾ ਹੈ। ਚਾਹੇ ਉਹ ਘਰ ਗੁਆਚ ਹੀ ਕਿਉਂ ਨਾ ਜਾਵੇ ਪਰ ਉਹ ਉਹਦੀ ਸਿਮਰਤੀ ’ਚ ਮਹਿਫ਼ੂਜ਼ ਰਹਿੰਦਾ ਹੈ। ਇਕ ਅਜੀਬ ਖਿੱਚ ਉਹਨੂੰ ਪਰਤਣ ਲਈ ਪ੍ਰੇਰਦੀ ਰਹਿੰਦੀ ਹੈ। ਇਹ ਇਉਂ ਹੈ ਤੇ ਕਿਵੇਂ ਹੈ ਇਸ ਦਾ ਵਿਵੇਚਣ ਕਰਨਾ ਹਾਲੀ ਬਾਕੀ ਹੈ। ਰਵੀ ਖ਼ੁਦ ਵੀ ਇਸ ਬ੍ਰਹਿਮੰਡ ਦੇ ਵਿਧੀ ਵਿਧਾਨ ਵਿਚ ਇਕ ਅਜਿਹਾ ਪਾਤਰ ਬਣ ਵਿਚਰਦਾ ਹੈ। ਇਹੀ ਇਨਸਾਨ ਦਾ, ਪੰਛੀਆਂ ਦਾ, ਮੱਛੀਆਂ ਦਾ ਤੇ ਹੋਰਨਾਂ ਪ੍ਰਾਣੀਆਂ ਦਾ ਪ੍ਰਾਕ੍ਰਿਤਕ ਸੱਚ ਹੈ। ਇਹ ਤਬਦੀਲੀਆਂ ਦੇ ਬਾਵਜੂਦ ਪ੍ਰਕਿਰਤੀ ਦੇ ਅੰਤਰਗਤ ਹਮੇਸ਼ਾ ਚੱਲਦਾ ਰਹਿੰਦਾ ਹੈ। ਇਹੀ ਇਸ ਕਾਵਿ-ਕਥਾ ਦਾ ਸੁਨੇਹਾ ਹੈ। ਇਹਦਾ ਵਿਸ਼ਾ-ਵਸਤੂ ਕੈਨਵਸ ਅਸੀਮ ਹੈ।

‘ਪਿੰਡ ਤੇ ਬ੍ਰਹਿਮੰਡ ਵਿਚਕਾਰ ਲਟਕਦੇ ਪਰਵਾਸੀ’ ਕਾਵਿ-ਕਥਾ ਪਰਵਾਸੀਆਂ ਦਾ ਯਥਾਰਥਕ ਸੱਚ ਪੇਸ਼ ਕਰਦੀ ਹੈ। ਸਤਰਾਂ ਹਨ :

> ਗੁੱਲੀ ਡੰਡਾ ਖੇਡਦੇ ਖੇਡਦੇ
> ਕੰਪਿਊਟਰ ਯੁੱਗ ਵਿਚ ਪਹੁੰਚ ਗਏ
> ਪਰ ਕੰਪਿਊਟਰ ਦੀ ਭਾਸ਼ਾ ਨਾ ਸਿੱਖੀ !

ਇਹ ਪਹਿਲੀ ਪੀੜ੍ਹੀ ਦਾ ਸੱਚ ਹੈ। ਦੂਸਰੀ ਪੀੜ੍ਹੀ ਦਾ ਸੱਚ ਹੀ ਕੰਪਿਊਟਰ ਹੈ। ਸਾਰਾ ਗਲੋਬ ਉਹਨਾਂ ਦੀਆਂ ਉਂਗਲਾਂ ਦੇ ਪੋਟਿਆਂ ਥੱਲੇ ਹੈ। ਉਹਨਾਂ ਦੀ ਆਪਣੀ ਦੁਨੀਆਂ, ਆਪਣਾ ਬ੍ਰਹਿਮੰਡ, ਉਹਨਾਂ ਨੂੰ ਕੀ ਪਤਾ ਗੁੱਲੀ-ਡੰਡਾ ਕੀ ਹੁੰਦਾ ਹੈ ? ਦੋ ਪੀੜ੍ਹੀਆਂ ਵਿਚਕਾਰ ਯੁੱਗਾਂ ਦਾ ਅੰਤਰ ਹੈ, ਖ਼ਲਾਅ ਹੈ। ਇਕ ਦੂਜੇ ਨੂੰ ਸਮਝਣੋਂ ਅਸਮਰਥ ਹਨ। ਅਜੋਕੀ ਤਕਨਾਲੋਜੀ ਦੇ ਇਸ ਯੁੱਗ ਵਿਚ ਪਹਿਲੀ ਪੀੜ੍ਹੀ ਬਹੁਤ ਪਿੱਛੇ ਰਹਿ ਗਈ ਮਹਿਸੂਸ ਕਰਦੀ ਹੈ। ਦੂਸਰੀ ਪੀੜ੍ਹੀ ਕੋਲ ਫੁਰਸਤ ਹੀ ਨਹੀਂ ਕਿ ਉਹ ਪਹਿਲੀ ਪੀੜ੍ਹੀ ਦੀਆਂ ਸਮੱਸਿਆਵਾਂ ਨੂੰ

ਸਮਝੇ। ਇਹ ਪਹਿਲੀ ਪੀੜ੍ਹੀ, ਅਜੋਕੀ ਤਰੱਕੀ ਦੇ ਯੁੱਗ ਵਿਚ ਰੇਸ਼ਮ ਦੇ ਕੀੜੇ ਵਾਂਗ ਹੈ। ਜਿਸ ਨੂੰ ਫਸਲ ਦੀ ਆਹੂਤੀ ਦੇਣੀ ਪੈਂਦੀ ਹੈ। ਨਵੀਂ ਪੀੜ੍ਹੀ ਨੂੰ ਅਗਾਂਹ ਤੋਰਨ ਲਈ ਇਹ ਪੀੜ੍ਹੀ-ਪਾੜਾ ਨਿਰੰਤਰ ਵਧ ਰਿਹੈ। ਜਿਸ ਤੋਂ ਰਵਿੰਦਰ ਰਵੀ ਸਾਰਿਆਂ ਨੂੰ ਸੁਚੇਤ ਕਰਨਾ ਚਾਹੁੰਦਾ ਹੈ।

"ਗੋਰੀਆਂ ਸ਼ਹੀਦੀਆਂ" ਪੁਸਤਕ ਤੇ ਨਜ਼ਰ ਮਾਰਿਆਂ ਯਕੀਨਨ ਪ੍ਰਤੀਤ ਹੁੰਦਾ ਹੈ ਕਿ ਇਹ ਅਜੋਕੇ ਯੁੱਗ ਦੀ ਵਿਲੱਖਣ ਰਚਨਾ ਹੈ। ਇਸ ਵਿਚ ਅਜੋਕੀਆਂ ਸਮੱਸਿਆਵਾਂ ਦਾ ਸਮਾਧਾਨ ਕੀਤਾ ਗਿਆ ਹੈ।

ਪੜ੍ਹਨ ਵਿਚ ਰੌਚਿਕ, ਗਿਆਨਮਈ, ਸੂਚਨਾਤਮਿਕ, ਨਵੇਂ ਕਲਾਤਮਿਕ ਜ਼ਾਵੀਏ, ਨਵੇਂ ਦਿਸਹੱਦਿਆਂ ਨੂੰ ਸਿਰਜਦੀ, ਮਨੁੱਖੀ ਚੇਤਨਾ ਤੇ ਚਿੰਤਨ ਨੂੰ ਹੋਰ ਵਸੀਹ ਕਰਦੀ ਵਿਲੱਖਣ ਰਚਨਾ ਹੈ। ਪੰਜਾਬੀ ਜ਼ੁਬਾਨ ਦੀ ਖੁਸ਼-ਕਿਸਮਤੀ ਹੈ ਕਿ ਉਹਨੂੰ ਰਵਿੰਦਰ ਰਵੀ ਜਿਹਾ ਸਮਰੱਥ, ਬੌਧਿਕ ਕਥਾਕਾਰ, ਕਵੀ, ਨਾਟਕਕਾਰ ਨਸੀਬ ਹੋਇਆ ਹੈ। ਉਸ ਨੇ ਛੇ ਦਹਾਕਿਆਂ ਤੋਂ ਪੰਜਾਬੀ ਮਾਂ-ਬੋਲੀ ਨੂੰ ਅਮੀਰ ਬਣਾਉਣ ਲਈ ਸੱਚੇ ਤਨੋ ਮਨੋ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਸਰਸਵਤੀ ਉਹਦੀ ਕਲਮ ਤੇ ਸ਼ਕਤੀ ਨੂੰ ਸਦਾ ਸਲਾਮਤ ਰਖੇ। ਆਮੀਨ !

ਪੁਸਤਕ : ਗੋਰੀਆਂ ਸ਼ਹੀਦੀਆਂ (ਕਹਾਣੀ ਸੰਗ੍ਰਹਿ)
ਲੇਖਕ : ਰਵਿੰਦਰ ਰਵੀ, ਪ੍ਰਕਾਸ਼ਨ ਸਾਲ : 2010
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ

**-ਮਨਜੀਤ ਮੀਤ**
"ਇੰਡੋ ਕਨੇਡੀਅਨ ਟਾਈਮਜ਼", ਸਰੀ, ਬੀ.ਸੀ., ਕੈਨੇਡਾ,
ਮਾਰਚ 31, ਅਪ੍ਰੈਲ 6, 2011 ਅੰਕ ਵਿਚ ਪ੍ਰਕਾਸ਼ਤ

# ਕਹਾਣੀ ਵਿਚ ਨਵੇਂ ਰੂਪਾਕਾਰ

ਮੈਨੂੰ ਰਵੀ ਕਵੀ ਨਾਲੋਂ ਕਹਾਣੀਕਾਰ ਦੇ ਤੌਰ 'ਤੇ ਵਧੇਰੇ ਪ੍ਰਭਾਵਸ਼ਾਲੀ ਲੱਗਦਾ ਹੈ। 'ਜਿੱਥੇ ਦੀਵਾਰਾਂ ਨਹੀਂ" ਵਿਚ ਵੀ ਉਸਦੀਆਂ 'ਆਪਣੇ ਆਪਣੇ ਓਹਲੇ', 'ਮੋਹ ਦੇ ਹੋਠ-ਰੇਤ ਦੀ ਝੀਲ', 'ਦਸ ਵਰ੍ਹੇ ਲੰਮੀ ਨੀਂਦ', 'ਘਟਦੇ ਵਧਦੇ ਫਾਸਲੇ' ਕਹਾਣੀਆਂ ਅਧਿਐਨ ਦੇ ਯੋਗ ਹਨ। ਰਵੀ ਆਪਣੀਆਂ ਕਹਾਣੀਆਂ ਵਿਚ ਵੱਖ ਵੱਖ ਨਸਲਾਂ, ਦੇਸ਼ਾਂ ਦੇ ਪਾਤਰ ਤੇ ਉਨ੍ਹਾਂ ਦੀਆਂ ਸਥਿਤੀਆਂ ਨੂੰ ਲੈ ਕੇ ਉਨ੍ਹਾਂ ਦੀਆਂ ਮਨੋਵਿਗਿਆਨਕ ਤੇ ਯਥਾਰਥਕ ਡੂੰਘਾਈਆਂ ਨੂੰ ਫਰੋਲਦਾ ਹੈ।

ਇਸ ਪੁਸਤਕ ਦਾ ਦੂਜਾ ਭਾਗ ਕਾਵਿ-ਕਥਾ, ਵਿਕਥਾ, ਗੱਦ ਕਾਵਿ-ਕਥਾ ਇਸ ਪੁਸਤਕ ਦਾ ਉੱਤਮ ਭਾਗ ਹੈ, ਕਿਉਂਕਿ ਲੇਖਕ ਕਾਵਿ-ਅੰਸ਼ਾਂ, ਗੱਦ ਤੇ ਕਥਾ-ਸਥਿਤੀਆਂ ਨੂੰ ਰਲਾ ਕੇ ਇਕ ਨਵਾਂ ਰੂਪਾਕਾਰ ਬਣਾਉਣ ਦਾ ਯਤਨ ਕਰਦਾ ਹੈ। ਇਸ ਰੂਪਾਕਾਰ ਵਿਚ ਇਕ ਪਾਸੇ ਪਾਤਰ ਤੇ ਦੂਜੇ ਪਾਸੇ ਪਾਤਰ ਦੀ ਸਥਿਤੀ 'ਚੋਂ ਲੇਖਕ ਤੇ ਪੈਂਦੇ ਪ੍ਰਭਾਵ 'ਚੋਂ (ਦੋ ਵਿਅਕਤਿਤਵਾਂ ਦੇ ਸੰਗ੍ਰਹਿ 'ਚੋਂ) ਇਕ ਵੱਖਰੀ ਸ਼ੈਲੀ ਦੀ ਸਿਰਜਣਾ ਹੁੰਦੀ ਹੈ।

**–ਡਾ. ਸੁਤਿੰਦਰ ਸਿੰਘ ਨੂਰ**

'ਪੰਜਾਬੀ ਟ੍ਰਿਬਿਊਨ', 28 ਸਤੰਬਰ, 1979

# "ਜਿੱਥੇ ਦੀਵਾਰਾਂ ਨਹੀਂ" : ਇਕ ਦ੍ਰਿਸ਼ਟੀਕੋਣ

ਰਵੀ ਇਕ ਕਵੀ ਦੇ ਨਾਲ ਨਾਲ ਇਕ ਚੰਗਾ ਵਾਰਤਕਕਾਰ, ਕਹਾਣੀਕਾਰ ਤੇ ਨਿਬੰਧਕਾਰ ਵੀ ਹੈ। ਰਵੀ ਦੀ ਕਹਾਣੀ ਵਿਚ ਵਾਕ-ਮੁਕਤ, ਦੋਸ਼-ਮੁਕਤ, ਭਾਵ-ਬੋਧ ਦੇ ਦਰਸ਼ਨ ਹੁੰਦੇ ਹਨ। "ਜਿੱਥੇ ਦੀਵਾਰਾਂ ਨਹੀਂ" ਕਹਾਣੀ ਵਿਚ ਦੋ ਅਨਜਾਣੇ, ਦੋ ਵੱਖ ਵੱਖ ਦੇਸ਼ਾਂ ਦੇ ਨਿਵਾਸੀ ਵਿਅਕਤੀਆਂ ਦੇ ਪਲ ਦੇ ਪਲ ਮਿਲਣ ਨੂੰ ਚਿਰ-ਮਿਲਣ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। 'ਕੈਨਸਰ' ਵਿਚ ਐਮਰਜੈਂਸੀ ਦਾ ਸ਼ਿਕਾਰ ਹੋਏ ਬੁੱਧੀਜੀਵੀ ਵਰਗ ਦੀ ਕੈਂਸਰ ਗ੍ਰਸਤ ਮਨੋਵਿਰਤੀ ਤੇ ਆਪਣੇ ਲੋਕਾਂ ਨਾਲ ਕੀਤੀ ਬੇਵਸਾਹੀ ਅਤੇ ਗੱਦਾਰੀ ਦਾ ਚਿਤਰਣ ਕੀਤਾ ਗਿਆ ਹੈ। 'ਆਪਣੇ ਆਪਣੇ ਓਹਲੇ' ਵਿਚ ਦਿਵਾ-ਸੁਪਨਜੀਵੀ ਲੋਕਾਂ ਦੇ ਨੂੰਮੂਣੇ ਦੇ ਕੇ ਖੜ੍ਹੇ ਕੀਤੇ ਸਿਧਾਂਤਾਂ ਤੇ ਮੂੰਹ-ਮੁਹਾਂਦਰਿਆਂ ਨੂੰ ਉਘਾੜਿਆ ਗਿਆ ਹੈ। ਇਹ ਸਭ ਕਹਾਣੀਆਂ ਤੇ 'ਦਲਦਲ' ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ ਇਕ ਛਿਣ ਲਈ ਆਪਣੇ ਆਪ ਨੂੰ ਧਰਵਾਸ ਦੇਣ ਲਈ ਹੰਢਾਇਆ ਕੋਈ ਇਕ ਖਿਆਲ ਵੀ ਤਾਂ ਕਹਾਣੀ ਹੋ ਸਕਦਾ ਹੈ। ਇਸ ਕਹਾਣੀ ਵਿਚ ਬਾਹਰੀ ਤੌਰ 'ਤੇ ਨਾ ਪਾਤਰ ਹਨ ਤੇ ਨਾ ਕੋਈ ਪਲਾਟ ਜਾਂ ਗੱਲਬਾਤ, ਪਰ ਅੰਤਰ ਮਨ ਦੇ ਸਾਰੇ ਤੱਤ ਇੱਥੇ ਇਸ ਨੂੰ ਇਕ ਵਧੀਆ ਕਹਾਣੀ ਬਣਾ ਦਿੰਦੇ ਹਨ। ਅਸੀਂ ਸਾਰੇ ਇਕ ਅਜਬ ਦਲਦਲ ਵਿਚ ਖੁੱਭੇ ਹੋਏ ਹਾਂ, ਜਿੱਥੇ ਸਾਡੀ ਸੁਤੰਤਰ ਹੋਂਦ ਇਕ ਕਦਮ ਮੌਤ ਵੱਲ ਤੇ ਇਕ ਕਦਮ ਜ਼ਿੰਦਗੀ ਵਲ ਪੁਟਦੀ ਦੁਚਿੱਤੀ ਵਿਚ ਫਸੀ ਹੈ। 'ਦਸ ਵਰ੍ਹੇ ਲੰਮੀ ਨੀਂਦ' ਵਿਚ ਬਹੁਤ ਸਰਲ ਕਥਾ ਸ਼ੈਲੀ ਵਿਚ ਪਤੀ-ਪਤਨੀ ਦੇ ਰਿਸ਼ਤੇ ਦੇ ਨਵੇਂ ਅਰਥ ਸਾਕਾਰ ਕੀਤੇ ਗਏ ਹਨ।

ਦੂਜੇ ਭਾਗ ਵਿਚ ਵੱਖ ਵੱਖ ਕਥਾ-ਪ੍ਰਯੋਗ ਹਨ। ਪਹਿਲਾ 'ਜੰਗਲ ਦਾ ਸੂਰ' ਇਕ ਕਾਵਿ-ਕਥਾ ਹੈ ਜਿਸ ਨੂੰ ਇਕ ਮੋਨੋਲਾਗ ਕਹਿਣਾ ਵਧੇਰੇ ਉਚਿਤ ਹੋਵੇਗਾ। 'ਮਿੱਧੇ ਹੋਏ ਫੁੱਲ' ਵਿਚ ਚੇਤਨਾ-ਪ੍ਰਵਾਹ ਸ਼ੈਲੀ ਵਿਚ ਗੁੰਗੇ ਬੋਲੇ ਬੱਚਿਆਂ ਦੇ ਸਕੂਲ ਦੇ ਮਾਧਿਅਮ ਨਾਲ ਮਨੁੱਖੀ ਮਨ ਦੀ ਅਕਹਿ ਪੀੜ ਨੂੰ ਜ਼ਬਾਨ ਦਿੱਤੀ ਗਈ ਹੈ। ਹਰ ਕਹਾਣੀ ਕਿਸੇ ਹੋਰ ਦੀ ਕਹਾਣੀ ਹੁੰਦੇ ਹੋਏ ਵੀ ਰਵੀ ਦੇ ਕਵੀ-ਮਨ ਦੀ ਸੁੰਨ-ਮਸਾਨ ਇਕੱਲ, ਨਿਰਾਸ਼ਾ ਤੇ ਇਨ੍ਹਾਂ ਸਭਨਾਂ ਤੋਂ ਉਪਜੀ ਜੀਵਨ ਜੀਣ ਦੀ ਚਾਹ, ਭਾਵੁਕਤਾ ਤੇ ਗੁੱਝੀ ਪੀੜ ਨਜ਼ਰ ਪੈਂਦੀ ਹੈ। ਇਸ ਭਾਵਨਾ ਦੇ ਨਾਲ ਹੀ ਮਨ ਵਿਚ ਇਕ ਤਣਾਅ ਦੀ ਅਵਸਥਾ ਹੈ, ਸਮੁੰਦਰ ਮੰਥਨ ਤੋਂ ਲੈ ਕੇ ਸੰਸਾਰ ਚੱਕਰ ਤੱਕ। ਮੌਤ ਦਾ ਡਰ ਉਸ ਨੂੰ ਨਿਰਾਸ਼ ਤਾਂ ਕਰਦਾ ਹੈ, ਪਰ ਕਰਮ-ਸੁੰਨ ਨਹੀਂ।

**-ਡਾ. ਧਰਮਪਾਲ ਸਿੰਗਲ**

"ਅਜੀਤ", ਸਤੰਬਰ, 1979

# ਮੈਲੀ ਪੁਸਤਕ

ਰਵਿੰਦਰ ਰਵੀ ਜੋ ਇਕ ਪ੍ਰਮੁੱਖ ਕਵੀ, ਕਹਾਣੀਕਾਰ, ਨਾਟਕਕਾਰ, ਸਫ਼ਰਨਾਮਾ ਲੇਖਕ, ਵਾਰਤਕਕਾਰ, ਸੰਪਾਦਕ ਤੇ ਅਨੁਵਾਦਕ ਹੈ, ਨੇ ਅਣਗਿਣਤ ਪੁਸਤਕਾਂ ਨਾਲ ਸਾਹਿਤ ਦੇ ਖ਼ਜ਼ਾਨੇ ਨੂੰ ਭਰਪੂਰ ਕੀਤਾ ਹੈ। ਹਥਲੀ ਪੁਸਤਕ ਕਹਾਣੀ ਸੰਗ੍ਰਹਿ ਹੈ, 1971 ਤੋਂ 1973 ਤਕ ਦੋ ਸਾਲਾਂ ਦੌਰਾਨ ਲਿਖੀਆਂ ਕਹਾਣੀਆਂ ਦਾ। ਰਵੀ ਨੇ ਮੁੱਢ ਵਿਚ ਲਿਖੇ ਸ਼ਬਦਾਂ ਵਿਚ ਇਹ ਗੱਲ ਸਪੱਸ਼ਟ ਕੀਤੀ ਹੈ ਕਿ ਉਸ ਦੀਆਂ ਕਵਿਤਾਵਾਂ ਤੇ ਕਹਾਣੀਆਂ ਬਹੁਤੀ ਵਾਰ ਇਕੋ ਵਿਸ਼ੇ ਨੂੰ ਲੈ ਕੇ ਲਿਖੀਆਂ ਗਈਆਂ ਹਨ। ਇਹ ਇਕ ਬਹੁਪੱਖੀ ਸਾਹਿਤਕਾਰ ਦੀ ਸੋਚ ਹੈ, ਉਸ ਦਾ ਵਹਿਣ ਹੈ ਜਿਸ ਪਾਸੇ ਲੈ ਜਾਏ, ਉਸ ਦੀ ਕਲਮ ਉਹੀ ਕੁਝ ਉਲੀਕਦੀ ਹੈ।

ਇਸ ਪੁਸਤਕ ਦਾ ਸਿਰਲੇਖ "ਮੈਲੀ ਪੁਸਤਕ" ਕਹਾਣੀ ਉੱਤੇ ਅਧਾਰਿਤ ਹੈ, ਜੋ ਕਿਸੇ ਇਕ ਨਹੀਂ ਬਲਕਿ ਅਨੇਕਾਂ ਵਿਸ਼ਿਆਂ ਨੂੰ ਆਪਣੇ ਵਿਚ ਸਮੋਈ ਬੈਠੀ ਹੈ ਜਿਵੇਂ ਕਿ ਹਿਰਸ, ਹਵਸ, ਰੇਪ, ਦਿਸ਼ਾਹੀਣਤਾ, ਕਲਾ, ਧਰਮ, ਦਰਸ਼ਨ, ਅਭਿਲਾਸ਼ਾ ਤੇ ਪਲ-ਪਲ ਰਿਸਦੇ-ਪਿਸਦੇ ਮਨੁੱਖ ਦੇ ਵਿਅਕਤਿਤਵ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਪਹਿਲੀ ਕਹਾਣੀ 'ਕਿੱਲਾਂ' ਬੌਧਿਕ ਯੁੱਗ ਵਿਚ ਵਿਚਰਦੇ ਇਕ ਬੁੱਧੀਜੀਵੀ ਦਾ ਪ੍ਰਤਿਦਵੰਦ ਤੇ ਬਿਮਾਰ ਸਦੀ ਉੱਤੇ ਵਿਅੰਗ ਹੈ। 'ਜਿਉਂ ਰਹੇ ਮਰੇ ਹੋਏ ਪਲ' ਹੋਂਦ ਲਈ ਸੰਘਰਸ਼ ਤੇ ਅਣਹੋਂਦ ਦੇ ਵਿਚਕਾਰ ਦੀ ਸਥਿਤੀ ਨੂੰ ਪੇਸ਼ ਕਰਦੀ ਕਹਾਣੀ ਹੈ, ਜਦੋਂ ਕਿ 'ਸਮੁੰਦਰ ਤੇ ਰੇਤ' ਬਿੰਬ ਰੂਪ ਵਿਚ ਹਵਸ, ਹਿਰਸ ਜ਼ਿੰਦਗੀ ਤੇ ਤ੍ਰਿਸ਼ਨਾ ਨੂੰ ਦਰਸਾਉਂਦੀ ਹੈ। 'ਪਾਗਲ ਕੌਣ' ਸੰਤਾਂ ਸੰਤਣੀਆਂ ਦੇ ਖੋਖਲੇ ਜੀਵਨ ਉਤੇ ਇਕ ਵਿਅੰਗ ਹੈ ਜੋ ਅਖੌਤੀ ਧਰਮ ਦਾ ਖੰਡਣ ਹੈ। 'ਰੱਸੇ ਚੱਬਣ ਵਾਲਾ ਪਸ਼ੂ' ਵਿਚ ਮਨੁੱਖ ਤਾਂ ਚਾਹੁੰਦਾ ਹੈ ਕਿ ਉਹ ਇਕੋ ਵੇਲੇ ਪਰਬਤ ਵੀ ਹੋਵੇ, ਦਰਿਆ ਵੀ, ਪ੍ਰਕ੍ਰਿਤੀ ਵੀ, ਹਵਾ ਵੀ ਤੇ ਸੂਰਜ ਵੀ—ਅਰਥਾਤ ਜਿਉਂਦੇ ਰਹਿਣ ਦੀ ਪ੍ਰਕਿਰਿਆ ਨੂੰ ਪੇਸ਼ ਕੀਤਾ ਹੈ। 'ਹਾਥੀ ਦੇ ਦੰਦ' ਭਾਰਤੀਆਂ ਦੀ ਵਿਦੇਸ਼ਾਂ ਵਿਚ ਹੁੰਦੀ ਦੁਰਦਸ਼ਾ ਨੂੰ ਉਲੀਕਦੀ ਕਹਾਣੀ ਹੈ ਕਿ ਉਹ ਕਿਵੇਂ ਕੌੜੀਆਂ ਹਕੀਕਤਾਂ ਤੇ ਸਮੱਸਿਆਵਾਂ ਨਾਲ ਦੋ-ਚਾਰ ਹੁੰਦੇ ਹਨ। 'ਬਟਵਾਰਾ' ਕਹਾਣੀ ਯੁਗੰਡਾ ਵਿੱਚੋਂ ਕੱਢੇ ਗਏ ਏਸ਼ਿਆਈ ਲੋਕਾਂ ਦੇ ਬਹੁਮੁਖੀ ਦੁਖਾਂਤ ਨੂੰ ਪੇਸ਼ ਕਰਦੀ ਹੈ। 'ਬੋਰਡਮ' ਨੀਰਸ ਜੀਵਨ ਦੀ ਪ੍ਰਤੀਕ ਹੈ। "ਮੈਲੀ ਪੁਸਤਕ" ਵਿਚਲੀਆਂ ਕੁਝ ਕਹਾਣੀਆਂ ਸ਼ਹਿਰੀ ਜੀਵਨ ਨਾਲ ਸਬੰਧਤ ਹਨ ਪਰ ਕੁਝ ਦੀ ਪਿੱਠਭੂਮੀ ਵਿਦੇਸ਼ ਹੈ ਕਿਉਂਕਿ ਲੇਖਕ ਆਪ ਵਿਦੇਸ਼ ਵਿਚ ਹੈ, ਇਸ ਲਈ ਨਿੱਜੀ ਅਨੁਭਵਾਂ ਦੇ ਆਧਾਰ ਤੇ ਘਟਨਾਵਾਂ ਨੂੰ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਰਵਿੰਦਰ ਰਵੀ ਨੇ ਕਹਾਣੀਆਂ ਵਿਚਲੀਆਂ ਘਟਨਾਵਾਂ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਭਾਸ਼ਾ ਸਰਲ, ਸੁਖੈਨ, ਵਾਰਤਾਲਾਪ ਢੁਕਵੀਂ ਤੇ ਪਾਤਰ ਪ੍ਰਸਥਿਤੀਆਂ ਦੇ ਅਨੁਕੂਲ ਵਿਚਰਦੇ ਹਨ। ਜੀਵਨ ਨਾਲ ਸੰਬੰਧਤ ਵਿਸ਼ਿਆਂ ਨੂੰ ਬਹੁਤ ਹੀ ਕਲਾਤਮਿਕ ਢੰਗ ਨਾਲ ਚਿਤਰਿਆ ਹੈ-

> "ਵੀਅਤਨਾਮ ਦੀਆਂ ਮਾਵਾਂ—ਜੋ ਦਿਨ ਵਿਚ ਰਣ ਵਿਚ ਲੜਦੀਆਂ ਹਨ ਤੇ ਰਾਤੀਂ ਸਿਪਾਹੀ ਪੈਦਾ ਕਰਦੀਆਂ ਹਨ।" ...
>
> ਜਾਂ
>
> "ਐਸੀ ਗੱਲ ਨਹੀਂ, ਇਹ ਕਿੱਲਾਂ ਸੰਸਦ ਭਵਨ ਦੀਆਂ ਕੁਰਸੀਆਂ ਉਤੇ ਵੀ ਗੱਡੀਆਂ ਜਾ ਸਕਦੀਆਂ ਹਨ।"

ਕਿੰਨਾ ਤਕੜਾ ਵਿਅੰਗ ਹੈ।

ਪੁਸਤਕ : ਮੈਲੀ ਪੁਸਤਕ, ਲੇਖਕ : ਰਵਿੰਦਰ ਰਵੀ
ਪੰਨੇ : 96, ਮੁੱਲ : 150 ਰੁਪਏ, ਦੂਜਾ ਐਡੀਸ਼ਨ : 2010
ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ

**–ਡਾ. ਜਗਦੀਸ਼ ਕੌਰ ਵਾਡੀਆ**

"ਅਜੀਤ", ਜਲੰਧਰ, ਭਾਰਤ, 5 ਦਸੰਬਰ 2010

# ਕੋਨ ਪ੍ਰਤੀਕੋਨ (ਕਹਾਣੀਕਾਰ : ਰਵਿੰਦਰ ਰਵੀ)

ਪਰਵਾਸੀ ਲੇਖਕ ਰਵਿੰਦਰ ਰਵੀ ਦੁਆਰਾ ਰਚਿਤ 11 ਕਹਾਣੀਆਂ ਦਾ ਇਹ ਸੰਗ੍ਰਹਿ ਪੁਸਤਕ ਦਾ ਦੂਜਾ ਐਡੀਸ਼ਨ ਹੈ। ਇਸ ਦਾ ਪਹਿਲਾ ਐਡੀਸ਼ਨ 1971 ਈ. ਵਿਚ ਛਪਿਆ ਸੀ, ਜਦੋਂ ਲੇਖਕ ਕੀਨੀਆਂ ਵਿਚ ਅਧਿਆਪਕ ਸੀ।

ਸੰਨ 1969-70 ਦੀਆਂ ਲਿਖੀਆਂ ਇਹ ਕਹਾਣੀਆਂ ਅਫ਼ਰੀਕਨ ਜੀਵਨ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਹਨ। ਭਾਰਤੀ ਨੈਤਿਕਾ ਮਾਪਦੰਡਾਂ ਅਨੁਸਾਰ ਜੋ ਕੁਝ ਅਸ਼ਲੀਲ ਅਤੇ ਅਨੈਤਿਕ ਹੈ, ਉਹੀ ਕੁਝ ਅਫ਼ਰੀਕਾ ਵਿਚ ਪ੍ਰਵਾਨਿਤ ਅਤੇ ਨੈਤਿਕ ਮੰਨਿਆ ਜਾਂਦਾ ਹੈ। ਇਸ ਲਈ ਭਾਰਤੀ ਮਾਨਸਿਕਤਾ ਨੂੰ ਇਹ ਕਹਾਣੀਆਂ ਮਾਣਨਾ ਔਖਾ ਲੱਗਦਾ ਹੈ।

ਸੰਗ੍ਰਹਿ ਵਿਚਲੀਆਂ ਬਹੁਤੀਆਂ ਕਹਾਣੀਆਂ ਮਨੁੱਖੀ ਰਿਸ਼ਤਿਆਂ ਦੇ ਤਾਣੇ ਬਾਣੇ, ਅਸੰਤੋਸ਼, ਅਤ੍ਰਿਪਤੀ ਅਤੇ ਮਾਨਸਿਕ ਗੁੰਝਲਾਂ ਦੀ ਗੱਲ ਕਰਦੀਆਂ ਹਨ। ਮਨੁੱਖ ਦਾ ਆਪਾ ਬਹੁਤ ਗੁੰਝਲਦਾਰ ਹੈ। ਉਸ ਨੂੰ ਇਕ ਆਪਾ ਪਿਤਾ-ਪੁਰਖੀ ਸੰਸਕਾਰਾਂ, ਧਰਮ ਅਤੇ ਵਿਰਸੇ ਤੋਂ ਪ੍ਰਾਪਤ ਹੁੰਦਾ ਹੈ ਅਤੇ ਦੂਜਾ ਆਪਾ ਸੁਤੰਤਰ ਰੂਪ ਵਿਚ ਵਾਤਾਵਰਨ ਦੇ ਪ੍ਰਭਾਵ ਦੁਆਰਾ ਨਿਰਮਿਤ ਹੁੰਦਾ ਹੈ। ਇਸ ਦਵੰਦ, ਰੂੜ੍ਹੀਗਤ ਕੀਮਤਾਂ ਦੀ ਬੋਰੀਅਤ, ਨਵੇਂ ਸਮਝੌਤੇ ਅਤੇ ਵਿਦਰੋਹ ਦੀ ਗੱਲ ਕਰਦੀਆਂ ਇਹ ਕਹਾਣੀਆਂ ਨਿਵੇਕਲੀਆਂ ਹਨ।

ਮਨੁੱਖ ਦੀ ਪੇਚੀਦਾ ਮਨੋਅਵਸਥਾ, ਜਟਿਲ ਪ੍ਰਸਥਿਤੀਆਂ, ਅੰਦਰੂਨੀ ਸੰਘਰਸ਼ ਅਤੇ ਅਧੂਰੇਪਨ ਦੇ ਅਹਿਸਾਸ ਨਾਲ ਪ੍ਰੋਤੀਆਂ ਇਹ ਕਹਾਣੀਆਂ ਆਪਣੇ ਆਪ ਵਿਚ ਨਵੇਂ ਤਜਰਬੇ ਹਨ।

ਇਨ੍ਹਾਂ ਵਿਚ ਆਦਿ-ਜੁਗਾਦੀ ਸੱਚ ਦੀ ਗੱਲ ਵੀ ਹੈ, ਜੀਵਨ-ਫ਼ਲਸਫ਼ੇ ਦੀ ਸੱਚਾਈ ਵੀ ਹੈ ਅਤੇ ਅਜੋਕੇ ਸਮੇਂ ਦਾ ਦਵੰਦ ਵੀ ਹੈ। ਆਪਣੀ ਹੀ ਤਾਜ਼ਗੀ ਤੇ ਆਪਣੀ ਹੀ ਵੰਨਗੀ ਵਾਲੀਆਂ ਇਹ ਕਹਾਣੀਆਂ ਪਾਠਕਾਂ ਲਈ ਕੁਝ ਨਵਾਂ, ਕੁਝ ਵੱਖਰਾ ਅਤੇ ਨਿਵੇਕਲਾ ਰੰਗ ਪੇਸ਼ ਕਰਦੀਆਂ ਹਨ।

ਲੇਖਕ : ਰਵਿੰਦਰ ਰਵੀ
ਮੁੱਲ : 150 ਰੁਪਏ, ਪੰਨੇ : 96
ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,
ਪ੍ਰਕਾਸ਼ਨ ਸਾਲ : 2010

**-ਡਾ. ਸਰਬਜੀਤ ਕੌਰ ਸੰਧਾਵਾਲੀਆ**

"ਅਜੀਤ", ਜਲੰਧਰ, ਭਾਰਤ, 12 ਜਨ, 2011

# The Forest in the City "ਸ਼ਹਿਰ ਵਿਚ ਜੰਗਲ"

"The Forest in the City" (ਸ਼ਹਿਰ ਵਿਚ ਜੰਗਲ) is a collection of short stories by Ravinder Ravi, a Punjabi writer who has been living in Kenya for many years. He seems to have been influenced by Hemingway who is mentioned in one of the stories here. Hemingway spent some time in Africa, getting inspiration from black men, white hunters and white husband-shooters. His art is light, anecdotal, casual, not without subtle touches but often lacking in depth. So does Ravi's story tend to be.

Of the stories, like "Human Life" (ਮਾਣਸ ਜਨਮ), "Not Guilty" (ਅਪਰਾਧ ਮੁਕਤ) and "The Relation of the Backs" (ਪਿੱਠ ਦੀ ਸਾਂਝ) are quite interesting. "HUMAN LIFE" is purely Punjabi, with a poor priest, father of nine children, as the hero. He refuses to undergo a vasectomy operation at the last moment, for his inner voice tells him, it is a sin to bar the entry into the human world of souls that have completed a cycle of 84 lakhs of births. "NOT GUILTY" is the story of a Punjabi who works hard, makes a lot of money in England and helps his family in Punjab. His friends, who got him a job, also initiated him into white prostitution. The word of honour that he had given to his village-wife, however, tormented him constantly. Back home, he had reasons not to feel sorry for his wife.

"Relation of the Backs" is a sad tale of a KIKUYU COUPLE in which Mrs. Nioroge returns the bride price of cows, goats, sheep and money to release herself from her husband who had taken a fancy for the maid servant. The denouncement is beautifully done "The Machines And The Soul-less Individuals" is not a story but comparative study of the life of a lowpaid and ease-loving teacher and his life as a factory-worker, well paid but overworked. The other seven stories are more or less sexy with adultery and prostitution as the recurrent motifs.

Ravinder Ravi (R.S. Gill) is obsessed with sex and with himself. His characters are one-trackminded and flat and the writer himself talks so much that he would not let his characters speak for themselves. But he has an eye for details and can picture them vividly.

**–ਡਾ. ਰੌਸ਼ਨ ਲਾਲ ਆਹੂਜਾ**

-Art of Living-

Amritsar, India, 1969

# "ਚਰਾਵੀ" : ਸੂਖਮ ਤੇ ਸਥੂਲ ਦੀ ਪੇਸ਼ਕਾਰੀ

(**1955** ਤੋਂ **1963** ਤਕ ਭਾਰਤ ਰਹਿੰਦਿਆਂ ਲਿਖੀਆਂ ਕਹਾਣੀਆਂ)

ਦਰਅਸਲ ਕਹਾਣੀ ਦੀ ਪਰਖ ਉਸ ਦੇ ਕ੍ਰਿਆਤਮਿਕ-ਕਰਮ ਵਿਚੋਂ ਹੁੰਦੀ ਹੈ। ਕਹਾਣੀ ਦਾ ਵਸਤੂ ਆਪਣੇ-ਆਪ ਨੂੰ ਕਿਸੇ ਵੀ ਕਿਸਮ ਦੇ ਕ੍ਰਿਆਤਮ-ਕਰਮ ਨਾਲ ਜੋੜ ਸਕਦਾ ਹੈ। ਰਵਿੰਦਰ ਰਵੀ ਦੇ ਕਹਾਣੀ ਸੰਗ੍ਰਹਿ ਨੂੰ ਪੜ੍ਹਦਿਆਂ ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ ਉਹ ਆਪਣੀਆਂ ਕਹਾਣੀਆਂ ਲਈ ਕਥਾਵਾਚਕ ਬਣਦਾ ਹੋਇਆ ਭਾਵਨਾਤਮਿਕ-ਕਰਮ ਨਾਲ ਆਪਣੀ ਸਿਰਜਣਾਤਮਿਕ ਸਾਂਝ ਬਣਾਈ ਰਖਦਾ ਹੈ। ਰਵੀ ਆਪਣੀ ਸਿਰਜਣਾਤਮਿਕ ਸਾਂਝ ਲਈ ਸਥਿਤੀਆਂ ਦੇ ਮੁਲਾਂਕਣ ਦੀ ਵਿਧੀ ਨੂੰ ਅਪਣਾਉਂਦਾ ਹੈ। ਇਸ ਸੰਦਰਭ ਦੀ ਪੂਰਤੀ ਲਈ ਉਸ ਦੀ ਕਹਾਣੀ 'ਨਜ਼ਰੀਆ' ਦੀ ਗੱਲ ਕੀਤੀ ਜਾ ਸਕਦੀ ਹੈ। ਇਸ ਦਾ ਅਰਥ ਇਹ ਨਹੀਂ ਬਣਦਾ ਹੈ ਕਿ ਸਥਿਤੀਆਂ ਦਾ ਤੁਲਨਾਤਮਿਕ ਰੂਪ ਪ੍ਰਸਤੁਤ ਕਰਨ ਵਿਚ ਰਵਿੰਦਰ ਰਵੀ ਮਾਹਿਰ ਹੈ।

ਰਵੀ ਦੀਆਂ ਕਹਾਣੀਆਂ ਵਿਚ ਮਾਨਸਿਕਤਾ ਦੀ ਪ੍ਰਬਲਤਾ ਵੀ ਬਣੀ ਰਹਿੰਦੀ ਹੈ। ਜੇਕਰ ਵੇਖਿਆ ਜਾਵੇ ਤਾਂ ਪਤਾ ਚਲਦਾ ਹੈ ਕਿ ਰਵਿੰਦਰ ਰਵੀ ਦੀਆਂ ਕਹਾਣੀਆਂ ਵਿਚ ਜਜ਼ਬਿਆਂ ਦੀ ਨੁਹਾਰ ਨੂੰ ਸੁਕਰਮ, ਕੁਕਰਮ ਤੋਂ ਕਰਮ ਦੀ ਖ਼ੂਬੀ ਤੇ ਖ਼ੂਬਸੂਰਤੀ ਦੁਆਰਾ ਦਰਸਾਇਆ ਗਿਆ ਹੁੰਦਾ ਹੈ। ਇਸ ਤੱਥ ਦੀ ਜਾਣਕਾਰੀ ਅਸਾਨੂੰ ਉਸ ਦੀ ਕਹਾਣੀ 'ਫਰੰਟ ਸੀਟ' ਵਿਚੋਂ ਸਹਿਜੇ ਹੀ ਹੋ ਜਾਂਦੀ ਹੈ।

"ਚਰਾਵੀ" ਕਹਾਣੀ ਸੰਗ੍ਰਹਿ ਦੇ ਲੇਖਕ ਕੋਲ ਮਨੁੱਖੀ ਅਹਿਸਾਸ ਦੀ ਵੰਨ-ਸੁਵੰਨਤਾ ਨੂੰ ਦਰਸਾਉਣ ਵਾਲੀ ਕਲਾ ਹੈ। ਉਹ ਸਥੂਲ ਤੇ ਸੂਖਮ-ਭਾਵੀ ਦ੍ਰਿਸ਼ਾਂ ਰਾਹੀਂ ਕਾਫੀ ਕੁਝ ਚਿੱਤਰ ਜਾਂਦਾ ਹੈ।

ਲੇਖਕ : ਰਵਿੰਦਰ ਰਵੀ
ਮੁੱਲ : 150 ਰੁਪਏ, ਸਫੇ : 104
ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ (ਦੂਜਾ ਐਡੀਸ਼ਨ 2010)

**-ਓਮ ਪ੍ਰਕਾਸ਼ ਗਾਸੋ**

"ਅਜੀਤ", ਜਲੰਧਰ, ਭਾਰਤ, 8 ਮਈ, 2011

# ਆਗਮਨ*

ਅੱਜਕਲ੍ਹ ਪੰਜਾਬੀ ਵਿਚ ਕਹਾਣੀ ਚੋਖੀ ਸੰਖਿਆ ਵਿਚ ਲਿਖੀ ਜਾ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਬਹੁਤੇ ਲੋਕਾਂ ਨੂੰ ਕਹਾਣੀ ਲਿਖਣੀ ਸੌਖੀ ਮਲੂਮ ਹੁੰਦੀ ਹੈ, ਪਰ ਮੇਰੇ ਵਿਚਾਰ ਵਿਚ ਕੋਈ ਕਹਾਣੀ ਵਰਗੀ ਚੀਜ਼ ਘੜ ਲੈਣੀ ਤਾਂ ਆਸਾਨ ਹੈ, ਪਰ ਚੰਗੀ ਕਹਾਣੀ ਦੀ ਰਚਨਾ ਸੌਖੀ ਨਹੀਂ। ਬਹੁਤੇ ਨਵੇਂ ਲਿਖਣ ਵਾਲੇ ਸਮਝਦੇ ਹਨ ਕਿ ਕੋਈ 'ਘਟਨਾ ਕਹਿ ਦੇਣੀ' ਹੀ ਕਹਾਣੀ ਹੈ, ਪਰ ਅਸਲ ਗੱਲ ਇਹ ਨਹੀਂ। ਸਮਰਸੈਟ ਮਾਮ ਦੀ ਇਕ ਕਹਾਣੀ 'ਮਾਲਾ ਦੇ ਮਣਕੇ' ਵਿਚ ਇਕ ਪਾਤਰ ਲੜਕੀ 'ਲੌਰਾ' ਦੂਸਰੇ ਪਾਤਰ ਨੂੰ, ਜੋ ਆਪ ਕਹਾਣੀਕਾਰ ਹੈ, ਇਕ ਘਟਨਾ ਸੁਨਾਉਣ ਦੀ ਪੇਸ਼ਕਸ਼ ਕਰਦੀ ਹੈ। ਕਹਾਣੀਕਾਰ ਇਹ ਵਾਰਤਾ ਸੁਣਨ ਲਈ ਬਹੁਤਾ ਉਤਾਵਲਾ ਨਹੀਂ ਜਾਪਦਾ।

"ਕੀ ਤੁਸੀਂ ਕਹਾਣੀ ਸੁਣਨਾ ਨਹੀਂ ਚਾਹੁੰਦੇ ?" ਉਹ ਕੁੜੀ ਥੋੜ੍ਹੇ ਰੰਜ ਨਾਲ ਕਹਿੰਦੀ ਹੈ, "ਮੈਂ ਸੋਚਿਆ ਸੀ, ਤੁਸੀਂ ਸੁਣਕੇ ਬੜੇ ਖੁਸ਼ ਹੋਵੋਗੇ।"

"ਮੈਂ ਸੁਣਨਾ ਚਾਹੁੰਦਾ ਹਾਂ ... ਪਰ ...।"

"ਇਹ ਘਟਨਾ ਮੇਰੇ ਕੁਛ ਦੋਸਤਾਂ ਨਾਲ ਵਾਪਰੀ। ਬਿਲਕੁਲ ਸੱਚੀ ਕਹਾਣੀ ਹੈ।" ਕਹਾਣੀ ਸੁਣਾਉਣ ਦੀ ਇੱਛਕ ਕੁੜੀ ਕਹਾਣੀ ਦਾ ਪ੍ਰਭਾਵ ਪਾਉਣ ਲਈ ਕਹਿੰਦੀ ਹੈ।

"ਇਹ ਕਹਾਣੀ ਦੇ ਚੰਗੇ ਹੋਣ ਦਾ ਕੋਈ ਸਬੂਤ ਨਹੀਂ। ਇਕ ਸੱਚੀ ਕਹਾਣੀ ਕਦੇ ਇੰਨੀ ਸੱਚੀ ਨਹੀਂ ਹੁੰਦੀ, ਜਿੰਨੀ ਇਕ ਘੜੀ ਹੋਈ ਮਨੋ-ਕਲਪਿਤ ਕਹਾਣੀ ਹੋ ਸਕਦੀ ਹੈ।" ਕਹਾਣੀਕਾਰ ਪਾਤਰ ਨੇ ਆਖਿਆ।

ਮੈਂ ਇਹ ਨਹੀਂ ਕਹਿੰਦਾ ਕਿ ਜਿਹੜੀ ਘਟਨਾ ਜਾਂ ਗੱਲ ਕਿਸੇ ਲਿਖਣ ਵਾਲੇ ਦੇ ਤਜਰਬੇ ਵਿਚ ਆਈ ਹੈ, ਉਸ ਨੂੰ ਕਹਿਣਾ ਨਹੀਂ ਚਾਹੀਦਾ। ਕਹਿਣਾ ਜ਼ਰੂਰ ਚਾਹੀਦਾ ਹੈ, ਪਰ ਇਸ ਨੂੰ ਚੰਗੀ ਕਹਾਣੀ ਬਣਾ ਕੇ। ਇਹ ਗੱਲ ਭੁੱਲਣੀ ਨਹੀਂ ਚਾਹੀਦੀ ਕਿ ਤਜਰਬੇ ਵਿਚ ਆਈ ਕਿਸੇ ਘਟਨਾ ਜਾਂ ਮਨ ਵਿਚ ਆਈ ਕਿਸੇ ਗੱਲ ਅਤੇ ਇਕ ਚੰਗੀ ਕਹਾਣੀ ਵਿਚਕਾਰ ਬੜਾ ਲੰਬਾ ਫਾਸਲਾ ਹੈ।

ਚੰਗੀ ਕਹਾਣੀ ਲਿਖਣ ਲਈ ਜਿੱਥੇ ਆਪਣੇ ਆਲੇ ਦੁਆਲੇ ਦੀ ਸੂਝ ਹੋਣੀ ਚਾਹੀਦੀ ਹੈ, ਜੋ ਆਪਣੇ ਨਾਲ ਬੀਤਦਾ ਹੈ ਤੇ ਜੋ ਆਪਣੇ ਨੇੜੇ ਲੋਕਾਂ ਨਾਲ ਬੀਤਦਾ ਹੈ, ਉਸ ਨੂੰ ਗਹੁ ਨਾਲ ਦੇਖਣਾ ਸੁਣਨਾ ਚਾਹੀਦਾ ਹੈ, ਉੱਥੇ, ਨਾਲ ਨਾਲ ਇਸ ਸਾਰੀ ਸਮਗਰੀ ਨੂੰ ਪੁਣ ਛਾਣ ਕੇ ਸਾਹਿਤ ਵਿਚ ਪੇਸ਼ ਕਰਨ ਲਈ ਬੜੀ ਤਿੱਖੀ ਬੁੱਧੀ ਦੀ ਲੋੜ ਹੈ।

ਤਾਂ ਵੀ, ਬੜੀ ਖੁਸ਼ੀ ਦੀ ਗੱਲ ਹੈ ਕਿ ਬਹੁਤ ਸਾਰੇ ਲੋਕ ਪੰਜਾਬੀ ਕਹਾਣੀ ਦੇ ਪਿੜ ਵਿਚ ਆ ਰਹੇ ਹਨ। ਇਨ੍ਹਾਂ ਵਿਚੋਂ ਵੀ ਚੰਗੇ ਕਹਾਣੀਕਾਰ ਨਿਕਲਣਗੇ। ਇਸੇ ਕਰਕੇ ਮੈਂ ਨਵੀਆਂ ਛਪਦੀਆਂ ਕਹਾਣੀਆਂ ਬੜੀ ਉਤਸੁਕਤਾ ਨਾਲ ਪੜ੍ਹਦਾ ਰਹਿੰਦਾ ਹਾਂ।

ਰਵਿੰਦਰ ਰਵੀ ਦੇ ਹੱਥਲੇ ਕਾਹਣੀ-ਸੰਗ੍ਰਹਿ "ਚਰਾਵੀ" ਦੀਆਂ ਇਹ ਕਹਾਣੀਆਂ ਪੜ੍ਹਕੇ ਮੈਨੂੰ ਬੜੀ ਖੁਸ਼ੀ

ਹੋਈ ਹੈ। 'ਫਰੰਟ ਸੀਟ', 'ਨਜ਼ਰੀਆ' ਤੇ 'ਪਾਸਪੋਰਟ' ਵਿਚ ਕਹੀ ਗਈ ਗੱਲ ਦੱਸਦੀ ਹੈ ਕਿ ਲੇਖਕ ਚੰਗੀ ਗੱਲ ਬਣਾ ਸਕਦਾ ਹੈ।

ਰਵਿੰਦਰ ਰਵੀ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਪੇਂਡੂ ਜੀਵਨ ਦੀ ਪਰਤੱਖ ਰੂਪ ਵਿਚ ਦਿਸਦੀ ਸਾਦਗੀ ਦੇ ਪਿੱਛੇ ਲੁਕੇ ਗੁੰਝਲਦਾਰ ਸੱਚ ਦੀ ਪ੍ਰਤੀਤੀ ਦੇ ਸਕਦਾ ਹੈ। ਜਿਨ੍ਹਾਂ ਕਹਾਣੀਕਾਰਾਂ ਨੇ ਪੇਂਡੂ ਲੋਕਾਂ ਦੇ ਜੀਵਨ ਨੂੰ ਆਪਣਾ ਵਿਸ਼ਾ ਬਣਾਇਆ ਹੈ, ਉਹਨਾਂ ਵਿੱਚੋਂ ਕਈ, ਸਾਰੀ ਗੱਲ ਨੂੰ ਬੜੀ ਸਿੱਧੀ ਸਾਦੀ, ਸਪਾਟ ਬਣਾ ਕੇ ਰੱਖ ਦੇਂਦੇ ਹਨ। ਪਰ ਪੇਂਡੂ ਲੋਕਾਂ ਦੇ ਚਰਿਤਰ ਅਤੇ ਉਨ੍ਹਾਂ ਨਾਲ ਵਾਪਰਨ ਵਾਲੀਆਂ ਘਟਨਾਵਾਂ ਵਿਚ ਘੱਟ ਹੀ ਕਦੀ ਕਿਸੇ ਨੇ ਕੋਈ ਡੂੰਘਿਆਈ ਜਾਂ ਸੰਘਣਾਪਨ ਵੇਖਿਆ ਜਾਂ ਪ੍ਰਗਟਾਇਆ ਹੁੰਦਾ ਹੈ। ਰਵਿੰਦਰ ਰਵੀ ਇਸ ਪੱਖੋਂ ਚੇਤੰਨ ਨਜ਼ਰ ਆਉਂਦਾ ਹੈ ਤੇ ਮੈਨੂੰ ਆਸ ਹੈ ਕਿ ਵਧੇਰੇ ਮਿਹਨਤ ਤੇ ਅਧਿਅਨ ਨਾਲ ਉਹ ਚੰਗਾ ਕਹਾਣੀਕਾਰ ਬਣ ਜਾਵੇਗਾ।

ਪੰਜਾਬੀ ਸਾਹਿਤ ਵਿਚ ਰਵੀ ਦਾ ਆਗਮਨ ਕਵਿਤਾ ਦੁਆਰਾ ਹੋਇਆ ਹੈ। ਪਰ ਇਹ ਸੰਗ੍ਰਹਿ ਇਹ ਆਸ ਬੁਝਾਉਂਦਾ ਹੈ ਕਿ ਗਲਪ ਦੇ ਖੇਤਰ ਵਿਚ ਵੀ ਰਵਿੰਦਰ ਰਵੀ ਲਈ ਆਪਣੇ ਲਕਸ਼ ਨੂੰ ਪ੍ਰਾਪਤ ਹੋਣ ਦੀ ਕਾਫੀ ਸੰਭਾਵਨਾ ਹੈ।

ਪੱਤਰ ਸੂਚਨਾ ਦਫ਼ਤਰ, **–ਕੁਲਵੰਤ ਸਿੰਘ ਵਿਰਕ**

ਜਲੰਧਰ।

19.3.1963

* "ਚਰਾਵੀ" ਦੀ ਭੂਮਿਕਾ–1

# ਪ੍ਰਵੇਸ਼*

ਮੇਰੀ ਮਾਂ ਦੀ ਆਵਾਜ਼ ਮੇਰੇ ਕੰਨਾਂ ਵਿਚ ਅੱਜ ਵੀ ਗੂੰਜ ਰਹੀ ਹੈ।

"ਦਿਨ ਵੇਲੇ ਬਾਤ ਪਾਇਆਂ ਰਾਹੀ ਰਾਹ ਭੁੱਲ ਜਾਂਦੇ ਹਨ ...।"

ਪਰ ਮੇਰੇ ਬਾਬਾ ਜੀ ਤਾਂ ਦਿਨ ਵੇਲੇ ਹੀ ਬਾਤਾਂ ਸੁਨਾਉਣ ਬੈਠ ਜਾਂਦੇ ਹਨ। ਸ਼ਾਇਦ ਉਹ ਚਾਹੁੰਦੇ ਸਨ ਕਿ ਮੇਰੇ ਅੰਦਰਲਾ ਕਲਾਕਾਰ ਕਲਪਨਾ ਦਾ ਰਾਹ ਭੁੱਲ ਕੇ ਉਹਨਾਂ ਦੀ ਅਨੁਭਵ-ਗਾਥਾ ਗਹੁ ਨਾਲ ਸੁਣਨ ਲਈ ਉਹਨਾਂ ਦੇ ਗੋਡੇ ਮੁੱਢ ਆ ਬੈਠੇ। ਅੱਜ ਮੈਂ ਜਦ ਵੀ ਦਿਨ ਵੇਲੇ ਕਹਾਣੀ ਲਿਖਣ ਲੱਗਦਾ ਹਾਂ, ਮੁੜ ਮੁੜ ਉਹ ਗੱਲ ਮੇਰੀ ਚੇਤਨਾ ਨੂੰ ਹਲੂਣਦੀ ਰਹਿੰਦੀ ਹੈ ਕਿ ਮੈਂ ਕਿਸੇ ਨਾ ਕਿਸੇ ਰੂਪ ਵਿਚ ਰਾਹੀਆਂ ਨੂੰ ਉਹਨਾਂ ਦੇ ਆਪਣੇ ਰਾਹੋਂ ਮੋੜਕੇ ਆਪਣੇ ਰਾਹ ਵਲ ਲਿਆਉਣ ਦਾ ਜਤਨ ਕਰ ਰਿਹਾ ਹਾਂ।

ਮੇਰਾ ਵਿਸ਼ਵਾਸ ਹੈ ਕਿ ਇਕ ਚੰਗਾ ਕਹਾਣੀਕਾਰ ਕਿਸੇ ਇਕ ਦੇਸ਼ ਦਾ ਨਹੀਂ ਸਗੋਂ ਸਾਰੀ ਦੁਨੀਆਂ ਦਾ ਕਹਾਣੀਕਾਰ ਹੁੰਦਾ ਹੈ।

ਇਕ ਚੰਗੀ ਕਹਾਣੀ ਦੀ ਰਚਨਾ ਓਨੀ ਸਹਿਜ ਨਹੀਂ ਹੁੰਦੀ ਜਿੰਨੀ ਕਿ ਪਹਿਲੀ ਨਜ਼ਰ ਵਿਚ ਪਾਠਕ ਨੂੰ ਜਾਪਦੀ ਹੈ। ਕਵਿਤਾ ਵਾਂਗ ਹੀ ਕਹਾਣੀ ਦੇ ਖੇਤਰ ਵਿਚ ਵੀ ਦੁਨੀਆਂ ਦੀਆਂ ਉੱਨਤ ਭਾਸ਼ਾਵਾਂ ਵਿਚ, ਨਵੇਂ ਨਵੇਂ ਪ੍ਰਯੋਗ ਹੋ ਰਹੇ ਹਨ। ਇਨ੍ਹਾਂ ਪ੍ਰਯੋਗਾਂ ਵਿਚ ਨਵੀਂ ਤਰ੍ਹਾਂ ਦੀ ਮਹਾਨ ਕਹਾਣੀ ਦਾ ਜਨਮ ਹੋ ਰਿਹਾ ਹੈ।

ਲੰਮੇ ਲੈੜ ਅੱਜ ਦੀ ਕਹਾਣੀ ਵਿਚ ਨਹੀਂ ਸਹਾਰੇ ਜਾਂਦੇ। ਜੀਵਨ ਵਿਚ ਬੜੀ ਤੀਬਰ ਗਤੀ ਆ ਗਈ ਹੈ। ਵਿਗਿਆਨਕ ਅਵਿਸ਼ਕਾਰ ਮਾਨਵ-ਕਲਾ ਦੇ ਹਰ ਖੇਤਰ ਵਿਚ ਆਪਣਾ ਪ੍ਰਭਾਵ ਪਾ ਰਹੇ ਹਨ। ਇਕ ਚੰਗਾ ਕਹਾਣੀਕਾਰ ਹੋ ਸਕਣਾ ਅੱਜ ਹੋਰ ਵੀ ਕਠਿਨ ਹੋ ਗਿਆ ਹੈ।

ਮੈਂ ਸਮਝਦਾ ਹਾਂ, ਚੰਗੀ ਕਹਾਣੀ ਚੰਗੀ ਵਾਰਤਾ ਦੀ ਮੰਗ ਕਰਦੀ ਹੈ। ਇਸ ਦੇ ਲਈ ਕਹਾਣੀਕਾਰ ਨੂੰ ਭਾਸ਼ਾ ਦੀ ਨਵੀਓਂ-ਨਵੀਂ ਨੁਹਾਰ ਨੂੰ ਅਪਨਾਉਣ ਦੀ ਲੋੜ ਪੈਂਦੀ ਹੈ।

ਚੰਗੀ ਵਾਰਤਾ ਹੋਣ ਦੇ ਨਾਲ ਨਾਲ ਕਹਾਣੀ ਵਿਚ ਨਵਾਂ ਅਨੁਭਵ ਹੋਣ ਪਰਮ ਆਵੱਸ਼ਕ ਹੈ। ਰਾਹੀਆਂ ਨੂੰ ਉਹਨਾਂ ਦਾ ਰਾਹ ਭੁਲਾ ਕੇ ਆਪਣੇ ਰਾਹੇ ਪਾਉਣ ਲਈ ਕਹਾਣੀਕਾਰ ਦੇ ਕੋਲ ਕੋਈ ਅਤਿ ਟੁੰਬਵੀਂ ਗੱਲ ਹੋਣੀ ਚਾਹੀਦੀ ਹੈ।

ਇਹ ਤਾਂ ਸਾਰੇ ਕਲਾਕਾਰ ਮੰਨਦੇ ਹਨ ਕਿ ਕਲਾ ਵਿਚ ਯਥਾਰਥ ਤੇ ਕਲਪਨਾ ਦਾ ਹੋਣਾ ਜ਼ਰੂਰੀ ਹੈ। ਪਰ ਇਹ ਓਨਾ ਸੌਖਾ ਨਹੀਂ ਜਿੰਨਾ ਪਹਿਲੀ ਨਜ਼ਰ ਵਿਚ ਜਾਪਦਾ ਹੈ।

ਸਭ ਕੁਝ ਬਦਲ ਰਿਹਾ ਹੈ। ਹਰ ਕਦਮ ਤੇ ਸਾਨੂੰ ਇੰਞ ਲਗਦਾ ਹੈ ਕਿ ਹੁਣੇ ਹੁਣੇ ਸਾਡਾ ਨਵਾਂ ਜਨਮ ਹੋਇਆ ਹੈ। ਰੰਗ ਬਦਲ ਰਹੇ ਹਨ। ਰੂਪ-ਰੇਖਾ ਬਦਲ ਰਹੀ ਹੈ। ਤੇ ਇਸ ਪਰਿਵਰਤਨਸ਼ੀਲ ਜਗਤ ਵਿਚ ਕਲਾਕਾਰ ਨੂੰ ਆਪਣਾ ਕੰਮ ਕਰਨਾ ਪੈਂਦਾ ਹੈ।

ਹਰ ਕਲਾਕਾਰ ਕਿਸੇ ਚਾਨਣ ਦਾ ਸੁਪਨਾ ਵੇਖਦਾ ਹੈ। ਮਨ ਦੀ ਘੁੱਪ ਹਨੇਰੀ ਗੁਫਾ ਵਿਚ ਕੋਈ ਨਵਾਂ ਸੂਰਜ ਚੜ੍ਹ ਜਾਵੇ, ਇਹ ਤਾਂਘ ਹਰ ਕਲਾਕਾਰ ਨੂੰ ਟੁੰਬਦੀ ਰਹਿੰਦੀ ਹੈ।

ਜਿਸ ਦੁਨੀਆਂ ਦੀ ਕਲਪਨਾ ਇਕ ਮਹਾਨ ਕਲਾਕਾਰ ਕਰਦਾ ਹੈ, ਉਹ ਉਸ ਆਜ਼ਾਦੀ ਦੀ ਦੁਨੀਆਂ ਹੈ ਜਿਸ ਵਿਚ ਵੱਖ ਵੱਖ ਭਾਸ਼ਾਵਾਂ ਬੋਲਣ ਤੇ ਲਿਖਣ ਵਾਲੇ ਲੋਕ, ਜੀਵਨ ਨੂੰ ਇਕ ਸਰਬ-ਸਾਂਝੀ ਰੰਗ-ਭੂਮੀ ਦੇ ਰੂਪ ਵਿਚ ਮਾਣ ਸਕਣ। ਰਵਿੰਦਰ ਰਵੀ ਦਾ ਪ੍ਰਵੇਸ਼ ਇਕ ਕਹਾਣੀਕਾਰ ਦੇ ਰੂਪ ਵਿਚ ਹੋ ਰਿਹਾ ਹੈ। ਇਹ ਆਪਣੇ ਆਪ ਵਿਚ ਇਕ ਵੱਡੀ ਗੱਲ ਹੈ।

ਮੈਂ ਰਵਿੰਦਰ ਰਵੀ ਨੂੰ ਇਕ ਬਹੁਤ ਚੰਗੇ ਕਹਾਣੀਕਾਰ ਦੇ ਰੂਪ ਵਿਚ ਵੇਖ ਰਿਹਾ ਹਾਂ। ਤੇ ਜੇ ਉਹ ਕਵਿਤਾ ਵਾਂਗ ਹੀ ਕਹਾਣੀ ਦੇ ਖੇਤਰ ਵਿਚ ਵੀ ਨਵੀਂ ਪ੍ਰਯੋਗ ਚੇਤਨਾ ਦਾ ਕਲਾਕਾਰ ਬਣ ਕੇ ਤੁਰਦਾ ਰਿਹਾ ਤਾਂ ਉਹ ਪੰਜਾਬੀ ਕਹਾਣੀ ਨੂੰ ਇਕ ਨਵਾਂ ਅਨੁਭਵ ਦੇ ਸਕੇਗਾ।

ਅਨੇਕ ਰਾਹੀ ਆਪਣਾ ਰਾਹ ਭੁੱਲ ਕੇ ਅੱਜ ਕਿਸੇ ਵੀ ਚੰਗੇ ਕਹਾਣੀਕਾਰ ਤੋਂ ਨਵੇਂ ਰਾਹ ਦੀ ਅਗਵਾਈ ਦੀ ਮੰਗ ਕਰ ਰਹੇ ਹਨ। ਇਹ ਗੱਲ ਰਵਿੰਦਰ ਰਵੀ ਦੇ ਸਾਹਮਣੇ ਰਹਿਣੀ ਚਾਹੀਦੀ ਹੈ।

'ਕਲਪਨਾ'

**-ਦੇਵਿੰਦਰ ਸਤਿਆਰਥੀ**
5-ਸੀ/46, ਰੋਹਤਕ ਰੋਡ
ਨਵੀਂ ਦਿੱਲੀ।

* ਪੁਸਤਕ "ਚਰਾਵੀ" ਲਈ ਲਿਖੀ ਭੂਮਿਕਾ

# ਇਹ ਅਨਾਦਿ ਅਨੰਤ ਗਾਥਾ*

ਜਦੋਂ ਤੋਂ ਕਿਸੇ ਅਦਿਖ ਹੱਥ ਨੇ ਜੀਵਨ ਰੂਪੀ ਪੂਣੀ ਛੋਹੀ ਹੈ, ਉਦੋਂ ਤੋਂ ਹੀ ਇਸ ਵਿੱਚੋਂ ਗਾਥਾ ਦੀਆਂ ਅਮੁੱਕ ਤੰਦਾਂ ਨਿਕਲ ਰਹੀਆਂ ਹਨ। ਮਨੁੱਖ ਤੇ ਗਾਥਾ ਦਾ ਜਨਮ ਜਨਮਾਂਤਰਾਂ ਦਾ ਸਾਥ ਹੈ, ਜਿਹੜਾ ਸ਼ਾਇਦ ਇਸ ਪੂਣੀ ਦੇ ਖ਼ਤਮ ਹੋਣ ਤੇ ਹੀ ਟੁੱਟੇਗਾ। ਨਾ ਇਹ ਪੂਣੀ ਮੁੱਕਣੀ ਹੈ ਤੇ ਨਾ ਹੀ ਇਸ ਤੰਦ ਨੇ ਟੁੱਟਣਾ ਹੈ। ਗਾਥਾ ਦੀ ਇਹ ਤੰਦ ਦਿਨ-ਬ-ਦਿਨ ਸੂਖਮ ਹੁੰਦੀ ਜਾ ਰਹੀ ਹੈ। ਨਿੱਕੀ ਕਹਾਣੀ ਇਹਦੀ ਅਤਿ ਸੂਖ਼ਮ ਤੰਦ ਹੈ।

ਨਿੱਕੀ ਕਹਾਣੀ ਸਾਹਿਤ ਦਾ ਜਿੰਨਾ ਹੀ ਕੋਮਲ ਰੂਪ ਹੈ ਓਨਾਂ ਹੀ ਇਹ ਗੁੰਝਲਦਾਰ ਹੈ। ਇਹਦੇ ਵਿਚਲਾ ਹਰ ਵਾਕ, ਹਰ ਘਟਨਾ-ਅੰਸ਼ ਤੇ ਕਿਸੇ ਪਾਤਰ ਦੇ ਜੀਵਨ ਦੀ ਇਕ ਕਾਤਰ ਇਕ ਸਿਖਰ ਵਲ ਭੱਜੀ ਜਾ ਰਹੀ ਹੈ। ਅਜੋਕੇ ਸਾਹਿਤ ਦੇ ਐਡੇ ਵੱਡੇ ਪਸਾਰ ਵਿਚ ਇਹ ਸਤੂਰ ਰੂਪੀ ਸਾਹਿਤ-ਅੰਗ ਹੈ। ਜਿੱਦਾਂ ਸਾਡੇ ਸੰਸਕ੍ਰਿਤ ਅਚਾਰੀਆ ਮਹਾਨ ਵਿਚਾਰਾਂ ਦੇ ਤੱਤਾਂ-ਰੂਪਾਂ ਨੂੰ ਸੂਤਰਾਂ ਵਿਚ ਲਿਖ ਕੇ ਅਮਰ ਬਣਾ ਦੇਂਦੇ ਸਨ, ਇਸ ਤਰ੍ਹਾਂ ਇਹ ਨਿੱਕੀ ਕਹਾਣੀ ਆਧੁਨਿਕ ਭੱਜ ਦੌੜ ਵਾਲੀ ਜ਼ਿੰਦਗੀ ਵਿਚ ਮਹਾਨ ਤੱਤਾਂ ਦਾ ਪਰਿਚੈ ਬਹੁਤ ਥੋੜ੍ਹੇ ਪਲਾਂ ਵਿਚ ਦੇਂਦੀ ਹੈ।

ਅਜਿਹੀ ਕਲਾ ਕੌਸ਼ਲਤਾ, ਜਿਹੜੀ ਬੜੀ ਸੂਖ਼ਮਤਾ ਨਾਲ ਡੂੰਘੇ ਵਿਚਾਰਾਂ ’ਤੇ ਅਨੁਭਵਾਂ ਦਾ ਅਹਿਸਾਸ ਕਰਾਵੇ, ਲਈ ਬਹੁਤ ਹੀ ਡੂੰਘੀ ਦ੍ਰਿਸ਼ਟੀ ਦੀ ਲੋੜ ਹੈ, ਕੋਈ ‘ਅਕਲ ਲਤੀਫ’ ਵਾਲਾ ਹੀ ਇਸ ਕਾਰਜ ਨੂੰ ਨਿਰੂਪਣ ਕਰ ਸਕਦਾ ਹੈ। ਉਸ ਲਈ ਜ਼ਿੰਦਗੀ ਤੇ ਸਾਹਿਤ ਦੇ ਡੂੰਘੇ ਤੇ ਕੋਮਲ-ਅਨੁਭਵੀ ਅਧਿਐਨ ਦੀ ਲੋੜ ਹੈ।

ਇਹ ਸਾਡੇ ਸੁਭਾਗ ਦੀ ਗੱਲ ਹੈ ਕਿ ਪੰਜਾਬੀ ਨਿੱਕੀ ਕਹਾਣੀ ਦੇ ਆਰੰਭ ਕਾਲ ਵਿਚ ਵੀ ਸਾਨੂੰ ਤੀਖਣ ਬੁੱਧੀਵੇਤਾ ਕਲਾਕਾਰ ਮਿਲੇ ਹਨ। ਪੰਜਾਬੀ ਨਿੱਕੀ ਕਹਾਣੀ ਨੂੰ ਜੋ ਪ੍ਰਾਥਮਿਕ ਦੇਣ ਸੁਜਾਨ ਸਿੰਘ, ਸੇਖੋਂ ਤੇ ਦੁੱਗਲ ਆਦਿ ਨੇ ਦਿੱਤੀ ਹੈ, ਉਸ ਕਾਰਨ ਪੰਜਾਬੀ ਕਹਾਣੀ ਦੀਆਂ ਨੀਹਾਂ ਵਿਚ ਜਿਵੇਂ ਕੰਕਰੀਟ ਭਰਿਆ ਗਿਆ ਹੈ। ਅੱਜ ਇਨ੍ਹਾਂ ਦੀਆਂ ਹੀ ਕਰਨੀਆਂ ਤੇ ਸਾਡੀ ਆਧੁਨਿਕ ਤੇ ਪ੍ਰਯੋਗਸ਼ੀਲ ਕਹਾਣੀ ਦੀ ਨਵੀਂ ਮੰਜ਼ਲ ਪਾਈ ਜਾ ਰਹੀ ਹੈ।

ਕਵੀ ਰਵਿੰਦਰ ਰਵੀ ਦਾ ਇਹ ਪਹਿਲਾ ਕਹਾਣੀ-ਸੰਗ੍ਰਹਿ ਹੈ। ਉਹਦੀ ਕਵਿਤਾ ਤੇ ਖ਼ਾਸ ਕਰਕੇ ਪ੍ਰਯੋਗਸ਼ੀਲ ਕਵਿਤਾ ਦਾ ਅਨੰਦ ਮੈਂ ਪਹਿਲਾਂ ਕਾਫ਼ੀ ਵਾਰ ਮਾਣ ਚੁੱਕਾ ਹਾਂ, ਪਰ ਕਹਾਣੀਆਂ ਉਹਦੀਆਂ ਪਹਿਲੀ ਵਾਰੀ ਹੀ ਦ੍ਰਿਸ਼ਟੀਗੋਚਰ ਹੋਈਆਂ ਹਨ ਤੇ ਮੈਂ ਇਕ ਅਨੋਖੇ ਵਿਸਮਾਦ ਤੇ ਅਨੰਦ ਦੀ ਅਵਸਥਾ ਮਹਿਸੂਸ ਕੀਤੀ ਹੈ, ਕਿਉਂਕਿ ਮੈਨੂੰ ਇਹ ਆਸ ਨਹੀਂ ਸੀ ਕਿ ਕਵੀ ਰਵੀ ਇੰਨੀਆਂ ਸਫਲ ਕਹਾਣੀਆਂ ਵੀ ਲਿਖ ਸਕੇਗਾ। ਉਸਦੇ ਇਸ ਸੰਗ੍ਰਹਿ ਦੀਆਂ ਕਹਾਣੀਆਂ ਪੜ੍ਹ ਕੇ ਮੈਂ ਇਹ ਕਹਿ ਸਕਦਾ ਹਾਂ ਕਿ ਉਹ ਇਕ ਬਹੁ-ਪੱਖੀ ਕਲਾਕਾਰ ਬਣੇਗਾ। ਉਹ ਨਵਯੁਵਕ ਹੈ, ਅਧਿਅਨਸ਼ਾਲੀ ਹੈ ਤੇ ਗ੍ਰਹਿਣ ਸ਼ਕਤੀ ਦਾ ਮਾਲਕ ਹੈ। ਇਹਨਾਂ ਵਿਸ਼ੇਸ਼ਤਾਈਆਂ ਵਾਲਾ ਕਲਾਕਾਰ ਸਦਾ ਨਵੀਆਂ ਪ੍ਰਾਪਤੀਆਂ ਵੱਲ ਝਾਕਦਾ ਹੈ। ਉਸ ਵਿਚ ਕੁਝ ਨਵਾਂ ਜਾਣਨ ਤੇ ਵੇਖਣ ਦੀ

ਉਤਕੰਠਾ ਪ੍ਰਜਵੱਲਤ ਰਹਿੰਦੀ ਹੈ। ਰਵੀ ਵੀ ਆਪਣੇ ਇਸ ਸੁਭਾ ਕਾਰਨ ਪ੍ਰਗਤੀ ਪੰਧ ਤੇ ਟੁਰ ਰਿਹਾ ਹੈ।

ਸਾਹਿਤ ਸੰਬੰਧੀ ਅਨੇਕਾਂ ਪਰਿਭਾਸ਼ਾਵਾਂ ਪ੍ਰਚੱਲਤ ਹਨ। ਆਧੁਨਿਕ ਵਿਚਾਰਧਾਰਾ ਅਨੁਸਾਰ ਇਕ ਗੱਲ ਪ੍ਰਮੁੱਖ ਤੌਰ ਤੇ ਕਹੀ ਜਾਂਦੀ ਹੈ ਕਿ ਸਾਹਿਤਕਾਰ ਨੂੰ ਕਰਮਸ਼ੀਲ ਹੋਣਾ ਚਾਹੀਦਾ ਹੈ, ਉਹਦੀ ਰਚਨਾ ਦਾ ਕੋਈ ਪ੍ਰਯੋਜਨ ਹੋਣਾ ਚਾਹੀਦਾ ਹੈ। ਇੱਥੇ ਪ੍ਰਯੋਜਨ ਤੋਂ ਮੇਰਾ ਭਾਵ ਮਾਰਕਸਵਾਦੀਆਂ ਵਾਂਗ ਗਿਣੇ ਮਥੇ ਮੱਤਾਂ ਦੀ ਅਨੁਸਾਰਤਾ ਜਾਂ ਕੱਟੜਤਾ ਨਹੀਂ। ਮਨੁੱਖੀ ਮਨ ਹਰ ਪਲ ਕੁਝ ਸੋਚਦਾ ਹੈ, ਕਲਾਕਾਰ ਮਨ ਜੋ ਸੋਚਦਾ ਹੈ ਉਹ ਜਨ-ਸਾਧਾਰਨ ਨਾਲੋਂ ਵਿਲੱਖਣ ਤੇ ਕਲਿਆਣਕਾਰੀ ਭਾਵਾਂ ਵਾਲਾ ਹੁੰਦਾ ਹੈ। ਭਾਵੇਂ ਉਹ ਕਿਸੇ ਕੱਟੜ ਵਿਚਾਰ ਦਾ ਉਲੇਖਣ ਨਹੀਂ ਕਰਦਾ ਤਾਂ ਵੀ ਉਹਦੀ ਸੋਚ ਦਾ ਕੋਈ ਅਰਥ ਹੁੰਦਾ ਹੈ। ਇਹੋ ਅਰਥ-ਸਾਹਿਤ ਦਾ ਪ੍ਰਯੋਜਨ ਕਿਹਾ ਜਾਂਦਾ ਹੈ, ਇਸੇ ਭਾਵਨਾ ਨੂੰ ਕਰਮਸ਼ੀਲ ਆਖਦੇ ਹਨ। ਇਥੋਂ ਹੀ ਪ੍ਰਗਤੀ ਤੇ ਪ੍ਰਯੋਗ ਦੀ ਸੂਖਮ ਤੰਦ ਦਾ ਸੁਮੇਲ ਹੁੰਦਾ ਹੈ। ਸਾਹਿਤ ਜ਼ਰੂਰ ਕਿਸੇ ਕਰਮ ਨੂੰ ਦ੍ਰਿੜਾਉਂਦਾ ਹੈ ਪਰ ਇਹ ਇੰਝ ਹੋਣਾ ਚਾਹੀਦਾ ਹੈ ਜਿਵੇਂ ਕੋਈ ਸੂਖਮ ਪੌਣ-ਬੁੱਲਾ ਕਿਸੇ ਗੋਰੀ ਦੀਆਂ ਸੰਦਲੀ ਲਿਟਾਂ ਨੂੰ ਛੇੜ ਜਾਵੇ। ਕਰਮ-ਰਹਿਤ ਰਚਨਾ ਕਦੀ ਵੀ ਪ੍ਰਸੰਸਾ-ਪਾਤਰ ਨਹੀਂ ਬਣ ਸਕਦੀ। ਸੰਸਕ੍ਰਿਤ ਸਾਹਿਤ ਵਿਚ ਇਕ ਸਲੋਕ ਹੈ-

"ਸਰਵਸਯੈਵ ਹਿ-ਸ਼ਾਸਤ੍ਰਸ਼ਯ ਕਰਮਾਣੋ ਵਾਪੀ ਕਸਸ਼ਚਿਤੇ।
ਯਾਵਤ ਪ੍ਰਯੋਜਹੀ ਨੜੋਤੰ, ਤਾਵਤ ਤਤ੍ਰ, ਕੇਨ ਗ੍ਰਹਯਤੇ।"

ਤੇ ਮੈਨੂੰ ਇਹ ਵੇਖਕੇ ਹਾਰਦਿਕ ਸੰਤੁਸ਼ਟਤਾ ਹੋਈ ਹੈ ਕਿ ਰਵੀ ਦੀ ਹਰ ਕਹਾਣੀ ਦਾ ਕੋਈ ਪ੍ਰਯੋਜਨ ਹੈ। ਇੰਝ ਮਹਿਸੂਸ ਹੁੰਦਾ ਹੈ ਕਿ ਉਹ ਆਪਣੇ ਆਲੇ ਦੁਆਲੇ ਨੂੰ ਚੰਗੀ ਤਰ੍ਹਾਂ ਘੋਖਦਾ ਹੈ ਤੇ ਫਿਰ ਉਸ ਨੂੰ ਅਧਿਆਨਸ਼ਾਲਾ ਦੀ ਭੱਠੀ ਵਿਚ ਤਪਾ ਕੇ ਕੁਝ ਉਸਾਰੀ ਕਰਨ ਯੋਗ ਬਣਾ ਦੇਂਦਾ ਹੈ। ਇਸ ਪੱਖ ਤੋਂ ਮੈਨੂੰ ਉਹਦੀਆਂ ਕਹਾਣੀਆਂ 'ਫਰੰਟ ਸੀਟ' ਤੇ 'ਯੱਕਾ' ਬਹੁਤ ਚੰਗੀਆਂ ਲੱਗੀਆਂ ਹਨ। 'ਫਰੰਟ ਸੀਟ' ਵਿਚ ਉਸਨੇ ਰਾਜਨੀਤਕ ਤੇ ਸਮਾਜਕ ਬਰਾਬਰੀ ਦੇ ਸਖਣੇ ਹੱਕਾਂ ਤੇ ਟੋਕ ਕੀਤੀ ਹੈ। ਇਹਨਾਂ ਹੱਕਾਂ ਦੇ ਹੁੰਦਿਆਂ ਵੀ ਅਸੀਂ ਆਰਥਕ ਘਾਟ ਨੂੰ ਮਹਿਸੂਸ ਕਰਦੇ ਹਾਂ। ਰਾਜਨੀਤਕ ਤੇ ਸਮਾਜਕ ਬਰਾਬਰੀ ਦੇ ਹੱਕ ਪਿੰਡ ਦੇ ਕਿਸੇ ਕਮੀਣ ਨੂੰ ਬੱਸ ਦੀ ਫਰੰਟ ਸੀਟ ਤੇ ਜ਼ਰੂਰ ਬਿਠਾ ਸਕਦੇ ਹਨ ਤੇ ਪਿੰਡ ਦੇ ਵੱਡੇ ਜ਼ਿਮੀਂਦਾਰ ਨੂੰ ਪਿਛਲੀਆਂ ਸੀਟਾਂ ਤੇ ਬਹਿਣ ਲਈ ਬੇਬਸ ਕਰ ਸਕਦੇ ਹਨ, ਪਰ ਸਫਰ ਦੇ ਅੰਤ ਤੇ ਉਹੋ ਕਮੀਣ, ਫਰੰਟ ਸੀਟ ਦਾ ਝੂਠਾ ਅਨੰਦ ਮਾਣਨ ਵਾਲਾ, ਚਾਰ ਆਨਿਆਂ ਲਈ ਪਿੱਛੇ ਬੈਠੇ ਸਰਦਾਰ ਦਾ ਸਾਮਾਨ ਚੁੱਕਣ ਲਈ ਮਜਬੂਰ ਹੋ ਜਾਂਦਾ ਹੈ। ਅਚੇਤ ਹੀ ਰਵਿੰਦਰ ਰਵੀ ਉਹ ਗੱਲ ਕਹਿ ਗਿਆ ਹੈ ਜਿਸ ਦਾ ਪ੍ਰਚਾਰ ਨਾਮ-ਧਰੀਕ ਪ੍ਰਗਤੀਵਾਦੀ ਰੌਲਾ ਪਾ ਪਾ ਕੇ ਕਹਿ ਰਹੇ ਹਨ। ਇਹ ਹੈ ਸਾਹਿਤ ਦੀ ਸਹਿਜ-ਸੁਭਾਵੀ ਤੇ ਕਰਮਸ਼ੀਲ ਭਾਵਨਾ।

'ਯੱਕਾ' ਕਾਲਜਾਂ ਦੇ ਅਧਿਆਪਕ-ਵਰਗ ਦੀ ਖੋਖਲੀ ਜ਼ਿੰਦਗੀ ਦਾ ਚਿਤ੍ਰ ਹੈ। ਪ੍ਰੋਫੈਸਰ ਬਣਨ ਦਾ ਸੁਫਨਾ ਬਹੁਤ ਅਕਰਸ਼ਕ ਹੈ, ਪਰ ਥੋੜ੍ਹੀ ਤਨਖਾਹ ਵਿਚ ਇਸ ਵਿਖਾਵੇ ਦੀ ਜ਼ਿੰਦਗੀ ਦਾ ਯੱਕਾ ਤੋਰਨਾ ਬੜਾ ਮੁਸ਼ਕਲ ਹੈ। ਰਵੀ ਦੀ ਇਹ ਕਹਾਣੀ ਉਸ ਦੇ ਅਤਿ ਨੇੜੇ ਦੇ ਅਨੁਭਵ ਦੀ ਕਹਾਣੀ ਹੈ, ਉਹਨੇ ਅਖਾਉਤੀ ਮੱਧਵਰਗੀ ਜ਼ਿੰਦਗੀ ਦੇ ਅੰਦਰਲੇ ਚਿਤ੍ਰ ਦੀ ਵਿਆਖਿਆ ਕੀਤੀ ਹੈ ਤੇ ਅੰਤਲਾ ਸੁਝਾਉ ਬਹੁਤ ਸੁੰਦਰ ਹੈ ਕਿ ਜ਼ਿੰਦਗੀ ਦੀ ਚਾਬਕ ਇਸ ਢਿਚਕੂੰ ਢਿਚਕੂੰ ਕਰਦੇ ਯੱਕੇ ਨੂੰ ਤੋਰੀ ਰੱਖਦੀ ਹੈ।

'ਹਉਮੈ' ਇਕ ਬਹੁਤ ਹੀ ਸੂਖਮ ਵਿਅੰਗ ਹੈ। 'ਹਉਮੈ' ਹਰ ਇਨਸਾਨ ਵਿਚ ਹੈ ਤੇ ਇਹਦਾ ਮੰਦ ਮੰਦ ਅਹਿਸਾਸ ਮਨੁੱਖ ਨੂੰ ਨਸ਼ਿਆ ਦੇਂਦਾ ਹੈ, ਪਰ ਮਨੁੱਖ ਨੂੰ ਦੂਜੇ ਦੀ ਹਉਮੈਂ ਵੱਢੀ ਨਹੀਂ ਭਾਉਂਦੀ। ਪਰ ਆਪਣੀ ਹਉਮੈਂ ਉਹਨੂੰ ਭੋਰਾ ਨਹੀਂ ਖਟਕਦੀ। ਸੱਚੀ ਮੁੱਚੀ ਜੇ ਹਉਮੈਂ ਦਾ ਇਹ ਕਿਣਕਾ ਮਾਤਰ ਜ਼ਿੰਦਗੀ ਵਿਚ ਨਾ ਹੋਵੇ ਤਾਂ ਜ਼ਿੰਦਗੀ ਦੀ ਇਹ ਡੋਰ ਵਿਚਾਲਿਉਂ ਹੀ ਟੁੱਟ ਜਾਵੇ।

'ਸਾਂਝੀ ਖੇਤੀ' ਤੇ 'ਖੁੱਲ੍ਹੀ ਬੋਤਲ' ਸਿਖਿਆਤਮਕ ਕਹਾਣੀਆਂ ਹਨ। ਪਰ ਸਿੱਖਿਆ ਦੇ ਅਹਿਸਾਸ ਕਰਾਉਣ ਦਾ ਢੰਗ ਆਧੁਨਿਕ ਹੈ।

'ਨਜ਼ਰੀਆ' ਕਹਾਣੀ ਵਿਚ ਉਹਦਾ ਪ੍ਰਮੁੱਖ ਵਿਚਾਰ ਹੈ ਕਿ ਅਮੀਰੀ ਵਿਚ ਇਕ ਅਤ੍ਰਿਪਤੀ ਹੈ ਤੇ ਨੀਵੀਂ

ਮੱਧ ਸ਼੍ਰੇਣੀ ਤੇ ਨੀਵੀਂ ਸ਼੍ਰੇਣੀ ਵਿਚ ਸ਼ਾਕਰ ਹੋਣ ਦੀ ਭਾਵਨਾ ਹੈ ਇਹ ਖ਼ਿਆਲ ਰਵੀ ਦਾ ਕੋਈ ਨਵਾਂ ਨਹੀਂ ਹੈ, ਉਹਦਾ ਕਰਮ-ਖੇਤਰ ਜ਼ਰੂਰ ਨਵਾਂ ਹੈ। ਇਸ ਅਤ੍ਰਿਪਤੀ ਦਾ ਜ਼ਿੰਦਗੀ ਵਿਚ ਪ੍ਰਮੁੱਖ ਅੰਸ਼ ਹੋਣਾ ਚਾਹੀਦਾ ਹੈ। ਇਹ ਅਤ੍ਰਿਪਤੀ ਦੀ ਭਾਵਨਾ ਮਨੁੱਖ ਨੂੰ ਨਵੀਆਂ ਮੰਜ਼ਲਾਂ ਵਲ ਲਿਜਾਂਦੀ ਹੈ। ਇਹ ਉਪਰੋਕਤ ਰਵੀ ਵਾਲੀ ਗੱਲ ਕਹਿ ਕਹਿ ਕੇ ਉੱਚ ਵਰਗ ਦੇ ਲੋਕ ਨੀਵੇਂ ਵਰਗ ਵਾਲਿਆਂ ਨੂੰ ਵਡਿਆਉਂਦੇ ਰਹੇ ਤਾਂ ਜੋ ਝੂਠੀਆਂ ਤਸੱਲੀਆਂ ਵਿਚ ਇਹ ਲੋਕ ਖੁਸ਼ ਰਹਿਣ। ਰਵੀ ਵਰਗੇ ਚੇਤਨ ਕਲਾਕਾਰ ਨੂੰ ਇਸ ਪੱਖ ਤੋਂ ਹੋਰ ਸੁਚੇਤ ਹੋਣ ਦੀ ਲੋੜ ਹੈ।

ਉਹਦੀਆਂ ਦੋ ਕਹਾਣੀਆਂ, 'ਨਾਲ ਸਮੇਂ ਦੇ ਜ਼ਿੰਦਗੀ' ਤੇ 'ਮਹੰਤ ਧਰਮ ਦਾਸ' ਵਿਚ ਨਿੱਕੀ ਕਹਾਣੀ ਵਾਲੀ ਕੋਈ ਗੱਲ ਨਹੀਂ। ਮਹੰਤ ਧਰਮ ਦਾਸ ਵਾਲੀ ਕਹਾਣੀ ਬੜੀ ਸਫਲ ਹੋ ਸਕਦੀ ਸੀ ਜੇ ਕਿਤੇ ਉਹ ਸਿਖ਼ਰ ਤੋਂ ਪਿਛੋਂ ਆਪ ਹੀ ਸਾਮਾਨਯ ਨਾ ਕਰਨ ਲੱਗ ਜਾਂਦਾ। ਫਿਰ ਸਾਮਾਨਯ ਦਾ ਕਹਾਣੀ ਦੇ ਕਥਾ-ਵਸਤੂ ਨਾਲ ਏਡਾ ਡੂੰਘਾ ਸੁਰਮੇਲ ਵੀ ਨਹੀਂ। 'ਨਾਲ ਸਮੇਂ ਦੇ ਜ਼ਿੰਦਗੀ' ਵਿਚ ਉਸ ਨੇ ਤਕਨੀਕੀ ਪ੍ਰਯੋਗ ਕੀਤਾ ਜਾਪਦਾ ਹੈ। ਉਹਦਾ ਇਹ ਪ੍ਰਯੋਗ ਵਿਚਾਰ ਦੇ ਪੱਖ ਤੋਂ ਤਾਂ ਠੀਕ ਹੈ, ਪਰ ਰੂਪਕ ਪੱਖ ਤੋਂ ਇਸ ਵਿਚ ਦੋ ਵੱਖ-ਵੱਖ ਅਸੰਬੰਧਤ ਘਟਨਾਵਾਂ ਹੋਣ ਕਰਕੇ ਪਾਠਕ-ਮਨ ਨੂੰ ਇੰਨਾ ਨਹੀਂ ਟੁੰਬਦਾ। ਫਿਰ ਵੀ ਅਸੀਂ ਇਨ੍ਹਾਂ ਪ੍ਰਯੋਗਾਂ ਨੂੰ 'ਜੀਓ ਆਇਆਂ' ਆਖਾਂਗੇ, ਹੋ ਸਕਦਾ ਹੈ ਇਸ ਨਵ-ਕਰਮ-ਸ਼ੀਲਤਾ ਵਿਚੋਂ ਕੋਈ ਉਜਾਗਰ ਰੂਪ ਪ੍ਰਗਟ ਹੋ ਸਕੇ।

ਰਵੀ ਦਾ ਦ੍ਰਿਸ਼ਟੀਕੋਨ ਬੁੱਧੀਵਾਦੀ ਹੈ, ਉਹ ਸਿਰਫ ਘਟਨਾ-ਰਸ ਦਾ ਹੀ ਉਲੰਘਣ ਕਰਕੇ ਪਾਠਕ ਦੀ ਕੋਈ ਰੁਚੀ ਨਹੀਂ ਜਗਾਉਂਦਾ ਸਗੋਂ ਉਹਨੂੰ ਕੁਝ ਸੋਚਣ ਲਈ ਮਜਬੂਰ ਕਰ ਦਿੰਦਾ ਹੈ। ਇਸ ਬੌਧਕ ਸ਼ੈਲੀ ਦੇ ਪ੍ਰਾਥਮਿਕ ਬੀਜ ਸੇਖੋਂ ਤੇ ਸੁਜਾਨ ਸਿੰਘ ਦੀਆਂ ਕਹਾਣੀਆਂ ਵਿਚ ਉਦਮਾਨ ਸਨ। ਰਵੀ ਇਸ ਪ੍ਰੰਪਰਾ ਨੂੰ ਅਗਾਂਹ ਤੋਰਦਾ ਹੈ।

ਦੋ ਚੀਜ਼ਾਂ ਹੋਰ ਅਪਨਾਉਣ ਦੀ ਮੈਂ ਰਵੀ ਨੂੰ ਸਲਾਹ ਦਿਆਂਗਾ। ਇਕ ਤਾਂ ਜ਼ਿੰਦਗੀ ਦਾ ਵਿਸ਼ਾਲ-ਅਨੁਭਵ ਤੇ ਦੂਜੀ ਗੱਲ ਕਹਿਣ ਵਿਚ ਹੋਰ ਗੁੱਝੀ ਸੂਖਮਤਾ। ਉਸ ਵਿਚ ਇਨ੍ਹਾਂ ਦੋਹਾਂ ਚੀਜ਼ਾਂ ਦੇ ਪ੍ਰਾਥਮਿਕ ਤੱਤ ਹਨ, ਜਿਨ੍ਹਾਂ ਦਾ ਵਿਕਾਸ ਕੀਤਾ ਜਾ ਸਕਦਾ ਹੈ।

ਰਵੀ ਦੀ ਕਹਾਣੀ ਕਲਾ ਵਿਚ ਇਹ ਪ੍ਰਵੇਸ਼ ਸੁਲੱਖਣਾ ਹੋਵੇ, ਇਹ ਮੇਰੀ ਹਾਰਦਿਕ ਇੱਛਾ ਹੇ। ਕਹਾਣੀ ਦੀ ਇਸ ਅਨਾਦਿ ਅਨੰਤ ਗਾਥਾ ਦੀ ਤੰਦ ਕਦੀ ਨਹੀਂ ਟੁੱਟਣੀ, ਇਹ ਸੂਖਮ ਤੋਂ ਸੂਖਮ ਹੁੰਦੀ ਜਾਏਗੀ। ਸਾਡੇ ਨਵੇਂ ਕਲਾਕਾਰ ਇਸ ਦੀ ਇਸ ਆਤਮਾ ਨੂੰ ਸਦੀਵ ਕਾਇਮ ਰੱਖਣਗੇ।

ਐਫ-9/21, **-ਡਾ. ਕੁਲਬੀਰ ਸਿੰਘ ਕਾਂਗ**
ਕ੍ਰਿਸ਼ਨਾ ਨਗਰ, ਦਿੱਲੀ-31 6 ਮਾਰਚ, 1963

---

* ਪੁਸਤਕ "ਚਰਾਵੀ" ਲਈ ਲਿਖਿਆ ਮੁੱਖਬੰਧ।

# ਰਵਿੰਦਰ ਰਵੀ ਦੀ ਕਹਾਣੀ ਕਲਾ

ਰਵਿੰਦਰ ਰਵੀ ਦੀਆਂ ਇਨ੍ਹਾਂ ਕਹਾਣੀਆਂ ਵਿਚ ਮੈਨੂੰ ਐਸੇ ਤੱਤ ਪ੍ਰਾਪਤ ਹੋਏ ਹਨ ਜਿਨ੍ਹਾਂ ਦੀ ਹੋਂਦ ਵਿਕਸ ਕੇ ਉੱਚਤਮ ਸਾਹਿਤ ਦਾ ਰੂਪ ਧਾਰ ਸਕਦੀ ਹੈ। ਇਹ ਕਹਾਣੀਆਂ ਉਸ ਦੀਆਂ ਪਹਿਲੀਆਂ ਕਹਾਣੀਆਂ ਹਨ ਅਤੇ ਉਸ ਦੇ ਪਹਿਲੇ ਸੰਗ੍ਰਹਿ ਵਿਚ ਸੰਕਲਿਤ ਹਨ। ਪਰ ਮੈਨੂੰ ਖੁਸ਼ੀ ਹੈ ਕਿ ਰਵਿੰਦਰ ਨੇ ਉਥੋਂ ਸ਼ੁਰੂ ਕੀਤਾ ਹੈ ਜਿੱਥੇ ਕਈ ਕਹਾਣੀਕਾਰ ਕਈ ਸਾਲਾਂ ਤੋਂ ਬਾਅਦ ਆ ਕੇ ਖਲੋਤੇ ਹਨ। ਇਨ੍ਹਾਂ ਕਹਾਣੀਆਂ ਵਿਚ ਸਿਰਜਨਾਤਮਕਤਾ ਦੇ ਮੁੱਢਲੇ ਪੜਾਓ ਦੀਆਂ ਕੁਝ ਸੁਭਾਵਿਕ ਕਚਿਆਈਆਂ ਮੌਜੂਦ ਹਨ ਪਰ ਆਮ ਤੌਰ ਤੇ ਇਹ ਕਹਾਣੀਆਂ ਆਧੁਨਿਕ ਕਹਾਣੀਆਂ ਦੀਆਂ ਸੂਚਕ ਹਨ। ਇਹ ਦੱਸਦੀਆਂ ਹਨ ਕਿ ਇਨ੍ਹਾਂ ਦਾ ਲੇਖਕ, ਉਪਭਾਵਕਤਾ ਜਾਂ ਨਿਰਾਸਤਾ ਦੀ ਧਾਰਾ ਵਿਚ ਨਿਢਾਲ ਹੋ ਕੇ ਵਹਿ ਨਹੀਂ ਰਿਹਾ, ਸਗੋਂ ਬੁੱਧ ਵਿਵੇਕ ਦਾ ਲੜ ਉਸ ਦੇ ਹੱਥ ਵਿਚ ਹੈ ਅਤੇ ਜੀਵਨ ਦੇ ਨਿਰੀਕਸ਼ਣ ਲਈ ਉਸ ਦੀ ਤੱਕਣੀ ਵਿਗਿਆਨਕ ਅਤੇ ਸਮਾਜ-ਪੱਖੀ ਹੈ। ਉਸ ਦੀਆਂ ਕਹਾਣੀਆਂ ਦਾ ਮੁੱਖ-ਪਾਤਰ ਮਨੁੱਖ ਹੈ। ਟਾਂਗੇ ਵਾਲਾ ਮਨੁੱਖ, ਡੰਗਰ ਚਾਰਨ ਵਾਲੀ ਚਰਾਵੀ, ਭੀਖ ਮੰਗਦਾ ਸਫੈਦ ਪੋਸ਼, ਲਾਰੀਆਂ ਤੋਂ ਬਿਸਤਰੇ ਲਾਹੁੰਦਾ ਕੁਲੀ, ਬੰਦ ਬੋਤਲਾਂ ਦਾ ਸ਼ੈਦਾਈ, ਵਿਖਾਵੇ ਦਾ ਸ਼ਿਕਾਰ ਪ੍ਰੋਫੈਸਰ, ਪਿਆਰੋਂ ਵਾਂਜੀ ਮੁਟਿਆਰ ਅਤੇ ਹਉਮੈਂ ਗ੍ਰਸਤ ਸਾਹਿਤਕਾਰ, ਸਭ ਮਨੁੱਖ ਉਸਦੀਆਂ ਕਹਾਣੀਆਂ ਵਿਚ ਉਪਸਥਿਤ ਹਨ।

ਇਹ ਮਨੁੱਖ ਜਾਂ ਇਨ੍ਹਾਂ ਮਨੁੱਖਾਂ ਨੂੰ ਪਾਤਰ ਬਣਾ ਕੇ ਉਸ ਨੇ ਸਾਨੂੰ ਜੀਵਨ ਦੇ ਲੁਕੇ ਛੁਪੇ ਪੱਖਾਂ ਦੇ ਦਰਸ਼ਨ ਕਰਵਾਏ ਹਨ। ਕਹਾਣੀਆਂ ਉਹ ਨਿੱਕੇ-ਨਿੱਕੇ ਝਰੋਖੇ ਹਨ ਜਿਨ੍ਹਾਂ ਥਾਣੀਂ ਅਸੀਂ ਵਿਰਾਟ ਜੀਵਨ ਦਾ ਬੜਾ ਵਿਸ਼ਾਲ ਨਜ਼ਾਰਾ ਕਰ ਸਕਦੇ ਹਾਂ। ਰਵਿੰਦਰ ਰਵੀ ਸਹਾਨੁਭੂਤੀ ਨਾਲ ਇਸ ਬਿਖਮ ਸੰਸਾਰ ਵਿਚ ਵਿਚਰਿਆ ਹੈ ਅਤੇ ਇਸੇ ਸਹਾਨੁਭੂਤੀ ਨਾਲ ਉਸ ਨੇ ਸਾਨੂੰ ਯਾਤਰਾ ਕਰਵਾਈ ਹੈ। ਇਹ ਯਾਤਰਾ ਉਸ ਨੇ ਕਿਸੇ ਟਹਿਲੂਏ ਵਾਂਗ ਨਹੀਂ ਸਗੋਂ ਇਕ ਪ੍ਰੋਹਿਤ ਵਾਂਗ ਕਰਵਾਈ ਹੈ। ਉਸ ਨੇ ਸਾਨੂੰ ਦੱਸਿਆ ਹੈ ਕਿ ਕਿਸ ਘਟਨਾ ਵਿਚ ਕੌਣ ਦੋਸ਼ੀ ਹੈ ? ਕੌਣ ਦੰਭੀ ਹੈ ? ਕੌਣ ਜ਼ਾਲਮ ਹੈ ਤੇ ਕੌਣ ਮਜ਼ਲੂਮ ਹੈ ? ਕਿਹੜਾ ਸਾਡੀ ਹਮਦਰਦੀ ਦਾ ਪਾਤਰ ਹੈ ਤੇ ਕਿਹੜਾ ਘ੍ਰਿਣਾ ਦਾ ? ਉਹ ਆਪ ਬੜਾ ਨਿਝੱਕਾ ਹੋ ਕੇ ਉਨ੍ਹਾਂ ਲੋਕਾਂ ਦੇ ਨਾਲ ਖਲੋਤਾ ਹੈ, ਜਿਨ੍ਹਾਂ ਲੋਕਾਂ ਨਾਲ ਖਲੋਣਾ ਸਾਹਿਤਕਾਰ ਦਾ ਕਰਤੱਵ ਹੈ, ਪਰ ਉਹ ਸਾਹਿਤਕਾਰ ਵੱਧ ਹੈ, ਨੇਤਾ ਤੇ ਪੰਡਿਤ ਘੱਟ। ਜੇ ਮੈਂ ਉਸ ਨੂੰ ਪ੍ਰੋਹਿਤ ਆਖਿਆ ਹੈ ਤਾਂ ਇਸ ਲਈ ਕਿ ਉਹ ਸਾਨੂੰ ਕੁਝ ਅਨਜਾਣੀਆਂ ਗੱਲਾਂ ਦੱਸਦਾ ਹੈ ਤੇ ਵਿਖਾਉਂਦਾ ਹੈ ਪਰ ਦਲ-ਨੇਤਾ ਜਾਂ ਪੰਡਿਤ ਉਹ ਇਸ ਲਈ ਨਹੀਂ ਕਿ ਉਹ ਸਾਨੂੰ ਕਿਸੇ ਦਲ-ਨਿਯਮਾਵਲੀ ਵਿਚ ਬੰਨ੍ਹ ਕੇ ਜਾਂ ਕਿਸੇ ਸਿਧਾਂਤਵਾਦ ਦਾ ਪ੍ਰਭਾਵ ਪਾ ਕੇ ਭਰਮਉਣਾ ਜਾਂ ਹੱਕਣਾ ਨਹੀਂ ਚਾਹੁੰਦਾ ਸਗੋਂ ਇਕ ਸਿਆਣੇ ਪੱਥ-ਪ੍ਰਦਰਸ਼ਕ ਵਾਂਗ ਸਾਨੂੰ ਰਾਹ ਦੀਆਂ ਔਕੜਾਂ ਅਤੇ ਔਝੜਾਂ ਤੋਂ ਸੁਚੇਤ ਕਰੀ ਜਾਂਦਾ ਹੈ ਅਤੇ ਇਹ ਵੀ ਦੱਸਦਾ ਹੈ ਕਿ ਇਸ ਔਝੜਾਂ ਤੇ ਅਨ੍ਹੇਰੇ ਤੋਂ ਅੱਗੇ ਕਿਤੇ ਰੌਸ਼ਨੀ ਭੀ ਚਮਕ ਰਹੀ ਹੈ।

ਇਨ੍ਹਾਂ ਕਹਾਣੀਆਂ ਵਿਚ ਲੇਖਕ ਨੇ ਤਕਨੀਕ ਦੀਆਂ ਕਈ ਵੰਨਗੀਆਂ ਅਪਣਾਈਆਂ ਹਨ। ਕੁਝ ਕਹਾਣੀਆਂ ਇਕਹਿਰੀ ਘਟਨਾ ਵਾਲੀਆਂ ਹਨ, ਭਾਵੇਂ ਅਰਥ ਉਨ੍ਹਾਂ ਵਿਚ ਇਕਹਿਰਾ ਨਹੀਂ। ਕੁਝ ਕਹਾਣੀਆਂ

ਵਿਚ ਘਟਨਾ ਈ ਪ੍ਰਧਾਨ ਹੈ, ਕੁਝ ਵਿਚ ਵਾਤਾਵਰਣ ਅਤੇ ਕੁਝ ਵਿਚ ਪਾਤਰ ਆਪ ਪ੍ਰਧਾਨ ਹੈ। ਪ੍ਰਤੀਕਾਤਮਕ ਤੇ ਵਿਅੰਗਾਤਮਕ ਸ਼ੈਲੀ ਦਾ ਭੀ ਕਾਫੀ ਪ੍ਰਯੋਗ ਕੀਤਾ ਗਿਆ ਹੈ। ਕਈ ਥਾਈਂ ਘਟਨਾ, ਪਾਤਰ ਜਾਂ ਸੁਭਾਵਾਂ ਦੇ ਤੁਲਨਾਤਮਕ ਅਧਿਐਨ ਵਿਚੋਂ ਅਰਥ ਇਸ ਤਰ੍ਹਾਂ ਉਜਾਗਰ ਕੀਤੇ ਹਨ, ਜਿਸ ਤਰ੍ਹਾਂ ਦੋ ਵਸਤਾਂ ਦੀ ਰਗੜ ਵਿਚੋਂ ਚੰਗਿਆੜਾ ਕੱਢਿਆ ਜਾਂਦਾ ਹੈ।

'ਨਾਲ ਸਮੇਂ ਦੇ ਜ਼ਿੰਦਗੀ' ਅਤੇ 'ਮਹੰਤ ਦਾਸ' ਵਿਚ ਤਕਨੀਕੀ ਪ੍ਰਯੋਗ ਦੀ ਝਲਕ ਨਜ਼ਰ ਆਉਂਦੀ ਹੈ। ਪਹਿਲੀ ਵਿਚ ਸਮੇਂ ਨਾਲ ਸੰਬੰਧਿਤ ਦੋ ਅੰਤਰ ਵਿਰੋਧੀ ਘਟਨਾਵਾਂ ਹਨ ਜਿਨ੍ਹਾਂ ਦੀ ਟੱਕਰ ਕਥਾ-ਅਰਥਾਂ ਨੂੰ ਸਪਸ਼ਟ ਕਰਦੀ ਹੈ। ਦੂਜੀ ਵਿਚ ਇਕ ਬਾਹਰਮੁਖੀ ਘਟਨਾ ਦੇ ਆਂਤਰਿਕ ਪ੍ਰਭਾਵ ਨੂੰ ਉਘਾੜਨ ਦਾ ਯਤਨ ਕੀਤਾ ਗਿਆ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਇਕ ਕਲਾਕਾਰ ਕਿਸੇ ਬਾਹਰੀ ਤੇ ਨਿੱਕੀ ਜਿਹੀ ਘਟਨਾ ਨੂੰ ਭੀ ਕਿਸੇ ਵਡੇਰੇ ਘੱਲੂਘਾਰੇ ਨਾਲ ਸਾਮਾਨਯ ਕਰ ਕੇ ਚਿੰਤਾ-ਮੁਕਤ ਹੋ ਜਾਂਦਾ ਹੈ। ਇਹ ਇਕਹਿਰੀ ਪਲਾਟ ਵਿਚ ਦੂਹਰੀ ਚੂਲ ਦਾ ਪ੍ਰਯੋਗ ਹੈ।

'ਯੱਕਾ', 'ਦਾਲ ਉੱਬਲ ਗਈ' ਅਤੇ 'ਖੁੱਲ੍ਹੀ ਬੋਤਲ' ਪ੍ਰਤੀਕਾਤਮਕ ਕਹਾਣੀਆਂ ਹਨ। 'ਫਰੰਟ ਸੀਟ', 'ਪਾਸਪੋਰਟ' ਅਤੇ 'ਲਾਲ ਮੌਜੇ' ਵਿਅੰਗਾਤਮਕ ਕਹਾਣੀਆਂ ਹਨ, ਜਿਨ੍ਹਾਂ ਵਿਚ ਲੇਖਕ ਨੇ ਆਪਣੇ ਅਨੁਭਵ ਨੂੰ ਬੜੀ ਸੁਹਿਰਦਤਾ ਅਤੇ ਸਾਹਸ ਨਾਲ ਪ੍ਰਗਟ ਕੀਤਾ ਹੈ। ਉਸ ਨੂੰ ਹੋਰਨਾਂ ਵਿਚ ਹਉਮੈਂ ਦਿਸ ਆਈ ਹੈ ਪਰ ਇਸ ਹਉਮੈਂ ਤੋਂ ਉਹ ਆਪ ਭੀ ਮੁਕਤ ਨਹੀਂ। ਫਿਰ ਉਹ ਸ਼੍ਰੇਣੀ-ਵੰਡ ਦੇ ਅੰਧ-ਵਿਸ਼ਵਾਸ ਵਿਚ ਬੱਝਾ ਕਿਸੇ ਇਕ ਵਰਗ ਵਿਚ ਹਉਮੈਂ ਦੀ ਪ੍ਰਬਲਤਾ ਤੇ ਦੂਜੇ ਵਿਚ ਅਣਹੋਂਦ ਨਹੀਂ ਵੇਖਦਾ ਸਗੋਂ ਉਸ ਨੇ ਸਮੁੱਚੇ ਮਨੁੱਖ ਦੇ ਇਸ ਮੂਲ ਸੰਸਕਾਰ ਦਾ ਸਾਰਥਕ ਵਿਸ਼ਲੇਸ਼ਣ ਕੀਤਾ ਹੈ ਅਤੇ ਬੜੀ ਦਲੇਰੀ ਨਾਲ ਇਹ ਕਹਿਣ ਦਾ ਯਤਨ ਕੀਤਾ ਹੈ ਕਿ ਸ਼ਾਇਦ ਸ਼੍ਰੇਣੀ-ਸੰਸਕਾਰ ਦੀ ਮੁਕਤੀ ਤੋਂ ਪਿਛੋਂ ਭੀ ਮਨੁੱਖ ਵਿਚ ਹਉਮੈਂ ਤੇ ਈਰਖਾ ਆਦਿ ਰੁਚੀਆਂ ਕਾਇਮ ਰਹਿਣ।

'ਚਰਾਵੀ' ਤੇ 'ਤਬੇਲਾ' ਆਚਾਰ ਤੇ ਸਦਾਚਾਰੀ ਰੁਚੀਆਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਹਨ।

ਰਵਿੰਦਰ ਰਵੀ ਕਹਾਣੀਕਾਰ ਦੇ ਨਾਲ ਕਵੀ ਭੀ ਹੈ। ਸਗੋਂ ਮੇਰੀ ਪਛਾਣ ਵਿਚ ਇਹ ਕਵੀ ਪਹਿਲਾਂ ਸੀ ਤੇ ਕਹਾਣੀਕਾਰ ਪਿੱਛੋਂ। ਇਕ ਦੋ ਕਹਾਣੀਆਂ ਦੀ ਸ਼ੈਲੀ ਵਿਚ ਮੈਨੂੰ ਲੇਖਕ ਦੇ ਕਵੀ ਹੋਣ ਦਾ ਸੰਕੇਤ ਮਿਲਿਆ ਹੈ। ਉਂਵ ਇਹ ਬੜੀ ਵੱਡੀ ਤੇ ਵਿਚਿਤਰ ਗੱਲ ਹੋ ਸਕਦੀ ਹੈ ਕਿ ਇਕੋ ਵਿਅਕਤੀ ਕਵੀ ਭੀ ਹੋਵੇ ਤੇ ਕਹਾਣੀਕਾਰ ਭੀ ਤੇ ਉਹ ਕਹਾਣੀ ਵਿਚ ਕਵਿਤਾ ਵਰਗਾ ਅਤੇ ਕਵਿਤਾ ਵਿਚ ਕਹਾਣੀ ਵਰਗਾ ਸੂਖਮ ਪ੍ਰਭਾਵ ਅਤੇ ਸੁੰਦਰ ਰੰਗ ਭਰ ਦੇਵੇ। ਪੰਜਾਬੀ ਵਿਚ ਇਸ ਤਰ੍ਹਾਂ ਦੇ ਪ੍ਰਭਾਵ ਅਤੇ ਰੰਗ ਵਾਲੀਆਂ ਉੱਤਮ ਕਹਾਣੀਆਂ ਬਹੁਤ ਥੋੜ੍ਹੀਆ ਹਨ। ਅੰਮ੍ਰਿਤਾ ਪ੍ਰੀਤਮ, ਦੁੱਗਲ, ਸਤਿਆਰਥੀ, ਸਰਨਾ ਸੁਖਬੀਰ, ਸੁਰਜੀਤ ਸੇਠੀ, ਨਵਤੇਜ, ਟਿਵਾਣਾ, ਜਸਵੰਤ ਵਿਰਦੀ, ਰਵਿੰਦਰ ਰਵੀ ਤੇ ਗੁਰਦਰਸ਼ਨ ਦੀਆਂ ਕੁਝ ਕਹਾਣੀਆਂ ਨੂੰ ਅਸੀਂ, ਗੀਤਾਂ ਵਰਗੀਆਂ ਕਹਾਣੀਆਂ ਕਹਿ ਸਕਦੇ ਹਾਂ। ਪਰ ਗੀਤਾਂ ਵਿਚ ਤੇ ਕਹਾਣੀ ਵਿਚ ਅੰਤਰ ਅਤੇ ਫਿਰ ਦੋਹਾਂ ਵਿਚ ਆਪੋ ਆਪਣੀ ਥਾਂ ਦੋਹਾਂ ਗੁਣਾਂ ਦਾ ਸਮਾਵੇਸ਼ ਇਕ ਬੜੀ ਵੱਡੀ ਕਲਾ-ਸਾਧਨਾ ਅਤੇ ਕਲਾ-ਨਿਪੁੰਨਤਾ ਦੀ ਮੰਗ ਕਰਦਾ ਹੈ।

ਗੁਲਵੰਤ ਫਾਰਗ ਦੇ ਪਹਿਲੇ ਕਹਾਣੀ-ਸੰਗ੍ਰਹਿ ਦੀ ਜਾਣ ਪਛਾਣ ਵਿਚ ਮੈਂ ਉਸ ਦੀਆਂ ਕਹਾਣੀਆਂ ਵਿਚ ਕਾਵਿਕ-ਸ਼ੈਲੀ ਦੀ ਪ੍ਰਧਾਨਤਾ ਦੇਖੀ ਸੀ ਤੇ ਹੁਣ ਗੁਲਵੰਤ ਕਹਾਣੀਕਾਰ ਨਾਲੋਂ ਕਵੀ ਵਧ ਬਣ ਗਿਆ ਹੈ। ਰਵਿੰਦਰ ਰਵੀ ਦੀ ਜਾਣ ਪਛਾਣ ਮੇਰੀ ਕਵੀ ਦੇ ਰੂਪ ਵਿਚ ਹੋਈ ਪਰ ਉਸ ਦੇ ਪਹਿਲੇ ਕਹਾਣੀ-ਸੰਗ੍ਰਹਿ ਲਈ ਇਹ ਸ਼ਬਦ ਲਿਖਦਿਆਂ ਮੇਰੇ ਮਨ ਵਿਚ ਇਹ ਧ੍ਰਨੀ (ਧਵਨੀ) ਉੱਠ ਰਹੀ ਹੈ ਕਿ ਕਿਤੇ ਇੰਵ ਨ ਹੋ ਜਾਵੇ ਕਿ ਰਵੀ ਕਵੀ ਨਾਲੋਂ ਕਹਾਣੀਕਾਰ ਵਧ ਬਣ ਜਾਵੇ।

**-ਈਸ਼ਵਰ ਸਿੰਘ ਅਟਾਰੀ**
ਪੱਤਰ-ਸੂਚਨਾ ਵਿਭਾਗ,
ਜਲੰਧਰ

ਸਾਹਿਤ ਸਮਾਚਾਰ
ਮਈ-ਜੂਨ, 1963

# ਕੈਨੇਡੀਅਨ ਪੰਜਾਬੀ ਕਹਾਣੀ ਦਾ ਸਿਰਕੱਢ ਕਹਾਣੀਕਾਰ : ਰਵਿੰਦਰ ਰਵੀ

**ਡਾ. ਰਜਨੀ ਰਾਣੀ**

ਰਵਿੰਦਰ ਰਵੀ ਪੰਜਾਬੀ ਸਾਹਿਤ ਵਿਚ ਸੁਪਰਿਚਿਤ ਹਸਤਾਖ਼ਰ ਹੈ। ਭਾਵੇਂ 70 ਕੁ ਪੁਸਤਕਾਂ ਦਾ ਸਿਰਜਣਹਾਰ ਰਵੀ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ, ਪਰ ਇਥੇ ਇਹ ਦੱਸਣਾ ਬਹੁਤ ਜ਼ਰੂਰੀ ਜਾਪਦਾ ਹੈ ਕਿ ਰਵੀ ਨੂੰ ਵੱਖ ਵੱਖ ਸਾਹਿਤ ਅਕਾਦਮੀਆਂ ਵੱਲੋਂ ਕਈ ਸਨਮਾਨ ਪ੍ਰਾਪਤ ਹੋਏ ਹਨ। ਇਸ ਲੇਖਕ ਦੀ ਪਹਿਚਾਣ ਉਂਞ ਤਾਂ ਪੰਜਾਬੀ ਸਾਹਿਤ ਜਗਤ ਵਿਚ ਬਹੁ-ਵਿਧਾਵੀ ਲੇਖਕ ਵਜੋਂ ਹੈ, ਪਰ ਇਸ ਲੇਖ ਵਿਚ ਕੇਵਲ ਅਸੀਂ ਉਸ ਦੇ ਕਹਾਣੀ ਸੰਗ੍ਰਹਿਆਂ ਬਾਰੇ ਹੀ ਗੱਲ ਕਰਨੀ ਚਾਹਾਂਗੇ। ਉਸ ਵੱਲੋਂ ਹੁਣ ਤਕ ਅੱਠ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੀਆਂ ਕਹਾਣੀਆਂ ਦਾ ਮੁੱਖ ਵਿਸ਼ਾ ਅਜੋਕੇ ਵਿਕਸਿਤ ਤੇਜ਼ ਰਫ਼ਤਾਰ ਯੁੱਗ ਵਿਚ ਵਿਚਰ ਰਹੇ ਮਨੁੱਖ ਦਾ ਬਹੁਪੱਖੀ ਵਿਸ਼ਲੇਸ਼ਣ ਕਰਨਾ ਹੈ। ਰਵੀ ਨੇ ਮਨੁੱਖ ਨੂੰ ਭਟਕਣ ਗ੍ਰਸਤ ਜ਼ਿੰਦਗੀ 'ਚੋਂ ਕੱਢਣ ਲਈ ਸੁਚੇਤ ਤੇ ਉਸਾਰੂ ਸੇਧ ਦੇਣ ਹਿੱਤ ਵਿਭਿੰਨ ਜੁਗਤਾਂ ਦੀ ਵਰਤੋਂ ਕੀਤੀ ਹੈ। 'ਮੇਰੀ ਕਹਾਣੀ ਦੇ 50 ਵਰ੍ਹੇ' ਸਿਰਲੇਖ ਹੇਠ ਉਹ ਲਿਖਦਾ ਹੈ :

"ਮੇਰੀ ਕਹਾਣੀ ਇਕ ਸੀ ਰਾਜਾ ਵਾਲੀ ਪਰੰਪਰਾਗਤ ਬਿਰਤਾਂਤਕ ਸ਼ੈਲੀ ਦੇ ਅੰਤਰਗਤ ਨਹੀਂ ਆਉਂਦੀ, ਇਸ ਦੀ ਪ੍ਰਕ੍ਰਿਤੀ ਜੱਟਿਲ ਹੈ, ਕਿਉਂਕਿ ਜਿਸ ਅਨੁਭਵ ਉੱਤੇ ਇਸ ਦਾ ਆਧਾਰ ਹੈ, ਉਹ ਆਧਾਰ ਸਰਲ ਨਹੀਂ। ਇਸ ਵਿਚ ਨਾਟਕੀਅਤਾ, ਕਵਿਤਾ, ਦਰਸ਼ਨ, ਮਨੋਵਿਗਿਆਨ, ਮਨੋਵਿਸ਼ਲੇਸ਼ਣ ਅਤੇ ਗਲਪ ਤੇ ਸਵੈ-ਜੀਵਨੀਆਤਮਕ ਤੱਤ ਸਹਿਜ ਵਿਚਰਦੇ ਹਨ।"

ਰਵਿੰਦਰ ਰਵੀ ਨੇ ਕਹਾਣੀ ਦੀ ਰੂਪ ਵਿਧਾ, ਤਕਨੀਕ ਤੇ ਸ਼ੈਲੀ ਵਿਚ ਅਨੇਕਾਂ ਪ੍ਰਯੋਗ ਕੀਤੇ ਹਨ। ਵੱਖ ਵੱਖ ਦੇਸ਼ਾਂ ਵਿਚ ਆਪਣੇ ਹੁਣ ਤਕ ਦੇ ਬਿਤਾਏ ਜੀਵਨ ਵਿਚ ਜਿਨ੍ਹਾਂ ਰੌਚਕ ਵਿਅਕਤੀਆਂ ਨਾਲ ਉਸ ਦਾ ਮੇਲ ਹੋਇਆ ਹੈ, ਉਨ੍ਹਾਂ ਨੂੰ ਉਹ ਆਪਣੀਆਂ ਹੁਣ ਤਕ ਦੀਆਂ ਲਿਖਤਾਂ ਵਿਚ ਪਾਠਕਾਂ ਦੇ ਸਾਹਮਣੇ ਪੇਸ਼ ਕਰਦਾ ਹੈ। ਰਵੀ ਨੇ 1955 ਵਿਚ ਭਾਰਤ ਰਹਿੰਦਿਆਂ ਹੀ ਆਪਣੀ ਸਾਹਿਤ ਸਾਧਨਾ ਆਰੰਭ ਕੀਤੀ। 1967 ਵਿਚ ਕੀਨੀਆਂ ਪਰਵਾਸ ਕਰਨ ਤੋਂ ਬਾਦ ਅਤੇ ਫਿਰ ਕੀਨੀਆਂ ਤੋਂ ਕੈਨੇਡਾ ਵਿਚ ਵੱਸ ਜਾਣ ਤੋਂ ਬਾਦ ਉਸ ਦੀ ਦ੍ਰਿਸ਼ਟੀ ਹੁਣ ਹੋਰ ਡੂੰਘੀ ਹੁੰਦੀ ਜਾ ਰਹੀ ਹੈ। ਡਾ. ਰਘੁਬੀਰ ਸਿੰਘ, ਰਵਿੰਦਰ ਰਵੀ ਬਾਰੇ ਲਿਖਦਾ ਹੈ :

"ਕਰਤਾਰ ਸਿੰਘ ਦੁੱਗਲ ਤੇ ਕੁਲਵੰਤ ਸਿੰਘ ਵਿਰਕ ਵਰਗੇ ਪੰਜਾਬੀ ਦੇ ਸਮਰੱਥ ਕਲਾਕਾਰ ਵੀ ਪੂੰਜੀਵਾਦੀ ਮਨੁੱਖ ਦੀ ਆਦਰਸ਼ ਵਿਹੂਣੀ ਸਤੁੰਤਰ ਸਵੈ ਹੋਂਦ ਦੀ ਬਾਤ ਉਸ ਤਰ੍ਹਾਂ ਨਹੀਂ ਪਾ ਸਕੇ, ਜਿਵੇਂ ਰਵਿੰਦਰ ਰਵੀ ਨੇ ਪਾਈ ਹੈ। ਇਕ ਸਿਰਜਕ ਵਜੋਂ ਉਸ ਦਾ ਮੁੱਖ ਸਰੋਕਾਰ ਮਨੁੱਖ ਦੇ ਨਿੱਜ ਦੇ ਸੁਤੰਤਰ ਹੋਣ ਨਾਲ ਹੈ। ਰਵਿੰਦਰ ਰਵੀ ਵਿਚ ਨਵੇਂ ਵਿਸ਼ਿਆਂ ਦੀ ਤਲਾਸ਼ ਕਰਨ ਦੀ ਭਰਪੂਰ ਇੱਛਾ ਹੈ। ਅਜਿਹੀ ਇੱਛਾ ਉਹੀ ਲੇਖਕ ਕਰ ਸਕਦਾ ਹੈ, ਜੋ ਸਮਕਾਲੀ ਘਟਨਾਵਾਂ ਦੀਆਂ ਖ਼ਬਰਾਂ ਵਿੱਚੋਂ ਸਮਾਜ ਦੀਆਂ ਭਵਿੱਖ-ਮੁਖੀ

ਕਦਰਾਂ-ਕੀਮਤਾਂ ਦੀ ਦੂਰਬੀਨੀ ਸ਼ਨਾਖ਼ਤ ਕਰਨ ਦੇ ਸਮਰੱਥ ਹੋਵੇ ਅਤੇ ਇਨ੍ਹਾਂ ਨੂੰ ਆਪਣੀ ਲਿਖਤ ਰਾਹੀਂ ਸਮਾਜ ਦੇ ਤਾਣੇ-ਪੇਟੇ ਵਿਚ ਬੁਣ ਸਕਣ ਦੀ ਸਮਰੱਥਾ ਰੱਖਦਾ ਹੋਵੇ। ਇਸੇ ਲਈ ਰਵਿੰਦਰ ਰਵੀ ਦੀਆਂ ਕਹਾਣੀਆਂ ਵਿਚ ਯਥਾਰਥ ਦੀ ਕਲਾਤਮਕ ਪੇਸ਼ਕਾਰੀ ਦਾ ਵਧੇਰੇ ਮੁੱਲ ਹੈ।"

"ਮੇਰੀ ਕਹਾਣੀ" ਸੰਗ੍ਰਹਿ ਵਿੱਚੋਂ ਅਸੀਂ ਉਸ ਦੇ ਪਹਿਲੇ ਭਾਗ : "91 ਕਹਾਣੀਆਂ", ਵਿੱਚੋਂ 'ਗੋਰੀਆਂ ਸ਼ਹੀਦੀਆਂ' (ਤਿਆਰੀ ਅਧੀਨ), (1992...) ਅਤੇ 'ਆਪਣੇ ਆਪਣੇ ਟਾਪੂ' (1985-1992) (ਛਪਣ ਸਾਲ 1992), ਨੂੰ ਚਰਚਾ ਦਾ ਵਿਸ਼ਾ ਬਣਾਇਆ ਹੈ। 'ਗੋਰੀਆਂ ਸ਼ਹੀਦੀਆਂ' ਕਹਾਣੀ ਪੱਛਮੀ ਸਭਿਆਚਾਰ ਵਿਚ ਜਿਨਸੀ ਭੁੱਖ ਤੇ ਖੁੱਲ੍ਹੀ ਕਾਮ-ਖੇਡ ਅਧੀਨ ਰਿਸ਼ਤਿਆਂ ਵਿਚ ਆ ਰਹੇ ਨਿਘਾਰ ਦੀ ਚਰਮ-ਸੀਮਾ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਦੀ ਪਾਤਰ ਜੀਨ ਹੈ ਜਿਸ ਨੂੰ ਉਸ ਦਾ ਬਾਪ ਬਚਪਨ ਵਿਚ ਹੀ ਆਪਣੀ ਹਵਸ ਦਾ ਸ਼ਿਕਾਰ ਬਣਾ ਲੈਂਦਾ ਹੈ। ਇਹ ਖੇਡ ਉਦੋਂ ਤਕ ਜਾਰੀ ਰਹਿੰਦੀ ਹੈ ਜਦੋਂ ਤਕ ਉਹ ਆਪਣੇ ਬਾਪ ਦੀਆਂ ਧੀਆਂ ਦੀ ਮਾਂ ਬਣ ਜਾਂਦੀ ਹੈ, ਪਰ ਧੀਆਂ ਦੇ ਜਵਾਨ ਹੋਣ ਉਪਰੰਤ ਜਦੋਂ ਪਿਤਾ ਦੀਆਂ ਕਾਮ-ਹਵਸੀ ਗਤੀ ਵਿਧੀਆਂ ਉਸ ਦੀਆਂ ਧੀਆਂ ਵਲ ਵੱਧਦੀਆਂ ਹਨ ਤਾਂ ਉਹ ਇਸ ਸਥਿਤੀ ਦਾ ਡੱਟ ਕੇ ਮੁਕਾਬਲਾ ਕਰਦੀ ਹੈ : "ਮੇਰੇ ਨਾਲ ਜੋ ਹੋਣਾ ਸੀ ਹੋ ਚੁੱਕਾ ਹੈ ਪਰ ਮੈਂ ਆਪਣੀਆਂ ਧੀਆਂ ਨਾਲ ਇਹ ਕੁਝ ਨਹੀਂ ਹੋਣ ਦੇਣਾ। ਤੂੰ ਪਾਪੀ, ਕਾਮੀ, ਹਿਰਸੀ ਜਾਨਵਰ ਹੈਂ। ਮੈਂ ਤੈਨੂੰ ਨਫ਼ਰਤ ਕਰਦੀ ਹਾਂ। ਨਿਕਲ ਜਾ ਏਥੋਂ।" ਇਨ੍ਹਾਂ ਸਥਿਤੀਆਂ ਦਾ ਸ਼ਿਕਾਰ ਬਣੀ ਜੀਨ ਅੰਤ ਵਿਚ ਆਪਣੀਆਂ ਧੀਆਂ ਨੂੰ ਮਾਰ ਕੇ ਖ਼ੁਦ ਨੂੰ ਵੀ ਅੱਗ ਲਾ ਲੈਂਦੀ ਹੈ। ਜੀਨ ਚਾਹੁੰਦੀ ਹੈ ਕਿ ਉਸ ਦਾ ਬਾਪ ਜਿਉਂਦੇ ਜੀਅ ਪਸ਼ਚਾਤਾਪ ਦੀ ਅੱਗ ਵਿਚ ਸੜੇ। ਇਸ ਤਰ੍ਹਾਂ ਇਸ ਕਹਾਣੀ ਵਿਚ ਪੇਸ਼ ਹੋਈ ਸਥਿਤੀ ਪੱਛਮੀ ਸੱਭਿਆਚਾਰ ਵਿਚ ਰਿਸ਼ਤਿਆਂ ਵਿਚ ਆ ਰਹੇ ਨਿਘਾਰ ਨੂੰ ਦਰਸਾ ਕੇ ਇਹੋ ਪੇਸ਼ ਕਰ ਰਹੀ ਹੈ ਕਿ ਭਾਵੇਂ ਪੱਛਮੀ ਔਰਤ ਗਗਨਾਂ 'ਚ ਉਡਾਰੀਆਂ ਭਰ ਰਹੀ ਹੈ ਪਰੰਤੂ ਅੰਦਰ ਖਾਤੇ ਦੀ ਤਸਵੀਰ ਡਾਢੀ ਨਿਰਾਸ਼ਾਜਨਕ ਤੇ ਤ੍ਰਾਸਦਿਕ ਹੈ। ਇਵੇਂ ਕਹਾਣੀ ਦੀ ਨਾਇਕਾ ਨਿੱਤ ਨਿੱਘਰ ਰਹੇ ਪੱਛਮੀ ਜੰਗਲ ਲਈ ਇਕ ਚੇਤਾਵਨੀ ਬਣ ਜਾਂਦੀ ਹੈ। ਇਸ ਕਹਾਣੀ ਦੀ ਹਰ ਸਥਿਤੀ ਵਿਚ ਦਾਰਸ਼ਨਿਕਤਾ ਹੈ। ਕਹਾਣੀ ਦੀ ਸ਼ੈਲੀ ਬੜੀ ਕਾਵਿਮਈ ਹੈ, ਜਿਵੇਂ "ਇਕਲਾਪਾ ਜਦੋਂ ਮਜਬੂਰੀ ਵੱਸ ਜੀਵਨ-ਸ਼ੈਲੀ ਬਣ ਜਾਏ, ਤਾਂ ਚੁੱਪ ਹੀ ਨਹੀਂ, ਬੋਲ ਵੀ ਬੜੇ ਤਿੱਖੇ ਹੋ ਜਾਂਦੇ ਹਨ। ਤਿੱਖੇ ਅਨੁਭਵ, ਤਿੱਖੇ ਸ਼ਬਦ, ਤਿੱਖੇ ਅਰਥ ਅਤੇ ਘੋੜੇ ਵਾਂਗ ਇਕ ਲੰਮੇ ਸਮੇਂ ਤੋਂ ਆਪਣੇ ਅੰਦਰ, ਲਗਾਤਾਰ ਸੀਖ-ਭਾਰ ਖੜ੍ਹੀ ਥਿਰ ਹੋਈ ਜ਼ਿੰਦਗੀ ... ਠੰਡਾ, ਸਾਹ-ਹੀਣ ਸਖ਼ਤ ਪੱਥਰ ਦਾ ਬੁੱਤ ... ਬੇਜਾਨ ... ਬੇਹਿਸ।" ਇਸ ਕਹਾਣੀ ਨੂੰ ਕਹਾਣੀਕਾਰ ਨੇ ਮਨੋਬਚਨੀ ਵਿਧਾ ਰਾਹੀਂ ਬਿਆਨਿਆ ਹੈ।

'ਦੋਗਲੇ' ਕਹਾਣੀ ਕੈਨੇਡੀਅਨ ਪੰਜਾਬੀ ਸਮੁਦਾਇ ਦੇ ਦੋਹਰੇ ਮਾਪਦੰਡਾਂ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਦਾ ਪਾਤਰ ਗੱਜਣ ਸਿੰਘ ਵੀ ਹੋਰ ਪਰਵਾਸੀਆਂ ਵਾਂਗ ਆਪਣੇ ਭਵਿੱਖ ਨੂੰ ਖੁਸ਼ਹਾਲ ਬਣਾਉਣਾ ਲੋਚਦਾ ਹੈ। ਕੈਨੇਡਾ ਵਿਚ ਰਹਿੰਦਿਆਂ ਉਹ ਸਖ਼ਤ ਮਿਹਨਤ ਕਰਦਾ ਹੈ ਤਾਂ ਜੋ ਉਸ ਦੇ ਬੱਚਿਆਂ ਨੂੰ ਭਵਿੱਖ ਵਿਚ ਕਠਿਨਾਈ ਦਾ ਸਾਹਮਣਾ ਨਾ ਕਰਨਾ ਪਵੇ, ਜਿਵੇਂ ਉਸ ਨੂੰ ਕਰਨਾ ਪਿਆ ਸੀ। ਪਰ ਅਜਿਹਾ ਸੋਚਦਾ ਉਹ ਬੱਚਿਆਂ ਤੋਂ ਦੂਰ ਚਲਾ ਜਾਂਦਾ ਹੈ ਜਿਸ ਕਾਰਨ ਉਸ ਦਾ ਪੁੱਤਰ ਡਰੱਗਜ਼ ਦਾ ਸ਼ਿਕਾਰ ਹੋ ਕੇ ਇਸ ਧੰਦੇ ਵਿਚ ਪੁਲਿਸ ਦੇ ਹੱਥੋਂ ਗ੍ਰਿਫ਼ਤਾਰ ਹੋ ਜਾਂਦਾ ਹੈ। ਦੂਜੇ ਪਾਸੇ ਉਸ ਦੀ ਧੀ ਨਿੱਕੀ ਵੀ ਗੋਰੇ ਤੋਂ ਗਰਭਵਤੀ ਹੋ ਜਾਂਦੀ ਹੈ ਤੇ ਹਾਲਾਤ ਨਾਲ ਸਮਝੌਤੇ ਕਰਦੇ ਹੋਏ ਗੱਜਣ ਸਿੰਘ ਉਸ ਦਾ ਵਿਆਹ ਜੌਰਜ ਨਾਲ ਕਰਨ ਲਈ ਤਿਆਰ ਹੋ ਜਾਂਦਾ ਹੈ। ਉਸ ਦੀ ਪਤਨੀ ਵੀ ਪੰਜਾਬ ਤੋਂ ਆਉਂਦਿਆਂ ਹੋਇਆਂ ਅੱਤਵਾਦੀਆਂ ਦਾ ਸ਼ਿਕਾਰ ਹੋ ਜਾਂਦੀ ਹੈ ਤੇ ਗੱਜਣ ਸਿੰਘ ਬੇਗਾਨੀ ਧਰਤੀ 'ਤੇ ਇਕੱਲਾ ਰਹਿ ਜਾਂਦਾ ਹੈ। ਇਸ ਤੋਂ ਪਹਿਲਾਂ ਗੱਜਣ ਸਿੰਘ ਜਦੋਂ ਹਰ ਪੱਖੋਂ ਖੁਸ਼ਹਾਲ ਸੀ ਤਦ ਉਹ ਇਸ ਮੇਜ਼ਬਾਨ ਸਮਾਜ ਦੇ ਲੋਕਾਂ ਨੂੰ ਬੁਰਾ ਭਲਾ ਆਖਦਾ ਹੈ, ਪਰ ਜਦੋਂ ਕਹਾਣੀ ਦੇ ਅੰਤ ਵਿਚ ਇਕੱਲਾ ਰਹਿ ਜਾਂਦਾ ਹੈ ਅਤੇ ਉਹ ਆਪਣੀ ਪਹਿਚਾਣ ਛੱਡ ਕੇ ਕੈਨੇਡੀਅਨ ਸਮਾਜ ਦਾ ਹੀ ਅੰਗ ਬਣਦਾ ਹੋਇਆ ਜੈਕੀ ਨਾਂ ਦੀ ਗੋਰੀ ਨਾਲ ਵਿਆਹ ਕਰ ਲੈਂਦਾ ਹੈ।

ਜਿਹੜਾ ਗੱਜਣ ਦੋ ਨਸਲਾਂ ਤੋਂ ਪੈਦਾ ਹੋਈ ਔਲਾਦ ਨੂੰ ਦੋਗਲੀ ਨਸਲ ਕਹਿੰਦਾ ਤੇ ਨਫ਼ਰਤ ਕਰਦਾ ਸੀ, ਪੰਜਾਬੀ ਬਜ਼ੁਰਗਾਂ ਵਿਚ ਬੈਠ ਕੇ ਗੋਰੀਆਂ ਬਾਰੇ ਟਿੱਪਣੀਆਂ ਕਰਦਾ ਸੀ, ਆਪਣੇ ਸਾਥੀ ਬਜ਼ੁਰਗਾਂ ਦੇ ਦੋਹਰੇ ਜੀਵਨ ਮਿਆਰਾਂ ਦੀ ਆਲੋਚਨਾ ਕਰਦਾ ਸੀ ਉਹ ਹੁਣ ਆਪਣੇ ਆਪ ਨੂੰ ਅੱਜ ਇਸ ਪੱਛਮੀ ਸਭਿਆਚਾਰ ਦੇ ਅਨੁਕੂਲ ਢਾਲ ਲੈਂਦਾ ਹੈ ਤੇ ਆਖਦਾ ਹੈ, "ਕਿਸ਼ਨ ਸਿੰਘ, ਦੋਗਲੇ ਹਨ ਉਹ ਸਭ ਜੋ ਦਾਹੜੀਆਂ ਤੇ ਪੱਗਾਂ ਦੇ ਓਹਲੇ ਹੇਠਾਂ ਗੁਰਦੁਆਰਿਆਂ ਵਿਚ ਜਾ ਕੇ ਵਾਖਰੂ, ਵਾਖਰੂ ਕਰਦੇ, ਪਰ ਸਕੀਨਾ ਮਾਲ ਤੇ ਹਰ ਸੜਕ ਬਾਜ਼ਾਰ ਵਿਚ ਹਿਰਸੀ ਨਜ਼ਰ ਨਾਲ ਚਿੱਟੇ ਚੰਮ ਲਈ ਲਾਲਾਂ ਸੁੱਟਦੇ ਹਨ। ਬਰਸਾਤੀ ਮੱਖੀਆਂ ਵਾਂਗ ਚੁੰਮੜੇ ਰਹਿੰਦੇ ਹਨ, ਉਹ ਆਪਣੇ ਸੁਫ਼ਨਿਆਂ ਵਿਚ ਵੀ ਗੋਰੀਆਂ ਦੇ ਨੰਗੇ ਜਿਸਮ ਨੂੰ। ਆਪਣੇ ਬੇਅਰਥ ਸੰਸਕਾਰਾਂ ਤੇ ਰਿਵਾਜਾਂ ਦੇ ਮੁਲੰਮਿਆਂ ਪਿੱਛੇ ਲੱਗ ਕੇ ਆਪਾਂ ਬੁਢੇਪੇ ਵਿਚ ਵੀ ਇਕੱਲ ਦਾ ਨਰਕ ਭੋਗ ਰਹੇ ਹਾਂ। ਕੀ ਪਿਆ ਹੈ ਦੇਸੀ ਰਹੁ-ਰੀਤਾਂ ਦੇ ਛਲਾਵਿਆਂ ਵਿਚ ਜੋ ਆਪਣਾ ਬਣ ਸਕਦਾ ਹੈ, ਉਸ ਨੂੰ ਪ੍ਰਾਪਤ ਕਰਨ ਦਾ ਹੌਂਸਲਾ ਨਹੀਂ ਸਾਡੇ ਵਿਚ। ਜੋ ਆਪਣਾ ਹੈ ਈ ਨਹੀਂ, ਉਸ ਨੂੰ ਖੋ ਦੇਣ ਦੇ ਭੈਅ ਵਿਚ ਹਰ ਰੋਜ਼ ਬੇਅਰਥ ਹੋ ਰਹੇ ਹਾਂ ਅਸੀਂ।" ਗੱਜਣ ਸਿੰਘ ਵਿਚ ਆਈ ਤਬਦੀਲੀ ਦਾ ਕਾਰਣ ਦੂਸਰੇ ਦੇਸ਼ ਵਿਚ ਇਕੱਲਤਾ ਦਾ ਅਹਿਸਾਸ ਹੈ ਤੇ ਅਜਿਹੇ ਮੁਲਕ ਦੇ ਭੌਤਿਕ ਹਾਲਾਤ ਹੀ ਹੋ ਸਕਦੇ ਹਨ ਜੋ ਉਸ ਨੂੰ ਦੋਗਲਾ ਬਣਨ ਤੋਂ ਬਚਾਉਂਦੇ ਹਨ। ਇਸੇ ਲਈ ਉਹ ਆਖਦਾ ਹੈ : "ਕਿਸ਼ਨ ਸਿਆਂ ! ਪੰਛੀ ਵੀ ਚੁੰਜ ਵਿਚ ਚੁੰਜ ਪਾ ਕੇ ਇਕ ਦੂਜੇ ਨਾਲ ਪਿਆਰ ਤੇ ਕਲੋਲ ਕਰਦੇ ਆ ! ਅਸੀਂ ਤਾਂ ਫੇਰ ਵੀ ਇਨਸਾਨ ਹਾਂ।" ਲੇਖਕ ਦਾ ਅਖ਼ੀਰ ਵਿਚ ਨਾਇਕ ਨੂੰ ਕੈਨੇਡਾ ਦੇ ਸਭਿਆਚਾਰ ਦਾ ਅੰਗ ਬਣਾ ਕੇ ਪੇਸ਼ ਕਰਨਾ ਕਹਾਣੀਕਾਰ ਦਾ ਆਪਣੀ ਕਲਾਤਮਕਤਾ ਬਾਰੇ ਸੁਚੇਤ ਹੋਣਾ ਹੈ। ਪਰ ਇਸ ਦੇ ਲਈ ਉਸ ਦੀ ਪਹਿਲੀ ਵਫ਼ਾ ਜੀਵਨ ਨਾਲ ਹੈ, ਸ਼ਿਲਪ ਨਾਲ ਨਹੀਂ। ਇਸ ਕਹਾਣੀ ਵਿਚ ਕਹਾਣੀਕਾਰ ਨੇ ਕਈ ਮੁਹਾਵਰੇ ਤੇ ਅਖਾਣਾਂ ਦੀ ਵਰਤੋਂ ਕੀਤੀ ਹੋਈ ਹੈ ਜਿਵੇਂ : 'ਗਧੀ ਸੇ ਲਗਾ ਇਸ਼ਕ ਤੋ ਪਰੀ ਕਯਾ ਚੀਜ਼ ਹੈ', 'ਪੰਜਾਬੀ ਸਤ ਤੇ ਗੋਰਾ ਰਸ', 'ਨਾ ਖੁਦਾ ਹੀ ਮਿਲਾ, ਨਾ ਵਸਾਲੇ ਸਨਮ', 'ਕੰਨ ਵਿਚ ਪਾਈ ਨਾ ਰੜਕਦੀ', 'ਸੱਤੀਂ ਕਪੜੀਂ ਅੱਗ ਲੱਗਣਾ' ਆਦਿ।

'ਖੁੱਲ੍ਹੀ ਕਿਤਾਬ' ਕਹਾਣੀ ਵਿਚ ਇਹ ਪੇਸ਼ ਕੀਤਾ ਗਿਆ ਹੈ ਕਿ ਔਰਤ ਦਾ ਸੁਭਾਅ ਪ੍ਰਕ੍ਰਿਤਕ ਪਰਿਸਥਿਤੀਆਂ ਨੇ ਭਾਵੁਕ ਬਣਾਇਆ ਹੈ। ਪੂੰਜੀਵਾਦੀ ਅਰਥਚਾਰੇ ਅਨੁਸਾਰ ਵਿਕਸਿਤ ਹੋਏ ਦੇਸ਼ਾਂ ਵਿਚ ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਕਾਰਨ ਉਤਪਾਦਨ ਦੇ ਖੇਤਰ ਵਿਚ ਵਾਧਾ ਹੋਇਆ ਹੈ, ਪਰ ਇਸ ਵਾਧੇ ਨੇ ਸਾਰੇ ਸੰਸਾਰ ਦੀ ਮਾਨਸਿਕਤਾ ਦੇ ਵਿਚ ਵੀ ਪਰਿਵਰਤਨ ਕੀਤਾ ਹੈ। ਪੱਛਮੀ ਔਰਤ ਵੀ ਹੁਣ ਸਰੀਰਕ ਸੰਤੁਸ਼ਟੀ ਦੀ ਭੁੱਖ ਤੋਂ ਹਟ ਕੇ ਮਾਨਸਿਕ ਸੰਤੁਸ਼ਟੀ ਵਲ ਵੱਧ ਰਹੀ ਹੈ। ਕਹਾਣੀਕਾਰ ਇਸ ਕਹਾਣੀ ਵਿਚ ਇਹ ਪੇਸ਼ ਕਰਨ ਦਾ ਯਤਨ ਕਰਦਾ ਹੈ ਕਿ ਔਰਤ ਕਿਸੇ ਵੀ ਦੇਸ਼ ਦੀ ਹੋਵੇ ਉਸ ਨੂੰ ਅਗਰ ਥੋੜ੍ਹੀ ਵੀ ਹਮਦਰਦੀ ਮਿਲ ਜਾਵੇ ਤਾਂ ਉਹ ਲਗਾਤਾਰ ਇਕ ਖੁੱਲ੍ਹੀ ਕਿਤਾਬ ਦੀ ਤਰ੍ਹਾਂ ਆਪਣਾ ਜੀਵਨ ਉਸ ਦੇ ਅੱਗੇ ਬਿਆਨ ਕਰ ਦਿੰਦੀ ਹੈ। ਕਹਾਣੀ ਦੀ ਨਾਇਕਾ ਕੈਥੀ ਜਿਸ ਨੇ ਜ਼ਿੰਦਗੀ ਵਿਚ ਬਹੁਤ ਉਤਾਰ ਚੜ੍ਹਾ ਵੇਖੇ ਹਨ ਤੇ ਜਿਸ ਨੂੰ ਉਸ ਦੀ ਮਾਂ ਨੇ ਜੰਮਦਿਆਂ ਹੀ ਲੈ-ਪਾਲਕ ਮਾਪਿਆਂ ਦੇ ਹਵਾਲੇ ਕਰ ਦਿੱਤਾ। ਬਾਦ ਵਿਚ ਉਹ ਲੈ-ਪਾਲਕ ਮਾਪੇ ਗੁੰਮ ਹੋ ਗਏ ਤੇ ਇਸ ਤਰ੍ਹਾਂ ਇਹ ਅਨਾਥ ਬੱਚੀ ਜ਼ਿੰਦਗੀ ਤੋਂ ਹੀ ਭਟਕ ਗਈ ਤੇ ਪੁਲਿਸ ਦੇ ਹੱਥੇ ਚੜ੍ਹ ਗਈ। ਪੁਲਿਸ ਤੋਂ ਬਾਦ ਹੀ ਉਹ ਜੇਮਜ਼ ਨੂੰ ਮਿਲਦੀ ਹੈ ਜੋ ਈਸਾਈ ਪਾਦਰੀ ਹੈ। ਉਹ ਉਸ ਵਲ ਆਪਣਾ ਧਿਆਨ ਆਕਰਸ਼ਿਤ ਦੇਖ ਕੇ ਉਸ ਨਾਲ ਵਿਆਹ ਕਰਵਾ ਲੈਂਦੀ ਹੈ। ਜੇਮਜ਼ ਦੀਆਂ ਸਭ ਫਰਮਾਇਸ਼ਾਂ ਉਹ ਪੂਰੀਆਂ ਕਰਦੀ ਹੈ ਪਰ ਜਦੋਂ ਜੇਮਜ਼ ਦੇ ਧਾਰਮਿਕ ਬਾਹਰੀ ਸਰੂਪ ਪਿੱਛੇ ਛੁਪੀ ਗੰਦਗੀ ਸਾਹਮਣੇ ਆ ਜਾਂਦੀ ਹੈ ਤਾਂ ਉਹ ਆਪਣੇ ਪੁੱਤਰ ਨੂੰ ਲੈ ਕੇ ਅਲੱਗ ਹੋ ਜਾਂਦੀ ਹੈ। ਪਰ ਬਿਰਤਾਂਤਕਾਰ ਦੇ ਸਮਝਾਉਣ ਤੇ ਮੁੜ ਜਦੋਂ ਉਹ ਜੇਮਜ਼ ਕੋਲ ਜਾਂਦੀ ਹੈ ਤਾਂ ਉਹ ਦੇਖਦੀ ਹੈ ਕਿ ਜੇਮਜ਼ ਦੇ ਸੌਣ ਵਾਲੇ ਕਮਰੇ ਵਿੱਚੋਂ ਹੱਥ ਵਿਚ ਡਾਲਰਾਂ ਦੇ ਨੋਟਾਂ ਦਾ ਥੱਬਾ ਫੜੀ, ਇਕ ਛੋਟੀ ਉਮਰ ਦਾ ਮੁੰਡਾ ਬਾਹਰ ਨਿਕਲ ਰਿਹਾ ਸੀ ਤੇ ਜੇਮਜ਼ ਆਪਣੇ

ਪ੍ਰਗਟ ਹੋਏ ਨੰਗੇਜ਼ ਨੂੰ ਆਪਣੇ ਈਸਾਈ ਪਹਿਰਾਵੇ ਵਿਚ ਸਮੇਟਣ ਦਾ ਯਤਨ ਕਰ ਰਿਹਾ ਸੀ। ਇਸ ਤਰ੍ਹਾਂ ਇਹ ਕਹਾਣੀ ਕਰਮ ਤੇ ਧਰਮ ਦੇ ਦੁਫਾੜ ਦੀ ਦਾਸਤਾਂ ਬਿਆਨ ਕਰਦੀ ਹੈ।

ਇਹ ਕਹਾਣੀ ਪੱਛਮ ਵਿਚ ਚੱਲ ਰਹੀ ਕਾਮ ਜਾਂ ਹਵਸ ਨੂੰ ਵੀ ਦਰਸਾਉਂਦੀ ਹੈ। ਇਹ ਹਵਸ ਹੀ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦੀ ਤੇ ਹਰ ਰਿਸ਼ਤੇ ਵਿੱਚੋਂ ਇਹ ਹਵਸ ਪੂਰੀ ਕਰਨ ਦੀ ਲਲਕ ਨੂੰ ਨੰਗਾ ਕਰਦੀ ਹੈ। ਉਸ ਹਵਸ ਵਿਚ ਮਾਸੂਮ ਬੱਚੇ ਵੀ ਸ਼ਾਮਿਲ ਹਨ। ਉਸ ਦੇਸ਼ ਦੇ ਮਾਸੂਮ ਬੱਚੇ ਜਿੱਥੇ ਛੋਟੇ ਬੱਚੇ ਦੀ ਪਰਵਰਿਸ਼ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ। ਉੱਥੇ ਦੀ ਔਰਤ ਵੀ ਐਸੇ ਭਰਵੇਂ ਤੇ ਸੰਪੂਰਨ ਮਨੁੱਖ ਦੀ ਕਲਪਨਾ ਕਰਦੀ ਹੈ, ਜਿਸ ਦੀ ਸਮੁੱਚੀ ਸ਼ਖ਼ਸੀਅਤ 'ਚੋਂ ਰੱਬੀ ਕਿਰਨਾਂ ਦਾ ਨੂਰ ਬਰਸ ਰਿਹਾ ਹੋਵੇ। ਜੋ ਸੱਚ, ਸੁੱਚ ਤੇ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹੋਵੇ। ਜੇਮਜ਼ ਦੇ ਸ਼ਬਦਾਂ ਅਨੁਸਾਰ : "ਆਪਣੀ ਮਰਜ਼ੀ ਤੋਂ ਬਿਨਾਂ ਆਪਣੇ ਪਤੀ ਨਾਲ ਪੁੱਠੇ ਸਿੱਧੇ ਕੰਮਾਂ ਵਿਚ ਹਮ-ਬਿਸਤਰੀ ਵੀ ਬਲਾਤਕਾਰ ਹੈ, ਵੇਸਵਾਈ ਹੈ, ਮਨ ਨਾ ਚਾਹੇ ਤਾਂ ਮਜਬੂਰ ਹੋ ਕੇ ਗਿਰਜੇ ਵਿਚ ਜਾਣਾ ਵੀ ਆਤਮਕ ਬਲਾਤਕਾਰ ਹੈ। ਜ਼ਿਹਨੀ ਵੇਸਵਾਈ ਹੈ।" ਹਰ ਦੇਸ਼ ਦੀ ਔਰਤ ਮਰਦ ਨਾਲ ਰੂਹ ਦੀ ਸਾਂਝ ਚਾਹੁੰਦੀ ਹੈ। ਬਿਨਾਂ ਮਰਜ਼ੀ ਤੋਂ ਪੈਦਾ ਹੋਇਆ ਜਿਨਸੀ ਰਿਸ਼ਤਾ ਉਸ ਲਈ ਵੇਸਵਾਗਮਨੀ ਦੇ ਸਮਾਨ ਹੈ। ਇਵੇਂ ਇਹ ਕਹਾਣੀ ਗਿਰਜਾਘਰਾਂ (ਧਾਰਮਿਕ ਸਥਾਨਾਂ) ਵਿਚ ਛੁਪੇ ਸ਼ੋਸ਼ਣਕਾਰੀਆਂ ਦੇ ਚਿਹਰਿਆਂ ਨੂੰ ਨੰਗਾ ਕਰਦੀ ਹੈ। ਕਹਾਣੀਕਾਰ ਨੇ ਇਸ ਕਹਾਣੀ ਵਿਚ ਕਈ ਨਵੇਂ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ ਜਿਵੇਂ : ਲੈ-ਪਾਲਕ, ਆਰਾਮ-ਤਲਾ, ਭਾਫ਼ ਵਾਲਾ ਸਾਓਨਾ, ਖ਼ੁਸ਼ਕ ਸਾਓਨਾ, ਬਾਡੀ ਸ਼ਾਪ ਆਦਿ ਕਈ ਮੁਹਾਵਰੇ ਵੀ ਉਸ ਦੀ ਕਹਾਣੀ ਕਲਾ ਵਿਚ ਵਰਤੇ ਗਏ ਹਨ, ਜਿਵੇਂ : 'ਕੁੱਤੇ ਦੀ ਪੂਛ, ਜੋ ਬਾਰ੍ਹਾਂ ਸਾਲ ਤਕ ਵੀ ਨਲੀ ਵਿਚ ਪਾਈ ਰੱਖੀਏ, ਉਹ ਤਾਂ ਵੀ ਸਿੱਧੀ ਨਹੀਂ ਹੁੰਦੀ', 'ਮਗਰਮੱਛ ਦੇ ਅੱਥਰੂ', 'ਹਾਥੀ ਦੇ ਦੰਦ ਹਨ, ਖਾਣ ਦੇ ਹੋਰ ਤੇ ਵਿਖਾਉਣ ਦੇ ਹੋਰ'। ਇਹ ਸਾਰੀ ਕਹਾਣੀ ਬੀਤ ਗਏ ਦੀਆਂ ਘਟਨਾਵਾਂ 'ਚੋਂ ਗੁਜ਼ਰਦੀ ਪੇਸ਼ ਕੀਤੀ ਗਈ ਹੈ।

'ਸਪੈਮ' ਇਕ ਅਜਿਹੀ ਕਹਾਣੀ ਹੈ ਜਿਸ ਦਾ ਅਰਥ ਅਣਇੱਛਤ ਮੱਲੋ ਮੱਲੀ ਆਈ ਇਸ਼ਤਿਹਾਰੀ ਈ-ਮੇਲ ਹੈ। ਕਹਾਣੀ ਦਾ ਪਾਤਰ ਸੁਮੇਰ ਕੱਦ ਦਾ ਮਧਰਾ ਹੈ, ਅਕਲੋਂ ਵੀ ਤੇ ਸ਼ਕਲੋਂ ਵੀ। ਕੈਨੇਡਾ ਆਇਆਂ ਉਸ ਨੂੰ ਤੀਹ ਸਾਲ ਹੋ ਚੁੱਕੇ ਹਨ। ਉਹ ਕੰਪਿਊਟਰ ਦੀ ਨੌਕਰੀ ਕਰਦਾ ਹੋਇਆ ਖ਼ੁਦ ਵੀ ਕੰਪਿਊਟਰ ਬਣ ਗਿਆ ਹੈ। ਉਸ ਤੋਂ ਬਰਦਾਸ਼ਤ ਨਹੀਂ ਹੁੰਦਾ ਕਿ ਉਸ ਦੀ ਪਤਨੀ ਕਲਪਨਾ ਕਿਸੇ ਮਰਦ ਦੇ ਨਾਲ ਇੰਨਾ ਖੁੱਲ੍ਹ ਕੇ ਬੋਲੇ। ਜਦੋਂ ਉਸ ਦੀ ਪਤਨੀ ਉਸ ਤੋਂ ਨਾਰਾਜ਼ ਹੋ ਚਲੀ ਜਾਂਦੀ ਹੈ ਤਾਂ ਉਹ ਜਾਸੂਸੀ ਏਜੰਸੀ ਦੁਆਰਾ ਕਲਪਨਾ ਦੀ ਨਕਲੋ ਹਰਕਤ ਦਾ ਪਤਾ ਲਗਾਉਂਦਾ ਹੈ ਤੇ ਮੁੜ ਕਲਪਨਾ ਨੂੰ ਘਰ ਚੱਲਣ ਲਈ ਉਸ ਦੀ ਹਰ ਗੱਲ ਬਰਦਾਸ਼ਤ ਕਰਨ ਲਈ ਤਿਆਰ ਹੋ ਜਾਂਦਾ ਹੈ। ਕਹਾਣੀ ਵਿਚ ਵਰਤੇ ਗਏ ਸਾਰੇ ਹੀ ਸ਼ਬਦ ਕੰਪਿਊਟਰ ਦੇ ਲਈ ਵਰਤੇ ਗਏ ਸ਼ਬਦ ਹਨ। ਕਹਾਣੀ ਵਿਚ ਮੁਹਾਵਰੇ ਦੀ ਵਰਤੋਂ ਕਹਾਣੀ ਨੂੰ ਰਸਦਾਇਕ ਬਣਾਉਂਦੀ ਹੈ। ਵੈਸੇ ਇਹ ਕਹਾਣੀ ਇਕ ਸ਼ੱਕੀ ਤੇ ਖ਼ਰਦਿਮਾਗ ਸਨਕੀ ਮਨੁੱਖ ਦੀ ਦਾਸਤਾਂ ਪੇਸ਼ ਕਰਦੀ ਹੈ। ਇਹ ਕਹਾਣੀ ਇਹ ਸੋਚਣ ਲਈ ਮਜਬੂਰ ਕਰ ਦਿੰਦੀ ਹੈ ਕਿ ਕੰਪਿਊਟਰ ਨੇ ਜਿੱਥੇ ਹਰ ਕੰਮ ਨੂੰ ਆਸਾਨ ਬਣਾ ਦਿੱਤਾ ਹੈ ਉੱਥੇ ਇਸ ਦੀ ਵਧੇਰੇ ਵਰਤੋਂ ਨੇ ਮਨੁੱਖ ਦੀ ਸੋਚ ਨੂੰ ਬਿਲਕੁਲ ਜ਼ੰਗ ਲੱਗਾ ਦਿੱਤੀ ਹੈ।

1992-93 ਵਿਚ ਛਪਿਆ ਕਹਾਣੀ ਸੰਗ੍ਰਹਿ 'ਆਪਣੇ ਆਪਣੇ ਟਾਪੂ' ਨੂੰ ਮੈਂ ਆਪਣੇ ਲੇਖ ਦਾ ਵਿਸ਼ਾ ਬਣਾਇਆ ਹੈ। ਇਸ ਕਹਾਣੀ ਸੰਗ੍ਰਹਿ ਵਿਚ ਕੁਲ ਨੌਂ ਕਹਾਣੀਆਂ ਹਨ। ਇਸ ਕਹਾਣੀ ਸੰਗ੍ਰਹਿ ਵਿਚ ਕੇਵਲ ਇਕ ਕਹਾਣੀ ਨੂੰ ਛੱਡ ਕੇ ਬਾਕੀ ਅੱਠ ਕਹਾਣੀਆਂ ਔਰਤ ਮਰਦ ਦੇ ਸੰਬੰਧਾਂ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਕਹਾਣੀਆਂ ਵਿਚਲੇ ਇਸਤਰੀ ਪਾਤਰ ਮਰਦ ਦੇ ਸਾਥ ਲਈ ਤੜਪਦੇ ਹਨ, ਪਰ ਨਾਲ-ਨਾਲ ਆਪਣੀ ਵੱਖਰੀ ਮਾਨਵੀ ਹੋਂਦ ਵੀ ਸਥਾਪਤ ਰੱਖਣਾ ਚਾਹੁੰਦੇ ਹਨ। ਇਹ ਔਰਤਾਂ ਮਰਦਾਂ ਉਪਰ ਨਿਰਭਰ ਨਹੀਂ ਹਨ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਆਦਮ ਹੱਵਾ ਦੀ ਮਾਂ' ਵਿਚਲੀ ਪਾਤਰ ਐਲਨ ਦਾ ਪਿਉ ਭਾਵੇਂ ਪੱਛਮੀ

ਸਭਿਆਚਾਰ ਦੇ ਪ੍ਰਭਾਵ ਅਧੀਨ ਈਸਾਈ ਧਰਮ ਗ੍ਰਹਿਣ ਕਰ ਚੁੱਕਾ ਹੈ ਪਰ ਉਸ ਦੀਆਂ ਨੈਤਿਕ ਕਦਰਾਂ ਕੀਮਤਾਂ ਅਜੇ ਵੀ ਆਪਣੇ ਕਬੀਲੇ ਤੇ ਕਬਾਇਲੀ ਜੀਵਨ ਨਾਲ ਜੁੜੀਆਂ ਹੋਈਆਂ ਹਨ ਜਿਸ ਦੀ ਸਜ਼ਾ ਐਲਨ ਤੇ ਉਸ ਵਰਗੇ ਹੋਰ ਕਈ ਸਮੁਦਾਇ ਦੇ ਲੋਕਾਂ ਨੂੰ ਭੁਗਤਣੀ ਪੈਂਦੀ ਹੈ, ਜਿਵੇਂ, "ਉਹ ਜੋ ਵੈਲੀਆਂ ਦੇ ਡੇਰੇ ਚਲੇ ਗਏ ਨੇ ਇਨ੍ਹਾਂ ਦੀਆਂ ਸਖ਼ਤੀਆਂ ਦੇ ਮਾਰੇ ਉਹ ਨੇਟਿਵ ਇੰਡੀਅਨ ਹੁੰਦੇ ਹੋਏ ਵੀ ਨੇਟਿਵ ਇੰਡੀਅਨ ਨਹੀਂ ਰਹੇ, ਛੇਕ ਦਿੱਤੇ ਗਏ। ਨਾ ਇਸ ਪਾਰ ਉਤਾਰਾ, ਨਾ ਉਸ ਪਾਰ ਢੋਈ ...।" ਕੈਨੇਡਾ ਦੀ ਧਰਤੀ 'ਤੇ ਵਿਚਰ ਰਹੇ ਪ੍ਰਭਾਵ ਅਧੀਨ ਅਜਿਹੇ ਮਾਪਦੰਡਾਂ ਨੂੰ ਅਪਣਾ ਰਹੇ ਮਾਪਿਆਂ ਦੀ ਔਲਾਦ ਨਸ਼ੇ ਤੇ ਲਿੰਗ ਖੁੱਲ੍ਹ ਦੀ ਜ਼ਿੰਦਗੀ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਜਿਨਸੀ ਸੰਬੰਧਾਂ ਦੀ ਖੁੱਲ੍ਹ ਭਾਵੇਂ ਔਰਤ ਦੀ ਜ਼ਿੰਦਗੀ ਵਿਚ ਕਈ ਸਮੱਸਿਆਵਾਂ ਪੇਸ਼ ਕਰਦੀ ਹੈ ਪਰ ਫਿਰ ਵੀ ਐਲਨ ਜਿਹੀ ਪਾਤਰ ਅਜਿਹੇ ਰਿਸ਼ਤੇ ਵਿਚੋਂ ਵਿਗਸ ਰਹੇ ਬੀਜ ਨੂੰ ਮਾਰਨਾ ਨਹੀਂ, ਅਪਣਾਉਣਾ ਚਾਹੁੰਦੀ ਹੈ, ਉਹ ਵੀ ਮਰਦ ਤੋਂ ਬਿਨਾਂ। ਇਵੇਂ ਇਹ ਸਮੁਦਾਇ ਆਪਣੀ ਔਲਾਦ ਨੂੰ ਆਦਮ ਤੇ ਹੱਵਾ ਦੀ ਤਰ੍ਹਾਂ ਜਨਮ ਦੇਣ ਲਈ ਮਜਬੂਰ ਹੋ ਰਹੀ ਹੈ। ਉੱਤਮ ਪੁਰਖ ਵਿਚ ਲਿਖੀ ਇਹ ਕਹਾਣੀ ਰਵਿੰਦਰ ਰਵੀ ਦੀ ਇਕ ਮਹੱਤਵਪੂਰਨ ਕਹਾਣੀ ਹੈ। ਇਸ ਕਹਾਣੀ ਨੂੰ ਕਹਾਣੀਕਾਰ ਨੇ ਇਕ ਕਵੀ ਦੀ ਤਰ੍ਹਾਂ ਬਿਆਨਿਆਂ ਹੈ। ਇਹੋ ਇਸ ਕਹਾਣੀ ਦੀ ਖ਼ੂਬਸੂਰਤੀ ਹੈ।

'ਸੁਤੰਤਰਤਾ ਦੇ ਸਮਾਨ ਅੰਤਰ ਸਿਰੇ' ਰਵਿੰਦਰ ਰਵੀ ਦੀ ਇਕ ਅਜਿਹੀ ਕਹਾਣੀ ਹੈ ਜਿਸ ਦਾ ਪਾਤਰ ਆਪਣੇ ਆਪ ਨੂੰ ਤਥਾਕਥਿਤ ਅਗਾਂਹਵਧੂ ਵਿਚਾਰਾਂ ਦਾ ਮੰਨਦਾ ਹੈ। ਜਿਸ ਨੂੰ ਹੋਰ ਪ੍ਰਾਪਤ ਕਰਨ ਦੀ ਭੁੱਖ ਅਤੇ ਹੋਰ ਰੱਜਣ ਦੀ ਲੋੜ ਇੰਗਲੈਂਡ ਵਰਗੇ ਪੂੰਜੀਵਾਦੀ ਦੇਸ਼ ਵਿਚ ਲੈ ਆਈ ਸੀ। ਹੁਣ ਇਥੇ ਆ ਕੇ ਸਖ਼ਤ ਮਿਹਨਤ ਕਰਕੇ, ਟੈਕਸਾਂ ਵਿਚ ਹੇਰਾ ਫੇਰੀ ਕਰਕੇ ਉਹ ਹੁਣ ਹੋਰ 'ਅਗਾਂਹਵਧੂ' ਬਣ ਗਿਆ ਸਮਝਦਾ ਹੈ। ਇਨ੍ਹਾਂ ਸਾਰੇ ਪ੍ਰਗਤੀਵਾਦੀ ਦਾਅਵਿਆਂ ਦੇ ਬਾਵਜੂਦ ਉਹ ਔਰਤ ਨੂੰ ਆਪਣੀ ਨਿੱਜੀ ਮਲਕੀਅਤ ਸਮਝਦਾ ਹੋਇਆ ਆਪਣੇ ਲਈ ਤੇ ਆਪਣੀ ਔਰਤ ਲਈ ਦੂਹਰੇ ਮਾਪ ਅਪਣਾਉਂਦਾ ਹੈ। ਪਹਿਲੀ ਪਤਨੀ ਦੇ ਤਿੰਨ ਬੱਚਿਆਂ ਦੇ ਬਾਪ ਕੁੰਦਨ ਸਿੰਘ ਨੂੰ ਉਸ ਦੀ ਦੂਸਰੀ ਪਤਨੀ ਵਰਸ਼ਾ ਇੰਦਰਾਨੀ ਆਖਦੀ ਹੈ ਕਿ, "ਜਿਸ ਅਮੋੜ ਆਸ਼ਵਾਦ ਦੀ ਮੈਂ ਤੇਰੇ ਤੋਂ ਆਸ ਕੀਤੀ ਸੀ ਉਸ ਦਾ ਤੇਰੇ ਵਿਚ ਅਭਾਵ ਹੈ।" ਉਸ ਦੀ ਦੂਸਰੀ ਪਤਨੀ ਉਸ ਦੀ ਨਿੱਜੀ ਜਾਇਦਾਦ ਬਣਨ ਤੋਂ ਇਨਕਾਰ ਕਰਦੀ ਹੈ। ਉਸ ਦਾ ਮੰਨਣਾ ਹੈ ਕਿ, "ਸਾਹਿਤ ਤੇ ਕਲਾ ਸੰਬੰਧੀ ਪਸੰਦ ਨਾਪਸੰਦ, ਨਜ਼ਰੀਆ, ਸਾਹਿਤਕਾਰ ਵਜੋਂ ਕਦੇ ਨਹੀਂ ਤਿਆਗਿਆ ਜਾ ਸਕਦਾ। ਸਾਹਿਤਕਾਰ ਬ੍ਰਹਿਮੰਡਕ ਲਖ਼ਸ਼ ਨਾਲ ਸੰਬੰਧਤ ਬੜੇ ਬਰੀਕ ਅਤੇ ਗਹਿਰੇ ਨੁਕਤੇ ਪ੍ਰਸਤੁਤ ਕਰਦਾ ਹੈ। ਸੁਹਜਾਤਮਕ ਢੰਗ ਨਾਲ, ਸਹਿਜ ਸੁਰ ਵਿਚ ਇਕਮਿਕ ਤੇ ਇਕ ਸਾਰ, ਉਨ੍ਹਾਂ ਵਿਚ ਦਵੰਦ ਤੇ ਪਾਖੰਡ ਨਹੀਂ ਹੈ।" ਵਰਸ਼ਾ ਇੰਦਰਾਨੀ, ਕੁੰਦਨ ਸਿੰਘ ਨੂੰ ਆਖਦੀ ਹੈ ਕਿ ਉਹ ਆਪਣੀ ਮਰਜ਼ੀ ਨਾਲ ਕਿਸੇ ਹੋਰ ਮਰਦ ਤੋਂ ਤਿੰਨ ਨਹੀਂ ਕੇਵਲ ਇਕ ਬੱਚਾ ਪੈਦਾ ਕਰ ਲੈਣ ਦੇਵੇ ਫਿਰ ਉਹ ਉਸ ਲਈ ਭਰਪੂਰ ਤੇ ਸਰਬਾਂਗੀ ਔਰਤ ਬਣ ਕੇ ਜਨਮ ਲਵੇਗੀ ਤੇ ਫਿਰ ਪੂਰੀ ਦੀ ਪੂਰੀ ਤਰ੍ਹਾਂ ਕੇਵਲ ਉਸ ਦੀ ਹੋ ਕੇ ਰਹੇਗੀ। ਪਰ ਕਹਾਣੀਕਾਰ ਦਾ ਕਹਾਣੀ ਦਾ ਅਜਿਹਾ ਅੰਤ ਕਰਨਾ ਕਿਸੇ ਵੀ ਭਾਰਤੀ ਮਰਦ ਲਈ ਪ੍ਰਵਾਨ ਕਰਨਾ ਸੰਭਵ ਨਹੀਂ। ਕਹਾਣੀ ਦਾ ਵਿਸਥਾਰ ਬੜੀ ਦਾਰਸ਼ਨਿਕ ਵਿਧੀ ਦੇ ਦੁਆਰਾ ਕੀਤਾ ਗਿਆ ਹੈ। 'ਰੌਲ ਕੀ ਜਾਣੇ ਚੌਲਾਂ ਦਾ ਭਾਅ' ਜਿਹੇ ਮੁਹਾਵਰੇ ਦਾ ਪ੍ਰਯੋਗ ਇਸ ਤੋਂ ਅਗਾਂਹ ਵਾਲੀ ਕਹਾਣੀ ਵਿਚ ਵੀ ਕੀਤਾ ਗਿਆ ਹੈ। ਕਹਾਣੀ ਵਿਚ ਨਵਾਂ ਆਦਮ, ਨਵੀਂ ਹੱਵਾ, ਸ਼ਬਦਾਂ ਦੀ ਮੁੜ ਵਰਤੋਂ ਕੀਤੀ ਗਈ ਹੈ। ਰਵੀ ਦੀ ਇਹ ਕਹਾਣੀ ਪੱਛਮੀ ਪਰਿਵੇਸ਼ ਵਿਚ ਔਰਤ ਦੀ ਸਤੁੰਤਰਤਾ ਦੀ ਧਾਰਨਾ ਨੂੰ ਦਰਸਾਉਂਦੀ ਹੈ। ਇਹ ਧਾਰਨਾ ਪੰਜਾਬੀ ਸਮੁਦਾਇ ਵਿਚ ਕਿੰਨੀ ਸਾਰਥਕਤਾ ਰੱਖਦੀ ਹੈ ਇਸ ਬਾਰੇ ਇਹੋ ਕਿਹਾ ਜਾ ਸਕਦਾ ਹੈ ਕਿ ਅਜਿਹੀ ਧਾਰਨਾ ਦਾ ਪੰਜਾਬੀ ਸਮੁਦਾਇ ਵਿਚ ਫੈਲਣਾ ਇਕ ਬਹੁਤ ਵੱਡੀ ਸਮੱਸਿਆ ਹੈ। ਅਸੀਂ ਵੇਖਦੇ ਹਾਂ ਕੀ ਕਹਾਣੀਕਾਰ ਜਦੋਂ ਆਪਣੇ ਪਾਤਰਾਂ ਨੂੰ ਬਹੁਤੀ ਖੁੱਲ੍ਹ ਦਿੰਦਾ ਹੈ ਤਾਂ ਜ਼ਿਆਦਾ ਸਫਲ ਨਹੀਂ ਹੁੰਦਾ। ਕਹਾਣੀ 'ਮਾਨਸਕ ਹਾਣ ਦਾ ਸਾਥ' ਅਜਿਹੀ ਸੁਤੰਤਰਤਾ ਨੂੰ ਦਰਸਾਉਂਦੀ ਹੈ ਜਿਸ ਵਿਚ ਔਰਤ ਵਿਆਹ ਤੋਂ ਬਾਦ ਵੀ ਮਾਨਸਕ ਹਾਣ

ਤੋਂ ਅਤ੍ਰਿਪਤ ਰਹਿੰਦੀ ਹੈ। ਅਜਿਹਾ ਸੰਤਾਪ ਭੋਗਦੀਆਂ ਔਰਤਾਂ ਪੈਸੇ ਦੇ ਪਿੱਛੇ ਭੱਜਦੇ ਮਨੁੱਖ ਅਤੇ ਜਵਾਨੀ ਦੀ ਉਮਰ ਹੰਢਾ ਚੁੱਕੇ ਮਨੁੱਖਾਂ ਦਾ ਤਿਆਗ ਕਰਕੇ ਵਿਆਹ ਬਾਹਰੇ ਸੰਬੰਧ ਸਥਾਪਿਤ ਕਰਨਾ ਕੋਈ ਅਵੈਧ ਨਹੀਂ ਸਮਝਦੀਆਂ। ਔਰਤ ਮਰਦ ਨਾਲ ਕੇਵਲ ਜਿਨਸੀ ਸੰਬੰਧ ਹੀ ਸਥਾਪਿਤ ਕਰਨਾ ਨਹੀਂ ਚਾਹੁੰਦੀ ਬਲਕਿ ਉਹ ਉਨ੍ਹਾਂ ਤੋਂ ਮਾਨਸਿਕ ਸਾਂਝ ਵੀ ਚਾਹੁੰਦੀ ਹੈ। ਮਨ ਦੀ ਸ਼ਮੂਲੀਅਤ ਤੋਂ ਬਿਨਾਂ ਤਨ ਦੀ ਸ਼ਮੂਲੀਅਤ ਅਧੂਰੀ ਹੈ, ਵੇਸਵਾਈ ਹੈ। ਤਨ ਤਾਂ ਕੇਵਲ ਮਾਧਿਅਮ ਹੈ ਮਨ ਤਕ ਜਾਣ ਦਾ। ਪਿਆਰ ਤੇ ਸਤਿਕਾਰ ਤੇ ਵਿਸ਼ਵਾਸ ਤੋਂ ਬਿਨਾਂ ਪੱਕੀਆਂ ਕੰਧਾਂ ਵੀ ਤਿੜਕ ਜਾਂਦੀਆਂ ਹਨ, ਫਿਰ ਇਨ੍ਹਾਂ ਕੱਚੇ ਧਾਗਿਆਂ ਦਾ ਕੀ ਭਰੋਸਾ। ਜਦੋਂ ਕੋਈ ਪ੍ਰੇਮੀ, ਪਤੀ ਤੇ ਪਤੀ ਤੋਂ ਮਰਦ ਬਣ ਜਾਵੇ ਤਾਂ ਜਜ਼ਬਿਆਂ ਦਾ ਘਾਤ ਹੁੰਦਾ ਹੈ। ਪਰ ਅਸਲ ਵਿਚ ਅੱਜ ਦੇ ਮਸ਼ੀਨੀ ਯੁੱਗ ਵਿਚ ਜਦੋਂ ਮਨੁੱਖ ਖ਼ੁਦ ਹੀ ਇਕ ਮਸ਼ੀਨ ਬਣ ਗਿਆ ਹੈ ਤਾਂ ਉਸ ਦੇ ਲਈ ਰਿਸ਼ਤਿਆਂ ਦੀ ਨਾਜ਼ੁਕਤਾ ਨੂੰ ਸਮਝਣਾ ਤੇ ਨਿਭਾਉਣਾ ਬੜਾ ਹੀ ਮੁਸ਼ਕਿਲ ਹੈ। ਉਮਰ ਦੇ ਹਰ ਪੜਾਅ ਨਾਲ ਨਿਰੰਤਰ ਵਿਗਸ ਰਿਹਾ ਇਕ ਐਸਾ ਮਾਨਸਕ ਹਾਣ ਦਾ ਸਾਥ ਔਰਤ ਲੋੜਦੀ ਹੈ ਜੋ ਮਨੁੱਖ ਅੰਦਰਲੇ ਪ੍ਰੇਮੀ ਅਤੇ ਔਰਤ ਅੰਦਰਲੀ ਪ੍ਰੇਮਿਕਾ ਨੂੰ ਜ਼ਿੰਦਗੀ ਦੇ ਹਰ ਪੜਾ ਤੇ ਆਖ਼ਰੀ ਸਾਹਾਂ ਤਕ ਜਗਾਈ ਰੱਖੇ। ਸ਼ੌਕ ਤੇ ਦਿਲਚਸਪੀਆਂ ਦੀ ਸਾਂਝ ਬਣਾਈ ਰੱਖੇ। ਇਕ ਦੂਜੇ ਨੂੰ ਇਕ ਦੂਜੇ ਵਿਚ ਸਮਾਈ ਰੱਖੇ। ਜੈਕੀ ਜਿਹੀਆਂ ਔਰਤਾਂ ਪੈਸੇ ਦੇ ਪਿੱਛੇ ਦੌੜਦੇ ਮਰਦਾਂ ਲਈ ਰਿਸ਼ਤਿਆਂ ਤੋਂ ਦੂਰ ਹੋਣ ਦਾ ਸੰਕੇਤ ਵੀ ਕਰਦੀਆਂ ਹਨ। ਪਰ ਕੀ ਮਾਨਸਕ ਹਾਣ ਦਾ ਸਾਥ ਲੋੜਨ ਲਈ ਵਿਆਹ ਬਾਹਰੇ ਸੰਬੰਧ ਸਥਾਪਿਤ ਕਰਨ ਨਾਲ ਸੰਤੁਸ਼ਟੀ ਮਿਲ ਸਕਦੀ ਹੈ, ਸ਼ਾਇਦ ਨਹੀਂ। ਇਹ ਕੇਵਲ ਆਪਣੇ ਆਪ ਵਿਚ ਭਰਮ ਪਾਲਣ ਦਾ ਨਤੀਜਾ ਹੈ। ਪਹਿਲਾਂ ਖ਼ੁਦ ਹੀ ਹਰ ਸੁੱਖ ਸਹੂਲਤ ਦੀ ਮੰਗ ਕਰਨਾ ਤੇ ਜਦੋਂ ਦੂਜਾ ਬੰਦਾ ਉਸ ਨੂੰ ਪੂਰਾ ਕਰਨ ਵਿਚ ਪੂਰੀ ਤਰ੍ਹਾਂ ਰੁੱਝ ਜਾਵੇ ਤਾਂ ਉਸ ਦੇ ਦੂਰ ਜਾਣ ਦਾ ਰੋਣਾ, ਇਕ ਮਾਤਰ ਕਮਜ਼ੋਰੀ ਹੀ ਹੈ, ਹਰ ਔਰਤ ਦੇ ਲਈ, ਚਾਹੇ ਉਹ ਕਿਸੇ ਵੀ ਦੇਸ਼ ਦੀ ਕਿਉਂ ਨਾ ਹੋਵੇ।

'ਰਿਸ਼ਤਿਆਂ ਦੇ ਆਰ ਪਾਰ' ਵਿਚਲਾ ਪਾਤਰ ਜੌਨ ਆਪਣੀ ਜਵਾਨ ਪਤਨੀ ਜੈਕੀ ਤੋਂ ਵੇਸਵਾ-ਬਿਰਤੀ ਕਰਵਾਉਂਦਾ ਹੈ, ਕੇਵਲ ਉਸ ਦੀ ਖੁਸ਼ੀ ਲਈ। ਜੌਨ ਪੈਸੇ ਤੇ ਐਸ਼ ਨੂੰ ਹੀ ਪ੍ਰਮੁੱਖਤਾ ਦਿੰਦਾ ਹੈ, ਇਸੇ ਲਈ ਉਸ ਦੇ ਪਹਿਲੇ ਤਿੰਨ ਵਿਆਹ ਅਸਫ਼ਲ ਹੋ ਚੁੱਕੇ ਹਨ। ਉਸ ਨੂੰ ਅਕਸਰ ਮਹਿਸੂਸ ਹੁੰਦਾ ਸੀ ਕਿ ਔਰਤ ਬੇਵਫ਼ਾਈ ਅਤੇ ਬੇਹਯਾਈ ਦਾ ਦੂਸਰਾ ਨਾਮ ਹੈ। ਦੂਸਰੇ ਪਾਸੇ ਜੈਕੀ ਦਾ ਇਸ ਦੁਨੀਆਂ ਵਿਚ ਕੋਈ ਨਹੀਂ ਸੀ। ਜੌਨ ਨਾਲ ਵਿਆਹੁਣ ਤੋਂ ਪਹਿਲਾਂ ਉਹ ਅਨਾਥ ਸੀ। ਉਸ ਦੇ ਮਾਪੇ ਇਸ ਪੂੰਜੀਵਾਦੀ ਸਮਾਜ ਵਿਚ ਗੁੰਮ ਹੋ ਚੁੱਕੇ ਸਨ। ਜੈਕੀ ਵੀ ਸਟਰੀਟ ਗਰਲ, ਹੁੱਕਰ, ਵੇਸਵਾ ਬਣ ਕੇ ਗੁੰਮ ਗੁਆਚ ਗਈ, ਏਸ ਡਰੱਗ ਕਲਚਰ ਵਿਚ, ਜਿੱਥੇ ਹਰ ਛਿਣ ਕੇਵਲ ਲੋੜ ਨਾਲ ਰਿਸ਼ਤਾ ਸੀ। ਹਰ ਰਿਸ਼ਤੇ ਦੀ ਵਫ਼ਾ ਲੋੜ ਤੋਂ ਸ਼ੁਰੂ ਹੋ ਕੇ ਲੋੜ ਉੱਤੇ ਹੀ ਦਮ ਤੋੜ ਦਿੰਦੀ ਸੀ। ਇਸ ਜ਼ਿੰਦਗੀ ਤੋਂ ਉਕਤਾ ਕੇ ਹੀ ਉਸ ਨੇ ਪੰਜਾਹ ਸਾਲ ਦੇ ਜੌਨ ਨਾਲ ਵਿਆਹ ਰਚਾਇਆ ਸੀ ਤੇ ਫਿਰ ਜੌਨ ਦੇ ਹਰ ਜ਼ੁਲਮ ਨੂੰ ਸਹਿਣਾ ਉਸ ਲਈ ਜੀਣ ਦਾ ਇਕ ਮਕਸਦ ਸੀ। ਉਹ ਇਕ ਬੁੱਢੇ ਨੂੰ ਜਵਾਨ ਨਹੀਂ ਸੀ ਬਣਾ ਸਕੀ, ਪਰ ਜੌਨ ਨਾਲ ਰਿਸ਼ਤਾ ਜੋੜ ਕੇ ਉਸ ਨੂੰ ਸਹਿਜ ਪਹਿਚਾਣ ਤੇ ਸਹਿਜ ਅਪੱਣਤ ਮਿਲੀ ਸੀ। ਪਹਿਚਾਣ, ਸਹਿਜ-ਸਮਝ ਦਾ ਜਿਊਣ ਢੰਗ ਹੈ, ਜੀਵਨ ਸ਼ੈਲੀ ਹੈ। ਇਹ ਇਕ ਨਿਰ-ਉਮਰ ਅਵਸਥਾ ਹੈ ਤੇ ਆਪਣੇ ਆਪ ਵਿਚ ਰਹੱਸ ਹੈ। ਆਦਮੀ ਦੀ ਪਹਿਚਾਣ ਹੈ। ਇਸ ਇਲਜ਼ਾਮ ਤੇ ਕਿ ਜੌਨ ਆਪਣੀ ਪਤਨੀ ਤੋਂ ਪੇਸ਼ਾ ਕਰਵਾਉਂਦਾ ਪਕੜਿਆ ਗਿਆ ਸੀ, ਨੂੰ ਪੜ੍ਹ ਕੇ ਜ਼ਿਆਦਾ ਅਚੰਭਾ ਨਹੀਂ ਹੁੰਦਾ ਕਿਉਂਕਿ ਕੈਨੇਡਾ ਜਿਹੀ ਧਰਤੀ 'ਤੇ ਇਹੋ ਜਿਹੇ ਧੰਦੇ ਕੋਈ ਖ਼ਾਸ ਮਾਇਨੇ ਨਹੀਂ ਰੱਖਦੇ। ਸਾਡੇ ਭਾਰਤ ਵਿਚ ਤਾਂ ਰੋਜ਼ ਅਜਿਹੀਆਂ ਖ਼ਬਰਾਂ ਪੜ੍ਹਨ ਨੂੰ ਆਉਂਦੀਆਂ ਹਨ ਕਿ ਬਾਪ ਦੇ ਦੁਆਰਾ ਧੀਆਂ ਤੋਂ ਅਜਿਹੇ ਧੰਦੇ ਕਰਵਾਏ ਜਾਂਦੇ ਹਨ, ਫਿਰ ਇਹ ਤਾਂ ਕੈਨੇਡਾ ਦੀ ਧਰਤੀ 'ਤੇ ਵਾਪਰਦਾ ਹੈ। ਉਹ ਵੀ ਬੁੱਢੇ ਪਤੀ ਦੇ ਦੁਆਰਾ ਆਪਣੀ ਜਵਾਨ ਪਤਨੀ ਦੇ ਲਈ ਉਸ ਦਾ ਹਾਣ ਦਾ ਸਾਥ ਲੱਭ ਕੇ ਦੇਣਾ ਕੇਵਲ ਆਪਣੀ ਸੰਤੁਸ਼ਟੀ ਲਈ। ਪਰ ਇਥੇ ਤਾਂ ਇਹ ਸਭ ਕੁਝ ਪੈਸੇ ਦੇ ਕਾਰਨ ਕੀਤਾ ਜਾਂਦਾ ਹੈ। ਅਸਲ

ਵਿਚ ਮਸਲਾ ਕੇਵਲ ਔਰਤ ਦੇ ਸ਼ੋਸ਼ਣ ਦਾ ਹੈ, ਇਥੇ ਵੀ ਤੇ ਉਥੇ ਵੀ। ਸਚਮੁੱਚ ਰਿਸ਼ਤਿਆਂ ਦੇ ਆਰ-ਪਾਰ ਫੈਲਿਆ ਹੈ ਜਿਨਸੀ ਸੁੱਖ, ਕੇਵਲ ਜਿਨਸੀ ਸੁੱਖ ਜਿਸ ਦੇ ਲਈ ਹਰ ਇਨਸਾਨ ਸਭ ਕੁਝ ਦਾਅ 'ਤੇ ਲਗਾਉਣ ਲਈ ਤਿਆਰ ਰਹਿੰਦਾ ਹੈ।

'ਮਰਦ ਬਨਾਮ ਮਸ਼ੀਨ' ਕਹਾਣੀ ਇਕ ਅਜਿਹੀ ਔਰਤ ਦੀ ਬਾਤ ਪਾਉਂਦੀ ਹੈ ਜੋ ਮਰਦ ਦੇ ਸਾਥ ਦੇ ਨਾਲ ਆਪਣੀ ਇਕ ਵੱਖਰੀ ਮਾਨਵੀ ਹੋਂਦ ਸਥਾਪਤ ਕਰਨਾ ਚਾਹੁੰਦੀ ਹੈ। ਕਹਾਣੀ ਦੀ ਪਾਤਰ ਏਂਜਲਾ ਰਾਬਿਨਸਨ ਜੋ ਆਪਣੀ ਕਾਮ ਪੂਰਤੀ ਦੇ ਲਈ ਮਰਦ ਦਾ ਨਹੀਂ ਬਲਕਿ ਮਸ਼ੀਨੀ ਯੰਤਰ ਦਾ ਸਹਾਰਾ ਲੈਂਦੀ ਹੈ। ਉਸ ਦਾ ਮੰਨਣਾ ਹੈ ਕਿ "ਏਸ ਆਨੰਦ ਦੀ ਅਵਸਥਾ ਵਿਚ ਉਸ ਨੂੰ ਮਰ ਜਾਣਾ ਮਨਜ਼ੂਰ ਹੈ, ਕਿਉਂਕਿ ਮਰਦ ਵਿਚ ਏਨਾ ਦਮ ਕਿੱਥੇ ?" ਇਵੇਂ ਪ੍ਰਦੇਸਾਂ ਵਿਚ ਆਈਆਂ ਇਹੋ ਜਿਹੀਆਂ ਮਸ਼ੀਨਾਂ ਪ੍ਰਕਿਰਤੀ ਦੇ ਬਿਲਕੁਲ ਖ਼ਿਲਾਫ਼ ਕਹੀਆਂ ਜਾ ਸਕਦੀਆਂ ਹਨ। ਇਨ੍ਹਾਂ ਨੂੰ ਵਰਤਣ ਵਾਲੇ ਦੇਸ਼ ਭਰਮਾਂ 'ਚ ਵਸਦੇ ਸੱਚਾਂ ਅਤੇ ਸੱਚਾਂ ਤੋਂ ਭਟਕ ਭਰਮਾਂ ਵਿਚ ਵਿਚਰਦੇ ਹਨ। ਔਰਤ ਦੀ ਸੁਤੰਤਰਤਾ ਦਾ ਕਹਾਣੀਆਂ ਵਿਚ ਪੇਸ਼ ਹੁੰਦਾ ਅਜਿਹਾ ਰਾਹ ਚਿਰ ਸਥਾਈ ਰਹਿਣ ਵਾਲਾ ਨਹੀਂ ਕਿਹਾ ਜਾ ਸਕਦਾ। ਜਿੱਥੇ ਅਸੀਂ ਵਿਆਹ ਜਿਹੇ ਪਵਿਤਰ ਰਿਸ਼ਤਿਆਂ ਵਿਚ ਬੱਝਣ ਲਈ ਤਰਲੋਮੱਛੀ ਹੁੰਦੇ ਹਾਂ, ਉਥੇ ਅਜਿਹੇ ਮਸ਼ੀਨੀ ਯੰਤਰ ਸਾਡੇ ਸਾਹਮਣੇ ਆਉਣ ਵਾਲੇ ਭਵਿੱਖ ਲਈ ਹਾਨੀਕਾਰਕ ਸਾਬਿਤ ਹੋ ਸਕਦੇ ਹਨ।

'ਪੁਸ਼ਪ ਜਣਨੀ' ਕਹਾਣੀ ਇਕ ਅਜਿਹੀ ਔਰਤ ਦੀ ਕਹਾਣੀ ਹੈ ਜੋ ਮਰਦ ਤੋਂ ਫੁੱਲਾਂ ਵਰਗੇ ਬੱਚੇ ਪ੍ਰਾਪਤ ਕਰਨ ਲਈ ਉਸ ਦੇ ਕਹਿਰ ਨੂੰ ਵੀ ਝੱਲੀ ਜਾਂਦੀ ਹੈ। ਇਸ ਕਹਾਣੀ ਦੀ ਪਾਤਰ ਕੈਥੀ ਸਿੰਗਲ ਪੇਰੈਂਟ ਭਾਵ ਅਣਵਿਆਹੀ ਮਾਂ ਹੈ। ਉਸ ਨੇ ਇਕ ਤੋਂ ਬਾਦ ਇਕ ਚਾਰ ਮਰਦਾਂ ਦੇ ਸੰਗ ਸਾਥ ਵਿਚੋਂ ਚਾਰ ਬੱਚੇ ਜਣੇ ਹਨ। ਚਾਰੇ ਵਾਰ ਗੱਲ ਵਿਆਹ ਤਕ ਪਹੁੰਚਦੀ ਪਹੁੰਚਦੀ ਟੁੱਟ ਗਈ। ਮਰਦ ਹੋਰ ਔਰਤਾਂ ਲੈ ਤੁਰੇ ਅਤੇ ਕੈਥੀ ਬੱਚਿਆਂ ਦੇ ਸਾਥ ਲਈ ਇਕੱਲੀ ਮਾਂ ਬਣ ਕੇ ਰਹਿ ਗਈ। ਹੁਣ ਉਸ ਨੇ ਸ਼ਾਦੀ ਦੀ ਆਸ ਛੱਡ ਦਿੱਤੀ ਸੀ। ਆਜ਼ਾਦ ਜੀਵਨ ਤੇ ਆਜ਼ਾਦ ਸਾਥ ਦਾ ਪਲ ਛਿਣ ਹੰਢਾਉਣ ਉਪਰੰਤ ਉਹ ਮਰਦ ਦੀ ਦੁਨੀਆਂ ਤੋਂ ਮੁਕਤ ਹੋ ਕੇ ਬੱਚਿਆਂ ਦੇ ਪਾਲਣ ਪੋਸ਼ਣ ਵਿਚ ਹੀ ਗੁਆਚ ਜਾਂਦੀ ਹੈ। ਆਰਥਕ ਸੁਤੰਤਰਤਾ ਅਤੇ ਬੱਚਿਆਂ ਦੇ ਮੋਹ ਨੇ ਉਸ ਵਿਚ ਨਵੀਂ ਸ਼ਕਤੀ, ਨਵਾਂ ਹੁਸਨ, ਨਵਾਂ ਸੁਹਜ, ਨਵਾਂ ਸਵੈ-ਭਰੋਸਾ ਭਾਵੇਂ ਭਰ ਦਿੱਤਾ ਸੀ ਪਰ ਫਿਰ ਵੀ ਉਹ ਮੰਨਦੀ ਹੈ ਕਿ "ਹਾਂ, ਹਾਂ, ਹਾਂ ... ਪਰ ਮੈਂ ਮਰਦ ਨਹੀਂ ਬਣ ਸਕਦੀ। ਮੈਨੂੰ ਮਰਦ ਦੀ, ਉਸ ਦੇ ਪਿਆਰ ਦੀ, ਉਸ ਦੀ ਹਿਰਸ, ਉਸ ਦੇ ਹਵਸ, ਉਸ ਦੇ ਕਰੋਧ ਅਤੇ ਉਸ ਦੀ ਕ੍ਰੋਪੀ ਦੀ ਲੋੜ ਹੈ। ਮੈਂ ਆਜ਼ਾਦ ਅਤੇ ਸਵੈ-ਨਿਰਭਰ ਹੋ ਕੇ ਵੀ ਜਿਵੇਂ ਅਧੂਰੀ ਹਾਂ ...।" ਇਹੋ ਔਰਤ ਦਾ ਸੱਚ ਹੈ। ਮਰਦ ਦਾ ਸੱਚ ਵੀ ਇਹੋ ਹੈ। ਦੂਜਾ ਔਰਤ ਕਿਸੇ ਵੀ ਦੇਸ਼ ਦੀ ਹੋਵੇ ਮਾਂ ਬਣ ਕੇ ਬੱਚਿਆਂ ਨਾਲ ਮੋਹ ਉਸ ਦਾ ਕੁਦਰਤੀ ਤੇ ਸੁਭਾਵਿਕ ਹੈ। ਕੈਥੀ ਦੇ ਅਨੁਸਾਰ, "ਸੂਰਜ ਦੀ ਅੱਗ, ਝੱਖੜ ਮੀਂਹ, ਗੜੇ ਤੇ ਹੋਰ ਕਹਿਰ, ਸਭ ਇਸ ਧਰਤੀ ਉੱਤੇ ਟੁੱਟਦੇ ਹਨ। ਫਿਰ ਵੀ ਇਹ ਧਰਤੀ ਸਾਰੀ ਮਨੁੱਖਤਾ ਦੀ ਮਾਂ ਬਣ ਕੇ ਉਸ ਨੂੰ ਪਾਲਦੀ ਹੈ। ਕੁਦਰਤ ਦੇ ਰੰਗ ਬਿਰੰਗੇ ਫੁੱਲਾਂ ਅਤੇ ਹੁਸਨ ਦੀ ਚਿੱਤਰਕਾਰੀ ਸਾਡੇ ਸਭ ਲਈ ਕਰਦੀ ਹੈ। ਸਾਨੂੰ ਸੁਹਜ ਸਿਖਾਉਂਦੀ ਤੇ ਵਿਖਾਉਂਦੀ ਹੈ ... ਇਹ ਧਰਤੀ ... ਮੈਂ ... ਧਰਤੀ ...।" ਮਨੁੱਖ ਦਾ ਕ੍ਰੋਪ, ਬੁਰਾਈ, ਹਿਰਸ, ਹਵਸ, ਈਰਖਾ ਅਤੇ ਜਬਰ ਸਭ ਕੁਝ ਸਹਿ ਕੇ ਔਰਤ ਮਰਦ ਦੀ ਚੰਗਿਆਈ, ਉਸ ਦਾ ਬੀਜ ਆਪਣੀ ਕੁੱਖ ਵਿਚ ਸਮਾ ਲੈਂਦੀ ਹੈ। ਇਹ ਸੱਚ ਹੈ ਔਰਤ ਜਿਸ ਲਈ ਜਿਉਂਦੀ ਹੈ, ਉਸ ਲਈ ਸਭ ਕੁਝ ਝੱਲਦੀ ਹੈ।

'ਅਰਥ ਢੂੰਡਦੇ ਸ਼ਬਦ' ਕਹਾਣੀ ਵਿਚ ਕਹਾਣੀਕਾਰ ਨੇ ਸਰੀਰ ਤੋਂ ਅਗਾਂਹ ਇਸਤਰੀ ਪੁਰਸ਼ ਦੀ ਪਰਸਪਰ ਮਾਨਸਿਕ ਤ੍ਰਿਪਤੀ ਦੇ ਹੱਕ ਵਿਚ ਗੱਲ ਕੀਤੀ ਹੈ। ਇਸ ਕਹਾਣੀ ਦੀ ਪਾਤਰ ਕੀਸ਼ਾ ਜੋ ਕਿਸੇ ਮਰਦ ਤੋਂ ਏਡਜ਼ ਦੀ ਬਿਮਾਰੀ ਲੈ ਬੈਠੀ ਹੈ, ਖ਼ੁਸ਼ਕਿਸਮਤੀ ਨੂੰ ਇਕ ਅਜਿਹੇ ਮਨੁੱਖ ਨੂੰ ਮਿਲਦੀ ਹੈ ਜੋ ਸਮਾਜ ਵਿਚ ਨਵੀਂ ਪੀੜ੍ਹੀ ਦੀ ਸਿਹਤ ਨੂੰ ਸਵਸਥ ਰੱਖਣ ਲਈ ਉਸ ਦੇ ਨਾਲ ਤੁਰਨ ਦਾ ਸੰਕਲਪ ਕਰਦਾ ਹੈ। ਭਾਵੇਂ ਇਸ

ਕਹਾਣੀ ਵਿਚ ਕੁਝ ਅਕਾਊਪਣ ਹੈ ਪਰ ਫਿਰ ਵੀ ਇਹ ਕਹਾਣੀ ਇਕ ਸਮਾਜ ਸੁਧਾਰਕ ਨਿਬੰਧ ਹੋ ਨਿਬੜਦੀ ਹੈ। ਜਿਸਮ ਦੇ ਬੀਮਾਰ ਹੋਇਆਂ, ਬੰਦਾ ਬੀਮਾਰ ਨਹੀਂ ਹੁੰਦਾ। ਰੋਗ ਜਦੋਂ ਸੋਚ ਨੂੰ ਲਗ ਜਾਵੇ ਤਾਂ ਕੈਂਸਰ ਬਣ ਜਾਂਦਾ ਹੈ, ਏਡਜ਼ ਬਣ ਜਾਂਦਾ ਹੈ, ਲਾਇਲਾਜ ਹੋ ਜਾਂਦਾ ਹੈ। ਇਹੋ ਸਤਰਾਂ ਇਸ ਕਹਾਣੀ ਦਾ ਥੀਮ ਹਨ। ਦੂਜਾ ਮਾਂ ਬਣਨਾ ਹੀ ਜ਼ਿੰਦਗੀ ਦਾ ਇਕੋ ਇਕ ਅਰਥ ਨਹੀਂ, ਗੱਲ ਤਾਂ ਮਮਤਾ ਦੀ ਹੈ, ਮਮਤਾ ਜਿਸਮਾਨੀ ਤੌਰ 'ਤੇ ਮਾਂ ਬਣਨ ਤੋਂ ਬਿਨਾਂ ਵੀ ਕਾਇਮ ਰੱਖੀ ਜਾ ਸਕਦੀ ਹੈ। ਮਮਤਾ ਇਕ ਖ਼ਿਆਲ, ਇਕ ਭਾਵਨਾ, ਇਕ ਸੋਚ ਜਾਂ ਇਕ ਸੰਕਲਪ ਹੀ ਤਾਂ ਹੈ ਜੋ ਆਪਣੇ ਤੇ ਦੂਜੇ ਦੇ ਬੱਚੇ ਵਿਚ ਕੋਈ ਫ਼ਰਕ ਨਹੀਂ ਸਮਝਦਾ। ਭਾਵੇਂ ਇਸ ਤੱਥ 'ਤੇ ਅਮਲ ਕਰਨਾ ਮੁਸ਼ਕਿਲ ਹੈ ਪਰ ਇਹ ਇਕ ਰਹੱਸਮਈ ਸੱਚ ਹੈ ਜਿਸ ਦੇ ਅਰਥ ਮਾਂ ਹੋਣ ਨਾਲ ਜੁੜੇ ਹੋਏ ਹਨ।

'ਸ਼ਾਦੀ ਵੱਲ ਜਾਂਦੀ ਸੜਕ' ਪਰਵਾਸੀ ਮਾਪਿਆਂ ਵੱਲੋਂ ਇੰਡੀਆ ਤੋਂ ਮੰਗੇਤਰ ਮੰਗਵਾ ਕੇ ਆਪਣੀ ਕੁੜੀ ਦੇ ਗਲ ਮੜ੍ਹਨ ਦਾ ਪੁਰਾਣਾ ਵਿਸ਼ਾ ਕਹਾਣੀਕਾਰ ਨੇ ਆਪਣੀ ਕਹਾਣੀ ਵਿਚ ਲਿਆ ਹੈ। ਕਹਾਣੀ ਵਿਚ ਇਕੋ ਪੀੜ੍ਹੀ ਦੇ ਦੋ ਪਾਤਰ ਵੱਖੋ ਵੱਖਰੀ ਸੋਚ ਦੇ ਧਾਰਨੀ ਹਨ। ਮੋਹਣੀ ਦਾ ਪਿਉ ਇੰਦਰ ਸਿੰਘ ਭਾਰਤੀ ਜੜ੍ਹਾਂ ਤੇ ਕਲਚਰ ਦੇ ਨਾਮ 'ਤੇ ਹਮੇਸ਼ਾਂ ਆਪਣੇ ਬੱਚਿਆਂ ਨੂੰ ਬਲੈਕਮੇਲ ਕਰਦਾ ਹੈ ਪਰ ਉਸ ਦੀ ਧੀ ਨੂੰ ਇਹ ਪਸੰਦ ਨਹੀਂ ਕਿ ਉਸ ਦਾ ਬਾਪ ਆਪਣੀ ਧੀ ਦੀਆਂ ਸਾਰੀਆਂ ਖ਼ੁਸ਼ੀਆਂ ਇਨ੍ਹਾਂ ਜੜ੍ਹਾਂ ਤੇ ਏਸ ਕਲਚਰ ਦੀ ਬਲੀ ਚੜ੍ਹਾ ਦੇਵੇ। ਦੂਜੇ ਪਾਸੇ ਜੋਗਿੰਦਰ ਦਾ ਪਿਤਾ ਏਧਰਲੇ ਮਾਹੌਲ ਅਤੇ ਕਲਚਰ ਨਾਲ ਆਪਣੇ ਆਪ ਨੂੰ ਪੂਰੀ ਤਰ੍ਹਾਂ ਢਾਲ ਚੁੱਕਾ ਹੈ। ਉਸ ਦਾ ਮੰਨਣਾ ਹੈ ਕਿ ਇਹ ਕਲਚਰ ਤੇ ਜੜ੍ਹਾਂ ਦੇ ਸੰਕਲਪ ਮਨੁੱਖ ਦੇ ਆਪਣੇ ਹੀ ਬਣਾਏ ਹੋਏ ਹਨ। ਜ਼ਿੰਦਗੀ ਨੂੰ ਸੌਖਿਆਂ ਤੇ ਮਰਿਆਦਾ ਵਿਚ ਢਾਲਣ ਲਈ ਹੀ ਰਸਮਾਂ, ਰਿਵਾਜਾਂ ਦਾ ਜਨਮ ਹੁੰਦਾ ਹੈ। ਜਦੋਂ ਇਹ ਸਭ ਕੁਝ ਮਨੁੱਖ ਦਾ ਸਾਹ ਘੁੱਟਣ ਲੱਗ ਪਵੇ ਤਾਂ ਇਸ ਨੂੰ ਬਦਲ ਦੇਣਾ ਚਾਹੀਦਾ ਹੈ। ਜਿਸ ਕਲਚਰ ਨੂੰ ਸਾਡੇ ਪੰਜਾਬੀ ਗੰਦਗੀ ਦਾ ਮਾਹੌਲ ਕਹਿੰਦੇ ਹਨ, ਉਹ ਕੀਨੀਆਂ ਦੇ ਮਾਹੌਲ ਵਿਚ ਸਹਿਜ ਪਰਵਾਨਤ ਹੈ। ਪਰਵਾਸੀ ਜੀਵਨ ਵਿਚ ਇੰਦਰ ਸਿੰਘ ਜਿਹੇ ਪਾਤਰਾਂ ਦੀ ਸੋਚ ਖੋਖਲੀ ਹੈ। ਇਹ ਕਹਾਣੀ ਪਹਿਲਾਂ ਇਹ ਤੱਥ ਉਜਾਗਰ ਕਰਦੀ ਹੈ ਕਿ ਮਨੁੱਖ ਅਜਨਬੀ ਉਦੋਂ ਤੱਕ ਹੀ ਰਹਿੰਦਾ ਹੈ ਜਿਤਨੀ ਦੇਰ ਤਕ ਤੁਸੀਂ ਉਥੋਂ ਦਾ ਸਭਿਆਚਾਰ ਸਵੀਕਾਰ ਨਹੀਂ ਕਰ ਲੈਂਦੇ। ਦੂਜਾ ਨਵੀਂ ਪੀੜ੍ਹੀ ਨੂੰ ਦੇਸੀ ਸਭਿਆਚਾਰ ਦੇ ਨਾਲ ਨਾਲ ਮੁੱਖ ਸਭਿਆਚਾਰ ਨਾਲ ਮੇਲ ਮਿਲਾਪ ਦੇ ਮੌਕੇ ਦਿੱਤੇ ਜਾਣ ਦੀ ਵੀ ਲੋੜ ਹੈ, ਜਿਨ੍ਹਾਂ ਵਿਚੋਂ ਚੰਗੇ ਤੱਤਾਂ ਨੂੰ ਗ੍ਰਹਿਣ ਕਰਕੇ ਉਹ ਮਾਨਸਿਕ, ਬੌਧਿਕ ਤੇ ਸਮਾਜਕ ਵਿਕਾਸ ਰਾਹੀਂ ਸੰਤੁਲਿਤ ਸ਼ਖ਼ਸੀਅਤ ਦੀ ਸਿਰਜਣਾ ਕਰ ਸਕਣ। ਰਵਿੰਦਰ ਰਵੀ ਦੀ ਕਹਾਣੀ ਦੀ ਨਾਇਕਾ ਮੋਹਣੀ ਆਪਣੇ ਪ੍ਰੇਮੀ ਤੋਂ ਆਪਣੇ ਗਰਭ ਵਿਚ ਪਲ ਰਹੇ ਬੱਚੇ ਨੂੰ ਅਫ਼ਰੀਕੀ ਸਭਿਆਚਾਰਕ ਮਰਯਾਦਾ ਅਨੁਸਾਰ ਜਣਨ ਪਰੀਖਿਆ ਵਿਚੋਂ ਪਾਸ ਹੋਣ ਦਾ ਸਬੂਤ ਦੇ ਕੇ ਆਪਣੇ ਪ੍ਰੇਮੀ ਜੋਗਿੰਦਰ ਨਾਲ ਵਿਆਹ ਰਚਾਉਂਦੀ ਹੈ ਤੇ ਉਸ ਬੱਚੇ ਨੂੰ ਸ਼ਾਦੀ ਵੱਲ ਜਾਂਦੀ ਸੜਕ ਦਾ ਸ਼ਾਹਰਾਹ ਦੱਸਦੀ ਹੈ।

'ਤੈਂ ਕੀ ਦਰਦ ਨਾ ਆਇਆ' ਕਹਾਣੀ ਇਕ ਕਾਵਿਮਈ ਕਹਾਣੀ ਹੈ। ਇਸ ਕਹਾਣੀ ਵਿਚ ਭਾਰਤੀ ਤੇ ਵਿਦੇਸ਼ੀ ਕਾਨੂੰਨ ਦੀ ਤੁਲਨਾ ਕੀਤੀ ਗਈ ਹੈ। ਇਥੋਂ ਦਾ ਕਾਨੂੰਨ ਹਰ ਮਨੁੱਖ ਨੂੰ ਹੀ ਨਹੀਂ ਹਰ ਜਾਨਵਰ ਨੂੰ ਵੀ ਇਕ ਨਜ਼ਰ ਨਾਲ ਅੱਖਾਂ ਖੋਲ੍ਹ ਕੇ ਵੇਖਦਾ ਹੈ। ਸਾਡੇ ਦੇਸ਼ ਜਿੱਥੇ ਅਦਾਲਤਾਂ ਵਿਚ ਯੋਗ ਤੇ ਹੱਕੀ ਸੁਣਵਾਈ ਨਹੀਂ ਹੁੰਦੀ, ਜਿੱਥੇ ਬਿਨਾਂ ਮੁਕਦਮਾ ਚੱਲਿਆਂ, ਅਨਿਸਚਿਤ ਸਮੇਂ ਲਈ ਅਨੇਕਾਂ ਇਸਤਰੀ ਪੁਰਸ਼ ਜੇਲ੍ਹਾਂ ਅੰਦਰ ਡੱਕ ਦਿੱਤੇ ਜਾਂਦੇ ਹਨ। ਹਿੰਸਾ ਜਿੱਥੇ ਦੀ ਬੋਲੀ ਬਣ ਗਈ ਹੈ ਤੇ ਬੇਇਨਸਾਫ਼ੀ ਜਿੱਥੋਂ ਦਾ ਅਰਥ। ਇਵੇਂ ਕਹਾਣੀਕਾਰ ਨੇ ਆਪਣੀ ਭਾਰਤੀ ਕਾਨੂੰਨ ਤੇ ਪੱਛਮੀ ਕਾਨੂੰਨ ਵਿਚ ਅੰਤਰ ਤੇ ਰੌਸ਼ਨੀ ਪਾਈ ਹੈ ਜਿੱਥੇ ਕੁੱਤੇ ਨੂੰ ਇਨਸਾਫ਼ ਹਾਸਿਲ ਕਰਨ ਦਾ ਪੂਰਾ ਹੱਕ ਹੈ ਪਰ ਸਾਡੇ ਦੇਸ਼ ਵਿਚ ਬੰਦੇ ਦੇ ਮਰਨ 'ਤੇ ਵੀ ਇਨਸਾਫ਼ ਨਹੀਂ ਮਿਲਦਾ। ਕਹਾਣੀਕਾਰ ਦੀ ਇਹ ਕਹਾਣੀ ਖੁਲ੍ਹੇ ਅੰਤ ਵਾਲੀ ਕਹਾਣੀ ਹੈ।

ਇਸ ਪੂਰੇ ਕਹਾਣੀ ਸੰਗ੍ਰਹਿ ਦਾ ਅਧਿਐਨ ਕਰਨ ਤੋਂ ਬਾਦ ਅਸੀਂ ਕਹਿ ਸਕਦੇ ਹਾਂ ਕਿ ਰਵਿੰਦਰ ਰਵੀ

ਆਪਣੇ ਕਹਾਣੀ ਸੰਗ੍ਰਹਿ ਵਿਚ ਪੂਰਬੀ ਤੇ ਪੱਛਮੀ ਸਭਿਆਚਾਰਾਂ ਨੂੰ ਇਕ ਸੰਯੁਕਤ ਇਕਾਈ ਵਜੋਂ ਅਪਣਾ ਕੇ ਚਲਦਾ ਹੈ ਜਿਸ ਨਾਲ ਉਸ ਦੀਆਂ ਰਚਨਾਵਾਂ ਸਹੀ ਅਰਥਾਂ ਵਿਚ ਇੰਡੋ-ਕਨੇਡੀਅਨ ਸੁਭਾਅ ਵਾਲੀਆਂ ਬਣਦੀਆਂ ਹਨ। ਹਰ ਮੁਲਕ ਦੇ ਸਭਿਆਚਾਰ ਵਾਂਗ ਪੱਛਮੀ ਸੰਸਕ੍ਰਿਤੀ ਦੇ ਕੁਝ ਚੰਗੇ ਪੱਖ ਵੀ ਹਨ ਤੇ ਕੁਝ ਮਾੜੇ ਵੀ, ਪਰ ਰਚਨਾ ਦਾ ਜਨਮ ਹਮੇਸ਼ਾਂ ਲੇਖਕ ਦੀ ਆਪਣੀ ਸੋਚ ਆਪਣੇ ਵਿਹਾਰ ਅਤੇ ਆਪਣੀ ਪ੍ਰਤਿਭਾ ਦੇ ਬਲ ਉੱਤੇ ਕੀਤਾ ਜਾਂਦਾ ਹੈ।

ਅਸੀਂ ਕਹਿ ਸਕਦੇ ਹਾਂ ਕਿ ਰਵਿੰਦਰ ਰਵੀ ਇਕ ਉੱਘਾ ਤੇ ਕੁਸ਼ਲ ਕਹਾਣੀਕਾਰ ਹੈ ਜਿਸ ਨੂੰ ਪਾਤਰ ਚਿਤਰਨ, ਕਹਾਣੀ ਗੁੰਦਣ ਤੇ ਪ੍ਰਭਾਵ ਸਿਰਜਣ ਦੀ ਮੁਹਾਰਤ ਹੈ। ਕੇਵਲ ਬਾਹਰੀ ਰੂਪ ਦੀ ਚਿੱਤਰਕਾਰੀ ਦਾ ਨਾਮ ਸਾਹਿਤ ਨਹੀਂ ਹੈ ਯਥਾਰਥ ਦੀ ਤਹਿ ਤੱਕ ਜਾ ਕੇ ਅਧਿਐਨ ਕਰਨਾ ਇਕ ਸਾਹਿਤਕਾਰ ਦਾ ਮੁੱਖ ਕੰਮ ਹੈ। ਰਵਿੰਦਰ ਰਵੀ ਵੀ ਪਰਵਾਸ ਵਿਚ ਵਿਚਰਦਾ ਇਕ ਅਜਿਹਾ ਹੀ ਕਹਾਣੀਕਾਰ ਹੈ, ਜਿਸ ਦਾ ਹੋਣਾ ਪੰਜਾਬੀ ਸਾਹਿਤ ਵਿਚ ਬੜੀ ਮਾਣ ਵਾਲੀ ਗੱਲ ਹੈ।

* www.likhari.org ("ਲਿਖਾਰੀ")
* ਸੀ-122, ਯੂਨੀਵਰਸਿਟੀ ਕੈਂਪਸ,
ਕੁਰੂਕਸ਼ੇਤਰ-136119, ਹਰਿਆਣਾ (ਇੰਡੀਆ)
(25 ਨਵੰਬਰ 2007) ਯੂਨੀਕੋਡ
* ਵੈਬ ਮੈਗਜ਼ੀਨ "ਲਿਖਾਰੀ" ਵਿਚ 25 ਨਵੰਬਰ, 2007 ਨੂੰ ਛਪਿਆ।

# ਰਵਿੰਦਰ ਰਵੀ ਦੀ ਕਹਾਣੀ : ਸਭਿਆਚਾਰਕ ਪਰਿਪੇਖ
# (ਲੇਖਕ : ਡਾ. ਗੁਰਜੰਟ ਸਿੰਘ)

ਰਵਿੰਦਰ ਰਵੀ ਦਾ ਰਚਨਾ ਸੰਸਾਰ ਆਪਣੀ ਪ੍ਰਯੋਗਾਤਮਿਕ ਚਿੰਤਨ-ਦ੍ਰਿਸ਼ਟੀ ਕਾਰਨ ਵਿਲੱਖਣ ਸਥਾਨ ਦਾ ਧਾਰਨੀ ਬਣਦਾ ਹੈ। ਵਿਭਿੰਨ ਆਲੋਚਨਾ-ਪੁਸਤਕਾਂ, ਖੋਜ-ਪੱਤਰਾਂ, ਯੂਨੀਵਰਸਿਟੀਆਂ ਵਿਚ ਹੋਏ ਖੋਜ-ਪ੍ਰਬੰਧਾਂ, ਟਰਮ-ਪੇਪਰਾਂ ਆਦਿ ਵਿਚ ਉਸ ਦੀ ਰਚਨਾ ਨੂੰ ਅਧਿਐਨ-ਵਿਸ਼ਲੇਸ਼ਣ ਦਾ ਆਧਾਰ ਬਣਾਇਆ ਗਿਆ ਹੈ।

ਇਸੇ ਹੀ ਦਿਸ਼ਾ ਵਿਚ ਪੁਸਤਕ : "ਰਵਿੰਦਰ ਰਵੀ ਦੀ ਕਹਾਣੀ : ਸਭਿਆਚਾਰਕ ਪਰਿਪੇਖ" ਇਕ ਹੋਰ ਉਪਰਾਲਾ ਹੈ। ਇਹ ਪੁਸਤਕ ਚਾਰ ਅਧਿਆਇ ਵਿਚ ਵਿਭਾਜਿਤ ਕੀਤੀ ਗਈ ਹੈ। ਪਹਿਲੇ ਅਧਿਆਇ: 'ਰਵਿੰਦਰ ਰਵੀ ਦੀ ਕਥਾ ਰਚਨਾ : ਜੀਵਨ ਤੇ ਪ੍ਰਭਾਵ' ਵਿਚ ਲੇਖਕ ਦੇ ਜੀਵਨ-ਵੇਰਵਿਆਂ ਨੂੰ ਅੰਕਿਤ ਕਰਦੇ ਹੋਏ ਉਸ ਦੀ ਸਿਰਜਨਾਤਮਿਕ ਪ੍ਰਤਿਭਾ ਨੂੰ ਉਜਾਗਰ ਕੀਤਾ ਗਿਆ ਹੈ। ਦੂਜੇ ਅਧਿਆਇ : 'ਪਰਵਾਸ ਦਾ ਇਤਿਹਾਸਕ ਪਰਿਪੇਖ' ਵਿਚ ਪੰਜਾਬੀ ਪਰਵਾਸ ਦਾ ਇਤਿਹਾਸਿਕ ਚਿਤਰ ਉਲੀਕਣ ਦੀ ਕੋਸ਼ਿਸ਼ ਕੀਤੀ ਗਈ ਹੈ। ਤੀਸਰੇ ਅਧਿਆਇ : 'ਪਰਵਾਸ ਦਾ ਸਭਿਆਚਾਰਕ ਪਰਿਪੇਖ' ਵਿਚ ਪਰਵਾਸੀਆਂ ਨੂੰ ਦਰਪੇਸ਼ ਵਿਭਿੰਨ ਅੰਤਰ-ਸਭਿਆਚਾਰਕ ਸੰਕਟਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਚੌਥੇ ਅਧਿਆਇ : 'ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਸਭਿਆਚਾਰਕ ਅਧਿਐਨ' ਵਿਚ ਰਵਿੰਦਰ ਰਵੀ ਦੀ ਰਚਨਾ ਨੂੰ ਅਧਿਐਨ ਦਾ ਆਧਾਰ ਬਣਾਉਂਦੇ ਹੋਏ ਸਭਿਆਚਾਰਕ ਪਰਿਪੇਖ ਤੇ ਪਰਵਾਸੀ ਸੰਦਰਭ ਵਿਚ ਇਸ ਨੂੰ ਵਾਚਣ ਦਾ ਯਤਨ ਕੀਤਾ ਗਿਆ ਹੈ। ਅੰਤ 'ਤੇ ਪ੍ਰਾਪਤ ਸਿੱਟਿਆਂ ਨੂੰ 'ਸਿੱਟੇ ਤੇ ਸਥਾਪਨਾਵਾਂ' ਸਿਰਲੇਖ ਅਧੀਨ ਵਿਚਾਰਿਆ ਗਿਆ ਹੈ। ਇਸ ਤਰ੍ਹਾਂ ਰਵਿੰਦਰ ਰਵੀ ਦੇ ਕਹਾਣੀ-ਸੰਸਾਰ ਨੂੰ ਸਭਿਆਚਾਰਕ ਪ੍ਰਸੰਗ ਤੋਂ ਸਮਝਣ ਵਿਚ ਇਹ ਪੁਸਤਕ ਸਹਾਈ ਸਿੱਧ ਹੋ ਸਕਦੀ ਹੈ।

ਲੇਖਕ : ਡਾ. ਗੁਰਜੰਟ ਸਿੰਘ
ਮੁੱਲ : 250 ਰੁਪਏ, ਪੰਨੇ : 190
ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪ੍ਰਕਾਸ਼ਨ ਸਾਲ : 2010

**–ਡਾ. ਅਕਾਲ ਅੰਮ੍ਰਿਤ ਕੌਰ**
"ਅਜੀਤ", ਜਲੰਧਰ, ਭਾਰਤ, ਜੂਨ 12, 2011

# ਰਵਿੰਦਰ ਰਵੀ ਵਲੋਂ ਲਿਖੀਆਂ ਆਪਣੇ ਕੁਝ ਕਹਾਣੀ-ਸੰਗ੍ਰਹਿਆਂ ਦੀਆਂ ਭੂਮਿਕਾਵਾਂ



# "ਗੋਰੀਆਂ ਸ਼ਹੀਦੀਆਂ" : ਆਰੰਭਕ ਸ਼ਬਦ

"ਗੋਰੀਆਂ ਸ਼ਹੀਦੀਆਂ" 2010 ਵਿਚ ਛਪ ਰਿਹਾ ਮੇਰਾ ਨੌਂਵਾਂ ਕਹਾਣੀ-ਸੰਗ੍ਰਹਿ ਹੈ, ਜਿਸ ਦੀਆਂ ਕਹਾਣੀਆਂ ਦਾ ਰਚਨਾ-ਕਾਲ 1992 ਤੋਂ 2009 ਤਕ ਦੇ, 17 ਸਾਲ ਹਨ। ਇਸ ਸੰਗ੍ਰਹਿ ਵਿਚ ਮੇਰੀਆਂ 9 ਨਿੱਕੀਆਂ ਹੁਨਰੀ ਕਹਾਣੀਆਂ ਅਤੇ 9 ਹੀ ਕਾਵਿ-ਕਥਾਵਾਂ ਸ਼ਾਮਿਲ ਹਨ। ਇਸ ਸੰਗ੍ਰਹਿ ਦੀਆਂ ਕਹਾਣੀਆਂ ਦੇ ਨਾਲ, ਮੈਂ 1955 ਵਿਚ ਸ਼ੁਰੂ ਕੀਤੀ ਆਪਣੀ ਕਥਾ-ਯਾਤਰਾ ਦੇ 54-55 ਸਾਲਾਂ ਦੌਰਾਨ 100 ਨਿੱਕੀਆਂ ਹੁਨਰੀ ਕਹਾਣੀਆਂ ਅਤੇ 33 ਕਾਵਿ-ਕਥਾਵਾਂ ਦਾ ਸਫ਼ਰ ਤੈ ਕਰ ਲਿਆ ਹੈ। ਆਪਣੀਆਂ ਕਾਵਿ-ਕਥਾਵਾਂ, ਮੈਂ ਕਵਿਤਾ ਤੇ ਕਹਾਣੀਆਂ ਦੇ ਸੰਗ੍ਰਹਿਆਂ, ਦੋਹਾਂ ਵਿਚ ਹੀ, ਸ਼ਾਮਿਲ ਕਰਦਾ ਰਿਹਾ ਹਾਂ ਕਿਉਂਕਿ ਪੰਜਾਬੀ ਦੇ ਸਾਹਿਤਿਕ ਪੰਡਤ ਅਜੇ ਤਕ ਵੀ ਇਹ ਨਿਰਣਾ ਨਹੀਂ ਕਰ ਸਕੇ ਕਿ ਇਹ ਕਵਿਤਾਵਾਂ ਹਨ ਜਾਂ ਕਹਾਣੀਆਂ ਤੇ ਜਾਂ ਫਿਰ ਕੋਈ ਨਵਾਂ ਰੂਪਾਕਾਰ।

ਮੇਰਾ ਅੱਠਵਾਂ ਕਹਾਣੀ-ਸੰਗ੍ਰਹਿ "ਆਪਣੇ ਆਪਣੇ ਟਾਪੂ" 1992 ਵਿਚ ਪ੍ਰਕਾਸ਼ਤ ਹੋਇਆ ਸੀ। ਉਸ ਤੋਂ ਪਹਿਲਾਂ "ਸਮੇਂ ਦੇ ਨਾਲ ਨਾਲ" (1989), ਮੇਰੀਆਂ ਚਰਚਤ ਕਹਾਣੀਆਂ ਦਾ ਇਕ ਸੰਗ੍ਰਹਿ ਵੀ ਛਪ ਚੁੱਕਾ ਸੀ। ਮੇਰੀਆਂ 50 ਚੋਣਵੀਆਂ ਕਹਾਣੀਆਂ ਦਾ ਇਕ ਸੰਗ੍ਰਹਿ "ਖੰਭਾਂ ਵਾਲੇ ਪਿੰਜਰੇ" 2000 ਵਿਚ, ਪਾਕਿਸਤਾਨ ਵਿਚ ਤੇ ਫਿਰ 2001 ਵਿਚ ਭਾਰਤ ਵਿਚ ਛਪਿਆ। 2002 ਵਿਚ ਇਕ ਚੋਣਵਾਂ ਸੰਗਹਿ (ਇਸਤਰੀ-ਮਰਦ ਪ੍ਰਸੰਗ) "ਚੋਣਵੀਆਂ ਕਹਾਣੀਆਂ" ਦੇ ਸ਼ੀਰਸ਼ਕ ਹੇਠ ਪ੍ਰਕਾਸ਼ਤ ਹੋਇਆ। "ਚੋਣਵੀਆਂ ਕਹਾਣੀਆਂ-2" (ਬ੍ਰਹਮੰਡਕ ਪ੍ਰਸੰਗ) 2008 ਵਿਚ ਪ੍ਰਕਾਸ਼ਤ ਹੋਇਆ।

ਮੇਰੀਆਂ ਸਮੁੱਚੀਆਂ ਕਹਾਣੀਆਂ ਦੇ ਦੋ ਸੰਗ੍ਰਹਿ "ਅਘਰਵਾਸੀ" 1984 ਵਿਚ ਅਤੇ "ਮੇਰੀ ਕਹਾਣੀ" 2006 ਵਿਚ ਪ੍ਰਕਾਸ਼ਤ ਹੋਏ।

ਇਹ ਕਹਾਣੀਆਂ ਮੈਂ ਤਿੰਨ ਦੇਸ਼ਾਂ, ਭਾਰਤ, ਕੀਨੀਆਂ ਅਤੇ ਕੈਨੇਡਾ ਵਿਚ ਰਹਿੰਦਿਆਂ ਤੇ ਵਿਸ਼ਵ ਪੱਧਰ ਉੱਤੇ, ਅਨੇਕਾਂ ਦੇਸ਼ਾਂ ਦਾ ਰਟਨ ਕਰਦਿਆਂ ਲਿਖੀਆਂ ਹਨ। ਇਨ੍ਹਾਂ ਦੇ ਪਾਤਰ ਤੇ ਮੁੱਦੇ ਵੱਖ, ਵੱਖ ਭਾਸ਼ਕ, ਸੱਭਿਆਚਾਰਕ ਤੇ ਖੇਤਰੀ ਸਮੂਹਾਂ ਨਾਲ ਸੰਬੰਧਤ ਹਨ। ਇਨ੍ਹਾਂ ਦੀ ਵਿਵਿਧਤਾ ਤੇ ਅਨੇਕਤਾ ਵਿਚ ਵੀ ਇਕ ਏਕਤਾ ਹੈ, ਕਿਉਂਕਿ ਇਨ੍ਹਾਂ ਦਾ ਸੰਬੰਧ ਇਨਸਾਨ ਤੇ ਇਨਸਾਨੀਅਤ ਨਾਲ ਹੈ। ਗਲੋਬਲ ਪਿੰਡ ਦੇ ਇਨ੍ਹਾਂ ਸ਼ਹਿਰੀਆਂ ਨੂੰ, ਮਾਨਵਵਾਦੀ ਦ੍ਰਿਸ਼ਟੀਕੋਨ ਤੋਂ, ਗਲੋਬਲ ਚੇਤਨਾ ਨਾਲ ਹੀ, ਕਥਾ-ਸਾਹਿਤ ਦਾ ਬੋਧ ਅੰਗ ਬਣਾਇਆ ਜਾ ਸਕਦਾ ਹੈ।

ਕਹਾਣੀ ਸਦਾ ਹੀ ਮੇਰੇ ਪਿੱਛੇ, ਪਿੱਛੇ ਰਹੀ ਹੈ ਅਤੇ ਮੈਂ ਉਸ ਤੋਂ ਅੱਗੇ, ਅੱਗੇ। ਕਈ ਵਾਰ, ਕਹਾਣੀ

ਤੋਂ ਵਿਥ ਥਾਪ ਕੇ, ਮੈਂ ਕਾਵਿ-ਨਾਟਕ ਵਲ ਵਧੇਰੇ ਰੁਚਿਤ ਹੋ ਜਾਂਦਾ ਰਿਹਾ ਹਾਂ। ਇਸ ਦੌਰਾਨ ਕਵਿਤਾ ਅਤੇ ਸਾਹਿਤ ਦੇ ਹੋਰ ਰੂਪਾਂ ਉੱਤੇ ਵੀ ਕਲਮ ਚੱਲਦੀ ਰਹੀ।

ਕਹਾਣੀ, ਸਾਹਿਤ ਵਿਚ ਮੇਰਾ ਪਹਿਲਾ ਇਸ਼ਕ ਸੀ। ਸਭ ਤੋਂ ਪਹਿਲਾਂ ਮੈਂ 1955 ਦੇ ਦੌਰਾਨ ਕਹਾਣੀਆਂ ਹੀ ਲਿਖੀਆਂ ਸਨ। ਕਵਿਤਾ ਮੇਰੇ ਜੀਵਨ ਵਿਚ 4-5 ਸਾਲ ਪਛੜ ਕੇ ਆਈ ਅਤੇ ਕਾਵਿ-ਨਾਟਕ 18 ਸਾਲ ਪਛੜਕੇ। ਇਸ ਸੰਗ੍ਰਹਿ ਦੇ ਪਹਿਲੇ ਭਾਗ ਦੀਆਂ ਪਿਛਲੀਆਂ ਪੰਜ, ਨਿੱਕੀਆਂ ਹੁਨਰੀ ਕਹਾਣੀਆਂ, ਮੈਂ 19 ਜੁਲਾਈ 2009 ਤੋਂ 23 ਜੁਲਾਈ 2009 ਤਕ ਦੇ ਪੰਜ ਦਿਨਾਂ ਵਿਚ ਲਿਖੀਆਂ ਹਨ।

ਕੀ ਕਹਾਣੀ ਮੇਰੇ ਅੰਗ ਸੰਗ ਰਹਿੰਦੀ ਹੋਈ, ਮੇਰਾ ਆਖਿਰੀ ਇਸ਼ਕ ਵੀ ਬਣੇਂਗੀ ? ਸਮਾਂ ਹੀ ਦੱਸੇਗਾ !!!

**-ਰਵਿੰਦਰ ਰਵੀ**

# ਟਾਪੂਆਂ ਦੀ ਆਤਮ-ਕਥਾ

"ਆਪਣੇ ਆਪਣੇ ਟਾਪੂ" ਮੇਰਾ ਅੱਠਵਾਂ ਕਹਾਣੀ-ਸੰਗ੍ਰਹਿ ਹੈ, ਜਿਸ ਵਿਚ ਮੇਰੀਆਂ 9 ਕਹਾਣੀਆਂ ਅਤੇ 9 ਹੀ ਕਾਵਿ-ਕਥਾਵਾਂ ਤੇ ਗੱਦ-ਕਾਵਿ-ਕਥਾਵਾਂ ਸ਼ਾਮਿਲ ਹਨ। 1984 ਵਿਚ ਮੇਰੀਆਂ ਸੁਮੱਚੀਆਂ ਕਹਾਣੀਆਂ ਦਾ ਇਕ ਸੰਗ੍ਰਹਿ "ਅਘਰਵਾਸੀ" ਵੀ ਛਪਿਆ ਸੀ ਜਿਸ ਵਿਚ ਮੇਰੇ ਪਹਿਲੇ ਛੇ ਕਹਾਣੀ-ਸੰਗ੍ਰਹਿਆਂ ਦੀਆਂ ਕਹਾਣੀਆਂ ਸੰਕਲਿਤ ਸਨ। ਇਸ ਵਿਚ ਆਪਣੇ ਅਗਾਮੀ ਕਹਾਣੀ-ਸੰਗ੍ਰਹਿ "ਕੰਪਿਊਟਰ ਕਲਚਰ" ਦੀਆਂ ਦੋ ਨਵੀਆਂ ਕਹਾਣੀਆਂ ਵੀ ਮੈਂ ਪਾ ਦਿੱਤੀਆਂ ਸਨ। 1989 ਵਿਚ ਮੇਰੀਆਂ ਚਰਚਤ ਕਹਾਣੀਆਂ ਦਾ ਇਕ ਸੰਗ੍ਰਹਿ "ਸਮੇਂ ਦੇ ਨਾਲ ਨਾਲ" ਪ੍ਰਕਾਸ਼ਤ ਹੋਇਆ ਜਿਸ ਵਿਚ ਹੱਥਲੇ ਸੰਗ੍ਰਹਿ ਦੀਆਂ ਤਿੰਨ ਨਵੀਆਂ ਕਹਾਣੀਆਂ ਦੇ ਨਾਲ ਪਹਿਲੇ ਸੱਤ ਸੰਗ੍ਰਹਿਆਂ ਦੀਆਂ 44 ਚਰਚਿਤ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਸਨ।

ਹੱਥਲੇ ਸੰਗ੍ਰਹਿ ਦੀ ਹਰ ਕਹਾਣੀ ਜਿੱਥੇ ਮੇਰੇ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜੀ ਹੋਣ ਦੀ ਸਾਂਝ ਵਿਚ ਪਰੁੱਤੀ ਹੋਈ ਹੈ, ਉਥੇ ਇਕ ਟਾਪੂ ਵਾਂਗ ਵਸਤੂ ਤੇ ਰੂਪ ਦੇ ਪੱਖੋਂ ਆਪਣੀ ਵੱਖਰੀ ਤੇ ਵਿਲੱਖਣ ਪਛਾਣ ਵੀ ਰੱਖਦੀ ਹੈ।

'ਤੈਂ ਕੀ ਦਰਦ ਨਾ ਆਇਆ' ਕਹਾਣੀ ਪਰਵਾਸੀ ਦ੍ਰਿਸ਼ਟੀ ਤੋਂ ਪੰਜਾਬ ਦੀ ਦੁਖਾਂਤਕ ਸਮੱਸਿਆ ਤੇ ਸੰਤਾਪ ਬਾਰੇ ਹੀ ਇਕ ਪ੍ਰਤੀਕਰਮ ਹੈ। ਬਾਕੀ ਦੀਆਂ ਕਹਾਣੀਆਂ ਜ਼ਾਹਿਰਾ ਤੌਰ 'ਤੇ ਇਸਤਰੀ ਪੁਰਖ ਦੇ ਬਹੁਮੁਖੀ ਆਪਸੀ ਰਿਸ਼ਤੇ ਨਾਲ ਦੋ-ਚਾਰ ਹੁੰਦੀਆਂ ਹੋਈਆਂ ਵੀ, ਏਸ ਮਾਧਿਅਮ ਰਾਹੀਂ ਆਪੋ-ਆਪਣੇ ਵੱਖਰੇ ਅੰਦਾਜ਼ ਵਿਚ ਜੀਵਨ ਦੇ ਵੱਖ ਵੱਖ ਪਹਿਲੂਆਂ ਨੂੰ ਸਮਝਣ, ਸਮਝਾਉਣ ਦੇ ਅਮਲ ਦੁਆਰਾ, ਕੱਥ ਤੇ ਵੱਥ ਦੀ ਨਵੀਂ ਬਾਤ ਪਾਉਂਦੀਆਂ ਹਨ।

ਕਾਵਿ-ਕਥਾਵਾਂ ਤੇ ਗੱਦ-ਕਾਵਿ-ਕਥਾਵਾਂ ਦੇ ਨਵੇਂ ਰੂਪਾਕਾਰ ਦੇ ਮਾਧਿਅਮ ਦੁਆਰਾ ਮੈਂ ਸਦਾ ਹੀ ਸੂਖਮ ਤੇ ਕਾਵਿ-ਕਥਾਵੀ ਸਥਿਤੀਆਂ ਨਾਲ ਦੋ ਚਾਰ ਹੁੰਦਾ ਰਿਹਾ ਹਾਂ। ਏਥੇ ਆਣ ਕੇ ਕਾਵਿ, ਕਾਵਿ ਨਹੀਂ ਰਹਿੰਦਾ ਤੇ ਕਥਾ, ਕਥਾ ਨਹੀਂ ਰਹਿੰਦੀ, ਸਗੋਂ ਸਭ ਕੁਝ ਟੁੱਟ, ਭੱਜ ਇਕ ਦੂਜੇ ਵਿਚ ਸਮਾ ਜਾਂਦਾ ਹੈ। ਏਸ ਟੁੱਟ, ਭੱਜ ਦੇ ਰਚਨਾਤਮਕ ਅਮਲ ਦੁਆਰਾ ਇਸ ਦੇ ਮੁੜ ਜੁੜਨ 'ਚੋਂ ਹੀ ਏਸ ਰੂਪਾਕਾਰ ਦੀ ਵਿਲੱਖਣ ਇਕਾਈ ਦਾ ਸਹਿਜ-ਜਨਮ ਹੁੰਦਾ ਹੈ। ਕਾਵਿ ਤੇ ਕਥਾ ਦੀਆਂ ਰਵਾਇਤੀ ਪਰਿਭਾਸ਼ਾਵਾਂ ਏਸ ਰੂਪਾਕਾਰ ਦੇ ਮੇਚ ਨਹੀਂ ਆਉਂਦੀਆਂ। ਬਿੰਬ 'ਚੋਂ ਬਿੰਬ ਤੇ ਚਿੰਨ੍ਹ 'ਚੋਂ ਚਿੰਨ੍ਹ ਨਿਕਲਦੇ ਤੁਰੇ ਆਉਂਦੇ ਹਨ। ਗੈਪਸ (Gaps) ਦੀਆਂ ਗਹਿਰਾਈਆਂ ਵਿਚ ਵਿਚਰਦੀ ਕਥਾ-ਤੰਦ ਤੇ ਕਾਵਿਕ ਰਮਜ਼ ਪੀਡੀ ਤੇ ਜਟਿਲ ਹੁੰਦੀ ਤੁਰੀ ਜਾਂਦੀ ਹੈ। ਓਪਰਾ, ਓਪਰਾ ਜਿਹਾ ਕਾਵਿ-ਕਥਾਵੀ ਮਾਹੌਲ ਵੀ ਪਛਾਣਿਆ ਪਛਾਣਿਆ ਲੱਗਦਾ ਹੈ। ਵਿਚ-ਵਿਚ ਚਮਤਕਾਰੀ ਚਮਕਾਰੇ (Flashes) ਅੱਖੀਆਂ ਤੇ ਸੁਰਤੀ ਨੂੰ ਚੁੰਧਿਆ ਕੇ ਵੀ ਕੁਝ ਸੁਝਾਅ, ਸਮਝਾ ਜਾਂਦੇ ਹਨ। ਸੋਚਣ, ਸਮਝਣ ਲਈ ਮਜਬੂਰ ਕਰ ਦਿੰਦੇ ਹਨ। ਕਦੇ ਇਹ ਵਿਚਾਰਾਂ ਦੀ ਕਥਾ ਹੁੰਦੀ ਹੈ, ਕਦੇ ਅਹਿਸਾਸਾਂ ਦੀ ਅਤੇ ਕਦੇ ਇਨ੍ਹਾਂ ਦੋਹਾਂ ਦੇ ਪਰਵਾਹ ਦੀ। ਕਦੇ ਇਨ੍ਹਾਂ ਦੋਹਾਂ ਦਾ ਸਮੁੱਚਾ ਪ੍ਰਭਾਵ। ਇਸੇ ਲਈ ਇਸ ਵਿਚ ਦਰਸ਼ਨ ਵੀ

ਹੈ ਤੇ ਦ੍ਰਿਸ਼ਟੀ ਵੀ। ਵਿਅੰਗ ਜਦੋਂ ਇਸ ਦੇ ਖ਼ਮੀਰ ਵਿਚ ਸਮਾ ਜਾਂਦਾ ਹੈ, ਤਾਂ ਇਹ ਜੱਰਾਹ (Surgen) ਅਤੇ ਉਸ ਦੇ ਔਜ਼ਾਰਾਂ ਦਾ ਰੂਪ ਵੀ ਧਾਰਨ ਕਰ ਲੈਂਦੀ ਹੈ।

ਏਸ ਨਵੇਂ ਰੂਪਾਕਾਰ ਨੂੰ ਵਿਦਵਾਨਾਂ ਤੇ ਪਾਰਖੂਆਂ ਨੇ ਕਿਸ ਖਾਨੇ ਵਿਚ ਰੱਖ ਕੇ ਵਿਚਾਰਨਾ ਹੈ ? ਕਾਵਿ ਦੇ ਜਾਂ ਕਥਾ ਦੇ ? ਇਹ ਉਹਨਾਂ ਦੀ ਸਮੱਸਿਆ ਹੈ। ਮੈਂ ਆਪਣੇ ਕਾਵਿ-ਨਾਟਕਾਂ ਵਾਂਗ ਹੀ ਏਸ ਨਵੇਂ ਰੂਪਾਕਾਰ ਨੂੰ ਵੀ ਜੀ ਵਿਚਰਕੇ ਸਿਰਜ ਰਿਹਾ ਹਾਂ।

## 2

ਮੈਂ ਪਰਵਾਸੀ ਪੰਜਾਬੀ ਲੇਖਕਾਂ ਦੀ ਉਸ ਸ਼੍ਰੇਣੀ ਨਾਲ ਸੰਬੰਧਤ ਹਾਂ, ਜਿਸ ਨੂੰ ਪਰਵਾਸ ਭੋਗਦਿਆਂ, ਭੁਗਤਦਿਆਂ ਵੀ ਇਕ ਲੰਮੇ ਸਮੇਂ ਤਕ ਭਾਰਤੀ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਦਾ ਇਕ ਅਨਿੱਖੜ ਅੰਗ ਸਮਝਿਆ ਜਾਂਦਾ ਰਿਹਾ ਹੈ। ਉਦੋਂ ਅਜੇ ਸੁਦੇਸ਼ੀ ਤੇ ਪਰਵਾਸੀ ਪੰਜਾਬੀ ਸਾਹਿਤ ਦੀ ਅੱਜ ਵਾਂਗ ਨਿੱਖੜਵੀਂ ਗੱਲ ਨਹੀਂ ਸੀ ਚੱਲੀ।

ਪਰਵਾਸੀ ਪੰਜਾਬੀ ਸਾਹਿਤ ਨੂੰ ਵੱਖਰੀ ਸ਼੍ਰੇਣੀ ਵਿਚ ਰੱਖ ਕੇ ਪਰਖਣ ਦੀ ਚੇਤਨਾ ਸਾਡੇ ਵਿਦਵਾਨਾਂ ਤੇ ਪਾਰਖੂਆਂ ਵਿਚ 1980 ਵਿਚ ਇੰਗਲੈਂਡ ਵਿਚ ਹੋਏ ਵਿਸ਼ਵ ਪੰਜਾਬੀ ਸੰਮੇਲਨ ਤੋਂ ਬਾਅਦ ਹੀ ਜੱਥੇਬੰਦਕ ਰੂਪ ਵਿਚ ਪ੍ਰਗਟ ਹੋਣੀ ਸ਼ੁਰੂ ਹੋਈ ਸੀ। ਇਸ ਦੌਰਾਨ ਅੱਠ ਸਾਲ ਮੈਂ ਕੀਨੀਆ ਵਿਚ ਰਿਹਾ ਤੇ 5-6 ਸਾਲ ਕੈਨੇਡਾ ਵਿਚ ਵੀ, ਪਰ 1980 ਤੋਂ ਪਹਿਲਾਂ ਮੇਰੇ ਸਾਹਿਤ ਨੂੰ ਭਾਰਤ ਦੀ ਮੁੱਖ-ਧਾਰਾ ਨਾਲ ਜੋੜ ਕੇ ਹੀ ਵਿਚਾਰਿਆ ਜਾਂਦਾ ਰਿਹਾ ਹੈ। ਸੱਠਵਿਆਂ ਵਿਚ ਭਾਰਤ ਵਿਚ ਚੱਲੀ ਪ੍ਰਯੋਗਸ਼ੀਲ ਲਹਿਰ ਨਾਲ ਸੰਬੰਧਤ ਵਿਸ਼ੇਸ਼ਣ ਤਾਂ ਅੱਜ ਤਕ ਵੀ ਮੇਰੇ ਨਾਮ ਨਾਲ ਜੋੜੇ ਜਾਂਦੇ ਹਨ।

ਜੀਵਨ ਅਤੇ ਸਾਹਿਤ, ਦੋਹਾਂ ਵਿਚ ਹੀ, ਮੇਰੀ ਪਰਵਾਸ-ਯਾਤਰਾ 21 ਜਨਵਰੀ 1967 ਨੂੰ ਸ਼ੁਰੂ ਹੋ ਗਈ ਸੀ, ਜਦੋਂ ਮੈਂ ਬੰਬਈ ਦੀ ਬੰਦਰਗਾਹ ਤੋਂ ਮੁੰਬਾਸਾ (ਕੀਨੀਆ) ਲਈ ਸਮੁੰਦਰੀ ਜਹਾਜ਼ ਫੜਿਆ ਸੀ। ਇਹ ਗੱਲ ਵੱਖਰੀ ਹੈ ਕਿ ਦੇਸ਼ ਤੇ ਪ੍ਰਦੇਸ ਦੋਹੀਂ ਥਾਈਂ ਰਹਿੰਦਿਆਂ ਸਥਿਤੀ : "ਮਨ ਪ੍ਰਦੇਸੀ ਜੇ ਥੀਆ, ਸਭ ਦੇਸ ਪਰਾਇਆ" ਵਾਲੀ ਹੀ ਬਣੀ ਰਹੀ ਹੈ :

ਕਦੇ ਤਾਂ ਮੌਸਮ ਬਦਲੇਗਾ ਹੀ
ਬੇਘਰਿਆਂ ਨੂੰ ਮਿਲ ਜਾਏਗਾ
ਦੇਸ ਕਦੇ,
ਕਦੇ ਘਰਵਾਸ।
ਦੇਸ਼ ਬੇਗਾਨਾ ਹੋਇਆ,
ਆਪਣਾ ਦੇਸ਼ ਬੇਗਾਨਾ ਹੋਇਆ।
ਪਹਿਲਾਂ ਦੇਸ਼ ਰਹਿੰਦਿਆਂ ਇੰਜ ਸੀ,
ਹੁਣ ਪ੍ਰਦੇਸ ਰਹਿੰਦਿਆਂ ਇੰਜ ਹੈ।
ਆਪਣਾ ਦੇਸ਼ ਕਯਾ ਹੈ ਪਿਆਰੇ ?
ਆਪਣਾ ਦੇਸ਼ ਤਾਂ ਕੇਵਲ ਮੈਂ ਹਾਂ।
**ਆਪਣੇ ਦੇਸ਼** ("ਆਪਣੇ ਖ਼ਿਲਾਫ਼"-1986)

ਮੇਰੀ ਕਹਾਣੀ 'ਐਵਰੀ ਮੈਨਜ਼ ਵਾਟਰ' ਦੇ ਮੁੱਖ ਕਿਰਦਾਰ ਕੀਨੀਆ ਲਈ ਸਫ਼ਰ ਸ਼ੁਰੂ ਕਰਦਿਆਂ ਹੀ ਮੈਨੂੰ ਸਮੁੰਦਰੀ ਜਹਾਜ਼ ਵਿਚ ਮਿਲ ਗਏ ਸਨ। ਮੁੰਬਾਸਾ (ਕੀਨੀਆ) ਤੱਕ ਪਹੁੰਚਦਿਆਂ ਇਹ ਕਹਾਣੀ, ਹਿੰਦ ਮਹਾਂ-ਸਾਗਰ ਵਿਚ ਸਫ਼ਰ ਕਰਦਿਆਂ, ਮੁਕੰਮਲ ਰੂਪ ਵਿਚ ਲਿਖ ਲਈ ਗਈ ਸੀ। ਅਦਾਕਮਿਕ ਤੇ ਤਕਨੀਕੀ

ਭਾਸ਼ਾ ਦੇ ਨਜ਼ਰੀਏ ਤੋਂ ਪਰਵਾਸੀ ਜੀਵਨ ਨਾਲ ਸੰਬੰਧਤ ਪੰਜਾਬੀ ਵਿਚ ਇਹ ਸ਼ਾਇਦ ਮੇਰੀ ਹੀ ਪਹਿਲੀ ਕਹਾਣੀ ਨਹੀਂ ਸੀ, ਸਗੋਂ ਹੋ ਸਕਦਾ ਹੈ ਕਿ ਸਮੁੱਚੇ ਪਰਵਾਸੀ ਪੰਜਾਬੀ ਸਾਹਿਤ ਦੀ ਵੀ ਇਹ ਪਹਿਲੀ ਕਹਾਣੀ ਹੀ ਹੋਵੇ। ਬੰਬਈ ਤੋਂ ਮੈਂ 21 ਜਨਵਰੀ, 1967 ਨੂੰ ਤੁਰਿਆ ਸਾਂ ਅਤੇ ਕਰਾਚੀ ਤੇ ਸ਼ੀਸ਼ਲਜ਼ ਤੋਂ ਹੁੰਦਾ 3 ਫਰਵਰੀ, 1967 ਨੂੰ ਮੁੰਬਾਸਾ ਪਹੁੰਚਾ ਸਾਂ। ਏਸ ਕਹਾਣੀ ਦਾ ਰਚਨਾ ਕਾਲ ਇਸ ਸਮੇਂ ਵਿਚਕਾਰ ਹੀ ਮਿਥਿਆ ਜਾ ਸਕਦਾ ਹੈ।

ਏਸ ਕਹਾਣੀ ਤੋਂ ਢੇਰ ਚਿਰ ਪਹਿਲਾਂ 1960-61 ਵਿਚ ਭਾਰਤ ਰਹਿੰਦਿਆਂ, ਮੈਂ ਇਕ ਹੋਰ ਕਹਾਣੀ 'ਪਾਸਪੋਰਟ' ਲਿਖੀ ਸੀ, ਜਿਸ ਦਾ ਮੁੱਖ ਕਿਰਦਾਰ ਇੰਗਲੈਂਡ ਵਿਚ ਕਮਾਈ ਲਈ ਗਿਆ ਇਕ ਪੇਂਡੂ ਪੰਜਾਬੀ ਹੈ। ਇਸ ਕਹਾਣੀ ਦਾ ਨਾਇਕ ਜਦੋਂ ਛੁੱਟੀ ਕੱਟਣ ਅਤੇ ਘਰ ਵਾਲਿਆਂ ਨੂੰ ਮਿਲਣ ਵਾਸਤੇ ਭਾਰਤ ਪਰਤਦਾ ਹੈ ਤਾਂ ਉਸ ਦੀ ਪਤਨੀ, ਉਸ ਦੀ ਪਤਨੀ ਨਹੀਂ ਰਹਿੰਦੀ, ਸਗੋਂ ਉਸ ਦੇ ਛੋਟੇ ਭਰਾ ਦੇ ਬੱਚੇ ਦੀ ਮਾਂ ਬਣ ਚੁੱਕੀ ਹੁੰਦੀ ਹੈ।

ਪੰਜਾਬੀਆਂ ਦੇ ਪਰਵਾਸ ਧਾਰਨ ਕਰਨ ਕਾਰਨ ਪੰਜਾਬੀ ਜਨ-ਜੀਵਨ ਜਿਸ ਨੈਤਿਕ, ਭਾਵੁਕ, ਆਤਮਿਕ, ਸਮਾਜਕ ਤੇ ਵਿਅਕਤੀਗਤ ਕੀਮਤਾਂ ਤੇ ਰਿਸ਼ਤਿਆਂ ਦੀ ਟੁੱਟ-ਭੱਜ ਦੇ ਸੰਤਾਪ ਵਿਚੋਂ ਗੁਜ਼ਰਿਆ ਹੈ, ਇਹ ਕਹਾਣੀ ਉਸੇ ਦਾ ਸਾਖਸ਼ਾਤ ਤੇ ਪ੍ਰਭਾਵਸ਼ਾਲੀ ਚਿਤਰ ਹੈ। ਜਾਂ ਇੰਜ ਕਹਿ ਲਓ ਕਿ ਪੰਜਾਬੀਆਂ ਦੇ ਪਰਵਾਸ ਧਾਰਨ ਕਰਨ ਨਾਲ ਭਾਰਤ ਵਿਚ ਵੱਸਦੇ ਉਨ੍ਹਾਂ ਦੇ ਨਿਕਟ ਪਰਵਾਰਾਂ ਉੱਤੇ ਕੀ ਪ੍ਰਭਾਵ ਪਿਆ ? ਇਹ ਕਹਾਣੀ ਉਸੇ ਲੰਮੀਂ ਦਾਸਤਾਨ ਦਾ ਪੰਜਾਬੀ ਗਲਪ ਸਾਹਿਤ ਵਿਚ ਮੁੱਢ ਬੰਨ੍ਹਣ ਦਾ ਦਾਅਵਾ ਕਰਦੀ ਹੈ।

ਜੁਲਾਈ ਤੇ ਅਗਸਤ 1968 ਵਿਚ ਮੈਨੂੰ ਕੀਨੀਆ ਤੋਂ ਇੰਗਲੈਂਡ ਤੇ ਫਰਾਂਸ ਦੀ ਯਾਤਰਾ ਕਰਨ ਦਾ ਮੌਕਾ ਮਿਲਿਆ। ਮੇਰੀ ਏਸ ਯਾਤਰਾ ਦੇ ਸੱਜਰੇ ਅਨੁਭਵਾਂ 'ਚੋਂ ਤਿੰਨ ਕਹਾਣੀਆਂ ਦਾ ਜਨਮ ਹੋਇਆ। ਇਨ੍ਹਾਂ 'ਚੋਂ ਦੋ ਕਹਾਣੀਆਂ 'ਅਪਰਾਧ-ਮੁਕਤ' ਤੇ 'ਮਸ਼ੀਨਾਂ ਅਤੇ ਆਤਮਹੀਣ ਹੁੰਦੇ ਵਿਅਕਤੀ' ਦਾ ਸੰਬੰਧ ਇੰਗਲੈਂਡ ਵਿਚ ਵੱਸਦੇ ਪੰਜਾਬੀ ਕਿਰਦਾਰਾਂ ਨਾਲ ਹੈ ਅਤੇ ਤੀਜੀ ਕਹਾਣੀ 'ਪੈਰਸ ਦੀ ਕੁੜੀ' ਮੇਰੇ ਪੈਰਸ ਵਿਚ ਹੋਏ ਅਨੁਭਵ-ਜਗਤ ਨਾਲ ਸਿੱਧਾ ਸੰਬੰਧ ਰੱਖਦੀ ਹੈ। ਇਹ ਤਿੰਨ ਕਹਾਣੀਆਂ ਵੀ ਮੇਰੇ ਕਹਾਣੀ-ਸੰਗ੍ਰਹਿ "ਸ਼ਹਿਰ ਵਿਚ ਜੰਗਲ" (1969) ਵਿਚ ਸ਼ਾਮਿਲ ਹਨ। ਏਸ ਸੰਗ੍ਰਹਿ ਵਿਚ ਸ਼ਾਮਿਲ ਬਾਕੀ ਦੀਆਂ ਛੇ ਕਹਾਣੀਆਂ ਦਾ ਸੰਬੰਧ ਜੇ ਕੀਨੀਆਂ ਵਿਚ ਹੰਢਾਏ ਮੇਰੇ ਅਨੁਭਵਾਂ ਨਾਲ ਹੈ ਤਾਂ ਇਕ ਕਹਾਣੀ 'ਮਾਣਸ ਜਨਮ' ਸਿੱਧੇ ਤੌਰ ਤੇ ਭਾਰਤ ਨਾਲ ਵੀ ਸੰਬੰਧਤ ਹੈ। ਮੈਂ ਜਿੰਨੀ ਵਾਰੀ ਭਾਰਤ ਪਰਤਿਆ ਹਾਂ, ਕੋਈ ਨਾ ਕੋਈ ਕਹਾਣੀ ਉਂਗਲੀ ਫੜੀ ਮੇਰੇ ਨਾਲ ਮੇਰੇ ਪਰਵਾਸੀ ਜੀਵਨ ਵਿਚ ਜ਼ਰੂਰ ਪਰਤ ਆਉਂਦੀ ਰਹੀ ਹੈ। ਚਾਹੇ ਇਹ ਕਹਾਣੀ ਭਾਰਤ ਵਿਚ ਲੱਗੀ ਐਮਰਜੈਂਸੀ ਨਾਲ ਸੰਬੰਧਤ ਹੋਵੇ ('ਕੈਨਸਰ') ਤੇ ਚਾਹੇ ਦਾਰਸ਼ਨਿਕ ਤੇ ਦੁਖਾਂਤਕ-ਸੁਖਾਂਤਕ ਘਟਨਾ ਨਾਲ ('ਦਸ ਵਰ੍ਹੇ ਲੰਮੀ ਨੀਂਦ')। ਇਹ ਦੋਵੇਂ ਕਹਾਣੀਆਂ ਮੇਰੇ ਕਹਾਣੀ ਸੰਗ੍ਰਹਿ "ਜਿੱਥੇ ਦੀਵਾਰਾਂ ਨਹੀਂ" (1978) ਵਿਚ ਸ਼ਾਮਿਲ ਹਨ। ਇਸੇ ਤਰ੍ਹਾਂ 'ਕੰਪਿਊਟਰ ਕਲਚਰ' ਕਹਾਣੀ-ਸੰਗ੍ਰਹਿ (1985) ਵਿਚ ਸ਼ਾਮਿਲ ਇਕ ਹੋਰ ਕਹਾਣੀ 'ਸ਼ਹੀਦ ਦੀ ਮਾਂ' ਵੀ ਉਚੇਚਾ ਜ਼ਿਕਰ ਮੰਗਦੀ ਹੈ ਕਿਉਂਕਿ ਇਸ ਵਿਚ ਪੰਜਾਬੀ ਕਿਰਦਾਰ ਦੀ ਜੁਝਾਰੂ ਸੂਰਮਤਾਈ ਨੂੰ ਬਿਲਕੁਲ ਹੀ ਨਿਵੇਕਲੇ ਅੰਦਾਜ਼ ਵਿਚ ਪੇਸ਼ ਕੀਤਾ ਗਿਆ ਹੈ।

ਜੋ ਲੇਖਕ ਜੀ ਵਿਚਰ ਕੇ ਲਿਖਦਾ ਹੈ, ਉਸਦੀਆਂ ਰਚਨਾਵਾਂ ਵਿਚ ਅਜਿਹੀ ਵਿਵਿਧਤਾ ਬਣੀ ਰਹਿੰਦੀ ਹੈ। ਮੇਰਾ ਤਾਂ ਸਿਧਾਂਤ ਹੀ ਇਹ ਰਿਹਾ ਹੈ ਕਿ ਰਚਨਾ, ਰਚਨਹਾਰੇ ਦਾ ਸਿਰਜਣਾਤਮਕ ਆਪਾ (self) ਹੁੰਦੀ ਹੈ ਅਤੇ ਸੁਹਿਰਦ ਅਨੁਭਵ ਉਸ ਦੀ ਰੀੜ੍ਹ ਦੀ ਹੱਡੀ। ਆਪਣੇ ਏਸ ਸਿਧਾਂਤ ਦਾ ਜ਼ਿਕਰ ਮੈਂ "ਮੌਨ ਹਾਦਸੇ" (ਕਾਵਿ-ਸੰਗ੍ਰਹਿ) ਦੀ ਭੂਮਿਕਾ ਵਿਚ ਵੀ ਕਰ ਦਿੱਤਾ ਸੀ। ਏਸ ਸੰਗ੍ਰਹਿ ਵਿਚ 1965 ਤੋਂ 66 ਤੱਕ ਭਾਰਤ ਵਿਚ ਰਹਿ ਕੇ ਲਿਖੀਆਂ ਮੇਰੀਆਂ ਕਵਿਤਾਵਾਂ ਸ਼ਾਮਿਲ ਹਨ ਤੇ ਜਨਵਰੀ 1967 ਵਿਚ ਇਹ ਸੰਗ੍ਰਹਿ ਪ੍ਰਕਾਸ਼ਤ ਹੋ ਗਿਆ ਸੀ।

ਆਪਣੇ ਆਪ ਨੂੰ ਇੰਗਲੈਂਡ ਅਤੇ ਉੱਤਰੀ ਅਮਰੀਕਾ ਆਦਿ ਵਿਚ ਵੱਸੇ ਹੋਰ ਪਰਵਾਸੀ ਪੰਜਾਬੀ

ਲੇਖਕਾਂ ਨਾਲੋਂ ਨਿਖੇੜਨ ਲਈ ਏਸ ਤੱਥ ਦਾ ਜ਼ਿਕਰ ਜਰੂਰੀ ਸੀ। ਇਸ ਸਮੇਂ ਤੱਕ ਵਧੇਰੇ ਪਰਵਾਸੀ ਪੰਜਾਬੀ ਲੇਖਕ, ਬਦੇਸ਼ਾਂ ਵਿਚ ਰਹਿਣ ਦੇ ਬਾਵਜੂਦ ਵੀ, ਭਾਰਤ ਬਾਰੇ ਜਾਂ ਇੰਜ ਕਹਿ ਲਓ ਕਿ ਪੰਜਾਬ ਵਿਚ ਹੰਢਾਏ ਆਪਣੇ ਅਨੁਭਵਾਂ ਬਾਰੇ ਹੀ ਲਿਖੀ ਜਾ ਰਹੇ ਸਨ। ਖਾਸ ਕਰ ਇੰਗਲੈਂਡ ਵਿਚ ਵਸੇ ਪੰਜਾਬੀ ਲੇਖਕ, ਜੁ ਕੇਂਦਰੀ ਲੇਖਕ ਸਭਾ ਤੇ ਪ੍ਰਗਤੀਵਾਦੀ ਰੋਮਾਂਸਵਾਦੀ ਧਾਰਾ ਨਾਲ ਜੁੜੇ ਹੋਏ ਸਨ, ਇਕ ਲੰਮੇਂ ਸਮੇਂ ਤਕ ਏਸ ਰੁਚੀ ਦਾ ਹੀ ਸ਼ਿਕਾਰ ਰਹੇ ਹਨ। ਇਸ ਦੇ ਕਈ ਸਮਝਣਯੋਗ ਕਾਰਨ ਵੀ ਹਨ। ਏਥੇ ਆਣ ਕੇ ਵੱਸੇ ਪੜ੍ਹੇ ਲਿਖੇ ਪੰਜਾਬੀ ਸਾਹਿਤਕਾਰਾਂ ਨੂੰ ਉਹਨਾਂ ਦੀ ਯੋਗਤਾ ਅਨੁਸਾਰ ਨੌਕਰੀਆਂ ਨਾ ਮਿਲੀਆਂ। ਪੜ੍ਹੇ ਲਿਖੇ ਚੇਤੰਨ ਵਿਅਕਤੀ ਨੂੰ ਉਦਰ ਪੂਰਤੀ ਲਈ ਸਖਤ ਕਿਸਮ ਦੀ ਜਿਸਮਾਨੀ ਮਜ਼ਦੂਰੀ ਕਰਨੀ ਪੈ ਗਈ। ਡਾ. ਸੁਰਜੀਤ ਹਾਂਸ ਤੇ ਡਾ. ਸਾਧੂ ਸਿੰਘ ਆਦਿ ਭਰਮ-ਖੰਡਤ ਹੋ ਕੇ ਵਾਪਸ ਭਾਰਤ ਮੁੜ ਆਏ।

ਕੀਨੀਆ, ਯੂਰਪ ਅਤੇ ਅਫਰੀਕਾ ਦੇ ਹੋਰ ਦੇਸ਼ਾਂ ਵਿਚ ਵਸਦੇ ਪੰਜਾਬੀ ਲੇਖਕਾਂ ਨੂੰ ਕਿੱਤੇ ਉਹਨਾਂ ਦੀ ਯੋਗਤਾ ਅਨੁਸਾਰ ਹੀ ਮਿਲਦੇ ਰਹੇ। ਕੀਨੀਆ ਵਿਚ ਮੈਂ, ਮਹਿਰਮ ਯਾਰ ਤੇ ਅਜਾਇਬ ਕਮਲ ਸੈਕੰਡਰੀ ਸਕੂਲ ਵਿਚ ਅਧਿਆਪਕ ਨਿਯੁਕਤ ਹੋ ਗਏ ਸਾਂ। ਅਜੀਤ ਸਤਿ ਭਾਂਬਰਾ ਪ੍ਰਿੰਸੀਪਲ ਸੀ। ਸੋਹਣ ਸਿੰਘ ਜੋਸ਼ ਦਾ ਆਪਣਾ ਕਾਰੋਬਾਰ ਸੀ। ਸਵੀਡਨ ਵਿਚ ਸਤੀ ਕੁਮਾਰ ਲਗਭਗ ਫਰੀ ਲਾਂਸ ਲੇਖਕ ਹੀ ਸੀ, ਪਰ ਉਸ ਦੀ ਪਤਨੀ ਨੂੰ ਉਸ ਦੀ ਯੋਗਤਾ ਅਨੁਸਾਰ ਕਿੱਤਾ ਮਿਲਿਆ ਹੋਇਆ ਸੀ। ਸਵਿਟਜ਼ਰਲੈਂਡ ਵਿਚ ਦੇਵ ਨੇ ਆਪਣੇ ਆਪ ਨੂੰ ਆਧੁਨਿਕ ਚਿੱਤਰਕਾਰ ਦੇ ਰੂਪ ਵਿਚ ਸਥਾਪਤ ਕਰ ਲਿਆ ਤੇ ਇਸ ਦੇ ਸਿਰ ਉੱਤੇ ਕਵਿਤਾ ਰਚਦਾ ਰਿਹਾ।

ਪਰ ਇੰਗਲੈਂਡ ਦੇ ਪੰਜਾਬੀ ਲੇਖਕਾਂ ਨੂੰ ਵੱਡੀਆਂ ਵੱਡੀਆਂ ਡਿਗਰੀਆਂ ਹੋਣ ਦੇ ਬਾਵਜੂਦ ਵੀ ਉਹ ਕੰਮ ਕਰਨੇ ਪੈ ਗਏ, ਜੁ ਜਾਂ ਤਾਂ ਜਿਸਮਾਨੀ ਮੁਸ਼ੱਕਤ ਵਾਲੇ ਸਨ ਤੇ ਜਾਂ ਉਹ ਜਿਨ੍ਹਾਂ ਨੂੰ ਭਾਰਤ ਦੀ ਚਿੱਟ-ਕਾਲਰੀ (ਵਾਈਟ ਕਾਲਰ) ਕਮਿਊਨਿਟੀ ਘ੍ਰਿਣਾ ਦੀ ਨਿਗਾਹ ਨਾਲ ਵੇਖਦੀ ਤੇ ਹੇਠਲੀਆਂ ਸ਼੍ਰੇਣੀਆਂ ਦੇ ਕੰਮ ਧੰਦੇ ਸਮਝਦੀ ਸੀ। ਇਸੇ ਲਈ ਇਕ ਘੁਟਨ ਜਿਹੀ ਦੇ ਮਾਹੌਲ ਵਿਚ ਵੱਸਦੇ ਅਤੇ ਮਾਨਸਿਕ ਸੰਤਾਪ ਭੋਗ ਰਹੇ ਇਹ ਲੇਖਕ ਪੱਛਮੀ ਜੀਵਨ ਵਿਚ ਖੁੱਲ੍ਹ ਖੇਡਣ ਦੀ ਥਾਂ ਹੇਰਵੇ ਦੀ ਭਾਵਨਾ ਦਾ ਸ਼ਿਕਾਰ ਹੋ ਗਏ। ਇਸੇ ਲਈ ਇਹ ਇੰਗਲੈਂਡ ਵਿਚ ਵਿਚਰਦੇ ਆਪਣੇ ਸਮਕਾਲੀ ਪੱਛਮੀ ਜੀਵਨ ਦੀਆਂ ਵਿਵਿਧਤਾਵਾਂ ਨਾਲ ਨਾ ਤਾਂ ਕੋਈ ਸਾਂਝ ਹੀ ਪਾ ਸਕਿਆ ਅਤੇ ਨਾ ਹੀ ਪ੍ਰਸਪਰ ਸਮਝ ਸੂਝ ਦਾ ਕੋਈ ਸਾਂਝਾ ਧਰਾਤਲ ਹੀ ਕਾਇਮ ਕਰ ਸਕਿਆ।

ਅਮਰੀਕਾ ਤੇ ਕੈਨੇਡਾ ਵਿਚ ਡਾ. ਗੁਰਮੇਲ ਤੇ ਡਾ. ਜਗਜੀਤ ਬਰਾੜ ਆਦਿ ਨੂੰ ਜੇ ਉਹਨਾਂ ਦੀ ਯੋਗਤਾ ਅਨੁਸਾਰ ਸਮੇਂ-ਸਮੇਂ ਵਿਸ਼ਵ ਵਿਦਿਆਲਿਆਂ ਵਿਚ ਨੌਕਰੀ ਮਿਲਦੀ ਰਹੀ ਤਾਂ ਸਣੇ ਮੇਰੇ, ਕੇਸਰ ਸਿੰਘ (ਨਾਵਲਿਸਟ) ਤੇ ਗੁਰਚਰਨ ਰਾਮਪੁਰੀ ਵਰਗੇ ਲੇਖਕ ਵੀ ਮੁੱਢਲੇ ਸੰਖੇਪ ਜਿਹੇ ਸੰਘਰਸ਼ ਉਪਰੰਤ ਆਪੋ-ਆਪਣੇ ਕਿੱਤਿਆਂ ਵਿਚ ਏਥੇ ਆਣ ਕੇ ਪੂਰੀ ਤਰ੍ਹਾਂ ਸਥਾਪਤ (settle) ਹੋ ਗਏ। ਜਦੋਂ ਕਿ ਨੌਜਵਾਨ ਪੀੜ੍ਹੀ ਦੇ ਵਧੇਰੇ ਪੰਜਾਬੀ ਲੇਖਕਾਂ ਨੂੰ ਏਥੇ ਆ ਕੇ ਵੀ ਅਣਸੁਖਾਵੇਂ ਮਾਹੌਲ ਤੇ ਹਾਲਾਤ ਵਿਚ ਚੋਖਾ ਆਰਥਿਕ ਸੰਘਰਸ਼ ਕਰਨਾ ਪਿਆ। ਆਪਣੀ ਵਿਦਿਅਕ ਯੋਗਤਾ ਨੂੰ ਵਧਾਉਣ ਅਤੇ ਹੋਰ ਟਰੇਨਿੰਗ ਲੈ ਕੇ ਏਧਰ ਕਿਸੇ ਕਿੱਤੇ ਯੋਗ ਬਨਾਉਣ ਲਈ ਉਹਨਾਂ ਨੂੰ ਉਚੇਰੇ ਯਤਨ ਕਰਨੇ ਪਏ। ਇਨ੍ਹਾਂ ਨੌਜਵਾਨਾਂ ਦੀਆਂ ਲਿਖਤਾਂ ਵੀ ਇਕ ਲੰਮੇ ਸਮੇਂ ਤਕ ਭਾਰਤ ਵਿਚ ਹੰਢਾਏ ਆਪਣੇ ਅਨੁਭਵਾਂ, ਪ੍ਰਗਤੀਵਾਦੀ, ਰੋਮਾਂਸਵਾਦੀ ਧਾਰਾ ਅਤੇ ਨਕਸਲਵਾਦੀ ਲਹਿਰ ਨਾਲ ਹੀ ਜੁੜੀਆਂ ਰਹੀਆਂ। ਜਿਵੇਂ ਜਿਵੇਂ ਨਵੀਂ ਚੇਤਨਾ ਅਧੀਨ ਏਧਰਲਾ ਜੀਵਨ ਇਨ੍ਹਾਂ ਦੀ ਸਮਝ ਤੇ ਪਕੜ ਵਿਚ ਆਉਂਦਾ ਗਿਆ, ਤਿਵੇਂ-ਤਿਵੇਂ ਪਛੜ ਕੇ ਹੀ ਸਹੀ ਇਨ੍ਹਾਂ ਦੇ ਸਾਹਿਤ ਵਿਚ ਵੀ ਉਸ ਦਾ ਸੰਚਾਰ ਹੋਣਾ ਸ਼ੁਰੂ ਹੋ ਗਿਆ।

ਇਕ ਲੰਮੇਂ ਸਮੇਂ ਤੱਕ ਉੱਤਰੀ ਅਮਰੀਕਾ, ਕੈਨੇਡਾ ਤੇ ਇੰਗਲੈਂਡ ਦੇ ਅਜਿਹੇ ਲੇਖਕ ਪੱਛਮੀ ਜੀਵਨ ਨੂੰ ਇਕ ਆਊਟ-ਸਾਈਡਰ (outsider) ਵਾਂਗ ਵਿੱਥ 'ਤੇ ਰਹਿ ਕੇ ਹੀ ਵੇਖਦੇ ਰਹੇ ਹਨ। ਇਸ ਵਿਚ ਉਹ ਭਿੱਜ ਨਾ ਸਕੇ। ਇਸ ਵਿਚ ਖੁੱਲ੍ਹ ਕੇ ਸਾਹ ਨਾ ਲੈ ਸਕੇ। ਇਸ ਦੀਆਂ ਕੀਮਤਾਂ ਅਤੇ ਆਪਣੀਆਂ ਕੀਮਤਾਂ

ਤੇ ਇੱਛਾਵਾਂ ਵਿਚਕਾਰ ਆਪਸੀ ਸਮਝ ਤੇ ਸਮਝੌਤੇ ਦਾ ਕੋਈ ਸਾਂਝਾ ਧਰਾਤਲ ਨਾ ਕਾਇਮ ਕਰ ਸਕੇ।

1980 ਵਿਚ ਇੰਗਲੈਂਡ ਵਿਖੇ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਨੇ ਵੀ ਇਨ੍ਹਾਂ ਲੇਖਕਾਂ ਨੂੰ ਆਪਣੇ ਇਸ ਪਛੜੇਵੇਂ ਪ੍ਰਤੀ ਸੁਚੇਤ ਕੀਤਾ। ਇਸ ਸਮੇਂ ਤੱਕ ਇਨ੍ਹਾਂ 'ਚੋਂ ਬਹੁਤੇ ਲੇਖਕ ਪੜ੍ਹ ਲਿਖ ਕੇ ਜਾਂ ਟਰੇਨਿੰਗ ਲੈ ਕੇ, ਭਾਰਤੀ ਕਦਰਾਂ-ਕੀਮਤਾਂ ਅਨੁਸਾਰ, ਚੰਗੇ ਕਿੱਤੇ ਅਪਣਾ ਚੁੱਕੇ ਸਨ। ਏਸ ਲਈ ਏਸ ਪਛੜੇਵੇਂ ਨੂੰ ਦੂਰ ਕਰਨ ਲਈ ਇਨ੍ਹਾਂ ਨੇ ਤੇਜ਼ੀ ਨਾਲ ਪਰਵਾਸੀ ਅਨੁਭਵਾਂ ਉੱਤੇ ਅਧਾਰਤ ਰਚਨਾਵਾਂ ਕਰਨ ਵੱਲ ਵਧੇਰੇ ਰੁਚੀ ਵਿਖਾਈ।

ਜਵਾਨੀ ਵਿਚ ਅਹਿਸਾਸ ਤੇ ਚਿੰਤਨ ਦੀ ਜੁ ਸ਼ਿੱਦਤ ਹੁੰਦੀ ਹੈ, ਇਨ੍ਹਾਂ ਰਚਨਾਵਾਂ 'ਚੋਂ, ਵਧੇਰੇ ਕਰਕੇ, ਉਹ ਗਾਇਬ ਹੈ ਕਿਉਂਕਿ ਉਮਰ ਦੇ ਏਸ ਮੁੱਲਵਾਨ ਸਮੇਂ ਨੂੰ ਇਨ੍ਹਾਂ ਲੇਖਕਾਂ ਨੇ ਨਵੇਂ ਅਨੁਭਵ ਹੰਢਾਉਣ ਅਤੇ ਉਨ੍ਹਾਂ ਬਾਰੇ ਲਿਖਣ ਦੀ ਥਾਂ, ਆਪਣੀ ਆਰਥਿਕਤਾ ਸੁਧਾਰਨ ਤੇ ਜਾਂ ਕਿਸੇ ਮਨ-ਇੱਛਤ ਕਿੱਤੇ ਦੇ ਯੋਗ ਹੋਣ ਲਈ ਵਿੱਦਿਆ ਪ੍ਰਾਪਤੀ ਜਾਂ ਕਿਸੇ ਹੋਰ ਟ੍ਰੇਨਿੰਗ ਦੇ ਲੈਣ ਦੇ ਲੇਖੇ ਲਾ ਦਿੱਤਾ। ਇਨ੍ਹਾਂ ਨੇ ਭਾਰਤ ਵਿਚ ਨਵੀਆਂ ਜਾਇਦਾਦਾਂ ਖਰੀਦੀਆਂ। ਪਰਵਾਸ ਵਿਚ ਮੌਰਗੇਜ਼ ਉੱਤੇ ਘਰ ਲੈ ਕੇ ਫਰੀ (Free) ਕਰਵਾਏ।

ਹੁਣ ਇਨ੍ਹਾਂ ਕੋਲ ਬਹੁਤਾਤ ਹੈ। ਚੰਗਾ ਕਿੱਤਾ ਹੈ ਤੇ ਵਾਧੂ ਸਮਾਂ ਵੀ ਜੁ ਵਧੇਰੇ ਕਰਕੇ ਪੜ੍ਹਨ ਲਿਖਣ ਵਿਚ ਹੀ ਬੀਤਦਾ ਹੈ।

ਸਬੱਬ ਦੀ ਗੱਲ ਹੈ ਕਿ ਮੈਨੂੰ ਇਨ੍ਹਾਂ ਹਾਲਾਤਾਂ 'ਚੋਂ ਏਸ ਹੱਦ ਤੱਕ ਨਹੀਂ ਗੁਜ਼ਰਨਾ ਪਿਆ। ਕੀਨੀਆ ਵਿਚ 8 ਸਾਲ ਅਤੇ ਕੈਨੇਡਾ ਵਿਚ (ਮੁੱਢਲੇ 37 ਦਿਨਾਂ ਦੀ ਮਜ਼ਦੂਰੀ ਛੱਡ ਕੇ) 15 ਸਾਲ ਮੈਂ ਸੈਕੰਡਰੀ ਸਕੂਲ ਵਿਚ ਅਧਿਆਪਨ ਹੀ ਕੀਤਾ ਹੈ। ਅਧਿਆਪਨ ਦੇ ਕਿੱਤੇ ਵਿਚ ਇਨ੍ਹਾਂ ਦੇਸ਼ਾਂ ਵਿਚ ਵਿਹਲ ਬਹੁਤ ਹੈ। ਛੁੱਟੀਆਂ ਹੀ ਛੁੱਟੀਆਂ ਹਨ। ਏਥੇ ਕੈਨੇਡਾ ਵਿਚ ਅਸੀਂ ਕੁਲ 190-192 ਦਿਨ ਸਕੂਲ ਜਾਂਦੇ ਹਾਂ। ਇਨ੍ਹਾਂ ਵਿਚੋਂ ਵੀ 15 ਦਿਨ ਸਾਡੀ ਬੀਮਾਰੀ ਦੀ ਛੁੱਟੀ ਲਈ ਹੁੰਦੇ ਹਨ ਅਤੇ 5 ਕਿੱਤਾਕਾਰੀ ਸਿਖਲਾਈ ਅਤੇ ਕਾਨਫਰੰਸਾਂ ਲਈ। ਹਫਤੇ ਵਿਚ ਕੇਵਲ 5 ਦਿਨ ਕੰਮ ਕਰਨਾ ਪੈਂਦਾ ਹੈ। ਲੰਚ ਬਰੇਕ ਤੇ ਤਿਆਰੀ ਦੇ ਸਮੇਂ ਨੂੰ ਛੱਡ ਕੇ ਦਿਹਾੜੀ ਵਿਚ ਅਧਿਆਪਨ ਦਾ ਕਾਰਜ ਕੇਵਲ ਚਾਰ ਸਾਢੇ ਚਾਰ ਘੰਟੇ ਤਕ ਹੀ ਸੀਮਤ ਹੋ ਜਾਂਦਾ ਹੈ। ਅਧਿਆਪਨ ਵੀ ਅੰਗਰੇਜ਼ੀ ਸਾਹਿਤ, ਅੰਗਰੇਜ਼ੀ ਭਾਸ਼ਾ, ਸਾਹਿਤ-ਰਚਨਾ, ਪੱਤਰਕਾਰੀ ਅਤੇ ਖੋਜ-ਵਿੱਦਿਆ ਆਦਿ ਵਿਸ਼ਿਆਂ ਦਾ। ਇਨ੍ਹਾਂ ਸਭ ਦਾ ਸਾਹਿਤ-ਰਚਨਾ ਨਾਲ ਸਿੱਧਾ ਸੰਬੰਧ ਹੈ। ਛੁੱਟੀਆਂ ਦੌਰਾਨ ਦੇਸ਼ ਬਦੇਸ਼ ਦੀ ਯਾਤਰਾ ਅਤੇ ਨਵੇਂ ਅਨੁਭਵਾਂ ਦੀ ਕਮਾਈ ਤੇ ਫਿਰ ਟਿਕ ਕੇ ਲਿਖਣ ਦੇ ਕਾਰਜ ਵਿਚ ਲੀਨ ਹੋਣਾ ਇਕ ਨੇਮ ਵਾਂਗ ਮੇਰੀ ਸ਼ਖ਼ਸੀਅਤ ਦਾ ਅੰਗ ਬਣ ਚੁੱਕੇ ਹਨ।

ਮੇਰਾ ਸਾਹਿਤ ਮੇਰੇ ਜੀਵਨ ਦਾ ਸ਼ੀਸ਼ਾ ਹੈ। 1955-56 ਵਿਚ ਜਦੋਂ ਮੇਰੀ ਕਲਮ ਨੇ ਕਿਸੇ ਪਹਿਲੀ ਪਲੇਠੀ ਰਚਨਾ ਦੇ ਨਕਸ਼ ਉਘਾੜੇ ਸਨ, ਤੋਂ ਲੈ ਕੇ ਅੱਜ ਤੱਕ ਕਲਮ ਦਾ ਇਹ ਸਫ਼ਰ ਲਗਾਤਾਰ ਜਾਰੀ ਹੈ। ਭਾਰਤ, ਕੀਨੀਆ, ਕੈਨੇਡਾ, ਅਮਰੀਕਾ ਤੇ ਯੂਰਪ ਆਦਿ ਹੋਰ ਦੇਸ਼ ਮੇਰੀ ਸਿਰਜਣਾਤਮਕ ਯਾਤਰਾ ਦੇ ਬਦਲਦੇ ਸੰਦਰਭ ਹੀ ਹਨ। ਵਿਦਵਾਨਾਂ ਤੇ ਖੋਜਾਰਥੀਆਂ ਨੂੰ ਮੇਰਾ ਸਾਹਿਤ ਇਕ ਲੜੀ ਵਿਚ ਪੜ੍ਹਨਾ ਪਵੇਗਾ, ਤਾਂ ਹੀ ਉਹ ਇਸ ਦਾ ਸਹੀ-ਸਹੀ ਮੁੱਲ ਵੀ ਪਾ ਸਕਣਗੇ ਅਤੇ ਇਸ ਨੂੰ ਬਾਕੀ ਦੇ ਪਰਵਾਸੀ ਸਾਹਿਤ ਨਾਲੋਂ ਨਿਖੇੜ ਵੀ ਸਕਣਗੇ।

ਇਹ ਮੇਰੀ ਜ਼ਾਤੀ ਰਾਏ ਹੈ ਕਿ ਪਰਵਾਸੀ ਤੇ ਸੁਦੇਸ਼ੀ ਵਿਚ ਸਾਹਿਤ ਦੀ ਵੰਡ ਯੋਗ ਨਹੀਂ ਹੈ। ਇਹ ਸਿਰਫ ਆਲੋਚਨਾਤਮਕ ਸੌਖ ਲਈ ਹੀ ਇਕ ਸਿਧਰੀ ਜਿਹੀ ਤਰਕੀਬ ਹੈ, ਜਿਸ ਨੂੰ ਸਾਡੇ ਆਲੋਚਕਾਂ ਨੇ ਕੰਮ-ਚਲਾਊ ਢੰਗ ਨਾਲ ਵਰਤ ਲਿਆ ਹੈ। ਸਾਹਿਤ ਦਾ, ਸਾਹਿਤ ਬਣਨਾ ਜ਼ਰੂਰੀ ਹੈ। ਉਹ ਚਾਹੇ ਪੰਜਾਬ ਵਿਚ ਲਿਖਿਆ ਜਾਵੇ, ਭਾਰਤ ਦੇ ਹੋਰ ਸੂਬਿਆਂ ਵਿਚ ਜਾਂ ਦੁਨੀਆਂ ਦੇ ਕਿਸੇ ਹੋਰ ਦੇਸ਼ ਵਿਚ।

ਕੇਵਲ ਏਸ ਲਈ ਕਿ ਅਜਿਹੇ ਸਾਹਿਤ ਵਿਚ ਨਸਲੀ ਵਿਤਕਰੇ ਤੇ ਹੇਰਵੇ ਦਾ ਜ਼ਿਕਰ ਹੈ, ਏਸ ਨੂੰ ਪਰਵਾਸੀ ਸਾਹਿਤ ਗਰਦਾਨਣਾ, ਉਚਿਤ ਸੋਚ ਦਾ ਸੂਚਕ ਨਹੀਂ ਹੈ। ਹੇਰਵਾ ਤੇ ਵਿਤਕਰਾ ਸਰਬ-ਵਿਆਪੀ ਸੱਚ

ਹਨ। ਇਕ ਪੰਜਾਬੀ ਨਾਲ, ਇਨ੍ਹਾਂ ਦੋਹਾਂ ਸੱਚਾਂ ਜਾਂ ਕੀਮਤਾਂ ਦੇ ਪ੍ਰਸੰਗ ਵਿਚ ਕਲਕੱਤੇ ਜਾਂ ਨਾਗਾਲੈਂਡ ਤੇ ਆਸਾਮ ਵਿਚ ਵੀ ਉਹ ਹੀ ਬੀਤ ਰਹੀ ਹੋਵੇਗੀ ਜੁ ਇੰਗਲੈਂਡ, ਉੱਤਰੀ ਅਮਰੀਕਾ, ਯੂਰਪ ਜਾਂ ਮੱਧਪੂਰਬ ਦੇ ਕਿਸੇ ਹੋਰ ਦੇਸ਼ ਵਿਚ। ਜਦੋਂ ਕੁੜੀ ਵਿਆਹ ਕਰਵਾ ਕੇ ਪਹਿਲੀ ਵਾਰ ਸੌਹਰੇ ਘਰ ਆਉਂਦੀ ਹੈ ਤਾਂ ਉਹ ਵੀ ਹੇਰਵੇ ਦਾ ਸ਼ਿਕਾਰ ਹੁੰਦੀ ਹੈ। ਕਿਸੇ ਇਕ ਭਾਸ਼ਾਈ ਤੇ ਸਭਿਆਚਾਰਕ ਪਿਛੋਕੜ ਨੂੰ ਨਾਲ ਲੈ ਕੇ ਜਦੋਂ ਕੋਈ ਭਾਰਤ ਵਰਗੇ ਆਪਣੇ ਹੀ ਬਹੁ-ਸਭਿਆਚਾਰਕ ਤੇ ਬਹੁ-ਭਾਸ਼ਾਈ ਦੇਸ਼ ਦੇ ਕਿਸੇ ਹੋਰ ਖੰਡ ਵਿਚ ਜਾਂਦਾ ਹੈ, ਤਾਂ ਉਹ ਖੰਡ ਕਿਸੇ ਤਰ੍ਹਾਂ ਵੀ ਬਦੇਸ਼ ਨਾਲੋਂ ਤੇ ਜਾਂ ਉਸ ਦੇ ਪ੍ਰਤੀਕਰਮ ਨਾਲੋਂ ਉੱਭਰੇ ਹੇਰਵੇ ਜਾਂ ਅਨੁਭਵ ਕੀਤੇ ਵਿਤਕਰੇ ਨਾਲੋਂ ਘੱਟ ਨਹੀਂ ਹੁੰਦਾ। ਇਕ ਪਸ਼ੂ ਵੀ ਜਦੋਂ ਖਰੀਦ ਕੇ ਨਵੀਂ ਥਾਂ 'ਤੇ ਲਿਆਇਆ ਜਾਂਦਾ ਹੈ, ਤਾਂ ਉਹ ਵੀ ਓਪਰਾ ਮੰਨਦਾ ਹੈ। ਪੱਠੇ ਨਹੀਂ ਖਾਂਦਾ। ਰਹੀ ਗੱਲ ਵਿਤਕਰੇ ਦੀ। ਜਿਹੋ ਜਿਹਾ ਵਿਤਕਰਾ ਭਾਰਤ ਵਿਚ ਜਾਤ ਪਾਤ, ਧਰਮ, ਸ਼੍ਰੇਣੀ ਤੇ ਆਰਥਿਕ ਆਧਾਰ ਉੱਤੇ ਹੁੰਦਾ ਰਿਹਾ ਹੈ ਜਾਂ ਹੁਣ ਹੋ ਰਿਹਾ ਹੈ, ਏਧਰਲਾ ਵਿਤਕਰਾ ਤਾਂ ਉਸ ਦੇ ਲਾਗੇ-ਤਾਗੇ ਵੀ ਨਹੀਂ ਢੁੱਕਦਾ।

ਲੋੜ ਹੈ ਕਿ ਸਾਡੇ ਵਿਦਵਾਨ, ਪਾਰਖੂ ਤੇ ਖੋਜਾਰਥੀ ਸੌਖੀਆਂ ਤੇ ਸਿਧਰੀਆਂ ਜਿਹੀਆਂ ਪਗਡੰਡੀਆਂ ਦਾ ਆਸਰਾ ਲੈਣ ਦੀ ਥਾਂ ਪੰਜਾਬੀ ਸਾਹਿਤ ਨਾਲ ਗੰਭੀਰ ਰੂਪ ਵਿਚ ਦਸਤਪੰਜਾ ਲੈਣ। ਏਸ ਦੇ ਹਾਣ ਦੇ ਬਣਨ। ਆਲੋਚਨਾ ਦੇ ਕਾਰਜ ਨੂੰ ਇਕ ਗੰਭੀਰ ਨਿਯੰਤਰਣ ਦੇ ਰੂਪ ਵਿਚ ਅਪਨਾਉਣ। ਏਸ ਕਾਰਜ ਦੀ ਪੂਰਤੀ ਲਈ ਉਹਨਾਂ ਨੂੰ ਪੂਰਵ ਨਿਸ਼ਚਿਤ ਤੇ ਬਣੀਆਂ ਬਣਾਈਆਂ ਧਾਰਨਾਵਾਂ ਅਤੇ ਤਿਥੀ-ਮੁਕਤ (out dated) ਫਾਰਮੂਲਿਆਂ ਦਾ ਤਿਆਗ ਕਰਨਾ ਪਵੇਗਾ। ਮਿਹਨਤ, ਲਗਨ ਅਤੇ ਪਰਿਸ਼ਰਮ ਦੁਆਰਾ ਸਿਰਜਤ ਸਾਹਿਤ ਦੀ ਪੱਧਰ ਉੱਤੇ ਪਹੁੰਚ ਕੇ ਇਸ ਨੂੰ ਸਮਝਣਾ ਪਵੇਗਾ। ਪੂਰਵ-ਨਿਸ਼ਚਿਤ ਤੜਾਗੀਵਾਦੀ ਮਾਪਦੰਡਾਂ ਦਾ ਤਿਆਗ ਕਰਨਾ ਪਵੇਗਾ। ਸਾਹਿਤ ਦੀ ਸਿਰਜਣ-ਮਰਯਾਦਾ ਤੇ ਉਸ ਦੇ ਰਚਨ-ਕ੍ਰਮ ਤੇ ਪਰਵਾਹ 'ਚੋਂ ਉਸ ਦੇ ਮਾਪਦੰਡ ਖੋਜਣੇ ਪੈਣਗੇ। ਏਸ ਸਾਹਿਤ ਵਿਚ ਜੁ ਹੈ ਨਹੀਂ, ਉਸ ਨੂੰ ਢੂੰਡਣ ਦੀ ਰੁਚੀ ਦਾ ਤਿਆਗ ਕਰਨਾ ਪਵੇਗਾ। ਏਸ ਵਿਚ ਜੁ ਕੁਝ ਹੈ, ਉਸ ਨੂੰ ਖੋਜਣਾ ਪਵੇਗਾ।

ਏਸ ਸੰਗ੍ਰਹਿ ਵਿਚ ਸ਼ਾਮਿਲ ਕਹਾਣੀਆਂ 1955-56 ਤੋਂ ਨਿਰੰਤਰ ਜਾਰੀ ਮੇਰੀ ਕਥਾ-ਯਾਤਰਾ ਦਾ ਹੀ ਇਕ ਅਜੋਕਾ ਪੜਾਅ ਹਨ। ਪਹਿਲੇ ਭਾਗ ਦੀਆਂ ਕਹਾਣੀਆਂ ਦਾ ਰਚਨਾ ਕਾਲ 1985 ਤੋਂ 1992 ਤੱਕ ਦਾ ਹੈ ਜਦੋਂ ਕਿ ਕਾਵਿ-ਕਥਾਵਾਂ ਤੇ ਗੱਦ-ਕਾਵਿ-ਕਥਾਵਾਂ 1980 ਤੋਂ 1990 ਦੇ ਸਮੇਂ ਦੌਰਾਨ ਲਿਖੀਆਂ ਗਈਆਂ ਹਨ।

ਮੇਰੀਆਂ ਕਹਾਣੀਆਂ ਸਮੇਂ ਸਮੇਂ ਇੰਗਲੈਂਡ ('ਦੇਸ ਪ੍ਰਦੇਸ'), ਕੈਨੇਡਾ ('ਫੁਲਵਾੜੀ', 'ਕੈਨੇਡਾ-ਦਰਪਨ ਇੰਟਰਨੈਸ਼ਨਲ', 'ਇੰਡੋ-ਕਨੇਡੀਅਨ ਟਾਇਮਜ਼' ਆਦਿ) ਅਤੇ ਭਾਰਤ ('ਅਕਸ', 'ਵਿਕਲਪ', 'ਅੱਖਰ', 'ਪੰਜਾਬੀ ਟ੍ਰਿਬਿਊਨ', 'ਜਾਗ੍ਰਤੀ', 'ਲੋਅ', 'ਪਰਵਾਸ' ਆਦਿ) ਵਿਚ ਛਪਦੀਆਂ ਰਹੀਆਂ ਹਨ। ਆਸ ਹੈ ਕਿ ਆਪੋ-ਆਪਣੇ ਟਾਪੂਆਂ ਉੱਤੇ ਬੈਠੇ ਪਾਠਕ ਅਤੇ ਆਲੋਚਕ ਮੇਰੇ ਇਨ੍ਹਾਂ ਟਾਪੂਆਂ ਨੂੰ ਭਰਪੂਰ ਹੁੰਗਾਰਾ ਭਰਨਗੇ।

**-ਰਵਿੰਦਰ ਰਵੀ**

# ਆਦਿਕਾ

"ਜਿੱਥੇ ਦੀਵਾਰਾਂ ਨਹੀਂ" ਮੇਰਾ ਛੇਵਾਂ ਕਹਾਣੀ-ਸੰਗ੍ਰਹਿ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਮੈਂ ਅਫ਼ਰੀਕਾ, ਅਮਰੀਕਾ, ਕੈਨੇਡਾ, ਇੰਗਲੈਂਡ, ਭਾਰਤ ਅਤੇ ਯੂਰਪ ਆਦਿ ਦੇਸ਼ਾਂ ਵਿਚ ਘੁੰਮਦਿਆਂ, ਜੀਵੀਆਂ, ਚਿਤਵੀਆਂ ਅਤੇ ਲਿਖੀਆਂ ਹਨ। ਇਨ੍ਹਾਂ ਕਹਾਣੀਆਂ ਦੇ ਪਾਤਰ ਗਲੋਬਲ ਤਥਾ ਬ੍ਰਹਮੰਡਕ ਚੇਤਨਾ ਦੇ ਅਨੁਯਾਈ ਹਨ। ਇਕ ਸੁੰਦਰ ਤੇ ਸੰਪੂਰਨ ਸੰਸਾਰ ਦੀ ਕਲਪਨਾ ਅਤੇ ਸੁਫਨਾ ਉਨ੍ਹਾਂ ਦਾ ਸੁਭਾ ਹੈ। ਉਹ ਵੱਖ-ਵੱਖ ਰੰਗਾਂ, ਨਸਲਾਂ ਅਤੇ ਧਰਮਾਂ ਦੇ ਹੁੰਦੇ ਹੋਏ ਵੀ ਸਮੁੱਚੀ ਮਨੁੱਖਤਾ ਦੇ ਕਲਿਆਣ ਵਿਚ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਦਾ ਮਾਨਸਕ ਸੰਸਾਰ ਭਾਵੇਂ ਅਨੇਕ ਭਾਂਤ ਦੀਆਂ ਵਿਰੋਧਤਾਵਾਂ, ਗੁੰਥੀਆਂ ਅਤੇ ਜਟਿਲਤਾਵਾਂ ਦਾ ਸ਼ਿਕਾਰ ਹੈ ਪਰ ਉਹ ਇਨਸਾਨ ਅਤੇ ਇਨਸਾਨੀਅਤ ਪ੍ਰਤੀ ਬੜੇ ਸਪਸ਼ਟ ਹਨ। ਇਕ ਕਹਾਣੀ ਦਾ ਪਾਤਰ ਕਹਿੰਦਾ ਹੈ:

"ਸੰਦੇਹ ਕੇਵਲ ਸੁੰਦਰਤਾ ਅਤੇ ਪਿਆਰ ਨਾਲ ਹੀ ਦੂਰ ਹੋ ਸਕਦੇ ਹਨ; ਪੂਰਨ ਅਤੇ ਵਿਆਪਕ ਸੁੰਦਰਤਾ ਨਾਲ। ਮੇਰਾ ਵਿਸ਼ਵਾਸ ਮਨੁੱਖ ਹੈ, ਮਨੁੱਖਤਾ ਹੈ—ਆਪਣੀਆਂ ਸਗਲੀਆਂ ਵਿਰੋਧਤਾਵਾਂ ਸਮੇਤ। ਜੇ ਹਰ ਇਕ ਮਨੁੱਖ ਅੰਦਰੋਂ ਬਾਹਰੋਂ ਸੁਹਣਾ ਬਣ ਜਾਵੇ—ਸੁਹਣਾ ਵੇਖੇ, ਸੁਹਣਾ ਸੁਣੇ, ਸੁਹਣਾ ਕਰੇ, ਸੁਹਣਾ ਬੋਲੇ, ਸੁਹਣਾ ਸਪਰਸ਼ੇ, ਸੁਹਣਾ ਸੰਕਲਪੇ—ਤਾਂ ਇਹ ਸਾਰਾ ਸੰਸਾਰ, ਇਹ ਸਾਰਾ ਬ੍ਰਹਮੰਡ ਇਕ ਪੂਰਨ ਤੇ ਸਜੀਵ ਸੁੰਦਰਤਾ ਬਣ ਸਕਦਾ ਹੈ।"

ਇਨ੍ਹਾਂ ਕਹਾਣੀਆਂ ਤੇ ਇਨ੍ਹਾਂ ਦੇ ਪਾਤਰਾਂ ਪ੍ਰਤੀ ਮੈਂ ਬਹੁਤਾ ਕੁਝ ਨਹੀਂ ਲਿਖਣਾ ਚਾਹੁੰਦਾ।ਹਾਂ, ਇਸ ਪੁਸਤਕ ਦੀ ਤਰਤੀਬ ਸੰਬੰਧੀ ਕੁਝ ਜ਼ਰੂਰ ਕਹਿਣਾ ਚਾਹਾਂਗਾ। ਇਹ ਪੁਸਤਕ ਦੋ ਭਾਗਾਂ ਵਿਚ ਵੰਡੀ ਗਈ ਹੈ। ਪਹਿਲੇ ਭਾਗ ਵਿਚ ਨੌਂ ਕਹਾਣੀਆਂ ਹਨ, ਜੁ ਮੈਂ ਪਿਛਲੇ ਚਾਰ ਸਾਲਾਂ ਵਿਚ ਲਿਖੀਆਂ ਹਨ। ਦੂਜੇ ਭਾਗ ਵਿਚ ਮੈਂ ਹੁਣ ਤਕ ਲਿਖੀਆਂ ਕਾਵਿ-ਕਥਾਵਾਂ, ਵਿਕਥਾਵਾਂ ਅਤੇ ਗੱਦ-ਕਾਵਿ-ਕਥਾਵਾਂ ਸ਼ਾਮਿਲ ਕੀਤੀਆਂ ਹਨ।

ਆਸ ਕਰਦਾ ਹਾਂ ਕਿ ਸੁਹਿਰਦ ਪਾਠਕ, ਲੇਖਕ ਅਤੇ ਆਲੋਚਕ ਇਨ੍ਹਾਂ ਕਹਾਣੀਆਂ ਨੂੰ ਮਾਣਨਗੇ—ਉਨ੍ਹਾਂ ਦਾ ਇਨ੍ਹਾਂ ਕਹਾਣੀਆਂ ਨੂੰ ਮਾਣਨਾ ਹੀ ਮੇਰੇ ਲਈ ਇਕ ਅਜਿਹਾ ਮੂਕ ਹੁੰਗਾਰਾ ਸਿੱਧ ਹੋਵੇਗਾ, ਜੋ ਮੈਨੂੰ ਇਸ ਖਾਨਾਬਦੋਸ਼ ਜ਼ਿੰਦਗੀ ਦੇ ਹਰ ਇਕ ਪੜਾਅ 'ਤੇ ਆਪਣੀ ਮਾਤ-ਭਾਸ਼ਾ ਦੀ ਸੇਵਾ ਲਈ ਪ੍ਰੇਰਦਾ ਰਹੇਗਾ।

**–ਰਵਿੰਦਰ ਰਵੀ**

**ਆਦਿਕਾ**

# ਕੁਝ ਆਪਣੇ, ਕੁਝ 'ਮੈਲੀ ਪੁਸਤਕ' ਬਾਰੇ

ਇਕ ਵਿਅਕਤੀ ਦਾ ਇਕੋ ਸਮੇਂ ਕਵੀ ਤੇ ਨਾਲ ਨਾਲ ਇਕ ਕਹਾਣੀਕਾਰ ਵੀ ਹੋਣਾ ਆਪਣੇ ਆਪ ਵਿਚ ਬੜੀ ਦਿਲਚਸਪ, ਵਚਿੱਤਰ ਅਤੇ ਵਿਸਮੈਕਾਰੀ ਘਟਨਾ ਹੈ। ਖਾਸ ਕਰ ਉਸ ਸਮੇਂ ਜਦੋਂ ਕਵਿਤਾ ਅਤੇ ਕਹਾਣੀ ਆਪਣੀ ਸਿਰਜਣਾਤਮਕਤਾ ਦੇ ਦੋ ਵੱਖ ਵੱਖ ਸਾਹਿਤ-ਰੂਪਾਂ ਵਿਚ ਨਿਕਾਸ ਲੱਭਣ ਦੇ ਅਮਲ ਦੇ ਦੌਰਾਨ ਇਕ ਦੂਜੇ ਦੇ ਵਿਰੋਧ ਹੋਣ ਦੀ ਥਾਂ ਇਕ ਦੂਜੇ ਦੇ ਪੂਰਕ ਹੋ ਨਿਬੜਨ ਤਾਂ ਇਕ ਦੀ ਰਚਨਾ ਦੂਜੀ ਦੀ ਪ੍ਰੇਰਨਾ ਸਰੋਤ ਬਣ ਜਾਂਦੀ ਹੈ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ 1961-62 ਵਿਚ ਇਕ ਸਾਹਿਤਕ ਸ਼ਾਮ ਦੇ ਦੌਰਾਨ ਜਲੰਧਰ ਵਿਚ ਮੈਂ ਦੇਵਿੰਦਰ ਸਤਿਆਰਥੀ, ਅਜਾਇਬ ਕਮਲ, ਹਿੰਦੀ ਦੇ ਕਵੀ ਗਿਰਜਾ ਕੁਮਾਰ ਮਾਥੁਰ ਤੇ ਉਨ੍ਹਾਂ ਦੀ ਕਵੀ ਪਤਨੀ ਸ਼ਕੁੰਤ ਮਾਥੁਰ ਕਵਿਤਾ ਵਿਚ ਸਮੇਂ ਦੇ ਤ੍ਰੈਕਾਲ ਮੁਖੀ ਸੰਕਲਪ ਦੇ ਸਬੰਧ ਵਿਚ ਗੱਲਾਂ ਕਰ ਰਹੇ ਸਾਂ ਕਿ ਗਤੀਸ਼ੀਲ ਸਮੇਂ ਦਾ ਇਹ ਸੰਕਲਪ ਜੀਵਨ ਅਤੇ ਸਮਾਜ ਦੀਆਂ ਬਦਲੀਆਂ ਹੋਈਆਂ ਪ੍ਰਸਥਿਤੀਆਂ ਦੇ ਸੰਦਰਭ ਵਿਚ ਕਿਵੇਂ ਰਚਨਾ ਦਾ ਇਕ ਬਲਵਾਨ ਪ੍ਰੇਰਨਾ ਸਰੋਤ ਬਣ ਸਕਦਾ ਹੈ। ਗੱਲਾਂ ਗੱਲਾਂ ਵਿਚ ਹੀ ਨਵੀਂ ਕਵਿਤਾ ਵਿਚ ਵਿਦਮਾਨ ਕਥਾ-ਤੱਤ ਅਤੇ ਨਵੀਂ ਕਹਾਣੀ ਵਿਚ ਵਿਚਰਦੇ ਕਾਵਿਕ-ਤੱਤ ਦਾ ਵੀ ਜ਼ਿਕਰ ਆਇਆ। ਉਨ੍ਹਾਂ ਦਿਨਾਂ ਵਿਚ ਅਜਿਹੀਆਂ ਕਵਿਤਾਵਾਂ ਅਤੇ ਕਹਾਣੀਆਂ ਦੇ ਉਤਕ੍ਰਿਸ਼ਟ ਪ੍ਰਮਾਣ ਭਾਵੇਂ ਬਹੁਤ ਘੱਟ ਮਿਲਦੇ ਹਨ ਪਰ ਇਹ ਜ਼ਰੂਰ ਵੇਖਿਆ ਜਾ ਸਕਦਾ ਸੀ ਕਿ ਸਾਡੇ ਕਵੀ ਤੇ ਕਹਾਣੀਕਾਰ ਚੇਤੰਨ ਅਤੇ ਨਿਮਨ-ਚੇਤੰਨ ਰੂਪ ਵਿਚ ਇਸ ਪਾਸੇ ਵੱਲ ਖਿੱਚੇ ਜ਼ਰੂਰ ਆ ਰਹੇ ਸਨ।

ਉਸ ਸਮੇਂ ਰਚੀ ਗਈ ਕਵਿਤਾ ਵਿਚ ਖਾਸ ਕਰਕੇ ਸਮੇਂ ਦਾ ਤ੍ਰੈਕਾਲ ਮੁਖੀ ਸੰਕਲਪ ਇਕ ਵਿਸ਼ੇਸ਼ ਉਪਲਬਧੀ ਸਿੱਧ ਹੋਇਆ ਸੀ, ਕਿਉਂਕਿ ਇਸ ਨੇ ਉਸ ਸਮੇਂ ਦੀ ਪ੍ਰਯੋਗਸ਼ੀਲ ਲਹਿਰ ਨੂੰ ਜਿੱਥੇ ਨਿੱਗਰ ਤੇ ਸਾਰਥਕ ਆਧਾਰ ਪ੍ਰਦਾਨ ਕੀਤੇ ਉੱਥੇ ਇਸ ਲਹਿਰ ਦੀ ਕਵਿਤਾ ਨੂੰ ਆਪਣੀ ਪੂਰਵ-ਕਾਲੀ ਧਾਰਾ ਦੀ ਕਵਿਤਾ ਨਾਲੋਂ ਇਕ ਵੱਖਰਾ, ਵਚਿੱਤਰ ਤੇ ਨਿਵੇਕਲਾ ਰੂਪ ਵੀ ਪ੍ਰਦਾਨ ਕੀਤਾ। ਪੂਰਵ-ਕਾਲੀ ਧਾਰਾ ਦੇ ਸਮਰਥਕ ਲੇਖਕਾਂ ਤੇ ਆਲੋਚਕਾਂ ਦੇ ਅੰਨ੍ਹੇ ਵਿਰੋਧ ਦੀ ਰੁਚੀ ਨੇ ਨਵੀਂ ਕਵਿਤਾ ਦੀ ਇਸ ਪ੍ਰਾਪਤੀ ਨੂੰ ਭਾਵੇਂ ਕੁਝ ਸਮੇਂ ਲਈ ਅੱਖੋਂ ਪਰੋਖੇ ਕਰਨ ਦਾ ਯਤਨ ਕੀਤਾ ਪਰ ਸਮਾਂ ਪਾ ਕੇ ਜਦੋਂ ਇਸ ਰੁਚੀ ਉੱਤੇ ਉਨ੍ਹਾਂ ਦਾ ਤਰਕ ਹਾਵੀ ਹੋਇਆ ਤਾਂ ਵਿੰਗ ਵਲ ਪਾ ਕੇ ਉਹ ਕਿਸੇ ਨਾ ਕਿਸੇ ਰੂਪ ਵਿਚ ਨਵੀਂ ਜਾਂ ਆਧੁਨਿਕ ਕਾਵਿ-ਧਾਰਾ ਦੀ ਸਥਾਪਨਾ ਵਿਚ ਅਦਾ ਕੀਤੇ ਪ੍ਰਯੋਗਸ਼ੀਲ ਲਹਿਰ ਦੇ ਹਾਂ-ਪੱਖੀ ਰੋਲ ਨੂੰ ਦੱਬੀ ਜ਼ਬਾਨ ਵਿਚ ਸਵੀਕਾਰ ਕਰਨ ਲੱਗ ਪਏ।

1961 ਤੋਂ 1970 ਤਕ ਦੇ ਦਹਾਕੇ ਵਿਚ ਕਵਿਤਾ ਤੋਂ ਬਿਨਾਂ ਸਾਹਿਤ ਦੇ ਕਿਸੇ ਹੋਰ ਰੂਪ ਲਈ ਏਨੇ ਵਾਦ ਵਿਵਾਦ ਦਾ ਵਿਸ਼ਾ ਨਾ ਬਣ ਸਕਣਾ ਵੀ ਇਸੇ ਗੱਲ ਨੂੰ ਸਿੱਧ ਕਰਦਾ ਹੈ ਕਿ ਸਾਹਿਤ ਦੇ ਬਾਕੀ ਰੂਪਾਂ ਵਿਚ ਨਵੇਂ ਪਰਿਵਰਤਨ ਜੇ ਬੜੇ ਧੀਮੇਂ ਤੇ ਵਿਕੋਲਿਤਰੇ ਰੂਪ ਵਿਚ ਆਏ ਵੀ ਤਾਂ ਉਨ੍ਹਾਂ ਦਾ ਕੋਈ ਸਮੁੱਚਾ ਬਿੰਬ ਨਾ ਬਣ ਸਕਿਆ। ਉਸ ਸਮੇਂ ਕਰਤਾਰ ਸਿੰਘ ਦੁੱਗਲ, ਦੇਵਿੰਦਰ ਸਤਿਆਰਥੀ, ਅੰਮ੍ਰਿਤਾ ਪ੍ਰੀਤਮ, ਸੁਰਜੀਤ ਸਿੰਘ ਸੇਠੀ, ਗੁਲਜ਼ਾਰ ਸਿੰਘ ਸੰਧੂ, ਸੁਖਬੀਰ, ਅਜੀਤ ਕੌਰ ਤੇ ਬਾਅਦ ਵਿਚ ਸਤੀ ਕੁਮਾਰ ਦੀਆਂ

ਵਿਕੋਲਿਤਰੀਆਂ ਕਹਾਣੀਆਂ ਨੂੰ ਛੱਡ ਕੇ ਹੋਰ ਬਹੁਤ ਘੱਟ ਕਹਾਣੀਕਾਰਾਂ ਵਿਚ ਇਹ ਕਾਵਿਕ ਤੱਤ ਵੇਖਣ ਵਿਚ ਆਏ। ਗੁਲਜ਼ਾਰ ਸਿੰਘ ਸੰਧੂ ਤੇ ਅਜੀਤ ਕੌਰ ਨੂੰ ਛੱਡ ਕੇ ਉਪਰੋਕਤ ਕਹਾਣੀਕਾਰ ਜਾਂ ਤਾਂ ਕਹਾਣੀਕਾਰ ਹੋਣ ਦੇ ਨਾਲ ਨਾਲ ਕਵੀ ਵੀ ਹਨ, ਜਿਵੇਂ ਸਤਿਆਰਥੀ, ਦੁੱਗਲ, ਅੰਮ੍ਰਿਤਾ, ਸੁਖਬੀਰ, ਸਤੀ ਕੁਮਾਰ ਤੇ ਜਾਂ ਕਿਸੇ ਸਮੇਂ ਕਵੀ ਰਹਿ ਚੁੱਕੇ ਸਨ (ਜਿਵੇਂ ਸੇਠੀ)।

ਇਸ ਪ੍ਰਸੰਗ ਵਿਚ ਜਦੋਂ ਮੈਂ ਆਪਣੇ ਰਚਨਾਤਮਕ ਅਮਲ ਵੱਲ ਝਾਤੀ ਮਾਰਦਾ ਹਾਂ ਤਾਂ ਮੈਨੂੰ ਮਹਿਸੂਸ ਹੁੰਦਾ ਹੈ ਕਿ ਮੇਰੀਆਂ ਕਹਾਣੀਆਂ ਤੇ ਕਵਿਤਾਵਾਂ ਘੱਟ ਜਾਂ ਵੱਧ ਮਾਤਰਾ ਵਿਚ ਸਦਾ ਹੀ ਇਕ ਦੂਜੇ ਦੀਆਂ ਪੂਰਕ ਰਹੀਆਂ ਹਨ। ਮੇਰੇ ਕਾਵਿ ਸੰਗ੍ਰਹਿ "ਬਿੰਦੂ" (1965) ਵਿਚ ਸੰਕਲਤ ਇਕ ਕਵਿਤਾ 'ਤਸਵੀਰ' ਨੇ ਮੈਨੂੰ "ਜੁਰਮ ਦੇ ਪਾਤਰ" ਕਹਾਣੀ-ਸੰਗ੍ਰਹਿ ਵਿਚ ਸ਼ਾਮਲ ਕਹਾਣੀ 'ਸ਼ੀਸ਼ੇ ਵਾਲੀ ਚਿੜੀ' ਲਿਖਣ ਦੀ ਪ੍ਰੇਰਨਾ ਦਿੱਤੀ। ਇਸੇ ਤਰ੍ਹਾਂ ਉਸ ਸਮੇਂ ਲਿਖੀਆਂ ਮੇਰੀਆਂ ਕੁਝ ਹੋਰ ਕਹਾਣੀਆਂ ਤੇ ਕਵਿਤਾਵਾਂ ਵਿਚ ਇਕ ਦੂਜੇ ਦੇ ਪੂਰਕ ਹੋਣ ਦੇ ਪ੍ਰਮਾਣ ਮਿਲਦੇ ਹਨ। ਉਸ ਸਮੇਂ ਸ਼ਾਇਦ ਮੈਂ ਵੀ ਉਪਰੋਕਤ ਕਹਾਣੀਕਾਰਾਂ ਵਾਂਗ ਚੇਤੰਨ ਜਾਂ ਨਿਮਨ ਚੇਤੰਨ ਰੂਪ ਵਿਚ ਰਚਨਾ ਦੇ ਇਸ ਅਮਲ ਵਿਚੋਂ ਲੰਘ ਰਿਹਾ ਸਾਂ।

ਅਪ੍ਰੈਲ 1971 ਵਿਚ ਜਦੋਂ ਮੈਂ ਅਮਰੀਕਾ ਜਾਂਦਿਆਂ, ਕੰਪਾਲਾ, ਕੈਰੋ, ਰੋਮ, ਜ਼ਿਊਰਿਕ ਤੇ ਪੈਰਸ ਤੋਂ ਹੁੰਦਾ ਹੋਇਆ ਇੰਗਲੈਂਡ ਪਹੁੰਚਿਆ ਤਾਂ ਇਸ ਤੱਤ ਦੀ ਸੱਚਾਈ ਨੂੰ ਮੈਂ ਬੜੇ ਚੇਤੰਨ ਰੂਪ ਵਿਚ ਸ਼ਿੱਦਤ ਨਾਲ ਅਨੁਭਵ ਕੀਤਾ। ਇੰਗਲੈਂਡ ਵਿਚ ਮੈਂ ਹਫ਼ਤਾ ਕੁ ਜਾਂਦਿਆਂ ਤੇ ਹਫ਼ਤਾ ਕੁ ਅਮਰੀਕਾ ਤੋਂ ਵਾਪਸੀ ਉੱਤੇ ਅਟਕਿਆ ਸਾਂ। ਉਨ੍ਹਾਂ ਦਿਨਾਂ ਵਿਚ ਬਾਹਰਲੇ ਦੇਸ਼ਾਂ ਤੋਂ ਆ ਕੇ ਇੰਗਲੈਂਡ ਵਿਚ ਵੱਸੇ ਹੋਏ ਲੋਕਾਂ ਵਿਚ ਏਥੋਂ ਦੀ ਨਸਲੀ ਵਿਤਕਰੇ ਦੀ ਨੀਤੀ ਅਧੀਨ ਆਪਣੇ ਆਵਾਸੀ ਤੇ ਜੜ੍ਹਹੀਣ ਹੋਣ ਦੀ ਭਾਵਨਾ ਬੜੀ ਪ੍ਰਬਲ ਸੀ। ਇਸੇ ਅਨੁਭਵ ਦੇ ਪ੍ਰਭਾਵ ਹੇਠ ਮੈਂ ਇਕ ਕਵਿਤਾ ਲਿਖੀ ਜਿਸ ਦਾ ਸ਼ੀਰਸ਼ਕ ਹੈ 'ਸੂਰਜ ਠੰਡਾ ਹੋਣ 'ਚ ਬੜੀ ਦੇਰ ਅਜੇ ਬਾਕੀ ਹੈ।' ਏਥੇ ਰਹਿਣ ਦੇ ਦੌਰਾਨ ਮੈਨੂੰ 1968 ਤੋਂ ਬਾਅਦ ਇਕ ਵਾਰੀ ਫਿਰ ਏਥੋਂ ਦੇ ਸਾਹਿਤਕਾਰਾਂ ਨਾਲ ਮਿਲ ਬੈਠਣ ਦਾ ਅਵਸਰ ਪ੍ਰਾਪਤ ਹੋਇਆ। ਏਥੋਂ ਦੇ ਕੁਝ ਬੁੱਧੀਜੀਵੀ ਤੇ ਸਾਹਿਤਕਾਰ ਉਨ੍ਹਾਂ ਦਿਨਾਂ ਵਿਚ ਆਮ ਤੌਰ ਉੱਤੇ ਬੰਗਲਾਦੇਸ਼ ਦੀਆਂ ਘਟਨਾਵਾਂ ਤੇ ਨਕਸਲਬਾੜੀ ਲਹਿਰ ਦੇ ਪ੍ਰਸੰਗ ਵਿਚ ਬੜੀਆਂ ਇਨਕਲਾਬੀ ਗੱਲਾਂ ਕਰਕੇ ਅਤੇ ਕਵਿਤਾਵਾਂ ਲਿਖ ਕੇ ਆਪਣੇ ਆਪ ਨੂੰ ਮਹਾਨ ਇਨਕਲਾਬੀ ਸਿੱਧ ਕਰਨ ਦਾ ਯਤਨ ਕਰ ਰਹੇ ਸਨ। ਅਖੌਤੀ ਇਨਕਲਾਬੀਆਂ ਦਾ ਇਹ ਰੂਪ ਮੈਂ 1969 ਵਿਚ ਆਪਣੀ ਭਾਰਤ ਫੇਰੀ ਦੇ ਦੌਰਾਨ ਅਤੇ ਉਸ ਤੋਂ ਵੀ ਢੇਰ ਚਿਰ ਪਹਿਲਾਂ ਭਾਰਤ ਵਿਚ ਰਹਿੰਦਿਆਂ ਵੀ ਅਨੁਭਵ ਕੀਤਾ ਤੇ ਵੇਖਿਆ ਸੀ। ਇਹ ਲੋਕ ਵਿਸਕੀ ਪੀਂਦੇ, ਮੁਰਗੇ ਖਾਂਦੇ, ਸ਼ਾਨਦਾਰ ਕੋਠੀਆਂ ਵਿਚ ਰਹਿੰਦੇ ਅਤੇ ਜੀਵਨ ਦੇ ਹਰ ਐਸ਼ੋ ਆਰਾਮ ਨੂੰ ਪ੍ਰਾਪਤ ਕਰਕੇ ਵੀ ਰਿਵਾਜ ਵਜੋਂ ਜਾਂ ਸ਼ਾਇਦ ਸ਼ੁਗਲ ਤੇ ਫੈਸ਼ਨ ਲਈ ਆਪਣੇ ਆਪ ਨੂੰ ਆਪਣੀਆਂ ਰਚਨਾਵਾਂ ਤੇ ਬਹਿਸਾਂ ਵਿਚ ਮਹਾਨ ਇਨਕਲਾਬੀ ਤੇ ਪ੍ਰਗਤੀਵਾਦੀ ਸਿੱਧ ਕਰਦੇ ਸਨ। ਜਦੋਂ ਮੈਂ ਲੰਡਨ ਤੋਂ ਨਿਊਯਾਰਕ ਲਈ ਵਿਮਾਨ ਵਿਚ ਬੈਠਾ ਤਾਂ ਅੰਧ-ਮਹਾਂਸਾਗਰ ਉੱਤੇ ਉਡਾਨ ਕਰਦਿਆਂ ਇਸੇ ਅਨੁਭਵ ਨੇ ਮੇਰੇ ਕੋਲੋਂ "ਇਕ ਨਿਪੁੰਸਕ ਲੇਖਕ ਦਾ ਆਤਮ ਕਥਨ" ਕਵਿਤਾ ਲਿਖਵਾਈ। ਇਹ ਦੋਵੇਂ ਕਵਿਤਾਵਾਂ 1972 ਵਿਚ ਛਪੇ ਮੇਰੇ ਕਾਵਿ-ਸੰਗ੍ਰਹਿ "ਮੇਰੇ ਮੌਸਮ ਦੀ ਵਾਰੀ" ਵਿਚ ਸ਼ਾਮਿਲ ਹਨ। ਸਮਾਂ ਪਾ ਕੇ ਇਹ ਦੋਵੇਂ ਕਵਿਤਾਵਾਂ ਮੇਰੇ ਹੱਥਲੇ ਕਹਾਣੀ ਸੰਗ੍ਰਹਿ ਦੀ ਕਹਾਣੀ 'ਚੱਕਰਵਯੂ' ਦਾ ਪ੍ਰੇਰਨਾ-ਸਰੋਤ ਬਣੀਆਂ। ਨਿਮਨ ਚੇਤੰਨ ਰੂਪ ਵਿਚ ਸ਼ਾਇਦ ਇਸ ਕਹਾਣੀ ਵਿਚ ਮੇਰੀਆਂ ਦੋ ਹੋਰ ਕਵਿਤਾਵਾਂ 'ਚੱਕਰਵਯੂ' (ਬਿੰਦੂ-1965) ਅਤੇ 'ਕਨ੍ਹਾਂ' (ਦਿਲ ਦਰਿਆ ਸਮੁੰਦਰੋਂ ਡੂੰਘੇ-1961) ਦੇ ਕੁਝ ਤੱਤ ਵੀ ਕਿਸੇ ਨਾ ਕਿਸੇ ਰੂਪ ਵਿਚ ਆ ਸ਼ਾਮਿਲ ਆਏ ਹੋਣ। ਇਸੇ ਵਿਸ਼ੇ ਨੂੰ ਮੈਂ ਇਕ ਨਵੇਂ ਕੋਣ ਤੋਂ ਅਤੇ ਇਕ ਨਵੇਂ ਰੂਪ ਵਿਚ ਆਪਣੇ ਤਿਆਰੀ ਅਧੀਨ ਕਾਵਿ-ਸੰਗ੍ਰਹਿ ਦੀ ਇਕ ਹੋਰ ਕਵਿਤਾ 'ਸੁਪਨ-ਭੋਗੀ' ਵਿਚ ਵੀ ਅਭਿਵਿਅਕਤ ਕਰਨ ਦਾ ਯਤਨ ਕੀਤਾ ਹੈ।

ਇਸ ਸੰਗ੍ਰਹਿ ਦੀ ਇਕ ਹੋਰ ਕਹਾਣੀ 'ਬੋਰਡਮ' ਵੀ ਇਸੇ ਪ੍ਰਸੰਗ ਵਿਚ ਆਉਂਦੀ ਹੈ। ਮੈਂ ਆਪਣੇ ਆਗਾਮੀ ਕਾਵਿ-ਸੰਗ੍ਰਹਿ ਲਈ ਇਕ ਕਵਿਤਾ 'ਬੋਰਡਮ' ਲਿਖ ਕੇ ਹਟਿਆ ਸਾਂ ਕਿ ਮੈਨੂੰ ਮਹਿਸੂਸ ਹੋਇਆ

ਕਿ ਇਸ ਵਿਸ਼ੇ ਉੱਤੇ ਇਕ ਕਹਾਣੀ ਵੀ ਲਿਖੀ ਜਾ ਸਕਦੀ ਹੈ। ਬੋਰਡਮ ਭੁਗਤਦੇ ਮਨੁੱਖ ਦੀ ਸੋਚਣ-ਕਿਰਿਆ (Thought Process) ਸੰਬੰਧੀ ਪੰਜਾਬੀ ਵਿਚ ਸ਼ਾਇਦ ਇਹ ਆਪਣੀ ਕਿਸਮ ਦੀ ਪਹਿਲੀ ਕਹਾਣੀ ਹੋਵੇ। ਤਕਨੀਕ ਦੇ ਪੱਖ ਤੋਂ ਵੀ ਇਹ ਕਹਾਣੀ ਉਚੇਚੀ ਪੇਖੜੀ ਮੰਗਦੀ ਹੈ। ਇਸ ਵਿਚ ਪੰਪਰਾਗਤ ਕਹਾਣੀ ਵਾਲੀ ਕੋਈ ਨਿਰੰਤਰ ਘਟਨਾ-ਵਾਰਤਾ ਨਹੀਂ ਚਲਦੀ ਅਤੇ ਨਾ ਹੀ ਮੈਂ ਰਵਾਇਤੀ ਪਾਤਰ ਉਸਾਰੀ ਅਤੇ ਆਦਿ, ਮੱਧ ਅੰਤ ਵਾਲੀ ਸੂਤਰਕ ਤਕਨੀਕ ਦੀ ਹੀ ਵਰਤੋਂ ਕੀਤੀ ਹੈ। ਅਪ੍ਰਸੰਗਤ ਅਕੇਵੇਂ ਜਾਂ ਬੋਰਡਮ ਦੀ ਅਵਸਥਾ ਵਿਚ ਮਨੁੱਖ ਸੋਚ ਦੇ ਕਿਸੇ ਵੀ ਬੱਝਵੇਂ ਲਿੰਕ (ਤੰਦ ਜਾਂ ਸੰਬੰਧ) ਤੋਂ ਬਿਨਾ ਕਿਸੇ ਟੁੱਟਵੇਂ, ਖਿੰਡਵੇਂ ਸਫ਼ਰ ਨੂੰ ਮੈਂ ਕੁਝ ਪ੍ਰਭਾਵਾਂ, ਚਿੰਨ੍ਹਾਂ ਤੇ ਸਿਮਰਤੀਆਂ ਦੇ ਫਲੈਸ਼ ਬੈਕ ਦੁਆਰਾ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਹਰੇਕ ਪ੍ਰਭਾਵ ਭਾਵੇਂ ਪ੍ਰਗਟ ਰੂਪ ਵਿਚ ਇਕ ਦੂਜੇ ਨਾਲ ਕੋਈ ਸੰਬੰਧ ਨਹੀਂ ਰੱਖਦਾ ਪਰ ਫਿਰ ਵੀ ਬੋਰਡਮ ਦੀ ਮਾਨਸਕ ਅਵਸਥਾ ਵਿਚ ਉਤਪੰਨ ਹੋਈ ਮਨੁੱਖਾ ਸੋਚ ਨੂੰ ਜਿੱਥੇ ਇਹ ਇਕ ਨਵੇਂ ਕੋਨ ਤੋਂ ਪ੍ਰਸਤੁਤ ਕਰਦਾ ਹੈ, ਉਥੇ ਇਸ ਨਾਲ ਤਦਰੂਪਤਾ ਸਥਾਪਤ ਕਰਕੇ ਇਸ ਦੇ ਸਮੁੱਚੇ ਪ੍ਰਭਾਵ ਵਿਚ ਅਭੇਦ ਵੀ ਹੋ ਜਾਂਦਾ ਹੈ। ਆਕਾਰ ਦੇ ਪੱਖ ਤੋਂ ਜਿੰਨੀ ਇਹ ਕਹਾਣੀ ਛੋਟੀ ਹੈ, ਵਿਚਾਰ ਦੇ ਪੱਖ ਤੋਂ ਓਨੀ ਹੀ ਸੰਘਣੀ।

'ਪਸ਼ੂ ਹੋਣ ਤਕ' ਇਸ ਸੰਗ੍ਰਹਿ ਦੀ ਇਕ ਹੋਰ ਅਜਿਹੀ ਕਹਾਣੀ ਹੈ ਜਿਸ ਦਾ ਜਨਮ ਇਕ ਕਵਿਤਾ ਲਿਖਣ ਤੋਂ ਬਾਅਦ ਹੋਇਆ। ਇਹ ਕਵਿਤਾ ਮੈਂ ਆਪਣੇ ਆਗਾਮੀ ਸੰਗ੍ਰਹਿ ਵਿਚ 'ਪੂਰਨ ਸੁਤੰਤਰਤਾ ਦੀ ਭਾਲ ਵਿਚ ਪੰਜ ਪ੍ਰਭਾਵ' ਸ਼ੀਰਸ਼ਕ ਹੇਠ ਸ਼ਾਮਲ ਕਰ ਰਿਹਾ ਹਾਂ। ਇਸ ਕਵਿਤਾ ਦੀ ਮੂਲ ਸਮੱਸਿਆ ਪੂਰਨ ਸੁਤੰਤਰਤਾ ਦੀ ਭਾਲ (Search for complete and Perfect Freedom) ਹੈ। ਇਸ ਕਵਿਤਾ ਦੀਆਂ ਇਹ ਤੁਕਾਂ :

ਪੱਤੀ ਪੱਤੀ ਕਿਰਨਾ
ਟੁੱਟਣਾ ਕਣੀ ਕਣੀ
ਜੇ ਰੁੱਖ ਦੀ ਜੜ੍ਹ ਬੱਦਲ,
ਤਾਂ ਰੁੱਖ ਨਹੀਂ ਬਣਨਾ।

ਇਕ ਲੰਮੇ ਸਮੇਂ ਤਕ ਜਿੱਥੇ ਵੀ ਮੈਂ ਗਿਆ, ਮੇਰਾ ਪਿੱਛਾ ਕਰਦੀਆਂ ਰਹੀਆਂ। ਕੀ ਇਹ ਪੂਰਨ ਸੁਤੰਤਰਤਾ ਸੰਭਵ ਹੈ ? ਜੇ ਹੈ ਤਾਂ ਕਿਸ ਰੂਪ ਵਿਚ ? ਕਿਸ ਮਾਤਰਾ ਵਿਚ ? ਇਹ ਕਹਾਣੀ ਇਸੇ ਸਮੱਸਿਆ ਨਾਲ ਦੋ ਚਾਰ ਹੁੰਦੀ ਹੈ। ਕਹਾਣੀ ਦੇ ਅੰਤ ਵਿਚ ਇਸ ਕਹਾਣੀ ਦੇ ਮੁੱਖ ਪਾਤਰਾਂ ਦਾ ਪੜ-ਯਥਾਰਥਵਾਦੀ (Superealist) ਪੱਧਰ ਉੱਤੇ ਜੋ ਕਾਇਆ ਪਲਟ (Metamorphosis) ਹੁੰਦਾ ਹੈ, ਉਹ ਉਚੇਚੇ ਧਿਆਨ ਦੀ ਮੰਗ ਕਰਦਾ ਹੈ। ਇਸ ਕਹਾਣੀ ਨੂੰ ਜੋ ਮੈਂ ਕਹਾਣੀ ਵਿਚ ਕਵਿਤਾ ਕਹਿ ਦਿਆਂ ਤਾਂ ਅਣਉਚਿਤ ਨਹੀਂ ਹੋਵੇਗਾ।

ਇਸੇ ਤਰ੍ਹਾਂ ਮੇਰੀਆਂ ਹੋਰ ਬਹੁਤ ਸਾਰੀਆਂ ਕਵਿਤਾਵਾਂ ਜਿਵੇਂ, 'ਲੂਪ ਦੀ ਪੀੜ੍ਹੀ' (ਮੌਨ ਹਾਦਸੇ-1967), 'ਪ੍ਰੋਮੀਥੀਅਸ', 'ਇਕ ਬੁੱਧੀਜੀਵੀ ਦੀ ਅਧੋਗਤੀ', 'ਹਿੰਦ ਮਹਾਂਸਾਗਰ ਵਿਚ' (ਦਿਲ-ਟ੍ਰਾਂਸਪਲਾਂਟ ਤੋਂ ਬਾਅਦ-1969), 'ਮੈ. ਤੇ ਨਦੀ', 'ਇਕ ਨਜ਼ਮ ਦਾ ਸਾਥ', 'ਮੌਤ ਦੀ ਉਡੀਕ ਵਿਚ', 'ਹੋਣ ਤੋਂ ਨਾ ਹੋਣ ਦੇ ਵਿਚਕਾਰ', 'ਸਟੈਰੇਲਾਈਜ਼ ਹੋਇਆ ਈਸ਼ਵਰ ਤੇ ਪੰਜ ਸਾਲਾ ਯੋਜਨਾ' (ਸ਼ਹਿਰ ਜੰਗਲੀ ਹੈ-1970), 'ਨਾਇਕ-ਹੀਣ ਯੁੱਗ', 'ਜੰਗਲ ਦਾ ਸੂਰ', 'ਇਕ ਬੁੱਧੀਜੀਵੀ ਦਾ ਦੁਖਾਂਤ', 'ਦਾਇਰੇ ਵਿਚ ਘਿਰੀ ਸਦੀ' ਅਤੇ 'ਬੇਜ਼ਿਹਨਾ ਦਰਦ' (ਮੇਰੇ ਮੌਸਮ ਦੀ ਵਾਰੀ-1972) ਆਦਿ ਵਿਚ ਜਿਥੇ ਕਿਸੇ ਨਾ ਕਿਸੇ ਰੂਪ ਵਿਚ ਕਹਾਣੀ ਦੇ ਤੱਤ ਵਿਦਮਾਨ ਹਨ, ਉੱਥੇ ਹੋ ਸਕਦਾ ਹੈ ਕਿ ਸਮਾਂ ਪਾ ਕੇ ਇਹ ਕਵਿਤਾਵਾਂ ਮੇਰੀਆਂ ਕੁਝ ਕਹਾਣੀਆਂ ਦਾ ਪ੍ਰੇਰਨਾ-ਸਰੋਤ ਵੀ ਬਣਨ।

ਏਥੇ ਇਹ ਗੱਲ ਕਹਿਣੀ ਵੀ ਅਨੁਚਿਤ ਨਹੀਂ ਹੋਵੇਗੀ ਕਿ ਭਾਵੇਂ ਇਹ ਕਵਿਤਾਵਾਂ ਤੇ ਕਹਾਣੀਆਂ ਘੱਟ ਜਾਂ ਵੱਧ ਮਾਤਰਾ ਵਿਚ ਅੰਤਰ ਸੰਬੰਧਤ ਜਾਂ ਇਕ ਦੂਜੇ ਦੀਆਂ ਪੂਰਕ ਹਨ, ਫਿਰ ਵੀ ਇਕ ਵੱਖਰੇ ਸਾਹਿਤ ਦੇ ਰੂਪ ਦੇ ਤੌਰ 'ਤੇ ਇਹਨਾਂ ਦਾ ਆਪੋ-ਆਪਣਾ ਮੌਲਕ ਤੇ ਸੁਤੰਤਰ ਅਸਤਿਤਵ ਹੈ।

ਇਸ ਤੋਂ ਪਹਿਲਾਂ ਕਿ ਇਸ ਸੰਗ੍ਰਹਿ ਦੀਆਂ ਹੋਰ ਕਹਾਣੀਆਂ ਬਾਰੇ ਮੈਂ ਆਪ ਕੁਝ ਆਖਾਂ ਇੱਥੇ ਇਹ ਜ਼ਰੂਰੀ ਜਾਪਦਾ ਹੈ ਕਿ ਮੈਂ ਨਵੀਂ ਕਹਾਣੀ ਦੇ ਸੰਕਲਪ ਸੰਬੰਧੀ ਆਪਣੇ ਵਿਚਾਰ ਸੰਖੇਪ ਰੂਪ ਵਿਚ ਪ੍ਰਸਤੁਤ ਕਰਾਂ। ਜੀਵਨ ਵਿਚ ਕਾਹਲ, ਸਮੇਂ ਤੇ ਵਿਹਲ ਦੀ ਘਾਟ, ਮੁਕਾਬਲੇ ਦੀ ਰੁਚੀ, ਉਦਯੋਗਵਾਦੀ ਸੱਭਿਅਤਾ ਆਦਿ ਨੇ ਸਾਨੂੰ ਪਾਤਰਾਂ ਤੇ ਘਟਨਾਵਾਂ ਦੇ ਵਿਸਥਾਰ ਵਿਚ ਜਾਣ ਦੀ ਥਾਂ ਉਹਨਾਂ ਦੇ ਕਿਸੇ ਵਿਲੱਖਣ, ਨਿੱਖੜਵੇਂ, ਦਿਨ-ਖਿੱਚਵੇਂ, ਕੱਲੇ ਅਤੇ ਆਂਗਿਕ ਰੂਪ ਜਾਂ ਵਰਤਾਰੇ ਤਕ ਹੀ ਸੀਮਤ ਰਹਿਣ ਦੀ ਰੁਚੀ ਪ੍ਰਦਾਨ ਕੀਤੀ ਹੈ। ਅਸੀਂ ਇਸ ਭੱਜ ਦੌੜ ਵਾਲੇ ਜੀਵਨ ਵਿਚ ਰੋਜ਼ ਅਨੇਕਾਂ ਵਿਅਕਤੀਆਂ ਨੂੰ ਮਿਲਦੇ ਹਾਂ—ਸਿਨਮਿਆਂ, ਥੀਏਟਰਾਂ, ਨਾਈਟ-ਕਲੱਬਾਂ, ਕਾਫੀ ਹਾਊਸਾਂ, ਬਾਰਾਂ (ਸ਼ਰਾਬਖਾਨਿਆਂ), ਵਿਮਾਨਾਂ, ਹਵਾਈ ਅੱਡਿਆਂ ਤੇ ਬਜ਼ਾਰਾਂ ਆਦਿ ਵਿਚ ਕਿਸੇ ਦੀ ਇਕ ਅਦਾ, ਕਿਸੇ ਦਾ ਇਕ ਸ਼ਬਦ, ਕਿਸੇ ਦਾ ਇਕ ਖਿਆਲ, ਕਿਸੇ ਦਾ ਇਕ ਪ੍ਰਤੀਕਰਮ, ਕਿਸੇ ਦੀ ਸ਼ੈਲੀ ਦਾ ਕੋਈ ਨਿੱਖੜਵਾਂ ਰੂਪ ਜਾਂ ਕੋਈ ਅਸਾਧਾਰਨ ਗੱਲ ਸਾਡੇ ਮਨ ਵਿਚ ਖੁੱਭ ਜਾਂਦੀ ਹੈ। ਸਾਨੂੰ ਏਨੀ ਵਿਹਲ ਨਹੀਂ ਕਿ ਅਸੀਂ ਪਿਛਲੇ ਸਮੇਂ ਦੇ ਵਿਹਲ-ਭਰਪੂਰ ਜੀਵਨ ਦੀ ਕਿਰਿਆ ਅਨੁਸਾਰ ਉਸ ਵਿਸ਼ੇਸ਼ ਪਾਤਰ ਦੇ ਵਿਅਕਤੀਗਤ, ਸਮਾਜਕ, ਆਰਥਕ ਤੇ ਪਿਤਰੀ ਜੀਵਨ ਬਾਰੇ ਸੁਵਿਸਥਾਰ ਗੱਲਬਾਤ ਜਾਂ ਖੋਜ ਕਰ ਸਕੀਏ ਤੇ ਫਿਰ ਇਸ ਸੰਦਰਭ ਵਿਚ ਵਰਣਨੀ ਸ਼ੈਲੀ ਦੁਆਰਾ ਉਸ ਦੀ ਰਵਾਇਤੀ ਪਾਤਰ-ਉਸਾਰੀ ਕਰੀਏ। ਸਗੋਂ ਅਜੋਕੇ ਜੀਵਨ ਤੇ ਅਨੁਭਵ ਦਾ ਅਮਲ ਪਹਿਚਾਣ ਵਿਚ ਵੀ ਕੁਝ ਨਾ ਪਹਿਚਾਣਿਆ ਹੋਣ ਤੇ ਨਾ ਪਹਿਚਾਣੇ ਹੋਏ ਵਿਚ ਵੀ ਕੁਝ ਜਾਣਿਆ ਪਹਿਚਾਣਿਆ ਹੋਣ ਵੱਲ ਸੰਕੇਤ ਕਰਦਾ ਹੈ। ਇਸੇ ਲਈ ਜਦੋਂ ਅਸੀਂ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਲੋਕਾਂ ਨੂੰ ਮਿਲਦੇ ਹਾਂ ਤਾਂ ਅਜਿਹੀ ਵਾਰਤਾਲਾਪ ਆਮ ਸੁਣਨ ਵਿਚ ਆਉਂਦੀ ਹੈ।

"ਹੈਲੋ, ਕੀ ਤੁਸੀਂ ਮੈਨੂੰ ਪਹਿਚਾਣਦੇ ਹੋ ?"

"ਹਾਂ, ਤੁਹਾਡਾ ਚਿਹਰਾ, ਤੁਹਾਡੀ ਅਦਾ, ਤੁਹਾਡੀ ਤੋਰ, ਤੁਹਾਡੀ ਬੋਲਣ-ਸ਼ੈਲੀ ਤੋਂ ਜਾਪਦਾ ਹੈ ਕਿ ਤੁਸੀਂ ਜਾਣੇ ਪਹਿਚਾਣੇ ਹੋ।"

"ਮੇਰਾ ਨਾਮ ?"

"ਨਾਮ ਵਿਚ ਕੀ ਪਿਆ ਹੈ ? ਅਸੀਂ ਰੋਜ਼ ਮਿਲ ਕੇ ਵੀ ਨਹੀਂ ਮਿਲਦੇ - ਤੇ ਵਿਛੜ ਕੇ ਵੀ ਨਹੀਂ ਵਿਛੜਦੇ। ਤੁਹਾਨੂੰ ਕੀ ਪਤਾ ਹੈ ਕਿ ਬੀਅਰ ਪੀਂਦਿਆਂ, ਕੁੜੀ ਨਾਲ ਨ੍ਰਿਤ ਕਰਦਿਆਂ ਤੁਹਾਡੀ ਸ਼ਖ਼ਸੀਅਤ ਦਾ ਕਿਹੜਾ ਅੰਗ ਮੈਂ ਰਾਤ ਵਿਦਾ ਵੇਲੇ ਆਪਣੇ ਨਾਲ ਚੁੱਕ ਕੇ ਲੈ ਗਿਆ ਸਾਂ।"

ਇਹੋ ਜਿਹੇ ਕਿਰਦਾਰ ਇਕ ਵਾਰੀ ਫਿਰ ਇਕ ਦੂਜੇ ਨੂੰ ਆਪਣੇ ਨਾਮ ਦੱਸਦੇ ਹਨ-ਇਕ ਵਾਰੀ ਫਿਰ ਯਾਦ-ਸ਼ਕਤੀ ਦੇ ਭਰਮ ਦਾ ਸ਼ਿਕਾਰ ਹੁੰਦੇ ਹਨ-ਅਜਨਬੀਆਂ ਵਾਂਗੂੰ ਮਿਲਦੇ ਹਨ ਤੇ ਪੱਕੇ ਯਾਰਾਂ ਵਾਂਗੂੰ ਵਿਛੜਦੇ ਹਨ।

ਇਹੋ ਕਾਰਨ ਹੈ ਕਿ ਤੁਸੀਂ ਮੇਰੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਪਾਤਰਾਂ ਦੇ ਸੁਭਾਅ ਦਾ ਕੇਵਲ ਉਹ ਰੂਪ ਹੀ ਵੇਖ ਸਕੋਗੇ ਜੋ ਕਹਾਣੀ ਦੇ ਵਿਸ਼ੇ ਦੀ ਮੰਗ ਹੈ ਤੇ ਜੋ ਮੈਂ ਆਪ ਵੇਖਿਆ ਜਾਂ ਵਿਖਾਉਣਾ ਚਾਹੁੰਦਾ ਹਾਂ। ਮੈਨੂੰ ਖਿਮਾਂ ਕਰਨਾ ਕਿ ਮੈਂ ਰਵਾਇਤੀ ਪਾਤਰ ਉਸਾਰੀ ਵਾਂਗ, ਪਾਤਰਾਂ ਦੇ ਜਿਸਮਾਨੀ ਰੂਪ, ਆਰਥਕ ਸਥਿਤੀ, ਪਿਤਰੀ, ਪਰਵਾਰਕ ਤੇ ਸਮਾਜਕ ਸੰਪਰਕ ਆਦਿ ਸੰਬੰਧੀ ਹਰ ਕਹਾਣੀ ਵਿਚ ਭਰਪੂਰ ਜਾਣਕਾਰੀ ਨਹੀਂ ਦੇ ਸਕਾਂਗਾ। ਏਥੋਂ ਤਕ ਕਿ ਮੇਰੇ ਕਈ ਪਾਤਰਾਂ ਦਾ ਕੋਈ ਨਾਮ ਵੀ ਨਹੀਂ ਹੈ। ਉਹਨਾਂ ਨੂੰ ਤੁਸੀਂ ਜੋ ਮਰਜ਼ੀ ਹੈ ਨਾਮ ਦੇ ਲਵੋ, ਮੈਨੂੰ ਕੋਈ ਇਤਰਾਜ਼ ਨਹੀਂ। ਅੱਜ ਦੇ ਵਿਗਿਆਨਕ ਪ੍ਰਗਤੀਸ਼ੀਲ ਯੁੱਗ ਵਿਚ ਤੇਜ਼ੀ ਨਾਲ ਸਫਰ ਕਰਨ ਵਾਲਾ ਅਤੇ ਵਿਸ਼ਾਲ ਤਜਰਬੇ ਦਾ ਮਾਲਕ ਮਨੁੱਖ, ਦੇਸ਼, ਸਮੇਂ, ਸਥਾਨ ਅਤੇ ਵਿੱਥ ਦੀਆਂ ਸੀਮਾਵਾਂ ਦੀ ਕੈਦ ਨੂੰ ਤੋੜ ਕੇ ਗਲੋਬਲ ਚੇਤੰਨਤਾ ਦਾ ਧਾਰਨੀ ਅਤੇ ਕਾਸਮੋਪਾਲੀਟਨ ਵਿਅਕਤਿਤਵ ਦਾ ਸਵਾਮੀ ਬਣ ਚੁੱਕਾ ਹੈ। ਏਥੇ ਮੈਂ ਆਪਣੀ ਇਕ ਕਹਾਣੀ 'ਪੈਰਸ ਦੀ ਕੁੜੀ' (ਸ਼ਹਿਰ ਵਿਚ ਜੰਗਲ-1969) ਦੀ ਉਦਾਹਰਣ ਦੇਣੀ ਪ੍ਰਕਰਣ ਤੋਂ ਬਾਹਰੀ ਗੱਲ ਨਹੀਂ ਸਮਝਾਂਗਾ। 1969 ਵਿਚ ਭਾਰਤ ਆ ਕੇ ਜਦੋਂ ਮੈਂ ਆਪਣੇ ਮਿੱਤਰ, ਪ੍ਰੋਫੈਸਰ ਮੋਹਨ ਸਿੰਘ ਜੌਹਲ ਨੂੰ ਮਿਲਿਆ ਤਾਂ ਉਹ ਮੈਨੂੰ ਫੜ ਕੇ ਬੈਠ ਗਿਆ ਤੇ ਕਹਿਣ ਲੱਗਾ,

"ਰਵੀ ! ਮੈਂ ਵੀ ਹੁਣੇ ਜਿਹੇ ਇੰਗਲੈਂਡ ਤੇ ਪੈਰਿਸ ਤੋਂ ਹੋ ਕੇ ਆਇਆ ਹਾਂ। ਤੇਰੀ 'ਪੈਰਸ ਦੀ ਕੁੜੀ' ਕਹਾਣੀ ਪੜ੍ਹੀ। ਮੈਂ ਇਥੇ ਵਾਪਸ ਆ ਕੇ, ਪਰ ਇਸ ਵਿਚਲੇ ਅਨੁਭਵ ਵਿੱਚੋਂ ਜਦੋਂ ਮੈਂ ਪੈਰਸ ਯਾਤਰਾ ਸਮੇਂ ਆਪ ਲੰਘਿਆ ਸਾਂ, ਤਾਂ ਮੈਨੂੰ ਅਹਿਸਾਸ ਵੀ ਨਹੀਂ ਸੀ ਕਿ ਇਸ ਵਿਸ਼ੇ ਉਤੇ ਐਡੀ ਵਧੀਆ ਕਹਾਣੀ ਵੀ ਲਿਖੀ ਜਾ ਸਕਦੀ ਹੈ।"

ਇਸੇ ਸੰਗ੍ਰਹਿ ਦੀ ਇਕ ਹੋਰ ਕਹਾਣੀ 'ਜਲ ਮਹਿ ਕਮਲ ਅਲੇਪ' ਬਾਰੇ ਸੰਤ ਸਿੰਘ ਸੇਖੋਂ ਨੇ ਵੀ ਹਾਸੇ ਮਜ਼ਾਕ ਵਿਚ ਮੈਨੂੰ ਕਿਹਾ ਸੀ,

"ਮੈਂ ਤੇਰੇ ਕੋਲ ਕੀਨੀਆ ਆ ਰਿਹਾ ਹਾਂ, ਪਰ ਯਾਦ ਰੱਖੀਂ ਮੈਂ ਅਲੇਪ ਨਹੀਂ ਰਹਿਣਾ।"

ਇਸ ਤੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਕਹਾਣੀਕਾਰ ਦਾ ਕਰਮ ਪਾਤਰਾਂ ਦੇ ਦਿਸਦੇ ਵਰਤਾਰੇ ਨੂੰ ਜਿਉਂ ਦਾ ਤਿਉਂ ਪੇਸ਼ ਕਰਨਾ ਨਹੀਂ ਸਗੋਂ ਸਮੇਂ ਦੇ ਤ੍ਰੈਕਾਲੀ ਪਰਵਾਹ ਵਿਚ ਉਹਨਾਂ ਦੇ ਵਤੀਰੇ ਤੇ ਪ੍ਰਤੀਕਰਮ ਦੇ ਆਂਤਰਕ ਦ੍ਵੰਦਾਤਮਕ ਸੱਚ ਨੂੰ ਸ਼ਾਬਦਿਕ ਰੂਪ ਦੇਣਾ ਹੁੰਦਾ ਹੈ ਤੇ ਉਹ ਵੀ ਉਸ ਵਿਸ਼ੇਸ਼ ਛਿਣ ਵਿਚ, ਜਿਸ ਵਿਚ ਕਿ ਉਹ ਘਟਨਾ ਕਿਸੇ ਪਾਤਰ ਉੱਤੇ ਘਟੀ ਹੋਵੇ ਜਾਂ ਕਿਸੇ ਪਾਤਰ ਨੇ ਉਸ ਵਿਸ਼ੇਸ਼ ਘਟਨਾ ਨੂੰ ਜਨਮ ਦਿੱਤਾ ਹੋਵੇ। ਮਨੁੱਖਾ ਅਹਿਸਾਸ, ਵਿਚਾਰ, ਪ੍ਰਤੀਕਰਮ ਤੇ ਹਾਵ ਭਾਵ ਪ੍ਰਸੰਗਾਂ, ਤਜਰਬਿਆਂ ਤੇ ਸਾਹਿਤਕਤਾ ਦੀ ਭਿੰਨਤਾ ਦੇ ਬਾਵਜੂਦ ਵੀ ਸਰਵ-ਵਿਆਪਕ ਹਨ।

ਤਕਨੀਕ ਦੇ ਪੱਖ ਤੋਂ ਵੀ ਤੁਹਾਨੂੰ ਇਨ੍ਹਾਂ ਕਹਾਣੀਆਂ ਵਿਚ ਅਜੋਕੇ ਜੀਵਨ ਜਿੰਨੀ ਵਿਸ਼ਾਲ ਵੰਨਗੀ ਮਿਲੇਗੀ। ਜੇਕਰ ਦੁਫਾੜ ਵਿਅਕਤਿਤਵ, ਊਲ-ਜਲੂਲੀਅਤ, ਫੈਂਟੇਸੀ, ਪੜਯਥਾਰਥਵਾਦ, ਬੌਧਕ ਆਤਮ ਸੰਵਾਦ, ਉੱਚੀ ਸੋਚ, ਮਨਬਚਨੀ, ਆਧੁਨਿਕ ਚੇਤਨਾ ਪਰਵਾਹ ਆਦਿ ਤੱਤ ਅੱਜ ਦੇ ਜੀਵਨ ਦੇ ਕਿਸੇ ਨਾ ਕਿਸੇ ਰੂਪ ਵਿਚ ਇਕ ਵਿਸ਼ੇਸ਼ ਅੰਗ ਹਨ ਤਾਂ ਉਹ ਆਪਣੇ ਪ੍ਰਾਕ੍ਰਿਤਕ ਰੂਪ ਵਿਚ ਤੁਹਾਨੂੰ ਮੇਰੀਆਂ ਕਹਾਣੀਆਂ ਵਿਚ ਵੀ ਅਵੱਸ਼ ਹੀ ਸੁਪ੍ਰਾਣ ਨਜ਼ਰ ਆਉਣਗੇ। ਜਾਣ ਬੁੱਝ ਕੇ ਫੈਸ਼ਨ, ਰਿਵਾਜ ਜਾਂ ਹੋਰਨਾਂ ਦੀ ਰੀਸ ਵਜੋਂ ਮੈਂ ਕਦੇ ਵੀ ਸੂਤਰ ਬਣਾ ਕੇ ਰਚਨਾ ਨਹੀਂ ਕੀਤੀ। ਮੇਰੀਆਂ ਬਹੁ-ਗਿਣਤੀ ਕਹਾਣੀਆਂ ਦਾ ਮੇਰੇ ਜੀਵਨ ਨਾਲ ਸਿੱਧਾ ਜਾਂ ਟੇਢੇ ਰੂਪ ਵਿਚ ਘਣਾ ਸੰਬੰਧ ਹੈ। ਇਸੇ ਲਈ ਇਨ੍ਹਾਂ ਵਿਚ ਜਿਵੇਂ ਮੈਂ ਆਪ ਜਾਂ ਆਪਣੇ ਪਾਤਰਾਂ ਨੇ ਜੀਵਿਆ ਜਾਂ ਜੀਣਾ ਚਾਹਿਆ ਹੈ, ਦਾ ਸ੍ਵਰ ਹੀ ਪ੍ਰਧਾਨ ਹੈ। ਇਸੇ ਲਈ ਜਿੱਥੇ ਇਹਨਾਂ ਕਹਾਣੀਆਂ ਵਿਚ ਵਿਅਕਤੀਗਤ ਜੀਵਨ ਦਾ ਯਥਾਰਥਕ ਅਨੁਭਵ ਵਿਦਮਾਨ ਹੈ, ਉੱਥੇ ਇਸ ਦੇ ਬਹੁਮੁਖੀ ਪ੍ਰਕਰਣ ਵਿਚ ਵੰਨਗੀ ਵੀ ਵੇਖਣ ਵਿਚ ਆਵੇਗੀ।

ਮੇਰੇ ਕਹਾਣੀ ਸੰਗ੍ਰਹਿ, "ਜੁਰਮ ਦੇ ਪਾਤਰ" ਦਾ ਰੀਵਿਊ ਕਰਦਿਆਂ ਸੰਤ ਸਿੰਘ ਸੇਖੋਂ ਨੇ ਲਿਖਿਆ ਸੀ ਕਿ "ਜਿੱਥੇ ਵਸਤੂ ਪੱਖ ਤੋਂ ਰਵੀ ਚੋਖੇ ਪ੍ਰੀਸ਼ਰਮ ਤੇ ਡੂੰਘੀ ਸੂਝ ਦਾ ਸਬੂਤ ਦਿੰਦਾ ਹੈ, ਬੋਲੀ ਦੇ ਪੱਖ ਤੋਂ ਕਈ ਥਾਂ ਅਵੇਸਲਾ ਹੋ ਜਾਂਦਾ ਹੈ ... ਉਹ ਭੁੱਲ ਜਾਂਦਾ ਹੈ ਕਿ ਸਾਹਿਤ ਸ਼ਬਦਾਂ ਦੀ ਕਲਾ ਹੈ।" ਇਸ ਦੇ ਉੱਤਰ ਵਿਚ ਮੈਂ ਕੇਵਲ ਇਹ ਹੀ ਕਹਿਣਾ ਚਾਹੁੰਦਾ ਹਾਂ ਕਿ ਕੁਝ ਵਿਸ਼ੇ ਅਤੇ ਅਨੁਭਵ ਏਨਾ ਕਲਾ-ਰਹਿਤ, ਕਰੂਡ ਤੇ ਰਫ ਹੁੰਦੇ ਹਨ ਕਿ ਉਹਨਾਂ ਨੂੰ ਉਚੇਚੇ ਯਤਨ ਨਾਲ ਮਾਂਜ ਸੁਆਰ ਕੇ ਪੇਸ਼ ਕਰਨ ਨਾਲ ਵੀ ਕਹਾਣੀ ਵਿਚ, ਸ਼ਿਲਪੀ ਕਾਰੀਗਰੀ ਦੀ ਝਲਕ ਤਾਂ ਨਜ਼ਰ ਆਵੇਗੀ ਪਰ ਉਸ ਦੀ ਅਸਲ ਆਤਮਾ ਮਾਰੀ ਜਾਵੇਗੀ। ਉਂਝ ਇਸ ਸੰਗ੍ਰਹਿ ਵਿਚ ਤੁਹਾਨੂੰ ਦੋਹਾਂ ਤਰ੍ਹਾਂ ਦੀਆਂ ਕਹਾਣੀਆਂ ਪੜ੍ਹਨ ਨੂੰ ਮਿਲਣਗੀਆਂ। ਅਜੋਕੇ ਜੀਵਨ ਵਿਚ ਬਹੁਤ ਕੁਝ ਅਕਾਵਿਕ, ਕਲਾ-ਰਹਿਤ, ਕਰੂਡ, ਰਫ ਤੇ ਲੈ-ਰਹਿਤ ਹੈ ਅਤੇ ਇਸ ਸਭ ਕੁਝ ਦੀ ਵਿਅਕਤੀਗਤ ਕੋਨ ਤੋਂ ਇਸੇ ਰੂਪ ਵਿਚ ਅਭਿਵਿਅਕਤੀ ਆਪਣੇ ਵਿਚ ਇਕ ਕਲਾ ਹੈ।

'ਬੋਰਡਮ' ਤੇ 'ਜਿਊਂ ਰਹੇ ਮਰੇ ਹੋਏ ਪਲ' ਕਹਾਣੀ ਪੜ੍ਹ ਕੇ ਮੇਰੇ ਇਕ ਅਤਿ ਪਿਆਰੇ ਮਿੱਤਰ ਤੇ ਸੁਹਿਰਦ ਆਲੋਚਕ, ਕੇ. ਕੁਮਾਰ, ਜੋ ਕਿ ਦੈਨਿਕ ਟ੍ਰਿਬਿਊਨ ਵਿਚ ਕੰਮ ਕਰਦੇ ਹਨ, ਨੇ ਲਿਖਿਆ ਸੀ : "ਨਯਾ ... ਨਯਾ ਦੇ ਖਬਤ ਵਿਚ ਕਹਾਣੀਕਾਰਾਂ ਨੇ ਕਹਾਣੀ ਦੀ ਆਤਮਾ ਨੂੰ ਮਾਰ ਦਿੱਤਾ ਹੈ ਤੇ ਲਾਸ਼ ਨੂੰ ਚੁੱਕੀ ਫਿਰ ਰਹੇ ਹਨ।" ਪਰ ਮੈਂ ਇਕ ਪ੍ਰਸ਼ਨ ਪੁੱਛਦਾ ਹਾਂ, ਉਨ੍ਹਾਂ ਨੂੰ ਤੇ ਤੁਹਾਨੂੰ ਸਭ ਨੂੰ ਕਿ ਜੇ ਅੱਜ ਦਾ

ਮਨੁੱਖ ਆਪਣੀ ਆਤਮਾ ਦੀ ਲਾਸ਼ ਚੁੱਕੀ ਫਿਰ ਰਿਹਾ ਹੈ, ਤਾਂ ਉਸ ਦੀ ਸਾਹਿਤ ਵਿਚ ਅਭਿਵਿਅਕਤੀ ਵਰਜਤ ਕਿਉਂ ? ਇਸੇ ਤਰ੍ਹਾਂ ਉਨ੍ਹਾਂ ਨੇ 'ਕਿੱਲਾਂ' ਕਹਾਣੀ ਬਾਰੇ ਲਿਖਿਆ ਸੀ ਕਿ ਕਹਾਣੀ ਬਹੁਤ ਵਧੀਆ ਤੇ ਥੀਮ ਨਵਾਂ ਹੈ ਪਰ ਜਾਪਦਾ ਹੈ ਜਿਵੇਂ ਅਜੇ ਕੁਝ ਹੋਰ ਕਹਿਣਾ ਚਾਹੀਦਾ ਹੈ। ਗੱਲ ਅਧੂਰੀ ਰਹਿ ਗਈ ਹੈ। ਮੈਂ ਉਹਨਾਂ ਨੂੰ ਉੱਤਰ ਵਿਚ ਲਿਖਿਆ ਸੀ ਕਿ ਜੇ ਕੁਝ ਹੋਰ ਲਿਖਿਆ ਜਾਂਦਾ ਤਾਂ ਉਹ ਵਿਆਖਿਆ ਬਣ ਜਾਣੀ ਸੀ-ਕਹਾਣੀ ਦੀ ਆਤਮਾ ਤੇ ਬਿੰਬ ਖੰਡਤ ਹੋ ਜਾਣੇ ਸਨ। ਉਂਝ ਵੀ ਆਧੁਨਿਕ ਸਾਹਿਤ 'ਟੂ ਵੇ ਟ੍ਰੈਫਿਕ' ਹੈ ਅਤੇ ਇਸ ਵਿਚ ਪਾਠਕ ਦੀ ਬੌਧਕ ਸ਼ਮੂਲੀਅਤ ਬਹੁਤ ਜ਼ਰੂਰੀ ਹੈ।

'ਕਿੱਲਾਂ' ਕਹਾਣੀ ਇਸ ਬੌਧਕ ਯੁੱਗ ਵਿਚ ਵਿਚਰਦੇ ਇਕ ਬੁੱਧੀਜੀਵੀ ਦਾ 'ਕੋਨ ਪ੍ਰਤੀਕੋਨ' ਤੋਂ 'ਦੀਪਕ ਤੇ ਰੌਸ਼ਨੀ' ਦੇ ਚਿੰਨ੍ਹਾਂ ਦੁਆਰਾ ਇਕ ਅਜਿਹਾ ਆਤਮ ਸੰਵਾਦ ਹੈ ਜੋ ਇਸ ਬੀਮਾਰ ਸਦੀ ਉੱਤੇ ਇਕ ਚਤੁਰ ਵਿਅੰਗ ਹੋ ਨਿਬੜਦਾ ਹੈ। ਇਹ ਕਹਾਣੀ ਮਨੁੱਖਾ ਸੋਚ ਅਤੇ ਅਜੋਕੇ ਸਿਆਸੀ, ਸਮਾਜੀ ਦੇ ਵਿਅਕਤੀਗਤ ਸੰਦਰਭ ਵਿਚ ਇਸ 'ਸੋਚ ਤੋਂ ਮੁਕਤੀ' ਦੀ ਸਮੱਸਿਆ ਨੂੰ ਵੀ ਇਕ ਨਵੇਂ ਕੋਨ ਤੋਂ ਪ੍ਰਸਤੁਤ ਕਰਕੇ, ਜ਼ਿਹਨੀ ਤੌਰ ਦੇ ਇਸ ਯੁੱਗ ਵਿਚ ਇਹਨਾਂ ਨੂੰ ਹਰ ਛਿਣ ਕਿੱਲਾਂ ਉਤੇ ਤੁਰਦੇ ਰਹਿਣ ਦੇ ਸਰਾਪ ਨੂੰ ਭੁਗਤਣ ਦੀ ਤ੍ਰਾਸਦੀ ਨੂੰ ਵੀ ਦ੍ਰਿਸ਼ਟੀਗੋਚਰ ਕਰਦੀ ਹੈ ਤੇ ਮਨੁੱਖ ਦੀ ਉੱਚੀ ਸੋਚ ਨੂੰ ਵੀ।

'ਜਿਉ ਰਹੇ ਮਰੇ ਹੋਏ ਪਲ' ਅਤੇ 'ਸਮੁੰਦਰ ਤੇ ਰੇਤ' ਕਹਾਣੀਆਂ ਆਧੁਨਿਕ ਚੇਤਨਾ ਪਰਵਾਹ ਦੀ ਤਕਨੀਕ ਦੇ ਪ੍ਰਮਾਣ ਹਨ। ਪਹਿਲੀ ਕਹਾਣੀ ਜੀਵਨ ਲਈ ਸਭ ਦਰਵਾਜ਼ੇ ਬੰਦ ਹੋ ਚੁੱਕਣ ਦੇ ਬਾਵਜੂਦ ਵੀ ਹੋਂਦ ਲਈ ਸੰਘਰਸ਼ ਦੀ ਦ੍ਰਿੜ੍ਹਤਾ ਅਤੇ ਹੋਣ ਤੋਂ ਨਾ ਹੋਣ ਦੇ ਵਿਚਕਾਰ ਦੀ ਸਥਿਤੀ ਨੂੰ ਇਕ ਨਵੇਂ ਰੂਪ ਵਿਚ ਪੇਸ਼ ਕਰਨ ਦਾ ਯਤਨ ਹੈ। ਇਸ ਕਹਾਣੀ ਵਿਚ ਪ੍ਰਸਤੁਤ ਮੁੱਖ ਪਾਤਰ ਦਾ ਮਾਨਸਕ ਚਿੱਤਰ ਉਚੇਚੀ ਪੇਖਣੀ ਮੰਗਦਾ ਹੈ। 'ਸਮੁੰਦਰ ਤੇ ਰੇਤ' ਪ੍ਰਗਟ ਰੂਪ ਵਿਚ ਭਾਵੇਂ ਅਪਰਾਧ-ਗਰੰਥੀ ਨਾਲ ਦੋ ਚਾਰ ਹੁੰਦੀ ਵਿਖਾਈ ਦਿੰਦੀ ਹੈ ਪਰ 'ਸਮੁੰਦਰ ਤੇ ਰੇਤ' ਦੇ ਬਿੰਬ, ਜ਼ਿੰਦਗੀ, ਮੌਤ, ਹਿਰਸ, ਤ੍ਰਿਸ਼ਨਾ ਤੇ ਸਮੇਂ ਦੇ ਪ੍ਰਸੰਗ ਵਿਚ ਇਸ ਕਹਾਣੀ ਦੇ ਚਿਤਰਪਟ ਨੂੰ ਬ੍ਰਹਮੰਡਕ ਦਿਸ਼ਾਵਾਂ ਪ੍ਰਦਾਨ ਕਰਦੇ ਹਨ।

'ਪਾਗਲ ਕੌਣ ?' ਕਹਾਣੀ ਜਿੱਥੇ ਈਸਾਈ ਸੰਤਣੀਆਂ ਅਤੇ ਸੰਤਾਂ (Nuns and Fathers) ਦੇ ਖੋਖਲੇ ਅਤੇ ਈਸ਼ਵਰੀ ਸਿਰਜਣਾ-ਸਿਧਾਂਤ ਦੇ ਵਿਰੋਧ ਅਤੇ ਨੀਰਸ ਜੀਵਨ ਉੱਤੇ ਇਕ ਵਿਅੰਗ ਹੈ, ਉੱਥੇ ਸਿਸਟਰ ਕਲੇਅਰ ਦੇ ਈਸਾਈ ਸੰਤਣੀ ਬਣਨ ਦੀ ਮਜਬੂਰੀ ਨੂੰ ਸਮਾਜਕ, ਆਰਥਕ ਤੇ ਵਿਅਕਤੀਗਤ ਪ੍ਰਸੰਗ ਵਿਚ ਵਾਚ ਕੇ ਤੜਾਗੀਵਾਦੀ ਧਾਰਮਕ ਸੰਕਲਪ ਦੀ ਨਿਰਾਰਥਕਤਾ ਅਤੇ ਆਧੁਨਿਕ ਇਸਤਰੀ ਪੁਰਸ਼ ਦੇ ਅਖੌਤੀ ਧਰਮ ਤੇ ਵਿਸ਼ਵਾਸ ਤੋਂ ਭਰਮ-ਖੰਡਨ (Disillusionment) ਦੀ ਰੁਚੀ ਨੂੰ ਦਰਸਾਉਣ ਦਾ ਵੀ ਇਕ ਯਤਨ ਹੈ।

ਇਹ ਸੰਤ ਸੰਤਣੀਆਂ ਜਦੋਂ ਸਮਲਿੰਗ ਭੋਗ (Homosexuality) ਅਤੇ ਹੱਥ-ਰਸੀ (Masterbation) ਦੀਆਂ ਅਪ੍ਰਾਕ੍ਰਿਤਕ ਰੁਚੀਆਂ ਅਤੇ ਧਰਮ ਦੇ ਕਠੋਰ ਸੰਕਲਪ ਤੇ ਨੈਤਿਕ ਵਿਵਹਾਰ ਤੋਂ ਉਪਰਾਮ ਹੋ ਕੇ ਜੀਵਨ ਲੂੰ ਇਸ ਦੇ ਪ੍ਰਾਕ੍ਰਿਤਕ (Natural) ਰੂਪ ਵਿਚ ਜੀਵਨ ਮਾਣਨ, ਹੰਢਾਉਣ ਦੀਆਂ ਚਾਹ ਭਰੀਆਂ ਗੱਲਾਂ ਕਰਦੇ ਹਨ ਤਾਂ ਲੋਕ ਇਨ੍ਹਾਂ ਨੂੰ ਪਾਗਲ ਕਹਿੰਦੇ ਹਨ, ਪਰ ਸਵਾਲ ਪੈਦਾ ਹੁੰਦਾ ਹੈ ਕਿ ਪਾਗਲ ਕੌਣ ਹੈ ?

'ਰੱਸੇ ਚੱਬਣ ਵਾਲਾ ਪਸ਼ੂ' ਸ਼ੀਰਸ਼ਕ ਹੀ ਨਿਰਾਥਕ, ਊਲ ਜਲੂਲ ਅਤੇ ਲਾਭ-ਰਹਿਤ ਆਦਤ, ਕਰਮ ਜਾਂ ਅਰਥ ਵਲਾਂ ਸੰਕੇਤ ਕਰਦਾ ਹੈ। ਇਸ ਕਹਾਣੀ ਦੀ ਇਹ ਮੁੱਖ ਸਮੱਸਿਆ ਹੈ ਕਿ, "ਮਨੁੱਖ ਤਾਂ ਚਾਹੁੰਦਾ ਹੈ ਕਿ ਉਹ ਇਕੋ ਸਮੇਂ ਪਰਬਤ ਵੀ ਹੋਵੇ, ਦਰਿਆ ਵੀ, ਪ੍ਰਕਿਰਤੀ ਵੀ ਹੋਵੇ, ਹਵਾ ਵੀ, ਸੂਰਜ ਵੀ ਹੋਵੇ, ਖੁਦਾ ਵੀ" ...ਨੂੰ ਮੈਂ ਮਨੁੱਖ ਦੇ ਨਾਸ਼ਮਾਨ ਵਾਹਣ (ਜਿਸਮ) ਤੇ ਬੀਜ ਦੇ ਸੱਚ ਦੇ ਸਦੀਵੀ ਕਰਮ ਦੇ ਪ੍ਰਸੰਗ ਵਿਚ ਬਰਾਬਰ ਬਰਾਬਰ ਖੜ੍ਹਿਆਂ ਕਰਕੇ ਉਸ ਦੇ ਅੰਦਰ ਨਾ ਚਾਹੁੰਦੇ ਹੋਇਆਂ ਵੀ ਜੀਵੀ ਜਾਣ ਦੀ ਪੈ ਰਹੀ ਆਦਤ ਦੀ ਊਲ ਜਲੂਲ ਕਿਰਿਆ ਨੂੰ ਵਿਦਮਾਨ ਕਰਨ ਦਾ ਯਤਨ ਕੀਤਾ ਹੈ। ਇਹ ਜਾਣਦੇ ਹੋਇਆਂ ਵੀ ਕਿ ਜੀਵਨ ਦਾ ਅੰਤ ਮੌਤ ਹੈ ਅਤੇ ਜਿਊਣਾ ਮਧੂ-ਮੱਖੀਆਂ ਦੇ ਡੰਗਾਂ ਨਾਲ ਵਿੰਨ੍ਹੇ ਜਿਸਮ ਉੱਤੇ ਮਿੱਠੀ ਝਹਿਰ ਅਤੇ ਖਰੂਵੇਂ ਦਰਦ ਨੂੰ ਜਗਾਉਂਦੇ ਪੋਟੇ ਫੇਰਨ ਵਾਂਗ ਹੈ-ਸੋਚਣ ਵਾਲੇ ਪਸ਼ੂ ਨੂੰ ਰੱਸੇ ਚੱਬਣ ਦੀ ਆਦਤ ਪੈ ਰਹੀ ਹੈ।

ਇਕ ਯੂਨਾਨੀ ਇਸਤਰੀ ਦੀ ਤ੍ਰਾਸਦੀ ਘਟਨਾ ਨੂੰ ਪਿੱਠ-ਭੂਮੀ ਵਿਚ ਰੱਖ ਕੇ ਇਸ ਕਹਾਣੀ ਦਾ ਇਹ ਖਿਆਲ ਮੈਂ ਅੱਗਰ-ਭੂਮੀ ਵਿਚ ਲਿਆਂਦਾ ਹੈ। ਕੀ ਇਹ ਇਕ ਸਫਲ ਤੇ ਪ੍ਰਭਾਵਸ਼ਾਲੀ ਤਕਨੀਕ ਹੈ। ਇਸ ਦਾ ਨਿਰਣਾ ਤੁਸੀਂ ਆਪ ਕਰ ਸਕਦੇ ਹੋ।

'ਹਾਥੀ ਦੇ ਦੰਦ' ਕਹਾਣੀ ਮੇਰੀ ਅਮਰੀਕਾ ਯਾਤਰਾ ਨਾਲ ਸੰਬੰਧਤ ਹੈ। ਸਾਡੇ ਭਾਰਤੀ ਲੋਕ, ਚੰਗੇ ਜੀਵਨ, ਅਮੀਰੀ ਤੇ ਖੁਸ਼ਹਾਲੀ ਦੀ ਭਾਲ ਵਿਚ ਦੇਸ਼ੋ ਬਦੇਸ਼ ਅਤੇ ਘਰੋਂ ਬੇਘਰ ਹੋ ਕੇ ਕਿਵੇਂ ਬਾਹਰਲੇ ਦੇਸ਼ਾਂ ਦੀ ਖਾਕ ਛਾਣਦੇ, ਕਿਨ੍ਹਾਂ ਕਿਨ੍ਹਾਂ ਸਮੱਸਿਆਵਾਂ ਤੇ ਕੌੜੀਆਂ ਹਕੀਕਤਾਂ ਨਾਲ ਦੋ ਚਾਰ ਹੁੰਦੇ ਹਨ ? ਇਹ ਕਹਾਣੀ ਉਨ੍ਹਾਂ ਦੇ ਟੁੱਟਦੇ, ਜੁੜਦੇ ਵਿਸ਼ਵਾਸਾਂ, ਢਹਿੰਦੇ, ਉਸਰਦੇ ਹੌਸਲਿਆਂ ਅਤੇ ਅਸਲੀ, ਨਕਲੀ ਚਿਹਰਿਆਂ ਦਾ ਹੀ ਇਕ ਸੰਕੇਤਕ ਚਿੱਤਰ ਹੈ।

'ਬਟਵਾਰਾ' ਕਹਾਣੀ ਵਿਚ ਮੈਂ ਯੂਗੰਡਾ ਵਿਚੋਂ ਕੱਢੇ ਗਏ ਏਸ਼ੀਆਈ ਲੋਕਾਂ ਦੇ ਬਹੁਮੁਖੀ ਦੁਖਾਂਤ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ।

'ਮੈਲੀ ਪੁਸਤਕ' ਕਹਾਣੀ ਜੋ ਇਸ ਪੁਸਤਕ ਦਾ ਨਾਮਕਰਨ ਕਰਦੀ ਹੈ ਇਕ ਪਾਸੇ ਜਿੱਥੇ ਧਰਮ ਤੇ ਸਾਹਿਤ ਦੀ ਪੰਡਿਤ ਇਕ ਆਸਟ੍ਰੇਲੀਅਨ ਕੁੜੀ ਅਤੇ ਇਕ ਭਾਰਤੀ ਚਿੱਤਰਕਾਰ ਦੇ ਕਿਰਦਾਰਾਂ ਦਾ ਬਹੁ-ਮੁਖੀ ਤੇ ਕਲਾਤਮਕ ਅਧਿਐਨ ਪ੍ਰਸਤੁਤ ਕਰਦੀ ਹੈ, ਉੱਥੇ ਕਲਾ, ਧਰਮ, ਦਰਸ਼ਨ, ਜੀਵਨ, ਮੌਤ, ਹਿੰਸਾ, ਰੇਪ, ਦਿਸ਼ਾ, ਦਿਸ਼ਾ-ਹੀਣਤਾ, ਉਲਝੇਵਾਂ (Confusion), ਅਭਿਲਾਸ਼ਾ, ਅਭਿਲਾਸ਼ਾ ਤੋਂ ਸੁਤੰਤਰਤਾ, ਸੇਡਿਜ਼ਮ (Sadism), ਊਲ ਜਲੂਲੀਅਤ, ਹਿਰਸ, ਹਵਸ, ਕ੍ਰੋਧ, ਭਟਕਣ, ਸ਼ਾਂਤੀ ਆਦਿ ਅਨੇਕਾਂ ਸਮੱਸਿਆਵਾਂ ਤੇ ਵਿਰੋਧੀ ਸ਼ਕਤੀਆਂ ਵਿਚਕਾਰ ਖਿੱਚ-ਖਿੱਚ ਛਿਣ-ਛਿਣ ਪਿੰਜ ਹੁੰਦੇ ਮਨੁੱਖੀ ਵਿਅਕਤਿਤਵ ਨੂੰ ਵੀ ਸੰਕੇਤਕ ਰੂਪ ਵਿਚ ਦ੍ਰਿਸ਼ਟੀਗੋਚਰ ਕਰਦੀ ਹੈ। ਮੇਰੇ ਵਿਚਾਰ ਅਨੁਸਾਰ ਇਹ ਕਹਾਣੀ ਅਨੇਕਾਂ ਵਿਸ਼ਿਆਂ ਨੂੰ ਸੰਕੇਤਕ ਰੂਪ ਵਿਚ ਪ੍ਰਤੀ-ਧੁਨੀਆਂ ਦੇ ਮਾਧਿਅਮ ਰਾਹੀਂ ਛੂੰਹਦੀ ਹੋਈ ਵੀ ਕਿਸੇ ਇਕ ਵਿਸ਼ੇ ਦੀ ਸੀਮਾ-ਬੱਧ ਕੈਦ ਵਿਚ ਨਹੀਂ ਆਉਂਦੀ ਕਿਉਂਕਿ ਇਸ ਦਾ ਚਿੱਤਰਪਟ ਆਦਿ ਕਾਲ ਤੋਂ ਲੈ ਕੇ ਅੰਤ ਕਾਲ ਤਕ ਪਸਰੇ ਹੋਏ ਮਨੁੱਖਾ ਅਸਤਿਤਵ ਉੱਤੇ ਫੈਲਿਆ ਹੋਇਆ ਹੈ ਜੋ ਸਮੇਂ ਦੇ ਇਤਿਹਾਸਕ ਪਰਵਾਹ ਵਿਚ ਕਦੇ ਪਰਿਵਰਤਨ ਅਧੀਨ ਹੁੰਦਾ ਹੇ ਅਤੇ ਕਦੇ ਆਪਣੇ ਆਪ ਨੂੰ ਦਰਸਾਉਂਦਾ। ਜਟਿਲਤਾ ਵਿਚ ਸਾਧਾਰਨਤਾ ਅਤੇ ਬਦਲ ਰਹੇ ਵਿਚ ਕੁਝ ਨਾ ਬਦਲਣ ਵਾਲੇ ਦੀ ਬਾਤ ਪਾਉਂਦੀ ਇਹ ਕਹਾਣੀ ਮੈਲ ਹੇਠਾਂ ਛੁਪੇ ਸੁਹਜ ਅਤੇ ਸੁਹਜ ਪਿਛਲੇ ਕੁਹਜ ਨੂੰ ਦਰਸਾਉਣ ਦਾ ਇਕ ਅਜਿਹਾ ਯਤਨ ਹੈ, ਜਿਸ ਦੀ ਨਿਰੰਤਰ ਗਤੀ ਨੂੰ ਕਿਸੇ ਇਕ ਛਿਣ ਜਾਂ ਉਸ ਦੀ ਸੋਚ ਨਾਲ ਬੰਨ੍ਹ ਦੇਣਾ ਯੋਗ ਨਹੀਂ ਹੁੰਦਾ। ਇੰਝ ਜਾਪਦਾ ਹੈ ਕਿ ਜਾਂ ਤਾਂ ਇਹ ਕਹਾਣੀ ਹੀ ਊਲ ਜਲੂਲ ਹੈ ਜਾਂ ਇਸ ਸੰਬੰਧੀ ਮੇਰੀ ਸੋਚ ਤੇ ਜਾਂ ਫਿਰ ਦੋਵੇਂ ਹੀ।

ਇਸ ਸੰਗ੍ਰਹਿ ਦਾ ਨਾਮਕਰਨ ਕਰਦਿਆਂ ਮੇਰੇ ਜ਼ਿਹਨ ਵਿਚ ਇਕ ਹੀ ਵਿਚਾਰ ਸੀ ਕਿ ਇਸ ਸੰਗ੍ਰਹਿ ਦੀਆਂ ਬਹੁ-ਗਿਣਤੀ ਕਹਾਣੀਆਂ ਕਿਸੇ ਨਾ ਕਿਸੇ ਰੂਪ ਵਿਚ ਜਾਂ ਤਾਂ ਮਨੁੱਖ ਅੰਦਰਲੀ ਮੈਲ ਪਿੱਛੇ ਵਸਦੀ ਨਿਰਮਲਤਾ ਅਤੇ ਜਾਂ ਉਸ ਦੇ ਬਾਹਰੀ ਨਿਰਮਲ ਰੂਪ ਪਿੱਛੇ ਲੁਕੀ ਮੈਲ ਨੂੰ ਪ੍ਰਸਤੁਤ ਕਰਦੀਆਂ ਹਨ—ਮੈਲ ਤੇ ਨਿਰਮਲਤਾ ਦੀ ਇਸ ਕਿਰਿਆ ਦਾ ਸੰਬੰਧ ਚਾਹੇ ਗਿਆਨ, ਵਿਗਿਆਨ, ਧਰਮ, ਕਲਾ, ਨੈਤਿਕਤਾ ਤੇ ਸਿਆਸਤ ਨਾਲ ਹੈ ਤੇ ਚਾਹੇ ਜੀਵਨ-ਮੌਤ, ਹਿਰਸ, ਹਵਸ, ਤ੍ਰਿਸ਼ਨਾ, ਤ੍ਰਿਪਤੀ, ਲਿੰਗ, ਜੁਲਮ ਤੇ ਨਿਤਾਪ੍ਰਤੀ ਦੀਆਂ ਹੋਰ ਮਨੁੱਖੀ ਕਿਰਿਆਵਾਂ ਨਾਲ।

ਏਨਾ ਕੁਝ ਆਪਣੀਆਂ ਕਹਾਣੀਆਂ ਬਾਰੇ ਆਪ ਕਹਿ ਚੁੱਕਣ ਤੋਂ ਬਾਅਦ ਵੀ ਮੈਂ ਇਨ੍ਹਾਂ ਕਹਾਣੀਆਂ ਸੰਬੰਧੀ ਅੰਤਿਮ ਫੈਸਲਾ ਸੁਹਿਰਦ ਪਾਠਕਾਂ ਅਤੇ ਆਲੋਚਕਾਂ ਉੱਤੇ ਹੀ ਛੱਡਦਾ ਹਾਂ ਕਿਉਂਕਿ ਮੈਨੂੰ ਇਸ ਗੱਲ ਦਾ ਪੂਰਨ ਅਹਿਸਾਸ ਹੈ ਕਿ ਕੋਈ ਕਹਾਣੀ ਸ਼ੁਰੂ ਕਰਨ ਤੋਂ ਪਹਿਲਾਂ ਉਸ ਵਿਚ ਜੋ ਕੁਝ ਕਹਿਣਾ ਹੈ, ਉਸ ਨੂੰ ਸੋਚ ਲੈਣਾ ਇਕ ਵੱਖਰੀ ਗੱਲ ਹੈ ਤੇ ਉਸ ਨੂੰ ਕਲਾਤਮਕ ਰੂਪ ਦੇਣਾ ਵੱਖਰੀ।

**–ਰਵਿੰਦਰ ਰਵੀ**

# ਆਪਣੇ ਕੋਨ ਤੋਂ

"ਚਰਾਵੀ", "ਜੁਰਮ ਦੇ ਪਾਤਰ" ਅਤੇ "ਸ਼ਹਿਰ ਵਿਚ ਜੰਗਲ" ਤੋਂ ਪਿੱਛੋਂ "ਕੋਨ ਪ੍ਰਤੀਕੋਨ" ਮੇਰਾ ਚੌਥਾ ਕਹਾਣੀ ਸੰਗ੍ਰਹਿ ਹੈ ਜਿਸ ਨਾਲ ਮੈਂ ਆਪਣੇ ਕਥਾ-ਮਾਰਗ 'ਤੇ ਚਾਰ ਘੱਟ ਪੰਜਾਹ ਕਹਾਣੀਆਂ ਦਾ ਸਫਰ ਤੈਅ ਕਰ ਲੈਣ ਦੀ ਖੁਸ਼ੀ ਲੈ ਰਿਹਾ ਹਾਂ।

ਦਸੰਬਰ 1969 ਵਿਚ ਆਪਣੀ ਇਕ ਮਹੀਨੇ ਦੀ ਭਾਰਤ ਫੇਰੀ ਦੇ ਦੌਰਾਨ ਆਪਣੀਆਂ "ਸ਼ਹਿਰ ਵਿਚ ਜੰਗਲ" ਦੀਆਂ ਕਹਾਣੀਆਂ ਪ੍ਰਤੀ ਮੈਨੂੰ ਬੜਾ ਮਿਸ਼ਰਤ ਜਿਹਾ ਤੇ ਦਿਲਚਸਪ ਪ੍ਰਤੀਕਰਮ ਪ੍ਰਾਪਤ ਹੋਇਆ। ਪੁਰਾਣੀ ਪੀੜ੍ਹੀ ਦੇ ਲੇਖਕਾਂ ਵਿਚੋਂ ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ ਤੇ ਅੰਮ੍ਰਿਤਾ ਪ੍ਰੀਤਮ ਨੂੰ ਛੱਡ ਕੇ ਬਾਕੀ ਲਗਪਗ ਸਭਨਾਂ ਨੇ ਮੇਰੀਆਂ ਕਹਾਣੀਆਂ ਦੇ ਖੁੱਲ੍ਹੇ ਬਿਆਨ ਨੂੰ ਨਾ ਪਸੰਦ ਕਰਦੇ ਹੋਇਆਂ ਇਨ੍ਹਾਂ ਤੇ ਗਰਮ ਅਤੇ ਅਸ਼ਲੀਲ ਹੋਣ ਦਾ ਆਰੋਪ ਲਾਇਆ। ਇੱਥੋਂ ਤਕ ਕਿ ਡਾ. ਰੌਸ਼ਨ ਲਾਲ ਆਹੂਜਾ ਨੇ ਮੇਰੀ ਕਥਾ-ਕਲਾ ਨੂੰ ਕੇਵਲ ਇਸ ਲਈ ਹੈਮਿੰਗਵੇ ਨਾਲ ਜਾ ਮਿਲਾਇਆ ਕਿ ਬਦ-ਕਿਸਮਤੀ ਜਾਂ ਖੁਸ਼-ਕਿਸਮਤੀ ਨਾਲ ਮੇਰੇ ਵਾਂਗ ਹੈਮਿੰਗਵੇ ਵੀ ਕਦੇ ਅਫਰੀਕਾ ਆਇਆ ਸੀ ਤੇ ਉਸ ਨੇ ਵੀ ਏਥੋਂ ਦੇ ਜੀਵਨ ਬਾਰੇ ਕਹਾਣੀਆਂ ਲਿਖੀਆਂ ਸਨ; ਨਹੀਂ ਤਾਂ ਮੇਰੀ ਕਥਾ-ਕਲਾ ਤੇ ਹੈਮਿੰਗਵੇ ਦੀ ਕਥਾ ਕਲਾ ਦਾ ਕੀ ਸੰਬੰਧ ਹੋ ਸਕਦਾ ਹੈ ? ਮੇਰੇ ਪੋਚ ਦੇ ਨੌਜਵਾਨ ਕਵੀਆਂ ਤੇ ਕਹਾਣੀਕਾਰਾਂ ਨੇ ਸਮੁੱਚੇ ਤੌਰ 'ਤੇ ਇਨ੍ਹਾਂ ਕਹਾਣੀਆਂ ਨੂੰ ਪਸੰਦ ਕੀਤਾ। ਪਰ ਇਕ ਬੜੀ ਦਿਲਚਸਪ ਗੱਲ ਵੇਖਣ ਵਿਚ ਆਈ ਕਿ ਇਸ ਸੰਗ੍ਰਹਿ ਦੀ ਇਕ ਕਹਾਣੀ 'ਅੰਦਰ ਵੱਲ ਖੁਲ੍ਹਦਾ ਬੂਹਾ' ਦੀ ਪ੍ਰਸੰਸਾ ਲੋਕ ਇਸ ਲਈ ਨਹੀਂ ਸਨ ਕਰ ਰਹੇ ਕਿ ਇਹ ਕਹਾਣੀ ਚੰਗੀ ਹੈ ਸਗੋਂ ਇਸ ਲਈ ਕਿ ਇਹ ਹਿੰਦੀ ਦੀ ਪ੍ਰਸਿੱਧ ਪੱਤਰਕਾ 'ਸਾਰਿਕਾ' ਵਿਚ ਛਪ ਚੁੱਕੀ ਸੀ। ਹਿੰਦੀ ਦੇ ਕੁਝ ਨਵੇਂ ਕਹਾਣੀਕਾਰਾਂ ਨੇ ਤਾਂ ਮੈਨੂੰ ਏਥੋਂ ਤੱਕ ਆਖ ਦਿੱਤਾ ਸੀ ਕਿ ਸਮਝ ਲੈ ਤੂੰ ਹੁਣ ਕਹਾਣੀਕਾਰ ਬਣ ਗਿਆ ਹੈਂ। ਜਿਹੇ ਜਿਹੀ ਪੰਜਾਬੀ ਵਿਚ ਇਕ ਕਿਤਾਬ ਛਪ ਗਈ ਤਿਹੋ ਜਿਹੀ 'ਸਾਰਿਕਾ' ਵਿਚ ਇਕ ਕਹਾਣੀ। ਪਰ ਮੈਨੂੰ ਯਾਦ ਹੈ ਕਿ 'ਸਾਰਿਕਾ' ਵਿਚ ਛਪਣ ਤੋਂ ਢੇਰ ਪਹਿਲਾਂ ਜਦੋਂ ਇਹ ਕਹਾਣੀ 'ਨਾਗਮਣੀ' ਵਿਚ ਛਪੀ ਸੀ ਤਾਂ ਮੈਨੂੰ ਅੰਮ੍ਰਿਤਾ ਪ੍ਰੀਤਮ, ਗੁਲਜ਼ਾਰ ਸਿੰਘ ਸੰਧੂ, ਕੇ. ਕੁਮਾਰ ਤੇ ਮੋਹਨਜੀਤ ਦੀਆਂ ਪ੍ਰਸੰਸਾਜਨਕ ਚਿੱਠੀਆਂ ਏਥੇ ਮਿਲੀਆਂ ਸਨ। ਮੋਹਨਜੀਤ ਨੇ ਤਾਂ ਏਥੋਂ ਤਕ ਲਿਖ ਦਿੱਤਾ ਸੀ ਕਿ ਇਹ ਕਹਾਣੀ ਸੰਸਾਰ ਦੀਆਂ ਵਧੀਆ ਕਹਾਣੀਆਂ ਵਿਚੋਂ ਇਕ ਹੈ। ਕਰਤਾਰ ਸਿੰਘ ਦੁੱਗਲ ਨੂੰ ਮਿਲਿਆ ਤਾਂ ਉਸ ਨੇ ਸਾਰੀ ਕਿਤਾਬ ਪੜ੍ਹ ਰੱਖੀ ਸੀ ਤੇ ਕਹਿਣ ਲੱਗਾ, "ਰਵੀ, ਯੂ ਆਰ ਏ ਫਸਟ ਰੇਟ ਸਟੋਰੀ ਰਾਈਟਰ, ਸਟਾਪ ਰਾਈਟਿੰਗ ਪੋਇਟਰੀ ਐਂਡ ਰਾਈਟ ਸ਼ਾਰਟ ਸਟੋਰੀਜ਼" ਮੈਂ ਨਿਰਮਤਾ ਸਹਿਤ ਕਿਹਾ ਕਿ ਅਜੇ ਦੋਵੇਂ ਲਿਖਣ ਦਾ ਇਰਾਦਾ ਹੈ।

ਹੱਥਲੇ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਜੋ ਕਿ ਪਿਛਲੇ ਦੋ ਸਾਲਾਂ 1969 ਤੇ 1970 ਵਿਚ ਲਿਖੀਆਂ ਗਈਆਂ ਸਨ, ਦਾ ਖਰੜਾ ਤਿਆਰ ਕਰਦਿਆਂ ਲੇਖਕਾਂ, ਆਲੋਚਕਾਂ ਤੇ ਆਪਣੇ ਪਾਠਕਾਂ ਦੇ ਉਪਰੋਕਤ ਪ੍ਰਤੀਕਰਮ

ਮੇਰੇ ਸਾਹਮਣੇ ਰਹੇ ਹਨ ਤੇ ਮੈਂ ਵਿਸ਼ਵਾਸ ਨਾਲ ਆਖ ਸਕਦਾ ਹਾਂ ਕਿ ਪੁਰਾਣੀ ਪੀੜ੍ਹੀ ਦੇ ਪਾਠਕਾਂ ਨੂੰ ਇਸ ਵਾਰ ਸ਼ਾਇਦ ਅੱਗੇ ਨਾਲੋਂ ਵੀ ਵਧੇਰੇ ਨਿਰਾਸ਼ਾ ਹੋਵੇ। ਗੱਲ ਬੜੀ ਸਿੱਧੀ ਜਿਹੀ ਹੈ। ਭਾਰਤ ਦੀਆਂ ਨੈਤਿਕ ਕੀਮਤਾਂ ਅਫਰੀਕਾ ਦੀਆਂ ਨੈਤਿਕ ਕੀਮਤਾਂ ਤੋਂ ਬੁਨਿਆਦੀ ਤੌਰ ਤੇ ਬਿਲਕੁਲ ਵੱਖਰੀਆਂ ਹਨ। ਭਾਰਤ ਵਿਚ ਜਵਾਨ ਮੁੰਡੇ ਕੁੜੀਆਂ ਦੀ ਲਿੰਗ-ਖੁੱਲ੍ਹ ਦੀ ਗੱਲ ਤਾਂ ਦੂਰ ਦੀ ਹੈ, ਉੱਥੇ ਲਿੰਗ-ਅੰਗਾਂ ਦੇ ਨਾਮ ਲੈਣ ਨੂੰ ਵੀ ਅਸ਼ਲੀਲਤਾ ਸਮਝਿਆ ਜਾਂਦਾ ਹੈ, ਜਦੋਂਕਿ ਏਥੇ ਲਿੰਗ ਨੂੰ ਜਵਾਨ ਮੁੰਡੇ ਕੁੜੀਆਂ ਪ੍ਰਾਕ੍ਰਿਤਕ ਨੇਮ ਅਨੁਸਾਰ ਇਕ ਜੀਵ-ਵਿਗਿਆਨੀ ਲੋੜ (Biological need) ਸਮਝ ਕੇ ਇਹ ਖੁੱਲ੍ਹ ਪੂਰਨ ਸਮਾਜਕ ਸਤਿਕਾਰ ਨਾਲ ਮਾਣਦੇ ਹਨ। ਘਰ ਵਿਚ ਬੈਠਿਆਂ ਜਾਂ ਮਿੱਤਰਾਂ ਦੀ ਸੰਗਤ ਵਿਚ ਲਿੰਗ ਦੀ ਗੱਲਬਾਤ ਨੂੰ ਅਸ਼ਲੀਲ ਨਹੀਂ ਸਮਝਿਆ ਜਾਂਦਾ ਸਗੋਂ ਜੀਵਨ ਦੀਆਂ ਹੋਰ ਗੱਲਾਂ ਵਾਂਗ ਇਕ ਸੁਭਾਵਕ ਕਿਰਿਆ ਮੰਨਿਆ ਜਾਂਦਾ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸਕੂਲਾਂ ਵਿਚ ਪੜ੍ਹਦੇ ਮੁੰਡੇ ਕੁੜੀਆਂ, ਲਿੰਗ-ਵਿਦਿਆਸੰਬੰਧ 'ਹੈਲਗਾ' (Helga) ਵਰਗੀ ਫਿਲਮ ਇਕੱਠੇ ਵੇਖਣ ਜਾਂਦੇ ਹਨ। ਕੈਂਬਰਿਜ, ਓ. ਲੈਵਲ (O, level) ਦੇ ਇਮਤਿਹਾਨ ਲਈ ਮੋਂਗੋ ਬੇਟੀ ਦੇ 'ਮਿਸ਼ਨ ਟੂ ਕਾਲਾ' (Mission to Kala) ਵਰਗੇ ਨਾਵਲ ਨੂੰ ਟੈਕਸਟ ਬੁਕ ਦੇ ਰੂਪ ਵਿਚ ਪੜ੍ਹਦੇ ਹਨ। ਇਸ ਪੁਸਤਕ ਵਿਚ ਜਿੱਥੇ ਲਿੰਗ-ਭੋਗ ਦਾ ਖੁੱਲ੍ਹਾ-ਡੁੱਲ੍ਹਾ ਵਰਣਨ ਹੈ, ਉੱਥੇ ਦਰਿਆ ਵਿਚ ਨੰਗੇ ਨਹਾਉਂਦੇ ਨੌਜਵਾਨ ਮੁੰਡਿਆਂ ਦੇ, ਇਕ ਦੂਜੇ ਦੇ ਲਿੰਗ-ਇੰਦਰੇ ਵੇਖਣ ਮਾਪਣ ਤੇ ਇਕ ਦੂਜੇ ਤੇ ਬੋਲੇ ਕੱਸਣ ਦਾ ਵੀ ਇਕ ਦ੍ਰਿਸ਼ ਹੈ। ਏਥੋਂ ਤਕ ਕਿ ਇਸ ਨਾਵਲ ਦੀ ਨਾਇਕਾ ਐਡੀਮਾ ਨੂੰ ਉਸ ਦੀ ਮਾਂ ਉਸ ਦੇ ਪ੍ਰੇਮੀ ਤੇ ਨਾਵਲ ਦੇ ਨਾਇਕ ਮੈਦਜ਼ਾ ਦੇ ਮੰਜੇ ਤੋਂ ਅਲਫ਼ ਨੰਗਿਆਂ ਉਠਾਲ ਕੇ ਲੈ ਜਾਂਦੀ ਹੇ। ਫਿਰ ਵੀ ਇਸ ਵਿਚ ਅਸ਼ਲੀਲਤਾ ਨਹੀਂ ਕਿਉਂਕਿ ਅਸ਼ਲੀਲਤਾ ਭਾਵਨਾ ਤੇ ਮਨੋਰਥ ਵਿਚ ਹੁੰਦੀ ਹੈ ਤੇ ਇਸ ਨਾਵਲ ਵਿਚ ਲੇਖਕ ਦਾ ਮਨੋਰਥ ਲਿੰਗ-ਸੁਆਦ ਦੇਣਾ ਜਾਂ ਪ੍ਰਾਪਤ ਕਰਨਾ ਨਹੀਂ ਸਗੋਂ ਲਿੰਗ ਨੂੰ ਇਕ ਮਾਧਿਅਮ ਦੇ ਰੂਪ ਵਿਚ ਵਰਤ ਕੇ ਜੀਵਨ ਦੀ ਕਿਸੇ ਵਡੇਰੀ ਸਚਿਆਈ ਤੱਕ ਪਹੁੰਚਣਾ ਹੈ। ਜੋ ਕੁਝ ਭਾਰਤ ਵਿਚ ਅਨੈਤਿਕ ਤੇ ਅਸ਼ਲੀਲ ਹੈ ਉਹ ਕੁਝ ਅਫਰੀਕਾ ਵਿਚ ਨੈਤਿਕ ਤੇ ਸ਼ਲੀਲ ਹੀ ਨਹੀਂ ਸਗੋਂ ਇਕ ਸਰਬ-ਪਰਵਾਨਤ ਵਿਅਕਤੀਗਤ ਤੇ ਸਮਾਜਕ ਸੱਚਾਈ ਹੈ। ਸਮੱਸਿਆ ਉਦੋਂ ਖੜ੍ਹੀ ਹੁੰਦੀ ਹੈ ਜਦੋਂ ਆਲੋਚਕ ਲੋਕ ਅਫ਼ਰੀਕਨ ਜੀਵਨ ਦੀਆਂ ਕਹਾਣੀਆਂ ਨੂੰ ਅਫਰੀਕਨ ਕਸੌਟੀ 'ਤੇ ਪਰਖਣ ਦੀ ਥਾਂ ਭਾਰਤੀ ਨੈਤਿਕ ਮਾਪਦੰਡਾਂ ਅਨੁਸਾਰ ਪਰਖਣ ਦੀ ਜ਼ਿੱਦ ਕਰਦੇ ਹਨ।

ਜਦੋਂ ਮੈਂ ਇਸ ਸੰਗ੍ਰਹਿ ਦੀ ਕਹਾਣੀ 'ਨਯਾਕੇਰੈਂਗਾ' ਲਿਖ ਰਿਹਾ ਸਾਂ ਤਾਂ ਮੇਰੇ ਸਾਹਮਣੇ ਇਹ ਹੀ ਸਮੱਸਿਆ ਸੀ। 'ਨਯਾਕੇਰੈਂਗਾ' ਦੇ ਮੁੱਖ ਚਰਿੱਤਰ ਨੂੰ ਮੈਂ ਕਈ ਰੂਪਾਂ ਵਿਚ ਪਹਿਲਾਂ ਭਾਰਤ ਤੇ ਫਿਰ ਏਥੇ ਆ ਕੇ ਵੇਖਿਆ ਹੈ। ਇਹ ਇਕ ਵੈਲਣ ਤੀਵੀਂ ਦਾ ਚਿੱਤਰ ਹੈ ਜੋ ਅਤ੍ਰਿਪਤ, ਅਨੰਤ ਤੇ ਸਦੀਵੀ ਤ੍ਰਿਸ਼ਨਾ ਦਾ ਵਾਹਣ ਹੈ। ਤੀਵੀਂ ਜੋ ਜੀਵਨ, ਮੌਤ, ਤ੍ਰਿਸ਼ਨਾ, ਤ੍ਰਿਪਤੀ, ਨਫ਼ਰਤ, ਪਿਆਰ, ਜਿੱਤ, ਹਾਰ ਅਤੇ ਸੁਤੰਤਰਤਾ, ਗੁਲਾਮੀ ਦੀ ਆਤਮ-ਵਿਰੋਧੀ ਊਲ ਜਲੂਲੀਅਤ ਦਾ ਸ਼ਿਕਾਰ ਹੈ, ਜਿਸ ਦੇ ਮੂੰਹ ਵਿਚ ਗਾਲ੍ਹਾਂ ਪਰ ਅੰਦਰ ਫਿਰ ਵੀ ਇਕ ਸੁੰਦਰ ਇਨਸਾਨੀ ਦਿਲ ਹੈ। ਤੀਵੀਂ ਜੋ ਸਦੀਵੀ ਤ੍ਰਿਸ਼ਨਾ ਨੂੰ ਸਦੀਵੀ ਰੂਪ ਵਿਚ ਭੋਗਣ ਦੀ ਇੱਛਾ ਰਖਦੀ ਹੈ, ਪਰ ਦੁਖਾਂਤ ਇਹ ਹੈ ਕਿ ਇਸ ਤ੍ਰਿਸ਼ਨਾ ਦਾ ਵਾਹਣ ਨਾਸ਼ਮਾਨ ਹੈ। ਉਹ ਇਕ ਕਿਸਮ ਦੀ ਗੁਲਾਮੀ ਤੋਂ ਆਪਣੇ ਆਪ ਨੂੰ ਸੁਤੰਤਰ ਕਰਦੀ ਹੈ ਤਾਂ ਦੂਜੀ ਕਿਸਮ ਦੀ ਗੁਲਾਮੀ ਵਿਚ ਫਸ ਜਾਂਦੀ ਹੈ। ਇਸ ਨਾਸ਼ਮਾਨ ਵਾਹਣ ਤੇ ਇਸ ਸਦੀਵੀ ਤ੍ਰਿਸ਼ਨਾ ਵਿਚਕਾਰ ਨਯਾਕੇਰੈਂਗਾ ਹੀ ਨਹੀਂ ਸਗੋਂ ਤੁਸੀਂ ਅਸੀਂ ਸਭ ਵਿਚਰ ਰਹੇ ਹਾਂ।

ਨਯਾਕੇਰੈਂਗਾ ਤੋਂ ਉਲਟ 'ਕੁਰਬਾਨੀ ਦਾ ਬੱਕਰਾ' ਮੋਹਨ ਸਿੰਘ ਹੈ ਜਿਸ ਦੀ ਕਾਮ-ਵਾਸਨਾ ਦੀ ਪੂਰਤੀ ਲਈ ਪ੍ਰਾਕ੍ਰਿਤਕ ਨਿਕਾਸ ਵਰਜਤ ਹੈ। ਬਚਪਨ ਤੋਂ ਹੀ ਉਸ ਉੱਤੇ ਧਾਰਮਿਕ ਤੇ ਨੈਤਿਕ ਕੀਮਤਾਂ ਦਾ ਕਠਨ ਨਿਯੰਤ੍ਰਣ ਲਾਗੂ ਹੋ ਜਾਂਦਾ ਹੈ। ਇਸ ਦੇ ਅਧੀਨ ਆਪਣੀ ਕਾਮ-ਵਾਸਨਾ ਦੀ ਪੂਰਤੀ ਲਈ ਉਹ ਸਮਲਿੰਗ-ਭੋਗ ਤੇ ਮੁਸ਼ਠ-ਮੈਥੁਨ ਆਦਿ ਨਿਖੇਧਾਤਮਕ ਰੁਚੀਆਂ ਦਾ ਸ਼ਿਕਾਰ ਹੁੰਦਾ ਹੁੰਦਾ ਅੰਤ ਵਿਚ ਅਸਲੋਂ ਨਿਪੁਸੰਕ ਹੋ

ਨਿਬੜਦਾ ਹੈ। ਵਿਅਕਤੀਹੀਣਤਾ ਦੇ ਇਸ ਕਾਰਜ ਵਿਚ ਇਹ ਬੜੀ ਘਿਨਾਉਣੀ ਤੇ ਮਹਿੰਗੀ ਕੁਰਬਾਨੀ ਹੈ ਜੋ ਅਚਾਹੇ ਹੀ ਇਸ ਸਿਧਰੇ ਪੁਰਸ਼ ਨੂੰ ਦੇਣੀ ਪੈਂਦੀ ਹੈ।

ਇਸ ਸੰਗ੍ਰਹਿ ਦੀਆਂ ਬਹੁ-ਗਿਣਤੀ ਕਹਾਣੀਆਂ ਵਿਚ ਕਹਾਣੀ ਦਾ ਸਾਰੇ ਦਾ ਸਾਰਾ ਕਾਰਜ ਪਾਤਰ ਦੇ ਅੰਦਰਲੇ ਆਤਮ-ਵਿਰੋਧ ਤੇ ਉਸ ਦੀ ਬਹੁਮੁਖੀ ਸ਼ਖ਼ਸੀਅਤ ਦੇ ਵਿਸਥਾਰ ਵਿਚ ਵਾਪਰਦਾ ਹੈ। ਇਨ੍ਹਾਂ ਕਹਾਣੀਆਂ ਵਿਚ ਮੈਂ 'ਇਕ ਸੀ ਰਾਜਾ' ਵਾਲੀ ਕਥਾ-ਪ੍ਰਣਾਲੀ ਤੋਂ ਹੀ ਮੁਕਤ ਹੋਣ ਦਾ ਯਤਨ ਨਹੀਂ ਕੀਤਾ ਸਗੋਂ ਸਾਰੀ ਦੀ ਸਾਰੀ ਜਾਂ ਅੱਧੋਂ ਵੱਧ ਕਹਾਣੀ ਨੂੰ ਆਤਮ-ਸੰਵਾਦ, ਮਨਬਚਨੀ ਜਾਂ ਵਾਰਤਾਲਾਪੀ ਸ਼ੈਲੀ ਵਿਚ ਕਹਿ ਦੇਣ ਦੀ ਕੋਸ਼ਿਸ਼ ਵੀ ਕੀਤੀ ਹੈ। ਇਨ੍ਹਾਂ ਦਾ ਸੰਬੰਧ ਬੁੱਧੀ ਨਾਲ ਹੈ ਤੇ ਇਨ੍ਹਾਂ ਵਿਚ ਦਾਰਸ਼ਨਿਕ ਰੰਗ ਪ੍ਰਧਾਨ ਹੈ ਜੋ ਅਜੋਕੇ ਆਧੁਨਿਕ ਤੇ ਸੋਚਵਾਨ ਮਨੁੱਖ ਦੀ ਸ਼ਖ਼ਸੀਅਤ ਦਾ ਇਕ ਪ੍ਰਧਾਨ ਸਵਰ ਹੈ।

'ਅਨ੍ਹੇਰਾ, ਯੂਕਲਿਪਟਸ ਤੇ ਅੱਗ' ਦਾ ਪਾਤਰ ਭਰਮ ਦੇ ਸੱਚ ਨੂੰ ਵਿਦਮਾਨ ਕਰਦਾ ਹੈ। ਕਹਾਣੀ ਦਾ ਸਾਰਾ ਕਾਰਜ ਆਦਿ, ਮੱਧ, ਅੰਤ ਦੀ ਕਥਾ-ਵਿਧੀ ਤੋਂ ਮੁਕਤ, ਉਸ ਦੇ ਸਿਮਰਨ ਵਿਚ ਵਾਪਰਦਾ ਹੈ। ਸਿਮਰਨ ਜਿਸ ਵਿਚ ਉਸ ਦੇ ਬੀਤੇ ਜੀਵਨ ਦੀਆਂ ਘਟਨਾਵਾਂ ਤੇ ਕਥਾ-ਵਾਰਤਾਲਾਪ ਆਦਿ ਇਕ ਬੇਤਰਤੀਬੀ ਵਿਚ ਬਿਖਰੇ ਪਏ ਹਨ। ਗੱਲ 'ਚੋਂ ਗੱਲ ਅੱਗੇ ਤੁਰਦੀ ਹੈ। ਬਿੰਬ 'ਚੋਂ ਬਿੰਬ ਉਭਰਦਾ ਕੋਈ ਨਵਾਂ ਪ੍ਰਭਾਵ ਉਤਪੰਨ ਕਰਦਾ ਤੇ ਇਹ ਸਭ ਪ੍ਰਭਾਵ ਮਿਲ ਕੇ ਇਕ ਸਮੁੱਚੇ ਪ੍ਰਭਾਵ ਦੀ ਸਿਰਜਣਾ ਕਰਦੇ ਹਨ। ਕਹਾਣੀ ਜਿੱਥੋਂ ਸ਼ੁਰੂ ਹੁੰਦੀ ਹੈ, ਉਥੇ ਹੀ ਖਤਮ ਹੋ ਜਾਂਦੀ ਹੈ। ਨਾ ਇਸ ਵਿਚ ਕੋਈ ਸਮੱਸਿਆ ਪੇਸ਼ ਕੀਤੀ ਗਈ ਹੈ ਤੇ ਨਾ ਹੀ ਹੱਲ। ਫਿਰ ਵੀ ਇਸ ਦੀ ਪ੍ਰਕਿਰਤੀ ਦਾਰਸ਼ਨਕ ਹੈ ਕਿਉਂਕਿ ਇਹ ਜੀਵਨ ਦੇ ਭਰਮ ਤੇ ਸੱਚ ਵਿਚ ਘਟਦਾ ਵਿਚਰਦਾ ਦਰਸ਼ਨ ਹੈ।

'ਹਮ ਛਿਣ' ਇਕ ਕੋਨ ਤੋਂ ਅੱਜ ਦੇ ਅਸੁਹਿਰਦ ਯੁੱਗ 'ਤੇ ਇਕ ਚੋਟ ਹੈ ਤੇ ਦੂਜੇ ਕੋਨ ਤੋਂ ਇਕ ਵਿਅਕਤੀ ਦੀ ਦੂਹਰੀ ਸ਼ਖ਼ਸੀਅਤ ਦਾ ਇਕ ਬਾਹਰਵਰਤੀ ਸਮਵਾਏ ਦੁਆਰਾ ਪ੍ਰਗਟਾਓ : ਉਸ ਦਾ ਇਕ ਆਪ ਜੋ ਉਸ ਨੂੰ ਪਿਤਾ ਪੁਰਖੀ ਸੰਸਕਾਰਾਂ ਤੇ ਵਿਰਸੇ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ ਤੇ ਦੂਜੇ ਜੋ ਇਸ ਵਿਰਸੇ ਤੋਂ ਉਲਟ ਸੁਤੰਤਰ ਰੂਪ ਵਿਚ ਇਕ ਵੱਖਰੇ ਤੇ ਵਧੇਰੇ ਖੁੱਲ੍ਹ ਖੇਡ ਵਾਲੇ ਵਾਤਾਵਰਨ ਵਿਚ ਪਨਪਦਾ ਤੇ ਵਧਦਾ ਵਿਗਸਦਾ ਹੈ, ਇਕ ਆਪਾ ਜਿਸ ਨੂੰ ਉਹ ਵਿਖਾਉਣਾ ਚਾਹੁੰਦਾ ਹੈ, ਇਕ ਆਪਾ ਜਿਸ ਨੂੰ ਉਹ ਛੁਪਾਉਣਾ ਚਾਹੁੰਦਾ ਹੈ; ਇਕ ਆਪਾ ਜਿਸ ਨੂੰ ਉਹ ਛੱਡਣਾ ਚਾਹੁੰਦਿਆਂ ਵੀ ਛੱਡ ਨਹੀਂ ਸਕਦਾ ਤੇ ਦੂਜਾ ਜਿਸ ਨੂੰ ਉਹ ਅਪਨਾਉਣ ਦੀ ਇੱਛਾ ਰੱਖਦਿਆਂ ਵੀ ਪੂਰਨ ਭਾਂਤ ਅਪਣਾ ਨਹੀਂ ਸਕਦਾ; ਇਹ ਚੋਰੀ ਹੈ ਜਾਂ ਵਿਦਰੋਹ ? ਇਹ ਦੁਰਾਚਾਰ ਹੈ ਜਾਂ ਸਦਾਚਾਰ ? ਜਾਂ ਫਿਰ ਸਥਾਪਤ ਹੋ ਚੁੱਕੀਆਂ ਰੂੜ੍ਹੀਗਤ ਕੀਮਤਾਂ ਤੋਂ ਬੋਰੀਅਤ ਤੇ ਅਕੇਵੇਂ ਦੇ ਫਲਸਰੂਪ ਇਕ ਨਵਾਂ ਸਮਝੌਤਾ, ਇਕ ਨਵਾਂ ਗੱਠਜੋੜ ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਤੁਸੀਂ ਲੱਭੋ, ਮੇਰਾ ਪਾਤਰ ਇਨ੍ਹਾਂ ਪ੍ਰਸ਼ਨਾਂ ਦੀ ਜੱਟਿਲ ਕਿਰਿਆ 'ਚੋਂ ਜੀ ਵਿਚਰਕੇ ਲੰਘ ਜਾਵੇ, ਏਨਾ ਹੀ ਕਾਫੀ ਹੈ ਕਿਉਂਕਿ ਕੁਝ ਪ੍ਰਸ਼ਨ ਅਜਿਹੇ ਹੁੰਦੇ ਹਨ, ਜਿਨ੍ਹਾਂ ਦਾ ਉੱਤਰ ਵੀ ਪ੍ਰਸ਼ਨ ਹੀ ਹੁੰਦਾ ਹੈ।

'ਕੋਨ ਪ੍ਰਤੀਕੋਨ' ਇਸੇ ਸਿਲਸਿਲੇ ਦੀ ਹੀ ਤੀਜੀ ਕਹਾਣੀ ਹੈ। ਇਸ ਦਾ ਨਾਇਕ ਅੰਤਰਮੁਖੀ ਸ਼ਖ਼ਸੀਅਤ ਦਾ ਹੀ ਸਵਾਮੀ ਨਹੀਂ ਸਗੋਂ ਉੱਚੀ ਸੋਚ (Loud Thinking) ਦਾ ਵੀ ਸ਼ਿਕਾਰ ਹੈ। ਉਸ ਦਾ ਆਦਰਸ਼ਵਾਦੀ ਸੰਸਾਰ ਯਥਾਰਥਕ ਸੰਸਾਰ ਦੇ ਰੋਜ਼ਾਨਾ ਅਮਲ ਤੋਂ ਬਿਲਕੁਲ ਉਲਟ ਹੈ। ਇਸ ਆਤਮ-ਵਿਰੋਧ ਵਿਚ ਉਹ ਦੋ ਜੀਵਨ ਜਿਊਂਦਾ, ਕੋਨ ਪ੍ਰਤੀਕੋਨ ਤੋਂ ਆਤਮ ਸੰਵਾਦ ਕਰਦਾ ਹੈ। ਕਮਰੇ ਦੇ ਅੰਦਰੋਂ ਮੁਖੌਟਾ ਪਹਿਨ ਕੇ ਨਿਕਲਦਾ ਹੈ। ਲੀਜ਼ਾ ਜੋ ਉਸ ਦੀ ਨਿੱਜੀ ਦੁਨੀਆਂ ਤੋਂ ਵਿਅਕਤੀਗਤ ਤੌਰ ਤੇ ਬਿਲਕੁਲ ਨਿਰਲੇਪ ਹੈ ਜਿਸ ਦਾ ਉਸ ਨਾਲ ਦੂਰ ਦਾ ਵੀ ਸੰਬੰਧ ਨਹੀਂ ਕਿਸ ਤਰ੍ਹਾਂ ਇਸ ਅੰਦਰ ਵਲ ਮੁੜੇ ਹੋਏ ਪਾਤਰ ਨੂੰ ਅੰਦਰੋਂ ਬਾਹਰ ਕੱਢਦੀ ਹੈ, ਉਹ ਆਪਣੇ ਆਪ ਵਿਚ ਉਸ ਦੇ ਆਪਣੇ ਅੰਦਰੋਂ ਬਾਹਰ ਨਿਕਲਣ ਦੀ ਇਕ ਪੇਚੀਦਾ ਵਿਥਿਆ ਵੀ ਹੈ, ਜਿਸ ਵਿਚ ਇਕ ਇਕੱਲੇ ਵਿਅਕਤੀ ਦਾ ਹੀ ਦੁਖਾਂਤ ਤੇ ਦਰਦ ਹੀ ਨਹੀਂ ਸਗੋਂ

ਵੀਅਤਨਾਮ ਦੀ ਜੰਗ ਨਾਲ ਸੰਬੰਧਤ ਤੇ ਆਦਿ ਜੁਗਾਦੀ ਪਰਵਾਹ ਵਿਚ ਵਾਪਰੇ ਅਨੇਕਾਂ ਦੁਖਾਂਤ ਸੁਪ੍ਰਾਣ ਹੋ ਜਾਂਦੇ ਹਨ।

'ਬਦਲਾ' ਕਹਾਣੀ ਅਫਰੀਕਨ ਜੀਵਨ ਦੀ ਇਕ ਜਟਿਲ ਸਥਿਤੀ ਨੂੰ ਪੇਸ਼ ਕਰਦੀ ਹੈ, ਜਿੱਥੇ ਹਰ ਕੋਈ ਇਕ ਦੂਜੇ ਤੋਂ ਬਦਲਾ ਲੈਣ ਦੀ ਭਾਵਨਾ ਦੇ ਅਮਲ ਹੇਠ ਅਚੇਤ ਹੀ ਆਪਣੇ ਆਪ ਤੋਂ ਵੀ ਬਦਲਾ ਲੈ ਰਿਹਾ ਹੈ। ਨੀਵੀਂ ਮੱਧ ਸ਼੍ਰੇਣੀ ਦੀਆਂ ਕੁੜੀਆਂ ਜਦੋਂ ਜਵਾਨ ਹੁੰਦੀਆਂ ਹਨ ਤਾਂ ਉਨ੍ਹਾਂ ਅੱਗੇ ਇਕ ਪ੍ਰਸ਼ਨ ਉੱਠਦਾ ਹੈ ਕਿ ਉਹਨਾਂ ਨੇ ਆਪਣਾ ਭਵਿੱਖ ਬਣਾ ਕੇ ਪਰਿਵਾਰਕ ਜੀਵਨ ਜੀਊਣਾ ਹੈ ਕਿ ਅਯਾਸ਼ੀ ਦਾ ਰਸਤਾ ਅਖ਼ਤਿਆਰ ਕਰਨਾ ਹੈ ? ਉਹਨਾਂ ਦੀ ਇਸ ਕਮਜ਼ੋਰੀ ਦੀ ਮਾਪੇ ਵੀ ਦੁਰਵਰਤੋਂ ਕਰਦੇ ਹਨ ਤੇ ਇਹ ਸਮੱਸਿਆ ਦਿਨੋ-ਦਿਨ ਜਟਿਲ ਹੁੰਦੀ ਜਾ ਰਹੀ ਹੈ।

'ਵਿਅਕਤੀ ਬਨਾਮ ਕੌਮ' ਵਿਚ ਮੈਂ ਕੇਵਲ ਇਹ ਕਹਿਣ ਦਾ ਯਤਨ ਕੀਤਾ ਹੈ ਕਿ ਪ੍ਰਦੇਸ਼ਾਂ ਵਿਚ ਆ ਕੇ ਅਸੀਂ ਕੇਵਲ ਇਕ ਵਿਅਕਤੀ ਹੀ ਨਹੀਂ ਹੁੰਦੇ ਸਗੋਂ ਆਪਣੀ ਕੌਮ ਦੇ ਪ੍ਰਤੀਨਿਧ ਵੀ ਹੁੰਦੇ ਹਾਂ। ਤਾਂ ਫਿਰ ਪ੍ਰਸ਼ਨ ਉੱਠਦਾ ਹੈ ਕਿ ਕੀ ਇਕ ਵਿਅਕਤੀ ਦੇ ਕਰਮ ਦਾ ਸਾਧਾਰਨੀਕਰਨ ਕਰਕੇ ਉਸ ਦੀ ਸਾਰੀ ਕੌਮ ਦੇ ਸਮੁੱਚੇ ਚਰਿੱਤਰ ਤੇ ਲਾਗੂ ਕਰ ਦੇਣਾ ਜਾਇਜ਼ ਹੈ ਜਾਂ ਨਾਜਾਇਜ਼ ? ਇਹ ਕਹਾਣੀ ਇਸੇ ਪ੍ਰਸ਼ਨ ਨਾਲ ਦੋ ਚਾਰ ਹੁੰਦੀ ਹੈ।

'ਮਾਤਮ' ਸਾਡੇ ਪੰਜਾਬੀ ਜੀਵਨ ਦੇ ਇਕ ਬੜੇ ਹੀ ਕਠੋਰ ਦੁਖਾਂਤ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਪੰਜਾਬ ਦੀਆਂ ਅਨੇਕਾਂ ਮੁਟਿਆਰ ਕੁੜੀਆਂ ਨੂੰ ਸਾਡੇ ਲੋਕਾਂ ਨੇ ਵਲਾਇਤ, ਕੈਨੇਡਾ ਤੇ ਅਫਰੀਕਾ ਦੇ ਮਗਰ ਲੱਗ ਕੇ ਬੜੇ ਹੀ ਘਿਨਾਉਣੇ ਹਾਲਾਤ ਵਿਚ ਧੱਕਾ ਦੇ ਦਿੱਤਾ ਹੈ—ਨਾ ਹਾਣ ਵੇਖਿਆ ਨਾ ਜੋੜ—ਬੱਸ ਦੌਲਤ ਦੇ ਚੁੰਬਕੀ ਪ੍ਰਭਾਵ ਹੇਠਾਂ ਅਨੇਕਾਂ ਨਰੜ ਕਰਕੇ ਕੀਮਤੀ ਜ਼ਿੰਦਗੀਆਂ ਬਰਬਾਦ ਕਰ ਦਿੱਤੀਆਂ ਹਨ। ਮਾਲਤੀ ਇਕ ਬੜੀ ਹੁਸੀਨ ਤੇ ਸੁੰਦਰ ਕੁੜੀ ਹੈ—ਉਸ ਨਾਲ ਜੋ ਬੀਤਦੀ ਹੈ ਉਸ ਵਿਚੋਂ ਲੰਘਦਿਆਂ ਉਸ ਨੂੰ ਆਪਣੇ ਆਪ ਤੇ ਅਤੇ ਆਪਣੇ ਸਮਾਜ ਤੇ ਹੀ ਨਹੀਂ ਸਗੋਂ ਸਮੁੱਚੀ ਕੁਦਰਤ ਤੇ ਸੰਦੇਹ ਜਾਗਦਾ ਹੈ—ਕੁਦਰਤ ਜੋ ਉਸ ਵਾਸਤੇ ਗੈਰ-ਕੁਦਰਤੀ ਹੋ ਗਈ ਹੈ। ਉਹ ਕਿਸ ਦਾ ਮਾਤਮ ਕਰੇ ? ਆਪਣਾ ਜਾਂ ਕੁਦਰਤ ਦਾ ?

'ਇਡੀਪਸ ਦਾ ਪਿਓ' ਪੁਰਾਤਨ ਯੂਨਾਨੀ ਮਿਥਿਹਾਸ ਤੇ ਅਧਾਰਤ ਮਨੁੱਖਾ ਮਾਨਸਿਕ ਕਰਮ ਦੀ ਇਡੀਪਸ ਗ੍ਰੰਥੀ ਨੂੰ ਅਜੋਕੀਆਂ ਬਦਲੀਆਂ ਹੋਈਆਂ ਸਦਾਚਾਰਕ ਤੇ ਸਮਾਜਕ ਕੀਮਤਾਂ ਦੇ ਪ੍ਰਸੰਗਾਂ ਵਿਚ ਇਕ ਨਵੇਂ ਕੋਨ ਤੋਂ ਸਮਝਣ ਦਾ ਯਤਨ ਹੈ। ਇਹ ਮਸ਼ੀਨੀ ਯੁੱਗ, ਜਿਸ ਵਿਚ ਅਸੀਂ ਛਿਣ-ਛਿਣ ਦੇ ਸੱਚ ਨੂੰ ਖਿੰਡਵੇਂ ਤੇ ਟੁੱਟੇ ਹੋਏ ਅਲੱਗ ਰੂਪ ਵਿਚ ਭੋਗਦੇ ਹਾਂ, ਪਰ ਸਾਡੇ ਅੰਦਰ ਸੱਚ ਦਾ ਇਕ ਨਿਰੰਤਰ ਪਰਵਾਹ ਨਹੀਂ ਚੱਲਦਾ, ਇਸ ਵਿਚ ਨਾ ਹੀ ਇਡੀਪਸ ਨੂੰ ਆਪਣੀਆਂ ਅੱਖਾਂ ਅੰਨ੍ਹੀਆਂ ਹੋਣ ਦਾ ਭੈ ਹੈ ਅਤੇ ਨਾ ਹੀ ਉਸ ਦੇ ਪਿਓ ਤੇ ਆਪਣੇ ਪੁੱਤਰ ਦੇ ਹੱਥੋਂ ਮਰਨ ਦਾ ਸਰਾਪ ਹੈ। ਇਹ ਦੋਵੇਂ ਅਜੋਕੇ ਨਿੱਤ ਬਦਲ ਰਹੇ ਨੈਤਿਕ ਵਿਵਹਾਰ ਦੇ ਵਰ ਤੇ ਸਰਾਪ ਨੂੰ ਇਕੱਠਿਆਂ ਜੀ ਵਿਚਰ ਕੇ ਭੋਗਦੇ ਹਨ।

ਇਕ ਗੱਲ ਮੈਂ ਵਿਸ਼ੇਸ਼ ਰੂਪ ਵਿਚ 'ਆਦਿ ਸੱਚ ਜੁਗਾਦਿ ਸੱਚ' ਕਹਾਣੀ ਬਾਰੇ ਕਹਿਣੀ ਚਾਹੁੰਦਾ ਹਾਂ। ਇਹ ਕਹਾਣੀ ਆਪਣੇ ਆਪ ਵਿਚ ਇਕ ਨਵਾਂ ਤਜਰਬਾ ਹੈ। ਜੇ ਤੁਸੀਂ ਇਸ ਨੂੰ ਵਿਗਿਆਨਕ ਗਲਪ ਦਾ ਹੀ ਇਕ ਰੂਪ ਕਹਿ ਲਓ ਤਾਂ ਮੈਨੂੰ ਕੋਈ ਇਤਰਾਜ਼ ਨਹੀਂ। ਇਸ ਦਾ ਨਾਇਕ ਇਕ ਵਿਸ਼ਵ-ਪ੍ਰਸਿੱਧ ਵਿਗਿਆਨਕ ਵਿਅਕਤੀ ਹੈ ਜਿਸ ਨੇ ਧਰਮ ਤੇ ਫ਼ਲਸਫ਼ੇ ਦਾ ਵੀ ਡੂੰਘਾ ਅਧਿਐਨ ਕੀਤਾ ਹੈ। ਅਜੋਕੇ ਰੰਗਾਂ, ਨਸਲਾਂ, ਨਜ਼ਾਮਾਂ, ਵਾਦਾਂ ਤੇ ਜੰਗਾਂ ਯੁੱਧਾਂ ਦੇ ਵਿਚ ਪਾਟੇ, ਲਟ-ਲਟ ਮੱਚਦੇ ਸੰਸਾਰ ਵਲਾਂ ਵੇਖ ਕੇ ਉਸ ਦੇ ਅੰਦਰ ਇਕ ਸੁਪਨਾ ਮੌਲਦਾ ਹੈ : ਇਹ ਸਭ ਵਾਦ ਵਿਤਕਰੇ ਮੇਟ ਕੇ ਇਕ ਸਰਬ ਸਾਂਝੇ ਸੰਸਾਰ ਦੀ ਸਿਰਜਣਾ ਕਰਨ ਦਾ। ਇਸ ਸੁਪਨੇ ਦੀ ਪੂਰਤੀ ਲਈ ਉਹ ਆਪਣੀ ਪ੍ਰਯੋਗਸ਼ਾਲਾ ਵਿਚ ਇਕ ਤਜਰਬੇ ਦਾ ਆਯੋਜਨ ਕਰਦਾ ਹੈ। ਇਸੇ ਤਜਰਬੇ ਦਾ ਸਿੱਟਾ ਜਿਸ ਆਦਿ-ਜੁਗਾਦੀ ਸੱਚ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ, ਉਹ ਕਿੰਨਾ ਭਿਆਨਕ ਤੇ ਕਠੋਰ ਹੈ, ਇਸ ਦਾ ਅੰਦਾਜ਼ਾ ਤੁਸੀਂ ਕਹਾਣੀ ਪੜ੍ਹ ਕੇ ਹੀ ਲਾ ਸਕਦੇ ਹੋ। ਪਰ ਮੈਂ ਏਥੇ ਇਕ

ਗੱਲ ਜ਼ਰੂਰ ਕਹਾਂਗਾ ਕਿ ਤੁਸੀਂ ਉਸ ਦੇ ਨੌਕਰਾਂ ਦੇ ਅੰਤਿਮ ਪ੍ਰਤੀਕਰਮ ਨੂੰ ਅੱਖੋਂ-ਪਰੋਖੇ ਨਾ ਕਰਨਾ ਕਿਉਂਕਿ ਉਹ ਕਹਾਣੀ ਦੀ ਦੂਹਰੀ ਚੂਲ ਹੈ।

ਏਨਾ ਕੁਝ ਆਪਣੀਆਂ ਕਹਾਣੀਆਂ ਬਾਰੇ ਲਿਖਣ ਤੋਂ ਬਾਅਦ ਮੈਂ ਇਕ ਆਖ਼ਰੀ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਨ੍ਹਾਂ ਕਹਾਣੀਆਂ ਨੂੰ 'ਸ਼ਹਿਰ ਵਿਚ ਜੰਗਲ' ਜਾਂ 'ਅੰਦਰ ਵੱਲ ਖੁੱਲ੍ਹਦਾ ਬੂਹਾ' ਵਾਲੀ ਕਸਵੱਟੀ ਤੇ ਨਹੀਂ ਪਰਖਣਾ ਚਾਹੀਦਾ ਕਿਉਂਕਿ ਕੋਈ ਵੀ ਲੇਖਕ ਜੋ ਜਿਊ ਵਿਚਰ ਕੇ ਲਿਖਦਾ ਤੇ ਸਮੇਂ ਨਾਲ ਬਦਲਦਾ ਹੈ ਕਦੇ ਵੀ ਇਕੋ ਕਿਸਮ ਦੀਆਂ ਕਹਾਣੀਆਂ ਨਹੀਂ ਲਿਖ ਸਕਦਾ। ਇਸ ਪੁਸਤਕ ਦੀਆਂ ਕਹਾਣੀਆਂ ਵਿਚ ਆਪਣੀ ਹੀ ਤਾਜ਼ਗੀ ਹੈ ਤੇ ਆਪਣੀ ਹੀ ਵੰਨਗੀ। ਮੇਰੀ ਸਦਾ ਹੀ ਇਹ ਇੱਛਾ ਰਹੀ ਹੈ ਕਿ ਮੈਂ ਆਪਣੇ ਪਾਠਕਾਂ ਨੂੰ ਹਰ ਨਵੀਂ ਪੁਸਤਕ ਦੇ ਨਾਲ ਕੁਝ ਨਵਾਂ, ਕੁਝ ਵੱਖਰਾ ਪੜ੍ਹਨ ਲਈ ਦਿਆਂ; ਇਸ ਵਿਚ ਮੈਂ ਕਿੱਥੇ ਕੁ ਤਕ ਸਫ਼ਲ ਜਾਂ ਅਸਫ਼ਲ ਰਿਹਾ ਹਾਂ, ਇਸ ਦਾ ਨਿਰਣਾ ਸੂਝਵਾਨ ਪਾਠਕਾਂ ਦੇ ਆਪਣੇ ਵੱਸ ਹੈ।

**–ਰਵਿੰਦਰ ਸਿੰਘ**

1 ਜਨਵਰੀ, 1971

# ਕਥਾ ਕਰਨ ਤੋਂ ਪਹਿਲਾਂ

"ਸ਼ਹਿਰ ਵਿਚ ਜੰਗਲ" ਮੇਰਾ ਤੀਸਰਾ ਕਹਾਣੀ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਮੈਂ ਦੋ ਕਹਾਣੀ ਸੰਗ੍ਰਹਿ, "ਚਰਾਵੀ" (1963) ਅਤੇ "ਜੁਰਮ ਦੇ ਪਾਤਰ" (1968) ਦੇ ਚੁੱਕਾ ਹਾਂ। ਸਾਹਿਤਕ ਤੇ ਗ਼ੈਰ-ਸਾਹਿਤਕ ਹਲਕਿਆਂ ਤੋਂ "ਜੁਰਮ ਦੇ ਪਾਤਰ" ਸੰਬੰਧੀ ਪ੍ਰਾਪਤ ਰਾਵਾਂ ਤੋਂ ਇਕ ਗੱਲ ਨਿਸਚੇ ਹੀ ਸਿੱਧ ਹੁੰਦੀ ਹੈ ਕਿ ਜਿੱਥੇ ਹਰ ਨਵੀਂ ਰਚਨਾ ਨੂੰ ਖਿੱਚ ਧੂਹ ਕੇ ਪੁਰਾਣੇ ਮਾਪਦੰਡਾਂ ਤੇ ਪਰਖਣ ਦਾ ਯਤਨ ਕੀਤਾ ਜਾਂਦਾ ਹੈ, ਉੱਥੇ ਨਾਲ ਹੀ ਹਰ ਨਿਵੇਕਲੀ ਤੇ ਦਲੇਰ ਰਚਨਾ ਨੂੰ ਸੰਦੇਹ-ਪੂਰਨ ਦ੍ਰਿਸ਼ਟੀ ਨਾਲ ਵੇਖ ਕੇ ਆਰੋਪਿਤ ਵੀ ਕੀਤਾ ਜਾਂਦਾ ਹੈ। ਵੱਧ ਵਿਗਸ ਰਹੀਆਂ ਕੀਮਤਾਂ ਤੇ ਪ੍ਰਸਥਿਤੀਆਂ ਨਾਲ ਵੱਧ ਵਿਗਸ ਰਹੇ ਯਥਾਰਥ ਦੇ ਕਠੋਰ ਰੂਪ ਨੂੰ ਸਾਡੇ ਪਾਠਕ ਤੇ ਆਲੋਚਕ ਨਿੱਜੀ ਪੱਧਰ 'ਤੇ ਭੋਗ ਸਕਦੇ ਜਾਂ ਭੋਗ ਹੁੰਦਿਆਂ ਤਾਂ ਵੇਖ ਸਕਦੇ ਹਨ ਪਰ ਉਸ ਨੂੰ ਸਾਹਿਤਕ ਰੂਪ ਵਿਚ ਸਹਿਨ ਨਹੀਂ ਕਰ ਸਕਦੇ। ਇਹ ਰੁਚੀ ਸਾਧਾਰਨ ਤੇ ਅਣਸੁਲਝੇ ਪਾਠਕਾਂ ਤੇ ਆਲੋਚਕਾਂ ਵਿਚ ਹੀ ਪ੍ਰਧਾਨ ਨਹੀਂ, ਸਗੋਂ ਸਾਡੇ ਬਹੁਤ ਸਾਰੇ ਸੁਲਝੇ ਹੋਏ ਸਾਹਿਤਕਾਰ ਵੀ ਇਸੇ ਰੁਚੀ ਦਾ ਸ਼ਿਕਾਰ ਹਨ। "ਜੁਰਮ ਦੇ ਪਾਤਰ" ਨੂੰ ਜਿੱਥੇ ਸੰਤ ਸਿੰਘ ਸੇਖੋਂ ਨੇ ਸਾਹਿਤ ਦੇ ਨੀਵੇਂ ਰੂਪਾਂ ਵਿਚ ਸ਼ਾਮਿਲ ਕਰਨ ਦਾ ਸੁਝਾਅ ਦਿੱਤਾ ਹੈ, ਉੱਥੇ ਇਸੇ ਕਹਾਣੀ ਸੰਬੰਧੀ ਕਰਤਾਰ ਸਿੰਘ ਦੁੱਗਲ ਦੀ ਬੜੀ ਉੱਚੀ ਰਾਏ ਹੈ। ਇਸੇ ਤਰ੍ਹਾਂ ਇਸ ਸੰਗ੍ਰਹਿ ਦੀਆਂ ਹੋਰ ਕਹਾਣੀਆਂ ਨੇ ਵੀ ਚੋਖਾ ਮਤਭੇਦ ਉਤਪੰਨ ਕੀਤਾ। ਮੈਨੂੰ ਆਪਣੇ ਆਲੋਚਕਾਂ ਦੀ ਸੂਝ ਤੇ ਕਿੰਤੂ ਨਹੀਂ। ਜੇ ਕਿੰਤੂ ਹੈ ਤਾਂ ਨਵੀਂ ਕਹਾਣੀ ਸੰਬੰਧੀ ਉਨ੍ਹਾਂ ਦੀ ਪਹੁੰਚ ਤੇ ਉਨ੍ਹਾਂ ਦੇ ਵਤੀਰੇ 'ਤੇ ਹੀ ਹੈ। ਕਹਾਣੀ ਦੇ ਸਾਧਾਰਨ ਕਥਾ-ਕਰਨ ਤੋਂ ਉੱਚਿਆਂ ਉੱਠ ਕੇ ਉਸ ਦੁਆਰਾ ਪੇਸ਼ ਕੀਤੇ ਗਏ ਯਥਾਰਥ ਜਾਂ ਵਿਚਾਰ ਤੱਕ ਪਹੁੰਚਣ ਦੀ ਲੋੜ ਹੈ, ਤੇ ਜਦੋਂ ਇਸ ਯਥਾਰਥ ਦਾ ਸੁਭਾਅ ਸੰਕੇਤਕ ਰੂਪ ਵਿਚ ਅਭਿਵਿਅਕਤ ਕੀਤਾ ਜਾਂਦਾ ਹੈ ਤਾਂ ਸਾਡੇ ਆਲੋਚਕ ਉਸ ਨੂੰ ਨਜ਼ਰ-ਅੰਦਾਜ਼ ਕਰਕੇ ਵਸਤੂ-ਪੱਧਰ ਤੇ ਕਹਾਣੀ ਉੱਤੇ ਅਸ਼ਲੀਲਤਾ ਜਾਂ ਅਨੈਤਿਕਤਾ ਦਾ ਆਰੋਪ ਲਗਾ ਦਿੰਦੇ ਹਨ।

ਮੇਰਾ ਇਹ ਕਹਾਣੀ ਸੰਗ੍ਰਹਿ ਆਪਣੇ ਕਥਾ-ਕਰਨ ਦੀ ਆਧਾਰ-ਭੂਮੀ, ਅਨੁਭਵ ਅਤੇ ਨਖ਼ਸ਼ਿਖ਼ ਦੇ ਪ੍ਰਸੰਗ ਵਿਚ ਮੇਰੇ ਪਹਿਲੇ ਦੋਹਾਂ ਕਹਾਣੀ-ਸੰਗ੍ਰਹਿਆਂ ਤੋਂ ਕਾਫੀ ਹੱਦ ਤਕ ਵੱਖਰਾ ਹੈ। ਸ਼ਾਇਦ ਇਸ ਲਈ ਕਿ ਪਿਛਲੇ ਦੋ ਸਾਲਾਂ ਵਿਚ ਜਿੱਥੇ ਮੈਨੂੰ ਅਫ਼ਰੀਕਾ, ਇੰਗਲੈਂਡ ਤੇ ਫਰਾਂਸ ਆਦਿ ਦੇਸ਼ਾਂ ਦੀ ਯਾਤਰਾ ਕਰਨ ਦਾ ਅਵਸਰ ਮਿਲਿਆ ਹੈ, ਉੱਥੇ ਨਾਲ ਹੀ ਮੈਂ ਇਨ੍ਹਾਂ ਦੇਸ਼ਾਂ ਦੇ ਜੀਵਨ, ਸਮਾਜ, ਸੱਭਿਆਚਾਰ, ਸਦਾਚਾਰ, ਕਲਾ ਤੇ ਸਾਹਿਤ ਆਦਿ ਦਾ ਵੀ ਡੂੰਘਾ ਅਧਿਐਨ ਕੀਤਾ ਹੈ। ਇਸ ਅਧਿਐਨ ਤੇ ਵਿਸ਼ਾਲ ਦੇਸ਼ਾਟਨ ਨੇ ਜਿੱਥੇ ਮੈਨੂੰ ਕਥਾ-ਵਸਤੂ ਅਤੇ ਕਥਾ-ਚਰਿੱਤਰ ਸੰਬੰਧੀ ਨਵਾਂ ਅਨੁਭਵ-ਆਧਾਰ ਪ੍ਰਦਾਨ ਕੀਤਾ, ਉਥੇ ਨਾਲ ਹੀ ਇਨ੍ਹਾਂ ਪ੍ਰਤੀ ਮੇਰੀ ਪਹੁੰਚ, ਵਤੀਰੇ ਅਤੇ ਅਭਿਵਿਅਕਤੀ ਵਿਚ ਵੀ ਗੁਣਵਾਚਕ ਪਰਿਵਰਤਨ ਸੰਭਵ ਬਣਾਇਆ ਹੈ।

ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿਚੋਂ ਕੇਵਲ ਦੋ ਕਹਾਣੀਆਂ : "ਤਰਸ ਦੇ ਪਾਤਰ" ਅਤੇ "ਮਾਣਸ

ਜਨਮ" ਦੀ ਕਥਾ-ਭੂਮੀ ਹੀ ਪੰਜਾਬੀ ਹੈ। ਪਰ ਇਨ੍ਹਾਂ ਦੋ ਕਹਾਣੀਆਂ ਵਿਚ ਵੀ ਕਥਾ-ਵਸਤੂ ਤੇ ਕਥਾ-ਚਰਿੱਤਰ ਪ੍ਰਤੀ ਮੇਰੀ ਪਹੁੰਚ ਵਿਚ ਪਰਿਵਰਤਨ ਵੇਖਿਆ ਜਾ ਸਕਦਾ ਹੈ।

'ਸ਼ਹਿਰ ਵਿਚ ਜੰਗਲ' ਕਹਾਣੀ ਵਿਚ ਮੈਂ ਤਕਨੀਕ ਦੇ ਪੱਖ ਤੋਂ ਕੁਝ ਖੁੱਲ੍ਹ ਲੈਣ ਦਾ ਹੌਸਲਾ ਕੀਤਾ ਹੈ। ਇਹ ਕਹਾਣੀ ਅੱਜ ਦੇ ਖਿੰਡਰੇ-ਪੁੰਡਰੇ ਜੀਵਨ ਦੇ ਖਿੰਡਰੇ-ਪੁੰਡਰੇ ਪ੍ਰਭਾਵਾਂ ਦੀ ਖਿੰਡਰੇ-ਪੁੰਡਰੇ ਰੂਪ ਵਿਚ ਵਸਤੂ-ਕੇਂਦਰਿਤ ਅਭਿਵਿਅਕਤੀ ਹੈ। ਇਸੇ ਤਰ੍ਹਾਂ 'ਪੈਰਸ ਦੀ ਕੁੜੀ' ਆਪਣੀ ਵਾਰਤਾਲਾਪੀ ਸ਼ੈਲੀ ਦੁਆਰਾ ਹੀ ਰੀਪੋਰਤਾਜ਼ ਦੇ ਨੇੜੇ ਪਹੁੰਚ ਜਾਂਦੀ ਹੈ।

ਅਜੋਕੇ ਪੰਜਾਬੀ ਕਹਾਣੀ ਵਿਚ ਚੇਤਨ ਪੱਧਰ 'ਤੇ ਨਵੀਂ ਕਹਾਣੀ ਵਾਲੀ ਕੋਈ ਗੱਲ ਹੈ ਜਾਂ ਨਹੀਂ ? ਇਸ ਪ੍ਰਸ਼ਨ ਦੇ ਉੱਤਰ ਵਿਚ ਨਾ ਪੈਂਦਿਆਂ ਮੈਂ ਇਹ ਜ਼ਰੂਰ ਕਹਾਂਗਾ ਕਿ ਇਸ ਸੰਗ੍ਰਹਿ ਦੀਆਂ ਕਹਾਣੀਆਂ ਦੁਆਰਾ ਮੈਂ ਅਜੋਕੀ ਪੰਜਾਬੀ ਕਹਾਣੀ ਦੇ ਖੇਤਰ ਵਿਚ ਨਿਵੇਕਲੇ ਕਥਾ-ਚਰਿੱਤਰ, ਨਵੇਂ ਕਥਾ-ਵਸਤੂ, ਨਵੀਨ ਵਾਤਾਵਰਨ ਅਤੇ ਨਵੇਂ ਅਨੁਭਵ ਦਾ ਵਾਧਾ ਕਰਨ ਦਾ ਯਤਨ ਜ਼ਰੂਰ ਕੀਤਾ ਹੈ।

ਇਸ ਯਤਨ ਵਿਚ ਮੈਂ ਕਿੱਥੋਂ ਕੁ ਤੱਕ ਸਫ਼ਲ ਹੋਇਆ ਹਾਂ, ਇਸ ਦਾ ਨਿਰਣਾ ਸੂਝਵਾਨ ਪਾਠਕਾਂ ਅਤੇ ਆਲੋਚਕਾਂ 'ਤੇ ਹੀ ਨਿਰਭਰ ਹੈ।

**-ਰਵਿੰਦਰ ਰਵੀ**

# ਆਪਣੀ ਕਥਾ*

ਕਵਿਤਾ ਦੀ ਰਚਨਾ ਸ਼ੁਰੂ ਕਰਨ ਤੋਂ ਪਹਿਲਾਂ, 1954-55 ਵਿਚ ਮੈਂ ਕੋਈ ਡੇਢ ਦੋ ਦਰਜਨ ਕਹਾਣੀਆਂ ਲਿਖੀਆਂ ਸਨ। ਪਰ ਸਮਾਂ ਪੈਣ 'ਤੇ ਉਨ੍ਹਾਂ 'ਚੋਂ ਦੋ ਕਹਾਣੀਆਂ 'ਬੂਹਣੀ' ਤੇ 'ਲਾਲ ਮੌਜੇ' ਹੀ ਮੈਂ 1963 ਵਿਚ ਪ੍ਰਕਾਸ਼ਤ ਕੀਤੀਆਂ ਤੇ ਆਪਣੇ ਕਹਾਣੀ-ਸੰਗ੍ਰਹਿ 'ਚਰਾਵੀ' ਵਿਚ ਸ਼ਾਮਿਲ ਕਰ ਸਕਿਆ ਅਤੇ ਬਾਕੀ ਦੀਆਂ ਸਭ ਕਹਾਣੀਆਂ ਮੈਨੂੰ ਆਪ ਹੀ ਪਸੰਦ ਨਾ ਆਈਆਂ। 1957-58 ਵਿਚ ਮੇਰੀ ਰੁਚੀ ਵਧੇਰੇ ਕਰਕੇ ਕਵਿਤਾ ਵੱਲ ਹੋ ਗਈ ਤੇ ਇਨ੍ਹੀਂ ਦਿਨੀਂ ਪੰਜਾਬੀ ਕਵਿਤਾ ਵਿਚ ਪੁਰਾਣੀ ਪਰੰਪਰਾ ਦਾ ਮਕਾਂਕੀ ਚੌਖਟਾ ਤਿੜਕ ਰਿਹਾ ਸੀ ਅਤੇ ਨਵੀਂ ਕਵਿਤਾ ਦੀ ਨਵੀਂ ਪ੍ਰਥਾ ਦੀਆਂ ਸੰਭਾਵਨਾਵਾਂ ਉਦੈ ਹੋ ਰਹੀਆਂ ਸਨ। ਨਵੇਂ ਤੇ ਪੁਰਾਣੇ ਕਵੀਆਂ ਵਿਚਕਾਰ ਇਸ ਸੰਘਰਸ਼ ਨੂੰ ਤੀਖਣ ਰੂਪ ਦੇਣ ਲਈ ਮੈਂ ਆਪਣੇ ਹੋਰ ਸਮਕਾਲੀ ਕਵੀਆਂ ਨਾਲ ਕਵਿਤਾ ਰਚਨ ਵੱਲ ਹੀ ਮੋਹਿਤ ਹੋ ਗਿਆ। 1961 ਤੋਂ 1967 ਤਕ ਪ੍ਰਧਾਨ ਰੂਪ ਵਿਚ ਮੈਂ ਕਵਿਤਾ ਦੀ ਰਚਨਾ ਤੇ ਨਵੀਂ ਕਵਿਤਾ ਦੀ ਸਮੀਖਿਆ ਤੇ ਵਿਆਖਿਆ ਵਿਚ ਹੀ ਰੁਝਿਆ ਰਿਹਾ।

ਇਸੇ ਦੌਰਾਨ ਜਦੋਂ ਕਦੇ ਵਿਹਲ ਮਿਲੀ—ਕਵਿਤਾ ਦੇ ਏਕਾਂਗੀ ਰੁਝੇਵੇਂ ਤੋਂ ਉਕਤਾ ਕੇ ਜਾਂ ਜ਼ਿੰਦਗੀ ਦੀ ਕਿਸੇ ਘਟਨਾ ਤੋਂ ਤੀਬਰ ਰੂਪ ਵਿਚ ਪ੍ਰਭਾਵਤ ਹੋ ਕੇ - ਮੈਂ ਕਦੇ ਕਦੇ ਕਹਾਣੀ ਵੀ ਲਿਖਦਾ ਰਿਹਾ। 1962 ਤਕ ਲਿਖੀਆਂ ਆਪਣੀਆਂ ਪੰਦਰਾਂ ਕਹਾਣੀਆਂ ਨੂੰ 'ਚਰਾਵੀ' ਦੇ ਰੂਪ ਵਿਚ ਸੰਗ੍ਰਹਿ-ਬੱਧ ਕਰ ਕੇ ਮੈਂ 1963 ਵਿਚ ਪ੍ਰਕਾਸ਼ਤ ਕਰ ਦਿੱਤਾ। ਇਸੇ ਸਾਲ ਮੈਂ-'ਜਦੋਂ ਸੁਤੰਤਰਤਾ ਦਰਸ਼ਨ ਦੇਵੇ', 'ਸ਼ੀਸ਼ੇ ਵਾਲੀ ਚਿੜੀ', 'ਜੱਦੋ ਜਹਿਦ', 'ਮੈਂ ਕਿੰਨਾ ਖੁਸ਼ ਸਾਂ', 'ਨੱਤੀ' ਤੇ 'ਦੂਸਰਾ ਜਨਮ' ਆਦਿ ਕਹਾਣੀਆਂ ਕੀ ਰਚਨਾ ਵੀ ਕੀਤੀ। ਸੰਨ 1964 ਵਿਚ ਮੈਂ ਕੇਵਲ ਇਕ ਕਹਾਣੀ 'ਵਿਕੱਥਾ' ਹੀ ਲਿਖ ਸਕਿਆ। ਪਾਕਿਸਤਾਨ ਤੇ ਭਾਰਤ ਦੇ ਯੁੱਧ ਸਮੇਂ ਮੈਂ 'ਹੁਸ਼ਿਆਰ ਹੋ ਜਾਓ' ਲਿਖੀ ਤੇ ਇਸੇ ਸਮੇਂ ਇਸ ਸੰਗ੍ਰਹਿ ਦੀ ਮੁੱਖ ਕਹਾਣੀ 'ਜੁਰਮ ਦੇ ਪਾਤਰ' ਦੀ ਰੂਪ ਰੇਖਾ ਉਲੀਕੀ, ਜਿਸ ਨੂੰ ਬਾਅਦ ਵਿਚ ਫੇਅਰ ਕਰਕੇ ਇਸ ਸੰਗ੍ਰਹਿ ਵਿਚ ਸ਼ਾਮਿਲ ਕੀਤਾ।

'ਚਰਾਵੀ' ਕਿਉਂਕਿ ਛਪਦਿਆਂ ਹੀ, ਰਾਜਸਥਾਨ ਵਿਚ ਮੈਟ੍ਰੀਕੁਲੇਸ਼ਨ ਦੇ ਪੰਜਾਬੀ ਕੋਰਸ ਲਈ ਟੈਕਸਟ ਬੁਕ ਨੀਅਤ ਹੋ ਗਈ ਸੀ, ਇਸ ਲਈ ਇਸ ਦਾ ਪਹਿਲਾ ਐਡੀਸ਼ਨ ਰਾਜਸਥਾਨੀ ਵਿਦਿਆਰਥੀਆਂ ਦੇ ਲੇਖੇ ਲੱਗ ਗਿਆ। 'ਜੁਰਮ ਦੇ ਪਾਤਰ' ਵਿਚ 'ਚਰਾਵੀ' ਦੀਆਂ ਕਹਾਣੀਆਂ ਸ਼ਾਮਲ ਕਰਨ ਲੱਗਿਆਂ ਮੈਂ ਦੋ ਮਨੋਰਥ ਸਾਹਮਣੇ ਰੱਖੇ ਹਨ : ਪਹਿਲਾ ਇਹ ਕਿ 'ਜੁਰਮ ਦੇ ਪਾਤਰ' ਦੀਆਂ ਬਹੁਤੀਆਂ ਕਹਾਣੀਆਂ ਦਾ

---

* "ਜੁਰਮ ਦੇ ਪਾਤਰ" ਵਿਚ 9 ਕਹਾਣੀਆਂ ਨਵੀਆਂ ਸਨ ਅਤੇ 15 "ਚਰਾਵੀ" ਵਾਲੀਆਂ ਜੁ ਇਸੇ ਪੁਸਤਕ ਦੇ ਸ਼ੀਰਸ਼ਕ ਹੇਠ ਇਸ ਵਿਚ ਸ਼ਾਮਿਲ ਕੀਤੀਆਂ ਗਈਆਂ ਸਨ। ਇਨ੍ਹਾਂ ਦੇ ਦੂਜੇ ਐਡੀਸ਼ਨ ਦੋ ਵੱਖ, ਵੱਖ ਪੁਸਤਕਾਂ ਦੇ ਰੂਪ ਵਿਚ ਹੀ ਛਾਪੇ ਗਏ।

ਰਚਨਾ-ਕਾਲ 'ਚਰਾਵੀ' ਦੀਆਂ ਕਹਾਣੀਆਂ ਵਾਲਾ ਹੀ ਹੈ ਤੇ ਦੂਜਾ ਇਹ ਕਿ 'ਚਰਾਵੀ' ਆਪਣੇ ਨਵੇਂ ਰੂਪ ਵਿਚ ਪੰਜਾਬ ਦੇ ਪਾਠਕਾਂ ਤੇ ਪੜਚੋਲੀਆਂ ਪਾਸ ਪਹੁੰਚ ਸਕੇ।

ਕੀਨੀਆਂ ਆ ਕੇ ਮੈਂ ਕੁਝ ਹੋਰ ਕਹਾਣੀਆਂ ਲਿਖੀਆਂ ਹਨ ਤੇ ਕਈ ਹੋਰ ਮੇਰੀ ਸਿਮਰਤੀ ਵਿਚ ਘੁੰਮ ਰਹੀਆਂ ਹਨ। ਇਨ੍ਹਾਂ ਦੀ ਨਖ਼ ਸ਼ਿਖ਼ ਦੇਸ਼ ਕਾਲ ਦੀਆਂ ਬਦਲੀਆਂ ਹੋਈਆਂ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਮੇਰੀਆਂ ਪਹਿਲੀਆਂ ਕਹਾਣੀਆਂ ਤੋਂ ਵੱਖਰੀ ਹੈ-ਉਂਝ ਵੀ ਏਥੇ ਮੈਨੂੰ ਭਾਰਤ ਨਾਲੋਂ ਵਧੇਰੇ ਵਿਹਲ ਪ੍ਰਾਪਤ ਹੋਈ ਹੈ ਤੇ ਇੰਞ ਜਾਪਦਾ ਹੈ ਕਿ ਜਿਵੇਂ 'ਮੌਨ ਹਾਦਸੇ' ਤਕ ਲਿਖੀ ਆਪਣੀ ਕਵਿਤਾ ਦੇ ਪ੍ਰਭਾਵ ਤੋਂ ਮੁਕਤ ਹੋ—ਉੱਚਿਆਂ ਉੱਠ ਕੇ ਸੱਜਰੀ, ਵੱਖਰੀ, ਨਵੀਂ ਤੇ ਨਰੋਈ ਕਵਿਤਾ ਦੀ ਰਚਨਾ ਕਰਨ ਲਈ ਮੈਨੂੰ ਕੁਝ ਸਮੇਂ ਲਈ ਕਵਿਤਾ ਛੱਡ ਕੇ ਫਿਰ ਕਹਾਣੀ ਵਲ ਪਰਤਣਾ ਪਵੇਗਾ।

'ਜੁਰਮ ਦੇ ਪਾਤਰ' ਮੇਰੀਆਂ ਦੋ ਦਰਜਨ ਕਹਾਣੀਆਂ ਦਾ ਸੰਗ੍ਰਹਿ ਹੈ। ਮੇਰੀਆਂ ਬਹੁਤ ਸਾਰੀਆਂ ਕਹਾਣੀਆਂ ਮੇਰੀ ਕਵਿਤਾ ਤੇ ਮੇਰੀ ਜ਼ਿੰਦਗੀ ਨਾਲ ਬੜਾ ਡੂੰਘਾ ਸੰਬੰਧ ਰੱਖਦੀਆਂ ਹਨ। ਇਸੇ ਲਈ ਤੁਹਾਨੂੰ ਇਨ੍ਹਾਂ ਵਿਚ ਕਾਵਿਕ ਤੇ ਸ੍ਵੈ-ਜੀਵਨੀ-ਛੁਹਾਂ ਪ੍ਰਾਪਤ ਹੋਣਗੀਆਂ। ਕਾਲਜ ਦੇ ਸਮੇਂ ਤੋਂ ਲੈ ਕੇ ਨੌਕਰੀ ਕਰਨ ਦੇ ਸਮੇਂ ਤਕ, ਪਿੰਡਾਂ ਤੇ ਸ਼ਹਿਰਾਂ ਵਿਚ ਰਟਨ ਕਰਦਿਆਂ, ਜੀਵਨ ਦੀ ਵਿਵਿਧ-ਮੁਖੀ ਪ੍ਰਕਿਰਿਆ ਦੇ ਬਹੁ-ਦਿਸ਼ਾਵੀ ਅਨੁਭਵ ਨਾਲ, ਜਿਵੇਂ, ਜਿਵੇਂ ਮੇਰਾ ਸੰਬੰਧ ਡੂੰਘੇਰਾ ਹੁੰਦਾ ਗਿਆ—ਤਿਵੇਂ-ਤਿਵੇਂ ਮੇਰੀ ਇਹ ਧਾਰਨਾ ਬਣਦੀ ਗਈ ਕਿ ਕਹਾਣੀ ਅਸਲ ਵਿਚ ਕਹਾਣੀਕਾਰ ਦੇ ਆਪੇ ਦੀ ਵਸਤੂ ਪੱਧਰ ਤੇ ਅਵਸਤੂ ਅਭਿਵਿਅੰਜਨਾ ਹੀ ਹੈ। ਜਿਸ ਢੰਗ ਤੇ ਰੰਗ ਵਿਚ ਕਹਾਣੀਕਾਰ ਵਿਅਕਤਿਕ ਤੇ ਸਮਾਜਕ ਵਰਤਾਰੇ ਨੂੰ ਭੋਗਦਾ ਹੈ, ਉਸ ਨੂੰ ਉਸੇ ਰੂਪ ਵਿਚ ਪੇਸ਼ ਕਰਨ ਦਾ ਨਾਮ ਕਹਾਣੀ ਨਹੀਂ, ਸਗੋਂ ਸਮਾਜਕ, ਵਿਅਕਤਿਕ, ਮਨੋਵਿਗਿਆਨਕ ਤੇ ਘਟਨਾਤਮਕ ਸੰਦਰਭ ਵਿਚ ਪਾਤਰਾਂ ਦੇ ਮਾਨਸਕ ਸੱਚ ਤਕ ਪਹੁੰਚ ਕੇ—ਜਿਸ ਤਰ੍ਹਾਂ ਦਾ ਇਹ ਸਭ ਕੁਝ ਹੋਣਾ ਚਾਹੀਦਾ ਹੈ ਜਾਂ ਜਿਸ ਤਰ੍ਹਾਂ ਦਾ ਇਹ ਸਭ ਕੁਝ ਨਹੀਂ—ਵਲ ਸੰਕੇਤ ਕਰਕੇ ਪਾਤਰਾਂ ਦੇ ਘਟਨਾ ਤੇ ਕਥਾ-ਕਰਮ ਦੀ ਸਾਧਾਰਨ ਰੱਟ ਵਿਚੋਂ ਨਿਕਲ ਕੇ ਕੋਈ ਅਸਾਧਾਰਨ ਤੱਥ ਲੱਭਣਾਂ ਜਾਂ ਪਾਤਰਾਂ ਦੇ ਚਿੰਨ੍ਹਾਂ ਦੁਆਰਾ ਆਪਣੇ ਯੁੱਗ ਦਾ ਕੋਈ ਵਿਆਪਕ ਜਾਂ ਉਸਰ ਰਿਹਾ ਤੱਥ ਜਾਂ ਸੱਚ ਦਰਸਾਉਣਾ ਹੀ, ਕਹਾਣੀਕਾਰ ਦਾ ਮੁੱਖ ਕਰਤੱਵ ਹੈ। ਕਹਾਣੀ ਦੇ ਪਾਤਰ ਜੀਵਨ ਦੀ ਕਿਸੇ ਨਿੱਕੀ ਜਿਹੀ ਘਟਨਾ ਦੀ ਕਿਰਿਆ ਵਿਚ ਗੁੱਸੇ ਸਹਿਜ-ਸੁਭਾਅ ਜਾਂ ਚੇਤਨ ਰੂਪ ਵਿਚ ਅਜੋਕੇ ਯੁੱਗ-ਬੋਧ ਦੀ ਸਰਬ-ਵਿਆਪਕ ਹੋਣੀ ਨੂੰ ਨਿਰੂਪਣ ਕਰ ਜਾਂਦੇ ਹਨ। ਇਸ ਲਈ ਸਾਧਾਰਨ ਪਾਠਕ ਨੂੰ ਕੁਝ ਵਧੇਰੇ ਸੁਚੇਤ ਹੋਣ ਦੀ ਲੋੜ ਹੈ ਤਾਂਕਿ ਉਹ ਕਹਾਣੀ ਦੇ ਕਥਾਕ੍ਰਮ ਤੋਂ ਉੱਚਿਆਂ ਉੱਠ ਕੇ ਸੰਕੇਤਕ ਤੇ ਸਰਬ-ਵਿਆਪਕ ਤੱਥ ਤੇ ਸੱਚ ਤਕ ਪਹੁੰਚ ਪ੍ਰਾਪਤ ਕਰ ਸਕੇ।

ਇਸ ਸੰਬੰਧ ਵਿਚ ਮੈਂ ਇਸ ਸੰਗ੍ਰਹਿ ਦੀਆਂ ਪਹਿਲੀਆਂ ਤਿੰਨ ਕਹਾਣੀਆਂ ਦੀ ਸਾਂਝ ਆਪਣੇ ਪਾਠਕਾਂ ਤੇ ਆਲੋਚਕਾਂ ਨਾਲ ਪਾਉਣ ਦੀ ਆਗਿਆ ਮੰਗਦਾ ਹਾਂ। ਸਾਧਾਰਨ ਰੂਪ ਵਿਚ ਇਹ ਤਿੰਨੇ ਕਹਾਣੀਆਂ ਵਿਆਹੁਤਾ ਜੀਵਨ ਦੀਆਂ ਤਿੰਨ ਭਿੰਨ-ਭਿੰਨ ਪ੍ਰਸਥਿਤੀਆਂ ਤੇ ਸ਼੍ਰੇਣੀ-ਪਾਤਰਾਂ ਨਾਲ ਸੰਬੰਧਤ ਜਾਪਦੀਆਂ ਹਨ—ਪਰ ਮੈਂ ਕਥਾ-ਕ੍ਰਮ ਤੋਂ ਉੱਚਿਆਂ ਉੱਠ ਕੇ ਆਧੁਨਿਕ ਮਨੁੱਖ ਤੇ ਜੀਵਨ ਦੇ ਆਂਤਰਕ ਸੰਸਾਰ ਅੰਦਰ ਵਿਚਰ ਰਹੇ ਬਹੁ-ਮੁਖੀ ਦੁਖਾਂਤ ਤੇ ਕਟੂ ਹੋਣੀ ਵਲਾਂ ਸੰਕੇਤ ਕਰਨ ਦਾ ਯਤਨ ਕੀਤਾ ਹੈ। 'ਵਿਕੱਥਾ' ਇਸ ਲਈ ਵਿਕੱਥਾ ਹੈ ਕਿ ਕਹਾਣੀ ਦੇ ਸਿਖਰ 'ਤੇ ਪਹੁੰਚ ਕੇ ਵੀ ਇਸ ਦੇ ਨਾਇਕ ਤੇ ਨਾਇਕਾ ਵਿਚਕਾਰ ਤਥਾਕਥਿਤ ਰਾਂਗਲੇ ਸੰਗੀਤ ਦੀ ਵਿੱਥ ਕਾਇਮ ਰਹਿੰਦੀ ਹੈ ਤੇ ਇਸ ਦੀ ਇਕਹਿਰੀ, ਇਕਾਂਗੀ ਤੇ ਇਕਸਾਰ ਕਿਰਿਆ ਨਾਲ ਸਮਝੌਤਾ ਨਾ ਕਰ ਸਕਣਾ ਹੀ ਅੱਜ ਦੇ ਮਨੁੱਖ ਦਾ ਦੁਖਾਂਤ ਹੈ। 'ਜਦੋਂ ਸੁੰਦਰਤਾ ਦਰਸ਼ਨ ਦੇਵੇ' ਵਿਚ ਮੈਂ ਇਕ ਨਿਪੁੰਸਕ ਜਾਂ ਅ-ਮਨੁੱਖ ਦੀ ਵਿਆਪਕ ਸੁੰਦਰਤਾ ਪ੍ਰਤੀ ਖਿੱਚ ਤੇ ਪ੍ਰਤੀਤੀ ਨੂੰ ਵਸਤੂ ਵੱਧਰ 'ਤੇ ਲਿੰਗ-ਸੰਬੰਧਾਂ ਤੋਂ ਉੱਚਿਆਂ ਚੁੱਕ ਕੇ ਅਵਸਤੂ ਸੰਸਾਰ ਦੀ ਵਿਆਪਕ ਹੋਣੀ ਵਿਚ ਢਾਲਣ ਦਾ ਯਤਨ ਕੀਤਾ ਹੈ—ਜਿੱਥੇ ਸੁੰਦਰਤਾ ਤੀਸਰਾ ਲਿੰਗ (Third Sex) ਬਣ ਜਾਂਦੀ ਹੈ। ਇਸ ਕਹਾਣੀ ਵਿਚ ਰਹੱਸਵਾਦੀ ਤੱਥਾਂ

ਤੇ ਮਰਯਾਦਾਗਤ ਵਿਸ਼ਵਾਸ ਦੀ—ਵਸਤੂ-ਪੱਧਰ ਤੇ ਖੰਡਤ ਹੋ ਜਾਣ ਦੀ ਕਟੂਤਾ ਵੀ ਹੈ ਅਤੇ ਅਪੂਰਨ ਸਿਰਜਣਾ ਹੀ ਨਿਪੁੰਸਕਤਾ ਦਾ ਡੰਗ ਵੀ।

'ਜੁਰਮ ਦੇ ਪਾਤਰ' ਦੇ ਨਾਇਕ ਤੇ ਨਾਇਕਾ ਦੋਵੇਂ ਮੁਜਰਮ ਹਨ। ਇਕ ਦਾ ਰੁਖ ਜੁਰਮ ਤੋਂ ਉਪਰਾਮ ਹੋ ਕੇ ਆਤਮਕ ਕੀਮਤਾਂ ਵੱਲ ਹੈ ਤੇ ਦੂਜੀ ਦਾ ਜੁਰਮ ਵਿਚ ਭਿੱਜ ਕੇ ਪਦਾਰਥਕ ਕੀਮਤਾਂ ਵੱਲ। ਇਨ੍ਹਾਂ ਦੋਹਾਂ ਦੀ ਵਿਰੋਧੀ ਟੱਕਰ ਵਿਚੋਂ ਮੈਂ ਅਜੋਕੇ ਯੁੱਗ ਦੀਆਂ ਪਦਾਰਥਕ ਲੋੜਾਂ ਸਾਹਵੇਂ ਦਮ ਤੋੜ ਰਹੀਆਂ ਆਤਮਕ ਤੇ ਸਦਾਚਾਰਕ ਸ਼ਕਤੀਆਂ ਦੇ ਦੁਖਾਂਤ ਨੂੰ ਚਿਤਰਣ ਦਾ ਯਤਨ ਕੀਤਾ ਹੈ।

ਮੇਰੇ ਕੁਝ ਪਾਠਕ ਤੇ ਆਲੋਚਕ ਸ਼ਾਇਦ ਇਸ ਕਹਾਣੀ ਉੱਤੇ ਮੇਰੀਆਂ ਕੁਝ ਹੋਰ ਕਹਾਣੀਆਂ ਤੇ ਮੇਰੀਆਂ ਬਹੁਤ ਸਾਰੀਆਂ ਕਵਿਤਾਵਾਂ ਵਾਂਗ ਹੀ ਅਸ਼ਲੀਲ ਹੋਣ ਦਾ ਦੋਸ਼ ਲਾਉਣ। ਪਰ ਜੀਵਨ ਦੀ ਵਾਸਤਵਕ ਅਸ਼ਲੀਲਤਾ ਦੇ ਅਨੁਭਵ ਦੇ ਇਸ ਸੰਦਰਭ ਵਿਚ ਮੈਂ ਜੋ ਕੁਝ ਕਹਿਣਾ ਚਾਹਿਆ ਹੈ, ਉਸ ਤਕ ਪਹੁੰਚ ਕੇ ਸ਼ਾਇਦ ਉਨ੍ਹਾਂ ਨੂੰ ਸ਼ਲੀਲ ਅਤੇ ਅਸ਼ਲੀਲ ਪ੍ਰਤੀ ਆਪਣੀ ਇਹ ਧਾਰਨਾ ਬਦਲਣੀ ਪੈ ਜਾਏ।

ਆਪਣਾ ਇਹ ਕਹਾਣੀ-ਸੰਗ੍ਰਹਿ, ਸਾਹਿਤ-ਰਸੀਆਂ ਤੇ ਪਾਰਖੂਆਂ ਦੀ ਭੇਟਾ ਕਰਨ ਲੱਗਿਆਂ ਮੈਂ ਇਹ ਸੋਚਦਾ ਹਾਂ ਕਿ ਇਸ ਨਿਗੂਣੇ ਜਿਹੇ ਯਤਨ ਨਾਲ ਜੇ ਮੈਂ ਪੰਜਾਬੀ ਸਾਹਿਤ ਦੀ ਕੁਝ ਸੇਵਾ ਕਰ ਸਕਿਆ ਹੋਵਾਂ, ਤਾਂ ਮੇਰੀ ਘਾਲਣਾ ਸਫ਼ਲ ਹੋਵੇਗੀ।

ਪੋਸਟ ਆਫਿਸ ਬਾਕਸ ਨੰ: 159 **–ਰਵਿੰਦਰ ਰਵੀ**
ਰੂਇਰੂ - ਕੀਨੀਆ 1.3.68

# ਅੰਤਿਕਾ



# ਰਵਿੰਦਰ ਰਵੀ ਰਚਿਤ ਕਾਵਿ-ਸੰਗ੍ਰਹਿਆਂ ਦਾ ਵੇਰਵਾ

1. ਦਿਲ ਦਰਿਆ ਸਮੁੰਦਰੋਂ ਡੂੰਘੇ—ਧਨਪਤ ਰਾਏ ਐਂਡ ਸਨਜ਼, ਜਲੰਧਰ—1961
2. ਬੁੱਕਲ ਦੇ ਵਿਚ ਚੋਰ—ਹਿੰਦ ਪਬਲਿਸ਼ਰਜ਼, ਜਲੰਧਰ—1963
3. ਬਿੰਦੂ—ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ—1965
4. ਮੌਨ ਹਾਦਸੇ—ਰਾਜ ਰੂਪ ਪ੍ਰਕਾਸ਼ਨ, ਜਲੰਧਰ—1967
5. ਦਿਲ-ਟ੍ਰਾਂਸਪਲਾਂਟ ਤੋਂ ਬਾਅਦ—ਨਿਊ ਬੁਕ ਕੰਪਨੀ, ਜਲੰਧਰ—1969
6. ਸ਼ਹਿਰ ਜੰਗਲੀ ਹੈ—ਨਿਊ ਬੁਕ ਕੰਪਨੀ, ਜਲੰਧਰ—1970
7. ਮੇਰੇ ਮੌਸਮ ਦੀ ਵਾਰੀ—ਨਿਊ ਬੁਕ ਕੰਪਨੀ, ਜਲੰਧਰ—1972
8. ਜਲ ਭਰਮ-ਜਲ—ਕੇ. ਲਾਲ ਐਂਡ ਕੰਪਨੀ, ਜਲੰਧਰ—1976
9. ਚਿੱਟੇ ਕਾਲੇ ਧੱਬੇ—ਕੇ. ਲਾਲ ਐਂਡ ਕੰਪਨੀ, ਜਲੰਧਰ—1978
10. ਸੀਮਾਂ ਆਕਾਸ਼—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1980
11. ਸ਼ੀਸ਼ੇ ’ਤੇ ਦਸਤਕ—ਨਵਯੁੱਗ ਪਬਲਿਸ਼ਰਜ਼, ਦਿੱਲੀ—1983
12. ਆਪਣੇ ਖ਼ਿਲਾਫ਼—ਨਵਯੁੱਗ ਪਬਲਿਸ਼ਰਜ਼, ਦਿੱਲੀ—1986
13. ਸੂਰਜ ਤੇਰਾ ਮੇਰਾ—ਨੈਸ਼ਨਲ ਬੁਕ ਸ਼ਾਪ, ਦਿੱਲੀ—1989
14. ਗੰਢਾਂ—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1993
15. ਸ਼ਬਦੋਂ ਪਾਰ—ਨੈਸ਼ਨਲ ਬੁਕ ਸ਼ਾਪ, ਦਿੱਲੀ—1999
16. ਪੱਤਰ ਤੇ ਦਰਿਆ—ਨੈਸ਼ਨਲ ਬੁਕ ਸ਼ਾਪ, ਦਿੱਲੀ—2003
17. ਛਾਵਾਂ ਤੇ ਪਰਛਾਵੇਂ—ਨੈਸ਼ਨਲ ਬੁਕ ਸ਼ਾਪ, ਦਿੱਲੀ—2007
18. ਬਾਜ਼ ਦੀ ਨਜ਼ਰ—ਨੈਸ਼ਨਲ ਬੁਕ ਸ਼ਾਪ, ਦਿੱਲੀ—2010
19. ਨਵੀਂ ਸਦੀ ਦੀ ਨਵੀਂ ਨਸਲ—ਨੈਸ਼ਨਲ ਬੁਕ ਸ਼ਾਪ, ਦਿੱਲੀ—2013
20. ਸ਼ਬਦਾਂ ਦੇ ਚਿਹਰੇ—ਨੈਸ਼ਨਲ ਬੁਕ ਸ਼ਾਪ, ਦਿੱਲੀ—2014
21. ਨਿਹੋਂਦ ਦਾ ਗੀਤ—ਨੈਸ਼ਨਲ ਬੁਕ ਸ਼ਾਪ, ਦਿੱਲੀ—2015

**ਕਵਿਤਾ ਦੇ ਸਮੁੱਚੇ ਸੰਗ੍ਰਹਿ (Collected works)**

1. ਅਕੱਥ ਕਥਾ (1955 ਤੋਂ 1966, ਭਾਰਤ)
   —ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1988
   ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005

2. ਵਣ ਵਾਣੀ (1967 ਤੋਂ 1974, ਕੀਨੀਆ)
   —ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1988
   ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005

3. ਪਿਆਸਾ ਬੱਦਲ (1974 ਤੋਂ 1986 ਕੈਨੇਡਾ)
   —ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1990
   ਦੂਜਾ ਐਡੀਸ਼ਨ, ਨੈਸ਼ਨਲ ਬੁਕ ਸ਼ਾਪ, ਦਿੱਲੀ—2005

4. ਸ਼ਬਦ ਸਾਗਰ (1986 ਤੋਂ 2003 ਕੈਨੇਡਾ)
—ਨੈਸ਼ਨਲ ਬੁਕ ਸ਼ਾਪ, ਦਿੱਲੀ—2004

5. ਪਿੰਡ ਬ੍ਰਹਮੰਡ (2003 ਤੋਂ 2014 ਕੈਨੇਡਾ)
—ਨੈਸ਼ਨਲ ਬੁਕ ਸ਼ਾਪ, ਦਿੱਲੀ—2015

**ਅੰਗਰੇਜ਼ੀ ਵਿਚ**

Restless Soul—Indo-Candian Publishers,
Surrey, B.C. Canada-1978
Second Edition—National Book Shop, Delhi-2008

**ਹਿੰਦੀ ਵਿਚ**

1. ਸੂਰਯ ਕਾ ਤਕੀਆ—ਪ੍ਰਤੀਕ ਪਬਲੀਕੇਸ਼ਨਜ਼, ਲੁਧਿਆਣਾ—1998
ਦੂਜਾ ਐਡੀਸ਼ਨ—ਨੈਸ਼ਨਲ ਬੁਕ ਸ਼ਾਪ, ਦਿੱਲੀ—2009

**ਪਾਕਿਸਤਾਨ ਵਿਚ**

1. ਗੰਢਾਂ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—1999
2. ਸ਼ਬਦੋਂ ਪਾਰ (ਗੁਰਮੁਖੀ ਤੇ ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—1999
3. ਹੀਰਿਆਂ ਦਾ ਚੋਗ—ਚੋਣਵੀਂ ਕਵਿਤਾ ਦਾ ਸੰਗ੍ਰਹਿ—1974-1989—(ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—2002
4. ਪੱਤਰ ਤੇ ਦਰਿਆ (ਸ਼ਾਹਮੁਖੀ ਲਿੱਪੀ ਵਿਚ)
—ਅਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਬਿਲਾਲ ਗੰਜ, ਲਾਹੌਰ—2005
5. ਸ਼ਬਦਾਂ ਦੇ ਚਿਹਰੇ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2016
6. ਨਿਹੋਂਦ ਦਾ ਗੀਤ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2016
7. ਨਵੀਂ ਸਦੀ ਦੀ ਨਵੀਂ ਨਸਲ (ਸ਼ਾਹਮੁਖੀ ਲਿੱਪੀ ਵਿਚ)
—ਪ੍ਰਕਾਸ਼ਕ : ਗੁਲਸ਼ਨ-ਏ-ਅਦਬ ਪਬਲੀਕੇਸ਼ਨਜ਼, ਲਾਹੌਰ, ਪਾਕਿਸਤਾਨ-2017

# ਰਵਿੰਦਰ ਰਵੀ ਰਚਿਤ ਕਾਵਿ-ਨਾਟਕਾਂ ਦਾ ਵੇਰਵਾ

1. "ਬੀਮਾਰ ਸਦੀ"—ਮੁਹਿੰਦਰ ਪਾਲ ਪਬਲਿਸ਼ਰਜ਼, ਜਲੰਧਰ—1974
2. "ਦਰ ਦੀਵਾਰਾਂ"—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1981
3. "ਅੱਧੀ ਰਾਤ ਦੁਪਹਿਰ"—ਨਵਯੁੱਗ ਪਬਲਿਸ਼ਰਜ਼, ਦਿੱਲੀ—1983
4. "ਚੌਕ ਨਾਟਕ"—ਨਵਯੁੱਗ ਪਬਲਿਸ਼ਰਜ਼, ਦਿੱਲੀ—1984
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
5. "ਰੂਹ ਪੰਜਾਬ ਦੀ"—ਦੀਪਕ ਪਬਲਿਸ਼ਰਜ਼, ਜਲੰਧਰ—1984
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
6. "ਸਿਫ਼ਰ ਨਾਟਕ"—ਰਵੀ ਸਹਿਤ ਪ੍ਰਕਾਸ਼ਨ, ਅੰਮ੍ਰਿਤਸਰ—1987
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
7. "ਤਿੰਨ ਨਾਟਕ"—ਨੈਸ਼ਨਲ ਬੁਕ ਸ਼ਾਪ, ਦਿੱਲੀ—1990
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
8. "ਮਨ ਦੇ ਹਾਣੀ"—ਨੈਸ਼ਨਲ ਬੁਕ ਸ਼ਾਪ, ਦਿੱਲੀ—2005
9. "ਮਖੌਟੇ ਤੇ ਹਾਦਸੇ"—ਨੈਸ਼ਨਲ ਬੁਕ ਸ਼ਾਪ, ਦਿੱਲੀ—2009
10. "ਚੱਕ੍ਰਵਯੂਹ ਤੇ ਪਿਰਾਮਿਡ"—ਨੈਸ਼ਨਲ ਬੁਕ ਸ਼ਾਪ, ਦਿੱਲੀ—2010
11. "ਆਪੋ ਆਪਣੇ ਦਰਿਆ"—ਨੈਸ਼ਨਲ ਬੁਕ ਸ਼ਾਪ, ਦਿੱਲੀ—2015
12. "ਹੋਂਦ ਨਿਹੋਂਦ"—ਨੈਸ਼ਨਲ ਬੁਕ ਸ਼ਾਪ, ਦਿੱਲੀ—2016
13. "ਪਰਤੱਖ ਤੋਂ ਅਗਾਂਹ" (ਦੋ ਕਾਵਿ-ਨਾਟਕ : "ਭਰਮ-ਜਲ" ਅਤੇ "ਸਿਆਸੀ ਦੰਦ-ਕਥਾ")
    —ਨੈਸ਼ਨਲ ਬੁਕ ਸ਼ਾਪ, ਦਿੱਲੀ—2017

**ਥੀਮਕੀ ਤਿੱਕੜੀ (Thematic Trilogy)**

1. "ਸੂਰਜ ਨਾਟਕ" (ਬੀਮਾਰ ਸਦੀ, ਦਰ ਦੀਵਾਰਾਂ ਤੇ ਅੱਧੀ ਰਾਤ ਦੁਪਹਿਰ)
   —ਨਵਯੁੱਗ ਪਬਲਿਸ਼ਰਜ਼, ਦਿੱਲੀ—1985
   (ਦੂਜਾ ਐਡੀਸ਼ਨ)—ਚੇਤਨਾ ਪ੍ਰਕਾਸ਼ਨ, ਲੁਧਿਆਣਾ—2002
   **ਨਾਟਕ ਤੇ ਰੰਗਮੰਚ :** ਦੋ ਨਾਟਕ ਤੇ ਰੰਗਮੰਚ
   —ਨੈਸ਼ਨਲ ਬੁਕ ਸ਼ਾਪ, ਦਿੱਲੀ—2014

**ਕਾਵਿ-ਨਾਟਕਾਂ ਦੇ ਸਮੁੱਚੇ ਸੰਗ੍ਰਹਿ**

1. "ਮੰਚ ਨਾਟਕ" (197490)—ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1993
2. "ਮੇਰੇ ਕਾਵਿ-ਨਾਟਕ-1" : ਸੈਂਚੀ ਪਹਿਲੀ (1974-1983)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
3. "ਮੇਰੇ ਕਾਵਿ-ਨਾਟਕ-2" : ਸੈਂਚੀ ਦੂਜੀ (1984-1987)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007
4. "ਮੇਰੇ ਕਾਵਿ-ਨਾਟਕ-3" : ਸੈਂਚੀ ਤੀਜੀ (1990-2005)
   —ਨੈਸ਼ਨਲ ਬੁਕ ਸ਼ਾਪ, ਦਿੱਲੀ—2007

5. "ਮੇਰੇ ਕਾਵਿ-ਨਾਟਕ-4" : ਸੈਂਚੀ ਚੌਥੀ (2008-2010)
—ਨੈਸ਼ਨਲ ਬੁਕ ਸ਼ਾਪ, ਦਿੱਲੀ—2013

**ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕਾਂ ਦਾ ਸਮੁੱਚਾ ਸੰਗ੍ਰਹਿ :**

1. "ਮੰਚ ਨਾਟਕ" (1974-1990)
—ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2001

**ਪਾਕਿਸਤਾਨ ਵਿਚ ਸ਼ਾਹਮੁਖੀ ਲਿੱਪੀ ਵਿਚ ਕਾਵਿ-ਨਾਟਕ**

1. "ਮਨ ਦੇ ਹਾਣੀ"
—ਅਦਾਰਾ ਪੰਜਾਬੀ ਜ਼ਬਾਨ ਤੇ ਸ਼ਕਾਫ਼ਤ, ਲਾਹੌਰ, 2005

# ਰਵਿੰਦਰ ਰਵੀ ਰਚਿਤ ਕਹਾਣੀ-ਸੰਗ੍ਰਹਿਆਂ ਦਾ ਵੇਰਵਾ

| | ਕਹਾਣੀ-ਸੰਗ੍ਰਹਿ | ਪ੍ਰਕਾਸ਼ਕ | ਪੰਨੇ |
|---|---|---|---|
| 1. | ਚਰਾਵੀ | ਦੌਲਤ ਰਾਮ ਸਹਿਦੇਵ ਐਂਡ ਸਨਜ਼, ਜਲੰਧਰ<br>ਤਿੰਨ ਰੁਪਏ—1963<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 115 |
| 2. | ਜੁਰਮ ਦੇ ਪਾਤਰ | ਨਿਊ ਬੁਕ ਕੰਪਨੀ, ਜਲੰਧਰ<br>ਪੰਜ ਰੁਪਏ—1968<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 155 |
| 3. | ਸ਼ਹਿਰ ਵਿਚ ਜੰਗਲ | ਰਾਜ ਰੂਪ ਪ੍ਰਕਾਸ਼ਨ, ਜਲੰਧਰ<br>ਪੰਜ ਰੁਪਏ—1969<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 120 |
| 4. | ਕੋਨ ਪ੍ਰਤੀਕੋਨ | ਹਜ਼ੂਰੀਆ ਪਬਲਿਸ਼ਰਜ਼ ਕੰਪਨੀ, ਜਲੰਧਰ<br>5।75 ਰੁਪਏ—1971<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 83 |
| 5. | ਮੈਲੀ ਪੁਸਤਕ | ਮੁਹਿੰਦਰਪਾਲ ਪਬਲਿਸ਼ਿੰਗ, ਜਲੰਧਰ<br>ਅੱਠ ਰੁਪਏ—1973<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 96 |
| 6. | ਜਿੱਥੇ ਦੀਵਾਰਾਂ ਨਹੀਂ | ਕੇ. ਲਾਲ. ਐਂਡ ਕੰਪਨੀ, ਜਲੰਧਰ<br>ਵੀਹ ਰੁਪਏ—1978<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 139 |
| 7. | ਕੰਪਿਊਟਰ ਕਲਚਰ | ਨਵਯੁਗ ਪਬਲਿਸ਼ਰਜ਼, ਦਿੱਲੀ-6<br>ਪੈਂਤੀ ਰੁਪਏ—1985<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 128 |
| 8. | ਆਪਣੇ ਆਪਣੇ ਟਾਪੂ | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>ਸੱਠ ਰੁਪਏ—1992<br>ਦੂਜਾ ਐਡੀਸ਼ਨ—ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010 | 120 |
| 9. | ਗੋਰੀਆਂ ਸ਼ਹੀਦੀਆਂ | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>225 ਰੁਪਏ—2010 | 160 |

**ਸਮੁੱਚੇ ਕਹਾਣੀ-ਸੰਗ੍ਰਹਿ**

| | | | |
|---|---|---|---|
| 1. | ਅਘਰਵਾਸੀ<br>(1955-1983) | ਨਵਯੁਗ ਪਲਲਿਸ਼ਰਜ਼, ਦਿੱਲੀ-6<br>ਅੱਸੀ ਰੁਪਏ—1984 | 436 |
| 2. | ਮੇਰੀ ਕਹਾਣੀ<br>(1955-2005) | ਨੈਸ਼ਨਲ ਬੁਕ ਸ਼ਾਪ, ਦਿੱਲੀ-6<br>495 ਰੁਪਏ—2006 | 648 |
| 3. | ਮੇਰੀਆਂ ਸਾਰੀਆਂ ਕਹਾਣੀਆਂ<br>(1955-2010) | ਨੈਸ਼ਨਲ ਬੁਕ ਸ਼ਾਪ, ਦਿੱਲੀ-6 | 2017 |

## ਚੋਣਵੇਂ ਕਹਾਣੀ-ਸੰਗ੍ਰਹਿ

| | | | |
|---|---|---|---|
| 1. | ਸਮੇਂ ਦੇ ਨਾਲ ਨਾਲ (1955-1989) | ਨੈਸ਼ਨਲ ਬੁਕ ਸ਼ਾਪ, ਦਿੱਲੀ-6 140 ਰੁਪਏ—1989 | 322 |
| 2. | ਖੰਭਾਂ ਵਾਲੇ ਪਿੰਜਰੇ (1955-2000) | ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ 325 ਰੁਪਏ—2001 | 376 |
| 3. | ਚੋਣਵੀਆਂ ਕਹਾਣੀਆਂ (ਇਸਤਰੀ-ਮਰਦ ਪ੍ਰਸੰਗ ਵਾਲੀਆਂ ਕਹਾਣੀਆਂ) | ਕੁਕਨੁਸ ਪ੍ਰਕਾਸ਼ਨ, ਜਲੰਧਰ 75 ਤੇ 40 ਰੁਪਏ—2002 | 111 |
| 4. | ਚੋਣਵੀਆਂ ਕਹਾਣੀਆਂ-2 (ਬ੍ਰਹਮੰਡਕ ਚੇਤਨਾ) | ਕੁਕਨੁਸ ਪ੍ਰਕਾਸ਼ਨ, ਜਲੰਧਰ-2008 | |

## ਪਾਕਿਸਤਾਨ ਵਿਚ (ਸ਼ਾਹਮੁਖੀ ਲਿੱਪੀ ਵਿਚ)

| | | | |
|---|---|---|---|
| 1. | ਖੰਭਾਂ ਵਾਲੇ ਪਿੰਜਰੇ | ਇਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਲਾਹੌਰ 450 ਰੁਪਏ—2000 | 432 |

## ਰਵਿੰਦਰ ਰਵੀ ਦੀਆਂ ਕਹਾਣੀਆਂ ਦੇ ਗਹਿਨ ਅਧਿਅਨ

1. *ਯੁਕਲਿਪਟਸ ਤੇ ਹੈਮਿੰਗਵੇ—ਨੈਸ਼ਨਲ ਬੁਕ ਸ਼ਾਪ, ਦਿੱਲੀ 112
ਲੇਖਕ : ਡਾ. ਦੇਵਿੰਦਰ ਕੌਰ—35 ਰੁਪਏ—1989
2. **ਕਥਾ ਸਨਮੁਖ—ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ 168
ਸੰਪਾ: ਰਵਿੰਦਰ ਰਵੀ—140 ਰੁਪਏ—2001
3. ***ਕਥਾ ਸਨਮੁਖ-2—ਨੈਸ਼ਨਲ ਬੁਕ ਸ਼ਾਪ, ਦਿੱਲੀ 204
ਸੰਪਾ: ਰਵਿੰਦਰ ਰਵੀ—350 ਰੁਪਏ—2012

* "ਅਨ੍ਹੇਰਾ ਯੂਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਦੇ ਗਹਿਨ ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

** "ਅਨ੍ਹੇਰਾ ਯੂਕਲਿਪਟਸ ਤੇ ਅੱਗ" ਅਤੇ "ਇਕ ਹੋਰ ਹੈਮਿੰਗਵੇ" ਕਹਾਣੀਆਂ ਤੇ ਉਨ੍ਹਾਂ ਉੱਤੇ ਲਿਖੇ ਡਾ. ਦੇਵਿੰਦਰ ਕੌਰ ਦੇ ਗਹਿਨ ਅਧਿਅਨ ਅਤੇ "ਹਮ ਛਿਣ" ਕਹਾਣੀ ਤੇ ਉਸ ਉੱਤੇ ਲਿਖਿਆ ਡਾ. ਹਰਚੰਦ ਸਿੰਘ ਬੇਦੀ ਦਾ ਗਹਿਨ-ਅਧਿਅਨ ਇਸ ਪੁਸਤਕ ਵਿਚ ਸ਼ਾਮਿਲ ਹਨ।

*** "ਕਥਾ ਸਨਮੁਖ-2" ਇਸ ਪੁਸਤਕ ਵਿਚ ਹੇਠ ਲਿਖੀਆਂ ਕਹਾਣੀਆਂ ਦੇ ਗਹਿਨ ਅਧਿਐਨ ਸ਼ਾਮਿਲ ਹਨ :

1. ਅਨ੍ਹੇਰਾ ਯੂਕਲਿਪਟਸ ਤੇ ਅੱਗ -ਡਾ. ਦੇਵਿੰਦਰ ਕੌਰ ਤੇ ਡਾ. ਵਨੀਤਾ
2. ਇਕ ਹੋਰ ਹੈਮਿੰਗਵੇ - ਡਾ. ਦੇਵਿੰਦਰ ਕੌਰ
3. ਹਮ ਛਿਣ -ਡਾ. ਹਰਚੰਦ ਸਿੰਘ ਬੇਦੀ
4. ਸ਼ਾਦੀ ਵੱਲ ਜਾਂਦੀ ਸੜਕ -ਡਾ. ਅਕਵਿੰਦਰ ਕੌਰ ਬਾਹਲ
5. ਕੰਪਿਊਟਰ ਕਲਚਰ -ਮਨਜੀਤ ਮੀਤ (ਕੈਨੇਡਾ)

# ਰਵਿੰਦਰ ਰਵੀ ਰਚਿਤ ਫੁਟਕਲ ਪੁਸਤਕਾਂ ਦਾ ਵੇਰਵਾ

**ਸਫ਼ਰਨਾਮਾ**

| | | |
|---|---|---|
| 1. ਸਿਮਰਤੀਆਂ ਦੇ ਦੇਸ਼ | ਧਨਪਤ ਰਾਏ ਐਂਡ ਸਨਜ਼, ਜਲੰਧਰ | 1979 |
| (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2006 |

**ਵਾਰਤਕ : ਸਾਹਿਤਿਕ ਸ੍ਵੈ-ਜੀਵਨੀ**

| | | |
|---|---|---|
| 1. ਮੇਰੀ ਸਾਹਿਤਿਕ ਸ੍ਵੈ-ਜੀਵਨੀ | ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ | 1994 |
| 2. ਐਟਸੈਟਰਾ-2 (ਰਚਨ-ਪ੍ਰਕ੍ਰਿਆ ਤੇ ਹੋਰ ਲੇਖ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. ਐਟਸੈਟਰਾ-3 (ਮੁਲਾਕਾਤਾਂ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. ਮੇਰਾ ਜੀਵਨ, ਮੇਰਾ ਸਾਹਿਤ (ਸਾਹਿਤਿਕ ਸ੍ਵੈ-ਜੀਵਨੀ) | ਪੰਜਾਬੀ ਯੂਨੀਵਰਸਿਟੀ, ਪਟਿਆਲਾ | 2010 |
| 5. ਐਟਸੈਟਰਾ-4 (ਮੁਲਾਕਤਾਂ ਤੇ ਫੁਟਕਲ ਲਿਖਤਾਂ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |

**ਸਾਹਿਤ ਸਮੀਖਿਆ ਤੇ ਸੰਕਲਨ**

| | | |
|---|---|---|
| 1. ਪ੍ਰਯੋਗਸ਼ੀਲ ਕਾਵਿ-ਦਰਪਨ | ਹਜ਼ੂਰੀਆ ਪਬਲਿਸ਼ਰਜ਼, ਜਲੰਧਰ | 1964 |
| (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |
| 2. ਮੇਰਾ ਕਾਵਿ-ਨਾਟ ਲੋਕ | ਨੈਸ਼ਨਲ ਬੁਕ ਸ਼ਾਪ, ਦਿੱਲੀ | 1990 |
| (ਦੂਜਾ ਐਡੀਸ਼ਨ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 3. ਐਟਸੈਟਰਾ-1 (ਖੋਜ-ਪੱਤਰ ਤੇ ਆਲੋਚਨਾ) | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ | 2008 |
| 4. ਮੇਰਾ ਥੀਏਟਰ ਤੇ ਇੱਕੀਵੀਂ ਸਦੀ | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |

**ਸੰਪਾਦਨ (ਪੰਜਾਬੀ ਤੇ ਅੰਗਰੇਜ਼ੀ ਵਿਚ)**

| | | |
|---|---|---|
| 1. ਵਿਸ਼ਵ ਪੰਜਾਬੀ ਸਾਹਿਤ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1981 |
| 2. ਕਵਿਤਾ ਸਨਮੁਖ | ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ | 1994 |
| (ਦੂਜਾ ਐਡੀਸ਼ਨ) | ਨੈਸ਼ਨਲ ਬੁਕ ਸ਼ਾਪ, ਦਿੱਲੀ | 2007 |
| 3. ਕਥਾ ਸਨਮੁਖ | ਚੇਤਨਾ ਪ੍ਰਕਾਸ਼ਨ, ਲੁਧਿਆਣਾ | 2001 |
| 4. ਕਥਾ ਸਨਮੁਖ-2 | ਨੈਸ਼ਨਲ ਬੁਕ ਸ਼ਾਪ, ਦਿੱਲੀ | 2012 |
| 5. ਪਰਵਾਸੀ ਪੱਤਰਕਾਰ ਤਾਰਾ ਸਿੰਘ ਹੇਅਰ (ਅਭਿਨੰਦਨ ਗ੍ਰੰਥ) | ਨਵਯੁੱਗ ਪਬਲਿਸ਼ਰਜ਼, ਦਿੱਲੀ | 1992 |
| 6. Wind Song (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1978 |
| 7. Wind Song-2 (Poetry) | ਇੰਡੋ-ਕਨੇਡੀਅਨ ਪਬਲੀਕੇਸ਼ਨਜ਼, ਸਰੀ, ਬੀ.ਸੀ., ਕੈਨੇਡਾ | 1984 |

**ਅੰਗਰੇਜ਼ੀ ਵਿਚ ਚੋਣਵੀਂ ਕਵਿਤਾ-ਹੋਰ ਕਵੀਆਂ ਨਾਲ ਸਾਂਝੀ**

| | | | |
|---|---|---|---|
| 1. | The Rebel Sound | Dave Book Centre, Nairobi, Kenya | 1968 |
| 2. | The Voices of Dissent | Seema Parkashan, Jalandhar India | 1972 |
| 3. | Indian Poetry Today (Volume One) | Indian Council for Cultural Relations, New Delhi | 1974 |
| 4. | Green Snow | Vesta Publications, Cornwall, Ontario, Canada | 1976 |
| 5. | Hundred Indian Poets | Oxford + IBH Publishing Company, India. | 1977 |

**ਰਵਿੰਦਰ ਰਵੀ ਦੀ ਸਵੈ-ਜੀਵਨੀ 7 ਵੀਡੀਓ-ਭਾਗਾਂ ਵਿਚ**

ਰਵਿੰਦਰ ਰਵੀ ਦੀ ਸਵੈ-ਜੀਵਨੀ, 7 ਵੀਡੀਓ-ਭਾਗਾਂ ਵਿਚ, ਵੇਖਣ/ਸੁਨਣ ਲਈ, ਹੇਠ ਲਿਖੇ ਵੈਬਸਾਈਟ ਉੱਤੇ ਜਾ ਕੇ, **Autobiography** ਭਾਗ ਵਿਚ ਪ੍ਰਾਪਤ ਕਰੋ : **www.ravinder-ravi.com**

# ਰਵਿੰਦਰ ਰਵੀ ਦੇ ਸਾਹਿਤ ਉੱਤੇ ਪ੍ਰਾਪਤ ਆਲੋਚਨਾਤਮਕ ਪੁਸਤਕਾਂ

1. ਯੂਕਲਿਪਟਸ ਤੇ ਹੈਮਿੰਗਵੇ: (ਦੋ ਕਹਾਣੀਆਂ ਦੇ ਪੜ੍ਹਤ-ਅਧਿਅਨ)
   ਲੇਖਿਕਾ : ਡਾ. ਦੇਵਿੰਦਰ ਕੌਰ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—1989

2. ਮੇਰਾ ਕਾਵਿ-ਨਾਟ ਲੋਕ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—1990
   ਦੂਜਾ ਐਡੀਸ਼ਨ : ਤ੍ਰਿਲੋਚਨ ਪਬਲਿਸ਼ਰਜ਼, ਚੰਡੀਗੜ੍ਹ—2008

3. ਕਵਿਤਾ ਸਨਮੁਖ : 25 ਕੁ ਕਵਿਤਾਵਾਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1994
   ਦੂਜਾ ਐਡੀਸ਼ਨ : ਨੈਸ਼ਨਲ ਬੁਕ ਸ਼ਾਪ, ਦਿੱਲੀ—2008

4. ਰਵਿੰਦਰ ਰਵੀ ਦਾ ਰਚਨਾ ਸੰਸਾਰ
   ਲੇਖਕ : ਪ੍ਰੋ. ਬ੍ਰਹਮ ਜਗਦੀਸ਼ ਸਿੰਘ
   ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ—1999

5. ਕਥਾ ਸਨਮੁਖ : ਤਿੰਨ ਕਹਾਣੀਆਂ ਦੇ ਪੜ੍ਹਤ-ਅਧਿਅਨ
   ਸੰਪਾਦਕ : ਰਵਿੰਦਰ ਰਵੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ—2001

6. ਰਵਿੰਦਰ ਰਵੀ ਦੀ ਕਵਿਤਾ ਵਿਚ ਮਾਨਵੀ ਰਿਸ਼ਤੇ
   ਲੇਖਿਕਾ : ਡਾ. ਸੁਖਵਿੰਦਰ ਕੌਰ ਮੱਲ੍ਹੀ
   ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ—2002

7. ਨਾਟਕਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2003

8. ਕਥਾਕਾਰ ਰਵਿੰਦਰ ਰਵੀ
   ਸੰਪਾਦਕ : ਡਾ. ਗੁਰੂਮੇਲ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2004

9. ਰਵਿੰਦਰ ਰਵੀ ਦੀ ਕਹਾਣੀ-ਕਲਾ
   ਲੇਖਿਕਾ : ਦਲਜਿੰਦਰ ਕੌਰ
   ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2006

10. ਰਵਿੰਦਰ ਰਵੀ ਦਾ ਨਾਟ-ਚਿੰਤਨ
    ਲੇਖਕ : ਡਾ. ਸਤਨਾਮ ਸਿੰਘ ਜੱਸਲ
    ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2007

11. ਕਵੀ ਰਵਿੰਦਰ ਰਵੀ
ਸੰਪਾਦਕ : ਮਨਜੀਤ ਮੀਤ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2008

12. ਰਵਿੰਦਰ ਰਵੀ ਦੀ ਕਹਾਣੀ : ਸੱਭਿਆਚਾਰਕ ਪਰਿਪੇਖ
ਲੇਖਕ : ਡਾ. ਗੁਰਜੰਟ ਸਿੰਘ
ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ—2009

13. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਸੰਰਚਨਾਤਮਕ ਅਧਿਐਨ
ਲੇਖਕ : ਮੁਨੀਸ਼ ਕੁਮਾਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2011

14. ਮੇਰਾ ਥੀਏਟਰ ਤੇ ਇੱਕੀਵੀਂ ਸਦੀ
ਸੰਪਾਦਕ : ਰਵਿੰਦਰ ਰਵੀ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿਲੀ—2012

15. ਰਵਿੰਦਰ ਰਵੀ ਦਾ ਸਫ਼ਰਨਾਮਾ ਸਿਮਰਤੀਆਂ ਦੇ ਦੇਸ਼ : ਪਾਠ-ਕੇਂਦਰਿਤ ਅਧਿਐਨ
ਲੇਖਿਕਾ : ਮਨਮੀਤ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2012

16. ਕਥਾ ਸਨਮੁਖ-2 ਪੰਜ ਕਹਾਣੀਆਂ ਦੇ ਪੜ੍ਹਤ-ਅਧਿਐਨ
ਸੰਪਾਦਕ : ਰਵਿੰਦਰ ਰਵੀ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2012

17. ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ "ਥੀਮ ਵਿਗਿਆਨਕ" ਵਿਸ਼ਲੇਸ਼ਣ
ਲੇਖਿਕਾ : ਡਾ. ਰਵਿੰਦਰ ਕੌਰ ਬੇਦੀ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2014

18. ਰਵਿੰਦਰ ਰਵੀ ਦਾ ਸਾਹਿਤ-ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ
ਲੇਖਿਕਾ : ਡਾ. ਕਿਰਨਦੀਪ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2014

19. ਰਵਿੰਦਰ ਰਵੀ ਕਾਵਿ : ਸੱਭਿਆਚਾਰਕ ਤਣਾਓ-ਪਰਵਾਸੀ ਸੰਦਰਭ
ਲੇਖਿਕਾ : ਸਰਬਜੀਤ ਕੌਰ
ਪ੍ਰਕਾਸ਼ਕ : ਨੈਸ਼ਨਲ ਬੁਕ ਸ਼ਾਪ, ਦਿੱਲੀ—2015

---

**ਨੋਟ :** 55 ਪੁਸਤਕਾਂ—ਰਵਿੰਦਰ ਰਵੀ ਦੀਆਂ ਜਾਂ ਉਸ ਉੱਤੇ ਪਿਛਲੇ 27 ਸਾਲਾਂ (1987-2016) ਵਿਚ ਨੈਸ਼ਨਲ ਬੁਕ ਸ਼ਾਪ, ਦਿੱਲੀ ਨੇ ਪ੍ਰਕਾਸ਼ਤ ਕੀਤੀਆਂ।

# ਰਵਿੰਦਰ ਰਵੀ ਦੇ ਸਾਹਿਤ ਉੱਤੇ ਪੀ. ਐਚ. ਡੀ. ਪੱਧਰ ਦਾ ਖੋਜ-ਕਾਰਜ

**ਪੂਰਾ ਹੋ ਚੁੱਕਾ ਖੋਜ-ਕਾਰਜ**

1। ਖੋਜਾਰਥੀ : ਸੁਖਵਿੰਦਰ ਕੌਰ ਮੱਲ੍ਹੀ
ਨਿਗਰਾਨ : ਡਾ. ਹਰਚੰਦ ਸਿੰਘ ਬੇਦੀ
ਵਿਸ਼ਾ : ਰਵਿੰਦਰ ਰਵੀ ਦੀ ਕਾਵਿ-ਰਚਨਾ ਵਿਚ ਮਾਨਵੀ ਰਿਸ਼ਤਿਆਂ ਦੇ ਵਿਭਿੰਨ ਪਾਸਾਰ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
ਇਹ ਖੋਜ-ਕਾਰਜ 2002 ਵਿਚ ਪੂਰਾ ਹੋਇਆ

2. ਖੋਜਾਰਥੀ : ਗੁਰਜੰਟ ਸਿੰਘ
ਨਿਗਰਾਨ : ਡਾ. ਸ. ਪ. ਸਿੰਘ
ਵਿਸ਼ਾ : ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਸੱਭਿਆਚਾਰਕ ਅਧਿਅਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
ਇਹ ਖੋਜ-ਕਾਰਜ, 2005 ਵਿਚ ਪੂਰਾ ਹੋਇਆ

3. ਖੋਜਾਰਥੀ : ਰਵਿੰਦਰ ਕੌਰ ਬੇਦੀ
ਨਿਗਰਾਨ : ਡਾ. ਮਨਜੀਤ ਸਿੰਘ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਥੀਮ-ਵਿਗਿਆਨਕ ਵਿਸ਼ਲੇਸ਼ਣ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
ਇਹ ਖੋਜ-ਕਾਰਜ, 2008-2009 ਵਿਚ ਪੂਰਾ ਹੋਇਆ

4. ਖੋਜਾਰਥੀ : ਕਿਰਨਦੀਪ ਕੌਰ
ਨਿਗਰਾਨ : ਡਾ. ਗੁਰਮੁਖ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਰਚਨਾ ਸੰਸਾਰ : ਸੰਵੇਦਨਾ ਤੇ ਸੁਹਜ-ਸੰਚਾਰ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
ਇਹ ਖੋਜ-ਕਾਰਜ, 2013 ਵਿਚ ਪੂਰਾ ਹੋਇਆ

**ਇਸ ਸਮੇਂ ਹੋ ਰਿਹਾ ਖੋਜ-ਕਾਰਜ**

1. ਖੋਜਾਰਥੀ : ਦੇਵਿੰਦਰ ਸਿੰਘ
ਨਿਗਰਾਨ : ਡਾ. ਸਤਿਨਾਮ ਸਿੰਘ ਜੱਸਲ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਅੰਤਰ-ਸੱਭਿਆਚਾਰਕ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ

2. ਖੋਜਾਰਥੀ : ਮੁਕੇਸ਼ ਲਤਾ
ਨਿਗਰਾਨ : ਡਾ. ਜੋਗਿੰਦਰ ਸਿੰਘ ਨਹਿਰੂ
ਵਿਸ਼ਾ : ਆਧੁਨਿਕਤਾ ਦੇ ਸੰਦਰਭ ਵਿਚ ਰਵਿੰਦਰ ਰਵੀ ਦੀਆਂ ਕਹਾਣੀਆਂ ਦਾ ਅਧਿਐਨ
ਯੂਨੀਵਰਸਿਟੀ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਭਾਰਤ

3. ਖੋਜਾਰਥੀ : ਨਾਨਕ ਸਿੰਘ
ਨਿਗਰਾਨ : ਡਾ. ਸੁਖਦੇਵ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਕਾਵਿ-ਸ਼ਾਸਤਰੀ ਚਿੰਤਨ
ਯੂਨੀਵਰਸਿਟੀ : ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਭਾਰਤ

4. ਖੋਜਾਰਥੀ : ਸੁਰਿੰਦਰ ਕੰਬੋਜ
ਨਿਗਰਾਨ : ਡਾ. ਕਿਰਨਦੀਪ ਸਿੰਘ
ਵਿਸ਼ਾ : ਵਿਸ਼ਵੀਕਰਨ ਦੇ ਸੰਦਰਭ ਵਿਚ ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਅਧਿਐਨ
ਯੂਨੀਵਰਸਿਟੀ : ਲਵਲੀ ਪਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ, ਭਾਰਤ

5. ਖੋਜਾਰਥੀ : ਕਰਮਜੀਤ ਕੌਰ
ਨਿਗਰਾਨ : ਡਾ. ਸਤੀਸ਼ ਕੁਮਾਰ ਵਰਮਾ
ਵਿਸ਼ਾ : ਰਵਿੰਦਰ ਰਵੀ ਦੇ ਨਾਟਕਾਂ ਦਾ ਰੰਗਮੰਚਕੀ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ

# ਰਵਿੰਦਰ ਰਵੀ ਦੇ ਸਾਹਿਤ ਉੱਤੇ ਐਮ. ਫਿਲ. ਪੱਧਰ ਦਾ ਖੋਜ-ਕਾਰਜ

**ਪੂਰਾ ਹੋ ਚੁੱਕਾ ਖੋਜ-ਕਾਰਜ**

1. ਖੋਜਾਰਥੀ : ਅਰਿੰਦਰ ਸਿੰਘ
ਨਿਗਰਾਨ : ਡਾ. ਸੁਰਿੰਦਰਪਾਲ ਸਿੰਘ
ਵਿਸ਼ਾ : ਰਵਿੰਦਰ ਰਵੀ ਦੀਆਂ ਕਹਾਣੀਆਂ ਵਿਚ ਪਰਵਾਸੀ ਚੇਤਨਾ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 1985-86 ਵਿਚ ਪੂਰਾ ਹੋਇਆ।

2. ਖੋਜਾਰਥੀ : ਮਨਜੀਤ ਕੌਰ
ਨਿਗਰਾਨ : ਡਾ. ਕੁਲਦੀਪ ਸਿੰਘ ਧੀਰ
ਵਿਸ਼ਾ : ਰਵਿੰਦਰ ਰਵੀ ਦੇ ਕਾਵਿ-ਨਾਟਕਾਂ ਦਾ ਆਲੋਚਨਾਤਮਕ ਅਧਿਅਨ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
—ਇਹ ਖੋਜ-ਕਾਰਜ 1987-88 ਵਿਚ ਪੂਰਾ ਹੋਇਆ।

3. ਖੋਜਾਰਥੀ : ਜਸਪਾਲ ਕੌਰ
ਨਿਗਰਾਨ : ਡਾ. ਸੁਤਿੰਦਰ ਸਿੰਘ ਨੂਰ
ਵਿਸ਼ਾ : ਰਵਿੰਦਰ ਰਵੀ ਦੇ “ਪਿਆਸਾ ਬੱਦਲ” ਦਾ ਕਾਵਿ-ਅਧਿਅਨ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
—ਇਹ ਖੋਜ-ਕਾਰਜ 1991-92 ਵਿਚ ਪੂਰਾ ਹੋਇਆ।

4. ਖੋਜਾਰਥੀ : ਦਲਜਿੰਦਰ ਕੌਰ
ਨਿਗਰਾਨ : ਡਾ. ਕੁਲਦੀਪ ਸਿੰਘ ਧੀਰ
ਵਿਸ਼ਾ : ਰਵਿੰਦਰ ਰਵੀ ਦੀ ਕਹਾਣੀ-ਕਲਾ
ਯੂਨੀਵਰਸਿਟੀ : ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ
—ਇਹ ਖੋਜ-ਕਾਰਜ 2003-2004 ਵਿਚ ਪੂਰਾ ਹੋਇਆ।

5. ਖੋਜਾਰਥੀ : ਮੁਨੀਸ਼ ਕੁਮਾਰ
ਨਿਗਰਾਨ : ਡਾ. ਗੁਰਚਰਨ ਸਿੰਘ ਅਰਸ਼ੀ
ਵਿਸ਼ਾ : ਰਵਿੰਦਰ ਰਵੀ ਦੇ “ਸੂਰਜ ਨਾਟਕ” ਦਾ
ਸੰਰੰਚਨਾਤਮਕ ਅਧਿਅਨ
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ, ਭਾਰਤ
—ਇਹ ਖੋਜ-ਕਾਰਜ 2006 ਵਿਚ ਪੂਰਾ ਹੋਇਆ।

6. ਖੋਜਾਰਥੀ : ਸੁਰਿੰਦਰ ਕੁਮਾਰ
ਨਿਗਰਾਨ : ਡਾ. ਰਘਬੀਰ ਕੌਰ
ਵਿਸ਼ਾ : ਵਿਸ਼ਵੀਕਰਨ ਦੇ ਸੰਦਰਭ ’ਚ ਰਵਿੰਦਰ ਰਵੀ ਦੇ
ਕਾਵਿ-ਨਾਟਕ “ਅੱਧੀ ਰਾਤ ਦੁਪਹਿਰ ” ਤੇ “ਸਿਫ਼ਰ ਨਾਟਕ” ਦਾ ਅਧਿਐਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 2007-2008 ਵਿਚ ਪੂਰਾ ਹੋਇਆ।

7. ਖੋਜਾਰਥੀ : ਮਨਮੀਤ ਕੌਰ
ਨਿਗਰਾਨ : ਡਾ. ਮਨਜੀਤ ਸਿੰਘ
ਵਿਸ਼ਾ : ਰਵਿੰਦਰ ਰਵੀ ਦਾ ਸਫ਼ਰਨਾਮਾ,
"ਸਿਮਰਤੀਆਂ ਦੇ ਦੇਸ਼ : ਪਾਠ-ਕੇਂਦਰਿਤ ਅਧਿਐਨ"
ਯੂਨੀਵਰਸਿਟੀ : ਦਿੱਲੀ ਯੂਨੀਵਰਸਿਟੀ, ਦਿੱਲੀ
—ਇਹ ਖੋਜ-ਕਾਰਜ 2009-10 ਸੈਸ਼ਨ ਵਿਚ ਪੂਰਾ ਹੋਇਆ।

8. ਖੋਜਾਰਥੀ : ਸਰਬਜੀਤ ਕੌਰ
ਨਿਗਰਾਨ : ਡਾ. ਅਵਤਾਰ ਸਿੰਘ
ਵਿਸ਼ਾ : ਪਰਵਾਸੀ ਪੰਜਾਬੀ ਕਵਿਤਾ ਵਿਚ ਸੱਭਿਆਚਾਰਕ ਤਣਾਉ
(ਰਵਿੰਦਰ ਰਵੀ-ਕਾਵਿ ਦੇ ਸੰਦਰਭ ਵਿਚ)
ਯੂਨੀਵਰਸਿਟੀ : ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ, ਪੰਜਾਬ
—ਇਹ ਖੋਜ-ਕਾਰਜ 2015 ਵਿਚ ਪੂਰਾ ਹੋਇਆ।

**ਐਮ. ਏ. (ਪੰਜਾਬੀ) ਭਾਗ ਦੂਜਾ ਦੇ ਚੌਥੇ ਪਰਚੇ ਲਈ ਪੂਰਾ ਹੋਇਆ ਖੋਜ-ਕਾਰਜ**

1. ਖੋਜਾਰਥੀ : ਪਰਮਦੀਪ ਭੁੱਲਰ
ਨਿਗਰਾਨ : ਪ੍ਰੋ. ਕੇਵਲ ਸਿੰਘ ਥਿੰਦ
ਵਿਸ਼ਾ : ਰਵਿੰਦਰ ਰਵੀ ਦਾ ਕਾਵਿ-ਨਾਟਕ :
"ਬੀਮਾਰ ਸਦੀ"-ਇਕ ਅਧਿਅਨ
ਯੂਨੀਵਰਸਿਟੀ : ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਭਾਰਤ
—ਇਹ ਖੋਜ-ਕਾਰਜ 1974-75 ਵਿਚ ਪੂਰਾ ਹੋਇਆ।

# ਰਵਿੰਦਰ ਰਵੀ ਨੂੰ ਮਿਲੇ ਪੁਰਸਕਾਰਾਂ ਦਾ ਵੇਰਵਾ

| | ਪੁਰਸਕਾਰ | ਵਲੋਂ (ਇਦਾਰਾ) | ਸਾਲ |
|---|---|---|---|
| 1. | ਸਾਲ 1965 ਦੀ ਸਰਬੋਤਮ ਕਾਵਿ-ਪੁਸਤਕ "ਬਿੰਦੂ" ਪੁਰਸਕਾਰ | ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, ਪੰਜਾਬ, ਭਾਰਤ | 1965 |
| 2. | ਸਾਲ 1965 ਦੀ ਸਰਬੋਤਮ ਕਾਵਿ-ਪੁਸਤਕ "ਬਿੰਦੂ" ਪੁਰਸਕਾਰ | ਪੰਜਾਬੀ ਦਰਬਾਰ, ਪੰਜਾਬ, ਭਾਰਤ | 1965 |
| 3. | ਪਿਛਲੇ ਪੰਦਰਾਂ ਸਾਲਾਂ ਵਿਚ ਨਵੀਆਂ ਲੀਹਾਂ ਪਾਉਣ ਵਾਲੀ ਸਰਬੋਤਮ ਨਾਟ-ਪੁਸਤਕ "ਬੀਮਾਰ ਸਦੀ" ਪੁਰਸਕਾਰ | ਪੰਜਾਬੀ ਲਿਟਰੇਰੀ ਫ਼ੋਰਮ, ਚੰਡੀਗੜ੍ਹ, ਭਾਰਤ | 1975 |
| 4. | ਸਾਲ 1974 ਦੀ ਸਰਬੋਤਮ ਕਾਵਿ-ਨਾਟ ਪੁਸਤਕ "ਬੀਮਾਰ ਸਦੀ" ਪੁਰਸਕਾਰ | ਪੰਜਾਬੀ ਦਰਬਾਰ, ਪੰਜਾਬ, ਭਾਰਤ | 1976 |
| 5. | ਸਾਲ 1979 ਦੀ ਸਰਬੋਤਮ ਗੱਦ-ਪੁਸਤਕ "ਸਿਮਰਤੀਆਂ ਦੇ ਦੇਸ਼" ਪੁਰਸਕਾਰ | ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ, ਪੰਜਾਬ, ਭਾਰਤ | 1979 |
| 6. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ (ਬਦੇਸ਼ੀ) | ਭਾਸ਼ਾ ਵਿਭਾਗ, ਪੰਜਾਬ, ਭਾਰਤ | 1980 |
| 7. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ | ਪੰਜਾਬ ਆਰਟਸ ਕੌਂਸਲ, ਚੰਡੀਗੜ੍ਹ, ਭਾਰਤ | 1980 |
| 8. | ਈਸ਼ਵਰ ਚੰਦਰ ਨੰਦਾ ਪੁਰਸਕਾਰ 'ਅੱਧੀ ਰਾਤ ਦੁਪਹਿਰ' ਕਾਵਿ-ਨਾਟਕ ਵਾਸਤੇ | ਭਾਸ਼ਾ ਵਿਭਾਗ, ਪੰਜਾਬ, ਭਾਰਤ | 1983 |
| 9. | ਪ੍ਰੋਫ਼ੈਸਰ ਮੋਹਨ ਸਿੰਘ ਪੁਰਸਕਾਰ | ਪੰਜ ਦਰਿਆ ਪੰਜਾਬੀ ਅਕਾਦਮੀ, ਟਰਾਂਟੋ, ਕੈਨੇਡਾ | 1989 |
| 10. | ਕਰਤਾਰ ਸਿੰਘ ਧਾਲੀਵਾਲ ਪੁਰਸਕਾਰ | ਪੰਜਾਬੀ ਅਕਾਦਮੀ, ਲੁਧਿਆਣਾ, ਭਾਰਤ | 1992 |
| 11. | ਸਾਈਂ ਬੁੱਲ੍ਹੇ ਸ਼ਾਹ ਪੁਰਸਕਾਰ | ਏਸ਼ੀਅਨ ਰਾਈਟਰਜ਼ ਐਸੋਸੀਏਸ਼ਨ, ਡੈਨਮਾਰਕ | 1993 |
| 12. | ਸ਼੍ਰੋਮਣੀ ਸਾਹਿਤਕਾਰ ਪੁਰਸਕਾਰ | ਪੰਜਾਬੀ ਸਾਹਿਤ ਸਭਾ, ਕੈਲੇਫੋਰਨੀਆਂ, ਅਮਰੀਕਾ | 1994 |
| 13. | ਬਾਵਾ ਬਲਵੰਤ ਪੁਰਸਕਾਰ | ਸਾਹਿਤ ਵਿਚਾਰ ਕੇਂਦਰ (ਰਜਿ.), ਅੰਮ੍ਰਿਤਸਰ, ਪੰਜਾਬ, ਭਾਰਤ | 1994 |
| 14. | ਪੋਇਟ ਆਫ਼ ਦ ਯੀਅਰ ਅਵਾਰਡ Poet of the Year Award | Alumni of The World University, Cornwall, Canada | 1996 |

| | | | |
|---|---|---|---|
| 15. | Man of the Peace Award | ਅਦੀਬ ਇੰਟਰਨੈਸ਼ਨਲ, (ਸਾਹਿਰ ਕਲਚਰਲ ਅਕਾਦਮੀ), ਲੁਧਿਆਣਾ, ਭਾਰਤ | 1997 |
| 16. | ਪ੍ਰੋ. ਪੂਰਨ ਸਿੰਘ ਦਹਿਸਦੀ (Millenium) ਪੁਰਸਕਾਰ | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ | 2000 |
| 17. | ਮਹਾਰਾਜਾ ਰਣਜੀਤ ਸਿੰਘ ਯਾਦਗਾਰੀ ਪੁਰਸਕਾਰ | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ | 2001 |
| 18. | ਸਮੁੱਚੀ ਸਾਹਿਤ-ਸੇਵਾ ਪੁਰਸਕਾਰ | ਇੰਡੋ-ਕਨੇਡੀਅਨ ਕਲਚਰਲ ਐਸੋਸੀਏਸ਼ਨ, ਸਰੀ, ਬੀ.ਸੀ. ਕੈਨੇਡਾ | 2005 |
| 19. | ਜੀਵਨ-ਕਾਲ ਪ੍ਰਾਪਤੀ ਪੁਰਸਕਾਰ Life-Time Achievement Award | ਇਦਾਰਾ ਪੰਜਾਬੀ ਜ਼ਬਾਨ ਤੇ ਸਕਾਫ਼ਤ, ਲਾਹੌਰ, ਪਾਕਿਸਤਾਨ | 2006 |
| 20. | ਤਮਗ਼ਾ-ਏ-ਹੁਸਨ-ਏ-ਕਾਰਕਰਦਗੀ Pride of Performance Award | World Institute of Punjabi Literature and Heritage, Lahore, Pakistan | 2006 |
| 21. | ਸੋਨ ਤਮਗ਼ਾ (Gold Medal) ਕਾਵਿ-ਨਾਟਕਾਂ ਵਾਸਤੇ | ਐਸੋਸੀਏਸ਼ਨ ਆਫ ਰਾਈਟਰਜ਼ ਐਂਡ ਆਰਟਿਸਟਸ, ਲਾਹੌਰ, ਪਾਕਿਸਤਾਨ | 2006 |
| 22. | ਸੌ ਸਾਲਾ ਵਰ੍ਹੇ ਗੰਢ ਦਿਵਸ ਯਾਦਗਾਰੀ "ਵਿਲੱਖਣ ਪ੍ਰਾਪਤੀ ਪੁਰਸਕਾਰ" | ਖਾਲਸਾ ਦੀਵਾਨ ਸੋਸਾਇਟੀ, ਵੈਨਕੂਵਰ, ਬੀ.ਸੀ., ਕੈਨੇਡਾ | 2006 |
| 23. | ਫੈਲੋਸ਼ਿਪ | ਪੰਜਾਬੀ ਅਕਾਦਮੀ, ਲਿਸਟਰ, ਇੰਗਲੈਂਡ | 2007 |
| 24. | ਅੰਮ੍ਰਿਤਾ ਪ੍ਰੀਤਮ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ਼ ਡਿਸਟਿੰਕਸ਼ਨ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਦਮੀ, ਟਰਾਂਟੋ, ਕੈਨੇਡਾ | 2007 |
| 25. | ਸਰਬ ਸ੍ਰੇਸ਼ਟ ਸਾਹਿਤਕਾਰ ਪੁਰਸਕਾਰ | ਪਰਵਾਸੀ ਮੀਡੀਆ ਗਰੁੱਪ, ਟਰਾਂਟੋ, ਕੈਨੇਡਾ | 2008 |
| 26. | Honorary Life Time Membership Awrad | ਨਿਸਗਾ ਟੀਚਰਜ਼ ਯੂਨੀਅਨ, ਨਿਊ ਆਏਐਂਸ਼, ਬੀ.ਸੀ., ਕੈਨੈਡਾ | 2010 |
| 27. | ਨਾਟ ਸ਼੍ਰੋਮਣੀ | ਪੰਜਾਬੀ ਨਾਟ ਅਕਾਦਮੀ, ਲੁਧਿਆਣਾ, ਭਾਰਤ | 2011 |
| 28. | ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਕੇਂਦਰੀ ਪੰਜਾਬੀ ਲੇਖਕ ਸਭਾ, ਉੱਤਰੀ ਅਮਰੀਕਾ, ਸਰੀ, ਬੀ.ਸੀ., ਕੈਨੇਡਾ | 2011 |
| 29. | ਜੀਵਨ-ਕਾਲ ਪ੍ਰਾਪਤੀ ਪੁਰਸਕਾਰ | (ਓਨਬ) ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ, ਵੈਨਕੂਵਰ, ਕੈਨੇਡਾ | 2011 |

| | | |
|---|---|---|
| 30. ਇਕਬਾਲ ਅਰਪਨ ਯਾਦਗਾਰੀ ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਅਰਪਨ ਲਿਖਾਰੀ ਸਭਾ, ਕੈਲਗਰੀ, ਅਲਬਰਟਾ, ਕੈਨੇਡਾ | 2012 |
| 31. ਜੀਵਨ-ਕਾਲ ਪ੍ਰਾਪਤੀ ਪੁਰਸਕਾਰ | ਪੰਜਾਬੀ ਆਰਸੀ ਰਾਈਟਰਜ਼ ਕਲੱਬ, (ਕੈਨੇਡਾ) | 2013 |
| 32. ਬਲਵੰਤ ਗਾਰਗੀ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਆਫ਼ ਡਿਸਟਿੰਕਸ਼ਨ | ਸਿਪਸਾ-ਕੈਨੇਡੀਅਨ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕਾਦਮੀ, ਟਰਾਂਟੋ, ਕੈਨੇਡਾ | 2015 |

# ਰਵਿੰਦਰ ਰਵੀ ਨੂੰ ਮਿਲੇ ਸਨਮਾਨਾਂ ਦਾ ਵੇਰਵਾ

| | ਸੰਸਥਾ | ਸਾਲ |
|---|---|---|
| 1. | ਪੰਜਾਬੀ ਲਿਖਾਰੀ ਸਭਾ, ਨੈਰੋਬੀ, ਕੀਨੀਆਂ | 1974 |
| 2. | ਮਾਸਕ 'ਦ੍ਰਿਸ਼ਟੀ', ਜਲੰਧਰ, ਪੰਜਾਬ, ਭਾਰਤ | 1976 |
| 3. | ਪੰਜਾਬੀ ਲਿਖਾਰੀ ਸਭਾ (ਰਜਿ.), ਜਗਤਪੁਰ, ਪੰਜਾਬ, ਭਾਰਤ | 1981 |
| 4. | ਮਾਸਕ 'ਅਕਸ' ਮੰਚ, ਨਵੀਂ ਦਿੱਲੀ, ਭਾਰਤ | 1993 ਤੇ 2001 |
| 5. | ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ, ਭਾਰਤ | 1993 |
| 6. | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬ, ਭਾਰਤ | 1993 |
| 7. | ਇੰਟਰਨੈਸ਼ਨਲ ਲਿਟਰੇਰੀ ਐਂਡ ਕਲਚਰਲ ਫੋਰਮ, ਲਿਸਟਰ, ਇੰਗਲੈਂਡ (U.K.) | 1995 |
| 8. | ਮੇਲ ਮਿਲਾਪ ਸਾਹਿਤ ਸਭਾ, ਗਲਾਸਗੋ, ਸਕਾਟਲੈਂਡ (U.K.) | 2000 |
| 9. | ਭਾਸ਼ਾ ਵਿਭਾਗ, ਪੰਜਾਬ, ਭਾਰਤ | 2001 |
| 10. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪੰਜਾਬ, ਭਾਰਤ | 2001 |
| 11. | ਸਿਰਜਣਾ ਸੰਗਮ, ਪਟਿਆਲਾ, ਪੰਜਾਬ, ਭਾਰਤ | 2001 |
| 12. | ਪੰਜਾਬੀ ਲੇਖਕ ਸਭਾ, ਪਟਿਆਲਾ, ਪੰਜਾਬ, ਭਾਰਤ | 2001 |
| 13. | ਪੰਜਾਬੀ ਲਿਟਰੇਰੀ ਫੋਰਮ, ਪਟਿਆਲਾ ਪੰਜਾਬ, ਭਾਰਤ | 2001 |
| 14. | ਰਚਨਾ ਵਿਚਾਰ ਮੰਚ, ਨਾਭਾ, ਪੰਜਾਬ, ਭਾਰਤ | 2001 |
| 15. | ਲਾਇਲਪੁਰ ਖਾਲਸਾ ਕਾਲਜ, ਜਲੰਧਰ, ਪੰਜਾਬ, ਭਾਰਤ | 2002 |
| 16. | ਨਿਸਗਾ ਸਕੂਲ ਜ਼ਿਲ੍ਹਾ, ਨਿਊ ਆਏਐਂਸ਼, ਬੀ.ਸੀ. ਕੈਨੇਡਾ | 2003 |
| 17. | ਨਿਸਗਾ ਟੀਚਰਜ਼ ਯੂਨੀਅਨ, ਨਿਊ ਆਏਐਂਸ਼, ਬੀ.ਸੀ. ਕੈਨੇਡਾ | 2004 |
| 18. | ਵਿਸ਼ਵ ਪੰਜਾਬੀ ਅਕਾਦਮੀ, ਕੈਲੇਫੋਰਨੀਆ, ਅਮਰੀਕਾ | 2004 |
| 19. | ਪੰਜਾਬੀ ਪੱਤਰਕਾਰ ਸੰਸਥਾ, ਲਾਹੌਰ, ਪਾਕਿਸਤਾਨ | 2006 |
| 20. | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਰਤ | 2006 |
| 21. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਜਲੰਧਰ, ਭਾਰਤ | 2006 |
| 22. | ਪੰਜਾਬੀ ਲਿਖਾਰੀ ਸਭਾ, ਜਗਤਪੁਰ (ਰਜਿ.),ਜ਼ਿਲ੍ਹਾ ਨਵਾਂ ਸ਼ਹਿਰ, ਭਾਰਤ | 2006 |
| 23. | ਅਦਾਰਾ ਵੀਯਨਜ਼ ਆਫ਼ ਪੰਜਾਬ, ਟੀ.ਵੀ., ਬਰੈਂਪਟਨ, ਕੈਨੇਡਾ | 2007 |
| 24. | ਰਚਨਾ ਵਿਚਾਰ ਮੰਚ, ਪੰਜਾਬ (ਰਜਿ.), ਨਾਭਾ | 2008 |
| 25. | ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.), ਪੰਜਾਬ, ਭਾਰਤ | 2008 |
| 26. | ਭਾਸ਼ਾ ਵਿਭਾਗ, ਪੰਜਾਬ, ਭਾਰਤ | 2008 |
| 27. | ਓਨਝ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ, ਏਸ਼ੀਅਨ ਲਾਇਬ੍ਰੇਰੀ ਵੈਨਕੂਵਰ, ਬੀ.ਸੀ., ਕੈਨੇਡਾ | 2010 |
| 28. | ਪੰਜਾਬੀ ਅਦਬੀ ਸੰਗਤ, ਸਰੀ, ਬੀ.ਸੀ., ਕੈਨੇਡਾ | 2013 |
| 29. | ਸੁੱਖੀ ਬਾਠ ਫਾਊਂਡੇਸ਼ਨ, ਸਰੀ, ਬੀ.ਸੀ., ਕੈਨੇਡਾ | 2014 |

# ਇਆਪਾ (I.A.P.A.A.) ਤੇ ਇਸ ਵਲੋਂ ਦਿੱਤੇ ਗਏ ਪੁਰਸਕਾਰ

ਇਆਪਾ (ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਪੰਜਾਬੀ ਆਥਰਜ਼ ਐਂਡ ਆਰਟਿਸਟਸ) ਦੀ ਸਥਾਪਨਾ ਮੈਂ, ਡਾ. ਗੁਰੂਮੇਲ, ਸੁਰਗੀ ਤਾਰਾ ਸਿੰਘ ਹੇਅਰ (ਸੰਪਾਦਕ: ਇੰਡੋ-ਕਨੇਡੀਅਨ ਟਾਇਮਜ਼), ਗੁਰਚਰਨ ਰਾਮਪੁਰੀ, ਦਰਸ਼ਨ ਗਿੱਲ ਅਤੇ ਭੁਪਿੰਦਰ ਧਾਲੀਵਾਲ ਆਦਿ ਨੂੰ ਨਾਲ ਲੈ ਕੇ, 3 ਜੁਲਾਈ, 1978 ਨੂੰ ਕੀਤੀ। ਇਸ ਸੰਸਥਾ ਵਲੋਂ 1981 ਵਿਚ ਮੇਰੀ ਸੰਪਾਦਨਾ ਹੇਠਾਂ 'ਵਿਸ਼ਵ ਪੰਜਾਬੀ ਸਾਹਿਤ' ਨਾਮ ਦੀ ਪੁਸਤਕ ਪ੍ਰਕਾਸ਼ਤ ਕੀਤੀ ਗਈ, ਜਿਸ ਵਿਚ 12 ਦੇਸ਼ਾਂ ਦੇ 100 ਕੁ ਪੰਜਾਬੀ ਲੇਖਕਾਂ ਦੀਆਂ ਲਿਖਤਾਂ ਸ਼ਾਮਿਲ ਕੀਤੀਆਂ ਗਈਆਂ ਸਨ।

ਲੋਕ ਮੰਚ ਨਾਲ ਜੁੜੇ ਜੋਗਿੰਦਰ ਬਾਹਰਲਾ ਨੂੰ ਇਸ ਸੰਸਥਾ ਵਲੋਂ 1979 ਵਿਚ ਸਨਮਾਨਤ ਕੀਤਾ ਗਿਆ। 1980 ਵਿਚ 500 ਡਾਲਰ ਦੇ ਪ੍ਰੋ. ਪਿਆਰਾ ਸਿੰਘ ਗਿੱਲ ਤੇ ਕਰਮ ਸਿੰਘ ਸੰਧੂ ਮੈਮੋਰੀਅਲ ਅੰਤਰ-ਰਾਸ਼ਟਰੀ ਸ਼੍ਰੋਮਣੀ ਸਾਹਿਤਕਾਰ/ਪੱਤਰਕਾਰ/ਕਲਾਕਾਰ ਪੁਰਸਕਾਰ ਦੀ ਸਥਾਪਨਾ ਕੀਤੀ ਗਈ।

ਇਹ ਪੁਰਸਕਾਰ ਹੁਣ ਤਕ ਹੇਠ ਲਿਖੇ ਲੇਖਕਾਂ, ਪੱਤਰਕਾਰਾਂ ਤੇ ਕਲਾਕਾਰਾਂ ਨੂੰ ਦਿੱਤਾ ਜਾ ਚੁੱਕਾ ਹੈ :

| | | | |
|---|---|---|---|
| 1. | ਸੰਤ ਸਿੰਘ ਸੇਖੋਂ | ਭਾਰਤ | 1980 |
| 2. | ਫ਼ਖਰ ਜ਼ਮਾਨ | ਪਾਕਿਸਤਾਨ | 1981 |
| 3. | ਕਰਤਾਰ ਸਿੰਘ ਦੁੱਗਲ | ਭਾਰਤ | 1982 |
| 4. | ਸੋਹਨ ਕਾਦਰੀ | ਡੈਨਮਾਰਕ | 1982 |
| 5. | ਅਜੀਤ ਕੌਰ | ਭਾਰਤ | 1983 |
| 6. | ਤਰਸੇਮ ਸਿੰਘ ਪੁਰੇਵਾਲ | ਇੰਗਲੈਂਡ | 1983 |
| 7. | ਡਾ. ਸੁਰਜੀਤ ਸਿੰਘ ਸੇਠੀ | ਭਾਰਤ | 1984 |
| 8. | ਡਾ. ਦਲੀਪ ਕੌਰ ਟਿਵਾਣਾ | ਭਾਰਤ | 1985 |
| 9. | ਅੰਮ੍ਰਿਤਾ ਪ੍ਰੀਤਮ | ਭਾਰਤ | 1986 |
| 10. | ਡਾ. ਹਰਚਰਨ ਸਿੰਘ | ਭਾਰਤ | 1986 |
| 11. | ਅਫ਼ਜ਼ਲ ਅਹਿਸਨ ਰੰਧਾਵਾ | ਪਾਕਿਸਤਾਨ | 1986 |
| 12. | ਅਜਾਇਬ ਕਮਲ | ਕੀਨੀਆ | 1986 |
| 13. | ਡਾ. ਗੁਰੂਮੇਲ | ਅਮਰੀਕਾ | 1986 |
| 14. | ਦੇਵ | ਸਵਿਟਜ਼ਰਲੈਂਡ | 1986 |
| 15. | ਸ਼ਿਵਚਰਨ ਗਿੱਲ | ਇੰਗਲੈਂਡ | 1986 |
| 16. | ਡਾ. ਹਰਿਭਜਨ ਸਿੰਘ | ਭਾਰਤ | 1987 |
| 17. | ਡਾ. ਜਸਬੀਰ ਸਿੰਘ ਆਹਲੂਵਾਲੀਆ | ਭਾਰਤ | 1988 |
| 18. | ਬਲਵੰਤ ਗਾਰਗੀ | ਭਾਰਤ | 1989 |
| 19. | ਹਰਦੇਵ ਸਿੰਘ (ਚਿਤਰਕਾਰ) | ਕੈਨੇਡਾ | 1989 |
| 20. | ਤਾਰਾ ਸਿੰਘ | ਭਾਰਤ | 1990 |
| 21. | ਗੁਲਜ਼ਾਰ ਸਿੰਘ ਸੰਧੂ | ਭਾਰਤ | 1990 |
| 22. | ਅਜਮੇਰ ਸਿੰਘ ਔਲਖ | ਭਾਰਤ | 1990 |
| 23. | ਡਾ. ਤੇਜਵੰਤ ਸਿੰਘ ਗਿੱਲ | ਭਾਰਤ | 1991 |
| 24. | ਅਮਰਜੀਤ ਸਿੰਘ (ਅਕਸ) | ਭਾਰਤ | 1992 |
| 25. | ਤਾਰਾ ਸਿੰਘ ਹੇਅਰ | ਕੈਨੇਡਾ | 1992 |
| 26. | ਡਾ. ਰਘਬੀਰ ਸਿੰਘ (ਸਿਰਜਣਾ) | ਭਾਰਤ | 1993 |
| 27. | ਡਾ. ਕੁਲਬੀਰ ਸਿੰਘ ਕਾਂਗ | ਭਾਰਤ | 1994 |

| | | | |
|---|---|---|---|
| 28. | ਡਾ. ਪ੍ਰੇਮ ਪ੍ਰਕਾਸ਼ ਸਿੰਘ | ਕੈਨੇਡਾ | 1994 |
| 29. | ਡਾ. ਜੋਗਿੰਦਰ ਸਿੰਘ ਪੁਆਰ | ਭਾਰਤ | 1995 |
| 30. | ਡਾ. ਮਨਜੀਤਪਾਲ ਕੌਰ | ਭਾਰਤ | 1996 |
| 31. | ਡਾ. ਸੁਤਿੰਦਰ ਸਿੰਘ ਨੂਰ | ਭਾਰਤ | 1997 |
| 32. | ਪ੍ਰੋ. ਬ੍ਰਹਮਜਗਦੀਸ਼ ਸਿੰਘ | ਭਾਰਤ | 1997 |
| 33. | ਡਾ. ਅਮਰਜੀਤ ਕੌਂਕੇ | ਭਾਰਤ | 1998 |
| 34. | ਇਲਿਆਸ ਘੁੰਮਣ | ਪਾਕਿਸਤਾਨ | 1998 |
| 35. | ਅਮਰ ਜਯੋਤੀ | ਨੀਦਰਲੈਂਡਜ਼ | 1998 |
| 36. | ਡਾ. ਅਖਤਰ ਹੁਸੈਨ ਅਖਤਰ | ਪਾਕਿਸਤਾਨ | 1999 |
| 37. | ਜਸਬੀਰ ਭੁੱਲਰ | ਭਾਰਤ | 2000 |
| 38. | ਅਜੀਤ ਰਾਹੀ | ਆਸਟ੍ਰੇਲੀਆ | 2000 |
| 39. | ਬਲਿਹਾਰ ਸਿੰਘ ਰੰਧਾਵਾ | ਇੰਗਲੈਂਡ | 2000 |
| 40. | ਹਰਭਜਨ ਸਿੰਘ ਹਲਵਾਰਵੀ | ਭਾਰਤ | 2000 |
| 41. | ਅਵਤਾਰ ਜੌੜਾ | ਭਾਰਤ | 2001 |
| 42. | ਡਾ. ਮਨਜੀਤ ਸਿੰਘ | ਭਾਰਤ | 2002 |
| 43. | ਪ੍ਰੋ. ਰਾਸ਼ਦ ਹਸਨ ਰਾਣਾ | ਪਾਕਿਸਤਾਨ | 2005 |
| 44. | ਪ੍ਰੋ. ਆਸ਼ਿਕ ਰਹੀਲ | ਪਾਕਿਸਤਾਨ | 2006 |
| 45. | ਡਾ. ਵਨੀਤਾ | ਭਾਰਤ | 2007 |
| 46. | ਡਾ. ਸਾਹਿਬ ਸਿੰਘ | ਭਾਰਤ | 2008 |
| 47. | ਪ੍ਰਮਿੰਦਰਜੀਤ | ਭਾਰਤ | 2009 |
| 48. | ਕੇਵਲ ਧਾਲੀਵਾਲ | ਭਾਰਤ | 2010 |
| 49. | ਮਨਜੀਤ ਮੀਤ | ਕੈਨੇਡਾ | 2010 |
| 50. | ਗੁਰਦਿਆਲ ਕੰਵਲ | ਕੈਨੇਡਾ | 2010 |
| 51. | ਚਰਨ ਸਿੰਘ | ਕੈਨੇਡਾ | 2011 |
| 52. | ਡਾ. ਨਿਗਹਤ ਖੁਰਸ਼ੀਦ | ਪਾਕਿਸਤਾਨ | 2012 |
| 53. | ਕੇਵਲ ਧਾਲੀਵਾਲ<br>(ਸ਼੍ਰੋਮਣੀ ਨਟ ਸਮਰਾਟ ਪੁਰਸਕਾਰ) | ਭਾਰਤ | 2013 |

ਇਆਪਾ ਦੀ ਸ਼ਾਖ: 'ਸਾਹਿਤ ਵਿਚਾਰ ਮੰਚ, ਕੈਨੇਡਾ' ਵਲੋਂ ਹੇਠ ਲਿਖੇ ਸਾਹਿਤਕਾਰਾਂ/ਲੇਖਕਾਂ ਦਾ 'ਵਿਸ਼ਵ ਪੰਜਾਬੀ ਸਾਹਿਤਕਾਰ ਪੁਰਸਕਾਰ' ਨਾਲ ਸਨਮਾਨ ਕੀਤਾ ਗਿਆ। ਪੁਰਸਕਾਰ ਵਿਚ ਸਨਮਾਨ-ਚਿੰਨ੍ਹ, ਪੱਤਰ ਤੇ 500 ਡਾਲਰ ਸ਼ਾਮਿਲ ਹਨ।

| | | | |
|---|---|---|---|
| 1. | ਕੁਲਵੰਤ ਸਿੰਘ ਵਿਰਕ | ਭਾਰਤ | 1983 |
| 2. | ਕਪੂਰ ਸਿੰਘ ਘੁੰਮਣ | ਭਾਰਤ | 1984 |
| 3. | ਡਾ. ਮ. ਸ. ਰੰਧਾਵਾ | ਭਾਰਤ | 1985 |
| 4. | ਪ੍ਰੀਤਮ ਸਿੰਘ ਸਫ਼ੀਰ | ਭਾਰਤ | 1986-87 |
| 5. | ਕੇਵਲ ਧਾਲੀਵਾਲ<br>(ਸ਼੍ਰੋਮਣੀ ਵਿਸ਼ਵ ਰੰਗਕਰਮੀ ਪੁਰਸਕਾਰ) | ਭਾਰਤ | 2014 |

-ਰਵਿੰਦਰ ਰਵੀ
ਜਨਵਰੀ 1, 2017